ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਰਚਿਤ

ਸੋਢੀ ਚਮਤਕਾਰ



ਇਤਹਾਸ ਸ੍ਰੀ ਗੁਰੂ ਰਾਮਦਾਸ ਜੀ ਤੋਂ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

੧ਓ ਸਤਿਗੁਰ ਪ੍ਰਸਾਦਿ॥

ਸ੍ਰੀ

ਸਹੀ ਚਮਤਕਾਰ

(ਕਵਿ ਚੂੜਾਮਣਿ ਭਾਈ ਸਾਹਿਬ ਸੰਤੋਖ ਸਿੰਘ ਜੀ ਰਚਿਤ)

ਸੂਰਜ ਪ੍ਰਕਾਸ਼ ਦਾ

ਵਾਰਤਕ ਟੀਕਾ

ਜਿਸ ਵਿਚ ਸੂਰਜ ਪ੍ਰਕਾਸ਼ ਦੀਆਂ ਦੋ ਤੋਂ ਬਾਰਾਂ ਰਾਸਾਂ

ਅਰਥਾਤ—ਸ੍ਰੀ ਗੁਰੂ ਰਾਮਦਾਸ ਜੀ ਤੋਂ ਲੈਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਹਾਲ ਦਰਜ ਹੈ।

ਤਵਾਰੀਖ ਗੁਰੂ ਖਾਲਸਾ

(ਗਿ: ਗਿਆਨ ਸਿੰਘ ਜੀ)

(ਤਿੰਨ ਹਿੱਸੇ) ਹਿੱਸਾ ਦੂਜਾ

ਸੰਗ੍ਰਹਿ ਕਰਤਾ—ਗਿ: ਤ੍ਰਿਲੋਕ ਜੀ ਪ੍ਰਸਿਧ ਇਤਿਹਾਸਕਾਰ

ਪ੍ਰਕਾਸ਼ਕ—
ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰ:
ਗਲੀ ਨੰ: 8, ਬਾਗ ਰਾਮਾ ਨੰਦ, ਅੰਮ੍ਰਿ



ਤਤਕਰਾ

ਪੰਨਾ

ਪੰਨਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ

ਪੰਨਾ

ਪੰਨਾ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ

ਸ੍ਰੀ ਗੁਰੂ ਤੇਗ ਬਹਾਦਰ ਜੀ

ਸੋਢੀ ਚਮਤਕਾਰ

(ਕਵਿ ਚੂੜਾਮਣਿ ਭਾ: ਸਾਹਿਬ ਸੰਤੋਖ ਸਿੰਘ ਜੀ ਰਚਿਤ)



ਸੰਗ੍ਰਹਿ ਕਰਤਾ– ਗਿਆਨੀ ਤ੍ਰਿਲੋਕ ਸਿੰਘ ਜੀ

ਪ੍ਰਕਾਸ਼ਕ :–ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਪੁਸਤਕਾਂ ਵਾਲੇ, ਗਲੀ ਨੰਬਰ ੨ ਬਾਗ ਰਾਮਾ ਨੰਦ, ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ।

ਸ੍ਰੀ ਸੋਢੀ ਪ੍ਰਕਾਸ਼ ਪ੍ਰਾਰੰਭਤੇ ॥

ਸ੍ਰੀ ਗੁਰੂ ਰਾਮਦਾਸ ਜੀ

੧. ਸੋਢੀ ਵੰਸ ਦਾ ਇਤਿਹਾਸ

ਪੰਜਾਬ ਵਿੱਚ ਸੋਢੀ ਤੇ ਬੇਦੀ ਖਤਰੀਆਂ ਦੀ ਬਹੁਤ ਵਸੋਂ ਹੈ ॥ ਇਨ੍ਹਾਂ ਦੋਹਾਂ ਵੰਸਾਂ ਦੇ ਮੁੱਢ ਦਾ ਇਤਿਹਾਸ ਇਸ ਤਰ੍ਹਾਂ ਦਸਿਆ ਜਾਂਦਾ ਹੈ ॥ ਸ੍ਰੀ ਰਾਮ ਚੰਦਰ ਜੀ ਦੇ ਦੋ ਸਪੁਤ੍ਰ ਲਉ ਤੇ ਕੁਸ਼ੂ ਸਨ ॥ ਲਊ ਦੀ ਵੰਸ ਵਿਚੋਂ ਕਾਲਰਾਇ ਤੇ ਕੁਸ਼ੂ ਦੀ ਵੰਸ ਵਿਚੋਂ ਕਾਲਕੇਤ ਇਕ ਸਮੇਂ ਵਿਚ ਚੰਗੇ ਬਹਾਦਰ ਹੋਏ ਹਨ ॥ ਇਨ੍ਹਾਂ ਦੋਹਾਂ ਨੇ ਪੰਜਾਬ ਦਾ ਰਾਜ ਵੰਡ ਲਿਆ ॥ ਫਿਰ ਵੀ ਦੋਹਾਂ ਦੀ ਲੜਾਈ ਹੋ ਪਈ ॥ ਜਿਸ ਲੜਾਈ ਵਿਚ ਕਾਲਰਾਇ ਹਾਰ ਗਿਆ ॥ ਉਹ ਹਾਰ ਖਾਕੇ ਜਾਨ ਬਚਾਉਣ ਬਦਲੇ ਸਨੌਢ ਪ੍ਰਾਂਤ (ਰਾਜ) ਵਲ ਨੱਸ ਗਿਆ, ਸਨੌਢ ਰਾਜ ਪੰਜਾਬ ਦਾ ਗੁਆਂਢੀ ਰਾਜ ਸੀ ਤੇ ਮਥਰਾ ਆਗਰਾ ਤੇ ਅਮਰ ਕੋਟ ਆਦਿਕ ਦਾ ਇਲਾਕਾ ਇਸ ਰਾਜ ਵਿਚ ਸੀ, ਊਥੋਂ ਦਾ ਰਾਜਾ ਬਹੁਤ ਧਰਮਾਤਮਾਂ ਸੀ ਤੇ ਉਸਦੀ ਇੱਕ ਪੁਤ੍ਰੀ ਸੀ ॥ ਲੜਕਾ ਕੋਈ ਨਹੀਂ ਸੀ ॥ ਉਸ ਨੇ ਕਾਲਰਾਇ ਦੀ ਜਵਾਨੀ ਤੇ ਸੁੰਦਰਤਾ ਨੂੰ ਦੇਖ ਕੇ ਆਪਣੀ ਲੜਕੀ 'ਸਨੌਢ' ਦੀ ਸ਼ਾਦੀ ਕਾਲਰਾਇ ਨਾਲ ਕਰ ਦਿੱਤੀ ਤੇ ਨਾਲ ਹੀ ਰਾਜ ਦਾ ਅਧਿਕਾਰੀ ਬਣਾ ਦਿੱਤਾ ॥ ਕਾਲਰਾਇ ਦਾ ਪੁਤ੍ਰ 'ਸੋਢੀ ਰਾਇ' ਹੋਇਆ ਜਿਸਤੋਂ ਸੋਢੀ ਵੰਸ ਚਲਿਆ ॥ ਸੋਢੀ ਵੰਸ ਦੀ ਪੰਜਵੀਂ ਪੀੜ੍ਹੀ ਬਿਜੇ ਰਾਇ ਹੋਇਆ ਹੈ ॥ ਉਸਨੇ ਰਾਜ ਗੁਰੂ ਕੋਲੋਂ ਜਦੋਂ ਆਪਣੇ ਵੰਸ ਦਾ ਇਤਿਹਾਸ ਸੁਣਿਆਂ ਤਾਂ ਉਹਦਾ ਲਹੂ ਖੌਲ ਉਠਿਆ, ਉਸਨੇ ਕਾਲਕੇਤ ਦੀ ਵੰਸ ਕੋਲੋਂ ਬਦਲਾ ਲੈਣ ਵਾਸਤੇ ਉਸਦੀ ਵੰਸ ਦੇ ਰਾਜਾ ਧੀਰ ਰਾਇ ਉਤੇ ਹਮਲਾ ਕਰ ਦਿੱਤਾ ॥ ਜਿਸ ਤਰਾਂ ਕਾਲਕੇਤ ਨੇ ਕਾਲ ਰਾਇ ਨੂੰ ਪੰਜਾਬੋਂ ਕਢਿਆ

ਸੀ, ਉਸੇ ਤਰਾਂ ਬਿਜੈ ਰਾਇ ਨੇ ਧੀਰ ਰਾਏ ਨੂੰ ਪੰਜਾਬੋਂ ਕੱਢ ਦਿੱਤਾ॥ ਪੰਜਾਬੋਂ ਨਸਕੇ ਧੀਰ ਰਾਇ ਅਜੁਧਿਆ ਚਲਿਆ ਗਿਆ ॥ ਉਹਦੇ ਪੁਤਰ ਅੰਮ੍ਰਤਰਾਇ ਨੇ ਵੇਦ ਪੜ੍ਹੇ ॥ ਜਿਸ ਕਾਰਨ ਲੋਕ ਉਨ੍ਹਾਂਨੂੰਵੇਦੀ (ਬੇਦੀ) ਆਖਣ ਲਗ ਪਏ ॥ ਜਦੋਂ ਅੰਮ੍ਰਤਰਾਇ ਹੋਇਆ ਤਦੋਂ ਮੁਲਕ ਰਾਇ ਸੋਢੀਆਂ ਵਿਚੋਂ ਪੰਜਾਬ ਦਾ ਹਾਕਮ ਸੀ, ਫਿਰਦਾਫਿਰਾਂਦਾ ਅੰਮ੍ਰਤਰਾਇ ਪੰਜਾਬ ਵਿਚ ਆ ਪੁਜਾ ॥ ਉਹ 'ਵੇਦ ਕਥਾ' ਕਰਿਆ ਕਰਦਾ ਸੀ, ਉਸ ਨੇ ਮੁਲਕ ਰਾਇ ਨੂੰ ਵੇਦ ਕਥਾ ਸੁਣਾਈ ॥ ਵੇਦ ਕਥਾ ਸੁਣ ਕੇ ਮੁਲਕ ਰਾਇ ਐਨਾ ਵੈਰਾਗੀ ਹੋਇਆ ਕਿ ਆਪਣਾ ਸਾਰਾ ਰਾਜ ਭਾਗ ਅੰਮ੍ਰਿਤਰਾਇ ਨੂੰ ਦੇਕੇ ਆਪ ਪਹਾੜਾਂ ਨੂੰ ਭਗਤੀ ਕਰਨ ਵਾਸਤੇ ਤੁਰ ਗਿਆ, ਵੇਦੀ ਵੰਸ ਮੁੜ ਪੰਜਾਬ ਵਿਚ ਰਾਜ ਕਰਨ ਲਗਾ॥ ਇੰਨਾਂਵੇਦੀਆਂ ਦੀ ਵੰਸਪੰਜਾਬਵਿਚ ਖਿਲਰੀ ਜੋ 'ਰਾਇ' ਨਾਮ ਨਾਲ ਪ੍ਰਸਿਧ ਸੀ, ਇਨ੍ਹਾਂ ਵਿਚੋਂ ਬਹੁਤੇ ਮੁਸਲਮਾਨ ਹੋ ਗਏ ਜੋ ਆਪਣੇ ਆਪ ਨੂੰ ਰਾਜਪੂਤ ਅਖਵਾਉਣ ਲਗ ਪਏ॥ਕੁਝ ਹਿੰਦੂ ਰਹੇ, ਤਲਵੰਡੀ ਦਾ ਰਾਇ ਬੁਲਾਰ ਵੀ ਬੇਦੀ ਸੀ ਤੇ ਸ੍ਰੀ ਗੁਰੂ ਨਾਨਕ ਜੀ ਦੇ ਪਿਤਾ ਜੀ ਵੀ ਬੇਦੀ ਸਨ। ਇਕ ਮੁਸਲਮਾਨ ਸੀ ਤੇ ਇਕ ਹਿੰਦੂ। ਲਿਖਿਆ ਹੈ ਕਿ ਜਦ ਅੰਮ੍ਰਿਤ ਰਾਏ ਨੂੰ ਰਾਜ ਦੇਕੇ ਮੁਲਕ ਰਾਏ ਭਗਤੀ ਵਾਸਤੇ ਚਲਿਆ ਤਾਂ ਅੰਮ੍ਰਿਤ ਰਾਏ ਨੇ ਵਰ ਦਿੱਤਾ ਅਜ ਤੁਸਾਂ ਅਸਾਂ ਨੂੰ ਰਾਜ ਦਿਤਾ ਹੈ। ਕਲਜੁਗ ਵਿਚ ਅਸਾਡੀ ਵੰਸ ਵਿਚ ਗੁਰੂ ਨਾਨਕ ਦੇਵ ਜੀ ਹੋਣਗੇ ਉਹ ਗਿਆਨ ਦੀ ਪਾਤਸ਼ਾਹੀ ਚਾਲੂ ਕਰਨਗੇ, ਉਸ ਪਾਤਸ਼ਾਹੀ ਦੀ ਤੀਸਰੀ ਪੀੜ੍ਹੀ ਤੁਸਾਂ ਦੀ ਵੰਸ ਨੂੰ ਰਾਜ ਦੇ ਦੇਵੇਗੀ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਦਿਤਾ ਲਈਏ ਆਪਣਾ ਅਣ ਦਿਤਾ ਕਛ ਹਥ ਨ ਆਵੈ ॥
ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ ॥
ਜਾਨ ਨ ਦੇਸਾਂ ਸੋਢੀਓ ਹੋਰਸ ਅਜਰ ਨ ਜਰਿਆ ਜਾਵੈ ॥
ਘਰ ਹੀ ਕੀ ਵਥ ਘਰੇ ਰਹਾਵੈ ॥

ਜਿਸਦੀ ਵਸਤੂ ਸੀ ਉਸਨੂੰ ਮਿਲ ਗਈ ॥ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਬਖਸ਼ ਦਿਤੀ, ਗੁਰੂ ਰਾਮਦਾਸ ਜੀ ਦਾ ਘਰਾਣਾ ਸੋਢੀ ਸੀ ॥

੨. ਸਤਿਗੁਰਾਂ ਦਾ ਅਵਤਾਰ ਧਾਰਨਾ

ਲਾਹੌਰ (ਪਾਕਸਤਾਨ) ਵਿੱਚ ਚੂਨੇ ਮੰਡੀ ਇਕ ਮਸ਼ਹੂਰ ਬਿਉਪਾਰਕ ਬਾਜ਼ਾਰ ਹੈ। ਇਸ ਬਾਜ਼ਾਰ ਵਿਚ ਇਕ ਛੋਟੇ ਜਹੇ ਘਰ ਵਿਚ ਸੋਢੀ ਠਾਕਰ ਦਾਸ ਜੀ ਰਹਿੰਦੇ ਸਨ। ਉਨ੍ਹਾਂ ਦੇ ਘਰ ਵਾਲੀ (ਮਾਤਾ) ਜਸਵਾਲ ਜੀ ਬਹੁਤ ਨੇਕ ਤੇ ਧਰਮਾਤਮਾਂ ਸਤਵੰਤੀ ਇਸਤ੍ਰੀ ਸੀ, ਵਾਹਿਗੁਰੂ ਨੇ ਉਨ੍ਹਾਂ ਉਤੇ ਕ੍ਰਿਪਾ ਕੀਤੀ। ਆਪ ਦੀ ਕੁਖੋਂ ਹਰਿਦਾਸ ਜੀ ਨੇ ਜਨਮ ਲਿਆ। ਜਦੋਂ ਹਰਿਦਾਸ ਜੀ ਜਵਾਨ ਹੋਏ ਤਾਂ ਉਨਾਂ ਦਾ ਸੁਭ ਵਿਆਹ ਬੀਬੀ ਦਇਆ ਕੌਰ ਜੀ ਨਾਲ ਕੀਤਾ ਗਿਆ। ਜੋ ਸੱਚ ਮੁਚ ਹੀ ਦਇਆ ਤੇ ਪ੍ਰੀਤ ਦੀ ਮੂਰਤ ਸਨ। ਪਤੀ ਨਾਲ ਪ੍ਰੀਤ ਕਰਨ ਦੇ ਨਾਲ ਵਾਹਿਗੁਰੂ ਉਤੇ ਵੀ ਸ਼ਰਧਾ ਰੱਖਦੇ ਅਤੇ ਭਗਤੀ ਕਰਦੇ ਸਨ।

ਕਰਤਾਰ ਦਾ ਭਾਣਾ ਐਸਾ ਹੀ ਸੀ, ਸੋਢੀ ਹਰਿਦਾਸ ਜੀ ਅਜੇ ਜਵਾਨ ਹੀ ਸਨ ਕਿ ਉਨ੍ਹਾਂ ਦੇ ਮਾਤਾ ਪਿਤਾ ਜੀ ਚੜ੍ਹਾਈ ਕਰ ਗਏ। ਜਿਵੇਂ ਸੋਢੀ ਠਾਕਰ ਦਾਸ ਜੀ ਵਿਉਪਾਰ ਦਾ ਧੰਦਾ ਕਰਦੇ ਸਨ ਤਿਵੇਂ ਹੀ ਸੋਢੀ ਹਰਿਦਾਸ ਜੀ ਵਿਉਪਾਰ ਕਰਕੇ ਜੀਵਨ ਨਿਰਬਾਹ ਕਰਨ ਲਗੇ। ਪਤ-ਪਤਨੀ ਇਕ ਦੂਸਰੇ ਦਾ ਸਤਕਾਰ ਕਰਦੇ ਹੋਏ ਪ੍ਰੇਮ ਨਾਲ ਰਹਿੰਦੇ ਸਨ। ਸਰਬ-ਸ਼ਕਤੀਵਾਨ ਪ੍ਰਮਾਤਮਾ ਨੂੰ ਚੇਤੇ ਰਖਦੇ ਸਨ। ਭਾਰਤ ਦੇ ਵਿਚ ਹਰ ਇਕ ਇਸਤ੍ਰੀ ਮਾਂ ਬਣਨਾ ਲੋਚਦੀ ਹੈ ਉਹ ਬਾਲਾਂ ਨੂੰ ਖਡਾ ਕੇ ਖੁਸ਼ ਹੁੰਦੀ ਹੈ। ਜੇ ਬਾਲ ਨਾ ਹੋਵੇ ਤਾਂ ਆਪਣੇ ਜੀਵਨ ਨੂੰ ਬੇ-ਅਰਥ ਸਮ-ਝਦੀ ਹੈ। ਦਸ-ਯਾਰਾਂ ਸਾਲ ਵਿਆਹ ਹੋਏ ਨੂੰ ਬੀਤ ਗਏ, ਪਰ ਬੀਬੀ ਦਇਆ ਕੌਰ ਜੀ ਦੀ ਕੁਖ ਹਰੀ ਨਾ ਹੋਈ। ਬਚੇ ਦਾ ਮੂੰਹ ਦੇਖਣ ਵਾਸਤੇ ਉਹ ਬਹੁਤ ਕਾਹਲੇ ਸਨ। ਰਾਤ ਦਿਨੇ ਪੂਜਾ ਤੇ ਪਾਠ ਕਰਨ ਲਗੇ। ਮੰਦਰ ਵਿਚ ਜੇ ਸਤਿਸੰਗ ਹੁੰਦਾ ਤਾਂ ਸੁਣਨ ਜਾਣ ਲਗੇ। ਆਖਰ ਉਨ੍ਹਾਂ ਦੀ ਭਗਤੀ ਪੂਰੀ ਹੋਈ ਤੇ ਸਰਬ ਸ਼ਕਤੀਵਾਨ ਕਰਤਾਰ ਨੇ ਉਨ੍ਹਾਂ ਦੀ ਅਰਦਾਸ ਬੇਨਤੀ ਨੂੰ ਸੁਣ ਲਿਆ।

੨੬ ਅਸੂ ਕਤਕ ਵਦੀ ਦੂਜ ਸੰ: ੧੫੯੧ ਬਿ: ਮੁਤਾਬਿਕ ਸੰਨ ੧੫੩੪ ਈ: ਨੂੰ ਬੀਬੀ ਦਇਆ ਕੌਰ ਜੀ ਦੀ ਕੁਖੋਂ ਸੁੰਦਰ ਬਾਲਕ ਨੇ ਜਨਮ ਲਿਆ। ਬਾਲਕ ਬਹੁਤ ਹੀ ਸੁੰਦਰ ਤੇ ਮੂਨੱਖਾ ਹੋਣ ਕਰਕੇ ਨਾਮ ਰਾਮਦਾਸ ਰਖਿਆ।

ਜਿਸਦਾ ਭਾਵ ਅਰਥ (ਈਸ਼ੂਰ) ਦਾ ਦਾਸ ਸੀ । ਬਾਬਾ ਜੀ (ਠਾਕਰ ਦਾਸ ਜੀ) ਠਾਕਰਾਂ ਦੇ ਦਾਸ ਸਨ, ਪਿਤਾ ਜੀ (ਹਰਿ ਦਾਸ) ਹਰੀ ਦੇ ਦਾਸ ਸਨ ਤੇ ਆਪ ਰਾਮ ਦੇ ਦਾਸ ਜਿਸ ਦਾ ਮਤਲਬ ਕਿ ਸਾਰਾ ਵੰਸ਼ ਹੀ ਈਸ਼ੂਰ ਦਾ ਸੇਵਕ ਹੈ । ਸ੍ਰੀ ਰਾਮ ਚੰਦ੍ਰ ਜੀ ਤੋਂ ਵੰਸ਼ ਤੁਰਿਆ ਤੇ ਕਲਜੁਗ ਵਿਚ (ਗੁਰੂ) ਰਾਮਦਾਸ ਜੀ ਦੇ ਨਾਮ ਨਾਲ ਪ੍ਰਗਟ ਹੋਇਆ । ਨਾਮ ਭਾਵੇਂ ਰਾਮਦਾਸ ਜੀ ਰਖਿਆ ਪਰ ਸਦਦੇ ਜੇਠਾ ਜੀ ਸਨ।

(ਗੁਰੂ) ਰਾਮਦਾਸ ਜੀ ਮਾਂ ਬਾਪ ਦੀ ਗੋਦ ਵਿਚ ਬਹੁਤ ਥੋੜਾ ਸਮਾਂ ਖੇਡੇ ਪਰ ਜਿੰਨਾਂ ਚਿਰ ਖੇਡੇ ਉਹ ਸਮਾਂ ਬਹੁਤ ਹੀ ਚੰਗਾ ਤੇ ਸੁਨਹਿਰੀ ਸਮਾਂ । ਲਾਡ ਪਿਆਰ ਤੇ ਚੰਗਾ ਖਾਣਾ ਪੀਣਾ ਮਿਲਦਾ ਸੀ ਕਰਤਾਰ ਦੇ ਚਿਤ ਕੀ ਪਤਾ ਕੀ ਆਈ ਸਤਿਗੁਰਾਂ ਦੇ ਸਿਰ ਤੋਂ ਉਨ੍ਹਾਂ ਦੇ ਪਿਤਾ ਜੀ ਦਾ ਹੱਥ ਚੁਕਿਆ ਗਿਆ, ਉਹ (ਹਰਿ ਦਾਸ ਜੀ) ਚਲਾਣਾ ਕਰ ਗਏ। ਜਦੋਂ ਹਰਿਦਾਸ ਜੀ ਹੁਰੀਂ ਚਲਾਣਾ ਕੀਤਾ ਤਦੋਂ ਸਤਿਗੁਰਾਂ ਦੀ ਉਮਰ ਬਹੁਤ ਛੋਟੀ ਸੀ । ਛੋਟੀ ਉਮਰ ਹੋਣ ਕਰਕੇ ਮਾਂ ਬਾਪ ਤਾਂ ਲਾਡ ਨਾਲ 'ਜੇਠਾ ਜੀ' ਆਖ ਕੇ ਬੁਲਾਉਂਦੇ ਰਹੇ ਪਰ ਗਰੀਬੀ ਦੇ ਕਾਰਨ ਲੋਕ ਨਿਰਾ 'ਜੇਠਾ' ਆਖਦੇ ਸਨ । "ਰਾਮ ਦਾਸ" ਕਿਸੇ ਦੀ ਜ਼ਬਾਨੋਂ ਨਹੀਂ ਸੀ ਨਿਕਲਦਾ ।

(ਗੁਰੂ) ਰਾਮਦਾਸ ਜੀ ਬਚਪਨ ਜਵਾਨੀ ਤੇ ਬੁਢੇਪੇ ਵਿਚ ਸਰੀਰਕ ਤੌਰ ਤੇ ਬਹੁਤ ਸੁੰਦਰ ਤੇ ਮਨ ਮੋਹਨੇ ਰਹੇ ਸਨ, ਸਤਿਗੁਰੂ ਜੀ ਦਾ ਸੁੰਦਰਤਾ ਬਾਰੇ ਮਿਸਟਰ ਮੈਕਾਲਿਫ ਆਪਣੇ ਇਤਿਹਾਸ ਵਿਚ ਲਿਖਦਾ ਹੈ, 'ਜੇਠਾ ਜੀ ਗੋਰੇ ਰੰਗ, ਸੁੰਦਰ ਡੀਲ ਡੌਲ (ਸਰੀਰ) ਵਾਲੇ ਤੇ ਸੋਹਣੇ ਹਸਮੁਖ ਸਨ । ਸਾਧਾਰਣ ਬਾਲਾਂ ਵਾਂਗ ਉਨ੍ਹਾਂ ਦਾ ਸੁਭਾ ਰੋਣ ਚੀਕਣ ਵਾਲਾ ਨਹੀਂ ਸੀ ।' ਖਾਣ ਵਾਸਤੇ ਕੁਝ ਮਿਲੇ ਜਾਂ ਨਾ ਮਿਲੇ, ਪਹਿਨਣ ਵਾਲੇ ਬਸਤ੍ਰ ਨਵੇਂ ਹਨ ਜਾਂ ਪੁਰਾਣੇ ਇਹ ਖਿਆਲ ਨਾ ਕਰਦੇ, ਖੁਸ਼ ਅਨੰਦ ਰਹਿੰਦੇ । ਬਚਪਨ ਤੋਂ ਹੀ ਹਿਰਦੇ ਵਿਚ ਸ਼ਾਂਤੀ ਤੇ ਸੰਤੋਖ ਸੀ, ਕਿਸੇ ਸਾਥੀ ਬਾਲਕ ਨੂੰ ਨਾਂ ਮੰਦਾ ਬਚਨ ਆਖਦੇ ਤੇ ਨਾ ਲੜਦੇ ਝਗੜਦੇ । ਸਾਧੂ ਸੂਰਤ ਬਣੇ ਖੇਡਦੇ ਰਹਿੰਦੇ। ਜਦੋਂ ਬਾਲਾਂ ਨਾਲ ਰਲਕੇ ਜਾਂ ਇਕਲੇ ਖੇਡਣ ਵਾਸਤੇ ਬਾਹਰ ਜਾਂਦੇ ਤਾਂ ਗਲੀ ਮਹਲੇ ਦੀਆਂ ਇਸਤ੍ਰੀਆਂ 'ਜੇਠਾ ਜੀ' ਨਾਲ ਬਹੁਤ ਪਿਆਰ ਕਰਦੀਆਂ ਕਿਉਂਕਿ ਭੋਲੀ ਸੂਰਤ ਤੇ ਸੁੰਦਰ ਮੂਰਤ ਇਸਤ੍ਰੀਆਂ ਦੇ ਮਨ ਨੂੰ ਭਾਉਂਦੀ ਹੈ।

੩. ਪਹਿਲੀ ਸੁਦਾਗਰੀ

ਉਸ ਸਮੇਂ ਤੇ ਅੱਜ ਵੀ ਖਤ੍ਰੀ ਪੁਤਰਾਂ ਨੂੰ ਦੁਕਾਨਦਾਰੀ ਕਰਣੀ ਪੈਂਦੀ ਹੈ। ਜਿਸਨੂੰ ਅੱਜ ਅਸੀਂ ਸੁਦਾਗਰੀ ਜਾਂ ਵਿਉਪਰ ਆਖਦੇ ਹਾਂ। ਜਿਨੀ ਕਿਸੇ ਕੋਲ ਧਨ ਪੂੰਜੀ ਹੁੰਦੀ ਹੈ, ਓਨੀਂ ਹੀ ਵਡੀ ਸੁਦਾਗਰੀ ਉਹ ਕਰਦਾ ਹੈ। ਸਤਿਗੁਰੂ (ਜੇਠਾ) ਜੀ ਦੇ ਮਾਤਾ ਪਿਤਾ ਗਰੀਬ ਸਨ। ਮਾਮੂਲੀ ਧੰਦਾ ਕਰਕੇ ਜੀਵਣ ਨਿਰਬਾਹ ਕਰਦੇ ਸਨ। ਭਾਈ ਹਰਿਦਾਸ ਜੀ ਦੇ ਚਲਾਣੇ ਪਿਛੋਂ ਮਾਤਾ ਦਇਆ ਕੌਰ ਸਾਹਮਣੇ ਇਹ ਮਹਾਨ ਔਕੜ ਪੇਸ਼ ਆਈ ਕਿ ਘਰ ਦਾ ਝਟ ਕਿਵੇਂ ਲੰਘੇ। ਉਨ੍ਹਾਂ ਦੇ ਗਵਾਂਢ ਘਰ ਵਿੱਚ ਐਸੇ ਸਜਨ ਪੁਰਸ਼ ਰਹਿੰਦੇ ਸਨ ਜਿਨ੍ਹਾਂ ਦੇ ਬਾਲਕ ਛੋਲਿਆਂ ਦੀਆਂ ਘੁੰਘਣੀਆਂ ਵੇਚਣ ਜਾਇਆ ਕਰਦੇ ਸਨ। ਉਨ੍ਹਾਂ ਦੇ ਬਾਲਕਾਂ ਨੇ ਇਕ ਦਿਨ ਜੇਠਾ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਨਾਲ ਘੁੰਘਣੀਆਂ ਦਾ ਛਾਬਾ ਲਾਕੇ ਚਲਿਆ ਕਰਨ। ਇਕ ਦਿਨ ਮਾਤਾ ਦਇਆ ਕੌਰ ਜੀ ਨੇ ਥੋੜ੍ਹੀਆਂ ਜਹੀਆਂ ਘੁੰਘਣੀਆਂ ਉਬਾਲ ਦਿੱਤੀਆਂ। ਬਾਲਕ ਰੂਪ ਜੇਠਾ ਜੀ ਘੁੰਘਣੀਆਂ ਦਾ ਛਾਬਾ ਚੁਕ ਕੇ ਦਰਿਆ ਰਾਵੀ ਵਲ ਤੁਰ ਪਏ। ਪਹਿਲੇ ਦਿਨ ਤੁਰੇ, ਸਿਰ ਤੇ ਛਾਬਾ ਸੀ, ਲੋਕਾਂ ਵਲ ਦੇਖੀ ਜਾਂਦੇ ਤੇ ਲੋਕ ਉਨ੍ਹਾਂ ਵਲ ਦੇਖਦੇ ਸਨ ਪਰ 'ਜੇਠਾ ਜੀ' ਦੇ ਬੁਲ੍ਹਾਂ ਤੋਂ ਇਹ ਨਹੀਂ ਸੀ ਨਿਕਲਦਾ —'ਘੁੰਘਣੀਆਂ ਲੈ ਲਵੋ।' ਜਾਂ 'ਮਸਾਲੇਦਾਰ ਗਰਮਾ ਗਰਮ ਘੁੰਘਣੀਆਂ' ਜੇਠਾ ਜੀ ਸੰਗਦੇ ਸਨ। ਛਾਬਾ ਸਿਰ ਤੇ ਰੱਖੀ ਪ੍ਰਭੂ ਦਰਿਆ ਰਾਵੀ ਦੇ ਕਿਨਾਰੇ ਪਹੁੰਚ ਗਏ। ਉਸ ਸਮੇਂ ਦਰਿਆ ਕਿਲੇ ਦੇ ਨਾਲ ਦੀ ਲੰਘਦਾ ਸੀ। ਦਰਿਆ ਉਤੇ ਬਹੁਤ ਭੀੜ ਰਿਹਾ ਕਰਦੀ ਸੀ। ਕਈ ਸਾਧੂ, ਫਕੀਰ, ਤਾਸ਼, ਸ਼ਤਰੰਜ ਤੇ ਗੱਪ-ਗਿਆਨ ਵਾਲਿਆਂ ਦੀਆਂ ਟੋਲੀਆਂ ਬੈਠੀਆਂ ਰਿਹਾ ਕਰਦੀਆਂ ਸਨ। ਦਰਿਆ ਦਾ ਸੀਤਲ ਜਲ ਤੇ ਟਾਹਲੀਆਂ ਠੰਢੀਆਂ ਛਾਵਾਂ ਮਨੁੱਖ ਨੂੰ ਉਥੋਂ ਘਰ ਵਲ ਨਹੀਂ ਸਨ ਆਉਣ ਦੇਂਦੀਆਂ। ਦਰਿਆ ਦੇ ਕਿਨਾਰੇ ਟਾਹਲੀ ਦੀ ਛਾਂ ਹੇਠਾਂ ਛਾਬਾ ਰੱਖ ਕੇ ਜੇਠਾ ਜੀ ਬੈਠੇ ਰਹੇ। ਦੋਂਹ ਕੁ ਸਜਣਾਂ ਨੇ ਤਿੰਨ ਕੁ ਪੈਸੇ ਵਟਾਏ, ਉਹ ਵੀ ਉਨ੍ਹਾਂ ਆਪ ਆ ਕੇ ਪੁਛਿਆ ਜੇਠਾ ਜੀ ਨੇ ਆਪਣੀ ਜ਼ਬਾਨੋਂ ਅਵਾਜ਼ ਨਹੀਂ ਦਿੱਤੀ॥ ਤਰਕਾਲਾਂ ਪੈਣ ਲੱਗੀਆਂ, ਘੁੰਘਣੀਆਂ ਨਾ ਵਿਕੀਆਂ, ਜੇਠਾ ਜੀ

ਛਾਬੇ ਦੇ ਕੋਲ ਬੈਠੇ ਰਹੇ।

ਸਾਧੂਆਂ ਦੀ ਇਕ ਟੋਲੀ ਨੇ ਦਰਿਆ ਵਿਚੋਂ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਪੂਜਾ ਪਾਠ ਵਿਚ ਰੁੱਝ ਗਏ, ਜਦੋਂ ਪੂਜਾ ਪਾਠ ਕਰ ਚੁਕੇ ਤਾਂ ਉਹ ਸਾਧੂ ਆਪਣੇ ਆਪ ਜੇਠਾ ਜੀ ਕੋਲ ਅਪੜ ਗਏ। ਉਨ੍ਹਾਂ ਨ ਜੇਠਾ ਜੀ ਨੂੰ ਕਿਹਾ, 'ਹੇ ਬਾਲਕ ! ਅਸੀਂ ਸਾਰੇ ਸਾਧੂ ਭੁਖੇ ਹਾਂ, ਕਿਉਂਕਿ ਭੋਜਨ ਛਕਣ ਦਾ ਸਮਾ ਪ੍ਰਾਪਤ ਨਹੀਂ ਹੋਇਆ। ਅਸਾਂ ਕੋਲ ਮਾਯਾ ਵੀ ਨਹੀਂ, ਕੀ ਅਸਾਨੂੰ ਘੁੰਘਣੀਆਂ ਛਕਾ ਸਕਦਾ ਹੈਂ?' ਨਿਰਮਲ ਆਤਮ ਬਾਲਕ ਰੂਪਾ ਜੇਠਾ ਜੀ ਨੇ ਮੁਸਕਰਾਕ ਉਤਰ ਦਿਤਾ 'ਮਹਾਂ ਪੁਰਸ਼ੋ ! ਜੇ ਜੀ ਚਾਹੇ ਤਾਂ ਸਾਰੀਆਂ ਘੁੰਘਣੀਆਂ ਖਾ ਲਵੋ।'

ਮੁਖੀ ਸਾਧੂ 'ਵਾਹ ਬਾਲਕ ਤੂੰ ਧੰਨ ਹੈਂ ! ਭੁਖੇ ਸਾਧੂਆਂ ਨੂੰ ਪ੍ਰਸੰਨ ਕਰਨ ਲੱਗਾ ਹੈਂ, ਤੈਨੂੰ ਭਗਵਾਨ ਪ੍ਰਸੰਨ ਕਰੇਗਾ।' ਇਹ ਆਖਕੇ ਸਾਧੂ ਛਾਬੇ ਉਦਾਲੇ ਬੈਠ ਗਏ ਤੇ ਮੁਠਾਂ ਭਰ ਭਰਕੇ ਸਾਰੀਆਂ ਘੁੰਘਣੀਆਂ ਖਾ ਗਏ। ਘੁੰਘਣੀਆਂ ਖਾਂਦਾ ਹੋਇਆ ਮੁਖੀ ਸਾਧੂ ਬਚਨ ਕਰੀ ਗਿਆ, 'ਹੇ ਬਾਲਕ ! ਤੇਰੀਆਂ ਸਾਰੀਆਂ ਭੁਖਾਂ ਦੂਰ ਹੋ ਜਾਣਗੀਆਂ। ਚੰਗੇ ਪ੍ਰਤਾਪੀ ਘਰ ਵਿਚ ਤੇਰਾ ਵਿਆਹ ਹੋਵੇਗਾ। ਕੰਗਾਲ ਤੇ ਪਾਤਸ਼ਾਹ ਤੇਰੇ ਚਰਨਾਂ ਉਤੇ ਮੱਥਾ ਟੇਕਣਗੇ। ਹਜ਼ਾਰਾਂ ਦੁਖੀਆਂ, ਭੁਖਿਆਂ ਨਿਆਸਰਿਆਂ ਤੇ ਲੋੜਵੰਦਾਂ ਨੂੰ ਤੇਰੇ ਦਰਬਾਰ ਵਲੋਂ ਸਹਾਇਤਾ ਮਿਲੇਗੀ ਜਾਹ ਅਜ ਤੋਂ ਤੈਨੂੰ ਕੋਈ ਘਾਟਾ ਨਹੀਂ ਰਹੇਗਾ।'

ਰੁਤਿ ਆਈਲੇ ਸਰਸ ਬਸੰਤ ਮਾਹਿ ॥ ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥
(ਰਾਗੁ ਬਸੰਤੁ ਮ: ੧)

ਘੁੰਘਣੀਆਂ ਛਕਕੇ ਪ੍ਰਸੰਨ ਹੋਕੇ ਸਾਧੂ ਜਿਧਰੋਂ ਜਿਧਰੋਂ ਆਏ ਸੀ ਉਧਰੋ ਤੁਰ ਗਏ, ਕਰਤਾਰ ਨੇ ਕੀ ਖੇਡ ਰਚੀ ? ਇਸਦਾ ਗਿਆਨ ਕਰਤਾਰ ਨੂੰ ਹੋਵੇਗਾ। ਜੇਠਾ ਜੀ ਉਦਾਸ ਨਹੀਂ ਸਨ ਹੋਏ। ਖਾਲੀ-ਛਾਬਾ ਚੁਕਕੇ ਘਰ ਨੂੰ ਤੁਰ ਪਏ। ਜਦੋਂ ਘਰ ਪੁਜੇ ਤਾਂ ਮਾਤਾ ਦਇਆ ਕੌਰ ਜੀ ਨੇ ਅਗੇ ਹੋਕੇ ਪਹਿਲਾਂ ਛਾਤੀ ਨਾਲ ਲਾਇਆ, ਮੱਥਾ ਚੁੰਮਕੇ ਪੁਛਿਆ, 'ਬੇਟਾ ਘੁੰਘਣੀਆਂ ਵਿਕ ਗਈਆਂ ?'

'ਹਾਂ ਮਾਤਾ ਜੀ ਸਾਰੀਆਂ ਘੁੰਘਣੀਆਂ ਵਿਕ ਗਈਆਂ।' ਜੇਠਾ ਜੀ ਨੇ ਅਗੋਂ ਉਤਰ ਦਿੱਤਾ।

'ਕਿੰਨੇ ਪੈਸੇ ਵੱਟੇ ?'

'ਤਿੰਨ ਪੈਸੇ ਨਗਦ ਤੇ ਬਾਕੀ ਸਾਰੇ ਹੁਧਾਰ।

'ਹੁਧਾਰ ਕਿਸ ਨੂੰ ਖਵਾਈਆਂ ?'

'ਸਾਧੂਆਂ ਨੂੰ ! ਉਹ ਸਾਧੂ ਭਗਵਾਨ ਦੇ ਪਿਆਰੇ ਸਨ। ਉਹ ਕਹਿੰਦੇ ਸੀ, ਉਨ੍ਹਾਂ ਨੂੰ ਭੋਜਨ ਨਹੀਂ ਮਿਲਿਆ। ਉਹ ਭੁਖੇ ਹਨ, ਓਹਨਾਂ ਕੋਲ ਪੈਸੇ ਨਹੀਂ ਸਨ ਉਹ ਘੁੰਘਣੀਆਂ ਖਾਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਕਿਹਾ, 'ਜਾਹ ਬਾਲਕ ਤੇਰੀਆਂ ਸਾਰੀਆਂ ਭੁਖਾਂ ਦੂਰ ਹੋਣਗੀਆਂ।' ਉਹ ਹੋਰ ਵੀ ਕਿੰਨਾ ਕੁਝ ਆਖਦੇ ਰਹੇ, ਜਿਸ ਦੀ ਮੈਨੂੰ ਸਮਝ ਨਹੀਂ ਲੱਗੀ।' ਆਪਣੇ ਜੇਠੇ ਪੁਤ੍ਰ ਦੀ ਜ਼ਬਾਨੋਂ ਘੁੰਘਣੀਆਂ ਦੇ ਹੁਦਾਰ ਦੇਣ ਦੀ ਕਥਾ ਸੁਣਕੇ ਧਰਮੀ ਮਾਤਾ ਜੀ ਚੁਪ ਹੋ ਗਏ। ਉਹ ਕਿੰਨਾ ਚਿਰ ਕੁਝ ਸੋਚਦੇ ਰਹੇ, ਪੁਤ੍ਰ ਨੂੰ ਗੁਸੇ ਨਹੀਂ ਹੋਏ, ਝਿੜਕਿਆ ਨਹੀਂ, ਸਗੋਂ ਪਿਆਰ ਨਾਲ ਆਖਿਆ, 'ਬੇਟਾ ! ਚਲੋ ਹਥ ਮੂੰਹ ਧੋਵੋ ਤੇ ਰੋਟੀ ਖਾਵੋ, ਜੋ ਕੀਤਾ ਸੋ ਚੰਗਾ ਕੀਤਾ। ਅਗੇ ਨੂੰ ਉਧਾਰ ਨਾਂ ਘੁੰਘਣੀਆਂ ਵੇਚਣੀਆਂ। ਨਗਦ ਥੋੜੇ ਪੈਸੇ ਵਟ ਲੈਣੇ ਚੰਗੇ ਹਨ।' ਅਗਲੇ ਦਿਨ ਫਿਰ ਮਾਤਾ ਜੀ ਨੇ ਘੁੰਘਣੀਆਂ ਉਬਾਲ ਦਿਤੀਆਂ। ਜੇਠਾ ਜੀ ਛਾਬਾ ਚੁਕਕੇ ਦਰਿਆ ਰਾਵੀ ਕਿਨਾਰੇ ਜਾ ਬੈਠੇ, 'ਸਾਧ ਬਚਨ ਅਟਲਾਧਾ' ਵਾਲੀ ਗੱਲ ਹੋਈ, ਉਸ ਦਿਨ ਘੁੰਘਣੀਆਂ ਨਗਦ ਬਹੁਤ ਛੇਤੀ ਵਿਕ ਗਈਆਂ। ਮੋਟੇ ਮੋਟੇ ਪੈਸਿਆਂ ਨਾਲ ਜੇਬ ਭਰਕੇ ਜੇਠਾ ਜੀ ਘਰ ਆ ਪੁਜੇ। ਉਨ੍ਹਾਂ ਦੀ ਆਤਮਾ ਆਖ ਰਹੀ ਸੀ –

> ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣ ॥ ਗੁਰ ਸਬਦੀ ਹਰਿ ਭਜਿ ਸੁਰਤਿ ਸਮਾਇਣ ॥ ੧ ॥ ਮੇਰੇ ਮਨ ਹਰਿ ਭਜੁ ਨਾਮੁ ਨਾਰਾਇਣ ॥ ਹਰਿ ਹਰਿ ਕ੍ਰਿਪਾ ਕਰੇ ਸੁਖ ਦਾਤਾ ਗੁਰਮੁਖਿ ਭਵਜਲੁ ਹਰਿ ਨਾਮਿ ਤਰਾਇਣ ॥
>
> (ਰਾਗ ਭੈਰਉ ਮ: ੪)

੪. ਜੇਠਾ ਜੀ ਦਾ ਗੋਇੰਦਵਾਲ ਪੁਜਣਾ

ਜੇਠਾ ਜੀ ਦੇ ਨਾਨਕੇ ਬਾਸਰਕੀ (ਗਿਲਾਂ) ਸਨ । ਹਰਿਦਾਸ ਜੀ ਦੇ ਚਲਾਣੇ ਪਿਛੋਂ ਮਾਤਾ ਦਇਆ ਕੌਰ ਜੀ ਆਪ ਨੂੰ ਸਾਥ ਲੈਕੇ ਬਾਸਰਕੀ ਆਇਆ ਕਰਦੇ ਸਨ ਕਿਉਂਕਿ ਗੁਰੂ ਅਮਰਦਾਸ ਜੀ ਦਾ ਜਨਮ ਨਗਰ

ਬਾਸਰਕੀ। ਇਸ ਕਾਰਨ ਬਾਸਰਕੀ ਨਗਰ ਵਿਚ ਗੁਰੂ ਜੀ ਦੀ ਬਹੁਤ ਉਪਮਾ ਹੁੰਦੀ ਸੀ। ਨਗਰ ਦੀ ਸੰਗਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਇਆ ਕਰਦੀ ਸੀ, ਜੇਠਾ ਜੀ ਨੇ ਬਾਸਰਕੀ ਤੋਂ ਸਤਿਗੁਰੂ ਜੀ ਦੀ ਮਹਿਮਾਂ ਸੁਣੀ। ਦਰਸ਼ਨ ਕਰਨ ਦੀ ਇੱਛਾ ਹਿਰਦੇ ਵਿੱਚ ਉਤਪਨ ਹੋਈ, ਪਰ ਕਰਤਾਰ ਨੇ ਐਸਾ ਢੋਆ ਨਾ ਬਣਾ-ਇਆ ਜਿਸ ਨਾਲ ਆਪ ਸਤਿਗੁਰੂ ਜੀ ਦੇ ਦਰਸ਼ਨ ਕਰ ਸਕਦ।

ਪਹਿਲੇ ਦਿਨ ਸੰਤਾਂ ਦੇ ਘੁੰਘਣੀਆਂ ਖਾ ਜਾਣ ਦੇ ਪਿਛੋਂ ਆਪ ਨੂੰ (ਜੇਠਾ ਜੀ) ਲਾਭ ਬਹੁਤ ਹੁੰਦਾ ਰਿਹਾ। ਘਰ ਦਾ ਗੁਜ਼ਾਰਾ ਤੁਰ ਪਿਆ। ਮਾਤਾ ਦਇਆ ਕੌਰ ਜੀ ਬਹੁਤ ਪ੍ਰਸੰਨ ਚਿਤ ਰਹਿਣ ਲਗੇ। ਜੇਠਾ ਜੀ ਦੇ ਮਨ ਦਾ ਝੁਕਾਉ ਭਗਤੀ ਤੇ ਸਤਿਸੰਗ ਵਲ ਸੀ। ਆਪ ਨੂੰ ਜਦੋਂ ਵੀ ਸਮਾਂ ਮਿਲਦਾ ਤਦੋਂ ਸੰਤਾਂ ਸਾਧੂਆਂ ਕੋਲ ਜਾ ਬੈਠਦੇ ਤੇ ਕਥਾ ਗਿਆਨ ਸੁਣ ਦੇ ਰਹਿੰਦੇ।

ਪਤਾ ਨਹੀਂ ਕਰਤਾਰ ਦੇ ਕੀ ਚਿਤ ਆਈ, ਜਵਾਨੀ ਦੀ ਉਮਰ ਵਿਚ ਹੀ ਮਾਤਾ ਦਇਆ ਕੌਰ ਜੀ ਵੀ ਚਲਾਣਾ ਕਰ ਗਏ। ਮਾਤਾ ਜੀ ਨੂੰ ਪੁਤ੍ਰ ਦਾ ਵਿਆਹ ਕਰਨ ਦਾ ਵੀ ਸਮਾਂ ਨਾ ਮਿਲਿਆ। ਖੁਸ਼ੀਆਂ ਤੇ ਸ਼ਗਨ ਕੀਤੇ ਬਿਨਾਂ ਹੀ ਪੁਤ੍ਰ ਨੂੰ ਯਤੀਮ ਕਰ ਗਏ। ਜੇਠਾ ਜੀ ਵਾਸਤੇ ਮਾਤਾ ਜੀ ਦਾ ਵਿਛੋੜਾ ਅਸਹਿ ਸੀ, ਪਰ ਕੀ ਹੋ ਸਕਦਾ ਸੀ ਆਖਰ ਕਰਤਾਰ ਦੇ ਭਾਣੇ ਨੂੰ ਮੰਨਣਾ ਪਿਆ, ਪਰ ਉਸ ਦਿਨ ਤੋਂ ਮਨ ਇਹ ਨਾਹਰਾ ਲਾਉਣ ਲੱਗਾ "ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾਕੈ ਪਾਇ ਲਗੀ।" ਘੁੰਘਣੀਆਂ ਬਣਾਉਂਦੇ, ਛਾਂਬਾ ਭਰਕੇ ਬਾਹਰ ਜਾਂਦੇ, ਬੈਠਦੇ ਪਰ ਉਥੇ ਜਿਥੇ ਸਾਧੂ ਮਹਾਤਮਾਂ ਹੁੰਦੇ। ਘੁੰਘਣੀਆਂ ਵੇਚਣ ਦੇ ਨਾਲ ਨਾਲ ਰਬੀ ਗਿਆਨ ਗੋਸ਼ਟ ਵੀ ਸੁਣਦੇ ਰਹਿੰਦੇ।

ਇਕ ਦਿਨ ਜੇਠਾ ਜੀ ਨੂੰ ਪਤਾ ਲੱਗਾ ਕਿ ਦਰਿਆ ਰਾਵੀ ਪਾਰ ਦੇ ਸ਼ਹਿਰਾਂ ਵਲੋਂ ਸਿਖਾਂ ਦਾ ਇਕ ਸਤਿਸੰਗ ਪੁਜਾ ਹੈ ਤੇ ਉਹ ਸੰਗ ਗੋਇੰਦਵਾਲ ਜਾ ਰਿਹਾ ਹੈ। ਸ੍ਰੀ ਗੁਰੂ ਅਮਰਦਾਸ ਜੀ ਬੜਾ ਭਾਰੀ ਜੱਗ ਕਰ ਰਹੇ ਹਨ। ਨਾਲ ਹੀ ਨਵੇਂ ਨਗਰ ਦੀ ਉਸਾਰੀ ਹੋ ਰਹੀ ਹੈ। ਇਹ ਸੁਣਕੇ ਜੇਠਾ ਜੀ ਨੇ ਵੀ ਮਨ ਨਾਲ ਪੱਕਾ ਫੈਸਲਾ ਕਰ ਲਿਆ ਕਿ ਉਹ ਸੰਗ ਦੇ ਨਾਲ ਗੋਇੰਦਵਾਲ ਪਹੁੰਚਣਗੇ। ਘੁੰਘਣੀਆਂ ਤਾਂ ਨਾ ਉਬਾਲੀਆਂ ਪਰ ਛਾਬਾ ਸਾਥ ਲੈ ਕੇ ਜੇਠਾ ਜੀ ਸੰਗ ਨਾਲ ਆ ਰਲੇ। ਉਸ ਵੇਲੇ

ਸਾਰੇ ਸਤਿਸੰਗੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਇਕ ਸ਼ਬਦ ਢੋਲਕੀ ਛੈਣਿਆਂ ਨਾਲ ਪੜ ਰਹੇ ਸਨ:—

ਹਰਿ ਬਿਨ ਕਿਉਂ ਰਹੀਐ ਦੂਖੁ ਬਿਆਪੈ ॥ ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲ ਸੰਤਾਪੈ ॥ ਰਹਾਉ ॥ ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥ ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ ॥ ੧ ॥ ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥ ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ ॥ ੨ ॥ ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ॥ ਹਰਿ ਰਸਿ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥ ੩ ॥ ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ ॥ ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ ॥ ੪ ॥ ੨ ॥ (ਸਾਰਗ ਮ: ੧)

ਤਿਸਦਾ ਪ੍ਰਮਾਰਥ—ਗੁਰੂ ਜੀ ਫੁਰਮਾਉਂਦੇ ਹਨ ਕਿ ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਮਨੁਖ ਨੂੰ ਦੁਖ ਹੀ ਦੁਖ ਵਿਆਪਦਾ ਰਹਿੰਦਾ ਹੈ। ਜਿੰਨਾ ਚਿਰ ਹਰੀ ਦੇ ਜੋਸ਼ ਦੇ ਰਸ ਦਾ ਗਿਆਨ ਨਹੀਂ ਹੁੰਦਾ। ਉਨ੍ਹਾਂ ਚਿਰ ਦੁਖ ਹੀ ਦੁਖ ਹੈ। ਭਾਵੇਂ ਛੱਤੀ ਪ੍ਰਕਾਰ ਦੇ ਭੋਜਨ ਖਾਧੇ ਜਾਣ ਜਿੰਨਾ ਚਿਰ ਜੀਭ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੀ ਉਨ੍ਹਾਂ ਚਿਰ ਇਸ ਦਾ ਸਵਾਦ ਮਿਠਾ ਤੇ ਰਸ ਦੇਣ ਵਾਲਾ ਨਹੀਂ ਹੁੰਦਾ। ਜਦੋਂ ਚੰਗਾ ਰਸ ਨਹੀਂ ਪ੍ਰਾਪਤ ਹੁੰਦਾ ਤਾਂ ਕਾਲ ਦਾ ਡਰ ਸਦਾ ਤੰਗ ਕਰਦਾ ਰਹਿੰਦਾ ਹੈ। ਭਾਵ ਕਿ ਜੀਵ ਨੂੰ ਸਭ ਕੁਝ ਖਾਂਦਿਆਂ ਪੀਂਦਿਆਂ ਵੀ ਮੌਤ ਦਾ ਭੈ ਰਾਤ ਦਿਨੇ ਅਰਾਮ ਨਹੀਂ ਕਰਨ ਦੇਂਦਾ। ਜਿੰਨਾ ਚਿਰ ਪ੍ਰੀਤਮ ਪ੍ਰਮਾਤਮਾ ਦੇ ਦਰਸ਼ਨ ਨਾ ਕੀਤੇ ਜਾਣ ਉਨ੍ਹਾਂ ਚਿਰ ਇਸਤ੍ਰੀ ਰੂਪ ਜੀਵ ਭੁਖਾ ਤੇ ਪਿਆਸਾ ਤੜਫਦਾ ਰਹਿੰਦਾ ਹੈ। ਬੇਚੈਨੀ ਵਿਚ ਰਾਤ ਦਿਨ ਕਟਦਾ ਹੈ। ਜਦੋਂ ਸਤਿਗੁਰੂ ਜੀ ਦੀ ਰਾਹੀਂ ਪ੍ਰਮਾਤਮਾ ਪਤੀ ਦੇ ਦਰਸ਼ਨ ਹੋ ਗਏ ਤਾਂ ਹਿਰਦਾ ਰੂਪੀ ਕਮਲ ਫੁਲ ਖਿੜਗਿਆ, ਅਨੰਦ ਹੀ ਅਨੰਦ ਪ੍ਰਤੀਤ ਹੋਣ ਲੱਗਾ, ਜਿਵੇਂ ਜਲ ਵਿਚ ਕਮਲ ਫੁਲ ਖਿੜ ਜਾਂਦਾ ਹੈ ਤੇ ਸਭ ਨੂੰ ਚੰਗਾ ਲਗਦਾ ਹੈ। ਆਹ ! ਉਸ ਸਮੇਂ ਇੰਵ ਪ੍ਰਤੀਤ ਹੁੰਦਾ ਹੈ ਜਿਵੇਂ ਪ੍ਰੇਮ ਦਾ ਬਦਲ ਝੁਕ ਝੁਕ ਕੇ ਗਰਜਦਾ ਤੇ ਬਰਸਦਾ ਹੈ। ਕੋਇਲਾਂ ਗੀਤ ਗਾਉਂਦੀਆਂ ਹੋਈਆਂ ਬੈਰਾਗੀ ਹੁੰਦੀਆਂ ਜਾਂਦੀਆਂ ਹਨ। ਜਿਵੇਂ ਮੀਂਹ ਦੇ ਵਰਨ ਤੇ ਦਰਖਤ, ਪੰਛੀ, ਸੱਪ ਤੇ ਹੋਰ ਜੀਵ ਜੰਤ ਖੁਸ਼ ਹੋ ਜਾਂਦੇ ਹਨ ਤਿਵੇਂ ਪਤੀ ਪ੍ਰਮੇਸ਼ਰ ਦੇ ਘਰ ਰਹਿਣ ਤੇ ਸੁਹਾਗਨ ਇਸਤ੍ਰੀ ਖੁਸ਼ ਹੁੰਦੀ ਹੈ। ਇਸ ਦਾ

ਪਰਮਾਰਥ ਭਾਵ ਕਿ ਭਗਤ ਜਨ ਜਦੋਂ ਪ੍ਰਮਾਤਮਾਂ ਨੂੰ ਮਿਲਦੇ ਹਨ ਤਾਂ ਖੁਸ਼ ਹੁੰਦੇ ਹਨ। ਪਰ ਦੂਸਰੇ ਪਾਸੇ ਮਨਮੁਖ ਪੁਰਸ਼ ਪ੍ਰਮਾਤਮਾ ਦਾ ਭੇਦ ਨਹੀਂ ਜਾਣ ਸਕਦੇ ਜਿਵੇਂ ਗੰਦੀ, ਮਾੜੇ ਲਛਮਣਾਂ ਵਾਲੀ, ਬਦਸੂਰਤ ਤੇ ਬਦਚਲਨ ਇਸਤ੍ਰੀ ਪਤੀਪਨ ਦਾ ਰਸ ਨਹੀਂ ਮਾਣ ਸਕਦੀ ਉਹ ਥਾਂ ਥਾਂ ਫਿਰ ਕੇ ਜੀਵਨ ਬਰਬਾਦ ਕਰ ਲੈਂਦੀ ਹੈ। ਹਰੀ ਰਸ ਨੂੰ ਨਹੀਂ ਜਾਣਦੀ। ਪਰ ਜੋ ਪ੍ਰਮਾਤਮਾ ਦੀ ਭਗਤੀ ਵਿਚ ਰਤੇ ਰਹਿੰਦੇ ਹਨ ਉਨ੍ਹਾਂ ਨੂੰ ਦੁਖ ਨਹੀਂ ਹੁੰਦਾ ਓਹ ਸੁਖੀ ਤੇ ਸ਼ਾਂਤ ਹੁੰਦੇ ਹਨ। ਉਨ੍ਹਾਂ ਦਾ ਜਨਮ ਮਰਨ ਕਟਿਆ ਜਾਂਦਾ ਹੈ। ਉਹ ਮੁਕਤ ਹੋ ਜਾਂਦੇ ਹਨ ਐਸਾ ਹੈ ਪ੍ਰਭੂ ਪ੍ਰਮਾਤਮਾ ਦਾ ਨਾਮ ਤੇ ਗੁਰਭਾਈਓ ਐਸੇ ਪ੍ਰਮਾਤਮਾ ਨੂੰ ਸਦਾ ਚੇਤੇ ਰੱਖਣਾ ਚਾਹੀਦਾ ਹੈ।

ਗੁਰਸਿਖਾਂ ਤੇ ਗੁਰਮੁਖ ਪਿਆਰਿਆਂ ਦਾ ਸਤਿਸੰਗ ਮੰਜ਼ਲੋ ਮੰਜ਼ਲੀ ਗੋਇੰਦਵਾਲ ਪੁੱਜਾ ਉਸ ਵੇਲੇ ਸ਼ਹਿਰ ਬਣ ਰਿਹਾ ਸੀ, ਮਕਾਨਾਂ ਦੀ ਉਸਾਰੀ ਲਗੀ ਹੋਈ ਸੀ ਸਤਿਗੁਰੂ ਅਮਰਦਾਸ ਜੀ ਸੇਵਾ ਕਰਾ ਰਹੇ ਸਨ। ਸਾਰੇ ਸੰਗ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤ ਤੇ ਸੇਵਾ ਵਿਚ ਰੁਝ ਗਿਆ। ਜੇਠਾ ਜੀ ਨੇ ਵੀ ਦਰਸ਼ਨ ਕੀਤੇ ਐਸੇ ਦਰਸ਼ਨ ਕੀਤੇ ਕਿ ਚਰਨਾ ਵਿਚੋਂ ਦੂਰ ਹੋਣ ਜੋਗਾ ਨਾ ਰਿਹਾ ਤਨ ਤੇ ਮਨ ਗੁਰ ਚਰਨਾ ਨਾਲ ਜੁੜ ਗਿਆ। ਕਿਸੇ ਅਗੰਮੀ ਸ਼ਕਤੀ ਬੰਨ੍ਹ ਲਿਆ। 'ਮੈਨੂੰ ਵੀ ਸੇਵਾ ਬਖਸ਼ੋ ਮੈਂ ਏਥੇ ਰਹਾਂ। ਮੇਰਾ ਜੀਵਨ ਹਨੇਰਾ ਹੈ, ਦਇਆ ਕਰੋ।' ਜੇਠਾ ਜੀ ਦਾ ਬਚਨ ਸੀ। ਗੁਰਬਾਣੀ ਸੁਣੋ, ਪੜ੍ਹੋ ਤੇ ਸੇਵਾ ਕਰੋ।' ਸਤਿਗੁਰੂ ਜੀ ਨੇ ਬਚਨ ਕੀਤਾ। ਬਸ ਇਹ ਕਹਿਣ ਦੀ ਢਿੱਲ ਸੀ ਕਿ ਜੇਠਾ ਜੀ ਸੇਵਾ ਵਿਚ ਰੁਝ ਗਏ। ਇਮਾਰਤ ਲੰਗਰ, ਜੋੜਿਆਂ ਵਾਲੀ ਥਾਂ ਤੇ ਸੇਵਾ ਕਰਦੇ ਨਜ਼ਰ ਆਉਣ ਲੱਗੇ। ਘੁੰਘਣੀਆਂ ਵੇਚਣੀਆਂ ਛੱਡ ਦਿੱਤੀਆਂ। ਪੰਦਰਾਂ-ਸੋਲਾਂ ਸਾਲ ਦੇ ਗਭਰੂ ਸਨ। ਸੁੰਦਰ ਸਡੌਲ ਸਰੀਰ ਬਲਵਾਨ ਸੀ। ਸੇਵਾ ਕਰਦੇ ਹੋਏ ਥੱਕਦੇ ਨਹੀਂ ਸਨ, ਕਦੀ ਗੁਰੂ ਲੰਗਰ ਵਿਚ ਸੇਵਾ ਕਰਦੇ, ਕਦੀ ਉਸਰ ਰਹੀ ਇਮਾਰਤ ਕੋਲ ਪਜ ਕੇ ਗਾਰਾ ਤੇ ਇੱਟਾਂ ਫੜਾਉਂਦੇ, ਸਤਿਗੁਰੂ ਜੀ ਨੂੰ ਮੁੱਠੀਆਂ ਭਰਦੇ, ਚੌਖੀ ਰਾਤ ਗਈ ਸੌਂਦੇ ਤੇ ਤੜਕੇ ਉਠ ਕੇ ਫਿਰ ਸੇਵਾ ਵਿਚ ਰੁਝ ਜਾਂਦੇ। ਜ਼ਬਾਨੋਂ ਕਰਤਾਰ ਦਾ ਸਿਮਰਨ ਕਰਦੇ ਰਹਿੰਦੇ। 'ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ।' ਸਦਾ 'ਰਾਮ ਰਾਮ' ਦਾ ਸਿਮਰਨ ਕਰਦੇ ਸਨ। ਇਕ ਆਪ ਦਾ ਅਸਲ ਨਾਮ 'ਰਾਮਦਾਸ ਜੀ' ਸੀ

ਸੋ ਪ੍ਰਗਟ ਹੋ ਗਿਆ। ਸਭ ਆਪ ਨੂੰ 'ਰਾਮਦਾਸ ਜੀ'(ਵਾਹਿਗੁਰੂ ਦੇ ਸੇਵਕ)ਆਖਕੇ ਬੁਲਾਉਣ ਲੱਗੇ। ਸਿੱਖ ਸੰਗਤਾਂ ਵਿਚ ਚੰਗਾ ਸਤਕਾਰ ਹੋਣ ਲੱਗਾ।

੫. ਬੀਬੀ ਭਾਨੀ ਜੀ ਨਾਲ ਵਿਆਹ

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀਆਂ ਦੋ ਸਪੁਤ੍ਰੀਆਂ ਸਨ। ਬੀਬੀ ਸੁਲੱਖਣੀ ਜੀ ਜਿਨ੍ਹਾਂ ਦਾ ਦੂਸਰਾ ਨਾਮ ਬੀਬੀ ਦਾਨੀ ਜੀ ਸੀ ਤੇ ਬੀਬੀ ਭਾਨੀ ਜੀ। ਬੀਬੀ ਸੁਲੱਖਣੀ ਜੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋਇਆ। ਰਾਮਾ ਜੀ ਬੇਦੀ ਕੁਲ ਵਿਚੋਂ ਸਨ। ਭਾਈ ਰਾਮਾ ਜੀ ਤੇ ਬੀਬੀ ਸੁਲੱਖਣੀ ਜੀ ਸਤਿਗੁਰਾਂ ਦੀ ਹਜ਼ੂਰੀ ਵਿਚ ਰਹਿੰਦੇ ਤੇ ਸੇਵਾ ਕਰਦੇ ਸਨ। ਬੀਬੀ ਭਾਨੀ ਜੀ ਜਦ ਜੁਆਨ ਹੋ ਗਏ ਉਸ ਵੇਲੇ ਬੀਬੀ ਜੀ ਦਾ ਸੁਭਾ ਬੜਾ ਮਿੱਠਾ ਭਗਤੀ-ਪ੍ਰੇਮ ਵਾਲਾ ਅਤੇ ਨਿਰਮਾਣਤਾ ਵਾਲਾ ਸੀ। ਮਾਤਾ ਪਿਤਾ ਦੀ ਸੇਵਾ ਕਰਨ ਦੇ ਨਾਲ ਕਰਤਾਰ ਦੀ ਭਗਤੀ ਬਹੁਤ ਕਰਦੇ ਸਨ। ਹਾਣ ਦੀਆਂ ਕੁੜੀਆਂ ਨਾਲ ਬਹੁਤਾ ਨਾ ਬੋਲਦੇ ਤੇ ਨਾ ਖੇਡਦੇ। ਸਦਾ ਇਕਾਂਤ ਵਿਚ ਰਹਿੰਦੇ। ਉਦਾਲੇ ਦੇ ਲੀੜੇ ਵੀ ਭੜਕੀਲੇ ਨਾ ਪਾਉਂਦੇ।

ਇਕ ਦਿਨ ਸਤਿਗੁਰਾਂ ਦੇ ਮਹਿਲ (ਮਾਤਾ ਮਨਸਾ ਦੇਵੀ ਜੀ) ਨੂੰ ਸਰਸਰੀ ਖਿਆਲ ਆ ਗਿਆ ਕਿ ਬੀਬੀ ਭਾਨੀ ਜੀ ਜਵਾਨ ਹੋ ਗਏ ਹਨ, ਇਹਨਾਂ ਵਾਸਤੇ ਯੋਗ ਵਰ ਦੀ ਟੋਲ ਕਰਨੀ ਚਾਹੀਏ। ਉਸੇ ਦਿਨ ਉਨ੍ਹਾਂ ਨੇ ਸਤਿਗੁਰੂ ਜੀ ਅੱਗੇ ਇਹ ਖਿਆਲ ਪ੍ਰਗਟ ਕਰ ਦਿੱਤਾ। ਸਤਿਗੁਰੂ ਜੀ ਨੇ ਬਚਨ ਕੀਤਾ "ਸਵੇਰੇ ਹੀ ਸਿੱਖਾਂ ਸੇਵਕਾਂ ਵਿਚੋਂ ਕਿਸੇ ਨੂੰ ਆਖਾਂਗੇ, ਉਹ ਵਰ ਦੀ ਭਾਲ ਕਰਨ।"

ਅਗਲੇ ਦਿਨ ਲਾਗੀ ਤਿਆਰ ਕੀਤਾ। ਲਾਗੀ ਦੇ ਤੋਰਨ ਵੇਲੇ ਸਤਿਗੁਰੂ ਜੀ ਤੇ ਮਾਤਾ ਜੀ ਸਬੱਬ ਨਾਲ ਇਕੱਠੇ ਖਲੋਤੇ ਸਨ। ਉਧਰੋਂ ਸਿਰ ਤੇ ਟੋਕਰੀ ਚੁੱਕੀ (ਗੁਰੂ) ਰਾਮਦਾਸ ਜੀ ਆ ਪੁਜੇ, ਉਨ੍ਹਾਂ ਨੂੰ ਦੇਖਕੇ ਮਾਤਾ ਜੀ ਬੋਲੇ-"ਇਸ ਗਭਰੂ ਵਰਗਾ ਨੀਂਗਰ ਹੋਣਾ ਚਾਹੀਦਾ ਹੈ। ਦੇਖੋ ਨਾ ਕਿਹਾ ਸੋਹਣਾ ਜੁਵਾਨ, ਅਰੋਗ ਚੇਹਰਾ, ਮੋਟੀਆਂ ਅੱਖਾਂ ਤੇ ਗੋਰਾ ਰੰਗ ਹੈ।"

ਇਸ ਬਚਨ ਨੂੰ ਸੁਣਦੇ ਸਾਰ ਸਤਿਗੁਰੂ ਜੀ ਨੇ ਫੁਰਮਾਇਆ-'ਬਸ ਨੀਂਗਰ ਲੱਭਣ ਜਾਣ ਦੀ ਲੋੜ ਨਹੀਂ। ਇਸ ਵਰਗਾ ਗਭਰੂ ਹੋਰ ਨਹੀਂ

ਲਭੇਗਾ। ਕਰਤਾਰ ਨੇ ਇਸ ਵਰਗਾ ਇਸਨੂੰ ਹੀ ਬਣਾਇਆ ਹੈ। ਹੁਣੇ ਹੀ ਪੁੱਛ ਲੈਂਦੇ ਹਾਂ।" ਉਸੇ ਵੇਲੇ ਸਤਿਗੁਰਾਂ ਨੇ (ਗੁਰੂ) ਰਾਮਦਾਸ ਜੀ ਨੂੰ ਕੋਲ ਸੱਦਿਆ ਤੇ ਪ੍ਰੇਮ ਨਾਲ ਪੁਛਿਆ—

"ਰਾਮਦਾਸ ਤੇਰਾ ਵਿਆਹ ਹੋਇਆ ਹੈ ਕਿ ਨਹੀਂ ?"

"ਦਾਤਾ ! ਅਜੇ ਵਿਆਹ ਨਹੀਂ ਹੋਇਆ।"

"ਤੂੰ ਕਿਸ ਦਾ ਪੁੱਤਰ ਹੈਂ ?"

"ਜੀ ਲਾਹੌਰ ਚੂਨੇ ਮੰਡੀ ਦੇ ਸੋਢੀ ਹਰਿਦਾਸ ਜੀ ਦਾ।'

'ਉਹ ਲਾਹੌਰ ਹਨ ?'

'ਨਹੀਂ ਜੀ ਪਿਤਾ ਜੀ ਪ੍ਰਲੋਕ ਗਮਨ ਕਰ ਗਏ ਹਨ। ਚਾਰੇ ਤਾਏ ਤੇ ਹੋਰ ਭਰਾ ਭਾਈ ਹਨ।'

'ਤੂੰ ਇਕਲਾ ਹੈ ?'

'ਦਾਤਾ, ਗੋਇੰਦਵਾਲ ਪੁਜਕੇ ਇਕੱਲਾ ਨਹੀਂ ਰਿਹਾ, ਪਹਿਲਾਂ ਇਕਲਾਂ ਸਾਂ।'

'ਹਛਾ, ਜਾਹ ਸੇਵਾ ਕਰ !'

ਸਤਿਗੁਰੂ ਜੀ ਨੇ ਇਹ ਆਖਕੇ (ਗੁਰੂ) ਰਾਮਦਾਸ ਜੀ ਨੂੰ ਤਾਂ ਤੋਰ ਦਿਤਾ ਤੇ ਆਪਣੇ ਮਹਿਲ ਅਤੇ ਲਾਗੀ ਨਾਲ ਸਲਾਹ ਕਰਕੇ ਬੀਬੀ ਭਾਨੀ ਜੀ ਦੀ ਕੁੜ-ਮਾਈ (ਗੁਰੂ) ਰਾਮਦਾਸ ਜੀ ਨਾਲ ਕਰਨ ਦਾ ਪੱਕਾ ਫੈਸਲਾ ਕਰ ਦਿੱਤਾ।

ਅਗਲੇ ਦਿਨ ਜਦੋਂ ਸਵੇਰ ਦੇ ਦੀਵਾਨ ਦਾ ਭੋਗ ਪਿਆ ਤਾਂ ਸਾਰੀ ਸੰਗਤ ਵਿਚ ਸੁਣਾਂ ਦਿਤਾ ਗਿਆ 'ਕਿ ਗੁਰੂ ਜੀ ਦੇ ਪ੍ਰੇਮੀ ਸਿਖ (ਗੁਰੂ) ਰਾਮਦਾਸ ਜੀ ਦੀ ਕੁੜਮਾਈ ਬੀਬੀ ਭਾਨੀ ਜੀ ਨਾਲ ਹੋਵੇਗੀ। ਕੁੜਮਾਈ ਦੀ ਰਸਮ ਸ਼ਾਮ ਦੇ ਦੀਵਾਨ ਵਿਚ ਗੁਰ ਮਰਯਾਦਾ ਅਨੁਸਾਰ ਪੂਰੀ ਕੀਤੀ ਜਾਵੇਗੀ।" ਇਸ ਹੁਕਮ ਨੂੰ ਸੁਣਕੇ ਸੰਗਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰਿਆਂ ਨੇ (ਗੁਰੂ) ਰਾਮਦਾਸ ਜੀ ਨੂੰ ਵਧਾਈਆਂ ਦਿੱਤੀਆਂ ਤੇ ਵਡੇ ਭਾਗਾਂ ਵਾਲਾ ਪੁਰਸ਼ ਜਾਤਾ। ਸਾਰੀ ਸਿੱਖ ਸੰਗਤ ਵਿਚ ਬਹੁਤ ਸਤਕਾਰ ਸੀ। ਜੋ ਜੋ ਸਿਖ (ਗੁਰੂ) ਰਾਮਦਾਸ ਜੀ ਨੂੰ ਵਧਾਈ ਦੇਂਦਾ ਉਸਨੂੰ ਸਾਹਿਬ ਅਗੋਂ ਇਉਂ ਉਤਰ ਦੇਂਦੇ:)

"ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ ॥ ਸਤਿਗੁਰ ਚਰਣੀ ਲਗਿਆ ਹਰਿਨਾਮੁ ਨਿਤ ਜਪਨੀ ॥ ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ ॥

(ਵਾਰ ਸੂਹੀ)

ਜਿਸਦਾ ਭਾਵ ਕਿ ਮੇਰਾ ਮਾਲਕ ਪ੍ਰਮਾਤਮਾ ਬੇਅੰਤ ਹੈ, ਉਹਦੇ ਵੱਡੇ ਪਨ ਦਾ ਪੁਰਸ਼ ਭੇਤ ਨਹੀਂ ਪਾ ਸਕਦਾ। ਉਸ ਮਾਲਕ ਦੀ ਦਇਆ ਹੋਵੇ, ਸਤਿਗੁਰੂ ਦੀ ਸ਼ਰਨ ਆਈਏ, ਸਤਿਗੁਰੂ ਦੀ ਸ਼ਰਨ ਆਕੇ ਰਾਤ ਦਿਨੇ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰੀਏ ਤਾਂ ਜੋ ਹਿਰਦੇ ਵਿਚ ਇੱਛਾ ਹੋਵੇ ਸੋ ਘਰ ਬੈਠਿਆਂ ਹੀ ਪੂਰੀ ਹੋ ਜਾਂਦੀ ਹੈ ਕਿਉਂਕਿ ਸਾਰੀਆਂ ਇੱਛਾਵਾਂ ਨੂੰ ਪੂਰੀਆਂ ਕਰਨ ਵਾਲਾ ਦਿਆਲੂ ਕ੍ਰਿਪਾਲੂ ਆਪ ਪ੍ਰਮਾਤਮਾ ਹੈ। ਸੋ ਭਾਈ ਮੈਨੂੰ ਵਧਾਈ ਕੀ ਦੇਂਦੇ ਜੇ ਵਧਾਈ ਦੇਵੋ ਉਸ ਮਾਲਕ ਪ੍ਰਮਾਤਮਾ ਨੂੰ ਜਾਂ ਸਚੇ ਸਤਿਗੁਰੂ ਜੀ ਨੂੰ ਜਿਨ੍ਹਾਂ ਦੀ ਦਇਆ ਨਾਲ ਮੈਂ ਸਤਕਾਰਿਆ ਤੇ ਵਡਿਆਇਆ ਗਿਆ ਹਾਂ।

'ਸਾਹਿਬ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ ॥'

ਸ਼ਾਮ ਦਾ ਦੀਵਾਨ ਆਰੰਭ ਹੋਇਆ। (ਗੁਰੂ) ਰਾਮਦਾਸ ਜੀ ਨਵਾਂ ਚੋਲਾ ਪਾਕੇ ਦੀਵਾਨ ਵਿਚ ਆ ਬੈਠੇ। ਸਤਿਗੁਰੂ ਅਮਰਦਾਸ ਜੀ ਮਹਾਰਾਜ ਨੇ ਬਾਬਾ ਬੁਢਾ ਜੀ ਨੂੰ ਹੁਕਮ ਕੀਤਾ ਕਿ ਉਹ ਮਿਸ਼ਰੀ ਦੇ ਕੂਜੇ ਇਕ ਰੁਪਿਆ ਤੇ ਛੋਹਾਰੇ (ਗੁਰੂ) ਰਾਮਦਾਸ ਜੀ ਦੀ ਝੋਲੀ ਪਾਕੇ ਕੇਸਰ ਦਾ ਤਿਲਕ ਲਾ ਦੇਣ। ਉਸ ਦੇ ਪਿਛੋਂ ਅਨੰਦ ਮੰਗਲ ਗਾਏ ਜਾਣ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਾਇਨ ਕੀਤਾ ਜਾਵੇ। ਜਿਵੇਂ ਜਿਵੇਂ ਸਤਿਗੁਰੂ ਜੀ ਹੁਕਮ ਦੇਂਦੇ ਗਏ ਤਿਵੇਂ ਤਿਵੇਂ ਸਾਰੇ ਕਾਰਜ ਹੋਏ। ਅੰਤ ਵਿਚ ਸਤਿਗੁਰੂ ਜੀ ਨੇ ਸ਼ਬਦ ਰਾਹੀਂ ਉਪਦੇਸ਼ ਕੀਤਾ:-

ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥ ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥ ੧ ॥ ਬਾਬਾ ਸਾਚਾ ਸਾਹਿਬੁ ਰਿਦੈ ਸਮਾਲਿ ॥ ਸਤਿਗੁਰੁ ਅਪਨਾ ਪੁਛਿ ਦੇਖੁ ਲੇਹੁ ਵਖਰੁ ਭਾਲਿ ॥ ੧ ॥ ਰਹਾਉ ॥ ਇਕੁ ਸਚਾ ਸਭ ਸੇਵਦੀ ਧੁਰਿ ਭਾਗਿ ਮਿਲਾਵਾ ਹੋਇ ॥ ਗੁਰਮੁਖਿ ਮਿਲੇ ਸੇ ਨ ਵਿਛੁੜਹਿ ਪਾਵਹਿ ਸਚੁ ਸੋਇ ॥ ੨ ॥ (ਮਾਰੂ ਮ: ੩)

ਤਿਸਦਾ ਪਰਮਾਰਥ ਸਤਿਗੁਰੂ ਜੀ ਦਸਦੇ ਹਨ ਕਿ ਹੇ ਸਿੱਖ ਜਨੋ ਇਸ ਵੈਸ਼ਾਲ ਸੰਸਾਰ ਵਿਚ ਐਸੇ ਪੁਰਸ਼ ਦੀ ਟੋਲ ਕਰਨੀ ਚਾਹੀਏ ਜੋ 'ਸਚ' 'ਪ੍ਰਮਾਤਮਾ' ਨਾਲ ਜੁੜੇ ਹੋਏ ਹੋਣ। ਸਚ ਦੇ ਰੰਗੀਲੇ ਪੁਰਸ਼ ਜਗਤ ਵਿਚ ਟਾਂਵੇਂ ਟਾਂਵੇਂ ਹਨ। ਐਸੇ ਸਤਿਆਵਾਦੀ ਪੁਰਸ਼ਾਂ ਦੇ ਮੇਲ ਨਾਲ ਜਗਤ ਵਿਚ

ਸੋਭਾ ਖੱਟੀ ਦੀ ਹੈ। ਓਹਨਾਂ ਨਾਲ ਮਿਲਕੇ ਚੰਗੇ ਕਰਮ ਕਰੀਦੇ ਹਨ ਤੇ ਪ੍ਰਮਾਰਤਮਾ ਦੇ ਨਾਮ ਦਾ ਸਿਮਰਨ ਕਰੀਦਾ ਹੈ। ਸਿਮਰਨ ਕਰਨ ਦੇ ਕਾਰਨ ਬ੍ਰਹਮ ਲੋਕ ਵਿਚ ਵਸਣ ਦੀ ਖੁਲ੍ਹ ਮਿਲਦੀ ਹੈ। ਭਾਈ ਜੀਵਨ ਦਾ ਅਸਲ ਮਨੋਰਥ ਸਚੇ ਮਾਲਕ ਨੂੰ ਹਿਰਦੇ ਵਸਾਉਣਾ ਹੈ। ਨਾਮ ਸਿਮਰਨ ਦੀ ਹੀ ਸੁਦਾਗਰੀ ਕਰਨੀ ਹੈ। ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਏਹੋ ਦਸ ਗਏ ਸਨ ਜਿਨ੍ਹਾਂ ਦੇ ਭਾਗ ਚੰਗੇ ਹਨ, ਉਹ ਇਕ ਸਚੇ (ਪ੍ਰਮਾਤਮਾ) ਨੂੰ ਸਿਮਰਦੇ ਰਹਿੰਦੇ ਹਨ।

ਗੁਰਮੁਖਾਂ ਨਾਲ ਮੇਲ ਹੋ ਜਾਵੇ ਤਾਂ ਸੁਖ ਪਾਈਦਾ ਹੈ। ਗੁਰਮੁਖ ਆਪੋ ਵਿਚ ਦੀ ਮਿਲੇ ਹੋਏ ਤੇ ਪ੍ਰਮਾਤਮਾ ਨੂੰ ਮਿਲੇ ਹੋਏ ਕਦੀ ਇਕ ਦੂਸਰੇ ਨਾਲੋਂ ਵਿਛੜਦੇ ਨਹੀਂ। ਐਸੇ ਗੁਰਮੁਖਾਂ ਨਾਲ ਮੇਲ ਕਰਨਾ ਚਾਹੀਏ। ਏਥੇ ਸਤਿਗੁਰੂ ਜੀ (ਸ੍ਰੀ ਗੁਰੂ) ਰਾਮਦਾਸ ਜੀ ਦੀ ਗੁਰਮੁਖਤਾ ਵਲ ਇਸ਼ਾਰਾ ਕਰਦੇ ਹਨ।

ਕੁੜਮਾਈ ਹੋ ਗਈ, ਖੁਸ਼ੀ ਦੇ ਮੰਗਲ ਗਾਏ ਗਏ, ਨਰ ਨਾਰੀ ਨੇ ਖੁਸ਼ੀ ਵਿਚ ਹਿੱਸਾ ਲਿਆ, ਰਾਗੀ ਗੁਰਬਾਣੀ ਰਾਹੀਂ ਕੀਰਤਨ ਕਰਕੇ ਗੁਰੂ ਜਨ ਕਰਦੇ ਰਹੇ। 'ਗੁਰੂ' ਰਾਮਦਾਸ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਤੇ ਝੋਲੀ ਦਾ ਪ੍ਰਸ਼ਾਦ ਵੰਡ ਦਿਤਾ।

੨੨ ਫਗਣ ਸੰਮਤ ੧੬੧੦ ਬਿ: ਦਾ ਦਿਹਾੜਾ ਵਿਆਹ ਅਨੰਦ ਕਾਰਜ ਵਾਸਤੇ ਮਿਥਿਆ ਗਿਆ। ਸਤਿਗੁਰੂ ਜੀ ਨੇ ਵਿਆਹ ਦੇ ਦਿਹਾੜੇ ਮਹਾਨ ਯੱਗ ਕਰਨ ਦਾ ਫੈਸਲਾ ਕੀਤਾ। ਆਪ ਦੇ ਇਹ ਵੀ ਵੀਚਾਰ ਸਨ ਕਿ ਬੀਬੀ ਭਾਨੀ ਜੀ ਤੇ 'ਗੁਰੂ' ਰਾਮਦਾਸ ਜੀ ਦਾ ਅਨੰਦ ਵਿਆਹ ਇਕ ਐਸਾ ਨਮੂਨੇ ਦਾ ਚੰਗਾ ਵਿਆਹ ਹੋਵੇ ਜਿਸ ਤੋਂ ਸਿੱਖ ਸੰਗਤ ਕੁਝ ਲਾਭ ਉਠਾਵੇ ਤੇ ਅੱਗੇ ਨੂੰ ਅਨੰਦ ਵਿਆਹ ਦੀ ਮਰਯਾਦਾ ਕਾਇਮ ਹੋ ਜਾਵੇ। ਉਸ ਸਮੇਂ ਵਿਆਹ ਮਹਿੰਗੇ ਸਨ। ਵਿਆਹ ਦੇ ਖਰਚਾਂ ਦਾ ਅੰਤ ਨਹੀਂ ਸੀ, ਪਰ ਲੋਕਾਂ ਦੀ ਆਰਥਿਕ ਦਸ਼ਾ 'ਨਗਦ ਰੁਪੈ ਵਿਚ' ਕੋਈ ਬਹੁਤੀ ਚੰਗੀ ਨਹੀਂ ਸੀ ਰਹੀ ਕਿਉਂਕਿ ਪ੍ਰਦੇਸੀ 'ਮੁਗਲ' ਹਕੂਮਤ ਹਿੰਦੂਆਂ ਨੂੰ ਲੁਟਦੀ ਸੀ। ਦੇਸ ਵਿਚ ਲੜਾਈਆਂ ਰਹਿੰਦੀਆਂ ਸਨ। ਕਾਰੋਬਾਰ ਮਧਮ ਪਏ ਹੋਏ ਸਨ। ਸਾਰਾ ਸਮਾਜ ਬ੍ਰਾਹਮਣਾਂ ਦੀਆਂ ਧਾਰਮਕ ਰਸਮਾਂ ਦੇ ਭਾਰ ਹੇਠਾਂ ਦਬਿਆ ਹੋਇਆ ਸੀ। ਗਰੀਬ ਤੋਂ ਗਰਬੀ ਨੂੰ ਵੀ ਚੋਖਾ ਖਰਚ ਕਰਨਾ ਪੈਂਦਾ ਸੀ। ਵਰ (ਲਾੜਕ)

ਲਾਗੀ (ਬ੍ਰਾਹਮਣ, ਨਾਈ ਤੇ ਮਹਿਰੇ ਆਦਿਕ) ਭਾਲਦੇ ਸਨ। ਉਹ ਮਾੜੇ ਜਾਂ ਚੰਗੇ ਲੜਕੇ ਲੱਭ ਲੈਣ ਉਹਨਾਂ ਉਤੇ ਪੂਰਾ ਭਰੋਸਾ ਕੀਤਾ ਜਾਂਦਾ ਸੀ। ਜਾਤ, ਗੋਤ ਤੇ ਧਰਮ ਕਰਮ ਦਾ ਖਿਆਲ ਪੂਰਾ ਰੱਖਿਆ ਜਾਂਦਾ ਸੀ। ਗੁਰੂ ਜੀ ਐਸੀ ਸਰਲ ਤੇ ਸੌਖੀ ਮਰਯਾਦਾ ਚਲਾਉਣਾ ਚਾਹੁੰਦੇ ਸਨ ਜਿਸ ਨਾਲ ਜਨਤਾ ਨੂੰ ਸੁੱਖ ਹੋਵੇ। ਵਿਆਹ ਇਕ ਖੁਸ਼ੀ ਦਾ ਕਾਰਜ ਹੈ, ਇਹ ਮਨੁਖ ਵਾਸਤੇ ਭਾਰ ਤੇ ਦੁਖ ਦਾ ਕਾਰਨ ਨਹੀਂ ਹੋਣਾ ਚਾਹੀਦਾ।

(ਗੁਰੂ) ਅਮਰਦਾਸ ਜੀ ਦੇਸਬੰਧਾਂ, ਸ਼ਰੀਕੇਦੇ ਭਰਾਵਾਂ ਤੇ ਨਾਨਕਿਆਂ ਨੂੰ ਸਦਿਆ ਗਿਆ। ੨੦ ਫਗਣ ਨੂੰ ਸਾਰੇ ਰਿਸ਼ਤੇਦਾਰ ਗੋਇੰਦਵਾਲ ਆ ਪੁਜੇ। ਧਰਮਸਾਲਾ ਤੇ ਸ਼ਹਿਰ ਵਿਚ ਗਹਿਮਾ ਗਹਿਮ ਹੋ ਗਈ। ਬਾਹਰੋਂ ਆਏ ਪ੍ਰਾਹੁਣਿਆਂ ਵਾਸਤੇ ਖੁਰਾਕ, ਰਿਹਾਇਸ਼ ਸ੍ਵਾਗਤ ਦਾ ਬਹੁਤਾ ਚੰਗਾ ਪ੍ਰਬੰਧ ਕੀਤਾ ਗਿਆ। ਰਾਗੀ ਜਥੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ।

੨੨ ਫਗਣ ੧੬੧੦ ਬਿ: ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਕੀਰਤਨ ਦੇ ਭੋਗ ਪਿਛੋਂ ਸਤਿਗੁਰੂ ਜੀ ਨੇ ਸੰਗਾਸਨ ਉਤੇ ਬੈਠਕੇ ਸੰਗਤਾਂ ਨੂੰ ਉਪਦੇਸ਼ ਕੀਤਾ। ਸਤਿਗੁਰੂ ਜੀ ਨੇ ਫੁਰਮਾਇਆ–"ਪੁਤ੍ਰੀ ਤੇ ਭੈਣ ਦਾ ਵਿਆਹ ਕਰਨ ਵੇਲੇ ਹਰ ਪੁਰਸ਼ ਤੇ ਇਸਤ੍ਰੀ ਨੂੰ ਸਾਰੇ ਭਰਮ ਨੂੰ ਛਡ ਕੇ ਜਦੋਂ ਵਰ(ਲੜਕਾ) ਟੋਲਣਾ ਹੋਵੇ ਤਾਂ ਵਰ ਨੂੰ ਪੁਤ੍ਰੀ ਜਾਂ ਭੈਣ ਦੇ ਯੋਗ ਉਮਰ ਤੇ ਗੁਣ ਵਿਚ ਹੋਣਾ ਚਾਹੀਦਾ ਹੈ। ਜਾਤ ਪਾਤ ਦਾ ਖਿਆਲ ਨਹੀਂ ਕਰਨਾ ਚਾਹੀਦਾ। ਸਾਰੇ ਜੀਵ ਭਾਈ ਹਨ ਕਿਉਂਕਿ ਕਰਤਾਰ ਪੁਰਖ ਦੀ ਕਿਰਤ ਹਨ। ਲੜਕਾ ਹਿੰਮਤੀ, ਭਗਤੀ ਭਾਵ, ਮਰਯਾਦਾ ਪ੍ਰਸ਼ੋਤਮ ਅਤੇ ਧਰਮ ਕਿਰਤ ਕਰਨ ਵਾਲਾ ਹੋਣਾ ਚਾਹੀਏ।"

ਇਸ ਤਰਾਂ ਉਪਦੇਸ਼ ਕਰਕੇ ਅਨੰਦ ਕਾਰਜ ਦੀ ਰਸਮ ਪੂਰੀ ਕੀਤੀ ਤੇ ਸ੍ਰੀ ਅਨੰਦ ਸਾਹਿਬਜੀਦੀ ਬਾਣੀ ਪੜ੍ਹੀ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ।

੬, ਬੀਬੀ ਭਾਨੀ ਜੀ ਦੀ ਸੇਵਾ

ਹਮ ਨੀਵੀ ਪ੍ਰਭੁ ਅਤਿ ਊਚਾ ਕਿਉਕਰਿ ਮਿਲਿਆ ਜਾਇ ਰਾਮ ॥ ਗੁਰਿ ਮੇਲੀ ਬਹੁ ਕਿਰਪਾ ਧਾਰੀ ਹਰਿ ਕੈ ਸਬਦਿ ਸੁਭਾਇ ਰਾਮ ॥ ਮਿਲੁ ਸਬਦਿ ਸੁਭਾਇ ਆਪੁ ਗਵਾਇ ਰੰਗ ਸਿਉ ਰਲੀਆ ਮਾਣੇ ॥ ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ ॥ ਨਾਨਕ ਸੋਹਾਗਣਿ ਸਾ ਵਡਭਾਗੀ ਜੋ ਚਲੈ ਸਤਿਗੁਰ ਭਾਇ॥ਹਨ ਨੀਵੀ ਪ੍ਰਭੁ ਅਤਿ ਊਚਾ ਕਿਉਕਰਿ ਮਿਲਿਆ ਜਾਇ ਰਾਮ। (ਰਾਗ ਸੂਹੀ ਮ: ੩)

ਗੁਰਬਾਣੀ ਦੀਆਂ ਉਪਰੋਕਤ ਤੁਕਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਇਕ ਸ਼ਬਦ ਵਿਚੋਂ ਹਨ। ਵਿਆਹ ਹੋ ਜਾਣ ਦੇ ਪਿਛੋਂ ਬੀਬੀ ਭਾਨੀ ਜੀ ਇਸ ਸ਼ਬਦ ਦਾ ਪਾਠ ਹਰ ਰੋਜ ਅੰਮ੍ਰਿਤ ਵੇਲੇ ਕਰਿਆ ਕਰਦੇ ਸਨ। ਇਸ ਸ਼ਬਦ ਦੇ ਦੋ ਭਾਵ ਹਨ ਇਕ ਤਾਂ ਇਹ ਕਿ ਜੀਵ ਰੂਪ ਇਸਤ੍ਰੀ ਇਸ ਜਗਤ ਵਿਚ ਨੀਵੀਂ ਹੈ ਤੇ ਪ੍ਰਮਾਤਮਾਂ ਪਤੀ ਵਡਾ ਹੈ ਉਹਦੇ ਨਾਲ ਮੇਲ ਕਿਵੇਂ ਹੋਵੇ, ਜੇ ਮੇਲ ਹੋ ਜਾਵੇ ਤਾ ਜੀਵ ਰੂਪ ਇਸਤ੍ਰੀ ਨੂੰ ਸੁਖ ਹੀ ਸੁਖ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੇ ਬਚਨਾਂ ਨੂੰ ਮੰਨਣ ਵਾਲਾ ਜੀਵ ਉਚਾ ਉਠਦਾ ਤੇ ਵਡੇ ਭਾਗਾਂ ਵਾਲਾ ਹੁੰਦਾ ਹੈ। ਇਸ ਪਾਸੇ ਵੀ ਅਰਥ ਲਗ ਜਾਂਦਾ ਹੈ ਕਿ ਬੀਬੀ ਭਾਨੀ ਜੀ ਕਹਿੰਦੇ ਹਨ, ਮੈਂ ਤਾਂ ਨੀਵੀਂ-ਭਾਵ ਛੋਟੀ ਬੁੱਧੀ ਵਾਲੀ ਇਸਤ੍ਰੀ ਹਾਂ, ਮੇਰੇ ਪਤੀ ਦੇਵ (ਗੁਰੂ ਰਾਮਦਾਸ ਜੀ) ਧਰਮਾਤਮਾ, ਮਹਾਂ ਗਿਆਨੀ ਤੇ ਪੂਜਨੀਕ ਹਸਤੀ ਹਨ। ਐਸੇ ਚੰਗੇ ਪਤੀ ਨਾਲ ਮੇਲ ਤਦੇ ਹੋਇਆ ਹੈ ਕਿ ਗੁਰੂ ਰਾਹੀਂ ਸਿਖਿਆ ਹਾਸਲ ਕਰਕੇ ਹਰੀ ਪ੍ਰਮਾਤਮਾ ਦਾ ਸਿਮਰਨ ਕੀਤਾ ਹੈ, ਇਹ ਪ੍ਰਮਾਤਮਾ ਦੀ ਮਹਾਨ ਕ੍ਰਿਪਾ ਹੈ। ਭਗਤੀ ਕਰਨ ਦਾ ਫਲ ਇਹ ਹੋਇਆ ਕਿ ਹੰਕਾਰ ਖਤਮ ਹੋ ਗਿਆ ਪਤੀ ਪ੍ਰਮੇਸ਼ਰ ਦੀ ਦਾਸੀ ਬਣ ਗਈ। ਪਤੀ ਦੇਵਤਾ ਪ੍ਰਸੰਨ ਹੋ ਗਏ ਤਾਂ ਜੀਵਨ ਅਨੰਦ ਮਾਨਣਾਂ ਸ਼ੁਰੂ ਕੀਤਾ। ਹਰੀ ਪ੍ਰਮਾਤਮਾਂ ਦਾ ਸਿਮਰਨ ਕਰਨ ਦੇ ਕਾਰਨ ਪਤੀਦੇਵ ਨਾਲ ਸੇਜ ਉਤੇ ਵੀ ਅਨੰਦ ਪ੍ਰਾਪਤ ਹੁੰਦਾ ਹੈ। ਓਹੋ ਹੀ ਇਸਤ੍ਰੀ ਵਡੇ ਭਾਗਾਂ ਵਾਲੀ ਤੇ ਸੁਹਾਗਣ ਹੈ ਜੋ ਆਪਣੇ ਪਤੀ ਦੇਵ ਦੇ ਹੁਕਮ ਵਿਚ ਚਲੇ, ਉਹਦੀ ਸੇਵਾ ਕਰੇ। ਇਸ ਤਰ੍ਹਾਂ ਮਨ ਵਿਚ ਭਉ ਤੇ ਭਾਉ ਰਖਕੇ ਬੀਬੀ ਭਾਨੀ ਜੀ ਪਤੀ ਦੇਵ ਦੀ ਪੂਜਾ ਕਰਨ ਲਗੀ।

ਵਿਆਹ ਸਮੇਂ ਬੀਬੀ ਜੀ ਦੀ ਆਯੂ ਉਨੀ ਕੁ ਸਾਲ ਸੀ, ਆਪ

ਸਰਬ ਗੁਣ ਸੰਪੂਰਨ ਸਨ। ਸੇਵਾ ਭਗਤੀ ਦੇ ਤਾਂ ਮਾਨੋ ਪ੍ਰਤੱਖ ਮੂਰਤ ਸਨ। ਜਦੋਂ ਤੋਂ ਹੋਸ਼ ਸੰਭਾਲੀ ਤਦੋਂ ਤੋਂ ਹੀ ਆਪਣੇ ਪਿਤਾ ਸ੍ਰੀ ਗੁਰੂ ਅਮਰ ਦਾਸ ਜੀ ਦੀ ਸੇਵਾ ਕਰਦੇ ਰਹੇ। ਗੋਇੰਦਵਾਲ ਪੁਜਕੇ ਆਪ ਸਦਾ ਅੰਮ੍ਰਿਤ ਵੇਲੇ ਜਲ ਗਰਮ ਕਰਕੇ ਗੁਰੂ ਜੀ ਦਾ ਇਸ਼ਨਾਨ ਕਰਾਇਆ ਕਰਦੇ ਸਨ। ਗੁਰੂ ਜੀ ਦਾ ਇਸ਼ਸਾਨ ਕਰਾਕੇ ਪ੍ਰਭੂ (ਪ੍ਰਮਾਤਮਾ) ਦੇ ਨਾਮ ਦਾ ਸਿਮਰਨ ਕਰਦੇ। ਗੁਰਬਾਣੀ ਦਾ ਪਾਠ ਕਰਦੇ ਤੇ ਦਿਨ ਚੜੇ ਗੁਰੂ ਕੇ ਲੰਗਰ ਵਿਚ ਜਾ ਕੇ ਜੂਠੇ ਭਾਂਡੇ ਮਾਂਜਦੇ। ਮਾਤਾ ਜੀ ਵਡੀ ਭੈਣ ਅਤੇ ਹੋਰ ਸ਼ਰਧਾਲੂ ਸਿਖ ਰੋਕਦੇ ਕਿ ਬੀਬੀ ਜੀ ਕਿਉਂਕਿ 'ਗੁਰੂ ਸਪੁਤ੍ਰੀ' ਹਨ ਸੰਗਤਾਂ ਦੇ ਜੂਠੇ ਭਾਂਡੇ ਨਾ ਮਾਂਜਿਆ ਕਰਨ। ਬਸਤ੍ਰ ਅਨਧੋਤੇ ਨਾ ਪਾਇਆ ਕਰਨ, ਸਗੋਂ ਚੰਗੇ ਬਸਤ੍ਰ ਪਹਿਨਕੇ ਘਰ ਹੀ ਬੈਠਿਆ ਕਰਨ ਕਿਉਂਕਿ ਪੂਜਨ ਯੋਗ ਹਨ। ਪਰ ਬੀਬੀ ਜੀ ਆਖਦੇ, 'ਇਹ ਮੇਰਾ ਪਿਤਾ ਜੀ ਦਾ ਘਰ ਨਹੀਂ, ਮੇਰੇ ਸਤਿ-ਗੁਰੂ ਜੀ ਦਾ ਅਸਥਾਨ ਹੈ। ਮੈਂ ਸੇਵਾ ਕਰਕੇ ਹਥ ਪੈਰ ਸਫਲ ਕਰਨੇ ਹਨ। ਕਰਤਾਰ ਦਾ ਸਿਮਰਨ ਕਰਕੇ ਜਿਹਬਾ ਪਵਿਤ੍ਰ ਕਰਨੀ ਹੈ। ਸੇਵਾ ਤੇ ਭਗਤੀ ਹੀ ਜੀਵਨ ਹੈ। ਮੈਂ ਤਾਂ ਨਿਰਬਲ ਨਿਮਾਣੀ ਇਸਤ੍ਰੀ ਹਾਂ ਜੋ ਆਪਣੀ ਮੁਕਤੀ ਵਾਸਤੇ ਧਰਮ ਕਿਰਤ ਕਰਨ ਦਾ ਯਤਨ ਕਰ ਰਹੀ ਹਾਂ। ਇਹ ਜਵਾਨੀ, ਸਤਿਕਾਰ, ਚੰਗੇ ਬਸਤ੍ਰ ਤਦੇ ਚੰਗੇ ਹਨ ਜੇ ਸੇਵਾ ਤੇ ਭਗਤੀ ਹੈ। 'ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ॥ ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ॥' ਬੀਬੀ ਜੀ ਦੀ ਸੇਵਾ ਤੇ ਭਗਤੀ ਦੀ ਬਹੁਤ ਉਪਮਾ ਹੁੰਦੀ ਸੀ। ਵਿਆਹ ਦੇ ਪਿਛੋਂ (ਗੁਰੂ) ਰਾਮਦਾਸ ਜੀ ਦੇ ਸਾਥ ਬੀਬੀ ਜੀ ਗੋਇੰਦਵਾਲ ਹੀ ਰਹਿਣ ਲਗੇ। ਦੋਵੇਂ ਗੁਰੂ ਜੀ ਦੀ ਸੇਵਾ ਕਰਦੇ ਸਨ। ਪਤੀ ਦੇਵ (ਗੁਰੂ ਰਾਮਦਾਸ ਜੀ) ਦੀ ਸੇਵਾ ਤੇ ਆਗਿਆ ਦਾ ਪਾਲਨ ਕਰਨ ਦੇ ਨਾਲ ਨਾਲ ਬੀਬੀ ਜੀ ਗੁਰੂ ਅਮਰਦਾਸ ਜੀ ਦੀ ਵੀ ਸੇਵਾ ਕਰਦੇ ਰਹੇ। ਅੰਮ੍ਰਿਤ ਵੇਲੇ ਜਾਗਕੇ ਪਹਿਲਾਂ ਆਪ ਇਸ਼ਨਾਨ ਕਰਦੇ ਤੇ ਬਸਤ੍ਰ ਬਦਲਦੇ ਮੁੜ ਗੁਰੂ ਅਮਰਦਾਸ ਜੀ ਨੂੰ ਇਸ਼ਨਾਨ ਕਰਾਉਂਦੇ।

ਇਕ ਦਿਨ ਬੀਬੀ ਜੀ ਨੇ ਜਲ ਗਰਮ ਕੀਤਾ, ਗੁਰੂ ਜੀ ਇਸ਼ਨਾਨ ਕਰਨ ਵਾਸਤੇ ਚੌਂਕੀ ਉਤੇ ਚੌਂਕੜਾ ਮਾਰਕੇ ਬੈਠੇ। ਸਤਿਗੁਰਾਂ ਦੇ ਬੈਠਣ ਸਾਰ ਚੌਂਕੀ ਦਾ ਇਕ ਪਾਵਾ ਅੱਧਾ ਟੁਟ ਗਿਆ। ਬੀਬੀ ਜੀ ਨੇ ਟੁਟਾ ਪਾਵਾ

ਦੇਖ ਲਿਆ, ਇਹ ਖਿਆਲ ਕਰਕੇ ਕਿ ਪਾਵੇ ਦੇ ਟੁਟ ਜਾਣ ਤੇ ਚੌਂਕੀ ਡੋਲੇਗੀ, ਬੀਬੀ ਜੀ ਨੇ ਆਪਣਾ ਪੈਰ ਪਾਵੇ ਦੇ ਹੇਠ ਦੇ ਦਿਤਾ। ਟੁਟੇ ਪਾਵੇ ਵਿਚ ਮੇਖ ਸੀ ਉਹ ਬੀਬੀ ਜੀ ਦੇ ਪੈਰ ਵਿਚ ਖੁਭ ਗਈ। ਪੈਰ ਵਿਚੋਂ ਲਹੂ ਦੀ ਧਾਰਾ ਵਹਿ ਤੁਰੀ, ਪਰ ਬੀਬੀ ਜੀ ਨੇ ਦੁਖ ਅਨਭਵ ਨਹੀਂ ਕੀਤਾ, ਸਤਿਗੁਰੂ ਜੀ ਇਸ਼ਨਾਨ ਕਰੀ ਗਏ। ਬੀਬੀ ਜੀ ਬਾਣੀ ਦਾ ਪਾਠ ਕਰਦੇ ਹੋਏ ਲਾਗੇ ਬੈਠੇ ਰਹੇ।

ਜਿਸ ਸਮੇਂ ਸਤਿਗੁਰੂ ਜੀ ਨੇ ਇਸ਼ਨਾਨ ਕਰ ਲਿਆ ਤਾਂ ਅਚਾਨਕ ਹੀ ਉਨ੍ਹਾਂ ਦਾ ਧਿਆਨ ਜਲ ਵਿਚ ਮਿਲਕੇ ਵਗ ਰਹੇ ਲਹੂ ਵਲ ਚਲਿਆ ਗਿਆ। ਸਾਹਿਬਾਂ ਨੇ ਲਹੂ ਦੀ ਧਾਰਾ ਦੇਖ ਕੇ ਪੁਛਿਆ—'ਪੁਤ੍ਰੀ! ਇਹ ਲਹੂ ਕੈਸਾ?'

'ਪਿਤਾ ਜੀ! ਮੇਰੇ ਪੈਰ ਵਿਚੋਂ ਨਿਕਲਿਆ ਹੈ।' ਬੀਬੀ ਜੀ ਦਾ ਉੱਤਰ ਸੀ।

'ਕਿਉਂ?' ਸਤਿਗੁਰਾਂ ਨੇ ਬੀਬੀ ਜੀ ਵਲ ਦੇਖਕੇ ਪੁਛਿਆ।

ਚੌਂਕੀ ਦਾ ਪਾਵਾ ਟੁਟ ਗਿਆ ਤੇ ਮੈਂ ਪੈਰ ਹੇਠਾਂ ਦੇ ਦਿੱਤਾ, ਮੇਖ ਵਜ ਗਈ ਹੈ, ਕੋਈ ਚਿੰਤਾ ਨਹੀਂ ਆਪੇ ਪੈਰ ਠੀਕ ਹੋ ਜਾਵੇਗਾ।' ਇਹ ਆਖ ਕੇ ਬੀਬੀ ਜੀ ਉਠੇ ਦਰਦ ਨੂੰ ਫਿਰ ਵੀ ਅਨਭਵ ਨਹੀਂ ਕੀਤਾ। ਬੀਬੀ ਜੀ ਦੀ ਸੇਵਾ, ਸ਼ਰਧਾ ਤੇ ਸੰਤੋਖ ਨੂੰ ਦੇਖਕੇ ਦਇਆ ਦੇ ਸਾਗਰ ਗੁਰੂ ਜੀ ਬਹੁਤ ਪ੍ਰਸੰਨ ਹੋਏ। ਸਾਹਿਬਾਂ ਨੇ ਬਚਨ ਕੀਤਾ 'ਪੁਤ੍ਰੀ! ਤੇਰੀ ਘਾਲ ਥਾਏ ਪਈ। ਤੂੰ ਦਰਗਾਹੋਂ ਨਿਹਾਲ ਹੋ ਗਈ, ਜੋ ਵਰ ਮੰਗਣਾ ਹੈ ਮੰਗ ਲੈ।'

ਇਹ ਸੁਣ ਕੇ ਬੀਬੀ ਜੀ ਨੇ ਵਰ ਮੰਗਿਆ—'ਹੇ ਸਤਿਗੁਰੋ ਮੈਂ ਇਹ ਵਰ ਮੰਗਦੀ ਹਾਂ ਕਿ ਗੁਰਿਆਈ ਮੇਰੇ ਪਤੀ ਜੀ ਨੂੰ ਮਿਲੇ ਤੇ ਮੁੜ ਇਸ ਘਰੋਂ ਬਾਹਰ ਨਾ ਜਾਵੇ।'

'ਹੱਛਾ ਪੁਤ੍ਰੀ ਹੋਵੇਗਾ ਏਸੇ ਤਰ੍ਹਾਂ ਹੀ ਪਰ ਬਹੁਤ ਕੁਰਬਾਨੀ ਕਰਨੀ ਪਵੇਗੀ। ਇਹ ਵਸਤੂ ਅਜਰ ਹੈ ਇਸ ਨੂੰ ਜਰਨਾ ਬਹੁਤ ਕਠਨ ਹੈ।' ਸਤਿਗੁਰੂ ਜੀ ਦਾ ਬਚਨ ਸੀ।

ਇਸ ਤਰਾਂ ਸੇਵਾ ਕਰਕੇ ਬੀਬੀ ਜੀ ਨੇ 'ਗੁਰਿਆਈ ਘਰ ਵਿਚ ਹੀ ਰਹਿਣ ਦਾ ਵਰ ਲੈ ਲਿਆ।

੧. ਲਾਹੌਰ ਦੇ ਸੋਢੀ ਖਤ੍ਰੀਆਂ ਦਾ ਹੰਕਾਰ ਤੇ ਨਾਸ

ਗੁਰੂ ਰਾਮਦਾਸ ਜੀ ਜਿਸ ਦਿਨ ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਪਹੁੰਚ ਗਏ, ਉਸ ਦਿਨ ਤੋਂ ਆਪ ਸਾਰੇ ਜਗਤ ਨੂੰ ਭੁਲ ਗਏ। ਦੁਨੀਆਂਦਾਰੀ ਦੇ ਧੰਧੇ ਭੁਲਕੇ ਗੁਰੂ ਜੀ ਦੀ ਸੇਵਾ ਵਿਚ ਗੁਵਾਚ ਗਏ। ਜੇ ਕਦੀ ਕੋਈ ਲਾਹੌਰ ਦਾ ਵਾਸੀ ਆਕੇ ਆਖਦਾ--"ਜੇਠਾ ਜੀ ਲਾਹੌਰ ਚਲੋ ਆਪਣੇ ਸ਼ਰੀਕੇ ਦੇ ਚਾਚੇ ਤਾਇਆਂ ਤੇ ਭਰਾ ਭਤੀਜਿਆਂ ਨੂੰ ਮਿਲੋ।' ਤਾਂ ਸਾਹਿਬ ਅਗੋਂ ਬਚਨ ਕਰਦੇ:-

> ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥ ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ ਨਿਹਫਲ ਆਸ ਸਭ ਬਿਰਥੀ ਜਾਈ ॥ ੧ ॥ ਰਹਾਉ ॥ ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥ ਇਨ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ ਇਨ ਕਾ ਵਾਹਿਆ ਕਛੁ ਨ ਵਸਾਈ ॥ ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥ (ਰਾਗੁ ਗੋਂਡ ਮ: ੪)

ਜਿਸ ਦਾ ਭਾਵ ਕਿ ਉਨ੍ਹਾਂ ਦਾ ਮਨ ਪ੍ਰਮਾਤਮਾ ਵਲ ਲੱਗ ਗਿਆ ਹੈ ਤੇ ਪ੍ਰਮਾਤਮਾ ਉਤੇ ਭਰੋਸਾ ਕਰਕੇ ਸਭ ਸ਼ਰੀਕ ਭਾਈਆ ਦਾ ਤਿਆਗ ਕਰ ਦਿੱਤਾ ਹੈ।

ਸੂਰਜ ਗ੍ਰਹਿਣ ਦਾ ਕੁੰਭ ਸੀ, ਕੁੰਭ ਦੇ ਮੇਲੇ ਸਮੇਂ ਗੰਗਾ ਦਾ ਇਸ਼ਨਾਨ ਕਰਨ ਵਾਸਤੇ ਲਾਹੌਰ ਦੇ ਲੋਕ ਗੰਗਾ ਨੂੰ ਜਾ ਰਹੇ ਸਨ ਉਨ੍ਹਾਂ ਨੇ ਗੋਇੰਦਵਾਲ ਡੇਰਾ ਕੀਤਾ। ਉਸ ਸੰਗ ਦੇ ਵਿਚ ਸੋਢੀ ਵੀ ਸਨ ਜੋ ਗੁਰੂ ਰਾਮਦਾਸ ਜੀ ਦੇ ਸ਼ਰੀਕ ਭਰਾ ਸਨ। ਉਸ ਸਮੇਂ ਲਾਹੌਰੀ ਸੋਢੀ ਸ੍ਰੀ ਗੁਰੂ ਅਮਰਦਾਸ ਜੀ ਦੀ ਆਤਮਿਕ ਸ਼ਕਤੀ ਨੂੰ ਨਹੀਂ ਸਨ ਜਾਣਦੇ ਉਨ੍ਹਾਂ ਨੇ ਬੜੇ ਹੰਕਾਰ ਤੇ ਦੁਨੀਆਂਦਾਰੀ ਦੇ ਲਹਿਜੇ ਵਿਚ ਸਤਿਗੁਰਾਂ ਵਲ ਇਕ ਮਨੁੱਖ ਭੇਜ ਕੇ ਸਨੇਹਾ ਦਿੱਤਾ ਕਿ (ਗੁਰੂ) ਰਾਮਦਾਸ ਦੇ ਸ਼ਰੀਕ ਭਾਈ ਤੇ ਸਤਿਗੁਰੂ ਅਮਰ ਦਾਸ ਜੀ ਦੇ ਕੁੜਮ ਆਏ ਹਨ। ਉਨ੍ਹਾਂ ਦੇ ਸਤਕਾਰ ਤੇ ਰੋਟੀ ਦਾ ਪ੍ਰਬੰਧ ਉਚੇਚਾ ਕੀਤਾ ਜਾਵੇ। ਜਦੋਂ ਇਹ ਸਨੇਹਾ ਸਤਿਗੁਰੂ ਜੀ ਨੂੰ ਮਿਲਿਆ ਤਾਂ ਸਤਿਗੁਰੂ ਜੀ ਨੇ ਸਹਿਜ ਸੁਭਾ ਬਚਨ ਕੀਤਾ--'(ਗੁਰੂ) ਰਾਮਦਾਸ (ਜੀ) ਦਾ ਕੋਈ ਸ਼ਰੀਕ ਨਹੀਂ ਤੇ ਅਸਾਂ ਦਾ ਕੋਈ ਕੁੜਮ ਨਹੀਂ। ਏਥੇ ਕਿਸੇ ਵਾਸਤੇ ਉਚੇਚ ਨਹੀਂ। ਗੁਰੂ ਕਾ ਲੰਗਰ ਸਭ ਵਾਸਤੇ ਸਾਂਝਾ ਖੁਲ੍ਹਾ ਹੈ, ਜਿਸ ਦਾ ਜੀ ਚਾਹੇ ਪ੍ਰਸ਼ਾਦ ਛਕੇ ਤੇ ਧਰਮਸਾਲਾ ਵਿਚ ਰਾਤ ਕਟੇ।'

ਸਤਿਗੁਰੂ ਜੀ ਦੀ ਉਸਤਤ ਸੁਣਕੇ ਸੰਗ ਦੇ ਲੋਕ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗੁਰ ਅਸਥਾਨ ਉਪਰ ਆਏ। ਅਭਿਮਾਨੀ ਸੋਢੀਆਂ ਨੇ ਵੇਖਿਆ (ਗੁਰੂ) ਰਾਮਦਾਸ ਜੀ ਸੇਵਾ ਕਰ ਰਹੇ ਸਨ। ਉਨ੍ਹਾਂ ਨੂੰ ਸਿਆਣੇ ਕੇ ਸੋਢੀਆਂ ਨੇ ਮੰਦੇ ਸ਼ਬਦ ਬੋਲੇ। ਏਥੋਂ ਤਕ ਕਿਹਾ "ਤੂੰ ਸੋਢੀਆਂ ਦਾ ਨਕ ਵੱਢ ਦਿਤਾ ਹੈ। ਸਹੁਰੇ ਘਰ ਵਸ ਕੇ ਟੋਕਰੀ ਢੋ ਰਿਹਾ ਹੈਂ, ਸ਼ਰਮ ਨਹੀਂ ਆਉਂਦੀ? ਆਪਣੇ ਟੱਬਰ ਨੂੰ ਨਾਲ ਲੈਕੇ ਲਾਹੌਰ ਚਲਿਆ ਚਲ ਤੇ ਸ਼ਰੀਕੇ ਵਿਚ ਵਸ। ਸਾਧਾਂ ਨਾਲ ਨਹੀਂ ਰਹਿਣਾ ਚਾਹੀਦਾ।" ਅਗਿਆਨੀ ਪੁਰਸ਼ ਇਸਤਰਾਂ ਜੋ ਮੂੰਹ ਆਇਆ ਸੋ ਬੋਲੀ ਗਏ। (ਗੁਰੂ) ਰਾਮਦਾਸ ਜੀ ਨੇ ਗੁਸਾ ਨਹੀਂ ਕੀਤਾ, ਧੀਰਜ ਨਾਲ ਕੌੜੇ ਬਚਨ ਸੁਣੀ ਗਏ। ਸੋਢੀ ਚੁਪ ਨਾ ਹੋਏ ਉਨ੍ਹਾਂ ਵਿਚੋਂ ਇਕ ਵਡੇਰੀ ਉਮਰ ਦੇ ਸੋਢੀ ਨੇ (ਗੁਰੂ) ਰਾਮਦਾਸ ਜੀ ਨੂੰ ਇਉਂ ਕਿਹਾ—"ਕਾਕਾ! ਭਰਾਵਾਂ ਦੀਆਂ ਗਲਾਂ ਅਜ ਭਾਵੇਂ ਤੈਨੂੰ ਕੌੜੀਆਂ ਲਗਦੀਆਂ ਹਨ ਪਰ ਇਹ ਹੈਨ ਚੰਗੀਆਂ। ਭਰਾਵਾਂ ਨਾਲ ਹੀ ਮਨੁਖ ਉਚਾ ਹੁੰਦਾ ਹੈ। ਕਲ ਨੂੰ ਤੇਰੇ ਘਰ ਧੀਆਂ ਪਤ ਹੋਣੇ ਹਨ ਉਨ੍ਹਾਂ ਦੇ ਕਾਜ ਵੀ ਕਰਨੇ ਹੋਏ। ਗ੍ਰਹਿਸਤੀ ਪੁਰਸ਼ ਸਾਧੂਆਂ ਨਾਲ ਫਿਰਦਾ ਹੋਇਆ, ਜੂਠੇ ਭਾਂਡੇ ਮਾਂਜਦਾ, ਟੋਕਰੀਆ ਚੁਕ ਕੇ ਬੜਾ ਬਣਾਉਂਦਾ ਹੋਇਆ, ਸਤਕਾਰ ਨਹੀਂ ਪਾ ਸਕਦਾ। ਕਲ ਨੂੰ ਧੀਆਂ ਪੁਤ੍ਰਾਂ ਦੇ ਕਾਜ ਵੇਲੇ ਧਨ ਦੀ ਲੋੜ ਪਵੇਗੀ ਲੀੜੇ ਕਪੜੇ ਦੀ ਲੋੜ ਹੋਵੇਗੀ, ਓਹ ਕਿਥੋਂ ਪੂਰੀ ਕਰੇਂਗਾ? ਦੁਕਾਨ ਪਾ ਕਮਾਈ ਕਰਕੇ ਧਨ ਜੋੜ ਜੋ ਖਤਰੀ ਪੁਤਰਾਂ ਦਾ ਵਿਹਾਰ ਹੈ ਦੁਖ ਵੇਲੇ ਵੀ ਭਰਾ ਹੀ ਕੰਮ ਆਉਂਦੇ ਹਨ। ਚੰਗਾ ਹੈ ਲਾਹੌਰ ਜਾਕੇ ਆਪਣੇ ਘਰ ਵਸ। ਭਾਈਚਾਰਾ ਤੇਰੇ ਨਾਲ ਵਰਤੇ ਤੇ ਭਾਈਚਾਰੇ ਨਾਲ ਵਰਤ। ਸਹੁਰੇ ਘਰ ਰਹਿਣਾ ਚੰਗਾ ਨਹੀਂ।" ਬ੍ਰਿਧ ਸੋਢੀ ਦੀ ਜਬਾਨੀਂ ਇਹ ਲੰਮਾ ਵਖਿਆਨ ਸੁਣਕੇ ਸਾਹਿਬਾਂ ਨੇ ਆਪਣੇ ਮਨੋ ਭਾਵਾਂ ਨੂੰ ਪ੍ਰਗਟ ਕਰਨ ਵਾਸਤੇ ਇਕ ਸ਼ਬਦ ਦਾ ਉਚਾਰਨ ਕੀਤਾ—

ਐਸਾ ਹਰਿ ਸੇਵੀਐ ਨਿਤ ਧਿਆਈਐ ਜੋ ਖਿਨ ਮਹਿ ਕਿਲਵਿਖ ਸਭ ਕਰੇ ਬਿਨਾਸਾ ਜੋ ॥ ਹਰਿ ਤਿਆਗਿ ਅਵਰ ਕੀ ਆਸ ਕੀਜੈ ਤਾ ਹਰਿ ਨਿਹਫਲ ਸਭ ਘਾਲ ਗਵਾਸਾ ॥ ਮੇਰੇ ਮਨ ਹਰਿ ਸੇਵਿਹੁ ਸੁਖ ਦਾਤਾ ਸੁਆਮੀ ਜਿਸੁ ਸੇਵਿਐ ਸਭ ਭੁਖ ਲਹਾਸਾ ॥ ੧ ॥ ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ ॥ ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ਹਰਿ ਸੇਵਿਹੁ ਸੁਖ ਦਾਤਾ ਸੁਆਮੀ ਜਿਸ ਸੇਵਿਐ ਸਭ ਭੁਖ ਲਹਾਸਾ ॥ ੧ ॥ ਮੇਰੇ ਮਨ ਹਰਿ ਊਪਰਿ ਕੀਜੈ-

ਭਰਵਾਸਾ ॥ ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ਹਰਿ ਅਪਨੀ ਪੈਜ ਰਖੈ ਜਨ ਦਾਸਾ ॥ ੧ ॥ ਰਹਾਉ ॥ ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥ ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ ਜੋ ਤੁਮਰੇ ਦੂਖ ਤਤਕਾਲ ਕਟਾਸਾ ॥ ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ ਅਵਰਾ ਪੈ ਕਹਿ ਮਨ ਲਾਜ ਮਰਾਸਾ ॥ ੨ ॥ ਜੋ ਸੰਸਾਰੈ ਤੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ ॥ ਜਿਤੁ ਦਿਨਿ ਉਨਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥ ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ ਦੂਖਿ ਸੁਖਾਸਾ ॥ ੩ । ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ ਜੋ ਅੰਤੀ ਅਉਸਰਿ ਰਖਿ ਨ ਸਕਾਸਾ ॥ ਹਰਿ ਜਪੁ ਮੰਤੁ ਗੁਰਉਪਦੇਸੁ ਲੈ ਜਾਪਹੁ ਤਿਨ ਅੰਤਿ ਛਡਾਏ ਜਿਨ ਹਰਿ ਪ੍ਰੀਤਿ ਚਿਤਾਸਾ ॥ ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ ॥ (ਗੋਂਡ ਮ: ੪)

ਤਿਸ ਦਾ ਪਰਮਾਰਥ—ਹੇ ਮੇਰੇ ਭਾਈ ਬੰਧੋ ! ਮੈਂ ਐਸੇ ਸਰਬ ਸ਼ਕਤੀਵਾਨ ਪ੍ਰਮਾਤਮਾ ਦੇ ਲੜ ਲੱਗਾ ਹਾਂ, ਜੋ ਮੇਰੇ ਦੁਖ ਤੇ ਪਾਪ ਪਲ ਵਿਚ ਦੀ ਨਾਸ਼ ਕਰਨ ਦੇ ਸਮਰਥ ਹੈ। ਹੁਣ ਜੇ ਉਸਦਾ ਆਸਰਾ ਛੱਡਕੇ ਦੁਨੀਆਂ ਦਾਰਾਂ ਦਾ ਆਸਰਾ— ਲੱਭਾਂ ਤਾਂ ਮੇਰੀ ਪਿਛਲੀ ਕੀਤੀ ਸੇਵਾ ਬੇਅਰਥ ਜਾਂਦੀ ਹੈ। ਮੈਂ ਤਾਂ ਆਪਣੇ ਮਨ ਨੂੰ ਪੱਕਾ ਸਮਝਾ ਚੁਕਾ ਹਾਂ ਕਿ ਉਹ ਸੁਖਾਂ ਦੇ ਦਾਤੇ ਮਾਲਕ ਨੂੰ ਛੱਡ ਕੇ ਹੋਰ ਕਿਸੇਦਾ ਆਸਰਾ ਨਾ ਤੱਕੇ। ਏਹੋ ਦਰ ਸਾਰੀਆਂ ਭੁਖਾਂ ਦੂਰ ਕਰਨ ਵਾਲਾ ਤੇ ਲੋੜਾਂ ਪੂਰੀਆਂ ਕਰਨ ਵਾਲਾ ਹੈ। ਪ੍ਰਮਾਤਮਾ ਉਤੇ ਭਰੋਸਾ ਕਰਨਾ ਜ਼ਰੂਰੀ ਹੈ। ਕਿਉਂਕਿ ਮੇਰਾ ਸੁਆਮੀ ਸਦਾ ਨਾਲ ਰਹਿੰਦਾ ਹੈ। ਜਿਥੇ ਜਾਈਏ ਉਥੇ ਨਾਲ ਜਾਂਦੇ ਹਨ। ਹਰ ਘੜੀ ਸਾਥ ਰਹਿੰਦੇ ਤੇ ਰਖਵਾਲੀ ਕਰਦੇ ਹਨ। ਮੇਰਾ ਮਾਲਕ ਸੁਖਾਂ ਦਾ ਘਰ ਹੈ। ਮੈਂ ਐਸੇ ਦਾਤਾਰ ਨੂੰ ਨਹੀਂ ਭੁਲ ਸਕਦਾ। ਓਹ ਮੇਰੀ ਇਜ਼ਤ ਤੇ ਵਡਿਆਈ ਕਾਇਮ ਰਖਦਾ ਹੈ। ਭਾਈ ਤੁਸੀਂ ਆਖਦੇ ਜੇ ਮੈਂ ਸਚੇ ਸਤਿਗੁਰੂ ਨਾਲੋਂ ਨਾਤਾ ਤੋੜਕੇ ਲੋਕਾਂ ਨਾਲ ਪ੍ਰੇਮ ਪਾਵਾਂ, ਪਰ ਲੋਕਾਂ ਦੀ ਤਾਂ ਹਾਲਤ ਹੀ ਨਿਰਾਲੀ ਹੈ। ਜੇ ਮੈਂ ਕਿਸੇ ਕੋਲ ਆਪਣੇ ਮਨ ਦੇ ਦੁੱਖ ਦਸਣ ਜਾਵਾਂਗਾ ਤਾਂ ਓਹ ਅਗੋਂ ਆਪਣੇ ਦੁਖਾਂ ਦਾ ਰੋਣਾ ਰੋਣ ਲੱਗ ਪਏਗਾ। ਕਿਸੇ ਨਾ ਕਿਸੇ ਪੁਰਸ਼ ਨੂੰ ਕੋਈ ਨਾ ਕੋਈ ਦੁਖ ਜ਼ਰੂਰ ਹੈ। ਪਰ ਜੇ ਸਤਿਗੁਰੂ ਦੇ ਰਾਹੀਂ ਸਚੇ ਕਰਤਾਰ ਕੋਲ ਮੈਂ ਆਪਣਾ ਦੁਖੀ ਦਿਲ ਨੰਗਾ ਕਰਾਂਗਾ ਤਾ ਓਹ ਝਟ ਪਟ ਮੇਰੇ ਦੁਖ ਦੀ ਨਵਿਰਤੀ ਕਰੇਗਾ। ਦਸੋ ਇਸ ਹਾਲਤ ਵਿਚ ਪ੍ਰਭੂ ਨੂੰ ਛੱਡਕੇ, ਦੁਨੀਆਂ ਦੇ

ਦੁਖੀ, ਖ਼ੁਦਗਰਜ਼ ਤੇ ਅਨਮਤ ਵਾਲਿਆਂ ਨਾਲ ਪ੍ਰੀਤਾਂ ਪਾਕੇ ਓਹਨਾਂ ਨੂੰ ਮਨ ਦੀ ਵੇਦਨਾ ਦੱਸਾਂ, ਇਹ ਤਾਂ ਸ਼ਰਮ ਦੀ ਗੱਲ ਹੈ, ਨੱਕ ਡੋਬਕੇ ਮਰਨ ਵਾਲੀ ਗੱਲ ਹੈ ਜਿਸ ਟੱਬਰ ਨਾਲ ਮਿਲਣ ਵਾਸਤੇ ਅਜ ਪ੍ਰੇਰਨਾ ਕਰ ਰਹੇ ਜੇ ਏਸੇ ਟੱਬਰ ਵਿਚੋਂ ਅਗੇ ਮੈਂ ਆਇਆ ਹਾਂ ਇਹ ਸਭ ਸੁਆਰਥੀ ਹਨ । ਜਦੋਂ ਲੋੜ ਹੋਈ ਤਦੋਂ 'ਜੀ' ਆਖਕੇ ਮਿਲ ਪਏ ਨਹੀਂ ਤੇ ਕੋਈ ਕਿਸੇ ਨੂੰ ਬੁਲਾਉਂਦਾ ਨਹੀਂ । ਇਹ ਜਗਤ ਦੀ ਚਾਲ ਹੈ, ਜਗਤ ਸੁਆਰਥ ਦਾ ਗੁਲਾਮ ਹੈ । ਬਿਨਾ ਮਤਲਬ ਦੇ ਕੋਈ ਕਿਸੇ ਦੇ ਨੇੜੇ ਨਹੀਂ ਢੁਕਦਾ । ਭਾਵੇਂ ਦੁਖ ਦੀ ਪੀੜਾ ਨਾਲ ਵਿਲਕ ਕੇ ਮਰਜਾਈਏ । ਜਗਤ ਨੂੰ ਦੇਖਕੇ ਮੈਂ ਤਾਂ ਇਸ ਨਤੀਜੇ ਉਤੇ ਪੁਜਾ ਹਾਂ ਕਿ ਸਭ ਨਾਲੋਂ ਪ੍ਰੀਤ ਤੋੜਕੇ ਪ੍ਰਭੂ ਪ੍ਰਮਾਤਮਾ ਨਾਲ ਪ੍ਰੀਤ ਜੋੜਨੀ ਚਾਹੀਦੀ ਹੈ । ਫਿਰ ਸੁਆਲ ਨਿਰਾ ਇਸ ਜੀਵਨ ਦਾ ਨਹੀਂ ਅਗਲੇ ਜੀਵਨ ਦਾ ਵੀ ਹੈ। ਸਦਾ ਜਗਤ ਵਿਚ ਨਹੀਂ ਬਹਿ ਰਹਿਣਾ । ਜਦੋਂ ਅਗ ਜਾਣਾ ਹੈ ਤਾਂ ਕਿਸੇ ਨੇ ਹਿਸਾਬ ਮੰਗਣਾ ਹੈ, ਦੁਨੀਆਂ ਦੇ ਲੋਕ ਦਰਗਾਹੇ ਸਹਾਇਤਾ ਨਹੀਂ ਕਰ ਸਕਦੇ। ਅਗੇ ਸਤਿਗੁਰੂ ਹੀ ਸਹਾਈ ਹੋਸਕਦੇ ਹਨ। ਇਸ ਵਾਸਤੇ ਮੈਂ ਤਾਂ ਤੁਸਾਂ ਭਰਾਵਾਂ ਨੂੰ ਵੀ ਆਖਦਾ ਹਾਂ ਕਿ ਸਚੇ ਸਤਿਗਰੂ ਜੀ ਦੇ ਚਰਨੀਂ ਲਗੋਂ । ਹਉਮੈਂ ਦਾ ਤਿਆਗ ਕਰਕੇ ਨਿਰਮਾਣਤਾ ਦੇ ਘਰ ਆਕ ਸੇਵਾ ਕਰੋ । ਸੋਨਾ ਤਦੇ ਬਣਦਾ ਹੈ, ਜੇ ਪਹਿਲਾਂ ਅੱਗ ਦੀ ਭੱਠੀ ਵਿਚ ਸੜੇ । ਸਤਿਗੁਰੂ ਜੀ ਦੇ ਉਪਦੇਸ਼ ਰਾਹੀਂ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰੋ, ਗਰਬਾਣੀ ਪੜ੍ਹੋ। ਭਾਈ 'ਨਾਮ' ਹੀ ਹੈ ਜੋ ਦਰਗਾਹੇ ਸਹਾਈ ਹੁੰਦਾ ਹੈ। ਸਾਰੇ ਜਗਤ ਦੇ ਧੰਦੇ ਕੂੜ ਹਨ ਮੈਂ ਏਥੇ ਸਖੀ ਹਾਂ । ਮੇਰੇ ਜੀਵਨ ਦਾ ਮਨੋਰਥ ਹੈ ਸਵਾ ਤੇ ਸਿਮਰਨ, ਆਪ ਸੇਵਾ ਕਰਨੀ ਹੋਰਨਾਂ ਨੂੰ ਕਹਿਣਾ 'ਸੇਵਾ ਕਰੋ' ਆਪ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਤੇ ਹੋਰਨਾਂ ਨੂੰ ਕਹਿਣਾ । ਸੋਢੀ ਅਗਿਆਨੀ, ਮਨਮਤੀਏ ਤੇ ਹੰਕਾਰੀ ਸਨ, ਉਹ (ਗੁਰੂ) ਰਾਮਦਾਸ ਜੀ ਦੇ ਆਖੇ ਨਾ ਲਗੇ, ਸਗੋਂ ਵਧ ਘਟ ਗਲਾਂ ਕਰਦੇ ਹੋਏ ਹਰਦੁਆਰ ਨੂੰ ਚਲੇ। ਭਾਣਾ ਕਰਤਾਰ ਦਾ ਗੰਗਾ ਇਸ਼ਨਾਨ ਵੇਲੇ ਬੀਮਾਰੀ ਖਿਲਰ ਗਈ । ਬਹੁਤ ਸਾਰੇ ਸੋਢੀ ਮਰ ਗਏ ਰਹਿੰਦੇ ਜਦੋਂ ਲਾਹੌਰ ਆਏ ਤਾਂ ਪਠਾਣਾ ਨੇ ਉਨ੍ਹਾਂ ਨੂੰ ਲੁਟ ਕੇ ਉਨ੍ਹਾਂ ਦੇ ਘਰ ਹੀ ਖੋਹ ਲਏ। ਗੁਰੂ ਨਿੰਦਕਾਂ ਦਾ ਐਸਾ ਹਾਲ ਹੁੰਦਾ ਹੈ।

੯. ਗੁਰੂ ਜੀ ਨੇ ਰਾਮਦਾਸ ਪੁਰ ਦੀ ਮੋੜ੍ਹੀ ਗੱਡਣੀ

ਸਿੱਖ ਧਰਮ ਵਿਚ ਗ੍ਰਹਿਸਤ ਧਰਮ ਪ੍ਰਧਾਨ ਹੈ। ਗ੍ਰਹਿਸਤ ਧਰਮ ਦੀ ਪ੍ਰਧਾ-ਨਤਾ ਦੇ ਕਾਰਨ ਸਤਿਗੁਰਾਂ ਦੇ ਸਮੇਂ ਕਈ ਐਸੀਆਂ ਘਟਨਾਵਾਂ ਵਾਪਰਦੀਆਂ ਸਨ ਜਿਨ੍ਹਾਂ ਦੇ ਵਿਚੋਂ ਝਗੜੇ ਤੇ ਦੁਖ ਦੀ ਹਵਾ ਨਿਕਲਦੀ ਸੀ। ਸਤਿਗੁਰੂ ਤੇ ਉਨ੍ਹਾਂ ਦੇ ਸਚੇ ਸ਼ਰਧਾਲੂ ਸਿਖ ਰਤਾ ਨਹੀਂ ਘਬਰਾਉਂਦੇ ਸਨ, ਪਰ ਦੇਖਣ ਸੁਣਨ ਵਾਲੇ ਘਬਰਾ ਜਾਂਦੇ ਸਨ। ਜਗਤ ਵਿਚ ਈਰਖਾ ਦਾ ਸਾੜਾ ਹੈ। ਵੀਰ ਵੀਰਾਂ ਨੂੰ ਸੁਖੀ ਨਹੀਂ ਦੇਖ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰ-ਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਤਾਂ ਉਨ੍ਹਾਂ ਦੇ ਸਾਹਿਬਜ਼ਾਦੇ ਗੁੱਸੇ ਹੋ ਗਏ। ਜਦੋਂ ਸ੍ਰੀ ਗੁਰੂ ਅੰਗਦਦੇਵ ਜੀ ਨੇ ਆਪਣੇ ਸ਼ਰਧਾਲੂ ਸਿੱਖ, ਸਚੇ ਸੇਵਕ, ਮਹਾਂ ਪੁਰਸ਼ ਤੇ ਬ੍ਰਹਮ ਰਿਖੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖਸ਼ੀ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਾਹਿਬ-ਜ਼ਾਦੇ ਆਪੇ ਤੋਂ ਬਾਹਰ ਹੋ ਗਏ। ਦਾਤੂ ਜੀ ਨੇ ਤਾਂ ਗੁਸੇ ਨੂੰ ਤਿਆਗਿਆ ਹੀ ਨਹੀਂ ਸੀ। ਗੁਸੇ ਦੀ ਅੱਗ ਨਾਲ ਗਰਮ ਹੋ ਕੇ ਉਨ੍ਹਾਂ ਨੇ ਸ਼ਾਂਤੀ ਸਰੂਪ ਦਿਆਲੂ ਤੇ ਕ੍ਰਿਪਾਲੂ ਸਤਿਗੁਰੂ ਜੀ ਨੂੰ ਲਤ ਮਾਰ ਦਿਤੀ ਸੀ। ਏਸੇ ਤਰਾਂ ਜਦੋਂ ਸ੍ਰੀ ਗੁਰੂ ਅਮਰ ਦਾਸ ਜੀ ਦੇ ਸਾਹਮਣੇ ਗੁਰਿਆਈ ਦਾ ਸੁਵਾਲ ਆਇਆ ਤਾਂ ਸਾਹਿਬ ਵੀ ਸੋਚਣ ਲਗੇ ਕਿ ਗੁਰਗੱਦੀ ਪੁਤ੍ਰਾਂ ਨੂੰ ਤਾਂ ਦਿਤੀ ਨਹੀਂ ਜਾ ਸਕਦੀ, ਕਿਉਂਕਿ ਉਨ੍ਹਾਂ ਵਿਚ ਕਈ ਖਾਮੀਆਂ ਸਨ। ਗੁਰਿਆਈ ਵਾਸਤੇ ਸਤਿਗੁਰਾਂ ਨੇ (ਗੁਰੂ) ਰਾਮਦਾਸ ਜੀ ਨੂੰ ਮਿਥਿਆ। ਕਈ ਸਾਲ ਪ੍ਰੀਖਿਆ ਕਰਦੇ ਰਹੇ। ਜਿਸ ਵੇਲੇ ਪੱਕਾ ਫੈਸਲਾ ਕਰ ਲਿਆ ਕਿ ਗੁਰਿਆਈ (ਗੁਰੂ) ਰਾਮਦਾਸ ਜੀ ਨੂੰ ਦਿਤੀ ਜਾਵੇਗੀ ਤਾਂ ਸਤਿਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਤੋਂ ਬਿਨਾਂ ਗੁਰਸਿਖੀ ਦਾ ਕੋਈ ਨਵਾਂ ਕੇਂਦਰ ਬਣਾਉਣ ਦਾ ਵਿਚਾਰ ਕੀਤਾ। ਇਸ ਵਿਚਾਰ ਦੇ ਪਿਛੇ ਦੋ ਵਡੇ ਲਾਭ ਸਨ—(੧) ਚੌਥੇ ਗੁਰੂ ਜੀ ਜੇ ਗੋਇੰਦਵਾਲੋਂ ਦੂਰ ਰਹਿਣਗੇ ਤਾਂ ਤੀਸਰੇ ਸਤਿਗੁਰਾਂ ਦੇ ਸਾਹਿਬ-ਜ਼ਾਦੇ ਕੋਈ ਲੜਾਈ ਝਗੜਾ ਨਹੀਂ ਕਰਨਗੇ (੨) ਗੁਰਸਿਖੀ ਦਾ ਪ੍ਰਚਾਰ ਬਹੁਤਾ ਹੋਵੇਗਾ। ਪਹਿਲਾਂ ਕਰਤਾਰ ਪੁਰ, ਤੇ ਖਡੂਰ ਸਾਹਿਬ ਦੋ ਪ੍ਰਚਾਰ ਕੇਂਦਰ ਕਾਇਮ ਹੋ ਚੁਕੇ ਸਨ ਤੀਸਰਾ ਗੋਇੰਦਵਾਲ ਇਕ ਮਹਾਨ ਤੀਰਥ ਪ੍ਰਗਟ ਹੋ ਗਿਆ ਸੀ।

ਇਕ ਦਿਨ ਸਤਿਗੁਰੂ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਆਪਣੇ ਕੋਲ ਸਦ ਕੇ ਬਚਨ ਕੀਤਾ—"ਹੇ ਪੁਰਸ਼ਾ। ਏਥੋਂ ਉਤਰ ਦਿਸ਼ਾ ਵਿਚ ਸੁਲਤਾਨ ਵਿੰਡ, ਗਿਲ-ਵਾਲੀ ਤੇ ਤੁੰਗ ਪਿੰਡ ਹਨ। ਇਨ੍ਹਾਂ ਪਿੰਡ ਦੇ ਵਿਚਾਲੇ ਖੁਲ੍ਹੀ ਜੂਹ ਹੈ। ਟਾਹਲੀ ਕਿੱਕਰ ਤੇ ਛਿੱਛਰਾ ਧਰੇਕ ਦੇ ਰੁਖ ਹਨ । ਸੰਘਣੇ ਰੁਖਾਂ ਵਿਚਾਲੇ ਇਕ ਢਾਬ ਹੈ, ਜਿਥੇ ਥੋੜ੍ਹਾ ਬਹੁਤਾ ਜਲ ਸਦਾ ਰਹਿੰਦਾ ਹੈ। ਉਸ ਢਾਬ ਦੇ ਕਿਨਾਰੇ ਜਾ ਕੇ ਮੋੜ੍ਹੀ ਗਡੋ ਤੇ ਸ਼ਹਿਰ ਵਸਾਓ ਉਸ ਸ਼ਹਿਰ ਦਾ ਨਾਮ "ਰਾਮਦਾਸ ਪੁਰ" ਰਖਣਾ।"

ਸਤਿਗੁਰਾਂ ਦੇ ਇਹ ਬਚਨ ਸੁਣਕੇ (ਗੁਰੂ) ਰਾਮਦਾਸ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ—ਹੇ ਦਾਤਾ! ਜਿਵੇਂ ਆਗਿਆ ਕਰੋ ਤਿਵੇਂ ਕਰਦਾ ਹਾਂ। ਆਪ ਅੰਤਰਯਾਮੀ ਘਟ ਘਟ ਦੀ ਜਾਨਣਹਾਰ ਹੋ ਕਦੋਂ ਜਾਵਾਂ?"

'ਬਾਬਾ ਬੁਢਾ ਜੀ ਸਮੇਤ ਕੁਝ ਸਿੱਖਾਂ ਨੂੰ ਸਾਥ ਲੈ ਜਾਵੋ। ਅਕਬਰ ਬਾਦ-ਸ਼ਾਹ ਜੋ ਝਬਾਲ ਇਲਾਕੇ ਦੇ ਬਾਰਾਂ ਪਿੰਡਾਂ ਦੀ ਜਗੀਰ (ਬੀਬੀ) ਭਾਨੀ ਜੀ ਦੇ ਨਾਮ ਲਾ ਗਿਆ ਹੈ ਇਹ ਜੂਹ ਵੀ ਉਸ ਜਗੀਰ ਵਿਚ ਆਉਂਦੀ ਹੈ ਢਾਬ ਪੂਜਨੀਕ ਹੈ। ਇੱਕ ਤਾਂ ਸ੍ਰੀ ਸਤਿਗੁਰੂ ਗੁਰੂ ਨਾਨਕ ਦੇਵ ਜੀ ਰਾਮ ਤੀਰਥ ਨੂੰ ਜਾਂਦੇ ਹੋਏ ਉਸ ਢਾਬ ਕਿਨਾਰੇ ਬੈਠੇ ਸਨ। ਸਤਿਗੁਰਾਂ ਨੇ ਕਰਤਾਰ ਦੇ ਗੁਣ ਗਾਉਂਦਿਆਂ ਹੋਇਆ ਉਸ ਅਸਥਾਨ ਨੂੰ ਪਵਿਤ੍ਰ ਕੀਤਾ ਸੀ, ਦੂਸਰਾ ਸਤਿਗੁਰੂ ਅੰਗਦ ਦੇਵ ਜੀ ਦੇ ਅੰਗੂਠੇ ਤੇ ਰੋਗ ਸੀ, ਉਸ ਰੋਗ ਨੂੰ ਰਾਜੀ ਕਰਨ ਵਾਸਤੇ ਅਸਾਂ ਉਥੋਂ ਇਕ ਬੂਟੀ ਲਿਆਂਦੀ ਸੀ। ਬੂਟੀ ਦਾ ਪਤਾ ਸਾਨੂੰ ਇਕ ਜੋਗੀ ਨੇ ਦਸਿਆ ਸੀ, ਉਹ ਅੰਮ੍ਰਿਤ ਬੂਟੀ ਸੀ। ਉਸੇ ਬੂਟੀ ਵਿਚ ਇਹ ਵੱਡਾ ਗੁਣ ਹੈ ਕਿ ਉਹ ਕੋੜ੍ਹੀਆਂ ਦਾ ਕੋੜ੍ਹ ਹਟਾ ਦੇਂਦੀ ਹੈ। ਉਸੇ ਜੋਗੀ ਨੇ ਦਸਿਆ ਸੀ ਕਿ ਅਜ ਤੋਂ ਕਈ ਸੌ ਸਾਲ ਪਹਿਲਾਂ ਉਸ ਅਸਥਾਨ ਉਤੇ ਰਿਖੀਆਂ ਦੇ ਆਸ਼੍ਰਮ ਸਨ। ਕਈਆਂ ਜੋਗੀਆਂ ਨੇ ਉਥੇ ਜੋਗ ਸਾਧਨਾ ਕੀਤੀ ਹੋਈ ਹੈ। ਐਸੇ ਪੂਜਨੀਕ ਤੇ ਪਵਿਤ੍ਰ ਤੀਰਥ ਨੂੰ ਜ਼ਰੂਰ ਪ੍ਰਗਟ ਕਰੋ ਕਰਤਾਰ ਦਾ ਏਹੋ ਹੁਕਮ ਹੈ।' ਸਤਿਗੁਰਾਂ ਦਾ ਹੁਕਮ ਪਾਕੇ ਅਤੇ ਸਿਖਾਂ ਨੂੰ ਸਾਥ ਲੈਕੇ (ਗੁਰੂ) ਰਾਮ ਦਾਸ ਜੀ ਪ ਹਾੜ ਵਦੀ ੧੩ ਸੰਮਤ ੧੬੨੭ ਨੂੰ ਸੁਲਤਾਨ ਵਿੰਡ ਦੀ ਜੂਹ ਵਿਚ ਢਾਬ ਦੇ ਕਿਨਾਰੇ ਆ ਬੈਠੇ । ਚੌਗਿਰਦੇ ਦੇ ਪਿੰਡਾਂ ਦੇ ਮੁਖੀਆਂ ਨੂੰ ਸਦਿਆ। ਜਦੋਂ ਸਾਰੇ ਮੁਖੀ (ਚੌਧਰੀ) ਇਕੱਠੇ ਹੋਕੇ ਹਾਜ਼ਰ ਹੋ ਗਏ ਤਾਂ

ਗੁਰੂ ਜੀ ਨੇ ਸਤਿਗੁਰੂ ਜੀ ਦਾ ਹੁਕਮ ਸੁਣਾਇਆ। ਤੁੰਗਾਂ ਨਗਰ ਦੇ ਮੁਖੀਆਂ ਤੋਂ ਬਿਨਾਂ ਬਾਕੀ ਸਾਰਿਆਂ ਨੇ ਸਤਿਗੁਰੂ ਜੀ ਦੇ ਹੁਕਮ ਅਗੇ ਸਿਰ ਨਿਵਾ ਦਿਤੇ। ਬੜੀ ਖੁਸ਼ੀ ਪ੍ਰਗਟ ਕੀਤੀ ਤੇ ਪੂਰੀ ਸੇਵਾ ਕਰਨ ਦਾ ਭਰੋਸਾ ਦਿਵਾਇਆ। ਜਿਸ ਥਾਂ ਅਜ ਗੁਰੂ ਕੇ ਮਹਿਲ ਤੇ ਗੁਰੂ ਕਾ ਬਾਜ਼ਾਰ ਹੈ, ਉਸ ਥਾਂ ਗੁਰੂ ਜੀ ਨੇ ਮੋੜ੍ਹੀ ਗੱਡ ਦਿਤੀ ਤੇ ਨਵੇਂ ਨਗਰ ਦਾ ਨਾਮ 'ਰਾਮਦਾਸ ਪੁਰ' ਰਖਿਆ ਬਹੁਤੇ 'ਗੁਰੂ ਕਾ ਚੱਕ' ਵੀ ਆਖਣ ਲਗੇ। ਚੌਗਿਰਦੇ ਦੇ ਪਿੰਡਾਂ ਨੇ ਜਦੋਂ ਸੁਣਿਆਂ ਕਿ ਸਤਿਗੁਰੂ (ਗੁਰੂ ਅਮਰਦਾਸ) ਜੀ ਦੇ ਹੁਕਮ ਨਾਲ (ਗੁਰੂ) ਰਾਮਦਾਸ ਜੀ ਢਾਬ ਕਿਨਾਰੇ ਆਏ ਹਨ ਤੇ ਨਾਲ ਹੀ (ਗੁਰੂ) ਰਾਮਦਾਸ ਜੀ ਸਤਿਗੁਰੂ ਜੀ ਦੇ ਜਵਾਈ ਹਨ, ਤਾਂ ਲੋਕ ਵਹੀਰਾਂ ਘਤਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਣੇ ਸ਼ੁਰੂ ਹੋਏ, ਗੁਰਿਆਈ ਮਿਲਣ ਤੋਂ ਪਹਿਲਾਂ ਹੀ ਗੁਰੂ ਜੀ ਦਾ ਬਹੁਤ ਸਤਿਕਾਰ ਹੋਣ ਲੱਗਾ। ਦਰਖਤਾਂ ਤੇ ਕਾਨਿਆਂ ਨੂੰ ਕਟਕੇ ਵਡੀਆਂ ਵਡੀਆਂ ਛੰਨਾਂ ਤਿਆਰ ਹੋ ਗਈਆਂ। ਦੁਧ, ਘਿਉ ਤੇ ਅੰਨ ਲੀੜੇ ਦੀ ਵੀ ਕੋਈ ਕਮੀਂ ਨਾ ਰਹੀ। ਸਿਖ ਸੰਗਤਾਂਭੇਟਾ ਕਰਨ ਲੱਗੀਆਂ। (ਗੁਰੂ) ਰਾਮਦਾਸ ਜੀ ਚੋਖਾ ਚਿਰ 'ਰਾਮਦਾਸ ਪੁਰ' ਰਹੇ। ਕਦੀ ਕਦੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲਪਹੁੰਚ ਜਾਇਆ ਕਰਦੇ ਸਨ।

ਜਿਸ ਸਮੇਂ ਕੁਝ ਕੋਠੇ ਤੇ ਛੰਨਾਂ ਤਿਆਰ ਹੋ ਗਈਆਂ, ਭਾਈ ਲਾਲੋ ਰੂਪ-ਰਾਮ, ਗੁਰੀਆ, ਗੁਰਦਾਸ, ਉਦਮ ਤੇ ਉਤਮ ਜਹੇ ਸਿਖ ਆ ਕੇ ਰਹਿਣ ਲਗੇ ਤਾਂ (ਗੁਰੂ) ਰਾਮਦਾਸ ਜੀ ਨੇ ਆਪਣਾ ਪਰਵਾਰ 'ਰਾਮਦਾਸ ਪੁਰ' ਸਦਵਾ ਲਿਆ। ਉਸ ਸਮੇਂ ਗੁਰੂ ਜੀ ਦੇ ਵਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਜੀ ਵਾਹਵਾ ਗਭਰੂ ਹੋ ਗਏ ਸਨ। ਚੰਗੇ ਹੁਸ਼ਿਆਰ ਹੋਣ ਕਰਕੇ ਘਰ ਦੇ ਕਈਆਂ ਕੰਮਾਂ ਦਾ ਧਿਆਨ ਰੱਖਣ ਯੋਗ ਸਨ। ਸੁਲਤਾਨ ਵਿੰਡ ਦੇ ਇਕ ਬ੍ਰਿਧ ਸਜਨ ਨੇ ਗੁਰੂ ਜੀ ਨੂੰ ਦਸਿਆ ਕਿ ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਸਨ। ਸਾਰੀ ਕਥਾ ਸੁਣਾਉਂਦਿਆਂ ਹੋਇਆ ਉਸ ਨੇ ਦਸਿਆ ਕਿ ਉਹ (ਬ੍ਰਿਧ ਜਟ ਉਸ ਸਮੇਂ ਡੰਗਰ ਚਾਰਿਆ ਕਰਦਾ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਮਰਦਾਨੇ ਦੇ ਸਾਥ ਆਏ ਤੇ ਬੇਰੀ ਹੇਠ ਬੈਠ ਗਏ। ਸਾਰਾ ਦਿਨ ਬੈਠੇ ਹੋਏ ਬਾਣੀ ਪੜ੍ਹਦੇ ਰਹੇ। ਉਸ ਬੇਰੀ ਨੂੰ ਪੂਜਨੀਕ ਸਮਝਕੇ ਗੁਰੂ ਰਾਮਦਾਸ ਜੀ ਨੇ ਉਸ ਦੇ ਮੁੱਢ

ਉਦਾਲੇ ਮਿਟੀ ਸੁਟਾ ਕੇ ਥੜ੍ਹਾ ਬਣਾ ਦਿੱਤਾ ਉਹ ਅਸਥਾਨ ਅਜੇ ਤਕ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਕਾਇਮ ਹੈ ਹੁਣ ਉਸ ਬੇਰ ਾਨ ਨਾਮ 'ਲਾਚੀ ਬੇਰ 'ਹੈ।

(ਗੁਰੂ) ਰਾਮਦਾਸ ਜੀ ਦੀ ਮੇਹਨਤ ਅਤੇ ਸ਼ਰਧਾ ਨਾਲ ਨਵੇਂ ਨਗਰ ਦੀ ਵਸੋਂ ਕਰਵਾ ਰਹੇ ਸਨ ਕਿ ਇਕ ਦਿਨ ਸਤਿਗੁਰੂ ਜੀ ਵਲੋਂ ਹਲਕਾਰਾ ਪਹੁੰਚਿਆ ਕਿ ਛੇਤੀ ਗੋਇੰਦਵਾਲ ਪਹੁੰਚ ਜਾਵੋ। ਹਲਕਾਰੇ ਦੀ ਜਬਾਨੋਂ ਹੁਕਮ ਸੁਣਦੇ ਸਾਰ ਗੁਰੂ ਜੀ ਗੋਇੰਦਵਾਲ ਨੂੰ ਤੁਰ ਪਏ ਤੇ ਤਰਕਾਲਾਂ ਨੂੰ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਜਾ ਟੇਕਿਆ। ਸਤਿਗੁਰੂ ਜੀ ਨੇ ਬਚਨ ਕੀਤਾ "ਏਥੇ ਰਹੋ।"

ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਗੱਦੀ ਦੀ ਉਤੇ ਚੌਥੇ ਰੂਪ ਵਿਚ ਬਰਾਜਮਾਨ ਹੋ ਗਏ। ਪਿਛਲੇ ਗੁਰੂ ਸਾਹਿਬਾਨ ਵਾਲੀਆਂ ਸਾਰੀਆਂ ਸ਼ਕ-ਤੀਆਂ ਤੇ ਸਿਧੀਆਂ ਆਪ ਦੇ ਕੋਲ ਆ ਗਈਆਂ । ਆਪ ਵੀ ਗੁਰੂ ਰੂਪ ਸੰਘਾਸਨ ਉਤੇ ਬੈਠਕੇ ਸਿੱਖ ਸੰਗਤਾਂ ਨੂੰ ਉਪਦੇਸ਼ ਕਰਨ ਲਗੇ। ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਆਪ ਨੇ "ਰਾਮਦਾਸ ਪੁਰ" ਵਿਚ ਰਹਾਇਸ਼ ਰਖਣ ਦਾ ਫੈਸਲਾ ਕਰ ਲਿਆ। ਤਿੰਨ ਕੁ ਮਹੀਨੇ ਗੋਇੰਦਵਾਲ ਸੰਗਤਾਂ ਨੂੰ ਉਪਦੇਸ਼ ਕਰਕੇ ਆਪ 'ਰਾਮਦਾਸ ਪੁਰ' ਵਾਪਸ ਮੁੜ ਆਏ ਤਦੋਂ ਸੁਤੰਤ੍ਰ ਗੁਰੂ ਸਨ। ਸੰਗਤਾਂ ਵਹੀਰਾਂ ਘਤਕੇ ਆਉਣ ਲਗੀਆਂ ਤੇ ਭੇਟਾ ਦੇਣ ਲਗੀਆਂ। ਪਹਿਲੇ ਗੁਰੂ ਸਾਹਿਬਾਂ ਵਾਂਗ ਅੰਨ ਤੇ ਨਾਮ ਦਾ ਅਟੁਟ ਲੰਗਰ ਸ਼ੁਰੂ ਹੋ ਗਿਆ। ਵਸੋਂ ਦਿਨੋਂ ਦਿਨ ਵਧਨ ਲੱਗੀ।

ਗੁਰੂ ਜੀ ਦੇ ਵਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਜੀ ਜਵਾਨ ਹੋ ਚੁਕੇ ਸਨ ਉਹ ਦੁਨਿਆਵੀ ਧੰਦਿਆਂ ਵਿਚ ਬਹੁਤ ਹੁਸ਼ਿਆਰ ਨਿਕਲੇ। ਉਨ੍ਹਾਂ ਦਾ ਵਿਆਹ ਹੋ ਚੁਕਾ ਸੀ। ਉਨ੍ਹਾਂ ਦੀ ਧਰਮਪਤਨੀ ਦਾ ਨਾਮ ਕਰਮ ਕੌਰ ਸੀ। "ਰਾਮਦਾਸ ਪੁਰ" ਪਹੁੰ-ਚਦੇ ਸਾਰ ਪ੍ਰਿਥੀ ਚੰਦ ਜੀ ਨੇ ਖੇਤੀ ਵਾੜੀ ਵਾਸਤੇ ਜ਼ਮੀਨ ਨੂੰ ਠੀਕ ਕਰਾਉਣਾ ਸ਼ੁਰੂ ਕੀਤਾ। ਸਿਖਾਂ ਕੋਲੋਂ ਖੂਹ ਪੁਟਵਾਏ ਤੇ ਖੂਹਾਂ ਨੂੰ ਪਕਿਆਂ ਕਰਨ ਅਤੇ ਆਪਣੇ ਰਿਹਾਇਸ਼ੀ ਮਕਾਨ ਪੱਕੇ ਉਸਾਰਨ ਵਾਸਤੇ ਭੱਠਿਆਂ(ਆਵਿਆਂ)ਦਾ ਪ੍ਰਬੰਧ ਕੀਤਾ। ਸ਼ਰਧਾਲੂ ਸਿਖ ਦਿਨ ਰਾਤ ਇਕ ਕਰਕੇ ਇੱਟਾਂ ਪੱਥਨ ਦੀ ਸੇਵਾ ਕਰਨ ਲਗੇ। ਬਾਲਣ ਤੇ ਇਮਾਰਤੀ ਲਕੜੀ ਬਹੁਤ ਸਾਰੀ ਤਾਂ ਜੂਹ ਵਿਚੋਂ ਇਕਠੀ ਕੀਤੀ ਗਈ

ਤੇ ਕੁਝ ਕਾਂਗੜੇ ਤੋਂ ਸਾਉਣ ਮਲ ਜੀ ਨੇ ਭੇਜ ਦਿਤੀ। ਵੱਡਾ ਸ਼ਹਿਰ ਵਸਾਉਂਣ ਦੀਆਂ ਵਿਉਂਤਾਂ ਸੋਚੀਆਂ ਗਈਆਂ।

੯. ਅੰਮ੍ਰਿਤ ਸਰੋਵਰ ਦਾ ਪ੍ਰਗਟ ਹੋਣਾ

ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਪੂਰਬੀ ਬਾਹੀ ਪਰਕਰਮਾਂ ਵਿਚ 'ਦੁਖ ਭੰਜਨੀ ਬੇਰ' ਨਾਮ ਦਾ ਪੂਜਨੀਕ ਅਸਥਾਨ ਹੈ। ਇਸ ਅਸਥਾਨ ਦੇ ਇਤਿ-ਹਾਸ ਦਾ ਸਬੰਧ "ਅੰਮ੍ਰਿਤ ਸਰੋਵਰ" ਨਾਲ ਹੈ ਤੇ ਬਹੁਤ ਮਹਾਨਤਾ ਰੱਖਦਾ ਹੈ। ਲਿਖਤੀ ਤੇ ਜ਼ਬਾਨੀ ਉਹ ਇਤਿਹਾਸਕ ਕੱਥਾ ਇਉਂ ਅਮਰ ਤੁਰੀ ਆ ਰਹੀ ਹੈ। ਉਹ ਕਥਾ ਇਉਂ ਹੈ--ਪੱਟੀ ਦਾ ਇਕ ਹਿੰਦੂ ਸਰਦਾਰ ਦੁਨੀਚੰਦ ਸੀ। ਉਸ ਦੀਆਂ ਸਤ ਲੜਕੀਆਂ ਸਨ ਅਤੇ ਪੁਤ੍ਰ ਕੋਈ ਨਹੀਂ ਸੀ। ਹਾਕਮ ਹੋਣ ਦੇ ਨਾਲ ਤਕੜਾ ਸ਼ਾਹੂ-ਕਾਰ ਸੀ। ਮਾਯਾਧਾਰੀ ਅੰਨ੍ਹਾ ਬੋਲਾ ਹੁੰਦਾ ਹੈ ਦੁਨੀਚੰਦ ਵੀ ਐਸੇ ਹੀ ਮਾਯਾਧਾਰੀਆਂ ਵਿਚੋਂ ਸੀ, ਉਹ ਨੂੰ ਮਾਯਾ ਦਾ ਬਹੁਤ ਹੰਕਾਰ ਸੀ, ਮਾਯਾ ਦੇ ਨਸ਼ੇ ਨਾਲ ਦੀਵਾਨਾ ਜੇਹਾ ਰਹਿੰਦਾ, ਕਿਸੇ ਦੀ ਪਰਵਾਹ ਨਾ ਕਰਦਾ। ਮਨੁਖਾਂ ਦੀ ਪਰਵਾਹ ਨਾ ਕਰਦਾ ਹੋਇਆ ਹਰਨਾਕਸ਼ ਵਾਂਗ ਸਰਬ ਸ਼ਕਤੀਵਾਨ ਪ੍ਰਮਾਤਮਾਂ ਨੂੰ ਵੀ ਭੁਲ ਗਿਆ। ਦੌਲਤ, ਮਾਲ-ਡੰਗਰ, ਮਹਿਲ ਮਾੜੀਆਂ ਸਭ ਚੀਜ਼ਾਂ ਨੂੰ ਇਹ ਸਮਝਣ ਲੱਗਾ ਕਿ ਉਸਦੀ ਕਮਾਈ ਹਨ। ਜੇਹੜੇ ਲੋਕ ਆਖਦੇ ਹਨ, ਪ੍ਰਮਾਤਮਾ ਹੈ ਤੇ ਮਾੜੇ ਚੰਗੇ ਕਰਮਾਂ ਦਾ ਫਲ ਦੇਂਦਾ ਹੈ, ਇਹ ਸਭ ਝੂਠ ਹੈ।

ਦੁਨੀ ਚੰਦ ਨੂੰ ਇਹ ਖਪਤ ਜੇਹਾ ਹੋ ਗਿਆ ਕਿ ਸਭ ਓਸ ਦੀ ਕਮਾਈ ਹੈ। ਜੇ ਉਹ ਸੇਵਕਾਂ ਤੇ ਘਰ ਦੇ ਨੌਕਰਾਂ ਨੂੰ ਪੁਛਦਾ ਰਹਿੰਦਾ, 'ਤੁਸੀਂ ਮੇਰਾ ਦਿਤਾ ਖਾਂਦੇ ਜੋ ਕਿ ਈਸ਼ਵਰ ਦਾ?' ਜੇਹੜਾ ਤਾਂ ਆਖਦਾ, 'ਸਰਕਾਰ ਆਪ ਦਾ ਦਿਤਾ ਖਾਂਦੇ ਹਾਂ ਆਪ ਗਰੀਬ ਦੇ ਮਾਈ ਬਾਪ ਜੇ।' ਉਸ ਉਤੇ ਤਾਂ ਦੁਨੀ ਚੰਦ ਬਹੁਤ ਪ੍ਰਸੰਨ ਹੁੰਦਾ ਜੋ ਕਹਿੰਦਾ 'ਸਰਕਾਰ ਸਭ ਦਾ ਅੰਨ ਦਾਤਾ ਭਗਵਾਨ (ਈਸ਼੍ਵਰ) ਹੈ, ਮਨੁਖ ਮਨੁਖ ਦੀ ਕੀ ਸਹਾਇਤਾ ਕਰ ਸਕਦਾ ਹੈ, ਸਭ ਭਗਵਾਨ ਦੀ ਮਾਯਾ ਹੈ।' ਉਸ ਨਾਲ ਨਰਾਜ ਹੋ ਜਾਂਦਾ। ਐਸਾ ਨਰਾਜ ਹੁੰਦਾ ਕਿ ਉਸਨੂੰ ਕੋਈ ਸਹਾਇਤਾ ਨਾ ਦੇਂਦਾ, ਅਤੇ ਮਰਨ ਮਾਰਨ ਤੇ ਤੁਲ ਜਾਂਦਾ।

ਸਬਬ ਨਾਲ ਇਕ ਦਿਨ ਘਰ ਬੈਠਿਆਂ ਹੋਇਆਂ ਉਸਨੂੰ ਖਿਆਲ

ਆਇਆ ਕਿ ਉਹ ਆਪਣੇ ਸਾਰੇ ਪ੍ਰਵਾਰ ਨੂੰ ਪੁਛੇ ਕਿ ਪ੍ਰਵਾਰ ਕਿਸਦਾ ਦਿਤਾ ਖਾਂਦਾ ਹੈ। ਇਹ ਵਿਚਾਰ ਫੁਰਨ ਤੇ ਉਸ ਨੇ ਸਾਰਿਆਂ ਨੂੰ ਇਕਠਿਆਂ ਕਰ ਲਿਆ। ਸਤ ਲੜਕੀਆਂ, ਇਕ ਘਰ ਵਾਲੀ ਚਾਰ ਜਵਾਈ, ਦੋਹਤਰੇ ਅਤੇ ਘਰ ਦੇ ਨੌਕਰ ਆ ਹਾਜ਼ਰ ਹੋਏ। ਜਿਵੇਂ ਕੋਈ ਹਾਕਮ ਦੋਸ਼ੀਆਂ ਨੂੰ ਕਚਹਿਰੀ ਵਿੱਚ ਸਦਕੇ ਉਨ੍ਹਾਂ ਦੇ ਦੋਸ਼ੀ ਜਾਂ ਨਿਰਦੋਸ਼ ਹੋਣ ਬਾਰੇ ਪੁਛਦਾ ਹੈ, ਤਿਵੇਂ ਉਹ ਇਕ ਇਕ ਤੇ ਸਵਾਲਕਰਨਾ ਲਗਾ।

'ਤੂੰ ਕਿਸਦਾ ਦਿਤਾ ਖਾਂਦਾ ਹੈਂ ?' ਦੁਨੀਚੰਦ ਦਾ ਸਵਾਲ ਸੀ।

'ਆਪ ਦਾ ਦਿਤਾ ਸਰਕਾਰ !' ਅਗਲਾ ਉਤਰ ਦੇਂਦਾ।

'ਅੰਨ ਦੁਧ, ਘਿਓ ਤੇ ਬਸਤ੍ਰ ਆਦਿਕ ਵਸਤੂਆਂ ਤੈਨੂੰ ਕੌਣ ਦੇਂਦਾ ਹੈ ?' ਦੁਨੀਚੰਦ ਨੇ ਵਹੁਟੀ ਨੂੰ ਪੁਛਿਆ।

'ਤੁਸੀਂ ਮਹਾਰਾਜ ! ਕਿਉਂਕਿ ਤੁਸੀਂ ਮੇਰੇ ਪਤੀ ਜੇ। ਤੁਸਾਂ ਤੋਂ ਬਿਨਾਂ ਮੇਰੀਆਂ ਜੀਵਨ ਲੋੜਾਂ ਭਲਾ ਹੋਰ ਕੌਣ ਪੂਰੀਆਂ ਕਰ ਸਕਦਾ ਹੈ ? ਤੁਸਾਂ ਦੀ ਕ੍ਰਿਪਾ ਨਾਲ ਇਸ ਘਰ ਵਿਚ ਮੈਂ ਬਹੁਤ ਸੁਖ ਭੋਗ ਹਨ।' ਦੁਨੀ ਚੰਦ ਦੀ ਵਹੁਟੀ ਦਾ ਜਵਾਬ ਸੀ।

ਏਸੇ ਤਰ੍ਹਾਂ ਇਕ ਇਕ ਕਰਕੇ ਛੇਆਂ ਲੜਕਆਿ ਨੂੰ ਪੁਛਿਆ। ਓਹਨਾਂ ਵੀ ਏਹੋ ਉਤਰ ਦਿਤਾ ਕਿ ਉਹ ਦੁਨੀਚੰਦ ਦੀ ਦੌਲਤ ਆਸਰੇ ਮਨ ਮਰਜੀ ਦਾ ਖਾ ਹੰਡਾ ਰਹੀਆਂ ਹਨ। ਪਰ ਸਤਵੀਂ ਲੜਕੀ ਰਜਨੀ। ਉਸਨੇ ਬੜੀ ਗੰਭੀਰਤਾ ਨਾਲ ਉਤਰ ਦਿਤਾ, 'ਪਿਤਾ ਜੀ ! ਖਿਮਾਂ ਕਰਨਾ, ਮੈਂ ਇਹ ਕੁਝ ਕਹਿਣ ਨੂੰ ਤਿਆਰ ਨਹੀਂ ਕਿ ਤੁਸਾਂ ਦਾ ਦਿਤਾ ਖਾ ਰਹੀ ਹਾਂ !'

'ਫਿਰ ਕਿਸਦਾ ਦਿਤਾ ਖਾ ਰਹੀ ਹੈਂ ?' ਦੁਨੀਚੰਦ ਨੇ ਲੋਹਾ ਲਾਖਾ ਹੋ ਕੇ ਪੁਛਿਆ।

'ਇਹ ਦੌਲਤ, ਮਾਲ ਡੰਗਰ, ਨੌਕਰ, ਮਹਲ ਅਤੇ ਪ੍ਰਤਾਪ ਸਭ ਭਗਵਾਨ ਦੀ ਬਖਸ਼ੀਸ਼ ਹੈ। ਹਰ ਪੁਰਸ਼ ਆਪਣੇ ਭਾਗ ਦਾ ਲਿਖਿਆ ਖਾਂਦਾ ਪੀਂਦਾ ਤੇ ਦੁਖ ਸੁਖ ਭੋਗਦਾ ਹੈ। ਮਨੁਖ ਆਸਰੇ ਮਨੁਖ ਜ਼ਰੂਰ ਹੈ ਕਿਉਂਕਿ ਇਹ ਇਕਲ ਜੀ ਨਹੀਂ ਸਕਦਾ। ਪਰ ਖਾਂਦਾ ਉਹ ਆਪਣੀ ਕਿਸਮਤ ਹੈ, ।' ਰਜਨੀ ਨੇ ਨਿਰਭੈਤਾ ਦੇ ਲਹਿਜੇ ਵਿਚ ਉਤਰ ਦਿਤਾ। 'ਇਸਦਾ ਸਿਧਾ ਅਰਥ ਹੋਇਆ ਕਿ ਤੂੰ ਮੇਰਾ ਦਿਤਾ

ਨਹੀਂ ਖਾ ਰਹੀ ? ਦੁਨੀਆਂ ਨੂੰ ਇਹੋ ਦਿਸਦਾ ਹੈ ਕਿ ਮੈਂ ਆਪਦੀ ਕਮਾਈ ਵਿਚੋਂ ਖਾ ਹੰਡਾ ਰਹੀ ਹਾਂ। ਕਿਉਂਕਿ ਭਗਵਾਨ ਦੀ ਮਾਯਾ ਐਸੀ ਹੈ ਉਹ ਆਪਣੇ ਜ਼ੁੰਮੇਂ ਕੋਈ ਗਲ ਨਹੀਂ ਲੈਂਦਾ।' ਪਰ ਸੱਚੀ ਗਲ ਇਹ ਹੈ ਕਿ ਮੇਰੇ ਹਿਸੇ ਦੀ ਹਰ ਚੀਜ਼ ਭਗਵਾਨ ਤੁਸਾਂ ਦੇ ਖਜ਼ਾਨੇ ਭੇਜਦਾ ਹੈ, ਮੈਂ ਖਾ ਹੰਡਾ ਲੈਂਦੀ ਹਾਂ ਜਿਸ ਦਿਨ ਮੇਰਾ ਅੰਨ ਜਲ ਤੁਸਾਂ ਦੇ ਘਰੋਂ ਮੁਕ ਗਿਆ, ਉਸ ਵੇਲੇ ਲਖ ਯਤਨ ਕਰਨ ਤੇ ਵੀ ਮੈਨੂੰ ਕੁਝ ਨਹੀਂ ਮਿਲੇਗਾ ਇਹ ਮੇਰਾ ਪਕਾ ਭਰੋਸਾ ਹੈ।' ਪੁਤ੍ਰੀ ਰਜਨੀ ਦੀ ਜ਼ਬਾਨੋਂ ਇਹ ਸੁਣਕੇ ਦੁਨੀ ਚੰਦ ਦੇ ਤਨ ਮਨ ਨੂੰ ਅੱਗ ਲਗ ਗਈ। ਉਹ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਉਸੇ ਵੇਲੇ ਆਖਿਆ, 'ਚੰਗਾ! ਸਵੇਰੇ ਹੀ ਦੇਖਦਾ ਹਾਂ, ਤੇਰਾ ਭਗਵਾਨ ਤੈਨੂੰ ਕੀ ਦੇਂਦਾ ਹੈ। ਕਿਸੇ ਲੰਗੜੇ ਲੂਲੇ ਨਾਲ ਤੇਰਾ ਵਿਆਹ ਕਰਕੇ ਘਰੋਂ ਕੱਢ ਦੇਂਦਾ ਹਾਂ। ਫਿਰ ਮੈਂ ਦੇਖਾਂਗਾ ਤੂੰ ਕਿਥੋਂ ਖਾਂਦੀ ਤੇ ਸੁਖ ਭੋਗਦੀ ਹੈਂ!'

'ਪਿਤਾ ਜੀ ! ਜੇ ਮੇਰੇ ਭਾਗ ਵਿਚ ਏਹ ਕੁਝ ਲਿਖਿਆ ਹੈ ਤਾਂ ਜ਼ਰੂਰ ਹੋਵੇਗਾ, ਜੇ ਮੇਰਾ ਸੰਜੋਗ ਕਿਸੇ ਲੂਲੇ ਲੰਗੜੇ ਜਾਂ ਕੋੜ੍ਹੀ ਨਾਲ ਹੈ ਤਾਂ ਕੋਈ ਹੋਣੀ ਨੂੰ ਟਾਲ ਨਹੀਂ ਸਕਦਾ, ਹੋਨੀ ਹੋਕੇ ਰਹੇਗੀ। ਰਾਤ ਦੁਨੀ ਚੰਦ ਨੂੰ ਨੀਂਦ ਨਹੀਂ ਆਈ, ਸਚ ਮੁਚ ਉਸ ਨੇ ਸ਼ਹਿਰ ਦੇ ਕਿਸੇ ਲੰਗੜੇ ਲੂਲੇ ਨਾਲ ਆਪਣੀ ਪੁਤ੍ਰੀ ਰਜਨੀ ਨੂੰ ਵਿਆਹ ਦੇਣ ਦਾ ਫੈਸਲਾ ਕਰ ਲਿਆ। ਉਹਦੀਆਂ ਧੀਆਂ, ਉਹਦੀ ਪਤਨੀ, ਆਂਢੀ ਗਵਾਂਢੀ ਸਮਝਾਉਣ ਲਗੇ ਕਿ ਜੋ ਕੁਝ ਉਹ ਕਰਨ ਲੱਗਾ ਹੈ, ਉਹ ਬਹੁਤ ਮਾੜਾ ਹੈ। ਜੇ ਮਾਸੂਮ ਬੱਚੀ ਜ਼ਿੱਦ ਕਰਕੇ ਕਿਸੇ ਗਲ ਤੇ ਖਲੋਤੀ ਹੈ ਤਾਂ ਕੋਈ ਡਰ ਨਹੀਂ। ਧੀਆਂ ਬਗਾਨਾ ਧਨ ਹੁੰਦੀਆਂ ਹਨ ਉਨ੍ਹਾਂ ਦੇ ਸੁਖ ਦੀ ਵਿਉਂਤ ਸੋਂਚਣੀ ਚਾਹੀਦੀ ਹੈ। ਦੁਨੀ ਚੰਦ ਕੋਲ ਮਾਯਾ ਸੀ, ਮਾਯਾ ਨੇ ਉਸਨੂੰ ਅੰਨਾ ਬੋਲਾ ਕਰ ਦਿਤਾ ਸੀ, ਉਹ ਆਪਣੀ ਜ਼ਿਦ ਤੋਂ ਨਾ ਟਲਿਆ। ਉਸਨੇ ਆਪ ਇਕ ਕੋੜ੍ਹੀ ਲਭ ਲਿਆ, ਉਸ ਕੋੜ੍ਹੀ ਨੂੰ ਘਰ ਲੈ ਆਇਆ। ਡੰਗਰਾਂ ਵਾਲੀ ਹਵੇਲੀ ਵਿਚ ਬੈਠਾ ਕੇ ਬ੍ਰਾਹਮਣ ਸਦੇ ਤੇ ਰਜਨੀ ਦੇ ਲਾਵਾਂ ਫੇਰੇ ਕਰ ਦਿਤੇ। ਗਲ ਦੇ ਕਪੜਿਆਂ ਨਾਲ ਕੋੜ੍ਹੀ ਦੇ ਨਾਲ ਤੋਰ ਦਿਤਾ ਕੋਹੜੀ ਨੂੰ ਹੁਕਮ ਕੀਤਾ ਕਿ ਉਹ ਪਟੀ ਰਾਜ ਦੀ ਹਦ ਤੋਂ ਦੂਰ ਚਲਿਆ ਜਾਵੇ। ਪੁਲਸ ਨੂੰ ਹੁਕਮ ਦਿਤਾ ਕਿ ਪੁਲਸ ਖਿਆਲ ਨਾਲ ਜੋੜੀ ਨੂੰ

ਜ਼ਲਾਵਤਨ ਕਰ ਦੇਵੇ। ਸਾਰੇ ਸ਼ਹਿਰ ਵਾਸੀਆਂ ਨੇ ਅਥਰੂ ਕੇਰੇ, ਰਜਨੀ ਦੀ ਮਾਤਾ ਨੇ ਧਾਹੀਂ ਮਾਰੀਆਂ, ਰਜਨੀ ਦੀਆਂ ਭੈਣਾਂ ਕੂਕੀਆਂ, ਪਰ ਦੁਨੀ ਚੰਦ ਨੂੰ ਤਰਸ ਨਾ ਆਇਆ। ਉਹ ਆਪਣੀ ਜਿਦ ਉਤੇ ਅਹਿਲ ਖਲੋਤਾ ਰਿਹਾ। ਰਜਨੀ ਵੀ ਘਬਰਾਈ ਨਹੀਂ। ਉਸ ਨੂੰ ਪ੍ਰਮਾਤਮਾ ਉਤੇ ਭਰੋਸਾ ਸੀ, ਉਸਨੇ ਲੋਕਾਂ ਨੂੰ ਕਿਹਾ ਜੇ ਭਗਵਾਨ ਨੇ ਉਹਦਾ ਸੰਜੋਗ ਕੋੜ੍ਹੀ ਨਾਲ ਲਿਖਿਆ ਹੈ ਤਾਂ ਰਾਜ ਕੁਮਾਰ ਨਾਲ ਸ਼ਾਦੀ ਨਹੀਂ ਹੋ ਸਕਦੀ। ਉਹਦੇ ਪਿਤਾ ਨੇ ਜੋ ਕੀਤਾ ਹੈ ਸੋ ਚੰਗਾ ਕੀਤਾ ਹੈ।

ਰਜਨੀ ਤੇ ਕੋੜ੍ਹੀ ਅਠਡਿਠੇ ਰਾਹ ਤੁਰੇ ਜਾਂਦੇ ਸਨ, ਰਜਨੀ ਦਾ ਲੂੰ ਲੂੰ ਆਖ ਰਿਹਾ ਸੀ, 'ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥ ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ ਨਿਹਫਲ ਆਸ ਸਭ ਬਿਰਥੀ ਜਾਈ॥' ਰਜਨੀ ਸੁੰਦਰ ਰਾਜਕੁਮਾਰੀ ਸੀ, ਉਮਰ ਹੌਲੀ ਸੀ ਪਰ ਜਾ ਰਹੀ ਸੀ ਕੋੜ੍ਹੀ ਨਾਲ। ਜਿਸਨੂੰ ਉਹ ਪਤੀ ਪ੍ਰਮੇਸਰ ਸਮਝਦੀ ਹੋਈ ਉਹਦਾ ਬਹੁਤ ਆਦਰ ਸਤਕਾਰ ਕਰ ਰਹੀ ਸੀ।

ਰਜਨੀ ਤੇ ਉਹਦਾ ਪਤੀ ਪੱਟੀ ਦਾ ਪਰਗਣਾ ਛੱਡਕੇ ਝਬਾਲ ਦੇ ਪਰਗਣੇ ਵਿਚ ਆ ਦਾਖਲ ਹੋਏ, ਅਕਲਵੰਦ ਰਜਨੀ ਆਪਣੇ ਕੋੜ੍ਹੀ ਪਤੀ ਨੂੰ ਪਿੰਡੋਂ ਬਾਹਰ ਕਿਸੇ ਦਰਖਤ ਹਠਾ ਬੈਠ ਦੇਂਦੀ ਤੇ ਆਪ ਪਿੰਡ ਵਿਚੋਂ ਰੋਟੀ ਮੰਗ ਕੇ ਲੈ ਆਉਂਦੀ। ਮੰਗੀਆਂ ਹੋਈਆਂ ਰੋਟੀਆ ਇਕੱਠੇ ਬੈਠ ਕੇ ਖਾ ਲੈਂਦੇ। ਕੋੜ੍ਹੀ ਨੇ ਰਜਨੀ ਨੂੰ ਬਹੁਤ ਆਖਿਆ ਕਿ ਉਹ ਉਸਨੂੰ ਛੱਡਕੇ ਆਪਣੇ ਬਾਪ ਦੇ ਘਰ ਚਲੀ ਜਾਵੇ ਅਤੇ ਬਾਪ ਕੋਲੋਂ ਖਿਮਾਂ ਮੰਗ ਲਵੇ ਤੇ ਹੀਰੇ ਵਰਗਾ ਸੁੰਦਰ ਤਨ ਮਨ ਖਾਕ ਵਿਚ ਨਾ ਰੋਲੇ। ਪਰ ਰਜਨੀ ਏਹੋ ਆਖਦੀ 'ਜੇ ਭਗਵਾਨ ਨੇ ਮੈਨੂੰ ਸੁਖ ਦੇਣਾ ਹੈ ਤੁਸਾਂਨੂੰ ਰਾਜ਼ੀ ਕਰ ਦੇਵੇਗਾ।'

ਹੌਲੀ ਹੌਲੀ ਰਜਨੀ ਆਪਣੇ ਪਤੀ ਨੂੰ ਪ੍ਰੇਮ ਤੇ ਸ਼ਰਧਾ ਦੀ ਉਂਗਲੀ ਲਾਕੇ ਉਸ ਢਾਬ ਕਿਨਾਰੇ ਲੈ ਆਈ ਜਿਸ ਢਾਬ ਦੇ ਦੂਸਰੇ ਕਿਨਾਰੇ ਸ੍ਰੀ ਗੁਰੂ ਰਾਮਦਾਸ ਜੀ ਨੇ ਨਵਾਂ ਸ਼ਹਿਰ ਵਸਾਇਆ ਸੀ। ਰਜਨੀ ਨੇ ਪਿੰਗਲੇ ਪਤੀ ਨੂੰ ਬੇਰੀ ਹੇਠ ਬੈਠਾ ਦਿਤਾ ਅਤੇ ਆਪ ਮੰਗਣ ਵਾਸਤੇ ਸੁਲਤਾਨ ਵਿੰਡ ਵਲ ਚਲੀ ਗਈ।

ਜਿਸ ਬੇਰੀ ਹੇਠ ਪਿੰਗਲਾ (ਕੋੜ੍ਹੀ) ਬੈਠਾ ਸੀ ਉਸ ਦੀ ਛਾਂ ਹੇਠਾਂ ਇਕ ਛਪੜੀ ਸੀ, ਜਿਸ ਦਾ ਜਲ ਬਹੁਤ ਨਿਰਮਲ ਸੀ। ਕਿਨਾਰਾ ਰਤਾ

ਨੀਵਾਂ ਹੋਣ ਕਰਕੇ ਕੋੜ੍ਹੀ ਦਾ ਹੱਥ ਨਹੀਂ ਸੀ ਪੈ ਸਕਦਾ। ਉਸ ਨੂੰ ਪਿਆਸ ਲੱਗੀ ਉਹ ਸੋਚਦਾ ਰਿਹਾ ਕਿ ਕਿਸ ਢੰਗ ਨਾਲ ਪਾਣੀ ਪੀਵੇ ਤੇ ਪਿਆਸ ਬੁਝਾਵੇ। ਪਿੰਗਲੇ ਨੇ ਦੇਖਿਆ ਸੀ ਕਾਲੇ ਕਾਂ ਆਉਂਦੇ ਨੇ ਅਤੇ ਜਦੋਂ ਛਪੜੀ ਦੇ ਪਾਣੀ ਵਿਚ ਨ੍ਹਾਉਂਦੇ ਹਨ ਤਾਂ ਚਿਟੇ ਹੁੰਦੇ ਜਾਂਦੇ ਹਨ। ਇਸ ਕੌਤਕ ਨੂੰ ਉਹ ਕਿੰਨਾ ਚਿਰ ਦੇਖਦਾ ਰਿਹਾ। ਕੁਦਰਤ ਦੇ ਰੰਗ, ਭਾਗਾਂ ਵਿਚ ਸ਼ਾਇਦ ਇਸੇ ਤਰ੍ਹਾਂ ਲਿਖਿਆ ਸੀ, ਸੁਤੇ ਸਿਧ ਹੀ ਉਸਨੂੰ ਫੁਰਨਾ ਫੁਰਿਆ ਹੋਵੇ ਨਾ ਇਸ ਛਪੜੀ ਦੇ ਜਲ ਵਿਚ ਕੋਈ ਅੰਮ੍ਰਿਤ ਬੂਟੀ ਹੋਵੇ ਜਿਸ ਨਾਲ ਕਾਵਾਂ ਦਾ ਰੰਗ ਬਦਲ ਰਿਹਾ ਹੈ ਜੇ ਮੈਂ ਇਸ਼ਨਾਨ ਕਰਾਂ ਤਾਂ ਮੇਰਾ ਕੋੜ੍ਹ ਵੀ ਸ਼ਾਇਦ ਹਟ ਜਾਵੇ। ਫਿਰ ਆਪ ਹੀ ਸੋਚਦਾ "ਨਹੀਂ, ਇਹ ਨਹੀਂ, ਹੋ ਸਕਦਾ ? ਮੇਰੇ ਮਾਤਾ ਪਿਤਾ ਕੋੜ੍ਹ ਦੇ ਰੋਗ ਨਾਲ ਮਰੇ, ਮੈਂ ਜਨਮ ਦਾ ਕੋੜ੍ਹੀ ਹਾਂ।ਮੇਰੇ ਐਨੇ ਚੰਗੇ ਭਾਗ ਕਿਥੋਂ ? ਮੈਂ ਕਿਨਾਰੇ ਹੀ ਬੈਠਾ ਰਹਿੰਦਾ ਹਾਂ ਕਿਤੇ ਇਹ ਨਾ ਹੋਵੇ ਡੂੰਘੇ ਪਾਣੀ ਵਿਚ ਡਿਗ ਕੇ ਮਰ ਜਾਵਾਂ ਤੇ ਰਜਨੀ ਨੂੰ ਹੋਰ ਬਿਪਤਾ ਪਾ ਜਾਵਾਂ। ਉਹ ਅਗੇ ਹੀ ਬਹੁਤ ਦੁਖੀ ਹੈ।" ਇਉਂ ਉਹਕਿੰਨਾਚਿਰ ਸੋਚਦਾ ਰਿਹਾਇਕ ਕਾਂਆਇਆ ਉਹਦੇ ਪਰ ਉਡੇ ਹੋਏ ਸਨ, ਉਹ ਜਦੋਂ ਨ੍ਹਾਤਾ ਤਾਂ ਉਹਦੇ ਪਰ ਠੀਕ ਹੋ ਗਏ। ਇਹ ਕੌਤਕ ਦੇਖਕੇ ਪਿੰਗਲੇ ਨੇ ਫਿਰ ਹੌਂਸਲਾ ਕੀਤਾ। ਉਹ ਜਲ ਦੇ ਕਿਨਾਰੇ ਖਲੋ ਗਿਆ। ਉਹਦੇ ਪੈਰਾਂ ਵਿਚ ਬਲ ਸੀ, ਪਰ ਹਥ ਨਿਰਬਲ ਸਨ। ਉਹ ਤੁਰ ਸਕਦਾ ਸੀ, ਪਰ ਹੱਥਾਂ ਨਾਲ ਕੋਈ ਕੰਮ ਨਹੀਂ ਸੀ ਕਰ ਸਕਦਾ। ਐਥੋਂ ਤਕ ਕਿ ਰੋਟੀ ਦੀ ਬੁਰਕੀ ਤੋੜਨੀ ਵੀ ਔਖੀ ਸੀ। ਥੋੜੇ ਜਹੇ ਪਲ ਸੋਚਕੇ, ਝਿਜਕ ਝਿਜਕ ਕੇ ਉਸਨੇ ਜਲ ਵਿਚ ਛਾਲ ਮਾਰ ਦਿੱਤੀ। ਜਲ ਬਹੁਤ ਡੂੰਘਾ ਨਹੀਂ ਸੀ ਉਸ ਨੇ ਜਲ ਵਿਚ ਚੁਬੀ ਮਾਰ ਦਿੱਤੀ ਸਿਰ ਦੇ ਵਾਲ ਵੀ ਜਲ ਵਿਚ ਡੋਬ ਦਿਤੇ ਉਹ ਕਿੰਨਾ ਚਿਰ ਜਲ ਵਿਚ ਚੁਬੀਆਂ ਮਾਰਦਾ ਰਿਹਾ। ਇਹ ਦੇਖਣ ਵਾਸਤੇ ਕਿ ਚੰਦਰਾ ਰੋਗ ਉਹ ਦੇ ਤਨ ਤੋਂ ਉਡ ਗਿਆ ਹੈ ਕਿ ਨਹੀਂ ? ਉਸ ਨੇ ਖਲੋ ਕੇ ਦੋਹਾਂ ਹੱਥਾਂ ਵਲ ਦੇਖਿਆ। ਹੱਥਾਂ ਉਤੋਂ ਚੰਦ੍ਰਾ ਕੋੜ੍ਹ ਰੋਗ ਦੂਰ ਹੋ ਚੁੱਕਾ ਸੀ। ਉਹਦੇ ਹੱਥਾਂ ਦੀਆਂ ਉਂਗਲੀਆਂ ਜੋ ਗਲੀਆਂ ਹੋਈਆ ਸਨ ਤੇ ਪਾਕ ਵਗਦੀ ਸੀ, ਫਲੀਆਂ ਵਾਂਗ ਸੁੰਦਰ ਹੋ ਗਈਆਂ ਸਨ। ਉਨ੍ਹਾਂ ਵਿਚ ਪੂਰਾ ਬਲ ਆ ਗਿਆ ਸੀ ਉਹ ਖੁਸ਼ੀ ਨਾਲ ਕੁਦ ਕੇ ਜਲ ਤੋਂ ਬਾਹਰ ਹੋ ਗਿਆ। ਸਿਰ ਤੋਂ ਪੈਰਾਂ ਦੀਆਂ ਉਂਗਲੀਆਂ ਤਕ ਉਸਨੇ ਆਪਣੇ

ਸਰੀਰ ਨੂੰ ਦੇਖਿਆ ਸਾਰਾ ਸਰੀਰ ਕੁੰਦਨ ਹੋ ਚੁਕਾ ਸੀ ਚੰਦੇ ਰੋਗਦਾ ਕਿਤੇ ਨਿਸ਼ਾਨ ਨਹੀਂ ਸੀ ਰਿਹਾ। ਪਿੰਗਲੇ ਦੀ ਉਮਰ ਵੀਹ ਕੁ ਸਾਲ ਸੀ ਉਹਦੇ ਚੇਹਰੇ ਚੀ ਕਰੂ-ਪਤਾ ਦੂਰ ਹੋ ਗਈ। ਉਹ ਬਹੁਤ ਹੀ ਸੁੰਦਰ ਜਵਾਨ ਪ੍ਰਤੀਤ ਹੋਣ ਲੱਗਾ। ਕਰਤਾਰ ਨੇ ਰਜਨੀ ਦੇ ਭਰੋਸੇ ਨੂੰ ਚਾਰ ਚੰਨ ਲਾ ਦਿਤੇ। ਉਹਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਉਹ ਜਿੱਤ ਗਈ, ਉਹਦਾ ਬਾਪ ਹਾਰ ਗਿਆ। ਭਗਵਾਨ ਨੇ ਆਪਣੀ ਵਡਿਆਈ ਨੂੰ ਆਪ ਕਾਇਮ ਰਖ ਲਿਆ। ਰਜਨੀ ਆਈ ਉਹਦੀ ਝੋਲੀ ਵਿਚ ਅੱਠ ਸਤ ਰੋਟੀਆਂ ਸਨ। ਉਸ ਨੇ ਜਿਉਂ ਹੀ ਜਲ ਕਿਨਾਰੇ ਗਭਰੂ ਵਲ ਦੇਖਿਆ ਤਾਂ ਤ੍ਰੱਬਕ ਕੇ ਪਿਛੇ ਹਟ ਗਈ। ਉਹ ਗੌਰ ਨਾਲ ਦੇਖਣ ਲੱਗੀ। ਪਿੰਗਲਾ ਐਨਾ ਬਦਲ ਗਿਆ ਸੀ ਕਿ ਉਹ ਪਛਾਣ ਨਾ ਸਕੀ ਉਹਦੀਆਂ ਅੱਖਾਂ ਆਪਣਾ ਪਿੰਗਲਾ ਲਭਣ ਲਗੀਆਂ। ਉਹ ਘਬਰਾ ਗਈ ਉਸ ਘਬਰਾਈ ਹੋਈ ਨੇ ਅਰੋਗ ਤੇ ਸੁੰਦਰ ਗਭਰੂ ਨੂੰ ਪੁਛਿਆ "ਤੂੰ ਕੌਣ ਹੈਂ ? ਮੇਰਾ ਪਤੀ ਕਿਥੇ ਹੈ ?" "ਰਜਨੀ ! ਮੈਂ ਹੀ ਤੇਰਾ ਪਤੀ ਪਿੰਗਲਾ ਹਾਂ। ਭਗਵਾਨ ਨੇ ਤੇਰੀ ਬੇਨਤੀ ਸੁਣ ਲਈ ਮੈਨੂੰ ਰਾਜ਼ੀ ਕਰ ਦਿਤਾ। ਕਿਸੇ ਤਰਾਂ ਦਾ ਸ਼ਕ ਨਾ ਕਰ, ਹੁਣ ਤੇਰੇ ਦੁਖ ਕਟੇ ਗਏ।" ਗਭਰੂ ਦਾ ਉਤਰ ਸੀ। 'ਮੈਂ ਨਹੀਂ ਮੰਨਦੀ ! ਤੂੰ ਕੋਈ ਹੋਰ ਹੈਂ, ਮੇਰੀ ਜਵਾਨੀ ਤੇ ਸੁੰਦਰਤਾ ਉਤੇ ਬੇ-ਈਮਾਨ ਹੋ ਗਿਆ ਹੈਂ।ਤੂੰ ਮੇਰੇ ਪਤੀ ਪਿੰਗਲੇ ਨੂੰ ਮਾਰ ਦਿਤਾ। ਛੇਤੀ ਦੱਸ ਮੇਰਾ ਪਤੀ ਕਿਥੇ ਹੈ ? ਮੈਂ ਉਸ ਦੇ ਦੇਖੇ ਬਿਨਾ ਜੀਉਂਦੀ ਨਹੀਂ ਰਹਿ ਸਕਦੀ। ਪਾਪੀ ! ਛੇਤੀ ਦਸ।' ਰਜਨੀ ਕ੍ਰੋਧ ਨਾਲ ਕੰਬਣ ਲੱਗੀ।

"ਪਵਿਤ੍ਰਤਾ ਦੀ ਮੂਰਤ, ਸਤਵੰਤੀ ਰਜਨੀ ! ਮਾੜਾ ਬੋਲ ਜ਼ਬਾਨੋਂ ਨ ਬੋਲ, ਮੇਰੀ ਅਵਾਜ਼ ਪਛਾਣ, ਮੈਨੂੰ ਆਸ ਹੈ ਕਿ ਮੈਂ ਬਹੁਤ ਨਹੀਂ ਬਦਲ ਗਿਆ। ਜੋ ਮੇਰੇ ਚੇਹਰੇ ਦੇ ਦਾਗ ਮਿਟ ਗਏ ਹਨ ਨਕਸ਼ ਤਾਂ ਓਹੋ ਹੀ ਹਨ। ਮੈਂ ਸਚ ਆਖਦਾ ਹਾਂ ਇਸ ਜਲ ਵਿਚ ਕੋਈ ਅੰਮ੍ਰਿਤ ਹੈ। ਭਰਮ ਨਾ ਕਰ ਤੇਰੇ ਜਹੀ ਦੇਵੀ ਨਾਲ ਧੋਖਾ ਕਰਨ ਵਾਲਾ ਪਾਪੀ ਪੁਰਸ਼ ਜੀਉਂਦਾ ਨਹੀਂ ਰਹਿ ਸਕਦਾ। ਸਾਰੇ ਭਰਮ ਦੂਰ ਕਰ। ਰੋਟੀ ਮੈਨੂੰ ਫੜਾ ਮੈਂ ਖਾਵਾਂ ਮੈਨੂੰ ਭੁਖ ਲਗੀ ਹੋਈ ਹੈ।"

ਰਜਨੀ ਹੈਰਾਨੀ ਤੇ ਗੁਸੇ ਵਿਚ ਸੀ। ਉਹ ਸਤਵੰਤੀ ਤੇ ਸੁੰਦਰ ਮੁਟਿਆਰ ਸੀ ਉਹ ਇਸ ਖਤਰੇ ਨੂੰ ਅਨਭਵ ਕਰਦੀ ਸੀ ਕਿ ਉਸ ਨਾਲ

ਕੋਈ ਧੋਖਾ ਨਾ ਹੋਵੇ। ਅਜੇ ਆਪੋ ਵਿਚ ਦੀ ਝਗੜ ਹੀ ਰਹੇ ਸਨ ਕਿ ਗੁਰੂ ਰਾਮ-ਦਾਸ ਜੀ ਦਾ ਇਕ ਸਿਖ ਲਕੜੀਆਂ ਦੀ ਪੰਡ ਸਿਰ ਤੇ-ਚੁਕੀ ਉਧਰ ਆ ਨਿਕਲਿਆ। ਘਬਰਾਈ ਹੋਈ ਰਜਨੀ ਨੇ ਉਸ ਸਿਖ ਨੂੰ ਆਪਣੀ ਸਾਰੀ ਕਥਾ ਸੁਣਾਈ ਤੇ ਕਿਹਾ "ਇਸ ਗਭਰੂ ਉਤੇ ਮੈਨੂੰ ਸ਼ਕ ਹੈ ਕਿ ਇਸ ਨੇ ਮੇਰੇ ਪਤੀ ਦੇਵ ਨੂੰ ਮਾਰ ਦਿਤਾ ਹੈ ਉਸਦੀ ਲੋਥ ਕਿਤੇ ਦੂਰ ਸੁਟ ਦਿਤੀ ਹੈਹੁਣ ਆਖਦਾ ਹੈ ਮੈਂ ਹੀ ਤੇਰਾਪਤੀ ਹਾਂ ਭਲਾ ਇਕ ਕੋੜ੍ਹੀ ਪੁਰਸ਼ ਇਕ ਦਿਨ ਵਿਚ ਕਿਵੇਂ ਰਾਜੀ ਹੋਸਕਦਾ ਹੈ ਇਹ ਝੂਠ ਬੋਲ ਰਿਹਾ ਹੈ।" ਉਸ ਸਿਖ ਨੇ ਕਿਹਾ "ਮੇਰੇ ਨਾਲ ਆਓ ! ਸਤਿਗੁਰੂ ਜੀ ਦੇ ਡੇਰੇ ਚਲੋ ਸਤਿਗੁਰੂ ਜੀ ਅੰਤ੍ਰਯਾਮੀ ਹਨ ਉਹ ਘਟ ਘਟ ਦੀ ਜਾਨਣਹਾਰ ਹਨ ਤੁਸਾਂਦੋਹਾਂ ਦਾ ਓਹੋ ਹੀ ਫੈਸਲਾ ਕਰ ਸਕਦੇ ਹਨ, ਹੋਰ ਕੋਈ ਫੈਸਲਾ ਨਹੀਂ ਕਰ ਸਕਦਾ। ਹੇ ਬੀਬੀ ਜੋ ਕੁਝ ਇਹ ਗਭਰੂ ਦਸ ਰਹੇ ਹਨ, ਇਹ ਆਤਮਿਕ ਸ਼ਕਤੀ ਨਾਲ ਸਬੰਧ ਰਖਦਾ ਮਾਮਲਾ ਹੈ। ਸਧਾਰਨ ਪੁਰਸ਼ ਇਸ ਅਚੰਭੇ ਕੌਤਕ ਨੂੰ ਨਹੀਂ ਸਮਝ ਸਕਦਾ। ਚਲੋ ਮੇਰੇ ਨਾਲ ਤੇਰੇ ਸਾਰੇ ਡਰ ਤੇ ਭਰਮ ਦੂਰ ਹੋ ਜਾਣਗੇ।"

ਬੀਬੀ ਰਜਨੀ ਤੇ ਉਹਦਾ ਪਤੀ ਗੁਰ ਸਿਖ ਦੇ ਨਾਲ ਤੁਰ ਪਏ।ਅਗੇ ਸਤਿ-ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸਤਿਗੁਰੂ ਜੀ ਸੰਘਾਸਨ ਉਤੇ ਬਰਾਜ-ਮਾਨ ਸਨ। ਦੋਹਾਂ ਨੇ ਮੱਥਾ ਟੇਕਿਆ। ਲੰਗਰ ਵਿਚ ਲੱਕੜਾਂ ਸੁੱਟਕੇ ਸਿਖ ਵੀ ਸਤਿਗੁਰੂ ਜੀ ਦੇ ਪਾਸ ਆ ਗਿਆ। ਉਸ ਸਿੱਖ ਨੇ ਹੱਥ ਜੋੜ ਕੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ-"ਮਹਾਰਾਜ ! ਇਸ ਇਸਤ੍ਰੀ ਪੁਰਸ਼ ਜਾ ਇਕ ਵੱਡਾ ਝਗੜਾ ਹੈ। ਆਪ ਨਬੇੜਾ ਕਰੋ। ਦੋਹਾਂ ਦੀ ਜ਼ਬਾਨੀ ਦੋਹਾਂ ਦਾ ਬਿਆਨ ਸੁਣ ਲਵੋ ਕੀ ਇਹ ਦੋਵੇਂ ਪਤੀ-ਪਤਨੀ ਹਨ ?' 'ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀਨਿਵਾਰੇ ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਰੇ ਨਾਮ ਪਰ।' ਸੋਲਾਂ ਕਲਾ ਸੰਪੂਰਨ ਰਿਧੀਆਂ ਸਿਧੀਆਂ ਦੇ ਮਾਲਕ ਸਤਿਗੁਰੂ ਜੀ ਨੇ ਪਹਿਲਾਂ ਬੀਬੀ ਰਜਨੀ ਨੂੰ ਆਖਿਆ ਕਿ ਉਹ ਸਾਰੀ ਕਥਾ ਸੁਣਾਵੇ। ਰਜਨੀ ਨੇ ਆਪਣੇ ਬਾਪ ਦੁਨੀ ਚੰਦ ਦੇ ਵਿਚਾਰਾਂ ਤੋਂ ਸ਼ੁਰੂ ਕਰਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਣ ਤਕ ਸਾਰੀ ਕਥਾ ਵਿਸਥਾਰ ਨਾਲ ਸੁਣਾਈ। ਉਸਦੇ ਪਿਛੋਂ ਰਜਨੀ ਦੇ ਪਤੀ ਨੇ ਆਪਣਾ ਹਾਲ ਦਸਿਆ। ਉਸਨੇ ਅੰਤ ਵਿਚ ਕਿਹਾ, 'ਮਹਾਰਾਜ ! ਮੈਂ ਇਸ

ਦਾ ਪਤੀ ਹਾਂ। ਛਪੜੀ ਦੇ ਜਲ ਵਿਚ ਕੋਈ ਐਸੀ ਸ਼ਕਤੀ ਹੈ ਜਿਸ ਨੇ ਮੇਰੇ ਸਾਰੇ ਰੋਗ ਦੂਰ ਕਰ ਦਿਤੇ ਹਨ। ਦੋਹਾਂ ਦੇ ਬਿਆਨ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ, 'ਬੀਬੀ ਰਜਨੀ ! ਇਹ ਗਭਰੂ ਤੇਰਾ ਪਤੀ ਹੈ। ਇਹ ਅਸਥਾਨ ਸ਼ਕਤੀ ਵਾਲਾ ਹੈ। ਏਥੇ ਅੰਮ੍ਰਿਤ ਹੈ। ਅਸਾਂ ਦੇ ਸਤਿਗੁਰੂ ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ, 'ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥' ਲਾਹੌਰ ਭਾਵੇਂ ਸ਼ਹਿਰ ਹੈ, ਫਿਰ ਵੀ ਅੰਮ੍ਰਿਤਸਰ ਨਾਮ ਦਾ ਸ਼ਹਿਰ ਵਸੇਗਾ, ਜੋ ਬਹੁਤ ਵਡਿਆਈਆਂ ਦਾ ਕੇਂਦਰ ਹੋਵੇਗਾ, ਏਥੇ ਅੰਮ੍ਰਿਤ ਦਾ ਕੁੰਡ ਹੈ। ਇਹ ਤੁਸਾਂ ਦੇ ਵਸੀਲੇ ਨਾਲ ਪ੍ਰਗਟ ਹੋ ਗਿਆ, ਤੁਸੀ ਸੁਭਾਗ ਜੋੜੀ ਹੋ। ਕਰਤਾਰ ਦਾ ਸਿਮਰਨ ਕਰੋ, ਧਰਮ ਕਿਰਤ ਕਰਕੇ ਜੀਵਨ ਨਿਰਬਾਹ ਕਰਦੇ ਰਹਿਣਾ। ਸਤਿਗੁਰੂ ਜੀ ਨੇ ਏਥੇ ਤਲਾ ਪੁਟਣ ਵਾਸਤੇ ਆਗਿਆ ਕੀਤੀ ਸੀ, ਸਮਾਂ ਨਹੀਂ ਮਿਲਿਆ। ਹੁਣ ਛੇਤੀ ਹੀ ਤਲਾ ਪੁਟ-ਇਆ ਜਾਵੇਗਾ, ਤਾਂ ਕਿ ਸੰਸਾਰ ਦੇ ਦੁਖੀ ਪੁਰਸ਼ ਤਨ ਤੇ ਮਨ ਦੀ ਅਰੋਗਤਾ ਹਾਸਲ ਕਰ ਲੈਣ। ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣਕੇ ਰਜਨੀ ਬਹੁਤ ਪ੍ਰਸੰਨ ਹੋਈ, ਉਸਨੇ ਛੇਤੀ ਨਾਲ ਪਹਿਲਾਂ ਸਤਿਗੁਰੂ ਜੀ ਦੇ ਚਰਨਾਂ ਉਤੇ ਮਥਾ ਟੇਕਿਆ ਤੇ ਫਿਰ ਆਪਣੇ ਪਤੀ ਦੇਵ ਦੇ ਚਰਨਾਂ ਉਪਰ ਝੁਕੀ।ਭੁਲੇਖੇ ਵਿਚ ਜੋ ਵਧ ਘਟ ਬਚਨ ਬੋਲੇ ਸਨ ਉਨ੍ਹਾਂ ਦੀ ਖਿਮਾ ਮੰਗੀ। ਸਤਿਗੁਰੂ ਜੀ ਨੇ ਦੋਹਾਂ ਨੂੰ ਕੋਲ ਬੈਠਾਇਆ ਤੇ ਗੁਰ ਮਤ ਦਾ ਉਪਦੇਸ਼ ਦਿਤਾ। ਬੀਬੀ ਦੀ ਜੋ ਸ਼ਰਧਾ ਪ੍ਰਮਾਤਮਾ ਉਪਰ ਸੀ, ਉਹ ਨੂੰ ਹੋਰ ਪਕਿਆਂ ਕਰਨ ਵਾਸਤੇ ਸਾਹਿਬਾਂ ਨੇ ਸ਼ਬਦ ਉਚਾਰਿਆ:-

> ਹਰਿ ਅਗਮ ਅਗੋਚਰੁ ਸਦਾ ਅਬਿਨਾਸੀ ॥ ਸਰਬੇ ਰਵਿ ਰਹਿਆ ਘਟ ਵਾਸੀ ॥
> ਤਿਸੁ ਬਿਨੁ ਅਵਰੁ ਨਹੀ ਕੋਈ ਦਾਤਾ ਹਰਿ ਤਿਸਹਿ ਸਰੇਵਹੁ ਪ੍ਰਾਣੀ ਹੇ ॥੧॥
> ਜਾ ਕਉ ਰਾਖੈ ਹਰਿ ਰਾਖਣਹਾਰਾ ॥ ਤਾ ਕਉ ਕੋਇ ਨ ਸਾਕਸਿ ਮਾਰਾ ॥ ਸੋ ਐਸਾ
> ਹਰਿ ਸੇਵਹੁ ਸੰਤਹੁ ਜਾ ਕੀ ਊਤਮ ਬਾਣੀ ਹੇ ॥੨॥ ਜਾ ਜਾਪੈ ਕਿਛੁ ਕਿਥਾਊ
> ਨਾਹੀ ॥ ਤਾ ਕਰਤਾ ਭਰਪੂਰਿ ਸਮਾਹੀ ॥ ਸੂਕੇ ਤੇ ਫੁਨਿ ਹਰਿਆ ਕੀਤੋਨੁ ਹਰਿ
> ਧਿਆਵਹੁ ਚੋਜ ਵਿਡਾਣੀ ਹੇ ॥੩॥ (ਮਾਰੂ ਸੋਲਹੇ ਮਹਲਾ ੪)

ਤਿਸਦਾ ਪ੍ਰਮਾਰਥ ਸਤਿਗੁਰੂ ਜੀ ਦਸਦੇ ਹਨ "ਹੇ ਪੁਤ੍ਰੀ ! ਸਾਰੇ ਜਗਤ ਦਾ ਦਾਤਾ ਪ੍ਰਮਾਤਮਾ ਹੈ ਉਹ ਵਡਾ ਹੈ, ਇੰਦ੍ਰੀਆਂ ਦੇ ਵਿਸ਼ੇ ਉਸ ਨੂੰ ਤੰਗ ਨਹੀਂ ਕਰਦੇ ਉਹ ਅਮਰ ਪ੍ਰਮਾਤਮਾ ਹੈ। ਸਾਰੇ ਜਗਤ ਵਿਚ ਉਹ

ਵਸਦਾ ਹੈ। ਪੁਰਸ਼ਾਂ ਦੇ ਹਿਰਦੇ ਵਿਚ ਉਹਦਾ ਵਾਸ ਹੈ। ਇਹ ਸਚ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਦੂਸਰਾ ਕੋਈ ਨਹੀਂ ਜੋ ਜਗਤ-ਜੀਵਾਂ ਨੂੰ ਰੋਜੀ ਦੇ ਸਕੇ। ਇਸ ਵਾਸਤੇ ਉਸ ਦਾਤੇ ਨੂੰ ਸਦਾ ਸਿਮਰਦੇ ਰਹਿਣਾ ਚਾਹੀਦਾ ਹੈ ਜਿਸ ਪੁਰਸ਼ ਨੂੰ ਪ੍ਰਮਾਤਮਾਂ ਸੁਖੀ ਤੇ ਜੀਉਂਦਾ ਰਖਣਾ ਚਾਹੁੰਦਾ ਹੈ ਉਸ ਨੂੰ ਕੋਈ ਨਹੀਂ ਮਾਰ ਸਕਦਾ। ਤੇਰੇ ਬਾਪ ਜਹੇ ਲੋਕ ਐਵੇਂ ਹੰਕਾਰ ਕਰਦੇ ਹਨ।ਐਸੇ ਸਰਬ ਸ਼ਕਤੀਵਾਨ ਪ੍ਰਮਾਤਮਾ ਨੂੰ ਸਦਾ ਜਪਦੇ ਰਹਿਣਾ ਚਾਹੀਦਾ ਹੈ। ਉਸ ਦੀ ਬਾਣੀ ਬਹੁਤ ਉਤਮ ਹੈ। ਉਹ ਪ੍ਰਮਾਤਮਾ ਹਰ ਥਾਂ ਵਸਦਾ ਹੈ ਜੇਹੜਾ ਉਸ ਨੂੰ ਸਿਮਰੇ ਉਸ ਨੂੰ ਹੋਰ ਕਿਸੇ ਦੇ ਸਿਮਰਨ ਦੀ ਲੋੜ ਨਹੀਂ ਰਹਿੰਦੀ। ਉਸ ਦਾਤੇ ਦੇ ਕੀ ਗੁਣ ਵਰਨਣ ਕਰੀਏ ਉਹ ਤਾਂ ਸੁਕਿਆਂ ਨੂੰ ਹਰਿਆਂ ਕਰਦਾ ਹੈ। ਰੋਗੀਆਂ ਦੇ ਰੋਗ ਕਟਦਾ ਹੈ। ਪੁਤ੍ਰੀ ਰਾਤ ਦਿਨੇ ਪ੍ਰਮਾਤਮਾਂ ਨੂੰ ਚੇਤੇ ਰਖੀਂ ਤੇਰੇ ਸਾਰੇ ਦੁਖ ਪ੍ਰਮਾਤਮਾ ਨੇ ਦੂਰ ਕਰ ਦਿਤੇ ਹਨ।"

ਰਜਨੀ ਤੇ ਉਹਦਾ ਪਤੀ ਸਤਿਗੁਰ ਜੀ ਦੇ ਹਜ਼ੂਰ ਹੀ ਰਹਿਣ ਲਗ ਪਏ। ਸਤਿਗੁਰੂ ਜੀ ਨੇ ਸਰੋਵਰ ਪੁਟਾਇਆ। ਜਦੋਂ ਸਰੋਵਰ ਤਿਆਰ ਹੋ ਗਿਆ ਤਾਂ ਸਤਿਗੁਰੂ ਜੀ ਨੇ ਬਹੁਤ ਸਾਰੇ ਵਰ ਦਿਤੇ—ਇਹ ਅੰਮ੍ਰਿਤ ਦਾ ਸਰ ਹੈ ਜਿਸ ਵਿਚ ਕਾਂ ਨ੍ਹਾ ਕੇ ਹੰਸ ਹੋ ਗਏ ਇਹ ਐਸਾ ਸਤਵਾਦੀ ਤੀਰਥ ਹੈ।

> ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ ॥ ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥ (ਗੂਜਰੀ ਮਃ ੪

ਇਹ ਇਤਿਹਾਸਕ ਘਟਨਾ ਸੰਮਤ ੧੬੩੨ ਬਿਃ ਦੀ ਹੈ ਦੁਖਭੰਜਨੀ ਬੇਰ ਤੋਂ ਸਰੋਵਰ ਪੁਟਾਉਣਾ ਸ਼ੁਰੂ ਕਰਾ ਦਿਤਾ ਗਿਆ, ਸੰਗਤਾਂ ਨੇ ਸਰੋਵਰ ਪੁਟਣ ਦੀ ਸੇਵਾ ਕੀਤੀ। ਸੰਮਤ ੧੬੩੫ ਨੂੰ ਸਾਰਾ ਸਰੋਵਰ ਪੁਟਿਆ ਗਿਆ। ਜਦੋਂ ਸਰੋਵਰ ਪੁਟਕੇ ਤਿਆਰ ਹੋ ਗਿਆ ਤਾਂ ਸਤਿਗੁਰਾਂ ਨੇ ਸਰੋਵਰ ਨੂੰ ਪੱਕਾ ਕਰਨ ਦਾ ਫੈਸਲਾ ਕੀਤਾ। ਸਤਿਗੁਰਾਂ ਦੇ ਸਾਹਿਬਜ਼ਾਦੇ ਪ੍ਰਿਥੀਚੰਦ ਨੇ ਗੁਰੂ ਕੇ ਮਹਿਲਾਂ ਵਾਸਤੇ ਆਵੇ ਚੜ੍ਹਾਏ ਸਨ, ਸਤਿਗੁਰਾਂ ਨੇ ਉਨ੍ਹਾਂ ਵਿਚੋਂ ਇੱਟਾਂ ਲੈਕੇ ਸਰੋਵਰ ਨੂੰ ਪੱਕਾ ਕਰਨ ਦੀ ਨੀਂਹ ਰਖੀ। ਇਹ ਸੇਵਾ ਸੰਮਤ ੧੬੩੫ ਦੇ ਮੱਧ ਵਿਚ ਪ੍ਰਾਰੰਭ ਕੀਤੀ ਗਈ। ਇਸ ਵੇਲੇ ਨੂੰ ਸ਼ਹਿਰ ਵੀ ਚੰਗਾ ਵਸ ਗਿਆ। ਅੰਮ੍ਰਿਤਸਰ ਪਹਿਲਾਂ ਸ਼ਹਿਰ ਦਾ ਨਾਮ ਨਹੀਂ ਸੀ, ਸਗੋਂ ਭਾਵ ਸੀ ਅੰਮ੍ਰਿਤ ਦਾ ਸਰ (ਤਾਲਾਬ) ਹੌਲੀ ਹੌਲੀ 'ਰਾਮਦਾਸ ਪੁਰਾ' ਤੇ

'ਗੁਰੂ ਕਾ ਚੱਕ'' ਨਾਮ ਲੋਕਾਂ ਨੂੰ ਭੁਲ ਗਿਆ ਤੇ 'ਅੰਮ੍ਰਿਤਸਰ' ਨਾਮ ਪ੍ਰਸਿਧ ਹੋ ਗਿਆ। ਅੰਮ੍ਰਿਤਸਰ' ਨਾਮ ਨੇ ਸ੍ਰੀ ਗੁਰੂ ਅਰਜਨ ਦੇਵ ਜ਼ੀ ਦੇ ਸਮੇਂ ਪ੍ਰਸਿਧਤਾ ਹਾਸਲ ਕੀਤੀ ਹੈ।

੧੦. ਅਕਬਰ ਬਾਦਸ਼ਾਹ ਦਾ ਰਾਮਦਾਸ ਪੁਰ ਆਉਣਾ

ਅਕਬਰ ਬਾਦਸ਼ਾਹ ਗੁਰੂ ਘਰ ਦਾ ਬਹੁਤ ਸ਼ਰਧਾਲੂ ਹੋ ਚੁਕਾ ਸੀ ਉਹ ਜਦੋਂ ਵੀ ਪੰਜਾਬ ਆਉਂਦਾ ਰਿਹਾ ਤਦੋਂ ਹੀ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਰਿਹਾ। ਸੰਮਤ ੧੬੩੬ ਬਿ: ਵਿਚ ਉਹ ਆਇਆ, ਲਾਹੌਰ ਆਏ ਨੂੰ ਪਤਾ ਲਗਾ ਕਿ ਗੁਰੂ ਨਾਨਕ ਜੀ ਦੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਨਵਾਂ ਸ਼ਹਿਰ ਵਸਾ ਰਿਹਨ। ਬਾਦਸ਼ਾਹ ਨੇ ਨਵੇਂ ਸਰੋਵਰ ਪੁਟਣ ਦੀ ਵੀ ਵਾਰਤਾ ਸੁਣੀ, ਕਿਉਂਕਿ ਲਾਹੌਰੋਂ ਸਰੋਵਰ ਦੀ ਕਾਰ ਸੇਵਾ ਵਾਸਤੇ ਬਹੁਤੇ ਸਿਖ ਸੇਵਕ ਆਇਆ ਕਰਦੇ ਸਨ। ਅਕਬਰ ਬਾਦਸ਼ਾਹ ਗੁਰੂ ਕੇ ਚੱਕ (ਰਾਮਦਾਸ ਪੁਰ) ਪੁਜਾ। ਉਹ ਸੇਵਾ ਦੇ ਮਹਾਨ ਕੁੰਭ ਨੂੰ ਦੇਖਕੇ ਹੈਰਾਨ ਹੋ ਗਿਆ। ਜੰਗਲ ਵਿੱਚ ਮੰਗਲ ਹੋ ਰਿਹਾ ਸੀ. ਗੁਰੂ ਕਾ ਬਾਜ਼ਾਰ ਪੱਕਾ ਬਣ ਚੁਕਾ ਸੀ, ਹਟੀਆਂ ਖੁਲ ਚੁਕੀਆਂ ਸਨ ਗੁਰੂ ਕਾ ਲੰਗਰ ਅਟੁਤ ਵਰਤ ਰਿਹਾ ਸੀ, ਸਿਖ ਸੇਵਕ ਪ੍ਰੇਮ ਤੇ ਭਗਤੀ ਦੇ ਨਸ਼ੇ ਨਾਲ ਦੀਵਾਨੇ ਹੋਏ ਹੋਏ ਏਧਰ ਉਧਰ ਖੁਸ਼ੀ ਖੁਸ਼ੀ ਫਿਰਦੇ ਹੋਏ ਸੇਵਾ ਕਰ ਰਹੇ ਸਨ। ਉਹ ਅਕੇਵਾਂ ਤੇ ਥਕੇਵਾਂ ਅਨਭਵ ਨਹੀਂ ਸਨ ਕਰਦੇ 'ਸਤਿਨਾਮ, ਸਤਿ ਕਰਤਾਰ' ਦਾ ਜਾਪ ਹਰ ਜ਼ਬਾਨ ਕਰ ਰਹੀ ਸੀ ਕਿਤੇ ਕਿਤੇ ਦਰਖਤਾਂ ਦੇ ਹੇਠਾਂ ਕਈ ਭਜਨੀਕ ਸਮਾਧੀਆਂ ਲਾਕੇ ਬੈਠੇ ਪ੍ਰਮਾਤਮਾਂ ਦੇ ਨਾਮ ਦਾ ਸਿਮਰਨ ਕਰ ਰਹੇ ਸਨ। 'ਰਾਮਦਾਸ ਪੁਰ' ਦਾ ਸਾਰਾ ਵਾਯੂ ਮੰਡਲ ਬੜਾ ਸੁਹਾਵਣਾ ਤੇ ਸਵਰਗ ਆਸ਼੍ਰਮ ਸੀ।

ਸਤਿਗੁਰੂ ਰਾਮਦਾਸ ਜੀ ਨੇ ਭੀ ਗੁਰੂ ਕਾ ਲੰਗਰ ਜਾਰੀ ਕੀਤਾ ਹੋਇਆ ਸੀ। ਬਾਹਰੋਂ ਆਏ ਸਜਏ ਪਹਿਲਾਂ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਦੇ ਤੇ ਫਿਰ ਗੁਰੂ ਜੀ ਦੇ ਦਰਸ਼ਨ ਕਰਦੇ ਅਕਬਰ ਬਾਦਸ਼ਾਹ ਨੇ ਵੀ ਪਹਿਲਾਂ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ। ਗੁਰੂ ਕੇ ਲੰਗਰ ਕੇ ਪ੍ਰਸ਼ਾਦਿਆਂ ਤੇ ਦਾਲ ਵਿਚੋਂ ਅੰਮ੍ਰਿਤ ਸਮਾਨ ਸਵਾਦ ਆਇਆ। ਗਰੀਬਾਂ ਤੇ ਸਾਧੂਆਂ ਦੀ ਸੇਵਾ ਹੁੰਦੀ ਦੇਖਕੇ ਬਾਦਸ਼ਾਹ ਬਹੁਤ

ਖੁਸ਼ ਹੋਇਆ। ਸਤਿਗੁਰੂ ਜੀ ਦੇ ਦਰਸ਼ਨ ਕੀਤੇ ੧੦੧ ਸੋਨੇ ਦੀ ਮੋਹਰ ਭੇਟਾ ਕੀਤੀ।

ਜਦੋਂ ਅਕਬਰ ਬਾਦਸ਼ਾਹ ਗੋਇੰਦਵਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆ ਤਾਂ ਝਬਾਲ ਪ੍ਰਗਣੇ ਦੀ ਜਗੀਰ ਦੇ ਆਯਾ ਸੀ ਇਨ੍ਹਾਂ ਪਿੰਡਾਂ ਦਾ ਇੰਤਕਾਲ ਅਜੇ ਨਹੀਂ ਸੀ ਹੋਇਆ। ਹੁਣ ਅਕਬਰ ਨੇ ਸਰਕਾਰੀ ਕਰਮਚਾਰੀਆਂ ਨੂੰ ਕਿਹਾ ਕਿ ਉਹ ਇੰਤਕਾਲ ਕਰ ਦੇਣ। ਬਾਰਾਂ ਪਿੰਡਾਂ ਦੀ ਜਾਗੀਰ ਗੁਰੂ ਕੇ ਲੰਗਰ ਕੇ ਨਾਮ ਲਾ ਦਿਤੀ। ਸਤਿਗੁਰੂ ਜੀ ਤਾਂ ਬਾਦਸ਼ਾਹ ਨੂੰ ਆਖਦੇ ਰਹੇ ਕਿ ਉਨ੍ਹਾਂ ਨੂੰ ਦੁਨਿਆਵੀ ਬਾਦਸ਼ਾਹੀ ਵਲੋਂ ਜਗੀਰ ਦੀ ਲੋੜ ਨਹੀਂ ਉਨ੍ਹਾਂ ਦਾ ਸੱਚਾ ਪਾਤਸ਼ਾਹ ਪ੍ਰਮਾਤਮਾ ਉਨ੍ਹਾਂ ਨੂੰ ਸਭ ਕੁਝ ਬਖਸ਼ੀ ਜਾਂਦਾ ਹੈ ਪਰ ਬਾਦਸ਼ਾਹਹੋਰ ਸ਼ਰਧਾਲੂ ਹੋ ਗਿਆ। ਉਹ ਤਾਂ ਲਾਹੌਰ ਦੀ ਸੂਬੇਦਾਰੀ ਗੁਰੂ ਘਰ ਦੇ ਨਾਮ ਲਾਉਣ ਵਾਸਤੇ ਤਿਆਰ ਸੀ। ਸਾਰਾ ਦਿਨ ਸਤਿਗੁਰੂ ਜੀ ਦੇ ਕੋਲ ਰਹਿਕੇ ਗਿਆਨ ਅਤੇ ਸ਼ਾਂਤੀ ਹਾਸਲ ਕਰਦਾ ਰਿਹਾ ਨਿਹਾਲ ਹਕੇ ਲਾਹੌਰ ਨੂੰ ਚਲਿਆ ਗਿਆ।

ਬਾਦਸ਼ਾਹ ਅਕਬਰ ਦੀ ਇਸ ਫੇਰੀ ਦਾ ਅਸਰ ਆਮ ਲੋਕਾਂ ਉਤੇ ਬਹੁਤ ਪਿਆ। ਥਾਂ ਥਾਂ ਗੁਰੂ ਘਰ ਦੀ ਉਪਮਾ ਹੋਣ ਲਗੀ। ਲੋਕ ਬਹੁਤੇ ਗੁਰੂ ਘਰ ਆਉਣ ਲਗੇ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਣ ਲਗੇ ਘਰ ਘਰ ਗੁਰੂ ਜਸ ਹੋਣ ਲੱਗਾ।

੧੧. ਬਾਬਾ ਸ੍ਰੀ ਚੰਦ ਜੀ ਦਾ ਗੁਰੂ ਰਾਮਦਾਸ ਜੀ ਨਾਲ ਮਿਲਾਪ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਡੇ ਸਪੁਤ੍ਰ ਸ੍ਰੀ ਚੰਦ ਜੀ ਜਟਾਧਾਰੀ ਨਾਂਗੇ ਤੇ ਉਦਾਸੀ ਸਾਧੂ ਹੋ ਗਏ ਸਨ। ਉਨ੍ਹਾਂ ਨੇ ਉਦਾਸੀਆਂ ਦਾ ਪੰਥ ਚਲਾਇਆ ਸੀ। ਘੋਰ ਤਪਸਿਆ ਕੀਤੀ ਆਪ ਸਦਾ ਦੇਸ ਵਿਚ ਵਿਚਰਦੇ ਰਹਿੰਦੇ ਸਨ। ਗੁਰਗੱਦੀ ਨਾ ਮਿਲਣ ਤੇ ਆਪ ਨੂੰ ਗੁਸਾ ਸੀ ਉਸ ਗੁਸੇ ਦੇ ਕਾਰਨ ਆਪ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਨੂੰ ਨਹੀਂ ਮਿਲੇ। ਜਦੋਂ ਆਪ ਫਿਰਦੇ ਸਨ ਤਾਂ ਉਨ੍ਹਾਂ ਦੇ ਨਾਲ ਬਹੁਤ ਸਾਰੇ ਸਾਧੂ ਹੁੰਦੇ ਸਨ। ਬਾਬਾ ਸ੍ਰੀ ਚੰਦ ਜੀ ਪੁਰਾਣੀ ਨਰਾਜਗੀ ਨੂੰ ਭੁਲ ਗਏ, ਇਕ ਦਿਨ ਉਨ੍ਹਾਂ ਦੇ ਚਿਤ ਆਈ ਕਿ ਗੁਰੂ ਨਾਨਕਦੇਵਜੀਦੀਗੁਰਗੱਦੀਉਤੇਜੋ

ਗੁਰੂ ਹਨ, ਉਨ੍ਹਾਂ ਦੀ ਮਹਿਮਾਂ ਸਾਰੇ ਪੰਜਾਬ ਵਿਚ ਬਹੁਤ ਗਾਈ ਜਾ ਰਹੀ ਹੈ। ਥਾਂ ਥਾਂ ਚਰਚਾ ਹੈ, ਹੋਵੇ ਨਾ ਤਾਂ ਉਨ੍ਹਾਂ ਗੁਰੂ ਸਾਹਿਬਾਂ ਦੇ ਦਰਸ਼ਨ ਕਰੀਏ। ਆਪਣੇ ਸੇਵਕਾਂ ਨੂੰ ਨਾਲ ਲੈ ਕੇ 'ਰਾਮਦਾਸ ਪੁਰ' ਵਲ ਆਏ। ਸ੍ਰੀ ਚੰਦ ਜੀ ਅਗੇ ਇਕ ਪੜਾਅ ਦੂਰ ਸਨ ਕਿ ਸਤਿਗੁਰਾਂ ਨੂੰ ਪਤਾ ਲਗ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਡ ਸਾਹਿਬਜ਼ਾਦੇਆ ਰਹੇ ਹਨ। ਇਹ ਸੁਣਦੇ ਸਾਰ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਪੰਜ ਸੌ ਰੁਪਿਆ ਨਗਦ ਲਿਆ। ਬਹੁਤ ਸਾਰੀ ਮਠਿਆਈ ਤਿਆਰ ਕਰਵਾਈ ਤਾਂ ਕਿ ਸ੍ਰੀ ਚੰਦ ਜੀ ਦਾ ਸਤਿਕਾਰ ਕੀਤਾ ਜਾਵੇ।

ਧਰਮਸਾਲਾ ਤੋਂ ਉਠਕੇ ਸਤਿਗੁਰੂ ਜੀ ਸ੍ਰੀ ਚੰਦ ਨੂੰ ਅਗੋਂ ਲੈਣ ਵਾਸਤੇ ਗਏ। ਬੜੇ ਪ੍ਰੇਮ ਨਾਲ ਮਿਲੇ ਇਕਠੇ ਡੇਰੇ ਆਂ ਗਏ, ਸਤਿਗੁਰੂ ਜੀ ਨੇ ਸ੍ਰੀ ਚੰਦ ਨੂੰ ਸਿੰਘਾਸਨ ਉਤੇ ਬੈਠਾ ਕੇ ਪੰਜ ਸੌ ਰੁਪਿਆ ਤੇ ਮਠਿਆਈ ਭੇਟਾ ਕੀਤੀ। ਕੁਝ ਚਿਰ ਗਿਆਨ ਚਰਚਾ ਹੁੰਦੀ ਰਹੀ, ਸਤਿਗੁਰੂ ਜੀ ਦਾ ਪ੍ਰਤਾਪ ਦੇਖਕੇ ਸ੍ਰੀ ਚੰਦ ਜੀ ਬਹੁਤ ਹੈਰਾਨ ਹੋਏ ਉਨ੍ਹਾਂ ਦੇ ਹਿਰਦੇ ਵਿਚ ਕੁਝ ਈਰਖਾ ਦੀ ਅੰਸ ਆ ਗਈ। ਉਨ੍ਹਾਂ ਨੇ ਸਤਿਗੁਰੂ ਜੀ ਨੂੰ ਕਿਹਾ, 'ਹੇ ਮਹਾ ਪੁਰਸ਼ੋ ਇਹ ਤਾਂ ਦਸੋ ਐਨੀ ਲੰਮੀ ਦਾਹੜੀ ਕਿਉਂ ਵਧਾਈ ਹੈ?' ਸਾਹਿਬਾਂ ਨੇ ਗੁਸਾ ਨਹੀਂ ਕੀਤਾ, ਕਿਉਂਕਿ ਸ੍ਰੀ ਚੰਦ ਜੀ ਆਯੂ ਵਿਚ ਵੀ ਗੁਰੂ ਜੀ ਨਾਲੋਂ ਬਹੁਤ ਵਡੇਰੀ ਆਯੂ ਦੇ ਸਨ। ਸਾਹਿਬਾਂ ਨੇ ਨਿਰਮਾਨਤਾ ਦੇ ਲਹਿਜੇ ਵਿਚ ਉੱਤਰ ਦਿਤਾ 'ਇਹ ਦਾਹੜੀ ਇਸ ਵਾਸਤੇ ਲੰਮੀ ਵਧਾਈ ਹੈ ਤਾਂ ਕਿ ਤੁਸਾਂ ਜਹੇ ਬਜ਼ੁਰਗਾਂ, ਵਿਦਵਾਨਾਂ ਤੇ ਜੋਗੀਆਂ ਦੇ ਚਰਨ ਸਾਫ ਕਰਕੇ ਜੀਵਨ ਸਫਲ ਕਰੀਏ।' ਇਹ ਆਖ ਕੇ ਸਤਿਗੁਰੂ ਜੀ ਬਾਬਾ ਸ੍ਰੀ ਚੰਦ ਜੀ ਦੇ ਚਰਨਾ ਨੂੰ ਆਪਣੇ ਦਾਹੜੇ ਨਾਲ ਸਾਫ ਕਰਨ ਲਗ ਪਏ।' ਸਤਿਗੁਰੂ ਜੀ ਦੀ ਇਹ ਨਿਰਮਾਣਤਾ ਦੇਖ ਕੇ ਸ੍ਰੀ ਚੰਦ ਜੀ ਬਹੁਤ ਸ਼ਰਮਿੰਦੇ ਹੋਏ। ਉਨ੍ਹਾਂ ਨੇ ਛੇਤੀ ਨਾਲ ਝੁਕ ਕੇ ਸਤਿਗੁਰੂ ਜੀ ਦੇ ਹੱਥ ਫੜ ਲਏ। ਹੱਥਾਂ ਨੂੰ ਉਪਰ ਕਰਕੇ ਪ੍ਰੇਮ ਨਾਲ ਬੋਲੇ—"ਹੇ ਮਹਾਂ ਪੁਰਸ਼ੋ! ਬਸ! ਏਹੋ ਗੁਣ ਸਨ ਜਿਸ ਕਾਰਨ ਗੁਰਗਦੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮੇਰੇ ਪਿਤਾ ਜੀ ਕੋਲੋਂ ਹਾਸਲ ਕੀਤਾ। ਮੇਰੇ ਵਿਚ ਇਹ ਗੁਣ ਨਹੀਂ ਸਨ। ਮੈਂ ਹੰਕਾਰੀ ਸਾਂ, ਸੇਵਾ ਕਰਨ ਤੋਂ ਸਦਾ ਕੰਨੀ ਕਤਰਾਉਂਦਾ ਸਾਂ। ਨਿਰਮਾਣਤਾ, ਭਗਤੀ ਤੇ ਸੇਵਾ ਹੀ

ਤਿੰਨ ਗੁਣ ਹਨ ਜੋ ਮਨੁੱਖ ਨੂੰ ਬਹੁਤ ਉੱਚਾ ਲੈ ਜਾਂਦੇ ਹਨ। ਅਸਾਂ ਨੂੰ ਇਹ ਹਉਮੈ ਸੀ ਕਿ ਅਸੀਂ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਹਾਂ ਅਸੀਂ ਕਿਉਂ ਸੇਵਾ ਕਰੀਏ। ਇਸ ਹਉਮੈ ਨੇ ਸਚੀ ਪਾਤਸ਼ਾਹੀ ਅਸਾਂ ਕੋਲੋਂ ਖੋਹਕੇ ਲਹਿਣਾ ਜੀ ਨੂੰ ਦਿਵਾ ਦਿਤੀ, ਤੁਸੀਂ ਪੂਜਣ ਯੋਗ ਹੋ, ਜੋ ਤੁਸਾਂ ਦੇ ਦਰਸ਼ਨ ਕਰਨਗੇ ਸੋ ਤਰਣਗੇ, ਜਿਵੇਂ ਸਤਿਗੁਰੂ ਜੀ ਦਾ ਬਚਨ ਹੈ:—

ਚਲ ਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥
ਸਾਚੈ ਸਬਦਿ ਮੁਕਤਿ ਗਤਿ ਪਾਇ ॥ ਨਾਨਕ ਵਿਚਹੁ ਆਪ ਗਵਾਏ ॥ (ਆਸਾ ਮ: ੧)

ਤੁਸੀਂ ਪੂਰੇ ਗੁਰੂ ਜੇ, ਜਿਨ੍ਹਾਂ ਕੋਲ ਭਗਤੀ, ਸਿਮਰਨ, ਪ੍ਰੇਮ, ਦਇਆ ਤੇ ਸੇਵਾ ਦਾ ਵਡਾ ਖਜ਼ਾਨਾ ਹੈ। ਮੇਰਾ ਤਾਂ ਖੁਦ ਚਿਤ ਕਰ ਰਿਹਾ ਹੈ:—

ਨਿਵਿ ਨਿਵਿ ਪਾਇ ਲਗਉ ਗੁਰ ਅਪਨੇ ਆਤਮ ਰਾਮੁ ਨਿਹਾਰਿਆ ॥ ਕਰਤ
ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥ (ਆਸਾ ਮ: ੧)

ਕੁਝ ਸਤਿਗੁਰਾਂ ਪਾਸ ਰਹਿਕੇ ਸ੍ਰੀ ਚੰਦ ਜੀ ਅਗੇ ਚਲੇ ਗਏ।

੧੨. ਭਾਈ ਭਿਖਾਰੀ ਜੀ ਦਾ ਪ੍ਰਸੰਗ

ਇਕ ਦਿਨ ਸ਼ਾਮ ਦੇ ਦੀਵਾਨ ਵਿਚ ਸਤਿਗੁਰੂ ਜੀ ਉਪਦੇਸ਼ ਕਰ ਰਹੇ ਸਨ, ਉਪਦੇਸ਼ ਸਮੇਂ ਗੁਰਮੁਖ ਤੇ ਮਨਮੁਖ ਦੀ ਚਰਚਾ ਸ਼ੁਰੂ ਹੋ ਗਈ, ਸਤਿਗੁਰੂ ਜੀ ਨੇ ਗੁਰਮੁਖ ਸਿਖ ਦੀ ਬਹੁਤ ਵਡਿਆਈ ਕੀਤੀ, ਇਸ ਚਰਚਾ ਨੂੰ ਸੁਣਕੇ ਇਕ ਪਿਸ਼ਾ-ਵਰ ਦੇ ਸਿਖ ਭਾਈ ਗੁਰਮੁਖ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ, 'ਸਚੇ ਪਾਤਸ਼ਾਹ ਮੈਨੂੰ ਐਸੇ ਸਿਖ ਦੇ ਦਰਸ਼ਨ ਕਰਾਏ ਜਾਣ ਜੋ ਗੁਰਮੁਖ ਹੈ।'

'ਚੰਗੀ ਗਲ ਹੈ, ਪੁਰਸ਼ਾ ਕਲ ਹੀ ਗੁਜਰਾਤ ਨੂੰ ਤੁਰ ਜਾਹ, ਗੁਜਰਾਤ ਦੇ ਵਿਚ ਇਕ ਸਿਖ ਭਾਈ ਭਿਖਾਰੀ ਰਹਿੰਦੇ ਹਨ ਉਨ੍ਹਾਂ ਨੂੰ ਜਾ ਮਿਲੀਂ, ਉਹ ਸਚੇ ਗੁਰਮੁਖ ਹਨ। ਉਹ ਖੁਸ਼ੀ ਤੇ ਗਮੀ ਨੂੰ ਇਕ ਸਮਾਨ ਜਾਣਦੇ ਹਨ।' ਸਤਿਗੁਰੂ ਜੀ ਦਾ ਉੱਤਰ ਸੀ। ਅਗਲੇ ਦਿਨ ਸਵੇਰੇ ਹੀ ਉਹ ਪਸ਼ੌਰੀਆ ਸਿਖ ਰਾਮਦਾਸਪੁਰ ਤੋਂ ਪੈਦਲ ਗੁਜਰਾਤ ਨੂੰ ਤੁਰ ਪਿਆ। ਮੰਜ਼ਲੋ ਮੰਜ਼ਲੀ ਚੌਥੇ ਦਿਨ ਗੁਜਰਾਤ ਪੁਜਾ ਉਸਨੇ ਭਾਈ ਭਿਖਾਰੀ ਜੀ ਦਾ ਘਰ ਪੁਛਿਆ, ਭਾਈ ਭਿਖਾਰੀ ਜੀ ਸਾਰੀ ਗੁਜਰਾਤ ਵਿਚ ਪ੍ਰਸਿਧ ਹਸਤੀ ਸਨ। ਸਾਰੇ ਉਨ੍ਹਾਂ ਨੂੰ 'ਭਗਤ ਜੀ' ਆਖਕੇ

ਬੁਲਾਉਂਦੇ ਸਨ। ਪੁਛਦੇ ਪੁਛਾਉਂਦੇ ਹੋਏ ਪਸ਼ੌਰੀ ਸਿਖ ਭਾਈ ਭਿਖਾਰੀ ਨੂੰ ਜਾਂ ਮਿਲੇ। ਭਾਈ ਭਿਖਾਰੀ ਦੇ ਘਰ ਬਹੁਤ ਰੌਣਕਾਂ ਸਨ, ਹਲਵਾਈ ਮਠਿਆਈਆਂ ਕਢ ਰਹੇ ਸਨ, ਦਰਜੀ ਲੀੜੇ ਸੀਉਣ ਵਿਚ ਰੁਝੇ ਸਨ ਘਰ ਵਾਲੇ ਮਸ਼ੀਨਾਂ ਦੀ ਤਰ੍ਹਾਂ ਤੁਰੇ ਫਿਰਦੇ ਹੋਏ ਕੰਮ ਕਰੀ ਜਾਂਦੇ ਸਨ। ਸਿਖ ਭਾਈ ਭਿਖਾਰੀ ਦੇ ਲਾਗੇ ਜਾ ਬੈਠਾ।

ਭਾਈ ਭਿਖਾਰੀ ਨੂੰ ਜਦੋਂ ਪਤਾ ਲੱਗਾ ਕਿ ਸਿਖ ਗੁਰੂ ਦਰਬਾਰ ਵਿਚੋਂ ਆਇਆ ਹੈ ਭਾਈ ਭਿਖਾਰੀ ਨੇ ਉਸੇ ਵੇਲੇ ਸਿੱਖ ਦੇ ਚਰਨ ਧੋਤੇ। ਚਰਨ ਧੋਕੇ ਚਰਨਾਮ੍ਰਿਤ ਸਾਰੇ ਪ੍ਰਵਾਰ ਨੂੰ ਪਿਆਇਆ। ਪ੍ਰਸ਼ਾਦ ਤਿਆਰ ਕਰਵਾਕੇ ਛਕਾਇਆ ਪ੍ਰਸ਼ਾਦ ਛਕਣ ਪਿਛੋਂ ਭਾਈ ਭਿਖਾਰੀ ਜੀ ਸਿਖ ਨੂੰ ਉਸ ਅਸਥਾਨ ਉਤੇ ਨਾਲ ਲੈ ਗਏ, ਜਿਥੇ ਉਹ ਬੇਰੀਆਂ ਤੇ ਛੱਟਾਂ ਦੀਆਂ ਟਾਕੀਆਂ ਨਾਲ ਇਕ ਤਕੜਾ ਝੁਲ ਤਿਆਰ ਕਰ ਰਹੇ ਸਨ। ਉਸ ਤਰਾਂ ਦਾ ਝੁਲ ਮੁਕਾਣਾਂ ਹੇਠ ਵਛਾਇਆ ਜਾਂਦਾ ਸੀ। ਉਸ ਦੇ ਨੇੜੇ ਐਸੀ ਸਮਗਰੀ ਇਕੱਠੀ ਕੀਤੀ ਹੋਈ ਸੀ ਜੋ ਪ੍ਰਾਣੀ ਦੇ ਅੰਤ ਸਮੇਂ ਵਰਤੀ ਜਾਂਦੀ ਹੈ। ਇਹ ਸਾਰੀਆਂ ਚੀਜ਼ਾਂ ਦੇਖਕੇ ਪਸ਼ੌਰੀ ਸਿਖ ਭਾਈ ਗੁਰਮੁਖ ਜੀ ਬਹੁਤ ਹੈਰਾਨ ਹੋਇਆ। ਆਪਣੀ ਹੈਰਾਨੀ ਨੂੰ ਦੂਰ ਕਰਨ ਬਦਲੇ ਉਸ ਨੇ ਭਾਈ ਭਿਖਾਰੀ ਜੀ ਨੂੰ ਪੁਛਿਆ "ਭਾਈ ਭਿਖਾਰੀ ਜੀ ! ਮੈਂ ਆਪ ਦੇ ਘਰ ਆਕੇ ਜੋ ਕੁਝ ਦੇਖਿਆ ਹੈ ਉਸ ਨੇ ਮੈਨੂੰ ਹੈਰਾਨ ਕਰ ਦਿੱਤਾ ਹੈ।"

"ਕਿਸ ਗਲ ਦੀ ਹੈਰਾਨੀ ਭਾਈ ?" ਭਾਈ ਭਿਖਾਰੀ ਨੇ ਪੁਛਿਆ, ਪਰ ਝੁਲ ਸੀਉਣ ਤੋਂ ਨਹੀਂ ਰੁਕਿਆ॥

"ਮੈਨੂੰ ਇਹ ਦਸੋ ! ਇਕ ਪਾਸੇ ਤਾਂ ਵਿਆਹ ਦੀ ਖੁਸ਼ੀ ਕਰਨ ਦੀਆਂ ਤਿਆਰੀਆਂ ਹਨ, ਕਿਧਰੇ ਮਠਿਆਈ ਬਣਾਈ ਜਾ ਰਹੀ ਹੈ, ਦਰਜੀ ਲੀੜੇ ਸਿਉਂ ਰਹੇ ਹਨ, ਇਸਤ੍ਰੀਆਂ ਟੂੰਮਾਂ, ਚੂੜੀਆਂ ਤੇ ਕੰਘੀਆਂ ਸੁਰਮੇ ਖਰੀਦ ਰਹੀਆਂ ਹਨ, ਪ੍ਰਾਹੁਣੇ ਆ ਰਹੇ ਹਨ, ਮੰਜੇ ਤੇ ਵਾਧੂ ਬਰਤਨ ਇਕੱਠੇ ਕੀਤੇ ਜਾ ਰਹੇ ਹਨ। ਬਰਾਤ ਵਾਸਤੇ ਘੋੜਿਆਂ ਤੇ ਘੋੜੀਆਂ ਨੂੰ ਵੀ ਮੰਗਿਆ ਤੇ ਸ਼ਿੰਗਾਰਿਆ ਜਾ ਰਿਹਾ ਹੈ, ਨਾਲ ਹੀ ਦੂਸਰੇ ਪਾਸੇ ਇਸ ਅਸਥਾਨ ਉਤੇ ਮੈਂ ਦੇਖ ਰਿਹਾ ਹਾਂ ਕਿ ਆਪ ਐਸੀਆਂ ਚੀਜ਼ਾਂ ਇਕਠੀਆਂ ਕਰ ਰਹੇ ਹੋ ਜੋ ਪ੍ਰਾਣੀ ਦੇ ਅੰਤ ਸਮੇਂ ਕੰਮ ਆਉਂਦੀਆਂ ਹਨ। ਇਹ ਕੌਤਕ ਕੀ ਹੈ ? ਮਿਰਤਕ ਸਮਿਗਰੀ ਇਕਠੀ ਕਰਨ ਦਾ ਕੀ ਮਨੋਰਥ ?"

'ਹੇ ਗੁਰਮੁਖ ਜੀ ਤੁਸੀਂ ਆਏ ਜੇ, ਏਥੇ ਰਹੋ, ਉਹ ਖਸਮ(ਪ੍ਰਮਾਤਮਾ)ਦਾਜੋ ਖੇਲ ਹੁੰਦਾ ਹੈ ਉਸ ਨੂੰ ਦੇਖੀ ਜਾਣਾ। ਮੈਨੂੰ ਦਸਣ ਦੀ ਲੋੜ ਨਹੀਂ। ਈਸ਼੍ਵਰ ਦੇ ਰੰਗਾਂ ਨੂੰ ਕੋਈ ਨਹੀਂ ਜਾਣ ਸਕਦਾ। ਉਹਦੇ ਭਾਣੇ ਨੂੰ ਉਲਟਾਉਣਾ ਯੋਗ ਨਹੀਂ। ਪੰਜਵੇਂ ਦਿਨ ਨੂੰ ਦੇਖ ਲੈਣਾ ਕੀ ਭਾਣਾ ਵਰਤਦਾ ਹੈ।'

"ਕੀ ਭਾਣਾ ਵਰਤੇਗਾ ਜੀ ?" ਗੁਰਮੁਖ ਨੇ ਪੁਛਿਆ।

"ਇਹ ਮੈਨੂੰ ਕੁਝ ਪਤਾ ਨਹੀਂ ਵਰਤੇਗਾ ਜਰੂਰ।" ਭਾਈ ਭਿਖਾਰੀ ਨੇ ਉਤਰ ਦਿਤਾ ਤੇ ਆਪਣੇ ਕੰਮ ਲਗ ਗਿਆ। ਗੱਲਾਂ ਹੋਰ ਪਾਸੇ ਤੋਰ ਲਈਆਂ। ਦੋ ਦਿਨ ਗਿਆਨ ਚਰਚਾ ਹੁੰਦੀ ਰਹੀ। ਗੁਰਮੁਖ ਨੇ ਦੇਖਿਆ ਭਾਈ ਭਿਖਾਰੀ ਨੇ ਪੁਤ੍ਰ ਦੇ ਵਿਆਹ ਦੀ ਖੁਸ਼ੀ ਮਨਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਜੰਵ ਚੜ੍ਹਨ ਦਾ ਵੇਲਾ ਆਇਆ ਭਾਈ ਭਿਖਾਰੀ ਦਾ ਲੜਕਾ ਲਾੜਾ ਬਣਿਆਂ ਤੇ ਘੋੜੀ ਚੜ੍ਹਿਆ। ਭੈਣਾਂ ਨੇ ਵਾਗ ਫੜੀ, ਮਾਂ ਨੇ ਸ਼ਗਨ ਕੀਤੇ, ਸ਼ਰੀਕੇ ਤੇ ਰਿਸ਼ਤੇ-ਦਾਰ ਭਰਜਾਈਆਂ ਨੇ ਸੁਰਮੇ ਪਾਏ, ਵਾਜੇ ਵਜੇ ਤੇ ਪੈਸਿਆਂ ਦੀ ਸੋਟ ਕਰਦਿਆਂ ਹੋਇਆਂ ਬਰਾਤ ਘਰੋਂ ਤੁਰੀ। ਅਗਲੇ ਘਰ ਸ਼ਾਮ ਨੂੰ ਢੁੱਕੀ, ਰੋਟੀ ਖਾਂਦਿਆਂ ਤੇ ਖੁਸ਼ੀਆਂ ਕਰਦਿਆਂ ਹੋਇਆਂ ਰਾਤ ਬੀਤ ਗਈ ਜਾਂ ਸਵੇਰ ਹੋਈ ਤਾਂ ਲਾਵਾਂ ਫੇਰੇ ਹੋ ਗਏ। ਦੁਪਹਿਰ ਦੀ ਰੋਟੀ ਖਾਕੇ ਡੋਲੀ ਲੈਕੇ ਬਰਾਤ ਮੁੜ ਆਈ। ਭਾਈ ਭਿਖਾਰੀ ਨੇ ਦਿਲ ਖੋਲ੍ਹਕੇ ਖਰਚ ਕੀਤਾ। ਹਰ ਲਾਗੀ ਤੇ ਸੇਵਕ ਨੂੰ ਖੁਸ਼ ਕਰਨ ਦਾ ਪੂਰਾ ਯਤਨ ਕੀਤਾ। ਉਹ ਰਾਤ ਵੀ ਬੀਤ ਗਈ। ਸਵੇਰੇ ਰਹਿੰਦੇ ਸ਼ਗਨ ਕਰਨੇ ਸਨ। ਭਾਈ ਭਿਖਾਰੀ ਦੇ ਲੜਕੇ ਨੇ ਅਜੇ ਆਪਣੀ ਸਜ ਵਿਆਹੀ ਇਸਤ੍ਰੀ ਦਾ ਮੂੰਹ ਨਹੀਂ ਸੀ ਦੇਖਿਆ ਕਿ ਉਸ ਨੂੰ ਹੈਜ਼ਾ ਹੋ ਗਿਆ। ਉਸੇ ਵੇਲੇ ਸਾਰਾ ਵਾਯੂ ਮੰਡਲ ਖੁਸ਼ੀਆਂ ਤੇ ਰਾਗ ਰੰਗ ਦੀ ਥਾਂ ਸੋਗ ਤੇ ਦੁਖ ਵਿਚ ਪਲਟ ਗਿਆ। ਸਾਰੇ ਚੁਪ ਤੇ ਹੈਰਾਨ ਏਧਰ ਉਧਰ ਨਸੇ ਭਜੇ ਫਿਰਨ ਲਗੇ ਕਿਵੇਂ ਜਾਨ ਬਚਾਈ ਜਾਵੇਵੈਦ ਸੱਦੇ ਪਰ ਕਿਸੇ ਦੀ ਦਵਾਈ ਨੇ ਅਸਰ ਨਾ ਕੀਤਾ। ਦੋ ਵਜੇ ਦੁਪਹਿਰੇ ਲੜਕਾ ਚੜ੍ਹਾਈ ਕਰ ਗਿਆ। ਵਿਆਹ ਵਾਸਤੇ ਆਇਆ ਹੋਇਆ ਮੇਲ ਜਿਥੇ ਨਚਦਾ ਤੇ ਗਾਉਂਦਾ ਸੀ, ਹੁਣ ਉਨ੍ਹਾਂ ਹੀ ਲੀੜਿਆਂ ਨਾਲ ਰੋਣ ਲੱਗ ਪਿਆ। ਗਿੱਧੇ ਦੀ ਥਾਂ ਛਾਤੀਆਂ ਤੇ ਪੱਟਾਂ ਨੂੰ ਪਿਟਿਆ ਜਾਣ ਲਗਾ ਸਜ ਵਿਆਹੀ ਦੀਆਂ ਧਾਂਹੀਂ ਨਿਕਲ

ਗਈਆਂ ਉਸ ਨੇ ਮੋਏ ਪਤੀ ਦਾ ਮੂੰਹ ਦੇਖਿਆ ਜੋ ਸਮਾਨ ਮਿਰਤਕ ਦਾ ਭਾਈ ਭਿਖਾਰੀ ਨੇ ਇਕੱਠਾ ਕੀਤਾ ਸੀ, ਉਹ ਕੰਮ ਆਉਣ ਲੱਗਾ। ਭਾਈ ਭਿਖਾਰੀ ਦੇ ਮਨ ਉਤੇ ਰਤਾ ਮਾਸਾ ਰੰਜ ਜਾਂ ਗਮ ਨਹੀਂ ਸੀ। ਉਹਦੇ ਬੁਲ੍ਹਾਂ ਉਤੇ ਮੁਸਕਰਾਹਟ ਸੀ, ਉਹਦੇ ਉਤਸ਼ਾਹ ਵਿਚ ਫਰਕ ਨਹੀਂ ਹੀ ਪਿਆ, ਪੁਤ੍ਰ ਦੀ ਲੋਥ ਨੂੰ ਸ਼ਮਸ਼ਾਨ ਭੂਮੀ ਵਿਚ ਲਿਜਾਕੇ ਸਾੜ ਦਿਤਾ ਗਿਆ। ਭਾਈ ਭਿਖਾਰੀ ਨੇ ਨਾ ਧਾਹ ਮਾਰੀ ਨਾ ਅਖੋਂ ਅਥਰੂ ਕੇਰੀ। ਇਹ ਦੇਖਕੇ ਭਾਈ ਗੁਰਮੁਖ ਹੈਰਾਨ ਰਹਿ ਗਿਆ। ਜਦੋਂ ਘਰ ਆਏ ਤਾਂ ਭਾਈ ਗੁਰਮੁਖ ਨੇ ਭਾਈ ਭਿਖਾਰੀ ਨੂੰ ਕਿਹਾ 'ਹੇ ਮਹਾਂ ਪੁਰਖੋ ! ਮੈਨੂੰ ਇਸ ਗਲ ਦੀ ਸਮਝ ਨਹੀਂ ਲੱਗੀ ਕਿ ਜਦੋਂ ਤੁਸਾਂਨੂੰ ਪੂਰਾ ਗਿਆਨ ਸੀ ਕਿ ਤੁਸਾਂ ਦੇ ਪੁਤ੍ਰ ਨੇ ਵਿਆਹ ਦੇ ਅਗਲੇ ਦਿਨ ਮਰ ਜਾਣਾ ਹੈ, ਫਿਰ ਵਿਆਹ ਕਿਉਂ ਕੀਤਾ?'

'ਵਿਆਹ ਹੋਏ ਬਿਨਾਂ ਮੇਰੇ ਪੁਤ੍ਰ ਨੇ ਮਰਨਾ ਨਹੀਂ ਸੀ, ਇਹ ਮਾਲਕ ਦਾ ਹੁਕਮ ਸੀ, ਮੈਂ ਉਹਦੇ ਭਾਣੇ ਨੂੰ ਕਿਵੇਂ ਰੋਕ ਸਕਦਾ ਹਾਂ। ਮੈਂ ਤਾਂ ਏਨਾਂ ਜਾਣਦਾ ਹਾਂ ਕਿ ਜੋ ਕੁਝ ਮਾਲਕ (ਵਾਹਿਗੁਰੂ) ਕਰਦਾ ਹੈ, ਸੋ ਚੰਗਾ ਕਰਦਾ ਹੈ। ਮਨੁਖ ਨੂੰ ਖੁਸ਼ੀ ਤੇ ਗਮੀ ਦੋਵੇਂ ਖਿੜੇ ਮਥੇ ਮੰਨਣੀਆਂ ਚਾਹੀਏ। ਇਹੋ ਹੀ ਗੁਰਮੁਖਤਾ ਹੈ। ਮੈਂ ਉਸ ਮਾਲਕ ਦਾ ਧੰਨਵਾਦ ਕਰਦਾ ਹਾਂ, ਜਿਸ ਨੇ ਆਪਨੀ ਅਮਾਨਤ ਵਾਸਨ ਲੈ ਲਈ ਹੈ।' ਭਾਈ ਭਿਖਾਰੀ ਦਾ ਉਤਰ ਸੀ।

ਭਾਈ ਗੁਰਮੁਖ ਦੀ ਤਸੱਲੀ ਹੋ ਗਈ ਕਿ ਸੱਚ ਮੁਚ ਭਾਈ ਭਿਖਾਰੀ ਗੁਰ-ਮੁਖ ਹੈ। ਜੋ ਗੁਰਮੁਖਾਂ ਦੇ ਲਛਣ ਸਤਿਗੁਰਾਂ ਨੇ ਬਿਆਨ ਕੀਤੇ ਸੀ, ਉਸ ਸਾਰੇ ਏਥੇ ਪੂਰੇ ਹੁੰਦੇ ਹਨ। ਉਹ ਭਾਈ ਭਿਖਾਰੀ ਕੋਲੋਂ ਆਗਿਆ ਲੈ ਕੇ ਵਾਪਸ ਸਤਿਗੁਰੂ ਜੀ ਕੋਲ ਪਹੁੰਚ ਪਿਆ। ਭਾਈ ਗੁਰਮੁਖ ਨੇ ਸਤਿਗੁਰੂ ਜੀ ਨੂੰ ਭਾਈ ਭਿਖਾਰੀ ਦੇ ਪੁਤ੍ਰ ਦੇ ਵਿਆਹ ਤੇ ਉਨ੍ਹਾਂ ਦੀ ਮੌਤ ਦੀ ਸਾਰੀ ਵਾਰਤਾ ਸੁਣਾ ਦਿਤੀ। ਸਤਿਗੁਰੂ ਜੀ ਬੋਲੇ, 'ਹੇ ਭਾਈ ਗੁਰਮੁਖਾ, ਇਹੋ ਗੁਰਮੁਖਾ ਦੇ ਸ਼ੁਭ ਲਛਣ ਹਨ। ਏਥੇ ਮੁੜਕੇ ਗੁਰਮੁਖ ਦਾ ਮਨ ਇਕ ਪ੍ਰਮਾਤਮਾਂ ਦੇ ਘਰ ਟਿਕ ਜਾਂਦਾ ਹੈ। ਜਿਸ ਨਾਲ ਉਹ ਪ੍ਰਮ-ਤਮਾ ਨਾਲ ਜਾ ਮਿਲਦਾ ਹੈ 'ਗੁਰਮੁਖਿ ਮਨੂਆ ਇਕਤੁ ਘਰ ਆਵੈ ਮਿਲਉ ਗੋੁਪਾਲ ਨੀਸਾਨੁ ਬਜਈਆ ॥' ਗੁਰਮੁਖ ਪੁਰਸ਼ ਨੂੰ ਸੋਨਾ ਤੇ ਮਿਟੀ ਇਕ ਪ੍ਰਤੀਤ ਹੁੰਦੀ ਹੈ, ਉਹ ਦੁਖ ਤੇ ਸੁਖ ਨੂੰ ਇਕ ਸਮਾਨ ਜਾਣਦਾ ਹੈ।

੧੩. ਗੁਰੂ ਜੀ ਦਾ ਉਪਦੇਸ਼

ਪੁਨ ਸਤਿਗੁਰ ਬੈਠੇ ਦਿਨ ਏਕ ॥ ਸਿਖ ਚਹੁਦਿਸ ਜੋ ਚਹਿਤ ਬਬੇਕ ॥
ਸੁਨਬੇ ਕੋ ਅਭਲਾਖਾਵਾਨ ॥ ਗੁਰ ਕੇ ਬਾਕ ਦੇਤ ਕਲਜਾਨ ॥
ਸੁਨਹੁ ਸਿਖ ਤੁਮ ਮੋਕਹੁ ਪਯਾਰੇ । ਮਾਨੁਖ ਜਨਮ ਦੁਲਭ ਕੋ ਧਾਰੇ ॥ (ਸੂਰਜ ਪ੍ਰਕਾਸ਼)

ਇਕ ਦਿਨ ਸਤਿਗੁਰੂ ਜੀ ਸ਼ਾਮ ਦੇ ਦੀਵਾਨ ਵਿਚ ਬਰਾਜਮਾਨ ਸਨ। ਦੂਰ ਦੂਰ ਤੋਂ ਸੰਗਤ ਆਈ ਬੈਠੀ ਸੀ, ਨਾਮ ਦਾ ਪ੍ਰਵਾਹ ਚਲ ਰਿਹਾ ਸੀ। ਸਤਿਗੁਰੂ ਜੀ ਦੋਵੇਂ ਵੇਲੇ ਗੁਰਮਤਿ ਦਾ ਉਪਦੇਸ਼ ਕਰਿਆ ਕਰਦੇ ਸਨ, ਉਸ ਦਿਨ ਸਤਿਗੁਰੂ ਜੀ ਨੇ ਉਪਦੇਸ਼ ਕਰਨ ਦੇ ਨਾਲ ਇਹ ਸ਼ਬਦ ਉਚਾਰਿਆ:—

ਗੁਰ ਸਤਿਗੁਰ ਕਾ ਜੋ ਸਿਖ ਅਖਾਵੈ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
(ਸਲੋਕ ਮ: ੪)

ਸਤਿਗੁਰੂ ਜੀ ਨੇ ਫੁਰਮਾਇਆ, 'ਹੇ ਗੁਰਮੁਖ ਜਨੋ! ਜੋ ਵੀ ਗੁਰੂ ਨਾਨਕ ਦੇਵ ਜੀ ਦਾ ਸਿਖ ਅਖਵਾਉਂਦਾ ਹੈ, ਉਹ ਅੰਮ੍ਰਿਤ ਵੇਲੇ ਜਾਗੇ। ਜਾਗ ਕੇ ਪ੍ਰਮਾ-ਤਮਾ ਦੇ ਸਿਮਰਨ ਵਲ ਲਗੇ। ਦਲਿਦਰ ਦਾ ਨਾਸ਼ ਕਰਕੇ ਉਦਮ ਕਰੇ। ਹਾੜ ਹੋਵੇ ਜਾਂ ਸਿਆਲ 'ਅੰਮ੍ਰਿਤਸਰ' ਦੇ ਤਾਲਾਬ ਵਿਚੋਂ ਇਸ਼ਨਾਨ ਕਰੇ ਤੇ ਨਿਤਨੇਮ (ਸਵੇਰੇ ਬਾਣੀਆਂ ਪੜ੍ਹਨੀਆਂ ਸ੍ਰੀ ਜਪੁਜੀ ਸਾਹਿਬ ਜਰੂਰ ਬਾਕੀ ਜੋ ਬਾਣੀ ਪੜੀ ਜਾ ਸਕੇ) ਪੂਰਾ ਕਰਕੇ ਆਪਣੇ ਗੁਰੂ ਕੋਲੋਂ ਉਪਦੇਸ਼ ਸੁਣੇ, ਬਜੁਰਗਾਂ ਦੀਆਂ ਕਥਾ ਕਹਾਨੀਆਂ ਨੂੰ ਸਰਵਨ ਕਰੇ, ਸਿਮਰਨ, ਜਾਪ ਤੇ ਗੁਰੂ ਦੇ ਉਪਦੇਸ਼ ਨਾਲ ਸਾਰੇ ਨਿਕੇ ਵਡੇ ਪਾਪ ਦੂਰ ਹੋ ਸਕਦੇ ਹਨ। ਜਦੋਂ ਧਰਮ ਕਿਰਤ ਕਰੇ ਭਾਵ ਗੁਜ਼ਾਰੇ

ਵਾਸਤੇ ਦੁਕਾਨਦਾਰੀ ਨੌਕਰੀ, ਵਾਹੀ ਜਾਂ ਹੋਰ ਕੋਈ ਧੰਦਾ ਕਰੇ ਤਾਂ ਕਰਤਾਰ ਨੂੰ ਨਾ ਭੁਲੇ। ਕਰਤਾਰ ਹਰ ਕੰਮ ਵਿਚ ਬਰਕਤ ਪਾਉਨ ਵਾਲਾ ਹੈ। ਜੋ ਕੰਮ ਕਰਤਾਰ ਦੀ ਸਹਾਇਤਾ ਨਾਲ ਕੀਤਾ ਜਾਵੇ ਉਸ ਵਿਚ ਸਦਾ ਸਫਲਤਾ ਹੁੰਦੀ ਹੈ ਕਿਉਂਕਿ 'ਤੂੰ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥" ਉਹ ਹੀ ਹਰ ਕਰਮ ਤੇ ਜੀਵ ਦਾ ਕਰਤਾ (ਬਨਾਉਣ ਤੇ ਨੇਪਰੇ ਚਾੜ੍ਹਨ ਵਾਲਾ) ਹੈ। ਸਤਿਗੁਰੂ ਜੀ ਨੂੰ ਵੀ ਓਹੋ ਹੀ ਸਿਖ ਚੰਗੇ ਲਗਦੇ ਹਨ, ਜੋ ਹਰੀ ਪ੍ਰਮਾਤਮਾ ਦਾ ਸਿਮ੍ਰਨ ਸਾਹ ਅਤੇ ਬੁਰਕੀ ਨਾਲ ਕਰਦੇ ਸਨ, ਕਿਉਂਕਿ ਸਤਿਗੁਰੂ ਪ੍ਰਮਾਤਮਾ ਵਲੋਂ ਭਲੇ ਜੀਵਾਂ ਨੂੰ ਪ੍ਰਮਾਤਮਾ ਦੀ ਯਾਦ ਚੇਤੇ ਕਰਾਉਣ ਵਾਸਤੇ ਅਤੇ ਮਾੜੇ ਕਰਮਾਂ ਤੋਂ ਵਰਜਕੇ ਚੰਗੇ ਕਰਮਾਂ ਵਲ ਲਾਉਣ ਲਈ ਆਉਂਦੇ ਹਨ। ਸਤਿਗੁਰੂ ਦਾ ਉਪਦੇਸ਼ ਓਸੇ ਸੁਣਦੇ ਹਨ ਜਿਨ੍ਹਾਂ ਤੇ ਪ੍ਰਮਾਤਮਾ ਖੁਸ਼ ਹੁੰਦਾ ਹੈ। ਹੁਣ ਇਹ ਸੰਸਾ ਹੈ ਕਿ ਪ੍ਰਮਾਤਮਾ ਨੂੰ ਕਿਵੇਂ ਖੁਸ਼ ਕੀਤਾ ਜਾਵੇ ? ਜਿਵੇਂ ਇਸਤ੍ਰੀ ਆਪਣੇ ਪਤੀ ਦੀ ਸੇਵਾ ਕਰੀ ਜਾਂਦੀ ਹੈ, ਉਹ ਪਤੀ ਕੋਲੋਂ ਸੇਵਾ ਦਾ ਮੁਲ ਨਹੀਂ ਮੰਗਦੀ। ਏਸੇ ਤਰ੍ਹਾਂ ਹਰ ਜੀਵ ਨੂੰ ਨੇਕ ਕੰਮ ਕਰਦਿਆ ਹੋਇਆ ਪ੍ਰਮਾਤਮਾਂ ਦੇ ਨਾਮ ਦਾ ਸਿਮਰਨ ਕਰੀ ਜਾਣਾ ਚਾਹੀਦਾ ਹੈ, ਉਹ ਆਪੇ ਦਿਆਲ ਹੋ ਜਾਣਗੇ। ਸਤਿਗੁਰੂ ਜੀ ਫੁਰਮਾਉਂਦੇ ਹਨ ਐਸੇ ਗੁਰੂ ਸਿਖਾਂ ਦੇ ਚਰਨ ਦੀ ਧੂੜੀ ਮੱਥੇ ਲਾਉਣੀ ਚਾਹੀਦੀ ਹੈ ਜੋ ਆਪ ਨਾਮ ਜਪਦੇ ਤੇ ਹੋਰਨਾਂ ਨੂੰ ਨਾਮ ਜਪਣ ਵਾਸਤੇ ਪ੍ਰੇਰਦੇ ਹਨ। ਇਹ ਮੋਟੇ ਮੋਟੇ ਸਿਖੀ ਦੇ ਲੱਛਣ ਹਨ। ਸੇਵਾ, ਸਿਮਰਨ ਤੇ ਪਿਆਰ। ਮਨੁਖ ਜਨਮ ਇਸ ਵਾਸਤੇ ਨਸੀਬ ਹੋਇਆ ਕਿ ਜੀਵਨ ਖੁਸ਼ੀਆਂ ਮਾਣਦੇ ਹੋਏ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਜਾਈਏ। ਨਾਮ ਇਕ ਮਹਾਨ ਸ਼ਕਤੀ ਹੈ, ਜੋ ਮਨੁਖ ਦੇ ਜੀਵਨ ਨੂੰ ਬਦਲ ਦੇਂਦੀ ਹੈ।

ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ ॥ ਨਾਮੁ ਜਪੀ ਨਾਮੋ ਸੁਖ ਸਾਰੁ ॥ ੧ ॥ ਨਾਮੁ ਜਪਹੁ ਮੇਰੇ ਸਾਜਨ ਸੈਨਾ ॥ ਨਾਮ ਬਿਨਾ ਮੈ ਅਵਰੁ ਨ ਕੋਈ ਵਡੈ ਭਾਗਿ ਗੁਰਮੁਖਿ ਹਰਿ ਲੈਨਾ ॥ ੧ ॥ ਰਹਾਉ ॥ ਨਾਮ ਬਿਨਾ ਨਹੀ ਜੀਵਿਆ ਜਾਇ ॥ ਵਡੈ ਭਾਗਿ ਗੁਰਮੁਖਿ ਹਰਿ ਪਾਇ ॥ ੨ ॥ ਨਾਮਹੀਨ ਕਾਲਖ ਮੁਖਿ ਮਾਇਆ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ ॥ ਵਡਾ ਵਡਾ ਹਰਿ ਭਾਗ ਕਰਿ ਪਾਇਆ ॥ ਨਾਨਕ ਗੁਰਮੁਖਿ ਨਾਮੁ ਦਿਵਾਇਆ ॥

(ਆਸਾ ਮ: ੪)

੧੪. ਸੁਮਾਨ ਸ਼ਾਹ ਦਾ ਪ੍ਰਸੰਗ

ਰਾਮਦਾਸ ਪੁਰ ਵਿਚ ਚੰਗੀ ਵਸੋਂ ਹੋ ਗਈ। ਸਰੋਵਰ ਦੀ ਪੁਟਾਈ ਹੋ ਰਹੀ ਸੀ, ਰਾਜ ਤੇ ਮਜ਼ਦੂਰ ਇਮਾਰਤਾਂ ਦੀ ਉਸਾਰੀ ਕਰ ਰਹੇ ਸਨ। ਮਨੁਖ ਰੌਣਕ ਨੂੰ ਦੇਖਕੇ ਦੂਰ ਦੂਰ ਦੇ ਹਟਵਾਣੀਏਂ ਰਾਮਦਾਸ ਪੁਰ ਪਹੁੰਚ ਗਏ। ਪੱਕੀਆਂ ਹਟੀਆਂ ਤੋਂ ਬਿਨਾ ਛਾਬੜੀ ਵਾਲੇ ਵੀ ਸਨ। ਇਕ ਛਾਬੜੀ ਵਾਲਾ ਸੁਮਾਨਅਰੋੜਾ ਸੀ ਉਹ ਜੇਹਲਮ ਤੋਂ ਆਇਆ ਸੀ ਤੇ ਘੁੰਘਣੀਆਂ ਉਬਾਲਕੇ ਵੇਚਿਆ ਕਰਦਾ ਸੀ। ਦਸ ਕੁ ਵਜੇ ਸਵੇਰ ਨੂੰ ਘੁੰਘਣੀਆਂ ਦਾ ਛਾਬਾ ਲਾਕੇ ਸਰੋਵਰ ਦੇ ਕਿਨਾਰੇ ਆ ਬੈਠਦਾ ਸ਼ਾਮ ਨੂੰ ਉਹਦੀਆਂ ਸਾਰੀਆਂ ਘੁੰਘਣੀਆਂ ਵਿਕ ਜਾਂਦੀਆਂ। ਘੁੰਘਣੀਆਂ ਦੀ ਵੱਟਕ ਨਾਲ ਟਬਰ ਦਾ ਗੁਜ਼ਾਰਾ ਕਰਦਾ। ਉਹ ਇਕ ਧਰਮਾਤਮਾ ਸੀ ਕਿਸੇ ਨਾਲ ਨਾ ਲੜਦਾ ਤੇ ਨਾ ਮੰਦਾ ਸ਼ਬਦ ਜ਼ਬਾਨੋਂ ਆਖਕੇਕਿਸੇਦਾ ਦਿਲਦੁਖਾਉਂਦਾ।

'ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ॥ (ਮਾਰੂ ਮ: ੪)

ਸਤਿਗੁਰੂ 'ਗੁਰੂ ਰਾਮਦਾਸ' ਜੀ ਦੇ ਮਨ ਦੀ ਮੌਜ ਆਈ। ਮਜ਼ਦੂਰਾਂ ਨੂੰ ਪੈਸੇ ਦੇਣੇ ਸੀ ਖਜ਼ਾਨਚੀ ਵਲ ਨਹੀਂ ਗਏ, ਕਿਸੇ ਸਿਖ ਨੂੰ ਨਹੀਂ ਕਿਹਾ ਉਸ ਗੁਰੂ ਭਵਨ ਵਿਚ ਜਾਕੇ ਮਾਯਾ ਲਿਆਵੇ, ਸਗੋਂ ਸੁਮਾਨ ਘੁੰਘਣੀਆਂ ਵਾਲੇ ਦੇ ਕੋਲ ਜਾ ਖਲੋਤੇ। ਸੁਮਾਨ ਨੇ ਜਦੋਂ ਦੇਖਿਆ ਅਚਾਨਕ ਹੀ ਸਤਿਗੁਰੂ ਜੀ ਉਹਦੇ ਸਿਰ ਉਪਰ ਆ ਖਲੋਤੇ ਹਨ ਤਾਂ ਉਹ ਬਹੁਤ ਛੇਤੀ ਨਾਲ ਘਬਰਾਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਿਆ। ਚਰਨਾਂ ਦੀ ਧੂੜ ਲੈਕੇ ਮੱਥੇ ਤੇ ਅੱਖਾਂ ਨੂੰ ਲਾਈ। ਜ਼ਬਾਨੋਂ ਆਖੀ ਗਿਆ—"ਮੇਰੇ ਧੰਨ ਭਾਗ, ਮੇਰੇ ਕੰਗਲੇ ਕੋਲ ਆਪ ਪ੍ਰਮੇਸ਼ਰ ਆਏ ਮੈਂ ਕੀ ਸੇਵਾ ਕਰਾਂ?" ਸਤਿਗੁਰੂ ਜੀ ਫੁਰਮਾਇਆ—"ਭਾਈ ਸੁਮਾਨ ਸ਼ਾਹ ਅਜ ਕੀ ਵਟਿਆ?" ਇਹ ਸੁਣਕੇ ਸੁਮਾਨ ਨੇ ਆਪਣੀ ਟੋਕਰੀ ਵਿਚੋਂ ਸਾਰੇ ਦਿਨ ਦੀ ਵੱਟਕ ਨੂੰ ਇਕਠਿਆਂ ਕਰਕੇ ਸਤਿਗੁਰੂ ਜੀ ਦੇ ਹਵਾਲੇ ਕਰਦਿਆਂ ਹੋਇਆਂ ਨਿੰਮਰਤਾਨਾਲ ਆਖਿਆ—"ਸਚੇ ਪਾਤਸ਼ਾਹ ਏਹੋ ਕੁਝ ਹੈ।'

"ਹਛਾ! ਅਜ ਤੂੰ ਅਸਾਡਾ ਸ਼ਾਹ ਹੋਇਆ।" ਇਹ ਆਖਕੇ ਸਤਿਗੁਰੂ ਜੀ ਨੇ ਸਾਰੇ ਟਕੇ ਰਾਜ ਮਜ਼ਦੂਰਾਂ ਨੂੰ ਦੇ ਦਿਤੇ। ਸੁਮਾਨ ਖੁਸ਼ ਰਿਹਾ। ਉਹਦੇ

ਚੇਹਰੇ ਦਾ ਰੰਗ ਨਹੀਂ ਬਦਲਿਆ । ਉਸ ਨੇ ਘਰ ਦੀ ਥੁੜ ਨੂੰ ਅਨਭਵ ਨਹੀਂ ਕੀਤਾ। ਉਹ ਹਸਦਾ ਤੇ ਮੁਸਕਰਾਂਦਾ ਹੋਇਆ ਛਾਬੜੀ ਚੁਕ ਕੇ ਆਪਣੇ ਘਰ ਨੂੰ ਤੁਰ ਗਿਆ । ਅਗਲਾ ਦਿਨ ਹੋਇਆ, ਘੁੰਘਣੀਆਂ ਦੀ ਛਾਬੜੀ ਭਰਕੇ ਫਿਰ ਆਪਣੀ ਥਾਂ ਉਤੇ ਆ ਬੈਠਾ । ਸ਼ਾਮ ਤੋਂ ਪਹਿਲਾਂ ਸਾਰੀਆਂ ਘੁੰਘਣੀਆਂ ਵਿਕ ਗਈਆਂ। ਸਾਰੀ ਵਟਕ ਨੂੰ ਝੋਲੀ ਪਾ ਕੇ ਸਤਿਗੁਰੂ ਜੀ ਦੇ ਪਾਸ ਚਲਿਆ ਗਿਆ । ਚਰਨਾਂ ਉਪਰ ਟੇਕਕੇ ਮਾਯਾ ਸਤਿਗੁਰੂ ਜੀ ਦੇ ਅਗੇ ਰੱਖ ਦਿਤੀ, 'ਸਚੇ ਪਾਤ-ਸ਼ਾਹੋ ! ਏਹੋ ਕੁਝ ਵਟਿਆ ਹੈ ਇਸ ਨੂੰ ਸੇਵਾ ਦੇ ਖਰਚ ਵਿਚ ਲਗਾ ਦੇਵੋ ।'

ਇਹ ਦੇਖਕੇ ਸਤਿਗੁਰੂ ਜੀ ਦਇਆ ਦੇ ਘਰ ਵਿੱਚ ਆਏ । ਸਾਹਿਬਾਂ ਨੇ ਬਚਨ ਕੀਤਾ, 'ਸੁਮਾਨ ਸ਼ਾਹ, ਬੇ-ਪਰਵਾਹ, ਕਾ ਸ਼ਾਹ !' ਇਸ ਬਚਨ ਦੇਨਾਲ ਸੁਮਾਨ ਸਚਮੁਚ ਸ਼ਾਹ ਬਣ ਗਿਆ । ਅਗਲੇ ਦਿਨ ਤੋਂ ਉਹਦੇ ਘਰ ਬਰਕਤ ਹੀ ਬਰਕਤ ਹੋ ਗਈ। ਮਿਟੀ ਤੋਂ ਵੀ ਲਾਭ ਹੋਣ ਲੱਗਾ। ਥੋੜੇ ਦਿਨਾਂ ਵਿਚ ਉਹ ਪਕੀ ਹਟੀ, ਪਾ ਕੇ ਵਡਾ ਬਿਉਪਾਰ ਕਰਨ ਲੱਗਾ । ਅਗੋ ਤੋਂ ਗੁਰੂ ਘਰ ਦਾ ਪੱਕਾ ਸ਼ਾਹ ਬਣ ਗਿਆ, ਸੁਮਾਨ ਸ਼ਾਹ ਦਾ ਪੁਤਰ ਰਾਮਸ਼ਾਹ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮੁਲਤਾਨ ਦਾ ਸਿਖੀ ਬਖਸ਼ੀ । ਮਸੰਦ ਤੇ ਪ੍ਰਚਾਰਕ ਬਣਾਕੇ ਮੁਲਤਾਨ ਨੂੰ ਤੋਰ ਦਿਤਾ । ਰਾਮਸ਼ਾਹ ਨੂੰ ਸ੍ਰੀ ਗੁਰੂ ਗਬਿੰਦ ਸਿੰਘ ਜੀ ਦੇ ਸਮੇਂ ਜਿਥੇਹੋਰ ਮਸੰਦਾਂ ਨੂੰ ਗੁਰੂ ਜੀ ਨੇ ਮੋਤ ਡੰਨ ਦਿੱਤਾ ਸੀ, ਉਥੇ ਇਸ ਵੰਸ਼ ਦੇ ਮੇਹਰ ਸ਼ਾਹ ਨੂੰ ਗੁਰੂ ਘਰ ਦਾ ਸੱਚਾ ਸੇਵਕ ਸਮਝਕੇ ਅੰਮ੍ਰਿਤ ਛਕਾਇਆ ਤੇ ਸਿੰਘ ਸਜਾਇਆ ।

੧੫. ਭਾਈ ਉਦਮ ਦੀ ਸੇਵਾ

ਇਕ ਓਦਮ ਨਾਮ ਦਾ ਬੈਰਾੜ ਜਟ, ਜੋ ਬਿੰਝੂ ਨਗਰ ਦਾ ਵਸਨੀਕ ਸੀ, ਸਤਿਗੁਰੂ ਜੀ ਦੀ ਸ਼ਰਨ ਆ ਗਿਆ, ਨਾਲ ਉਹਦੀ ਇਸਤਰੀ ਤੇ ਛੋਟੀ ਕੰਨਿਆਂ ਸੀ । ਸਤਿਗੁਰੂ ਜੀ ਦੀ ਚਰਨੀ ਡਿਗਕੇ ਭਾਈ ਉਦਮ ਨੇ ਸਿਖੀ ਨੂੰ ਧਾਰਨ ਕੀਤਾ, ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਗੁਰੂ ਕੇ ਲੰਗਰ ਵਿਚ ਸੇਵਾ ਕਰਨ ਲੱਗਾ, ਪਰ ਫੈਸਲਾ ਇਹ ਕੀਤਾ ਕਿ ਪ੍ਰਸ਼ਾਦ ਗੁਰੂ ਕੇ ਲੰਗਰੋਂ ਨਹੀਂ ਛਕਣਾ । ਇਸਤ੍ਰੀ ਤੇ ਕੰਨਿਆਂ ਗੁਰੂ ਕੇ ਲੰਗਰ

ਵਿਚ ਪ੍ਰਸ਼ਾਦੇ ਪਕਾਉਣ ਤੇ ਭਾਂਡੇ ਮਾਂਜਣ ਦੀ ਸੇਵਾ ਕਰਦੀਆਂ ਤੇ ਭਾਈ ਉਦਮ ਜੰਗਲ ਨੂੰ ਚਲਿਆ ਜਾਂਦਾ। ਦੋ ਭਾਰ ਸੁਕੀਆਂ ਲਕੜਾਂ ਦੇ ਲਿਆਉਂਦਾ। ਇਕ ਭਾਰ ਗੁਰੂ ਕੇ ਲੰਗਰ ਵਿਚ ਸੁਟ ਦੇਂਦਾ ਤੇ ਇਕ ਭਾਰ ਦਾ ਅੱਧਾ ਹਿਸਾ ਬਾਜ਼ਾਰ ਵੇਚਦਾ ਤੇ ਅੱਧਾ ਘਰ ਰੱਖ ਲੈਂਦਾ। ਜੋ ਪੈਸੇ ਬਾਜਾਰੋਂ ਵਟਦਾ ਉਸਦਾ ਅੰਨ ਮੁਲ ਲੈਂਦਾ। ਜੋ ਅੱਧਾ ਭਾਰ ਘਰ ਰਖਦਾ ਉਹ ਲਕੜਾਂ ਇਕਠੀਆਂ ਹੁੰਦੀਆਂ ਜਾਂਦੀਆਂ। ਸਾਰਾ ਪ੍ਰਵਾਰ ਆਪ, ਇਸਤ੍ਰੀ ਤੇ ਲੜਕੀ ਹਰ ਸਮੇਂ 'ਸਤਿਕਰਤਾਰ, ਸਤਿਕਰਤਾਰ' ਜਪਦੇ ਰਹਿੰਦੇ। ਕਿਸੇ ਨਾਲ ਨਾ ਲੜਾਈ, ਨਾ ਝਗੜਾ ਸਦਾ ਨਿਰਮਾਣਤਾ ਨਾਲ ਦਿਨ ਬਤੀਤ ਕਰਦੇ। ਸੇਵਾ ਤੇ ਭਗਤੀ ਜੀਵਨ ਦਾ ਮਨੋਰਥ ਬਣ ਗਿਆ। ਮੀਂਹ ਜਾਏ ਜਾਂ ਹਨੇਰੀ, ਉਹ ਜਰੂਰਲਕੜੀਆਂ ਦਾਭਾਰਲਿਆਉਂਦੇ। ਇਸ ਤਰ੍ਹਾਂ ਸੇਵਾ ਕਰਦਿਆਂ ਹੋਇਆਂ ਚਾਰ ਸਾਲ ਬੀਤ ਗਏ, ਮਾਘ ਲੰਘਿਆ। ਫਗਣ ਦੇ ਦਿਨ ਆਏ ਤਾਂ ਕਈ ਦਿਨ ਦੀਆਂ ਝੜੀਆਂ ਲੱਗ ਗਈਆਂ, ਕਰਤਾਰ ਦਾ ਭਾਣਾ ਐਸਾ ਹੋਇਆ ਕਿ ਸੁਕਾ ਬਾਲਣ ਕਿਤਿਓਂ ਨਾ ਲੱਭਾ, ਸਾਰੇ ਸ਼ਹਿਰ ਵਿਚ ਵੀ ਸੁਕੀਆਂ ਲਕੜਾਂ ਦੀ ਕਮੀਂ ਹੋ ਗਈ। ਬਹੁਤ ਸਾਰੇ ਦੁਕਾਨਦਾਰ ਭਾਈ ਉਦਮ ਜੀ ਕੋਲ ਆਏ ਕਿ ਉਹ ਸੁਕੀਆਂ ਲਕੜਾਂ ਵੇਚ ਦੇਵੇ ਤੇ ਜੋ ਜੀ ਕਰੇ ਰਕਮ ਲੈ ਲਵੇ। ਉਸਦੀ ਸਲਾਹ ਹੋਈ ਕਿ ਉਹ ਸੁਕੀਆਂ ਲਕੜਾਂ ਵੇਚੇ, ਪਰ ਸੌਦਾ ਹੋਣ ਤੋਂ ਪਹਿਲਾਂ ਉਹਦੀ ਇਸਤ੍ਰੀ ਘਰ ਆ ਗਈ, ਉਸਨੇ ਆਉਂਦਿਆਂ ਹੀ ਆਖਿਆ, 'ਸੁਆਮੀ ਜੀ! ਗੁਰੂ ਕੇ ਲੰਗਰ ਵਿਚ ਸੁਕੀਆਂ ਲਕੜੀਆਂ ਦੀ ਕਮੀਂ ਆ ਗਈ ਹੈ। ਸਵੇਰ ਦਾ ਲੰਗਰ ਨਹੀਂ ਪਕੇਗਾ, ਕਿਹਾ ਚੰਗਾ ਹੋਵੇ ਜੇ ਸਾਰੀਆਂ ਲਕੜਾਂ ਗੁਰੂ ਕੇ ਲੰਗਰ ਵਿਚ ਜਾ ਸੁਟੀਏ। ਸ਼ਾਇਦ ਸਤਿਗੁਰੂ ਜੀ ਸਾਡੀਆਂ ਭੋਣੀਆਂ ਪੂਰੀਆਂ ਕਰ ਦੇਣ, ਤੁਸੀਂ ਰਾਤੀਂ ਆਖਦੇ ਸੀ ਚੰਗੇ ਟਕੇ ਵੱਟੇ ਜਾਣੇ ਨੇ, ਟਕਿਆਂ ਨੂੰਕੀ ਕਰਨਾਹੈ ਬਸ ਜੋ ਇੱਛਾ ਹੈ, ਓਹੋ ਹੀ ਸਤਿਗੁਰੂ ਪੂਰੀ ਕਰੇ।' 'ਮੇਰੀ ਇਕਲੇ ਦੀ ਕੋਈ ਮਰਜੀ ਨਹੀਂ ਜੋ ਤੂੰ ਸਲਾਹ ਦੇਂਦੀ ਹੈਂ, ਏਹੋ ਹੀ ਠੀਕ ਹੈ, ਹੁਣੇ ਚਲ ਲਕੜੀਆਂ ਢੋਣੀਆਂ ਸ਼ੁਰੂ ਕਰੀਏ। ਤੜਕੇ ਤਕ ਸਾਂਰੀਆਂ ਢੋਈਆਂ ਜਾਣਗੀਆਂ।' ਭਾਈ ਉਦਮ ਦਾ ਉੱਤਰ ਸੀ। ਉਸੇ ਵੇਲੇ ਘਰ ਦੇ ਤਿੰਨੇ ਜੀ ਲਕੜੀਆਂ ਢੋਣ ਲਗਪਏ। ਉਨ੍ਹਾਂ ਨੂੰ ਲਕੜੀਆਂ ਢੋਂਦਿਆਂ ਦੇਖਕੇ ਸਤਿਗੁਰੂ ਜੀ ਦੇ ਹੋਰ ਸੇਵਕ ਵੀ ਸੇਵਾ

ਕਰਨ ਲੱਗਾ ਪਏ। ਅੱਧੀ ਰਾਤ ਤਕ ਸਾਰੀਆਂ ਲਕੜੀਆਂ ਗੁਰੂ ਕੇ ਲੰਗਰ ਵਿਚ ਪਹੁੰਚਾ ਦਿਤੀਆਂ ਗਈਆਂ। ਸਵੇਰ ਹੋਣ ਤੋਂ ਪਹਿਲਾ ਹੀ ਬਾਰਸ਼ ਫਿਰ ਸ਼ੁਰੂ ਹੋ ਗਈ, ਸਾਰਾ ਦਿਨ ਮੋਹਲੇਧਾਰ ਬਾਰਸ਼ ਹੁੰਦੀ ਰਹੀ। ਗੁਰੂ ਕੇ ਅੰਦਰ ਸੁੱਕਾ ਬਾਲਣ ਸੀ, ਸਹਜੇ ਹੀ ਲੰਗਰ ਤਿਆਰ ਹੋ ਗਿਆ, ਸਤਿਗੁਰੂ ਜੀ ਨੂੰ ਖਬਰ ਦਿਤੀ ਗਈ 'ਗੁਰੂ ਕਾ ਲੰਗਰ ਤਿਆਰ ਹੈ।'

ਸਤਿਗੁਰੂ ਜੀ ਲੰਗਰ ਵਿਚ ਪੁਜੇ, ਪ੍ਰਸ਼ਾਦ ਤਿਆਰ ਹੋਇਆ ਤੇ ਸੁਕੀਆਂ ਲਕੜਾਂ ਦਾ ਢੇਰ ਦੇਖਕੇ ਸਤਿਗੁਰੂ ਜੀ ਨੇ ਪੁਛਿਆ, 'ਇਹ ਸੁਕੀਆਂ ਲਕੜਾਂ ਕਿਥੋਂ ਆਈਆਂ ?'

ਮੁਖੀ ਲਾਂਗਰੀ ਸਿਖ ਨੇ ਦੋਵੇਂ ਹਥ ਜੋੜਕੇ ਉੱਤਰ ਦਿਤਾ, 'ਸਚੇ ਪਾਤਸ਼ਾਹੋ-ਆਪ ਦਾ ਸਿੱਖ ਭਾਈ ਉਦਮ ਆਪਣੇ ਘਰੋਂ ਇਹ ਸਾਰਾ ਸੁਕਾ ਬਾਲਣ ਛੱਡ ਗਿਆ ਹੈ। ਦੋਵੇਂ ਜੀ ਸਾਰੀ ਰਾਤ ਬਾਲਣ ਢੋਂਦੇ ਰਹੇ ਹਨ। ਬਹੁਤ ਸ਼ਰਧਾਲੂ ਸਿਖ ਹਨ, ਰਾਤ ਦਿਨੇ ਸੇਵਾ ਕਰਦੇ ਹੋਏ ਅੱਕਦੇ ਥੱਕਦੇ ਨਹੀਂ। ਉਨ੍ਹਾਂ ਦੀ ਛੋਟੀ ਕੰਨਿਆ ਸਾਰਾ ਦਿਨ ਜੂਠੇ ਬਰਤਨ ਮਾਜਦੀ ਰਹਿੰਦੀ ਹੈ।'

ਸਤਿਗੁਰੂ ਜੀ ਨੇ ਇਹ ਸਾਰਾ ਬਿਆਨ ਸੁਣਕੇ ਇਕ ਸਿੱਖ ਨੂੰ ਭੇਜਿਆ ਕਿ ਉਹ ਭਾਈ ਉਦਮ ਜੀ ਨੂੰ ਸੱਦਕੇ ਲੈ ਆਵੇ। ਸਤਿਗੁਰੂ ਜੀ ਦਾ ਹੁਕਮ ਪਾਕੇ ਸਿੱਖ ਨਸ ਉਠਿਆ ਤੇ ਭਾਈ ਉਦਮ ਦੇ ਘਰ ਪਹੁੰਚ ਗਿਆ। ਅਗੇ ਉਦਮ ਜੰਗਲ ਨੂੰ ਜਾਣ ਵਾਸਤੇ ਤਿਆਰ ਸੀ। ਸਿੱਖ ਨੇ ਸਤਿਗੁਰੂ ਦਾ ਹੁਕਮ ਸੁਣਾਇਆ। ਹੁਕਮ ਸੁਣਦੇ ਸਾਰ ਭਾਈ ਉਦਮ ਨੂੰ ਖੁਸ਼ੀਆਂ ਚੜ੍ਹ ਗਈਆਂ। ਉਹ ਖੁਸ਼ੀ ਵਿਚ ਨਚਣ ਲੱਗ ਪਿਆ, 'ਧੰਨ ਭਾਗ, ਮੇਰੇ ਸਤਿਗੁਰ ਨੇ ਮੈਨੂੰ ਯਾਦ ਕੀਤਾ ਹੈ। ਮੈਂ ਪਾਪੀ, ਮੈਂ ਮਾਮੂਲੀ ਸੇਵਕ, ਮੈਨੂੰ ਮੇਰੇ ਦਾਤੇ ਨੇ ਯਾਦ ਕੀਤਾ ਹੈ, ਮੈਂ ਤਰ ਗਿਆ ਹੁਣ ਬੇੜਾ ਪਾਰ ਹੋ ਜਾਵੇਗਾ। ਧੰਨ ਧੰਨ ਸਤਿਗੁਰੂ ਜੀ, ਐਸੇ ਸਚੇ ਸਤਿਗੁਰੂ ਜੀ ਤੋਂ ਮੈਂ ਬਲਿਹਾਰ ਜਾਵਾਂ।' ਇਉਂ ਖੁਸ਼ੀ ਵਿਚ ਸਤਿਗੁਰੂ ਜੀ ਦੀ ਉਸਤਤ ਕਰਦਾ ਹੋਇਆ ਗੁਰੂ ਕੇ ਲੰਗਰ ਵਲ ਦੌੜ ਗਿਆ ਅਗੇ ਸਤਿਗੁਰੂ ਜੀ ਖਲੋਤੇ ਉਡੀਕ ਰਹੇ ਸਨ। ਭਾਈ ਉਦਮ ਨੇ ਸਤਿਗੁਰੂ ਜੀ ਦੇ ਦਰਨਾਂ ਉਪਰ ਮੱਥਾ ਟੇਕਿਆ, ਮੱਥਾ ਟੇਕ ਚੁਕਾ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, 'ਭਾਈ

ਉਦਮ ਤੇਰੀ ਘਾਲ ਥਾਏ ਪਈ, ਤੂੰ ਦਰਗਾਹੋਂ ਨਿਹਾਲ ਹੋ ਗਿਆ। ਜੋ ਇੱਛਾ ਹੈ ਮੰਗ, ਤੂੰ ਸਾਧ ਸੰਗਤ ਦੀ ਸੇਵਾ ਕੀਤੀ ਹੈ, ਔਖੇ ਵੇਲੇ ਭੀ ਲੰਗਰ ਦੀ ਸੇਵਾ ਕੀਤੀ ਹੈ, ਅਸੀਂ ਬਹੁਤ ਖ਼ੁਸ਼ ਹਾਂ, ਕਹੋ ਕੀ ਇਛਾ ਹੈ?'

ਭਾਈ ਉਦਮ ਚੁਪ ਰਿਹਾ ਉਹ ਸੋਚਣ ਲੱਗਾ,'ਕੀਮੰਗਾਂ ? ਜੋ ਕੁਝ ਮੰਗਣਾ ਹੈ, ਉਹ ਕੁਝ ਮੰਗਦਿਆਂ ਹੋਇਆਂ ਮੈਨੂੰ ਸ਼ਰਮ ਆਉਂਦੀ ਹੈ।' ਉਹਦੀ ਜ਼ਬਾਨ ਨਾ ਹਿਲੀ। ਏਨੇ ਨੂੰ ਉਹਦੀ ਪੁਤ੍ਰੀ ਨੇ ਹੌਂਸਲਾ ਕੀਤਾ। ਉਹ ਹਥ ਜੋੜ ਕੇ ਬੋਲੀ'ਮਹਾ-ਰਾਜ! ਇਕ ਵੀਰ ਦੀ ਲੋੜ ਹੈ। ਵੀਰ ਬਿਨਾਂ ਘਰ ਸੁੰਞਾ ਹੈ। ਦਿਨੇ ਹਨੇਰਾ ਰਹਿੰਦਾ ਹੈ, ਮੇਹਰ ਕਰੋ, ਦਇਆ ਕਰੋ, ਹੇ ਕ੍ਰਿਪਾਲੂ ਪਿਤਾ ਜੀ ਵੀਰ ਮਿਲੇ।'

'ਹੱਛਾ ਬੇਟੀ ਕਰਤਾਰ ਤੇਰੀ ਇਛਾ ਪੂਰੀ ਕਰੇਗਾ। ਤੈਨੂੰ ਵੀਰ ਮਿਲ ਜਾਵੇਗਾ। ਗੁਰੂ ਘਰ ਦਾ ਸ਼ਰਧਾਲੂ ਹੋਵੇਗਾ।' ਇਹ ਬਚਨ ਕਰਕੇ ਸਤਿਗੁਰੂਜੀਅਗੇ ਤੁਰ ਗਏ।

"ਸਾਧ ਬਚਨ ਅਟਲਾਧਾ" ਮੇਰੇ ਸਚੇ ਸਤਿਗੁਰੂ ਜੀ ਦਾ ਬਚਨ ਸੀ ਖਾਲੀ ਕਿਵੇਂ ਜਾਂਦਾ ਸਤਿਗੁਰੂ ਤਾਂ ਆਪ ਪ੍ਰਮੇਸ਼ਰ ਸਨ। ਜਿਵੇਂ ਅਗੇ ਸੇਵਾ ਕਰਦੇ ਸੀ ਤਿਵੇਂ ਸੇਵਾ ਕਰਦਿਆਂ ਹੋਇਆਂ ਭਾਈ ਉਦਮ ਨੂੰ ਸਾਲ ਪੂਰਾ ਹੋਇਆ ਤਾਂ ਉਹਦੀ ਧਰਮਪਤਨੀ ਦੀ ਕੁਖੋਂ ਇਕ ਬਾਲਕ ਨੇ ਜਨਮ ਲਿਆ "ਭਾਈ ਉਦਮ ਜੀ ਦੇ ਘਰਪੁਤ੍ਰ ਜਨਮਿਆਂ, ਸੇਵਾ ਦਾ ਫਲ ਮਿਲ ਗਿਆ।" ਸਾਧ ਸੰਗਤ ਵਿਚ ਇਉਂ ਚਰਚਾ ਹੋਈ।

ਭਾਈ ਉਦਮ ਦਾ ਪੁਤ੍ਰ ਸਤਵੇਂ ਪਾਤਸ਼ਾਹ ਤਕ ਗੁਰੂ ਘਰ ਦੀਸੇਵਾ ਕਰਦਾ ਰਿਹਾ। ਉਸ ਦੀ ਵੰਸ਼ ਵਿਚੋਂ ਕੈਂਥਲ ਦੇ ਰਾਜੇ ਰਾਜਾ ਲਾਲ ਸਿੰਘ ਤੇ ਰਾਜਾ ਉਦੇ ਸਿੰਘ ਜੀ ਹੋਏ ਹਨ। ਰਾਜਾ ਉਦੇ ਸਿੰਘ ਜੀ ਨੇ ਮਹਾਂ ਕਵੀਭਾਈਸੰਤੋਖ ਸਿੰਘਜੀਪਾਸੋ "ਸੂਰਜ ਪ੍ਰਕਾਸ਼" ਗ੍ਰੰਥ ਤਿਆਰ ਕਰਵਾਇਆ ਸੀ। ਦੋ ਪਿੰਡ ਜਗੀਰ ਦੇ ਦਿਤੇ ਸਨ। ਸੂਰਜ ਪ੍ਰਕਾਸ਼ ਗ੍ਰੰਥ ਸੰਮਤ ੧੯੯੮ ਨੂੰ ਸੰਪੂਰਨ ਹੋਇਆ ਸੀ। ਇਸ ਤਰਾਂ ਸਤਿਗੁਰੂ ਜੀ ਦਾ ਵਰ ਪੂਰਾ ਹੋਇਆ।

੧੬. ਕੰਨ-ਪਾਟੇ ਜੋਗੀਆਂ ਨਾਲ ਗਿਆਨ ਚਰਚਾ

ਸਤਿਗੁਰਾਂ ਦੇ ਸਮੇਂ ਦੇਸ਼ ਵਿਚ ਕੰਨ-ਪਾਟੇ ਜੋਗੀਆਂ ਦਾ ਬਹੁਤ ਜ਼ੋਰ ਸੀ। ਜੋਗੀਆਂ ਦੇ ਟੋਲਿਆਂ ਦੇ ਟੋਲੇ ਦੇਸ਼ ਵਿਚ ਵਿਚਰਦੇ ਰਹਿੰਦੇ ਸਨ। ਉਹ ਜੋਗੀ ਆਪਣੇ ਆਪ ਨੂੰ ਬਹੁਤ ਅਕਲ ਵਾਲੇ ਪ੍ਰਤੀਤ ਕਰਦੇ ਸਨ। ਜੋਗ ਮਾਰਗ ਦੇ ਵਾਧੇ ਬਦਲੇ ਦਿਨੇ ਰਾਤ ਸਾਧਾਂ, ਫਕੀਰਾਂ ਤੇ ਧਰਮਾਤਮਾਂ ਪੁਰਸ਼ਾਂ ਨਾਲ ਗਿਆਨ ਚਰਚਾਂ ਕਰਦੇ ਰਹਿੰਦੇ। ਇਕ ਟੋਲਾ ਹਰਦਵਾਰ ਨੂੰ ਜਾਂਦਾ ਹੋਇਆ 'ਰਾਮਦਾਸ ਪੁਰ ਆਂ ਪੁਜਾ। ਉਨ੍ਹਾਂ ਨੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ ਪਰ ਸਤਿਗੁਰੂ ਜੀ ਦੇ ਹਜ਼ੂਰ ਮੱਥਾ ਟੇਕਣ ਨਹੀਂ ਗਏ ਸਗੋਂ ਇਕ ਦੇ ਰਾਹੀਂ ਸਤਿਗੁਰੂ ਜੀ ਵਲ ਸਨੇਹਾ ਭੇਜਿਆ ਕਿ ਉਹ ਗਿਆਨ-ਚਰਚਾ ਕਰਨਾ ਚਾਹੁੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਸਤਿਗੁਰੂ ਰਾਮਦਾਸ ਜੀ ਗਿਆਨ ਚਰਚਾ ਬਹੁਤ ਉਤਸ਼ਾਹ ਨਾਲ ਕਰਦੇ ਸਨ। ਸਤਿਗੁਰੂ ਜੀ ਨੇ ਉਸੇ ਵੇਲੇ ਸੁਨੇਹਾ ਭੇਜ ਦਿਤਾ ਕਿ ਜੋਗੀ ਚਰਚਾ ਕਰਨ ਵਾਸਤੇ ਆ ਜਾਣ। ਸਤਿਗੁਰੂ ਨਾਨਕ ਦੇਵ ਜੀ ਦਾ ਦਰ ਹਰ ਪੁਰਸ਼ ਵਾਸਤੇ ਸਦਾ ਖੁਲ੍ਹਾ ਹੈ। ਜੋਗੀ ਆਏ, ਧਰਮਸਾਲਾ ਹਾਲ ਵਿਚ ਜੋਗੀਆਂ ਨੂੰ ਬੈਠਾ ਦਿਤਾ ਗਿਆ। ਉਨ੍ਹਾਂ ਦੇ ਬੈਠਣ ਪਿਛੋਂ ਸਤਿਗੁਰੂ ਜੀ ਵੀ ਸਿੰਘਾ-ਸਨ ਉਪਰ ਜਾ ਬਰਾਜੇ। ਜੋਗੀਆਂ ਨੇ ਜਦੋਂ ਸਤਿਗੁਰੂ ਜੀ ਦੇ ਪ੍ਰਭਾਵਸ਼ਾਲੀ ਚੇਹਰੇ ਵਲ ਤਕਿਆ ਤਾਂ ਉਨ੍ਹਾਂ ਦੀਆਂ ਅੱਖਾਂ ਨੀਵੀਆਂ ਹੋ ਗਈਆਂ। ਸਤਿਗੁਰੂ ਜੀ ਦੇ ਨੈਣਾਂ ਵਿਚੋਂ ਸੀਤਲ ਨੂਰ ਦੀ ਬਰਖਾ ਹੋ ਰਹੀ ਸੀ। ਮਿਸ਼ਰੀ ਨਾਲੋਂ ਮਿਠੇ ਸ਼ਬਦਾਂ ਵਿਚ ਸਤਿਗੁਰੂ ਜੀ ਨੇ ਜੋਗੀਆਂ ਨੂੰ ਪੁਛਿਆ, 'ਹੇ ਮਹਾਂ ਪੁਰਸ਼ੋ! ਕਹੋ ਕੀ ਆਗਿਆ ਹੈ? ਸਤਿਗੁਰੂ ਨਾਨਕ ਦੇਵ ਜੀ ਦਾ ਘਰ ਹਰ ਪੁਰਸ਼ ਦੇ ਹਿਰਦੇ ਨੂੰ ਸਾਂਤ ਰੱਖਣ ਵਾਸਤੇ ਹੈ। ਏਥੇ ਪਿਆਰ, ਭਗਤੀ ਤੇ ਧਰਮ ਕਿਰਤ ਦਾ ਉਪਦੇਸ਼ ਹੁੰਦਾ ਹੈ। ਬਹੁਤੀ ਬਹਿਸ ਕਰਕੇ ਹਿਰਦਿਆਂ ਨੂੰ ਕ੍ਰੋਧ ਤੇ ਈਰਖਾ ਦੀ ਜਵਾਲਾ ਨਾਲ ਝੁਲਸਿਆ ਨਹੀਂ ਜਾਂਦਾ, ਦਸੋ ਕੀ ਸੇਵਾ ਕਰੀਏ?' ਜੋਗੀਆਂ ਦਾ ਮੁਖੀ ਬੋਲਿਆ, 'ਸਤਿਗੁਰੂ ਨਾਨਕ ਦੇਵ ਜੀ ਦੀ ਉਸਤਤ ਤਾਂ ਅਸਾਂ ਬਹੁਤ ਸੁਣੀ ਹੈ ਇਹ ਵੀ ਸੁਣਿਆ ਹੈ ਕਿ ਆਪ ਦੂਰ ਦੂਰ ਜਾ ਕੇ ਜੋਗੀਆਂ ਨੂੰ ਮਿਲਦੇ ਰਹੇ, ਏਥੋਂ ਤਕ ਕਿ ਕੈਲਾਸ਼ ਪਰਬਤ

ਉਪਰ ਵੀ ਜਾ ਪੁਜੇ ਤੇ ਦਿਬਜ ਦ੍ਰਿਸ਼ਟਿ ਜੋਗੀਆਂ ਨਾਲ ਗਿਆਨ ਚਰਚਾ ਕੀਤੀ, ਏਥੇ ਆਪ ਦਾ ਪ੍ਰਤਾਪ ਚੰਗਾ ਹੈ। ਚੌਗਿਰਦੇ ਸ਼ੋਭਾ ਭੀ ਚੰਦਨ ਸੁਗੰਧੀ ਦੀ ਤਰ੍ਹਾਂ ਖਿਲਰੀ ਹੈ ਅਸਾਂ ਦਾ ਵਿਚਾਰ ਹੈ ਕਿ ਇਹ ਜੋ ਤੁਸਾਂ ਦਾ ਭਗਤੀ ਮਾਰਗ ਹੈ ਇਹ ਠੀਕ ਨਹੀਂ। ਜੇ ਜੋਗ ਮਤ ਨੂੰ ਧਾਰਨ ਕਰ ਲਵੋ ਤਾਂ ਦਿਬਜ ਦ੍ਰਿਸ਼ਟ ਹੋਕੇ ਜਦੋਂ ਸਮਾਧੀ ਲਾਵੋਗੇ ਤਦੋਂ ਪਰਮਾਨੰਦ ਵਿਚ ਮਗਨ ਰਹੋਗੇ। ਜਿਸ ਸਮੇਂ ਦਸਵੇਂ ਦੁਵਾਰ ਸੁਰਤ ਜਾਂਦੀ ਹੈ ਤਾਂ ਅਮਰ ਸ਼ਾਂਤੀ ਤੇ ਪ੍ਰੀਤ ਰਸ ਗਿਰਦਾ ਹੈ। ਰਿਧੀਆਂ ਤੇ ਸਿਧੀਆਂ ਦਾ ਅੰਤ ਨਹੀਂ ਰਹਿੰਦਾ। ਭਾਵੇਂ ਕਿੰਨੀ ਭਗਤੀ ਕਰੋ, ਜਗਤ ਨਾਲ ਪਿਆਰ ਕਰੋ, ਜਿੰਨਾ ਚਿਰ ਗ੍ਰਿਹਸਤ ਹੈ, ਉੱਨਾ ਚਿਰ ਪੂਰਨ ਸ਼ਾਂਤੀ ਹਾਸਲ ਨਹੀਂ ਹੋ ਸਕਦੀ। ਗ੍ਰਿਹਸਤ ਵਿਚ ਦੁਖ ਜ਼ਰੂਰ ਹੁੰਦਾ ਹੈ। ਈਰਖਾ ਪਿਛਾ ਨਹੀਂ ਛੱਡਦੀ, ਜੋਗੀ ਬਣੋ ਤੇ ਗ੍ਰਿਹਸਤ ਦਾ ਤਿਆਗ ਕਰੋ। ਗ੍ਰਿਹਸਤ ਵਿਚ ਮਨ ਪ੍ਰਮਾਨੰਦ ਨੂੰ ਉਦੇਸ਼ ਕਰਨ ਜੋਗਾ ਨਹੀਂ ਰਹਿੰਦਾ।'

ਜੋਗੀਆਂ ਦੇ ਇਹ ਬਚਨ ਸੁਣਕੇ ਸਤਿਗੁਰੂ ਜੀ ਮੁਸਕ੍ਰਾਏ। ਸਾਹਿਬਾਂ ਨੇ ਮੁਸਕ੍ਰਾਉਂਦਿਆਂ ਹੋਇਆਂ ਉੱਤਰ ਦਿੱਤਾ 'ਹੇ ਜੋਗੀ, ਤੁਸੀਂ ਲੋਕ ਸਦਾ ਭੁਲੇਖੇ ਵਿਚ ਰਹਿੰਦੇ ਹੋ। ਜਿਸ ਨੂੰ ਜੋਗ ਤੁਸੀਂ ਸਮਝਦੇ ਹੋ, ਇਹ ਜੋਗ ਨਹੀਂ। ਆਖਦੇ ਹੋ ਗ੍ਰਿਹਸਤ ਨੂੰ ਛਡਿਆ, ਘਰੋਂ ਤੁਰ ਗਏ। ਪਰ ਕਦੀ ਇਹ ਵੀ ਸੋਚਿਆ ਜੇ ਕਿ ਗ੍ਰਿਹਸਤੀਆਂ ਦੇ ਘਰੀਂ ਜਾਣ ਤੋਂ ਬਿਨਾਂ ਤੁਸਾਂ ਦੀ ਗਤੀ ਨਹੀਂ ਹੁੰਦੀ। ਦੋ ਵੇਲੇ ਪੇਟ ਦੀ ਅੱਗ ਬੁਝਾਉਣ ਵਾਸਤੇ ਅੰਨ ਮੰਗਣਾ ਪੈਂਦਾ ਹੈ। ਇਕ ਘਰ ਦੀ ਨਾਰੀ ਨੂੰ ਤਿਆਗਿਆ, ਹਜ਼ਾਰਾਂ ਜਗਤ ਦੀਆਂ ਨਾਰੀਆਂ ਦੇ ਘਰੀਂ ਜਾ ਕੇ ਅਲਖ ਜਗਾਈ। ਬਾਕੀ ਰਹੀ ਮਨ ਦੀ ਗਲ, ਗੁਰਮਤਿ ਨੇ ਮਨ ਐਸਾ ਕਰ ਦਿਤਾ ਹੈ, ਉਹ ਸਦਾ ਦਸਵੇਂ ਦੁਵਾਰ ਵਿਚ ਪੁਜਕੇ ਪਰਮਾਨੰਦ ਵਿਚ ਰਹਿੰਦਾ ਹੈ, ਸੁਣੋ :—

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ। ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧। ਜੋਗੀ ਹਰਿ ਦੇਹੁ ਮਤੀ ਉਪਦੇਸੁ ॥ ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ ਰਹਾਉ ॥ ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥ ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨। ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥ ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥ ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚਲ ॥ ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥ (ਆਸਾ ਮਹਲਾ ੪)

ਤਿਸਦਾ ਪ੍ਰਮਾਰਥ—ਹੇ ਜੋਗੀ ਹੱਥਾਂ ਨਾਲ ਵਾਜਾ ਤਾਂ ਵਜਾਉਂਦਾ ਹੈਂ ਪਰ ਇਸਦੀ ਲੈ ਵਿਚ ਰਸ ਨਹੀਂ। ਕਿਉਂਕਿ ਵਾਜਾ (ਬੀਨ) ਪ੍ਰਮੇਸ਼ਰ ਦੇ, ਨਾਮ ਤੋਂ ਖਾਲੀ ਹੈ। ਬੀਨ ਵਿਚੋਂ ਜੋ ਸੱਦ ਨਿਕਲਦੀ ਹੈ, ਉਹ ਰੋਟੀ ਕਪੜਾ ਤੇ ਸਤਿਕਾਰ ਮੰਗਦੀ ਹੈ। ਉਹ ਪਰਮਾਨੰਦ ਸੁਖ ਦੀ ਮੰਗ ਨਹੀਂ ਕਰਦਾ। ਚੰਗਾ ਇਹ ਹੈ ਕਿ ਗੁਰਮਤਿ (ਗੁਰੂ ਦੀ ਸਿਖਿਆ) ਨੂੰ ਗ੍ਰਹਿਣ ਕਰੋ। ਫਿਰ ਇਹ ਮਨ ਹਰੀ ਦੇ ਰਸ ਵਿਚ ਰੰਗਿਆ ਜਾ ਸਕਦਾ ਹੈ। ਜਿੰਨਾ ਚਿਰ ਇਹ ਮਨ ਹਰੀ ਰੰਗ ਵਿਚ ਨਾ ਰੰਗਿਆ ਜਾਵੇ, ਓਨਾ ਚਿਰ ਭੁਲਾ ਸੁਖ ਕਿਥੋਂ? ਹੇ ਭੁਲੇ ਜੋਗੀ ਕਿਉਂ ਹੋ ਸਿਖਿਆ ਦੇਂਦਾ ਹੈ? ਪ੍ਰਮੇਸ਼ਰ ਦੇ ਨਾਮ ਸਿਮਰਨ ਦਾ ਉਪਦੇਸ਼ ਕਰ। ਲੋਕਾਂ ਨੂੰ ਗ੍ਰਹਿਸਤ ਤੋਂ ਦੂਰ ਲਿਜਾਕੇ ਕਦਰਤ ਦੇ ਅਸੂਲ ਦੇ ਉਲਟ ਕਰਮ ਕਰਦਾ ਹੈਂ ਅਸੀਂ ਤਾਂ ਉਸ ਪ੍ਰਮਾਤਮਾ ਨੂੰ ਸਦਾ ਆਦੇਸ ਕਰਦੇ ਹਾਂ ਜੋ ਆਦਿ ਮਧ ਤੇ ਅੰਤ ਵਿਚ ਇਕ ਸਰੂਪ ਅਡੋਲ ਰਹਿੰਦਾ ਹੈ। ਐਸੀ ਸ਼ਕਤੀ ਨੂੰ ਨਮਸਕਾਰ ਕਰਨੀ ਚੰਗੀ। ਪ੍ਰਮਾਤਮਾ ਨੇ ਇਸ ਦਿਸਦੇ ਜਗਤ ਨੂੰ ਸੁੰਦਰ ਸਾਜ਼ਾਂ ਦਾ ਕੇਂਦਰ ਥਾਪਿਆ ਹੈ, ਐਸੇ ਸਾਜ ਸਦਾ ਵਜਦੇ ਰਹਿੰਦੇ ਹਨ, ਜੋ ਮਨ ਨੂੰ ਮੋਹ ਲੈਂਦੇ। ਮਨ ਉਨ੍ਹਾਂ ਸਾਜਾਂ ਨੂੰ ਸੁਣਕੇ ਪ੍ਰਸੰਨ ਹੁੰਦਾ ਰਹਿੰਦਾ ਹੈ, ਮਨ ਇਨ੍ਹਾਂ ਰਾਗਾਂ ਨਾਲ ਖੁਰਾਕ ਹਾਸਲ ਕਰਦਾ। ਹੇ ਜੋਗੀ ਇਹ ਕਾਇਆਂ ਸਰੀਰ ਇਕ ਖੇਤ ਦੀ ਨਿਆਈ ਹੈ, ਇਸ ਵਿਚ ਪ੍ਰਮੇਸ਼ਰ ਦੇ ਨਾਮ ਦੀ ਫਸਲ ਬੀਜੋ ਜੋ ਅਗੇ ਸਹਾਈ ਹੋਵੇ। ਗੁਰਮਤਿ ਦਹੀਂ ਸਿੰਚਹੁ (ਪਾਣੀ ਦਿਓ) ਜੇਹੜੇ ਭੇਖ ਜਗਤ ਦੇ ਹਨ, ਇਹ ਸਭ ਪ੍ਰਮਾਤਮਾ ਦੇ ਹਨ। ਇਸ ਵਾਸਤੇ ਅਸਾਂ ਨੂੰ ਤਾਂ ਸਤਿਗੁਰੂ ਜੀ ਨੇ ਐਸਾ ਗਿਆਨ ਬਖਸ਼ਿਆ ਹੈ, ਜਿਸ ਨਾਲ ਅਸੀਂ ਸਮਝ ਗਏ ਹਾਂ ਕਿ ਗੁਰਮਤਿ ਆਸਰੇ ਗ੍ਰਹਿਸਤ ਵਿਚ ਵੀ ਅਸਾਂ ਦਾ ਮਨ ਨਿਰਲੇਪ ਹੈ ਜਿਸ ਵਾਸਤੇ ਅਸਾਂ ਨੂੰ ਜੋਗੀ ਹੋਣ ਦਾ ਕੋਈ ਲਾਭ ਨਹੀਂ ਸਗੋਂ ਤੁਸੀਂ ਵੀ ਜਗਤ ਦਾ ਤਿਆਗ ਛਡਕੇ ਜਗਤ ਦੀ ਭਲਾਈ ਵਾਸਤੇ ਕੁਝ ਕਰੋ। ਗ੍ਰਹਿਸਤ ਧਰਮ ਜਗਤ ਵਿਚ ਮਨੁਖ ਦਾ ਪ੍ਰਧਾਨ ਧਰਮ ਹੈ।' ਸਤਿਗੁਰਾਂ ਕੋਲੋਂ ਇਹ ਉਪਦੇਸ਼ ਸੁਣਕੇ ਜੋਗੀਆਂ ਦੀ ਨਿਸ਼ਾ ਹੋ ਗਈ, ਉਹ ਅਗੇ ਕੋਈ ਗਲ ਨਾ ਕਰ ਸਕੇ। ਸਤਿਗੁਰੂ ਜੀ ਕੋਲੋਂ ਖੁਸ਼ੀਆਂ ਹਾਸਲ ਕਰਕੇ ਤੁਰ ਗਏ। ਉਨ੍ਹਾਂ ਵਿਚੋਂ ਦੋਂਹ ਜੋਗੀਆਂ ਉਤੇ ਚੰਗਾ ਅਸਰ ਪਿਆ, ਉਹ ਜੋਗ ਛੱਡਕੇ ਸਤਿਗਰੂ ਜੀ ਦੇ ਚਰਨਾਂ ਵਿਚ ਟਿਕ ਗਏ। ਤੇ

ਗੁਰਮਤਿ ਨੂੰ ਧਾਰਨ ਕਰਕੇ ਸਤਿਗੁਰੂ ਜੀ ਦੇ ਸਿਖ ਬਣੇ।

੧੭. ਬ੍ਰਹਮਚਾਰੀ ਦਾ ਸੁਆਲ

ਇਕ ਵਿਦਿਵਾਨ ਪੰਡਤ ਰਾਮਦਾਸ ਪੁਰ ਆ ਪੁਜਾ ਉਹ ਬ੍ਰਹਮਚਾਰੀ ਤਪੱਸੀ ਸੀ। ਕਈ ਸਾਲ ਉਸਨੇ ਤਪਸਿਆ ਕੀਤੀ ਤੇ ਗਿਆਨ ਦੇ ਗ੍ਰੰਥ ਪੜ੍ਹੇ ਤੇ ਵਿਚਾਰੇ ਸਨ, ਦੋ ਤਿੰਨ ਦਿਨ ਰਹਿਣ ਪਿਛੋਂ ਇਕ ਦਿਨ ਉਸ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਦਰਸ਼ਨ ਕਰਕੇ ਨਿਹਾਲ ਹੋਇਆ। ਉਸ ਦੇ ਮਨ ਵਿਚ ਸ਼ੰਕੇ ਸਨ ਉਨ੍ਹਾਂ ਸ਼ੰਕਿਆਂ ਨੂੰ ਦੂਰ ਕਰਨ ਵਾਸਤੇ ਉਸ ਨੇ ਸਤਿਗੁਰੂ ਜੀ ਅਗੇ ਸਵਾਲ ਕੀਤਾ—"ਹੇ ਮਹਾਂ ਪੁਰਸ਼ੋ ਆਪ ਦੇ ਦਰਬਾਰ ਆਇਆਂ ਤਿੰਨ ਦਿਨ ਹੋ ਗਏ ਹਨ। ਦੋਵੇਂ ਵੇਲੇ ਮੈਂ ਉਪਦੇਸ਼ ਤੇ ਬਾਣੀ ਦਾ ਕੀਰਤਨ ਸੁਣਦਾ ਰਿਹਾ ਹਾਂ। ਬਾਣੀ ਸੁਣਨ ਤੇ ਮੈਨੂੰ ਸ਼ੰਕਾ ਫੁਰੀ ਹੈ।

"ਉਹ ਕੀ ਸ਼ੰਕਾ ਹੈ!" ਸਤਿਗੁਰੂ ਜੀ ਨੇ ਪੁਛਿਆ।

"ਗੁਰਬਾਣੀ ਜੋ ਸਿੱਖ ਪੜ੍ਹਦੇ ਹਨ, ਉਸ ਤੋਂ ਸਿੱਧ ਹੁੰਦਾ ਹੈ ਕਿ ਆਪ ਦਾ ਧਰਮ ਪੁਰਾਤਨ ਤੀਰਥਾਂ ਦੇ ਇਨਸ਼ਾਨ ਤੇ ਪੂਜਨ ਦਾ ਖੰਡਨ ਕਰਦਾ ਹੈ। ਦਸਦੇ ਹਨ ਕਿ ਮਨੁਖ ਨੂੰ ਇਹ ਤੀਰਥ ਕੁਝ ਲਾਭ ਨਹੀਂ ਦੇ ਸਕਦੇ। ਪਰ ਆਪ ਦੇ ਬਜ਼ੁਰਗ ਗੁਰੂ ਅਮਰਦਾਸ ਜੀ ਬਾਈ ਵਾਰ ਗੰਗਾ ਇਸ਼ਨਾਨ ਕਰਨ ਕਿਉਂ ਗਏ?" ਪੰਡਤ ਨੇ ਆਪਣਾ ਸ਼ੰਕਾ ਪ੍ਰਗਟ ਕਰ ਦਿਤਾ।

ਸਤਿਗੁਰੂ ਜੀ ਫੁਰਮਾਇਆ—"ਸਤਿਗੁਰੂ (ਗੁਰੂ ਅਮਰਦਾਸ) ਜੀ ਨੇ ਜੋ ੨੨ ਵਾਰ ਗੰਗਾ ਇਸ਼ਨਾਨ ਦਾ ਯਤਨ ਕੀਤਾ ਉਸਦੀ ਵਾਰਤਾ ਇਉਂ ਹੈ—੨੧ ਵਾਰ ਜਦੋਂ ਗੁਰੂ ਜੀ ਗੰਗਾ ਗਏ ਸਨ, ਉਸ ਵੇਲੇ ਆਪ ਨੇ ਗੁਰੂ ਧਾਰਨ ਨਹੀਂ ਸੀ ਕੀਤਾ। ਗਿਆਨਤਾ ਦੀ ਰੋਸ਼ਨੀ ਨਹੀਂ ਸੀ ਮਿਲੀ। ਕਿਉਂਕਿ ਗੁਰਮਤਿ ਮੰਨਦੀ ਹੈ ਕਿ ਰੋਸ਼ਨੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਗੁਰੂ ਮਿਲੇ ਸਤਿਸੰਗ ਕੀਤਾ ਜਾਵੇ ਤੇ ਬਾਣੀ ਪੜ੍ਹੀ ਜਾਵੇ। ਸਤਿਗੁਰੂ ਜੀ ਦੀ ਆਪਣੀ ਬਾਣੀ ਹੈ। ਗੁਰਪਰਸਾਦੀ ਭ੍ਰਮ ਭਉ ਭਾਗੈ ਏਕ ਨਾਮਿ ਲਿਵ ਲਾਈ॥ ੨॥ ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ॥ (ਮਲਾਰ ਮ: ੩) ਹੁਣ ਸੋਚੋ ਆਪ ਨੇ ਦਸਿਆ ਹੈ ਕਿ ਭਰਮ ਤਾਂ ਜਾਂਦਾ ਹੈ ਜੋ ਗੁਰੂ ਦੀ ਕ੍ਰਿਪਾ ਹੋਵੇ ਤੇ "ਗਤਿ ਮਤਿ" ਸਚੇ ਗਿਆਨ ਦਾ ਭੇਤ ਤਾਂ ਪਾਈਦਾ ਹੈ ਜੋ ਗੁਰੂ ਦੇ ਬਚਨ ਪਹਿਲਾਂ ਸੁਣੀਏਂ। ਜਦੋਂ ਕਿਸੇ ਪੁਰਸ਼ ਨੇ

ਗੁਰੂ ਕੀਤਾ ਨਹੀਂ, ਗੁਰੂ ਬਚਨ ਸੁਣੇ ਨਹੀਂ ਤਾਂ ਉਸ ਨੂੰ ਕਿਵੇਂ ਪਤਾ ਲਗੇ ਕਿ ਗੰਗਾ ਇਸ਼ਨਾਨ ਕਰਨਾ ਚੰਗਾ ਹੈ ਜਾਂ ਮਾੜਾ ?''

ਸਾਹਿਬ ਫੁਰਮਾਉਂਦੇ ਹਨ—ਤ੍ਰੈਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ॥ ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥੨॥(ਮਲਾਰ ਮਹਲਾ੩) ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਧਿਆਨੁ ॥(ਮਲਾਰ ਮਹਲਾ ੩) ਹੋਰ ਬਚਨ ਹੈ ''ਬਿਨੁ ਗੁਰ ਸੋਝੀ ਕਿਸੈ ਨ ਹੋਇ ॥'' (ਪ੍ਰਭਾਤੀ ਮਹਲਾ ੧) ਸਤਿਗੁਰੂ ਜੀ ਦੇ ਜੀਵਨ ਵਿਚ ਆਉਂਦਾ ਹੈ ਕਿ ਜਦੋਂ ਆਪ ਨੂੰ ਪਤਾ ਲਗਾ ਕਿ ਆਪ ਅਜੇ ਤਕ ਨਿਗੁਰੇ ਹਨ ਤੇ ਗੁਰੂ ਬਿਨਾਂ ਗਤ ਨਹੀਂ ਹੋ ਸਕਦੀ ਤਾਂ ਉਸੇ ਦਿਨ ਤੋਂ ਹਿਰਦੇ ਵਿਚ ਗੁਰੂ ਢੂੰਡਣ ਦੀ ਲਗਨ ਲਗ ਗਈ। ਜਿਸ ਪੁਰਸ਼ ਨੇ ਸਾਹਿਬਾਂ ਨੂੰ ਕਿਹਾ, 'ਹੇ ਪੁਰਸ਼ਾ ਤੇਰੇ ਹਥੋਂ ਕੁਝ ਨਹੀਂ ਖਾਣਾ ਤੂੰ ਨਿਗੁਰਾ ਹੈਂ।' ਉਹ ਵੀ ਪੰਡਤ ਸੀ, ਜੇ ਗੰਗਾ ਰੋਸ਼ਨੀ ਦੇਣ ਜੋਗੀ ਹੁੰਦੀ ਤਾਂ ੨੧ ਵਾਰ ਇਸ਼ਨਾਨ ਕਰਨ ਤੇ ਸਤਿਗੁਰੂ ਜੀ ਨਿਗੁਰੇ ਕਿਉਂ ਰਹਿੰਦੇ? ਉਸ ਪੰਡਤ ਕਿਉਂ ਸ਼ੰਕਾ ਕੀਤੀ ਜਦੋਂ ਕਿ ਸਤਿਗੁਰੂ ਜੀ ਨੇ ਦਸ ਦਿਤਾ ਸੀ ਕਿ ਉਹ ਗੰਗਾ ਇਸ਼ਨਾਨ ਕਰ ਕੇ ਆ ਰਹੇ ਸਨ।ਸਤਿਗੁਰੂ ਗੁਰੂ ਨਾਨਕਦੇਵ ਜੀ ਮਹਾਰਾਜਦਾਬਚਨ ਹੈ, 'ਜਹ ਜਹ ਦੇਖਾ ਤਹ ਤਹ ਸੋਈ॥ਬਿਨੁਸਤਿਗੁਰ ਭੇਟੇ ਮੁਕਤਿ ਨ ਹੋਈ॥ਹਿਰਦੈ ਸਚੁ ਏਹ,ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥ (ਪ੍ਰਭਾਤੀ ਮਹਲਾ੧) ਗੰਗਾ ਜਮੁਨਾ,ਸਰਸੁਤੀ,ਕ੍ਰਿਸ਼ਨਾ ਗੋਦਾਵਰੀ ਇਹ ਨਦੀਆਂ ਸਤਿਕਾਰ ਯੋਗ ਹਨ ਕਿਉਂਕਿ ਇਹ ਅੰਨ ਪੈਦਾ ਕਰਦੀਆਂ ਹਨ। ਸਾਧੂ ਸੰਤ ਇਨ੍ਹਾਂ ਦੇ ਕਿਨਾਰੇ ਬੈਠਕੇ ਪ੍ਰਮਾਤਮਾ ਨੂੰ ਯਾਦ ਕਰਦੇ ਹਨ। ਗਰਮ ਦੇਸ਼ਾ ਦੇ ਲੋਕ ਇਸ਼ਨਾਨ ਕਰਕੇ ਤਨ ਨੂੰ ਸੀਤਲ ਕਰਦੇ ਹਨ। ਜਦੋਂ ਤਨ ਸੀਤਲ ਹੋ ਜਾਂਦਾ ਹੈ ਤਾਂ ਮਨ ਸ਼ਾਂਤ ਹੋ ਕੇ ਹਰੀ ਸਿਮਰਨ ਵਿਚ ਜੁੜ ਜਾਂਦਾ ਹੈ। ਹੇ ਪੰਡਤ ਜੀ ! ਇਹ ਨਦੀਆਂ ਤਾਂ ਖੁਦ ਤੜਪਦੀਆਂ ਹਨ ਕਿ ਸਾਧੂ ਸੰਤ ਉਨ੍ਹਾਂ ਵਿਚ ਇਸ਼ਨਾਨ ਕਰਨ ਤਾਂ ਕਿ ਉਹ ਅਭਾਗੀਆਂ ਪਵਿਤ੍ਰ ਹੋਣ ।

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਪੰਡਤ ਚੁਪ ਨਾ ਰਿਹਾ, ਉਸਨੇ ਸਵਾਲ ਕੀਤਾ, 'ਪਰ ਜਦੋਂ ਸਤਿਗੁਰੂ (ਗੁਰੂ ਅਮਰ ਦਾਸ) ਜੀ ਗੁਰੂ ਬਣ ਗਏ ਸਨ ਤਾਂ ਸੂਰਜ ਗ੍ਰਹਿਣ ਸਮੇਂ ਕਰੂਕ੍ਸ਼ੇਤ੍ਰ ਤੇ ਗੰਗਾ

ਗੰਗਾ ਜੀ ਕਿਉਂ ਗਏ ? ਤਦੋਂ ਤਾਂ ਉਨ੍ਹਾਂ ਨੂੰ ਪੂਰਾ ਗਿਆਨ ਸੀ ।'

ਸਤਿਗੁਰੂ ਜੀ ਨੇ ਸਮਝਾਇਆ, "ਹੇ ਪੰਡਤ ਜੀ ! ਫਿਰ ਆਪ ਪਹਿਲੇ ਦੀ ਤਰ੍ਹਾਂ ਗੰਗਾ ਇਸ਼ਨਾਨ ਕਰਨ ਨਹੀਂ ਗਏ । ਜੇ ਗੰਗਾ ਇਸ਼ਨਾਨ ਨੂੰ ਚੰਗਾ ਸਮਝਦੇ ਤਾਂ ਗੁਰੂ ਬਣਨ ਤੋਂ ਪਹਿਲਾਂ ਜਿੰਨਾ ਚਿਰ ਸਤਿਗੁਰੂ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦੇ ਰਹੇ ਹਨ, ਹਰ ਵਰ੍ਹੇ ਗੰਗਾ ਜਾਇਆ ਕਰਦੇ ਜਦੋਂ ਤੋਂ ਸਤਿਗੁਰੂ ਜੀ ਦੀ ਸ਼ਰਨ ਆਏ ਤਦੋਂ ਤੋਂ ਗੰਗਾ ਨੂੰ ਭੁਲ ਗਏ । ਉਨ੍ਹਾਂ ਵਾਸਤੇ ਦਰਿਆ ਬਿਆਸ ਹੀ ਗੰਗਾ ਸੀ, ਜਿਸ ਦੇ ਜਲ ਨਾਲ ਆਪ ਇਸ਼ਨਾਨ ਕਰਦੇ ਤੇ ਸਤਿਗੁਰੂ ਜੀ ਦਾ ਇਸ਼ਨਾਨ ਕਰਾਇਆ ਕਰਦੇ ਸਨ। ਕੁੰਭ ਦੇ ਮੇਲੇ ਉਤੇ ਗੁਰਮਤ ਦਾ ਪ੍ਰਚਾਰ ਕਰਨ ਗਏ ਸਨ । ਭੁਲੇ ਜਗਤ ਜੀਵਾਂ ਨੂੰ ਹਉਮੈ ਅਗਿਆਨਤਾ ਤੇ ਲਾਲਚ ਦੇ ਹਨੇਰੇ ਵਿਚੋਂ ਬਾਹਰ ਕੱਢਣ ਵਾਸਤੇ ਉਥੇ ਪੁਜੇ ਸਨ । ਸੈਂਕੜੇ ਜੀਵਾਂ ਨੂੰ ਆਪ ਨੇ ਤਾਰਿਆ । ਵਿਦਵਾਨ ਤੇ ਸਧਾਰਨ ਪੁਰਸ਼ ਗੁਰਮਤਿ ਮੰਡਲ ਵਿਚ ਆਏ । ਗਿਆਨ ਦਾ ਪ੍ਰਚਾਰ ਕਰਨਾ ਚੰਗਾ ਹੈ । ਗੁਰੂ ਸੰਤ ਸਾਧੂ ਤੇ ਗੁਰਮੁਖ ਪੁਰਸ਼ ਦਾ ਧਰਮ ਹੈ ਕਿ ਜਗਤ ਨੂੰ ਰੋਸ਼ਨੀ ਬਖਸ਼ਣ । ਗੰਗਾ, ਤੀਰਥ ਤੇ ਮੰਦਰ ਇਸ ਸਮੇਂ ਜਗਤ ਨੂੰ ਲੁਟਣ ਦੀਆਂ ਦੁਕਾਨਾਂ ਬਣ ਗਈਆਂ ਹਨ । ਉਥੇ ਜਾਕੇ ਮਨੁਖ ਮਨ ਨੂੰ ਸ਼ਾਂਤੀ ਤੇ ਪ੍ਰਭੂ ਭਗਤੀ ਨਹੀਂ ਮਿਲਦੀ, ਸਗੋਂ ਈਰਖਾ, ਲਾਲਚ ਤੇ ਹੰਕਾਰ ਆਦਿਕ ਰੋਗ ਚੰਮੜ ਜਾਂਦੇ ਹਨ ।"

ਸਤਿਗੁਰੂ ਜੀ ਦਾ ਇਹ ਉਪਦੇਸ਼ ਸੁਣਕੇ ਪੰਡਤ ਦੇ ਸ਼ੰਕੇ ਦੂਰ ਹੋ ਗਏ। ਉਹਦੇ ਮਨ ਨੂੰ ਪੂਰਾ ਗਿਆਨ ਹੋ ਗਿਆ ਉਹ ਪ੍ਰਮਾਤਮਾ ਦੀ ਸਚੀ ਭਗਤੀ ਦੇ ਰਾਹ ਆਪ ਤੁਰਿਆ ਤੇ ਰਹਿੰਦੀ ਆਯੂ ਉਸ ਨੇ ਰਾਮਦਾਸ ਪੁਰ ਵਿਚ ਬਤੀਤ ਕੀਤੀ।

੧੯. ਸਿਖਾਂ ਨੂੰ ਉਪਦੇਸ਼

ਇਕ ਦਿਨ ਸ਼ਾਮ ਦਾ ਦੀਵਾਨ ਲੱਗਾ ਹੋਇਆ ਸੀ, ਸਤਿਗੁਰੂ ਜੀ ਉਪਦੇਸ਼ ਕਰ ਰਹੇ ਸਨ ਉਸ ਸਮੇਂ ਭਾਈ ਤੀਰਥਾ, ਭਾਈ ਬਿਸ਼ਨ ਦਾਸ, ਨਾਨਕ ਚੰਦ, ਮਹਾਨੰਦ, ਬਿਧੀ ਚੰਦ, ਤ੍ਰਿਲੋਕਾ ਆਦਿਕ ਸਿਖ ਬੈਠੇ ਸਨ, ਇਹ ਸਾਰੇ ਗ੍ਰਿਹਸਤੀ ਤੇ ਕਾਰੋਬਾਰੀ ਸਿਖ ਸਨ । ਭਾਈ ਮਾਣਕ ਚੰਦ ਜੀ ਨੇ ਉਠਕੇ ਪ੍ਰਾਰਥਨਾ ਕੀਤੀ–"ਹੇ ਦਾਤਾ ! ਅਸਾਂ ਗ੍ਰਿਹਸਤੀਆਂ ਨੂੰ ਸ਼ਾਂਤੀ ਹਾਸਲ

ਨਹੀਂ ਹੁੰਦੀ। ਚਤੇ ਪਹਿਰ ਮਰਨ ਦਾ ਤ੍ਰਾਸ ਰਹਿੰਦਾ ਹੈ ਮਨ ਡੋਲਦਾ ਰਹਿੰਦਾ ਹੈ। ਪੰਜੇ ਚੋਰ ਅਰਾਮ ਨਹੀਂ ਕਰਨ ਦੇਂਦੇ। ਕੋਈ ਉਪਾਉ ਦਸੋ ਅਸੀਂ ਵੀ ਪਰਵਾਰ ਸਮੇਤ ਭਵਸਾਗਰ ਤੋਂ ਪਾਰ ਹੋ ਜਾਈਏ।" ਸਤਿਗੁਰੂ ਜੀ ਨੇ ਬਚਨ ਕੀਤਾ—"ਗੁਰਮਤਿ ਵਿਚ ਗ੍ਰਿਹਸਤ ਧਰਮ ਪ੍ਰਧਾਨ ਹੈ। ਇਸ ਵਿਚ ਸ਼ਾਂਤੀ ਹਾਸਲ ਹੋ ਸਕਦੀ ਹੈ ਜੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਜੀਵਨ ਨੂੰ ਢਾਲਣ ਦਾ ਯਤਨ ਕੀਤਾ ਜਾਵੇ ਤਾਂ ਸਾਹਿਬ ਫੁਰਮਾਉਂਦੇ ਹਨ—

ਜਗ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ॥ ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥੧॥ ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥ਨਾਮ ਬਿਨਾ ਕੈਸੇ ਗੁਨ ਚਾਰੁ॥੧॥ਰਹਾਉ॥ਘਰੁ ਬਾਲੂ ਕਾ ਘੂਮਨ ਘੇਰਿ॥ ਬਰਖਸਿ ਬਾਣੀ ਬੁਦਬੁਦਾ ਹੇਰਿ॥ ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ॥ਸਰਬ ਜੋਤਿ ਨਾਮੈ ਕੀ ਚੇਰਿ॥੨॥ਸਰਬ ਉਪਾਇ ਗੁਰੂ ਸਿਰਿ ਮੋਰੁ॥ਭਗਤਿ ਕਰਉ ਪਗ ਲਾਗਉ ਤੋਰ॥ ਨਾਮਿ ॥ ਰਤੋ ਚਾਹਉ ਤੁਝ ਓਰੁ ॥ ਨਾਮੁ ਦੁਰਾਇ ਚਲੈ ਸੋ ਚੋਰੁ॥੩॥ ਪਤਿ ਖੋਈ ਬਿਖੁ ਅੰਚਲਿ ਪਾਇ॥ ਸਾਚ ਨਾਮ ਰਤੋ ਪਤਿ ਸਿਉ ਘਰਿ ਜਾਇ॥ਜੋ ਕਿਛੁ ਕੀਨਸਿ ਪ੍ਰਭੁ ਰਜਾਇ ॥ ਭੈ ਮਾਨੈ ਨਿਰਭਉ ਮੇਰੀ ਮਾਇ॥੪॥ਕਾਮਨਿ ਚਾਹੈ ਸੁੰਦਰਿ ਭੋਗ ॥ ਪਾਨ ਫੂਲ ਮੀਠੇ ਰਸ ਰੋਗ॥ਖੀਲੈ ਬਿਗਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨਸਿ ਹੋਗ ॥ ਪਰਿਰਸਿ ਕਾਪੜ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥ ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ ॥ (ਬਸੰਤ ਮਃ ੧)

ਪੰਜਾਬ ਦੇ ਵਿਚ ਕਾਂ ਇਕ ਐਸਾ ਕਾਲਾ ਪੰਛੀ ਹੈ ਜੋ ਸੰਤੋਖ ਨਾਲ ਨਹੀਂ ਬੈਠਦਾ। ਪਾਰੇ ਵਾਂਗ ਇਹਦਾ ਮਨ ਡੋਲਦਾ ਰਹਿੰਦਾ ਤੇ ਥਾਂ ਥਾਂ ਚੀਜ਼ਾਂ ਨੂੰ ਲਭਦਾ, ਖਾਂਦਾ ਤੇ ਸ਼ਕ ਵਿਚ ਵੀ ਐਸੀਆਂ ਥਾਵਾਂ ਤੇ ਚੁੰਜਾ ਮਾਰਦਾ ਰਹਿੰਦਾ ਹੈ ਜਿਥੇ ਕੋਈ ਚੀਜ਼ ਖਾਣ ਵਾਲੀ ਨਹੀਂ ਹੁੰਦੀ। ਸਤਿਗੁਰੂ ਜੀ ਦਸਦੇ ਹਨ ਕਿ ਜਗਤ ਦੇ ਮਨੁਖ ਕਾਂ ਵਰਗੇ ਹਨ। ਅਸ਼ਾਂਤ ਰੂਪ ਲਾਲਚ ਪਿਛੇ ਫਿਰਦੇ ਹਨ ਪ੍ਰਮਾਤਮਾ ਨੂੰ ਚੇਤ ਨਹੀਂ ਕਰਦੇ। ਨਾਮ ਦੇ ਨਾ ਹੋਣ ਦੇ ਕਾਰਨ ਚੋਗ ਬਦਲੇ ਥਾਂ ਥਾਂ ਝੱਖ ਮਾਰ ਰਹੇ ਹਨ ਤੇ ਜਗਤ ਦੇ ਤਕੜਿਆਂ ਕੋਲੋਂ ਮਾਰ ਤੇ ਮਾੜਿਆਂ ਕੋਲੋਂ ਗਾਲ੍ਹਾਂ ਖਾਂਦੇ ਹਨ ਜਿਵੇ ਕਾਂ ਦੀ ਦਸ਼ਾਂ ਹੁੰਦੀ ਹੈ ਸੋ ਨਾਮ ਹੀਣ ਪੁਰਸ਼ਾਂ ਦੀ ਹੁੰਦੀ ਹੈ। ਐਸੇ ਲਾਲਚੀ ਪੁਰਸ਼ਾਂ ਦਾ ਮਨ ਡੋਲਦਾ ਰਹਿੰਦਾ ਹੈ ਤੇ ਉਹ ਸਦਾ ਕੁਟਲ ਨੀਤੀ ਨਾਲ ਜਗਤ ਨੂੰ ਠਗਣ ਦਾ ਯਤਨ ਕਰਦਾ ਹੈ। ਸਤਿਗੁਰੂ ਜੀ ਆਖਦੇ ਹਨ—"ਜਗਤ ਦੀ ਐਸੀ ਮੰਦੀ ਦਸ਼ਾ ਦੇਖ ਕੇ ਅਸਾਂ ਜਗਤ ਨਾਲੋਂ ਪ੍ਰੀਤ ਤੋੜਕੇ ਪ੍ਰਮਾਤਮਾ ਨਾਲ

ਪ੍ਰੀਤ ਜੋੜ ਲਈ ਹੈ। ਪ੍ਰਮਾਤਮਾ ਨੂੰ ਸਭ ਕੁਝ ਸਮਝ ਰਹੇ ਹਾਂ।" ਮਨੁੱਖ ਦੇ ਮਨ ਉਤੇ ਕਾਮ ਕ੍ਰੋਧ, ਵਿਸ਼ੇ ਵਿਕਾਰਾਂ ਦਾ ਪਥਰ ਵਰਗਾ ਕਰੜਾ ਤੇ ਭਾਰੀ ਭਾਰ ਪਿਆ ਹੈ। ਨਾਮ ਤੋਂ ਬਿਨਾ ਉਹ ਮਨ ਤੋਂ ਦੂਰ ਨਹੀਂ ਹੋ ਸਕਦਾ। ਪਰ ਮਨੁਖ ਨੂੰ ਪਤਾ ਨਹੀਂ ਲਗਾ ਕਿ ਐਸੇ ਕੁਕਰਮਾਂ ਨੇ ਉਹਦੇ ਮਨ ਨੂੰ ਨਪਿਆ ਹੋਇਆ ਹੈ। ਕੋਹਲੂ ਦੇ ਬੈਲ ਵਾਂਗ ਅਖਾਂ ਮੀਟ ਕੇ ਭਾਰ ਦੇ ਹੇਠਾਂ ਤੁਰਿਆ ਜਾਂਦਾ ਠੇਡੇ ਖਾਂਦਾ ਹੋਇਆ ਚੰਗੇ ਜੀਵਨ ਨੂੰ ਗੁਵਾ ਦੇਂਦਾ ਹੈ। ਇਹ ਜਨਮ ਦੁਰਲਭ ਹੈ। ਜਗਤ ਵਿਚ ਮਨੁਖ ਦਾ ਜੀਵਨ ਉਸ ਰੇਤ ਦੇ ਘਰ ਵਰਗਾ ਹੈ ਜੋ ਸਮੁੰਦਰ ਦੇ ਵਿਚਾਲੇ ਹੋਵੇ ਤੇ ਸਮੁੰਦਰ ਦੀਆਂ ਤੂਫਾਨੀ ਲਹਿਰਾਂ ਉਸ ਨੂੰ ਖਾ ਜਾਣ ਵਾਲੀਆਂ ਹੋਣ। ਪੰਜਾਂ ਚੋਰਾਂ ਦੀ ਘੁੰਮਨ ਘੇਰੀ ਵਿਚ ਫਸਕੇ ਦੁਖ ਉਠਾਉਂਦਾ ਹੈ। ਇਹ ਨਹੀਂ ਸਮਝਦਾ ਕਿ ਜਲ ਦੀ ਇਕ ਬੂੰਦ ਤੋਂ ਇਸ ਦੀ ਉਤਪਤੀ ਹੋਈ ਹੈ। ਇਹ ਸਭ ਕੁਝ ਨਾਮ ਸਿਮਰਨ ਦੀ ਚਾਕਰੀ (ਸੇਵਾ) ਕਰਨ ਵਾਸਤੇ ਸੀ ਇਨ੍ਹਾਂ ਦੁਖਾਂ ਵਿਚੋਂ ਬਾਹਰ ਕਢਣ ਵਾਲਾ ਤੁਸਾਂ ਕੋਲ ਗੁਰੂ ਹੈ। ਗੁਰੂ ਨੂੰ ਹਾਕ ਮਾਰੋ ਉਸ ਨੂੰ ਯਾਦ ਕਰੋ, ਤਾਂ ਤੁਸਾਂ ਦਾ ਪਾਰ ਉਤਾਰਾ ਹੋ ਸਕਦਾ ਹੈ। ਤੁਸੀਂ ਤਾਂ ਹੀ ਸਤਕਾਰੇ ਜਾ ਸਕਦੇ ਹੋ ਜੇ ਭਗਤੀ ਕਰੋ ਤਾਂ। ਨਾਮ ਦਾ ਸਿਮਰਨ ਕਰਨ ਵਾਲੇ ਬੈਕੁੰਠ ਧਾਮ ਵਲ ਜਾਂਦੇ ਹਨ। ਜਹੜੇ ਨਾਮ ਦਾ ਸਿਮਰਨ ਨਹੀਂ ਕਰਦੇ ਜਿਨ੍ਹਾਂ ਦੇ ਪਲੇ ਨਾਮ ਨਹੀਂ ਉਨ੍ਹਾਂ ਦਾ ਨਿਰਾਦਰ ਹੁੰਦਾ ਹੈ ਉਹ ਦੁਖੀ ਹੁੰਦੇ ਹਨ। ਜਿਨ੍ਹਾਂ ਕੋਲ ਨਾਮ ਸਿਮਰਨ ਦੀ ਪੂੰਜੀ ਹੁੰਦੀ ਹੈ ਉਹ ਸਤਕਾਰ ਨਾਲ ਪ੍ਰਭੂ ਕੋਲ ਜਾਂਦੇ ਹਨ। ਇਸ ਤੋਂ ਬਿਨਾਂ ਜੇ ਕੋਈ ਘਟਣਾ ਵਾਪਰੇ ਉਹ ਸਮਝੋ ਪ੍ਰਭੂ ਦੀ ਕਿਰਤ ਹੈ ਕਿਸੇ ਮਨੁਖ ਤੇ ਦੋਸ਼ ਨਾ ਦੇਵੋ। ਸਦਾ ਪ੍ਰਭੂ ਕੋਲੋਂ ਡਰ ਕੇ ਰਹੋ। ਜੋ ਪ੍ਰਮਾਤਮਾ ਕੋਲੋਂ ਡਰਕੇ ਰਹਿੰਦਾ ਹੈ ਉਹ ਨਿਰਭਉ ਹੋ ਜਾਂਦਾ ਹੈ। ਕਿਉਂਕਿ ਪ੍ਰਮਾਤਮਾ ਉਸ ਦੀ ਹਰ ਤਰ੍ਹਾਂ ਸਹਾਇਤਾ ਕਰਦਾ ਹੈ ਇਸਤ੍ਰੀ ਤੇ ਪੁਰਸ਼ ਜਵਾਨੀ ਵਿਚ ਸੁੰਦਰ ਭੋਗ ਚਾਹੁੰਦੇ ਹਨ। ਉਨ੍ਹਾਂ ਵਿਚ ਖਚਤ ਹੋ ਕੇ ਪ੍ਰਮਾਤਮਾਂ ਨੂੰ ਭੁਲ ਜਾਂਦੇ ਹਨ। ਖਾਣ ਪੀਣ ਤੇ ਹੰਢਾਉਂਣ ਵਾਲੇ ਪਦਾਰਥਾਂ ਦੀ ਚਿੰਤਾ ਕਰਨ ਲਗ ਪੈਂਦੇ ਹਨ। ਆਸਾ ਤੇ ਮਨਸਾ ਦੋ ਬੀਮਾਰੀਆਂ ਉਨ੍ਹਾਂ ਨੂੰ ਲਗ ਜਾਂਦੀਆਂ ਹਨ। ਇਨ੍ਹਾਂ ਬੀਮਾਰੀਆਂ ਤੋਂ ਬਚਣਾ ਚਾਹੀਦਾ ਹੈ। ਬਚਨ ਦਾ ਇਕੋ ਵਸੀਲਾ ਹੈ ਨਾਮ। ਨਾਮ ਦਾ ਸਿਮਰਨ ਕਰੋ।"

"ਹੇ ਗੁਰਮੁਖੋ!" ਸਤਿਗੁਰੂ ਜੀ ਉਪਦੇਸ਼ ਕਰੀ ਗਏ! "ਸਦਾ ਧਰਮ ਕਿਰਤ ਕਰੋ, ਦੁਕਾਨਦਾਰੀ ਵਿਚ ਝੂਠ ਨਾ ਬੋਲੋ ਤੇ ਘਟ ਨਾ ਤੋਲੋ। ਘਟ ਤੋਲ ਕੇ ਤੇ ਝੂਠ ਬੋਲ ਕੇ ਇਕ ਤਾਂ ਆਪਣੀ ਆਤਮਾ ਨੂੰ ਰੋਗ ਲਾਉਂਦੇ ਜੇ, ਦੂਸਰਾ ਅਗਲੇ (ਗਾਹਕ) ਨੂੰ ਨੁਕਸਾਨ ਪਹੁੰਚਦਾ ਹੈ, ਉਹ ਤੁਸਾਂ ਨੂੰ ਬੁਰਾ ਭਲਾ ਆਖਦਾ ਹੈ। ਕਿਸੇ ਦੁਖੀ ਦਾ ਦਿਲ ਨਾ ਦੁਖਾਵੋ। ਸਾਧੂ ਸੰਤ ਦੀ ਸੇਵਾ ਕਰੋ ਬੱਚਿਆਂ ਨੂੰ ਵਿਦਿਆ ਪੜ੍ਹਾਵੋ। ਇਹ ਸਮਝੋ ਤੁਸੀਂ ਇਸ ਜਗਤ ਨੂੰ ਸੁੰਦਰ ਬਣਾਉਣ ਵਾਸਤੇ ਆਏ ਹੋ। ਈਰਖਾ, ਚੁਗਲੀ, ਨਿੰਦਾ, ਲਾਲਚ, ਹੰਕਾਰ ਆਦਿਕ ਮਾੜੀਆਂ ਗੱਲਾਂ ਨੂੰ ਛੱਡੋ ਬਸ ਬੇੜਾ ਪਾਰ ਹੋ ਜਾਵੇਗਾ। ਸਵਾਸ ਸਵਾਸ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰੋ। ਇਸ ਨਾਲ ਤੁਸਾਂ ਦਾ ਪਾਰ ਉਤਾਰਾ ਹੋਵੇਗਾ। ਗਿਆਨ ਨੂੰ ਸਿਖ ਕੇ ਉਸ ਉਤੇ ਅਮਲ ਕਰਨਾ ਚਾਹੀਏ। ਸਿਖੀ ਗਿਆਨ ਨਹੀਂ ਸਗੋਂ ਜੀਵਨ ਜਾਚ ਹੈ। ਅਮਲ ਦੀ ਲੋੜ ਹੈ। ਤੜਕੇ ਉਠ ਕੇ ਇਸ਼ਨਾਨ ਕਰਕੇ ਨਿਤਨੇਮ ਕਰੋ। ਜੋ ਸਵੇਰੇ ਨਹੀਂ ਉਠਦਾ, ਇਸ਼ਨਾਨ ਨਹੀਂ ਕਰਦਾ, ਸਤਸੰਗ ਵਿਚ ਨਹੀਂ ਜਾਂਦਾ। ਜੇ ਕਿਤੇ ਕੋਈ ਸੁਭ ਬਚਨ ਸੁਣਿਆਂ ਵੀ ਤਾਂ ਉਸ ਨੂੰ ਉਥੇ ਹੀ ਭੁਲਾ ਦਿਤਾ ਤਾਂ ਦਸੋ ਉਹ ਕਿਵੇਂ ਆਸ ਰਖਦਾ ਹੈ ਕਿ ਉਹ ਭਵਜਲ ਤੋਂ ਪਾਰ ਹੋ ਜਾਵੇਗਾ। ਜੋ ਕਿਸਾਨ ਕਣਕ ਖੇਤ ਵਿਚ ਬੀਜੇਗਾ ਉਹ ਕਣਕ ਹੀ ਕਟੇਗਾ। ਕਿਰਤ ਦਾ ਹੀ ਫਲ ਲੈਣਾ ਹੈ।"

ਸਤਿਗੁਰੂ ਜੀ ਕੋਲੋਂ ਇਉਂ ਉਪਦੇਸ਼ ਸੁਣਕੇ ਸਿੱਖ ਨਿਹਾਲ ਹੋ ਗਏ ਉਨ੍ਹਾਂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਬਚਨ ਦਿੱਤਾ ਕਿ ਉਹ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦਾ ਯਤਨ ਕਰਨਗੇ, ਪ੍ਰਮਾਤਮਾ ਉਨ੍ਹਾਂ ਉਤੇ ਮੇਹਰ ਰਖੇ।

੧੯. ਭਾਈ ਗੁਰਦਾਸ ਜੀ ਨੂੰ ਆਗਰੇ ਭੇਜਣਾ

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਦੇ ਕੇਂਦਰ ਸਾਰੇ ਹਿੰਦੁਸਤਾਨ ਵਿਚ ਕਾਇਮ ਹੋ ਚੁਕੇ ਸਨ। ਕਿਉਂਕਿ ਸਾਹਿਬਾਂ ਨੇ ਬਾਈ ਮੰਜੀਆਂ (ਪ੍ਰਚਾਰ ਦੇ ਵੱਡੇ ਕੇਂਦਰ) ਤੇ ੭੨ ਪੀੜ੍ਹੇ (ਛੋਟੇ ਪ੍ਰਚਾਰਕ) ਕਾਇਮ ਕੀਤੇ ਸਨ। ਕੁਝ ਮੰਜੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਂ ਦੀਆਂ ਸਨ, ਸੰਮਤ ੧੬੩੫ ਬਿ: ਵਿਚ ਜਦੋਂ ਸਾਹਿਬਾਂ ਨੇ ਸਰੋਵਰ ਨੂੰ ਪੱਕਾ ਕਰਨ ਦੀ

ਸਲਾਹ ਕੀਤੀ ਤਾਂ ਕੁਝ ਮਸੰਦਾਂ ਨੂੰ ਬਾਹਰ ਭੇਜਿਆ ਕਿ ਉਹ ਸਰੋਵਰ ਵਾਸਤੇ ਮਾਯਾ ਇਕਠੀ ਕਰਕੇ ਲਿਆਉਣ। ਜੋ ਬਾਈ ਮੰਜੀਆਂ ਤੇ ੭੨ ਪੀੜ੍ਹੇ ਸਨ ਉਨ੍ਹਾਂ ਨੂੰ ਵੀ ਹੁਕਮ ਨਾਮਾ ਭੇਜਿਆ ਕਿ ਉਹ ਵੀ ਸਹਾਇਤਾ ਭੇਜਣ। ਭਾਵੇਂ ਉਹ ਸਸਤ ਦਾ ਸਮਾਂ ਸੀ, ਫਿਰ ਵੀ ਮਾਯਾ ਦੀ ਬਹੁਤ ਲੋੜ ਸੀ ਧਰਮਸਾਲਾ ਗੁਰੂ ਕੇ ਲੰਗਰ ਦੀ ਇਮਾਰਤ, ਸਰੋਵਰ ਤੇ ਮੰਦਰ ਤਿਆਰ ਕਰਵਾਇਆ ਜਾਣਾ ਸੀ।

ਸਤਿਗੁਰੂ ਜੀ ਦੇ ਕੋਲ ਭਾਈ ਗੁਰਦਾਸ ਜੀ ਸਨ। ਆਪ ਸ੍ਰੀ ਗੁਰੂ ਅਮਰ ਦਾਸ ਜੀ ਦੇ ਭਤੀਜੇ ਸਨ ਤੇ ਆਪ ਦਾ ਜਨਮ ਬਾਸਰਕੀ ਗਿਲਾਂ ਵਿਚ ਹੋਇਆਸੀ। ਆਪ ਦੇ ਜਨਮ ਦਾ ਸਾਲ ਨਹੀਂ ਮਿਲਦਾ, ਫਿਰ ਵੀ ਆਪ ਜਦੋਂ ਸ੍ਰੀ ਗੁਰੂ ਰਾਮ-ਦਾਸ ਜੀ ਪਾਸ ਪੁਜੇ ਸਨ ਜਵਾਨ ਸਨ, ਆਪ ਹਿੰਦੀ ਭਾਸ਼ਾ ਤੇ ਸੰਸਕ੍ਰਿਤ ਦੇ ਪੂਰੇ ਵਿਦਵਾਨ ਸਨ। ਵੇਦ ਤੇ ਸ਼ਾਸਤ੍ਰ ਸਾਰੇ ਚੰਗੀ ਤਰ੍ਹਾਂ ਘੋਖੇ ਹੋਏ ਸਨ। ਸ੍ਰੀ ਗੁਰੂ ਅਮਰ ਦਾਸ ਜੀ ਦੇ ਸਮੇਂ ਆਪ ਨੇ ਗੁਰਮੁਖੀ ਲਿਪੀ ਪੜ੍ਹੀ ਤੇ ਲਿਖਣੀ ਸਿਖੀ ਸੀ, ਉਹ ਵੀ ਐਸੇ ਧਿਆਨ ਨਾਲ ਪੜ੍ਹੀ ਕਿ ਗੁਰਮੁਖੀ ਲਿਪੀ ਦੇ ਉਸਤਾਦ ਬਣ ਗਏ। ਆਪ ਸਰਲ ਪੰਜਾਬੀ ਵਿਚ ਵਾਰਾਂ ਲਿਖਦੇ ਸਨ। ਆਪ ਦੀ ਵਿਦਵਤਾ, ਪ੍ਰਚਾਰ ਕਰਨ ਦੀ ਬੋਲਣ ਸ਼ਕਤੀ, ਬਹਿਸ ਕਰਨ ਦੇ ਸੁਚੱਜੇ ਢੰਗ ਅਤੇ ਮਿਠ ਬੋਲਣਾ ਦੇਖਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਕਿਹਾ, 'ਭਾਈ ਜੀਉ! ਆਪ ਆਗਰੇ ਮਥਰਾ ਵਲ ਜਾਵੋ ਤੇ ਗੁਰਮਤ ਦਾ ਪ੍ਰਚਾਰ ਕਰੋ। ਉਧਰ ਪੜ੍ਹੇ ਲਿਖੇ ਪੰਡਤ ਲੋਕਾਂ ਨੂੰ ਧੋਖਾ ਦੇ ਰਹੇ ਨੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਾਰਮਿਕ ਅਸੂਲਾਂ ਨੂੰ ਪ੍ਰਚਾਰੋ।'

'ਜਿਵੇਂ ਆਪ ਦੀ ਆਗਿਆ ਸਤਿਗੁਰੂ ਜੀ! ਬੰਦਾ ਆਪ ਦਾ ਸੇਵਕ ਹੈ। ਸਿਖੀ ਧਰਮ ਦੇ ਪ੍ਰਚਾਰ ਬਦਲੇ ਆਪਣੇ ਆਪ ਨੂੰ ਕੁਰਬਾਨ ਕਰਨ ਵਾਸਤੇ ਤਿਆਰ ਹੈ। ਜਿਸ ਵੇਲੇ ਆਖੋ ਤਦੋਂ ਹੀ ਤੁਰ ਜਾਂਦਾ ਹਾਂ। ਭਾਈ ਗੁਰਦਾਸ ਜੀ ਨੇ ਦੋਵੇਂ ਹਥ ਜੋੜਕੇ ਉੱਤਰ ਦਿਤਾ।

ਦੋ ਦਿਨ ਤਿਆਰੀ ਵਿਚ ਲੱਗ ਗਏ, ਸਤਿਗੁਰੂ ਜੀ ਨੇ ਕੁਝ ਬਾਣੀ ਲਿਖਵਾਈ ਜੋ ਸਤਿਗੁਰੂ ਜੀ ਦੀ ਆਪਣੀ ਉਚਾਰੀ ਹੋਈ ਸੀ, ਉਪਦੇਸ਼ ਦਿੱਤਾ ਤੇ ਨਾਲ ਹੀ ਅਰੋਗਤਾ ਤੇ ਗਿਆਨ ਨਾਲ ਪੰਡਤਾਂ ਨੂੰ ਜਿੱਤ ਲੈਣ ਦਾ ਵਰ ਦਿਤਾ। ਤੀਸਰੇ ਦਿਨ ਭਾਈ ਗੁਰਦਾਸ ਜੀ ਆਗਰੇ ਨੂੰ ਤੁਰ ਪਏ।

ਰਾਮਦਾਸ ਪੁਰ ਤੋਂ ਤੁਰਕੇ ਮੰਜ਼ਲੋ ਮੰਜ਼ਲੀ ਆਗਰੇ ਪਹੁੰਚੇ। ਰਾਹ ਵਿਚ ਜੇਹੜਾ ਵੀ ਵੱਡਾ ਪਿੰਡ ਜਾਂ ਸ਼ਹਿਰ ਕਸਬਾ ਆਇਆ ਉਥੇ ਹੀ ਭਾਈ ਗੁਰਦਾਸ ਜੀ ਨੇ ਗੁਰ-ਮਤ ਦਾ ਪ੍ਰਚਾਰ ਕੀਤਾ। ਆਪ ਦੀ ਬਾਣੀ ਵਿਚ ਪ੍ਰੀਤ, ਮਿਠਾਸ ਤੇ ਖਿਚ ਐਸੀ ਸੀ ਕਿ ਜੋ ਵੀ ਬਾਣੀ ਸੁਣਦਾ ਓਹੋ ਹੀ ਗੁਰੂ ਘਰ ਦਾ ਸ਼ਰਧਾਲੂ ਬਣ ਜਾਂਦਾ। ਆਗਰੇ ਵਿਚ ਭਾਈ ਗੁਰਦਾਸ ਜੀ ਨੇ ਆਪਣਾ ਪੱਕਾ ਅੱਡਾ ਬਣਾ ਲਿਆ ਹਰ ਰੋਜ਼ ਦੋਵੇਂ ਵੇਲੇ ਸਤਿਸੰਗ ਕਰਕੇ ਉਪਦੇਸ਼ ਕਰਦੇ ਰਹੇ। ਭਾਈ ਸਾਹਿਬ ਦੀ ਬਾਬਤ ਤੇ ਬਾਕੀ ਦੀ ਜੀਵਨ ਕਥਾ ਅਗੇ ਜਾ ਕੇ ਲਿਖੀ ਜਾਵੇਗੀ।

੧੯. ਭਾਈ ਧਰਮਦਾਸ ਤੇ ਡੋਗਰ ਦਾਸ ਜੀ ਨੂੰ ਉਪਦੇਸ਼

ਹਰ ਰੋਜ਼ ਸਤਿਗੁਰ ਜੀ ਦੇ ਹਜ਼ੂਰ ਸੈਂਕੜੇ ਪ੍ਰਾਣੀ ਦਰਸ਼ਨ ਕਰਨ ਵਾਸਤੇ ਆਉਂਦੇ ਸਨ। ਕਈ ਸੇਵਾ ਕਰਨ ਵਿਚ ਰੁਝ ਜਾਂਦੇ ਸਨ ਤੇ ਕਈ ਉਪਦੇਸ਼ ਸੁਣਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਜੋਧੇ, ਘਨਈਏ, ਤੁਲਸਾ, ਦੀਪਾ, ਜੇਠਾ, ਸੈਂਸਰੀ ਬੂਲਾ ਤੇ ਤੀਰਥ ਜਹੇ ਸਤਿਗੁਰਾਂ ਪਾਸੋਂ ਗੁਰਮਤ ਦਾ ਉਪਦੇਸ਼ ਲੈ ਚੁਕੇ ਸਨ ਇਕ ਦਿਨ ਭਾਈ ਧਰਮ ਦਾਸ ਤੇ ਭਾਈ ਡੋਗਰਦਾਸ ਨੇ ਪ੍ਰਾਰਥਨਾ ਕੀਤੀ ਕਿ ਸਚੇ ਪਾਤਸ਼ਾਹ ਜੀਵਨ ਜੁਗਤ ਦਸੋ ਇਹ ਸੁਣਕੇ ਸਤਿਗੁਰੂ ਜੀ ਨੇ ਇਉਂ ਉਪਦੇਸ਼ ਕੀਤਾ 'ਹੇ ਪੁਰਸ਼ੋ! ਸਭ ਤੋਂ ਪਹਿਲਾਂ ਮਨ ਦਾ ਹੰਕਾਰ ਛਡੋ, ਫਿਰ ਸੇਵਾ ਤੇ ਭਗਤੀ ਕਰੋ। ਕਰਤਾਰ ਦਾ ਸਿਮਰਨ ਸਦਾ ਕਰਦੇ ਰਿਹਾ ਕਰੋ, ਨਾਮਦਾ ਸਿਮਰਨ ਹੀ ਬੇੜਾ ਪਾਰ ਕਰਦਾ ਹੈ।'

ਹਰਿ ਰਰਿ ਨਾਮੁ ਜਪਹੁ ਮਨ ਮੇਰੇ ਅਨਦਿਨੁ ਹਰਿ ਲਿਵਲਾਇ ॥ ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਭੂਖ ਨ ਲਗੈ ਆਇ । ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ ਬੋਲਿ ਬੁਲਾਇ ॥ ਸੇਈ ਸੰਤ ਭਲੇ ਤੁਧੁ ਭਾਵਹਿ ਜਿਨ ਕੀ ਪਤਿ ਪਾਵਹਿ ਥਾਇ ॥ (ਆਸਾ ਮ: ੩)

ਬਿਨੁ ਨਾਵੈ ਸੁਖੁ ਨ ਪਾਈਐ ਨਾ ਦੂਖੁ ਵਿਚਹੁ ਜਾਇ ॥ ਇਹ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਗਤਿ ਭੁਲਾਇਆ ॥ (ਆਸਾ ਮ: ੩)

ਗਰੀਬ, ਨੰਗੇ ਭੁਖੇ ਦੀ ਸਹਾਇਤਾ ਕਰੋ। ਪ੍ਰੇਮ ਨਾਲ ਜਗਤ ਵਿਚ ਰਹੋ। ਜ਼ਾਲਮ, ਪਾਪੀ, ਹੰਕਾਰੀ ਤੇ ਕੁਧਰਮੀ ਦਾ ਸੰਗ ਨਾ ਕਰੋ। ਮਾੜੇ ਆਦਮੀਂ ਦਾ ਸੰਗ ਲੂਣ ਵਾਂਗ ਖੋਰ ਕੇ ਤਬਾਹ ਕਰ ਦੇਂਦਾ ਹੈ। ਨਸ਼ਾ ਨਾ ਵਰਤੋ, ਚੋਰੀ, ਜੂਆ ਇਤਿ ਆਦਿਕ ਮਾੜੇ ਕਰਮ ਨਹੀਂ ਕਰਨੇ ਚਾਹੀਦੇ। ਇਸਤ੍ਰੀ, ਧੀਆਂ ਪੁਤ੍ਰ, ਘਰ, ਦੌਲਤ ਤੇ ਜਵਾਨੀ ਸਭ ਕੁਝ ਸਮਝੋ ਪ੍ਰਮਾਤਮਾ ਦੀ ਦਾਤ ਹੈ। 'ਮੇਰੀ' ਤੇ 'ਮੈਂ' ਦਾ ਤਿਆਗ ਕਰਕੇ ਜਨਮ ਮਰਨ ਨੂੰ ਇਕ ਸਮਾਨ ਜਾਣੋ ਤਾਂ ਤੁਸਾਂ ਦੀ ਗਤੀ ਹੋਵੇਗੀ। ਭਵ ਸਾਗਰ ਤੋਂ ਆਪੇ ਪਾਰ ਹੋ ਜਾਵੋਗੇ। ਇਹ ਸਮਝੋ—"ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ॥ ਨਾਮ ਬਿਨਾ ਰਸ ਕਸ ਦੂਖੁ ਖਾਵੈ ਮੁਖੁ ਫੀਕਾ ਥੁਕ ਥੂਕ ਮੁਖਿ ਪਾਈ॥" (ਗੂਜਰੀ ਮ: ੪)

"ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿਆਈ॥ ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ॥" (ਗੂਜਰੀ ਮ: ੪)

ਇਹ ਉਪਦੇਸ਼ ਸੁਣ ਕੇ ਭਾਈ ਧਰਮਦਾਸ ਤੇ ਡੋਗਰ ਦਾਸ ਜੀ ਨਿਹਾਲ ਹੋ ਗਏ ਤੇ ਸਤਿਗੁਰੂ ਜੀ ਦੇ ਪਕੇ ਸਿੱਖ ਬਣ ਗਏ।

੨੧. ਸਤਿਗੁਰੂ ਜੀ ਦੀ ਸੰਤਾਨ

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਤਿੰਨ ਸਾਹਿਬਜ਼ਾਦੇ ਸਨ। ਵੱਡਾ ਪ੍ਰਿਥੀ ਚੰਦ ਜਿਸ ਦਾ ਜਨਮ ਸੰਮਤ ੧੬੧੫ ਬਿ: ਵਿਚ ਹੋਇਆ ਸੀ, ਦੂਸਰੇ ਮਹਾਂ-ਦੇਵ ਜੋ ੧੬੧੯ ਵਿਚ ਪ੍ਰਗਟੇ ਸਨ ਅਤੇ ਤੀਸਰੇ (ਗੁਰੂ) ਅਰਜਨ ਦੇਵ ਜੀ, ਜਿਨ੍ਹਾਂ ਨੇ ਵੈਸਾਖ ਵਦੀ ੭ ਸੰਮਤ ੧੬੨੦ ਮੁਤਾਬਿਕ ਸੰਨ ੧੫੬੩ ਈਸਵੀ ਨੂੰ ਅਵ-ਤਾਰ ਧਾਰਿਆ ਸੀ। ਤਿੰਨਾਂ ਹੀ ਸਾਹਿਬਜ਼ਾਦਿਆਂ ਦਾ ਜਨਮ ਨਾਨਕੇ ਘਰ ਗੋਇੰਦ-ਵਾਲ ਹੀ ਹੋਇਆ ਸੀ ਤੇ ਗਇੰਦਵਾਲ ਹੀ ਖੇਡੇ ਤੇ ਪਲੇ ਸਨ।

ਤਿੰਨਾਂ ਸਾਹਿਬਜਾਦਿਆਂ ਦੇ ਸੁਭਾ ਅੱਡੋ ਅੱਡ ਸਨ। ਜਿਨ੍ਹਾਂ ਦਾ ਏਥੇ ਬਿਆਨ ਕਰਨਾ ਜ਼ਰੂਰੀ ਹੈ। ਵਡੇ ਸਾਹਿਬਜ਼ਾਦੇ ਪ੍ਰਿਥੀਚੰਦ ਜੀ ਬਚਪਨ ਤੋਂ ਹੀ ਹੁਸ਼ਿਆਰ ਚਲਾਕ ਤੇ ਮਾਯਾਧਾਰੀ ਰੁਚੀ ਦੇ ਸਨ। ਜਦੋ ਜਵਾਨ ਹੋਕੇ ਰਾਮਦਾਸਪੁਰ ਆਏ ਤਾਂ ਇਨ੍ਹਾਂ ਨੇ ਖੂਹ ਚਾਲੂ ਕੀਤੇ ਕਿ ਆਮਦਨ ਬਹੁਤੀ ਹੋਵੇ। ਸਬਬ ਨਾਲ ਇਨ੍ਹਾਂ ਦੀ ਪਤਨੀ ਬੀਬੀ ਕਰਮ ਕੌਰ, ਇਨ੍ਹਾਂ ਨਾਲੋਂ

ਵੀ ਸਿਆਣੀ, ਖੁਦਗਰਜ਼ ਤੇ ਈਰਖੀ ਤਬੀਅਤ ਦੀ ਮਾਲਕ ਸੀ। ਦੋਵੇਂ ਜੀ ਰਾਤ ਦਿਨੇ ਸੋਚਣ ਲੱਗੇ ਕਿ ਸ੍ਰੀ ਗੁਰੂ ਰਾਮਦਾਸ ਜੀ ਗੁਰ-ਗੱਦੀ ਉਨ੍ਹਾਂ ਨੂੰ ਦੇ ਦੇਣ। ਸਿੱਖ ਸੰਗਤਾਂ ਨੂੰ ਆਪਣੇ ਵਲ ਪ੍ਰੇਰਦੇ, ਬਾਹਰੋਂ ਆਈ ਕਾਰ ਭੇਟ ਦੇ ਸੰਭਾਲਣ ਵਾਲੇ ਵੀ ਏਹੋ ਬਣੇ। ਭਗਤੀ ਦੇ ਸਿਮਰਨ ਵਲ ਆਪ ਦੀ ਰੁਚੀ ਬਹੁਤ ਘਟ ਸੀ। ਆਪਣੇ ਪਿਤਾ(ਗੁਰੂ ਰਾਮਦਾਸ)ਜੀ ਦੀ ਆਗਿਆ ਦਾ ਪਾਲਣ ਉਥੋਂ ਤਕਹੀ ਕਰਦੇ ਸਨ ਜਿਥੋਂ ਤਕ ਉਨ੍ਹਾਂ ਨੂੰ ਲਾਭ ਹੁੰਦਾ ਪ੍ਰਤੀਤ ਹੁੰਦਾ ਸੀ। ਸਭ ਤੋਂ ਛੋਟੇ ਵੀਰ(ਗੁਰੂ) ਅਰਜਨ ਦੇਵ ਜੀ ਨਾਲ ਸਦਾ ਈਰਖਾ ਕਰਦੇ ਸਨ, ਕਿਉਂਕਿ (ਗੁਰੂ)ਅਰਜਨ ਦੇਵ ਜੀ ਭਗਤੀ ਭਾਵ ਵਾਲੇ, ਤਿਆਗੀ ਤੇ ਵਿਦਿਆ ਪੜ੍ਹਨ ਵਿਚ ਰੁਝੇ ਰਹਿੰਦੇ ਸਨ। ਸਤਿਗੁਰੂ ਜੀ ਦੀ ਬਹੁਤ ਸੇਵਾ ਕਰਦੇ ਸਨ । ਪ੍ਰਿਥੀਚੰਦ ਨੂੰ ਚਿੰਤਾ ਸੀ ਕਿ ਕਿਤੇ ਗੁਰਗੱਦੀ ਉਨ੍ਹਾਂ ਨੂੰ ਨਾ ਮਿਲ ਜਾਵੇ।

ਦੂਸਰੇ ਸਾਹਿਬਜ਼ਾਦੇ ਮਹਾਂਦੇਵ ਜੀ ਸਨ । ਉਹ ਸਾਧੂ ਸੁਭਾਉ ਸਨ। ਉਹ ਸੰਸਾਰ ਦੇ ਧੰਧਿਆਂ, ਲਾਲਚਾਂ, ਫਿਕਰਾਂ ਤੋਂ ਦੂਰ ਸਨ। ਓਹ ਜਿਥੇ ਬੈਠਦੇ ਉਥੇ ਹੀ ਬੈਠੇ ਰਹਿੰਦੇ। ਜਦੋਂ ਚਿਤ ਕਰਦਾ ਤਦੋਂ ਕੁਝ ਖਾਂਦੇ ਨਹੀਂ ਤੇ ਭੁੱਖੇ ਤ੍ਰਿਹਾਏ ਹੀ ਮਗਨ ਹੋ ਰਹਿੰਦੇ। ਆਪ ਨੇ ਜਵਾਨੀ ਵਿਚ ਵਿਆਹ ਨਹੀਂ ਕੀਤਾ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ, 'ਪਹਿਲੇ ਤਾਂ ਇਹ ਸੰਤ ਰੂਪ ਵਿਰਕਤ ਹੋਕੇ ਚਾਟੀਵਿੰਡ ਰਹਿੰਦੇ ਰਹੇ, ਜਿਥੇ ਇਨ੍ਹਾਂ ਦੇ ਨਾਮ ਦੀ ਬਾਉਲੀ, ਧਰਮਸ਼ਾਲਾ, ਖੂਹ, ਥੜਾ ਇਹ ਚਾਰ ਸਥਾਨ ਪੱਕੇ ਬਣੇ ਹੋਏ ਸਨ ਜੋ ਹੁਣ ਖਰਾਬ ਹੋ ਗਏ ਸਨ। ਫੇਰ ਵਡੀ ਉਮਰੇ ਖਡੂਰ ਵਿਚ ਸ਼ਾਦੀ ਕਰ ਲਈ। ਉਥੋਂ ਇਕ ਪੁਤ੍ਰ ਕਸ਼ਮੀਰਮਲ ਹੋਇਆ, ਜਿਸਦੀ ਉਲਾਦ ਦੇ ਹੁਣ ਅਤਰ ਸਿੰਘ ਆਦਿਕ ਬਹੁਤ ਆਦਮੀ ਘੜੂੰਏਂ ਪਿੰਡ ਇਲਾਕੇ ਰਿਆਸਤ ਪਟਿਆਲੇ ਵਿਚ ਹਨ ।' (ਤਵਾਰੀਖ ਖਾਃ ਸਃ ੬੨੨)

ਤੀਸਰੇ ਤੇ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਦੇਵ ਜੀ ਸਨ । ਆਪ ਬਚਪਨ ਤੋਂ ਵਿਦਿਆ ਪੜ੍ਹਨ, ਸੇਵਾ ਤੇ ਸਿਮਰਨ ਕਰਨ ਵਿਚ ਲਗੇ ਰਹਿੰਦੇ ਅਤੇ ਰਹਿੰਦੇ ਵੀਸਤਿਗੁਰੂਜੀ ਦੀ ਹਜ਼ੂਰੀ ਵਿਚਸਤਿਗੁਰੂਜੀਜੋ ਵੀ ਕੰਮਕਰਨ ਵਾਸਤੇ ਹੁਕਮ ਕਰਦੇ,ਓਹੋ ਕੰਮ ਬਹੁਤ ਉਤਸ਼ਾਹ ਨਾਲ ਕਰਦੇਆਪ ਦੇ ਹਿਰਦੇ ਵਿਚ ਵੈਰ, ਵਿਰੋਧ ਤੇ ਨਿੰਦਾ ਚੁਗਲੀ ਦਾ ਉੱਕਾ ਹੀ ਕੋਈ ਨਿਸ਼ਾਨ ਨਹੀਂ ਸੀ। ਧਰਮਾਤਮਾ ਨਿਰਵੈਰ

ਅਤੇ ਵਾਹਿਗੁਰੂ ਦੇ ਭਉ ਤੇ ਭਾਉ ਵਾਲੇ ਬ੍ਰਹਮ ਗਿਆਨੀ ਸਨ। ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਹੁੰਦਾ ਹੈ। (ਗੁਰੂ) ਅਰਜਨ ਦੇਵ ਜੀ ਦੀ ਬਚਪਨ ਦੀ ਸਾਖੀ ਹੈ ਕਿ ਉਸ ਵੇਲੇ ਆਪ ਦੀ ਆਯੂ ਮਸਾਂ ਸਾਲ ਕੁ ਦੀ ਸੀ ਆਪ ਸਤਿਗੁਰੂ ਅਮਰਦਾਸ ਜੀ ਦੇ ਲਾਗੇ ਖੇਡ ਰਹੇ ਸਨ, ਰਿੜਦੇ ਰਿੜਦੇ ਸਤਿਗੁਰੂ ਜੀ ਦੇ ਸੰਘਾਸਨ ਉਤੇ ਚੜਨ ਦਾ ਯਤਨ ਕਰਨ ਲਗੇ। ਸੁਭਾਵਕ ਹੀ ਸਤਿਗੁਰੂ ਜੀ ਦੀ ਜ਼ਬਾਨੋਂ ਬਚਨ ਨਿਕਲ ਗਿਆ—"ਬੇਟਾ ਕਾਹਲ ਨਾ ਕਰ ਉਹ ਸਮਾਂ ਦੂਰ ਨਹੀਂ ਜਦੋਂ ਤੂੰ ਇਸ ਸੰਘਾਸਨ ਉਤੇ ਬੈਠੇਂਗਾ।" ਸਾਧ ਬਚਨ ਅਟਲਾਧਾ ਹੁੰਦਾ ਹੈ। ਸਤਿਗੁਰੂ ਜੀ ਦਾ ਉਹ ਵਾਕ ਪੂਰਾ ਹੋਣ ਤੇ ਆਇਆ। ਆਪ ਹਰ ਪ੍ਰਕਾਰ ਗੁਰਗੱਦੀ ਉਤੇ ਬਰਾਜਨ ਯੋਗ ਹੋ ਗਏ।

ਪਰ ਆਪ ਦਾ ਵੱਡਾ ਭਾਈ ਪ੍ਰਿਥੀਚੰਦ ਆਪ ਦਾ ਜਾਨੀਦੁਸ਼ਮਨ ਹੋਗਿਆ। ਉਹ ਹਰ ਰੋਜ਼ ਇਹ ਯਤਨ ਕਰਨ ਲੱਗਾ ਕਿ (ਗੁਰੂ) ਜੀ ਕੋਲੋਂ ਦੂਰ ਰਹਿਣ। ਜਦੋਂ ਵੀ ਕਦੀ ਮੌਕਾ ਬਣਦਾ ਤਦੋਂ ਹੀ ਸਤਿਗੁਰੂ ਜੀ ਅਗੇ ਪ੍ਰਿਥੀਚੰਦ (ਗੁਰੂ) ਅਰਜਨ ਦੇਵ ਜੀ ਦੀ ਨਿੰਦਾ ਕਰਦਾ। ਏਥੋਂ ਤਕ ਵੀ ਆਖ ਦੇਂਦਾ "ਇਹ (ਗੁਰੂ ਅਰਜਨ ਦੇਵ ਜੀ) ਤੁਸਾਂ ਕੋਲ ਵੇਹਲਾ ਬਹਿ ਰਹਿੰਦਾ ਹੈ। ਮੈਂ ਰਾਤ ਦਿਨ ਇੱਕ ਕਰਕੇ ਬਾਹ-ਰਦਾ ਤੇ ਘਰ ਦਾ ਪ੍ਰਬੰਧ ਕਰ ਰਿਹਾ ਹਾਂ। ਜ਼ਮੀਨ ਦੀ ਦੇਖ ਭਾਲ, ਸਰੋਵਰ ਦੀ ਪੁਟਾਈ ਦਾ ਖਿਆਲ ਅਤੇ ਆਏ ਸਿੱਖ ਸੇਵਕਾਂ ਦਾ ਧਿਆਨ ਰਖਦਾ ਹਾਂ, ਪਰ ਪਿਤਾ ਜੀ ਇਹ ਤਾਂ ਲਾ ਪਰਵਾਹ ਹਨ। ਇਨ੍ਹਾਂ ਨੂੰ ਬੁਹਤਾ ਚਿਰ ਆਪਣੇ ਕੋਲ ਨਾ ਬੈਠਣ ਦਿਆ ਕਰੋ।' ਪਰ ਹੁੰਦਾ ਉਹ ਕੁਝ ਹੈ, ਜੋ ਪ੍ਰਮਾਤਮਾ ਨੂੰ ਭਾਉਂਦਾਹੈ, ਮਨੁਖ ਦੀ ਕੀਤੀ ਨੇਪਰੇ ਨਹੀਂ ਚੜ੍ਹਦੀ। ਜਿਉਂ ਜਿਉਂ ਪ੍ਰਿਥੀ ਚੰਦ ਨਿੰਦਾ ਕਰਦਾ ਤਿਉਂ ਤਿਉਂ (ਗੁਰੂ) ਅਰਜਨ ਦੇਵ ਜੀ ਦਾ ਸਤਿਕਾਰ ਵਧਦਾ, ਕਿਉਂਕਿ ਆਪ ਜਨਮ ਤੋਂ ਬ੍ਰਹਮ ਗਿਆਨੀ ਸਨ। ਉਨ੍ਹਾਂ ਨੂੰ ਪ੍ਰਮਾਤਮਾਂ ਉਤੇ ਬਹੁਤ ਭਰੋਸਾ ਸੀ, ਆਪ ਦਾ ਬਚਨ ਹੈ:—

> ਤੇਰੀ ਟੇਕ ਨਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥ ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ ॥ ਤੇਰੀ ਟੇਕ ਤੇਰਾ ਭਰਵਾਸਾ ॥ ਸਗਲ ਧਿਆਵਹਿ ਪ੍ਰਭ ਗੁਣਤਾਸਾ ॥ (ਭੈਰਉ ਮ: ੫)

--o--

੨੨, ਸਹਾਰੀ ਮੱਲ ਦਾ ਸਤਿਗੁਰੂ ਜੀ ਪਾਸ ਲਾਹੌਰੋਂ ਆਉਣਾ

'ਗੋਵਿੰਦ ਪ੍ਰੀਤਿ ਸਨਕਾਦਿਕ ਉਧਾਰੇ ॥ ਰਾਮ ਨਾਮ ਸਬਦਿ ਬੀਚਾਰੇ ॥
'ਕਲਜੁਗ ਮਹਿ ਰਾਮ ਨਾਮੁ ਉਰਧਾਰ ॥ ੪॥੯॥ (ਭੈਰਉ ਮਹਲਾ ੩)

ਇਸ ਮਹਾਂਵਾਕ ਅਨੁਸਾਰ ਪ੍ਰਮਾਤਮਾ ਦੀ ਭਗਤੀ ਕਰਨ ਬ੍ਰਹਮਾ ਦੇ ਪੁਤ੍ਰ ਸਨਕ ਆਦਿਕ ਤੁਰ ਗਏ। ਓਹਨਾਂ ਦਾ ਨਾਮ ਜਗਤ ਵਿਚ ਪ੍ਰਗਟ ਹੋਇਆ। ਹੋਰ ਅਨੇਕਾਂ ਭਗਤ ਜਨ ਤੁਰ ਗਏ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਕਬੀਰ, ਰਵਿਦਾਸ, ਤ੍ਰਿਲੋਚਨ, ਸਧਨਾ, ਸੈਣ ਆਦਿਕ ਭਗਤ ਹੋਏ ਹਨ, ਸਭ ਨੂੰ ਇਸ ਕਰਕੇ ਚੇਤੇ ਕੀਤਾ ਜਾਂਦਾ ਹੈ ਕਿ ਓਹਨਾਂ ਨੇ ਨਾਮ ਜਪਿਆ। ਪ੍ਰਭੂ ਨਾਲ ਮਿਲ ਗਏ। ਕਲਜੁਗ ਦੇ ਵਿਚ ਤਾਂ ਮਨੁਖ ਹਿਰਦੇ ਨੂੰ ਨਾਮ ਦਾ ਹੀ ਆਸਰਾ ਹੈ। ਸਤਿਗੁਰੂ ਰਾਮ-ਦਾਸ ਜੀ ਜਦੋਂ ਯਤੀਮ ਬੱਚੇ ਸਨ, ਗੁਰੂ ਦੀ ਸ਼ਰੰਨ ਨਹੀਂ ਸਨ ਆਏ, ਤਦੋਂ ਆਪ ਨੂੰ ਕੋਈ ਨਹੀਂ ਸੀ ਜਾਣਦਾ। ਕੋਈ ਸਹਾਇਤਾ ਨਹੀਂ ਸੀ ਦੇਂਦਾ, ਕੋਈ ਨਹੀਂ ਸੀ ਕਹਿੰਦਾ ਇਹ ਅਸਾਡੇ ਭਰਾ ਜਾਂ ਭਤੀਜੇ ਹਨ, ਪਰ ਜਦੋਂ ਸਤਿਗੁਰੂ ਜੀ ਦੀ ਸੇਵਾ ਕੀਤੀ, ਗੁਰਮਤਿ ਅਨੁਸਾਰ ਕਰਤਾਰ ਦਾ ਸਿਮਰਨ ਕੀਤਾ ਅਤੇ ਸਤਿਗੁਰ ਤੇ ਪਾਰ-ਬ੍ਰਹਮ ਨੂੰ ਪ੍ਰਸੰਨ ਕਰ ਲਿਆ, ਤਾਂ ਸਾਰੇ ਦੇਸ਼ ਵਿਚ ਪ੍ਰਗਟ ਹੋ ਗਏ। ਸੂਰਜ ਦੀ ਤਰ੍ਹਾਂ ਰੋਸ਼ਨ ਹੋਏ,ਅਗਿਆਨਤਾ ਕੁਧਰਮ ਅਤੇ ਪਾਪ ਦੇ ਹਨੇਰੇ ਨੂੰ ਦੂਰ ਕਰਨ ਲਗੇ ਤਾਂ ਜਗਤ ਪੈਰੀਂ ਆਣ ਪਿਆ। ਦੁਖੀਆਂ ਦਾ ਦੁਖ ਦੂਰ ਕਰਨ ਲਗੇ ਤਾਂ ਉਨ੍ਹਾਂ ਦੀਆਂ ਅੱਖੀਆਂ ਖੁਲ੍ਹੀਆਂ ਜੋ ਕਦੀ ਆਪਣੇ ਸਨ ਤੇ ਗਰੀਬੀ ਵੇਲੇ ਆਪਣੇ ਨਹੀਂ ਸਨ ਰਹੇ।ਉਹ ਸਨ ਸਤਿਗੁਰੂ ਜੀ ਦੇ 'ਚਾਚੇਤਾਏਮਾਮੇਆਦਿਕ ਅਤੇਉਨ੍ਹਾਂਦੀਸੰਤਾਨ।'

ਸਤਿਗੁਰੂ ਅਮਰਦਾਸ ਜੀ ਦੇ ਸਮੇਂ ਗੁਰੂ ਰਾਮਦਾਸ ਜੀ ਲਾਹੌਰ ਗਏ ਸਨ ਜਦੋਂ ਗੋਇੰਦਵਾਲ ਦੇ ਮਰਵਾਹਿਆਂ ਨੇ ਮੁਕਦਮਾ ਕੀਤਾ ਸੀ, ਉਸ ਸਮੇਂ ਗੁਰੂ ਜੀ ਆਪਣਾ ਘਰ ਤੇ ਮਹਲਾ ਦੇਖ ਆਏ ਸਨ। ਗੁਰੂ ਜੀ ਦੇ ਕਈ ਬਾਲ ਸਖਾ ਅਤੇ ਸ਼ਰੀਕੇ ਦੇ ਚਾਚੇ ਤਾਏ ਮਿਲੇ ਸਨ, ਪਰ ਉਨ੍ਹਾਂ ਦੇ ਹਿਰਦੇ ਵਿਚੋਂ ਅਜੇ ਓਪਰਾਪਨ ਦੂਰ ਨਹੀਂ ਸੀ ਹੋਇਆ। ਮਿਲੇ ਸਨ, ਪਰ ਮਿਲਣ ਵਿਚ ਅਪਣਤਾ ਦਾ ਨਿੱਘ ਨਹੀਂ

ਵੈਸੇ ਜਾਣ ਪਛਾਣ ਹੋ ਗਈ ਸੀ ਕਿ ਸੋਢੀ ਹਰਦਾਸ ਦਾ ਸਪੁਤ੍ਰ ਸਤਿਗੁਰੂ ਅਮਰ ਦਾਸ ਜੀ ਕੋਲ ਰਹਿਣ ਲੱਗ ਪਿਆ ਹੈ। ਪਰ ਜਦੋਂ ਗੁਰੂ ਰਾਮਦਾਸ ਜੀ ਸੁਤੰਤ੍ਰ ਗੁਰੂ ਬਣ ਗਏ ਤਾਂ ਸ਼ਰੀਕਾਂ ਤੇ ਕਈਆਂ ਦੀਆਂ ਅੱਖਾਂ ਖੁਲ ਗਈਆਂ। ਫਿਰ ਉਹ ਜਿਥੇ ਵੀ ਬੈਠਦੇ ਉਥੇ ਹੀ ਆਖਦੇ, 'ਜੀ, ਉਹ ਸਤਿਗੁਰੂ ਅਸਾਡੇ ਭਤੀਜੇ ਹਨ, ਜੀ ਮੇਰੇ ਭਰਾ ਲਗਦੇ ਹਨ। ਆਦਿਕ।' ਨਾਮ ਦੀ ਮਹਿਮਾਂ ਐਸੀ ਹੈ, ਦੁਸ਼ਮਨਾਂ ਨੂੰ ਆਪਣੇ ਬਣਾ ਦੇਂਦੀ ਹੈ। ਗੁਪਤ ਨੂੰ ਪ੍ਰਗਟ ਕਰ ਦੇਂਦੀ ਹੈ।

ਸਤਿਗੁਰੂ ਜੀ ਦੇ ਤਾਏ ਦਾ ਪੁਤ੍ਰ ਭਰਾ ਸਹਾਰੀ ਮਲ ਸੀ। ਉਸ ਦੇ ਪੁਤ੍ਰ ਦਾ ਵਿਆਹ ਆਇਆ ਉਸ ਨੇ ਸਲਾਹ ਕੀਤੀ ਕਿ ਜੇ ਸਤਿਗੁਰੂ ਜੀ ਉਹਦੇ ਪੁਤ੍ਰ ਦੇ ਵਿਆਹ ਸਮੇਂ ਲਾਹੌਰ ਆ ਜਾਣ ਜਾਂ ਬਰਾਤ ਨਾਲ ਚਲਣ ਤਾਂ ਸਹਾਰੀ ਮਲ ਦੀ ਵਡਿਆਈ ਹੋ ਜਾਵੇਗੀ, ਨਾਲੇ ਲੋਕਾਂ ਨੂੰ ਪਤਾ ਲਗ ਜਾਵੇਗਾ ਕਿ ਸਹਾਰੀਮਲਬੜੀ ਵਡੀ ਹਸਤੀ ਦਾ ਰਿਸ਼ਤੇਦਾਰ ਹੈ। ਉਹ ਘਰ ਦਿਆਂ ਨਾਲ ਸਲਾਹ ਕਰਕੇ ਰਾਮ ਦਾਸ ਪੁਰ ਸਤਿਗੁਰੂ ਜੀ ਪਾਸ ਆ ਪਹੁੰਚਾ ਜਦੋਂ ਉਹ ਸਤਿਗੁਰੂ ਜੀ ਨੂੰ ਮਿਲਿਆ ਤਾਂ ਸਾਹਿਬਾਂ ਨੇ ਉਸ ਨੂੰ ਵੱਡਾ ਭਰਾ ਸਮਝਕੇ ਉਸਦਾ ਬਹੁਤ ਸਤਕਾਰ ਕੀਤਾ। ਆਦਰ ਮਾਨ ਦੇ ਕੇ ਬੈਠਾਇਆ ਪ੍ਰੇਮ ਤੇ ਧਿਆਨ ਨਾਲ ਉਸ ਦੀ ਗੱਲ ਬਾਤ ਸੁਣੀ, ਸਾਰਿਆਂ ਦੀ ਸੁਖ ਸਾਂਦ ਪੁਛੀ ਤੇ ਦੱਸੀ।

ਸਹਾਰੀ ਮਲ ਨੇ ਬੇਨਤੀ ਕੀਤੀ–"ਮੇਰੇ ਪੁਤ੍ਰ ਤੇ ਤੁਸਾਂ ਦੇ ਭਤੀਜੇ ਦਾ ਵਿਆਹ ਹੈ ਇਸ ਸ਼ੁਭ ਸਮੇਂ ਆਪ ਲਾਹੌਰ ਚਲੋ ਸਾਰੇ ਭਰਾ ਭਾਈ ਤੇ ਰਿਸ਼ਤੇਦਾਰ ਆਏ ਹੋਣਗੇ, ਉਹ ਸਾਰੇ ਆਪਦੇ ਦਰਸ਼ਨ ਕਰਨਾ ਚਾਹੁੰਦੇ ਹਨਜ਼ਰੂਰਮੇਰੇ ਸਾਥ ਚਲੋ।'

ਸਤਿਗੁਰੂ ਜੀ ਨੇ ਉੱਤਰ ਦਿਤਾ–'ਅਸਾਂ ਨੂੰ ਜਾਣ ਵਾਸਤੇ ਕੋਈ ਝਿਜਕ ਨਹੀਂ ਪਰ ਸਵਾਲ ਇਹ ਉਤਪਨ ਹੁੰਦਾ ਹੈ ਕਿ ਜੇ ਅਸੀ, ਚਲੇ ਗਏ ਤਾਂ ਸੰਗਤਾਂ ਬਹੁਤ ਆ ਜਾਣੀਆਂ ਹਨ। ਅਗਲੇ ਘਰ ਬਹੁਤ ਜਾ ਪੁਜੀਆਂ ਤਾਂ ਉਨ੍ਹਾਂ ਨੂੰ ਪ੍ਰਸ਼ਾਦ ਤੇ ਸੰਗਤ ਦੇ ਬੈਠਣ ਦਾ ਪ੍ਰਬੰਧ ਕਰਨਾ ਔਖਾ ਹੋ ਜਾਵੇਗਾ। ਅਸੀਂ ਵੀ ਕਦੀ ਲਾਹੌਰ ਚਲਾਂਗੇ, ਹਾਲੀਂ ਤੁਸੀਂ ਕਿਸੇ ਆਪਣੇ ਭਤੀਜੇ ਨੂੰ ਨਾਲ ਲੈ ਜਾਵੋ।'

ਸਹਾਰੀ ਮੱਲ ਸੋਚੀਂ ਪੈ ਗਿਆ ਕਿ ਇਹ ਸਚ ਹੈ, ਇਨ੍ਹਾਂ (ਸਤਿਗੁਰੂ ਜੀ) ਦੇ ਜਾਣ ਤੇ ਹਜ਼ਾਰਾਂ ਲੋਕਾਂ ਨੇ ਦਰਸ਼ਨ ਕਰਨ ਵਾਸਤੇ

ਆ ਜਾਣਾ ਹੈ। ਲੋਕ ਸਤਿਗੁਰੂ ਜੀ ਦੇ ਬਹੁਤ ਸ਼ਰਧਾਲੂ ਹਨ, ਮੇਰੇ ਕੁੜਮਾਂ ਨੂੰ ਔਖ ਹੋਵੇਗਾ, ਜੇ ਉਹ ਯੋਗ ਪ੍ਰਬੰਧ ਨਾ ਕਰ ਸਕੇ ਤਾਂ ਦੋਹਾਂ ਪਾਸਿਆਂ ਦੀ ਬਦਨਾਮੀ ਹੋਵੇਗੀ। ਉਸ ਨੇ ਇਹ ਸੋਚ ਕੇ ਕਿਹਾ–"ਚੰਗਾ ਜੀ, ਫਿਰ ਪ੍ਰਿਥੀ ਚੰਦ ਨੂੰ ਭੇਜ ਦੇਵੋ। ਭਰਾਵਾਂ ਨੂੰ ਮਿਲ ਆਵੇਗਾ। ਫਿਰ ਆਪ ਨੇ ਵਿਆਹ ਦੇ ਪਿਛੋਂ ਦਰਸ਼ਨ ਦੇ ਦੇਣੇ। ਪਰ ਆਉਣਾ ਲਾਹੌਰ ਜ਼ਰੂਰ।' "ਜੇ ਕਰਤਾਰ ਦਾ ਹੁਕਮ ਹੋਇਆ ਤਾਂ ਜ਼ਰੂਰ ਆਵਾਂਗੇ।" ਸਤਿਗੁਰੂ ਜੀ ਨੇ ਬਚਨ ਕੀਤਾ। "ਚੰਗਾ ਕਲ ਨੂੰ ਚਲੇ ਜਾਣਾ ਨਾਲ ਪ੍ਰਿਥੀ ਚੰਦ ਨੂੰ ਲੈ ਜਾਣਾ।"

੩੨. ਗੁਰੂ ਅਰਜਨ ਦੇਵ ਜੀ ਦਾ ਲਾਹੌਰ ਜਾਣਾ

ਗੁਰੂ ਜੀ ਨੇ ਫੈਸਲਾ ਕੀਤਾ ਕਿ ਸਹਾਰੀ ਮੱਲ ਦੇ ਲੜਕੇ ਦੇ ਵਿਆਹ ਸਮੇਂ ਵਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਜੀ ਚਲੇ ਜਾਣਗੇ। ਇਸ ਗਲ ਦਾ ਪਤਾ ਪ੍ਰਿਥੀ ਚੰਦ ਨੂੰ ਲੱਗਾ ਉਸ ਨੇ ਆਪਣੀ ਇਸਤ੍ਰੀ ਕਰਮ ਕੌਰ ਨਾਲ ਜਾ ਗਲ ਕੀਤੀ। ਕਰਮ ਕੌਰ ਬੜੀ ਹੁਸ਼ਿਆਰ ਸੀ, ਉਸ ਨੇ ਕਿਹਾ–"ਤੁਸਾਂ ਲਾਹੌਰ ਨਾ ਜਾਣਾ, ਇਹ ਤੁਹਾਡੇ ਪਿਤਾ ਦੀ ਚਾਲ ਹੈ ਉਹ ਗੁਰਿਆਈ ਦੇਣਾ ਚਾਹੁੰਦੇ ਹਨ। ਮੈਂ ਇਹ ਸਭ ਵਿਉਂਤਾਂ ਸੁਣ ਚੁਕੀ ਹਾਂ ਐਵੇਂ ਭੋਲੇ ਨਾ ਬਣੋ, ਕਿਸੇ ਨਾ ਕਿਸੇ ਬਹਾਨੇ ਜਾਣੇ ਨਾਂਹ ਕਰ ਦੇਣੀ। (ਗੁਰੂ) ਅਰਜਨ ਜੀ ਨੂੰ ਹੀ ਭੇਜੋ, ਨਾਲ ਇਹ ਵੀ ਅਖਵਾਂ ਦੇਣਾ ਜਿੰਨਾ ਚਿਰ ਸਦਣ ਨਾ ਉਨਾ ਚਿਰ ਆਉਣਾ ਨਾ। ਨਹੀਂ ਸਾਰੀ ਉਮਰ ਰੁਲਦੇ ਰਹੋਗੇ।'

"ਇਹ ਤੂੰ ਕੀ ਆਖਦੀ ਹੈਂ ? ਮੈਂ ਸਭ ਕੁਝ ਸਮਝਦਾ ਹਾਂ। ਮੈਂ ਆਪ ਹੀ ਲਾਹੌਰ ਨਹੀਂ ਜਾਣਾ। ਬਾਹਰ ਜਾਣ ਵਿਚ ਘਾਟਾ ਹੀ ਘਾਟਾ ਹੈ। ਕਾਰ ਭੇਟ ਨੂੰ ਸੰਭਾ-ਲਣਾ ਵੀ ਹੋਇਆ। ਮੈਂ ਗੁਰ-ਗੱਦੀ ਉਤੇ (ਗੁਰੂ) ਅਰਜਨ (ਜੀ) ਨੂੰ ਕਦੀ ਨਹੀਂ ਬੈਠਣ ਦੇਵਾਂਗਾ। ਚਿੰਤਾ ਨਾ ਕਰ ਸਵੇਰੇ ਜਦੋਂ ਪਿਤਾ ਜੀ ਕਹਿਣਗੇ ਤਦੋਂ ਮੈਂ ਸਮਝ ਲਵਾਂਗਾ॥" ਇਹ ਉੱਤਰ ਪ੍ਰਿਥੀ ਚੰਦ ਦਾ ਸੀ॥

ਸਵੇਰ ਹੋਈ ਨਿਤਨੇਮ ਦੇ ਸਮੇਂ ਪਿਛੋਂ ਸਤਿਗੁਰੂ ਜੀ ਨੇ ਪ੍ਰਿਥੀਚੰਦ ਨੂੰ ਆਪਣੇ ਕੋਲ ਸਦਿਆ। ਜਦੋਂ ਉਹ ਕੋਲ ਆਇਆ ਤਾਂ ਸਾਹਿਬਾਂ ਨੇ ਹੁਕਮ ਕ [illegible] ਬੇਟਾ ! ਆਪਣੇ ਤਾਏ ਜੀ ਨਾਲ ਲਾਹੌਰ ਜਾਓ ਤੁਸਾਂ

ਦੇ ਭਰਾ ਦਾ ਵਿਆਹ ਹੈ। ਹੋਰ ਵੀ ਸਜਨ ਪੁਰਸ਼ ਆਏ ਹੋਣਗੇ। ਕਈਆਂ ਭਰਾਵਾਂ ਤੇ ਚਾਚਿਆਂ ਤਾਇਆਂ ਨੂੰ ਮਿਲ ਆਓਗੇ। ਅਸੀਂ ਜਾ ਨਹੀਂ ਸਕਦੇ ਕਿਉਂਕਿ ਅਸਾਡੇ ਜਾਣਤੇ ਸੰਗਤਇਕਠੀ ਹੋਜਾਂਦੀਹੈਤਿਆਰੀ ਕਰੋ,ਪੰਜਸਤ ਦਿਨਲਗਣੇਹਨ।'

ਪ੍ਰਿਥੀ ਚੰਦ ਨੇ ਉਤਰ ਦਿਤਾ, 'ਪਿਤਾ ਜੀ, ਮੇਰਾ ਜਾਣਾ ਔਖਾ ਹੈ। ਇਕ ਵਾਹੀ ਦੀ ਦੇਖ ਭਾਲ ਮੈਂ ਕਰਦਾ ਹਾਂ, ਕਾਰ ਭੇਟ ਨੂੰ ਸੰਭਾਲਣਾ ਸਿਖਾਂ ਸੇਵਕਾਂ ਤੇ ਯਾਤਰੂਆਂ ਦੀ ਦੇਖ ਭਾਲ ਆਦਿਕ, ਮਹਾਂਦੇਵ ਮਸਤ ਮੌਲਾ ਹੈ। ਉਸਨੂੰ ਕੋਈ ਗਿਆਨ ਨਹੀਂ ਕਿ ਦੁਨੀਆਂ ਨਾਲ ਕਿਵੇਂ ਚਲਣਾ ਹੈ ਚੰਗਾ ਹੋਵੇ ਮੇਰੇ ਛੋਟੇ ਭਰਾ (ਗੁਰੂ) ਅਰਜਨ (ਜੀ) ਨੂੰ ਭੇਜ ਦੇਵੋ। ਉਹ ਵੇਹਲਾ ਬੈਠਾ ਰਹਿੰਦਾ ਹੈ,ਸਤਿਗੁਰੂ ਜੀ ਪ੍ਰਿਥੀਚੰਦ ਦੇ ਸੁਭਾ ਨੂੰ ਜਾਣਦੇ ਸਨ। ਜਦੋਂ ਉਸਨੇ ਨਾਂਹ ਕਰ ਦਿਤੀ ਤਾਂ ਸਤਿਗੁਰਾਂ ਨੇ ਅਗੋ ਕੋਈ ਬਚਨ ਨਹੀਂ ਕੀਤਾ ਉਨ੍ਹਾਂ ਨੇ ਕਿਹਾ 'ਚੰਗਾ ਬੇਟਾ ਉਨ੍ਹਾਂ ਨੂੰ ਹੀ ਭੇਜ ਦੇਂਦੇ ਹਾਂ। ਜਾਓ ਤੁਸੀਂ ਕੰਮ ਧੰਦਾ ਕਰੋ।' ਸਤਿਗੁਰੂ ਜੀ ਕੋਲੋਂ ਇਹ ਬਚਨ ਸੁਣਕੇ ਪ੍ਰਿਥੀ ਚੰਦ ਉਨ੍ਹਾਂ ਦੇ ਕੋਲੋਂ ਉਠਕੇ ਖਿਸਕ ਤੁਰਿਆ। ਦੋ ਕੁ ਮਿੰਟ ਸੋਚਕੇ ਸਾਹਿਬਾਂ ਨੇ (ਗੁਰੂ) ਅਰਜਨ ਦੇਵ ਜੀ ਨੂੰ ਕੋਲ ਸਦਿਆ।

(ਗੁਰੂ) ਅਰਜਨ ਦੇਵ ਜੀ ਆਏ, ਪਹਿਲਾਂ ਪਿਤਾ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ, ਫਿਰ ਦੋਵੇਂ ਹਥ ਜੋੜਕੇ ਨਿੰਮ੍ਰਤਾ ਨਾਲ ਪੁਛਿਆ, 'ਪਿਤਾ ਜੀ! ਕੀ ਆਗਿਆ ਹੈ?'

'ਬੇਟਾ! ਤੇਰੇ ਤਾਏ ਜੀ ਲਾਹੌਰੋਂ ਆਏ ਹਨ। ਇਨ੍ਹਾਂ ਦੇ ਸਪੁਤ੍ਰ (ਤੁਸਾਂ ਦੇ ਭਰਾ) ਦਾ ਵਿਆਹ ਹੈ ਇਨਾਂ ਦੇ ਨਾਲ ਜਾਓ। ਦੇਖਣਾ ਜਦੋਂ ਅਸੀਂ ਸਦਾਂਗੇ, ਤਦੋਂ ਆ ਜਾਣਾ।' ਸਤਿਗੁਰੂ ਜੀ ਦਾ ਬਚਨ ਸੀ। 'ਜਿਵੇਂ ਆਗਿਆ ਪਿਤਾ ਜੀ! ਮੈਂ ਹੁਣੇ ਤਿਆਰ ਹੋਕੇ ਆਇਆ।' ਇਹ ਆਖਕੇ (ਗੁਰੂ) ਅਰਜਨ ਦੇਵ ਜੀ ਘਰ ਨੂੰ ਚਲੇ ਗਏ ਤੇ ਅਧੇ ਘੰਟੇ ਕੁ ਦੇ ਅੰਦਰ ਅੰਦਰ ਤਿਆਰ ਹੋ ਕੇ ਆ ਗਏ। ਸਤਿਗੁਰੂ ਜੀ ਦੇ ਚਰਨਾ ਉਪਰ ਮੱਥਾ ਟੇਕਕੇ ਸਹਾਰੀ ਮਲ ਦੇ ਨਾਲ ਲਾਹੌਰ ਨੂੰ ਤੁਰ ਪਏ। ਤੁਰਨ ਵੇਲੇ ਸਤਿਗੁਰੂ ਜੀ ਨੇ ਸਾਰੇ ਕਾਰਜ ਬਾਰੇ ਸਮਝਾ ਦਿਤਾ, ਜੋ ਜੋ ਕਾਰਜ ਕਰਨੇ ਸਨ। 'ਬੇਟਾ! ਦੁਨੀਆਂ ਦਾਰੀ ਦੇ ਕਾਰਜ ਕਰਦਿਆਂ ਹੋਇਆਂ, ਵਿਆਹ ਵਿਚ ਖੁਸ਼ੀਆਂ ਦੇ ਮੰਗਲਾਂ ਸਮੇਂ, ਦੇਖਣਾ ਕਿਤੇ ਪ੍ਰਮੇਸ਼ਰ ਨੂੰ ਨਾ ਭੁਲ ਜਾਣਾ

ਉਹਦਾ ਸਿਮਰਨ ਕਰਦੇ ਰਹਿਣਾ। ਨਾਮ ਸਿਮਰਨ ਕਰਦਿਆਂ ਹੋਇਆਂ ਹੀ ਦੁਨੀਆਂ ਦੇ ਕਾਰਜ ਸੋਭਾ ਦੇਂਦੇ ਹਨ। ਨਹੀਂ ਤੇ ਨਰਕ ਰੂਪ ਹੋ ਜਾਂਦੇ ਹਨ।' ਸਤਿਗੁਰੂ ਜੀ ਦੀ ਸਿਖਿਆ ਸੀ, ਸਾਹਿਬਾ ਨੇ ਫੁਰਮਾਇਆ ਇਹ ਸ਼ਬਦ ਦਾ ਪਾਠ ਕਰਕੇ ਪਾਰ-ਬ੍ਰਹਮ ਨੂੰ ਚੇਤੇ ਕਰ ਲਿਆ ਕਰਨਾ।

ਸਭਿ ਘਟਿ ਤੇਰੇ ਤੂ ਸਭਨਾ ਮਾਹਿ ॥ ਤੁਝ ਤੇ ਬਾਹਰਿ ਕੋਈ ਨਾਹਿ॥੧॥ ਹਰਿ ਸੁਖ ਦਾਤਾ ਮੇਰੇ ਮਨ ਜਾਪੁ॥ ਹਉ ਤੁਧੁ ਸਾਲਾਹੀ ਤੂ ਮੇਰਾ ਹਰਿ ਪ੍ਰਭੁ ॥ ੧ ॥ ਰਹਾਉ ॥ ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ ॥ ੨ ॥ ਜਿਸ ਕਉ ਤੁਮ ਹਰਿ ਰਾਖਿਆ ਭਾਵੈ ॥ ਤਿਸ ਕੈ ਨੇੜੈ ਕੋਇ ਨ ਜਾਵੈ ॥ ੩ ॥ ਤੂ ਜਲਿ ਥਲਿ ਮਹੀਅਲਿ ਸਭ ਤੈ ਭਰਪੂਰਿ ॥ ਜਨ ਨਾਨਕ ਹਰਿ ਜਪਿ ਹਾਜਰਾ ॥ ੪ ॥ ੪ ॥ (ਭੈਰਉ ਮਃ ੪)

ਆਪਣੇ ਪਿਤਾ (ਸਚੇ ਸਤਿਗੁਰੂ) ਜੀ ਦੀ ਸਿਖਿਆ ਤੇ ਅਸੀਸ ਲੈ ਕੇ (ਗੁਰੂ) ਅਰਜਨ ਦੇਵ ਜੀ ਵੈਸਾਖ ਮਹੀਨੇ ਸੰਮਤ ੧੬੩੭ ਬਿਃ ਵਿਚ ਆਪਣੇ ਤਾਏ ਸਹਾਰੀ ਮੱਲ ਦੇ ਨਾਲ ਲਾਹੌਰ ਚਲੇ ਗਏ।

੨੪. ਪ੍ਰਿਥੀ ਚੰਦ ਦੀ ਕੁਟਲ ਨੀਤੀ

ਭਾਵੇਂ ਸਤਿਗੁਰੂ (ਗੁਰੂ ਰਾਮਦਾਸ) ਜੀ ਦੀ ਆਯੂ ਅਜੇ ੪੭ ਸਾਲ ਸੀ ਫਿਰ ਵੀ ਸਾਹਿਬ ਸਮਝ ਰਹੇ ਸਨ ਕਿ ਛੇਤੀ ਹੀ ਭਾਣਾ ਵਰਤੇਗਾ ਤੇ ਬੈਕੁੰਠ ਨੂੰ ਚਲੇ ਜਾਣਗੇ। ਸਾਹਿਬਾਂ ਨੇ ਗੁਰਿਆਈ ਦੇਣ ਬਦਲੇ ਬਾਬਾ ਬੁੱਢਾ ਜੀ ਸਿਆਣੇ ਸਿੱਖਾਂ ਨਾਲ ਵੀਚਾਰ ਕੀਤੀ। ਆਪਣੇ ਮਨ ਦਾ ਵਿਚਾਰ ਵੀ ਪ੍ਰਗਟ ਕੀਤਾ ਕਿ ਸਾਹਿਬ ਗੁਰਿਆਈ ਦਾ ਤਿਲਕ (ਗੁਰੂ) ਅਰਜਨ ਦੇਵ ਜੀ ਦੇ ਮਸਤਕ ਲਾਉਣਾ ਚਾਹੁੰਦੇ ਹਨ। ਕਿਸੇ ਨਾ ਕਿਸੇ ਤਰਾਂ ਇਸ ਵਿਚਾਰ ਦੀ ਕੰਨਸੋ ਪ੍ਰਿਥੀ ਚੰਦ ਦੇ ਕੰਨੀਂ ਜਾ ਪਈ। ਉਸ ਨੇ ਗੁਰਿਆਈ ਹਾਸਲ ਕਰਨ ਵਾਸਤੇ ਹਥ ਪੈਰ ਮਾਰਨੇ ਸ਼ੁਰੂ ਕੀਤੇ। ਮਸੰਦਾਂ ਮੁਖੀ ਸਿਖਾਂ ਤੇ ਸ਼ਰਧਾਲੂਆਂ ਨੂੰ ਆਪਣੇ ਪੱਖ ਵਲ ਕਰਨਾ ਸ਼ੁਰੂ ਕੀਤਾ ਪਰ ਝੂਠ ਸਚ ਅਗੇ ਟਿਕ ਨਹੀਂ ਸਕਦਾ। ਬਹੁਤਿਆਂ ਨੇ ਮੂੰਹ ਰਖਣੀ ਗਲ ਕਰ ਲਈ ਕਿ 'ਹਛਾ ਜੀ ਤੁਸਾਂ ਦੀ ਸਹਾਇਤਾ ਕਰਾਂਗੇ' ਤੇ ਬਾਕੀਦਿਆ ਨੇ ਤੋੜਕੇ ਜਵਾਬ ਦੇ ਦਿਤਾ 'ਇਹ ਨਹੀਂ ਹੋ ਸਕਦਾ ਜੋ ਸਤਿਗੁਰੂ ਜੀ ਕਰਨਗੇ ਸੋ ਅਸਾਂ ਨੂੰ ਮਨਜ਼ੂਰ ਕਰਨਾ ਪਵੇਗਾ। ਅਗਰ ਆਪ ਨੂੰ ਸਤਿਗੁਰੂ ਜੀ ਨੇ ਗੁਰਿਆਈ ਬਕਸ਼ ਦਿਤੀ ਤਾਂ ਆਪ ਅਸਾਂ ਦੇ ਗੁਰੂ ਜੋ ਸਾਹਿਬਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਗੁਰੂ ਬਣਾਇਆ ਤਾਂ ਉਹ ਅਸਾਡੇ ਗੁਰੂ ਅਸੀਂ ਤਾਂ ਹੁਕਮ ਦੇ ਬੰਦੇ ਹਾਂ।"

ਬਾਹਰੋਂ ਆਈ ਸੰਗਤ ਵਲੋਂ ਜੋ ਵੀ ਕਾਰ ਭੇਟ ਆਉਂਦੀ ਉਸ ਨੂੰ ਪ੍ਰਿਥੀ ਚੰਦ ਜੀ ਸੰਭਾਲਦੇ। ਉਨ੍ਹਾਂ ਨੇ ਕਾਰ ਭੇਟ ਵਿਚੋਂ ਵੀ ਬੇਈਮਾਨੀ ਕਰਨੀ ਸ਼ੁਰੂ ਕਰ ਦਿੱਤੀ। ਕੁਝ ਹਿਸਾ ਘਰ ਲੈ ਜਾਣ ਲਗੇ। (ਸ੍ਰੀ ਗੁਰੂ) ਅਰਜਨ ਦੇਵ ਜੀ ਨੇ ਲਾਹੌਰੋਂ ਛੇਤੀ ਹੀ ਮੁੜ ਆਉਣਾ ਸੀ, ਪਰ ਸਤਿਗੁਰੂ ਜੀ ਦਾ ਬਚਨ ਸੀ ਕਿ ਜਿੰਨਾ ਚਿਰ ਉਹ ਹੁਕਮ ਨਾ ਕਰਨ ਉੱਨਾ ਚਿਰ ਨਾ ਆਉਣਾ। ਇਹ ਕਿਉਂ ਇਸ ਨੂੰ ਪ੍ਰਭੂ ਜਾਣਦੇ ਸਨ। ਕਈ ਦਿਨ ਬੀਤ ਗਏ (ਗੁਰੂ) ਅਰਜਨ ਦੇਵ ਜੀ ਨਾ ਆਏ। ਉਹ ਲਾਹੌਰ ਬੈਠੇ ਸਤਿਗੁਰੂ ਜੀ ਦਾ ਹੁਕਮ ਉਡੀਕਦੇ ਰਹੇ। ਸਿਖ ਸੰਗਤ ਬਹੁਤ ਦਰਸ਼ਨ ਕਰਨ ਆਉਂਦੀ ਸੀ। ਸਾਹਿਬਜ਼ਾਦੇ ਦੇ ਚੌਗਿਰਦੇ ਭੀੜ ਲਗੀ ਰਹਿੰਦੀ ਸੀ। ਪ੍ਰਿਥੀ ਚੰਦ ਨੇ ਯਾਦ ਨਹੀਂ ਕਰਾਇਆ ਕਿ ਵੀਰ ਨੂੰ ਲਾਹੌਰੋਂ ਸੱਦ ਲਿਆ ਜਾਵੇ। ਸਾਹਿਬਾਂ ਨੂੰ ਚੇਤਾ ਨਾ ਆਇਆ।

੨੫. (ਗੁਰੂ) ਅਰਜਨ ਦੇਵ ਜੀ ਦੇ ਮਨ ਦੀ ਤਾਂਘ ਤੇ ਸਤਿਗੁਰੂ ਜੀ ਵਲ ਚਿਠੀਆਂ ਲਿਖਣੀਆਂ

ਗੁਰੂ ਅਰਜਨ ਦੇਵ ਜੀ ਵੈਸਾਖ ਵਿਚ ਲਾਹੌਰ ਗਏ ਸਨ। ਵੈਸਾਖ, ਜੇਠ ਤੇ ਹਾੜ ਬੀਤ ਗਿਆ। ਪਰ ਸਤਿਗੁਰੂ ਜੀ ਵਲੋਂ ਕੋਈ ਸੰਦੇਸ਼ ਨਾ ਪਹੁੰਚਾ। ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਇਕ ਤੜਪ ਬਣ ਗਈ। ਚਾਤ੍ਰਿਕ ਤੇ ਪਪੀਹੇ ਦੀ ਤਰਾਂ ਤਾਂਘ ਸਤਾਉਣ ਲਗੀ। ਇਕ ਇਕ ਦਿਨ ਮਹੀਨੇ ਮਹੀਨੇ ਦਾ ਹੋਕੇ ਬੀਤਨ ਲੱਗਾ। ਸਿੱਖਾਂ ਸੇਵਕਾਂ ਨਾਲ ਗਲਾਂ ਬਾਤਾਂ ਕਰਦਿਆਂ ਹੋਇਆਂ ਵੀ ਆਪਦੀਲਿਵ ਗੁਰ ਚਰਨਾਂ ਨਾਲ ਜੁੜੀ ਰਹਿਣ ਲੱਗੀ, ਇਕ ਦਿਨ ਦੁਪਹਿਰ ਦਾ ਸਮਾਂ ਸੀ, ਕਾਲੀ ਘਟਾ ਅਸਮਾਨ ਉਤੇ ਛਾਈ ਹੋਈ ਸੀ, ਸੀਤਲ ਹਵਾ ਵਗ ਰਹੀ ਸੀ।ਅਸਮਾਨ ਉਤੇ ਚਿਟੇ ਬਗਲੇ ਉਡਾਰੀਆਂ ਮਾਰ ਰਹੇ ਸਨ। ਮੋਰ ਚਹਿਕ ਰਹੇਸਨ। ਕੰਤਾਂ ਵਾਲੀਆਂ ਸਾਵੇਂ ਮਨਾ ਰਹੀਆਂ ਸਨ। ਜਿਨਾਂ ਦੇ ਕੰਤ ਪ੍ਰਦੇਸ ਗਏ ਹੋਏ ਸੀ, ਉਹ ਕੋਠਿਆਂ ਤੇ ਚੜਕੇ ਰਾਹ ਤੱਕ ਰਹੀਆਂ ਸਨ। ਉਡੀਕ ਉਨ੍ਹਾਂ ਦੇ ਹਿਰਦੇ ਵਿਚ ਬੇਚੈਨੀ ਦਾਂ ਦਰਦ ਬਣੀ ਹੋਈ ਸੀ ਐਸੀ ਹਾਲਤ ਨੂੰ ਦੇਖਕੇ ਆਪਣੇ ਮਨ ਵੇਦਨਾ ਨੂੰ ਪ੍ਰਗਟ ਕਰਨ ਬਦਲੇ ਮਹਾਂ ਕਵੀ 'ਗੁਰੂ' ਅਰਜਨ ਦੇਵ ਜੀ ਨੇ

ਬ੍ਰਿਹੋਂ ਕੁਠੀ ਇਸਤ੍ਰੀ ਦੀ ਹਾਲਤ ਨੂੰ ਦੇਖਕੇ ਬਾਣੀ ਉਚਾਰੀ। ਇੱਕ ਇੱਕ ਸ਼ਬਦ ਵਿਚ ਬ੍ਰਿਹੋਂ ਦੀ ਵੇਦਨਾ ਪ੍ਰੀਤ ਦਾ ਵਲ਼ਵਲਾ ਹੈ, ਸਾਹਿਬ ਉਸ ਸਮੇਂ ਕੋਠੇ ਉਤੇ ਇਕਾਂਤ ਵਿਚ ਮਲੰਤੇ ਸਨ, ਸਾਹਿਬਾਂ ਨੇ ਫੁਰਮਾਇਆ—

ਦਹਿਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕ ਡਰਾਇਓ ॥ ਸੇਜ ਇਕੇਲੀ ਨੀਦ ਨਹਿ ਨੈਨਹ ਪਿਰੁ ਪਰਦੇਸਿ ਸਿਧਾਇਓ ॥ ੧ ॥ ਹੁਣਿ ਨਹੀ ਸੰਦੇਸਰੋ ਮਾਇਓ ॥ ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ੧ ॥ ਰਹਾਉ ॥ ਕਿਉ ਬਿਸਰੈ ਇਹੁ ਲਾਲ ਪਿਆਰੋ ਸਰਬ ਗੁਣਾ ਸੁਖ ਦਾਇਓ ॥੧ ॥ ਮੰਦਰਿ ਚਰਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥ ੨ ॥ ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ । ਭਾਂਭੀਰੀ ਕੇ ਪਾਤ ਪਰਦੋ ਬਿਨੁ ਪਖ ਦੂਰਾਇਓ । ੩ ॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥ ੪ । ਸਭੁ ਰਹਿਓ ਅੰਦੇਸਰੋ ਮਾਰਿਓ ॥ ਜੋ ਚਾਹਤ ਸੋ ਗੁਰੂ ਮਿਲਾਇਓ ਸਰਬ ਗੁਨਾ ਨਿਧਿ ਰਾਇਓ ॥

ਇਸਦਾ ਪ੍ਰਮਾਰਥ-ਦਸਾਂ ਦਿਸ਼ਾਵਾਂ ਵਿਚ ਬਦਲੀਆਂ ਕਲੀਆਂ ਘਟਾਂ ਚੜੀਆਂ ਹੋਈਆਂ ਹਨ। ਬਿਜਲੀ ਚਮਕ ਚਮਕ ਕੇ ਡਰਾ ਰਹੀ ਹੈ ਇਕੱਲੀ ਸੇਜ ਹੈ, ਅੱਖਾ ਵਿਚ ਨੀਂਦ ਨਹੀਂ ਆਉਂਦੀ ਕਿਉਂਕਿ ਪਤੀ ਪ੍ਰਦੇਸ ਗਿਆ ਹੋਇਆ ਹੈ। ਕਈ ਮਹੀਨੇ ਬੀਤ ਗਏ ਹਨ, ਹਾਇ ਮਾਂ ਮੈਂ ਕੀ ਕਰਾਂ ਕੋਈ ਖਤ ਸਨੇਹਾ ਨਹੀਂ ਆਇਆ! ਇਹ ਦਿਨ ਵਿਛੋੜ ਵਿਚ ਨਹੀਂ ਕਟੇ ਜਾਂਦੇ। ਮੇਰਾ ਪਿਆਰਾ ਐਸਾ ਹੈ ਜਿਸਨੂੰ ਭੁਲਿਆ ਵੀ ਨਹੀਂ ਜਾਂਦਾ, ਕਿਉਂਕਿ ਪਿਆਰਾ ਸਾਰ ਸੁਖਾਂ ਨੂੰ ਦੇਣ ਵਾਲਾ ਹੈ ਆਹ! ਕੋਠੇ ਦੀ ਛਤ ਉਤੇ ਖਲੋਕੇ ਰਾਹ ਦੇਖ ਰਹੀ ਹਾਂ, ਨੈਨਾਂ ਵਿਚ ਹੰਝੂ ਹਨ। ਹਉਮੈਂ ਦੀ ਵਿਚਾਲੇ ਕੰਧ ਹੈ, ਵਸੇ ਤਾਂ ਸੁਣੀਦਾ ਹੈ, ਪ੍ਰੀਤਮ ਦਾ ਦੇਸ ਨੇੜ ਹੈ। (ਭਾਵ ਕਿ ਸਤਿਗੁਰੂ ਜੀ ਦਾ ਹੁਕਮ ਹੈ ਸਦੇ ਬਿਨਾ ਤਾਂ ਆਉਣਾ ਨਹੀਂ ਤਾਂ ਲਾਹੌਰ ਤੇ ਰਾਮਦਾਸ ਪੁਰ ਕੋਈ ਦੂਰ ਨਹੀਂ।) ਜਦੋਂ ਪ੍ਰਮਾਤਮਾਂ ਦਿਆਲ ਹੋਣਗ ਤਦੋਂ ਹੀ ਦੁਖ ਦੂਰ ਹੋਵੇਗਾ। ਜਦੋਂ ਵਿਛੋੜੇ ਦੀ ਕੰਧ ਡਿਗ ਪਵੇਗੀ (ਗੁਰਾਂ ਦਾ ਸਦਾ ਆ ਜਾਵੇਗਾ। ਸਤਿਗੁਰੂ ਜੀ ਦੇ ਦਰਸ਼ਨ ਕਰ ਲਵਾਂਗੇ ਜੋ ਚਾਹੁੰਦੇ ਸਾਂ ਮਿਲ ਜਾਵਗਾ। ਮੇਰੇ ਸਤਿਗੁਰੂ ਜੀ 'ਪਤੀ' ਸਾਰੀਆਂ ਰਿਧੀਆਂ ਸਿਧੀਆਂ ਦੇ ਮਾਲਕ ਹਨ।

ਇਉਂ ਦਾਤਾਰ ਬਿਰਹੜੇ ਕਰਦੇ ਰਹੇ, ਵੈਰਾਗ ਠਲਿਆ ਨਹੀਂ ਸੀ ਜਾਂਦਾ ਇਕ ਦਿਨ ਦਰਿਆ ਰਾਵੀ ਦੇ ਕਿਨਾਰੇ ਜਾ ਪੁਜੇ॥ ਰਾਵੀ ਕਿਨਾਰਿਆਂ

ਤਕ ਉਛਲਕੇ ਵਗ ਰਹੀ ਸੀ। ਉਹ ਤੇਜ ਵੇਗ ਵਿਚ ਆਪਣੀ ਪਤੀ ਸਾਗਰ ਵਲ ਜਾ ਰਹੀ ਸੀ, ਜਾਨ ਤੇ ਖੇਲ ਰਹੀ ਸੀ। ਮਨ ਵਿਚ ਪਤੀ ਦੇ ਮਿਲਣ ਦੀਤਾਂਘ ਸੀ। ਇਹ ਦੇਖਕੇ ਸ੍ਰੋਮਣੀ ਕਵੀ ਬ੍ਰਹਮ ਗਿਆਨੀ ਜਵਾਨ ਸਾਹਿਬਜ਼ਾਦੇ ਦਾ ਮਨ ਐਨਾ ਵੈਰਾਗੀ ਹੋਇਆ ਕਿ ਠਲਿਆ ਨਾ ਗਿਆ। ਮਨ ਆਪੇ ਤੋਂ ਬਾਹਰ ਹੋਕੇ ਵੈਰਾਗ ਮਈ ਬਾਣੀ ਉਚਾਰਦਾ ਰਿਹਾ। ਸ਼ਰਧਾ ਤੇ ਪ੍ਰੀਤ ਦੇ ਵਲਵਲੇ ਦੇ ਅਸਰ ਹੇਠਾਂ ਮਾਝ ਰਾਗ ਵਿਚ ਬਾਰਾਂ ਮਾਹਾਂ ਉਚਾਰਨ ਕੀਤਾ, ਉਸ ਸਮੇਂ ਦਾ ਆਮ ਰਵਾਜ ਸੀ ਕਿ ਕਵੀ ਜਨ ਬ੍ਰਿਹੋਂ ਦੇ ਬਾਰਾਂ ਮਾਹਾਂ ਉਚਾਰਿਆ ਕਰਦੇ ਸਨ। ਸਾਵਣ ਮਹੀਨੇ ਬਾਰੇ ਸਾਹਿਬਾਂ ਨੇ ਫੁਰਮਾਇਆ:—

> ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨਕੈ ਸਦ ਬਲਿਹਾਰ ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮਨਾਮੁ ਉਰਿਹਾਰੁ ॥ (ਬਾਰਾਂ ਮਾਹ ਮਾਝ ਮ: ੫)

ਕਿੰਨਾ ਵੇਦਨਾ ਭਰਿਆ ਬਚਨ ਹੈ,'ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰ ॥' ਮਨੁ ਤਾਂ ਲੋਚ ਰਿਹਾ ਹੈ ਕਿ ਹਰੀ ਸਰੂਪ ਸਤਿਗੁਰੂ ਜੀ ਨੂੰ ਜਾ ਮਿਲਣ, ਪਰ ਸਵਾਲ ਹੈ 'ਕਰਮ' ਦਾ, ਹੋ ਸਕਦਾ ਹੈ ਕਰਮ ਵਿਚ ਐਨਾ ਵਿਛੋੜਾ ਲਿਖਿਆ ਹੋਇਆ ਹੋਵੇ। ਆਖਰ ਸਾਹਿਬਾਂ ਦੇ ਸਬਰ ਦਾ ਕੜ ਟੁਟ ਗਿਆ, ਉਡੀਕ ਕਰਨੀ ਔਖੀ ਹੋ ਗਈ। ਕਲਮ ਦਵਾਤ ਤੇ ਕਾਗਜ਼ ਫੜਕੇ ਸਤਿਗੁਰੂ ਜੀ ਵਲ ਚਿੱਠੀ ਲਿਖਣੀ ਸ਼ੁਰੂ ਕਰ ਦਿਤੀ,ਚਿਠੀ ਉਤੇ ਨੰਬਰ ਇਕ ਪਾਇਆ ਕਵਿਤਾ ਰੂਪ ਵਿਚ ਮਨ ਦੇ ਵਲਵਲੇ ਨੂੰ ਪ੍ਰਗਟ ਕੀਤਾ। ਪਹਿਲੀ ਪੱਤ੍ਰਕਾ ਸੀ—

> ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
> ਤ੍ਰਿਖਾ ਨਾ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਅ ਰੇ ਜੀਉ ॥ ੧ ॥
> ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ ॥

ਤਿਸਦਾ ਪ੍ਰਮਾਰਥ—ਸਾਹਿਬ ਫੁਰਮਾਉਂਦੇ ਹਨ ਕਿ ਹੇ ਸਤਿਗੁਰੂ ਜੀ ਆਪ ਦੇ ਦਰਸ਼ਨ ਕਰਨ ਵਾਸਤੇ ਮਨ ਤੜਪ ਰਿਹਾ ਹੈ। ਮਨ ਇਸ ਤਰ੍ਹਾਂ

ਵਿਰਲਾਪ ਕਰ ਰਿਹਾ ਹੈ। ਜਿਵੇਂ ਚਾਤ੍ਰਿਕ ਆਪਣੇ ਪਿਆਰੇ ਨੂੰ ਮਿਲਣ ਖਾਤਰ ਵਿਰਲਾਪ ਕਰਦਾ ਹੈ। ਹੇ ਸਤਿਗੁਰੂ ਜੀ ਆਪ ਦੇ ਦਰਸ਼ਨ ਦੀ ਪਿਆਸ ਐਨੀ ਲੱਗੀ ਹੈ ਕਿ ਉਹ ਹੋਰ ਕਿਸੇ ਜਲ ਨਾਲ ਨਹੀਂ ਲਹਿ ਸਕਦੀ, ਸਿਰਫ ਆਪ ਦੇ ਦਰਸ਼ਨ ਹੀ ਹਨ, ਜੋ ਪਪੀਹੇ ਵਤ ਕੂਕ ਰਹੇ ਮਨ ਨੂੰ ਸ਼ਾਂਤ ਕਰ ਸਕਦੇ ਹਨ ਕਿਉਂਕਿ ਆਪ ਸੰਤ ਸਰੂਪ ਮੇਰੇ ਪਿਤਾ ਜੀ ਤੇ ਸਤਿਗੁਰੂ ਜੀ ਹੋ ਮੈਂ ਆਪ ਤੋਂ ਬਲਿਹਾਰ ਜਾਂਦਾ ਹਾਂ।

ਪਾਤੀ ਸੰਪੂਰਨ ਕੀਤੀ, ਆਪਣੇ ਦਸਖਤ ਕਰਕੇ ਇਕ ਸਿੱਖ ਨੂੰ ਕਿਹਾ ਕਿ ਉਹ ਪਾਤੀ ਨੂੰ ਝਟ ਪਟ ਰਾਮਦਾਸ ਪੁਰ ਲੈ ਜਾਵੇ ਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਰੱਖੇ। ਪਾਤੀ ਪੜ੍ਹਕੇ ਸਾਹਿਬ ਆਪੇ ਯਾਦ ਕਰ ਲੈਣਗੇ। ਗੁਰਚਰਨਾਂ ਦਾ ਸ਼ਰਧਾਲੂ ਸਿੱਖ ਉਸ ਵਲੇ ਉਠ ਨੱਠਾ। ਪੈਂਤੀ ਮੀਲ ਪੰਧ ਸਵਰ ਤੋਂ ਤੁਰਕੇ ਸ਼ਾਮ ਤਕ ਕਰ ਲਿਆ। ਅੱਗੇ ਪ੍ਰਿਥੀ ਚੰਦ ਦਾ ਰਾਜ ਸੀ। ਮਸੰਦਾਂ ਤੇ ਸੇਵਕਾਂ ਨੂੰ ਉਸਨੇ ਇਹ ਸਮਝਾਕੇ ਹੁਸ਼ਿਆਰ ਕੀਤਾ ਹੋਇਆ ਸੀ ਕਿ ਕੋਈ ਚਿਠੀ ਲਾਹੌਰੋਂ ਆਵੇ, ਉਹ ਸਤਿਗੁਰੂ ਜੀ ਦੇ ਪੇਸ਼ ਕਰਨ ਤੋਂ ਪਹਿਲਾਂ ਮੈਨੂੰ ਵਿਖਾਈ ਜਾਵੇ। (ਗੁਰੂ) ਅਰਜਨ ਦੇਵ ਜੀ ਦੀ ਪਾਤੀ ਸਿੱਖ ਦੇ ਕੋਲੋਂ ਮਸੰਦ ਨੇ ਫੜ ਲਈ ਤੇ ਸਿੱਖ ਨੂੰ ਕਿਹਾ 'ਹੇ ਪੁਰਸ਼ਾ ਬਸ ਚਿਠੀ ਸਤਿਗੁਰੂ ਜੀ ਨੂੰ ਮਿਲ ਜਾਵੇਗੀ ਤੂੰ ਜਾਹ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕ ਤੇ ਆਰਾਮ ਕਰ।' ਭੋਲੇ ਸਿੱਖ ਨੇ ਇਉਂ ਹੀ ਸੱਚ ਮੰਨ ਲਿਆ। ਉਸਨੂੰ ਕੀ ਪਤਾ ਸੀ ਕਿ ਸੱਚੇ ਸਤਿਗੁਰੂ ਦੇ ਦਰਬਾਰ ਵਿਚ ਵੀ ਠੱਗ ਵਸਦੇ ਹਨ। ਉਹ ਸਿਖ ਤਾਂ ਗੁਰੂ ਕੇ ਲੰਗਰ ਵਲ ਚਲਿਆ ਗਿਆ ਤੇ ਮਸੰਦ ਨੇ ਚਿਠੀ ਪ੍ਰਿਥੀਚੰਦ ਨੂੰ ਜਾ ਫੜਾਈ। ਉਸਨੇ ਚਿਠੀ ਪੜ੍ਹਕੇ ਆਪਣੇ ਚੋਲੇ (ਜਾਮੇ) ਦੀ ਜੇਬ ਵਿਚ ਰਖ ਲਈ ਤੇ ਸਤਿਗੁਰੂ ਜੀ ਦੇ ਹਜ਼ੂਰ ਪੇਸ਼ ਨਾ ਕੀਤੀ। ਉਧਰ (ਗੁਰੂ) ਅਰਜਨ ਦੇਵ ਜੀ ਉਤਰ ਉਡੀਕਦੇ ਰਹੇ। ਏਧਰ ਪ੍ਰਿਥੀਚੰਦ ਨੇ ਕੋਈ ਪ੍ਰਵਾਹ ਨਾ ਕੀਤੀ। ਲਾਹੌਰੋਂ ਆਇਆ ਸਿੱਖ ਖਾਲੀ ਹਥੀਂ ਮੁੜ ਗਿਆ ਸੀ। ਸਾਹਿਬ ਕਈ ਦਿਨ ਤਕ ਜਵਾਬ ਉਡੀਕਦੇ ਰਹੇ।

ਦੂਸਰੀ ਪ੍ਰੇਮ ਪਾਤੀ ਇਉਂ ਲਿਖੀਃ—

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗ ਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥ ੨॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥ ੧ ॥ ਰਹਾਉ ॥

ਤਿਸਦਾ ਪ੍ਰਮਾਰਥ—ਹੇ ਸਤਿਗੁਰੂ ਜੀ ਆਪ ਦਾ ਸੁੰਦਰ ਚੇਹਰਾ ਹੈ, ਆਪਦੀ ਬਾਣੀ ਵਿਚ ਬਹੁਤ ਰਸ ਤੇ ਜੀਵਨ ਅੰਮ੍ਰਿਤ ਦੀ ਮਿਠਾਸ ਹੈ। ਸੁਣਿਆਂ ਬੇੜੇ ਪਾਰ ਹੋ ਜਾਂਦੇ ਹਨ। ਆਪ ਪ੍ਰਮਾਤਮਾ ਰੂਪ ਹੋ, ਆਪਦੇ ਦਰਸ਼ਨ ਕੀਤਿਆਂ ਚਿਰ ਹੋ, ਗਿਆ ਹੈ। ਜਿਸ ਦੇਸ਼ (ਰਾਮਦਾਸ ਪੁਰ) ਆਪ ਵਸਦੇ ਜੋ ਉਹ ਦੇਸ਼ ਪੂਜਣ ਤੇ ਸਤਿਕਾਰ ਯੋਗ ਹੈ। ਮੈਂ ਬਲਿਹਾਰੇ ਜਾਂਦਾ ਹਾਂ। ਆਪ ਮੇਰੇ ਪਿਆਰੇ ਤੇ ਸਹਾਇਕ ਸਤਿਗੁਰੂ ਹੋ। (ਗੁਰੂ) ਅਰਜਨ ਦੇਵ ਜੀ ਦੇ ਹਿਰਦੇ ਵਿਚ ਸੱਚ ਸੀ। ਉਹ ਸਾਰੇ ਜਗਤਨੂੰ ਵੀ ਸਚ ਤੇ ਸਤਿਆਵਾਦੀ ਸਮਝਦੇ ਸਨ।ਉਨ੍ਹਾਂ ਨੂੰ ਇਹ ਚਿਤ ਚੇਤਾ ਨਹੀਂ ਸੀ ਕਿ ਉਨ੍ਹਾਂ ਨਾਲ ਕੋਈ ਧੋਖਾ ਕਰ ਰਿਹਾ ਹੈ। ਉਹਨਾਂ ਨੇ ਦੂਸਰੇਸਿੱਖਨੂੰ ਸੱਦਿਆ ਤੇ ਚਿਠੀ ਦੇਕੇ ਰਾਮਦਾਸ ਪੁਰ ਵਲ ਤੋਰ ਦਿਤਾ। ਇਹ ਚਿਠੀ ਵੀ ਪ੍ਰਿਥੀ ਚੰਦ ਦੇ ਹਥ ਆ ਗਈ। ਉਸਨੇ ਉਹ ਵੀ ਸਤਿਗੁਰੂ ਜੀ ਨੂੰ ਨਹੀਂ ਦਿਖਾਈਤੇ ਆਪਣੇਜਾਮੇ ਦੀ ਜੇਬ ਵਿਚ ਰੱਖ ਲਈ। ਕੁਝ ਦਿਨ ਉਡੀਕਣ ਪਿਛੋਂ (ਗੁਰੂ) ਅਰਜਨ ਦੇਵ ਜੀ ਨੇ ਤੀਸਰੀ ਚਿਠੀ ਲਿਖੀ—

> ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ
> ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ
> ਦੇਖੇ ਗੁਰ ਦਰਬਾਰੇ ਜੀਉ ॥ ੩ ॥ ਹਉ ਘੋਲੀ ਜੀਉ ਘੋਲਿ ਘੁਮਾਈ
> ਤਿਸੁ ਸਚੇ ਗੁਰ ਦਰਬਾਰੇ ਜੀਉ ॥ ੧ ॥ ਰਹਾਉ ॥

ਤਿਸਦਾ ਪ੍ਰਮਾਰਥ-ਅਗੇ ਤਾਂ ਇਕ ਘੜੀ ਨਹੀਂ ਸੀ ਦਰਸ਼ਨ ਹੁੰਦੇ ਤਾਂ ਕਲਜੁਗ ਆ ਜਾਂਦਾ ਸੀ। ਆਪ ਵੀ ਮੇਰੇ ਬਿਨਾ ਨਹੀਂ ਸੀ ਰਹਿ ਸਕਦੇ। ਹੇ ਪ੍ਰਭੂ ਹੁਣ ਕਦੋਂ ਮੇਲ ਹੋਵੇਗਾ?ਮੇਰਾ ਤਾਂ ਚਿਤ ਨਹੀਂ ਲਗਦਾ।ਰਾਤ ਨੀਂਦਨਹੀਂਆਉਂਦੀ, ਆਪਦੇ ਤੇ ਆਪਦੇ ਦਰਬਾਰ ਦੇ ਦਰਸ਼ਨ ਕਰਨ ਵਾਸਤੇ ਮਨ ਤੜਪ ਰਿਹਾ ਹੈ। ਮੇਹਰ ਕਰੋ ਦਇਆ ਕਰੋ ਤੇ ਆਪਣੇ ਕੋਲ ਸੱਦ ਲਵੋ। ਮੈਂ ਆਪਦੇ ਸੱਚੇ ਦਰਬਾਰ (ਸਤਿਸੰਗਤ) ਤੋਂ ਬਲਿਹਾਰੇ ਜਾਂਦਾ ਹਾਂ।

ਇਸ ਵਾਰ ਗੁਰੂ ਜੀ ਨੇ ਸਿਆਣੇ ਸਿੱਖ ਨੂੰ ਸਦਿਆ ਤੇ ਪੱਕੀ ਕੀਤੀ ਕਿ ਇਹ ਚਿੱਠੀ ਸਤਿਗੁਰੂ ਜੀ ਤੋਂ ਬਿਨਾ ਨਾ ਕਿਸੇ ਨੂੰ ਦਿਖਾਉਣੀ ਤੇ ਨਾ ਫੜਾਉਣੀ, ਸਤਿਗੁਰੂ ਜੀ ਦੇ ਅਗੇ ਰਖਣੀ, ਇਉਂ ਆਗਿਆ ਪਾ ਕੇ ਸਿਖ ਚਿੱਠੀ ਲੈਕੇ ਰਾਮਦਾਸ ਪੁਰ ਵਲ ਚਲ ਪਿਆ। ਗੁਰੂ ਜੀ ਦੀ ਸ਼ਕਤੀ ਉਸਦੇ

ਨਾਲ ਸੀ ਥਕੇਵਾਂ ਉਸ ਨੂੰ ਮਾਲੂਮ ਨਾ ਹੋਇਆ । ਓਹ ਪੈਂਤੀ ਮੀਲ ਪੰਧ ਕਰਕੇ ਸਤਿਗੁਰੂ ਜੀ ਦੇ ਹਜ਼ੂਰ ਪਹੁੰਚ ਪਿਆ ।

੨੬, ਸਤਿਗੁਰੂ ਰਾਮਦਾਸ ਜੀ ਨੂੰ ਤੀਸਰੀ ਚਿੱਠੀ ਮਿਲਣੀ

ਚਤਰ ਤੇ ਸਿਦਕੀ ਸਿੱਖ ਰਾਮਦਾਸ ਪੁਰ ਪੁਜਾ । ਅਗੇ ਸਤਿਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ । ਸਬੱਬ ਨਾਲ ਪ੍ਰਿਥੀਚੰਦ ਜੀ ਕੋਲ ਨਹੀਂ ਸਨ ਤੇ ਹੋਰ ਕਿਸੇ ਨੂੰ ਸਿੱਖ ਨੇ ਪਾਤੀ (ਚਿੱਠੀ) ਨਹੀਂ ਦਿਖਾਲੀ । ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਸਿੱਖ ਨੇ (ਗੁਰੂ) ਅਰਜਨ ਦੇਵ ਜੀ ਦੀ ਚਿੱਠੀ, ਸਤਿਗੁਰੂ ਜੀ ਦੇ ਕਮਲ ਹੱਥਾਂ ਵਿਚ ਫੜਾ ਦਿਤੀ । ਸਾਹਿਬਾਂ ਨੇ ਚਿੱਠੀ ਪੜ੍ਹੀ, ਸਪੁਤ੍ਰ ਯਾਦ ਆਏ। ਚਿੱਠੀ ਦਾ ਨੰਬਰ ਦੇਖਿਆ, ਉਹ ਤਿੰਨ ਸੀ । ਕਾਹਲੀ ਨਾਲ ਬੋਲੇ, 'ਹੈਂ ! ਦੋ ਚਿੱਠੀਆਂ ਆਈਆਂ, ਪਰ ਅਸਾਂ ਨੂੰ ਕੋਈ ਚਿੱਠੀ ਨਹੀਂ ਮਿਲੀ । ਨੇਕ ਪੁਤ੍ਰ ਅਜੇ ਲਾਹੌਰ ਵਿਚ ਹੀ ਹੈ । ਆਗਿਆ ਦਾ ਪਾਲਨ ਕਰ ਰਹੇ ਹਨ। ਛੇਤੀ ਸਦੋ ਪ੍ਰਿਥੀ ਚੰਦ ਨੂੰ ਪਹਿਲੀਆਂ ਦੋ ਚਿੱਠੀਆਂ ਉਹਦੇ ਕੋਲ ਹੋਣੀਆਂ ਹਨ । ਇਉਂ ਸਤਿ-ਗੁਰੂ ਜੀ ਨੇ ਬਚਨ ਕੀਤਾ ।

ਪ੍ਰਮਾਤਮਾ ਨੇ ਢੋਆ ਐਸਾ ਲਾਇਆ ਕਿ ਪ੍ਰਿਥੀ ਚੰਦ ਜੀ ਦਰਬਾਰ ਵਿਚ ਆ ਹਾਜ਼ਰ ਹੋਏ। ਸਤਿਗੁਰ ਜੀ ਨੇ ਪੁਛਿਆ, 'ਬੇਟਾ ਪ੍ਰਿਥੀ ਚੰਦ ਅਰਜਨ ਦੀ ਕੋਈ ਚਿੱਠੀ ਆਈ ਹੈ ?' 'ਨਹੀਂ ਪਿਤਾ ਜੀ ! ਮੈਨੂੰ ਤਾਂ ਵੀਰ ਦੀ ਕੋਈ ਚਿੱਠੀ ਨਹੀਂ ਮਿਲੀ ।' ਪ੍ਰਿਥੀ ਚੰਦ ਨੇ ਉੱਤਰ ਦਿਤਾ ।'

'ਦੇਖਣਾ ਝੂਠ ਨਾ ਹੋਵੇ । ਦੋ ਚਿਠੀਆਂ ਓਹਨਾਂ ਪਹਿਲੋਂ ਭੇਜੀਆਂ ਹਨ, ਉਹ ਅਸਾਂ ਤੋਂ ਗੁਪਤ ਰਖੀਆਂ ਗਈਆਂ ਹਨ। ਅਸੀਂ ਪੁਛਦੇ ਹਾਂ ਆਖਰ ਕਿਉਂ ?' ਸਤਿਗੁਰੂ ਜੀ ਦਾ ਬਚਨ ਸੀ। 'ਐਵੇਂ ਆਪਨੂੰ ਵੇਰ ਲੱਗਾ। ਓਹਨਾਂ ਕਾਗਜ਼ ਦੇ ਟੁਕ-ੜਿਆਂ ਨੂੰ ਮੈਂ ਕੀ ਕਰਨਾ ਸੀ ? ਓਹ ਕੇਹੜੀਆਂ ਹੁੰਡੀਆਂ ਸਨ, ਜਿਨ੍ਹਾਂ ਨੂੰ ਮੈਂ ਲੁਕਾ ਲਿਆ ?' ਪ੍ਰਿਥੀ ਚੰਦ ਨੇ ਗੁਸੇ ਨਾਲ ਉਤਰ ਦਿਤਾ ।

ਹੱਛਾ ! ਏਥੇ ਬੈਠੋ, ਮੈਂ ਭਾਈ ਬਲੂ ਨੂੰ ਭੇਜਕੇ ਤੇਰਾ ਜਾਮਾ ਮੰਗ

ਵਾਉਂਦਾ ਹਾਂ।' ਇਹ ਆਖਕੇ ਸਤਿਗੁਰੂ ਜੀ ਨੇ ਭਾਈ ਬਲੂ ਨੂੰ ਪ੍ਰਿਥੀਚੰਦ ਦੇ ਘਰ ਭੇਜਿਆ, ਉਹ ਘਰੋਂ ਪ੍ਰਿਥੀਚੰਦ ਦਾ ਜਾਮਾ ਲੈ ਆਏ, ਜਾਮੇ ਦੀ ਜੇਬ ਵਿਚੋਂ ਦੋਵੇਂ ਚਿਠੀਆਂ ਨਿਕਲ ਆਈਆਂ। ਪ੍ਰਿਥੀ ਚੰਦ ਨੂੰ ਦਿਖਾਉਂਦਿਆਂ ਹੋਇਆਂਸਤਿਗੁਰੂਜੀ ਨੇ ਬਚਨ ਕੀਤਾ:—'ਪੁਤ੍ਰ! ਬਾਪ ਤੇ ਛੋਟੇ ਵੀਰ ਨਾਲ ਧੋਖਾ! ਇਹ ਕਿਉਂ ? ਕਿਸ ਕਾਰਨ ਝੂਠ ਬੋਲਣਾ ਪਿਆ ?' ਪ੍ਰਿਥੀਚੰਦ ਸ਼ਰਮਿੰਦਾ ਨਹੀਂ ਹੋਇਆ, ਸਗੋਂ ਉਲਟਾ ਕ੍ਰੋਧਵਾਨ ਹੋਕੇ ਸਤਿਗੁਰੂ ਜੀ ਨੂੰ ਆਖਣ ਲੱਗਾ, 'ਇਹ ਸਭ ਚਾਲ ਹੈ, ਤਾਂ ਕਿ (ਗੁਰੂ) ਅਰਜਨ (ਜੀ) ਨੂੰ ਗੁਰ ਗੱਦੀ ਦੇ ਸਕੋ। ਇਹ ਸਭ ਆਪ ਦੀ ਚਾਲ ਹੈ। ਪਰ ਮੈਂ ਵੱਜ ਗੱਜ ਕੇ ਆਖਦਾ ਹਾਂ, ਜੇ ਗੁਰਿਆਈ ਮੈਨੂੰ ਨਾ ਮਿਲੀ ਤਾਂ ਮੈਂ 'ਗੁਰੂ' ਅਰਜਨ (ਜੀ) ਨੂੰ ਵੀ ਸੁਖ ਦਾ ਸਾਹ ਨਹੀਂ ਲੈਣ ਦਿਆਂਗਾ। ਮੈਂ ਸਰਕਾਰ ਦੀ ਅਦਾਲਤ ਵਿਚ ਪਹੁੰਚਾਂਗਾ। ਮੈਂ ਆਪਣਾ ਹਕ ਵਸੂਲ ਕਰਾਂਗਾ। ਮੈਂ ਵਡਾ ਪੁਤਰ ਹਾਂ, ਗੁਰਿਆਈ ਦਾ ਹਕ ਮੇਰਾ ਹੈ।' ਉੱਚੀ ਉੱਚੀ ਬੋਲਦਾ ਹੋਇਆ ਪ੍ਰਿਥੀ ਚੰਦ ਸਤਿਗੁਰੂ ਜੀ ਦੇ ਦਰਬਾਰ ਵਿਚੋਂ ਬਾਹਰ ਚਲਿਆ ਗਿਆ। ਸਤਿਗੁਰੂਜੀਨੇਕੋਈ ਮੰਦਾ ਬਚਨ ਨਹੀਂ ਕਿਹਾ, ਚੁਪ ਚਾਪ ਬੈਠੇ ਹੋਏ ਪ੍ਰਿਥੀ ਚੰਦ ਦੀ ਮੂਰਖਤਾ ਉਤੇ ਮੁਸਕਰਾਉਂਦੇ ਰਹੇ। ਕੁਝ ਚਿਰ ਮੁਸਕਰਾਉਣ ਪਿਛੋਂ ਆਪਨੇ ਪਾਰਬ੍ਰਹਮ ਨਾਲ ਮਨ ਬਿਰਤੀ ਨੂੰ ਜੋੜਿਆ ਤੇ ਇਉਂ ਵਾਕ ਉਚਾਰਿਆ—

ਤਿਨੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥ ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥ ੧ ॥ ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥ ੧ ॥ ਰਹਾਉ ॥ ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥ ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥ ੨ ॥ ਸੇ ਭਗਤ ਸੇ ਸੇਵਕਾ ਜਿਨਾ ਹਰਿਨਾਮੁ ਪਿਆਰਾ ॥ ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਾਵੈ ਛਾਰਾ ॥ ੩ ॥ ਜਿਸੁਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥ ਚਹੁਪੀੜੀਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ ॥ ੪ ॥ ੨ ॥ ੯॥

(ਸੂਹੀ ਮ: ੪)

ਤਿਸਦਾ ਪ੍ਰਮਾਰਥ—ਸਤਿਗੁਰੂ ਜੀ ਆਖਦੇ ਹਨ ਕਿ ਹੇ ਪੁਤ੍ਰ ਕਿਉਂ ਕ੍ਰੋਧਵਾਨ ਹੁੰਦਾ ਹੈਂ। ਉਨ੍ਹਾਂ ਹੀ ਹਰੀ ਦਾ ਸਿਮਰਨ ਕਰਨਾ ਹੈ, ਜਿਨ੍ਹਾਂ ਦੇ ਮਥੇ ਧੁਰੋਂ ਹੀ ਲਿਖਿਆ ਹੋਇਆ ਹੈ। ਉਨ੍ਹਾਂ ਮਹਾਂ ਪੁਰਖਾਂ ਦੀ ਨਿੰਦਾ

ਕੋਈ ਕੀ ਕਰ ਸਕਦਾ ਹੈ, ਜਿਨ੍ਹਾਂ ਦੀ ਸਹਾਇਤਾ ਆਪ ਵਾਹਿਗੁਰੂ ਕਰਦਾ ਹੈ। (ਗੁਰੂ) ਅਰਜਨ 'ਜੀ' ਤੇ ਕਰਤਾਰ ਦੀ ਮੇਹਰ ਹੈ। ਜਿਸ ਨੇ ਉੱਚ ਪਦਵੀ ਪਉਣੀ ਹੈ ਉਸ ਨੂੰ ਸਦਾ ਹਰੀ ਨਾਮ ਦਾ ਸਿਮਰਨ ਕਰਣਾ ਚਾਹੀਦਾ ਹੈ ਕਿਉਂਕਿ ਆਪ ਜਨਮ ਜਨਮ ਦੇ ਦੁਖ ਕਲੇਸ਼ ਕਟ ਦੇਂਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ (ਗੁਰਿਆਈ ਵਲ ਇਸ਼ਾਰਾ ਕਰਕੇ) ਗਰ-ਗੱਦੀ ਤੋਂ ਲੜਨਾ ਨਹੀਂ ਚਾਹੀਦਾ, ਇਹ ਭੰਡਾਰਾ ਉਸੇ ਨੂੰ ਪ੍ਰਾਪਤ ਹੋਵੇਗਾ ਜਿਸ ਨੂੰ ਦਰਗਾਹੋਂ ਬਖਸ਼ਿਆ ਗਿਆ ਹੈ ਕਿਓਂਕਿ ਇਹ ਪ੍ਰਮਾਤਮਾ ਦਾ ਆਪਣਾ ਅੰਮ੍ਰਿਤ ਦਾ ਭੰਡਾਰਾ ਹੈ, ਜੋ ਉਹਦੇ ਸੇਵਕ ਨੇ ਜਗਤ ਜੀਵਾਂ ਨੂੰ ਵਰਤਾਉਣਾ ਹੈ। ਉਹ ਪੁਰਸ਼ ਮੂਰਖ ਹੈ ਜੋ ਐਸੇ ਮਹਾਂ ਪੁਰਸ਼ਾਂ ਦੀ ਰੀਸ ਕਰਦਾ ਹੈ। ਜੋ ਮਹਾਂ ਪੁਰਸ਼ਾਂ ਦੀ ਰੀਸ ਤੇ ਨਿੰਦਾ ਕਰਦੇ ਹਨ, ਲੋਕ ਪ੍ਰਲੋਕ ਵਿਚ ਉਹਨਾਂ ਦਾ ਮੂੰਹ ਕਾਲਾ ਹੁੰਦਾ ਹੈ ਓਹੋ ਹੀ ਭਗਤ ਤੇ ਸੇਵਕ ਹੋ ਸਕਦਾ ਹੈ ਜੋ ਪ੍ਰਮਾਤਮਾਂ ਦੀ ਭਗਤੀ ਕਰੇ। ਭਗਤੀ ਨਾਲ ਗੁਰ ਗੱਦੀਆਂ ਪ੍ਰਾਪਤ ਹੁੰਦੀਆਂ ਹਨ, ਮੂਰਖ ਲੋਕ ਹਨ ਜੋ ਬਿਨਾਂ ਭਗਤੀ ਤੋਂ ਗੁਰਗੱਦੀ ਦੀ ਆਸ ਰੱਖਦੇ ਹਨ। ਧਿਆਨ ਮਾਰੋ ਪਹਿਲੀ ਪਾਤਸ਼ਾਹੀ ਤੋਂ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਮਰਦਾਸ ਜੀ) ਤੀਸਰੀ ਪਾਤਸ਼ਾਹੀ ਦਾ ਇਤਿਹਾਸ ਪੜ੍ਹ ਸੁਣਕੇ ਦੇਖੋ, ਅਜੇਹੇ ਕਿਸੇ ਪੁਰਸ਼ ਨੂੰ ਗੁਰਿਆਈ ਨਹੀਂ ਮਿਲੀ ਜੋ ਭਗਤੀ ਨਹੀਂ ਕਰਦੇ ਰਹੇ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੇ ਪੁਤ੍ਰਾਂ ਨੂੰ ਗੁਰਿਆਈ ਨਹੀਂ ਸੀ ਦਿਤੀ। ਇਸ ਵਾਸਤੇ ਪ੍ਰਿਥੀ ਚੰਦ ਦਾ ਕਰੋਧ ਕਰਨਾ ਮਾੜਾ ਹੈ।

੨੭. ਗੁਰੂ ਅਰਜਨ ਦੇਵ ਜੀ ਦਾ ਲਾਹੌਰੋਂ ਆਉਣਾ ਤੇ ਗੁਰਿਆਈ ਦਾ ਤਿਲਕ

ਸਤਿਗੁਰੂ (ਰਾਮਦਾਸ) ਜੀ ਨੇ ਉਸੇ ਵੇਲੇ ਬਾਬਾ ਬੁਢਾ ਜੀ ਨੂੰ ਕੋਲ ਸੱਦ ਕੇ ਹੁਕਮ ਕੀਤੀ, "ਬਾਬਾ ਜੀ ! ਆਪ ਗੁਰੀਆ, ਬਾਲੂ ਤੇ ਦੋ ਸਿੱਖ ਹੋਰ ਨਾਲ ਲੈਕੇ ਲਾਹੌਰ ਜਾਓ ਤੇ (ਗੁਰੂ) ਅਰਜਨ ਦੇਵ ਜੀ ਨੂੰ ਬੜੇ ਸਤਿਕਾਰ ਨਾਲ ਏਥੇ ਲਿਆਓ। ਹੌਸਲਾ ਦੇਣਾ ਅਤੇ ਇਹ ਵੀ ਦੱਸ ਦੇਣਾ ਕਿ ਚਿੱਠੀਆਂ ਦਾ ਉਤਰ ਕਿਉਂ ਨਹੀਂ ਦਿਤਾ ਗਿਆ।" "ਸਤਿ ਬਚਨ ਸਚੇ ਪਾਤਸ਼ਾਹ!" ਇਹ ਆਖਕੇ ਬਾਬਾ ਬੁਢਾ ਜੀ

ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਗੁਰੀਏ ਆਦਿਕ ਸਿੱਖਾਂ ਨੂੰ ਨਾਲ ਲੈਕੇ ਲਾਹੌਰ ਨੂੰ ਤੁਰ ਪਏ। ਦੂਸਰੇ ਦਿਨ ਦੁਪਹਿਰੇ ਲਾਹੌਰ ਪਹੁੰਚੇ। (ਗੁਰੂ) ਅਰਜਨ ਦੇਵ ਜੀ ਨੂੰ ਜਾ ਨਮਸ਼ਕਾਰ ਕੀਤੀ। ਸਾਰਾ ਹਾਲ ਰਾਮਦਾਸ ਪੁਰ ਦਾ ਦਸਿਆ ਅਤੇ ਗੁਰੂ ਜੀ ਦਾ ਪੁਛਿਆ। ਬਾਅਦ ਵਿਚ ਬਾਬਾ ਬੁਢਾ ਜੀ ਨੇ ਕਿਹਾ– "ਬਾਬਾ ਜੀ (ਉਸ ਵੇਲੇ ਸਾਹਿਬਜ਼ਾਦਿਆਂ ਨੂੰ ਬਾਬਾ ਜੀ ਆਖਿਆ ਜਾਂਦਾਸੀ, ਅਜੇ ਵੀ ਰਵਾਜ ਹੈ) ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਆਪ ਰਾਮ ਦਾਸ ਪੁਰ ਚਲੀਏ। ਸਤਿਗੁਰੂ ਜੀ ਆਪ ਨੂੰ ਯਾਦ ਕਰ ਰਹੇ ਹਨ।" ਇਹ ਸੁਣਦੇ ਸਾਰ 'ਗੁਰੂ' ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਉਹਨਾਂ ਨੇ ਉਸ ਵੇਲੇ ਕਰਤਾਰ ਦਾ ਧੰਨਵਾਦ ਕੀਤਾ ਤੇ ਸਿਖ ਸਾਥ ਚਲਣ ਨੂੰ ਤਿਆਰ ਹੋ ਪਏ। ਗੁਰੂ ਜੀ ਦੇ ਤੁਰਨ ਸਮੇਂ ਲਾਹੌਰ ਦੀਆਂ ਸੰਗਤਾਂ ਬਹੁਤ ਉਦਾਸ ਹੋਈਆਂ, ਗੁਰੂ ਜੀ ਜਿੰਨੇ ਦਿਨ ਲਾਹੌਰ ਰਹੇ ਸਨ ਓਨੇ ਦਿਨ ਹੀ ਗੁਰਮਤ ਦਾ ਪ੍ਰਚਾਰ ਕਰਕੇ ਜਲ ਰਹੇ ਜਗਤ ਜੀਵਾਂਨੂੰ ਸ਼ਾਂਤ ਕਰਦੇ ਰਹੇ ਸਨ ਸਭ ਨੂੰ ਹੌਸਲਾ ਦਿਤਾ ਤੇ ਇਹ ਵੀ ਕਿਹਾ 'ਮੁੜਕੇ ਵੀ ਲਾਹੌਰ ਆਵਾਂਗੇ।'

ਦੂਸਰੇ ਦਿਨ (ਗੁਰੂ) ਅਰਜਨ ਦੇਵ ਜੀ ਰਾਮਦਾਸ ਪੁਰ ਪਹੁੰਚੇ। ਸਤਿਗੁਰੂ ਜੀ ਦੇ ਚਰਨ ਫੜਕੇ ਕਿੰਨਾ ਚਿਰ ਵੈਰਾਗ ਕਰਦੇ ਰਹੇ। ਸਤਿਗੁਰੂ ਜੀ ਨੇ ਹੌਂਸਲਾ ਦਿਤਾ। ਸੀਨੇ ਨਾਲ ਲਾਕੇ ਪਿਆਰ ਕੀਤਾ ਤੇ ਕਿਹਾ, 'ਪੁਤ੍ਰ ਧੀਰਜ ਕਰੋ! ਅਜ ਤੋਂ ਤੁਸਾਂ ਨੇ ਬਹੁਤ ਵਡੀਆਂ ਜੁਮੇਂਵਾਰੀਆਂ ਸੰਭਾਲਣੀਆਂ ਹਨ।'

ਅਗਲੇ ਦਿਨ ਪ੍ਰਿਥੀ ਚੰਦ ਫਿਰ ਸਤਿਗੁਰੂ ਜੀ ਨਾਲ ਗੁਰਿਆਈ ਬਾਬਤ ਚਰਚਾ ਕਰਨ ਲੱਗ ਪਿਆ। ਸਤਿਗੁਰੂ ਜੀ ਨੇ ਬਹੁਤ ਸਮਝਾਇਆ ਕਿ ਝਗੜਾ ਨਾ ਕਰ ਗੁਰਿਆਈ ਉਸ ਨੂੰ ਮਿਲਣੀ ਹੈ ਜੋ ਗੁਰਿਆਈ ਦੇ ਯੋਗ ਹੈ। ਪਰ ਪ੍ਰਿਥੀਚੰਦ ਇਕੋ ਗੱਲ ਆਖੀ ਜਾਂਦਾ 'ਮੈਂ ਵਡਾ ਹਾਂ ਮੇਰਾ ਹਕ ਹੈ।' ਜਦੋਂ ਬਹੁਤ ਹੀ ਜ਼ਿੱਦ ਕਰੀ ਗਿਆ ਤਾਂ ਸਤਿਗੁਰੂ ਜੀ ਨੇ ਕਿਹਾ, 'ਚੰਗਾ (ਗੁਰੂ)ਅਰਜਨ ਦੇਵ ਜੀ ਨੇ ਤਿੰਨ ਵਾਕ ਸ਼ਬਦ ਦੇ ਉਚਾਰੇ ਹਨ, ਚੌਥਾ ਵਾਕ ਤੁਸੀਂ ਰਚਕੇ ਸ਼ਬਦ ਪੂਰਾ ਕਰ ਦਿਓ।' ਬਾਣੀ ਧਰਮਾਤਮਾਂ ਤੇ ਆਤਮਕ ਗਿਆਨ ਵਾਲੇ ਮਹਾਂ ਪੁਰਸ਼ ਰਚ ਸਕਦੇ ਹਨ, ਮਾਇਆ ਵਾਦੀ ਨੂੰ ਐਨੀ ਸੂਝ ਬੂਝ ਕਿਥੇ, ਪਲ ਕੁ ਬੈਠਕੇ ਤੇ ਸੋਚਕੇ ਉਠ ਬੈਠਾ ਕਿ ਉਸ ਕੋਲੋਂ

ਬਾਣੀ ਨਹੀਂ ਉਚਾਰੀ ਜਾਣੀ। ਨਿੰਮਰਤਾ ਦੀ ਥਾਂ ਗੁਸੇ ਨੂੰ ਪ੍ਰਗਟ ਕਰਦਾ ਹੋਇਆ ਬੋਲੀ ਗਿਆ। 'ਇਹ ਸਭ ਬਹਾਨੇ ਹਨ। ਮੈਂ ਐਸੀਆਂ ਗੱਲਾਂ ਨੂੰ ਤਿਆਰ ਨਹੀਂ। ਮੈਂ (ਗੁਰੂ) ਅਰਜਨ ਜੀ ਨੂੰ ਗੁਰ-ਗੱਦੀ ਉਤੇ ਨਹੀਂ ਬੈਠਣ ਦਿਆਂਗਾ, ਮੇਰੇ ਹਥ ਦੇਖਣੇ, ਤੁਸੀਂ ਮੇਰੇ ਬਾਪ ਨਹੀਂ ਦੁਸ਼ਮਨ ਜੇ। ਮੈਂ ਹੀ ਲਾਹੌਰ ਜਾਂਦਾ ਹਾਂ। ਅਰਜੀ ਦਾਹਵਾ ਕਰਾਂਗਾ।' ਇਉਂ ਆਖਦਾ ਹੋਇਆ ਸਤਿਗੁਰੂ ਜੀ ਦੇ ਕੋਲੋਂ ਦੂਰ ਚਲਿਆ ਗਿਆ। ਪ੍ਰਿਥੀ ਚੰਦ ਦੀ ਇਹ ਦਸ਼ਾ ਦੇਖਕੇ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਿਆ—

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ
ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪਿ ॥ ੧ ॥ ਜੋ ਤੁਮਰੇ ਪ੍ਰਭ ਹੋਤੇ
ਸੁਆਮੀ ਹਰਿ ਤਿਨਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ ॥ (ਸਾਰਗ ਮ: ੪)

ਤਿਸਦਾ ਪ੍ਰਮਾਰਥ—ਹੇ ਬੇਟਾ! ਆਪਣੇ ਪਿਤਾ ਨਾਲ ਕਿਉਂ ਝਗੜਾ ਕਰਦਾ ਹੈਂ, ਜਿਸ ਪਿਤਾ ਨੇ ਤੈਨੂੰ ਜਨਮ ਦਿਤਾ ਤੇ ਪਾਲ ਪੋਸਕੇ ਵਡਿਆਂ ਕੀਤਾ ਉਸ ਨਾਲ ਝਗੜਾ ਕਰਨਾ ਪਾਪ ਹੈ। ਕੁਝ ਅਕਲ ਕਰ ਵਡਿਆਂ ਨੂੰ ਮਾੜੇ ਸ਼ਬਦ ਨਹੀਂ ਆਖੀਦੇ। ਜਿਸ ਦੌਲਤ ਦਾ ਹੰਕਾਰ ਕਰਦਾ ਹੈਂ, ਇਹ ਦੌਲਤ ਕਿਸੇ ਦਾ ਸਾਥ ਨਹੀਂ ਦੇਂਦੀ। ਇਹ ਦੌਲਤ 'ਮਾਇਆ' ਹੈ। ਜੋ ਇਕ ਪਲ ਵਿਚ ਪੁਰਸ਼ ਦਾ ਛੱਡ ਸਾਥ ਜਾਂਦੀ ਹੈ। ਫਿਰ ਪਛਤਾਵਾ ਲੱਗ ਜਾਂਦਾ ਹੈ। ਇਹ ਦੌਲਤ ਪਾਪ ਕਰਮ ਕਰਾਉਂਦੀ ਹੈ। ਜਿਸ ਸਦਕਾ ਪਾਪ ਦੇ ਭਾਗੀ ਬਣੀਦਾ ਹੈ। ਜੇ ਕੋਈ ਨੇਕੀ ਖਟਣੀ ਹੈ ਤਾਂ ਉਸ ਪ੍ਰਮਾਤਮਾ ਦਾ ਸਿਮਰਨ ਕਰੋ ਜੋ ਤੇਰਾ ਕਰਤਾ ਹੈ। ਪੁਤ੍ਰ ਅਸੀਂ ਤੈਨੂੰ ਦੋ ਉਪਦੇਸ਼ ਕਰਦੇ ਹਾਂ ਉਸ ਨੂੰ ਸੁਣ ਤਾਂਕਿ ਤੇਰੇ ਹਿਰਦੇ ਤੋਂ ਸੰਤਾਪ ਜਾਵੇ। ਸੰਤਾਪ ਕਈ ਵਾਰ ਕਾਲ ਦਾ ਰੂਪ ਧਾਰ ਲੈਂਦਾ ਹੈ। ਜੇ ਤੇਰਾ ਵੀਰ ਗੁਰੂ ਹੋਵੇਗਾ ਤਾਂ ਤੈਨੂੰ ਕਿਸੇ ਕਿਸਮ ਦਾ ਘਾਟਾ ਨਹੀਂ ਰਹਿੰਦਾ। ਜਦੋਂ ਪ੍ਰਿਥੀ ਚੰਦ ਚਲਿਆ ਗਿਆ, ਤਾਂ ਸਤਿਗੁਰੂ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਆਗਿਆ ਕੀਤੀ ਕਿ ਉਹੀ ਚੌਥੀ ਚਿਠੀ ਉਚਾਰ ਕੇ ਸ਼ਬਦ ਨੂੰ ਪੂਰਾ ਕਰ ਦੇਣ। ਸੋ (ਗੁਰੂ) ਅਰਜਨ ਦੇਵ ਜੀ ਨੇ ਸ਼ਬਦ ਦਾ ਚੌਥਾ

ਪਦ ਇਉਂ ਉਚਾਰਨ ਕੀਤਾ—

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨਾ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ੪ ॥ ਹਉ ਘੋਲੀ ਜੀਉਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥ (ਮਾਝ ਮ: ੫)

ਉਸੇ ਦਿਨ ਸ਼ਾਮ ਨੂੰ ਸਤਿਗੁਰੂ ਜੀ ਨੇ ਬਾਬਾ ਬੁਢਾ ਜੀ ਨੂੰ ਕਿਹਾ ਕਿ 'ਉਹ (ਗੁਰੂ) ਅਰਜਨ ਦੇਵ ਜੀ ਨੂੰ ਗੁਰਿਆਈ ਦਾ ਤਿਲਕ ਲਾਉਣ ਵਾਸਤੇ ਤਿਆਰੀ ਕਰਨ। ਭਾਦਰੋਂ ਸੁਦੀ ੧ ਦਾ ਦਿਨ ਮੁਕਰਰ ਕੀਤਾ ਜਾਵੇ। ਉਸ ਦਿਨ ਦੀ ਰੌਣਕ ਵਧਾਉਣ ਵਾਸਤੇ ਦੂਰ ਦੂਰ ਤੋਂ ਸਿੱਖ ਸੰਗਤਾਂ ਨੂੰ ਸਦਿਆ ਜਾਵੇ। ਜੋ ਮਸੰਦ ਬਾਹਰ ਗਏ ਹਨ ਉਨ੍ਹਾਂ ਨੂੰ ਛੇਤੀ ਵਾਪਸ ਮੁੜਨ ਵਾਸਤੇ ਹੁਕਨਾਮੇ ਭੇਜੇ ਜਾਣ। ਉਸ ਦਿਨ ਭਾਰੀ ਯੱਗ ਕੀਤਾ ਜਾਵੇਗਾ। ਅਸਾਡਾ ਇਹ ਫੈਸਲਾ ਅਟਲ ਹੈ। ਗੁਰਿਆਈ ਦਾ ਤਿਲਕ 'ਗੁਰੂ' ਅਰਜਨ ਦੇਵ ਜੀ ਦੇ ਮਸਤਕ ਲਗੇਗਾ।ਪ੍ਰਿਥੀਏਦੇਰੌਲੇਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਵੇਗੀ। ਉਹ ਮਾਯਾਵਾਦੀ ਹੈ ਉਹ ਪਾਰਬ੍ਰਹਮ ਦੇ ਕੌਤਕਾਂ ਨੂੰ ਨਹੀਂ ਜਾਣਦਾ। ਸਾਰੇ ਕਾਰਜ ਸੰਪੂਰਨ ਕਰੋ। ਸਮਗਰੀ ਇਕਤ੍ਰ ਕੀਤੀ ਜਾਵੇ।'

ਸਤਿਗੁਰੂ ਜੀ ਦਾ ਹੁਕਮ ਸੁਣਕੇ ਬਾਬਾ ਬੁੱਢਾ ਜੀ, ਗੁਰੀਆ ਜੀ, ਤੇ ਹੋਰ ਮੁਖੀ ਸਿਖ ਸਾਰੇ ਕਾਰਜ ਕਰਨ ਲਗੇ। ਦੂਰ ਨੇੜੇ ਸਿੱਖ ਸੰਗਤਾਂ ਨੂੰ ਸੰਦੇਸੇ ਭੇਜੇ ਗਏ। ਬਾਰਾਂ ਮਸੰਦਾਂ ਨੂੰ ਛੇਤੀ ਤੋਂ ਛੇਤੀ ਵਾਪਸ ਬੁਲਾ ਲਿਆ ਗਿਆ।

ਭਾਦਰੋਂ ਸੁਦੀ ੧ ਸੰਮਤ ੧੬੩੮ ਦਾ ਦਿਹਾੜਾ ਆ ਪੁਜਾ। ਸਾਰੀ ਸੰਗਤ ਇਕਠੀ ਹੋ ਗਈ। ਬਾਰਾਂ ਮਸੰਦ ਵੀ ਪੁਜ ਗਏ। ਜਿਵੇਂ ਰਾਜਿਆਂ ਤੇ ਬਾਦਸ਼ਾਹਾਂ ਦੀ ਤਾਜਪੋਸ਼ੀ ਸਮੇਂ ਲੋਕ ਨਵੇਂ ਰਾਜੇ ਜਾਂ ਬਾਦਸ਼ਾਹ ਦਾ ਸਤਕਾਰ ਕਰਦੇ ਸਨ, ਤਿਵੇਂ (ਗੁਰੂ) ਅਰਜਨ ਦੇਵ ਜੀ ਦੇ ਗੁਰਿਆਈ ਤਿਲਕ ਵੇਲੇ ਸ਼ਰਧਾਲੂ ਸਿੱਖ ਕਾਰ ਭੇਟ ਲੈਕੇ ਆਏ। ਸਵੇਰ ਵੇਲੇ ਦੀਵਾਨ ਸਜਿਆ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਨੇ ਵਖਿਆਨ ਕਰਕੇ ਗੁਰੂ ਘਰ ਦੀ ਵਸ਼ੇਸ਼ਤਾ ਦਸੀ। ਨਾਲ ਹੀ ਨਵੇਂ ਗੁਰੂ (ਗੁਰੂ ਅਰਜਨ ਦੇਵ) ਜੀ ਦੀ ਉਪਮਾ ਕੀਤੀ ਕਿ ਆਪ ਕਿਵੇਂ ਵਡੇ ਗੁਰੂ ਹੋਣਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਾਇਮ ਕੀਤੀਮਰਯਾਦਾ ਅਨੁਸਾਰਪਹਿਲਾਂ ਬਾਬਾ ਬੁੱਢਾ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਸੰਘਾਸਨ ਉਤੇ ਬੈਠਾ ਕੇ ਗੁਰਿ-ਆਈ ਦਾ ਤਿਲਕ ਲਾਇਆ। ਜਦੋਂ ਤਿਲਕ ਦੀ ਰਸਮ ਪੂਰੀ ਹੋ ਗਈਤਾਂਪੰਜ ਪੈਸੇ

ਤੇ ਨਰੀਏਲ ਅਗੇ ਰੱਖ ਕੇ ਸਤਿਗੁਰੂ ਰਾਮਦਾਸ ਜੀ ਨੇ ਆਪ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ। ਤਿੰਨ ਪਰਕ੍ਰਮਾਂ ਲਈਆਂ ਤੇ ਗੁਰਿਆਈ ਦੀ ਮਰਯਾਦਾ ਪੂਰੀ ਕੀਤੀ। ਸਤਿਗੁਰੂ ਜੀ ਦੇ ਪਿਛੋਂ ਸਾਰੀ ਸਿਖ ਸੰਗਤ ਨੇ ਮੱਥੇ ਟੇਕੇ ਤੇ ਕਾਰ ਭੇਟ ਅਗੇ ਰੱਖੀ। ਮਸੰਦਾਂ ਨੇ ਮੱਥੇ ਟੇਕੇ, ਜਦੋਂ ਪ੍ਰਿਥੀ ਚੰਦ ਨੂੰ ਸਦਿਆ ਗਿਆ ਕਿ ਉਹ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਉਪਰ ਮੱਥਾ ਟੇਕੇ ਜਿਵੇਂ ਗੁਰੂ ਘਰ ਦੀ ਮਰਯਾਦਾ ਹੈ ਤਾਂ ਉਹ ਸੜ ਬਲ ਕੇ ਕੋਲਾ ਹੋ ਗਿਆ ਉਸ ਨੇ ਜ਼ਬਾਨੋਂ ਮੰਦੇ ਬਚਨ ਉਚਾਰੇ—'ਮੈਂ 'ਗੁਰੂ' ਅਰਜਨ 'ਦੇਵ ਜੀ' ਗੁਰੂ ਨਹੀਂ ਮੰਨਦਾ। ਅਸਲ ਗੁਰੂ ਮੈਂ ਹਾਂ ਵੇਖਣਾ ਮੈਂ ਕਿਵੇਂ ਗੁਰ-ਗੱਦੀ ਹਾਸਲ ਕਰਦਾ ਹਾਂ।' ਇਉਂ ਰੌਲਾ ਪਾਉਂਦਾ ਹੋਇਆ ਉਹ ਸ਼ਹਿਰੋਂ ਬਾਹਰ ਖੂਹ ਵਲ ਚਲਿਆ।

ਗੁਰਿਆਈ ਦੀ ਮਰਯਾਦਾ ਸਤਿਗੁਰੂ ਰਾਮਦਾਸ ਜੀ ਦੀ ਬਾਣੀ ਅਨੰਦ ਸਾਹਿਬ ਦੇ ਪਾਠ ਦੇ ਭੋਗ ਨਾਲ ਸੰਪੂਰਨ ਕੀਤੀ ਗਈ।

ਗੁਰਿਆਈ ਬਖਸ਼ ਕੇ ਸਤਿਗੁਰੂ ਰਾਮਦਾਸ ਜੀ ੨ ਅਸੂ ਸੰਮਤ ੧੬੩੮ ਮੁਤਾਬਿਕ ੧ ਸਤੰਬਰ ਸੰਨ ੧੫੮੧ ਨੂੰ ਜੋਤੀ ਜੋਤ ਸਮਾਗਏ। ਆਪ ਦੇ ਜੋਤੀ ਜੋਤ ਸਮਾਉਣ ਦਾ ਅਸਰ ਸਿਖ ਸੰਗਤਾਂ ਉਤੇ ਬਹੁਤ ਹੋਇਆ ਕਈ ਦਿਨ ਵੈਰਾਗ ਰਿਹਾ। ਸਤਿਗੁਰੂ ਜੀ ਨੇ ੬ ਸਾਲ ੧੧ ਮਹੀਨੇ ਤੇ ੧੬ ਦਿਨ ਗੁਰਿਆਈ ਕੀਤੀ ਆਪ ਦੀ ਸਾਰੀ ਆਯੂ ੪੭ ਸਾਲ ਤੋਂ ਥੋੜੇ ਹੀ ਦਿਨ ਘਟ ਸੀ।

★

੨੭. ਸਤਿਗੁਰੂ ਜੀ ਦੀਆਂ ਯਾਦਾਂ ਤੇ ਉਨ੍ਹਾਂ ਦੀ ਉਪਮਾ

ਸਤਿਗੁਰੂ ਰਾਮਦਾਸ ਜੀ ਦੀਆਂ ਦੋ ਵੱਡੀਆਂ ਯਾਦਗਾਰਾਂ ਹਨ, ਇਕ ਅੰਮ੍ਰਿਤਸਰ ਸ਼ਹਿਰ ਤੇ ਦੂਸਰਾ ਅੰਮ੍ਰਿਤ ਸਰੋਵਰ। ਰਹਿੰਦੀ ਦੁਨੀਆਂ ਤਕ ਇਹ ਦੋਵੇਂ ਯਾਦਗਾਰਾਂ ਸੰਸਾਰ ਨੂੰ ਦਸਦੀਆਂ ਰਹਿਣਗੀਆਂ ਕਿ ਸਰਬ ਸ਼ਕਤੀਵਾਨ ਸਤਿਗੁਰੂ ਜੀ ਜਗਤ ਉਤੇ ਆਏ ਸਨ। ਤੀਸਰੀ ਯਾਦਗਾਰ ਆਪ ਦੀ ਬਾਣੀ ਹੈ ਜੋ ਅੰਮ੍ਰਿਤ ਰੂਪ ਹੈ ਕਿਉਂਕਿ ਸਾਹਿਬ ਆਪ ਫੁਰਮਾਉਂਦੇ ਹਨ:—

'ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ

ਅੰਮ੍ਰਿਤ ਬਾਣੀ ॥' ਅਤੇ ਬਾਣੀ ਕੇਹੜੀ ? ਜੇਹੜੇ ਸਤਿਗੁਰੂ ਜੀ ਦੇ ਬਚਨ ਹਨ, ਜਿਵੇਂ ਆਪ ਦਾ ਹੁਕਮ ਹੈ—

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ (ਰਾਮਕਲੀ ਅਨੰਦ ਮ: ੪)

ਸਤਿਗੁਰੂ ਜੀ ਦੀ ਵਡੀ ਸਿਖਿਆ ਸੀ ਕਿ ਸਤਿਗੁਰੂ ਜੀ ਦੀ ਬਾਣੀ ਪੜ੍ਹਦੇ ਰਿਹਾ ਕਰੋ। ਇਹ ਬਾਣੀ ਹੀ ਪਾਰਬ੍ਰਹਮ ਦੀ ਜੋਤ ਨਾਲ ਇਕ ਜੋਤ ਕਰਨ ਵਾਲੀ ਹੈ। ਆਪ ਨੇ ਹੁਕਮ ਕੀਤਾ--

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੁ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥ ੨੩ ॥ (ਰਾਮਕਲੀ ਅਨੰਦ ਮ: ੩)

ਸਤਿਗੁਰੂ ਜੀ ਦੀ ਉਚਾਰੀ ਹੋਈ ਬਹੁਤ ਸਾਰੀ ਬਾਣੀ ਹੈ, ਜੋ ਸਰਲ ਠੇਠ ਪੰਜਾਬੀ ਬੋਲੀ ਤੇ ਗਾਇਨ ਕਰਨ ਦੇ ਯੋਗ ਸਾਰਿਆਂ ਰਾਗਾਂ ਵਿਚ ਹੈ। ਅਨੰਦ ਕਾਰਜ ਦੀ ਰਸਮ ਆਪਨੇ ਪ੍ਰਚਲਤ ਕੀਤੀ ਤੇ 'ਚਾਰ ਲਾਵਾਂ' ਉਚਾਰਨ ਕੀਤੀਆਂ। ਚਾਰ ਲਾਵਾਂ ਕੀ ਹਨ ? ਗ੍ਰਹਿਸਤ ਜੀਵਨ ਦੀਆਂ ਚਾਰ ਪੌੜੀਆਂ, ਜਿਨ੍ਹਾਂ ਪੌੜੀਆਂ ਰਾਹੀਂ ਅਪਾਰ ਸੁਖ ਵਾਲੇ ਅਨੰਦ ਨੂੰ ਹਾਸਲ ਕਰੀਦਾ ਹੈ। ਆਪ ਦੀ ਜੀਵਨਪੂਜਾ 'ਹਰਿ ਰਾਸ' ਸੀ, ਏਹੋ ਹੀ ਆਪ ਨੇ ਸਤਿਗੁਰੂ ਜੀ ਕੋਲੋਂ ਹਾਸਲ ਕੀਤੀ ਸੀ ਆਪ ਦੀ ਸਾਰੀ ਬਾਣੀ ਦੀ ਇਕ ਇਕ ਤੁਕ ਜੀਵਨ ਦੀਆਂ ਗੁੰਝਲਾਂ ਨੂੰ ਖੋਹਲਣ ਵਾਲੀ ਤੇ ਅੰਮ੍ਰਿਤ ਦੇ ਘੁਟ ਬਖਸ਼ਣ ਵਾਲੀ ਹੈ। ਆਪਣੇ ਪਿਆਰੇ ਪ੍ਰੀਤਮ ਦੀ ਉਸਤਤ ਕਰਦੇ ਹੋਏ ਸਾਹਿਬ 'ਰਾਗੁ ਸੂਹੀ ਅਸਟਪਦੀਆਂ ਮਹਲਾ ੪ ਘਰੁ ੨।' ਦਾ ਸ਼ਬਦ ਉਚਾਰਨ ਕਰਕੇ, ਧਰਮ ਤੇ ਆਤਮਿਕ ਮੰਡਲ ਦੇ ਰਾਹੀਆਂ 'ਗੁਰ ਸਿਖਾਂ' ਨੂੰ ਇਸ ਸ਼ਬਦ ਦਾ ਰੋਜ਼ ਪਾਠ ਕਰਨਾ ਚਾਹੀਦਾ ਹੈ:--

ੴ ਸਤਿਗੁਰ ਪ੍ਰਸਾਦਿ ॥

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ

ਆਪੁ ਵੇਚਾਈ ॥ ੧ ॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾਂ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥ ਜੇ ਭੁਖ ਦੇਹਿ ਤਾਂ ਇਤ ਹੀ ਰਾਜਾ ਦੁਖ ਵਿਚ ਸੂਖਿ ਮਨਾਈ ॥ ੩ ॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚ ਅਗਨੀ ਆਪੁ ਜਲਾਈ ॥ ੪ ॥ ਪਖਾ ਫੇਰੀ ਪਾਣੀ ਢੋਆ ਜੋ ਦੇਵਹਿ ਸੋ ਖਾਈ ॥ ੫ ॥ ਨਾਨਕੁ ਗਰੀਬੁ ਢਹਿ ਪਇਆ ਦੁਆਰ ॥ ਹਰਿ ਮੇਲਿ ਲੈਹੁ ਵਡਿਆਈ ॥ ੭ ॥ ਅਖੀ ਕਾਢਿ ਧਰੀਚਰਣਾ ਤਲਿ ਸਭ ਧਰਤੀ ਫਿਰਿ ਮਤਿ ਪਾਈ ॥ ੨ ॥ ਜੇ ਪਾਸਿ ਬਹਾਲਹਿ ਤਾਂ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥ ੮ ॥ ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥ ੯ ॥ ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥ ੧੦ ॥ ਵਾਰਿ ਵਾਰਿ ਜਾਈ ਗੁਰ ਉਪਰਿ ਪੈ ਪੈਰੀ ਸੰਤ ਮਨਾਈ ॥ ੧੧ ॥ ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥ ੧੨ ॥ ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥ ੧੪ ॥ ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖ ਗੁਰ ਬਿਨੁ ਮਰਿ ਜਾਈ ॥ ੧੫ ॥ ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥ ੧੬ ॥ ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥ ੧੭ ॥ ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥ ੧੮ ॥ ਤੂ ਆਪੇ ਗੁਰੂ ਚੇਲਾ ਹੈ ਆਪੇ ਗੁਰਵਿਚੁ ਦੇ ਤੁਝਹਿ ਧਿਆਈ ॥ ੧੯ ॥ ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥ ੨੦ ॥ ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥ ੨੧ ॥ ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹ-ਫਲ ਸਭ ਚਤੁਰਾਈ ॥ ੨੨ ॥ ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥ ੨੩ ॥ ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥ ੨੪ ॥ ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ

ਬਖਸੇ ਤ ਗੁਰ ਵਡਿਆਈ ॥ ੨੫ ॥ ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨ
ਮੁਖਿ ਕਿਛੁ ਥਾਇ ਨ ਪਾਈ ॥ ੨੬ ॥ ਪਾਲਾ ਕਕਰੁ ਵਰਫ ਵਰਸੈ ਗੁਰ
ਸਿਖੁ ਗੁਰ ਦੇਖਣ ਜਾਈ ॥ ੨੭ ॥ ਸਭੁ ਦਿਨਸੁ ਰੈਣਿ ਦੇਖਉ ਗੁਰੁ
ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥ ੨੮ ॥ ਅਨੇਕ ਉਪਾਵ ਕਰੀ
ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥ ੨੯ ॥ ਰੈਣਿ ਦਿਨਸੁ ਗੁਰ
ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥ ੩੦ ॥ ਨਾਨਕ ਕਾ ਜੀਉ
ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥ ੩੧ ॥ ਨਾਨਕ ਕਾ ਪ੍ਰਭੁ
ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥ ੩੨ ॥ ॥ ੧ ॥

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅਰਜਨ ਦੇਵ ਜੀ

(੧੫੫੩-੧੬੦੬ ਈਸਵੀ)

ਰਹਿੰਦੇ ਗੁਰ ਦਰੀਆਉ ਵਿਚ ਮੀਨ ਕੁਲੀਨ ਹੇਤ ਨਿਰਬਾਣੀ ॥
ਦਰਸਨ ਦੇਖ ਪਤੰਗ ਜਿਉ ਜੋਤੀ ਅੰਦਰ ਜੋਤਿ ਸਮਾਣੀ ॥
ਸਬਦ ਸੁਰਤ ਲਿਵ ਮਿਰਗ ਜਯੋਂ ਭੀੜ ਪਈ ਚਿਤ ਅਵਰਨ ਆਣੀ ॥
ਚਰਨ ਕਵਲ ਮਿਲ ਭਵਰ ਜਯੋਂ ਸੁਖ ਸੰਪਟ ਵਿਚ ਰੈਣਿ ਵਿਹਾਣੀ ॥
ਗੁਰ ਉਪਦੇਸ਼ ਨ ਬਿਸਰੈ ਬਾਬੀਹੇ ਸਿਉ ਆਖ ਵਖਾਣੀ ॥
ਗੁਰਮੁਖ ਸੁਖ ਫਲ ਪਿਰਮ ਰਸ ਸਹਿਜ ਸਮਾਧਿ ਸਾਧ ਸੰਗ ਜਾਣੀ ॥
ਗੁਰੁ ਅਰਜਨ ਵਿਟਹੁ ਕੁਰਬਾਣੀ ॥

(ਭਾਈ ਗੁਰਦਾਸ ਜੀ)

੨੯. ਜਨਮ ਤੇ ਬਚਪਨ

ਸਤਿਗੁਰੂ ਜੀ ਨੇ ੧੯ ਵੈਸਾਖ ਸੁਦੀ ੨ ਸ਼ੁਕ੍ਰਵਾਰ ਨੂੰ ਤੇ ਨਛਤ੍ਰ ਕ੍ਰਿਤਕਾ ਸੰਮਤ ੧੬੨੦ ਬਿ: ਮੁਤਾਬਿਕ ਸੰਨ ੧੫੬੩ ਈਸਵੀ*ਵਿਚ ਬੀਬੀ ਭਾਨੀ ਜੀ ਦੀ ਕੁਖੋਂ ਅਵਤਾਰ ਧਾਰਿਆ। ਆਪ ਦੇ ਪਿਤਾ ਸਤਿਗੁਰੂ ਰਾਮਦਾਸ ਜੀ ਜਨਮ ਸਮੇਂ ਅਜੇ ਗੁਰੂ ਨਹੀਂ ਸਨ ਬਣੇ, ਸਗੋਂ ਸਤਿਗੁਰੂ ਅਮਰ ਦਾਸ ਜੀ ਦੀ ਸੇਵਾ ਕਰਦੇ ਸਨ। ਸਾਹਿਬਾਂ ਦਾ ਜਨਮ ਗੋਇੰਦਵਾਲ ਹੋਇਆ, ਜਿਥੇ ਪੂਜਨੀਕ ਅਸਥਾਨ ਹੈ। ਗੁਰੂ ਅਰਜਨ ਦੇਵ ਜੀ ਦਾ ਬਚਪਨ ਨਾਨਕੇ ਘਰ (ਗੋਇੰਦਵਾਲ) ਬੀਤਿਆ। ਸਤਿਗੁਰੂ ਅਮਰਦਾਸ ਜੀ ਦੀ ਗੋਦ ਵਿਚ ਬਹੁਤਾ ਖੇਡੇ, ਸਤਿਗੁਰੂ ਜੀ ਨੇ ਪਹਿਲਾ ਹੀ ਮੇਹਰ ਦੀ ਨਜ਼ਰ ਕਰ ਦਿਤੀ। ਸਤਿਗੁਰੂ ਜੀ ਬਚਪਨ ਵਿਚ ਬਹੁਤ ਸੁੰਦਰ ਬਾਲਕ ਸਨ। ਜੋ ਕੋਈ ਆਪ ਦੇ ਦਰਸ਼ਨ ਕਰਦਾ ਉਸੇ ਦਾ ਮਨ ਮੋਹਿਆ ਜਾਂਦਾ। ਜਦੋਂ ਆਪ ਪੰਜ ਸਾਲ ਦੇ ਹੋਏ ਤਾਂ ਖੇਡ ਪਿਆਰੀ ਨਾਲੋਂ ਆਪ ਨੇ ਵਿਦਿਆ ਪੜ੍ਹਨੀ ਪਿਆਰੀ ਸਮਝੀ, ਗੁਰਮੁਖੀ ਤੇ ਭਾਸ਼ਾ (ਹਿੰਦੀ) ਅਠ ਸਾਲ ਦੀ ਆਯੂ ਤਕ ਆਪ ਲਿਖਣ ਤੇ ਪੜ੍ਹਨ ਲੱਗ ਪਏ। ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਕੇਸੋ ਗੁਪਾਲ ਪੰਡਤ ਰਹਿੰਦਾ ਸੀ, ਉਹ ਚੰਗਾ ਵਿਦਵਾਨ ਸੀ, ਉਸ ਪਾਸੋਂ ਸਤਿਗੁਰੂ ਜੀ ਨੇ ਮੁਢਲੀ ਵਿਦਿਆ ਪ੍ਰਾਪਤ ਕੀਤੀ। ਉਸਦੇ ਪਿਛੋਂ ਆਪ ਨੂੰ ਬਾਬਾ ਬੁਢਾ ਜੀ ਦੀ ਸੰਗਤ ਕਰਨ ਵਾਸਤੇ ਆਖਿਆ ਗਿਆ, ਜਿਨ੍ਹਾਂ ਪਾਸੋਂ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਰਾਮਦਾਸ ਜੀ ਤਕ ਦੀ ਗੁਰ ਮਰਯਾਦਾ ਸਿਖੀ। ਆਪ ਇਨ੍ਹਾਂ ਦਿਨਾਂ ਵਿਚ ਪਿਛਲੇ ਸਤਿਗੁਰੂ ਸਾਹਿਬਾਂ ਦੀ ਬਾਣੀ ਬਹੁਤ ਪੜ੍ਹਿਆ ਕਰਦੇ ਸਨ, ਜੇਹੜੀ ਵੀ ਪੋਥੀ ਕਿਤਿਓਂ ਮਿਲਦੀ ਉਸੇ ਨੂੰ ਪੜ੍ਹਨ ਜਾਂ ਨਕਲ ਕਰਨ ਦੀ ਹਿੰਮਤ ਕਰਦੇ। ਜਿਸਦਾ ਇਹ ਫਲ

*ਤਵਾਰੀਖ ਖਾਲਸਾ ਗਿਆਨੀ ਗਿਆਨ ਸਿਘ ਜੀ, ਗੁਰ ਪ੍ਰਣਾਲੀ ਭਾਈ ਕੇਸਰ ਸਿੰਘ ਜੀ ਤੇ ਹੋਰ ਗੁਰਪ੍ਰਨਾਲੀਆਂ ਸਤਿਗੁਰੂ ਜੀ ਦੇ ਅਵਤਾਰ ਧਾਰਨ ਦਾ ਸੰਮਤ ੧੬੧੦ ਬਿਕ੍ਰਮੀ ਮੰਨਦੀਆਂ ਹਨ। ਪਰ ਪ੍ਰੋਫੈਸਰ ਤੇਜਾ ਸਿੰਘ ਐਮ, ਏ ਗਿਆਨੀ ਲਾਲ ਸਿੰਘ ਜੀ ਸੰਗਰੂਰ, ਤਕ ਪ੍ਰਾਚੀਨ ਗੁਰਪ੍ਰਨਾਲੀ ਅਨੁਸਾਰ ੧੬੨੦ ਬਿ: ਸਾਬਤ ਹੁੰਦਾ ਹੈ। ਤਾਰੀਖ ਦਿਨ ਤੇ ਨਿਛਤ੍ਰ ਆਦਿਕ ਸਭ ਦੇ ਇਕ ਹਨ।

ਹੋਇਆ ਕਿ ਗੁਰੂ ਬਣਨ ਤੋਂ ਪਹਿਲਾਂ ਹੀ ਆਪ ਨੇ ਬਾਣੀ ਉਚਾਰਨੀ ਸ਼ੁਰੂ ਕਰ ਦਿਤੀ' ਆਪ ਬਾਣੀ ਦੁਵਾਰਾ ਅਰਦਾਸ ਕਰਦੇ ਰਹੇ—

ਮਾਧਵੇ ਐਸੀ ਦੇਹੁ ਸੁਝਾਈ ॥ ਸੇਵਉ ਸਾਧ ਗਹਉ ਓਟ ਚਰਨਾ
ਨਹ ਬਿਸਰੈ ਮੁਹਤੁ ਚਸਾਈ॥ਰਹਾਉ॥ਰੇ ਮਨ ਮੁਗਧ ਅਚੇਤਚੰਚਲ
ਚਿਤ ਤੁਮ ਐਸੀ ਰਿਦੈ ਨ ਆਈ ॥ ਪ੍ਰਾਨੀ ਪਤਿ ਤਿਆਗਿ ਆਨ ਤੂ
ਰਚਿਆ ਉਰਝਿਓ ਸੰਗਿ ਬੈਰਾਈ ॥ ੨ ॥ (ਸੋਰਠ ਮਃ ੫)

ਅਰਦਾਸ ਵਿਚ ਸਾਹਿਬਾਂ ਨੇ ਕਿਹਾ, 'ਹੇ ਕਰਤਾਰ ! ਐਸੀ ਬੁਧੀ ਬਖਸ਼, ਜਿਸ ਕਾਰਨ ਅਸੀਂ ਸੰਤਾਂ ਸਾਧੂਆਂ ਦੀ ਸੇਵਾ ਕਰੀਏ ਤੇ ਉਨ੍ਹਾਂ ਦੇ ਚਰਨਾ ਦਾ ਆਸਰਾ ਲੈ ਕੇ ਜੀਵਨ ਸਫਲ ਕਰੀਏ। ਫਿਰ ਸਾਹਿਬ ਮਨ ਨੂੰ ਸਮਝਾਉਂਦੇ ਹਨ ਕਿ ਹੇ ਮਨ ਚੰਚਲਤਾਈਆਂ ਨੂੰ ਛੱਡਕੇ ਹਰੀ ਸਿਮਰਨ ਵਲ ਧਿਆਨ ਕਰ, ਮਨ ਬੁਰਿਆਈਆਂ ਵਿਚ ਜੇ ਖਚਤ ਹੋ ਜਾਵੇ ਤਾਂ ਹਰੀ ਸਿਮਰਨ ਵਲ ਨਹੀਂ ਲਗਦਾ।

ਆਪ ਨੇ ਜਦੋਂ ਤੋਂ ਹੋਸ਼ ਸੰਭਾਲੀ ਤਦੋਂ ਹੀ ਗੁਰੂ ਘਰ ਦੀ ਸੇਵਾ ਸ਼ਰਧਾ ਨਾਲ ਕਰਦ ਰਹੇ। ਕਦੀ ਇਹ ਖਿਆਲ ਨਾ ਕੀਤਾ ਕਿ ਸਤਿਗੁਰੂ ਜੀ ਉਨ੍ਹਾਂ ਦੇ ਨਾਨਾ ਜੀ ਹਨ ਜਾਂ ਪਿਤਾ (ਗੁਰੂ ਰਾਮਦਾਸ) ਜੀ ਹਨ। ਉਹ ਸੇਵਾ ਨਾ ਕਰਨ। ਸਗੋਂ ਦੋਹਾਂ ਸਤਿਗੁਰੂਆ ਨੂੰ ਆਪਣਾ ਗੁਰੂ ਸਮਝਕੇ ਪੂਜਦੇ ਰਹੇ। ਸੇਵਾ, ਸਿਮਰਨ, ਤਪਸਿਆ ਅਤੇ ਮਾਤਾ ਪਿਤਾ ਦੀ ਸੇਵਾ ਫਲ ਗਰਿਆਈ ਪ੍ਰਾਪਤ ਹੋਈ।

੨੯. ਸਤਿਗੁਰੂ ਜੀ ਦੇ ਅਨੰਦ ਕਾਰਜ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੋ ਅਨੰਦ ਕਾਰਜ (ਵਿਆਹ) ਹੋਏ ਸਨ। ਪਹਿਲਾ ਅਨੰਦ ਕਾਰਜ ਸੰਮਤ ੧੬੩੬ ਬਿਃ ੨੩ ਹਾੜ ਨੂੰ ਚੰਦਨ ਦਾਸ ਖੱਤ੍ਰੀ ਦੀ ਪੁਤ੍ਰੀ ਬੀਬੀ ਰਾਮ ਦਈ ਨਾਲ ਹੋਇਆ ਸੀ। ਚੰਦਨ ਦਾਸ ਨਗਰ ਮੌੜ ਦਾ ਰਹਿਣਾ ਵਾਲਾ ਤੇ ਗੁਰੂ ਘਰ ਦਾ ਸ਼ਰਧਾਲੂ ਸੀ ਇਸ ਅਨੰਦ ਕਾਰਜ ਸਮੇਂ ਸਤਿ-ਗੁਰੂ ਰਾਮਦਾਸ ਜੀ ਨੇ ਬਹੁਤ ਰੌਣਕਾਂ ਕੀਤੀਆਂ। ਰਾਮਦਾਸ ਪੁਰੇ ਕਈ ਦਿਨ ਭੰਡਾਰੇ ਹੁੰਦੇ ਰਹੇ। ਸੂਹੀ ਰਾਗ ਵਿਚ ਜੋ ਚੌਥੇ ਮਹਲੇ ਦੀਆਂ ਲਾਵਾਂ ਹਨ, ਉਹ ਸਾਹਿਬਾਂ ਨੇ ਏਸੇ ਸ਼ੁਭ ਵਿਵਾਹ ਵੇਲੇ ਉਚਾਰਨ ਕੀਤੀਆਂ ਸਨ। ਬੀਬੀ ਰਾਮ ਦਈਜੀਦਾ ਅਨੰਦ

ਕਾਰਜ ਹੋਇਆ ਚੋਖਾ ਸਮਾਂ। ਬਤੀਤ ਹੋ ਗਿਆ ਪਰ ਆਪ ਦੀ ਕੁਖੋਂ ਕਿਸੇ ਬਚੇ ਨੇ ਜਨਮ ਨਾ ਲਿਆ। ਨਿਰਸੰਤਾਨ ਹੋਣ ਦਾ ਆਪ ਨੂੰ ਬਹੁਤ ਦੁਖ ਹੋਇਆ। ਦੂਜਾ ਕਰਮ ਕੌਰ 'ਪ੍ਰਿਥੀ ਚੰਦ ਦੀ ਵਹੁਟੀ' ਨਿਤ ਬੋਲੀਆਂ ਮਾਰਿਆ ਕਰਦੀ ਕਿ ਭਾਵੇਂ ਗੁਰਿਆਈ ਮਿਲ ਜਾਵੇ, ਫਿਰ ਕੇਹੜੇ ਬੱਚੇ ਹੋਣੇ ਹਨ। ਔਤਰੇ ਨਖਤਰੇ ਰਹਿਣਗੇ। ਪਰ ਮੂਰਖ ਕਰਮ ਕੌਰ ਕਰਤੇ ਦੀਆਂ ਬਾਤਾਂ ਨਹੀਂ ਸੀ ਜਾਣਦੀ। ਮਾਤਾ ਰਾਮ ਦਈ ਜੀ ਨੇ ਗੁਰੂ ਜੀ ਨੂੰ ਬਹੁਤ ਆਖਿਆ ਕਿ ਗੁਰੂ ਜੀ ਦੂਸਰਾ ਵਿਆਹ ਕਰਵਾ ਲੈਣ। ਗੁਰੂ ਜੀ ਨਾਂਹ ਕਰਦੇ ਰਹੇ। ਜਦੋਂ ਗੁਰਿਆਈ ਮਿਲ ਗਈ ਤਾਂ ਇਸ ਬੁੜ ਨੂੰ ਬਹੁਤ ਅਨਭਵ ਕੀਤਾ ਗਿਆ। ਆਖਰ ਗੁਰੂ ਜੀ ਨੇ ਦੂਸਰੀ ਸ਼ਾਦੀ ਦੀ ਮਨਜ਼ੂਰੀ ਦੇ ਦਿਤੀ।

ਦੂਸਰਾ ਅਨੰਦ ਕਾਰਜਨ ਗੁਰੂ ਜੀ ਦਾ ਉਸ ਸਮੇਂ ਹੋਇਆ ਜਦੋਂ ਆਪ ਸੁਤੰਤ੍ਰ ਗੁਰ ਸਨ ਤੇ ਆਪ ਦੀ ਉਪਮਾ ਸੁਗੰਧੀ ਰੂਪ ਧਾਰਕੇ ਸਾਰੇ ਦੇਸ਼ ਵਿਚ ਖਿਲਰ ਚੁਕੀ ਸੀ। ਬਾਬਾ ਬੁਢਾ ਜੀ ਜਹੇ ਸਿਖਾਂ ਨੇ ਵੀ ਸਤਿਗੁਰੂ ਜੀ ਅਗੇ ਅਰਦਾਸ ਕੀਤੀ ਕਿ ਆਪ ਜ਼ਰੂਰ ਹੋਰ ਅਨੰਦ ਕਾਰਜ ਕਰਾ ਲੈਣਾ। ਸਬਬ ਨਾਲ ਜ਼ਿਲਾ ਜਾਲੰਧਰ ਦੀ ਤਹਿਸੀਲ ਫਲੌਰ ਦੇ ਨਗਰ ਮੌ ਦਾ ਭਾਈ ਕਿਸ਼ਨ ਚੰਦ ਸੀ। ਉਹ ਗੁਰੂ ਘਰ ਦਾ ਸ਼ਰਧਾਲੂ ਸੀ ਤੇ ਉਸਦੀ ਪੁਤ੍ਰੀ ਗੰਗਾ ਦੇਈ ਜਵਾਨ ਸੀ ਉਸ ਨੇ ਸੰਗਤ ਵਿਚ ਖਲੋਕੇ ਪੁਤ੍ਰੀ ਦਾ ਅਰਦਾਸਾ ਕਰ ਦਿਤਾ। ੨੨ ਹਾੜ ਸੰਮਤ ੧੬੪੬ ਬਿ: ਨੂੰ ਮੌ ਨਗਰ ਵਿਚ ਅਨੰਦ ਕਾਰਜ ਹੋਇਆ। ਜਿਸ ਅਸਥਾਨ ਤੇ ਅਨੰਦ ਕਾਰਜ ਹੋਇਆ, ਉਥੇ ਸੁੰਦਰ ਗੁਰਦੁਵਾਰਾ ਹੈ। ਅਨੰਦ ਕਾਰਜ ਦੀ ਖੁਸ਼ੀ ਵਿਚ ਸਾਹਿਬਾਂ ਨੇ ਮੌ ਵਿਚ ਇਕ ਖੂਹ ਲਵਾਇਆ ਜੋ ਅਜੇ ਤਕ ਕਾਇਮ ਹੈ। ਸ਼ਰਧਾਲੂ ਸਿਖ ਉਸ ਪੂਜਨੀਕ ਖੂਹ ਦਾ ਜਲ ਪੀਕੇ ਜਨਮ ਮਰਨ ਦੇ ਬੰਧਨ ਕਟਦੇ ਹਨ। ਉਸਦਾ ਜਲ ਅੰਮ੍ਰਿਤ ਰੂਪ ਹੈ। ਸਲਾਨਾ ਮੇਲਾ ਲਗਦਾ ਹੈ।

੩੦. ਗੁਰੂ-ਗੱਦੀ ਦੀ ਰਸਮ ਦਾ ਪੁਰਬ ਮਨਾਉਣਾ

ਮੇਰੈ ਲਾਗੋ ਰਾਮ ਸਿਉ ਹੇਤੁ ॥ ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ ॥ ੧ ॥ ਰਹਾਉ ॥ ਹਾਥ ਦੇਇ ਰਾਖਿਓ ਅਪੁਨਾ ਕਰਿ ਬਿਰਥਾ ਸਗਲ ਮਿਟਾਈ ॥ ਨਿੰਦਕ ਕੇ ਮੁਖ ਕਾਲੇ ਕੀਨੇ ਜਨ ਕਾ ਆਪਿ ਸਹਾਈ ॥੧॥ ਸਾਚਾ ਸਾਹਿਬੁ ਹੋਆ ਰਖਵਾਲਾ ਰਾਖਿ ਲੀਏ ਕੰਠਿ ਲਾਇ ॥ ਨਿਰਭਉ ਭਏ ਸਦਾ ਸੁਖ ਮਾਣੇ ਨਾਨਕ ਹਰਿ ਗੁਨ ਗਾਇ ॥ (ਧਨਾਸਰੀ ਮ: ੫)

ਤਿਸਦਾ ਪ੍ਰਮਾਰਥ ਸਾਹਿਬਾਂ ਨੇ ਫੁਰਮਾਇਆ "ਮੇਰੀ ਪ੍ਰੀਤ ਪ੍ਰਮਾਤਮਾ ਨਾਲ ਹੈ। ਮੇਰਾ ਸਤਿਗੁਰੂ ਮੇਰੇ ਉਪਰ ਹੈ, ਉਹ ਮੇਰੇ ਦੁਖ ਦੂਰ ਕਰਦਾ ਹੈ। ਅਗਿਆਨ ਦੇ ਹਨੇਰੇ ਨੂੰ ਦੂਰ ਕਰਦੇ ਹਨ। ਉਨ੍ਹਾਂ ਦੀ ਬਹੁਤ ਦਇਆ ਤੇ ਕ੍ਰਿਪਾਲਤਾ ਹੈ। ਕਈ ਅਗਿਆਨੀ ਪੁਰਸ਼ ਈਰਖਾ ਕਰਦੇ ਰਹੇ ਕਈ ਪ੍ਰਕਾਰ ਦੇ ਵਿਘਨ ਪਾਉਣ ਦੇ ਯਤਨ ਕੀਤੇ ਪਰ ਆਪ ਸਤਿਗੁਰੂ ਜੀ ਨੇ ਹਥ ਦੇ ਕੇ ਰੱਖ ਲਿਆ। ਜੋ ਨਿੰਦਕ ਸਨ ਉਨ੍ਹਾਂ ਦੇ ਮੂੰਹ ਕਾਲੇ ਕਰ ਦਿਤੇ ਹਨ ਉਹ ਝੱਖਾਂ ਮਾਰਦੇ ਫਿਰਦੇ ਹਨ। ਪ੍ਰਮਾਤਮਾ ਆਪ ਦਾ ਰਾਖਾ ਬਣਿਆ ਹੈ। ਆਪ ਨੇ ਕ੍ਰਿਪਾ ਕਰਕੇ ਰਖ ਲਿਆ ਹੈ। ਸਤਿਗੁਰੂ ਜੀ ਦੇ ਉਪਦੇਸ਼ ਅਤੇ ਕਰਤਾਰ ਦੀ ਕ੍ਰਿਪਾਲਤਾ ਦੇ ਕਾਰਨ ਅਸੀਂ ਨਿਰਭਉ ਹੋ ਗਏ ਅਤੇ ਨਿਰਭੈਤਾ ਨਾਲ ਪ੍ਰਮਾਤਮਾ ਦੀ ਭਗਤੀ ਕੀਤੀ। ਤਦੋਂ ਅਸਾਡੀਆਂ ਸਾਰੀਆਂ ਆਸਾਂ ਮਨਸਾਂ ਪੂਰੀਆਂ ਹੋ ਗਈਆਂ। ਇਸ ਸ਼ਬਦ ਦਾ ਇਸ਼ਾਰਾ ਸਤਿਗੁਰੂ ਜੀ ਦਾ ਪ੍ਰਿਥੀ ਚੰਦ ਵਲ ਸੀ ਉਸਦੀ ਵਿਰੋਧਤਾ ਅਤੇ ਨਿੰਦਿਆਂ ਦੇ ਹੋਣ ਤੇ ਵੀ ਗੁਰੂ ਜੀ ਨੂੰ ਗੁਰਿਆਈ ਮਿਲ ਗਈ। ਗੁਰੂ ਜੀ ਤੇ ਬਜ਼ੁਰਗ ਸਿੱਖਾਂ ਨੇ ਜਿਨ੍ਹਾਂ ਵਿਚੋਂ ਬਾਬਾ ਬੁਢਾ ਜੀ ਮੁਖੀ ਸਨ ਇਹ ਫੈਸਲਾ ਕੀਤਾ ਕਿ 'ਗੁਰ-ਗੱਦੀ ਨਸ਼ੀਨੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਵੇ।' ਪੁਰਬ ਨੂੰ ਧੂਮ ਧਾਮ ਨਾਲ ਮਨਾਉਣ ਦਾ ਫੈਸਲਾ ਪੱਕਾ ਹੋ ਗਿਆ।ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੌਥੀ ਪਾਤਸ਼ਾਹੀ ਤਕ ਜਿੰਨੇ ਵੀ ਸਿੱਖ ਹਿੰਦੁਸਤਾਨ ਦੇ ਕਿਸੇ ਹਿਸੇ ਵਿਚ ਸਨ, ਉਨ੍ਹਾਂ ਵਲ ਹੁਕਮਨਾਮੇ ਭੇਜੇ ਕਿ ਉਹ ਗੁਰ-ਗੱਦੀ ਨਸ਼ੀਨੀ ਦੇ ਪੁਰਬ ਉਤੇ ਆਉਣ। ਮਸੰਦਾਂ, ਮੰਜੀਆਂ ਦੇ ਮਹੰਤਾਂ ਅਤੇ ਸਿੱਖ ਪ੍ਰਚਾਰਕਾਂ ਵਲ ਸੰਦੇਸ਼ ਭੇਜੇ ਕਿ ਉਹ ਆਪੋ ਆਪਣੇ ਇਲਾਕੇ ਵਿਚੋਂ ਨਾਲੇ ਮਾਯਾ ਇਕਠੀ ਕਰਕੇ ਲਿਔਣ ਨਾਲੇ ਸਿਖ ਸੰਗਤਾਂ ਨੂੰ ਨਾਲ ਲਈ ਆਉਣ। ਲਾਹੌਰ ਤੇ ਰਾਮਦਾਸ ਪੁਰ ਤੇ ਮਾਝੇ ਦੇ ਸਿਖ ਜੋ

ਗੋਇੰਦਵਾਲ ਦੇ ਨੇੜੇ ਸਨ, ਉਨ੍ਹਾਂ ਦੇ ਆਉਣ ਦੀ ਸੰਭਾਵਨਾ ਪੱਕੀ ਸੀ। ਕਈ ਹਜ਼ਾਰ ਸਿੱਖਾਂ ਦੇ ਆਉਣ ਦਾ ਵਿਚਾਰ ਕਰਕੇ ਗੁਰੂ ਕੇ ਲੰਗਰ ਤੇ ਰਹਾਇਸ਼ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿਤਾ। ਬਾਬਾ ਬੁਢਾ ਜੀ ਮੁਖੀ ਸਿਖਾਂ ਨੂੰ ਨਾਲ ਲੈਕੇ ਗੋਇੰਦਵਾਲ ਪੁਜੇ। ਰੰਗ ਭੂਮੀ (ਸਟੇਜ) ਦਾ ਉੱਚਾ ਬੜ੍ਹਾ ਬਣਵਾਇਆ। ਸਤਿ-ਗੁਰੂ ਜੀ ਦੇ ਬਰਾਜਨ ਵਾਸਤੇ ਸੋਨੇ ਚਾਂਦੀ ਦਾ ਸੰਘਾਸਨ ਤਿਆਰ ਕਰਵਾਇਆ ਗਿਆ ਜਿਵੇਂ ਦੁਨਿਆਵੀ ਰਾਜਿਆਂ ਮਹਾਰਾਜਿਆਂ ਦੇ ਤਖਤ ਹੁੰਦੇ ਸਨ।ਉਸ ਸੰਘਾਸਨ ਦੇ ਉਪਰ ਮੋਤੀਆਂ ਦੀਆਂਝਾਲਰਾਂਵਾਲਾਚੰਦੋਆ ਤਾਣਿਆਂ ਗਿਆ ਸੰਘਾ-ਸਨ ਦੇ ਅਗੇ ਗਲੀਚੇ ਤੇ ਵਧੀਆ ਫੁਲਕਾਰੀਆਂ ਦੇ ਕਪੜੇ ਵਛਾਏ ਗਏ। ਮੁਖੀ ਸਿਖਾਂ, ਸਾਧੂਆਂ ਮਹਾਤਮਾਂ ਅਤੇ ਫਕੀਰਾਂ ਦੇ ਬੈਠਣ ਵਾਸਤੇ ਵਖਰੀ ਥਾਂ ਬਣਾਈ ਗਈ। ਆਮ ਸੰਗਤ ਵਾਸਤੇ ਵਖਰੀ, ਆਉਣ ਜਾਣ ਤੇ ਸਤਿਗੁਰੂ ਜੀ ਅਗੇ ਮੱਥਾ ਟੇਕਣ ਦੇ ਵਾਸਤੇ ਰਾਹ ਬਣਾਏ ਗਏ। ਕਾਰ ਭੇਟ ਸਾਂਭਣ ਦਾ ਪ੍ਰਬੰਧ ਕੀਤਾ ਗਿਆ। ਰਾਗੀ ਤੇ ਭਟ ਗੁਰੂ ਜਸ ਵਾਸਤੇ ਸਦੇ ਗਏ। ਉਹ ਸ਼ਾਹੀ ਦਰਬਾਰ ਦੀ ਸ਼ੋਭਾ ਬਹੁਤ ਹੀ ਸੁੰਦਰ ਸੀ। ਮਿਥੇ ਦਿਹਾੜੇ ਤੋਂ ਤਿੰਨ ਦਿਨ ਪਹਿਲਾਂਸਾਧੂ,ਫਕੀਰ,ਰਾਜੇ,ਸਰਦਾਰ ਅਤੇ ਸਧਾਰਨ ਸਿੱਖ ਪਰਵਾਰਾਂ ਸਮੇਤ ਆਉਣੇ ਸ਼ੁਰੂ ਹੋ ਗਏ। ਇਕ ਦਿਨ ਪਹਿਲਾਂ ਤਾਂ ਬਹੁਤ ਹੀ ਰੌਣਕ ਵਧ ਗਈ। ਪਿਛਲੇ ਗੁਰੂ ਸਾਹਿਬਾਂ ਦੇ ਪਰਵਾਰਾਂ ਨੂੰਵੀ ਸਤਿ-ਕਾਰ ਨਾਲ ਸਦਿਆ ਗਿਆ ਕੁਝ ਆਏ ਤੇ ਕੁਝ ਈਰਖਾ ਦੇ ਕਾਰਨ ਨਾ ਆਏ। ਪ੍ਰਿਥੀ ਚੰਦ ਰਾਮਦਾਸ ਪੁਰ ਹੀ ਰਿਹਾ। ਈਰਖਾ ਨੇ ਉਸ ਨੂੰ ਅਫਾਰਾ ਕਰ ਦਿਤਾ। ਉਹ ਤੜਫਦਾ ਰਿਹਾ ਮੰਦੇ ਸਬਦ ਬੋਲਦਾ ਤੇ ਆਏ ਗਏ ਇਕਲੇ ਸਿੱਖਾਂ ਨੂੰ ਪ੍ਰੇਰਨ ਲੱਗਾ ਕਿ 'ਮੈਂ ਗੁਰੂ ਹਾਂ।' ਪਰ ਉਹਦੀ ਗਲ ਕੋਈ ਨਹੀਂ ਸੀ ਸੁਣਦਾ। ਸੋਨਾਂ ਤੇ ਕੱਚ ਕਦੀ ਰੂਪ ਨਹੀਂ ਬਦਲਦੇ।

ਗੁਰੂ ਜੀ ਇਕ ਦਿਨ ਪਹਿਲਾਂ ਗੋਇੰਦਵਾਲ ਪੁਜੇ, ਸਾਰੀ ਸੰਗਤ ਨੇ ਆਪ ਦਾ ਬਹੁਤ ਸਵਾਗਤ ਕੀਤਾ। ਉਸ ਤਰ੍ਹਾਂ ਸਵਾਗਤ ਹੋਇਆ ਜਿਵੇਂ ਬਾਦਸ਼ਾਹਾਂ ਦਾ ਹੋਇਆ ਕਰਦਾ ਸੀ। ਗੋਇੰਦਵਾਲ ਤੋਂ ਦੋ ਕੋਹ ਅਗੇ ਜਾਕੇ ਸੰਗਤਾਂ ਨੇ ਸਵਾ-ਗਤ ਕੀਤਾ ਤੇ ਜਲੂਸ ਦੀ ਸੂਰਤ ਵਿਚ ਗੋਇੰਦਵਾਲ ਦੇ ਗੁਰਦੁਆਰੇ ਵਿਚ ਦਾਖਲ ਹੋਏ।

ਗੁਰੂ ਜੀ ਸੰਘਾਸਨ ਉਤੇ ਬਰਾਜਮਾਨ ਹੋਏ, ਬਾਬਾ ਬੁਢਾ ਜੀ ਦੇ ਇਕ ਛੋਟੇ ਜਹੇ ਵਖਿਆਨ ਦੀ ਰਾਹੀਂ ਗੁਰੂ ਅਰਜਨ ਦੇਵ ਜੀ ਦੇ 'ਗੁਰੂ' ਹੋਣ ਦਾ ਐਲਾਨ ਕੀਤਾ। ਸਾਰੀ ਹਾਜ਼ਰ ਸੰਗਤ ਨੂੰ ਕਿਹਾ ਕਿ ਅਜ ਤੋਂ ਸਾਹਿਬ ਸਿਖ ਜਗਤ ਕੇ ਗੁਰੂ ਹਨ ਹੋਰ ਕੋਈ ਗੁਰੂ ਨਹੀਂ। ਵਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਜੀ ਸਿਖ ਸੰਗਤਾਂ ਨੂੰ ਭੁਲੇਖੇ ਵਿਚ ਪਾ ਰਹੇ ਹਨ। ਉਨ੍ਹਾਂ ਦੇ ਭੁਲੇਖਿਆਂ ਵਿਚ ਕਿਸੇ ਨਾ ਆਉਣਾ ਸਤਿਗੁਰੂ ਰਾਮਦਾਸਜੀ ਆਪ ਨੂੰ ਗੁਰੂ ਟਿਕਾ ਦੇ ਗਏ ਹਨ। ਆਪ ਹੀ ਗੁਰੂ ਹਨ। ਇਸ ਐਲਾਨ ਦੇ ਪਿਛੋਂ ਰਾਏ ਸਤੇ ਤੇ ਬਲਵੰਡ ਆਦਿਕ ਅਤੇ ਭੇਟਾਂ ਨੇ ਗੁਰੂ ਜਸ ਗਾਇਆ। ਗੁਰੂ ਜੀ ਦੀ ਬਹੁਤ ਉਸਸਤੀ ਕੀਤੀ। ਇਕ ਭੱਟ ਨੇ ਜਸ ਕੀਤਾ:—

ਦੇਵਪੁਰੀ ਮਹਿ ਗਯਉ ਆਪਿ ਪਰਮੇਸਰ ਭਾਯਉ ॥ ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥ ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥ ਅਸੁਰ ਗਏ ਤੇ ਭਾਗਿ ਪਾਪ ਤਿਨ ਭੀਤਰਿ ਕੰਪਹਿ ॥ ਕਾਟੇ ਸੁ ਪਾਪ ਤਿਨ ਨਰਹੁ ਕੇ ਗੁਰੁ ਰਾਮਦਾਸੁ ਜਿਨ ਪਾਇਯਉ। ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥

ਮਹਾਨ ਗ੍ਰੰਥ ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਜੀ ਸਤਿਗੁਰੂ ਜੀ ਦੀ ਇਉਂ ਉਸਤਤ ਕਰਦੇ ਹਨ—

ਅਰਜਨ ਸੁਨਤ ਸੁ ਦਾਸਨ ਕੋ ਦਾਨ ਦੇਤ ਮੋਹ ਕੋ ਵਿਦਾਰਬੇ ਕੋ ਵਾਕ ਸਰ ਅਰਜਨ।
ਅਰਜਨ ਯਸ ਵਿਸਤੀਰਨ ਸੰਤੋਖ ਸਿੰਘ ਜਹਾਂ ਤਹਾਂ ਜਾਨਿਯਤ ਮਾਨੋ ਤਪੁ ਅਰਜਨ।
ਭਏ ਗਨ ਮੋਖ ਪਦ ਲਏ ਤਿਨ ਸਯਮਧਨ ਤਨ ਹੋਯ ਯਮ ਲਾ ਅਰਜਨ।
ਅਰ ਜਨ ਜਾਨਯੋ ਜਾਇ ਕੇਤੋ ਹੈ ਵਿਥਾਰ ਤੇਰੋ ਐਸੋ ਰੂਪ ਧਾਰ ਆਇ ਰਾਜੈ ਗੁਰੂ ਅਰਜਨ।

ਇਸ ਖੁਸ਼ੀ ਦੇ ਸਮੇਂ ਸਾਹਿਬਾਂ ਨੇ ਆਪ ਕਰਤਾਰ ਪੁਰਖ (ਵਾਹਿਗੁਰੂ) ਦੀ ਇਉਂ ਉਪਮਾ ਕੀਤੀ:—

ਜਾਕੈ ਹਿਰਦੈ ਵਸਿਆ ਤੂ ਕਰਤੇ ਤਾਕੀ ਤੈਂ ਆਸ ਪੁਜਾਈ ॥ ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨ ਭਾਈ॥੧॥ਤੇਰੀ ਅਕਥ ਕਥਾ ਕਥਨੁ ਨਜਾਈ॥ ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ ॥ ਰਹਾਉ ॥ ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ ॥ ਸੇਵਕ ਕਉ ਤੁਮ ਸੇਵਾ ਕੀਨੀ ਦਰਸਨ ਦੇਖਿ ਅਘਾਈ ॥ ੨ ॥ ਸਰਬ ਨਿਰੰਤਰਿ ਤੁਮਹਿ ਸਮਾਨੇ ਜਾਕਉ ਤੁਧੁ ਆਪਿ ਬੁਝਾਈ ॥ ਗੁਰ ਪ੍ਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ ॥ ੩ ॥ ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥ ਕਹੁ ਨਾਨਕ ਜਿਸੁ ਭਏ ਦਇਆਲਾ ਤਾਕਉ ਮਨ ਤੇ ਬਿਸਰਿ ਨ ਜਾਈ ॥ ੪ ॥ ੮ ॥ (ਸੋਰਠਿ ਮ: ੫)

ਸਾਰੀ ਮਰਯਾਦਾ ਪੂਰੀ ਕਰਨ ਪਿਛੋਂ ਗੁਰੂ ਕਾ ਲੰਗਰ ਵਰਤਾਇਆ ਗਿਆ ਗੁਰੂ ਕੇ ਲੰਗਰ ਵਿਚ ਕੜਾਹ ਪ੍ਰਸ਼ਾਦ, ਖੀਰ, ਪੂਰੀਆਂ ਤੇ ਹੋਰ ਅਨੇਕਾਂ ਤਰ੍ਹਾਂ ਦੇ ਚੰਗੇ ਪਦਾਰਥ ਤਿਆਰ ਕੀਤੇ ਹੋਏ ਸਨ। ਸਾਰੀ ਸੰਗਤ ਪ੍ਰਸ਼ਾਦ ਛਕਕੇ ਬਹੁਤ ਪ੍ਰਸੰਨ ਹੋਈ ਤੇ ਸਭ ਦੀ ਜ਼ਬਾਨ ਸਾਹ ਸਾਹ ਨਾਲ ਆਖ ਰਹੀਸੀ 'ਧੰਨ ਸਤਿਗੁਰ ਅਰਜਨ ਦੇਵ ਜੀ ਮਹਾਰਾਜ!'

੩੧. ਗੁਰੂ ਜੀ ਨਾਲ ਪ੍ਰਿਥੀ ਚੰਦ ਦਾ ਵੈਰ ਵਿਰੋਧ

ਸੰਸਾਰ ਦੇ ਵਿਚ ਮਾਂ ਪਿਓ ਜਾਏ ਭਾਈ ਤੇ ਭੈਣਾਂ ਨਾਲ ਦਾ ਹਿਤੂ ਹੋਰ ਕੋਈ ਪੁਰਸ਼ ਨਹੀਂ ਹੁੰਦਾ ਸੱਭ ਤੋਂ ਵਡੀ ਸਾਂਝ ਸਕਾ ਭਰਾ ਹੁੰਦਾ ਹੈ। ਤਦੇ ਹੀ ਕਿਸੇ ਨੇ ਕਿਹਾ, 'ਮਰ ਗਏ ਭਾਈ ਭਜ ਪਈਆਂ ਨੇ ਬਾਹੀਂ।' ਭਰਾ ਭਰਾਵਾਂ ਦੀਆਂ ਬਾਹੀਂ ਹੁੰਦੇ ਹਨ। ਦੁਖ ਸੁਖ ਵੇਲੇ ਸਹਾਇਤਾ ਕਰਦੇ ਹਨ। ਪਰ ਜੇ ਭਰਾ ਵੈਰੀ ਬਣ ਜਾਣ ਤਾਂ ਉਨ੍ਹਾਂ ਵਰਗਾ ਵੈਰੀ ਕੋਈ ਨਹੀਂ ਹੁੰਦਾ। ਜਰ, ਜੋਰੋ ਤੇ ਜ਼ਮੀਨ ਤਿੰਨੇ ਲੜਾਈ ਦਾ ਕਾਰਨ ਹੁੰਦੇ ਹਨ। ਇਨ੍ਹਾਂ ਤਿੰਨਾਂ ਚੀਜ਼ਾਂ ਤੋਂ ਭਰਾਵਾਂ ਭਰਾਵਾਂ ਦੀ ਲੜਾਈ ਹੁੰਦੀ ਹੈ। ਕਲਜੁਗ ਦਾ ਜੀਵ ਮਾਇਆ ਨਾਲ ਬਹੁਤਾ ਪਿਆਰ ਕਰਦਾ ਹੈ। ਮਾਇਆ ਤੇ ਜ਼ਮੀਨ ਹਾਸਲ ਕਰਨ ਵਾਸਤੇ ਵੀਰ, ਭੈਣ ਤੇ ਮਾਂ ਬਾਪ ਦਾ ਖ਼ੂਨ ਕਰ ਸੁਟਦਾ ਹੈ। ਇਹ ਮਨੁਖ ਦੀ ਭੁਲ ਹੈ ਜ਼ਮੀਨ, ਮਾਇਆ ਤੇ ਇਸਤ੍ਰੀ ਤਿੰਨੇ ਹੀ ਥਿਰ ਨਾ ਰਹਿਣ ਵਾਲੀਆਂ ਚੀਜ਼ਾਂ ਹਨ। ਇਸਤ੍ਰੀ ਮਰ ਸਕਦੀ ਹੈ, ਜ਼ਮੀਨ ਵਿਕ ਸਕਦੀ ਹੈ ਤੇ ਮਾਇਆ ਨੂੰ ਤਾਂ ਅਨੇਕਾਂ ਤਰ੍ਹਾਂ ਦੇ ਡਰ ਹਨ। ਚੋਰ ਦਾ ਡਰ, ਰਾਜ ਦਾ ਡਰ ਤੇ ਆਪ ਖਰਚਨ ਦਾ ਭੈ। ਜਿਸ ਚੀਜ਼ ਨੇ ਥਿਰ ਨਹੀਂ ਰਹਿਣਾ ਉਸ ਨਾਲ ਹਿਤ ਕਰਕੇ ਮਾਂ, ਬਾਪ, ਭਰਾ, ਗੁਰੂ ਤੇ ਪ੍ਰਮੇਸ਼ਰ ਨੂੰ ਭੁਲ ਜਾਣਾ ਮਨੁਖ ਦੀ ਸਭ ਤੋਂ ਵਡੀ ਭੁਲ ਹੈ! ਪ੍ਰਿਥੀ ਚੰਦ ਦੌਲਤ ਬਦਲੇ ਨਿਰਵੈਰ ਸਤਿਗੁਰੂ ਦੀ ਨਾਲ ਵੈਰ ਕਰਨ ਲਗਾ। ਵੈਰ ਵੀ ਮਾਮੂਲੀ ਨਹੀਂ ਸਗੋਂ ਬਹੁਤ ਨਿਰਾਦਰੀ ਵਾਲਾ ਉਹ ਸਤਿਗੁਰੂ ਜੀ ਦਾਵਡਾ ਦੁਸ਼ਮਨ ਬਣ ਬੈਠਾ। ਹਰ ਘੜੀ, ਹਰ ਸਮੇਂ ਬਸ ਉਹ ਸਤਿਗੁਰੂ ਜੀ ਦੀ ਨਿੰਦਾ ਹੀ ਕਰਨ ਲਗਾ। ਸਤਿਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਪ੍ਰਿਥੀਚੰਦ ਆਈਆਂ ਸੰਗਤਾਂ

ਦਾ ਸੁਆਗਤ ਕਰਦਾ ਸੀ, ਲੋੜਵੰਦਾਂ ਨੂੰ ਅੰਨ, ਕਪੜਾ ਤੇ ਰਿਹਾਇਸ਼ ਵਾਸਤੇ ਮਕਾਨ ਦੇਂਦਾ ਸੀ। ਬਾਹਰੋਂ ਜੋ ਕਾਰ ਭੇਟ ਆਉਂਦੀ ਉਸਨੂੰ ਉਹ ਸੰਭਾਲਦਾ। ਗੁਰੂ ਕੇ ਖੂਹਾਂ ਦਾ ਹਿੱਸਾ ਠੇਕਾ ਵੀ ਓਹੋ ਵਸੂਲ ਕਰਦਾ ਤੇ ਓਹੋ ਹੀ ਹਿੱਸੇ ਠੇਕੇ ਉਤੇ ਜ਼ਮੀਨ ਦੇਂਦਾ। ਗੁਰੂ ਅਰਜਨ ਦੇਵ ਜੀ ਨੇ ਇਹਨਾਂ ਕੰਮਾਂ ਵਿਚ ਕੋਈ ਦਖਲ ਨਹੀਂ ਸੀ ਦਿਤਾ। ਜਦੋਂ ਤੋਂ ਉਸਨੂੰ ਇਹ ਗਿਆਨ ਹੋ ਗਿਆ ਕਿ ਗੁਰਿਆਈ ਉਸਨੂੰ ਨਹੀਂ ਮਿਲਣੀ ਤਾਂ ਉਸਨੇ ਆਪਣੇ ਘਰ ਮਾਇਆ ਰੱਖਣੀ ਸ਼ੁਰੂ ਕਰ ਦਿਤੀ। ਕਪੜਾ ਤੇ ਅੰਨ ਵਖਰਾ ਵੇਚਣਾ ਆਰੰਭ ਦਿਤਾ। ਜਿਸ ਵੇਲੇ ਸਤਿਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ ਅਤੇ ਉਹਦੇ ਛੋਟੇ ਵੀਰ ਗੁਰੂ ਬਣ ਗਏ ਉਸ ਵੇਲੇ ਤੋਂ ਤਾਂ ਉਹ ਹੋਰ ਦਾ ਹੋਰ ਹੋ ਗਿਆ। ਗੁਰੂ ਕੇ ਲੰਗਰ ਵਿਚ ਰਸਦ ਭੇਜਣੀ ਬੰਦ ਕਰ ਦਿਤੀ। ਵੀਹ ਪੰਝੀ ਤਕੜੇ ਸਰੀਰਾਂ ਵਾਲੇ ਬਦਮਾਸ਼ ਰੱਖ ਲਏ। ਉਹਨਾਂ ਨੂੰ ਸ਼ਹਿਰ ਦੇ ਚੌਗਿਰਦੇ ਬੈਠਾ ਦਿਤਾ। ਜੇਹੜੀ ਕਾਰ ਭੇਟ ਸਿਖ ਲਿਆਉਂਦੇ ਉਹ ਓਹੋ ਹੀ ਸਿਖਾਂ ਕੋਲੋਂ ਲੈ ਕੇ ਪ੍ਰਿਥੀਏ ਕੋਲ ਲੈ ਆਉਂਦੇ। ਮਸੰਦਾਂ ਨੂੰ ਲਾਲਚ ਦੇ ਕੇ ਆਪਣੇ ਵਲ ਕਰ ਲਿਆ। ਸਾਰੇ ਮਸੰਦ ਬਾਹਰ ਤੋਰੇ। ਫਰਜ਼ੀ ਹੁਕਮਨਾਮੇ ਲਿਖੇ ਕਿ ਮਸੰਦਾਂ ਨੂੰ ਕਾਰ ਭੇਟ ਦਿਤੀ ਜਾਵੇ। ਭੋਲੇ ਭਾਲੇ ਸਿੱਖਾਂ ਨੂੰ ਲੁਟਣਾ ਸ਼ੁਰੂ ਕਰ ਕਰ ਦਿਤਾ। ਏਥੋਂ ਤਕ ਧੱਕਾ ਵਧ ਗਿਆ ਕਿ ਸਤਿਗੁਰੂ ਜੀ ਦੇ ਦਰਬਾਰ ਤੇ ਘਰ ਵਿਚੋਂ ਵੀ ਮਲੋ ਮਲੀ ਚੀਜ਼ਾਂ ਚੁਕ ਕੇ ਲੈ ਜਾਣ ਲਗਾ। ਗੁਰੂ ਕਾ ਲੰਗਰ ਮਸਤਾਨਾ ਰਹਿਣ ਲੱਗਾ। ਪ੍ਰਿਥੀਏ ਦੇ ਘਰ ਦੌਲਤ ਹੀ ਦੌਲਤ ਆਉਣ ਲੱਗੀ ਤੇ ਉਹਦੇ ਭੰਡਾਰੇ ਭਰਨ ਲੱਗੇ।ਓਹਵਡੀ ਚਲਾਕੀ ਇਹ ਕਰਦਾ ਕਿ ਕਾਰ ਭੇਟ ਤਾਂ ਆਪ ਲੈ ਲੈਂਦਾ ਪਰ ਸਿੱਖਾਂ ਨੂੰ ਰੋਟੀ ਅਪਨੇ ਘਰ ਖਵਾਉਣ ਦੀ ਥਾਂ ਉਹਨਾਂ ਨੂੰ ਗੁਰੂ ਕੇ ਲੰਗਰ ਵਿਚ ਭੇਜ ਦੇਂਦਾ। ਦੂਸਰੇ ਪਾਸੇ ਸਤਿਗੁਰੂ ਜੀ ਦਾ ਹਾਲ ਸੁਣੀਏ ਸਾਰਾ ਉਪੱਦਰ ਆਪ ਦੇਖਦੇ ਹੋਏ ਵੀ ਸਾਹਿਬ ਚੁਪ ਤੇ ਸ਼ਾਂਤ ਰਹਿੰਦੇ। ਲੰਗਰ ਦੇ ਘਾਟੇ ਨੂੰ ਪੂਰਾ ਕਰਨ ਵਾਸਤੇ ਘਰ ਦੀਆਂ ਵਸਤੂਆਂ ਵੇਚੀ ਜਾਂਦੇ। ਜੇ ਪ੍ਰੇਮੀ ਤੇ ਸ਼ਰਧਾਲੂ ਸਿਖ ਆਖਦੇ "ਮਹਾਰਾਜ ! ਆਪ ਦੇ ਭਾਈ ਪ੍ਰਿਥੀ ਚੰਦ ਜੀ ਆਪ ਨਾਲ ਵਿਰੋਧ ਕਰਦੇ ਹਨ, ਕੋਈ ਚੀਜ਼ (ਕਾਰ ਭੇਟ) ਗੁਰੂ ਕੇ ਲੰਗਰ ਵਿਚ ਨਹੀਂ ਆਉਣ ਦੇਂਦੇ। ਕੋਈ ਯਤਨ ਕਰੋ। ਉਸ ਨੂੰ ਰੋਕਣਾ ਚਾਹੀਦਾ ਹੈ।" ਸਿਖਾਂ ਕੋਲੋਂ ਐਸੇ ਬਚਨ ਸੁਣਕੇ ਸਾਹਿਬ ਨੇਤ੍ਰ ਮੂੰਦ ਲੈਂਦੇ ਤੇ ਕਰਤਾ ਪੁਰਖ

ਦਾ ਧਿਆਨ ਧਰਕੇ ਐਸੇ ਬਚਨ ਕਰਦੇ—

ਨਿੰਦਕੁ ਐਸੇ ਹੀ ਝਰਿ ਪਰੀਐ ॥ ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥ ੧ ॥ ਰਹਾਉ ॥ ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥ ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥ ੧ ॥ ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠ ਰੀਐ ॥ ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜੋ ਪੁਰਸ਼ ਅਸਾਂ ਦੀ ਨਿੰਦਾ ਕਰਦਾ ਹੈ ਉਹ ਅਸਾਡਾ ਕੁਝ ਨਹੀਂ ਵਿਗਾੜ ਸਕਦਾ, ਉਹ ਆਪਣਾ ਹੀ ਬੁਰਾ ਕਰਦਾ ਹੈ। ਨਿੰਦਕ ਪੁਰਸ਼ ਇਸ ਤਰਾਂ ਡਿਗ ਪੈਂਦਾ (ਝੂਠਾ ਹੁੰਦਾ ਤੇ ਦੁਖ ਉਠਾਉਂਦਾ) ਹੈ ਜਿਵੇਂ ਕਲਰ ਦੀ ਕੰਧ ਧਰਤੀ ਉਤੇ ਡਿਗ ਪੈਂਦੀ ਹੈ। ਨਿੰਦਕ ਦੀ ਇਹ ਚੰਦਰੀ ਆਦਤ ਹੁੰਦੀ ਹੈ ਕਿ ਉਹ ਕਿਸੇ ਦੀ ਕਮਜ਼ੋਰੀ ਜਾਂ ਦੋਸ਼ ਦੇਖਕੇ ਖੁਸ਼ ਹੁੰਦਾਹੈ ਤੇ ਭਲੇ ਕੰਮ ਦੇਖਕੇ ਉਹ ਉਦਾਸ ਹੋ ਜਾਂਦਾ ਹੈ। ਹਰ ਘੜੀ ਨਿੰਦਕ ਨਿੰਦਾ ਕਰਦਾ ਹੋਇਆ ਅਗਲੇ ਪੁਰਸ਼ ਦੀ ਬੁਰਿਆਈ ਚਾਹੁੰਦਾ ਹੈ ਪਰ ਉਸਦਾ ਵਿਗਾੜ ਕੁਝ ਨਹੀਂ ਸਕਦਾ ਕਿਉਂਕਿ ਅਗਲਾ ਪੁਰਸ਼ ਸਚਾਈ ਆਸਰੇ ਖਲੋਤਾ ਹੁੰਦਾ ਹੈ ਅਸਲ ਗਲ ਇਹ ਹੈ ਕਿ ਨਿੰਦਕ ਨੂੰ ਪ੍ਰਮਾਤਮਾ ਨੇ ਭੁਲਾਇਆ ਹੁੰਦਾ ਹੈ। ਉਹ ਦੀ ਮੌਤ ਨੇੜੇ ਹੁੰਦੀ ਹੈ ਉਹ ਮਰਨ ਤੋਂ ਪਹਿਲਾਂ ਬਹੁਤ ਚਮਕਦਾ ਹੈ। ਭਾਈ ਅਸਾਂ ਦਾ ਰਾਖਾ ਪ੍ਰਮਾਤਮਾ ਹੈ, ਉਹ ਰਾਖੀ ਕਰੇਗਾ, ਜੋ ਪੁਰਸ਼ ਅਸਾਡੇ ਨਾਲ ਵੈਰ ਕਰਦਾ ਹੈ, ਉਸ ਦਾ ਅਸਾਂ ਨੂੰ ਡਰ ਨਹੀਂ। ਅਸਾਂ ਦਾ ਭਰੋਸਾ ਪ੍ਰਮਾਤਮਾ ਉਤੇ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਘਰ ਅਜੇ ਸੰਤਾਨ ਨਹੀਂ ਸੀ ਹੋਈ ਇਸ ਵਾਸਤੇ ਆਪ ਨੇ ਪ੍ਰਿਥੀ ਚੰਦ ਦੇ ਪੁਤ੍ਰ ਮੇਹਰਬਾਨ ਨੂੰ ਆਪਣੇ ਕੋਲ ਰਖਿਆ ਹੋਇਆ ਸੀ, ਉਸ ਨਾਲ ਪੁਤ੍ਰਾਂ ਵਾਂਗ ਪਿਆਰ ਕਰਦੇ ਸਨ। ਕਰਮ ਕੌਰ ਤੇ ਪ੍ਰਿਥੀ ਚੰਦ ਨੇ ਇਸ ਗਲ ਦੀ ਵੀ ਕੋਈ ਵਿਚਾਰ ਨਾ ਕੀਤੀ, ਬਸ ਉਹ ਇਸ ਗਲ ਤੇ ਤੁਲ ਪਏ ਕਿਵੇਂ ਨਾ ਕਿਵੇਂ ਉਨ੍ਹਾਂ ਨੂੰ ਗੁਰਗੱਦੀ ਮਿਲ ਜਾਵੇ। ਸਿਆਣੇ ਆਖਦੇ ਨੇ ਪੱਥਰ ਉਤੇ ਰੋਜ ਪਾਣੀ ਪਾਉਂਦੇ ਰਹੀਏ ਤਾਂ ਪੱਥਰ ਘਸ ਜਾਂਦਾ ਹੈ। ਪ੍ਰਿਥੀ ਚੰਦ ਦੇ ਪ੍ਰਚਾਰ ਤੇ ਧਕੇ ਨੇ ਸਿਖ ਸੰਗਤਾਂ ਨੂੰ ਗੁਰੂ ਜੀ ਦੀ ਸ਼ਰਨ ਆਉਣੋ ਰੋਕ ਦਿਤਾ। ਗੁਰੂ ਕੇ ਲੰਗਰ ਤੇ ਘਰ ਵਿਚ ਪੂਰੀ ਰੋਟੀ ਮਿਲਣੀ ਵੀ ਔਖੀ ਹੋ ਗਈ। ਗੁਰੂ ਜੀ

ਦੇ ਮਹਿਲ ਆਪ ਚਕੀ ਪੀਹ ਕੇ ਮਿਸਾ ਅੰਨ ਖਾਣ ਲੱਗ ॥

੩੨. ਭਾਈ ਗੁਰਦਾਸੀ ਜੀ ਦੀ ਸੇਵਾ

ਕਿਰਤ ਵਿਰਤ ਮਨ ਧਰਮ ਸੱਚ ਦ੍ਰਿੜਾਇਆ ॥ ਸੱਚ ਨਾਉਂ ਕਰਤਾਰ ਆਪ ਉਪਾਇਆ ॥
ਸਤਿਗੁਰ ਪੁਰਖ ਦਇਆਲ ਦਇਆ ਕਰ ਆਇਆ ।ਨਿਰੰਕਾਰ ਆਕਾਰ ਸਬਦ ਸੁਣਾਇਆ॥
ਸਾਧ ਸੰਗਤ ਸਚਖੰਡ ਥੇਹੁ ਵਸਾਇਆ ॥ ਸਚਾ ਤਖਤ ਬਨਾਇ ਸਲਾਮ ਕਰਾਇਆ ॥

ਉਪਰੋਕਤ ਬਚਨ ਭਾਈ ਗੁਰਦਾਸ ਜੀ ਦੇ ਹਨ। ਜਿਨ੍ਹਾਂ ਦਾ ਜੀਵਨ ਹਾਲ ਪਿਛੇ ਦਸਿਆ ਗਿਆ ਹੈ । ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਸ਼ਰਧਾਲੂ ਤੇ ਸਿਦਕੀ ਸਿਖ, ਮਹਾਂ ਵਿਦਵਾਨ ਤੇ ਬ੍ਰਹਮ ਗਿਆਨੀ ਜਾਣਕੇ ਆਪ ਨੂੰ ਆਗਰੇ ਸਿਖੀ ਪ੍ਰਚਾਰ ਕਰਨ ਵਾਸਤੇ ਭੇਜਿਆ ਸੀ। ਆਪ ਨੇ ਸਿਖੀ ਨੂੰ ਸਮਝਿਆ, ਗੁਰੂ ਨਾਨਕ ਜੀ ਦੇ ਮਿਸ਼ਨ ਦੀ ਰੂਹ ਤਕ ਪਹੁੰਚੇ ਤੇ ਆਪਣੀ ਬਾਣੀ ਰਾਹੀਂ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ। ਆਪ ਉਪਦੇਸ਼ ਕਰਦੇ ਕਿ ਧਰਮ ਦੀ ਕਿਰਤ ਤੇ ਕਾਰ ਵਿਹਾਰ ਕਰਦਾ ਹੋਇਆ ਵੀ ਸਿਖ ਮਨ ਵਿਚ ਕਰਤਾਰ ਦਾ ਸਿਮਰਨ ਕਰਦਾ ਰਹਿੰਦਾ ਹੈ। ਕਰਤਾਰ ਦਾ ਨਾਮ ਸੱਚਾ ਹੈ । ਓਹੋ ਹੀ ਚੇਤੇ ਰਖਣਾ ਚਾਹੀਦਾ । ਸਤਿਗੁਰੂ ਜੀ ਨੇ ਜਿਸ ਉਤੇ ਦਇਆ ਕੀਤੀ, ਉਸੇ ਨੂੰ ਕਰਤਾਰ ਦੇ ਨਾਮ ਸਿਮਰਨ ਵਲ ਲਾਇਆ। ਮਾਯਾ ਤੋਂ ਰਹਿਤ ਜੋ ਕਰਤਾ ਪੁਰਖ ਹੈ ਉਸ ਦਾ ਭੇਤ ਦਸਿਆ ਤੇ ਸਾਧ ਸੰਗਤ ਸਚਖੰਡ ਦੇ ਸਮਾਨ ਹੈ, ਉਸ ਸਚਖੰਡ ਵਿਚ ਸਤਿਗੁਰੂ ਜੀ ਬਰਾਜਮਾਨ ਹਨ ਜਿਨ੍ਹਾਂ ਦਾ ਸਤਕਾਰ ਸਾਰਾ ਜਗਤ ਕਰਦਾ ਹੈ। ਆਪ ਪ੍ਰਮੇਸ਼ਰ ਰੂਪ ਹੋ ਗਏ ਹਨ।

ਐਸੇ ਗੁਰਮੁਖ, ਸ਼ਰਧਾਲੂ ਤੇ ਵਿਦਵਾਨ ਸਿੱਖ ਭਾਈ ਗੁਰਦਾਸ ਜੀ ਸੰਮਤ ੧੬੪੩ ਬਿ: ਨੂੰ ਆਗਰਿਓਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਓਹਨਾਂ ਨਾਲ ਕੁਝ ਸੰਗਤ ਵੀ ਸੀ ਸਤਿਗੁਰੂ ਅਰਜਨ ਦੇਵ ਜੀ ਭਾਵੇਂ ਦੁਨਿਆਵੀ ਰਿਸ਼ਤੇਦਾਰੀ ਵਿਚ ਆਪ ਦੇ ਭਣੇਵੇਂ ਸਨ, ਇਸ ਵਾਸਤੇ ਸਤਿ ਗੁਰੂ ਜੀ ਨੇ ਆਪ ਦਾ ਸਤਕਾਰ ਕਰਨਾ ਹੈ ਚਾਹਿਆ, ਪਰ ਭਾਈ ਗੁਰਦਾਸ ਜੀ ਸਤਿਗੁਰੂ ਜੀ ਦੇ ਚਰਨੀ ਡਿਗ ਕੇ ਕਹਿਣ ਲੱਗੇ, 'ਆਪ ਵਡ ਗੁਰੂ ਜੇ, ਆਪ ਨੇ ਅਸਾਂ ਜਹੇ ਅਗਿਆਨੀ ਤੇ ਪਾਪੀ ਪੁਰਸ਼ਾਂ ਨੂੰ ਤਾਰਨਾ ਹੈ। ਇਸ ਵਾਸਤੇ ਦੁਨੀਆਂ ਦਾਰੀ ਦੇ ਸਬੰਧਾਂ ਦਾ ਖਿਆਲ ਘਟ ਕਰੋ । ਆਤਮਿਕ ਸਬੰਧ ਹੀ

ਚੰਗੇ ਹਨ ਆਪ ਪੂਜਣ ਯੋਗ ਹੋ। ਮੇਹਰ ਕਰੋ,ਦਇਆ ਕਰੋ।'ਇਹ ਸੁਣਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਭਾਈ ਗੁਰਦਾਸ ਜੀ ਨੂੰ ਨਿਹਾਲ ਕੀਤਾ।

ਸਤਿਗੁਰੂ ਜੀ ਦੇ ਦਰਸ਼ਨ ਕਰਕੇ ਭਾਈ ਗੁਰਦਾਸ ਜੀ ਆਪਣੀ ਭੈਣ ਬੀਬੀ ਭਾਨੀ ਜੀ ਨੂੰ ਮਿਲਣ ਵਾਸਤੇ ਘਰ (ਗੁਰੂ ਮਹੱਲ) ਗਏ, ਬੀਬੀ ਜੀ ਨੇ ਆਪ ਦਾ ਬਹੁਤ ਸਤਕਾਰ ਕੀਤਾ। ਆਸਣ ਦੇਕੇ ਬੈਠਾਇਆ, ਸਤਿਗੁਰੂ ਜੀ ਦੇ ਮਹਿਲ ਮਾਤਾ ਰਾਮ ਦਈ ਜੀ ਨੇ ਭਾਈ ਗੁਰਦਾਸ ਜੀ ਦਾ ਯੋਗ ਸਤਕਾਰ ਕੀਤਾ। ਸੁਖ ਸਾਂਦ ਪੁਛਣ ਤੋਂ ਪਿਛੋਂ ਬੀਬੀ ਭਾਨੀ ਜੀ ਨੇ ਆਖਿਆ 'ਵੀਰ ਜੀ ! ਪ੍ਰਸ਼ਾਦ ਛਕੋ !'

'ਪ੍ਰਸ਼ਾਦ ਤਾਂ ਜ਼ਰੂਰ ਛਕਣਾ ਹੈ ਲਿਆਓ !'ਭਾਈ ਗੁਰਦਾਸ ਜੀਦਾ ਉਤ੍ਰ ਸੀ!'

ਥਾਲ ਵਿਚ ਪ੍ਰਸ਼ਾਦ ਆਇਆ ਉਸ ਪ੍ਰਸ਼ਾਦ ਨੂੰ ਦੇਖਕੇ ਭਾਈ ਗੁਰਦਾਸ ਜੀ ਐਨੇ ਹੈਰਾਨ ਹੋਏ ਕਿ ਅਭਮਕ ਅੱਖਾਂ ਨਾਲ ਬੀਬੀ ਭਾਨੀ ਜੀ ਵਲ ਤਕਣ ਲਗ ਪਏ। ਉਹ ਚੁਪ ਨ ਰਹਿ ਸਕੇ ਉਨ੍ਹਾਂ ਨੇ ਬੀਬੀ ਜੀ ਨੂੰ ਪੁਛਿਆ, 'ਭੈਣ ਜੀ ! ਇਹ ਕੀ ਗੁਰੂ ਘਰ ਵਿਚ ਐਸਾ ਪ੍ਰਸ਼ਾਦ ? ਮਿੱਸੀ ਰੋਟੀ ਗੰਢੇ ਨਾਲ ਤੇ ਉਹ ਵੀ ਇਕ ! ਕਿਉਂ ? ਕੀ ਸਿਖ ਕਾਰ ਭੇਟ ਨਹੀਂ ਚੜ੍ਹਾਉਂਦੇ ? ਖੂਹਾਂ ਦੀ ਜ਼ਮੀਨ ਦਾ ਅਨਾਜ ਨਹੀਂ ਮਿਲਦਾ ?'

'ਵੀਰ ਜੀ ਮਿਲਦਾ ਸਭ ਕੁਝ ਹੈ ਸਿਖ ਆਉਂਦੇ ਤੇ ਕਾਰ ਭੇਟ ਚੜ੍ਹਾਉਂਦੇ ਹਨ। ਅੰਨ, ਕਪੜੇ, ਘਿਉ, ਮਿਠਾ ਤੇ ਨਕਦੀ ਸਭ ਕੁਝ ਆਉਂਦਾ ਹੈ, ਪਰ ਸਭ ਕੁਝ ਕਰਮ ਕੌਰ ਦੇ ਘਰ ਜਾਂਦਾ ਹੈ। ਪ੍ਰਿਥੀ ਚੰਦ ਮੇਰੇ ਪੁਤ੍ਰ ਦੇ ਅਗੋਂ ਸਭ ਕੁਝ ਚੁਕ ਕੇ ਲੈ ਜਾਂਦਾ ਹੈ। ਇਹ ਨਾ ਰੋਕਦੇ, ਵਰਜਦੇ ਤੇ ਨਾ ਕੋਈ ਮੰਦਾ ਬਚਨ ਆਖਦੇ ਹਨ। ਘਰ ਦੀਆਂ ਸਾਰੀਆਂ ਚੀਜ਼ਾਂ ਵੇਚਕੇ ਗੁਰੂ ਕਾ ਲੰਗਰ ਚਲਾਉਂਦੇ ਰਹੇ ਹਾਂ। ਪਤਾ ਨਹੀਂ ਕਰਤਾਰ ਦਾ ਕੀ ਭਾਣਾ ਵਰਤਣਾ ਹੈ। ਤੰਗੀ ਹੀ ਤੰਗੀ ਹੈ। ਉਹ (ਪ੍ਰਿਥੀ ਚੰਦ) ਵੈਰ ਬਹੁਤ ਰਖਦੇ ਹਨ। ਜਾਨੋਂ ਮਾਰ ਦੇਣ ਤੇ ਤੁਲੇ ਹੋਏ ਹਨ। ਖੂਹਾਂ ਦੀ ਖੱਟੀ ਵੀ ਆਪਣੇ ਘਰ ਲੈ ਜਾਂਦਾ ਹੈ। ਜੋ ਤੁਸਾਂ ਦੇ ਭਣੇਵੇਂ (ਗੁਰੂ) ਜੀ ਕੋਲ ਸ਼ਰਧਾਲੂ ਸਿਖ ਦੋ ਚਾਰ ਰਹਿ ਗਏ ਹਨ, ਉਨ੍ਹਾਂ ਨੂੰ ਬਾਹਰੋਂ ਬਾਲਣ ਵੀ ਨਹੀਂ ਲੈਣ ਦੇਂਦਾ। ਵੀਰ ਜੀ ! ਤੁਸਾਂ ਦੀ ਨੂੰਹ ਚੱਕੀ ਪੀਹ ਕੇ ਪ੍ਰਸ਼ਾਦਿ ਵਾਸਤੇ ਆਟਾ ਤਿਆਰ ਕਰਦੀ ਹੈ।' ਇਹ ਸੁਣਕੇ ਭਾਈ ਗੁਰਦਾਸ ਜੀ ਦੇ ਨੈਣਾਂ ਵਿਚ ਜਲ ਆ ਗਿਆ।

ਕ੍ਰੋਧ ਨਾਲ ਉਨ੍ਹਾਂ ਦਾ ਸਰੀਰ ਕੰਬਣ ਲਗ ਪਿਆ। ਭੁੱਖ ਮਰ ਗਈ। ਅਗੇ ਪਏ ਪ੍ਰਸ਼ਾਦੇ ਨੂੰ ਭਾਵੇਂ ਖਾਣ ਨੂੰ ਚਿਤ ਨਹੀਂ ਸੀ ਕਰਦਾ, ਫਿਰ ਵੀ ਉਗਲ ਨਿਗਲ ਕਰਕੇ ਮੁਸ਼ਕਲ ਨਾਲ ਖਾਧਾ ਤੇ ਬੀਬੀ ਜੀ ਨੂੰ ਆਖਿਆ "ਭੈਣ ਜੀ! ਕੋਈ ਚਿੰਤਾ ਨਾ ਕਰੋ। ਕਰਤਾਰ ਵਲ ਧਿਆਨ ਧਰੋ। ਮੈਂ ਅਜ ਹੀ ਸਭ ਕੁਝ ਠੀਕ ਕਰਾ ਦੇਂਦਾ ਹਾਂ। ਜੋ ਬਜ਼ੁਰਗ ਸਿਖ ਸੇਵਕ ਘਰੋ ਘਰੀ ਚਲੇ ਗਏ ਹਨ ਉਨ੍ਹਾਂ ਨੂੰ ਸੱਦਦਾ ਹਾਂ। ਪ੍ਰਿਥੀ ਚੰਦ ਦੀ ਅਕਲ ਮਾਰੀ ਗਈ ਹੈ, ਉਸ ਨੇ ਗੁਰੂ ਜੀ ਨੂੰ ਆਪਣਾ ਛੋਟਾ ਵੀਰ ਨਹੀਂ ਸਮਝਿਆ।ਨਿਰਵੈਰਾਂ ਨਾਲ ਵੈਰ ਕਰਨ ਲਗ ਪਿਆ ਹੈ।ਉਹ ਅੰਨ੍ਹਾ ਹੋਇਆ ਹੈ, ਉਹ ਆਪਣੇ ਸਾਥੀਆਂ ਨੂੰ ਵੀ ਡੋਬੇਗਾ। ਅਫਸੋਸ ਹੈ! ਗੁਰੂ ਘਰ ਦਾ ਗਿਆਨ ਨਹੀਂ ਹੋਇਆ। ਉਹ ਬਾਂਸ ਦੀ ਤਰ੍ਹਾਂ ਕੋਰਾ ਰਿਹਾ ਹੈ ਜੋ ਚੰਦਨ ਦੇ ਬਨ ਵਿਚ ਖਲੋਤਾ ਹੋਇਆ ਸੁਗੰਧੀ ਰਹਿਤ ਰਹਿੰਦਾ ਹੈ"—ਜਿਵੇਂ :

> ਵਾਂਸ ਸੁਗੰਧਿ ਨ ਹੋਵਈ ਚਰਨੋਦਕ ਬਾਵਨ ਬੋਹਾਏ ॥ ਕੱਚਹੁ ਕੰਚਨ ਨਾ ਥੀਐ ਕੱਚਹੁ ਕੰਚਨ ਪਾਰਸ ਲਾਏ ॥ ਨਿਹਚਲ ਸਿੰਮਲ ਜਾਣੀਐ ਅਫਲ ਸਫਲ ਕਰ ਸਭ ਫਲ ਪਾਏ ॥ ਕਾਉਂ ਨ ਹੋਵਨਿ ਉਜਲੇ ਕਾਲੀ ਹੂੰ ਧਉਲੇ ਸਿਰਿ ਆਏ ॥ ਕਾਗਵੰਸ ਹੁਇ ਪਰਮਹੰਸ ਨਿਰਮੋਲਕੁ ਮੋਤੀ ਚੁਣਿ ਖਾਏ ॥ ਪਸੂ ਪਰੇਤਹੁੰ ਦੇਵ ਕਰਿ ਸਾਧ ਸੰਗਤਿ ਗੁਰ ਸਬਦ ਕਮਾਏ ॥ ਤਿਸੁ ਗੁਰੁ ਸਾਰ ਨ ਜਾਤੀਆ ਦੁਰਮਤਿ ਦੂਜੈ ਭਾਇ ਲੁਭਾਏ ॥ ਅੰਨਾ ਆਗੂ ਸਾਥ ਮੁਹਾਏ ॥੩੭॥੨੮॥
> (ਭਾਈ ਗੁਰਦਾਸ ਜੀ)

ਇਉਂ ਆਖਦੇ ਹੋਏ ਭਾਈਗੁਰਦਾਸ ਜੀ ਘਰੋਂ ਉੱਠ ਕੇ ਸਤਿਗੁਰੂ ਜੀ ਕੋਲ ਆਏ ਤੇ ਸ਼ਰਧਾਲੂ ਸਿਖਾਂ ਨਾਲ ਮਿਲ ਕੇ ਉਨ੍ਹਾਂ ਨਾਲ ਸਲਾਹ ਕਰਕੇ ਗੁਰੂ ਘਰ ਦੀ ਸੇਵਾ ਕਰਨ ਵਾਸਤੇ ਨਵੀਂ ਵਿਓਂਤ ਸੋਚੀ। ਉਸ ਵਿਉਂਤ ਉਤੇ ਅਮਲ ਤਦ ਹੋ ਸਕਦਾ ਸੀ, ਜੇ ਬਾਬਾ ਬੁੱਢਾ ਜੀ, ਮੋਹਰੀ ਜੀ, ਸਾਲੋ ਜੀ, ਭਾਈ ਜੇਠਾ, ਪੈੜਾ ਤੇ ਗੁਰੀਆ ਆਦਿਕ ਸਿਖ ਇਕੱਠੇ ਹੋ ਜਾਣ। ਬਾਬਾ ਬੁਢਾ ਜੀ ਬੀੜ ਵਿਚ ਰਹਿੰਦੇ ਸਨ। ਭਾਈ ਗੁਰਦਾਸ ਜੀ ਅਗਲੇ ਦਿਨ ਆਪ ਬੀੜ ਵਿਚ ਪਹੁੰਚੇ। ਬਾਬਾ ਜੀ ਨੂੰ ਗੁਰੂ ਘਰ ਦੇ ਨਾਲ ਪ੍ਰਿਥੀਚੰਦ ਦੇ ਵੈਰ ਦਾ ਕਿੱਸਾ ਵੀ ਸੁਣਾ ਦਿਤਾ। ਅੰਤ ਵਿਚ ਬੇਨਤੀ ਕੀਤੀ—"ਬਾਬਾ ਜੀ! ਆਪ ਸਿਆਣੇ ਸਿਖ ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਪ ਦਾ ਸਿੱਖਾਂ ਨਾਲ ਮੇਲ ਮਿਲਾਪ ਹੈ। ਚਲੋ, ਸਿਖਾਂ ਨੂੰ ਪ੍ਰੇਰੋ ਕਿ ਓਹ ਸਚੇ ਸਤਿਗੁਰੂ ਜੀ ਦੀ ਚਰਨੀਂ ਲੱਗਣ। ਝੂਠੇ ਤੇ ਅੰਨ੍ਹੇ ਗੁਰੂ ਮੰਨ ਕੇ ਆਪਣਾ

ਜਨਮ ਮਰਨ ਨਾ ਵਿਗਾੜਨ, ਇਹ ਵੀ ਸੱਚੀ ਧਰਮ ਸੇਵਾ ਹੈ। ਪ੍ਰਿਥੀ ਚੰਦ ਨੇ ਸਾਰੇ ਮਸੰਦਾਂ ਤੇ ਗੁਰੂ ਘਰ ਦੇ ਸੇਵਕਾਂ ਨੂੰ ਲਾਲਚ ਨਾਲ ਖਰੀਦ ਲਿਆ ਹੈ ਤੇ ਸੰਗਤਾਂ ਨੂੰ ਭੁਲੇਖਾ ਪਾ ਰਿਹਾ ਹੈ।" ਬਾਬਾ ਬੁਢਾ ਜੀ ਦਾ ਤਾਂ ਤਨ ਮਨ ਤੇ ਧਨ ਸਭ ਕੁਝ ਗੁਰੂ ਘਰ ਦਾ ਸੀ। ਉਹ ਕਦੋਂ ਇਹ ਨਿਰਾਦਰੀ ਸਹਾਰ ਸਕਦੇ ਸਨ। ਝਟ ਪਟ ਉਠੇ ਤੇ ਤਿਆਰ ਹੋ ਕੇ ਰਾਮਦਾਸ ਪੁਰ ਪੁਜ ਗਏ। ਦੂਸਰੇ ਸਿੱਖਾਂ ਵਲ ਸੇਵਾਦਾਰ ਭੇਜੇ। ਚੌਥੇ ਦਿਨ ਨੂੰ ਸਾਰੇ ਮੁਖੀ ਸਿਖ ਇਕਠੇ ਹੋ ਗਏ। ਮੁਖੀ ਸਿੱਖਾਂ ਨੇ ਫੈਸਲਾ ਕੀਤਾ ਕਿ ਰਾਮਦਾਸ ਪੁਰ ਦੇ ਸਾਰੇ ਰਾਹ ਰੋਕ ਕੇ ਗੁਰੂ ਦਰਸ਼ਨ ਕਰਨ ਆਈ ਸੰਗਤ ਨੂੰ ਸਹੀ ਗਿਆਨ ਕਰਾਇਆ ਜਾਵੇ ਕਿ ਅਸਲ ਗੁਰੂ ਕੌਣ ਹੈ? ਕਿਸ ਦੇ ਚਰਨ ਕਮਲਾਂ ਉਤੇ ਮੱਥਾ ਟੇਕੇ ਤੇ ਜੀਵਨ ਮਰਨ ਸਵਾਰੇ। ਪ੍ਰਿਥੀ ਚੰਦ ਕੌਣ ਹੈ? ਉਸ ਨੇ ਫਰਜ਼ੀ ਬਾਣੀ ਰਚੀ ਹੈ, ਉਹ ਕੀ ਹੈ? ਤੇ ਕਿਉਂ ਉਸ ਨੂੰ ਕਾਰ ਭੇਟ ਵੀ ਨਹੀਂ ਦੇਣੀ ਚਾਹੀਦੀ? ਇਹ ਕੁਝ ਸਭ ਨੂੰ ਸਮਝਾਇਆ ਜਾਵੇ, ਹੋਰ ਰਾਹਾਂ ਉਤੇ ਹੋਰ ਮੁਖੀ ਸਿੱਖ ਜਾ ਬੈਠੇ, ਪਰ ਲਾਹੌਰ ਵਾਲੀ ਸ਼ਾਹੀ ਸੜਕ ਉਤੇ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਆਪ ਪੁਜੇ ਜਿਥੇ ਅਜ ਕਲ ਪੁਤਲੀਘਰ ਪਿਪਲੀ ਸਾਹਿਬ ਗੁਰਦਵਾਰਾ ਹੈ ਏਥੇ ਆਣ ਡੇਰੇ ਲਾਏ। ਇਕ ਥੜਾ ਬਣਾ ਤੇ ਲੀੜਾ ਵਛਾ ਦਿਤਾ ਕਿ ਕਾਰ ਭੇਟ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਭੇਟਾ ਕਰਨੀ ਹੈ ਉਹ ਏਥੇ ਕੀਤੀ ਜਾਵੇ ਪ੍ਰਿਥੀ ਚੰਦ ਦੀ ਠੱਗੀ ਤੋਂ ਬਚਿਆ ਜਾਵੇ।

ਇਸ ਤੋਂ ਬਿਨਾ ਸਿਦਕੀ ਸਿਖਾਂ ਨੂੰ ਸਤਿਗੁਰੂ ਜੀ ਵਲੋਂ ਹੁਕਮ ਨਾਮੇ ਭੇਜੇ, ਉੱਪਰ ਭਾਈ ਗੁਰਦਾਸ ਜੀ, ਬਾਬਾ ਬੁਢਾ ਜੀ ਆਦਿਕ ਸਿਖਾਂ ਦੇ ਦਸਖਤ ਕਰਾਏ ਗਏ। ਇਸ ਯਤਨ ਦਾ ਇਹ ਫਲ ਹੋਇਆ ਕਿ ਬਹੁਤ ਥੋੜੇ ਸਮੇਂ ਵਿਚ ਸੰਗਤਾਂ ਨੂੰ ਪੂਰਾ ਗਿਆਨ ਹੈ ਕਿ ਉਨ੍ਹਾਂ ਦਾ'ਸਚਾ ਪਾਤਸ਼ਾਹ ਕਿਹੜਾ ਹੈ?'ਗੁਰੂ ਕੇ ਲੰਗਰ ਵਿਚ ਅੰਨ, ਘਿਓ ਤੇ ਬਾਲਣ ਆਦਿਕ ਖੁਲ੍ਹਾ ਆਉਣ ਲਗਾ। ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਣ ਲੱਗੀਆਂ ਤੇ ਪ੍ਰਿਥੀਚੰਦ ਨੂੰ ਲਾਹਨਤਾਂ ਪੈਣ ਲਗੀਆਂ। ਉਹਦੇ ਮਸੰਦ ਸ਼ਰਮਿੰਦੇ ਹੋ ਗਏ ਉਹਦੇ ਨਾਲੋਂ ਟੁਟ ਗਏ ਤੇ ਗੁਰੂਘਰ ਵਲ ਮੁੜ ਆਏ। ਸਤਿਗੁਰੂ ਜੀ ਕੋਲੋਂ ਉਨ੍ਹਾਂ ਨੇ ਆਪਣੀ ਭੁਲ ਬਖਸ਼ਾਈ। ਸਚੇ ਦਿਲ ਨਾਲ ਗੁਰੂ ਘਰ ਦੀ ਸੇਵਾ ਕਰਨ ਲਗੇ। ਬੀਬੀ ਭਾਨੀ ਜੀ ਤੇ

ਮਾਤਾ ਰਾਮਦੇਈ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਦੇ ਕੋਲ ਸਾਰੇ ਪਦਾਰਥ ਪਹੁੰਚਣ ਲਗੇ। ਗੁਰੂ ਘਰ ਦੀ ਸ਼ੋਭਾ ਹਜ਼ਾਰ ਗੁਣਾਂ ਵਧ ਗਈ।

ਸਤਿਗੁਰੂ ਜੀ ਪ੍ਰਮਾਤਮਾ ਦਾ ਰੂਪ ਤੇ ਉਸ ਤੇ ਭਰੋਸਾ ਰਖਦੇ ਸਨ। ਸਾਰੀ ਅਦਲਾ ਬਦਲੀ ਨੂੰ ਦੇਖ ਕੇ ਸਾਹਿਬਾਂ ਨੇ ਸ਼ਬਦ ਉਚਾਰਿਆ—

ਗੁਰਿ ਪੂਰੈ ਅਪਨੀ ਕਲਧਾਰੀ ਸਭ ਘਟ ਉਪਜੀ ਦਇਆ ॥ ਆਪੇ ਮੇਲਿ ਵਡਾਈ ਕੀਨੀ ਕੁਸਲ ਖੇਮ ਸਭ ਭਇਆ ॥ ੧ ॥ ਸਤਿਗੁਰੁ ਪੂਰਾ ਮੇਰੈ ਨਾਲਿ ॥ ਪਾਰਬ੍ਰਹਮੁ ਜਪਿ ਸਦਾ ਨਿਹਾਲ ॥ ਰਹਾਉ ॥ ਅੰਤਰਿ ਬਾਹਰਿ ਥਾਨ ਥਨੰਤਰਿ ਜਤ ਕਤ ਪੇਖਉ ਸੋਈ ॥ ਨਾਨਕ ਗੁਰੁ ਪਾਇਓ ਵਡਭਾਗੀ ਤਿਸੁ ਜੇਵਡੁ ਅਵਰੁ ਨ ਕੋਈ ॥ ੨ ॥ ੧੧ ॥

(ਸੋਰਠਿ ਮਹਲਾ ੫)

ਤਿਸਦਾ ਪ੍ਰਮਾਰਥ ਕਿ ਪ੍ਰਮਾਤਮਾ (ਗੁਰਿ ਪੂਰੈ) ਨੇ ਆਪਣੀ ਸ਼ਕਤੀ ਦਿਖਾਈ ਹੈ, ਜਿਸ ਆਸਰੇ ਸਾਰਿਆਂ ਦੇ ਹਿਰਦਿਆਂ ਅੰਦਰ ਦਇਆ ਤੇ ਸੱਚ ਦਾ ਵਾਸ ਹੋ ਗਿਆ ਹੈ। ਉਸ ਦਇਆ ਦੇ ਕਾਰਨ ਸਾਰੇ ਵਿਛੜੇਮਿਲ ਪਏ ਹਨ। ਸੰਗਤਾਂ ਦੇ ਮੇਲ ਨਾਲ ਚਾਰੋਂ ਪਾਸੇ ਖੁਸ਼ੀ ਹੀ ਖੁਸ਼ੀ ਦਿਸ ਰਹੀ ਹੈ, ਹੁਣ ਸਭ ਸੁਖ ਹੈ। ਸਤਿਗੁਰੂ ਪੂਰਾ (ਪ੍ਰਮਾਤਮਾ) ਮੇਰੇ ਨਾਲ ਹੈ, ਉਹ ਅਸਾਂ ਦੀ ਹਰਦਮ ਰਾਖੀ ਕਰਦਾ ਹੈ। ਅਸਾਂ ਨੂੰ ਕਿਸੇ ਗੱਲ ਦਾ ਘਾਟਾ ਨਹੀਂ। ਅਸੀਂ ਜਿਧਰ ਵੀ ਦੇਖਦੇ ਹਾਂ, ਅੰਦਰ ਤੇ ਬਾਹਰ ਓਹੋ (ਪ੍ਰਮਾਤਮਾ) ਹੀ ਨਜ਼ਰ ਆਉਂਦਾ ਹੈ। ਪੰਛੀਆਂ, ਦਰਖਤਾਂ, ਫੁੱਲਾਂ, ਫਲਾਂ ਤੇ ਮਨੁਖਾਂ ਦੇ ਰੂਪ ਵਿਚ ਹਰ ਥਾਂ ਓਹੋ ਹੀ ਹੈ। ਅਸਾਡੇ ਭਾਗ ਚੰਗੇ ਹਨ, ਜੋ ਪ੍ਰਮਾਤਮਾ ਨੂੰ ਪਾ ਲਿਆ ਹੈ। ਉਸ ਪ੍ਰਮਾਤਮਾ ਵਰਗਾ ਕੋਈ ਨਹੀਂ ਜੋ, ਸਾਰੇ ਸਮਝ ਲਵੇ। ਸਾਹਿਬਾਂ ਨੇ ਹੋਰ ਬਚਨ ਕੀਤਾ—

ਨਾਲਿ ਨਾਰਾਇਣੁ ਮੇਰੈ ॥ ਜਮਦੂਤੁ ਨ ਆਵੈ ਨੇਰੈ ॥ ਕੰਠਿ ਲਾਇ ਪ੍ਰਭ ਰਾਖੈ ॥ ਸਤਿਗੁਰ ਕੀ ਸਚੁ ਸਾਖੈ ॥੧॥ ਗੁਰਿ ਪੂਰੈ ਪੂਰੀ ਕੀਤੀ ॥ ਦੁਸਮਨ ਮਾਰਿ ਵਿਡਾਰ ਸਗਲੇ ਦਾਸ ਕਉ ਸੁਮਤਿ ਦੀਤੀ ॥ ੧ ॥ ਰਹਾਉ ॥ ਪ੍ਰਭਿ ਸਗਲੇ ਥਾਨ ਵਸਾਏ ॥ ਸੁਖਿ ਸਾਂਦਿ ਫਿਰਿ ਆਏ ॥ ਨਾਨਕ ਪ੍ਰਭ ਸਰਣਾਏ ॥ ਜਿਨਿ ਸਗਲ ਰੋਗ ਮਿਟਾਏ ॥੨॥੪੮॥

(ਸੋਰਠਿ ਮਹਲਾ ੫)

੩੩. ਪ੍ਰਿਥੀ ਚੰਦ ਦੀ ਸੁਲਹੀ ਨਾਲ ਮਿਤ੍ਰਤਾਈ

ਅਕਬਰ ਦੀ ਮੌਤ ਪਿਛੋਂ ਉਹਦਾ ਪੁਤ੍ਰ ਜਹਾਂਗੀਰ ਦਿਲੀ ਤਖਤ ਉਤੇ ਬੈਠਾ ਤੇ ਹਿੰਦੁਸਤਾਨ ਦਾ ਬਾਦਸ਼ਾਹ ਬਣਿਆਂ। ਜਹਾਂਗੀਰ ਦਾ ਸੁਭਾ ਅਕਬਰ ਨਾਲੋਂ ਰਤਾ ਵਖਰਾ ਸੀ। ਜਿਸ ਬਾਰੇ ਅਗੇ ਜਾ ਕੇ ਲਿਖਿਆ ਜਾਵੇਗਾ। ਏਥੇ ਸਿਰਫ ਇਹ ਦਸਣਾ ਜ਼ਰੂਰੀ ਹੈ ਕਿ ਜਹਾਂਗੀਰ ਦੇ ਸਮੇਂ ਪੰਜਾਬ ਦਾ ਸੂਬੇਦਾਰ ਸੁਲਹੀ ਸੀ ਜਿਵੇਂ ਕਿ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ–

ਜਹਾਂਗੀਰ ਪਾਤਸ਼ਾਹ ਭਯੋ ਹੈ। ਸੁਲਹੀ ਤਿਹ ਉਮਰਾਵ ਕਿਯੋ ਹੈ।
ਸੋ ਮਾਝੇ ਮਹਿ ਚਲ ਕਰ ਆਯੋ। ਲਸ਼ਕਰ ਮਹਾਂ ਸੰਗ ਮਹਿ ਲਯਾਯੋ।

ਸੁਲਹੀ ਮਾਝੇ ਦਾ ਦੌਰਾ ਕਰਨ ਵਾਸਤੇ ਪਟੀ ਆਇਆ। ਪਟੀ ਉਸ ਵੇਲੇ ਵਰਤ-ਮਾਨ ਜ਼ਿਲੇ ਵਾਂਗੂ ਸਰਕਾਰੀ ਕੇਂਦਰ ਸੀ ਉਹਦੇ ਨਾਲ ਭਾਰੀ ਲਸ਼ਕਰ(ਫੌਜ) ਸੀ।

ਪ੍ਰਿਥੀ ਚੰਦ ਨੂੰ ਪਤਾ ਲਗਾ ਕਿ ਸੂਬੇਦਾਰ ਦੌਰੇ ਉਤੇ ਆਇਆ ਹੈ ਤੇ ਉਹ ਲੋਕਾਂ ਦੀਆਂ ਫਰਿਆਦਾਂ ਸੁਣਦਾ ਹੈ। ਉਹਵੀ ਤਿੰਨ ਚਾਰ ਸਿਖਾਂ ਨੂੰ ਨਾਲ ਲੈਕੇ ਪਟੀ ਜਾ ਪੁਜਾ। ਸਤਿਗੁਰੂ ਰਾਮਦਾਸ ਜੀਦੇ ਸਮੇਂ ਦਾ ਇਕ ਸੁੰਦਰ ਘੋੜਾ ਉਹਦੇ ਕੋਲ ਸੀ, ਉਹ ਸੁਲਹੀ ਦੀ ਭੇਟਾ ਕਰਨ ਵਾਸਤੇ ਲੈ ਗਿਆ। ਨਜ਼ਰਾਨੇ ਵਾਸਤੇ ਰੁਪਿਆ ਵੀ ਲਿਆ। ਰਾਮਦਾਸਪੁਰ ਤੋਂ ਚਲ ਕੇ ਰਾਤ ਨੂੰ ਪਟੀ ਪਹੁੰਚ ਗਿਆ। ਉਸ ਸਮੇਂ ਸੂਬੇਦਾਰ ਦੀ ਬੜੀ ਵਡੀ ਸ਼ਖਸੀਅਤ ਹੁੰਦੀ ਸੀ। ਉਹਦਾ ਠਾਠਬਾਠ ਬਾਦਸ਼ਾਹਾਂ ਦੇ ਸਮਾਨ ਹੁੰਦਾ ਸੀ ਆਮ ਆਦਮੀ ਨੂੰ ਉਚੇਚਾ ਮਿਲਣਾ ਔਖਾ ਸੀ।

ਪ੍ਰਿਥੀ ਚੰਦ ਨੇ ਪਟੀ ਪੁਜ ਕੇ ਪਹਿਲਾਂ ਹੇਠਲੇ ਅਫ਼ਸਰਾਂ ਨਾਲ ਮਿਤ੍ਰਤਾ ਕਾਇਮ ਕੀਤੀ ਉਨ੍ਹਾਂ ਨੂੰ ਨਗਦ ਰੁਪਿਆ ਤੇ ਦੁਸ਼ਾਲੇ ਆਦਿਕ ਦਿਤੇ। ਉਨ੍ਹਾਂ ਅਫ-ਸਰਾਂ ਨੇ ਸੁਲਹੀ ਨਾਲ ਸਵੇਰੇ ਦਸ ਵਜੇ ਮੁਲਾਕਾਤ ਕਰਾ ਦਿੱਤੀ। ਮੁਲਾਕਾਤ ਸਮੇਂ ਪ੍ਰਿਥੀ ਚੰਦ ਨੇ ਇਉਂ ਆਪਣੀ ਜਾਣ ਪਛਾਣ ਕਰਾਈ–'ਹਜ਼ੂਰ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ (ਜੋ ਵਲੀ ਹਿੰਦ ਤੇ ਦੁਨੀਆਂ ਤੇ ਵਡੇ ਪੀਰ ਹੋਏ ਹਨ) ਦੀ ਗੁਰ-ਗਦੀ ਉਤੇ ਪੰਜਵਾਂ ਗੁਰੂ ਹਾਂ। ਅਕਬਰ ਬਾਦਸ਼ਾਹ ਦੀ ਦਿਤੀ ਹੋਈ ਜਗੀਰ ਝਬਾਲ ਪਰਗਣੇ ਦਾ ਵਾਰਸ ਹਾਂ। ਰਾਮਦਾਸ ਪੁਰ ਨਾਮ ਦਾ ਨਵਾਂ ਸ਼ਹਿਰ ਵਸਾਇਆ ਹੈ।'

'ਆਪ ਨੂੰ ਮਿਲਕੇ ਬਹੁਤ ਖੁਸ਼ੀ ਹੋਈ।' ਸੁਲਹੀ ਨੇ ਉੱਤਰ ਦਿਤਾ।

ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਦੂਸਰੇ ਸਤਿਗੁਰੂ ਸਾਹਿਬਾਨ ਦੀ ਸਾਰੇ ਭਾਰਤ ਵਿਚ ਬਹੁਤ ਚਰਚਾ ਸੀ। ਸਾਰੀਆਂ ਕੌਮਾਂ ਸਤਿਕਾਰ ਕਰਦੀਆਂ ਸਨ। ਸੁਲਹੀ ਨੇ ਵੀ ਗੁਰ-ਗੱਦੀ ਦੀ ਉਪਮਾ ਸੁਣੀ ਹੋਈ ਸੀ। ਉਹ ਪ੍ਰਿਥੀ ਚੰਦ ਨਾਲ ਬਚਨ ਬਿਲਾਸ ਕਰਦਾ ਰਿਹਾ। ਹੇਠ ਉਤੇ ਤਿੰਨ ਮੁਲਾਕਾਤਾਂ ਹੋਈਆਂ। ਪਹਿਲੀ ਮੁਲਾਕਾਤ ਵਿਚ ਨਗਦ ਰੁਪਿਆ ਤੇ ਕੀਮਤੀ ਦੁਸ਼ਾਲੇ ਬਤੌਰ ਨਜ਼ਰਾਨੇ ਦੇ ਭੇਟਾ ਕੀਤੇ। ਦੂਸਰੀ ਮੁਲਾਕਾਤ ਵਿਚ ਘੋੜਾ ਅਤੇ ਤੀਸਰੀ ਮੁਲਾਕਾਤ ਵਿਚ ਸੁਲਹੀ ਨੇ ਆਪਣੇ ਮਨ ਦਾ ਮਨੋਰਥ ਪ੍ਰਗਟ ਕੀਤਾ—'ਦੇਖੋ ਨਾ ਜੀ ! ਮੈਂ ਗੁਰੂ ਰਾਮਦਾਸ ਜੀ ਦਾ ਵੱਡਾ ਪੁਤ੍ਰ ਹਾਂ, ਇਸ ਕਰਕੇ ਮੇਰਾ ਹੱਕ ਹੈ ਗੁਰਿਆਈ ਦਾ, ਪਰ ਮੇਰਾ ਛੋਟਾ ਭਰਾ (ਗੁਰੂ) ਅਰਜਨ (ਜੀ) ਮਲੋ ਮਲੀ ਗੁਰੂ ਬਣ ਬੈਠਾ ਹੈ। ਮੇਰੀ ਉਹਦੀ ਦੁਸ਼ਮਨੀ ਹੈ। ਉਹ ਲੋਕਾਂ ਨੂੰ ਵਰਗਲਾ ਕੇ ਆਪ ਪੂਜਾ ਕਰਾ ਰਿਹਾ ਹੈ। ਮੈਂ ਭਲਮਾਨਸੀ ਤੋਂ ਕੰਮ ਲੈਂਦਾ ਹਾਂ, ਖਾਹ-ਮਖਾਹ ਝਗੜਾ ਨਹੀਂ ਕਰਦਾ। ਸ਼ਾਇਦ ਇਕ ਦਿਨ ਦੰਗਾ ਕਰਨਾ ਹੀ ਪਵੇ। ਗੁਰਿਆਈ ਨੂੰ ਕਾਇਮ ਰਖਣ ਵਾਸਤੇ ਜੇ ਮੈਨੂੰ ਆਪ ਦੀ ਸਹਾਇਤਾ ਦੀ ਲੋੜ ਪਵੇ ਤਾਂ ਕੀ ਸਹਾਇਤਾ ਕਰੋਗੇ ?'

'ਜ਼ਰੂਰ। ਲੋੜ ਪਈ ਤਾਂ ਮੈਂ ਬਾਦਸ਼ਾਹ ਸਲਾਮਾਤ ਕੋਲ ਵੀ ਆਪ ਦੀ ਸਿਫ਼ਾਰਸ਼ ਕਰ ਦੇਵਾਂਗਾ। ਕੋਈ ਫ਼ਿਕਰ ਨਾ ਕਰੋ।' ਸੁਲਹੀ ਨੇ ਉੱਤਰ ਦਿਤਾ।

ਸੁਲਹੀ ਕਹਯੋ ਨ ਚਿੰਤ ਕਰੀਜਹਿ॥ ਜਿਹ ਤੁਮ ਚਹਹੁ ਤਥਾ ਕਰ ਦੀਜਹਿ॥
ਪਰਹਿ ਕਾਜ ਕੁਛ ਤੇਰੋ ਆਇ ॥ ਸਰਬ ਸਵਾਰੋਂ ਮੈਂ ਬਲ ਲਾਇ ॥
(ਸੂਰਜ ਪ੍ਰਕਾਸ਼)

ਪ੍ਰਿਥੀਚੰਦ ਤੇ ਸੁਲਹੀ ਦੀਆਂ ਮੁਲਾਕਾਤਾਂ ਮੁਕ ਗਈਆਂ, ਪਰ ਸੁਲਹੀ ਨੇ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਾਨ ਵਿਰੁਧ ਕੋਈ ਕਦਮ ਚੁਕਣਾ ਮੁਨਾਸਬ ਨਾ ਸਮਝਿਆ। ਉਹ ਲਾਹੌਰ ਨੂੰ ਚਲਿਆ ਗਿਆ ਤੇ ਪ੍ਰਿਥੀ ਚੰਦ ਖਾਲੀ ਹਥ ਵਾਪਸ 'ਰਾਮਦਾਸ ਪੁਰ' ਮੁੜ ਆਇਆ।

੩੪. ਅੰਮ੍ਰਿਤ ਸਰੋਵਰ ਦਾ ਪੱਕਿਆਂ ਕਰਾਉਣਾ ਤੇ ਹਰਿ ਮੰਦਰ ਸਾਹਿਬ ਦਾ ਤਿਆਰ ਹੋਣਾ

ਸ੍ਰੀ ਗੁਰੂ ਅਰਜਨ ਦੇਵ ਜੀ ਜਿਥੇ ਧੀਰਜਵਾਨ, ਸਤੋਗੁਣੀ ਤੇ ਈਸ਼੍ਵਰ ਭਗਤੀ ਵਾਲੇ ਸਨ. ਉਥੇ ਵਿਦਵਾਨ ਤੇ ਦੂਰੰਦੇਸ਼ ਵੀ ਸਨ। ਉਨ੍ਹਾਂ ਨੇ ਸਿਖੀ ਵਿਚ ਨਵੀਂ ਰੂਹ ਉਤਪਨ ਕਰਨ ਵਾਸਤੇ ਕਈ ਮਹਾਨ ਕਾਰਜ ਪ੍ਰਾਰੰਭ ਕੀਤੇ। ਸਭ ਤੋਂ ਪਹਿਲਾਂ ਸਾਹਿਬਾਂ ਨੇ ਹੁਕਮ ਦਿਤਾ 'ਕਿ ਅੰਮ੍ਰਿਤ ਸਰੋਵਰ ਜੋ ਸਤਿਗੁਰੂ ਰਾਮਦਾਸ ਜੀ ਦੇ ਸਮੇਂ ਪੁਟਿਆ ਗਿਆ ਹੈ ਉਸ ਨੂੰ ਪਕਿਆਂ ਕੀਤਾ ਜਾਵੇ। ਜਦ ਸਰੋਵਰ ਪੱਕਾ ਹੋ ਜਾਵੇ ਤਾਂ ਉਸ ਦੇ ਵਿਚਾਲੇ ਸੁੰਦਰ ਪੱਕਾ ਮੰਦਰ ਤਿਆਰ ਕੀਤਾ ਜਾਵੇ।' ਉਸ ਮੰਦਰ ਵਿਚ ਸਾਰੇ ਸਤਿਗੁਰਾਂ ਦੀ ਰੂਹ 'ਗੁਰਬਾਣੀ' ਦਾ ਪ੍ਰਕਾਸ਼ ਕੀਤਾ ਜਾਵੇਗਾ, ਜੋ ਜਗਤ-ਜਲੰਦੇ ਦੇ ਮਨੁਖ ਜੀਵਾਂ ਨੂੰ ਸੀਤਲਤਾ ਤੇ ਗਿਆਨ-ਰੋਸ਼ਨੀ ਬਖਸ਼ੇਗੀ। ਉਪਰੋਕਤ ਸਕੀਮ (ਵਿਉਂਤ) ਨੂੰ ਸਿਰੇ ਚਾੜ੍ਹਣ ਵਾਹਤੇ ਹਿੰਮਤ, ਮਾਯਾ ਦ੍ਰਿੜਵਿਸ਼ਵਾਸੀ ਅਤੇ ਸੇਵਾ ਦੀ ਲੋੜ ਸੀ। ਮਾਯਾ ਤੋਂ ਬਿਨਾ ਬਾਕੀ ਚੀਜ਼ਾਂ ਹਾਜਰ ਸਨ। ਮਾਯਾ ਵੱਡੀ ਸ਼ਕਤੀ ਹੋਈ, ਜਿਸ ਆਸਰ ਮਾਦੇ ਨੇ ਆਉਣਾ ਸੀ ਤੇ 'ਮਾਦੇ ਨਾਲ ਸਾਰੀ ਵਿਉਂਤ ਨੇਪਰੇ ਚੜ੍ਹਨੀ ਸੀ। ਮਾਯਾ ਦੇ ਇਕਠੇ ਕਰਨ ਵਾਸਤੇ ਸਤਿਗੁਰੂ ਜੀ ਨੇ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਨਾਲ ਸਲਾਹ ਕੀਤੀ। ਦੋਹਾਂ ਹੀ ਮਹਾਨ ਆਤਮਾਵਾਂ ਨੇ ਕਿਹਾ 'ਕਰਤਾਰ ਦਾ ਆਪਣਾ ਕਾਰਜ ਹੈ, ਆਪ ਦੀ ਦਇਆ ਦ੍ਰਿਸ਼ਟੀ ਦੀ ਲੋੜ ਹੈ। ਅਜ ਹੀ ਸਾਰੇ ਮੁਖੀ ਸਿਖਾਂ ਨੂੰ ਸਦ ਕੇ ਇਕਤ੍ਰਤਾ ਕੀਤੀ ਜਾਂਦੀ ਹੈ।' ਇਹ ਆਖਕੇ ਤੇ ਗੁਰ ਚਰਨਾਂ ਉਪਰ ਮੱਥਾ ਟੇਕ ਕੇ ਦੋਵੇਂ ਬ੍ਰਹਮ ਗਿਆਨੀ ਸਤਿਗੁਰੂ ਜੀ ਕੋਲੋਂ ਵਿਦਾ ਹੋ ਆਏ। ਅਗਲੇ ਦਿਨ ਮੁਖੀ ਸਿੱਖਾਂ ਦੀ ਇਕਤ੍ਰਤਾ ਸੋਈ ਉਸ ਇਕਤ੍ਰਤਾ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਮੋਹਰੀ ਜੀ, ਪਾਰੋ ਜੀ, ਕਲਿਆਣਾ ਜੀ, ਸਾਲੋ ਜੀ, ਗੁਰੀਆ, ਲੰਗਾਹਾ ਝਬਾਲੀਆ, ਪ੍ਰੇਮ ਜੀ, ਜੇਠਾ ਜੀ, ਪੈੜਾ ਜੀ, ਭੱਲਣ ਜੀ, ਬੂਲਾ ਜੀ, ਬਹਿਲੋ ਜੀ ਅਤੇ ਭੰਦੜ ਜੀ ਆਦਿ ਸਿਖ ਹਾਜ਼ਰ ਹੋਏ। ਜਦੋਂ ਬਾਬੇ ਬੁਢੇ ਜੀ ਤੇ ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦੇ ਮਨੋ-ਭਾਵਾਂ ਨੂੰ ਪ੍ਰਗਟ ਕਰਦਿਆਂ ਹੋਇਆਂ ਆਖਿਆ—

"ਅਜ ਤੋਂ ਸੇਵਾ ਤੇ ਜੁਟ ਪਓ ਤੇ ਕਾਰਜ ਸਿਰੇ ਚਾੜ੍ਹਕੇ ਜਨਮ ਸਫਲਾ ਕਰੋ।' ਸਾਰਿਆਂ ਨੇ ਇਕ ਜ਼ਬਾਨ ਨਾਲ ਆਖਿਆ, 'ਅਸਾਡੇ ਧੰਨ ਭਾਗ! ਅਸੀਂ ਤਨ, ਮਨ ਤੇ ਧਨ ਵਾਰਨ ਨੂੰ ਤਿਆਰ ਹਾਂ, ਹੁਕਮ ਕਰੋ ਸੇਵਾ ਬਖਸ਼ੋ। ਅਜ ਤੋਂ ਹੀ ਸਾਰੇ ਕਾਰਜ ਹੋਣੇ ਸ਼ੁਰੂ ਹੋ ਜਾਂਦੇ ਹਨ।' ਸਰੋਵਰ ਨੂੰ ਪਕਿਆਂ ਕਰਨ ਵਾਸਤੇ ਇੱਟਾਂ ਤੇ ਚੂਨੇ ਦੀ ਬਹੁਤ ਲੋੜ ਸੀ। ਮੁਖੀ ਸਿੱਖਾਂ ਨੂੰ ਅਡੋ ਅਡ ਕੰਮਾਂ ਉਤੇ ਲਾਇਆ ਗਿਆ। ਕੋਈ ਭਠਿਆਂ ਵਾਸਤੇ ਬਾਲਣ ਇਕੱਠਾ ਕਰਾਉਣ ਲਗਾ, ਕੋਈ ਇਟਾਂ ਦੀ ਪਥਾਈ ਵਲ ਰੁਝ ਗਿਆ ਤੇ ਬਾਕੀ ਦੇ ਬਾਹਰ ਭੇਜ ਦਿਤੇ ਗਏ ਕਿ ਸਿਖ ਸੰਗਤਾਂ ਕੋਲੋਂ ਮਾਇਆ ਇਕੱਠੀ ਕਰਕੇ ਲਿਆਉਣ। ਮਸੰਦਾਂ ਨੂੰ ਹੁਕਮ ਨਾਮੇ ਭੇਜੇ ਗਏ। ਦੋ ਮਹੀਨੇ ਦੇ ਅੰਦਰ ਅੰਦਰ ਸਿਖ ਸੰਗਤਾਂ ਨੇ ਕਈ ਮਣ ਚੂਨਾਂ ਅਤੇ ਢਾਈ ਤਿੰਨ ਲਖ ਇਟ ਤਿਆਰ ਕਰ ਦਿਤੀ। ਆਵੇ ਚੜ੍ਹ ਗਏ। ਇਕ ਪਾਸੇ ਪੱਕਦੇ ਗਏ ਤੇ ਦੂਸਰੇ ਪਾਸੇ ਨਵੇਂ ਚੜ੍ਹਦੇ ਗਏ। ਜੋ ਪੱਕ ਜਾਂਦੇ ਉਨ੍ਹਾਂ ਦੀਆਂ ਇਟਾਂ ਗੱਡਿਆਂ ਤੇ ਖੋਤਿਆਂ ਖਚਰਾਂ ਰਾਹੀਂ ਢੋਣੀਆਂ ਸ਼ੁਰੂ ਹੋ ਗਈਆਂ। ਕਰਤਾਰ ਦੀ ਐਸੀ ਕ੍ਰਿਪਾ ਹੋਈ, ਮਾਯਾ ਦੀ ਥੁੜੋਂ ਨਾ ਰਹੀ। ਰਾਜ ਤੇ ਮਜ਼ਦੂਰ ਲਾਕੇ ਸਰੋਵਰ ਦੇ ਪੌੜਾਂ ਨੂੰ ਪਕਿਆਂ ਕਰਨਾ ਆਰੰਭ ਦਿਤਾ। ਜਿਸ ਪਾਸੇ ਡੂੰਘਾ ਘਟ ਸੀ ਉਸ ਪਾਸੇ ਦੀ ਪੁਟਾਈ ਕਰਾ ਦਿਤੀ। ਹਜ਼ਾਰਾਂ ਸਿਖ ਸੰਗਤਾਂ 'ਸੁਧਾਸਰ' ਹੀ ਰਹਿਣ ਲਗੀਆਂ। ਉਨ੍ਹਾਂ ਦੇ ਪ੍ਰਸ਼ਾਦ ਵਾਸਤੇ ਗੁਰੂ ਕੇ ਲੰਗਰ ਦਾ ਸਾਰਾ ਸਾਮਾਨ ਵਧਾ ਦਿਤਾ। ਸੰਗਤ ਲੰਗਰ ਵਿਚ ਵੀ ਸੇਵਾ ਕਰਨ ਲਗੀ ਤੇ ਸਰੋਵਰ ਦੀ ਕਾਰ ਸੇਵਾ ਵੀ ਕਰਦੀ।

ਆਪ ਸਤਿਗੁਰੂ ਜੀ ਉਸ ਥੜੇ ਉਤੇ ਬੈਠਕੇ ਕਾਰ ਸੇਵਾ ਕਰਵਾਉਂਦੇ ਸਨ, ਜਿਥੇ ਸਤਿਗੁਰੂ ਰਾਮਦਾਸ ਜੀ ਬੈਠਿਆ ਕਰਦੇ ਸਨ। ਉਸ ਅਸਥਾਨ ਦਾ ਨਾਮ 'ਥੜਾ ਸਾਹਿਬ' ਅਜ ਤਕ ਪ੍ਰਸਿਧ ਹੈ। ਕਾਰ ਸੇਵਾ ਕਰਨ ਵਾਲਿਆਂ ਵਿਚ ਸਿਖੀ ਪਿਆਰ, ਭਰੋਸਾ ਤੇ ਉਤਸ਼ਾਹ ਬੇਅੰਤ ਸੀ। ਨਰ ਨਾਰੀ ਬਾਲ,ਬੁਢੇ ਤੇ ਜਵਾਨ ਸੇਵਾ ਕਰਕੇ ਤਨ ਸਫਲ ਕਰਦੇ ਸਨ ਅਤੇ ਸਿਮਰਨ ਕਰਕੇ ਮਨ ਪਵਿਤ੍ਰ ਕਰਦੇ ਸਨ।

ਸਰੋਵਰ ਦੀ ਸੇਵਾ ਹੁੰਦੀ ਦੇਖਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਸਿਖ ਸੰਗਤ, ਸੰਗਤ ਦਾ ਪ੍ਰੇਮ, ਮਾਇਆ ਦੇ ਗਫੇ, ਇਟਾਂ ਤੇ ਚੂਨੇ ਦਾ ਤਿਆਰ ਹੋਣਾ ਆਦਿਕ ਸਾਰੇ ਕਾਰਜ ਸੰਪੂਰਨ ਹੋਣ ਪਿਛੇ ਪ੍ਰਮਾਤਮਾ ਦੀ ਸ਼ਕਤੀ ਨੂੰ

ਅਨਭਵ ਕਰਦੇ ਸਨ। ਉਸ ਭਾਵ ਨੂੰ ਆਪ ਨੇ ਹੇਠਲੇ ਸ਼ਬਦ ਵਿਚਪ੍ਰਗਟਕੀਤਾ:–

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤੁ ਜਲੁ ਛਾਇਆ ਰਾਮ ॥
ਅੰਮ੍ਰਿਤੁ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਨੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥ ੧ ॥

ਸੰਗਤਾਂ ਨੂੰ ਸੰਬੋਧਨ ਕਰਕੇ ਸਤਿਗੁਰੂ ਜੀ ਫੁਰਮਾਉਂਦੇ ਹਨ–"ਅਸਾਂ ਸੰਤਾਂ ਦੇ ਕੰਮਾਂ ਦੇ ਕਰਨ ਵਾਸਤੇ ਆਪ ਵਾਹਿਗੁਰੂ ਆਇਆ ਹੈ। ਇਹ ਜੋ ਸੇਵਾ ਹੋ ਰਹੀ ਹੈ, ਸਭ ਆਪ ਕਰ ਰਿਹਾ ਹੈ। ਸੇਵਕਾਂ ਤੇ ਸਿਖਾਂ ਸ਼ਰਧਾਲੂਆਂ ਦੇ ਰੂਪ ਵਿਚ ਵਾਹਿਗੁਰੂ ਹੈ। ਜਿਨ੍ਹਾਂ ਸਿਖਾਂ ਨੂੰ ਤੁਸੀਂ ਪਛਾਣ ਨਹੀਂ ਸਕਦੇ, ਇਹ ਦੇਵਤੇ ਤੇ ਕਿੰਨਰ ਗੰਧਰਬ ਹਨ। ਸਭ ਉਸ ਵਾਹਿਗੁਰੂ ਦੇ ਚੋਜ ਸਮਝੋ ਜੋ ਸਾਰਿਆਂ ਦਾ ਰਾਖਾ ਹੈ। ਇਸ ਅੰਮ੍ਰਿਤ ਸਰੋਵਰ ਦੇ ਤਿਆਰ ਹੋ ਜਾਣ ਨਾਲ ਇਹ ਸਾਰੀ ਧਰਤੀ (ਮਾਝੇ ਦੀ ਪੂਜਨੀਕ, ਸੁਹੱਪਣ ਵਾਲੀ, ਹਰੇ ਭਰੇ ਬਾਗਾਂ ਤੇ ਖੇਤਾਂ ਵਾਲੀ ਹੋ ਜਾਵੇਗੀ।ਏਥੇ ਬਰਕਤਾਂ ਵਸਣਗੀਆਂ। ਜਦੋਂ ਸਰੋਵਰ ਅੰਮ੍ਰਿਤ ਰੂਪੀ ਜਲ ਨਾਲ ਭਰਪੂਰ ਹੋ ਗਿਆ ਤਾਂ ਸਮਝੋ ਵਾਹਿਗੁਰੂ ਨੇ ਐਸਾ ਵਸੀਲਾ ਬਣਾ ਦਿਤਾ ਜਿਸ ਨਾਲ ਸਾਰੇ ਹੀ ਮਨੋਰਥ ਪੂਰੇ ਹੋ ਗਏ। ਨੌ ਨਿਧੀਆਂ ਤੇ ਬਾਰਾਂ ਸਿੱਧੀਆਂ ਏਥੋਂ ਪ੍ਰਾਪਤ ਹੋਣਗੀਆਂ। ਸਾਰੇ ਸੰਸਾਰ ਅੰਦਰ ਜੈ ਜੈਕਾਰ ਹੋਵੇਗਾ। (ਗੁਰੂ ਜੀ ਦੇ ਬਚਨ ਸਚੇ ਹੋਏ)ਅਜ ਸ੍ਰੀ ਦਰਬਾਰ ਸਾਹਿਬ ਸੰਸਾਰ ਦੇ ਅਜੂਬਿਆਂ ਵਿਚੋਂ ਇਕ ਹੈ ਤੇ ਗੋਲਡਨ ਟੈਂਪਲ (ਸੁਨਹਿਰੀ ਮੰਦਰ) ਦੇ ਨਾਮ ਨਾਲ ਪ੍ਰਸਿੱਧ ਹੈ। ਸਾਰੀ ਦੁਨੀਆਂ ਦੇ ਯਾਤਰੂ ਦਰਸ਼ਨ ਕਰਨ ਆਉਂਦੇ ਹਨ। ਜੋ ਜਿਸ ਚੰਗੀ ਭਾਵਨਾ ਨਾਲ ਆਕੇ ਦਰਸ਼ਨ ਕਰਦਾ ਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ, ਉਸ ਦੀ ਉਹ ਭਾਵਨਾ ਪੂਰੀ ਹੋ ਜਾਂਦੀ ਹੈ।) ਸਾਰੇ ਸੰਸੇ ਮਿਟ ਗਏ। ਸਮਝੋ ਮਨੁਖ ਜਾਤੀ ਵਾਸਤੇ ਅੰਮ੍ਰਿਤ ਦਾ ਖੁਲ੍ਹਾ ਖਜ਼ਾਨਾ ਪ੍ਰਾਪਤ ਹੋ ਜਾਵੇਗਾ ਝੋਰਿਆਂ ਤੇ ਦੁਖਾਂ ਦਾ ਨਾਸ਼ ਹੋਇਆ ਕਰੇਗਾ। ਇਹ ਸਭ ਕ੍ਰਿਪਾ ਉਸ ਵਾਹਿਗੁਰੂ ਦੀ ਸਮਝੋ ਜੋ ਦਿਸਦਾ ਨਹੀਂ ਅਰੂਪ ਹੈ ਪਰ ਹੈ ਜ਼ਰੂਰ ਉਸ ਦੀ ਹੋਂਦ ਤੇ ਸਚ ਨੂੰ ਵੇਦਾਂ ਵਿਚ ਪ੍ਰਗਟ ਕੀਤਾ ਗਿਆ ਹੈ ਜਿਵੇਂ ਪ੍ਰਮਾਤਮਾ ਦਾ ਸੁਭਾਉ ਹੈ ਸ਼ੁਭ ਤੇ ਚੰਗੇ ਕਰਮ

(ਕੰਮਾਂ) ਵਿਚ ਸਹਾਈ ਹੋਣਾ। ਉਸ ਬਿਰਦ ਨੂੰ ਆਪ ਨੇ ਪਾਲਿਆ (ਪੂਰਾ) ਕੀਤਾ ਹੈ। ਏਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਹ ਪ੍ਰਚਾਰ ਹੋ ਰਿਹਾ ਹੈ ਕਿ ਉਸ ਵਾਹਿਗੁਰੂ ਦੇ ਨਾਮ ਦਾ ਸਿਮਰਨ ਕੀਤਾ ਜਾਵੇ। ਜਦੋਂ ਸਿਮਰਨ ਕਰਾਂਗੇ ਤਾਂ ਪ੍ਰਮਾਤਮਾ ਕਲਜੁਗੀ ਜੀਵਾਂ ਦੇ ਕਾਰਜ ਰਾਸ ਕਰਨਗੇ।

ਪ੍ਰਿਥੀ ਚੰਦ ਨੇ ਆਪ, ਮਸੰਦਾਂ ਅਤੇ ਸਰਕਾਰੀ ਆਦਮੀਆਂ ਰਾਹੀਂ ਸਰੋਵਰ ਦੇ ਪੱਕੇ ਹੋਣ ਅਤੇ ਬਾਹਰੋਂ ਮਾਇਆ ਆਉਣ ਵਿਚ ਰੁਕਾਵਟ ਪਾਉਣ ਦਾ ਬੜਾ ਯਤਨ ਕੀਤਾ, ਪਰ ਉਸਨੂੰ ਅਸਫਲਤਾ ਦਾ ਮੂੰਹ ਵੇਖਣਾ ਪਿਆ। ਸਤਿਗੁਰੂ ਜੀ ਦੀ ਉਪਮਾ ਵਡਿਆਈ ਅਤੇ ਸਰੋਵਰ ਤੇ ਸ਼ਹਿਰ ਦੀ ਸੋਭਾ ਦਿਨੋ ਦਿਨ ਵਧਦੀ ਹੀ ਗਈ। ਸੰਮਤ੧੬੪੪ ਵਿਚ ਅੰਮ੍ਰਿਤ ਸਰੋਵਰ ਪੱਕਾ ਹੋ ਗਿਆ। ਪਰ ਜਲ ਅਜੇ ਨਾ ਛਡਿਆ ਕਿਉਂਕਿ ਵਿਚਾਲੇ ਹਰੀ ਮੰਦਰ ਬਣਵਾਉਣ ਦੀ ਵਿਉਂਤ ਪੂਰੀ ਕਰਨੀ ਸੀ। ਜਦੋਂ ਸਰੋਵਰ ਸੰਪੂਰਨ ਹੋਇਆ ਚੌਹਾਂ ਪਾਸਿਆਂ ਦੇ ਪੌੜ ਬਣ ਗਏ ਤਾਂ ਸਤਿਗੁਰੂ ਜੀ ਨੇ ਪ੍ਰਮਾਤਮਾ ਜੀ ਦਾ ਧੰਨਵਾਦ ਇਉਂ ਕੀਤਾ—

ਨਵਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥ ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ। ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ ੨ ॥

ਹੇ ਵਾਹਿਗੁਰੂ! ਇਹ ਆਪ ਦੀ ਦਇਆ ਦਾ ਸਦਕਾ ਹੈ ਕਿ ਅਜ ਸੰਸਾਰ ਆਖ ਰਿਹਾ ਹੈ ਅਸਾਂ ਕੋਲ ਰਿਧੀਆਂ (ਕਰਾਮਾਤੀ ਸ਼ਕਤੀਆਂ) ਹਨ। ਓਹਨਾਂ ਰਿਧੀਆਂ ਤੇ ਸਿਧੀਆਂ ਨੂੰ ਅਸੀਂ ਵਰਤੀ ਜਾਂਦੇ ਹਾਂ, ਤੋਟ ਨਹੀਂ ਆ ਰਹੀ। ਇਹ ਵੀ ਆਪ ਦੀ ਮੇਹਰ ਹੈ। ਆਪ ਦੀਆਂ ਦਾਤਾਂ ਨੂੰ ਖਰਚਦੇ ਤੇ ਖਾਂਦੇ ਹਾਂ, ਓਹਨਾਂ ਦੇ ਖਰਚਨ ਨਾਲ ਬਹੁਤ ਸੁਖ ਪ੍ਰਾਪਤ ਹੋ ਰਹੇ ਹਨ। ਮੌਜਾਂ ਹੀ ਮੌਜਾਂ ਹਨ। ਹਰ ਪਾਸੇ ਖੁਸ਼ੀਆਂ ਦੀ ਬਹਾਰ ਹੈ। ਪਰ ਸਭ ਤੋਂ ਵਡੀ ਖੂਬੀ ਇਹ ਹੈ ਕਿ ਜਿੰਨਾ ਖਰਚਦੇ ਹਾਂ, ਓਨੀਆਂ ਹੀ ਦਾਤਾਂ ਵਧਦੀਆਂ ਜਾਂਦੀਆਂ ਹਨ। ਇਨ੍ਹਾਂ ਦਾਤਾਂ ਦੇ ਵਾਧੇ ਦਾ ਕਾਰਨ ਇਹ ਹੈ ਕਿ ਅਸੀਂ ਆਪ ਉਤੇ ਭਰੋਸਾ ਕਰਦੇ ਹਾਂ। ਜਦੋਂ ਸਭ ਕੁਝ ਆਪ (ਵਾਹਿਗੁਰੂ) ਦੇ ਭਰੋਸੇ ਉਤੇ ਸੁਟ ਦਿਤਾ ਤਾਂ ਓਹ ਵਿਘਨ ਜੋ ਹਜ਼ਾਰਾਂ ਦੀ ਗਿਣਤੀ ਵਿਚ ਸਨ, ਸਾਰੇ ਹੀ ਦੂਰ ਹੋ ਗਏ। ਜਦੋਂ ਵਿਘਨ ਦੂਰ ਹੋ ਗਏ ਤਾਂ ਹਰ ਪਾਸੇ ਸ਼ਾਂਤੀ, ਸੀਤਲਤਾ ਦੀ

ਬਹਾਰ ਦਿਸਣ ਲਗੀ। ਸਾਰੀਆਂ ਭੁਖਾਂ ਦੂਰ ਹੋ ਗਈਆਂ। ਆਓ ਸਿਖੋ, ਗੁਰ ਭਾਈਓ ਰਲਕੇ ਉਸ ਦਾਤੇ ਦੇ ਗੁਣ ਗਾਈਏ, ਜੋ ਸਾਰੀਆਂ ਦਾਤਾਂ ਨੂੰ ਬਖਸ਼ਣ ਵਾਲਾ ਪ੍ਰਮਾਤਮਾ ਹੈ।

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧ ਸੰਗਤਿ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ।
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥ ੩ ॥

ਸਾਹਿਬ ਫੁਰਮਾਉਂਦੇ ਹਨਃ—ਕਈ ਅਨਮਤੀਏ ਹੈਰਾਨ ਹਨ ਕਿ ਐਡਾ ਵਡਾ ਕਾਰਜ ਕਿਵੇਂ ਸਿਰੇ ਚੜ੍ਹ ਗਿਆ, ਓਹਨਾਂ ਨੂੰ ਇਹ ਗਿਆਨ ਨਹੀਂ ਕਿ ਇਹ ਕਾਰਜ ਹੀ ਪ੍ਰਮਾਤਮਾ ਦਾ ਆਪਣਾ ਸੀ (ਭਗਤੀ ਦਾ ਕੇਂਦਰ) ਉਸ ਨੇ ਆਪ ਹੀ ਸਿਰੇ ਚੜ੍ਹਾ ਲਿਆ। ਕਲਜੁਗ ਦਾ ਪੁਰਸ਼ ਇਸ ਤਰਾਂ ਦਾ ਕਾਰਜ ਕਿਵੇਂ ਕਰ ਸਕਦਾ ਹੈ। ਇਹ ਸਰੋਵਰ, ਮੰਦਰ ਤੇ ਸ਼ਹਿਰ ਇਸ ਕਰਕੇ ਤਿਆਰ ਕੀਤਾ ਜਾ ਰਿਹਾ ਹੈ ਕਿ ਭਗਤ ਜਨ ਸ਼ਾਂਤੀ ਨਾਲ ਇਸ ਅਸਥਾਨ ਉਤੇ ਵਾਹਿਗੁਰੂ ਦੀ ਭਗਤੀ ਕਰਨ ਅਤੇ ਪ੍ਰਮਾਤਮਾ ਦੀ ਜੈ ਜੈ ਕਾਰ ਹੋਵੇ। ਭਗਤੀ ਕਰਕੇ ਵਾਹਿਗੁਰੂ ਦਾ ਜਸ ਗਾ ਕੇ ਜੀਵਨ ਨੂੰ ਸਫਲ ਕਰਨ, ਪਰ ਗੁਣ ਗਾਉਣ ਵਾਸਤੇ ਅਸਥਾਨ ਦੀ ਲੋੜ ਹੈ ਤੇ ਅਸਥਾਨ ਵਿਚ ਸਿਖਾਂ ਦਾ ਸਤਿ ਸੰਗਤ ਦੇ ਰੂਪ ਵਿਚ ਇਕੱਠਿਆਂ ਹੋਣਾ ਚਾਹੀਦਾ ਹੈ। ਅਸੀਂ ਉਸ ਦੀ ਉਪਮਾ ਕੀ ਕਰ ਸਕਦੇ ਹਾਂ ਜਿਸ ਨੇ ਇਹ ਸਰੋਵਰ (ਤਾਲ) ਪੁਟਣ ਤੇ ਪਕਿਆਂ ਕਰਨ ਦਾ ਉੱਦਮ ਬਖਸ਼ਿਆ (ਏਥੇ ਸ੍ਰੀ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਵਲ ਵੀ ਇਸ਼ਾਰਾ ਹੈ) ਇਸ ਸਰੋਵਰ ਵਿਚ ਸ਼ਕਤੀ ਕੀ ਹੈ ? ਸਾਹਿਬ ਕਹਿੰਦੇ ਹਨ ਭਾਰਤ ਵਿਚ ੬੮ ਤੀਰਥ ਤੇ ਹਜ਼ਾਰਾਂ ਮੰਦਰ ਹਨ, ਪਰਜੋ ਪ੍ਰਾਨੀ (ਪੁਰਸ਼ ਜਾਂ ਇਸਤ੍ਰੀ) ਇਸ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਨੂੰ ੬੮ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਦੀ ਲੋੜ ਨਹੀਂ ਪਵੇਗੀ, ਉਹਦੀਆਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ। ਸਾਰੇ ਪੁੰਨ ਪ੍ਰਾਪਤ ਹੋ ਜਾਣਗੇ। ਨਿਰਮਲ ਆਚਾਰ ਸ਼ੁਧ ਮਨ ਤੇ ਚੰਗਾ ਜੀਵਨ ਪ੍ਰਾਪਤ ਹੋਵੇ ਦੁਧ ਪੁਤ੍ਰ ਤੇ ਧਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ। ਐਸਾ ਇਹ ਤੀਰਥ ਜਗਤ ਵਿਚ ਹੋਵੇਗਾ।

ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ ਸੰਤਾ ਕੀ ਬੇਨੰਤੀ ਸੁਆਮੀ ਨਾਮੁ ਰਸੁ ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤੁ ਭੀਜੈ ॥ ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥ ੪ ॥ ੭ ॥ ੧੦ ॥ (ਸੂਹੀ ਮਹਲਾ ੫)

ਵਾਹਵਾ ! ਸਿਫਤ ਕਰੀਏ (ਸਤਿਗੁਰੂ ਜੀ ਆਖਦੇ ਹਨ) ਅਸਾਂ ਦਾ ਪ੍ਰਮਾਤਮਾ ਗੁਣਾਂ ਦਾ ਖਜ਼ਾਨਾ ਹੈ। ਓਸ ਦੀ ਵਡਿਆਈ ਕਥਨ ਤੋਂ ਪਰੇ ਹੈ, ਕੋਈ ਉਸਤਤ ਨਹੀਂ ਕਰ ਸਕਦਾ। ਸਾਰੇ ਸੰਤ (ਨੇਕ ਪੁਰਸ਼) ਰਲਕੇ ਅਰਦਾਸ ਬੇਨਤੀ ਕਰਦੇ ਹਨ ਕਿ ਹੇ ਮਾਲਕ!ਅਸਾਂ ਨੂੰ ਆਪਣੇ ਨਾਮ ਦੇ ਸਿਮਰਨ ਦੀ ਹਿੰਮਤ ਬਖਸ਼, ਅਸੀਂ ਨਾਮ ਰੂਪੀ ਮਹਾਂ ਰਸ ਨੂੰ ਹਾਸਲ ਕਰਨਾ ਚਾਹੁੰਦੇ ਹਾਂ, ਨਾਮ ਬਖਸ਼ੋ। ਇਹ ਵੀ ਵਰ ਦਾਨ ਦਿਓ ਕਿ ਇਕ ਪਲ ਵੀ ਨਾਮ ਨਾ ਵਿਸਰੇ, ਭਾਵ ਦੁਨੀਆਂ ਦਾਰੀ ਦੇ ਸੁਖਾਂ ਵਿਚ ਖਚਤ ਹੋਕੇ ਵਾਹਿਗੁਰੂ ਨਾ ਭੁਲ ਜਾਵੇ। ਰਾਤ ਦਿਨੇ ਜਿਹਬਾ ਆਪ ਦੀ ਉਸਤਤ ਕਰਦੀ ਰਹੇ। ਜਿਸ ਦਾ ਮਨ ਤੇ ਤਨ ਪ੍ਰਮਾਤਮਾ ਦੇ ਨਾਮ ਸਿਮ-ਰਨ ਤੇ ਸੰਗਤਾਂ ਦੀ ਸੇਵਾ ਕਰਨ ਵਿਚ ਰੁਝਾ ਹੈ, ਓਹ ਪਵਿਤ੍ਰ ਹਨ। ਸਾਰੀਆਂ ਆਸਾਂ ਪੂਰੀ ਹੋ ਗਈਆਂ ਹਨ। ਉਸ ਸਮੇਂ ਧਾਰਮਕ ਬਿਰਤੀ ਵਾਲੇ ਲੋਕ ਤਨ ਮਨ ਨਾਲ ਗੁਰੂ ਘਰ ਦੀ ਸੇਵਾ ਕਰਦੇ ਸਨ। ਕਈਆਂ ਨਗਰਾਂ ਦੀ ਸੰਗਤ ਨੇ ਜਥਿਆਂ ਦੇ ਰੂਪ ਵਿਚ ਆਉਣਾ ਤੇ ਸੇਵਾ ਕਰਕੇ ਵਾਪਸ ਜਾਣਾ। ਢਾਈ ਕੁ ਸਾਲ ਦੇ ਸਮੇਂ ਵਿਚ ਸਰੋਵਰ ਪਕਾ ਹੋ ਗਿਆ ਤੇ ਮੰਦਰ ਦੀ ਵੀ ਨੀਂਹ ਰਖ ਦਿਤੀ। ਮੰਦਰ ਦੀ ਨੀਂਹ ਸਤਿਗੁਰੂ ਜੀ ਨੇ ਆਪ ਨਹੀਂ ਰਖੀ, ਸਗੋਂ ਆਪਣੇ ਸਚੇ ਮਿੱਤ੍ਰ ਤੇ ਸ਼ਰ-ਧਾਲੂ ਪੀਰ ਮੀਆਂ ਮੀਰ ਕੋਲੋਂ ਰਖਵਾਈ। ਪੀਰ ਮੀਆਂ ਮੀਰ ਲਾਹੌਰ ਦਾ ਇਕਸੂਫੀ ਫਕੀਰ ਸੀ, ਸਤਿਗੁਰੂ ਜੀ ਦੀ ਮਹਿਮਾ ਸੁਣਕੇ ਦਰਸ਼ਨ ਕਰਨ ਆਇਆ ਸਤਿਗੁਰੂ ਜੀ ਦਾ ਮੁਰੀਦ ਬਣ ਗਿਆ ਸੀ। ਹਰਿਮੰਦਰ ਵਾਸਤੇ ਮਾਇਆ ਦੀ ਬਹੁਤੀ ਲੋੜ ਸੀ, ਪਰ ਪ੍ਰਮਾਤਮਾ ਸਾਰੀਆਂ ਲੋੜਾਂ ਨੂੰ ਪੂਰੀਆਂ ਕਰੀ ਜਾਂਦਾ ਰਿਹਾ। ਸ਼ਰ-ਧਾਲੂ ਤੇ ਸਿਦਕੀ ਸਿਖ ਦੂਰ ਦੂਰ ਤਕ ਮਾਇਆ ਇਕੱਠੀ ਕਰਨ ਵਾਸਤੇ ਚਲੇ ਗਏ। ਜਦੋਂ ਹਰਿਮੰਦਰ ਸਾਹਿਬ ਤਿਆਰ ਹੋ ਗਿਆ ਤਾਂ ਸਰੋਵਰ ਵਿਚ ਜਲ ਛਡਿਆ ਗਿਆ। ਜਲ ਨਾਲ ਸਰੋਵਰ ਨੂੰ ਭਰਪੂਰ ਕਰ ਦਿਤਾ। ਅੰਮ੍ਰਿਤ ਜਲ ਨਾਲ ਭਰਪੂਰ

ਹੋਏ ਹੋਏ ਸਰੋਵਰ ਨੂੰ ਦੇਖ ਕੇ ਸਾਹਿਬਾਂ ਨੇ ਅਨੇਕਾਂ ਵਰ ਦਾਨ ਬਖਸ਼ੇ। ਸੋਰਠ ਰਾਗ ਵਿਚ ਆਪ ਨੇ ਇਉਂ ਫੁਰਮਾਇਆ:–

ਰਾਮਦਾਸ ਸਰੋਵਰ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥ ੧ ॥ ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤ ਸਭਿ ਥੋਕ ਉਬਾਰੇ ॥ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥ ਸਾਧ ਸੰਗਿ ਮਲੁ ਲਾਥੀ ॥ ਪਾਰ ਬ੍ਰਹਮੁ ਭਇਓ ਸਾਥੀ ॥ ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥ (ਸੋਰਠ ਮ: ੫)

ਤਿਸਦਾ ਪ੍ਰਮਾਰਥ–ਜੋ ਰਾਮਦਾਸ (ਪਹਿਲਾ ਨਾਮ) ਤਾਲਾਬ ਵਿਚ ਇਸ਼ਨਾਨ ਕਰੇਗਾ ਉਹਦੇ ਸਾਰੇ ਪਾਪ ਲਹਿ ਜਾਣਗੇ। ਇਸ਼ਨਾਨ ਕਰਕੇ ਮੈਲਰਹਿਤ(ਪਵਿਤ੍ਰ) ਹੋ ਜਾਵੇਗਾ ਫਿਰ ਸਤਿਗੁਰੂ ਜੀਦੀ ਚਰਨੀ ਲਗੇਗਾਇਹ ਵੀ ਕਿ ਇਸ਼ਨਾਨ ਕਰਨ ਦਾ ਉਦਮ ਗੁਰੂ ਬਖਸ਼ੇਗਾ। ਜਦੋਂ ਇਸ਼ਨਾਨ ਕਰ ਲਵੇਗਾ ਸਤਿਗੁਰੂ ਜੀ ਦੇ ਦਰਸ਼ਨ ਕਰੇਗਾ ਤਾਂ ਪ੍ਰਮਾਤਮਾ ਉਹਦੇ ਹਿਰਦੇ ਨੂੰ ਸ਼ਾਂਤ ਕੀਤਾ ਕਰੇਗਾ। ਸਾਰੇ ਪਾਸੇ ਸੁਖ ਸਾਂਦ ਵਰਤੇਗੀ। ਗੁਰਮਤਿ ਨੂੰ ਗ੍ਰਹਿਣ ਕਰਕੇ ਉਸ ਉਤੇ ਵਿਚਾਰ ਕਰੂ ਤੇ ਜੀਵਨ ਗੁਰਮਤਿ ਅਨੁਸਾਰ ਬਤੀਤ ਕਰਨ ਲਗੂ ਤਾਂ ਉਹਦੀਆਂ ਸਾਰੀਆਂਮੁਰਾਦਾਂ ਪੂਰੀਆਂ ਹੋਣਗੀਆਂ। ਸਾਧਾਂ ਦੀ ਸੰਗਤ (ਭਜਨ ਕਰਨ ਵਾਲਿਆਂ ਦੇ ਕੋਲ ਬੈਠਣ ਤੇ) ਕਰੂ ਤਾਂ ਹਿਰਦਾ ਨਿਰਮਲ ਹੋਵੇਗਾ ਜਦੋਂ ਹਿਰਦਾ ਨਿਰਮਲ ਹੋ ਗਿਆ ਤਾਂ ਪ੍ਰਮਾਤਮਾ ਉਹਦਾ ਮਿਤ੍ਰ ਹੋ ਜਾਵੇਗਾ। ਜਿਨ੍ਹਾਂ ਨੇ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕੀਤਾ ਹੈ, ਉਨ੍ਹਾਂ ਦੀਆ ਸਾਰੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਉਹ ਜਗਤ ਵਿਚ ਸੁਖੀ ਹੁੰਦੇ ਹਨ। ਸਾਹਿਬਾਂ ਨੇ ਸੂਹੀ ਰਾਗ ਵਿਚ ਹੋਰ ਵੀ ਸ਼ਬਦ ਉਚਾਰੇ ਜੋ ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਦੀ ਵਡਿਆਈ ਵਿਚ ਹਨ। ਤਕਰੀਬਨ ਸਾਢੇ ਤਿੰਨ ਸੌ ਸਾਲ ਵਿਚ ਰਾਮਦਾਸਪੁਰਨੇ ਐਨੀ ਤ੍ਰੱਕੀਕੀਤੀ ਕਿ ਅਜ ਉੱਤਰੀ ਹਿੰਦਦਾ ਸਭ ਤੋਂ ਵਡਾ ਵਿਉਪਾਰਕ, ਧਾਰਮਿਕ ਤੇ ਸਮਾਜਿਕ ਜੀਵਨ ਵਾਲਾ ਸ਼ਹਿਰ ਹੈ। ਨਵੀਂ ਮਰਦਮ ਸ਼ੁਮਾਰੀ ਅਨੁਸਾਰ ਕਈ ਲਖ ਦੀ ਗਿਣਤੀ ਹੈ। ਸਰੋਵਰ ਦੇ ਸੰਪੂਰਨ ਹੋਣ ਤੇ ਰਾਮਦਾਸ ਪੁਰ ਨਾਮ ਦੀ ਬਦਲੀ ਹੋ ਗਈ 'ਸ੍ਰੀ ਅੰਮ੍ਰਿਤਸਰ' ਨਾਮ ਪ੍ਰਗਟ ਹੋ ਗਿਆ ਤੇ ਸਾਰੇ ਸੰਸਾਰ ਉਤੇ ਖਿਲਰ ਗਿਆ ਹੈ। ਲਖਾਂ ਨਹੀਂ ਕਰੋੜਾਂ ਜੀਵਨ ਦਰਸ਼ਨ ਕਰਕੇ ਇਸ਼ਨਾਨ ਕਰਕੇ ਭਵ ਸਾਗਰ ਤੋਂ ਪਾਰ ਹੋ ਚੁਕੇ ਹਨ। ਸੰਤ ਗੁਲਾਬ ਸਿੰਘ ਜੀ ਪਵਿਤਰ ਸਰੋਵਰ ਤੇ ਹਰਿ ਮੰਦਰ ਸਾਹਿਬ ਦੀ ਇਉਂ

ਉਸਤਤ ਕਰਦੇ ਹਨ—

ਕਬਿਤ—ਮਹਾ ਮਦਰਾ·ਪੀ, ਮੈਨ ਬੈਨ ਕੇ ਅਲਾਪੀ ਮੂਢ ਪਾਪੀ ਦਿਜ-ਸ੍ਰਾਪੀ ਰੀਝ·ਆਮਿਖ ਕੋ ਖਾਏ ਹੈਂ। ਕੂਰ ਕੇ ਉਚਾਰੀ, ਹੇਮਹਾਰੀ ਬਿਭਚਾਰੀ ਰਤਿ, ਪਾਪ ਕਰੇ ਭਾਰੀ, ਧੇਨੁ ਦ੍ਵਿਜ ਜਨ ਘਾਏ ਹੈਂ। ਕਹਿਤ ਗੁਲਾਬ ਸਿੰਘ ਨਿੰਦਾ ਕੇ ਪਰਾਯਨ ਜੇ, ਗੁਰੂ ਰਾਮਦਾਸ ਸੁਧਾਸਰ ਆਨ ਨਾਏ ਹੈਂ। ਦੇਖਤੇ ਦਿਨੇਸ਼ ਕੇ ਮਹੇਸ਼ ਕੇ, ਸੁਰੇਖ ਪਦ ਛੀਨ ਕੈ ਬਿਕੁੰਠ ਪਦ ਸੁਧਾਧਰ ਪਾਏਂ ਹੈਂ॥ (ਗੁਰ ਪ੍ਰਣਾਲੀਆਂ)

੩੫. ਸੰਤੋਖਸਰ ਤੀਰਥ ਦੀ ਰਚਨਾ

ਅੰਮ੍ਰਿਤਸਰ ਸ਼ਹਿਰ ਦੇ ਮਧ ਵਿਚ ਕਟੜਾ ਆਹਲੂਵਾਲਾ, ਕਰਮੋਂ ਡਿਉੜੀ, ਖੋਤੀ ਹਾਤਾ ਅਤੇ ਕੋਤਵਾਲੀ ਦਾ ਇਲਾਕਾ ਮਸ਼ਹੂਰ ਬਾਜ਼ਾਰ ਹਨ। ਇਨ੍ਹਾਂ ਦੇ ਵਿਚਾਲੇ ਸੰਤੋਖਸਰ ਸਰੋਵਰ ਅਤੇ ਟਾਹਲੀ ਸਾਹਿਬ ਗੁਰਦੁਆਰਾ ਹੈ। ਇਸ ਸਰੋਵਰ ਦੇ ਚਾਰ ਚੁਫੇਰੇ ਘੁਘ ਵਸੋਂ ਹੋ ਗਈ ਹੈ। ਇਸ ਸਰੋਵਰ ਦੀ ਰਚਨਾ ਦਾ ਇਤਿਹਾਸ ਇਸ ਤਰ੍ਹਾਂ ਹੈ—ਸਤਿਗੁਰੂ ਰਾਮਦਾਸ ਜੀ ਦੇ ਸਮੇਂ ਇਸ ਇਲਾਕੇ ਵਿਚ ਟਾਹਲੀਆਂ ਬੇਰੀਆਂ ਤੇ ਕਿਕਰਾਂ ਦੀ ਝੰਗੀ ਹੁੰਦੀ ਸੀ, ਬਹੁਤ ਸੁੰਦਰ ਤੇ ਸੁਹਾਵਣੀ ਥਾਂ ਸੀ। ਸ੍ਰੀ ਗੁਰੂ ਰਾਮਦਾਸ ਜੀ ਇਕਾਂਤ ਵਿਚ ਭਗਤੀ ਕਰਨ ਬਦਲੇ ਇਸ ਟਾਹਲੀਆਂ ਹੇਠ ਆ ਕੇ ਬੈਠਿਆ ਕਰਦੇ ਸਨ, ਜੋ ਟਾਹਲੀ ਅਜੇ ਤਕ ਕਾਇਮ ਹੈ, ਸੂਰਜ ਪ੍ਰਕਾਸ਼ ਤੇ ਹੋਰ ਗ੍ਰੰਥ ਇਹ ਪ੍ਰਗਟ ਕਰਦੇ ਹਨ ਕਿ ਇਸ ਅਸਥਾਨ ਨੂੰ ਚੰਗਾ ਸਮਝਕੇ ਗੁਰੂ ਰਾਮਦਾਸ ਜੀ ਨੇ ਏਥੇ ਸਰੋਵਰ ਪੁਟਿਆ ਹੋਇਆ ਸੀ। ਪੰਜਵੇਂ ਪਾਤਸ਼ਾਹ ਵੀ ਉਪ੍ਰੋਕਤ ਟਾਹਲੀ ਹੇਠਾਂ ਬਰਾਜਿਆ ਕਰਦੇ ਸਨ। ਘੰਟਾ ਦੋ ਘੰਟੇ ਕਰਤਾਰ ਸੰਗ ਬਿਰਤੀ ਜੋੜਕੇ ਬੈਠਕੇ ਪਾਰਬ੍ਰਹਮ ਦੇ ਮੰਡਲਾਂ ਦੇ ਦੀਦਾਰੇ ਕਰਿਆ ਕਰਦੇ ਸਨ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸਰੋਵਰ ਤੇ ਹਰੀ ਮੰਦਰ ਸਾਹਿਬ (੧੬੪੦-੧੬੪੪) ਕਰਵਾ ਰਹੇ ਸਨ, ਤਦੋਂ ਦੂਰ ਦੂਰ ਤੋਂ ਸਿਖ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਂਦੀਆਂ ਸਨ, ਕਈ ਅਮੀਰ

ਸ਼ਰਧਾਲੂ ਆਪਣੀ ਯਾਦ ਕਾਇਮ ਕਰਨ, ਜੀਵਨ ਤੇ ਕਮਾਈ ਸਫਲ ਕਰਨ ਹਿਤ ਸਤਿਗੁਰੂ ਜੀ ਦੀ ਸ਼ਰਨ ਧਨ ਭੇਟਾ ਕਰਿਆ ਕਰਦੇ ਸਨ। ਪਰਵਾਹ ਸੁਖ, ਧਨ ਦੇ ਵਾਧੇ ਅਤੇ ਭਵ-ਸਾਗਰ ਦੀ ਤਰਾਈ ਵਾਸਤੇ ਅਰਦਾਸ ਕਰਾਉਂਦੇ ਸਨ। ਐਸੇ ਸਿੱਖਾਂ ਵਿਚ ਇਕ ਭਾਈ ਸੰਤੋਖਾ ਪਸ਼ਾਵਰ ਵਲੋਂ ਆਇਆ। ਸਤਿਗੁਰੂ ਜੀ ਦੀ ਮੇਹਰ ਨਾਲ ਉਸ ਨੂੰ ਬਹੁਤ ਨਫਾ ਹੋਇਆ। ਥੋੜੇ ਦਿਨਾਂ ਵਿਚ ਹੀ ਉਹ ਅਮੀਰ ਬਣ ਗਿਆ। ਦੁਧ ਤੇ ਧਨ ਸੁਖ ਦੇਖਕੇ ਉਹ ਪਤਨੀ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਉਹ ਗੁਰੂ ਘਰ ਦਾ ਬਹੁਤ ਸ਼ਰਧਾਲੂ ਤੇ ਪ੍ਰੇਮੀ ਸੀ, ਰਾਮਦਾਸ ਪੁਰ ਪੁਜਾ ਤਾਂ ਉਸਨੂੰ ਪਤਾ ਲਗਾ ਕਿ ਸਤਿਗੁਰੂ ਜੀ ਟਾਹਲੀ ਹੇਠ ਬੈਠੇ ਹਨ ਉਹ ਉਧਰੇ ਹੀ ਤੁਰ ਪਿਆ।

ਅਗੇ ਸਤਿਗੁਰੂ ਜੀ ਸਮਾਧੀ ਲਾ ਕੇ ਬੈਠੇ ਸਨ। ਭਾਈ ਸੰਤੋਖਾ ਨੇ ਪਤਨੀ ਸਮੇਤ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਜਾ ਟੇਕਿਆ ਤੇ ਢਾਈ ਸੌ ਸੋਨੇ ਦੀਆਂ ਮੋਹਰਾਂ ਸਤਿਗੁਰੂ ਜੀ ਦੀ ਭੇਟਾ ਕੀਤੀਆਂ। ਹਥ ਜੋੜ ਕੇ ਚੁਪ ਚਾਪ ਬੈਠ ਗਏ। ਉਨ੍ਹਾਂ ਦਾ ਮਨ ਸਤਿਗੁਰੂ ਜੀ ਦੇ ਚਰਨਾ ਨਾਲ ਜੁੜ ਗਿਆ।

ਸਤਿਗੁਰੂ ਜੀ ਨੇ ਨੇਤ੍ਰ ਖੋਹਲੇ ਮੇਹਰ ਦੀ ਨਿਗਾਹ ਦੋਹਾਂ ਜੀਆਂ ਉਤੇ ਕੀਤੀ ਭਾਈ ਸੰਤੋਖੇ ਤੇ ਉਸ ਦੀ ਧਰਮਪਤਨੀ ਨੇ ਨਿਮਸ਼ਕਾਰ ਕੀਤੀ। ਸਤਿਗੁਰੂ ਜੀ ਨੇ ਕਿਹਾ 'ਭਾਈ ਸੰਤੋਖਾ ਜੀ ਨਿਹਾਲ ਹੋ ਸੁਖ ਤੇ ਸ਼ਾਂਤੀ ਪ੍ਰਾਪਤ ਹੋਵੇ।'

'ਦਾਤਾ! ਧਨ ਹੈ, ਦੁਧ ਹੈ, ਪਰ ਪੁਤ੍ਰ ਨਹੀਂ। ਜਦੋਂ ਅਖਾਂ ਮੀਟ ਗਏ ਤਦੋਂ ਜਗਤ ਤੇ ਕੋਈ ਨਿਸ਼ਾਨੀ ਨਹੀਂ ਰਹੇਗੀ ਇਹ ਚਿੰਤਾ ਹੈ।' ਭਾਈ ਸੰਤੋਖੇ ਨੇ ਦੋਵੇਂ ਹਥ ਜੋੜਕੇ ਬੇਨਤੀ ਕੀਤੀ।

'ਭਾਈ! ਨਿਸ਼ਾਨੀ ਦੀ ਚਿੰਤਾ ਨਾ ਕਰ, ਜਾਹ ਜਗਤ ਦੇ ਅੰਤ ਤਕ ਤੇਰਾ ਨਾਮ ਅਮਰ ਰਹੇਗਾ। ਪੁਤ੍ਰ ਜੋ ਤੇਰੇ ਭਾਗ ਵਿਚ ਨਹੀਂ ਤਾਂ ਕੋਈ ਚਿੰਤਾ ਨਾ ਕਰ। ਇਹ ਜੋ ਮੋਹਰਾਂ ਭੇਟਾ ਕੀਤੀਆਂ ਹਨ, ਇਨ੍ਹਾਂ ਨੂੰ ਖਰਚਕੇ ਇਸ ਅਸਥਾਨ ਉਤੇ ਤੇਰੇ ਨਾਮ ਦਾ ਇਕ ਸਰੋਵਰ ਤਿਆਰ ਕੀਤਾ ਜਾਂਦਾ ਹੈ। ਸਰੋਵਰ ਵਿਚ ਜੋ ਇਸ਼ਨਾਨ ਕਰੇਗਾ ਓਹੋ ਹੀ ਤੈਨੂੰ ਯਾਦ ਕਰੇਗਾ। ਜਗਤ ਦੇ ਹਜ਼ਾਰਾਂ ਜੀਵਾਂ ਦਾ ਭਲਾ ਹੋਵੇਗਾ ਕਲ ਤੋਂ ਸਰੋਵਰ ਪੁਟਾਉਂਣਾ

ਸ਼ੁਰੂ ਕਰਦੇ ਹਾਂ। ਆਪ ਵੀ ਤੁਸੀਂ ਦੋਵੇਂ ਜੀ ਸੇਵਾ ਕਰੋ।' 'ਦਾਤਾ! ਜਿਵੇਂ ਆਪ ਦੀ ਆਗਿਆ ਅਸੀਂ ਕਲਜੁਗੀ ਜੀਵ ਨਾ ਕੁਝ ਸੋਚ ਸਕਦੇ ਹਾਂ ਨਾ ਕੁਝ ਕਰ ਸਕਦੇ ਹਾਂ।'

'ਕਰਤਾਰ ਦਾ ਏਹੋ ਹੁਕਮ ਹੈ।'

'ਸਤਿ ਬਚਨ ਜੀ!'

ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਭਾਵੇਂ ਸਾਰੀ ਸੰਪੂਰਨ ਨਹੀਂ ਸੀ ਹੋਈ ਫਿਰ ਵੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਦੂਸਰਾ ਸਰੋਵਰ ਪੁਟਿਆ ਜਾਵੇ। ਸਿਖ ਸੰਗਤਾਂ ਉਸੇ ਵੇਲੇ ਸੇਵਾ ਕਰਨ ਲਗ ਪਈਆਂ। ਭਾਈ ਸੰਤੋਖਾ ਤੇ ਉਸਦੀ ਧਰਮ ਪਤਨੀ ਵੀ ਸੇਵਾ ਕਰਨ ਲਗੀ। ਚੋਖਾ ਚੌੜਾ ਰੱਖਕੇ ਸ੍ਰੋਵਰ (ਤਲਾਬ) ਪੁਟਿਆ ਜਾਣ ਲਗਾ। ਪੁਟਦਿਆਂ ਪੁਟਦਿਆਂ ਸਰੋਵਰ ਦੇ ਮਧ ਵਿਚ ਇਕ ਪਕਾ ਗੋਲ ਮਠ ਆਇਆ ਉਸ ਨੂੰ ਦੇਖ ਕੇ ਸਾਰੇ ਹੈਰਾਨ ਹੋਏ। ਮਠ ਦੇ ਚੌਗਿਰਦਿਓਂ ਹੋਰ ਮਿਟੀ ਪੁਟੀ ਗਈ। ਇਕ ਛੋਟਾ ਜੇਹਾ ਦਰਵਾਜ਼ਾ ਆਇਆ ਉਸ ਦਰਵਾਜ਼ੇ ਦੇ ਅਗੋਂ ਪੂਰੀ ਮਿਟੀ ਪਾਸੇ ਕੀਤੀ ਗਈ। ਜਦੋ ਦਰਵਾਜ਼ਾ ਪੂਰਾ ਨੰਗਾ ਹੋ ਗਿਆ ਤਾਂ ਅੰਦਰਝਾਤੀ ਮਾਰੀ, ਅੰਦਰ ਇਕ ਪੁਰਸ਼ ਸਮਾਧੀ ਲਾਈ ਬੈਠਾ ਹੋਇਆ ਨਜ਼ਰ ਆਇਆ। ਉਹ ਜੋਗੀ ਸੀ ਉਹਦਾ ਤਨ ਮਾਸ ਦਾ ਸੀ, ਪਰ ਜੜ ਰੂਪ ਸੀ, ਸਾਹ ਨਹੀਂ ਸੀ ਆਉਂਦਾ। ਉਸੇ ਵੇਲੇ ਸਤਿਗੁਰੂ ਜੀ, ਬਾਬਾ ਬੁਢਾ ਜੀ ਤੇ ਹੋਰ ਮੁਖੀ ਸਿਖ ਆਏ। ਹੈਰਾਨੀ ਦੂਰ ਕਰਨ ਬਦਲੇ ਬਾਬਾ ਬੁਢਾ ਜੀ ਨੇ ਸਤਿਗੁਰੂ ਜੀ ਨੂੰ ਪੁਛਿਆ 'ਸਚੇ ਪਾਤਸ਼ਾਹੋ! ਇਹ ਕੌਣ ਹੈ?'

'ਜੋਗੀ ਹੈ! ਸਮਾਧੀ ਲਾ ਕੇ ਬੈਠੇ ਨੂੰ ਕਈ ਜੁਗ ਬੀਤ ਗਏ ਹਨ। ਇਹ ਨੂੰ ਉਠਾਓ ਤੇ ਮਾਲਸ਼ ਕਰੋ, ਇਸ ਦੇ ਪ੍ਰਾਣ ਦਸਵੇਂ ਦਵਾਰ ਚੜ੍ਹੇ ਹੋਏ ਹਨ ਉਹ ਹੇਠਾਂ ਉਤਰ ਆਉਣ ਤਾ ਇਸ ਨੂੰ ਸਾਰਾ ਗਿਆਨ ਹੋ ਜਾਵੇਗਾ।' ਸਤਿਗੁਰੂ ਜੀ ਦਾ ਬਚਨ ਸੀ।

ਜਿਵੇਂ ਜਿਵੇਂ ਸਤਿਗੁਰੂ ਜੀ ਹੁਕਮ ਕਰੀ ਗਏ ਤਿਵੇਂ ਤਿਵੇਂ ਸਿੱਖ ਜੋਗੀ ਦੇ ਤਨ ਦੀ ਮਾਲਸ਼ ਕਰੀ ਗਏ। ਆਖਰ ਜੋਗੀ ਦੀ ਸਮਾਧੀ ਖੁਲ ਗਈ। ਜੋਗੀ ਨੇ ਨੇਤ੍ਰ ਖੋਹਲੇ। ਸਾਹਮਣੇ ਸਤਿਗੁਰੂ ਜੀ ਬਾਬਾ ਬੁਢਾ ਜੀ ਬਰਾਜਮਾਨ ਸਨ। ਉਸਨੇ ਹੈਰਾਨੀ ਨਾਲ ਪੁਛਿਆ 'ਕੌਣ ਜੁਗ?

'ਕਲਜੁਗ' ਬਾਬਾ ਬੁਢਾ ਜੀ ਨੇ ਉੱਤਰ ਦਿਤਾ।

'ਹਛਾ! ਮੈਂ ਦੁਆਪਰ ਵਿਚ ਇਸ ਮੱਠ ਦੇ ਅੰਦਰ ਬੈਠਾ ਸਾਂ ਉਸ ਵੇਲੇ ਦਰਿਆ ਲਾਗਿਓਂ ਦੀ ਵਗਦਾ ਸੀ, ਮੇਰਾ ਮਠ ਧਰਤੀ ਉਪਰ ਸੀ। ਦੁਆਪਰ ਤੋਂ ਕਲਜੁਗ ਤਕ ਐਨੀ ਧਰਤ ਉੱਚੀ ਹੋ ਗਈ ਹੈ। ਕਿਸ ਦਾ ਧਰਮ ਹੈ, ਕੌਣ ਅਵ-ਤਾਰ ਹੈ?' ਜੋਗੀ ਦੇ ਬਚਨ ਸਨ।

'ਕਲਜੁਗ ਦੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ ਉਨ੍ਹਾਂ ਦੀ ਗੁਰਗੱਦੀ ਤੇ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਹਨ ਜੋ ਆਪ ਦੇ ਸਨਮੁਖ ਬਰਾਜੇ ਹੋਏ ਹਨ।' ਬਾਬਾ ਬੁਢਾ ਜੀ ਨੇ ਦਸਿਆ। ਜੋਗੀ ਨੇ ਸਤਿਗੁਰੂ ਜੀ ਅਗੇ ਨਿਮਸ਼-ਕਾਰ ਕੀਤੀ ਬਚਨ ਕੀਤਾ 'ਏਥੋਂ ਦਖਣ ਵਿਚ ਥੋੜੀ ਥਾਂ ਸ੍ਰੀ ਰਾਮਚੰਦ੍ਰ ਜੀ ਲਛਮਣ ਸਮੇਤ ਆਏ ਸਨ। ਸ੍ਰੀ ਰਾਮਚੰਦ ਨੂੰ ਪੁਤ੍ਰਾਂ ਦੇ ਹਥੋਂ ਤੀਰ ਲਗਾ ਸੀ ਤੇ ਉਹ ਮੂਰਛਾ ਖਾ ਗਏ ਸਨ। ਉਸ ਵੇਲੇ ਏਥੇ ਜੋਗੀ, ਮੁਨੀ ਤੇ ਤਪਸਵੀ ਰਹਿੰਦੇ ਸਨ। ਅੰਮ੍ਰਿਤ ਬੂਟੀ ਲਿਆਂਦੀ ਗਈ ਤੇਸ੍ਰੀ ਰਾਮ ਚੰਦ ਜੀ ਨੂੰ ਹੋਸ਼ ਵਿਚ ਲਿਆਂਦਾ ਗਿਆ ਬਾਕੀ ਦੀ ਬੂਟੀ ਨੱਪ ਦਿਤੀ ਗਈ। ਦੁਆਪਰ ਵਿਚ ਰਿਸ਼ੀਆਂ ਦਾ ਆਸ਼੍ਰਮ ਸੀ। ਇਹ ਅਸਥਾਨ ਤੀਰਥ ਮੰਨਿਆਂ ਜਾਂਦਾ ਸੀ। ਲਵ ਤੇ ਕੁਸ਼ੂ ਵੀ ਏਸੇ ਪਵਿਤ੍ਰ ਬਣ ਵਿਚ ਪਲੇ ਤੇ ਖੇਡਦੇ ਰਹੇ ਸਨ। ਚੰਗਾ ਹੋਇਆ, ਜੋ ਇਸ ਅਸਥਾਨ ਤੇ ਈਸ਼੍ਵਰਰੂਪ ਅਵਤਾਰ ਨੇ ਆਸਣ ਜਮਾਇਆ ਹੈ।' 'ਜਿਥੇ ਅੰਮ੍ਰਿਤ ਬੂਟੀ ਸੀ, ਓਥੇ ਸਰੋਵਰ ਤਿਆਰ ਹੋ ਗਿਆ ਹੈ, ਮੰਦਰ ਬਣ ਰਿਹਾ। ਜਗਤ ਵਿਚ ਤੀਰਥ ਪ੍ਰਗਟ ਹੋਵੇਗਾ।' ਸਤ੍ਰਿਗੁਰੂ ਜੀ ਨੇ ਬਚਨ ਕੀਤਾ। 'ਕਿਉਂਕਿ ਆਪ ਨਿੱਤ ਅਵਤਾਰ ਈਸ਼੍ਵਰ ਰੂਪ ਹੋ, ਮੈਨੂੰ ਉਪਦੇਸ਼ ਕਰੋ, ਜਿਸ ਨਾਲ ਮੇਰੀ ਮੁਕਤੀ ਹੋਵੇ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਕੋਲੋਂ ਸਭ ਰਿਧੀਆਂ ਸਿਧੀਆਂ ਪ੍ਰਾਪਤ ਕਰਕੇ ਜਗਤ ਉਤੇ ਆਏ ਸਨ।' ਜੋਗੀ ਦੇ ਇਹ ਬਚਨ ਸੁਣ ਕੇ ਸਤਿਗੁਰਾਂ ਨੇ ਦਇਆ ਦ੍ਰਿਸ਼ਟੀ ਕੀਤੀ ਬਾਣੀ ਉਚਾਰਕੇ ਨਿਹਾਲ ਕੀਤਾ—

ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਦ ਦਿਖਲਾਈ ॥ ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥ ੧ ॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿਗਇਓ ਉਹਕਤਤੇਆਇਓ॥੧॥ਰਹਾਉ॥ਜਲ ਤੇ ਊਠਹਿ ਅਨਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ

ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥ ੨ ਸਹਜ ਘਟਾ ਮਹਿ ਇਕੁ ਅਕਾਸੁ ॥ ਘਟ ਫੂਟੇ ਤੇ ਓਹੀ ਪਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭਰਮ ਛੂਟੇ ਤੇ ਏਕੰਕਾਰ ॥ ੩ ॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ॥ਗੁਰਿ ਪੂਰੈ ਹਉਮੈ ਮਲੁ ਧੋਈ॥ਕਹੁ ਨਾਨਕ ਮੇਰੀ ਪਰਮਗਤਿ ਹੋਈ ॥੪॥੧।
ਰਾਗ ਸੂਹੀ ਮ: ੫)

ਜੋਗੀ ਦੇ ਨਿਕਲਣ ਦੇ ਕਾਰਨ ਸੰਤੋਖਸਰ ਸਰੋਵਰ ਦੀ ਮਹਾਨਤਾ ਵਧ ਗਈ। ਬੜੀ ਛੇਤੀ ਸਰੋਵਰ ਪੂਰਿਆ ਗਿਆ ਤੇ ਪੱਕਾ ਕੀਤਾ ਗਿਆ। ੧ ਫਗਣ ਸੰਮਤ ੧੬੪੫ ਬਿ: ਮੁਤਾਬਿਕ ਸੰਨ ੧੫੮੮ ਈ: ਨੂੰ ਸਰੋਵਰ ਸੰਪੂਰਨ ਹੋਇਆ ਤੇ ਜਲ ਨਾਲ ਪਰਪੂਰਤ ਕੀਤਾ ਗਿਆ। ਗੁਰ ਸਿਖ ਇਸ਼ਨਾਨ ਕਰਕੇ ਤਨ ਨਿਰ-ਮਲ ਕਰਨ ਲਗੇ। ਜਿਸ ਟਾਹਲੀ ਹੇਠਾਂ ਸਤਿਗੁਰੂ ਜੀ ਬੈਠਿਆ ਕਰਦੇ ਸਨ, ਉਥੇ ਪਕਾ ਥੜਾ ਬਣਾ ਦਿਤਾ ਗਿਆ ਜੋ ਹੁਣ ਗੁਰਦੁਆਰੇ ਦੇ ਰੂਪ ਵਿਚ ਹੈ। ਓਹ ਟਾਹਲੀ ਅਜੇ ਕਾਇਮ ਹੈ ਤੇ ਉਸਦੀ ਪੂਜਾ ਹੁੰਦੀ ਹੈ । ਗੁਰਦੁਆਰੇ ਦਾ ਨਾਮ ਟਾਹਲੀ ਸਾਹਿਬ ਹੈ ਤੇ ਸਰੋਵਰ ਦਾ ਨਾਮ ਸੰਤੋਖਸਰ । ਅਕਾਲੀ ਲਹਿਰ ਦੇ ਪਿਛੋਂ (ਜਦੋਂ ਦਾ ਪ੍ਰਬੰਧ ਸ਼੍ਰੋ: ਗ: ਪ੍ਰ: ਕਮੇਟੀ ਕੋਲ ਆਇਆ ਹੈ) ਬਹੁਤ ਦੇਖ ਭਾਲ ਤੇ ਸਫਾਈ ਰੱਖੀ ਜਾਂਦੀ ਹੈ। ਇਉਂ ਸਤਿਗੁਰੂ ਜੀ ਨੇ ਭਾਈ ਸੰਤੋਖੇ ਪਸ਼ੌਰੀਏ ਦੇ ਨਾਮ ਦੀ ਅਮਰ ਯਾਦ ਕਾਇਮ ਕੀਤੀ : ਧੰਨ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ।

੩੫. ਭਾਈ ਮੰਜ ਦਾ ਪ੍ਰਸੰਗ

ਬਿਕ੍ਰਮੀ ਦੀ ਸਤਾਰਵੀ ਸਦੀ ਵਿਚ ਸਖੀ ਸਰਵਰ ਪੀਰ 'ਨਗਾਹੇ' ਦੀ ਪੂਜਾ ਦਾ ਬਹੁਤ ਜ਼ੋਰ ਸੀ। ਹਿੰਦੂ ਤੇ ਮੁਸਲਮਾਨ ਇਸ ਪੀਰ ਨੂੰ ਪੂਜਦੇ ਸਨ ਅਤੇ ਸਾਲ ਦੇ ਸਾਲ ਨਗਾਹੇ ਪੁਜਦੇ ਸਨ। ਦੇਵੀ ਦੀ ਉਸਤਤ ਕਰਨ ਵਾਂਗ, ਪੀਰਸਖੀ ਸਰਵਰ ਦੀ ਉਪਮਾ ਦੀ ਬਹੁਤੀ ਸਾਰੀ ਕਵਿਤਾ ਰਚੀ ਗਈ ਸੀ ਜਿਸ ਨੂੰ ਚੇਲੇ ਗਾਉਂਦੇ ਫਿਰਿਆ ਕਰਦੇ ਸਨ। ਹਜ਼ਾਰਾਂ ਹੀ ਕਰਾਮਾਤਾਂ ਬਿਆਨ ਕੀਤੀਆਂ ਜਾਂਦੀਆਂ ਸਨ। ਜ਼ਿਲਾ ਜਲੰਧਰ ਤੇ ਹੁਸ਼ਿਆਰ ਪੁਰ ਵਿਚ ਪੀਰ ਸਰਵਰ ਦੀ ਸਿਖੀ ਬਹੁਤੀ ਸੀ । ਘਰ ਘਰ ਅੰਦਰ ਪੀਰ ਦੇ ਮਕਾਨ (ਯਾਦਾਂ) ਬਣੇ ਹੋਏ ਸਨ। ਹਰ ਸਾਲ ਸੰਗਜਾਂਦੇ, ਇਹ ਸੰਗ ਪੈਦਲ ਜਾਂਦੇ ਤੇ ਰਾਹ ਵਿਚ ਪ੍ਰਚਾਰ ਅਤੇ ਖੇਡਾਂਕਰਦੇਹੋਏਜਾਇਆਕਰਦੇ।

ਸਰਵਰੀਏ ਚੇਲਿਆਂ ਤੇ ਪੁਜਾਰੀਆਂ ਵਿਚ ਇਕ ਚੰਦ੍ਰਾ ਰੋਗ ਇਹ ਸੀ ਕਿ ਸਾਰੇ ਹੁਕਾ ਪੀਣ ਤੇ ਤਮਾਕੂ ਪੀਣ ਲਗ ਪਏ ਸਨ। ਤਮਾਕੂ ਸਾਰਿਆਂ ਦੇ ਸੁੰਦਰ ਸਰੀਰਾਂ ਨੂੰ ਲਕੜੀ ਦੇ ਘੁਣ ਵਾਂਗ ਖਾਈ ਜਾਂਦਾ ਸੀ। ਨਾ ਚੌਂਕੇ ਦੀ ਪਵਿਤ੍ਰਤਾ ਸੀ, ਨਾ ਲੀੜੇ ਧੋਤੇ ਜਾਂਦੇ ਸਨ ਤੇ ਨਾ ਕਿਸੇ ਹਿੰਦੂ ਦੇਵੀ ਦੇਵਤੇ ਜਾਂ ਅਵਤਾਰ ਦਾ ਸਤਕਾਰ ਕੀਤਾ ਜਾਂਦਾ ਸੀ। ਸਿੱਖ ਸਤਿਗੁਰੂ ਸਾਹਿਬਾਨ ਨੇ ਇਸ ਪਾਸੇ ਬਹੁਤ ਧਿਆਨ ਦਿਤਾ। ਆਪਣੀ ਆਤਮਕ ਸ਼ਕਤੀ ਅਤੇ ਆਪਣੇ ਉਪਦੇਸ਼ ਰਾਹੀਂ ਭੋਲੀ ਜਨਤਾ ਨੂੰ ਸਖੀ ਸਰਵਰ ਦੇ ਜਾਲ ਵਿਚੋਂ ਬਾਹਰ ਕੱਢਣਾ ਸ਼ੁਰੂ ਕੀਤਾ। ਜੋ ਵੀ ਐਸਾ ਪੁਰਸ਼ ਸਤਿ-ਗੁਰੂ ਜੀ ਦੀ ਹਜ਼ੂਰੀ ਵਿਚ ਆ ਜਾਂਦਾ ਉਹ ਹੀ ਮਨਮਤ ਨੂੰ ਤਿਆਗ ਕੇ ਗੁਰਮਤਿ ਨੂੰ ਅਪਨਾ ਲੈਂਦਾ।

ਦੁਆਬੇ ਵਿਚ ਮੰਜਕੀ ਨਗਰ ਵਿਚ ਮੰਜ ਨਾਮ ਦੇ ਰਾਜਪੂਤ ਰਹਿੰਦੇ ਸਨ। ਉਨ੍ਹਾਂ ਦਾ ਮੁਖੀ ਭਾਈ ਤੀਰਥਾ ਸੀ। ਉਹ ਸਖੀ ਸਰਵਰ ਦਾ ਵਡਾ ਚੇਲਾ ਸੀ ਤੇ ਉਸਨੇ ਪੀਰ ਦਾ ਮਕਾਨ ਘਰ ਬਣਾਇਆ ਹੋਇਆ ਸੀ। ਉਹ ਹਰ ਸਾਲ ਸੰਗ ਲੈਕੇ ਨਗਾਹੇ ਜਾਂਦਾ। ਸਰੀਰ ਤਕੜਾ ਸੀ ਪੀਰ ਦੀ ਖੇਡ ਦੇਂਦਾ ਤੇ ਪੈਂਦਲ ਪੈਂਡਾ ਵੀ ਬਹੁਤ ਕਰਦਾ। ਸੰਮਤ ੧੬੪੨ ਬਿ: ਵਿਚ ਉਹ ਸੰਗ ਲੈਕੇ ਨਗਾਹੇ ਨੂੰ ਜਾਂਦਾ ਹੋਇਆ 'ਗੁਰੂ ਚੱਕ' (ਰਾਮਦਾਸ ਪੁਰ) ਆ ਗਿਆ। ਕਿਸੇ ਸਤਿਗੁਰੂ ਜੀ ਦੇ ਸਿਖ ਨੇ ਉਸ ਅਗੇ ਗਲ ਕੀਤੀ ਕਿ ਪ੍ਰਮਾਤਮਾ ਦਾ ਪ੍ਰਤਖ ਰੂਪ ਸਤਿਗੁਰੂ ਜੀ ਹਨ ਤੇ ਕਲਜੁਗ ਦੇ ਜੀਵਾਂ ਨੂੰ ਰਿਧੀਆਂ ਸਿਧੀਆਂ ਬਖਸ਼ ਰਹੇ ਹਨ। ਪੀਰ ਸਰਵਰ ਦੀ ਕਬਰ ਪੂਜਣ ਦੀ ਥਾਂ ਜੀਉਂਦੇ ਜਾਗਦੇ ਹਾਜ਼ਰ ਨਾਜ਼ਰ ਸਤਿਗੁਰੂ ਦੀ ਪੂਜਾ ਕਰੋ ਤੇ ਮੂੰਹੋਂ ਮੰਗੀਆਂ ਮੁਰਾਦਾਂ ਪਾਓ। ਭਾਈ ਤੀਰਥ ਦੇ ਚਿਤ ਨੂੰ ਸਿੱਖ ਦੇ ਬਚਨ ਭਾ ਗਏ ਉਸ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਫੈਸਲਾ ਕਰ ਲਿਆ। ਸੰਮਤ੧੬੪੨ ਵਿਚ ਸਰੋਵਰ ਦੇ ਪੱਕੇ ਕਰਨ ਦੀ ਕਾਰਸੇਵਾ ਸ਼ੁਰੂ ਸੀ, ਆਪਣੇ ਨਿਤਨੇਮ ਅਨੁਸਾਰ ਸਤਿਗੁਰੂ ਜੀ 'ਬੜਾ ਸਾਹਿਬ' ਅਸਥਾਨ ਉਤੇ ਬੈਠਦੇ ਤੇ ਸੰਗਤਾਂ ਨੂੰ ਉਪਦੇਸ਼ ਕਰਿਆ ਕਰਦੇ ਸਨ। ਸ਼ਾਮ ਦਾ ਦੀਵਾਨ ਲੱਗਾ ਹੋਇਆ ਸੀ, ਸਤਿਗੁਰੂ ਜੀ ਸ਼ਰਧਾਲੂ ਤੇ ਸਿਦਕੀ ਸਿੱਖਾਂ ਨੂੰ ਸਚੇ ਧਰਮ ਦਾ ਉਪਦੇਸ਼ ਕਰ ਰਹੇ ਸਨ। ਉਸ ਸਮੇਂ ਭਾਈ ਮੰਜ ਆਪਣੇ ਸਾਥੀਆਂ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ

ਦੀਵਾਨ ਵਿਚ ਜਾ ਪੁਜਾ। ਇਕ ਪਾਸੇ ਬੈਠਕੇ ਉਪਦੇਸ਼ ਸਰਵਨ ਕਰਨ ਲਗਾ। ਸਬਬ ਨਾਲ ਉਸ ਸਮੇਂ ਵਿਚਾਰ ਹੋ ਰਹੀ ਸੀ ਕਿ ਸੱਚਾ ਸਿੱਖ ਜਾਂ ਮਹਾਂ ਪਰਸ਼ ਕੌਣ ਹੋ ਸਕਦਾ ਹੈ? ਪ੍ਰਮਾਤਮਾ ਨੂੰ ਕਿਵੇਂ ਮਿਲੀਦਾ ਹੈ? ਸਿੱਖ ਨੂੰ ਨਿਤ ਕਰਮ ਕੀ ਕਰਨਾ ਚਾਹੀਦਾ ਹੈ।ਇਨ੍ਹਾਂ ਪ੍ਰਸ਼ਨਾਂ ਦਾਉੱਤਰ ਦੇਂਦੇ ਹੋਏ ਸਾਹਿਬ ਫੁਰਮਾਰਹੇਸਨਃ- ਅਸੀਂ ਜੀਵ ਪ੍ਰਮਾਤਮਾ ਦੀਆਂ ਇਸਤ੍ਰੀਆਂ ਹਾਂ। ਉਹ ਅਸਾਂ ਦਾ ਪਤੀ ਹੈ। ਪਤੀ ਦੇ ਪ੍ਰੇਮ ਨੂੰ ਜਿੱਤਣ ਵਾਸਤੇ ਇਕ ਇਸਤ੍ਰੀ ਨੂੰ ਜੋ ਨੇਕ ਕਰਮ ਕਰਨੇ ਪੈਂਦੇ ਹਨ, ਤਿਵੇਂ ਅਸਾਂ ਨੂੰ ਕਰਨੇ ਚਾਹੀਦੇ ਹਨ। ਬਚਨ ਨੂੰ ਸੁਣ ਲੈਣ ਨਾਲ ਨਹੀਂ ਸਗੋਂ ਬਚਨ ਉਤੇ ਅਮਲ ਕਰਨ ਨਾਲ ਕਮਾਈ ਕਰਨ ਨਾਲ। ਸਿੱਖ ਧਰਮ ਵਿਚ ਕਰਮਪ੍ਰਧਾਨਹੈ।ਇਸ ਵਾਸਤੇ ਤੇ ਸਤਿਗੁਰੂ ਦੇ ਬਚਨਾ ਨੂੰ ਸੁਣੋ ਤੇ ਓਹਨਾਂ ਬਚਨਾ ਉਤੇ ਅਮਲ ਕਰੋ। ਪ੍ਰਮਾਤਮਾ ਨਾਲ ਮਲ ਜ਼ਰੂਰ ਹੋਵੇਗਾ, ਇਹ ਜਗਤ ਸੋਹਣਾ ਲਗੇਗਾ ਅਤੇ ਜੀਵਨ ਸੁਖੀ ਹੋਵੇਗਾ।' ਸਾਹਿਬਾ ਨੇ ਸ਼ਬਦ ਉਚਾਰਿਆ—

ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥ ੧ ॥
ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥
ਸਾਈ ਸੁਹਾਗਣਿ ਜੋ ਪ੍ਰਭ ਭਾਈ ॥ ਤਿਸ ਕੈ ਸੰਗਿ ਮਿਲਉ ਮੇਰੀ ਮਾਈ। ੧ ॥ ਰਹਾਉ ॥

ਜਗਤ ਵਿਚ ਜੀਵ ਨੂੰ ਗਿਆਨ ਰਾਹੀਂ ਪ੍ਰਮਾਤਮਾ ਦੇ ਘਰ ਦਾ ਰਾਹ ਦਸਣ ਵਾਲਾ ਗਰੂ ਹੈ। ਪਰ ਗੁਰੂ ਰਾਹ ਐਵੇਂ ਨਹੀਂ ਦਸਦਾ ਜਿੰਨਾ ਚਿਰ ਸਿੱਖ ਰਾਹਪੁਛਣ ਦੇ ਯੋਗ ਨਾ ਬਣੇ। ਓਹਦਾ ਤਨ ਮਨ ਪਵਿਤ੍ਰ ਨਾ ਹੋ ਜਾਵੇ। ਤਨ ਮਨ ਪਵਿਤ੍ਰ ਹੁੰਦਾ ਹੈ ਕਈ ਪ੍ਰਕਾਰ ਕਰਕੇ ਸਤਿਗੁਰੂ ਦੀ ਸੇਵਾ ਕਰਨ ਨਾਲ। ਤਨ ਮਨ ਤੇ ਧਨ ਸਭ ਕੁਝ ਸਤਿਗੁਰੂ ਦੇ ਅਗੇ ਅਰਪਨ ਕਰਨ ਵਾਲਾ ਭਾਵ ਸਭ ਚੀਜ਼ਾਂ ਦਾ ਤਿਆਗ ਕਰ ਦੇਵੇ। 'ਮੈਂ ਮੇਰੀ' ਜੋ ਹੰਕਾਰ ਦਾ ਪ੍ਰਗਟ ਰੂਪ ਹੈ ਉਸਨੂੰ ਮਾਰੇ, ਹਿਰਦੇ ਵਿਚੋਂ ਸ੍ਵਾਸ ਸ੍ਵਾਸ ਨਾਲ ਅਵਾਜ਼ ਆਵੇ 'ਤੇਰਾ!' ਤੇਰਾ! ਜਦੋਂ ਇਸ ਮੋੜ ਉਤੇ ਪੁਜੇ ਤਾਂ ਹਥਾਂ ਨੂੰ ਸਫਲ ਕਰਨ ਵਾਸਤੇ ਪਾਣੀ ਢੋਕੇ, ਪਖਾ, ਝਲਕੇ ਅਤੇ ਜੋੜੇ ਸਾਫ ਕਰਕੇ ਸੰਗਤਾਂ ਦੀ ਸੇਵਾ ਕਰੇ। ਜਦੋਂ ਇਸ ਤਰ੍ਹਾਂ ਚਾਕਰੀ ਵਾਂਗ ਸੇਵਾ ਕਰੇਗਾ, ਤਦੋਂ 'ਮੈਂ ਸਰਦਾਰ, ਮੈਂ ਰਾਜਾ, ਮੈਂ ਨੰਬਰਦਾਰ' ਇਹ ਹੰਕਾਰੀ ਭਰਮ ਮਿਟ ਜਾਵੇਗਾ, ਉਹ 'ਸੱਚਾ ਮਨੁਖ' ਬਣ ਜਾਵੇਗਾ। ਜਦੋਂ ਸੱਚਾ ਮਨੁਖ ਬਣੇਗਾ, ਤਦ ਨੇਕੀ ਤੇ ਧਰਮ ਬਦਲੇ ਜਾਨ ਦੀ ਪਰਵਾਹ ਨਹੀਂ ਕਰੇਗਾ। ਲੋੜ ਪੈਣ ਤੇ ਸ਼ਹੀਦ ਹੋ ਜਾਵੇਗਾ।

ਜਦੋਂ ਐਸੀ ਤਿਆਗ ਤੇ ਨਿਰਮਲਤਾ ਦੀ ਅਵਸਥਾ ਆ ਜਾਵੇਗੀ ਤਾਂ ਉਸ ਇਸਤ੍ਰੀ ਦੀ ਤਰ੍ਹਾਂ ਹੋ ਜਾਣਗੇ ਜੋ ਚੰਗੇ ਗੁਣਾ ਤੇ ਸਚੀ ਪ੍ਰੀਤੀ ਨਾਲ ਆਪਣੇ ਪਤੀ ਦਾ ਮਨ ਮੋਹ ਲੈਂਦੀ ਹੈ। ਪਤੀ ਉਸ ਨਾਲ ਪ੍ਰੇਮ ਕਰਦਾ ਹੈ। ਸੁਹਾਗਣ ਉਸੇ ਨੂੰ ਗਿਣਿਆਂ ਜਾਂਦਾ ਹੈ, ਜੋ ਪਤੀ ਮਨ ਭਾਏ। ਫਿਰ ਅਸੀਂ ਜੀਵ ਸਮਝੋ ਪ੍ਰਮਾਤਮਾ ਨਾਲ ਮਿਲ ਜਾਵਾਂਗੇ ਤੇ ਜੀਵਨ ਸੁਖ ਦੀਆਂ ਮੌਜਾਂ ਮਾਣਾਂਗੇ।

ਦਾਸਨਿ ਦਾਸੀ ਕੀ ਪਨਿਹਾਰਿ ॥ ਉਨ ਕੀ ਰੇਣੁ ਬਸੈ ਜੀਅ ਨਾਲਿ ॥
ਮਾਥੈ ਭਾਗ ਤ ਪਾਵਉ ਸੰਗੁ ॥ ਮਿਲੈ ਸੁਆਮੀ ਅਪੁਨੈ ਰੰਗਿ ॥ ੨ ॥
ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥
ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ ਕੇ ਸੰਗਿ ਦੇਖਉ ਪ੍ਰਭੁ ਨੈਨ ॥ ੩ ॥

ਪਤੀ ਨਾਲ ਮਿਲਾਪ (ਪ੍ਰਮਾਤਮਾ ਨਾਲ ਮਿਲਣ) ਕਰਕੇ ਇਸਤ੍ਰੀ (ਸਿੱਖ) ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਹੁਣ ਓਹਦਾ ਧਰਮ ਕਰਮ ਮੁਕ ਗਿਆ ਹੈ। ਸਗੋਂ ਬਹੁਤਾ ਡਰਨ ਦੀ ਲੋੜ ਹੈ ਕਿ ਭੁਲ ਹੋਣ ਤੇ ਪਤੀ ਤਿਆਗ ਨਾ ਕਰ ਦੇਵੇ। ਉਸ ਨੂੰ ਚਾਹੀਏ ਕਿ ਪਤੀ ਦੀਆਂ ਦਾਸੀਆਂ ਦੀ ਵੀ ਦਾਸੀ ਹੋਕੇ ਦਿਨ ਕਟੇ। ਪਤੀ ਦੇ ਚਰਨਾਂ ਦੀ ਧੂੜੀ ਸਦਾ ਹਿਕ ਅੱਖਾਂ ਨਾਲ ਲਾਕੇਰਖੇ।ਆਪ ਸੇਵਾਕਰੀਜਾਵੇ।ਪਤੀ ਦੇ ਨਾਮ ਦੀ ਮਾਲਾ ਫੇਰੇ, ਮੱਥੇ ਦੇ ਭਾਗਾਂ ਅਨੁਸਾਰ ਪਤੀ ਪ੍ਰਮੇਸ਼ਰ ਦਾ ਸੰਗ ਹੋ ਜਾਵੇਗਾ। ਪ੍ਰਮਾਤਮਾ ਪਤੀ ਮਨ ਦੀ ਮੌਜ ਨਾਲ ਮਿਲਦਾ ਤੇ ਪ੍ਰੇਮ ਬਖਸ਼ਦਾ ਹੈ। ਜੋ ਵੀ ਜਪ, ਤਪ, ਤੇ ਕਰਮ ਸਭ ਉਹ ਹਰੀ ਪ੍ਰਮਾਤਮਾ ਦੇ ਹਵਾਲੇ ਕਰ ਦੇਵੇ। ਸਾਰੇ ਹੰਕਾਰ ਛੱਡ ਕੇ ਸਾਧ ਸੰਗਤ ਦੇ ਚਰਨਾ ਦੀ ਧੂੜੀ ਹੋ ਰਹੇ। ਸਾਧ ਸੰਗਤ ਰਾਹੀਂਹੀ ਪ੍ਰਮਾਤਮਾਂ ਨੂੰ ਦੇਖੀਦਾ ਹੈ ॥

ਨਿਮਖ ਨਿਮਖ ਏਹੀ ਆਰਾਧਉ ॥ ਦਿਨਸੁ ਰੈਣਿ ਏਹ ਸੇਵਾ ਸਾਧਉ ॥ ਭਏ ਕ੍ਰਿਪਾਲ ਗੁਪਾਲ ਗੋਬਿੰਦ ॥ ਸਾਧ ਸੰਗਿ ਨਾਨਕ ਬਖਸਿੰਦ ॥ (ਆਸਾ ਮ: ੫)

ਹੁਣ ਰਹੀ ਪ੍ਰਮਾਤਮਾ ਦੇ ਸਿਮਰਨ ਦੀ ਗਲ ॥ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਹਰ ਘੜੀ ਲਗਾ-ਤਾਰ ਚਿਤ ਵਿਚ ਕਰਦੇ ਰਹਿਣਾ ਚਾਹੀਦਾ ਹੈ। ਦਿਨ ਹੋਵੇ ਜਾਂ ਰਾਤ, ਜਦੋਂ ਉਹਦਾ ਸਿਮਰਨ ਕਰਾਂਗੇ, ਤਦੋਂ ਪ੍ਰਮਾਤਮਾ ਜੋ ਕ੍ਰਿਪਾਲੂ ਤੇ ਦਿਆਲੂ, ਗ਼ਰੀਬਾਂ ਦੀ ਪਾਲਨਾ ਕਰਨ ਵਾਲੇ ਹਨ ਉਹ ਸਦਾ ਬਖਸ਼ਦੇ ਹਨ ਤੇ ਮੇਹਰ ਕਰਕੇ ਆਪਣੇ ਸਾਥ ਮੇਲ ਲੇਂਦੇ ਹਨ ਕਿਉਂਕਿ

ਜਦੋਂ ਸਿਮਰਨ ਕਰਦੇ ਹਾਂ ਤਦੋਂ ਪ੍ਰਮਾਤਮਾ ਨਾਲ ਪ੍ਰੀਤ ਕਰਦੇ ਹਾਂ । ਪ੍ਰੀਤ ਕਰਨ ਵਾਲੇ ਗੁਰਮੁਖ ਨੂੰ ਸੁਖ ਅਨੰਦ ਤੇ ਸਤਕਾਰ ਪ੍ਰਾਪਤ ਹੁੰਦਾ ਹੈ ।

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥ ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥ ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥ ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥ ੧ ॥ ਸੁਨਹੁ ਮੀਤ ਐਸਾ ਪਰੇਮ ਪਿਆਰੁ ॥ ਜੀਅ ਪ੍ਰਾਨ ਘਟ ਘਟ ਆਧਾਰੁ ॥ ੧ ॥ ਰਹਾਉ ॥ ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥ ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥ ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥ ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥ ੨ ॥ ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥ ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ ॥ ਪ੍ਰਭ ਕੀ ਪ੍ਰੀਤਿ ਸਗਲ ਉਧਰੈ ॥ ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥ ੩ ॥ ਆਪਹੁ ਕੋਈ ਮਿਲੈ ਨ ਭੂਲੈ ਜਿਸੁ ਕ੍ਰਿਪਾਲ ਤਿਸੁ ਸਾਧ ਸੰਗਿ ਘੁਲੈ ॥ ਕਹੁ ਨਾਨਕ ਤੇਰੈ ਕੁਰਬਾਣੁ ॥ ਸੰਤ ਓਟ ਪ੍ਰਭ ਤੇਰਾ ਤਾਣੁ ॥ (ਆਸਾ ਮਃ ੫)

ਹੋਰ ਸਿਖਾਂ ਦੇ ਸਾਥ ਭਾਈ ਤੀਰਥਾ ਨੇ ਸਤਿਗੁਰੂ ਜੀ ਕੋਲੋਂ ਸਤਜ ਧਰਮ ਦਾ ਉਪਦੇਸ਼ ਸਣਿਆਂ ਤੇ ਉਸ ਨੂੰ ਗਿਆਨ ਹੋ ਗਿਆ ।"ਸਮਝਦੇ ਬਜਰ ਕਪਾਟ ਖੁਲ੍ਹ ਗਏ. ਅਖਾਂ ਨੇ ਨਵੀਂ ਰੋਸ਼ਨੀ ਦੇਖੀ ਮਨ ਨੂੰ ਕੁਝ ਹੋਇਆ । ਮਨ ਕੂਕਿਆ— 'ਭੁਲ ਕੀਤੀ । ਸਤਜ ਨੂੰ ਲਭਦਿਆਂ ਲਭਦਿਆਂ ਝੂਠ ਤੇ ਕੂੜ ਪਿਛੇ ਪਾਗਲ ਹੋ ਗਿਆ । ਉਠ ਤੇ ਗੁਰੂ ਦੇ ਚਰਨ ਫੜ । ਇਹੋ ਹੀ ਜੀਵਨ ਮੁਕਤੀ ਬਖਸ਼ਣਗੇ ਸਾਰੇ ਭਰਮ ਮਿਟ ਜਾਣਗੇ ।' ਭਾਈ ਤੀਰਥ ਦੇ ਸਾਥੀ ਦੇਖਦੇ ਹੀ ਰਹਿ ਗਏ, ਸਖੀ ਸਰਵਰ ਦੇ ਝੰਡੇ ਨੂੰ ਹਥੋਂ ਛਡਕੇ, ਉਹਦੀਆਂ ਮਾਲਾਂ ਨੂੰ ਗਲੋਂ ਲਾਹਕੇ ਨਸਕੇ ਅਗੇ ਹੋਇਆ ਤੇ ਸਤਿਗੁਰੂ ਜੀ ਦੇ ਚਰਨਾ ਉਪਰ ਡਿਗਕੇ ਕੂਕਣ ਲਗਾ—'ਸਚੇ ਪਾਤ-ਸ਼ਾਹ ! ਦਾਤਾ !! ਮੇਹਰ ਕਰ ! ਹੇ ਦਇਆ ਦੇ ਸਾਗਰ, ਪਾਪੀ, ਅਗਿਆਨੀ, ਮਨ-ਮਤੀਏ ਨੂੰ ਸੁਮਤ ਬਖਸ਼ ਆਪਣਾ ਸਿਖ ਬਣਾ ।

ਅੰਤ੍ਰਯਾਮੀ ਸਚੇ ਸਤਿਗੁਰੂ ਸਮਝ ਗਏ ਕਿ ਗਿਆਨ ਦੇ ਤੀਰ ਨਾਲ ਘਾਇਲ ਹੋ ਚੁਕਾ ਹੈ । ਫਿਰ ਵੀ ਸਾਹਿਬਾਂ ਨੇ ਹੋਰ ਪਰਖਣ ਵਾਸਤੇ ਕਿਹਾ—'ਪੁਰਸ਼ਾ ! ਸਿੱਖ ਬਣਨਾ ਔਖਾ ਹੈ, ਲੋਕ ਲਾਜ ਤੇ ਸ਼ਰਮ ਤਿਆਗਣੀ ਪੈਂਦੀ ਹੈ ? ਆਪਣੀ ਮਤ ਤੇ ਕਬੁਧੀ ਕੁਕਰਮ ਦਾ ਤਿਆਗ ਕਰਨਾ ਪੈਂਦਾ ਹੈ । ਮਨਮਤਿ ਛੱਡਣਾ ਪਵੇਗਾ । ਤੇਰੇ ਭਰਾ ਤੇ ਸੰਗੀ ਤੇਰੇ ਨਾਲ ਨਰਾਜ ਹੋ ਜਾਣਗੇ ਮਖਮਲੀ ਸੇਜ ਛਡਕੇ ਉਸਤਰਿਆਂ ਦੀ ਮਾਲਾ ਗਲ ਨਾ ਪਾ ।' ਹੇ ਦਾਤਾ ! ਮੈਂ ਘਾਇਲ ਹੋ ਗਿਆ ਚਰਨਾ ਵਿਚ ਰਖੋ ਦਇਆ ਕਰੋ । ਸਾਰੇ ਮਤ, ਵਿਚਾਰ, ਸਾਰੇ ਰਿਸ਼ਤੇਦਾਰ ਸਭ ਕੁਝ ਛਡਦਾ ਹਾਂ,

ਤਨ ਮਨ ਤੇ ਧਨ ਸਭ ਕੁਝ ਆਪ ਤੋਂ ਕੁਰਬਾਨ ਕਰਦਾ ਹਾਂ। ਜੋ ਆਖੋਗੇ ਜੋ ਦੇਵੋਗੇ ਖਾਵਾਂਗਾ।' ਭਾਈ ਤੀਰਥ ਦਾ ਤਰਲਾ ਸੀ। ਮੇਹਰਾਂ ਦੇ ਦਾਤੇ ਮੇਹਰ ਕੀਤੀ, ਬਚਨ ਕੀਤਾ—'ਪੁਰਸ਼ਾ ! ਪਹਿਲਾਂ ਤੂੰ ਸਖੀ ਸਰਵਰ ਦਾ ਚੇਲਾ ਹੈਂ ! ਉਹਦਾ ਮਕਾਨ ਘਰ ਤਿਆਰ ਕੀਤਾ ਹੋਇਆ ਹੈ ?'

'ਹਾਂ ਦਾਤਾ ! ਪੀਰ ਸਰਵਰ ਦਾ ਮਕਾਨ ਘਰ ਬਣਾਇਆ ਹੋਇਆ ਹੈ।'

'ਉਸ ਨੂੰ ਢਾਹ ਢੇਰੀ ਕਰਨਾ ਪਵੇਗਾ।'

'ਮੈਂ ਹੁਣੇ ਜਾਂਦਾ ਹਾਂ ਫੇਰ ਅਵਾਂਗਾ ਨਾਲੇ ਪਰਵਾਰ ਨੂੰ ਵੀ ਨਾਲਲੈਆਵਾਂ। ਉਹ ਕਿਤੇ ਹਨੇਰੇ ਵਿਚ ਹੀ ਨਾ ਬੈਠੇ ਰਹਿਣ। ਦਾਤਾਂ ਵੰਡੀਦੀਆਂ ਹਨ, ਉਹ ਵਾਂਜੇ ਨ ਰਹਿ ਜਾਣ।'

ਇਹ ਆਖਕੇ ਭਾਈ ਤੀਰਥ ਨੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ ਤੇ ਦੀਵਾਨ ਵਿਚੋਂ ਨਿਕਲਕੇ ਬਾਹਰ ਨੂੰ ਨੱਠ ਗਿਆ। ਉਹਦੇ ਸਾਥੀ ਉਸ ਨੂੰ ਵਾਜਾਂ ਮਾਰਦੇ ਰਹਿ ਗਏ ਉਸ ਨੇ ਕਿਸੇ ਦੀ ਕੋਈ ਗਲ ਨਾ ਸੁਣੀ। ਉਹਆਪਣੇ ਪਿੰਡ ਮੰਜਕੀ ਨੂੰ ਤੁਰ ਗਿਆ। ਭਾਈ ਤੀਰਥ ਸੁਧਾਸਰ ਤੋਂ ਜਿਉਂ ਨਠਾ, ਉਹ ਸਿੱਧਾ ਪਿੰਡ ਪਹੁੰਚਿਆ। ਰਾਹ ਦੇ ਲੰਮੇ ਪੰਧ, ਰਾਹ ਦੇ ਘਟੇ ਅਤੇ ਭੁਖ ਤ੍ਰੇਹ ਨੇ ਉਸਦਾ ਹੁਲੀਆ ਵਿਗਾੜ ਦਿਤਾ। ਜਿਸ ਵੀ ਉਸ ਨੂੰ ਦੇਖਿਆ, ਓਹੋ ਹੀ ਹੈਰਾਨ ਹੋਇਆ ਕਿ ਉਸ ਨੂੰ ਕੀ ਹੋ ਗਿਆ ? ਕਈਆਂ ਨੂੰ ਤਾਂ ਪੱਕਾ ਵਿਸ਼ਵਾਸ਼ ਹੋ ਗਿਆ ਕਿ ਤੀਰਥ ਬੌਰਾ ਹੋ ਗਿਆ ਹੈ। ਸਾਰੇ ਉਹਦੇ ਪਿਛੇ ਲਗ ਕੇ ਉਹਦੇ ਘਰ ਗਏ।

ਘਰ ਪਹੁੰਚਦੇ ਸਾਰ ਹੀ ਭਾਈ ਤੀਰਥ ਨੇ ਵਹੁਟੀ ਨਾਲ ਗਲ ਨਹੀਂ ਕੀਤੀ, ਕਿਸੇ ਬਚੇ ਨੂੰ ਪਿਆਰ ਨਹੀਂ ਦਿੱਤਾ, ਵੇਹੜੇ ਵਿਚੋਂ ਕਹੀ ਫੜਕੇ ਪੀਰ ਸਰਵਰ ਦੇ ਮਕਾਨ (ਅਸਥਾਨ) ਨੂੰ ਢਾਹ ਢੇਰੀ ਕਰਨਾ ਸ਼ੁਰੂ ਕਰ ਦਿਤਾ। ਪਿੰਡ ਦੇ ਸਾਰੇ ਲੋਕ ਪੀਰ ਦੇ ਪਕੇ ਚੇਲੇ ਸਨ,ਇਹ ਦੇਖਕੇ ਉਹ ਹੋਰ ਪਕੇ ਹੋਗਏ ਕਿ ਤੀਰਥ ਪਾਗਲ ਹੋ ਗਿਆ ਹੈ। ਸੰਗ ਨਾਲ ਗਿਆ ਸੀ ਸੰਗ ਨੂੰ ਰਾਹ ਵਿਚ ਹੀ ਛੱਡ ਕੇਨਸਆਇਆ ਹੈ ਉਹ ਫੜਕੇ ਮਕਾਨ ਢਾਹੁਣ ਤੋਂ ਰੋਕਣ ਲਗੇ ਪਰ ਉਹ ਨਹੀਂ ਰੁਕਿਆ। ਦੀਵੇ ਤੋੜ ਸੁਟੇ, ਬੁਰਜ ਢਾਹ ਸੁਟਿਆ। ਲੋਕਾਂ ਨੇ ਅਵਾਜ਼ਾਂ ਦਿਤੀਆਂ—'ਪੀਰਦਾ ਮਕਾਨ ਨਾ ਢਾਹ ਅੰਨ੍ਹਾ ਹੋ ਜਾਵੇਂਗਾ। ਪੀਰ ਦੀ ਕਰੋਪੀ ਤੇਰੀ ਕੁਲ ਨਾਸ਼ ਕਰ ਦੇਵੇਗੀ।'

ਪਰ ਉਸ ਨੇ ਇਕ ਨਾ ਸੁਣੀ। 'ਇਹ ਪੀਰ ਨਹੀਂ ਮਿਟੀ ਹੈ ਇਹ ਮੇਰਾ ਕੁਝ ਨਹੀਂ ਵਿਗਾੜ ਸਕਦਾ ਮੈਨੂੰ ਵਡਾ ਪੀਰ ਮਿਲ ਗਿਆ ਹੈ।' ਭਾਈ ਤੀਰਥ ਦਾ ਉਤਰਸੀ।

ਪੀਰ ਦੇ ਮਕਾਨ ਨੂੰ ਢਾਹ ਕੇ ਸੁਖ ਦਾ ਸਾਹ ਲਿਆ। ਪਾਣੀ ਪੀਤਾ ਜਦੋਂ ਰੋਟੀ ਮੰਗੀ ਤਾਂ ਵਹੁਟੀ ਲੜ ਪਈ। ਉਹਦੀ ਵਹੁਟੀ ਨੂੰ ਗੁਸਾ ਸੀ ਕਿ ਉਹਦੇ ਪਤੀ ਨੇ ਪੀਰ ਦੇ ਅਸਥਾਨ ਨੂੰ ਢਾਹ ਕੇ ਮਾੜਾ ਕੀਤਾ ਹੈ। ਉਹਦੇ ਘਰ ਬੀਮਾਰੀਆ ਆ ਜਾਣਗੀਆਂ। 'ਜਿਥੋਂ ਆਇਆ ਹੈਂ, ਜਿਸ ਨੇ ਤੈਨੂੰ ਉਲਟੀ ਮਤ ਦਿਤੀ ਹੈ, ਉਸੇ ਦੇ ਘਰੋਂ ਰੋਟੀ ਖਾਹ। ਮੈਂ ਪੀਰ ਦੇ ਦੁਸ਼ਮਨ ਨੂੰ ਰੋਟੀ ਖੁਆ ਕੇ ਕੁਲ ਦਾ ਨਾਸ਼ ਕਰਵਾ ਲਵਾਂ? ਅਗੇ ਹੀ ਮੈਂ ਤਕੜੀ ਨਹੀਂ ਰਹਿੰਦੀ। ਮੈਨੂੰ ਅੰਗ ਅੰਗ ਵਿਚ ਪੀੜਾਂ ਹੁੰਦੀਆਂ ਹਨ।' ਓਹਦੀ ਵਹੁਟੀ ਦਾ ਉਤਰ ਸੀ।

'ਤੂੰ ਮੇਰੀ ਜੀਵਣ ਸਾਥਣ ਹੈਂ। ਤੇਰੇ ਬੱਚੇ ਹਨ। ਮੈਂ ਕੋਈ ਬੁਰਾ ਕਰਮ ਨਹੀਂ ਕੀਤਾ। ਸਾਰੇ ਸੁਖਾਂ ਨੂੰ ਬਖਸ਼ਣ ਵਾਲਾ ਸਚਾ ਸਤਿਗੁਰੂ ਮਿਲ ਗਿਆ ਹੈ। ਮੈਂ ਤੈਨੂੰ ਬੱਚਿਆਂ ਨੂੰ ਨਾਲ ਲੈਣ ਵਾਸਤੇ ਆਇਆ ਹਾਂ, ਚਲੋ ਦਰਸ਼ਨ ਕਰੋ। ਤੇਰੀਆਂ ਸਾਰੀਆਂ ਦਰਦਾਂ ਦੂਰ ਹੋ ਜਾਣਗੀਆਂ।' ਭਾਈ ਤੀਰਥ ਦਾ ਉਤਰ ਸੀ।

ਭਾਈ ਤੀਰਥ ਦੀ ਇਸਤ੍ਰੀ ਜ਼ਿਦ ਦੀ ਪੱਕੀ ਸੀ, ਉਸ ਨੇ ਭਾਈ ਤੀਰਥ ਦੀ ਇਕ ਨਾ ਸੁਣੀ। ਚੌਥੇ ਦਿਨ ਤੀਰਥ ਵਾਪਸ ਰਾਮਦਾਸ ਪੁਰ ਆ ਪਜਾ ਤੇ ਸਤਿਗੁਰੂ ਜੀ ਦੇ ਚਰਨਾ ਉਪਰ ਮਥਾ ਟੇਕਕੇ ਬੋਲਿਆ, 'ਸਚੇ ਪਾਤਸ਼ਾਹ! ਮੈਂ ਪੀਰ ਸਰਵਰ ਦਾ ਮਕਾਨ ਵੀ ਢਾਹ ਢੇਰੀ ਕਰ ਆਇਆ ਹਾਂ। ਹੁਣ ਮੇਰ ਉਤੇ ਦਇਆ ਕਰੋ ਮੈਨੂੰ ਨਾਮਦਾਨ ਬਖਸ਼ੋ।'

ਸਤਿਗੁਰੂ ਜੀ ਨੇ ਬਚਨ ਕੀਤਾ, 'ਸੇਵਾ ਕਰਿਆ ਕਰ, ਸਵੇਰੇ ਘੋੜੇ ਵਾਸਤੇ ਘਾਹ ਤੇ ਸ਼ਾਮ ਨੂੰ ਲੰਗਰ ਵਾਸਤੇ ਲਕੜੀਆਂ ਦੀ ਪੰਡ, ਕਰਤਾਰ ਨੂੰ ਚੇਤੇ ਰਖਿਆ ਕਰ। 'ਸਤਿ ਕਰਤਾਰ, ਸਤਿਨਾਮ' ਦੇ ਸਿਮਰਨ ਨਾਲ ਨਾਲ ਬਾਣੀ ਪੜ੍ਹਿਆ ਤੇ ਸੁਣਿਆਂ ਕਰ।

ਸਤਿ ਬਚਨ ਜੀ' ਆਖਕੇ ਭਾਈ ਤੀਰਥ ਸੇਵਾ ਵਿਚ ਰੁਝ ਗਿਆ।

ਭਾਈ ਤੀਰਥ ਦਾ ਨਾਮ 'ਤੀਰਥ' ਮਾਤਾ ਪਿਤਾ ਦਾ ਰਖਿਆ ਹੋਇਅ ਸੀ। ਜਦੋਂ ਸਤਿਗੁਰੂ ਜੀ ਦੇ ਦਰ ਉਤੇ ਸੇਵਾ ਕਰਨ ਲਗੇ ਤਾਂ ਆਪ ਨੂੰ

'ਤੀਰਥ' ਨਾਮ ਨਾਲ ਕੋਈ ਨਹੀਂ ਸੀ ਬੁਲਾਉਂਦਾ ਸਗੋਂ ਭਾਈ ਮੰਜ(ਮੰਜ) ਆਖਦੇ ਸਨ। ਕਿਉਂਕਿ ਮੰਜਕੀ ਦਾ ਰਹਿਣ ਵਾਲਾ ਸੀ। ਏਥੇ ਅਸੀਂ ਵੀ 'ਮੰਜ' ਹੀ ਲਿਖਾਂਗੇ।

ਭਾਈ ਮੰਜ ਸਚਾ ਸਿਦਕੀ ਤੇ ਸ਼ਰਧਾਲੂ ਸਿੱਖ ਬਣ ਗਿਆ। ਰਾਤ ਦਿਨ ਇਕ ਕਰਕੇ ਗੁਰੂ ਘਰ ਦੀ ਸੇਵਾ ਕਰਨ ਲਗਾ। ਜਦੋਂ ਵੇਹਲ ਮਿਲਦਾ, ਤਦੋਂ ਸਰੋਵਰ ਦੀ ਕਾਰ ਸੇਵਾ ਵਿਚ ਵੀ ਹਿੱਸਾ ਪਾਉਂਦਾ। ਓਹਦੀ ਭਗਤੀ ਤੇ ਆਤਮਾ ਦੀ ਸ਼ੁਧੀ ਨੇ ਇਹ ਅਸਰ ਕੀਤਾ ਕਿ ਓਹਦੇ ਪਿੰਡ ਵਾਲੇ ਵੀ ਸਾਰੇ ਗੁਰੂ ਦੇ ਸਿਖ ਸਜ ਗਏ ਅਤੇ ਓਹਦੀ ਵਹੁਟੀ ਨੇ ਵੀ ਸਤਿਗੁਰੂ ਜੀ ਦੇ ਚਰਨਾ ਵਿਚ ਆ ਮੱਥਾ ਟੇਕਿਆ, ਦੋਵੇਂ ਜੀ ਗੁਰੂ ਘਰ ਵਿਚ ਸੇਵਾ ਕਰਕੇ ਜਨਮ ਸਫਲ ਕਰਨ ਲਗੇ।

ਸੋਨੇ ਨੂੰ ਜਿਵੇਂ ਅਸਲੀ ਰੂਪ ਹਾਸਲ ਕਰਨ ਬਦਲੇ ਭਠੀ ਵਿਚ ਗਰਮ ਹੋਣਾ ਪੈਂਦਾ ਹੈ, ਤਿਵੇਂ ਮਨੁਖ ਨੂੰ ਭਗਤ ਤੇਉਸਤਾਦ ਬਣਨ ਬਦਲੇ ਕਈਆਂ ਇਮਤਿਹਾਨਾਂ ਦੇ ਵਿਚਦੀ ਲੰਘਣਾ ਪੈਂਦਾ ਹੈ। ਭਾਈ ਮੰਜ ਦੇ ਇਮਤਿਹਾਨਦਾ ਸਮਾਂ ਨੇੜੇ ਆ ਪੁਜਾ। ਓਹਦੀ ਸੇਵਾ ਉਸਨੂੰ ਪੂਰਨ ਪੁਰਖ ਬਣਾਓਣ ਲਗੀ। ਓਹ ਸਮਾਂ ਸੀ ਕਿ ਇਕ ਦਿਹਾੜੇ ਓਹ ਜੰਗਲ ਵਿਚੋਂ ਲਕੜੀਆਂ ਦੀ ਪੰਡ ਚੁਕਕੇ ਵਾਪਸ ਮੁੜਨ ਲਗਾ ਤਾਂ ਕਾਲੀ ਬੋਲੀ ਹਨੇਰੀ ਆ ਗਈ। ਹਨੇਰੀ ਬਹੁਤ ਜ਼ੋਰ ਦੀ ਸੀ। ਸਿਰ ਉਤੇ ਪੰਡ ਚੁਕ ਕੇ ਤੁਰਨਾ ਬਹੁਤ ਕਠਨ ਸੀ।

ਭਾਈ ਮੰਜ ਔਖਾ ਸੁਖਾਲਾ ਸੁਲਤਾਨ ਵਿੰਡ ਪਿੰਡ ਲੰਘ ਤੁਰਿਆ ਤਾਂ ਅਗੇ ਖੂਹ ਸੀ। ਓਹ ਖੂਹ ਅੰਨ੍ਹਾ (ਥੋੜੇ ਪਾਣੀ ਵਾਲਾ ਤੇ ਢਠਾ ਹੋਇਆ, ਜਿਸ ਨੂੰ ਖਡਲ ਕਿਹਾ ਜਾਂਦਾ ਹੈ) ਸੀਹਨੇਰੀ ਨੇ ਆਪਣੇ ਬਲ ਨਾਲ ਸਿਖ ਨੂੰ ਖੂਹ ਵਿਚਸੁਟਦਿਤਾ ਪਰ ਖੂਹ ਵਿਚ ਡਿਗਦੇ ਹੋਏ ਸਿੱਖ ਨੇ ਸਿਰ ਉਤੋਂ ਲੱਕੜਾਂ ਨਾ ਡਿਗਣ ਦਿਤੀਆਂ ਓਹਨਾਂ ਨੂੰ ਪਾਣੀ ਵਿਚ ਗਿਲੀਆਂ ਨਾ ਹੋਣ ਦਿਤਾ। ਤਨ ਉਤੇ ਸੱਟਾਂ ਲਗੀਆਂ, ਪਰ ਸਟਾਂ ਦੀ ਪਰਵਾਹ ਨਾ ਕੀਤੀ। ਪੰਡ ਸਿਰ ਤੇ ਚੁਕਕੇ ਖੂਹ ਵਿਚ ਖਲੋਤਾ ਹੋਇਆ 'ਸਤਿਨਾਮ! ਸਤਿ ਕਰਤਾਰ' ਦਾ ਜਾਪ ਕਰਦਾ ਰਿਹਾ।

ਹਨੇਰੀ ਹੱਟ ਗਈ, ਅਸਮਾਨ ਨਿਰਮਲ ਹੋ ਗਿਆ। ਸਬਬ ਨਾਲ ਇਕ ਪੁਰਸ਼ ਉਸ ਖੂਹ ਉਤੇ ਆ ਨਿਕਲਿਆ, ਜਿਸ ਨੂੰ ਸ਼ਾਇਦ ਕਰਤਾਰ ਨੇ

ਹੀ ਪ੍ਰੇਰਕੇ ਭਜਿਆ ਸੀ। ਉਸ ਨੇ 'ਸਤਿਨਾਮ ਤੇ ਸਤਿ ਕਰਤਾਰ ਦੇ ਸ਼ਬਦ ਸੁਣਕੇ ਅਵਾਜ਼ ਦਿਤੀ ਕਿ 'ਖੂਹ ਵਿਚ ਕੌਣ ਹੈ ?' 'ਨਿਮਾਣਾ ਸਿੱਖ ਮੰਜ। ਭਾਈ ਮੇਰੇ ਬਾਹਰ ਕਢਣ ਦਾ ਕੋਈ ਵਸੀਲਾ ਸੋਚ।'

'ਮੈਂ ਹਣੇ ਗੁਰੂ ਕੇ ਚੱਕ ਪੁਜਦਾ ਹਾਂ ਸਤਿਗੁਰੂ ਜੀ ਨੂੰ ਖਬਰ ਪਹੁੰਚਾਉਂਦਾ ਹਾਂ ਕੋਈ ਲਜ ਲਿਆਕੇ ਕਢਿਆ ਜਾਵੇਗਾ।' ਇਹ ਆਖਕੇ ਦੇਖਣ ਵਾਲਾ ਪੁਰਸ਼ ਰਾਮਦਾਸ ਪੁਰ ਨੂੰ ਨਸ ਆਇਆ। ਸਤਿਗੁਰੂ ਜੀ ਦੇ ਹਜ਼ੂਰ ਪੇਸ਼ ਹੋਕ ਦਸਿਆ ਕਿ ਉਨ੍ਹਾਂ ਦਾ ਸ਼ਰਧਾਲੂ ਸਿੱਖ ਭਾਈ ਮੰਜ ਖੂਹ ਵਿਚ ਡਿਗਾ ਹੈ ਉਸ ਨੂੰ ਬਾਰਰ ਕਢਿਆ ਜਾਵੇ। ਉਹ ਖੂਹ ਵਿਚ ਖਲੋਤਾ 'ਗੁਰੂ ਗ ਰੂ' ਜਪ ਰਿਹਾ ਹੈ।'

ਸਤਿਗੁਰੂ ਜੀ ਨੇ ਹੁਕਮ ਕੀਤਾ ਲਜਾਂ ਹਾਜ਼ਰ ਹੋ ਗਈਆਂ। ਲੱਜਾਂ (ਰਸਿਆਂ) ਨੂੰ ਚੁਕ ਸਿੱਖ ਸੁਲਤਾਨ ਵਿੰਡ ਨੂੰ ਤੁਰ ਪਏ, ਸਤਿਗੁਰੂ ਜੀ ਸਭ ਦੇ ਅਗੇ ਅਗੇ ਜਾ ਰਹੇ ਸਨ। ਸਿੱਖਾਂ ਨੇ ਬਥੇਰਾ ਕਿਹਾ—'ਹੇ ਮਹਾਰਾਜ ! ਆਪ ਬਰਾਜੋ ਅਸੀਂ ਸਿੱਖ ਨੂੰ ਬਾਹਰ ਕੱਢ ਕੇ ਲੈ ਆਉਂਦੇ ਹਾਂ। ਆਪ ਖੇਚਲ ਨਾ ਕਰੋ।' ਪਰ ਸਿੱਖਾਂ ਦੇ ਬਚਨਾ ਨੂੰ ਅਨਸੁਣੇ ਕਰਕੇ ਪਿਆਰ ਦੀ ਡੋਰ ਦੇ ਖਿਚੇ ਹੋਏ ਸਤਿਗੁਰੂ ਜੀ ਪੈਦਲ ਹੀ ਤੁਰੇ ਗਏ ਤੇ ਖੂਹ ਉਤੇ ਜਾ ਪੁਜੇ। ਜਾਂਦਿਆਂ ਹੀ ਸਤਿਗੁਰੂ ਜੀ ਨੇ ਅਵਾਜ਼ ਦਿਤੀ— 'ਭਾਈ ਮੰਜ !'

'ਜੀ ਸਚੇ ਪਾਤਸ਼ਾਹੋ !' ਭਾਈ ਮੰਜ ਦੀ ਅਵਾਜ਼ ਆਈ।

'ਸੱਟ ਤਾਂ ਨਹੀਂ ਲਗੀ ?'

ਆਪ ਦੀ ਦਇਆ ! ਰੱਸਾ ਸੁਟੋ ਮੈਂ ਲਕੜੀਆਂ ਬੰਨ੍ਹ ਦੇਵਾਂ, ਉਨ੍ਹਾਂ ਨੂੰ ਉਪਰ ਖਿਚ ਲਵੋ ਅਜੇ ਤਕ ਲਕੜਾਂ ਸੁਕੀਆਂ ਮੇਰੇ ਸਿਰ ਉੱਪਰ ਹਨ।'

ਸਿਖਾਂ ਨੇ ਦੋ ਲੱਜਾਂ ਸੁਟੀਆਂ। ਭਾਈ ਮੰਜ ਨੇ ਇਕ ਲਜ ਨਾਲ ਲਕੜੀਆਂ ਬੰਨ੍ਹ ਦਿਤੀਆਂ ਜਦੋਂ ਲਕੜਾਂ ਉਪਰ ਆ ਗਈਆਂ ਤਾਂ ਦੂਸਰੀ ਲਜ ਫੜਕੇ ਭਾਈ ਮੰਜ ਉਪਰ ਆ ਗਿਆ। ਉਪਰ ਆਉਂਦਿਆਂ ਹੀ ਉਸਨੇ ਸਤਿਗੁਰੂ ਜੀ ਨੇ ਚਰਨਾ ਉਪਰ ਮਥਾ ਟੇਕਣ ਵਾਸਤੇ ਸਿਰ ਝੁਕਾਇਆ ਤਾਂ ਸਤਿਗੁਰੂ ਜੀ ਨੇ ਖੁਸ਼ੀ ਨਾਲ ਫੜਕੇ ਹਿਕ ਨਾਲ ਲਾ ਲਿਆ ਤੇ ਥਾਪੀ ਦੇਕੇ ਸਾਹਿਬਾਂ ਨੇ ਆਖਿਆ, ਮੰਜ ਪਿਆਰਾ ਗੁਰੂ ਨੂੰ ਗੁਰ ਮੰਜ ਪਿਆਰਾ ॥ ਮੰਜ

ਗੁਰੂ ਹੈ ਬੋਹਿਬਾ ਜਗ ਲੰਘਣ ਹਾਰਾ॥* ਇਸਦੇ ਪਿਛੋਂ ਅਨੇਕਾਂ ਵਰ ਦੇਕੇ ਭਾਈ ਮੰਜਦੇ ਜਨਮ ਮਰਨ ਨੂੰ ਸੁਵਾਰ ਦਿਤਾ, ਉਸਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਗਈ, ਰਿਧੀਆਂ ਸਿਧੀਆਂ ਉਹਦੇ ਕੋਲ ਆ ਗਈਆਂ। ਸਤਿਗੁਰੂ ਜੀ ਦੀ ਆਗਿਆ ਅਨੁ-ਸਾਰ ਭਾਈ ਮੰਜ ਆਪਣੇ ਪਿੰਡ ਮੰਜਕੀ ਚਲਿਆ ਗਿਆ, ਗੁਰਮਤਿ ਦਾ ਪ੍ਰਚਾਰ ਕਰਨ ਲਗਾ, ਉਸਦੀ ਹਿੰਮਤ ਨਾਲ ਤਕਰੀਬਨ ਅੱਧਾ ਦੁਆਬਾ ਗੁਰੂ ਦਾ ਪ੍ਰੇਮੀ ਬਣ ਗਿਆ। ਐਸੇ ਸਿਖਾਂ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ—

> ਹਉਂ ਤਿਸ ਵਿਟਹੁ ਵਾਰਿਆ ਹੋਂਦੇ ਤਾਣ ਜੋ ਹੋਇ ਨਿਤਾਣਾ॥ ਹਉਂ ਤਿਸ ਵਿਟਹੁ ਵਾਰਿਆ ਹੋਂਦੇ ਮਾਣ ਜੋ ਹੋਇ ਨਿਮਾਣਾ॥ ਹਉਂ ਤਿਸ ਵਿਟਹੁ ਵਾਰਿਆ ਛਡ ਸਿਆਣਪ ਹੋਇ ਇਆਣਾ॥ ਹਉਂ ਤਿਸ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸ ਭਾਣਾ॥ ਹਉਂ ਤਿਸ ਵਿਟਹੁ ਵਾਰਿਆ ਗੁਰਮੁਖ ਮਾਰਗ ਦੇਖ ਲੁਭਾਣਾ॥ ਹਉਂ ਤਿਸ ਵਿਟਹੁ ਵਾਰਿਆ ਚੱਲਣ ਜਾਣ ਜੁਗਤ ਮਿਹਮਾਣਾ॥ ਦੀਨ ਦੁਨੀ ਦਰਗਹ ਪਰਵਾਣਾ॥
>
> (ਵਾਰਾਂ ਭਾਈ ਗੁਰਦਾਸ)

੩੬. ਕਾਬਲ ਦੀ ਇਕ ਬੀਬੀ ਦਾ ਸਿਦਕ ਤੇ ਗੁਰੂ ਘਰ ਨਾਲ ਪ੍ਰੇਮ

ਸਰੋਵਰ ਦੇ ਪੱਕੇ ਹੋਣ ਦੀ ਕਾਰ ਸੇਵਾ ਹੋ ਰਹੀ ਸੀ। ਸਿਖ ਸੇਵਕ ਚੂਨਾ ਇਟਾਂ ਢੋ ਰਹੇ ਸਨ। ਜਦੋਂ ਸਰੋਵਰ ਵਿਚੋਂ ਉਪਰ ਨੂੰ ਜਾਂਦੇ ਸਨ ਤਾਂ ਸਰੋਵਰ ਵਿਚੋਂ ਗਾਰ ਬਾਹਰ ਸੁਟਦੇ ਸਨ। ਓਹਨਾ ਸੇਵਕਾਂ ਵਿਚ ਇਕ ਸਿਦਕ ਵਾਨ ਬੀਬੀ ਸੀ ਜਿਸ ਦੀ ਉਮਰ ਬਤੀ ਤੇਤੀ ਸਾਲ ਤੋਂ ਉਪਰ ਨਹੀਂ ਸੀ। ਓਹ ਚੂਨੇ ਦੀ ਟੋਕਰੀ ਭਰ ਕੇ ਪੌੜਾਂ ਉਤੇ ਖੜਦੀ ਤੇ ਹੇਠੋਂ ਗਾਰ ਦੀ ਟੋਕਰੀ ਭਰਕੇ ਉਪਰ ਲਿਆਉਂਦੀ। ਓਹ ਨਾ ਥੱਕਦੀ ਤੇ ਨਾ ਅਕਦੀ। ਉਸ ਬਾਰੇ ਹੈਰਾਨ ਕਰਨ ਵਾਲੀਆਂ ਦੋ ਗੱਲਾਂ ਸਨ। ਇਕ ਤਾਂ ਇਹ ਕਿ ਓਹ ਸ਼ਾਮ ਨੂੰ ਅਲੋਪ ਹੋ ਜਾਂਦੀ। ਉਹਦੇ ਨਾਲਦੇ ਸੇਵਾ-ਦਾਰ ਨਰ ਨਾਰੀ ਦੇਖਦੇ ਤੇ ਲੱਭਦੇ ਹੀ ਰਹਿ ਜਾਂਦੇ। ਓਹ ਕਿਸੇ ਨੂੰ ਨਾ ਲਭਦੀ,

*ਤਵਾਰੀਖ ਗੁਰੂ ਖਾਲਸਾ ਸਫਾ ੬੭੨।

ਨਾ ਉਸ ਨੂੰ ਕਿਸੇ ਨੇ ਗੁਰੂ ਲੰਗਰੋਂ ਪ੍ਰਸ਼ਾਦ ਛਕਦਿਆਂ ਹੋਇਆਂ ਕਦੀ ਦੇਖਿਆ ਸੀ। ਦੂਸਰਾ ਓਹ ਜਦੋਂ ਟੋਕਰੀ ਸੁਟਦੀ, ਉਸਦਾ ਹਥ ਵੇਹਲਾ ਤਦੋਂ ਹੀ ਓਹ ਹਥ ਨੂੰ ਹਵਾ ਵਿਚ ਇਸ ਤਰਾਂ ਘੁਮਾਉਂਦੀ ਜਿਵੇਂ ਕਿਸੇ ਪੰਗੂੜੇ ਨੂੰ ਧਕਾ ਦਈਦਾ ਹੈ। ਓਹਦਾ ਹਥ ਹਰਵਾਰ ਘੁੰਮਦਾ ਫਿਰ ਘੁੰਮਦਾ ਵੀ ਪੱਛਮ ਵਾਲੇ ਪਾਸੇ, ਸਾਥੀ ਸੇਵਕ ਬੜੇ ਹੈਰਾਨ ਸਨ ਕਿ ਇਹ ਕਿਉਂ ਇਸ ਤਰਾਂ ਕਰਦੀ ਹੈ ! ਅਲੌਇਕ ਕੌਤਕ ਦੀ ਚਰਚਾ ਸੰਗਤਾਂ ਵਿਚ ਆਮ ਹੋਣ ਲਗ ਪਈ। ਤਿੰਨ ਚਾਰ ਬੀਬੀਆਂ ਤਾਂ ਐਨਾਂ ਸਿਰ ਹੋਈਆਂ ਕਿ ਓਹ ਸ਼ਾਮ ਨੂੰ ਖੋਜ ਕਰਨ ਲਗੀਆਂ ਕਿ ਇਹ ਬੀਬੀ ਕਿਥੇ ਰਹਿੰਦੀ ਹੈ ਪਰ ਓਹਨਾਂ ਦੇ ਪਲੇ ਕੱਖ ਨਾ ਪਿਆ, ਓਹ ਟੋਕਰੀਆਂ ਢੋਂਦੀ ਹੋਈ ਹੀ ਇਕ ਦਮ ਅਲੋਪ ਹੋ ਜਾਂਦੀ। ਸਵੇਰੇ ਟੋਕਰੀ ਚੁਕੀ ਤੁਰੀ ਜਾਦੀ ਦਿਸ ਪੈਂਦੀ, ਜੇ ਕੋਈ ਪੁਛਦਾ ਕਿ ਓਹ ਕਿਥੇ ਰਹਿੰਦੀ ਹੈ ਤਾਂ ਕੁਝ ਨਾ ਦਸਦੀ। ਆਖਰ ਇਹ ਮਾਮਲਾ ਸਚੇ ਸਤਿਗੁਰੂ ਜੀ ਦੇ ਕੋਲ ਜਾ ਪੁਜਾ, ਸੰਗਤਾਂ ਨੇ ਬੇਨਤੀ ਕੀਤੀ 'ਸਚੇ ਪਾਤਸ਼ਾਹ ਦਸਿਆ ਜਾਵੇ ਇਹ ਬੀਬੀ ਕੌਣ ਹੈ ਤੇ ਕਿਥੋਂ ਆਉਂਦੀ ਹੈ ?' ਘਟ ਘਟ ਦੀ ਜਾਨਣਹਾਰ ਗੁਰੂ ਜੀ ਆਸਣ ਤੋਂ ਉਠੇ ਤੇ ਉਸ ਥਾਂ ਪੁਜੇ ਜਿਥੇ ਬੀਬੀ ਸੇਵਾ ਕਰ ਰਹੀ ਸੀ। ਉਸ ਨੂੰ ਜਾਕੇ ਪੁਛਣ ਲਗੇ, 'ਹੇ ਦੇਵੀ! ਤੂੰ ਸੇਵਾ ਕਰਨ ਵਾਸਤੇ ਕਿਥੋਂ ਆਉਂਦੀ ਹੈ ?'

'ਦਾਤਾ ਕਾਬਲੋਂ !'

'ਕਦੋਂ ?'

'ਹਰ ਰੋਜ ਆਉਂਦੀ ਹਾਂ ਤੇ ਰੋਜ਼ ਹੀ ਕਾਬਲ ਮੁੜ ਜਾਂਦੀ ਹਾਂ ?'

'ਕਾਬਲੋਂ ਆਈ ਤੇ ਕਾਬਲ ਰਾਤ ਨੂੰ ਚਲੀ ਜਾਣਾ, ਕੀ ਕਾਬਲ ਨੇੜੇ ਹੈ ?' ਕਬਲ ਬਹੁਤ ਦੂਰ ਹੈ। ਆਪ ਦੀ ਮੇਹਰ ਹੈ। ਸਭ ਆਪ ਦੀ ਸ਼ਕਤੀ ਹੈ ਮੇਰੇ ਕਰਤਾਰ।'

'ਹਥ ਕਿਉਂ ਹਵਾ ਵਿਚ ਘੁਮਾਉਂਦੀ ਹੈਂ !

'ਸਵਾ ਕੁ ਸਾਲ ਦਾ ਮੇਰਾ ਬਚਾ ਹੈ। ਉਸ ਨੂੰ ਪੰਗੂੜੇ ਵਿਚ ਬੈਠਾ ਆਉਂਦੀ ਹਾਂ। ਓਹ ਕਦੀ ਸੌਂ ਜਾਂਦਾ ਹੈ ਤੇ ਕਦੀ ਜਾਗ ਪੈਂਦਾ ਹੈ। ਮੈਂ ਉਸ ਦਾ ਪੰਗੂੜਾ ਹਲਾਉਂਦੀ ਹਾਂ ਕਿ ਓਹ ਰੋਵੇ ਨਾ।'

ਬੀਬੀ ਦੇ ਸਚੇ ਬਚਨ ਸੁਣ ਕੇ ਸੰਗਤ ਹੈਰਾਨ ਹੋਈ। ਦਾਤਾ ਜੀ ਇਸ ਆਤਮਿਕ ਸ਼ਕਤੀ ਦੇ ਗੁਪਤ ਭੇਦ ਨੂੰ ਜਾਣ ਗਏ। ਫਿਰ ਵੀ ਲੋਕਾਂ ਦੇ ਸਾਹ-ਮਣੇ ਇਹ ਦੱਸਣ ਵਾਸਤੇ ਕਿ ਬੀਬੀ ਨੇ ਇਹ ਰਬੀ ਸ਼ਕਤੀ ਕਿਥੋਂ ਹਾਸਲ ਕੀਤੀ ਹੈ। ਸਤਿਗੁਰੂ ਜੀਨੇ ਪ੍ਰਗਟ ਤੌਰ ਤੇ ਬੀਬੀ ਜੀ ਨੂੰ ਪੁਛਿਆ, 'ਹੇ ਬੀਬੀ ! ਇਹ ਦਸ ਇਹ ਸ਼ਕਤੀ ਕਿਥੋਂ ਪ੍ਰਾਪਤ ਕੀਤੀ ?'

ਦਾਤਾ ! ਆਪ ਸਬ ਕੁਝ ਜਾਣਦੇ ਹੋ, ਇਹ ਸਭ ਆਪ ਦੀ ਦਇਆ ਹੈ।' ਬੀਬੀ ਨੇ ਉੱਤਰ ਦੇਣਾ ਸ਼ੁਰੂ ਕੀਤਾ। 'ਸਤਿਗੁਰੂ ਨਾਨਕ ਦੇਵ ਜੀ ਕਾਬਲ ਗਏ ਸਨ। ਮੇਰੇ ਪਤੀ ਜੀ ਦੇ ਦਾਦਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖ ਬਣੇ ਸਨ। ਉਨ੍ਹਾਂ ਦੇ ਪਿਛੋਂ ਸਾਰਾ ਪਰਵਾਰ ਗੁਰੂ ਘਰ ਦਾ ਸ਼ਰਧਾਲੂ ਹੋ ਗਿਆ। ਮੇਰੇ ਪਤੀਦੇਵ ਜੀ 'ਸਤਿਨਾਮ ਸਤਿ ਕਰਤਾਰ' ਦਾ ਸਿਮਰਨ ਕਰਦੇ ਰਹਿੰਦੇ ਹਨ ਉਨ੍ਹਾ ਕਦੀ ਝੂਠ ਨਹੀਂ ਬੋਲਿਆ ਨਾ ਕਦੀ ਕੋਈ ਕੁਕਰਮ ਕੀਤਾ ਹੈ ਉਹ ਸਤਿਵਾਦੀ ਹਨ।ਮੈਂ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਦੀ ਹਾਂ ਓਹਨਾਂ ਨੂੰ ਕਰਤਾਰ ਰੂਪ ਜਾਣਕੇ ਉਨ੍ਹਾਂ ਦਾ ਸਤਿਕਾਰ ਤੇ ਉਨ੍ਹਾਂ ਦੀ ਪੂਜਾ ਕਰਦੀ ਹਾਂ। ਪਰ ਪੁਰਖ ਦਾ ਖਿਆਲ ਮੈਂ ਸੁਪਨੇ ਵਿਚ ਵੀ ਨਹੀਂ ਕੀਤਾ। ਕੁਝ ਪਤੀ ਦੇਵ ਦੀ ਮੇਹਰ ਹੈ ਕੁਝ ਆਪ ਦੀ ਕ੍ਰਿਪਾ। ਮੈ, ਸਵੇਰੇ ਉਠਕੇ ਪਤੀ ਜੀ ਨੂੰ ਇਸ਼ਨਾਨ ਕਰਾਉਂਦੀ ਹਾਂ। ਇਸ਼ਨਾਨ ਪਿਛੋਂਵਾਹਿ-ਗੁਰੂ ਦਾ ਸਿਮਰਨ ਕਰਕੇ ਰੋਟੀ ਪਕਾਉਂਦੀ ਹਾਂ। ਰੋਟੀ ਪਕਾ ਕੇ ਚੌਂਕਾ ਸੰਭਾਲ ਕੇ ਪਤੀ ਜੀ ਦੇ ਚਰਨਾਂ ਉਪਰ ਮਥਾ ਟੇਕਕੇ ਸਰੋਵਰ ਦੀ ਕਾਰ ਸੇਵਾ ਵਲ ਆਉਣ ਦੀ ਆਗਿਆ ਮੰਗਦੀ ਹਾਂ। ਉਨ੍ਹਾਂ ਦੀ ਆਗਿਆ ਦੇ ਨਾਲ ਹੀ ਅਖਾਂ ਮੀਟਦੀ ਹਾਂ ਤਾਂ ਏਥੇ ਪੁਜ ਜਾਂਦੀ ਹਾਂ।ਸ਼ਾਮਨੂੰ ਪਤੀਜੀਨੂੰਯਾਦ ਕਰਦੀ ਹਾਂ ਤਾਂ ਉਥੇਪੁਜ ਜਾਂਦੀਹਾਂ।'

ਬੀਬੀ ਜੀ ਦੀ ਕਹਾਣੀ ਸੁਣਕੇ ਸਤਿਗੁਰੂ ਜੀ ਦਾ ਮਨ ਕਰਤਾਰ ਨਾਲ ਜੁੜ ਗਿਆ। ਜਗਤ ਨੂੰ ਸਿਖਿਆ ਦੇਣ ਵਾਸਤੇ ਸਾਹਿਬਾਂ ਨੇ ਸ਼ਬਦ ਉਚਾਰਿਆ—

ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿ ਘਰ ਕੀ ਕੰਤਿ ਤਿਆਗੀ ॥
ਪ੍ਰਿਅ ਸੋਹਾਗਨਿ ਸੀਗਾਰ ਕਰੀ ॥ ਮਨ ਮੇਰੇ ਕੀ ਤਪਤਿ ਹਰੀ ॥ ੧ ॥ ਭਲੋ
ਭਇਓ ਪ੍ਰਿਅ ਕਹਿਆ ਮਾਨਿਆ ॥ ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥
ਰਹਾਉ ॥ ਹਉ ਬੰਦੀ ਪ੍ਰਿਅ ਖਿਜਮਤ ਦਾਰ ॥ ਓਹੁ ਅਬਿਨਾਸੀ ਅਗਮ ਅਪਾਰ ॥
ਲੈ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ ॥ ੨ ॥ ਨਾ ਮੈ
ਕੁਲੁ ਨਾ ਸੋਭਾਵੰਤ ॥ ਕਿਆ ਜਾਣਾ ਕਿਉ ਭਾਨੀ ਕੰਤ ॥ ਮੋਹਿ ਅਨਾਥ

ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥ ੩ ॥ ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥ ਕਹੁ ਨਾਨਕ ਮੇਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥ (ਆਸਾ ਮ: ੫)

ਤਿਸਦਾ ਪ੍ਰਮਾਰਥ ਪਤੀ (ਪ੍ਰਮਾਤਮਾ) ਦੀ ਆਗਿਆ ਮੈਨੂੰ ਚੰਗੀ ਲਗਦੀ ਹੈ। ਮੇਰੇ ਪਤੀ ਨੇ ਮਾਇਆ ਦਾ ਤਿਆਗ ਕਰ ਦਿਤਾ ਹੈ। ਹੁਣ ਉਹ ਉਸੇ (ਪਤਨੀ) ਨਾਲ ਪ੍ਰੇਮ ਕਰਦ ਹਨ। ਇਸਤ੍ਰੀ ਆਖਦੀ ਹੈ ਜਦੋਂ ਤੋਂ ਸ਼ਿੰਗਾਰ (ਭਗਤੀ) ਕਰਕੇ ਪਤੀ ਨੂੰ ਯਾਦ ਕੀਤਾ ਹੈ, ਤਦੋਂ ਤੋਂ ਮੇਰਾ ਮਨ ਸ਼ਾਂਤ ਹੋ ਗਿਆ ਹੈ ਮਨ ਨੂੰ ਕੋਈ ਭਰਮਾਂ ਦੀ ਭੜਚਨਾ ਨਹੀਂ ਰਹੀ। ਪਤੀ ਦਾ ਹੁਕਮ ਮੰਨਣਾ ਚੰਗਾ ਹੀ ਸਾਬਤ ਹੋਇਆ ਹੈ ਪਤੀ ਦੀ ਆਗਿਆ ਦੇ ਰਹੀਂ ਹੀ ਪ੍ਰਮਾਤਮਾ ਦੇ ਘਾਰ ਦਾ ਰਾਹ ਲਭਿਆ ਹੈ। ਸਤਿਗੁਰੂ ਜੀ ਫੁਰਮਾਉਂਦ ਹਨ ਕਿ ਅਸੀਂ (ਇਸਤ੍ਰੀਆਂ) ਪਤੀ(ਪ੍ਰਮਾ-ਤਮਾ) ਦੀ ਸੇਵਾ ਹਰ ਘੜੀ ਕਰਦੀਆਂ ਰਹਿੰਦੀਆਂ ਹਾਂ ਅਸਾਂ ਦਾ ਪਤੀ ਨਾ ਨਾਸ਼ ਹੋਣ ਵਾਲਾ ਪ੍ਰਮਾਤਮਾ ਹੈ ਜਿਸ ਦੀ ਉਪਮਾ ਕਥੀ ਨਹੀਂ ਜਾ ਸਕਦੀ।

ਸਤਿਗੁਰੂ ਜੀ ਨੇ ਬੀਬੀਆਂ ਨੂੰ ਉਪਦੇਸ਼ ਕੀਤਾ ਕਿ ਆਪਣੇ ਪਤੀ ਦੇਵਤਾ ਦੀ ਸੇਵਾ ਸਚੇ ਹਿਰਦੇ ਨਾਲ ਕਰਿਆ ਕਰਨ ਤਾਂ ਮੁਕਤੀ ਮਿਲੇਗੀ।

੩੨. ਭਾਈ ਬਹੂੜੇ ਦਾ ਪ੍ਰਸੰਗ

ਭਾਈ ਬਹੋੜੂ ਇਕ ਉਚੇ ਤੇ ਸੁਚੇ ਜੀਵਨ ਵਾਲਾ ਗੁਰਸਿੱਖ ਹੋਇਆ ਹੈ। ਆਪ ਦੇ ਜੀਵਨ ਦੇ ਦੋ ਪਖ ਹਨ। ਇਕ ਪੱਖ ਉਹ ਹੈ ਜਦੋਂ ਆਪ ਸਤਿਗੁਰੂ ਜੀ ਦੀ ਸ਼ਰਨ ਨਹੀਂ ਸਨ ਆਏ, ਮਨ-ਮਤੀਏ ਸਨ ਤੇ ਚੋਰੀ ਡਾਕਾ ਮਾਰ ਕੇ ਗੁਜ਼ਰਾ ਕਰਦੇ ਸਨ। ਹੇਠਾਂ ਆਪ ਦੇ ਜੀਵਨ ਦਾ ਪੂਰਾ ਪ੍ਰਸੰਗ ਲਿਖਿਆ ਜਾਂਦਾ ਹੈ। ਭਾਈ ਬਹੋੜੂ ਗਿਲਾਂ (ਲੁਧਿਆਣੇ) ਦਾ ਮਲਵਈ ਸੀ ਤੇ ਇਸ ਦੀ ਗੋਤ ਵੀ ਗਿਲ ਸੀ। ਇਹ ਜਵਾਨੀ ਵਿਚ ਧਾੜੇ ਮਾਰਿਆ ਕਰਦਾ ਸੀ। ਰਾਹੀਆਂ ਨੂੰ ਲੁਟ ਕੇ ਗੁਜਰਾਨ ਕਰਿਆ ਕਰਦਾ ਸੀ, ਸਬਬ ਨਾਲ ਇਸ ਨੇ ਗੁਰੂ ਘਰ ਦੇ ਇਕ ਪ੍ਰੇਮੀ ਨੂੰ ਲੁਟਣ ਵਾਸਤੇ ਰੋਕਿਆ। ਉਹ ਦਰਵੇਸ਼ ਪੁਰਸ਼ ਸੀ ਉਸ ਨੇ ਭਾਈ ਬਹੋੜੂ ਨੂੰ ਕਿਹਾ—'ਕੋਲ ਤਾਂ ਕਰਤਾਰ ਦਾ ਨਾਮ ਹੈ ਜੇ ਉਹ ਲੈਣਾ ਹੈ ਤਾਂ ਬੇਸ਼ਕ ਖੋਹ ਲੈ ਹੋਰ ਤਾਂ ਕੁਝ ਨਹੀਂ।'

ਸਧਾਰਨ ਤੇ ਮਨ-ਮਤੀਆਂ ਬਹੋੜੂ 'ਕਰਤਾਰ ਦਾ ਨਾਮ' ਦਾ ਅਰਥ

ਨਾ ਸਮਝ ਸਕਿਆ। ਉਹ ਕਹਿਣ ਲਗਾ–'ਉਹ ਕੀ ਚੀਜ਼ ਹੈ। ਉਸਦੇ ਕਿੰਨੇ ਪੈਸੇ ਵਟੇ ਜਾਣਗੇ ?'

ਮਹਾਂਪੁਰਸ਼–'ਉਸ ਨੂੰ ਕੋਲ ਰਖਣ ਵਾਲਾ ਮਹਾਂਪੁਰਖ ਤੇ ਬਾਦਸ਼ਾਹ ਹੋ ਜਾਂਦਾ ਹੈ, ਕਿਸੇ ਗਲ ਦਾ ਘਾਟਾ ਨਹੀਂ ਰਹਿੰਦਾ। ਅਗੇ ਰਬ ਵੀ ਉਸ ਨੂੰ ਸਤਕਾਰ ਦੇਂਦਾ ਹੈ ਏਥੇ ਲੋਕ ਵਡਿਆਈ ਕਰਦੇ ਹਨ। ਅੰਨ, ਕਪੜੇ ਦਾ ਘਾਟਾ ਨਹੀਂ ਰਹਿੰਦਾ। ਫਿਰ ਤੈਨੂੰ ਰਾਹ ਨਹੀਂ ਰੋਕਣਾ ਪਵੇਗਾ ਤੇ ਨਾ ਸਰਕਾਰ ਦੇ ਡੰਨ ਦਾ ਭੈ ਰਹੇਗਾ। ਭਾਈ ਬਹੋੜੂ–(ਖੁਸ਼ ਹੋਕੇ) ਹਛਾ ! ਐਸੀ ਚੀਜ਼ ਹੈ, ਉਹ ਮੈਨੂੰ ਦਿਖਾਲ ਖਾਂ ਭਲਾ ਮੈਂ ਦੇਖਾਂ ਉਹਦਾ ਰੰਗ ਰੂਪ ਤੇ ਢੰਗ ਕੀ ਹੈ ?

ਮਹਾਂਪੁਰਖ–ਉਹ ਅਮੋਲਕ ਚੀਜ਼ ਮੈਂ ਨਾਲ ਥੋੜੀ ਚੁਕੀ ਫਿਰਦਾ ਹਾਂ। ਜਿਥੇ ਰਖੀ ਹੈ ਉਥੋਂ ਮਿਲੇਗੀ, ਮੇਰੇ ਨਾਲ ਚਲ।

ਭਾਈ ਬਹੋੜੂ–ਮੇਰੇ ਨਾਲ ਧੋਖਾ ਨਾ ਹੋਵੇ ?

ਮਹਾਂਪੁਰਸ਼–ਦਰਵੇਸ਼ ਕਦੀ ਧੋਖਾ ਨਹੀਂ ਕਰਦੇ ਉਹ ਪ੍ਰਮਾਤਮਾ ਕੋਲੋਂ ਡਰਦੇ ਹਨ। ਭਾਈ ਬਹੋੜੂ–ਕਿਥੇ ਰਖੀ ਜੇ ਉਹ ਵਸਤੂ ?

ਮਹਾਂਪੁਰਸ਼–ਦੂਰ ਚਲਣਾ ਹੋਵੇਗਾ ਜਲੰਧਰ ਤੋਂ ਅਗੇ ਦਰਿਆ ਬਿਆਸਾ ਤੋਂ ਪਾਰ ਇਕ ਨਵਾਂ ਸ਼ਹਿਰ ਵਸਿਆ ਹੈ।

ਭਾਈ ਬਹੋੜੂ–ਮੈਂ ਜ਼ਰੂਰ ਤੁਸਾਂ ਨਾਲ ਚਲਾਂਗਾ ਭਾਵੇਂ ਕਿਤੇ ਚਲੋ।

ਭਾਈ ਬਹੋੜੂ ਨੇ ਮਹਾਂਪੁਰਸ਼ ਦੇ ਨਾਲ ਜਾਣ ਲਈ ਹਾਂ ਕਰ ਦਿਤੀ ਪਰਉਸ ਦਾ ਦਿਲ ਡੋਲ ਗਿਆ। ਉਸ ਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਉਹਦਾ ਹਿਰਦਾ ਬੈਠਦਾ ਜਾਂਦਾ ਹੈ। ਉਹਦੇ ਅੰਦਰੋਂ ਚੋਰੀ ਕਰਨ ਵਾਲੀ ਰੂਹ ਉਡਦੀ ਹੋਈ ਪ੍ਰਤੀਤ ਹੋ ਰਹੀ ਹੈ। ਉਹਦਾ ਸਰੀਰ ਕੰਬਿਆ, ਉਸ ਨੂੰ ਜੋ ਮਹਾਂਪੁਰਸ਼ ਮਿਲਿਆ ਸੀ ਉਹ ਭਾਈ ਮਾਈ ਭੂੰਦੜ ਸੀ। ਭੂੰਦੜ ਗੁਰੂ ਘਰ ਦਾ ਸ਼ਰਧਾਲੂ ਤੇਕਰਾਮਾਤੀ ਫਕੀਰ ਸੀ ਸਦਾ ਚੋਲਾ ਗਲ ਰਖਦਾ ਉਹ ਸਤਜਵਾਦੀ ਦਰਵੇਸ਼ ਸੀ। ਉਸਦੇ ਚੇਹਰੇਦਾਪ੍ਰਭਾਵ ਐਸਾ ਸੀ ਤੇ ਨੈਣਾ ਵਿਚ ਐਸੀ ਖਿਚ ਸੀ ਕਿ ਜਿਸ ਵਲ ਓਹ ਖੁਸ਼ੀ ਨਾਲਧਿਆਨ ਕਰਕੇ ਦੇਖ ਲੈਂਦਾ, ਉਹ ਨੂੰ ਗੁਰੂ ਘਰ ਦਾ ਸੇਵਕ ਬਣਾ ਦੇਂਦਾ। ਅਨੇਕਾਂ ਚੋਰਾਂ ਨੂੰ ਚੋਰੀਆਂ ਛੁਡਾਈਆਂ, ਅਨੇਕਾਂ ਦੁਰਾਚਾਰੀਆਂ ਨੂੰ ਨੇਕ ਬਣਾਇਆ। ਓਹ ਸਦਾ

'ਸਤਿ ਕਰਤਾਰ, ਸਤਿ ਕਰਤਾਰ' ਦਾ ਜਾਪ ਜਪਦਾ ਰਹਿੰਦਾ ਸੀ। ਸ੍ਰੀ ਗੁਰੂ ਰਾਮ-ਦਾਸ ਜੀ ਦੇ ਸਮੇਂ ਭੂੰਦੜ ਸਤਿਗੁਰੂ ਜੀ ਦੀ ਸਰਨ ਆਇਆ ਸੀ।

ਭਾਈ ਭੂੰਦੜ ਦੇ ਨਾਲ ਬਹੋੜੂ ਡਾਕੂ ਤੁਰ ਪਿਆ। ਲੰਮੇਰਾ ਪੰਧ ਕਰਕੇ ਗੁਰੂ ਕੀ ਨਗਰੀ ਰਾਮਦਾਸ ਪੁਰ ਪਹੁੰਚ ਪਏ। ਅਗੇ ਸਤਿਗੁਰੂ (ਸ੍ਰੀ ਗੁਰੂ ਅਰਜਨ ਦੇਵ) ਜੀ ਦਾ ਦਰਬਾਰ ਲਗਾ ਹੋਇਆ ਸੀ। ਭਾਈ ਭੂੰਦੜ ਦੇ ਨਾਲ ਹੀ ਬਹੋੜੂ ਨੇ ਸਤਿਗੁਰੂ ਜੀ ਦੀ ਸ਼ਰਨ ਵਿਚ ਸਿਰ ਨਿਵਾ ਦਿਤਾ। ਸਾਧੂ ਰੂਪ ਸਿਖ ਬੈਠੇ ਹੋਏ ਦੇਖੇ, ਸਚੇ ਪਾਤਸ਼ਾਹ ਦੇ ਦਰਸ਼ਨ ਕੀਤੇ ਬਹੋੜੂ ਦਾ ਮਨ ਸ਼ਾਂਤ ਹੋ ਗਿਆ। ਉਸ ਨੂੰ ਇੰਵ ਪ੍ਰਤੀਤ ਹੋਇਆ ਜਿਵੇਂ ਓਹ ਨਵੀਂ ਦੁਨੀਆਂ ਵਿਚ ਆ ਗਿਆ। ਨਵੀਂ ਦੁਨੀਆਂ ਵੀ ਸੁਵਰਗ ਦੇ ਸਮਾਨ ਸੀ। ਚਾਰ ਦਿਨ ਸਤਿਸੰਗਤ ਵਿਚ ਬੈਠਾ ਤਾਂ ਉਸ ਨੂੰ ਚੇਤਾ ਹੀ ਭੁਲ ਗਿਆ ਕਿ ਓਹ ਕੇਹੜੀ ਅਮੋਲਕ ਵਸਤੂ ਲੈਣ ਵਾਸਤੇ ਆਇਆ ਹੈ। ਸਤਿਗੁਰੂ ਜੀ ਨੇ ਉਸ ਨੂੰ ਨਾਮ ਦਾਨ ਬਖਸ਼ਕੇ ਨਿਹਾਲ ਕੀਤਾ ਤੇ ਕਿਹਾ, 'ਭਾਈ ਬਹੋੜੂ ਆਪਣੇ ਪਿੰਡ ਜਾਕੇ ਰਹੋ, ਧਰਮ ਕਿਰਤ ਕਰਨੀ ਵੰਡ ਕੇ ਛਕਣਾ, ਆਏ ਗਏ ਸਾਧੂ ਸਿੱਖ ਦੀ ਸੇਵਾ ਕਰਨੀ ਅਤੇ ਗੁਰਮਤਿ ਦਾ ਪ੍ਰਚਾਰ ਕਰਨਾ, ਸਾਲ ਵਿਚ ਇਕ ਦੋ ਵਾਰ ਰਾਮਦਾਸ ਪੁਰ ਵੀ ਆਇਆ ਕਰਨਾ।'

'ਬਹੁਤ ਹਛਾ ਜੀ!' ਆਖ ਕੇ ਭਾਈ ਬਹੋੜੂ ਨੇ ਸਤਿਗੁਰੂ ਜੀ ਦੇ ਚਰਨਾ ਉਪਰ ਮਥਾ ਟੇਕਿਆ ਤੇ ਆਪਣੇ ਪਿੰਡ ਨੂੰ ਤੁਰ ਗਿਆ। ਡਾਕਾ ਮਾਰਨ ਵਾਸਤੇ ਘਰੋਂ ਨਿਕਲਿਆ ਸੀ, ਸਾਧੂ ਹੋਕੇ ਘਰ ਚਲਿਆ ਗਿਆ। ਓਹਦਾ ਪਰਵਾਰ, ਪਿੰਡ ਵਾਸੀ ਤੇ ਮਿਤ੍ਰ ਹੈਰਾਨ ਸਨ ਕਿ ਕਿਸ ਜਾਦੂ ਨੇ ਭਾਈ ਬਹੋੜੂ ਦਾ ਜੀਵਨ ਬਦਲ ਦਿਤਾ। ਪਿੰਡ ਦੇ ਲੋਕ ਸਖੀ ਸਰਵਰ ਦੇ ਚੇਲੇ ਤੇ ਦੇਵੀ ਦੇਵਤਾ ਨੂੰ ਮੰਨਣ ਵਾਲੇ ਸਨ ਸਾਰਿਆਂ ਨੂੰ ਸਿਖੀ ਮਾਰਗ ਵਰ ਤੋਰਿਆ। ਪਿੰਡ ਵਿਚ ਧਰਮਸਾਲਾ ਬਣਵਾਈ ਤੇ ਰੋਜ਼ ਸਤਿਸੰਗ ਹੋਣ ਲਗਾ। ਗੁਰਮੁਖੀ ਅਖਰ ਬਚਿਆਂ ਨੂੰ ਪੜ੍ਹਾਏ ਜਾਣ ਲਗੇ। ਭਾਈ ਬਹੋੜੂ ਦਾ ਘਰ ਵੀ ਆਏ ਗਏ ਸਿਖ ਵਾਸਤੇ ਧਰਮਸਾਲਾ ਦੇ ਰੂਪ ਵਿਚ ਸੀ। ਆਉਂਦੇ ਜਾਂਦੇ ਸਿਖ ਰਹਿੰਦੇ, ਓਹਨਾਂ ਨੂੰ ਰੋਟੀ ਤੇ ਅਰਾਮ ਵਾਸਤੇ ਮੰਜਾ ਬਿਸਤਰਾ ਦਿਤਾ ਜਾਂਦਾ। ਭਾਈ ਬਹੋੜੂ ਦੇ ਸਿਦਕ ਤੇ ਤਿਆਗ ਦੀਆਂ ਅਨੇਕਾਂ ਸਾਖੀਆਂ ਹਨ, ਫਿਰ ਵੀ ਇਕ ਸਾਖੀ ਜੋ ਪ੍ਰਸਿਧ ਹੈ, ਓਹ ਲਿਖਦੇ ਹਾਂ।

ਭਾਈ ਬਹੋੜੂ ਦੀ ਇਕ ਕੁਵਾਰੀ ਲੜਕੀ, ਓਹ ਅਠਾਰਾਂ ਸਾਲ ਦੀ ਹੋ ਗਈ ਸੀ, ਪਰ ਉਸਦੀ ਸ਼ਾਦੀ ਅਜੇ ਨਹੀਂ ਸੀ ਕੀਤੀ। ਸ਼ਾਦੀ ਨਾ ਕਰਨ ਦਾ ਕਾਰਨ ਇਹ ਸੀ ਕਿ ਗੁਰੂ ਘਰ ਉਤੇ ਸ਼ਰਧਾ ਰਖਣ ਵਾਲਾ ਕੋਈ ਘਰਾਣਾ ਨਹੀਂ ਸੀ ਮਿਲਿਆ। ਓਹ ਅਨਮਤੀਆਂ ਤੇ ਨੜੀ ਮਾਰਾਂ ਦੇ ਘਰ ਬੇਟੀ ਨਹੀਂ ਸੀ ਵਿਆ-ਹੁਣ ਚਾਹੁੰਦਾ। ਭਾਵੇਂ ਘਰ ਰੋਜ ਚਰਚਾ ਰਹਿੰਦੀ ਕਿ ਲੜਕੀ ਦੀ ਸ਼ਾਦੀ ਕੀਤੀ ਜਾਵੇ। ਜਦੋਂ ਕੋਈ ਸਿਖ ਘਰ ਆਉਂਦਾ ਤਾਂ ਉਸ ਨੂੰ ਪ੍ਰਸ਼ਾਦ ਛਕਾਉਣ ਦੀ ਸੇਵਾ ਲੜਕੀ ਕਰਦੀ। ਇਕ ਦਿਨ ਇਕ ਲਾਲਚੀ, ਪਾਪੀ ਆਤਮਾ ਵਾਲਾ ਭੇਖੀ (ਠਗ) ਸਿਖ ਭਾਈ ਬਹੋੜੂ ਦੇ ਘਰ ਆ ਪੁਜਾ। ਪੁਰਸ਼ ਜਿੰਨਾ ਪਾਪੀ ਮਨ ਹੁੰਦਾ ਹੈ, ਓਨਾਂ ਹੀ ਬਹੁਤਾ ਝੁਕਦਾ, ਦਿਖਾਵੇ ਦਾ ਸਿਮਰਨ ਕਰਦਾ, ਹਰ ਘੜੀ 'ਭੈਣ ਜੀ ! ਬੀਬੀ ਜੀ ! ਸਤਿਨਾਮ ! ਪ੍ਰੇਮੀ ਜਨੋ ! ਅਸੀਂ ਗਰੀਬ ਮਸਕੀਨ !' ਆਦਿਕ ਸ਼ਬਦ ਵਰ-ਤਦਾ ਤੇ ਅਗਲੇ ਦਾ ਜਸ ਗਾਉਂਦਾ ਰਹਿੰਦਾ ਹੈ ਤਾਂ ਕਿ ਲੋਕ ਉਸ ਦੇ ਉਤੇ ਭਰੋਸਾ ਕਰਨ। ਠੀਕ ਉਸੇ ਤਰਾਂ ਜਿਵੇਂ ਬਗਲਾ ਜਲ ਕਿਨਾਰੇ ਸਮਾਧੀ ਲਾਉਂਦਾ ਤੇ ਇਕ ਲਤ ਦੇ ਭਾਰ ਖਲੋਤਾ ਰਹਿੰਦਾ ਹੈ। ਪਰ ਜਦੋਂ ਕੋਈ ਡੱਡੀ ਮਛੀ ਨਿਕਲੀ ਤਦੋਂ ਮੂੰਹ ਪਾਕੇ ਨਿਗਲ ਗਿਆ ਐਸਾ ਹੀ ਠਗ ਸਿਖ ਸੀ ਆਪਣੇ ਆਪ ਨੂੰ ਚੰਗਾ ਦਰ-ਸਉਣ ਵਿਚ ਉਸ ਨੇ ਕੋਈ ਕਸਰ ਬਾਕੀ ਨਾ ਛਡੀ।

ਉਹ ਠਗ ਸਿਖ ਭਾਈ ਬਹੋੜੂ ਦੇ ਘਰ ਮਹੀਨਾ ਭਰ ਰਿਹਾ, ਰਾਤ ਦਿਨੇ ਬਹੋੜੂ ਦੇ ਪਰਵਾਰ ਨੇ ਉਸਦੀ ਬਹੁਤੀ ਸੇਵਾ ਕੀਤੀ, ਉਹ ਤਾਂ ਗੁਰੂ ਦਾ ਸਿਖ ਸਮ-ਝਦੇ ਰਹੇ। ਉਨ੍ਹਾਂ ਨੂੰ ਕੋਈ ਗਿਆਨ ਨਹੀਂ ਸੀ ਕਿ ਸਿਖ ਕਿਸੇ ਲਾਲਚ ਜਾਂ ਮੰਦੀ ਵਾਸ਼ਨਾ ਨੂੰ ਪੂਰਿਆਂ ਕਰਨ ਵਾਸਤੇ ਉਨ੍ਹਾਂ ਦੇ ਘਰ ਬੈਠਾ ਹੈ। ਉਸ ਮਾੜੇ ਬੰਦੇ ਨੇ ਭਾਈ ਬਹੋੜੂ ਦੀ ਲੜਕੀ ਉਤੇ ਪ੍ਰੇਮ ਡੋਰੇ ਸੁਟੇ। ਉਸ ਭੋਲੀ ਕੰਨਿਆਂ ਨੂੰ ਪ੍ਰੇਮ ਦੇ ਜਾਲ ਵਿਚ ਫਸਾ ਲਿਆ। ਲੜਕੀ ਨੂੰ ਐਸਾ ਠਗਿਆ ਕਿ ਉਹ ਤਨੋਂ ਮਨੋਂ ਤੇ ਧਨੋਂ ਉਸੇ ਦੀ ਹੋ ਗਈ, ਭਾਈ ਬਹੋੜੂ ਤੇ ਉਸਦੀ ਇਸਤ੍ਰੀ ਨੂੰ ਇਸ ਗਲ ਦਾ ਗਿਆਨ ਹੋ ਗਿਆ। ਪਰ ਉਹਨਾਂ ਨੇ ਅਨਡਿਠ ਕਰ ਦਿਤਾ। ਕੋਈ ਮਥੇ ਵਟ ਨਾ ਪਾਇਆ। ਨਾ ਸਿਖ ਨੂੰ ਕਿਹਾ ਕਿ ਉਹ ਘਰੋਂ ਚਲਿਆ ਜਾਵੇ। ਇਕ ਦਿਨ ਐਸਾ ਸਬਬ ਬਣਿਆਂ ਠਗ ਸਿਖ ਤੇ ਭਾਈ ਬਹੋੜੂ ਦੀ ਕੰਨਿਆਂ ਇਕੋ ਮੰਜੇ ਉਤੇ ਸੁਤੇ

ਹੋਈ ਭਾਈ ਬਹੋੜ ਨੇ ਦੇਖੇ ਉਨ੍ਹਾਂ ਨੂੰ ਇਕਠਿਆਂ ਸੁਤਿਆਂ ਹੋਇਆਂ ਦੇਖਕੇ ਕ੍ਰੋਧ ਨਹੀਂ ਕੀਤਾ। ਸਗੋਂ ਆਪਣੀ ਚਾਦਰ ਆਪਣੇ ਉਤੋਂ ਲਾਹ ਕੇ ਉਨਾ ਉਪਰ ਪਾ ਦਿਤੀ। ਆਪ ਦਬੇ ਪੈਰ ਬਾਹਰ ਨੂੰ ਚਲੇ ਗਏ। ਲੜਕੀ ਨੂੰ ਜਾਗ ਆਈ ਤ੍ਰਬਕ ਕੇ ਠਗ ਨਾਲੋਂ ਉਠੀ ਪਰ ਉਸ ਵੇਲੇ ਉਹ ਬਹੁਤ ਹੀ ਸਹਿਮ ਗਈ। ਜਦੋਂ ਉਸਨੇ ਆਪਣੇ ਉਪਰ ਆਪਣੇ ਬਾਪ ਦੀ ਚਾਦਰ ਦੇਖੀ ਉਸਨੇ ਠਗਨੂੰ ਉਠਾਇਆ ਕਿਹਾ, 'ਬਹੁਤ ਮਾੜਾ ਹੋਇਆ ! ਬਾਪੂਜੀ ਨੂੰ ਪਤਾ ਲਗ ਗਿਆ। ਇਹ ਚਾਦਰ ਉਹ ਆਪ ਉਤੇ ਪਾਕੇ ਗਏ ਹੋਣਗੇ ਹੁਣ ਕੀ ਬਣੇਗਾ ? ਉਹ ਮਾਰਨਗੇ।'

ਆਪਣੀ ਪ੍ਰੇਮਕਾ ਦੀ ਜ਼ਬਾਨੋਂ ਇਹ ਗਲ ਸੁਣਕੇ ਪਾਪੀ ਆਤਮਾ ਠੱਗ ਡਰ ਗਿਆ। ਉਸ ਨੇ ਪੱਕੀ ਸਲਾਹ ਕਰ ਲਈ ਕਿ ਦਿਨ ਚੜੇ ਉਹ ਖਿਸਕ ਜਾਵੇਗਾ ਤੇ ਮੁੜ ਉਸ ਘਰ ਨਹੀਂ ਆਵੇਗਾ, ਪਰ ਭਾਈ ਬਹੋੜੂ ਦੀ ਕੰਨਿਆਂ ਇਹ ਨਹੀਂ ਸੀ ਚਾਹੁੰਦੀ ਕਿ ਉਹ ਠੱਗ ਸਿਖ ਦੂਰ ਜਾਵੇ। ਉਹ ਤਾਂ ਉਸ ਨੂੰ ਪਤੀ ਮੰਨ ਬੈਠੀ ਸੀ॥ ਦੋਹਾਂ ਨ ਆਪਣੇ ਆਪ ਨੂੰ ਸੰਭਾਲਿਆ ਤੇ ਉਠ ਕੇ ਸਾਵਧਾਨ ਹੋ ਕੇ ਫਿਰਨ ਲਗੇ।

ਕੰਨਿਆਂ ਤਾਂ ਘਰ ਦੇ ਧੰਦਿਆਂ ਵਿਚ ਰੁਝ ਗਈ। ਉਹ ਹਥੀਂ ਕੰਮ ਕਰੀ ਜਾਂਦੀ ਸੀ ਤੇ ਮਨੋਂ ਡਰੀ ਜਾਂਦੀ ਸੀ। ਉਹਦੀਆਂ ਅਖਾਂ ਬਾਹਰਲੇ ਦਰਵਾਜੇ ਵਲ ਸਨ ਕਿ ਭਾਈ ਬਹੋੜੂ (ਉਹਦੇ ਪਿਤਾ) ਜੀ ਘਰ ਆ ਕੇ ਕੀ ਪਤਾ ਉਸ ਨੂੰ ਕੀ ਆਖਣਗੇ ?

ਭਾਈ ਬਹੋੜੂ ਘਰ ਆਇਆ ਉਸਨੇ ਲੜਕੀ ਨੂੰ ਕੁਝ ਨਹੀਂ ਕਿਹਾ ਸਗੋਂ ਬੜੇ ਪਰੇਮ ਨਾਲ ਪੁਛਿਆ—'ਗੁਰੂ ਦਾ ਸਿੱਖ ਕਿਥੇ ਹੈ ?'

'ਬਾਪੂ ਜੀ ! ਉਹ ਤਾਂ ਇਸ਼ਨਾਨ ਕਰਨ ਗਏ ਹਨ।' ਕੰਨਿਆਂ ਨੇ ਉੱਤਰ ਦਿਤਾ।

ਦਿਨ ਚੜ ਗਿਆ ਰੋਟੀ ਦਾ ਵੇਲਾ ਹੋ ਗਿਆ ਪਰ ਸਿਖ ਨਾ ਮੁੜਿਆ ਉਹ ਤਾਂ ਕਿਧਰੇ ਪੱਤਰਾ-ਵਾਚ ਗਿਆ। ਸਾਰਾ ਪਰਵਾਰ ਉਡੀਕਦਾ ਰਿਹਾ। ਸ਼ਾਮਾਂ ਪੈ ਗਈਆਂ ਉਹ ਨਾ ਆਇਆ ਤੇ ਨਾ ਉਸ ਨੇ ਆਉਣਾ ਸੀ। ਜਦੋਂ ਰਾਤ ਦੀ ਰੋਟੀ ਖਾ ਲਈ ਤਾਂ ਭਾਈ ਬਹੋੜੂ ਨੇ ਆਪਣੀ ਪੁਤ੍ਰੀ ਨੂੰ ਪੁਛਿਆ—'ਹੇ ਪੁਤ੍ਰੀ ! ਕੀ ਤੈਨੂੰ ਪਤਾ ਹੈ, ਇਹ ਸਿਖ ਕੇਹੜੇ ਪਿੰਡ ਦਾ ਰਹਿਣ ਵਾਲਾ ਸੀ ?'

'ਪਿਤਾ ਜੀ ! ਓਹ ਆਖਦਾ ਸੀ, ਮਣਕ ਪੁਰ ਦਾ ਰਹਿਣ ਵਾਲਾ ਹੈ। ਪਰ ਉਹ ਕਿਤੇ ਜਾਵੇਗਾ ਨਹੀਂ। ਆ ਜਾਵੇਗਾ, ਸਵੇਰ ਤਕ ਉਡੀਕ ਲਵੋ।' ਕੰਨਿਆਂ ਨੇ ਉੱਤਰ ਦਿਤਾ। ਕਿਉਂਕਿ ਉਸ ਨੂੰ ਭਰੋਸਾ ਸੀ ਕਿ ਓਹ ਛੱਡਕੇਨਹੀਂਜਾਵੇਗਾ।

ਓਹੋ ਗਲ ਹੋਈ ਅਧੀ ਰਾਤ ਨੂੰ ਜਦੋਂ ਸਾਰੇ ਸੌਂ ਗਏ ਤਾਂ ਕੰਧ ਟੱਪ ਕੇਠਗ ਸਿਖ ਅੰਦਰ ਆ ਗਿਆ ਤੇ ਭਾਈ ਬਹੋੜੂ ਦੀ ਲੜਕੀ ਕੋਲ ਪਹੁੰਚ ਪਿਆ। ਅਗੇ ਉਹ ਜਾਗਦੀ ਸੀ, ਏਸੇ ਚਿੰਤਾ ਵਿਚ ਕਿ ਅਗੇ ਕੀ ਹੋਵੇਗਾ ?

ਸਵੇਰੇ ਤੜਕੇ ਹੀ ਜਦੋਂ ਭਾਈ ਬਹੋੜੂ ਇਸ਼ਨਾਨ ਕਰਨ ਵਾਸਤੇ ਖੂਹ ਵਲ ਚਲਿਆ ਗਿਆ, ਸਿਖ ਉਠਿਆ ਘਰ ਦੀ ਚੰਗੀਆਂ ਚੀਜ਼ਾਂ ਦੀ ਗੱਠ ਬੰਨੀ ਤੇ ਭਾਈ ਬ੍ਰਹੋੜੂ ਦੀ ਕੰਨਿਆਂ ਨੂੰ ਸੁਤੀ ਹੀ ਛਡਕੇ ਖਿਸਕ ਤੁਰਿਆ। ਦੇਵਨੇਤ ਨਾਲ ਜਦੋਂ ਉਹ ਬਾਹਰ ਨਿਕਲਿਆ ਤਾਂ ਅਗੋਂ ਭਾਈ ਬਹੋੜੂ ਜੀ ਆਉਂਦੇ ਮਿਲ ਪਏ। ਉਨ੍ਹਾਂ ਨੂੰ ਦੇਖ ਕੇ ਪਾਪੀ ਆਤਮਾ ਡਰ ਗਈ, ਲਹੂ ਜੰਮ ਗਿਆ। ਸਿਰ ਉਤੋਂ ਗਠੜੀ ਧਰਤੀ ਉਤੇ ਡਿਗ ਪਈ, ਉਸਨੂੰ ਮੁੜਕੇ ਚੁਕਣ ਦਾ ਹੌਂਸਲਾ ਨਾ ਪਿਆ।

ਭਾਈ ਬਹੋੜੂ ਨੇ ਜਦੋਂ ਦੇਖਿਆ, ਗਠੜੀ ਛਡਕੇ ਸਿਖ ਅਗੇ ਤੁਰ ਚਲਿਆ ਹੈ ਤਾਂ ਉਸ ਨੇ ਸਿਖ ਨੂੰ ਬਾਹੋਂ ਫੜਕੇ ਆਖਿਆ, 'ਹੇ ਗੁਰਮੁਖਾ ! ਇਹ ਤੇਰਾ ਘਰ ਹੈ। ਚੋਰੀ ਨਠਦਾ ਹੈਂ। ਆ ਦਿਨ ਚੜੇ ਇਹ ਸਾਰਾ ਮਾਲ ਤੇ ਮੇਰੀ ਲੜਕੀ ਨੂੰ ਲੈਕੇ ਜਾਵੀਂ ਮੈਂ ਆਪ ਖੁਸ਼ੀ ਖੁਸ਼ੀ ਤੋਰਾਂਗਾ। ਗੁਰੂ ਦਾ ਸਿਖ ਘਰੋਂ ਨਿਰਾਸਾ ਨਹੀਂ ਜਾਣਾ ਚਾਹੀਦਾ। ਮੇਰੇ ਧੰਨ ਭਾਗ, ਜੋ ਮੇਰੇ ਘਰੋਂ ਤੇਰੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਹਨ, ਤੇਰੀ ਤੜਪਦੀ ਆਤਮਾ ਸ਼ਾਂਤ ਹੋ ਗਈ ਹੈ। ਮੈਂ ਤਾਂ ਗੁਰ ਸਿਖਾਂ ਦੇ ਚਰਨਾਂ ਵਾਸਤੇ ਆਪਣੀ ਖਲੜੀ ਦੇ ਜੋੜੇ ਤਿਆਰ ਕਰਨ ਨੂੰ ਤਿਆਰ ਹਾਂ। ਨਾਂ ਡਰ ਤੇ ਨਾ ਨਰਾਜ ਹੋ। ਰੋਟੀ ਖਾਕੇ ਚਲਾ ਜਾਵੀਂ, ਜੇ ਗੁਰਮੁਖਾ ਭੁਖਾ ਘਰੋਂ ਜਾਵੇਂ ਤਾਂ ਮੇਰੇ ਦਾਤਾਰ ਸਤਿਗੁਰੂ ਜੀ ਕ੍ਰੋਧਵਾਨ ਹੋ ਜਾਣਗੇ।'

ਠਗ ਸਿਖ ਸ਼ਰਮਿੰਦਾ ਹੋਇਆ ਉਹਦੀ ਆਤਮਾ ਉਸਨੂੰ ਲਾਹਨਤਾਂ ਪਾਉਣ ਲਗੀ ਉਹ ਕੰਬਦੇ ਹਥਾਂ ਨਾਲ ਗੱਠੜੀ ਚੁਕਕੇ ਭਾਈ ਬਹੋੜੂ ਦੇ ਨਾਲ ਮੁੜ ਘਰ ਆ ਗਿਆ। ਉਹਦੀਆਂ ਅਖਾਂ ਉਚੀਆਂ ਨਹੀਂ ਸਨ ਹੁੰਦੀਆਂ। ਭਾਈ ਬਹੋੜੂ ਨੇ ਗੱਠੜੀ ਇਕ ਪਾਸੇ ਰਖ ਦਿਤੀ। ਕਿਸੇ ਘਰ

ਦੇ ਜੀ ਨੂੰ ਨਹੀਂ ਦਸਿਆ ਕਿ ਠੱਗ ਸਿਖ ਸਮਾਨ ਲੈ ਕੇ ਜਾ ਰਿਹਾ ਸੀ। ਭਾਈ ਬਹੋੜੂ ਦੀ ਪਤਨੀ ਨੇ ਪ੍ਰਸ਼ਾਦਿ ਤਿਆਰ ਕੀਤਾ। ਬੜੇ ਪ੍ਰੇਮ ਨਾਲ ਠੱਗ ਸਿਖ ਨੂੰ ਛਕਾਇਆ ਜਦੋਂ ਪ੍ਰਸਾਦ ਛਕ ਚੁਕਿਆ ਤਾਂ ਭਾਈ ਬਹੋੜੂ ਨੇ ਓਹੋ ਗੱਠੜੀ ਅਤੇ ਆਪਣੀ ਕੰਨਿਆਂ ਦਾ ਹਥ ਫੜਕੇ ਸਿਖ ਨੂੰ ਕਿਹਾ, 'ਗੁਰੂ ਦੇ ਪਿਆ-ਰਿਆ! ਮੇਰੇ ਗਰੀਬ ਕੋਲ ਇਹ ਪੁਤ੍ਰੀ ਏਨਾਂ ਕੁ ਸਮਾਨ ਹੈ ਇਹ ਤੂੰ ਲੈ ਜਾ, ਏਨਾਂ ਸਮਾਨ ਹੀ ਦਾਜ ਸਮਝ ਲਵੀਂ, ਮੇਰੀ ਬੇਟੀਨੂੰ ਖੁਸ਼ ਰਖੀਂ ਇਹਦੀਆਂ ਭੁਲਾਂ ਵਲ ਨਾ ਦੇਖੀਂ ਇਹ ਬਾਲੜੀ ਹੈ। ਸਤਿਗੁਰੂ ਦਾ ਧਿਆਨ ਧਰਕੇ ਵਾਹਿਗੁਰੂ ਦਾ ਸਿਮਰਨ ਕਰਿਆ ਕਰੀਂ। ਅ ਇ ਗਏ ਸੰਤ ਸਾਧ ਤੇ ਗੁਰ ਸਿਖ ਦੀ ਸੇਵਾ ਕਰਨਾ ਏਹੋ ਮੇਰੀ ਸਿਖਿਆ ਹੈ, ਚਲੋ ਮੈਂ ਤੁਸਾਂ ਨੂੰ ਛੱਡ ਆਵਾਂ।'

ਐਨਾ ਵਡਾ ਤਿਆਗ ਦੇਖਕੇ ਠਗ ਸਿੱਖ ਦੀ ਮਲੀਨ ਆਤਮਾ ਡੋਲ ਗਈ, ਉਹ ਭਾਈ ਬਹੋੜੂ ਦੇ ਚਰਨਾ ਉਪਰ ਡਿਗਕੇ ਧਾਹੀਂ ਮਾਰ ਮਾਰ ਕੇ ਰੋਣ ਲਗ ਪਿਆ। ਜਿਉਂ ਜਿਉਂ ਰੋਂਦਾ ਗਿਆ, ਤਿਉਂ ਤਿਉਂ ਉਹ ਦੇ ਪਾਪ ਧੁਪਦੇ ਗਏ। ਉਹਦੀ ਲਾਲਚੀ ਤੇ ਦੁਰਕਾਰਨ ਰੂਹ ਮਰਦੀ ਗਈ, ਉਹ ਰੋਂਦਾ ਹੋਇਆ ਆਖੀ ਗਿਆ 'ਹੇ ਗੁਰਮੁਖ ਜਨ! ਮੈਨੂੰ ਖਿਮਾ ਕਰ। ਮੈਂ ਪਾਪੀ! ਮੈਂ ਦੁਰਾਚਾਰੀ! ਠਗ! ਮੈਂ ਅਕ੍ਰਿਤਘਨ, ਮੈਨੂੰ ਨਰਕਾਂ ਦੀ ਅਗ ਤੋਂ ਬਚਾ। ਮੇਰੀ ਬਹੁੜੀ ਸੁਣ!' ਭਾਈ ਬਹੁੜੂ ਨੇ ਉਸਨੂੰ ਚੁਕਕੇ ਗਲ਼ ਨਾਲ ਲਾ ਲਿਆਤੇਕਿਹਾ, 'ਮੈਂ ਕਿਸੇ ਨੂੰ ਬਖਸ਼ਣਯੋਗ ਨਹੀਂ। ਮੈਂ ਤਾ ਆਪ ਪਾਪੀ ਬੰਦਾ ਹਾਂ। ਚਲ ਸਤਿਗੁਰੂ ਜੀ ਦੇ ਚਰਨੀ ਲਗ, ਜਿਨਾਂ ਮੈਨੂੰ ਬਖਸ਼ਿਆ ਹੈ। ਮੈਂ ਤੈਨੂੰ ਸਤਿਗੁਰੂ ਦਾ ਸਿਖ ਸਮਝਦਾ ਰਿਹਾ ਹਾਂ ਤੇ ਸਮਝਾਂਗਾ। ਜਿਸ ਸਤਿਗੁਰੂ ਦੀ ਮਰਯਾਦਾ ਨੂੰ ਧਾਰਕੇ ਭੁਲ ਕੀਤੀ ਹੈ ਉਸੇ ਸਤਿਗੁਰੂ ਕੋਲ ਚਲ, ਓਹੋ ਹੀ ਸਮਰਥ ਹਨ।' 'ਮੈਂ ਤਾਂ ਕਿਸੇ ਗੁਰੂ ਦਾ ਸਿਖ ਨਹੀਂ, ਮੈਂ ਭੇਸ ਧਾਰਿਆ ਸੀ ਠਗੀ ਮਾਰਨ ਵਾਸਤੇ! ਮੈਂ ਬੰ ਤਾਂਭੇਖੀ ਸਿਖ ਹਾਂ, ਮੈਨੂੰ ਤੁਸਾਂ ਦੇ ਗੁਰੂ ਨੇ ਉਨ੍ਹਾਂ ਚਿਰ ਨਹੀਂ ਬਖਸ਼ਣਾ ਜਿੰਨਾ ਚਿਰ ਤੁਸੀਂ ਮੈਂ ਨਾ ਬਖਸੋ।'

'ਚਲ ਮੇਰੇ ਨਾਲ!'

ਭਾਈ ਬਹੋੜੂ ਠਗ ਸਿੱਖ, ਆਪਣੀ ਕੰਨਿਆਂ ਤੇ ਬਾਕੀ ਦੇ ਪਰਵਾਰ ਨੂੰ ਨਾਲ ਲੈਕੇ ਰਾਮਦਾਸ ਪੁਰ ਪੁਜਾ। ਸਤਿਗੁਰੂ ਜੀ ਦੇ ਚਰਨੀ ਡਿਗਕੇ ਠੱਗ ਸਿੱਖਨੇ

ਆਪਣੇ ਪਾਪ ਕਰਮ ਦਾ ਇਕਬਾਲ ਕੀਤਾ। ਮੁੜ ਸਤਿਗੁਰੂ ਜੀ ਪਾਸੋਂ ਖਿਮਾ ਮੰਗੀ ਸਤਿਗੁਰੂ ਜੀ ਨੇ ਸਿੱਖ ਦੀਆਂ ਭੁਲਾਂ ਬਖਸ਼ਕੇ ਉਸਨੂੰ ਨਿਹਾਲ ਕਰ ਦਿਤਾ ਤੇ ਭਾਈ ਬਹੋੜੂ ਦੀ ਗੁਰਮੁਖਤਾ ਦੀ ਵਡਿਆਈ ਕੀਤੀ। ਠਗ ਸਿਖ ਨਾਲ ਬਹੋੜੂ ਦੀ ਕੰਨਿਆਂ ਦਾ ਵਿਆਹ ਹੋ ਗਿਆ। ਅਗੇ ਨੂੰ ਓਹ ਸੱਚਾ ਸਿਖ ਬਣ ਗਿਆ। ਪ੍ਰਮਾਤਮਾ ਕੋਲੋਂ ਡਰਕੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਲਗਾ।

੩੯. ਭਾਈ ਬਹਿਲੋ ਜੀ

ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥
ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥ (ਸਲੋਕੁ ਮ: ੫)

ਮਨੁਖ ਸਮਾਜ ਦਾ ਇਤਿਹਾਸ ਦਸਦਾ ਹੈ ਕਿ ਜਦੋਂ ਤੋਂ ਮਨੁਖ ਨੂੰ ਗਿਆਨ ਹੋਇਆ ਕਿ ਉਹ ਮਨੁਖ ਹੈ, ਉਸ ਨੂੰ ਬਨਾਉਣ, ਸ੍ਰਿਸ਼ਟੀ ਨੂੰ ਰਚਨ, ਜੀਵ-ਜੰਤੂ ਨੂੰ ਖੁਰਾਕ ਦੇਣ ਵਾਲਾ ਕੋਈ ਹੋਰ ਹੈ, ਜੋ ਮਹਾਨ ਸ਼ਕਤੀ ਵਾਲਾ ਹੈ ਉਸ ਨੂੰ ਜਾਨਣ ਤੇ ਪਿਆਰ ਕਰਨ ਨਾਲ ਮਨੁਖ ਦੀ ਕਲਿਆਣ ਹੁੰਦੀ ਹੈ। ਬਸ ਉਸ ਦਿਨ ਤੋਂ ਮਨੁਖ ਆਪ ਨਾਲੋਂ ਵਡੀ ਸ਼ਕਤੀ ਦੀ ਪੂਜਾ ਕਰਨ ਲਗਾ। ਸਮਝ ਦੇ ਘਾਟੇ ਅਤੇ ਗਿਆਨ ਦੀ ਥੁੜੋਂ ਦੇ ਕਾਰਨ 'ਰਬ' ਨੂੰ ਸਮਝ ਤੇ ਜਾਨਣ ਵਿਚ ਮਨੁਖ ਧੋਖਾ ਖਾਂਦਾ ਰਿਹਾ। ਕਦੀ ਅਗ, ਜਲ, ਸਪ, ਤਕੜੇ ਮਨੁਖ ਦੀ ਪੂਜਾ ਕਰਦਾ ਰਿਹਾ, ਕਦੀ ਕੁਦਰਤੀ ਸ਼ਕਤੀਆਂ ਨੂੰ ਹੀ ਰਬ ਮੰਨਿਆਂ ਜਾਂਦਾ ਰਿਹਾ। ਚਲਾਕ ਮਨੁਖਾਂ ਨੇ ਜਦੋਂ ਦੇਖਿਆ ਕਿ ਭੋਲੀ ਭਾਲੀ ਜਨਤਾ, ਰਬ ਦੇ ਨਾਮ ਉਤੇ, ਰਬ ਨੂੰ ਭਾਲਣ ਤੇ ਉਸ ਨਾਲ ਮਿਲਣ ਬਦਲੇ ਨਰਕ ਦੇ ਡਰ ਕਾਰਨ ਸਭ ਕੁਝ ਵਾਰ ਰਹੀ ਹੈ, ਤਾਂ ਉਸਨੇ ਹੇਰੀ ਫੇਰੀਆਂ ਨਾਲ ਖੁਦ ਰਬ ਬਣਨਾ ਸ਼ੁਰੂ ਕਰ ਦਿਤਾ। ਬਹੁਤੇ ਰਬਾਂ ਦੀ ਘੜਮਸ ਚੌਦੇਂ ਨੂੰ ਦੇਖ ਕੇ ਪ੍ਰਮਾਤਮਾ ਨੇ ਕੁਝ ਐਸੀਆਂ ਮਹਾਨ ਸ਼ਖਸੀਅਤਾਂ ਜਗਤ ਉਤੇ ਭੇਜੀਆਂ ਜਿਨ੍ਹਾਂ ਨੇ ਭੋਲੇ ਲੋਕਾਂ ਨੂੰ ਰਬ ਦਾ ਸਹੀ ਰਸਤਾ ਦਸਿਆ ਫਿਰ ਵੀ ਅਗਿਆਨਤਾ ਦੇ ਕਾਰਨ 'ਠੱਗ ਰਬਾਂ' ਦੀਆਂ ਦੁਕਾਨਾਂ ਚਲਦੀਆਂ ਰਹੀਆਂ। ਏਸੇ ਤਰ੍ਹਾਂ ਦਾ ਇਕ ਰਬ ਮੁਸਲਮਾਨ ਫਕੀਰ ਸਖੀ ਸਰਵਰ ਹੋਇਆ ਹੈ ਉਸ ਦੇ ਚੇਲੇ ਹਿੰਦੂ ਵੀ ਸਨ। ਪਰ ਸਰਵਰ ਦੀ ਮਰਯਾਦਾ ਸਾਰੀ ਹਿੰਦੂ ਸਭਿਅਤਾ ਤੇ ਧਰਮ ਦੇ ਵਿਰੁਧ ਸੀ। ਉਹ ਦਾਹਵਾ

ਕਰਦਾ ਰਿਹਾ ਕਿ ਮਨੁਖ ਨੂੰ ਉਹ ਰਿਧੀਆਂ ਤੇ ਸਿਧੀਆਂ ਦੇ ਸਕਦਾ। ਦੁਧ ਪੁਤ ਤੇ ਅੰਨ ਦੇ ਸਕਦਾ ਹੈ। ਰੋਗਾਂ ਨੂੰ ਹਟਾ ਸਕਦਾ ਹੈ। ਕਲਿਆਣ ਕਰ ਸਕਦਾ ਹੈ। ਦੇਖੋ ਦੇਖੀ ਹਜ਼ਾਰਾਂ ਨਰ ਨਾਰੀ ਸਰਵਰੀਏ ਬਣ ਗਏ ਘਰ। ਘਰ ਘਰ 'ਪੀਰਖਾਨੇ' ਬਣਾ ਬੈਠੇ। ਵੀਰਵਾਰ ਨੂੰ ਦੀਵੇ ਜਗਾ ਕੇ ਖੇਡਾਂ ਦੇਣ ਲਗੇ।

ਸਖੀ ਸਰਵਰ ਦੇ ਚੇਲਿਆਂ ਵਿਚ ਇਕ ਬਹਿਲੋ ਭਗਤ ਸੀ, ਇਹ ਮਾਲਵੇ ਦੇ ਨਗਰ ਫਫੜੇ ਦਾ ਰਹਿਣ ਵਾਲਾ ਸਿਧੂ ਜਟ ਸੀ,ਅਨਪੜ੍ਹ ਹੋਣ ਤੇਵੀ ਸੂਝਬੂਝ ਵਾਲਾ ਪੁਰਸ਼ ਸੀ, ਘਰਦਿਆਂ ਦੀ ਸੰਗਤ ਨੇ ਉਸਨੂੰ ਸਰਵਰੀਆ ਬਣਾ ਦਿਤਾ। ਐਸਾ ਚੇਲਾ ਬਣਿਆਂ ਕਿ ਪੀਰ ਬਣਨ ਤਕ ਪਹੁੰਚ ਪਿਆ। ਹਰ ਸਾਲ ਨਿਗਾਹੇ ਜਾਂਦਾ, ਜੱਟਾਂ ਗ੍ਰਹਸਤੀਆਂ ਵਾਲਾ ਲਿਬਾਸ ਲਾਹ ਸੁਟਿਆ ਤੇ ਪੀਰਾਂ ਵਾਲਾ ਪਾ ਲਿਆ, ਹਥ ਵਿਚ ਲੋਹੇ ਦੀ ਖੂੰਡੀ, ਗਲ ਵਿਚ ਤਸਬੀ, ਕੰਧੇ ਉਤੇ ਮੁਸੱਲਾ, ਗਲ ਚੋਲਾ ਅਤੇ ਵੀਰਵਾਰ ਨੂੰ ਖੇਡ ਦੇਂਦਾ। ਲੋਹੇ ਦੀ ਸੰਗਲੀ ਪਿੰਡੇ ਉਤੇ ਮਾਰਦਾ। ਘਰ ਦੇ ਪੀਰ ਖਾਨੇ ਵਿਚ ਬੇਠਕੇ ਖੇਡ ਦੇਂਦਾ ਹੋਇਆ ਕਈਆਂ ਲੋਕਾਂ ਨੂੰ ਦਸਦਾ ਤੇ ਰੋਗੀਆਂ ਨੂੰ ਰਾਜੀ ਹੋਣ ਦੇ ਢੰਗ ਬਤਾਉਂਦਾ। ਜਦੋਂ ਉਹ ਤੁਰਦਾ ਤਾਂ ਭੋਲੇ ਭਾਲੇ ਲੋਕ ਉਹਦੇ ਚਰਨਾਂ ਉਪਰ ਮਥਾ ਟੇਕਦੇ, ਸਭ ਕੁਝ ਹੋਣ ਤੇ ਵੀ ਮਨ ਨੂੰ ਸ਼ਾਂਤੀ ਨਹੀਂ ਸੀ। ਚਿਤ ਦੀ ਭਟਕਨਾ ਦਾ ਅੰਤ ਨਹੀਂ ਸੀ ਹੋਇਆ। ਉਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਨਹੀਂ ਸਨ ਹੁੰਦੀਆਂ।

ਉਹ ਨਿਗਾਹੇ ਨੂੰ ਤੁਰਿਆ, ਮਾਲਵੇ ਦੇ 'ਪੀਰ ਭਾਈ' ਸਰਵਰੀਏ ਚੇਲੇ ਨਾਲ ਹੋ ਤੁਰੇ। ਸਭ ਤੋਂ ਵਡਾ ਸੰਗ ਬਣ ਗਿਆ। ਬਹਿਲੋ ਅਤੇ ਅਠ ਸਤ ਹੋਰ ਸਜਣ ਪੀਰ ਦੀ ਖੇਲ ਦੇਣ ਵਾਲੇ ਸਨ। ਜਿਥੇ ਸੰਗ ਦਾ ਪੜਾਅ ਹੁੰਦਾ ਉਥੇ ਹੀ ਉਹ ਖੇਡਣ ਲਗ ਪੈਂਦੇ। ਪਿੰਡਾਂ ਦੇ ਗਰੀਬ ਤੇ ਭੋਲੇ ਭਾਲੇ ਵਸਨੀਕ ਆ ਉਦਾਲੇ ਇਕਠੇ ਹੁੰਦੇ। ਸਰੀਰਕ ਤੇਂਮਾਨਿਸਕ ਰੋਗਾਂ ਬਾਰੇ ਪੁਛਦੇ। ਖੇਡਣ ਵਾਲੇ ਕਿਸੇ ਨੂੰ ਕਹਿੰਦੇ ਤੈਨੂੰ ਤਵੀਤ ਹਨ, ਕਿਸੇ ਨੂੰ ਕਹਿੰਦੇ ਤੈਨੂੰ ਛਾਇਆ ਚੰਮੜੀ ਹੈ। ਤੂੰ ਪੀਰ ਦੀ ਸੁਖਣਾ ਨਹੀਂ ਦਿਤੀ। ਐਸੇ ਬਚਨਾਂ ਨੂੰ ਕਰਕੇ ਰੋਗੀ ਨੂੰ ਸਗੋਂ ਭਰਮ ਤੇ ਭੈ ਦੇ ਖੂਹ ਵਿਚ ਸੁਟ ਦੇਂਦੇ। ਰੋਗੀ ਹੋਰ ਤੜਫਦਾ, ਜੇ ਖੇਡਣ ਬੈਠਦਾ ਤਾਂ ਨਾਲੇ ਤਨ ਨਸ਼ਟ ਹੁੰਦਾ ਨਾਲੇ ਧਨ ਖਰਚ ਹੁੰਦਾ।

ਭਾਈ ਬਹਿਲੋ ਦਾ ਸੰਗ ਨਿਗਾਹੇ ਨੂੰ ਜਾਂਦਾ ਹੋਇਆ ਰਾਮਦਾਸ ਪੁਰ ਆ ਪੁਜਾ। ਰਾਮਦਾਸ ਪੁਰ ਉਸ ਵੇਲੇ ਵਸ ਰਿਹਾ ਸੀ ਸਰੋਵਰ ਪੱਕਾ ਕਰਨ ਵਾਸਤੇ ਆਵੇ ਚੜ੍ਹਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਸਤਿਗੁਰੂ ਅਰਜਨ ਦੇਵ ਜੀ ਸੰਗਤ ਨੂੰ ਉਪਦੇਸ਼ ਕਰਦੇ ਸਨ। ਗੁਰੂ ਕਾ ਲੰਗਰ ਅਟੁਟ ਵਰਤਦਾ ਸੀ ਸੈਂ ਕੜੇ ਸਿਖ ਆਉਂਦੇ ਤੇ ਜਾਂਦੇ ਸਨ। ਗੁਰੂ ਘਰ ਦੀ ਮਰਯਾਦਾ ਦੇਖ ਕੇ ਸਤਿਗੁਰੂ ਜੀਦਾ ਉਪਦੇਸ਼ ਸੁਣ ਕੇ ਚਿਤ ਨੂੰ ਕੁਝ ਹੋਇਆ। ਮਨ ਉਤਾਵਲਾ ਹੋਕੇ ਤੜਫਿਆ। ਸਤਿ-ਗੁਰੂ ਜੀ ਨੇ ਫਰਮਾਇਆ:—

> ਜਾਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ ॥ ਬ੍ਰਹਮੇ ਕੋਟਿ ਅਰਾਧਹਿ ਗਿਆਨੀ ॥ ਜਾਪ ਜਪੇ। ਜਪ ਤਾਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ ॥ ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ॥ ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ ॥ ਦਇਆਲ ਲਾਲ ਗੋਬਿੰਦ ਨਾਨਕੁ ਮਿਲੁ ਸਾਧ ਸੰਗਤਿ ਹੋਇ ਗਤੇ ॥ (ਆਸਾ ਮਹਲਾ ੫ ਛੰਤ)

ਤਿਸਦਾ ਪ੍ਰਮਾਰਥ—ਜਿਸ ਪਰਮੇਸਰ ਨੇ ਸਾਰੇ ਜਗਤ ਦੀ ਰਚਨਾ ਕੀਤੀਹੈ। ਜੇਹੜਾ ਨਵੇਂ ਤੋਂ ਨਵੇਂ ਕੌਤਕ ਕਰਦਾ ਹੈ, ਉਸ ਪ੍ਰਮਾਤਮਾ ਨੂੰ ਲਖਾਂ ਤਪਸੀ ਜੋਗੀ ਤੇ ਮੁਨੀ ਆਦਿਕ ਲਭਦੇ ਫਿਰਦੇ ਹਨ, ਪਰ ਓਹ ਲਭਦਾ ਨਹੀਂ। ਅਨੇਕਾਂ ਬ੍ਰਹਮਾ ਵਰਗੇ ਉਸ ਦੀ ਪੂਜਾ ਕਰਦੇ ਹਨ, ਕਈ ਗਿਆਨੀ ਓਹਦੇ ਨਾਮ ਦਾ ਜਾਪ ਜਪਦੇ ਹਨ ਕਈ ਜਪਦੇ ਨਾਲ ਤਪ ਕਰਦੇ ਤੇ ਸੰਜਮ ਦਾ ਜੀਵਨ ਬਤੀਤ ਕਰਦੇ ਹਨ। ਸੁਚੇ ਰਹਿੰਦੇ ਹਨ। ਨਾ ਕਿਸੇ ਦੇ ਨਾਲ ਛੂੰਹਦੇ ਹਨ ਤੇ ਨਾ ਕਿਸੇ ਕੋਲੋਂ ਅੰਨ ਜਲ ਲੈਕੇ ਖਾਂਦੇ ਤੇ ਪੀਂਦੇ ਹਨ। ਅਨੇਕਾਂ ਸਾਧੂ ਤੇ ਦੁਨੀਆਂ ਦੇ ਲੋਕ ਤੀਰਥਾਂ ਦੀ ਯਾਤਰਾ ਕਰਦੇ ਫਿਰਦੇ ਹਨ ਕਿ ਕਿਤਿਓਂ ਓਹਨਾਂ ਨੂੰ ਪ੍ਰਮਾਤਮਾ ਦੇ ਚਰਨਾ ਦੀ ਧੂੜੀ ਹੀ ਪ੍ਰਾਪਤ ਹੋ ਜਾਵੇ। ਹੇ ਪ੍ਰਮਾਤਮਾ! ਤੂੰ ਕਿਥੇ ਹੈਂ? ਇਹ ਕੋਈ ਪਤਾ ਨਹੀਂ ਕਿਸੇ ਕਦੀ ਦੇਖਿਆ ਨਹੀਂ ਪਰ ਇਕ ਗੱਲ ਹੈ ਕਿ ਪੁਰਸ਼ (ਨਰ ਨਾਰੀ) ਜੰਗਲ ਘਾਹ ਤੇ ਜੜ੍ਹ ਆਦਿਕ, ਪਸੂ ਤੇ ਪੰਛੀ ਰਾਤ ਦਿਨੇ ਤੇਰੇ ਨਾਮ ਦਾ ਸਿਮਰਨ ਕਰਦੇ ਰਹਿੰਦੇ ਹਨ। ਪਰਅਸਾਂ ਤੱਤ ਇਹ ਜਾਤਾ ਹੈ ਕਿ ਸਾਧਸੰਗਤ ਵਿਚ ਬੈਠਕੇ,ਪ੍ਰਮਾਤਮਾਦਾਨਾਮਸੁਣਕੇ ਅਤੇ ਭਗਤੀ ਸੇਵਾ ਕਰਕੇ ਹੀ ਮਨੁਖ ਨੂੰ ਪ੍ਰਮਾਤਮਾ ਦਾ ਮੇਲ ਹੁੰਦਾ ਹੈ। ਓਹ ਮੁਕਤ ਹੋ ਜਾਂਦਾ ਹੈ। ਹਿੰਦੂ ਹੋਕੇ ਤੁਰਕਾਂ ਦਾ ਸੰਗ ਕਰਨਾ, ਓਹਨਾਂ ਠਗ ਪੀਰਾਂ ਨੂੰ ਮੰਨਣ ਵਾਲੇ ਨੂੰ ਕਦੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਜਗਤ ਭਰਮਾਂ ਵਿਚ ਡੁਬਦਾ

ਫਿਰਦਾ ਹੈ। ਗੁਣ ਤੇ ਔਗੁਣ ਦੀ ਵਿਚਾਰ ਨਹੀਂ ਕਰਦਾ। ਸਚ ਤੇ ਝੂਠਦਾ ਗਿਆਨ ਨਹੀਂ, ਗਿਆਨ ਤਦੇ ਹਾਸਲ ਹੁੰਦਾ ਹੈ, ਜੇ ਸਚੇ ਸਤਿਗੁਰੂ ਦੀ ਸ਼ਰਨ ਜਾਵੇ ਤੇ ਗੁਰ-ਮਤਿ ਉਤੇ ਚਲੇ। ਸਤਿਗੁਰੂ ਜੀ ਦੇ ਬਚਨ ਭਾਈ ਬਹਿਲੋ ਦੇ ਮਨ ਵਿਚ ਤੀਰ ਵਾਂਗ ਵਜੇ, ਉਨ੍ਹਾਂ ਅਨਿਆਲੇ ਤੀਰਾਂ ਨੇ ਭਰਮ, ਬੁਰਿਆਈ, ਅਗਿਆਨਤਾ ਤੇ ਸਖੀ ਸਰਵਰ ਦੀ ਪਾਣ ਸਭ ਕੁਝ ਮਨ ਤੋਂ ਦੂਰ ਕਰ ਦਿਤੇ। ਮਨ ਨਿਰਮਲ ਹੋਣ ਲਗਾ, ਸਰਵਰ ਦੀ ਸੰਗਲੀ, ਖਫਨੀ, ਚਮੜਾ ਢੋਲ ਝੰਡਾ ਇਕ ਵਾਧੂ ਭਾਰ ਜਿਹਾ ਪ੍ਰਤੀਤ ਹੋਇਆ। ਸਰਵਰ ਦੀ ਉਪਮਾ ਦੀ ਫਰਜੀ ਤੇ ਝੂਠੀ ਕਵਿਤਾ ਕੰਨਾਂ ਨੂੰ ਖਾਣ ਲਗੀ, ਸਤਿਗੁਰੂ ਜੀ ਦੀ ਬਾਣੀ ਬਹੁਤ ਮਿਠੀ ਲਗੀ ਜਿਵੇਂ ਕੋਇਲ ਦੇ ਸ਼ਬਦ ਸੁਣ ਕੇ ਕੋਇਲ ਦਾ ਪੁਤ੍ਰ ਕਾਵਾਂ ਵਿਚੋਂ ਤੇ ਹੰਸਾਂ ਦਾ ਪੁਤ੍ਰ ਬਗਲਿਆਂ ਵਿਚੋਂ ਨਿਖੜਕੇ ਆਪਣਿਆਂ ਕੋਲ ਆ ਜਾਂਦਾ ਹੈ, ਤਿਵੇਂ ਭਾਈ ਬਹਿਲੋ ਮੁਸਲਮਾਨ ਪੀਰ ਦੀ ਪੂਜਾ ਛਡਕੇ ਮੁੜ ਉਧਰ ਆਉਣ ਲਗੇ ਜਿਥੋਂ ਗਏ ਸਨ। ਭਰਾ ਭਰਾਵਾਂ ਨਾਲ ਮਿਲ ਕੇ ਹੀ ਸੁਖੀ ਹੁੰਦੇ ਹਨ। ਉਹਦੇ ਸਾਥੀਆਂ ਨੇ ਕਿਹਾ, 'ਬਹਿਲੋ ! ਉਠ ਅਗੇ ਚਲੀਏ। ਸੰਗ ਤੁਰਨ ਨੂੰ ਕਾਹਲਾ ਪਿਆ ਹੈ, ਦੋ ਦਿਨ ਏਥੇ ਪੜਾਅ ਕਰ ਲਿਆ। ਰਾਹ ਦਾ ਪੰਧ ਲੰਮਾ ਹੈ।'

'ਮੇਰਾ ਪੈਂਡਾ ਮੁਕ ਗਿਆ ਜੀਵਨ ਪੜਾਅ ਆ ਗਿਆ, ਇਸ ਤੋਂ ਅਗੇ ਮੈਂ ਨਹੀਂ ਜਾ ਸਕਦਾ, ਝੂਠ ਦੀ ਥਾਂ ਮੈਨੂੰ ਸਤਜ ਦੀ ਲੋਅ ਲਗ, ਗਈ ਅਗੇ ਹਨੇਰੇ ਵਿਚ ਹਥ ਮਾਰਕੇ ਜਿਸ ਵਸਤੂ ਨੂੰ ਲਭਦਾ ਰਿਹਾ, ਜਿਸ ਬਦਲੇ ਪਾਗਲਾਂ ਵਾਂਗ ਸਿਰ ਮਾਰਦਾ ਰਿਹਾ, ਲੋਹੇ ਦੇ ਸੰਗਲਾਂ ਨਾਲ ਹਡੀਆਂ ਚੂਰ ਕਰਦਾ ਰਿਹਾ, ਉਹ ਵਸਤੂ ਨਾ ਮਿਲੀ। ਭੁਖ ਵਧ ਗਈ, ਭੁਖ ਨਾਲ ਵਿਆਕੁਲ ਹੋ ਕੇ ਸਤਜ ਵਸਤੂ ਨੂੰ ਭਲ ਗਿਆ, ਕੂੜ ਪਿਛੇ ਫਿਰਦਾ ਰਿਹਾ। ਜਾਓ ! ਹੁਣ ਬਹਿਲੋ ਨਾ ਪੀਰ ਦਾ ਨਾ ਪੀਰ ਬਹਿਲੋ ਦਾ ਹੈ, 'ਹੈਂ ! ਇਹ ਕੀ ਹਨੇਰ ਮਾਰਦੇ ਹੋ, ਪੀਰ ਕਰਾਮਾਤੀ ਜ਼ਾਹਰਾ ਪੀਰ ਹੈ, ਉਹ ਅੰਨਾ ਕਰ ਦੇਵੇਗਾ। ਤੁਸਾਂ ਦੇ ਹਡ ਪੈਰ ਜੂੜ ਦੇਵੇਗਾ, ਪਿੰਡ ਗਰਕ ਹੋ ਜਾਵੇਗਾ, ਪਰਵਾਰ ਦੁਖੀ ਹੋਵੇਗਾ, ਡੰਗਰ ਮਰ ਜਾਣਗੇ, ਮੰਦੇ ਸ਼ਬਦ ਪੀਰ ਦੀ ਸ਼ਾਨ ਵਿਚ ਨਾ ਕਹੋ, ਤੁਸੀਂ ਪੀਰ ਸਰਵਰ ਦੇ ਹੋ ਉਸੇ ਦੇ ਰਹੋ, ਥਾਂ ਥਾਂ ਪੀਰ ਬਣੇ ਫਿਰਦੇ ਹਨ, ਰੋਟੀਆਂ ਖਾਣ ਦੇ ਮਾਰੇ, ਮਾਇਆ ਇਕਠੀ ਕਰਨ ਦੇ ਭੁਖੇ। ਲਾਲਚ ਵਿਚ ਨਹੀਂ ਆਉਣਾ ਚਾਹੀਦਾ। ਉਠ

ਛੇਤੀ ਕਰ ! ਚੌਂਕੀ ਭਰਨ ਦਾ ਵੇਲਾ ਹੋ ਗਿਆ ਹੈ। ਅਗੇ ਸਗੋਂ ਦੋ ਚੌਂਕੀਆਂ ਰਹਿ ਗਈਆਂ ਹਨ।' 'ਚੌਂਕੀਆਂ ਭੁਲ ਗਈਆਂ, ਸਿਰ ਮਾਰਨ ਦੀ ਸ਼ਕਤੀ ਨਹੀਂ ਰਹੀ ਸਚੇ ਨੇ ਝੂਠੇ ਕੋਲੋਂ ਮੈਨੂੰ ਖੋਹ ਲਿਆ। ਜਾਓ ! ਮੈਂ ਨਹੀਂ ਜੇ ਜਾਣਾ। ਇਹ ਲੌ ਸੰਗਲ ਖਲੜੂ, ਝੰਡਾ, ਢੋਲ, ਤਸਬੀ......ਮੈਂ ਨਹੀਂ ਜੇ ਜਾਣਾ। ਮੈਂ ਸਤਿਗੁਰੂ ਜੀ ਦੇ ਚਰਨਾ ਵਿਚ ਰਹਾਂਗਾ ਸਤਿਸੰਗ ਵਿਚ ਬੈਠਾਂਗਾ।'

ਇਹ ਆਖਕੇ ਭਾਈ ਬਹਿਲੋ ਨੇ ਇਕ ਇਕ ਕਰਕੇ ਸਾਰੀਆਂ ਪੀਰਾਂ ਦੀਆਂ ਨਿਸ਼ਾਨੀਆਂ ਉਦਾਲਿਓਂ ਲਾਹ ਕੇ ਸੁਟ ਦਿਤੀਆਂ। ਪੀਰ ਦੇ ਚੇਲੇਹੈਰਾਨਹੋਏਉਨ੍ਹਾਂ ਵਿਚੋਂ ਕਈ ਥਰ-ਥਰਾ ਕੇ ਕੰਬ ਉਠੇ। ਉਨ੍ਹਾਂ ਨੇ ਤਰਲੇ ਕੀਤੇ ਡਰ ਦਿਤੇ ਪਰਬਹਿਲੋ ਨੇ ਇਕ ਨਾ ਸੁਣੀ। ਉਹ ਉਸੇ ਵੇਲੇ ਉਠਕੇ ਉਧਰ ਚਲਿਆ ਗਿਆ ਜਿਧਰ ਸਰੋ-ਵਰ ਦੀ ਪੁਟਾਈ ਹੋ ਰਹੀ ਸੀ। ਸਿਰ ਉਤੇ ਮੜਾਸਾ ਕੀਤਾ, ਟੋਕਰੀ ਫੜੀ ਤੇ ਕਾਰ ਸੇਵਾ ਕਰਨ ਲਗ ਪਿਆ। ਪੀਰ ਦੇ ਚੇਲੇ ਨਿਰਾਸ ਹੋ ਕੇ ਅਗੇ ਤੁਰ ਗਏ ਉਨ੍ਹਾਂ ਵਿਚੋਂ ਤਿੰਨ ਭਾਈ ਬਹਿਲੋ ਨਾਲ ਰਹਿਕੇ ਗੁਰੂ ਘਰ ਦੀ ਸੇਵਾ ਕਰਨ ਲਗੇ।

ਜਿਵੇਂ ਤਨੋਂ ਮਨੋਂ ਧਨੋਂ ਪਹਿਲਾਂ ਸਖੀ ਸਰਵਰ ਦੇ ਚਾਟੜੇ ਬਣੇ ਸਨ ਤਿਵੇਂ ਭਾਈ ਬਹਿਲੋ ਜੀ ਸਤਿਗੁਰੂ ਜੀ ਦੇ ਸੇਵਕ ਬਣ ਗਏ। ਐਸਾ ਪ੍ਰੇਮ ਪਾਇਆ ਕਿ ਸਭ ਕੁਝ ਭੁਲ ਗਏ, ਘਰ ਜਾਣਾ ਵੀ ਭੁਲ ਗਿਆ। ਆਪਾ ਖਤਮ ਹੋ ਗਿਆ ਹਰ ਪਾਸੇ 'ਤੂੰ ਹੀ ਤੂੰ ਨਜ਼ਰ ਆਉਣ ਲਗਾ। ਕਹੀ ਤੇ ਟੋਕਰੀ ਆਪਦੀਆਂ ਜੀਵਨ ਸਾਥਣਾਂ ਬਣੀਆਂ। ਦੋ ਕੁ ਮਹੀਨੇ ਸੇਵਾ ਕਰਦਿਆਂ ਹੋਇਆਂ ਵਿਚਾਰਫੁਰੀ–ਬਹਿਲੋ! ਤੂੰ ਭੁਲ ਕਰ ਰਿਹਾ ਹੈਂ। ਸੇਵਾ ਕਰਕੇ ਗੁਰੂ ਕੇਲੰਗਰੋਂ ਪ੍ਰਸ਼ਾਦੇ ਕਿਉਂ ਛਕਦਾ ਹੈਂ ? ਕੀ ਸੇਵਾ ਵੇਚ ਰਿਹਾ ਹੈਂ ? ਰੋਟੀ ਸੇਵਾ ਦਾ ਮੁਲ ਨਹੀਂ ? ਲੰਗਰੋਂ ਪ੍ਰਸ਼ਾਦੇ ਨਾ ਛਕ ਕੋਈ ਹੋਰ ਵਸੀਲਾ ਹੀਲਾ ਕਰ।' ਇਹ ਅਵਾਜ਼ ਉਹਦੀ ਆਤਮਾ ਦੀ ਸੀ।

ਅਗਲੇ ਦਿਨ ਇਕ ਹਟੀ ਵਾਲੇ ਨਾਲ ਫੈਸਲਾ ਕੀਤਾ ਕਿ ਹਟੀ ਵਾਲੇ ਦੀ ਦਾਲ ਦਲ ਆਇਆ ਕਰੇ, ਹਲਦੀ ਤੇ ਲੂਣ ਪੀਹਕੇ ਦੇ ਆਇਆ ਕਰੇ। ਮਜ਼ਦੂਰੀ ਲਵੇ ਦੋ ਵੇਲੇ ਦੀ ਰੋਟੀ ਤੇ ਕਪੜੇ ਜੋਗੇ ਪੈਸੇ। ਓਹਨਾਂ ਪੈਸਿਆਂ ਨੂੰ ਜੋੜਕੇ ਸਤਿਗੁਰੂ ਜੀ ਦੀ ਭੇਟਾ ਕਰੇਗਾ।

ਭਾਈ ਬਹਿਲੋ ਨੇ ਫਿਰ ਇਸ ਤਰਾਂ ਨਿਤ ਕਰਮ ਮਿੱਥਿਆ–ਤੜਕੇ

ਉਠ ਕੇ ਇਸ਼ਨਾਨ ਕਰਨਾ। ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ, ਆਸਾ ਦੀ ਵਾਰ ਦਾ ਕੀਰਤਨ ਸੁਣਨ ਪਿਛੋਂ ਸੇਵਾ ਵਿਚ ਰੁਝ ਜਾਣਾ,ਲੌਂਢੇ ਵੇਲੇ ਨੂੰ ਹਟੀ ਵਾਲੇ ਦੀ ਨੌਕਰੀ ਕਰਨੀ ਤੇ ਰਾਤ ਨੂੰ ਭਜਨ ਕਰਨਾ। ਇਕ ਪਲ ਵੇਹਲੇ ਨਹੀਂ ਬੈਠਣਾ। ਬਹਿਲੋ ਜੀ ਤਾਂ ਭਾਈ ਗੁਰਦਾਸ ਜੀ ਦੇ ਇਸ ਬਚਨ ਉਤੇ ਚਲ ਰਿਹਾ ਸੀ।

ਪੈਰੀਂ ਪੈ ਪਾਖਾਕ ਹੋਇ ਛਡ ਮਣੀ ਮਨੂਰੀ॥ ਪਾਣੀ ਪੱਖਾ ਪੀਹਣਾ ਨਿਤ ਕਰੈ ਮਜੂਰੀ॥ ਤੁਪੜ ਝਾੜ ਵਿਛਾਇੰਦਾ ਚੁਲ ਝੌਕਣ ਭੂਰੀ॥ ਮੁਰਦੇ ਵਾਗ ਮੁਰੀਦ ਹੋਇ ਕਰ ਸਿਦਕ ਸਬੂਰੀ॥ ਚੰਨਣ ਹੋਵੈ ਸਿੰਮਲਹੁ ਫਲ ਵਾਸ ਹਜੂਰੀ॥ ਪੀਰ ਮਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥

ਚਤੇ ਪਹਿਰ ਸਵਾ ਕਰਨ ਦਾ ਉਮਾਹ ਰਹਿੰਦਾ ਸੀ। ਸਾਰੇ ਸਿਖ ਭਾਈ ਬਹਿਲੋਂ ਦੀ ਗੁਰੂ ਘਰ ਨਾਲ ਪ੍ਰੀਤ ਦੇਖਕੇ ਦੰਗ ਰਹਿ ਗਏ ਸਨ। ਜਪ ਤਪ ਤੇ ਹਠ ਵਿਚ ਪੂਰਾ ਸੀ। ਓਹਦਾ ਸਰੀਰ ਥਕਦਾ ਤੇ ਮਨ ਅਕਦਾ ਨਹੀਂ ਸੀ ਓਹ ਤਨੋਂ ਮਨੋਂ ਤੇ ਧਨੋਂ ਸਤਿਗੁਰੂ ਜੀ ਦਾ ਸ਼ਰਧਾਲੂ ਸਿਖ ਬਣ ਗਿਆ ਸੀ।

ਭਾਈ ਬਹਿਲੋ 'ਮੁਰਦੇ ਵਾਂਗ ਮੁਰੀਦ ਹੋਇ' ਸੇਵਾ ਕਰਨ ਲਗਾ। ਕੋਈ ਚੀਜ਼ ਆਪਣੀ ਨਾ ਸਮਝੀ। ਕਸ਼ਟ ਝਲਕੇ ਗੁਰੂ ਘਰ ਦੀ ਸੇਵਾ ਕਰਨ ਨੂੰ ਧਰਮ ਸਮਝਦਾ। ਇਕ ਦਿਨ ਕਿਸੇ ਆਦਮੀ ਨਾਲ ਵਿਚਾਰਾਂ ਹੋਈਆਂ ਕਿ ਸਰੋਵਰ ਨੂੰ ਪਕਾ ਕਰਨ ਵਾਸਤੇ ਜੋ ਆਵੇ ਪਕ ਰਹੇ ਹਨ ਉਨ੍ਹਾਂ ਆਵਿਆਂ ਵਿਚ ਚੰਗੀਆਂ ਇਟਾਂ ਕਿਵੇਂ ਪਕਾਈਆਂ ਜਾ ਸਕਦੀਆਂ ਹਨ? ਕੇਹੜੀ ਚੀਜ਼ ਬਾਲਣ ਵਿਚ ਰਲਾਈ ਜਾਵੇ? ਦਸਣ ਵਾਲੇ ਨੇ ਦਸਿਆ ਕਿ ਜੇ ਬਾਲਣ ਵਿਚ (ਬਲਦੇ ਆਵੇ ਸਮੇਂ) ਜੇ ਵਿਸ਼ਟਾ (ਗੰਦਗੀ) ਸੁਟਿਆ ਜਾਵੇ ਤਾਂ ਇਟਾਂ ਬਹੁਤ ਚੰਗੀਆਂ ਪਕਦੀਆਂ ਹਨ। ਲਾਲ ਸੁਰਖ ਹੋ ਜਾਂਦੀਆਂ ਹਨ ਅਤੇ ਕਈ ਸੌ ਸਾਲ ਤਕ ਖਰਾਬ ਨਹੀਂ ਹੁੰਦੀਆਂ। ਲਾਉਂਦਿਆਂ ਤੇ ਸੁਟਦਿਆਂ ਹੋਇਆਂ ਟੁਟਦੀਆਂ ਹਨੀਂ। ਇਹ ਸੁਣ ਕੇ ਭਾਈ ਬਹਿਲੋ ਨੇ ਆਪਣੇ ਆਪ ਫੈਸਲਾ ਕੀਤਾ—'ਗੁਰੂ ਘਰ ਦੀ ਸੇਵਾ ਕਰਨ ਦਾ ਇਹ ਸੁਨਿਹਰੀ ਸਮਾ॥' ਅਗਲੇ ਦਿਨ ਇਕ ਚੰਗੀ ਟੋਕਰੀ ਲਈ॥ ਟੋਕਰੀ ਵਿਚ ਬੋਰੀ ਦਾ ਕਪੜਾ ਲਾਇਆ, ਜਿਸ ਟੋਕਰੀ ਵਿਚੋਂ ਵਿਸ਼ਟਾ ਵਗੇ ਨਾ। ਕੰਬਲ ਦੀ ਭੁੰਮ ਬਾਹਰ ਨੂੰ ਤੁਰ ਗਏ॥ ਵਿਸ਼ਟਾ ਕਠਾ ਕਰਕੇ ਆਵੇ (ਭਠੇ) ਵਿਚ ਸੁਟਦੇ ਰਹੇ ਕਿੰਨੀ ਕਠਨ ਸੇਵਾ ਸੀ, ਪ੍ਰੀਤ ਦਾ ਅੰਤਮ ਇਮਤਿਹਾਨ ਸੀ ਉਸ ਵਿਚੋਂ ਵੀ ਭਾਈ ਬਹਿਲੋ ਜੀ

ਪਾਸ ਹੋ ਗਏ। ਆਵਾ ਪਕ ਗਿਆ ਇਟਾਂ ਸਾਰਿਆਂ ਨਾਲੋਂ ਚੰਗੀਆਂ ਨਿਕਲੀਆਂ, ਸਤਿਗੁਰੂ ਜੀ ਨੂੰ ਪਤਾ ਲਗ ਗਿਆ ਕਿ ਚੰਗੀਆਂ ਇਟਾਂ ਪਕਣ ਦਾ ਕਾਰਨ ਭਾਈ ਬਹਿਲੋ ਦੀ ਸੇਵਾ ਹੈ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਐਨੇ ਪ੍ਰਸੰਨ ਕਿ ਸਾਰੀਆਂ ਸ਼ਕਤੀਆਂ ਵਰ ਦਾਨ ਦੇਣ ਵਿਚ ਵਾਸਤੇ ਤਿਆਰ ਹੋ ਪਏ। ਉਨ੍ਹਾਂ ਦੀ ਜ਼ਬਾਨੋ ਸੁਤੇ ਸਿਧ ਨਿਕਲ ਗਿਆ—'ਭਾਈ ਬਹਿਲੋ ਸਭ ਨਾਲੋਂ ਪਹਿਲੋਂ ਨਿਹਾਲ !ਨਿਹਾਲ!!' ਉਸੇ ਵੇਲੇ ਟੋਕਰੀ ਸੁਟਾ ਦਿਤੀ, ਕੰਬਲ ਉਪਰੋਂ ਲਾਹਕੇ ਪਾਸੇ ਰਖ ਦਿਤਾ, ਇਸ਼-ਨਾਨ ਕਰਾਕੇ ਨਵੇਂ ਬਸਤਰ ਪਹਿਨਾ ਕੇ ਹਿਕ ਨਾਲ ਲਾ ਕੇ ਵਰ ਦਿਤੇ ਤੇ ਮਸੰਦ ਮੁਕਰਰ ਕਰ ਦਿਤਾ। ਹੁਕਮ ਕੀਤਾ—'ਭਾਈ ਬਹਿਲੋ ! ਆਪਣੇ ਪਿੰਡ ਜਾ ਕੇ ਰਹੋ, ਤੇਰਾ ਸਤਿਕਾਰ ਹੋਵੇਗਾ। ਗੁਰੂ ਘਰ ਦੀ ਸੇਵਾ ਨਾ ਭੁਲਣੀ ਤੇ ਗੁਰਮਤ ਦਾ ਪ੍ਰਚਾਰ ਕਰਿਆ ਕਰਨਾ, ਗੁਰਬਾਣੀ ਆਪ ਪੜ੍ਹਨੀ ਤੇ ਹੋਰਨਾਂ ਨੂੰ ਕੰਠ ਕਰਾਉਣੀ। ਅਸੀਂ ਤੇਰੇ ਉਤੇ ਬਹੁਤ ਪ੍ਰਸੰਨ ਹਾਂ, ਤੇਰੀ ਸੇਵਾ ਥਾਇ ਪਈ। ਮਾਲਵੇ ਦੀ ਸਾਰੀ ਸਿਖੀਦਾ ਤੂੰ ਮੁਖੀ।' ਖੁਸ਼ੀ ਤੇ ਅਨੰਦ ਨਾਲ ਖੀਵਾ ਹੋਕੇ ਭਾਈ ਬਹਿਲੋ ਹੋਰ ਕੋਈ ਗਲ ਨਾ ਕਰ ਸਕਿਆ, ਸਗੋਂ ਉਚੀ ਉਚੀ ਇਹ ਸ਼ਬਦ ਪੜ੍ਹਨ ਲਗ ਪਿਆ—

ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥
ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ ॥ ੧ ॥
ਰਾਖਨਹਾਰ ਅਪਾਰ ਪ੍ਰਭ ਤਾਕੀ ਨਿਰਮਲ ਸੇਵ ॥
ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ ॥ ੧ ॥ ਰਹਾਉ ॥
ਸਦਾ ਸਦਾ ਹਰਿ ਧਿਆਈਐ ਕਿਛੁ ਵਿਘਨੁ ਨ ਲਾਗੈ ॥
ਨਾਨਕ ਨਾਮੁ ਸਲਾਹੀਐ ਭੁਇ ਦੁਸਮਨ ਭਾਗੈ ॥

(ਬਿਲਾਵਲ ਮ: ੫)

ਸਤਿਗੁਰੂ ਦੇ ਕਮਲ ਫੂਲ ਵਰਗੇ ਚਰਨਾਂ ਦਾ ਆਸਰਾ ਪ੍ਰਮਾਤਮਾ ਨੇ ਆਪ ਦਿਤਾ। ਭੁਲੇ ਭਾਈ ਬਹਿਲੋ ਨੂੰ ਸਬਬ ਨਾਲ ਸਤਿਗੁਰੂ ਦੀ ਸ਼ਰਨ ਵਿਚ ਲਿਆਂਦਾ, ਜੇ ਪ੍ਰਮਾਤਮਾ ਦੀ ਮੇਹਰ ਨਾ ਹੁੰਦੀ ਤਾਂ ਕਦੀ ਸਤਿਗੁਰੂ ਜੀ ਕੋਲ ਆਉਣ ਦਾ ਢੋਅ ਨਹੀਂ ਸੀ ਬਣਨਾ। ਜੇਹੜਾ ਸਤਿਗੁਰੂ ਜੀ ਦੀ ਸ਼ਰਨ ਆਉਂਦਾ ਹੈ, ਉਹਦੀ ਵਡਿਆਈ ਹੁੰਦੀ ਹੈ ਉਹਦਾ ਜਸ ਆਪਣੇ ਆਪ ਹੀ ਚਾਰ ਜੁਗ ਵਿਚ ਖਿਲਰ ਜਾਂਦਾ ਹੈ। ਉਹ ਪ੍ਰਭੂ ਮਾਲਕ ਜੁਗਾਂ ਜੁਗਾਂਤਰਾਂ

ਤੋਂ ਭਗਤਾਂ ਦੀ ਪੈਜ ਰਖਦਾ ਆਇਆ ਹੈ'। ਉਸੇ ਦੀ ਸੇਵਾ ਹੀ ਕਰਨੀ ਚੰਗੀ ਹੈ। ਬੜੀਆਂ ਦਾਤਾਂ ਜੀਆਂ ਮੇਹਰਾਂ ਹੋਈਆਂ ਜੋ ਸੰਜੋਗ ਨਾਲ ਰਾਮਦਾਸ ਪੁਰ ਵਿਚ ਆ ਵਸੇ, ਰਾਮਦਾਸ ਪੁਰ ਸਵਰਗ ਦੀ ਨਗਰੀ ਹੈ, ਇੰਦ੍ਰ ਲੋਕ ਦੇ ਸਮਾਨ ਹੈ। ਇਸ ਨਗਰੀ ਵਿਚ ਸਚ ਮੁਚ ਰਾਮ ਰਾਜ ਹੈ। ਸਤ ਧਰਮ ਤੇ ਨੇਕ ਕਿਰਤ ਕਰਨ ਵਾਲੇ ਪੁਰਸ਼ ਵਸਦੇ ਹਨ। ਕਿਸ ਨੂੰ ਕੋਈ ਦੁਖ ਨਹੀਂ। ਝੂਠ ਬੋਲਕੇ ਕੋਈ ਕਿਸੇ ਨੂੰ ਠਗਦਾ ਨਹੀਂ। ਇਸ ਰਾਮ ਰਾਜ ਨੂੰ ਗੁਰਦੇਵ (ਸ੍ਰੀ ਗੁਰੂ ਅਰਜਨਦੇਵ ਜੀ) ਨੇ ਕਾਇਮ ਕੀਤਾ ਹੈ। ਹਰੀ ਸਿਮਰਨ ਦੇ ਪ੍ਰਤਾਪ ਕਾਰਨ ਕੋਈ ਵਿਘਨ ਨਹੀਂ ਲਗਦਾ। ਸਾਰੇ ਕਾਰਜ ਆਪਣੇ ਆਪ ਸਫ਼ਲਤਾ ਨਾਲ ਹੁੰਦੇ ਜਾਂਦੇ ਹਨ। ਸਭ ਨਾਮ ਦੀ ਕ੍ਰਿਪਾ ਹੈ, ਜਿਸ ਦੇ ਕਾਰਨ ਪੰਜੇ ਦੁਸ਼ਮਨ ਨਸ਼ਟ ਹੋ ਗਏ, ਜੀਵਨ ਸਫਲ ਹੋ ਗਿਆ।

ਮਾਲਕ (ਸਤਿਗੁਰੂ ਜੀ) ਦਾ ਹੁਕਮ ਹਰ ਸਿਖ ਨੂੰ ਮੰਨਣਾ ਪੈਂਦਾ ਹੈ, ਜੋ ਹੁਕਮ ਮੰਨਦਾ ਹੈ, ਉਸੇ ਦਾ ਜਨਮ ਸਫਲ ਹੁੰਦਾ ਹੈ। ਓਹੋ ਹੀ ਸਚੇ ਮਹਿਲ ਵਿਚ ਦਾਖਲ ਹੁੰਦਾ ਹੈ। ਭਾਈ ਬਹਿਲੋ ਦਾ ਭਾਵੇਂ ਚਿਤ ਨਹੀਂ ਸੀ ਕਰਦਾ ਆਪਣੇ ਪਿਆਰੇ ਪਤੀ (ਸਤਿਗੁਰੂ ਜੀ) ਕੋਲੋਂ ਵਿਛੜ। ਉਹ ਤਾਂ ਸਤ ਤੇ ਧਰਮ ਦੀ ਬਲ ਰਹੀ ਅਮਰ ਤੇ ਪਵਿਤ੍ਰ ਸ਼ਮਾਂ ਉਤੇਂ ਕੁਰਬਾਨ ਹੋ ਜਾਣਾ ਚਾਹੁੰਦਾ ਸੀ, ਪਰ ਪਿਆਰੇ ਦੇ ਹੁਕਮ ਨੇ ਉਸ ਕੋਲੋਂ ਰਾਮਦਾਸ ਪੁਰ ਛੁਡਾ ਦਿਤਾ। ਜਦੋਂ ਤੁਰਿਆ ਤਦੋਂ ਪ੍ਰੇਮ ਤੇ ਸ਼ਰਧਾ ਦੇ ਅਖੀਂ ਵਿਚ ਹੰਝੂ ਸਨ।

ਭਾਈ ਬਹਿਲੋ ਆਪਣੇ ਪਿੰਡ ਚਲਿਆ ਗਿਆ ਸਿਖੀ ਦਾ ਪ੍ਰਚਾਰ ਕਰਨ ਲਗਾ ਵਰਤਮਾਨ ਫਰੀਦਕੋਟ ਤੇ ਨਾਭੇ ਇਲਾਕੇ ਵਿਚ ਗੁਰਮਤ ਦਾ ਚੰਗਾ ਪ੍ਰਚਾਰ ਕੀਤਾ। ਗੁਰੂ ਘਰ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ, ਮਾਲਵੇ ਦੀ ਸੰਗਤ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਂਦਾ ਰਿਹਾ। ਗੁਰੂ ਘਰ ਵਾਸਤੇ ਮਾਇਆ ਵੀ ਇਕਠੀ ਕਰਕੇ ਭੇਜਦਾ ਆਪ ਦੀ ਵੰਸ਼ ਵਿਚੋਂ ਭਾਈ ਭਗਤਾ ਜੀ ਹੋਏ ਹਨ। ਜਿਸਦੇ ਨਾਮ ਉਤੇ ਭਗਤਾ ਪਿੰਡ ਹੈ, ਸਾਰਾ ਖਾਨਦਾਨ ਹੀ ਸਤਿਗੁਰੂ ਜੀ ਦੀ ਸੇਵਾ ਕਰਦਾ ਰਿਹਾ। ਨੰਧ ਭਾਈ ਬਹਿਲੋ ਜਹੇ ਮਹਾਂ ਪੁਰਖ ਤੇ ਗੁਰਮੁਖ ਸਿਖ।

੩੯. ਭਾਈ ਗੰਗਾ ਰਾਮ ਬ੍ਰਾਹਮਣ ਦੀ ਬਾਜਰੀ ਦਾ ਮੁਲ

ਸੰਮਤ ੧੬੪੫ ਬਿ: ਸਾਲ ਦਾ ਸ਼ੁਰੂ ਪਖ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੰਤੋਖਸਰ ਸਰੋਵਰ ਦੀ ਕਾਰ ਸੇਵਾ ਕਰਵਾ ਰਹੇ ਸਨ। ਸੰਗਤ ਬਹੁਤ ਜੁੜੀ ਹੋਈ ਸੀ, ਗੁਰੂ ਕਾ ਲੰਗਰ ਅਤੁਟ ਚਲ ਰਿਹਾ ਸੀ। ਸਰੋਵਰ ਦੀ ਸੰਪੂਰਨਤਾ ਵੀ ਨੇੜੇ ਹੀ ਸੀ ਕਿ ਇਕ ਸੁਦਾਗਰ ਗੰਗਾ ਰਾਮ ਬ੍ਰਹਮਣ ਊਠਾਂ ਉਤੇ ਬਾਜਰੀ ਲੱਦ ਕੇ ਵੇਚਣ ਵਾਸਤੇ ਆਇਆ। ਭਾਵੇਂ ਉਸ ਨੇ ਅਗੇ ਜਾਣਾ ਸੀ, ਸਾਹ ਕੱਢਣ ਤੇ ਰਾਤ ਰਹਿਣ ਵਾਸਤੇ ਸੰਤੋਖਸਰ ਦੇ ਨੇੜੇ ਹੀ ਸੰਘਣੇ ਰੁਖਾਂ ਵਿਚ ਡੇਰਾ ਲਾ ਦਿਤਾ। ਉਸ ਦੇ ਕੋਲ ਪੰਜ ਸੌ ਮਣ ਬਾਜਰੀ ਸੀ। ਬਠਿੰਡੇ ਦੇ ਇਲਾਕੇ ਵਿਚ ਓਹਦਾ ਘਰ ਸੀ। ਬਹੁਤੇ ਰੁਪੈ ਵਟਣ ਦੀ ਇਛਾ ਨਾਲ ਆਪਣੇ ਘਰ ਤੋਂ ਦੂਰ ਆਇਆ ਸੀ। ਓਹਦੇ ਕੋਲ ਭਾਵੇਂ ਪਹਿਲਾਂ ਬਹੁਤ ਧਨ ਜਮਾਂ ਸੀ, ਫਿਰ ਵੀ ਹੋਰ ਧਨ ਇਕੱਤ੍ਰ ਕਰਨ ਦੀ ਭੁਖ ਉਸ ਨੂੰ ਕਦੀ ਕਦੀ ਤੰਗ ਕਰਦੀ ਸੀ। ਆਦਮੀਆਂ ਨੂੰ ਨਾਲ ਲੈਕੇ ਬੀਕਾਨੇਰ ਤੇ ਰਾਜਸਥਾਨ ਦੇ ਮਾਰੂਥਲਾਂ ਵਿਚੋਂ ਜਿਨਸ ਖਰੀਦ ਦਾ ਤੇ ਮਾਝੇ ਵਿਚ ਵੇਚਣ ਆਉਂਦਾ।

ਉਸ ਨੇ ਦੇਖਿਆ ਕਿ ਸਰੋਵਰ ਪਕਾ ਹੋ ਰਿਹਾ ਸੀ। ਬਿਨਾ ਮਜੂਰੀ ਤੋਂ ਪਰੇਮ ਤੇ ਸ਼ਰਧਾ ਨਾਲ ਟੋਕਰੀ, ਇਟ ਵਟੇ ਤੇ ਚੂਨੇ ਦੀ ਸੇਵਾ ਕਰ ਰਹੇ ਸਨ। ਸੇਵਾ ਕਰਨ ਵਾਲਿਆਂ ਵਿਚ ਅਮੀਰਾਂ ਤੇ ਗਰੀਬਾਂ ਦੀਆਂ ਬਹੂ-ਬੇਟੀਆਂ ਵੀ ਸਨ। ਕਈ ਰਾਜ ਕੁਮਾਰ ਤੇ ਸ਼ਾਹੂਕਾਰਾਂ ਦੇ ਸਪੁਤ੍ਰ ਸੇਵਾ ਕਰ ਰਹੇ ਸਨ। ਗੁਰੂ ਕਾ ਲੰਗਰ ਖੁਲ੍ਹਾ ਵਰਤ ਰਿਹਾ ਸੀ। ਕਿਸੇ ਗਲ ਦਾ ਘਾਟਾ ਨਹੀਂ ਸੀ। ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਣ ਵਾਲੇ ਕਿਸੇ ਨੂੰ ਕੋਈ ਨਾ ਰੋਕਦਾ। ਸ਼ਾਹੂਕਾਰ ਸੁਦਾਗਰ ਗੰਗਾ ਰਾਮ ਨੇ ਵੀ ਆਪਣੇ ਆਦਮੀਆਂ ਸਮੇਤ ਗੁਰੂ ਕੇ ਲੰਗਰੋਂ ਪ੍ਰਸ਼ਾਦਾ ਛਕਿਆ।ਪ੍ਰਸ਼ਾਦਾ ਛਕ ਕੇ ਡੇਰੇ ਨੂੰ ਆਇਆ ਸੀ ਕਿ ਅਸਮਾਨ ਉਤੇ ਬਦਲ ਹੋ ਗਏ।ਵੇਖਦਿਆਂ ਵੇਖ-ਦਿਆ ਬਾਰਸ਼ ਹੋਣ ਲਗ ਪਈ ਐਸੀ ਬਾਰਸ਼ ਹੋਈ ਕਿ ਉਹ ਕਈ ਦਿਨ ਦੀ ਝੜੀ ਦਾ ਰੂਪ ਧਾਰਨ ਕਰ ਬੈਠੀ। ਝੜੀ ਦੇ ਕਾਰਨ ਗੰਗਾ ਰਾਮ ਨੂੰ ਰੁਕਣਾ ਪੈ ਗਿਆ। ਗੁਰੂ ਘਰ ਦੀ ਮਹਿਮਾ ਨੇ ਉਹਦੇ ਮਾਯਾਵਾਦੀ ਮਨ ਉਤੇ ਅਸਰ ਕੀਤਾ।

ਨੂੰ ਗੁਰਬਾਣੀ ਦਾ ਕੀਰਤਨ ਚੰਗਾ ਲਗਾ ਸੇਵਾਵਾਲਿਆਂ ਦਾ ਸਤਕਾਰ ਕਰਨ ਲਗਾ ਅਤੇ ਸਤਿਸੰਗਤ ਵਿਚ ਇਕ ਦਿਨ ਜਾ ਬੈਠਾ। ਅਗੇ ਸਚੇ ਸਾਹਿਬ ਉਪਦੇਸ ਕਰਨ ਰਹੇ ਸਨ। ਉਸ ਦਿਨ ਉਪਦੇਸ਼ ਦਾ ਵਿਸ਼ਾ (ਪ੍ਰਕਰਣ) 'ਮਾਇਆ ਧਾਰੀਆਂ ਦੀ ਉਲਟੀ ਮਤ ਤੇ ਮਾਯਾਧਾਰੀ ਅੰਨ੍ਹਾ-ਬੋਲਾ।' ਸਾਹਿਬ ਦਸ ਰਹੇ ਸਨ ਕਿ ਮਾਯਾ ਮਨੁਖ ਨੂੰ ਕਿਉਂ ਕੱਠੀ ਕਰਨੀ ਚਾਹੀਦੀ ਹੈ? ਕਿਥੇ ਵਰਤਨੀ ਚਾਹੀਦੀ ਹੈ? ਮਾਯਾ ਤੇ ਧਰਮ ਦਾ ਕੀ ਸਬੰਧ ਹੈ? ਸਤਿਗੁਰੂ ਜੀ ਦੇ ਬਚਨ ਹਰ ਇਕ ਹਿਰਦੇ ਵਿਚ ਖੁਭਦੇ ਜਾਂਦੇ ਸਨ। ਹਿਰਦਿਆਂ ਉਤੋਂ ਜਨਮ ਜਨਮ ਦੀ ਮਲ ਲੱਥਦੀ ਜਾਂਦੀ ਸੀ ਉਹ ਮੁਰਜੀਤ ਹੁੰਦੇ ਜਾਂਦੇ ਸਨ। 'ਜੀਵ ਦਾ ਮਨ ਬਾਂਦਰ ਦੀ ਨਿਆਈਂ ਹੈ। ਉਹ ਹੰਕਾਰ ਦੀ ਰੰਗਨ ਵਿਚ ਰੰਗਿਆ ਹੋਇਆ ਨਚਦਾਂ ਫਿਰਦਾ ਹੈ ਇਕ ਥਾਂ ਟਿਕਦਾ ਨਹੀਂ'। 'ਸਿੰਚਹਿ ਦਰਬੁ ਦੇਹਿ ਦੁਖੁ ਲੋਗ॥ ਤੇਰੈ ਕਾਜਿ ਨ ਅਵਰਾ ਜੋਗ॥' ਸਾਹਿਬਾਂ ਕਿਹਾ ਮਨੁਖ ਨੂੰ ਧਨ ਇਕਨਾ ਕਰਨ ਦੀ ਭੁਖ ਹੈ। ਕਈਆਂ ਮਾੜਿਆਂ ਮਨੁਖਾਂ ਨੂੰ ਤੰਗ ਤੇ ਦੁਖੀ ਕਰਕੇ ਧਨ ਇਕੱਠਾ ਕਰਦਾ ਹੈ। ਇਹ ਨਹੀਂ ਸਮਝਦਾ ਕਿ ਧਨ ਉਹਦੇ ਜੋਗਾ ਨਹੀਂ ਸਗੋਂ ਲੋਕਾਂ ਜੋਗਾ ਹੈ। ਧੀਆਂ, ਪੁਤ੍ਰ ਤੇ ਨੂੰਹਾਂ ਉਸ ਧਨ ਨੂੰ ਖਰਚ ਖਾ ਜਾਂਦੀਆਂ ਹਨ ਜਾਂ ਚੋਰ ਲੁਟਕੇ ਖਰਚ ਦੇਂਦਾ ਹੈ। ਧਨ ਇਕੱਠਾ ਕਰਨ ਵਾਲਾ ਪਛਤਾਉਂਦਾ ਹੀ ਮਰ ਜਾਂਦਾ ਹੈ। ਜਦੋਂ ਮਰਦਾ ਹੈ ਤਾਂ 'ਕਰਿ ਅਹੰਕਾਰੁ ਹੋਇ ਵਰਤਹਿ ਅੰਧ॥ ਜਮ ਕੀ ਜੇਵੜੀ ਤੂ ਆਗੈ ਬੰਧ॥' ਉਸ ਹੰਕਾਰੀ ਦੀ ਮਾੜੀ ਦਸ਼ਾ ਹੁੰਦੀ ਹੈ। ਜਮ ਉਹਦੇ ਗਲ ਵਿਚ ਰਸੀ ਪਾ ਕੇ ਖਿਚ ਤੁਰਦਾ ਹੈ। ਜਮ ਉਸਨੂੰ ਨਰਕਾ ਵਿਚ ਦੁਖ ਦੇਂਦਾ ਹੈ। ਹਰ ਪੁਰਸ਼ ਨੂੰ ਇਹ ਗਿਆਨ ਹੋਣਾ ਚਾਹੀਏ "ਛਾਡਿ ਵਿਡਾਣੀ ਤਾਤਿ ਮੂੜ॥ ਈਹਾ ਬਸਨੁ ਰਾਤਿ ਮੂੜੇ॥ ਮਾਇਆ ਕੇ ਮਾਤੇ ਤੈ ਉਠਿ ਚਲਨਾ॥ ਰਾਚਿ ਰਹਿਓ ਤੂੰ ਸੰਗਿ ਸੁਪਨਾ॥ ੧॥ ਰਹਾਉ॥" ਕਿ ਬਿਗਾਨੀ ਚਿੰਤਾ ਨੂੰ ਛਡ। ਬਿਗਾਨੀ ਚਿੰਤਾ ਹੈ—ਮੈਂ ਉਲਾਦ ਵਾਸਤੇ ਧਨ ਇਕਠਾ ਕਰਾਂ, ਮਕਾਨ ਪਾਵਾਂ ਧਰਤੀ ਖਰੀਦ ਛਡਾਂ, ਪੋਤਰੇ ਸੁਖੀ ਹੋਣਗੇ ਆਦਿਕ। ਪਰ ਇਹ ਨਹੀਂ ਜਾਣਦਾ ਕਿ ਏਥੇ ਤਾਂ ਇਕ ਰਾਤ ਆਖ ਰਹਿਣਾ ਹੈ ਦਾਹਵੇ ਕਰ ਰਿਹਾ ਹੈਂ ਕਈ ਸਾਲ ਜੀਊਣ ਦੇ। ਮਾਇਆ ਮਧ ਅਤੇ ਹੰਕਾਰੀ ਨੇ ਉਠ ਕੇ ਤੁਰ ਜਾਣਾ ਹੈ। ਐਵੇਂ ਉਸ ਜਗਤ ਨਾਲ ਪਿਆਰ ਪਾ ਰਿਹਾ ਹੈ, ਜੋ ਸੁਪਨੇ ਦੀ ਨਿਆਈਂ ਹੈ। ਕੁਝ ਪਤਾ ਨਹੀਂ ਕੇਹੜੇ ਵੇਲੇ ਧਰਮ

ਰਾਜ ਦਾ ਸਦਾ ਆ ਜਾਣਾ ਹੈ। ਜਦੋਂ ਜਮਾਂ ਨੇ ਅਗੇ ਲਾ ਤੁਰਨਾ ਹੈ, ਤਦੋਂ ਨਾ ਉਨ੍ਹਾਂ ਮਨੁਖ ਨੂੰ ਧਨ ਵਲ ਦੇਖਣ ਦੇਣਾ ਹੈ ਤੇ ਨਾ ਧੀਆਂ ਪੁਤ੍ਰਾਂ ਨੂੰ ਮਿਲਣ ਦੇਣਾ ਹੈ। ਸਤਿਗੁਰੂ ਜੀ ਨੇ ਪ੍ਰਕਰਣ ਨੂੰ ਜਾਰੀ ਰਖਦਿਆਂ ਹੋਇਆਂ ਫੁਰਮਾਇਆ ਮਨੁਖ ਦੀ ਉਮਰ ਦੇ ਚਾਰ ਹਿਸੇ ਹੁੰਦੇ ਹਨ–"ਬਾਲ ਬਿਵਸਥਾ ਬਾਰਿਕੁ ਅੰਧ" ਕਿ ਪਹਿਲੀ ਅਵਸਥਾ (ਹਿਸਾ) ਬਾਲਕਪਨ ਹੈ ਉਸ ਅਵਸਥਾ ਵਿਚ ਮਨੁਖ ਅਗਿਆਨੀ ਹੁੰਦਾ ਹੈ। ਕਿਸੇ ਗਲ ਦੀ ਸੂਝ ਬੂਝ ਨਹੀਂ ਹੁੰਦੀ, ਮਾਂ ਬਾਪ ਦੇ ਆਸਰੇ ਉਨ੍ਹਾਂ ਦੇ ਕਹਿਣ ਕਰਨ ਉਤੇ ਦਿਨ ਕਟਦਾ ਹੈ ਪਰ ਜਦ ਦੂਸਰੀ ਅਵਸਥਾ ਵਿਚ ਪੁਜਦਾ ਹੈ ਜਿਸ ਨੂੰ ਜਵਾਨੀ ਆਖਦੇ ਹਨ–"ਭਰਿ ਜੋਬਨਿ ਲਾਗਾ ਦੁਰਗੰਧ ॥" ਉਸ ਅਵਸਥਾ ਵਿਚ ਪਾਪ ਕਰਮ ਵਿਚ ਰੁਝ ਜਾਂਦਾ ਹੈ। ਹੰਕਾਰ ਤੇ ਕਾਮ ਦੋਵੇਂ ਸਤਾਉਂਦੇ ਹਨ, ਦੋਹਾਂ ਦਾ ਗੁਲਾਮ ਹੋਕੇ ਜਗਤ ਕਰਤਾ ਨੂੰ ਭੁਲ ਜਾਂਦਾ ਹੈ ਸ਼ਰਮ ਨਹੀਂ ਕਰਦਾਬੁਰਾਭਲਾ ਨਹੀਂ ਚਿਤਾਰਦਾ। 'ਤ੍ਰਿਤੀਆ ਬਿਵਸਥਾ ਸਿੰਚੇ ਪਾਇ ॥' ਜਦੋਂ ਅਧਖੜ ਉਮਰ ਆਉਂਦੀ ਹੈ। ਜਿਸ ਵੇਲੇ ਹੰਕਾਰ ਤੇ ਕਾਮ ਦਾ ਬਲ ਮਧਮ ਪੈ ਜਾਂਦਾ ਹੈ ਤਾਂਮਨੁਖਨੂੰਮਾਇਆ ਇਕਠੀ ਕਰਨ ਦੀ ਲਗਨ ਲਗ ਜਾਂਦੀ ਹੈ। ਫਿਰ ਉਹ ਪਾਪ ਤੇ ਕੁਕਰਮ ਕਰਕੇ ਮਾਇਆ ਇਕਤ੍ਰ ਕਰਦ ਹੈ ਉਹ ਮਾਇਆ ਪਾਪਾਂ ਦਾ ਖਜ਼ਾਨਾ ਤੇ ਭਾਰ ਬਣਦੀਹੈ। ਜਿਸ ਵੇਲੇ ਬੁਢੇਪਾ ਆਇਆ "ਬਿਰਧਿ ਭਇਆ ਛੋਡਿ ਚਲਿਓ ਪਛੁਤਾਇ ॥੨॥" ਤਾਂ ਜਮਾਂ ਨੇ ਅਗੇ ਲਾ ਤੋਰ ਲਿਆ ਤੁਰਦਾ ਹੋਇਆ ਮਨੁਖ ਪਛਤਾਉਣ ਲਗਾ ਕਿਉਂਕਿ ਸਾਰੇ ਪਾਪ ਤੇ ਕੁਕਰਮ ਅਗੇ ਆ ਖਲੋਤੇ ਧੀਆਂ, ਪੁਤ੍ਰ, ਇਸਤ੍ਰੀ ਤੇ ਦੌਲਤ ਨੂੰ ਛਡ ਤੁਰਿਆ, ਕਿਸੇ ਨੇ ਸਾਥ ਨਾ ਦਿਤਾ।ਪਾਪਾਂ ਦਾ ਭਾਰ ਉਹਦਾ ਕਚੂੰਮਰ ਕੱਢਣ ਲਗਾ। ਪਰ ਮਨੁਖ ਇਹ ਨਹੀਂ ਸੋਚਦਾ ਕਿ 'ਚਿਰੰਕਾਲ ਪਾਈ ਦ੍ਰੁਲਭਦੇਹ ॥ ਨਾਮ ਬਿਹੂਣੀ ਹੋਈ ਖੇਹ ॥ ਪਸੂ ਪਰੇਤ ਮੁਗਧ ਤੇ ਬੁਰੀ ॥ ਤਿਸਹਿ ਨ ਬੂਝੈਜਿਨਿਏਹਸਿਰੀ॥' ਕਈਆਂ ਸਦੀਆਂ ਪਿਛੋਂ ਇਹ ਚੰਗੀ ਮਨੁਖਾ ਦੇਹ ਹਾਸਲ ਕੀਤੀ ਪਰ ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾ ਇਹ ਕੁੰਦਨ ਵਰਗੀ ਦੇਹ ਖਾਕ ਵਿਚ ਰਲ ਜਾਂਦੀ ਹੈ। ਇਸ ਦੀ ਆਤਮਾ ਪਸ਼ੂ ਤੇ ਹੋਰ ਜੀਵਾਂ ਦੀਆਂ ਆਤਮਾਵਾਂ ਨਾਲੋਂ ਵੀ ਬੁਰੀ ਹੋ ਜਾਂਦੀ ਹੈ। ਇਹ ਨਹੀਂ ਸੋਚਿਆ ਕਿ ਮਨੁਖਾ ਦੇਹ ਪ੍ਰਾਪਤ ਕਰਨ ਦਾ ਮਨੋਰਥ ਸਿਰਫ ਪ੍ਰਮਾਤਮਾ ਦੇ ਨਾਮ ਦਾ ਸਿਮ੍ਰਨ ਕਰਨਾ ਹੈ ਕਿਉਂਕਿ ਜੀਵ ਬਹੁਤਚਿਰਤੋਂ ਈਸ਼੍ਵਰਨਾਲੋਂ ਵਿਛੜਿਆ

ਹੋਇਆ ਮਨੁਖ ਜਨਮ ਵਿਚ ਹੀ ਈਸ਼੍ਵਰ ਨਾਲ ਮਿਲ ਸਕਦਾ ਹੈ। ਇਸ ਵਾਸਤੇ ਹੇ ਸੰਤ ਜਨੋਂ ! ਸਦਾ ਅਰਦਾਸ ਕਰੋ ਕਿ ਪ੍ਰਮਾਤਮਾ ਦਇਆ ਕਰਕੇ ਆਪਣੇ ਕੋਲ ਸਦ ਲਵੇ। ਦੀਨ ਦਇਆਲ ਪ੍ਰਮਾਤਮਾ ਦੀ ਸ਼ਰਨ ਵਿਚ ਸਦੀਵੀ ਕਾਲ ਵਾਸਤੇ ਰਹੀਏ। 'ਸੁਣਿ ਕਰਤਾਰ ਗੋਵਿੰਦ ਗੋਪਾਲ ॥ ਦੀਨ ਦਇਆਲ ਸਦਾ ਕਿਰਪਾਲ ॥ ਤੁਮਹਿ ਛਡਾਵਹੁ ਛੁਟਕਹਿ ਬੰਧ॥ਬਖਸਿਮਿਲਾਵਹੁ ਨਾਨਕ ਜਗ ਅੰਧ॥(ਰਾਮਕਲੀ ਮਃ ੫)

ਉਪਦੇਸ਼ ਨੂੰ ਗੰਗਾ ਰਾਮ ਨੇ ਸਣਿਆਂ। ਉਸਨੂੰ ਇੰਞ ਪ੍ਰਤੀਤ ਹੋਇਆ ਜਿਵੇਂ ਸਤਿਗੁਰੂ ਜੀ ਨੇ ਓਹਦੇ ਬੀਤੇ ਤੇ ਵਰਤਮਾਨ ਜੀਵਨ ਨੂੰ ਬਿਆਨ ਕੀਤਾ ਹੈ। ਜਵਾਨੀ ਵਿਚ ਉਸ ਨੇ ਹੰਕਾਰ ਤੇ ਕਾਮ ਦੇ ਵਸ ਹੋ ਕੇ ਕਈ ਪਾਪ ਕਰਮ ਵੀ ਕੀਤੇ ਸਨ। ਜੁਵਾਨੀ ਤੋਂ ਟਪ ਕੇ ਮਾਇਆ ਇਕਠੀ ਕਰਨ ਵਿਚ ਰੁਝ ਗਿਆ। ਘਟ ਤੋਲ ਕੇ ਦਿਤਾ ਤੇ ਵਧ ਤੋਲ ਕੇ ਸੌਦਾ ਲਿਆ। ਕਈ ਹੇਰਾ ਫੇਰੀਆਂ ਕੀਤੀਆਂ। ਓਹ ਸਾਰਾ ਵਖਿਆਨ ਸੁਣ ਕੇ ਸੋਚਾਂ ਵਿਚ ਡੁਬ ਗਿਆ। ਸੋਚਾਂ ਵਿਚ ਗੁਵਾਚਾ ਹੋਇਆ ਹੀ ਆਪਣੇ ਡੇਰੇ ਆ ਪੁਜਾ। ਰਾਤ ਸਾਰੀ ਘਬਰਾਹਟ ਵਿਚ ਕਟੀ। ਨੀਂਦ ਨਾ ਆਈ, 'ਮੈਂ ਪਾਪੀ ! ਮੈਂ ਮਾਇਆ ਕਿਸ ਵਾਸਤੇ ਇਕੱਠੀ ਕਰ ਰਿਹਾ ਹਾਂ ? ਧੀਆਂ, ਪੁਤ੍ਰ ਤੇ ਧਨ ਜਗਤ ਉਤੇ ਰਹਿ ਜਾਣਾ ਹੈ ਇਹ ਨਾਲ ਨਹੀਂ ਜਾਣਾ। ਜਿਵੇਂ ਮੇਰਾ ਬਾਬਾ ਤੇ ਦਾਦਾ ਛਡ ਕੇ ਤੁਰ ਗਏ। ਓਹ ਕੀ ਨਾਲ ਲੈ ਗਏ ਹਨ।' ਸਵੇਰ ਹੋਈ ਤਾਂ ਓਹ ਸਤਿਗੁਰੂ ਜੀ ਦੇ ਦਰਬਾਰ ਵਲ ਗਿਆ, ਦਰਸ਼ਨ ਕੀਤੇ, ਸਤਿਗੁਰੂ ਜੀ ਦੀ ਸ਼ਰਨ ਵਿਚ ਬੈਠ ਗਿਆ। ਅਜੇ ਬੈਠਾ ਹੀ ਸੀ ਕਿ ਗੁਰੂ ਕੇ ਲੰਗਰ ਦੇ ਮੁਖੀਏ ਨੇ ਆਕੇ ਬੇਨਤੀ, ਕੀਤੀ, 'ਸਚੇ ਪਾਤਸ਼ਾਹ ! ਲੰਗਰ ਵਿਚ ਆਟਾ ਨਹੀਂ ਹੈ। ਝੜੀ ਦੇ ਕਾਰਨ ਆ ਨਹੀਂ ਸਕਿਆ।'

'ਕਰਤਾਰ ਭੇਜੇਗਾ !' ਇਹ ਆਖ ਕੇ ਸਤਿਗੁਰੂ ਜੀ ਚੁਪ ਹੋ ਗਏ।

ਗੰਗਾਰਾਮ ਨੇ ਸੁਣਿਆਂ'ਲੰਗਰ ਵਿਚ ਆਟਾ ਨਹੀਂ" ਫਿਰ ਉਸਨੇ ਸੁਣਿਆਂ, 'ਕਰਤਾਰ ਭੇਜੇਗਾ !' ਓਹਦੀ ਆਤਮਾ ਨੇ ਅਵਾਜ਼ ਦਿਤੀ, 'ਗੰਗਾ ਰਾਮ ! ਛੇਤੀ ਕਰ ਵੇਲਾ ਹਥੋਂ ਨਾ ਗੁਵਾ, ਤਰ ਜਾਵੇਂਗਾ ਕਹਿ ਦੇ ਉਠਕੇ ਕਿ ਦਾਤਾ ਮੇਰੀ ਬਾਜਰੀ ਗੁਰੂ ਕੇ ਲੰਗਰ ਵਾਸਤੇ ਹਾਜ਼ਰ ਹੈ। ਕਰਤਾਰ ਨੇ ਸ਼ਾਇਦ ਤੈਨੂੰ ਹੀ ਭੇਜਿਆ ਹੈ। ਉੱਦਮ ਕਰ, ਪਿਛੇ ਜੋ ਕੀਤਾ, ਸੋ ਚੰਗਾ ਕੀਤਾ, ਅਗੇ ਸੋਚ ਸਮਝਕੇ ਕਰ।' ਆਤਮਾ

ਦੀ ਪੁਕਾਰ ਸੁਣਕੇ ਗੰਗਾ ਰਾਮ ਉਠ ਕੇ ਖਲੋ ਗਿਆ। ਦੋਵੇਂ ਹਥ ਜੋੜੇ ਗਲ ਵਿਚ ਪੱਲੂ ਪਾਕੇ ਸਤਿਗੁਰੂ ਦੀ ਅਗੇ ਬੇਨਤੀ ਕੀਤੀ, 'ਹੇ ਦੀਨ ਦਿਆਲ ਦਇਆਦੇ ਸਾਗਰੋ ! ਗੁਰੂ ਕੇ ਲੰਗਰ ਦੀ ਸੇਵਾ ਵਾਸਤੇ ਮੈਨੂੰ ਬਲ ਬਖਸ਼ਿਆ ਜਾਵੇ। ਮੇਰੇ ਕੋਲ ਬਾਜਰੀਦੇ ਊਠ ਹਨ। ਲੋੜ ਅਨੁਸਾਰ ਬਾਜਰੀ ਗੁਰੂ ਕੇ ਲੰਗਰ ਵਿਚ ਵਰਤੀਜਾਵੇ'

'ਤੇਰੀ ਸ਼ਰਧਾ !' ਸਤਿਗੁਰੂ ਜੀ ਬਚਨ ਕੀਤਾ। ਗੰਗਾ ਰਾਮ ਸਤਿਗੁਰੂ ਜੀ ਦੇ ਚਰਨਾ ਉਪਰ ਮਥਾ ਟੇਕ ਕੇ ਡੇਰੇ ਨੂੰ ਨੱਠ ਗਿਆ। ਸੌ ਮਣ ਦੇ ਲਗ ਪਗ ਬਾਜਰੀ ਅਨਤੋਲੀ ਹੀ ਭਾਰ ਖੋਹਲਕੇ ਗੁਰੂ ਕੇ ਲੰਗਰ ਵਿਚ ਜਾ ਪਲਟੀ,ਸਬਬ ਐਸਾ ਬਣਿਆਂ ਕਿ ਇਕ ਸਿਖ ਤਿਲ ਲੈਕੇ ਆ ਗਿਆ। ਸਤਿਗੁਰੂ ਜੀ ਨੇ ਤਿਲ ਤੇ ਬਾਜਰੀ ਮਿਲਾਕੇ ਘੁੰਘਣੀਆਂ ਤਿਆਰ ਕਰਾ ਦਿਤੀਆਂ। ਸੰਗਤਾ ਨੇ ਖੁਸ਼ ਹੋਕੇ ਛਕੀਆਂ। ਹੌਲੀ ਹੌਲੀ ਗੰਗਾ ਰਾਮ ਦੀ ਪੰਜ ਸੌ ਮਣ ਬਾਜਰੀ ਗੁਰੂ ਕੇ ਲੰਗਰ ਵਿਚ ਵਰਤੀ ਗਈ। ਗੰਗਾ ਰਾਮ ਪਿਛੇ ਮੁੜਨ ਦੀ ਥਾਂ ਸਤਿਗੁਰੂ ਜੀ ਦੇ ਹਜ਼ੂਰ ਹੀ ਰਿਹਾ। ਊਠਾਂ ਤੇ ਬੰਦਿਆਂ ਨੂੰ ਗੁਰੂ ਕੇ ਲੰਗਰ ਵਾਸਤੇਲਕੜਾਂ ਅਤੇ ਸਰੋ-ਵਰ ਵਾਸਤੇ ਇਟਾਂ ਢੋਣ ਵਾਸਤੇ ਲਾ ਦਿਤਾ। ਤਨੋਂ ਮਨੋਂ ਤੇ ਧਨੋਂ ਸੇਵਾਕਰਨਲਗਾ।

ਥੋੜੇ ਚਿਰ ਪਿਛੋਂ ਇਕ ਦਿਨ ਦੂਰ ਦੂਰ ਤੋਂ ਸੰਗਤਾਂ ਸਤਿਗੁਰੂ ਜੀ ਦੇ ਦਰ-ਸ਼ਨ ਕਰਨ ਆਈਆਂ ॥ ਕਰਤਾਰ ਦਾ ਭਾਣਾ ਐਸਾ ਵਰਤਿਆ, ਮਾਇਆ ਹੀ ਮਾਇਆ ਇਕਠੀ ਹੋ ਗਈ ॥ ਸੋਨੇ ਦੀਆਂ ਮੋਹਰਾਂ ਤੇ ਚਾਂਦੀ ਦੇ ਰੁਪਿਆਂ ਦਾ ਅੰਤ ਨਾ ਰਿਹਾ ॥ ਸਤਿਗੁਰੂ ਜੀ ਨੇ ਮੋਹਰਾਂ ਦੀ ਥੈਲੀ ਗੰਗਾਰਾਮ ਵਲ ਕਰਕੇ ਆਖਿਆ, 'ਮਿਸਰ ਜੀ ! ਆਪਣੀ ਬਾਜਰੀ ਦਾ ਮੁਲ ਲੈ ਲਵੋ ॥ ਆਪ ਨੇ ਵੇਲੇ ਸਿਰ ਗੁਰ-ਸੰਗਤਾਂ ਦੀ ਸਹਾਇਤਾ ਕੀਤੀ ਹੈ ॥ ਕਰਤਾਰ ਤੁਸਾਂ ਦਾ ਭਲਾ ਕਰੇ ॥' ਗੰਗਾ ਰਾਮ ਉਠ ਕੇ ਖਲੋ ਗਿਆ ॥ ਗਲ ਵਿਚ ਪਲੂ ਪਾਇਆ ॥ ਬੇਨਤੀਕੀਤੀ:—'ਦਾਤਾ ਤੁਸਾਂ ਦੇ ਦਰਬਾਰ ਵਿਚੋਂ ਮਾਇਆਂ ਨੂੰ ਲੈ ਜਾਵਾਂ ? ਇਹ ਮਾਇਆ ਤੁਸਾਂ ਕੋਲ ਹੀ ਕੇਦਣ ਬਣ ਕੇ ਰਹਿ ਸਕਦੀ ਹੈ ॥ ਮੇਰਾ ਤਾਂ ਸਰਬ ਨਾਸ਼ ਕਰ ਦਵੇਗੀ ॥ ਇਹ ਜਗਤ ਵਿਚ ਰਹਿ ਜਾਣੀ ਹੈ ॥ ਮੈਨੂੰ ਤਾਂ ਐਸੀ ਵਸਤੂ ਦੀ ਲੋੜ ਹੈ ਜੋ ਦਰਗਾਹੇ ਸਹਾਈ ਹੋਵੇ ॥ ਬਸ ਨਾਮ ਦਾਨ ਬਖਸ਼ੋ ॥' ਮਾਇਆ ਹੋਈ ਨਾਗਨੀਜਗਤ ਰਹੀ ਲਪਟਾਇ॥ ਮੈਂ ਤਾਂ ਪਹਿਲੀ ਕਮਾਈ ਮਾਇਆਵੀ ਸਾਧਸੰਗਤ ਦੀਸੇਵਾ ਵਿਚਖਰਚਕਰਨੀਚਾਹੁੰਦਾਹਾਂ॥'

ਇਹ ਆਖਕੇ ਸਤਿਗੁਰੂ ਜੀ ਦੇ ਚਰਨਾ ਤੇਮਥਾ ਟੇਕ ਦਿਤਾ।

ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਓਹਨਾਂ ਨੇ ਦਇਆ ਕਰਕੇ ਨਾਮ ਦਾਨ ਬਖਸ਼ਿਆ ਤੇ ਨਿਹਾਲ ਕੀਤਾ। ਗੰਗਾ ਰਾਮ ਨੂੰ ਬਠਿੰਡੇ ਤੇ ਬੀਕਾਨੇਰ ਇਲਾਕੇ ਦਾ ਮਸੰਦ ਮੁਕਰਰ ਕਰ ਦਿਤਾ। ਰਿਧੀਆਂ ਸਿਧੀਆਂ ਬਖਸ਼ ਦਿਤੀਆ। ਭਾਈ ਗੰਗਾ ਰਾਮ ਬਜਰੀ ਦਾ ਸੁਦਾਗਰ 'ਕਰਤਾਰ ਦੇ ਸਿਮਰਨ' ਦਾ ਸੁਦਾਗਰ ਬਣ ਗਿਆ। ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ ਆਪ ਦੀ ਵੰਸ਼ ਵਿਚ ਅਜੇ ਤਕ ਸਿਖੀ ਚਲੀ ਆਉਂਦੀ ਹੈ। ਵੇਲਾ ਸੰਭਾਲਕੇ ਜਨਮ ਮਰਨ ਸੁਵਾਰ ਲਿਆ।

੪੦. ਭਾਈ ਕਲਿਆਣਾ ਜੀ

ਭਾਈ ਕਲਿਆਣਾ ਜੀ ਸਿਦਕਵਾਨ ਸਿਖਾਂ ਵਿਚੋਂ ਇਕ ਚੰਗੇ ਸਿਖ ਹੋਏ ਹਨ, ਆਪ ਬਚਪਨ ਤੋਂ ਹੀ ਸਾਰਮਿਕ ਖਿਆਲਾਂ ਦੇ ਸਨ। ਚੌਥੀ ਪਾਤਸ਼ਾਹੀ ਵੇਲੇ ਆਪ ਨੇ ਗੁਰੂ ਘਰ ਦੀ ਸੇਵ ਕਰਨੀ ਸ਼ੁਰੂ ਕੀਤੀ। ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਸਤਿਗੁਰੂ ਜੀ ਦੇ ਜੀਵਨ ਇਤਿਹਾਸ ਨੂੰ ਸੁਣ ਕੇ ਆਪ ਦਾ ਜੀਵਨ ਪੰਧ ਬਹੁਤ ਸਰਲ ਤੇ ਸੌਖਾ ਹੋ ਗਿਆ ਸੀ। ਆਪ ਮੜ੍ਹੀ, ਮੱਠ, ਵਰਤਨੇਮ, ਸ਼ਰਾਧ ਆਦਿਕ ਜੋ ਦਿਖਾਵੇ ਮਾਤ੍ਰ ਹਿੰਦੂ ਸਮਾਜ ਦੇ ਕਿਰਿਆ-ਕਰਮ ਹਨ, ਇਨ੍ਹਾਂ ਨੂੰ ਛੱਡਕੇ ਇਕ ਅਕਾਲ ਪੁਰਖ ਦੀ ਪੂਜਾ ਕਰਨ ਲਗ ਪਏ ਸਨ

ਭਾਈ ਬਹੁਤਾ ਪਰਬਤੀ ਇਲਾਕੇ ਕਾਂਗੜੇ ਤੇ ਮੰਡੀ ਸੁਕੇਤ ਵਿਚ ਵਿਚਰਦੇ ਰਹਿੰਦੇ ਸਿਖੀ ਪ੍ਰਚਾਰ ਕਰਦੇ ਜੋ ਮਾਇਆ ਪ੍ਰਾਪਤ ਹੁੰਦੀ ਉਹ ਗੁਰੂ ਘਰ ਵਾਸਤੇ ਭੇਜਦੇ। ਸ੍ਰੀ ਹਰਿ ਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਸੀ ਤੇ ਸੰਪੂਰਨਾ ਵਾਸਤੇ ਮਾਇਆ ਦ ਗਫਿਆਂ ਦੀ ਬੇਅੰਤ ਲੋੜ ਸੀ। ਸਾਹਿਬਾਂ ਨੇ ਸੰਮਤ ੧੬੪੬ ਦੇ ਅੰਤ ਵਿਚ ਭਾਈ ਜੀ ਨੂੰ ਕਾਂਗੜੇ ਵਲ ਭੇਜਿਆ। ਸਤਿਗੁਰੂ ਜੀ ਦੇ ਹੁਕਮ ਨੂੰ ਮੰਨ ਕੇ ਭਾਈ ਜੀ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਭੋਲੇ ਲੋਕਾਂ ਨੂੰ ਹਿੰਦੂਸਮਾਜ ਦੀ ਗੁਲਾਮੀ ਤੋਂ ਸੁਤੰਤ੍ਰ ਕਰਦੇ ਹੋਏ, ਤੇ ਸੌਖਾ ਕਲਿਆਣ ਦਾ ਰਸਤਾ ਦਸਦੇ ਫਿਰਦੇ। ਮੰਡੀ ਦਰਿਆ ਬਿਆਸਾ ਦੇ ਇਨਾਰੇ ਇਕ ਸੁੰਦਰ ਸ਼ਹਿਰ ਤੇ ਪਹਾੜੀ ਰਿਆਸਤ ਦੀ ਰਾਜ ਧਾਨੀ ਸੀ। ਏਥੋਂ ਦੇ ਰਾਜੇ ਬ੍ਰਾਹਮਣ ਦੇ ਗੁਲਾਮ ਸਨ। ਬ੍ਰਹਾਮਣ ਨੇ ਭਰਮਾਂ ਦਾ ਜਾਲ

ਤਣ ਕੇ ਪਰਜਾ ਤੇ ਰਾਜੇ ਦੇ ਦਿਲ-ਦਿਮਾਗ ਨੂੰ ਐਸਾ ਕਾਬੂ ਕੀਤਾ ਹੋਇਆ ਸੀ ਕਿ ਉਹ ਸੁਤੰਤ੍ਰਤਾ ਨਾਲ ਨਾ ਖਾ ਸਕਦੇ ਸਨ ਨਾ ਤੁਰ ਫਿਰ ਸਕਦੇ ਸਨ ਅਤੇ ਨਾ ਹੀ ਮਨ-ਮਰਜ਼ੀ ਦੀ ਕੋਈ ਮਰਯਾਦਾ ਕਰ ਸਕਦੇ ਸਨ। ਸਵੇਰ ਤੋਂ ਸ਼ਾਮ ਤਕ ਓਹੋ ਕੁਝ ਹੁੰਦਾ ਸੀ ਜੋ ਕੁਝ ਬ੍ਰਾਹਮਣ ਨੂੰ ਭਾਉਂਦਾ ਸੀ। ਬ੍ਰਾਹਮਣੀ ਹਦਾਂ ਨੂੰ ਟਪਕੇ ਬਗਾਵਤ ਕਰਨ ਦਾ ਕਿਸੇ ਨੂੰ ਹੌਂਸਲਾ ਨਹੀਂ ਸੀ।

ਉਸ ਸਮੇਂ ਮੰਡੀ ਦਾ ਰਾਜਾ ਹਰੀ ਸੈਨਸੀ।ਇਹ ਬਹੁਤ ਸਿਆਣਾ, ਵਿਦਵਾਨ ਤੇ ਮਹਾਂ ਪੁਰਸ਼ਾਂ ਦਾ ਸਤਕਾਰ ਕਰਨ ਵਾਲਾ ਸੀ ਪਰ ਬ੍ਰਹਮਣਾਂ ਦੇ ਜਾਲ ਤੋਂ ਸੁਤੰਤ੍ਰ ਨਹੀਂ ਸੀ ਕਿਉਂਕਿ ਧਰਮਾਤਮਾ ਹੋਣ ਦੇ ਕਾਰਨ ਧਰਮ ਦੀ ਕਿਸੇ ਮਰਯਾਦਾ ਦੇ ਉਲਟ ਚਲਣ ਦਾ ਉਸ ਨੂੰ ਹੀਆ ਨਹੀਂ ਸੀ ਪੈਂਦਾ।

ਭਾਦਰੋਂ (੧੬੪੭ ਬਿ:) ਦਾ ਮਹੀਨਾ ਸੀ ਭਾਦਰੋਂ ਵਦੀ ਸਤਮੀ ਨੂੰ ਮੰਡੀ ਰਾਜ ਵਿਚ ਵਰਤ ਰਖਿਆ ਜਾਂਦਾ ਸੀ। ਵਰਤ ਰਖਾਉਣ ਵਾਲੇ ਆਖਦੇ ਸਨ, 'ਅਜ ਠਾਕਰ ਜੀ (ਪ੍ਰਮਾਤਮਾ) ਦਾ ਦਿਨ ਹੈ। ਜੋ ਪ੍ਰਾਣੀ ਅਜ ਵਰਤ ਰਖੇਗਾ ਸੋਈ ਜੀਵਨ ਮੁਕਤ ਹਾਸਲ ਕਰੇਗਾ। ਉਸਨੂੰ ਅਨੇਕਾਂ ਪ੍ਰਕਾਰ ਦੇ ਸੁਖ ਪ੍ਰਾਪਤ ਹੋਣਗੇ।' ਇਹ ਵਿਚਾਰ ਬੈਰਾਗੀਆਂ ਸਾਧੂਆਂ ਤੇ ਬ੍ਰਾਹਮਣ ਮੁਖੀਆਂ ਨੇ ਮਿਲਕੇ ਰਾਜੇ ਨੂੰ ਸਮਝਾ ਛਡੀ ਸੀ। ਲਾਈ ਲੱਗ ਰਾਜਾ ਐਸਾ ਹੀ ਕਰੀ ਆਉਂਦਾ ਸੀ, ਪਰ ਇਸ ਵਰਤ ਦਾ ਆਦਿ ਰਾਜਾ ਹਰੀਸੈਨ ਦੇ ਬਾਪ ਸਮੇਂ ਹੋਇਆ ਸੀ।

ਉਸ ਭਾਦਰੋਂ ਵਦੀ ਸਤਮੀ (੧੬੪੭) ਬਿ: ਨੂੰ ਭਾਈ ਕਲਿਆਣਾ ਜੀ ਮੰਡੀ ਵਿਚ ਸਨ। ਛੇਵੀਂ ਥਿਤ ਨੂੰ ਰਾਤ ਸਮੇਂ ਸਾਰੇ ਸ਼ਹਿਰ ਵਿਚ ਢੰਡੋਰਾ ਪਿਟਿਆ ਗਿਆ ਕਿ ਕੋਈ ਨਰ ਨਾਰੀ ਚੁਲੇ ਅਗ ਨਾ ਬਾਲੇ ਸਵੇਰੇ ਠਾਕੁਰ ਜੀ ਦਾ ਵਰਤ ਹੈ ਸ਼ਾਮ ਨੂੰ ਮੰਦਰ ਵਿਚ ਕਥਾ ਪਿਛੋਂ ਤੇ ਠਾਕਰ ਜੀ ਦੇ ਦਰਸ਼ਨ ਪਿਛੋਂ ਮੂੰਹ ਜੂਠਾ ਕੀਤਾ ਜਾਵੇ। ਜੋ ਇਸ ਹੁਕਮ ਦੀ ਉਲੰਘਨਾ ਕਰਨਗੇ, ਉਨ੍ਹਾਂ ਨੂੰ ਰਾਜ ਵਲੋਂ ਡੰਨ ਮਿਲੇਗਾ, ਸਭ ਵਰਤ ਰੱਖਣ। ਇਸ ਹੁਕਮ ਨੂੰ ਭਾਈ ਕਲਿਆਣੇ ਤੇ ਉਨ੍ਹਾਂ ਦੇ ਸਾਥੀਆਂ ਵੀ ਸੁਣਿਆਂ, ਸੁਣਕੇ ਹਸੇ ਤੇ ਕਹਿਣ ਲਗੇ-'ਸਵੇਰੇ ਕੜਾਹ ਪ੍ਰਸ਼ਾਦ ਤਿਆਰ ਕਰੋ। ਅਸੀਂ ਠਾਕਰ ਜੀ ਨੂੰ ਭੋਗ ਲਾਵਾਂਗੇ, ਖੂਬ ਰਜਾਵਾਂਗੇ, ਲੋਕ ਠਾਕਰ ਦੇ ਜਨਮ ਵੇਲੇ ਠਾਕਰ ਨੂੰ ਭੁਖੇ ਮਾਰਨਗੇ, ਅਸੀਂ ਪ੍ਰਸੰਨ ਕਰਾਂਗੇ।'

ਸਵੇਰ ਹੋਈ, ਸ਼ਹਿਰ ਵਿਚ ਅਗ ਨਾ ਬਲ਼ੀ। ਦੁਧ ਵੀ ਕਿਸੇ ਗਰਮ ਨਾ ਕੀਤਾ, ਅਮੀਰਾਂ ਤਾਂ ਫਲ ਖਾ ਲਏ ਕਿਸੇ ਕਚਾ ਦੁਧ ਪੀ ਲਿਆ, ਕਿਸੇ ਕਿਸੇ ਨਾ ਰਾਤ ਪਕਾਕੇ ਰਖ ਛਡੀਆਂ ਤੇ ਬਹੀਆਂ ਰੋਟੀਆਂ ਖਾ ਲਈਆਂ। ਕਈ ਭੁਖੇ ਹੀ ਠਾਕੁਰ ਜੀ ਦਾ ਜਨਮ ਦਿਨ ਮਨਾਉਣ ਲਗੇ। ਮੰਡੀ ਸ਼ਹਿਰ ਦੇ ਪੂਰਬੀ ਪਾਸੇ ਦਰਿਆ ਬਿਆਸਾ ਕਿਨਾਰੇ ਮੰਦਰ ਹਨ। ਉਨ੍ਹਾ ਮੰਦਰਾਂ ਵਿਚ ਟਲ ਖੜਕਣ ਲਗੇ ਲੋਕ ਇਸ਼ਨਾਨ ਕਰਕੇ ਮੰਦਰਾਂ ਵਿਚੋਂ ਹੋਕੇ ਘਰ ਜਾਂਦੇ। ਉਹਨਾਂ ਮੰਦਰਾਂ ਵਲ ਬਹੁਤ ਰੌਣਕ ਸੀ। ਉਸ ਪਾਸੇ ਹੀ ਭਾਈ ਕਲਿਆਨੇ ਦਾ ਡੇਰਾ ਸੀ ਭਾਈ ਕਲਿਆਣੇ ਤੇ ਉਨ੍ਹਾਂ ਦੇ ਸਾਥੀਆਂ ਨੇ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕੀਤਾ, ਬਾਣੀ ਪੜੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ਕੀਰਤਨ ਪਿਛੋਂ ਅਰਦਾਸ ਬੇਨਤੀ ਕਰਕੇ ਅਗ ਬਾਲ ਦਿਤੀ, ਕੜਾਹ ਪ੍ਰਸ਼ਾਦ ਕਰਨਾ ਪ੍ਰਾਰੰਭ ਕਰ ਦਿਤਾ। ਇਕ ਅਗ ਦਾ ਧੂੰਆ ਪ੍ਰਗਟ ਹੋ ਗਿਆ ਦੂਸਰਾ ਘਿਓ ਦੇ ਗਰਮ ਹੋਕੇ ਰਵਾ ਭੁਜਣ ਦੀ ਸੁਗੰਧੀ ਨੇ ਸਾਰਿਆਂ ਵਿਚ ਪ੍ਰਗਟ ਕਰ ਦਿਤਾ ਕਿ ਰਾਜੇ ਦੇ ਹੁਕਮ ਦੀ ਉਲੰਘਣਾ ਹੋ ਰਹੀ ਹੈ। ਕੇਹੜਾ ਹੈ ਜੋ ਰਾਜੇ ਦੀ ਤਲਵਾਰ ਕੋਲੋਂ ਨਹੀਂ ਡਰਿਆ ? ਸਾਰੇ ਮਹਲੇ ਵਿਚ ਰੌਲਾ ਪੈ ਗਿਆ। ਲੋਕ ਇਕਠੇ ਹੋ ਗਏ ਰਾਜੇ ਦੇ ਪਿਆਦੇ ਆ ਪੁਜੇ ਉਨ੍ਹਾਂ ਨੇ ਕਿਹਾ—'ਤੁਸੀਂ ਕੌਣ ਹੋ, ਜਿਨ੍ਹਾ ਨੇ ਰਾਜੇ ਦੀ ਆਗਿਆ ਮੰਨਣ ਵਿਚ ਭੁਲ ਕੀਤੀ ਹੈ ?'

'ਅਸਾਂ ਭੁਲ ਨਹੀਂ ਕੀਤੀ ਅਸਾਡੇ ਗੁਰੂ ਦਾ ਹੁਕਮ ਹੈ ਹਰ ਦਿਨ ਖਾਓ ਪੀਓ ਤੇ ਅਨੰਦ ਕਰੋ। ਅੰਨ ਛਡਨਾ ਪਖੰਡ ਹੈ।' ਭਾਈ ਕਲਿਆਣੇ ਨ ਉਤਰ ਦਿਤਾ।

'ਚਲੋ ! ਤੁਸਾਂ ਨੂੰ ਰਾਜੇ ਦੇ ਪੇਸ਼ ਕੀਤਾ ਜਾਵੇਗਾ।' ਪਿਆਦਿਆਂ ਦਾ ਦੂਸਰਾ ਹੁਕਮ ਸੀ।

'ਪਹਿਲਾਂ ਪ੍ਰਸ਼ਾਦ ਛਕਕੇ ਕਿਤੇ ਜਾਵਾਂਗੇ ਰਾਜਾ ਜੀ ਕੋਲੋਂ ਅਸਾ ਨੂੰ ਭੈ ਨਹੀਂ ਕਿਉਂਕਿ ਅਸਾਡਾ ਸਚਾ ਪਾਤਸ਼ਾਹ ਤੁਸਾਂ ਦੇ ਰਾਜੇ ਕੋਲੋਂ ਵਡਾ ਹੈ।' ਭਾਈ ਕਲਿਆਣਾ ਜੀ ਨੇ ਆਪਣੇ ਸਾਥੀਆਂ ਨੂੰ ਕਿਹਾ, 'ਪ੍ਰਸ਼ਾਦ ਤਿਆਰ ਹੋ ਗਿਆ ਹੈ ਛਕ ਲਵੋ ਤੇ ਫਿਰ ਚਲਾਂਗੇ। ਰਾਜਾ ਮੂੰਹ ਨਹੀਂ ਪਾ ਲੈਂਦਾ। ਸਤਿਗੁਰੂ ਜੀ ਹਰ ਤਰਾਂ ਅਸਾਡੇ ਅੰਗ ਸੰਗ ਹਨ। ਆਪ ਅਸਾਡੀ ਸਹਾਇਤਾ ਕਰਨਗੇ।'

ਭਾਈ ਕਲਿਆਣਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਪ੍ਰਸਾਦ ਛਕਿਆ।

ਪ੍ਰਸ਼ਾਦ ਛਕਣ ਪਿਛੋਂ ਰਾਜਦੂਤਾਂ ਦੇ ਨਾਲ ਤੁਰ ਪਏ। ਰਾਜਾ ਨੇ ਕਿਉਂਕਿ ਵਰਤ ਤੋੜਨ ਤੋਂ ਪਹਿਲਾਂ ਕਿਸੇ ਨੂੰ ਮਿਲਣਾ ਨਹੀਂ ਸੀ ਇਸ ਵਾਸਤੇ ਭਾਈ ਕਲਿਆਣਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਬੰਦੀਖਾਨੇ ਵਿਚ ਡਕ ਦਿਤਾ ਗਿਆ। ਸ਼ਾਮ ਨੂੰ ਰਾਜੇ ਦੇ ਪੇਸ਼ ਕੀਤਾ ਗਿਆ। ਮਹਿਕਮਾ ਪੁਲੀਸ ਦੇ ਮੁਖੀ ਨੇ ਭਾਈ ਕਲਿਆਣਾ ਜੀ ਨੂੰ ਰਾਜਾ ਹਰੀਸੈਨ ਦੇ ਦਰਬਾਰ ਵਿਚ ਪੇਸ਼ ਕਰਦਿਆਂ ਹੋਇਆਂ ਆਖਿਆ—'ਹੇਰਾਜਨ! ਇਸ ਪੁਰਸ਼ ਤੇ ਇਹਦੇ ਸਾਥੀ ਪੁਰਸ਼ਾਂ ਨੇ ਉਸ ਸਮੇਂ ਅੱਗ ਬਾਲਕੇ ਰੋਟੀ ਪਕਾਈ ਤੇ ਕੜਾਹ ਕਰਕੇ ਖਾਧਾ ਜਿਸ ਸਮੇਂ ਠਾਕੁਰ ਜੀ ਦੀ ਪੂਜਾ ਹੋ ਰਹੀ ਸੀ ਆਪ ਦੇ ਹੁਕਮ ਦੀ ਉਲੰਘਣਾ ਕੀਤੀ ਹੈ ਰਾਜ ਡੰਨ ਦੇ ਅਧਿਕਾਰੀ ਹਨ।'

ਰਾਜੇ ਨੇ ਪੁਛਿਆ, 'ਕਿਉਂ ਪੁਰਸ਼ਾ! ਇਹ ਠੀਕ ਗਲ ਹੈ, ਜੋ ਸੈਨਾਪਤੀ ਜੀ ਕਹਿ ਰਹੇ ਹਨ?'

ਭਾਈ ਕਲਿਆਣਾ—'ਬਿਲਕੁਲ ਸਚ, ਰਤਾ ਝੂਠ ਨਹੀਂ ਅਸਾਂ ਅਗਬਾਲੀ ਤੇ ਰੋਟੀਆਂ ਪਕਾਈਆਂ, ਦਾਲ ਰਿੰਨੀ ਤੇ ਕੜਾਹ ਪ੍ਰਸ਼ਾਦਤਿਆਰ ਕੀਤਾ ਸੀ।

ਰਾਜਾ—'ਕੀ ਤੁਸਾਂ ਨੂੰ ਪਤਾ ਨਹੀਂ ਸੀ ਕਿ ਅਜ ਠਾਕਰ ਜੀ ਦੇ ਜਨਮ ਦਿਨ ਦਾ ਵਰਤ ਹੈ?'

ਭਾਈ ਕਲਿਆਣਾ—'ਠਾਕਰ ਜੀ ਜੰਮਦੇ ਮਰਦੇ ਹਨ, ਇਹ ਤਾਂ ਆਪ ਦੇ ਰਾਜ ਵਿਚ ਹੀ ਸੁਣਿਆਂ ਹੈ। ਮੇਰਾ ਸਤਿਗੁਰੂ ਤਾਂ ਆਖਦਾ ਹੈ, 'ਭਰਮਿ ਭੂਲੇ ਨਰ ਕਰਤ ਕਚਰਾਇਣ ॥ ਜਨਮ ਮਰਣ ਤੇ ਰਹਿਤ ਨਾਰਾਇਣ ॥' ਹੇ ਰਾਜਨ! ਸੂਰਜ ਚੜ੍ਹਨ ਦੇ ਪਿਛੋਂ ਤਾਂ ਕਿਹਾ ਜਾ ਸਕਦਾ ਹੈ ਕਿ ਦਿਨ ਹੈ। ਪਰ ਸੂਰਜ ਦੇ ਅਸਤ ਹੋਣ ਪਿਛੋਂ ਘੁਪ-ਹਨੇਰੇ ਨੂੰ ਦੇਖਕੇ ਤਾਂ ਕੋਈ ਥੋੜੀ ਬੁਧੀ ਵਾਲਾ ਪੁਰਸ਼ ਵੀ ਨਹੀਂ ਆਖ ਸਕਦਾ ਕਿ ਇਸ ਵੇਲੇ 'ਦਿਨ' ਹੈ। ਮੇਰੇ ਸਤਿਗੁਰੂ ਜੀ ਦਾ ਹੁਕਮ ਹੈ, ਸਚ ਨੂੰ ਸਚ ਆਖੋ ਤੇ ਝੂਠ ਨੂੰ ਝੂਠ। ਇਹ ਭਰਮ ਪਾਇਆ ਗਿਆ ਹੈ। ਅਗਿਆਨਤਾ ਦਾ ਪ੍ਰਚਾਰ ਕਰ ਰਹੇ ਜੇ, ਕੋਈ ਪੁਰਸ਼ ਰਾਜਾ ਬਣਕੇ ਝੂਠ ਦਾ ਪਖੀ ਨਹੀਂ ਹੋ ਸਕਦਾ ਠਾਕਰ ਉਸ ਨੂੰ ਡੰਨ ਦੇਵੇਗਾ। ਅਜ ਆਪ ਡੰਨ ਦੇ ਭਾਗੀ ਹੋ।'

ਰਾਜਾ—(ਤ੍ਰਬਕ ਕੇ ਉੱਚੀ ਅਵਾਜ ਵਿਚ) ਮੈਂ ਡੰਨ ਦਾ ਭਾਗੀ? ਮੈਂ ਤਾਂ ਰਾਜਾ ਹਾਂ। ਰਾਜੇ ਨਿਰਦੋਸ਼ ਹੁੰਦੇ ਹਨ, ਨਿਸ਼ਕਲੰਕ ਹੁੰਦੇ ਹਨ।'

ਭਾਈ ਕਲਿਆਣਾ (ਮੁਸਕਰਾਕੇ) ਇਹ ਵੀ ਝੂਠ, ਹਰ ਪੁਰਸ਼ ਜੋ ਇਸਤ੍ਰੀ ਗਰਭ ਤੋਂ ਜਨਮ ਲੈਂਦਾ ਹੈ, ਉਹ ਸਿਰਫ ਰਾਜਾ ਬਣਨ ਨਾਲ ਨਿਰਦੋਸ਼ ਤੇ ਨਿਸ਼ਕਲੰਕ ਨਹੀਂ ਹੋ ਸਕਦਾ। ਜੇ ਉਹ ਪਾਪ, ਅਧਰਮ ਤੇ ਕੁਕਰਮ ਕਰਦਾ ਹੈ ਤਾਂ ਉਸਦਾ ਫਲ ਉਸ ਨੂੰ ਅਵਸ਼ ਭੁਗਤਣਾ ਪਵੇਗਾ।' ਰਾਜ ਗੁਰੂ ਪ੍ਰੋਹਤ ਲਾਗੇ ਬੈਠਾ ਸੀ। ਜੋ ਬ੍ਰਾਹਮਣ ਜਾਤੀ ਵਿਚੋਂ ਸੀ। ਉਹ ਭਾਈ ਸਾਹਿਬ ਦੀ ਜਬਾਨੋਂ ਸਚ ਦਾ ਪ੍ਰਕਾਸ਼ ਹੁੰਦਾ ਦੇਖਕੇ ਘਾਬਰ ਗਿਆ। ਉਹ ਘਬਰਾਹਟ ਵਿਚ ਬੋਲਿਆ, 'ਇਹ ਵਾਧੂ ਗਲਾਂ ਕਰਕੇ ਰਾਜਾ ਜੀ ਦਾ ਨਿਰਾਦਰ ਕਰ ਰਿਹਾ ਹੈ। ਇਹ ਨੂੰ ਮੌਤ ਡੰਨ ਦਿਤਾ ਜਾਵੇ।'

ਭਾਈ ਕਲਿਆਣਾ ਜੀ—'ਮੈਨੂੰ ਮੌਤ ਡੰਨ ਦੇਣ ਨਾਲ ਕੀ ਇਹ ਸਿਧ ਹੋ ਜਾਵੇਗਾ ਕਿ ਠਾਕਰ ਜੀ (ਪ੍ਰਮਾਤਮਾ) ਜਨਮ ਲੈਂਦਾ ਹੈ? ਕੀ ਸੂਰਜ ਨੂੰ ਕੁਨਾਲੀ ਹੇਠਾਂ ਕਜਿਆ ਜਾ ਸਕਦਾ ਹੈਂ?

ਪ੍ਰੋਹਤ ਘਬਰਾ ਗਿਆ। ਰਾਜੇ ਨੇ ਪ੍ਰੋਹਤ ਵਲ ਦੇਖਿਆ, ਫਿਰ ਭਾਈ ਕਲਿਆਣੇ ਦੇ ਪ੍ਰਭਾਵ ਸ਼ਾਲੀ ਚੇਹਰੇ ਵਲ ਤਕਿਆ ਰਾਜੇ ਨੇ ਹਥਿਆਰ ਸੁਟ ਦਿਤੇ। ਸਤਿਗੁਰੂ ਜੀ ਨੇ ਦਇਆ ਕੀਤੀ ਰਾਜੇ ਦੇ ਹਨੇਰੇ ਮਨ ਵਿਚ ਰੋਸ਼ਨੀ ਆਈ। ਫਿਰ ਵੀ ਰਾਜਾ ਸੀ ਉਸ ਨੇ ਆਪਣ ਸੁਵਾਲ ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ, 'ਮੇਰੇ ਹੁਕਮ ਦੀ ਉਲੰਘਣਾ ਕਿਉਂ ਕੀਤੀ? ਕੀ ਮੈਂ ਰਾਜਾ ਨਹੀਂ?'

ਭਾਈ ਕਲਿਆਣਾ—'ਕਿਉਂਕਿ ਤੁਸਾਂ ਠਾਕਰ ਜੀ ਦੇ ਹੁਕਮ ਦੀ ਉਲੰਘਣਾ ਕੀਤੀ, ਹਜ਼ਾਰਾਂ ਜੀਆਂ ਨੂੰ ਭੁਖਿਆਂ ਮਾਰਿਆ, ਕਈ ਪੰਛੀ ਤੇ ਪਸ਼ੂ ਗ੍ਰਹਿਸਤੀਆਂ ਦੇ ਘਰੋਂ ਅੰਨ ਖਾਂਦੇ ਸਨ, ਉਹ ਬੇਜ਼ੁਬਾਨ ਭੁਖੇ ਰਹੇ। ਉਹਨਾਂ ਦੀ ਆਤਮਾਂ ਕਲਪਦੀ ਰਹੀ। ਆਤਮਾ ਵਿਚ ਪ੍ਰਮਾਤਮਾ ਹੈ। ਦੁਖ ਪ੍ਰਮਾਤਮਾ ਨੂੰ ਹੋਇਆ, ਜੇ ਤੁਸਾਂ ਦੀ ਗਲ ਸਚੀ ਮੰਨ ਲਈ ਜਾਵੇ ਤਾ ਵੀ ਠਾਕੁਰ ਜੀ ਦੇ ਜਨਮ ਸਮੇਂ ਖੁਸ਼ੀਆਂ ਕਰਨੀਆਂ ਚਾਹੀਦੀਆਂ ਸਨ। ਸਦਾ ਵਰਤ ਲਾਉਣੇ ਚਾਹੀਦੇ ਸਨ। ਭੁਖਿਆਂ ਨੂੰ ਅੰਨ ਨੰਗਿਆਂ ਨੂੰ ਕਪੜਾ ਦੇਣਾ ਚਾਹੀਦਾ ਹੈ ਕਿਉਂਕਿ ਜਨਮ ਦਿਹਾੜਾ ਖੁਸ਼ੀ ਦਾ ਦਿਹਾੜਾ ਹੈ। ਵਰਤ ਸੋਗ ਦੀ ਨਿਸ਼ਾਨੀ ਹੈ। ਕਿਸੇ ਦੀ ਮੌਤ ਵੇਲੇ ਚੁਲ੍ਹੇ ਅਗ ਨਹੀਂ ਬਾਲੀ ਜਾਂਦੀ। ਕੀ ਠਾਕਰ ਦਾ ਅੰਤ ਸਮਝਦੇ ਹੋ? ਇਸ ਪਾਪ ਤੇ ਅਧਰਮ ਦਾ ਡੰਨ ਤੁਸਾਂ ਨੂੰ ਠਾਕੁਰ ਜੀ ਦੇਣਗੇ ਤੇ ਨਰਕਾਂ ਦੀ ਅੱਗ ਵਿਚ ਸੁਟਣਗੇ।

'ਹੈਂ ! ਮੈਨੂੰ ਨਰਕਾਂ ਦੀ ਅਗ ਵਿਚ ਸੁਟਣਗੇ ?' ਰਾਜਾ ਬੋਲਿਆ, ਪਰ ਉਸਦਾ ਇਕ ਸਾਹ ਉਪਰ ਸੀ ਤੇ ਇਕ ਹੇਠਾਂ। ਐਨਾ ਸਚਾ, ਐਨਾ ਦਲੇਰ ਤੂੰ ਕੌਣ ਹੈਂ ? ਕਿਥੋਂ ਆਇਆ ਹੈਂ ? ਮੈਂ ਸਚੇ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸਿਖ ਹਾਂ। ਮੇਰਾ ਸਤਿਗੁਰੂ ਦੀਨ ਤੇ ਦੁਨੀ ਦਾ ਸਚਾ ਪਾਤਸ਼ਾਹ ਹੈ। ਆਪ ਵਰਗੇ ਰਾਜੇ ਓਹਨਾਂ ਦੀ ਹਾਜ਼ਰੀ ਭਰਦੇ ਹਨ।'

ਰਾਜੇ ਦਾ ਕ੍ਰੋਧ ਦੂਰ ਹੋ ਗਿਆ ਉਸਨੇ ਸੈਨਾ ਪਤੀ (ਪੁਲੀਸ ਮੁਖੀ) ਨੂੰ ਆਖਿਆ–'ਇਨ੍ਹਾਂ ਨੂੰ ਸਤਿਕਾਰ ਨਾਲ ਸੁਤੰਤ੍ਰ ਕਰ ਦਿਓ। ਅਜ ਤੋਂ ਰਾਜ ਭਵਨ ਦੇ ਮਹਿਮਾਨ ਖਾਨੇ ਵਿਚ ਰਹਿਣ ਹਰ ਤਰ੍ਹਾਂ ਸੇਵਾ ਕੀਤੀ ਜਾਵੇ ਮੈਂ ਸਵੇਰੇ ਦਰਸ਼ਨ ਕਰਾਂਗਾ ਇਹ ਕੋਈ ਉਤਮ ਪੁਰਸ਼ ਹਨ।'

ਵਡੇ ਸਤਿਗੁਰੂ ਜੀ ਨੇ ਸਿਖ ਦੀ ਲਾਜ ਰਖ ਲਈ।

੪੧. ਰਾਜੇ ਹਰੀਸੈਨ ਦਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਣਾ

ਰਾਜੇ ਨੂੰ ਰਾਤ ਨੀਂਦ ਨਾ ਪਈ ਉਹਦੇ ਸੁਤੇ ਸੰਸਕਾਰ ਜਾਗ ਪਏ ਉਹ ਸੋਚਾਂ ਵਿਚ ਗੁਵਾਚਾ ਰਿਹਾ–'ਮੈਂ ਰਾਜਾ ਹੋਕੇ ਪਾਪ ਤੇ ਕੁਕਰਮ ਕਰਦਾ ਰਿਹਾ। ਪ੍ਰਮਾਤਮਾ (ਠਾਕੁਰ ਜੀ) ਮੈਨੂੰ ਡੰਨ ਦੇਣਗੇ ? ਪ੍ਰੋਹਤ ਨੇ ਤਾ ਇਉਂ ਨਹੀਂ ਦਸਿਆ ਉਹ ਤਾਂ ਕਹਿੰਦਾ ਰਿਹਾ 'ਜਿਵੇਂ ਸਰਵਰ ਨੂੰ ਮੈਲ ਨਹੀਂ ਲਗਦੀ ਤਿਵੇਂ ਰਾਜੇ ਨੂੰ ਪਾਪ ਨਹੀਂ ਲਗਦੇ' ਪਰ ਉਸ ਨੇ ਇਹ ਤਾਂ ਨਹੀਂ ਦਸਿਆ ਕਿ ਤਪੋਂ ਰਾਜ ਮਿਲਦਾ ਹੈ ਤੇਰਾਂ ਨਰਕ। ਜੇ ਇਹ ਗਲ ਹੈ ਤਾਂ ਰਾਜ ਕਰਨਾ ਮਾੜਾ ਹੈ।' ਰਾਜੇ ਦੀ ਰੂਹ ਇਉਂ ਤੜਫਨ ਲਗੀ। ਉਹ ਕਈ ਵਾਰ ਸੇਜ ਉਤੇ ਲੇਟਿਆ ਤੇ ਕਈ ਵਾਰ ਉਠ ਕੇ ਬੈਠਾ 'ਉਤਮ ਪੁਰਸ਼ ਦਾ ਗੁਰੂ ਜ਼ਰੂਰ ਕੋਈ ਪ੍ਰਮਾਤਮਾ ਰੂਪ ਹੋਵੇਗਾ।' ਇਹ ਵਾਕ ਉਹਦੀ ਜਬਾਨੋਂ ਉੱਚੀ ਨਿਕਲ ਗਿਆ। ਲਾਗੇ ਸੁਤੀ ਰਾਣੀ ਨੇ ਸੁਣ ਲਿਆ ਉਹ ਪੁਛਣ ਲਗੀ–'ਕੌਣ ਉੱਤਮ ਪੁਰਸ਼ ਹੈ ?' 'ਇਕ ਆਇਆ ਹੈ ਰਾਜ ਵਿਚ ਦਿਨ ਚੜ੍ਹੇ ਮਿਲਾਂਗਾ ਉਹ ਬਹੁਤ ਹੀ ਨਵੀਆਂ ਤੇ ਹੈਰਾਨ ਕਰਨ ਵਾਲੀਆਂ ਗਲਾਂ ਦਸਦਾ ਹੈ' ਉਸ ਨੇ ਕਿਹਾ ਹੈ–'ਠਾਕੁਰ ਜੀ ਜਨਮ ਨਹੀਂ ਲੈਂਦੇ ਉਹ ਮਰਨ ਜੰਮਣ ਤੋਂ ਬਾਹਰ

ਹ ॥ ਵਰਤ ਰਖਾ ਕੇ ਪਾਪ ਕੀਤਾ ਹੈ ॥ ਗਲ ਵੀ ਉਸਦੀ ਸਚੀ ਹੈ ਕਿਸੇ ਦੇ ਜਨਮ ਵੇਲੇ ਤਾਂ ਖੁਸ਼ੀਆਂ ਕੀਤੀਆਂ ਜਾਂਦੀਆਂ ਹਨ ਵਰਤ ਰਖਨਾ ਸੋਗ ਦੀ ਨਿਸ਼ਾਨੀ ਹੈ।'

ਇਸ ਤਰ੍ਹਾਂ ਘਬਰਾਇਆ ਹੋਇਆ ਰਾਜਾ ਬੇਚੈਨ ਰਿਹਾ। ਦਿਨ ਚੜ੍ਹਿਆਂ ਇਸ਼ਨਾਨ ਕਰਨ ਪਿਛੋਂ ਉਸ ਨੇ ਹੁਕਮ ਕੀਤਾ ਰਾਤ ਵਾਲੇ ਉਤਮ ਪੁਰਖ (ਭਾਈ ਕਲਿਆਣਾ ਜੀ) ਨੂੰ ਮੇਰੇ ਕੋਲ ਲਿਆਓ ॥ ਦਵਾਰ ਪਾਲ ਨੇ ਆਗਿਆ ਦਾ ਪਾਲਨ ਕੀਤਾ ॥ ਝਟ ਜਾ ਕੇ ਭਾਈ ਕਲਿਆਣਾ ਜੀ ਨੂੰ ਸਦ ਲਿਆਇਆ ਭਾਈ ਜੀ ਆਏ ਤਾਂ ਗਲ ਬਾਤ ਸ਼ੁਰੂ ਹੋਈ ॥ ਰਾਜੇ ਨੇ ਆਪਣੇ ਦੇ ਸ਼ੰਕੇ ਸਾਰੇ ਭਾਈ ਜੀ ਅਗੇ ਪ੍ਰਗਟ ਕਰ ਦਿਤੇ। ਉਨ੍ਹਾਂ ਦਾ ਉਤਰ ਭਾਈ ਸਾਹਿਬ ਨੇ ਦਿਤਾ ਤੇ ਰਾਜੇ ਦੇ ਮਨ ਦੀ ਤਸਲੀ ਕਰਵਾਈ। ਪ੍ਰਮਾਤਮਾ ਦੇ ਅਬਿਨਾਸ਼ੀ ਹੋਣ ਬਾਰੇ ਆਪਣੇ ਆਪਣੇ ਸਤਿਗੁਰੂ ਦੀ ਬਾਣੀ ਨੂੰ ਸੁਣਾ ਕੇ ਤੇ ਉਸ ਦੇ ਅਰਥ ਭਾਵ ਨੂੰ ਦਸ ਕੇ ਰਾਜੇ ਦੇ ਮਨ ਦੀ ਤਸਲੀ ਕਰਵਾਈ। ਭਾਈ ਸਾਹਿਬ ਨੇ ਸਤਿਗੁਰੂ ਜੀ ਦੀ ਬਾਣੀ ਪੜ੍ਹੀ—

ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥
ਰਹਾਉ ॥ ਨਾ ਇਹ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥
ਨਾ ਇਹ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥ ੧ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥ ੩ ॥
ਤੀਨਿ ਗੁਣਾ ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾ ਕੀ ਹੈ ਛਾਇਆ ॥
ਅਛਲ ਅਛੇਦ ਅਭੇਦ ਦਇਆਲੁ ॥ ਦੀਨ ਦਇਆਲ ਸਦਾ ਕਿਰਪਾਲ ॥
ਤਾਕੀ ਗਤਿ ਮਿਤਿ ਕਛੂ ਨ ਪਾਇ ॥ ਨਾਨਕ ਤਾਕੈ ਬਲਿ ਜਾਇ ॥ ੪ ॥

ਤਿਸਦਾ ਪ੍ਰਮਾਰਥ ਇਉਂ ਸਮਝਾਇਆ—ਹੇ ਰਾਜਨ ਠਾਕਰ ਜੀ (ਪ੍ਰਮਾ-ਤਮਾ) ਕਥਾ ਬੜੀ ਅਸਚਰਜ ਹੈ ਉਸ ਨੂੰ ਸੁਣ ਕੇ ਹੈਰਾਨ ਹੋ ਜਾਈਦਾ ਹੈ ॥ ਪ੍ਰਮਾਤਮਾ ਨੂੰ ਪਾਰਬ੍ਰਹਮ ਆਖਿਆ ਜਾਂਦਾ ਹੈ ਜਿਸ ਦਾ ਅੰਤ ਨਹੀਂ ਪਾ ਸਕਦੇ॥ ਜਿੰਨੀ ਕਿਸੇ ਦੀ (ਗਿਆਨ) ਸਮਝ ਹੁੰਦੀ ਹੈ, ਉੱਨ ਕੁ ਵਡਾ ਪ੍ਰਮਾਤਮਾ ਨੂੰ ਉਹ ਸਮਝਦਾ ਹੈ॥ ਮੇਰੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਪ੍ਰਮਾਤਮਾ ਨਾ ਬੁਢਾ ਹੁੰਦਾ ਹੈ ਨਾ ਜੁਆਨ ॥ ਇਸ ਨੂੰ ਗਰਮੀ ਤੇ ਠੰਡ ਨਹੀਂ ਲਗਦੀ ॥ ਉਸ ਨੂੰ ਨਾ ਖੁਸ਼ੀ ਤੇ ਨਾ ਦੁਖ ਉਹ ਸਦਾ ਸਮਾਨਤਾ ਵਿਚ ਰਹਿੰਦਾ ਹੈ ॥ ਉਹ ਨਾ ਮਰਦਾ ਹੈ ਨਾ ਉਹ ਕਿਤੇ ਜਾਂਦਾ ਹੈ ॥ ਉਹ ਤਾਂ ਆਦਿ (ਸ਼ੁਰੂ) ਤੋਂ ਅੰਤ ਕਰ ਇਕੋ ਜੇਹਾ ਕੁਦਰਤ

ਤੇ ਬ੍ਰਹਮੰਡ ਵਿਚ ਰਚਿਆ ਹੋਇਆ ਹੈ। ਪ੍ਰਮਾਤਮਾਂ ਨੂੰ ਉਦਾਸੀ ਤੇ ਖੁਸ਼ੀ ਨਹੀਂ ਹੁੰਦੀ ਉਹ ਸਦਾ ਅਨੰਦ ਵਿਚ ਇਕੋ ਜੇਹਾ ਰਹਿੰਦਾ ਹੈ। ਪ੍ਰਮਾਤਮਾ ਦਾ ਕੋਈ ਮਾਈ ਬਾਪ ਨਹੀਂ। ਉਹ ਆਪਣੀ ਸ਼ਕਤੀ ਦਾ ਆਪ ਪ੍ਰਕਾਸ਼ਕ ਹੈ। ਸਰੀਰਕ ਹਦਾਂ ਤੋਂ ਪਰੇ ਹੈ। ਮਨੁਖ ਨਾ ਉਸਨੂੰ ਦੇਖ ਸਕਦਾ ਹੈ ਨਾ ਫੜ ਸਕਦਾ ਹੈ ਉਸ ਦੇ ਦਰਸ਼ਨ ਕਰਨ ਵਾਸਤੇ ਹੋਰ ਹੀ ਅਖਾਂ ਹੁੰਦੀਆਂ ਹਨ ਪਾਪ ਤੇ ਪੁੰਨ ਜੋ ਹਨ ਉਹ ਪ੍ਰਮਾਤਮਾ ਉਤੇ ਅਸਰ ਨਹੀਂ ਕਰਦੇ। ਉਹ ਦਾਤਾ ਪਾਪ ਪੁੰਨ ਦਾ ਕਰਤਾ ਹੈ। ਪਾਪ ਪੁੰਨ ਦੀ ਖੇਡ ਨੂੰ ਰਚਕੇ ਉਹ ਆਪ ਤਮਾਸ਼ਾ ਦੇਖਦਾ ਹੈ। ਹਰ ਹਿਰਦੇ ਵਿਚ ਉਹਦਾ ਵਾਸ ਹੈ। ਭਾਵ ਮਨੁਖ ਪ੍ਰਮਾਤਮਾਂ ਦੇ ਵੈਸ਼ਾਲ ਸਰੀਰ ਦਾ ਇਕ ਅੰਗ। ਜਿਵੇਂ ਬੋਹੜ ਦੇ ਪਤੇ ਹੁੰਦੇ ਹਨ। ਪਤੇ ਵਿਚ ਉਹਦੀ ਰੂਹ ਹੁੰਦੀ ਹੈ ਤੇ ਟਾਹਣੀ ਤੇ ਜੜ ਵਿਚ ਇਕੋ ਸ਼ਕਤੀ ਰੂਹ ਬਣਕੇ ਤੁਰੀ ਫਿਰਦੀ ਹੈ ਮਾਇਆ ਦੇ ਜੋ ਤਿੰਨ ਗੁਣ ਹਨ। ਰਜੋ, ਸਤੋ ਤੇ ਤਮੋ ਉਨ੍ਹਾਂ ਤੋਂ ਇਕ ਸ਼ਕਤੀ ਉਹ ਆਪ ਹੈ, ਇਹ ਜੋ ਮਾਇਆ ਦਾ ਜਾਲ ਹੈ ਇਹ ਸਾਰੀ ਉਸਦੀ ਛਾਂ ਹੈ। ਇਸ ਵਾਸਤੇ ਪ੍ਰਮਾਤਮਾ ਉਹ ਹਸਤੀ ਹੈ ਜਿਸਦਾ ਰੂਪ ਨਹੀਂ ਜੋ ਅਬਿਨਾਸ਼ੀ ਹੈ ਜਿਸਨੂੰ ਕੋਈ ਛਲ ਨਹੀਂ ਸਕਦਾ ਜੋ ਦਿਆਲ ਤੇ ਕਿਰ-ਪਾਲ ਹੈ। ਉਹਦਾ ਭੇਤ ਓਹੋ ਹੀ ਜਾਣਦਾ ਹੈ ਇਹ ਸਭ ਕੁਝ ਮੈਨੂੰ ਮੇਰੇ ਸਤਿਗੁਰੂ ਜੀ ਨੇ ਦਸਿਆ ਹੈ।' 'ਹੇ ਰਾਜਨ ਜੇ ਆਪ ਇਕ ਵਾਰ ਸਚੇ ਸਤਿਗੁਰੂ ਜੀ ਦੇ ਦਰ-ਸ਼ਨ ਕਰ ਆਓ ਤਾਂ ਆਪ ਨੂੰ ਸਚ ਦਾ ਗਿਆਨ ਹੋ ਜਾਵੇਗਾ।'

ਇਸ ਤਰ੍ਹਾਂ ਭਾਈ ਕਲਿਆਣਾ ਜੀ ਨੇ ਰਾਜਾ ਹਰੀਸੈਨ ਦੇ ਮਨ ਦੇ ਸਾਰੇ ਭਰਮਾਂ ਤੇ ਸ਼ੰਕਿਆਂ ਨੂੰ ਦੂਰ ਕਰਨ ਦਾ ਯਤਨ ਕੀਤਾ। ਰਾਜਾ ਗੁਰੂ ਘਰ ਦਾ ਸ਼ਰ-ਧਾਲੂ ਬਣ ਗਿਆ। ਸ੍ਰੀ ਅੰਮ੍ਰਿਤਸਰ (ਰਾਮਦਾਸ ਪੁਰ) ਪੁਜਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਨੂੰ ਤਿਆਰ ਹੋ ਪਿਆ। ਤਿਆਰੀ ਵਾਸਤੇ ਇਕ ਮਹੀਨੇ ਦਾ ਸਮਾਂ ਮੁਕਰਰ ਕੀਤਾ ਗਿਆ। ਰਾਜੇ ਨੇ ਬਹੁਤ ਨਿੰਮਰਤਾ ਨਾਲ ਭਾਈ ਕਲਿਆਣਾ ਜੀ ਅਗੇ ਬੇਨਤੀ ਕੀਤੀ ਕਿ ਤਿਆਰੀ ਦੇ ਸਮੇਂ ਤਕ ਭਾਈ ਸਾਹਿਬ ਤੇ ਓਹਨਾਂ ਦੇ ਸਾਥੀ ਰਾਜ ਭਵਨ ਵਿਚ ਰਹਿਣ।

ਭਾਈ ਕਲਿਆਣਾ ਜੀ ਆਪਣੀ ਗੁਰਮੁਖਤਾ ਅਤੇ ਸਤਿਗੁਰੂ ਜੀ ਦੀ ਸ਼ਕਤੀ ਦੇ ਕਾਰਨ ਰਾਜੇ ਹਰੀ ਸੈਨ ਨੂੰ ਨਾਲ ਲੈਕੇ ਸਤਿਗੁਰੂ ਜੀ ਦੇ ਹਜ਼ੂਰ

ਪੂਜਾ। ਆਪ ਸਤਿਗੁਰੂ ਜੀ ਦੇ ਚਰਨਾ ਉਪਰ ਮਥਾ ਟੇਕਿਆ। ਰਾਜਾ ਸਤਿਗੁਰੂ ਜੀ ਦੇ ਦਰਸਨ ਕਰਕੇ ਬਹੁਤ ਪ੍ਰਸੰਨ ਹੋਇਆ। ਜਦੋਂ ਉਪਦੇਸ਼ ਸੁਣਿਆਂ ਤੇ ਲੰਗਰੋਂ ਪ੍ਰਸ਼ਾਦ ਛਕਿਆ ਤਾਂ ਹਿਰਦੇ ਦੇ ਬਜਰ ਪਕਾਟ ਖੁਲ੍ਹ ਗਏ। ਜਨਮ ਜਨਮ ਦੀ ਮਲ ਉਤਰ ਗਈ। ਸਵੇਰੇ ਤੇ ਸ਼ਾਮ ਨੂੰ ਸਤਿਗੁਰੂ ਜੀ ਦੇ ਦਰਬਾਰ ਵਿਚ ਬੈਠ ਕੇ ਹਰੀ ਜਸ ਦਾ ਕੀਰਤਨ ਸੁਣਨ ਲਗਾ। ਇਕ ਦਿਨ ਇਕ ਸਿਖ ਕੋਲੋਂ ਬਾਣੀ, ਦੀ ਤੁਕ ਸੁਣੀ. 'ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।' ਪੂਰਾ ਸ਼ਬਦ ਤਾਂ ਚੇਤੇ ਨਾ ਰਿਹਾ, ਪਰ ਇਹ ਤੁਕ ਨਾ ਭੁਲੀ। ਅਗਲੇ ਦਿਨ ਸਤਿਗੁਰੂ ਜੀ ਅਗੇ ਸੁਵਾਲ ਕੀਤਾ, 'ਸਚੇ ਪਾਤਸ਼ਾਹੋ ! ਅਜ ਇਕ ਕੋਲੋਂ ਗੁਰਬਾਣੀ ਦੀ ਤੁਕ ਸੁਣੀ ਹੈ, 'ਲੇਖੁ ਨ ਮਿਟੀ ਹੇ ਸਖੀ ਜੋ ਲਿਖਿਆ ਕਰਤਾਰਿ' ਸ਼ੰਕਾ ਫੁਰੀ ਹੈ ਕਿ ਜੇ ਮਥੇ ਦਾ ਲੇਖ ਨਹੀਂ ਮਿਟਣਾ, ਜੇ ਪੂਰਬਲੇ ਜਨਮ ਭੇ ਵਿਧਮਾਤਾ ਦੇ ਲਿਖੇ ਲੇਖ ਅਨੁ-ਸਾਰ ਹੀ ਮਨੁਖ ਦਾ ਜੀਵਨ ਬਤੀਤ ਹੋਣਾ ਹੈ ਤਾਂ ਇਸ ਜਨਮ ਵਿਚ ਭਗਤੀ, ਸਿਮ-ਰਨ, ਤਪਸਿਆ, ਸਾਧ ਸੰਗਤ ਦੀ ਸੇਵਾ ਆਦਿਕ ਦਾ ਕੀ ਲਾਭ ! ਮੈਂ ਮੰਡੀ ਸੁਕੇਤ ਤੋਂ ਚਲ ਕੇ ਆਇਆ ਹਾਂ, ਜੇ ਮੇਰੇ ਪੂਰਬਲੇ ਕਰਮਾਂ ਦਾ ਫਲ ਮੈਨੂੰ ਮਿਲਣਾ ਹੈ ਤਾਂ ਔਣ ਦਾ ਕੀ ਲਾਭ ਹੋਇਆ ! ਹੇ ਦਾਤਾਰ ਏਥੇ ਆਕੇ ਸ਼ੰਕੇ ਦੂਰ ਹੋਣੇ ਸੀ, ਪਰ ਹੁਣ ਸਗੋਂ ਸ਼ੰਕੇ ਹੋਰ ਵਧ ਗਏ ਹਨ। ਮੈਨੂੰ ਤਾਂ ਰਾਤ ਨੀਂਦ ਨਹੀਂ ਆਈ। ਮੇਰੇ ਚਿਤ ਦਾ ਭਰਮ ਦੂਰ ਕਰੋ।' ਸਤਿਗੁਰੂ ਜੀ ਨੇ ਬਚਨ ਕੀਤਾ, 'ਹੇ ਰਾਜਨ ਇਸ ਸੁਆਲ ਦਾ ਉਤਰ ਤੁਸਾਂ ਨੂੰ ਕਲ ਸ਼ਾਮ ਨੂੰ ਦਿਤਾ ਜਾਵੇਗਾ। ਕਰਤਾਰ ਦੀ ਕੀ ਲੀਲ੍ਹਾ ਹੈ ? ਓਹ ਜਗਤ ਦੇ ਧੰਦਿਆਂ, ਜਨਮ, ਕਰਮਾਂ ਨੂੰ ਕਿਵੇਂ ਚਲਾਉਂਦਾ ਹੈ, ਸਭ ਕੁਝ ਖੋਹਲਕੇ ਪ੍ਰਗਟ ਕਰਾਂਗੇ ਆਪ ਧੀਰਜ ਕਰੀਏ। ਬਾਣੀ ਦਾ ਪਾਠ ਸੁਣੀ ਜਾਈਏ।, 'ਸਤਿ ਬਚਨ ਜੀ' ਆਖਕੇ ਰਾਜੇ ਨੇ ਸਤਿਗੁਰੂ ਜੀ ਦੇ ਚਰਨਾ ਉਪਰ ਮਥਾ ਟੇਕਿਆ ਤੇ ਆਪਣੇ ਡੇਰੇ ਨੂੰ ਚਲਿਆ ਗਿਆ।

ਡੇਰੇ ਪੁਜਾ ਤੰਬੂ ਵਿਚ ਪਲੰਘ ਵਿਛਿਆ ਹੋਇਆ ਸੀ, ਕਰਤਾਰ ਦਾ ਸਿਮਰਨ ਕਰਦਾ ਹੋਇਆ ਪਲੰਘ ਉਤੇ ਲੇਟ ਗਿਆ। ਰਾਜਾ ਸੀ ਕਿਸੇ ਨੇ ਸੁਤੇ ਨੂੰ ਨ ਜਗਾਇਆ, ਗੂਹੜੀ ਨੀਂਦ ਆ ਗਈ। ਉਹਦੇ ਲਾਗੇ ਉਹਦੀ ਇਸਤ੍ਰੀ ਵੀ ਸੌਂ ਗਈ। ਜਿਸ ਵੇਲੇ ਅੰਮ੍ਰਿਤ ਵੇਲਾ ਹੋਇਆ ਤਾਂ 'ਸਤਿ ਕਰਤਾਰ

ਸਤਿ ਕਰਤਾਰ !!' ਕਰਦਾ ਹੋਇਆ ਤ੍ਰਬਕ ਕੇ ਉਠ ਬੈਠਾ। 'ਹੈਂ ! ਇਹ ਕੀ ਹੋ ਗਿਆ ?' ਐਸਾ ਚੰਦ੍ਰਾ ਸੁਪਨਾ !' ਉਸ ਨੇ ਆਪ ਮੁਹਾਰੇ ਇਹ ਵਾਕ ਬੋਲੇ। ਇਨ੍ਹਾਂ ਵਾਕਾਂ ਨੂੰ ਸੁਣਕੇ ਉਹਦੀ ਰਾਣੀ ਜਾਗ ਪਈ। ਰਾਣੀ ਨੇ ਹੈਰਾਨੀ ਨਾਲ ਰਾਜੇ ਵਲ ਦੇਖਦਿਆਂ ਹੋਇਆਂ ਪੁਛਿਆ–'ਕੀ ਹੋਇਆ ਹੈ ? ਕਿਸ ਗਲੋਂ ਡਰ ਗਏ ?'

'ਇਕ ਬਹੁਤ ਭੈੜਾ ਸੁਪਨਾਂ ਆਇਆ ਉਸਨੇ ਡਰਾ ਦਿਤਾ।' ਰਾਜੇ ਦਾ ਉੱਤਰ ਸੀ।

'ਸੁਪਨੇ ਤੋਂ ਡਰ ਗਏ, ਕੈਸਾ ਸੁਪਨਾ ਸੀ ਉਹ ?'

'ਮੈਂ ਦਸਦਾ ਹਾਂ ! ਪਾਣੀ ਮੰਗਵਾ ਮੇਰਾ ਹਿਰਦਾ ਕੰਬ ਰਿਹਾ ਹੈ। ਮੈਨੂੰ ਅਜੇ ਤਕ ਭਰੋਸਾ ਨਹੀਂ ਆਉਂਦਾ ਕਿ ਮੈਂ ਰਾਜਾ ਹਾਂ ਛੇਤੀ ਕਰ।'

ਰਾਣੀ ਉਠੀ ਰਾਜੇ ਨੂੰ ਪਾਣੀ ਪਲਾਇਆ। ਪਾਣੀ ਪੀਣ ਪਿਛੋਂ ਰਾਜੇ ਨੇ ਰਾਣੀ ਨੂੰ ਆਪਣੇ ਸੁਪਨੇ ਦਾ ਹਾਲ ਸੁਣਾਇਆ–

'ਰਾਤੀਂ ਸੁਤੇ ਪਿਆਂ ਮੈਨੂੰ ਸੁਪਨਾ ਆਇਆ ਕਿ ਮੇਰਾ ਜਨਮ ਬਹੁਤ ਗਰੀਬ ਤੇ ਨੀਚ ਜਾਤੀ ਦੇ ਘਰਾਣੇ ਵਿਚ ਹੋਇਆ,ਜੰਮਣ ਦੇ ਕੁਝ ਚਿਰ ਪਿਛੋਂ ਤੁਰਨਫਿਰਨ ਲਗਾ, ਜਵਾਨ ਹੋਇਆ ਤੇ ਮੇਰਾ ਵਿਆਹ ਹੋ ਗਿਆ। ਬਾਲ ਬਚੇ ਹੋਏ, ਪਰ ਸਾਰੀ ਉਮਰ ਬਹੁਤ ਗਰੀਬੀ ਵਿਚ ਕਟੀ। ਇਕ ਦਿਨ ਢਿਡ ਭਰਕੇ ਖਾਣ ਨੂੰ ਮਿਲਦਾ ਸੀ ਤਾਂ ਤਿੰਨ ਦਿਨ ਭੁਖਿਆਂ ਹੀ ਬੀਤ ਜਾਂਦੇ ਸਨ। ਇਕ ਵਾਹੀ ਕਰਨ ਵਾਲੇ ਨਾਲ ਮੈਂ ਨੌਕਰੀ ਕਰਿਆ ਕਰਦਾ ਸਾਂ, ਦੇਵਨੇਤ ਨਾਲ ਮੈਂ ਬੀਮਾਰ ਪੈ ਗਿਆ, ਬਿਨਾਦਵਾਈ ਦਾਰੂ ਦੇ ਨਰਕ ਵਰਗੀ ਜ਼ਿੰਦਗੀ ਭੋਗ ਕੇ ਮਰ ਗਿਆ। ਮੈਂ ਮਰਨ ਲਗਾ ਤਾਂ ਮੇਰੀ ਵਹੁਟੀ ਬਚੇ ਅਤੇ ਮਾਈ ਬਾਪ ਰੋਣ ਲਗ ਪਏ। ਉਨ੍ਹਾਂ ਦੀਆਂਧਾਹੀਂਤੇਰੋਣ ਪਿਟਣ ਨੇ ਮੇਰੀਆਂ ਅਖਾਂ ਖੋਲ੍ਹ ਦਿਤੀਆਂ। ਮੈਂ 'ਸਤਿ ਕਰਤਾਰ ! ਸਤਿ ਕਰਤਾਰ' ਕਰਦਾ ਹੋਇਆ ਉਠ ਬੈਠਾ ਹਾਂ। ਐਸਾ ਸੁਪਨਾ ਮੈਨੂੰ ਅਗੇ ਕਦੀ ਨਹੀਂ ਆਇਆ, ਫਿਰ ਪੂਰਾ ਜੀਵਨ ਭੋਗਣਾ, ਜੰਮਣਾ, ਵਿਆਹੇ ਜਾਣਾ ਤੇ ਕਮਾਈ ਕਰਨੀ ਤੇ ਬੀਮਾਰ ਹੋਕੇ ਮਰਨਾ ਆਦਿਕ। ਕੀ ਕੌਤਕ ਹੋਇਆ ਕੁਝ ਸਮਝ ਨਹੀਂ ਆਈ ਮੇਰਾ ਹਿਰਦਾ ਕੰਬੀ ਜਾ ਰਿਹਾ ਹੈ।' 'ਧੀਰਜ ਕਰੋ ! ਐਸੇ ਸੁਪਨੇ ਆਇਆ ਹੀ ਕਰਦੇ ਹਨ,ਸੁਪਨੇ ਸਚੇ ਥੋੜੇ ਹੁੰਦੇ ਹਨ। ਸਤਿਗੁਰੂ ਜੀ ਪਾਸੋਂ ਮੈਂ ਪੁਛਾਂਗੀ ਕੀ ਕੌਤਕ ਵਰਤਿਆ ਜਾਂ

ਵਰਤੇਗਾ ।' ਰਾਣੀ ਦਾ ਉਤਰ ਸੀ ।

ਅੰਮ੍ਰਿਤ ਵੇਲੇ ਤੇ ਸਵੇਰ ਦਾ ਨਿਤਨੇਮ ਪੂਰਾ ਹੋਇਆ, ਦੁਪਹਿਰ ਦਾ ਪ੍ਰਸ਼ਾਦ ਛਕਣ ਪਿਛੋਂ ਚੋਜੀ ਪ੍ਰੀਤਮ ਸਤਿਗੁਰੂ ਜੀ ਨੇ ਰਾਜੇ ਹਰੀਸੈਨ ਨੂੰ ਕਿਹਾ, 'ਆਓ ਰਾਜਨ ! ਅਜ ਬਾਹਰ ਨੂੰ ਚਲੀਏ । ਦੂਰ ਤਕ ਤੁਸਾਂ ਨੂੰ ਸੈਲ ਕਰਾਈ ਜਾਵੇ । ਨਾਲੇ ਦੇਖ ਲਵੋਗੇ ਕਿ ਪੰਜਾਬ (ਮੈਦਾਨਾਂ) ਦੇ ਪਿੰਡ ਤੇ ਪਿੰਡਾਂ ਦੇ ਲੋਕ ਕਿੰਨੇ ਸਿਧੇ ਸਾਧੇ ਹਨ ।' ਰਾਜੇ ਨੇ ਸਤਿਗੁਰੂ ਜੀ ਦਾ ਹੁਕਮ ਨਾ ਮੋੜਿਆ, ਉਹ ਉਸੇ ਵੇਲੇ ਬਾਹਰਜਾਣ ਵਾਸਤੇ ਤਿਆਰ ਹੋ ਪਿਆ । ਸਤਿਗੁਰੂ ਜੀ ਤੇ ਰਾਜਾ ਹਰੀਸੈਨ ਘੋੜਿਆਂ ਉਤੇ ਸਵਾਰ ਸਨ । ਚਲੋ ਚਲੀ ਸਤਿਗੁਰੂ ਜੀ ਰਾਜੇ ਨੂੰ ਉਸੇ ਪਿੰਡ ਵਿਚ ਲੈ ਗਏ, ਜਿਸ ਪਿੰਡ ਰਾਜੇ ਦੇ ਜਨਮ ਲੈਣ ਦੀ ਘਟਨਾ ਵਾਪਰੀ ਸੀ ਜਿਸ ਸਮੇਂ ਪਿੰਡ ਦੇ ਲਾਗੇ ਪਹੁੰਚੇ ਤਾਂ ਪਿੰਡ ਵਾਲੇ ਰਾਜੇ ਹਰੀਸੈਣ ਨੂੰ ਦੇਖਕੇ ਹੈਰਾਨ ਹੋਏ, ਬਾਕੀ ਤਾਂ ਚੁਪ ਚਾਪ ਦੇਖਦੇ ਰਹੇ । ਰਾਜੇ ਦੀ ਰਾਜਸੀ ਸ਼ਾਨ ਨੇ ਉਨ੍ਹਾਂ ਦੇ ਮੂੰਹ ਬੰਦ ਰਖੇ ਪਰ ਜਟਾਂ ਦੇ ਦੋ ਮੁੰਡਿਆਂ ਦੇ ਦਲੇਰੀ ਕੀਤੀ । ਉਹ ਉਚੀ ਉਚੀ ਆਖਣ ਲਗ ਪਏ 'ਓਹੋ ! ਇਹ ਤਾਂ ਤੇਜੋ ਦਾ ਘਰ ਵਾਲਾ ਸੰਤੂ ਹੈ । ਕਲ ਮਰ ਗਿਆ ਅਜ ਜੀਊਂਦਾ ਹੋ ਗਿਆ, ਇਹ ਕੀ ਖੇਡ ਹੈ । ਜਾਓ ਤੇਜੋ ਨੂੰ ਦਸੋ ਆਕੇ ਦੇਖ ਲਵੇ ।' ਮੁੰਡਿਆਂ ਦੇ ਬੋਲਣ ਤੇ ਬਾਕੀ ਦਿਆਂ ਨੂੰ ਬੋਲਣ ਦਾ ਹੌਂਸਲਾ ਹੋ ਗਿਆ । ਉਹ ਜਟ ਬੋਲ ਪਿਆ, ਜਿਸ ਨਾਲ ਸੰਤੂ ਸੇਪ ਕਰਿਆ ਕਰਦਾ ਸੀ, 'ਬਿਲਕੁਲ ਸੰਤੂ ਹੈ । ਮੈਂ ਨਹੀਂ ਭੁਲ ਸਕਦਾ ਮੇਰੇ ਨਾਲ ਦਸ ਸਾਲ ਸੇਪ ਕੀਤੀ ਸੂ, ਪਰ ਇਹ ਜੀਊਂਦਾ ਕਿਵੇਂ ਹੋ ਗਿਆ ? ਰਾਜਾ ਕਿਵੇਂ ਬਣਿਆਂ ?' ਘਟ ਘਟ ਦੀ ਜਾਨਣਹਾਰ ਸਰਬ ਸ਼ਕਤੀਵਾਨ ਸਤਿਗੁਰੂ ਜੀ ਇਹ ਕੌਤਕ ਦੇਖਕੇ ਮੁਸਕਰਾਉਂਦੇ ਰਹੇ । ਪਿੰਡ ਨੂੰ ਦੇਖਕੇ ਅਤੇ ਪਿੰਡ ਵਾਲਿਆਂ ਦੀਆਂ ਗਲਾਂ ਸੁਣਕੇ ਰਾਜਾ ਹਰੀਸੈਨ ਬਹੁਤ ਹੈਰਾਨ ਸੀ । ਉਸਨੇ ਪਛਾਣ ਲਿਆ ਕਿ ਠੀਕ ਓਹੋ ਸੁਪਨੇ ਵਾਲਾ ਪਿੰਡ ਸੀ, ਓਹੋ ਹੀ ਸਾਰੇ ਲੋਕ ਸਨ ਜਿਨ੍ਹਾਂ ਨੂੰ ਉਸਨੇ ਸੁਪਨੇ ਵਿਚ ਦੇਖਿਆ ਸੀ, ਜਿਸ ਨਾਲ ਮੇਹਨਤ ਕਰਦਾ ਰਿਹਾ ਉਹ ਵੀ ਜਟ ਓਹੋ ਹੀ ਸੀ। ਰਾਜਾ ਘਾਬਰ ਗਿਆ ਉਸਨੇ ਸਤਿਗੁਰੂ ਜੀ ਵਲ ਦੇਖਿਆ, ਅਜੇ ਕੁਝ ਕਹਿਣ ਹੀ ਲਗਾ ਸੀ ਕਿ ਤੇਜੋ ਗਰੀਬਣੀ ਪਿਟਦੀ ਹੋਈ ਆ ਪੁਜੀ ਉਹਦੇ ਨਾਲ ਓਹਦੇਬਚੇ ਸਨ, ਉਹ ਦੀ ਦਸ਼ਾ ਸੁਦਾਇਣਾ ਵਰਗੀ ਸੀ ਉਸਨੇ ਆਉਂਦੀ ਨੂੰ ਪਛਾਣ ਲਿਆ

ਤੇ ਕੁਰਲਾਈ'ਮੈਨੂੰ ਤਤੀ ਨੂੰ ਵਖਤ ਪਾ ਕੇ ਕਿਧਰ ਚਲਿਆ ਗਿਓਂ। ਧੋਖਾ ਦਿਤਾ, ਬਚਿਆਂ ਨੂੰ ਕਿਵੇਂ ਪਾਲਾਂਗੀ ? ਆਪ ਤਾਂ ਰਾਜਾ ਬਣ ਬੈਠੋਂ ! ਮੇਰੇ ਮਾਲਕ ਸੰਤੂ ! ਰਤਾ ਘੋੜੇ ਤੋਂ ਉਤਰਕੇ ਮੇਰੀ ਹਾਲਤ ਤਾਂ ਦੇਖ !'

ਤੇਜੋ ਦੇ ਕੁਰਲਾਉਣ ਦੇ ਨਾਲ ਹੀ ਉਹਦੇ ਬਚੇ ਰਾਜਾ ਹਰੀਸੈਨ ਨੂੰ ਆਖਣ ਲਗੇ, 'ਬਾਪੂ! ਘਰ ਨੂੰ ਚਲ, ਮਾਂ ਰੋਈ ਜਾਂਦੀ ਹੈ !'

ਰਾਜੇ ਦਾ ਅੜਦਲੀ, ਸਤਿਗੁਰੂ ਜੀ ਦੇ ਸੇਵਕ ਹੈਰਾਨ ਸਨ ਕਿ ਕੀ ਭਾਣਾ ਵਰਤ ਰਿਹਾ ਹੈ ? ਸਤਿਗੁਰੂ ਜੀ ਮੁਸਕਰਾਈ ਗਏ। ਤੇਜੋ ਤੇ ਉਹਦਾ ਪਰਵਾਰ, ਤੇਜੋ ਦਾ ਸਸ ਸਹੁਰਾ ਸੰਤੂ (ਮਰਨ ਵਾਲੇ) ਦਾ ਮਾਂ ਬਾਪ ਵੀ ਆ ਪੁਜਾ। ਉਨ੍ਹਾਂ ਵੀ ਹਾਲ ਪਾਹਰਿਆ ਕੀਤੀ, ਜਦੋਂ ਮਾਮਲਾ ਬਹੁਤ ਵਧ ਗਿਆ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, 'ਹੇ ਨਗਰ ਵਾਸੀਓ ! ਤੁਸੀਂ ਵੀ ਸਚੇ ਜੇ ਤੇ ਰਾਜਾ ਜੀ ਵੀ ਸਚੇ ਹਨ। ਇਹ ਪੁਰਸ਼ ਠੀਕ ਰਾਜਾ ਹਰੀਸੈਨ ਮੰਡੀ ਦਾ ਰਾਜਾ ਹੈ। ਤੁਸਾਂ ਦਾ ਆਦਮੀ ਜੋ ਸੰਤੂ ਨਾਮ ਕਲ ਚਲਾਣਾ ਕਰ ਗਿਆ ਹੈ ਇਹ ਪੁਰਸ਼ ਨਹੀਂ ਸੀ ਹਾਂ ਸੂਰਤ ਮਿਲਦੀ ਹੈ ਪੂਰਬਲੇ ਜਨਮ ਤੇ ਜਨਮ ਦੀ ਲਿਖਤ ਅਨੁਸਾਰ ਰਾਜੇ ਦੀ ਰੂਹ ਸੁਪਨੇ ਦੀ ਨਿਆਂਈ ਆਈ ਸੀ, ਪ੍ਰਮਾਤਮਾ ਨੇ ਤੁਸਾਂ ਦੇ ਸੰਤੂ ਤੇ ਰਾਜਾ ਹਰੀਸੈਨ ਦੀ ਸ਼ਕਲ ਸੂਰਤ ਇਕ ਸਮਾਨ ਬਣਾਈ ਸੀ। ਕਰਤਾਰ ਦੇ ਇਸ ਭੇਤ ਨੂੰ ਆਪ ਨਹੀਂ ਸਮਝ ਸਕਦੇ। ਰਤਾ ਸੋਚੋ ! ਜਿਸ ਆਦਮੀ ਨੂੰ ਕਲ ਤੁਸਾਂ ਅਗ ਵਿਚ ਭਸਮ ਕਰ ਦਿਤਾ ਉਹ ਅਜ ਘੋੜੇ ਉਤੇ ਚੜ੍ਹਕੇ ਕਿਵੇਂ ਆ ਗਿਆ ?' ਕੀ ਅਗੇ ਕਦੀ ਇਸ ਤਰ੍ਹਾਂ ਹੋਇਆ ਹੈ ? ਜੇ ਤੁਸਾਂ ਦੇ ਸੰਤੂ ਦੀ ਰੂਹ ਨਵਾਂ ਜਨਮ ਵੀ ਲੈਂਦੀ ਤਾਂ ਅਜੇ ਕਿਸੇ ਮਾਂ ਦੀ ਕੁਖ ਵਿਚ ਹੁੰਦੀ, ਕਈਆਂ ਸਾਲਾਂ ਪਿਛੋਂ ਜਵਾਨ ਹੋਕੇ ਮਰਦ ਦੇ ਰੂਪ ਵਿਚ ਪ੍ਰਗਟ ਹੁੰਦੀ।'

ਸਤਿਗੁਰੂ ਜੀ ਦੇ ਇਨ੍ਹਾਂ ਬਚਨਾਂ ਨੇ ਪਿੰਡ ਵਾਲਿਆਂ ਤੇਜੋ, ਤੇਜੋ ਦੇ ਸਸ ਸਹੁਰੇ ਤੇ ਉਸਦੇ ਬਚਿਆਂ ਨੂੰ ਹੈਰਾਨ ਵੀ ਕੀਤਾ ਤੇ ਠੰਡਿਆਂ ਵੀ ਕੀਤਾ। ਸਾਰੇ ਸੋਚਣ ਲਗੇ ਬੰਦਿਆਂ ਵਰਗੇ ਬੰਦੇ ਹੁੰਦੇ ਹਨ, ਸ਼ਾਇਦ ਸੰਤੂ ਵਰਗੀ ਸੂਰਤ ਇਸਦੀ ਹੋਵੇ। ਸਾਰਿਆਂ ਨੇ ਖਿਮਾਂ ਮੰਗੀ ਪਰ ਰਾਜੇ ਦੀ ਆਤਮਾ ਪ੍ਰਸੰਨ ਨਾ ਹੋਈ ਉਹ ਤਾਂ ਸੋਚੀ ਜਾ ਰਿਹਾ ਸੀ ਕਿ ਸੁਪਨਾ ਸਚਾ ਹੈ। ਇਕ ਰਾਤ ਵਿਚ ਪੈਂਤੀ ਸਾਲ ਉਮਰ ਭੋਗੀ, ਇਹ ਇਸਤ੍ਰੀ ਬਚੇ ਸਭ ਉਹਦੇ ਭੇਤ

ਨੂੰ ਬਿਨਾਂ ਪ੍ਰਗਟ ਕੀਤੇ ਦੇ ਰਾਜੇ ਨੇ ਹੌਂਸਲੇ ਤੋਂ ਕੰਮ ਲਿਆ ਤੇ ਆਪਣੇ ਅੜਦਲੀ ਨੂੰ ਹੁਕਮ ਕੀਤਾ—'ਤੇਜੋ ਦੇ ਪਰਵਾਰ ਨੂੰ ਸੋਨੇ ਦੀਆਂ ਮੋਹਰਾਂ ਦੇ ਦੇਵੇ।' ਅੜਦਲੀ ਨੇ ਆਗਿਆ ਦਾ ਪਾਲਨ ਕੀਤਾ। ਸੋਨੇ ਦੀਆਂ ਮੋਹਰਾਂ ਦੇਕੇ ਉਸ ਪਿੰਡੋਂ ਮੁੜ ਆਏ। ਰਾਮਦਾਸ ਪੁਰ ਪੁਜਕੇ ਰਾਜਾ ਸਤਿਗੁਰੂ ਜੀ ਦੇ ਚਰਨੀ ਡਿਗਕੇ ਬੜੀ ਵਿਆ-ਕੁਲਤਾ ਨਾਲ ਕਹਿਣ ਲਗਾ, 'ਦਾਤਾ ! ਇਹ ਕੀ ਕੌਤਕ ਹੋਇਆ ਹੈ। ਮੈਂ ਰਾਤ ਸੁਪਨਾ ਦੇਖਿਆ ਸੀ ਜੋ ਹੁਣ ਪਿੰਡ ਵਾਲਿਆਂ ਨੇ ਕਿਹਾ ਉਸ ਸੱਚ ਸੀ ਮੈਨੂੰ ਮਰਨ ਦਾ ਤਾਂ ਪਤਾ ਨਹੀਂ, ਪਰ ਬੀਮਾਰ ਜ਼ਰੂਰ ਹੋਇਆ ਸਾਂ ਮੇਰੀ ਹੈਰਾਨੀ ਦੂਰ ਕਰੋ ਤਾ ਕਿ ਮੇਰਾ ਹਿਰਦਾ ਸ਼ਾਂਤ ਹੋਵੇ।'

ਸਤਿਗੁਰੂ ਜੀ ਬੋਲੇ, 'ਹੇ ਰਾਜਨ ! ਤੁਸਾਂ ਗੁਰਬਾਣੀ ਦੀ ਤੁਕ 'ਲੇਖ ਨਾ ਮਿਟਈ ਹੇ ਸਖੀ ਜੋ ਲਿਖਿਆ ਕਰਤਾਰ।' ਦਾ ਅਰਥ ਪੁਛਿਆ ਸੀ ਉਸ ਦਾ ਭਾਵ ਅਰਥ ਅਸਾਂ ਦੇ ਦਸਣ ਤੋਂ ਪਹਿਲਾਂ ਕਰਤਾਰ ਨੇ ਕਤਕ ਵਰਤਕੇ ਤੁਸਾਂ ਨੂੰ ਸਮਝਾ ਦਿਤਾ ਹੈ। ਸਮਝਣ ਵਿਚ ਜੋ ਘਾਟਾ ਰਹਿ ਗਿਆ ਹੈ ਸੋ ਅਸੀਂ ਸਮਝਾ ਦੇਂਦੇ ਹਾਂ ਧਿਆਨ ਪੂਰਬਕ ਸਰਵਨ ਕਰੀਏ ਬਾਣੀ ਦਾ ਪੂਰਾ ਸ਼ਬਦ ਹੈ:—

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥
ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ ॥
ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ ॥
ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ ॥
ਨਦਰਿ ਤਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥
ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰਿ ਬੀਚਾਰਿ ॥
ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ ॥
ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥ (ਦਖਣੀ ਓਅੰਕਾਰੁ ਮ: ੧)

ਹੇ ਰਾਜਨ ! ਸਤਿਗੁਰੁ (ਸ੍ਰੀ ਗੁਰੂ ਨਾਨਕ ਦੇਵ ਜੀ) ਦਸਦੇ ਹਨ ਕਿ ਲੇਖ (ਕਿਸਮਤ ਜਾਂ ਭਾਗ ਮਥੇ ਦਾ) ਜੋ ਪ੍ਰਮਾਤਮਾ ਨੇ ਲਿਖ ਦਿਤਾ ਹੈ, ਉਹ ਮਿਟ ਨਹੀਂ ਸਕਦਾ ਕਿਉਂਕਿ ਲੇਖ ਲਿਖਣ ਵਾਲੇ ਦੇ ਮੁਕਾਬਲ ਉਤੇ ਕੋਈ ਮਹਾਨ ਬਰਾਬਰ ਦੀ ਹਸਤੀ ਨਹੀ। ਇਹ ਸ਼ਕਤੀ ਪ੍ਰਮਾਤਮਾ ਨੇ ਆਪਣੇ ਹਥ ਵਿਚ ਰਖੀ ਹੈ, ਪਰ ਇਸਦਾ ਗਿਆਨ ਜੇ ਹਾਸਲ ਕਰਨਾ ਹੋਵੇ ਤਾਂ ਗੁਰੂ ਦਾ ਆਸਰਾ ਲੈਣਾ ਪੈਂਦਾ ਹੈ ਉਹਦਾ ਲਿਖਿਆ ਕੋਈ ਨਹੀਂ ਮੇਟ ਸਕਦਾ। ਹੇ ਪ੍ਰਮਾਤਮਾ ਇਕ ਤੇਰੀ ਮੇਹਰ ਹੀ

ਹੈ, ਜੇ ਉਹ ਹੋ ਜਾਵੇ ਤਾਂ ਕੁਝ ਦੁਖ ਘਟ ਜਾਂਦਾ ਹੈ। ਉਹ ਵੀ ਗਿਆਨ ਦੀ ਵਿਚਾਰ ਕਰਕੇ ਸਿਮਰਨ ਕਰਨ ਨਾਲ। ਮਨਮਤੀਏ ਪੁਰਸ਼ ਆਪ ਹੁਦਰੇ ਕੰਮਾਂ ਦੀ ਅਗ ਵਿਚ ਸੜਕੇ ਸਵਾਹ ਹੋ ਜਾਂਦੇ ਹਨ ਉਹ ਤਾਂ ਬਚ ਸਕਦੇ ਹਨ ਜੇ ਗੁਰੂ ਦੀ ਮਤ ਨੂੰ ਗ੍ਰਹਿਣ ਕਰਕੇ ਨੇਕ ਕੰਮ ਕਰਨ ਤੇ ਵਾਹਿਗੁਰੂ ਦਾ ਸਿਮਰਨ ਕਰਨ। ਮੈਂ ਉਸ ਸਤਿਗੁਰੂ ਤੋਂ ਬਲਿਹਾਰੇ ਜਾਂਦਾ ਹਾਂ ਜਿਸਨੇ ਇਹ ਸਾਰਾ ਗਿਆਨ ਬਖਸ਼ਿਆ। ਜੇ ਸਤਿਗੁਰੂ ਰੋਸ਼ਨੀ ਨਾ ਬਖਸ਼ਦਾ ਤਾਂ ਮੈਂ ਹਨੇਰੇ ਵਿਚ ਧਕੇ ਖਾਣੇ ਸਨ। ਹੇ ਰਾਜਨ ! ਤੇਰੇ ਮਥੇ ਦਾ ਲੇਖ ਸੀ ਕਿ ਤੁਸਾਂ ਕਲ ਮਰ ਜਾਣਾ ਸੀ, ਮਰਨ ਦੇ ਪਿਛੋਂ ਤੁਸਾਂ ਦੀ ਰੂਹ ਇਕ ਅਛੂਤ (ਜਿਸ ਨੂੰ ਸਮਾਜ ਗਰੀਬ ਤੇ ਨੀਚ ਸਮਝਦਾ ਹੈਂ) ਦੇ ਘਰ ਜਾ ਜਨਮ ਲੈਣਾ ਸੀ, ਉਸੇ ਅਛੂਤ ਦੇ ਜਿਸ ਪਿੰਡ ਅਜ ਗਏ ਸੀ। ਕਿਉਂਕਿ ਪਿਛਲੇ ਜਨਮ ਵਿਚ ਜਦੋਂ ਤੁਸਾਂ ਰਾਜ ਵਾਸਤੇ ਘੋਰ ਤਪਸਿਆ ਕੀਤੀ ਸੀ,ਤਦੋਂ ਤੁਸਾਂ ਨੂੰ ਹੰਕਾਰ ਹੋ ਗਿਆ ਸੀ,ਹੰਕਾਰ ਦੇ ਆਸਰੇ ਇਕ ਜੀਵ ਦੀ ਹਤਿਆ ਕਰ ਦਿਤੀ ਸੀ, ਉਸ ਜੀਵ ਨੇ ਅੰਤ ਵੇਲੇ ਸਰਾਪ ਦਿਤਾ ਸੀ ਕਿ ਚੰਡਾਲਾਂ ਦੇ ਘਰ ਤੁਸਾਂ ਦਾ ਜਨਮ ਹੋਵੇ। ਜੇ ਤੁਸੀਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਰਨ ਨਾ ਆਉਂਦੇ ਤਾਂ ਇਹ ਸਾਰਾ ਜੀਵਨ ਜੋ ਸੁਪਨੇ ਵਿਚ ਦੇਖਿਆ ਜੇ ਭੋਗਣਾ ਪੈਣਾ ਸੀ ਤੇ ਤੁਸਾਂ ਦੀ ਆਤਮਾ ਨੇ ਭਾਰੀ ਕਸ਼ਟ ਉਠਾਉਣਾ ਸੀ। ਹੁਣ ਉਹ ਸਰਾਪ ਦੂਰ ਹੋ ਗਿਆ ਹੈ। ਇਹ ਪ੍ਰਤਾਪ ਬਾਣੀ, ਜਪ ਅਤੇ ਸੰਗਤ ਸੇਵਾ ਦਾ ਹੈ। ਰਾਜੇ ਹੋਕੇ ਨਿਆਏ ਕਰੋ, ਧਰਮ ਦੀ ਰਾਖੀ ਅਤੇ ਕਰਤਾਰ ਨੂੰ ਚੇਤੇ ਰਖੋਗੇ। ਤਾਂ ਭਵਸਾਗਰ ਤੋਂ ਤਰ ਜਾਵੋਗੇ। ਰਾਜ ਤੋਂ ਨਰਕ ਮਿਲਦਾ ਹੈ ਪਰ ਜੇ ਰਾਜਾ ਸਤਿਆਵਾਦੀ ਧਰਮੀ ਪਰਜਾ ਪਾਲਕ ਹੋਵੇ ਤਾਂ ਦੇਵਤਾ ਬਣਦਾ ਹੈ।'

ਰਾਜੇ ਨੇ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ। ਸਤਿਗੁਰੂ ਜੀ ਦੇ ਚਰਨ ਕਮਲਾਂ ਉਪਰ ਮਥਾ ਟੇਕਕੇ ਨਿਹਾਲ ਹੋਇਆ। ਖੁਸ਼ੀ ਨਾਲ ਬੇਨਤੀ ਕੀਤੀ 'ਹੇ ਦਾਤਾਰ ! ਮੇਰਾ ਰਾਜ ਖਜ਼ਾਨਾ ਤੇ ਤਨ ਮਨ ਸਭ ਕੁਝ ਆਪਦਾ ਹੈ। ਮੈਂ ਚਾਹੁੰਦਾ ਹਾਂ ਰਾਜ ਕਿਰਤ ਸਫਲ ਕਰਨ ਵਾਸਤੇ ਮੈਂ ਗੁਰੂ ਘਰ ਦੀ ਸੇਵਾ ਕਰਾਂ। ਸਰੋਵਰ ਦੇ ਉਪਰਲੇ ਪੌੜ ਪਕੇ ਹੋਣ ਵਾਲੇ ਹਨ ਪੌੜਾਂ ਨੂੰ ਪਕੇ ਕਰਨ ਦੀ ਸੇਵਾ ਮੈਨੂੰ ਬਖਸ਼ੀ ਜਾਵੇ। 'ਗੁਰੂ ਘਰ ਦੀ ਸੇਵਾ ਖੁਸ਼ੀ ਨਾਲ ਕਰ ਸਕਦੇ ਹੋ।' ਸਤਿਗੁਰੂ ਜੀ

ਨੇ ਬਚਨ ਕੀਤਾ। ਰਾਜਾ ਹਰੀਸੈਨ ਗੁਰੂ ਜੀ ਦਾ ਸ਼ਰਧਾਲੂ ਸਿਖ ਬਣਕੇ ਅਤੇ ਆਪਣੇ ਕਰਮਾ ਦੀ ਰੇਖ ਨੂੰ ਬਦਲਕੇ ਪਰਵਾਰ ਸਮੇਤ ਆਪਣੇ ਰਾਜ ਮੰਡੀ ਵਲ ਚਲਿਆ ਗਿਆ। ਅੰਮ੍ਰਿਤ ਸਰੋਵਰ ਦੇ ਪੌੜਾਂ ਦੇ ਪਕਿਆਂ ਹੋਣ ਉਤੇ ਜੋ ਖਰਚ ਹੋਇਆ ਓਹ ਰਾਜੇ ਹਰੀਸੈਨ ਨੇ ਕੀਤਾ। ਦਸਵੇਂ ਪਾਤਸ਼ਾਹ ਤਕ ਇਹ ਰਾਜ-ਘਰਾਣਾ ਗੁਰੂ ਘਰ ਦਾ ਪ੍ਰੇਮੀ ਰਿਹਾ।

੨੪, ਭਾਈ ਅਜਬ ਤੇ ਅਜਾਬ ਜੀ

ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ ॥
(ਬਿਲਾਵਲੁ ਮਃ ੫)

ਸਤਿਗੁਰੂ ਦਾ ਗਿਆਨ ਪ੍ਰਗਟ ਦੀਪਕ ਹੈ, ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦਾ ਹੈ। ਗੁਰੂ ਗਿਆਨ ਦੀਪਕ ਨਾਲ ਹਿਰਦੇ ਵਿਚ ਰੋਸ਼ਨੀ ਹੋ ਜਾਂਦੀ ਹੈ। ਉਸ ਰੋਸ਼ਨੀ ਨਾਲ ਗਿਆਨ ਪਦਾਰਥ ਦੇ ਰਤਨ ਤੇ ਹੀਰੇ ਮੋਤੀ ਲਭ ਪੈਂਦੇ ਹਨ। ਸ੍ਰੀ ਅੰਮ੍ਰਿਤਸਰ (ਰਾਮਦਾਸ ਪੁਰ) ਵਿਚ ਗਿਆਨ ਤੇ ਸਤਜ ਦਾ ਸੂਰਜ ਉਦੇ ਹੋਇਆ ਸੀ। ਅਨੇਕਾਂ ਪੁਰਸ਼ ਆਉਂਦੇ ਤੇ ਰੋਸ਼ਨੀ ਹਾਸਲ ਕਰਦੇ ਸਨ। ਹਜ਼ਾਰਾ ਦੀਆਂ ਮਲੀਨ ਤੇ ਰੋਗੀ ਆਤਮਾਵਾਂ ਨੂੰ ਗਿਆਨ ਸੂਰਜ ਦੀਆਂ ਕਿਰਨਾਂ ਨਾਲ ਅਰੋਗ ਤੇ ਨਿਰਮਲ ਕੀਤਾ ਜਾਂਦਾ ਸੀ। ਡਰੌਲੀ (ਜ਼ਿਲਾ ਫੀਰੋਜ਼ ਪੁਰ) ਦੇ ਦੋ ਭਰਾ ਅਜਬ ਤੇ ਅਜਾਬ ਸਨ। ਦੋਵੇਂ ਹੀ ਸਰਵਰੀਏ ਸਨ। ਸਬਬ ਨਾਲ ਸਤਿਗੁਰੂ ਜੀ ਦੀ ਸ਼ਰਨ ਆਏ। ਇਕ ਮਨ ਹੋਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ। ਭਾਈ ਬਹਿਲੋ ਵਾਂਗ ਇਨ੍ਹਾਂ ਨੇ ਵੀ ਸਰੋਵਰ ਦੀ ਕਾਰ ਵਿਚ ਕਠਨ ਤੋਂ ਕਠਨ ਸੇਵਾ ਕੀਤੀ। ਗੁਰੂ ਕੇ ਲੰਗਰ ਵਾਸਤੇ ਜੰਗਲ ਵਿਚੋਂ ਲੱਕੜਾਂ ਲਿਆਉਂਦੇ ਰਹੇ। ਦੋਹਾਂ ਭਰਾਵਾਂ ਦੀ ਸੇਵਾ ਉਤੇ ਪ੍ਰਸੰਨ ਹੋਕੇ ਸਤਿਗੁਰੂ ਜੀ ਦਇਆ ਦੇ ਘਰ ਆਏ। ਦੋਹਾਂ ਨੂੰ ਨਾਮ ਦਾਨ ਬਖਸ਼ਿਆ। ਗੁਰਮਤਿ ਦਾ ਉਪਦੇਸ਼ ਦੇਂਦਿਆਂ ਹੋਇਆਂ ਸਤਿਗੁਰੂ ਜੀ ਨੇ ਫੁਰਮਾਇਆ— 'ਤੁਸਾਂ ਦੋਹਾਂ ਵੀਰਾ ਨੂੰ ਧਰਮ ਕੋਟ ਜ਼ੀਰਾ ਦੇ ਇਲਾਕੇ ਦੀ ਸਿਖੀ ਦਿਤੀ ਜਾਂਦੀ ਹੈ। ਗੁਰਮਤ ਦਾ ਪ੍ਰਚਾਰ ਕਰੋ। ਘਰ ਘਰ ਧਰਮਸਾਲਾ ਬਣਵਾਉਣੀ ਤੇ ਲੋਕਾਂ ਨੂੰ

ਮਨਮਤਿ ਵਲੋਂ ਮੋੜਕੇ ਗੁਰਮਤ ਦੇ ਮੰਡਲ ਅੰਦਰ ਲਿਆਉਣਾ। ਦੀਵਾਲੀ ਤੇ ਵੈਸਾਖੀ ਨੂੰ ਰਾਮਦਾਸ ਪੁਰ ਪਹੁੰਚਕੇ ਸਤਿਸੰਗਤ ਦੇ ਦਰਸ਼ਨ ਕਰਿਆ ਕਰਨੇ।'

ਦੋਵੇਂ ਭਾਈ ਇਹ ਉਪਦੇਸ਼ ਲੈਕੇ ਆਪਣੇ ਪਿੰਡ ਡਰੌਲੀ ਨੂੰ ਚਲੇ ਗਏ। ਸਾਰੀ ਉਮਰ ਗੁਰਮਤ ਦਾ ਪ੍ਰਚਾਰ ਕਰਦੇ ਰਹੇ।

੪੩.ਸ੍ਰੀ ਤਰਨਤਾਰਨ ਸਾਹਿਬ ਤੀਰਥ ਦਾ ਪ੍ਰਗਟ ਕਰਨਾ

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥ ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ॥ (ਆਸਾ ਸਲੋਕ ਮ: ੫)

ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦਖਣ ਦਿਸ਼ਾ ਵਲ ੧੨ ਮੀਲ ਦੂਰ ਸ੍ਰੀ ਤਰਨਤਾਰਨ ਸਾਹਿਬ ਨਾਮ ਦਾ ਤੀਰਥ ਤੇ ਸ਼ਹਿਰ ਹੈ। ਹਿੰਦੁਸਤਾਨ ਦੇ ਮਸ਼ਹੂਰ ਤੀਰਥਾਂ ਵਾਂਗ ਇਹ ਵੀ ਪਵਿਤ੍ਰ ਤੀਰਥ ਹੈ। ਹਰ ਮਸਿਆ ਨੂੰ ਲਖਾਂ ਦੀ ਗਿਣਤੀ ਵਿਚ ਯਾਤਰੂ ਇਸ਼ਨਾਨ ਕਰਨ ਵਾਸਤੇ ਆਉਂਦੇ ਹਨ। ਵੀਹ ਹਜ਼ਾਰ ਦੇ ਨੇੜੇ ਤੇੜੇ ਆਦਮ ਗਿਣਤੀ ਹੈ। ਇਸ ਤੀਰਥ ਨੂੰ ਵੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪ੍ਰਗਟ ਕੀਤਾ ਸੀ ਜਿਸ ਦੀ ਵਚਿੱਤ੍ਰ ਕਥਾ ਇਉਂ ਹੈ—੧੬੪੭ ਬਿ: ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਾਝੇ ਦੇ ਨਗਰਾਂ ਵਿਚ ਧਰਮ ਪ੍ਰਚਾਰ ਵਾਸਤੇ ਗਏ। ਕੁਝ ਪ੍ਰਿਥੀਏ ਦੀ ਨਿਤ ਦੀ ਈਰਖਾ ਕਾਰਨ ਵੀ ਸਾਹਿਬਾਂ ਨੂੰ ਜਾਣਾ ਪਿਆ। ਵਡਾਲੀ (ਹੁਣ ਵਡਾਲੀਗੁਰੂ) ਤੋਂ ਹੋਕੇ ਬਾਬਾ ਬੁਢਾਜੀਦੀਬੀੜਨੂੰ ਚਲੇ, ਠਠਗੜ੍ਹਵਿਚਭਾਈ ਸਿਧ ਜੀ ਮਿਲੇ, ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਤੋਕੜ ਮਝਾਂ ਦਾ ਦੁਧ ਪਿਆਇਆ। ਓਹ ਸੇਵਾ ਕਰਕੇ ਐਸਾ ਨਿਹਾਲ ਹੋਇਆ ਕਿ ਹੁਣ ਤਕ ਬਾਬੇ ਸਿਧ ਜੀਦੇ ਅਸਥਾਨ ਨੂੰ ਪੂਜਿਆ ਜਾ ਰਿਹਾ ਹੈ। ਸਾਲ ਦੇ ਸਾਲ ਮੇਲਾ ਵੀ ਲਗਦਾ ਹੈ। ਬਾਬਾ ਬੁਢਾ ਜੀ ਪਾਸੋਂ ਹੋਕੇ ਓਹਨਾਂ ਨੂੰ ਸਾਥ ਲੈਕੇ ਸਤਿਗੁਰੂ ਜੀ ਉਸ ਅਸਥਾਨ ਉਤੇ ਪੁਜੇ ਜਿਥੇ ਅਜ ਸ੍ਰੀ ਤਰਨ ਤਾਰਨ ਸਾਹਿਬ ਗੁਰਦੁਵਾਰੇ ਦਾ ਗੁਰਦੁਵਾਰਾ ਪ੍ਰਕਾਸ਼ ਅਸਥਾਨ ਹੈ ਲਾਗੇ ਚੌੜਾ ਸਰੋਵਰ ਹੈ। ਤਰਨ ਤਾਰਨ ਦੇ ਵਰਤਮਾਨ ਸਰੋਵਰ ਵਾਲੀ ਥਾਂ ਤੇ ਇਕ ਛਪੜੀ ਹੁੰਦੀ ਸੀ ਜੋ ਵਾਹਵਾ ਚੌੜੀ ਤੇ ਡੂੰਘੀ ਸੀ, ਉਸ ਦੇ ਚਾਰ ਚੌਫੇਰੇ ਦਰਖਤ ਹੀ ਦਰਖਤ ਸਨ। ਇਸ ਛੋਟੇ ਜਹੇ ਬਨ ਵਿਚ ਕੁਸ਼ਟੀ (ਕੋੜ੍ਹੀ) ਰਹਿੰਦੇ ਸਨ

ਇਹ ਵੀ ਦਸਿਆ ਜਾਂਦਾ ਹੈ ਕਿ ਕਿਸੇ ਕੋੜ੍ਹੀ ਨੂੰ ਕਿਸੇ ਮਹਾਤਮਾ ਨੇ ਕਿਹਾ ਸੀ ਕਿ ਜੇ ਕੋੜ੍ਹੀ ਛਪੜੀ ਵਿਚ ਇਸ਼ਨਾਨ ਕਰਿਆ ਕਰੇ ਤਾਂ ਉਹਦਾ ਕੋੜ੍ਹ ਦੂਰ ਹੋ ਸਕਦਾ ਹੈ। ਉਸ ਕੋੜ੍ਹੀ ਨੇ ਏਸੇ ਤਰਾਂ ਕੀਤਾ। ਉਹ ਰਾਜੀ ਹੋ ਗਿਆਂ ਤਾਂ ਉਸ ਨੇ ਹੋਰ ਕੋੜ੍ਹੀਆਂ ਨੂੰ ਦਸਿਆ ਬਹੁਤ ਸਾਰੇ ਕੋੜ੍ਹੀ ਛਪੜੀ ਕਿਨਾਰੇ ਆ ਕੇ ਰਹਿਣ ਹੀ ਲਗ ਪਏ। ਸਤਿਗੁਰੂ ਜੀ ਜਦੋਂ ਪਹੁੰਚੇ ਤਾਂ ਉਨ੍ਹਾਂ ਨੇ ਆਪਣੀ ਆਤਮਿਕ ਸ਼ਕਤੀ ਨਾਲ ਜਾਚਿਆ ਕਿ ਇਹ ਅਸਥਾਨ ਰੋਗੀਆਂ ਦੇ ਰੋਗ ਦੂਰਨ ਕਰਨ ਅਤੇ ਕਲਜੁਗ ਦੇ ਜੀਵਾਂ ਨੂੰ ਭਵ ਸਾਗਰ ਤੋਂ ਤਾਰਨ ਵਾਸਤੇ ਸ਼ੁਭ ਹੈ ਤਾਂ ਸਾਹਿਬਾਂ ਨੇ ਸਿਖਾਂ ਸੇਵਕਾਂ ਅਗੇ ਇਉਂ ਵਿਚਾਰ ਪ੍ਰਗਟ ਕੀਤੀ—'ਜੇਕਰ ਇਹ ਜੂਹ ਮਿਲ ਜਾਵੇ ਤਾਂ ਇਹ ਥਾਂ ਸ਼ਹਿਰ ਵਸਾਇਆ ਜਾਵੇ। ਇਕ ਚੌੜਾ ਸਰੋਵਰ ਪੁਟਿਆ ਜਾਵੇ, ਇਹ ਅਸਥਾਨ ਬਰਕਤ ਵਾਲਾ ਹੈ ਇੰਞ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਮਹਾਂ ਪੁਰਖ ਨੇ ਏਥੇ ਘੋਰ ਤਪਸਿਆ ਕੀਤੀ ਤੇ ਭਜਨ ਬੰਦਗੀ ਕੀਤੀ ਹੈ।' ਸਤਿਗੁਰੂ ਜੀ ਦੇ ਇਹਨਾ ਵਿਚਾਰਾਂ ਨੂੰ ਜਦੋਂ ਸਿਖ ਸੰਗਤਾਂ ਨੇ ਸੁਣਿਆਂ ਤਾਂ ਬਾਬਾ ਬੁਢਾ ਜੀ ਕਹਿਣ ਲਗੇ—'ਮਹਾਰਾਜ! ਇਹ ਜੂਹ ਨੂਰ ਦੀ, ਖਾਰਾ ਤੇ ਪਲਾਸੌਰ ਨਗਰਾਂ ਦੀ ਸਾਂਝੀ ਹੈ। ਤਿੰਨਾਂ ਪਿੰਡਾਂ ਦੇ ਚੌਧਰੀ ਸਦਕੇ ਪੁਛ ਲਿਆ ਜਾਵੇ।'

ਤਿੰਨਾਂ ਸਿਖਾਂ ਨੂੰ ਤਿੰਨਾਂ ਹੀ ਪਿੰਡਾਂ ਵਲ ਸਤਿਗੁਰੂ ਜੀ ਨੇ ਤੋਰਿਆ ਸਿਖ ਤਿੰਨਾਂ ਪਿੰਡਾਂ ਦ ਚੌਧਰੀਆਂ ਨੂੰ ਸਦ ਲਿਆਏ। ਜਦ ਸਤਿਗੁਰੂ ਜੀ ਨੇ ਚੌਧਰੀਆਂ ਨੂੰ ਪੁਛਿਆ—'ਇਹ ਜੂਹ ਗੁਰੂ ਘਰ ਨੂੰ ਅਰਪਣ ਕਰ ਦਿਓ।' ਤਾਂ ਉਨ੍ਹਾਂ ਚੌਧਰੀਆਂ ਉਤਰ ਦਿਤਾ—'ਜੂਹ ਮੁਲ ਮਿਲ ਸਕਦੀ ਹੈ।' ਮਾਇਆ ਸਤਿਗੁਰੂ ਜੀ ਚਰਨਾਂ ਦੀ ਦਾਸੀ ਸੀ ਉਹ ਤਾਂ ਇਸਤ੍ਰੀ ਰੂਪ ਧਾਰਨ ਕਰਕੇ ਗੁਰੂ ਘਰ ਦੀ ਸੇਵਾ ਕਰਿਆ ਕਰਦੀ ਸੀ। ਸਾਹਿਬਾਂ ਨੇ ਮੁਲ ਦੇਣੋਂ ਨਾਂਹ ਨਾ ਕੀਤੀ ਅਠਾਰਾਂ ਸੌ ਵਿਘੇ ਜ਼ਮੀਨ ਦਾ ਸੌਦਾ ਕਰ ਲਿਆ। ਕਰਤਾ ਪੁਰਖ (ਕਰਤਾਰ) ਦਾ ਆਸਰਾ ਲੈਕੇ ੧੦ ਭਾਦਰੋਂ ੧੬੪੭ ਬਿ: ਨੂੰ ਮਸਿਆ ਵਾਲੇ ਦਿਨ ਆਪਣੇ ਕਰ ਕਮਲਾਂ (ਹਥਾਂ) ਨਾਲ ਸਰੋਵਰ ਦਾ ਟੱਪ ਲਾਇਆ। ਵਿਉਂਤ ਇਹ ਸੋਚੀ ਕਿ ਸਰੋਵਰ ੪੮ ਵਿਘੇ ਜ਼ਮੀਨ ਵਿਚ ਹੋਵੇ। ਟਪ ਲਾਕੇ ਤੇ ਕਾਰ ਸੇਵਾ ਸ਼ੁਰੂ ਕਰਕੇ ਸਤਿਗੁਰੂ ਜੀ ਤਾਂ ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ) ਮੁੜ ਆਏ ਪਰ ਸਿੱਖ ਸੰਗਤਾਂ ਸਰੋਵਰ ਦੀ ਪੁਟਾਈ ਕਰੀ

ਗਈਆਂ। ਛੇ ਸਾਲ ਤਕ ਪੁਟਾਈ ਹੁੰਦੀ ਰਹੀ। ੯੯੯ ਫੁਟ ਲੰਮਾ ਤੇ ੯੯੦ ਫੁਟ ਚੌੜਾ ਸਰੋਵਰ ਪੁਟਿਆ ਗਿਆ। ਕੱਚੇ ਸਰੋਵਰ ਦੀ ਪੁਟਾਈ ਦੇ ਪੂਰਨ ਹੋਣ ਦੀ ਖਬਰ ਸਤਿਗੁਰੂ ਜੀ ਨੂੰ ਮਿਲੀ ਤਾਂ ਸਤਿਗੁਰੂ ਜੀ ਤਰਨ ਤਾਰਨ ਆਪ ਆਏ। ਚੇਤ ਦੀ ਮਸਿਆ ਸੰਮਤ ੧੬੫੩ ਬਿ: ਵਿਚ ਸਤਿਗੁਰੂ ਜੀ ਨੇ ਸਰੋਵਰ ਨੂੰ ਪਕਿਆਂ ਕਰਨ ਦੀ ਨੀਂਹ (ਇਟ) ਰਖੀ। ਇਸ ਸੁਨਹਿਰੀ ਸਮੇਂ ਉਤੇ ਦੂਰ ਦੂਰ ਤੋਂ ਸਿਖ ਸੰਗਤਾਂ ਨੂੰ ਸਦਿਆ। ਯਗ ਕੀਤਾ ਤੇ ਅਕਾਲ ਪੁਰਖ ਅਗੇ ਅਰਦਾਸ ਬੇਨਤੀਆਂ ਕੀਤੀਆਂ ਗਈਆਂ। ਸਰੋਵਰ ਨੂੰ ਪਕਿਆਂ ਕਰਨ ਵਾਸਤੇ ਆਵੇ ਚੜ੍ਹਾਏ ਗਏ। ਜਦੋਂ ਪਕ ਕੇ ਇਟਾਂ ਤਿਆਰ ਹੋਈਆਂ ਤਾਂ ਨੂਰਦੀਨ ਦੇ ਪੁਤ੍ਰ ਉਮਰਦੀਨ ਨੇ ਮਲੋ ਮਲੀ ਸਾਰੀਆਂ ਇਟਾਂ ਆਪਣੇ ਮਕਾਨਾਂ ਨੂੰ ਲਾ ਲਈਆਂ, ਓਹ ਉਸ ਵੇਲੇ ਹਕੂਮਤ ਦਾ ਇਕ ਪੁਰਜਾ ਸੀ। ਉਮਰ ਦੀਨ ਦਾ ਧਕਾ ਤੇ ਜ਼ੁਲਮ ਦੇਖਕੇ ਸਿਖਾਂ ਨੇ ਸਤਿ-ਗੁਰੂ ਜੀ ਅਗੇ ਬੇਨਤੀ ਕੀਤੀ। ਸਾਹਿਬਾਂ ਨੇ ਬਚਨਕੀਤਾ, 'ਨਿਰਵੈਰਾਂ ਨਾਲ ਜੋ ਵੈਰ ਕਰਦਾ ਹੈ ਪ੍ਰਮਾਤਮਾ ਉਸ ਨੂੰ ਇਕ ਦਿਨ ਜ਼ਰੂਰ ਸਿਖਿਆ ਦੇਂਦਾ ਹੈ। ਚਿੰਤਾ ਨਾ ਕਰੋ, ਹੋਰ ਆਵੇ ਪਕਾਵੋ। ਕਰਤਾਰ ਮੇਹਰ ਕਰੇਗਾ। ਸਰੋਵਰ ਦੀਆਂ ਇਟਾਂ ਸਰੋਵਰ ਨੂੰ ਲਗਣਗੀਆਂ।' ਸਤਿਗੁਰੂ ਜੀ ਦਾ ਇਹ ਬਚਨ ਸਤ ਹੋਇਆ ੧੮੩੨ ਬਿ: ਨੂੰ ਸਿੰਘਾਂ ਉਮਰ ਦੀਨ ਦੇ ਮਕਾਨ ਢਾਹਕੇ ਓਹ ਇਟਾਂ ਏਸੇ ਸਰੋਵਰ ਨੂੰ ਲਾਈਆਂ। ਵਰਤਮਾਨ ਗੁਰਦੁਵਾਰੇ ਦੀ ਨੀਂਹ ਸਤਿਗੁਰੂ ਜੀ ਨੇ ਆਪ ਰਖੀ, ਪਰ ਮੁਕੰਮਲ ਗੁਰਦੁਵਾਰਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਬਣਿਆ। ਜੋ ਸੰਮਤ ੧੮੮੨ ਬਿ: ਨੂੰ ਕੌਰ ਨੌਨਿਹਾਲ ਸਿੰਘ ਜੀ ਨੇ ਲਖਾਂ ਰੁਪੇ ਖਰਚਕੇ ਸੇਵਾ ਕੀਤੀ ਤੇ ਪ੍ਰਕ-ਰਮਾ ਪਕੀ ਬਣਾਈ ਸੀ। ਉਤਰੀ ਹਿੰਦ ਵਿਚ ਸਭ ਤੋਂ ਵਡਾ ਤੀਰਥ, ਬਹੁਤੀ ਭੀੜ ਵਾਲਾ ਮੇਲਾ ਅਤੇ ਸਾਰੇ ਕਸਬਿਆਂ ਨਾਲੋਂ ਵਡਾ ਰੌਣਕ ਵਾਲਾ ਕਸਬਾ ਹੈ। ਚੇਤ ਦੀ ਤੇ ਭਾਦਰੋਂ ਦੀ ਮਸਿਆ ਸਮੇਂ ਬਹੁਤ ਭੀੜ ਹੁੰਦੀ ਹੈ। 'ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ! ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ' ਦੇ ਪਵਿਤ੍ਰ ਵਾਕਾਂ ਨਾਲ ਸੈਂਕੜੇ ਮੁਰਬਾ ਮੀਲ ਧਰਤੀ ਗੂੰਜ ਉੱਠਦੀ ਹੈ। ਸੈਂਕੜੇ ਕਲਜੁਗੀ ਜੀਵਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਜੋਹੜੇ ਰੋਗੀ ਪੁਰਸ਼ ਸ਼ਰਧਾ ਨਾਲ ਬਾਰ੍ਹਾਂ ਮਸਿਆ ਲਗਾਤਾਰ ਇਸ਼ਨਾਨ ਕਰਦੇ ਹਨ ਓਹਨਾਂ ਦੇ ਰੋਗ ਦੂਰ ਹੋ ਜਾਂਦੇ ਹਨ।

੪੪. ਭਾਈ ਬੁਧੂ ਜੀ ਦਾ ਕੱਚਾ ਆਵਾ

ਸੰਮਤ ੧੬੪੭ ਬਿ: ਦਾ ਸਾਰਾ ਸਾਲ ਸਤਿਗੁਰੂ ਜੀ ਨੇ ਪ੍ਰਚਾਰਾਂ ਦੌਰਿਆਂ ਵਿਚ ਬਤੀਤ ਕੀਤਾ। ਪਹਿਲਾਂ ਦੁਆਬੇ ਨੂੰ ਗਏ ਜਿਥੇ ਕਿ ਆਪ ਨੇ ਦੂਸਰੀ ਸ਼ਾਦੀ ਫਲੌਰ ਪਰਗਣੇ ਦੇ ਪਿੰਡ ਮਊ ਦੇ ਵਸਨੀਕ ਸੰਗਤ ਰਾਇ ਸੇਖੜੀ ਖਤ੍ਰੀ ਦੀ ਸਪੁਤ੍ਰੀ ਗੰਗਾ ਦੇਵੀ ਨਾਲ ਕੀਤੀ । ੨੨ ਹਾੜ ਨੂੰ ਸ਼ਾਦੀ ਹੋਈ। ਓਧਰੋਂ ਵਾਪਸ ਆਕੇ ਝਬਾਲ ਪਰਗਣੇ ਦਾ ਦੌਰਾ ਕੀਤਾ। ਸੰਮਤ ੧੬੪੮ ਦੇ ਮਧ ਵਿਚ ਲਾਹੌਰ ਦੀ ਸੰਗਤ ਨੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਲਾਹੌਰ ਚਲਣ । ਲਾਹੌਰ ਦੇ ਸ਼ਰਧਾਲੂ ਸਿਖ ਸਤਿਗੁਰੂ ਜੀਦੀ ਸੇਵਾ ਕਰਨਾ ਚਾਹੁੰਦੇ ਹਨ। ਦਰਸ਼ਨਾਂ ਦੀ ਭੁਖੀ ਸੰਗਤ ਤੜਪ ਰਹੀ ਸੀ। ਉਹ ਸਮੇਂ ਆਵਾ ਜਾਈਦਾ ਸੌਖਾ ਵਸੀਲਾ ਕੋਈ ਨਹੀਂ ਸੀ। ਪੈਦਲ ਤੇ ਘੋੜਿਆਂ ਉਤੇ ਲੰਮਾ ਸਫਰ ਕੀਤਾ ਜਾਂਦਾ ਸੀ। ਇਸ ਕਰਕੇ ਬਹੁਤੀ ਸੰਗਤ ਸਤਿਗੁਰੂ ਜੀ ਦੇ ਦਰਬਾਰ ਨਹੀਂ ਸੀ ਪੁਜ ਸਕਦੀ। ਲਾਹੌਰ ਦੀਆਂ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਸਾਹਿਬ ਲਾਹੌਰ ਨੂੰ ਗਏ। ਰਾਹ ਵਿਚ ਕਈ ਪੜਾਅ ਕੀਤੇ। ਹਰ ਪੜਾਅ ਉਤੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਗੁਰਮਤਿ ਦਾ ਉਪਦੇਸ਼ ਕੀਤਾ। ਹੌਲ਼ੀ ਹੌਲੀ ਸਾਹਿਬ ਲਾਹੌਰ ਪਹੁੰਚ ਗਏ।

ਸਤਿਗੁਰੂ ਜੀ ਦੇ ਲਾਹੌਰ ਪੁਜਣ ਤੇ ਗੁਰੂ ਘਰ ਦੇ ਸ਼ਰਧਾਲੂ ਹਿੰਦੂ ਲੋਕਾਂ ਅਤੇ ਮੁਸਲਮਾਨ ਫਕੀਰਾਂ ਨੇ ਸਤਿਗੁਰੂ ਜੀ ਦਾ ਬਹੁਤ ਚੰਗਾ ਸ੍ਵਾਗਤ ਕੀਤਾ। ਸੂਫੀ ਫਕੀਰ ਸਤਿਗੁਰੂ ਜੀਦੇ ਦਰਸ਼ਨ ਕਰਨ ਵਾਸਤੇ ਆਏ। ਆਤਮਿਕ ਤੇ ਰਬੀ ਮੰਡਲਾਂ ਉਤੇ ਗਿਆਨ ਚਰਚਾ ਹੁੰਦੀ ਰਹੀ। ਆਮ ਲੋਕ ਦਰਸ਼ਨ ਕਰ ਕਰਕੇ ਨਿਹਾਲ ਹੁੰਦੇ ਰਹੇ।

ਸਾਰਧਾਲੂ ਸਿਖ ਸਤਿਗੁਰੂ ਜੀ ਨੂੰ ਵਰਜ ਕ ਪ੍ਰਸ਼ਾਦ ਛਕਾਉਣ ਲਗੇ। ਘਰ ਪ੍ਰਸ਼ਾਦ ਛਕਾ ਕੇ ਸਿਖ ਸਤਿਗੁਰਾਂ ਪਾਸੋਂ ਸੁਖ, ਸ਼ਾਂਤੀ, ਅਰੋਗਤਾ ਤੇ ਆਰਥਿਕ ਖੁਸ਼ਹਾਲੀ ਵਾਸਤੇ ਅਰਦਾਸੇ ਕਰਵਾਉਂਦੇ। ਸਤਿਗੁਰਾਂ ਦੀ ਕੀਤੀ ਹੋਈ ਅਰਦਾਸ ਬਿਰਥਾ ਨਹੀਂ ਸੀ ਜਾਂਦੀ ਕਿਉਂਕਿ ਸਤਿਗੁਰੂ ਜੀ ਵੀ ਪਰਮੇਸ਼ਰ ਦਾ ਰੂਪ ਸਨ।

ਭਾਈ ਬੁਧੂ ਘੁਮਿਆਰ (ਪਰਜਾਪਤ) ਲਾਹੌਰ ਵਿਚ ਗੁਰੂ ਘਰ ਦਾ ਸ਼ਰ-ਧਾਲੂ ਸਿਖ ਸੀ ਉਹ ਆਵੇ ਪਾਇਆ ਕਰਦਾ ਸੀ। ਤਿੰਨ ਸਾਲ ਤੋਂ ਉਹਦੇ ਆਵੇ ਜਾਂ ਪਿਲੇ ਰਹਿੰਦੇ ਜਾਂ ਇਟ ਨਾ ਵਿਕਦੀ। ਉਹਨੂੰ ਘਾਟੇ ਉਤੇ ਘਾਟਾ ਪੈਂਦਾ ਜਾਂਦਾ। ਸਤਿਗੁਰੂ ਜੀ ਲਾਹੌਰ ਆਏ ਦੇਖ ਸੁਣਕੇ ਉਸ ਨੇ ਵੀ ਆਪਣੇ ਪਰਵਾਰ ਨਾਲ ਸਲਾਹ ਕੀਤੀ ਕਿ ਸਤਿਗੁਰੂ ਜੀ ਤੇ ਸਿਖਾਂ ਨੂੰ ਪ੍ਰਸ਼ਾਦ ਛਕਾਇਆ ਜਾਵੇ। ਸਤਿਗੁਰੂ ਜੀ ਦੇ ਸਾਥ ਦੋ ਢਾਈ ਸੌ ਸਿਖ ਪ੍ਰਸ਼ਾਦ ਛਕਣ ਵਾਲਾ ਸਹਿਜੇਹੀਇਕਠਾ ਹੋ ਜਾਂਦਾ ਸੀ। ਉਸ ਸਮੇਂ ਅੰਨ ਮਿਠਾ ਭਾਵੇ ਸਸਤਾ ਸੀ ਪਰ ਉੱਨੇ ਹੀ ਪੈਸੇ ਘਟ ਸਨ। ਫਿਰ ਵੀ ਅਜ ਨਾਲੋਂ ਲੋਕਾਂ ਦੀ ਆਰਥਿਕ ਦਸ਼ਾ ਬਹੁਤ ਚੰਗੀ ਸੀ ਕਿਉਂਕਿ ਘਿਓ ਮਿਠਾ ਚਾਵਲ ਤੇ ਆਟਾ ਬਹੁਤ ਸਸਤੇ ਸਨ। ਲੋਕ ਨੇਕ ਤੇ ਮਿਲਾਪੜੇਸਨ। ਹਰ ਕੋਈ ਗਵਾਂਢੀ ਦੀ ਸਹਾਇਤਾ ਕਰਦਾ ਸੀ। ਇਕ ਦੋ ਘਰ ਸਵਾਰਥ ਹੋਵੇ ਤਾਂ ਮਜ਼ਦੂਰਾਂ ਦੀ ਲੋੜ ਨਹੀਂ ਸੀ ਪੈਂਦੀ ਭਰਾ ਭਰਾਵਾਂ ਦੇ ਕੰਮਾਂ ਵਿਚ ਸਹਾਇਤਾ ਕਰਦੇ ਸਨ। ਭਾਈ ਬੁਧੂ ਨੇ ਆਪਣੇ ਸ਼ਰੀਕੇ ਤੇ ਮਹਲੇ ਦੇ ਭਰਾਵਾਂ ਨਾਲ ਸਲਾਹ ਕੀਤੀ, ਸਭ ਨੇ ਖੁਸ਼ੀ ਪ੍ਰਗਟ ਕੀਤੀ, ਸਤਿਗੁਰੂ ਜੀ ਨੂੰ ਪ੍ਰਸ਼ਾਦ ਛਕਾਉਂਣ ਦਾ ਪਕਾ ਫੈਸਲਾ ਹੋ ਗਿਆ। ਭਾਈ ਬੁਧੂ ਘਰ ਵਿਚ ਫੈਸਲਾ ਕਰਕੇ ਸਤਿਗੁਰੂ ਜੀ ਦੇ ਪਾਸ ਪੁਜਾ, ਚਰਨਾਂ ਉਪਰ ਮਥਾ ਟੇਕਕੇ ਬੇਨਤੀ ਕੀਤੀ, 'ਹੇ ਦਾਤਾ! ਗਰੀਬ ਸਿਖ ਦੇ ਘਰ ਚਰਨ ਪਾਓ ਤਾਂ ਕਿ ਘਰ ਦਾ ਵਾਯੂ ਮੰਡਲ ਪਵਿਤ੍ਰ ਹੋ ਜਾਵੇ। ਸਵੇਰ ਦਾ ਪ੍ਰਸ਼ਾਦ ਗਰੀਬ ਦੇ ਘਰ ਛਕਣ ਦੀ ਕ੍ਰਿਪਾਲਤਾ ਕਰੋ।'

'ਭਾਈ ਬੁਧੂ! ਅਸੀਂ ਪ੍ਰੇਮ ਤੇ ਸ਼ਰਧਾ ਦੀ ਡੋਰ ਨਾਲ ਬਝੇ ਹੋਏ ਹਾਂ, ਉਹ ਡੋਰ ਕਰਤਾਰ ਦੇ ਹਥ ਹੈ ਜਿਧਰ ਕਰਤਾਰ ਖਿਚਦਾ ਹੈ ਉਧਰ ਹੀ ਮੁੜਦੇ ਹਾਂ। ਜੇ ਕਰਤਾਰ ਦੀ ਇਛਾ ਹੈ ਤਾਂ ਪ੍ਰਸ਼ਾਦ ਤਿਆਰ ਕਰ ਅਸੀਂ ਸਿਖਾਂਸਮੇਤਜ਼ਰੂਰਚਲਾਂਗੇ, ਸਿਖ ਦਾ ਘਰ ਗੁਰੂ ਦਾ ਘਰ ਹੈ ਤੇ ਗੁਰੂ ਦਾ ਘਰ ਸਿਖ ਦਾ ਘਰ ਹੈ। ਖੇਡ ਹੈ ਭਾਣੇ ਦੀ ਕਰਤਾਰ ਦੇ ਮਨ ਦੀ ਮੌਜ ਦੀ ਸਾਧ ਸੰਤ ਦੀ ਸੇਵਾ ਕਰਨੀ ਇਹ ਵੀ ਪੂਰਬਲੇ ਚੰਗੇ ਕਰਮਾਂ ਦਾ ਫਲ ਹੈ ਜੋ ਕਿਸੇ ਭਾਗਾਂ ਵਾਲੇ ਨੂੰ ਨਸੀਬ ਹੁੰਦਾਹੈ। ਸਾਧ ਸੰਗਤ ਕਪਲਾ ਗਊ ਦੇ ਸਮਾਨ ਹੈ 'ਜੋ ਇਛੀਏ ਸੋਈ ਫਲ ਪਾਈਦਾਹੈ।' ਸਾਹਿਬਾਂ ਨੇ ਬਾਣੀ ਰਾਹੀਂ ਫੁਰਮਾਇਆ:—

ਜਾਕੈ ਮਸਤਕਿ ਭਾਗ ਸਿ ਸੇਵਾ ਲਾਇਆ ॥
ਤਾਕੀ ਪੂਰਨ ਆਸ ਜਿਨ ਸਾਧ ਸੰਗੁ ਪਾਇਆ ॥
ਸਾਧ ਸੰਗਿ ਹਰਿਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥
ਭਰਮੁ ਮੋਹ ਵਿਕਾਰ ਦੂਜਾ ਸਗਲ ਤਿਨਹਿ ਤਿਆਗਿਆ ॥
ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾਕੈ ਮਸਤਕਿ ਭਾਗਿ ਸਿ ਸੇਵਾ ਲਾਇਆ ॥ ੪ ॥
(ਆਸਾ ਮਃ ੫)

ਤਿਸਦਾ ਪ੍ਰਮਾਰਥ—ਸਾਧ ਸੰਗਤ ਦੀ ਸੇਵਾ ਓਹੋ ਕਰ ਸਕਦਾ ਹੈ ਜਿਸਦੇ ਮਥੇ ਉਤੇ ਪ੍ਰਮਾਤਮਾ ਨੇ ਪਹਿਲਾਂ ਲਿਖ ਦਿਤਾ ਹੋਵੇ, ਜੇਹੜਾ ਸੇਵਾ ਕਰਦਾ ਹੈ ਉਸ ਦੀਆਂ ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ। ਸਾਧ ਸੰਗਤ ਕੀ ਹੈ ? ਪ੍ਰਮਾ-ਤਮਾਦੀਸ਼ਕਤੀਦਾਇਕਠ, ਪ੍ਰਮਾਤਮ ਪ੍ਰੇਮ ਦਾ ਕੇਂਦਰ, ਜੋ ਸੇਵਾ ਕਰਦਾ ਤੇ ਸਾਧ ਸੰਗਤ ਵਿਚ ਬੈਠਦਾ ਹੈ ਉਹ ਪ੍ਰਮਾਤਮਾ ਦੇ ਪਰੇਮਨਾਲ ਰੰਗਿਆ ਜਾਂਦਾ ਹੈ। ਉਹਦੇ ਮਨ ਉਤੋਂ ਭਰਮ ਤੇ ਮੋਹ ਦੂਰ ਹੋ ਜਾਂਦਾ ਹੈ। ਸਾਰੇ ਮਾੜੇ ਕਰਮਾ ਦਾ ਵਿਚਾਰ ਖਤਮਹੋ ਜਾਂਦਾ ਹੈ। ਚੰਗਾ ਗਿਆਨ ਹਾਸਲ ਹੁੰਦਾ ਹੈ। ਜਦੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਤੇ ਪ੍ਰਭੂ ਨਾਲ ਪ੍ਰੀਤ ਹੋ ਗਈ ਤਾਂ ਮਨ ਨੂੰ ਸ਼ਾਂਤੀ ਆ ਗਈ। ਸ਼ਾਂਤੀ ਮਨ ਖੁਸ਼ੀ ਤੇ ਅਨੰਦ ਦੇ ਮੰਗਲ ਗਾਉਣ ਲਗਾ। ਸਤਿਗੁਰੂ ਜੀ ਕਹਿੰਦੇ ਹਨ ਕਿ ਜਿਸ ਦੇ ਮਸ-ਕਤ ਵਿਚ ਚੰਗ ਭਾਗ ਲਿਖੇ ਹਨ, ਓਹੋ ਹੀ ਸਾਧ ਸੰਗਤ ਦੀ ਸੇਵਾ ਕਰਦੇ ਹਨ। ਸੋ ਭਾਈ ਬੁਧੂ ਤੇਰੇ ਭਾਗ ਚੰਗੇ ਹਨ ਜੋ ਤੇਰੇ ਹਿਰਦੇ ਵਿਚ ਇਹ ਸੇਵਾ ਕਰਨ ਦਾ ਉਤਸ਼ਾਹ ਉਤਪਨ ਹੋਇਆ ਹੈ।'

ਭਾਈ ਬੁਧੂ ਘਰ ਆਇਆ ਖੁਸ਼ੀ ੨ ਸੇਵਾ ਕਰਨ ਲਗਾ। ਦੇਗੇ ਚਾੜ੍ਹ ਦਿਤੇ। ਲੋਹ ਗਡ ਦਿਤੀ। ਕੜਾਹੇ ਤਿਆਰ ਹੋ ਗਏ। ਬਰਤਨ ਬਰਾਦਰੀ ਵਿਚੋਂ ਇਕੱਠੇ ਕੀਤੇ ਗਏ। ਸਾਰਾ ਪ੍ਰਬੰਧ ਕਰਕੇ ਸਤਿਗੁਰੂ ਜੀ ਨੂੰ ਸੱਦ ਕੇ ਘਰ ਲੈ ਆਂਦਾ।

ਚਿਟੇ ਲੀੜੇ ਵਛਾਕੇ ਪੰਗਤਾਂ ਵਿਚ ਸਿੱਖ ਬਰਾਜਮਾਨ ਹੋ ਗਏ। ਜਿੰਨੇ ਕੁ ਸਿੱਖਾਂ ਨੇ ਆਉਣਾ ਸੀ, ਓਹ ਜਦੋਂ ਆ ਪੁਜੇ ਤਾਂ ਬੁਧੂ ਨੇ ਘਰ ਦਾ ਬਾਹਰਲਾ ਬੂਹਾ ਬੰਦ ਕਰ ਦਿਤਾ ਕਿ ਨਾ ਸਤਿਗੁਰੂ ਜੀ ਦੇ ਦਰਸ਼ਨਾ ਵਾਲਿਆਂ ਦੀ ਭੀੜ ਲਗ ਤੇ ਨਾ ਸੰਗਤ ਦੇ ਪ੍ਰਸ਼ਾਦ ਛਕਣ ਵਿਚ

ਕੋਈ ਵਿਘਨ ਹੋਵੇ। ਸਤਿਗੁਰੂ ਜੀ ਸਮੇਤ ਸੰਗਤ ਨੇ ਪ੍ਰਸ਼ਾਦ ਛੱਕ ਲਿਆ ਤਾਂ ਸਤਿਗੁਰੂ ਜੀ ਦੇ ਹੁਕਮ ਨਾਲ ਸਿਖਾਂ ਨੇ ਅਰਦਾਸ ਕਰਨੀ ਸ਼ੁਰੂ ਕੀਤੀ। ਜਦੋਂ ਅਰਦਾਸ ਹੋ ਰਹੀ ਸੀ ਤੇ ਸਿਖ ਨੇ ਅਰਦਾਸ ਵਿਚ ਇਹ ਸ਼ਬਦ ਵਰਤੇ—'ਭਾਈ ਬੁਧੂ ਦਾਆਵਾ ਪਕ ਜਾਵੇ।' ਤਾਂ ਬਾਹਰੋਂ ਉੱਚੀ ਉਚੀ ਅਵਾਜ਼ ਆਈ, 'ਬੁਧੂ ਦਾ ਆਵਾ ਕਚਾ ਰਹੇ, ਬੁਧੂ ਦਾ ਆਵਾ ਕਚਾ ਰਹੇ।' ਇਹ ਸ਼ਬਦ ਸੁਣਕੇ ਸਾਰੇ ਹੈਰਾਨ ਹੋਏ ਕਿ ਓਹ ਕੌਣ ਹੈ? ਜੋ ਸਰਾਪ ਦੇ ਰਿਹਾ ਹੈ। ਜਾਂ ਬੂਹਾ ਖੋਹਲਕੇ ਦੇਖਿਆ ਤਾਂ ਇਕ ਦਰਵੇਸ਼ ਖਲੋਤਾ ਸੀ। ਉਸ ਨੂੰ ਅੰਦਰ ਆਉਣ ਦਿਤਾ ਗਿਆ। ਉਸ ਦਰਵੇਸ਼ ਨੇ ਫਿਰ ਕਿਹਾ, 'ਮੈਂ ਭੁਖ ਨਾਲ ਵਿਆਕੁਲ ਹੋ ਰਿਹਾ ਹਾਂ। ਮੇਰੀ ਆਤਮਾ ਦੁਖੀ ਹੈ, ਤੁਸੀਂ ਕਹਿ ਰਹੇ ਜੇ 'ਬੁਧੂ ਦਾ ਆਵਾ ਪਕੇ।' ਕਦੀ ਨਹੀਂ ਹੋ ਸਕਦਾ! ਬੁਧੂ ਦਾ ਆਵਾ ਕਚਾ ਰਹੇਗਾ।'

ਇਹ ਸੁਣਕੇ ਭਾਈ ਬੁਧੂ ਘਬਰਾ ਗਿਆ। ਓਹ ਅਗੇ ਹੀ ਘਾਟਿਆਂ ਦਾ ਦਬਾਇਆ ਹੋਇਆ ਸੀ। ਉਸ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ, 'ਹੇ ਦਾਤਾ! ਕੀ ਮੇਰੇ ਆਵੇ ਕਚੇ ਰਹਿਣਗੇ?'

'ਹਾਂ ਭਾਈ ਬੁਧੂ ਤੇਰੇ ਆਵੇ ਰਹਿਣਗੇ ਕਚੇ, ਕਿਉਂਕਿ ਸਾਧ ਬਚਨ ਅਟਲ ਰਹੇਗਾ। ਪਰ ਤੈਨੂੰ ਘਾਬਰਨ ਦੀ ਲੋੜ ਨਹੀ। ਤੇਰੀਆਂ ਸਾਰੀਆਂ ਇਟਾਂ ਪਕੀਆਂ ਇਟਾਂ ਦੇ ਭਾਅ ਵਿਕ ਜਾਣਗੀਆਂ। ਤੈਨੂੰ ਘਾਟਾ ਨਹੀਂ ਪਵੇਗਾ। ਗੁਰੂ ਘਰ ਦੀ ਸੇਵਾ ਕਰਿਆ ਕਰਨੀ, ਧਨ ਦਾ ਘਾਟਾ ਨਹੀਂ ਰਹੇਗਾ। ਖਜ਼ਾਨੇਭਰਪੂਰ ਰਹਿਣਗੇ' ਸਤਿਗੁਰੂ ਜੀ ਨੇ ਬਚਨ ਕੀਤਾ। ਉਸ ਦਰਵੇਸ਼ ਨੂੰ ਵੀ ਪ੍ਰੇਮ ਨਾਲ ਪ੍ਰਸ਼ਾਦ ਛਕਾ ਕੇ ਪ੍ਰਸੰਨ ਕੀਤਾ, 'ਜਿਸ ਨੇ ਸਰਾਪ ਦਿਤਾ ਸੀ।' ਜਦੋਂ ਆਵੇ ਠੰਡੇ ਹੋਏ ਤਾਂ ਸਚ ਮੁਚ ਇਟਾਂ ਕਚੀਆਂ ਸਨ। ਪਰ ਸਬਬ ਨਾਲ ਬਾਰਸ਼ਾਂ ਵਿਚ ਲਾਹੌਰ ਦੇ ਬਹੁਤ ਮਕਾਨ ਢਹਿ ਢੇਰੀ ਹੋ ਗਏ। ਇਟ ਮਿਲਣੀ ਮੁਸ਼ਕਲ ਹੋ ਗਈ। ਭਾਈ ਬੁਧੂ ਦੇ ਕਚੇ ਆਵਿਆਂ ਦੀਆਂ ਇਟਾਂ ਪਕਿਆਂ ਦੇ ਭਾਅ ਵਿਕੀਆਂ ਅਤੇ ਭਾਈ ਬੁਧੂ ਨੂੰ ਐਨਾ ਲਾਭ ਹੋਇਆ ਕਿ ਓਹਦੇ ਪਿਛਲੇ ਸਾਰੇ ਘਾਟੇ ਪੂਰੇ ਹੋ ਗਏ। ਓਹ ਸਤਿਗੁਰੂ ਜੀ ਤੇ ਅਕਾਲ ਪੁਰਖ ਦਾ ਹਜ਼ਾਰਾਂ ਵਾਰ ਧੰਨਵਾਦ ਕਰਦਾ ਰਿਹਾ। ਉਸ ਨੇ ਆਪਣੇ ਘਰ ਨੂੰ ਇਕ ਧਰਮਸਾਲਾ ਦਾ ਰੂਪ ਦੇ ਦਿਤਾ। ਸੰਤਾਂ

ਸਾਧਾਂ ਤੇ ਲੋੜਵੰਦਾਂ ਵਾਸਤੇ ਲੰਗਲ ਲਾ ਦਿਤਾ। ਜਿਉਂ ਜਿਉਂ ਓਹ ਧਨ ਖਰਚ ਦਾ ਰਿਹਾ ਤਿਉਂ ਤਿਉਂ ਧਨ ਆਉਂਦਾ ਰਿਹਾ। ਅੰਤ ਸਮੇਂ ਸਵਰਗ ਲੋਕ ਨੂੰ ਗਿਆ।

ਹਰਿ ਹਰਿਨਾਮੁ ਜਪੰਤਿਆ ਕਛ ਨ ਕਹੈ ਜਮ ਕਾਲੁ॥
ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੁਪਾਲੁ॥
(ਆਸਾ ਮਃ ੫)

੪੫. ਕਰਤਾਰ ਪੁਰ ਦਾ ਵਸਾਉਣਾ ਤੇ ਦੁਆਬੇ ਦਾ ਦੌਰਾ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹਰ ਸਾਲ ਕੋਈ ਨਾ ਕੋਈ ਨਵਾਂ ਹੀ ਲੋਕ ਭਲਾਈ ਦਾ ਕਾਰਜ ਕਰਦੇ ਸਨ ਸਰੋਵਰ ਬਣਾਉਣੇ ਨਵੇਂ ਸ਼ਹਿਰ ਵਸਾਉਣੇ ਗੁਰਮਤ ਦਾ ਪ੍ਰਚਾਰ ਤੇ ਪਿਛਲੇ ਗੁਰ ਸਾਹਿਬਾਂ ਦੀ ਬਾਣੀ ਨੂੰ ਇਕਠਿਆਂ ਕਰਨਾ ਮੋਟੇ ਮੋਟੇ ਕਾਰਜ ਸਨ। ਆਪ ਦੇ ਸਮੇਂ ਗੁਰਮੁਖੀ ਅਖਰਾਂ ਨੇ ਬਹੁਤ ਤਰੱਕੀ ਕੀਤੀ ਦੇਵ ਨਾਗਰੀ ਲੰਡਿਆਂ ਤੇ ਹੋਰ ਬੋਲੀਆਂ ਨੇ ਆਪਣੇ ਅਖਰਾਂ ਵਾਂਗ ਗੁਰਮੁਖੀ ਲਿਪੀ ਵਿਚ ਵੀ ਗ੍ਰੰਥ ਲਿਖਣੇ ਸ਼ੁਰੂ ਹੋਏ। ਸਿਖਾਂ ਵਿਚ ਪਹਿਲੇ ਸਰਲ ਤੇ ਸੁਧ ਲਿਖਾਰੀ ਭਾਈ ਗੁਰਦਾਸ ਜੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਜੀ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਗੁਰਮੁਖੀ ਲਿਪੀ ਨੂੰ ਪੂਰਨਤਾ ਦੇ ਪੜਾਅ ਉਤੇ ਪਹੁੰਚਾ ਦਿਤਾ।

ਸ੍ਰੀ ਤਰਨ ਤਾਰਨ ਤੇ ਸ੍ਰੀ ਅੰਮ੍ਰਿਤਸਰ ਸ਼ਹਿਰਾਂ ਦੇ ਸਰੋਵਰ ਤੇ ਮੰਦਰ ਤਿਆਰ ਹੋ ਰਹੇ ਸਨ। ਸਤਿਗੁਰੂ ਜੀ ਦਾ ਜਸ ਸਾਰੇ ਪੰਜਾਬ ਵਿਚ ਖਿਲਰ ਗਿਆ ਸੀ, ਹਰ ਪਰਗਣੇ ਵਲੋਂ ਮੰਗ ਆਉਂਦੀ ਸੀ ਕਿ ਸਤਿਗੁਰੂ ਜੀ ਵਡੇ ਵਡੇ ਨਗਰਾਂ ਵਿਚ ਪੁਜਕੇ ਸਿਖਾਂ ਸੇਵਕਾਂ ਨੂੰ ਦਰਸ਼ਨ ਬਖਸ਼ਨ। ਸਿਖਾਂ ਦਾ ਪ੍ਰੇਮ ਸਤਿਗੁਰੂ ਜੀ ਨੂੰ ਹਰ ਥਾਂ ਖਿਚਕੇ ਲੈ ਜਾਂਦਾ ਸੀ।

ਦੂਸਰਾ ਪ੍ਰਿਥੀ ਚੰਦ ਦਾ ਵਿਰੋਧ ਸਤਿਗੁਰੂ ਜੀ ਦੇ ਮਹਿਲਾਂ ਨੂੰ ਸ਼ਾਂਤ ਚਿਤ ਨਹੀਂ ਸੀ ਰਹਿਣ ਦੇਂਦਾ। ਜਦੋਂ ਸਾਹਿਬਾਂ ਨੇ ਦੂਸਰੀ ਸ਼ਾਦੀ ਕਰ ਲਈ ਤਾਂ ਪ੍ਰਿਥੀ ਚੰਦ ਤੇ ਉਨ੍ਹਾਂ ਦੀ ਵਹੁਟੀ ਕਰਮ ਕੌਰ ਨੇ ਵੈਰ ਵਿਰੋਧ ਬਹੁਤਾ ਵਧਾ ਦਿਤਾ। ਉਹ ਨਹੀਂ ਸੀ ਚਾਹੁੰਦੇ ਕੀ ਸਤਿਗੁਰੂ ਜੀ ਦੇ ਘਰ ਕੋਈ ਸਾਹਿਬਜ਼ਾਦਾ ਹੋ ਜਾਵੇ, ਕਿਉਂਕਿ ਉਹ ਮਾਯਾ ਤੇ ਜਾਇਦਾਦ ਦੇ ਭੁਖੇ ਸਨ,

ਰਾਤ ਦਿਨੇ ਲੜਾਈ ਰਖਦੇ। ਸਤਿਗੁਰੂ ਜੀ ਨਿਤ ਦੀ ਕਲਹ ਨੂੰ ਦੇਖਕੇ ਅੰਮ੍ਰਿਤਸਰ ਤੋਂ ਤਰਨ ਤਾਰਨ ਸਾਹਿਬ ਆ ਰਹੇ। ਸ੍ਰੀ ਤਰਨ ਤਾਰਨ ਸਾਹਿਬ ਉਸ ਵੇਲੇ ਬਣ ਰਿਹਾ ਸੀ, ਜਦੋਂ ਸਤਿਗੁਰੂ ਜੀ ਸ੍ਰੀ ਤਰਨ ਤਾਰਨ ਆ ਪੁਜੇ ਤਾਂ ਮਾਯਾ, ਪ੍ਰਤਾਪ ਸਿਖ ਸੰਗਤਾਂ ਦਾ ਇਕਠ ਤੇ ਰੌਣਕਾਂ ਵੀ ਸਤਿਗੁਰੂ ਜੀ ਦੇ ਸਾਥ ਤਰਨ ਤਾਰਨ ਆ ਪੁਜੇ, ਏਥੇ ਹੀ ਸਤਿਸੰਗ ਹੋਣ ਲਗੇ।

ਦੁਆਬੇ ਦੀ ਸੰਗਤ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਦਰਸ਼ਨ ਦੇਣ। ਸਤਿਗੁਰ ਜੀ ਨੇ ਪ੍ਰਵਾਨ ਕੀਤੀ ਤੇ ਧਾਰਮਿਕ ਪ੍ਰਚਾਰ ਵਾਸਤੇ ਸਤਿਗੁਰੂ ਜੀ ਦੁਆਬੇ ਨੂੰ ਚਲੇ। ਉਸ ਵੇਲੇ ਦੁਆਬੇ ਨੂੰ ਜਾਣ ਵਾਸਤੇ ਗੋਇੰਦਵਾਲ ਦੇ ਪਤਨ ਦਾ ਰਾਹ ਸੀ। ਸ੍ਰੀ ਤਰਨ ਤਾਰਨ ਤੋਂ ਚਲਕੇ ਸਤਿਗੁਰੂ ਜੀ ਛਾਪਰੀ ਪਹੁੰਚੇ। ਏਥੇ ਇਕ ਸਤਿ ਗੁਰੂ ਜੀ ਦਾ ਪ੍ਰੇਮੀ ਸਿਖ ਭਾਈ ਹੇਮਾ ਰਹਿੰਦਾ ਸੀ। ਹੇਮਾ ਰਾਤ ਦਿਨੇ ਕਰਤਾਰ ਦਾ ਭਜਨ ਕਰਦਾ ਰਹਿੰਦਾ ਸੀ ਉਸਨੇ ਕਖਾਂ ਦੀ ਛੰਨ ਪਾਈ ਹੋਈ ਸੀ। ਉਹ ਵੀ ਟੁਟੀ ਖੁਸੀ ਸੀ। ਚੰਗੀ ਛੰਨ ਨਹੀਂ ਸੀ ਬੰਨਦਾ ਕਿ ਉਮਰ ਦਾ ਭਰੋਸਾ ਨਹੀਂ। ਪਰ ਸਤਿਗੁਰੂ ਜੀ ਦੀ ਯਾਦ ਉਸਦੇ ਹਿਰਦੇ ਵਿਚ ਪਰਬਲ ਜਵਾਲਾ ਦੀ ਤਰ੍ਹਾਂ ਰਾਤ ਦਿਨੇ ਬਲਦੀ ਰਹਿੰਦੀ ਸੀ, ਖੂਹ ਦੇ ਉਪਰ ਛਪਰ (ਛੰਨ) ਤੇ ਚੁਲਾ ਤੇ ਚਕੀ ਵੀ ਸੀ। ਜਦੋਂ ਕੋਈ ਭੁਲਾ ਥਕਾ ਰਾਹੀ ਜਾ ਸਾਧੂ ਉਸਦੇ ਕੋਲ ਆ ਜਾਂਦਾ ਤਾਂ ਪਹਿਲਾਂ ਖੂਹ ਦਾ ਨਿਰਮਲ ਤੇ ਸੀਤਲ ਜਲ ਪਲਾਉਂਦੇ ਤੇ ਮੁੜ ਜੇ ਆਉਣ ਵਾਲੇ ਨੂੰ ਰੋਟੀ ਦੀ ਇਛਾ ਹੁੰਦੀ ਤਾਂ ਰੋਟੀ ਪਕਾ ਕੇ ਖਵਾਉਂਦੇ ਤੇ ਪ੍ਰਸੰਨ ਕਰਕੇ ਤੋਰਦੇ। ਭਾਈ ਹੇਮੇ ਦੇ ਚਿਤ ਵਿਚ ਫੁਰਨਾ ਫੁਰਿਆ ਕਿ ਸਤਿਗੁਰੂ ਜੀ ਜੇ ਓਹਦੇ ਖੂਹ ਉਤੇ ਆਉਣ ਤਾਂ ਓਹ ਸੇਵਾ ਕਰੇ। ਛਪਰੀ ਹੇਠਾਂ ਸਤਿਗੁਰੂ ਜੀ ਬੈਠਕੇ ਛਪਰੀ ਨੂੰ ਪਵਿਤ੍ਰ ਕਰ ਜਾਣ। ਘਟ ਘਟ ਦੀ ਜਾਨਣਹਾਰ ਦਾਤਾਰ ਸਤਿਗੁਰੂ ਜੀ ਨੇ ਸਿਖ ਦੇ ਮਨ ਦੀ ਮੁਰਾਦ ਪੂਰੀ ਕਰਨੀ ਚਾਹੀ।

ਭਾਈ ਹੇਮੇ ਦੇ ਖੂਹ ਉਤੇ ਪੁਜ ਕੇ ਸਤਿਗੁਰੂ ਜੀ ਭਾਈ ਹੇਮੇ ਦੀ ਛਪਰੀਹੇਠਾਂ ਜਾ ਬੈਠੇ। ਭਾਈ ਹੇਮਾ ਉਸ ਵੇਲੇ ਨਾਲ ਦੇ ਪਿੰਡ ਦੀ ਹਟੀ ਉਤੋਂ ਕੁਝ ਚੀਜ਼ਾਂ ਲੈਣ ਗਿਆ ਹੋਇਆ ਸੀ। ਕਰਤਾਰ ਦੇ ਭਗਤ, ਗੁਰੂ ਘਰ ਦੇ ਪ੍ਰੇਮੀ ਲੋਕ ਸੇਵਕ ਦੀ ਛੱਪਰੀ ਨੂੰ ਦੇਖਕੇ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਇਹ ਸ਼ਬਦ ਉਚਾਰਿਆ:—

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ ੧ ॥ ਰਹਾਉ ॥
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥ ੧ ॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥ ੨ ॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ।
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥ ੩ ॥
ਸਭੁ ਕਿਛੁ ਤੁਮਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥ ੪ ॥

(ਰਾਗ ਸੂਹੀ ਮ: ੫)

ਇਹ ਛਪਰੀ (ਛੰਨ) ਚੰਗੀ ਤੇ ਪਵਿਤ੍ਰ ਹੈ, ਜਿਸਦੇ ਹੇਠਾਂ ਪ੍ਰਮਾਤਮਾਂ ਦੇਗੁਣ ਗਾਏ ਜਾਂਦੇ ਹਨ। ਵਡ ਵਡੇ ਸ਼ਾਹੀ ਮਹਿਲ ਤੇ ਅਮੀਰਾਂ ਦੀਆਂ ਸ਼ੀਸ਼ਿਆਂ ਵਾਲੀਆਂ ਹਵੇਲੀਆਂ ਕਿਸੇ ਕੰਮ ਨਹੀਂ ਜੇ ਉਨ੍ਹਾਂ ਵਿਚ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਵਾਲੇ ਨਹੀਂ ਰਹਿੰਦੇ। ਉਨ੍ਹਾਂ ਨਾਲੋਂ ਇਹ ਛੰਨ ਕਈ ਗੁਣਾ ਚੰਗੀ ਹੈ। ਉਹ ਗਰੀਬੀ ਸੁਖ ਤੇ ਅਨੰਦ ਦੇਣ ਵਾਲੀ ਹੈ ਜਿਸ ਗਰੀਬੀ ਦੇ ਵਿਚ ਪ੍ਰਮਾਤਮਾ ਦਾ ਨਾਮ ਚੇਤੇ ਆਉਂਦਾ ਹੈ। ਗਰੀਬ ਸਾਧ ਸੰਗਤ ਵਿਚ ਬੈਠਦਾ ਹੈ। ਉਹ ਅਮੀਰ ਪੁਣਾ ਜਾਂ ਵਡੇਪਾ ਕਿਸੇ ਕੰਮ ਨਹੀਂ ਜੋ ਮਾਇਆ ਇਕਠੀ ਕਰਨ ਵਿਚ ਲਗੀ ਰਹਿੰਦੀ ਹੈ। ਗਰੀਬ ਸਿਖ ਭਾਵੇਂ ਚਕੀ ਪੀਹਕੇ ਰੋਟੀ ਖਾਂਦਾ ਹੋਵੇ ਜਾ ਇਕ ਪਾਟੀ ਜਹੀ ਕਮਲੀ ਉਪਰ ਲੈਕੇ ਠੰਢ ਤੇ ਤਤ ਨੂੰ ਝਲਦਾ ਹੋਵੇ, ਉਹ ਰਾਜਿਆਂ ਕੋਲੋਂ ਚੰਗਾ ਹੈ ਕਿਉਂਕਿ ਓਹਦਾ ਚਿਤ ਭਗਵਾਨ ਦੇ ਰੰਗ ਵਿਚ ਰੰਗਿਆ ਹੋਇਆ ਹੈ।ਉਹਦੇ ਚਿਤ ਵਿਚ ਸੰਤੋਖ ਹੁੰਦਾ ਹੈ ਰਾਜਾ ਰਜਦਾ ਨਹੀਂ, ਭਗਤ ਪੁਰਸ਼ ਨੰਗਾ ਵੀ ਚੰਗਾ ਹੈ। ਹੇ ਪ੍ਰਮਾਤਮਾ ਤੇਰੀ ਅਚਰਜ ਲੀਲ੍ਹਾ ਹੈ ਜਿਸ ਨੂੰ ਚਾਹੁੰਦਾ ਹੈਂ ਆਪਣਾ ਭਗਤ ਬਣਾ ਲੈਂਦਾ ਹੈ। ਤੇਰੀ ਮਹਿਮਾ ਅਪਰ ਅਪਾਰ ਹੈ ਬਸ ਏਹੋ ਦਾਸ ਜੀਵ ਨੂੰ ਮੰਗਣਾ ਚਾਹੀਏ ਕਿ ਸਵਾਸ ਸਵਾਸ ਪ੍ਰਮਾਤਮਾ ਦਾ ਨਾਮ ਚਿਤ ਆਵੇ। ਇਹ ਸ਼ਬਦ ਉਚਾਰ ਹੀ ਰਹੇ ਸਨ ਕਿ ਮੀਂਹ ਵਰ੍ਹਨ ਲਗ ਪਿਆ। ਉਹ ਛੰਨ ਕਈਆਂ ਥਾਵਾਂ ਤੋਂ ਚੋ ਪਈ ਪਰ ਸਤਿਗੁਰੂ ਜੀ ਬਰਾਜੇ ਰਹੇ। ਕਰਤਾਰ ਦੀ ਲੀਲ੍ਹਾ ਨੂੰ ਦੇਖਕੇ ਖੁਸ਼ ਹੁੰਦੇ ਰਹੇ। ਭਾਈ ਹੇਮਾ ਆ ਪੁਜਾ ਸਤਿਗੁਰੂ ਜੀ ਨੂੰ ਘਰ ਆਇਆ ਦੇਖਕੇ ਬਹੁਤ

ਪ੍ਰਸੰਨ ਹੋਇਆ, ਚਰਨਾ ਉਪਰ ਮਥਾ ਟੇਕਿਆ, ਹਥੀਂ ਪੀਠੇ ਹੋਏ ਆਟੇ ਦੇ ਪ੍ਰਸ਼ਾਦ ਪਕਾਏ ਤੇ ਸਤਿਗੁਰੂ ਜੀ ਨੂੰ ਛਕਾਏ। ਸਾਹਿਬਾਂ ਨੇ ਉਹ ਸੁਕੇ ਮਿਸੇ ਪਿਆਰਦੇ ਪ੍ਰਸ਼ਾਦਿਆਂ ਨੂੰ ਅੰਮ੍ਰਿਤ ਵਰਗੇ ਸਮਝਕੇ ਛਕ ਲਿਆ। ਭਾਈ ਹੇਮੇ ਦਾ ਮਾਣ ਰਖਿਆ। ਮੇਹਰ ਦੀ ਨਿਗਾਹ ਕਰਕੇ ਉਸਦਾ ਜਨਮ ਮਰਨ ਸਵਾਰ ਦਿਤਾ। ਇਕ ਦਿਨ ਉਸਦੇ ਕੋਲ ਰਹਿਕੇ ਸਾਹਿਬ ਅਗੇ ਤੁਰ ਪਏ। ਸਰਹਾਲੀ ਤੇ ਚੋਹਲੇ ਨੂੰ ਚਲੇ ਗਏ ਸਿਖ ਸੰਗਤਾਂ ਨੂੰ ਨਿਹਾਲ ਕਰਕੇ ਸਾਹਿਬਾਂ ਨੇ ਬਿਆਸ ਨੂੰ ਪਾਰ ਕੀਤਾ।

ਬਿਆਸਾ ਤੋਂ ਪਾਰ ਹੋਕੇ ਸਤਿਗੁਰੂ ਜੀ ਨੇ ਡਲੇ ਨਗਰ ਵਿਚ ਜਾ ਡੇਰੇ ਲਾਏ ਜਿਸ ਨਗਰ ਵਿਚ ਸਤਿਗੁਰੂ ਜੀ ਦੇ ਚਰਨ ਭੌਰੇ ਭਾਈ ਲਾਲੋ ਜੀ ਰਹਿੰਦੇ ਸਨ। ਇਹ ਜੀਉੜਾ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਤੇ ਸਿਖ ਸਾਧ ਦੀ ਸੇਵਾ ਕ੍ਰਿਆ ਕਰਦਾ ਸੀ। ਸਤਿਗੁਰੂ ਜੀ ਘਰ ਆਏ ਦੇਖਕੇ ਧੰਨ ਭਾਗ ਸਮਝੇ। ਲਹੂ ਵਧ ਗਿਆ ਬੜੇ ਉਤਸ਼ਾਹ ਨਾਲ ਨਸ ਭਜਕੇ ਸੇਵਾ ਕਰਨ ਲਗਾ ਸਾਰੇ ਪਿੰਡ ਦੇ ਜੀਵਾਂ ਨੂੰ ਇਕਠਿਆਂ ਕਰਕੇ ਸਤਿਗੁਰੂ ਜੀ ਦੀ ਸ਼ਰਨ ਲਿਆ ਬੈਠਾਇਆ। ਜੇਹੜੇ ਮਨ ਮਤੀਏ ਤੇ ਸਰਵਰੀਏ ਸਨ ਉਹ ਵੀ ਗੁਰੂ ਜੀ ਦੇ ਸਿਖ ਬਣੇ। 'ਸਤਿਨਾਮ! ਸਤਿ ਕਰਤਾਰ!' ਦਾ ਸਿਮਰਨ ਕਰਨ ਲਗੇ। ਸੰਗਤਾਂ ਨੇ ਐਨਾ ਪਿਆਰ ਕੀਤਾ ਕਿ ਸਤਿਗੁਰੂ ਜੀ ਨੂੰ ਉਸ ਅਸਥਾਨ ਉਤੇ ਕਈ ਦਿਨ ਰਹਿਣਾ ਪਿਆ। ਦੂਰ ਨੇੜੇ ਦੇ ਸਿਖ ਸੈਂਕੜਿਆਂ ਦੀ ਗਿਣਤੀ ਵਿਚ ਦਰਸ਼ਨ ਕਰਨ ਆਉਣ ਲਗੇ।

ਜਲੰਧਰ ਉਸ ਸਮੇਂ ਪੰਜਾਬ ਦਾ ਇਕ ਡਵੀਜਨ ਸੀ, ਉਥੋਂ ਦਾ ਸੂਬੇਦਾਰ ਸਯਦ ਅਜ਼ੀਮ ਖਾਂ ਸੀ, ਉਹ ਖੁਦਾ ਦੇ ਭੈ ਵਾਲਾ ਬੰਦਾ ਸੀ, ਸੰਤਾਂ ਫਕੀਰਾਂ ਤੇ ਮੌਲਵੀਆਂ ਦਾ ਖੜਾ ਸਤਿਕਾਰ ਕਰਿਆ ਕਰਦਾ ਸੀ, ਪਰਜਾ ਨੂੰ ਵੀ ਐਨਾ ਤੰਗ ਨਹੀਂ ਸੀ ਕਰਦਾ। ਖੁਦਾ ਕੋਲੋਂ ਸਦਾ ਡਰਦਾ ਰਹਿੰਦਾ ਸੀ ਉਹ ਸਰਕਾਰੀ ਕੰਮਾਂ ਦੇ ਕਾਰਨ ਪਿੰਡਾਂ ਦਾ ਦੌਰਾ ਕਰਨ ਆਇਆ ਹੋਇਆ ਸੀ, ਉਸਨੇ ਸਤਿਗੁਰੂ ਜੀ ਦਾ ਜਸ ਸੁਣਿਆਂ। ਜਿਸ ਪਿੰਡ ਜਾਵੇ ਉਥੋਂ ਦੇ ਚੌਧਰੀ ਕਹਿਣ, 'ਜੀ ਪਿੰਡ ਵਾਲੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਹੋਏ ਹਨ।' ਉਹ ਵੀ ਡਾਲੇ ਪਿੰਡ ਪਹੁੰਚ ਗਿਆ। ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਦਰਸ਼ਨ ਕਰਦੇ ਸਾਰ ਉਹਦੀ ਆਤਮਾ ਉਤੇ ਬਹੁਤ ਚੰਗਾ ਅਸਰ

ਹੋਇਆ। ਜਦੋਂ ਉਸਨੇ ਕੰਨਾਂ ਨਾਲ ਸੁਣਿਆਂ ਕਿ ਸਤਿਗੁਰੂ ਜੀ ਸਰਬ ਸਾਂਝ ਤੇ ਵਿਸ਼ਵ ਪ੍ਰੀਤ ਦਾ ਉਪਦੇਸ਼ ਕਰ ਰਹੇ ਸਨ, ਕਿਸੇ ਅਵਤਾਰ ਜਾਂ ਨਬੀ ਦੀ ਨਿੰਦਾ ਨਹੀਂ ਸਨ ਕਰਦੇ ਤਾਂ ਉਹਦਾ ਮਨ ਉਤਸ਼ਾਹ ਤੇ ਅਨੰਦ ਨਾਲ ਬਾਗ ਬਾਗਹੋਗਿਆ। ਕੁਦਰਤੀ ਹਿੰਦੂ ਤੇ ਮੁਸਲਮਾਨਾਂ ਪ੍ਰਥਾਏ ਸਤਿਗੁਰੂ ਜੀ ਸਾਂਝਾ ਪ੍ਰਚਾਰ ਕਰ ਰਹੇ ਸਨ। ਬਹੁਤ ਸਾਰੇ ਮੁਸਲਮਾਨ ਵੀ ਸਤਿ ਸੰਗਤ ਵਿਚ ਬੈਠੇ ਸਨ ਸਤਿਗੁਰੂ ਜੀ ਨੇ ਰਾਗ ਰਾਮਕਲੀ ਦੇ ਇਕ ਸ਼ਬਦ ਨੂੰ ਸੁਣਾਇਆ—

ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥ ੧ ॥
ਓਨਮੋ ਭਗਵੰਤਗੁਸਾਈ॥ਖਾਲਕੁ ਰਵਿ ਰਹਿਆ ਸਭ ਠਾਈ ॥ ੧ ॥ ਰਹਾਉ ॥
ਜਗੰਨਾਥ ਜਗ ਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥
ਰਿਖੀ ਕੇਸ ਗੋਪਾਲ ਗੋੁਬਿੰਦ ॥ ਪੂਰਨ ਸਰਬਤਰ ਮੁਕੰਦ ॥ ੨ ॥
ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ ॥
ਦਿਲ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥੩॥
ਨਾਰਾਇਣ ਨਰ ਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ ॥
ਬਾਸਵੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥ ੪ ॥
ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥
ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋਅਲਹੁਪਾਰਬ੍ਰਹਮ ॥ (ਰਾਮਕਾਲੀ ਮ: ੫)

ਪ੍ਰਮਾਤਮਾ ਸਰਬ ਸਮਰਥ ਹੈ ਉਹ ਨਿਰਾ ਪੁਸਤਕਾਂ ਵਿਚ ਨਹੀਂ ਸਗੋਂ ਹਰ ਥਾਂ ਤੇ ਜਗਤ ਦੀ ਦਿਸਦੀ ਹਰ ਚੀਜ਼ ਵਿਚ ਵਿਆਪਕ ਹੈ। ਸਾਰੇ ਕਾਰਜਾਂ ਨੂੰ ਕਰਨ ਵਾਲਾ ਉਹ ਪ੍ਰਮਾਤਮਾ ਵਡਾ ਹੈ। ਉਹ ਸਾਰਿਆਂ ਨੂੰ ਰੋਜ਼ੀ ਦੇਣ ਵਾਲਾ ਹੈ ਉਹ ਦਇਆ ਦਾ ਸਾਗਰ ਹੈ ਹਰ ਜੀਵ ਉਤੇ ਦਇਆ ਕਰਦਾ ਹੈ ਉਸਦਾ ਨਾਮ ਅਲਾ ਹੈ। ਜੋ ਬਿਆਨ ਕੀਤਾ ਜਾ ਸਕਦਾ ਹੈ ਉਹਦੀ ਮਹਿਮਾ ਅਪਾਰ ਹੈ ਉਸਨੂੰ ਵਡਾ ਖੁਦਾ ਆਖਿਆ ਜਾਂਦਾ ਹੈ ਇਹ ਹੈ ਪ੍ਰਮਾਤਮਾਂ ਦੀ ਵਡਿਆਈ ਮੁਸਲਮਾਨਮਤਅਨੁ-ਸਾਰ ਹੁਣ ਹਿੰਦੂ ਧਰਮ ਅਨੁਸਾਰ ਸੁਣੀਏ। ਸਭ ਤੋਂ ਪਹਿਲਾਂ ਓਅੰ ਨਮਹ ਹਰੀ ਨੂੰ ਨਿਮਸ਼ਕਾਰ ਹੈ ਜੋ ਸਭਦਾ ਰਾਖਾ ਹੈ। ਮੁਸਲਮਾਨ ਖੁਦਾ ਕਹਿੰਦੇ ਹਨ ਤੇਹਿੰਦੂ 'ਓਅੰ'

ਆਖਦੇ ਹਨ । ਉਹ ਜਗਤ ਦਾ ਕਰਤਾ ਕਰਤਾਰ ਸਾਰੀਆਂ ਥਾਵਾਂ ਵਿਚ ਵਸਦਾ ਹੈ। ਉਸ ਨੂੰ ਜਗਤ ਦਾ ਮਾਲਕ ਵੀ ਆਖਿਆ ਜਾਂਦਾ ਹੈ ਉਹੋ ਹੀ ਮਾਇਆ ਦਾ ਪਤੀ (ਮਾਧੋ) ਹਰੀ ਹੈ। ਹਰ ਪ੍ਰਕਾਰ ਦੇ ਡਰ ਨੂੰ ਦੂਰ ਕਰਨ ਵਾਲੇ ਪ੍ਰਮਾਤਮਾ ਨੂੰ ਸਦਾ ਸਿਮਰੋ ਉਹ ਪ੍ਰਮਾਤਮਾ ਇੰਦ੍ਰੀਆ ਦਾ ਮਾਲਕ ਹੈ ਓਹੋ ਹੀ ਮੁਕਤੀ ਦਾਤਾ ਹੈ । ਹੁਣ ਦੇਖੋ ਅਲਾ ਤੇ ਜਗੰਨਾਥ ਵਿਚ ਕੀ ਫਰਕ ਹੈ ਨਾਮ ਹੀ ਦੇਸ਼ ਦੇਸ਼ ਦੀ ਬੋਲੀ ਵਿਚ ਹਨ । ਅਗੇ ਸਤਿਗੁਰੂ ਜੀ ਕੁਰਾਨ ਦੀ ਸ਼ਰਾ ਅਨੁਸਾਰ (ਮੁਸਲਮਾਨਾਂ ਦੇ ਨਾਮਾਂ ਵਿਚ) ਪ੍ਰਮਾਤਮਾ ਦੀ ਉਸਤਤ ਕਰਦੇ ਹਨ ਹੇ ਪ੍ਰਮਾਤਮਾ ਪਛਮ ਵਾਲੇ ਤੈਨੂੰ ਮੇਹਰਾਂ ਦਾ ਦਾਤ ਤੇ ਮੁਕਤ ਕਰਨਵਾਲਾਮਉਲਾ(ਆਜ਼ਾਦ ਕਰਨ ਵਾਲਾ) ਆਖਦੇ ਹਨ। ਪੀਰਾਂ, ਪੈਕੰਬਰਾਂ ਤੇ ਸ਼ੇਖਾਂ (ਵਿਦਵਾਨਾ) ਰਾਹੀਂ ਪ੍ਰਮਾਤਮਾ ਪ੍ਰਗਟ ਹੁੰਦਾ ਤੇ ਹਾਕਾਂ ਮਾਰਦਾ ਹੈ, ਉਹ ਧਾਰਮਿਕ ਪੁਸਤਕਾਂ ਵਿਚ ਬੰਦ ਨਹੀਂ। ਉਹਦੇ ਸੈਂਕੜੇ ਨਾਮ ਹਨ, ਉਹ ਸਰਬ ਦਾ ਕਰਤਾ ਹੈਪਰ ਇਸ ਗੁਪਤ ਭੇਤ ਦਾਪਤਾ ਸਤਿਗੁਰੂ ਕੋਲੋਂ ਲਗਦਾ ਹੈ। ਸਤਿਗੁਰੂ ਵੀ ਉਹ ਜੋ ਸਾਰੇ ਜਗਤ ਨਾਲ ਪਿਆਰ ਕਰਦਾ ਹੋਵੇ ਤੇ ਜਗਤ ਭਲੇ ਵਾਸਤੇ ਕਾਰਜ ਕਰਦਾ ਹੋਵੇ। ਗੁਰਬਾਣੀ ਤੇ ਗੁਰਬਾਣੀ ਦਾ ਅਰਥ ਭਾਵ ਸੁਣਕੇ ਸੂਬੇਦਾਰ ਬਹੁਤ ਪ੍ਰਸੰਨ ਹੋਇਆ। ਉਸ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—'ਹੇ ਦਾਤਾਰ ! ਕੋਈ ਸੇਵਾ ਮੈਨੂੰ ਵੀ ਬਖਸ਼ੋ ਮੈਂ ਆਪ ਦਾਧਰਮ ਪ੍ਰਚਾਰ ਸੁਣ ਕੇ ਖੁਸ਼ ਹਾਂ ਕਿਉਂਕਿ ਆਪ ਹਿੰਦੂ ਤੇ ਮੁਸਲਮਾਨ, ਈਸ੍ਵਰ ਤੇ ਖੁਦਾ ਨੂੰ ਇਕ ਸਮਝਦੇ ਹੋ ।' 'ਤੁਸੀਂ ਹਾਕਮ ਹੋ ।' ਸਤਿਗੁਰੂ ਜੀ ਨੇ ਬਚਨ ਕੀਤਾ— 'ਹਾਕਮ ਹੋਕੇ ਨਿਆਏ ਤੇ ਪ੍ਰੇਮ ਨਾਲ ਪਰਜਾ ਦੀ ਸੇਵਾ ਕਰੋ ਖੁਦਾ ਨੂੰ ਚੇਤੇ ਰਖੋ ਤਾਂ ਖੁਦਾ ਤੁਸਾਂ ਦਾ ਭਲਾ ਕਰੇਗਾ। ਅਸੀ ਦਰਵੇਸ਼ ਹਾਂ ਦਰਵੇਸ਼ਾਂ ਨੂੰ ਕਿਸੇ ਵਸਤੂ ਦੀ ਲੋੜ ਨਹੀਂ ਜੇ ਲੋੜ ਹੁੰਦੀ ਤਾਂ ਖੁਦਾ ਆਪੇ ਹੀ ਪੂਰੀ ਕਰਦਾ ਹੈ।'

ਸੂਬੇਦਾਰ—'ਮੇਰਾ ਵਿਚਾਰ ਹੈ ਕਿ ਆਪ ਦੁਆਬੇ ਵਿਚ ਆਪਣਾ ਡੇਰਾ ਬਣਾਓ ਅਗੇ ਦੋ ਸ਼ਹਿਰ ਨਵੇਂ ਵਸਾਏ ਹਨ ਇਕ ਸ਼ਹਿਰ ਏਧਰ ਵੀ ਵਸਾਉਣ ਦੀ ਕ੍ਰਿਪਾ ਕਰੋ । ਨੇੜੇ ਥਾਂ ਆਪ ਦੇ ਦਰਸ਼ਨ ਕਰਕੇ ਜਨਮ ਸਫਲ ਕਰ ਲਿਆ ਕਰਾਂਗੇ। ਦੁਆਬੇ ਵਿਚ ਆਪ ਦੇ ਸਿਖ ਵੀ ਬਹੁਤ ਬਣ ਗਏ ਹਨ। ਮੈਂ ਜਿਸ ਪਿੰਡ ਵਿੱਚ ਦੌਰੇ ਉਤੇ ਗਿਆ ਹਾਂ ਏਹੋ ਹੀ ਪਤਾ ਲਗਾ

ਹੈ ਲੋਕ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਹੋਏ ਸਨ।' ਸਤਿਗੁਰੂ—'ਵਿਚਾਰ ਤਾਂ ਅਸਾਂ ਦਾ ਵੀ ਏਹੋ ਹੈ ਕੁਝ ਸਿਖ ਵੀ ਆਖ ਰਹੇ ਹਨ। ਦੇਖੋ ਕਰਤਾਰ ਕਦੋਂ ਦਇਆ ਦ੍ਰਿਸ਼ਟੀ ਕਰਕੇ ਇਹ ਕਾਰਜ ਕਰਨ ਵਾਸਤੇ ਉਤਸ਼ਾਹ ਬਖਸ਼ਦਾ ਹੈ।'

ਸਤਿਗੁਰੂ ਜੀ ਦੇ ਕੋਲ ਭਾਈ ਲਾਲੋ ਜੀ ਬੈਠੇ ਸਨ, ਉਨ੍ਹਾਂ ਨੇ ਹਥ ਜੋੜਕੇ ਬੇਨਤੀ ਕੀਤੀ, 'ਸਚੇ ਪਾਤਸ਼ਾਹੋ ! ਅਸੀਂ ਵੀ ਏਹੋ ਬੇਨਤੀ ਕਰਨ ਵਾਲੇ ਸਾਂ ਕਿ ਦੁਆਬੇ ਦੀ ਧਰਤੀ ਨੂੰ ਵੀ ਪਵਿਤ੍ਰ ਕਰੋ। ਏਥੇ ਵੀ ਸਰੋਵਰ ਤੇ ਮੰਦਰ ਬਣਾਓ।'

ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ, ਉਸੇ ਦੌਰੇ ਵਿਚ ਹੀ ਸਤਿਗੁਰੂ ਜੀ ਨੇ ਆਪਣੇ ਸਹੁਰੇ ਪਿੰਡ ਮੌਊ ਦੇ ਨੇੜੇ ਜਮੀਨ ਲੈਕੇ ਕਰਤਾਰ ਦੇ ਨਾਮ ਉਤੇ 'ਕਰਤਾਰ ਪੁਰ' ਨਗਰ ਦੀ ਨੀਂਹ ੨੧ ਮਘਰ ਸੰਮਤ ੧੬੫੧ ਬਿ: ਨੂੰ ਆਪਣੇ ਕਰ ਕਮਲਾਂ ਨਾਲ ਰਖੀ। ਸਾਰੇ ਦੁਆਬੇ ਵਿਚ ਬੜਾ ਉਤਸ਼ਾਹ ਪੈਦਾ ਹੋ ਗਿਆ। ਸੇਵਾ ਕਰਨ ਵਾਸਤੇ ਸਿਖ ਸੰਗਤਾਂ ਹੁਮ ਹੁਮਾ ਕੇ ਪੁਜਣ ਲਗੀਆਂ। ਸੂਬੇਦਾਰ ਜਾਲੰਧਰ ਨੇ ਬਹੁਤ ਸੇਵਾ ਕੀਤੀ। ਜਦੋਂ ਸ਼ਹਿਰ ਵਸਿਆ ਤਾਂ ਅਕਬਰ ਬਾਦਸ਼ਾਹ ਨੇ ਜਗੀਰ ਲਾ ਦਿਤੀ। ਦੂਸਰੇ ਅਸਥਾਨਾਂ ਨਾਲੋਂ ਏਥੇ ਅਨੋਖੀ ਗਲ ਇਹ ਹੋਈ ਕਿ ਜਿਥੇ ਪਹਿਲਾਂ ਮੋੜੀ ਗਡਦੇ ਸਨ ਉਥੇ ਟਾਹਲੀ ਕਟਵਾ ਕੇ ਸਤਿਗੁਰਾਂ ਨੇ ਥੰਮ ਗਡਿਆ। ਹੁਣ ਥੰਮ ਭਾਵੇਂ ਨਹੀ *, ਕਿਉਂਕਿ ਮੁਸਲਮਾਨ ਹਕੂਮਤ ਨੇ ਪਿਛੋਂ ਸਾੜ ਦਿਤਾ ਸੀ, ਪਰ ਥੰਮ ਦੀ ਥਾਂ ਉੱਚਾ ਗੁਰਦੁਵਾਰਾ ਹੈ, ਜਿਸ ਨੂੰ ਗੁਰਦਵਾਰਾ ਥੰਮ ਸਾਹਿਬ ਆਖਦੇ ਹਨ। ਸਤਿਗੁਰੂ ਜੀ ਨੇ ਰਹਿਣ ਵਾਸਤੇ ਏਥੇ ਮਹਿਲ ਤਿਆਰ ਕਰਵਾਏ ਜੋ 'ਸ਼ੀਸ਼ ਮਹਿਲ' ਦੇ ਨਾਮ ਨਾਲ ਪ੍ਰਸਿਧ ਹਨ। ਮਾਤਾ ਗੰਗਾ ਜੀ ਨੇ ਇਕ ਖੂਹ ਲਵਾਇਆ, ਉਹ ਦਾ ਨਾਮ 'ਗੰਗਸਰ' ਹੈ। ਉਸ ਖੂਹ ਨੂੰ ਵਰ ਹੈ, ਜੋ ਨਰ ਨਾਰੀ ਉਸ ਖੂਹ ਦੇ ਜਲ ਨਾਲ ਇਸ਼ਨਾਨ ਕਰੇ ਉਸਨੂੰ ਗੰਗਾ ਇਸ਼ਨਾਨ ਦਾ ਫਲ ਮਿਲਦਾ ਹੈ।

---

*ਸੰਮਤ ੧੮੧੧ ਬਿ: ਨੂੰ ਨਾਸਰੁ ਦੀਨ ਨੇ ਸੋਢੀ ਵਡਭਾਗ ਸਿੰਘ ਨੂੰ ਕਰਤਾਰ ਪੁਰੋਂ ਨਸਾ ਕੇ 'ਥੰਮ ਸਾਹਿਬ, ਨੂੰ ਸਾੜ ਦਿਤਾ ਸੀ। ਪਰ ਖਾਲਸਾ ਪੰਥ ਦੀ ਸਹਾਇਤਾ ਨਾਲ ਸੋਢੀ ਵਡਭਾਗ ਸਿੰਘ ਜੀ ਨੇ ਮੁੜ ਕਰਤਾਰਪੁਰ ਉਤੇ ਕਬਜ਼ਾ ਕਰ ਲਿਆ ਸੀ ਤੇ ਥੰਮ ਸਾਹਿਬ ਦੀ ਯਾਦ ਨੂੰ ਕਾਇਮ ਕੀਤਾ ਸੀ।

ਕਰਤਾਰਪੁਰ ਜ਼ਿਲਾ ਜਾਲੰਧਰ ਵਿਚ ਸ਼ਾਹੀ ਸੜਕ ਉਤੇ ਹੈ। ਰੇਲਵੇ ਸਟੇਸ਼ਨ ਵੀ ਹੈ। ਬਹੁਤ ਸਾਰੇ ਗੁਰਦੁਵਾਰੇ ਹਨ ਵੈਸਾਖੀ ਨੂੰ ਵਡਾ ਮੇਲਾ ਤੇ ਪੁੰਨਿਆਂ ਤੇ ਮਸਿਆ ਨੂੰ ਛੋਟੇ ਮੇਲੇ ਲਗਦੇ ਹਨ। ਇਸ ਬਾਰੇ ਬਾਕੀ ਹਾਲ ਅਗੇ ਜਾਕੇ ਲਿਖਿਆ ਜਾਵੇਗਾ।

੪੬. ਆਗਰੇ ਦੀ ਸੰਗਤ ਨੂੰ ਉਪਦੇਸ਼

ਮਨਿ ਡੋਰਿ ਪ੍ਰੇਮ ਪਰੀਤਿ ॥ ਇਹ ਸੰਤ ਨਿਰਮਲ ਰੀਤਿ ॥ ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥ (ਬਿਲਾਵਲ ਮ: ੫)

ਆਗਰਾ (ਯੂ. ਪੀ.) ਦਾ ਵੱਡਾ ਸ਼ਹਿਰ ਹੈ। ਮੁਗਲ ਰਾਜ ਸਮੇਂ ਇਹ ਰਾਜਧਾਨੀ ਹੀ ਸਮਝਿਆ ਜਾਂਦਾ ਸੀ। ਇਸ ਦੇ ਨੇੜੇ ਹੀ ਮਥਰਾ ਹਿੰਦੂ ਧਰਮ ਤੇ ਸਭਿਅਤਾ ਦਾ ਵਡਾ ਕੇਂਦਰ ਹੈ। ਭਾਈ ਗੁਰਦਾਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਛੁਟੀ ਲੈਕੇ ਆਗਰੇ ਧਰਮ ਪ੍ਰਚਾਰ ਵਾਸਤੇ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀਦੇ ਸਮੇਂ ਦੇ ਵੀ ਕਈ ਸ਼ਰਧਾਲੂ ਸਿਖ ਆਗਰੇ ਰਹਿੰਦੇ ਸਨ। ਇਸ ਕਾਰਨ ਆਗਰੇ ਵਿਚ ਬਹੁਤ ਸਾਰੇ ਗੁਰੂ ਘਰ ਦੇ ਸ਼ਰਧਾਲੂ ਬਣ ਗਏ ਸਨ। ਪੰਜਾਬ ਤੋਂ ਦੂਰ ਹੋਣ ਕਰਕੇ ਸਤਿਗੁਰੂ ਜੀ ਦੇ ਦਰਸ਼ਨ ਛੇਤੀ ਨਹੀਂ ਸਨ ਕਰ ਸਕਦੇ। ਵਿਸਾਖੀ ਦੇ ਪੁਰਬ ਸਮੇਂ ਆਗਰੇ ਦੇ ਸਿਖ ਇਕ ਸੰਗਤ ਦੇ ਰੂਪ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ 'ਰਾਮਦਾਸ ਪੁਰ' ਪੁਜੇ। ਗੁਰਧਾਮਾਂ, ਸਰੋਵਰਾਂ ਤੇ ਸਿੱਖਾਂ ਦੇ ਦਰਸ਼ਨ ਕਰਕੇ ਸਾਰੇ ਯਾਤਰੂ ਬਹੁਤ ਨਿਹਾਲ ਹੋਏ।

ਇਕ ਦਿਨ ਸਾਰੀ ਸੰਗਤ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਓਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਾਰਮਿਕਵਿਚਾਰਾਂ ਬਾਰੇਉਪਦੇਸ਼ ਕਰਨ। ਸਾਹਿਬਾਂ ਨੇ ਬੇਨਤੀ ਕਬੂਲ ਕਰ ਲਈ ਤੇ ਸ਼ਾਮ ਦੇ ਦੀਵਾਨ ਵਿਚ ਇਉਂ ਉਪਦੇਸ਼ ਕਰਨ ਲਗੇ-'ਸਭ ਤੋਂ ਪਹਿਲੀ ਗਲ ਹੈ ਕਿ ਉਸ ਕਰਤਾਰ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ ਜੋ ਸਭ ਪੁਰਸ਼ਾਂ, ਪਸ਼ੂਆਂ, ਪੰਛੀਆਂ, ਬਨਾਸਪਤੀ ਤੇ ਸ੍ਰਿਸ਼ਟੀ ਦਾ ਕਰਤਾ ਹੈ। ਓਹ ਇਕ ਹੈ। ਉਸਦਾ ਨਾਮ ਸਤਜ ਹੈ। ਓਹ ਪੁਰਸ਼ ਰੂਪ ਵਿਚਹੈ। ਹਰ ਇਕ ਦੀ ਰੋਜ਼ੀ ਦਾ ਪ੍ਰਬੰਧ ਹਰ ਥਾਂ ਕਰਦਾ ਹੈ। ਉਸ ਨੂੰ ਕਦੀ ਨਹੀਂ ਭੁਲਣਾ

ਚਾਹੀਦਾ। "ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ, ਸੋ ਕਿਉਂ ਮਨਹੁ ਵਸਾਰੀਐ॥ ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ॥" ਜਦੋਂ ਜੀਵ ਮਾਂ ਦੇ ਪੇਟ ਵਿਚ ਹੁੰਦਾ ਹੈ ਉਸ ਵੇਲੇ ਹਨੇਰੇ ਵਿਚ ਪ੍ਰਮਾਤਮਾ ਓਹਦੀ ਰਾਖੀ ਕਰਦਾ ਤੇ ਉਸ ਨੂੰ ਖੁਰਾਕ ਦੇਂਦਾ ਹੈ। ਪਾਲ ਕੇ ਵਡਿਆਂ ਕਰਦਾ ਹੈ। ਐਸੇ ਦਾਤੇ ਨੂੰ ਕਿਉਂ ਭੁਲੀਏ। ਓਹ ਤਾਂ ਮਾਂ ਦੇ ਪੇਟ ਦੀ ਭਿਆਨਕ ਅੱਗ ਤੋਂ ਬਚਾ ਲੈਂਦਾ ਹੈ। ਓਥੇ ਖੁਰਾਕ ਪਹੁੰਚਾਉਂਦਾ ਹੈ। ਜੜ੍ਹ ਤੇ ਚੇਤਨ ਜੀਵਾਂ ਦੀ ਰਖਿਆ ਕਰਦਾ ਹੈ। ਜਲ ਜੀਵ ਉਸ ਦੀ ਮੇਹਰ ਨਾਲ ਪਲਦੇ ਹਨ। ਮਾਸ ਖਾਣ ਵਾਲਿਆਂ ਨੂੰ ਮਾਸ ਤੇ ਅੰਣ ਖਾਣ ਵਾਲਿਆਂ ਨੂੰ ਅੰਨ ਦੇਂਦਾ ਹੈ। ਹਵਾ ਆਸਰੇ ਪਲਨ ਵਾਲਿਆਂ ਨੂੰ ਹਵਾ ਮਿਲਦੀ ਹੈ। ਐਸਾ ਚੰਗਾ ਰਾਜ ਹੈ ਪ੍ਰਮਾਤਮਾ ਦਾਤਾਰ ਦਾ, ਉਸ ਨੂੰ ਕਦੀ ਨਾ ਭੁਲੋ। ਸਾਰੇ ਮਨੁਖ ਉਸ ਦੀ ਕਿਰਤ ਹਨ। ਇਸ ਵਾਸਤੇ ਮਨੁਖ ਦਾ ਪਹਿਲਾਂ ਧਰਮ ਹੈ ਕਿ ਉਹ ਪ੍ਰਮਾਤਮਾ ਦਾ ਨਾਮ ਸਿਮਰਨ ਕਰੇ। ਕਿਉਂ ਕਰੇ? 'ਸਿਮਰਤ ਨਾਮੁ ਕੋਟਿ ਜਤਨ ਭਏ। ਸਾਧ ਸੰਗਿ ਮਿਲਿ ਹਰਿਗੁਨ ਗਾਏ ਜਮਦੂਤ ਕਉ ਤ੍ਰਾਸ ਹਾਏ॥' ਪ੍ਰਮਾਤਮਾ ਦੇ ਨਾਮ ਦਾ ਜਾਪ ਕਰਿਆਂ ਜੀਵਨ ਦੀਆਂ ਸਾਰੀਆ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਜੋ ਯਤਨ ਮਨੁਖ ਕਰਦਾ ਹੈ ਕਮਾਈ ਦੇ ਓਹ ਆਪਣੇ ਆਪ ਹੋ ਜਾਂਦੇ ਹਨ। ਦੂਸਰਾ ਜਿਸ ਵੇਲੇ ਸੰਤਾਂ (ਸਾਧ ਸੰਗਤ) ਨਾਲ ਮਿਲ ਕੇ ਉਸ ਪ੍ਰਮਾਤਮਾ-ਨੂੰ ਜਪੀਦਾ ਹੈ, ਤਦੋਂ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ। ਜਮ ਦੇ ਭੈ ਕਰਕੇ ਮਨੁਖ ਜੀਵਨ ਭਰ ਨਿਰਬਲ ਤੇ ਡਰਾਕਲ ਹੋਇਆ ਰਹਿੰਦਾ ਹੈ। ਤੁਸਾਂ (ਆਗਰੇ ਦੀ ਸੰਗਤ ਨੂੰ ਸੰਬੋਧਨ ਹੈ) ਦੇ ਦਸਣ ਅਨੁਸਾਰ ਜੋਗੀ ਕੰਨਪਾਟੇ, ਸੰਨਿਆਸੀ ਤੇ ਵੈਸ਼ਨੋ ਆਦਿਕ ਕਹਿੰਦੇ ਹਨ, ਨਵਧਾ ਭਗਤੀ, ਪ੍ਰਿਤਮਾ ਪੂਜਨ, ਬਰਤ, ਤੀਰਥ, ਚਾਰ ਧਾਰ, ਨੇਤੀ, ਧੋਤੀ, ਪ੍ਰਾਣਾਯਾਮ, ਯਮ, ਨਿਯਮ ਪ੍ਰਤਿਆਹਾਰ, ਧਾਰਣਾ ਧਿਆਨ ਆਦਿਕ ਜੋ ਕਰਮ ਨੇਮ ਹਨ ਕਰਨੇ ਚਾਹੀਦੇ ਹਨ। ਪਰ ਸਤਿਗੁਰੂ ਜੀ ਕਹਿੰਦੇ ਹਨ ਇਕ ਪ੍ਰਭੂ ਦੇ ਸਿਮਰਨ ਕਾਰਨ ਉਹ ਆਪੇ ਹੀ ਹੋ ਜਾਂਦੇ ਹਨ, 'ਜੇਤੇ ਪੁਨਹ ਚਰਨ ਸੇ ਕੀਨੇ ਮਨਿ ਤਨਿ ਪ੍ਰਭ ਕੇ ਚਰਣ ਗਹੇ॥ ਆਵਣ ਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ ਦਹੇ।' ਭਰੋਸਾ ਦਿਵਾਉਂਦੇ ਹਾਂ ਕਿ ਸਾਰੇ ਪਾਪ ਦੂਰ ਹੋ ਜਾਣਗੇ ਇਸ ਵਾਸਤੇ ਬਿਲਕੁਲ ਨਿਡਰ ਹੋਕੇ ਪਮਾਤਮਾ ਦੀ ਭਗਤੀ ਕਰੋ ਇਹ ਉਪਦੇਸ਼ ਦਾ

ਪਹਿਲਾ ਹਿਸਾ ਹੈ।

ਦੂਸਰਾ ਹੈ, ਜੀਵਨ-ਅੰਗ। ਇਸ ਜਗਤ ਵਿਚਰਹਿੰਦਿਆਂ ਹੋਇਆਂ ਸਮਾਜ ਨਾਲ ਵਾਹ ਹੈ ਕਿਉਂਕਿ ਮਨੁਖ ਕਲਾ ਨਹੀਂ ਜੀਉਂਦਾ ਰਹਿ ਸਕਦਾ। ਸਿਖ ਦਾ ਸਮਾਜ ਹੈ ਸਾਧ ਸੰਗਤ, ਨੇਕ ਪੁਰਸ਼ਾਂ ਤੇ ਸਤਵੰਤੀਆਂ ਇਸਤ੍ਰੀਆਂ ਦਾ ਇਕਠ। ਆਪਣੇ ਗੁਰੂ ਦੇ ਪਿਆਰਿਆਂ ਦੀ ਇਕਤ੍ਰਤਾ, ਪਰ ਦੂਸਰਿਆਂ ਨੂੰ ਵੀ ਮਾੜਾ ਨਹੀਂ ਜਾਨਣਾ। ਸਾਰੇ ਮਨੁਖਾਂ ਨਾਲ ਪਿਆਰ ਕਰਨਾ। ਦੇਸ਼ ਭਲਾ ਸੋਚਣਾ, ਇਸ ਜਗਤ ਨੂੰ ਸੁੰਦਰ ਬਣਾਉਣ ਦਾ ਯਤਨ ਕਰਨਾ। ਸੇਵਾ, ਵੰਡ ਕੇ ਛਕਣਾ, ਧਰਮ ਕਰਨਾ, ਸਚ ਬੋਲਣਾ, ਧਰਮ ਕਿਰਤ ਕਰਕੇ ਜੀਵਨ ਨਿਰਬਾਹ ਕਰਨਾ ਇਹ ਸਾਰੇ ਸ਼ੁਭ ਲੱਛਣ ਹਨ। ਮਨੁਖ ਦੇ ਪਾਪ ਕਰਮ ਦਾ ਫਲ ਉਸ ਨੂੰ ਪ੍ਰਮਾਤਮਾ ਦੇਦਾ ਹੈ। ਤੁਸਾਂ ਨੂੰ ਜ਼ਬਾਨੋਂ ਕਹਿਣ ਦੀ ਲੋੜ ਨਹੀਂ। ਜਿਥੋਂ ਤਕ ਹੋਵੇ ਦੁਸ਼ਮਨ ਦਾ ਵੀ ਭਲਾ ਇਛੇ। ਭਰਮ, ਪਖੰਡ ਦਾ ਤਿਆਗ ਕਰੇ। ਕਾਮ, ਕ੍ਰੋਧ, ਮੋਹ ਹੰਕਾਰ ਆਦਿਕ ਪੰਜਾਂ ਰੋਗਾਂ ਤੋਂ ਬਚਨ ਦਾ ਯਤਨ ਕਰੇ। ਗੁਰ ਸਿਖ ਨੂੰ ਗੁਰ-ਭਾਈ ਜਾਣੇ, ਗੁਰ ਭਾਈ ਨਾਲ ਰੋਟੀ ਤੇ ਬੇਟੀ ਦੀ ਸਾਂਝ ਕਰਨ ਦਾ ਯਤਨ ਕਰੇ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਇਛਾ ਸੀ ਕਿ ਸੰਸਾਰ ਵਿਚ ਧਰਮੀ ਪੁਰਸ਼ ਦਾ ਨਵਾਂ ਸਮਾਜ ਕਾਇਮ ਹੋਵੇ। ਉਸ ਸਮਾਜ ਨੂੰ ਕਾਇਮ ਕਰਨ ਵਾਸਤੇ ਪੂਰਾ ਯਤਨ ਹੈ ਤੇ ਹੁੰਦਾ ਰਹੇਗਾ।'

ਆਗਰੇ ਦੀ ਸੰਗਤ ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਨਿਹਾਲ ਹੋਈ। ਪੂਰਾ ਮਹੀਨਾ ਰਾਮਦਾਸ ਪੁਰ ਸਰੋਵਰ ਤੇ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਵਿਚ ਹਿੱਸਾ ਪਾਕੇ ਤੇ ਨਾਮ ਦਾਨ ਪ੍ਰਾਪਤ ਕਰਕੇ ਆਗਰੇ ਨੂੰ ਮੁੜ ਗਈ।

੧. ਪ੍ਰਿਥੀ ਚੰਦ ਦੀ ਗੁਰੂ ਘਰ ਨਾਲ ਈਰਖਾ

ਜਿਉਂ ਜਿਉਂ ਪ੍ਰਿਥੀਚੰਦ ਈਰਖਾ ਕਰਦਾ ਰਿਹਾ, ਤਿਉਂ ਤਿਉਂ ਸਤਿਗੁਰੂ ਜੀ ਦਾ ਪ੍ਰਤਾਪ ਦੂਣਾ ਵਧਦਾ ਗਿਆ। ਸ੍ਰੀ ਤਰਨ ਤਾਰਨ ਸਾਹਿਬ ਤੇ ਕਰਤਾਰ ਪੁਰ ਦੇ ਨਵੇਂ ਸ਼ਹਿਰ ਸਾਹਿਬਾਂ ਨੇ ਵਸਾਏ। ਸਤਿਗੁਰੂ ਜੀ ਦੀ ਇਛਾ ਹੋਈ ਕਿ ਉਹ ਤਰਨ ਤਾਰਨ ਹੀ ਰਹਿਣ ਪਰ ਅਕਾਲ ਪੁਰਖ ਦਾ ਭਾਣਾ ਹੋਰ ਸੀ, ਉਨ੍ਹਾਂ ਨੂੰ ਰਾਮ-ਦਾਸ ਪੁਰ ਹੀ ਰਹਿਣਾ ਪੈਂਦਾ ਸੀ, ਕਿਉਂਕਿ ਹਰਿਮੰਦਰ ਸਾਹਿਬ ਉਸਰ ਰਿਹਾ ਸੀ। ਸਤਿਗੁਰੂ (ਸ੍ਰੀ ਗੁਰੂ ਅਰਜਨ ਦੇਵ) ਜੀ ਦਾ ਸਾਹਿਬਜ਼ਾਦਾ ਕੋਈ ਨਹੀਂ ਸੀ, ਸਤਿਗੁਰੂ ਜੀ ਦੇ ਪਹਿਲੇ ਮਹਿਲ ਰਾਮ ਕੌਰ ਜੀ ਦੀ ਕੁਖ ਹਰੀ ਨਾ ਹੋਈ, ਉਨ੍ਹਾਂ ਨੇ ਸਤਿਗੁਰੂ ਜੀ ਦੀ ਦੂਸਰੀ ਸ਼ਾਦੀ ਕਰਾ ਦਿਤੀ। ਛੋਟੇ ਮਹਿਲ ਮਾਤਾ ਗੰਗਾ ਜੀ ਨੂੰ ਸਾਹਿਬਾਂ ਦੇ ਘਰ ਆਇਆਂ ਤਿੰਨ ਸਾਲ ਤੋਂ ਉਪਰ ਸਮਾ ਬੀਤ ਗਿਆ, ਪਰ ਕਰਤਾਰ ਨੇ ਬਾਲਕ ਨਾ ਦਿਤਾ। ਉਲਾਦ ਦੀ ਇਸ ਥੁੜ ਨੂੰ ਸਤਿਗੁਰੂ ਜੀ ਨੇ ਤਾਂ ਅਨਭਵ ਨਹੀਂ ਕੀਤਾ, ਉਹ ਤਾਂ ਕਰਤਾਰ ਦੇ ਭਾਣੇ ਨੂੰ ਸਿਰ ਮਥੇ ਉਤੇ ਮੰਨਦੇ ਸਨ, ਪਰ ਸਤਿਗੁਰੂ ਜੀ ਦੇ ਮਹਿਲ ਮਾਤਾ ਗੰਗਾ ਜੀ ਬਹੁਤ ਅਨਭਵ ਕਰਦੇ ਸਨ।

ਪ੍ਰਿਥੀਚੰਦ ਦੀ ਇਸਤ੍ਰੀ ਕਰਮ ਕੌਰ ਦੀ ਜ਼ਬਾਨ ਆਪਣੀ ਨਾ ਰਹੀ ਉਹ ਸਤਿਗੁਰੂ ਜੀ ਤੇ ਮਾਤਾ ਗੰਗਾ ਜੀ ਨੂੰ ਮਨ ਆਈਆਂ ਕਹਿੰਦੀ। ਐਸੀਆਂ ਗਲਾਂ ਕਰਦੀ ਜਿਨ੍ਹਾਂ ਨੂੰ ਸੁਣਕੇ ਮਾਤਾ ਗੰਗਾ ਜੀ ਵਿਆਕੁਲ ਹੋ ਉਠਦੇ। ਪਰ ਜਦੋਂ ਮਾਤਾ ਗੰਗਾ ਜੀ ਸਤਿਗੁਰੂ ਜੀ ਅਗੇ ਫਰਿਆਦੀ ਹੁੰਦੇ ਤਾਂ ਸਾਹਿਬ ਸਿਰਫ ਏਹੋ ਬਚਨ ਕਰ ਛੱਡਦੇ, 'ਕਰਤਾਰ ਦਾ ਸਿਮਰਨ ਕਰੋ, ਉਹ ਵਡੇ ਹਨ ਵੱਡਿਆਂ ਦੀਆਂ ਗਲਾਂ ਦਾ ਗੁਸਾ ਨਹੀਂ ਕਰੀਦਾ। ਜੇ ਕਰਤਾਰ ਦੀ ਇਛਾ ਹੋਈ ਤਾਂ ਉਹ ਤੁਸਾਂ ਦੇ ਦਿਲ ਦੀ ਮੁਰਾਦ ਪੂਰੀ ਕਰਨਗ।'

ਮਾਤਾ ਗੰਗਾ ਜੀ ਕੋਲ ਕਪੜੇ ਤੇ ਗਹਿਣੇ ਅਗਿਣਤ ਸਨ। ਇਕ ਦਿਨ ਖਿਆਲ ਆਇਆ ਕਿ ਸਾਰੇ ਰੇਸ਼ਮੀ ਕਪੜੇ ਧੁਪੇ ਸੁਕਾਏ ਜਾਣ ਤਾ ਕਿ ਲੇਹ (ਕੀੜੇ) ਤੋਂ ਬਚ ਜਾਣ। ਆਪਣੇ ਘਰ ਮਾਤਾ ਜੀ ਨੇ ਧੁਪੇ ਖਿਲਾਰ ਦਿਤੇ। ਉਨ੍ਹਾਂ ਲੀੜਿਆਂ ਨੂੰ ਕਰਮ ਕੌਰ ਨੇ ਦੇਖ ਲਿਆ। ਈਰਖਾ ਦੀ ਅੱਗ ਨਾਲ

ਉਹ ਸਿਰਤੋਂ ਪੈਰਾ ਤਕ ਸੜਨ ਲਗੀ,ਉਹ ਉਚੀ ਉਚੀਗਾਲਾਂਕਢਦੀ ਹੋਈ ਆਪਣੇ ਘਰ ਚਲੀ ਗਈ, ਤਿੰਨ ਚਾਰ ਘੰਟੇ ਰੋਂਦੀ ਰਹੀ ਰੋਂਦੀ ਹੋਈ ਉਹ ਵੈਣ ਪਾਉਂਦੀ ਰਹੀ। ਉਨ੍ਹਾਂ ਵੈਣਾਂ ਵਿਚ ਐਨੀ ਅਗੇ ਵਧ ਗਈ ਕਿ ਸ੍ਰੀ ਗੁਰੂ ਰਾਮਦਾਸ ਜੀ (ਜੋ ਕਰਮ ਕੌਰ ਦੇ ਸਹੁਰੇ ਸਨ) ਨੂੰ ਵੀ ਮੰਦੇ ਸ਼ਬਦ ਕਹਿੰਦੀ ਰਹੀ, ਮਾਤਾ ਗੰਗਾ ਜੀ ਨੇ ਸਾਰੇ ਵੈਣ, ਤਾਹਨੇ, ਮੇਹਣੇ, ਤੇ ਈਰਖਾ ਦੇ ਮੰਦੇ ਬਚਣ ਸੁਣੇ।

ਅਜੇ ਉਸਦਾ ਰੋਣਾ ਪਿੱਟਣਾ ਸ਼ੁਰੂ ਹੀ ਸੀ ਕਿ ਪ੍ਰਿਥੀਚੰਦ ਘਰ ਆ ਪੁਜਾ। ਕਰਮ ਕੌਰ ਉਸ ਨੂੰ ਦੇਖ ਕੇ ਦੋਹੀਂ ਦੋਹੀਂ ਹਥੀਂ ਪਿਟਣ ਲਗ ਪਈ। ਉਸ ਨੂੰ ਚੁਪ ਕਰਾਉਂਦਿਆਂ ਹੋਇਆਂ ਪ੍ਰਿਥੀ ਚੰਦ ਨੇ ਆਖਿਆ, 'ਰੋਣਾ ਧੋਣਾ ਛਡ। ਲੀੜੇ, ਗਹਿਣੇ, ਬਰਤਨ ਮੰਦਰ, ਜਗੀਰ ਤੇ ਜ਼ਮੀਨਾ ਸਭ ਤੇਰੀਆਂ ਹਨ। ਇਕ ਤਾਂ ਮੈਂ ਮੁਗਲ ਸਰਕਾਰ ਨਾਲ ਮਿਲਕੇ ਅੱਧੀ ਜਾਇਦਾਦ ਲੈਣ ਦਾ ਹੀਲਾ ਵਸੀਲਾ ਕਰ ਰਿਹਾ ਹਾਂ। ਦੂਸਰਾ ਉਨ੍ਹਾਂ ਦੇ ਘਰ ਕੋਈ ਪੁਤ੍ਰ ਹੋਣਾ ਨਹੀਂ ਔਂਤਰੇ ਹੀ ਤੁਰ ਜਾਣਗੇ, ਸਾਰੀ ਜਾਇਦਾਦ ਤੇਰੇ ਕੋਲ ਆ ਜਾਵੇਗੀ, ਤੂੰ ਕਿਉਂ ਘਬਰਾਉਂਦੀ ਹੈਂ।'

ਪ੍ਰਿਥੀਚੰਦ ਦਾ ਪਿਛਲਾ ਵਾਕ 'ਔਂਤਰੇ ਹੀ ਤੁਰ ਜਾਣਗੇ। ਮਾਤਾ ਗੰਗਾ ਜੀ ਵੀ ਸੁਣ ਲਿਆ ਤੇ ਮਾਤਾ ਜੀਦੀ ਦਾਸੀ ਨੇ ਵੀ ਸੁਣਿਆਂ। ਮਾਤਾ ਗੰਗਾ ਜੀ ਦਾ ਇਸਤ੍ਰੀ ਹਿਰਦਾ ਜ਼ਖਮੀ ਹੋ ਗਿਆ। ਉਨ੍ਹਾਂ ਦੇ ਸਿਰ ਨੂੰ ਚੱਕਰ ਆਉਣ ਲਗੇ, ਬਹੁਤ ਮੁਸ਼ਕਲ ਨਾਲ ਸੰਭਲਕੇ ਉਪਰਲੀ ਛਤੋਂ ਹੇਠਾਂ ਪੁਜੇ ਤੇ ਮੰਜੇ ਤਕ ਪੁਜਕੇ ਬੇਸੁਰਤ ਹੋ ਗਏ। ਦਾਸੀ ਨੇ ਹੋਰ ਦਾਸੀਆਂ ਤੇ ਗਵਾਂਢਣਾ ਨੂੰ ਸਦਿਆ। ਮਾਤਾ ਜੀ ਨੂੰ ਹੋਸ਼ ਵਿਚ ਲਿਆਉਣ ਦਾ ਯਤਨ ਕੀਤਾ।

ਸਤਿਗੁਰੂ ਜੀ ਘਰ ਆਏ, ਮਾਤਾ ਗੰਗਾ ਜੀ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗਕੇ ਬੇਨਤੀਆਂ ਕਰਨ ਲਗੇ। ਸੁਆਮੀ ਜੀ ! ਦਇਆ ਕਰੋ, ਸਾਰੇ ਜਗਤ ਨੂੰ ਰਿਧੀਆਂ ਸਿਧੀਆਂ ਬਖਸ਼ਦੇ ਹੋ ਮੈਨੂੰ ਵੀ ਕਰਤਾਰ ਕੋਲੋਂ ਇਕ ਪੁਤ੍ਰ ਲੈ ਦਿਓ। ਮੈਥੋਂ ਉਨ੍ਹਾਂ (ਕਰਮ ਕੌਰ) ਦੀਆਂ ਗਲਾਂ ਨਹੀਂ ਸੁਣੀਆਂ ਜਾਂਦੀਆਂ। ਮੈਂ ਔਂਤਰੀ ਨਹੀਂ ਅਖਵਾਉਣਾ ਚਾਹੁੰਦੀ। ਦਇਆ ਕਰੋ—ਹੇ ਦਾਤਾ ! ਹੇ ਮਾਲਕ !! ਮੇਰੇ ਕਰਤਾਰ ਜੋ ਜੋ ਕੌੜੇ ਬਚਨ ਅਜ ਤੁਸਾਂ ਦੇ ਭਰਾ ਭਰਜਾਈ ਨੇ ਬੋਲੇ ਹਨ, ਉਹ ਅਸਹਿ ਸਨ ਮੈਂ ਨਹੀਂ ਸੁਣ ਸਕਦੀ।'

'ਕਰਤਾਰ ਵਲ ਧਿਆਨ ਕਰ।' ਸਤਿਗੁਰੂ ਜੀ ਨੇ ਫੁਰਮਾਇਆ, 'ਉਸ ਦਾਤੇ ਦੇ ਹਥ ਵਡਿਆਈਆਂ ਹਨ। ਉਹ ਜ਼ਰੂਰ ਤੁਸਾਂ ਦੀ ਮੁਰਾਦ ਪੂਰੀ ਕਰਗਾ ਉਸਦਾ ਸਿਮਰਨ ਕਰ।, ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥ ਕਰਿ ਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥ (ਬਿਲਾਵਲ ਮਃ ੫) ਤੁਸਾਂ ਦੀ ਮੁਰਾਦ ਪੂਰੀ ਜ਼ਰੂਰ ਹੋਵੇਗੀ, ਪਰ ਬਾਬਾ ਬੁਢਾ ਜੀ, ਜੋ ਮਹਾਪੁਰਖ ਬ੍ਰਹਮ ਗਿਆਨੀ ਬ੍ਰਹਮ ਰਿਖੀ ਹਨ, ਉਹਨਾਂ ਪਾਸ ਜਾਓ ਤੇ ਵਰ ਮੰਗੋ। ਪ੍ਰਭੂ ਸਾਰੇ ਕਾਰਜ ਰਾਸ ਕਰਨ ਵਾਲਾ ਆਪਣੇ ਘਰ ਕਰਤਾਰ ਪੁਰ (ਬ੍ਰਹਿਮੰਡ) ਵਿਚ ਵਸਦਾ ਹੈ, ਪਰ ਸਚੇ ਸੰਤਾਂ ਦੇ ਸਦਾ ਕੋਲ ਰਹਿੰਦਾ ਹੈ। ਸਾਧ ਸੰਗਿ ਆਰਾਧਨਾ ਹਰਿ ਨਿਧਿ ਅਪਾਰ॥ ਧਰਮ ਅਰਥ ਅਰੁ ਕਾਮ ਮੋਖ ਚੇਤੇ ਨਹੀਂ ਬਾਰ ॥ ਜਿਨ੍ਹਾਂ ਨੇ ਕਰਤਾਰ ਨੂੰ ਸਾਧ ਸੰਗਤ ਰਾਹੀਂ ਚੇਤੇ ਕੀਤਾ ਹੈ, ਉਹਨਾਂ ਨੂੰ ਕਰਤਾਰ ਨੇ ਰਿਧੀਆਂ ਸਿਧੀਆਂ ਬਖਸ਼ੀਆਂ ਹਨ। ਤੁਸੀਂ ਬਾਬਾ ਜੀ ਕੋਲ ਪੁਜੋ ਤਾਂ ਤੁਸਾਂ ਦੀ ਮੁਰਾਦ ਪੂਰੀ ਹੋ ਜਾਵੇਗੀ।' ਸਤਿਗੁਰੂ ਜੀ ਉਸ ਵੇਲੇ ਮੇਹਰ ਦੇ ਘਰ ਆਏ ਹੋਏ ਸਨ। ਬਚਨ ਕਰ ਦਿਤਾ, ਮਾਤਾ ਗੰਗਾ ਜੀ ਬਚਨ ਸੁਣਕੇ ਬਹੁਤ ਪ੍ਰਸੰਨ ਹੋਏ। ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਕੇ ਕਿੰਨਾ ਚਿਰ ਸਤਿਗੁਰੂ ਜੀ ਦੇ ਚਰਨ ਕਮਲਾਂ ਨੂੰ ਘੁਟਦੇ ਰਹੇ।

੨. ਮਾਤਾ ਗੰਗਾ ਜੀ ਦਾ ਪੁਤ੍ਰ ਵਰ ਵਾਸਤੇ ਬਾਬਾ ਬੁਢਾ ਜੀ ਪਾਸ ਜਾਣਾ

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥
(ਸੁਖਮਨੀ ਸਾਹਿਬ)

ਸਤਿਗੁਰੂ ਜੀ ਨੇ ਆਪਣੇ ਮਹਿਲਾਂ ਨੂੰ ਪੁਤ੍ਰ ਵਰ ਵਾਸਤੇ ਬਾਬਾ ਬੁਢਾ ਜੀ ਪਾਸ ਜਾਣ ਵਾਸਤੇ ਕਿਹਾ। ਬਾਬਾ ਬੁਢਾ ਜੀ ਸਚੇ ਸਾਧ, ਸੰਤ ਤੇ ਬ੍ਰਹਮ ਗਿਆਨੀ ਸਨ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਗੁਰੂ ਘਰ ਦੇ ਸੇਵਕ ਬਣੇ ਸਨ ਤੇ ਗੁਰੂ ਘਰ ਦੀ ਸੇਵਾ ਕਰਦਿਆਂ ਸਾਰੀ ਆਯੂ ਬਤੀਤ

ਕਰ ਰਹੇ ਸਨ, ਗੁਰੂ ਘਰ ਦੀ ਸੇਵਾ ਕਰਨ ਦਾ ਜਿੰਨਾ ਉਤਸ਼ਾਹ ਤੇ ਪ੍ਰੇਮ ਜਵਾਨੀ ਵੇਲੇ ਸੀ ਉਸ ਨਾਲੋਂ ਕਈ ਗੁਣਾ ਵਧ ਬੁਢੇਪੇ ਵੇਲੇ ਸੀ। ਉਪਰੋਕਤ ਮਹਾਂ ਵਾਕ ਅਨੁਸਾਰ ਸਿਮਰਨ ਕਰਦਿਆਂ ਸੇਵਾ ਕਾਰਨ ਸਾਧਨਾ ਕਰਦਿਆਂ ਅਤੇ ਹੁਕਮ ਮੰਨ-ਦਿਆਂ ਹੋਇਆਂ ਬਾਬਾ ਜੀ ਉਸ ਪੜਾਅ ਉਤੇ ਪੁਜ ਗਏ ਸਨ ਜਿਥੇ ਜਾਕੇ ਸਾਧ ਤੇ ਪ੍ਰਮਾਤਮਾ ਵਿਚ ਕੋਈ ਫਰਕ ਨਹੀਂ ਰਹਿ ਸਕਦਾ। 'ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥' ਸਾਧ ਬ੍ਰਹਮ ਰੂਪ ਹੋ ਜਾਂਦਾ ਹੈ। ਆਪ ਬ੍ਰਹਮ ਗਿਆਨੀ ਐਸੇ ਸਨ ਜਿਵੇਂ ਸਾਹਿਬਾਂ ਨੇ ਕਿਹਾ ਹੈ। 'ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰ ਨ ਪੇਖੈ ਏਕਸ ਬਿਨੁ ਕੋਇ ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥' (ਸਲੋਕ ਸੁਖਮਨੀ ਸਾਹਿਬ) ਇਹ ਸਾਰੇ ਲਛਣ ਬਾਬਾ ਬੁਢਾ ਜੀ ਦੇ ਜੀਵਨ ਤੇ ਸੁਭਾਨਾਲਢੁਕਦੇਸਨ। ਉਹ ਪ੍ਰਮਾਤਮਾ ਤੋਂ ਬਿਨਾ ਹੋਰ ਕਿਸੇ ਦੀ ਪੂਜਾ ਨਹੀਂ ਸਨ ਕਰਦੇ। ਸਚ ਬੋਲਦੇ ਤੇ ਸਚ ਸੁਣਦੇ ਸਨ, ਸਤਿਗੁਰੂ ਜੀ ਤੇ ਜਨਤਾ ਦੀ ਸੇਵਾ ਕਰਦੇ ਸਨ। ਲਮੇਰੀ ਆਯੂ ਵਿਚ ਉਹ ਤਾਂ ਇਸ ਅਵਸਥਾ ਉਤੇ ਜਾ ਪੁਜੇ ਸੀ 'ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪ ਪਰਮੇਸੁਰ ॥' ਬਾਬਾ ਬੁਢਾ ਜੀ ਨੂੰ ਐਸੇ ਮਹਾਂਪੁਰਸ਼ ਤੇ ਬ੍ਰਹਮ ਗਿਆਨੀ ਜਾਣਕੇ ਹੀ ਸਰਬ ਸ਼ਕਤੀਵਾਨ ਸਤਿਗੁਰੂ ਜੀ ਨੇ ਆਪਣੇ ਮਹਿਲਾਂ ਨੂੰ ਸਲਾਹ ਦਿਤੀ ਸੀ ਕਿ ਉਹ ਬਾਬਾ ਜੀ ਦੇ ਡੇਰੇ ਪੁਜਣ।

ਬਾਬਾ ਜੀ ਬੀੜ ਵਿਚ ਰਿਹਾ ਕਰਦੇ ਸੀ ਇਹ ਬੀੜ ਢੰਡ-ਕਸੇਲ ਨਗਰਾਂ ਦੇ ਨੇੜੇ ਸੀ, ਜਿਥੇ ਹੁਣ 'ਗੁਰਦੁਵਾਰਾ ਬਾਬਾ ਬੁਢਾ ਜੀ ਦੀ ਬੀੜ' ਹੈ। ਇਨ੍ਹਾਂ ਪਾਸ ਬਹੁਤ ਸਾਰੇ ਸੰਤ ਮਹਾਤਮਾ ਰਿਹਾ ਕਰਦੇ ਸਨ। ਗਊਆਂ ਆਮ ਹੁੰਦੀਆਂ ਸਨ। ਬਾਬਾ ਜੀ ਜਦੋਂ ਗੁਰੂ ਜੀ ਦੀ ਸੇਵਾ ਤੋਂ ਵੇਹਲੇ ਹੁੰਦੇ ਤਾਂ ਬੀੜ ਵਿਚ ਚਲੇ ਜਾਂਦੇ ਅਤੇ ਉਥੇ ਗਊਆਂ ਦੀ ਸੇਵਾ ਕਰਾਉਂਦੇ। ਸਤਿਗੁਰੂ ਜੀ ਦੇ ਕਹਿਣ ਅਨੁਸਾਰ ਮਾਤਾ ਗੰਗਾ ਜੀ ਨੇ ਇਹ ਤਾਂ ਫੈਸਲਾ ਕਰ ਲਿਆ ਕਿ ਉਹ ਬਾਬਾ ਬੁਢਾ ਜੀ ਤੇ ਹੋਰ ਸੰਤਾਂ ਤੇ ਬ੍ਰਹਮ ਗਿਆਨੀਆਂ ਦੀ ਸੇਵਾ ਕਰਨ ਵਾਸਤੇ ਬੀੜ ਵਿਚ ਜਾਣਗੇ,ਪਰ ਇਹ ਨਾ ਪੁਛਿਆ ਕਿ ਜਾਣਾ ਕਿਵੇਂ ਚਾਹੀਏ। ਗੁਰੂ ਘਰ ਵਿਚ ਕਿਸੇ ਗਲ ਦਾ ਘਾਟਾ ਨਹੀਂ ਸੀ ਮਾਤਾ ਜੀ ਨੇ ਰਥ ਜੁੜਵਾਏ, ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਕੇ ਨਾਲ ਦਾਸੀਆਂ ਤੇ ਸਿਖਾਂ ਨੂੰ ਲਿਆ, ਸ਼ਾਹੀ ਠਾਠ ਬਾਠ ਨਾਲ

ਮਾਤਾ ਜੀ ਰਾਮਦਾਸ ਪੁਰ ਤੋਂ ਤੁਰੇ।

ਸੰਤ ਦੇ ਮਨ ਦੀ ਮੌਜ ਦਾ ਵੀ ਕਿਸੇ ਅੰਤ ਨਹੀਂ ਪਾਇਆ। ਜਿਸ ਸਮੇਂ ਮਾਤਾ ਜੀ ਬੀੜ ਵਿਚ ਪੁਜੇ ਤਾਂ ਰਥਾਂ ਦੇ ਚਲਣ ਦਾ ਖੜਕਾ ਹੋਇਆ ਉਸ ਵੇਲੇ ਬਾਬਾ ਬੁਢਾ ਜੀ ਪ੍ਰਮਾਤਮਾ ਦੇ ਚਰਨਾਂ ਨਾਲ ਲਿਵ ਜੋੜੀ ਬੈਠੇ ਸਨ। ਉਨ੍ਹਾਂ ਨੇ ਸਹਜ ਸੁਭਾ ਪੁਛਿਆ, 'ਖੜਕਾ ਕੈਸਾ ਹੈ? ਗਊਆਂ ਡਰ ਰਹੀਆਂ ਹਨ?'

'ਬਾਬਾ ਜੀ! ਸਤਿਗੁਰੂ ਜੀ ਦੇ ਮਹਿਲ ਆ ਰਹੇ ਹਨ? ਇਕ ਸਿਖ ਨੇ ਬਾਬਾ ਜੀ ਨੂੰ ਦਸਿਆ।

'ਸਤਿਗੁਰਾਂ ਦੇ ਮਹਿਲਾਂ ਨੂੰ ਕਿਧਰ ਭਾਜੜਾਂ ਪੈ ਗਈਆਂ।' ਬਾਬਾ ਜੀ ਦਾ ਦੂਸਰਾ ਬਚਨ ਸੀ, ਭੋਲੇ ਭਾ ਸਰਾਪ ਮੂੰਹੋ ਨਿਕਲ ਗਿਆ। ਜਦ ਮਾਤਾ ਜੀ ਬਾਬਾ ਬੁਢਾ ਜੀ ਕੋਲ ਪੁਜੇ ਤਾਂ ਉਨ੍ਹਾਂ ਨੂੰ ਪਤਾ ਲਗਾ ਕਿ ਪੁਤ੍ਰ ਵਰ ਮਿਲਣ ਦੀ ਥਾਂ ਭਾਜੜਾਂ ਪੈਣ ਦਾ ਸਰਾਪ ਮਿਲ ਗਿਆ ਹੈ। ਸੰਤਾਂ ਨੂੰ ਭੋਜਨ ਛਕਾ ਦਿਤਾ। ਪਰ ਹਿਰਦਾ ਘਬਰਾ ਗਿਆ। ਨਿਰਾਸ ਚਿਤ ਪਿਛੇ ਮੁੜ ਆਏ।

ਜਦ ਸਤਿਗੁਰੂ ਜੀ ਮਿਲੇ ਤਾਂ ਮਾਤਾ ਗੰਗਾ ਜੀ ਨੇ ਕਿਹਾ, 'ਤੁਸਾਂ ਪੁਤ੍ਰ ਵਰ ਲੈਣ ਵਾਸਤੇ ਭੇਜਿਆ ਸੀ ਪਰ ਬਾਬਾ ਜੀ ਨੇ ਤਾਂ ਮੈਨੂੰ ਸਰਾਪ ਦੇ ਦਿਤਾ ਹੈ।'

ਸਰਾਪ ਦੇਣ ਦੀ ਸਾਰੀ ਕਥਾ ਕਹਿ ਸੁਣਾਈ ਤਾਂ ਕਥਾ ਸੁਣਕੇ ਸਤਿਗੁਰ ਜੀ ਨੇ ਬਚਨ ਕੀਤਾ। 'ਕਿਸੇ ਮਹਾ ਪੁਰਸ਼ ਨੂੰ ਮਿਲਣ ਵਾਸਤੇ ਇਸ ਤਰ੍ਹਾਂ ਸ਼ਾਹੀ ਠਾਠ ਬਾਠ ਨਾਲ ਨਹੀਂ ਜਾਣਾਂ ਚਾਹੀਦਾ। ਬਾਬਾ ਬੁਢਾ ਜੀ ਕਿਸਾਨ ਸਾਧੂ ਹਨ। ਕਿਹਾ ਚੰਗਾ ਹੁੰਦਾ ਕਣਕ ਤੇ ਛੋਲੇ ਰਲਾਕੇ ਮਿਸਾ ਆਟਾ ਆਪ ਪੀਠਾ ਜਾਂਦਾ ਉਸ ਆਟੇ ਦੀਆਂ ਸ਼ਰਧਾ ਨਾਲ ਮਿਸੀਆਂ ਰੋਟੀਆਂ ਆਪਣੀ ਹਥੀਂ ਪਕਾਈਆਂ ਜਾਂਦੀਆਂ ਉਨ੍ਹਾਂ ਰੋਟੀਆਂ ਨੂੰ ਮਖਣ ਨਾਲ ਚੋਪੜਿਆ ਜਾਂਦਾ, ਗੰਢੇ ਰਖਕੇ ਰੋਟੀਆਂ ਬੰਨ੍ਹ ਕੇ ਸਿਰ ਉਤੇ ਚੁਕ ਕੇ ਅਤੇ ਲਸੀ ਦਾ ਗੜਵਾ ਲੈਕੇ ਏਥੋਂ ਬੀੜ ਤਕ ਪੈਦਲ ਜਾਂਦੀਓਂ ਤਾਂ ਕਿਤੇ ਵਰ ਪ੍ਰਾਪਤ ਹੋਣਾ ਸੀ। ਸੰਤ ਸਾਧੂ ਨੂੰ ਮਿਲਣ ਗਿਆਂ ਗਰੀਬੀ ਵੇਸ ਤੋਂ ਕੰਮ ਲਈਦਾ ਹੈ। ਹੰਕਾਰ ਤੇ ਮਾਇਆ ਦਾ ਦਿਖਾਵਾ ਨਹੀਂ ਕਰੀਦਾ।'

ਮਾਤਾ ਗੰਗਾ ਜੀ ਨੇ ਸਾਰੇ ਬਚਨ ਧਿਆਨ ਨਾਲ ਸਣੇ। ਓਹ ਤਾਂ ਜਾਨ ਵਾਰ ਕੇ ਵੀ ਪੁਤ੍ਰ ਗੋਦ ਖਿਡਾਉਂਣਾ ਚਾਹੁੰਦੇ ਸਨ। ਓਹਨਾਂ ਨੇ ਮਨ ਹੀ

ਮਨ ਫੈਸਲਾ ਕਰ ਲਿਆ ਕਿ ਸਵੇਰੇ ਉਸੇ ਤਰਾਂ ਕਰਨਗੇ। ਸਤਿਗੁਰੂ ਜੀ ਨੂੰ ਇਹ ਉੱਤਰ ਦਿਤਾ, 'ਮੈਂ ਭੁਲ ਗਈ, ਮੈਨੂੰ ਚੇਤਾ ਨਾ ਰਿਹਾ ਨਹੀਂ ਤੇ ਤੁਸਾਂ ਕੋਲੋਂ ਪੁਛ ਲੈਂਦੀ ਕਿ ਕਿਸ ਤਰ੍ਹਾਂ ਬਾਬਾ ਜੀ ਦੇ ਡੇਰੇ ਪੁਜਾਂ। ਹਛਾ ਸਵੇਰੇ ਆਪ ਚੱਕੀ ਪੀਹਕੇ ਮਿਸੇ ਪ੍ਰਸ਼ਾਦੇ ਤਿਆਰ ਕਰਾਂਗੀ। ਸਚ ਹੈ, ਜੇ ਪੁਤ੍ਰ ਮੈਂ ਗੋਦ ਖਿਡਾਉਣਾ ਹੈ ਤਾਂਸੇਵਾ ਮੈਨੂੰ ਕਰਨੀ ਚਾਹੀਦੀ ਹੈ।' ਸਵੇਰ ਹੋਈ ਮਾਤਾ ਗੰਗਾ ਜੀ ਨੇ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਸ੍ਰੀ ਜਪੁਜੀ ਸਾਹਿਬ ਦੀ ਪਵਿਤ੍ਰ ਬਾਣੀ ਦਾ ਪਾਠ ਕੀਤਾ। ਪਾਠ ਕਰਨ ਪਿਛੋਂ ਸਤਿਗੁਰੂ ਜੀ ਦੇ ਚਰਨਾ ਉੱਪਰ ਮਥਾ ਟੇਕਿਆ ਤੇ ਬੇਰੜਾ (ਕਣਕ ਤੇ ਛੋਲੇ) ਲੈਕੇ ਛੱਟਿਆ, ਚੁਣਿਆਂ ਤੇ ਚੰਗੀ ਤਰਾਂ ਸਾਫ ਕਰਕੇ ਚਕੀ ਵਿਚ ਪੀਠਾ। ਵਾਹਵਾ ਤਿੰਨ ਕੁ ਸੇਰ ਆਟਾ ਪੀਹਕੇ ਆਪ ਭਾਰੀਆਂ ਰੋਟੀਆਂ ਪਕਾ-ਈਆਂ।ਮਖਣ ਨਾਲ ਚੋਪੜੀਆਂ ਇਕ ਕੌਲ ਮਖਣਦਾਭਰਲਿਆਤੇਇਕ ਛੰਨਾਦਹੀਂ ਦਾ, ਰੋਟੀਆਂ ਕੋਰੇ ਪੋਣੇ ਵਿਚ ਬੰਨ੍ਹੀਆਂ। ਓਹਨਾਂ ਉੱਪਰ ਛੰਨਾ ਤੇ ਕੌਲ ਬੰਨ੍ਹਿਆਂ। ਦਾਸੀ ਨੂੰ ਚਾਟੀ ਲਸੀ ਦੀ ਚੁਕਾ ਲਈ। ਇਕ ਕੰਨੀਂ ਮੋਟੇ ਮੋਟੇ ਗੰਢੇ ਬੰਨ੍ਹ ਲਏ। ਜਿਵੇਂ ਪਿੰਡ ਦੇ ਕਿਸਾਨਾਂ ਦੀਆਂ ਇਸਤ੍ਰੀਆਂ ਹਲ ਵਾਹੁੰਦੇ ਪੁਰਸ਼ਾਂ ਦੀਆਂ ਰੋਟੀਆਂ ਲੈਕੇ ਬਾਹਰ ਜਾਂਦੀਆਂ ਹਨ, ਤਿਵੇਂ ਮਾਤਾ ਗੰਗਾ ਜੀ ਨੰਗੀਂ ਪੈਰੀਂ ਰੋਟੀਆਂ ਸਿਰ ਉਤੇ ਰਖਕੇ ਰਾਮਦਾਸਪੁਰ ਤੋਂ ਬਾਬਾ ਬੁਢਾ ਜੀ ਦੀ ਬੀੜ ਵਲ ਤੁਰ ਪਏ। ਸੰਗ ਨਹੀਂ ਕੀਤੀ। ਕਿਸੇ ਡਰ ਤੇ ਝਿਜਕ ਨੇ ਓਹਨਾਂ ਦੇ ਪੈਰ ਨਹੀਂ ਫੜੇ। ਓਹ ਖੁਸ਼ੀ ਖੁਸ਼ੀ ਮਨ ਵਿਚ ਪੁਤ੍ਰ-ਖਡੌਣ ਦੀਆਂ ਸਧਰਾਂ ਰਖੀ ਮਾਤਾ ਜੀ ਤੁਰੇ ਗਏ। ਸਚੀਪ੍ਰੀਤ ਨੇ ਬਾਬਾ ਬੁਢਾ ਜੀ ਦੇ ਹਿਰਦੇ ਨੂੰ ਪਹਿਲਾਂ ਹੀ ਸੁਰਜੀਤ ਕਰ ਦਿਤਾ। ਕਰਤਾਰ ਨੇ ਬਾਬਾ ਜੀ ਨੂੰ ਬਹੁਤ ਭੁਖ ਲਾ ਦਿਤੀ। ਓਹ ਉਸ ਰਾਹ ਉੱਪਰ ਆ ਗਏ ਜਿਧਰੋਂ ਮਾਤਾ ਜੀ ਨੇ ਜਾਣਾ ਸੀ। ਬਾਬਾ ਜੀ ਬੇਸਬਰੀ ਨਾਲ ਰਾਹ ਤਕਣ ਲਗੇ।

ਲੰਮਾ ਪੰਧ ਕਰਕੇ ਮਾਤਾ ਗੰਗਾ ਜੀ ਬੀੜ ਵਿਚ ਪੁਜੇ, ਉਨ੍ਹਾਂ ਦੇ ਚੇਹਰੇ ਉਤੇ ਰਾਹ ਦੀ ਧੂੜ ਪੈ ਗਈ। ਨੰਗੇ ਪੈਰਾਂ ਨੇ ਘਟੇ ਨਾਲ ਰੰਗ ਬਦਲ ਲਿਆ, ਤਨ ਨੂੰ ਮੁੜਕਾ ਆ ਗਿਆ ਜਿਉਂ ਹੀ ਬਾਬਾ ਜੀ ਨੇ ਮਾਤਾ ਜੀ ਹੁਰਾਂ ਨੂੰ ਨੇੜੇ ਆਉਂਦਿਆਂ ਤਕਿਆ ਤਾਂ ਨਸਕੇ ਅਗੇ ਹੋਏ ਦੋਵੇਂ ਬਾਹੀਂ ਫਲਾ ਕੇ ਮਾਤਾ ਜੀ ਦੇ ਸਿਰ ਉਪਰੋਂ ਰੋਟੀਆਂ ਚੁਕ ਲਈਆਂ ਖੁਸ਼ੀ ਵਿਚ ਬੋਲੀ

ਗਏ–'ਮਾਤਾ ਜੀ ! ਬਹੁਤ ਚੰਗਾ ਕੀਤਾ। ਅਜ ਮੈਨੂੰ ਬਹੁਤ ਭੁਖ ਲਗੀ ਹੈ। ਮਿਸੇ ਪ੍ਰਸ਼ਾਦੇ ਖਾਣ ਨੂੰ ਚਿਤ ਕਰਦਾਸੀ। ਸਤਿਗੁਰੂ ਜੀ ਨੇ ਮੇਹਰ ਕੀਤੀ ਜੋ ਤੁਸਾਂ ਨੂੰ ਮੇਰੇ ਗਰੀਬ ਸਿਖ ਵਲ ਭੇਜਿਆ। ਮੈਂ ਹੁਣ ਬਹੁਤਾ ਬੁਢਾ ਹੋ ਗਿਆ ਹਾਂ, ਮੈਥੋਂ ਤੁਰਕੇ ਰਾਮਦਾਸ ਪੁਰ ਨਹੀਂ ਪੁਜਿਆ ਜਾਂਦਾ ਨਹੀਂ ਤੇ ਤੁਸਾਂ ਕੋਲੋਂ ਪ੍ਰਸ਼ਾਦੇ ਛਕ ਆਇਆ ਕਰਾਂ।' ਇਸਤਰਾਂ ਕਹਿੰਦੇ ਹੋਏ ਅਤੇ ਸਤਿਗੁਰੂ ਜੀ ਦਾ ਜਸ ਕਰਦੇ ਹੋਏ ਬਾਬਾ ਜੀ ਪ੍ਰਸ਼ਾਦੇ ਰਖਕੇ ਇਕ ਟਾਹਲੀ ਹੇਠਾਂ ਬੈਠ ਗਏ।' ਬਲਿਹਾਰੀ ਗੁਰ ਆਪਣੇ ਦਿਉ-ਹਾੜੀ ਸਦਵਾਰ ॥'

ਮਾਤਾ ਜੀ ਨੇ ਕੁਝ ਪ੍ਰਸ਼ਾਦੇ ਬਾਬਾ ਬੁਢਾ ਜੀ ਦੇ ਹਥਾਂ ਉਪਰ ਰਖੇ, ਮਖਣ ਪ੍ਰਸ਼ਾਦਿਆਂ ਉਤੇ ਰਖ ਦਿਤਾ। ਛੰਨਾ ਦਹੀਂ ਦਾ ਅਗੇ ਰਖਿਆ ਤੇ ਨਾਲ ਗੰਢੇ ਦਿਤੇ। ਪ੍ਰਸ਼ਾਦੇ ਛਕਦੇ ਛਕਦੇ ਬਾਬਾ ਜੀ ਅਨੇਕਾਂ ਸ਼ੁਭ ਬਚਨ ਕਰੀ ਗਏ, ਉਨ੍ਹਾਂ ਨੇ ਮੋਟੇ ਗੰਢੇ ਨੂੰ ਭੰਨਿਆਂ, ਗੰਢਾ ਭੰਨਦੇ ਹੋਏ ਬੋਲੇ 'ਮਹਾਂ ਪ੍ਰਤਾਪੀ ਪਤ੍ਰ ਆਪਦੇ ਘਰ ਹੋਵੇਗਾ। ਜਿਸਤਰਾਂ ਮੈਂ ਗੰਢਿਆਂ ਦੇ ਸਿਰ ਭੰਨਦਾ ਹਾ, ਤਿਵੇਂ ਉਹ ਦੁਸ਼ਮਨਾਂ ਦਾ ਸਿਰ ਭੰਨਿਆਂ ਕਰਨਗੇ। ਯੁਧ ਕਰਨਗੇ, ਸ਼ੇਰਾਂ ਨਾਲ ਲੜਨਗੇ ਤੇ ਸ਼ੇਰਾਂ ਨੂੰ ਨਥ ਪਾਉਣਗੇ, ਪਾਤ-ਸ਼ਾਹ ਹੋਣਗੇ ਪਾਤਸ਼ਾਹ !'

ਬਾਬਾ ਜੀ ਦੇ ਸਹਿਜ ਸੁਭਾ ਬੋਲੇ ਹੋਏ ਬਚਨਾ ਨੂੰ ਸੁਣ ਸੁਣ ਕੇ ਮਾਤਾ ਜੀ ਪ੍ਰਸੰਨ ਹੁੰਦੇ ਗਏ। ਪ੍ਰਸੰਨਤਾ ਨਾਲ ਉਨ੍ਹਾਂ ਦਾ ਹਿਰਦਾ ਧੜਕਨ ਲਗਾ, ਸੌ ਸਾਲ ਦੀ ਉਮਰ ਤੋਂ ਵਡੇ ਬਜ਼ੁਰਗ ਮਾਤਾ ਗੰਗਾ ਜੀ ਨੂੰ 'ਮਾਤਾ ਜੀ ਆਖਕੇ ਸਤਕਾਰ ਨਾਲ ਬੁਲਾਉਂਦੇ ਹੋਏ ਇਉਂ ਵਰ ਦੇਈ ਜਾਂਦੇ ਸਨ ਜਿਵੇਂ ਵੈਦਿਕ ਸਮੇਂ ਬ੍ਰਹਮਰਿਖੀ ਲੋੜ-ਵੰਦਾਂ ਨੂੰ ਵਰ ਦਿਆ ਕਰਦੇ ਸਨ। 'ਮਾਤਾ ਜੀ ! ਤੁਸਾਂ ਦੀ ਕੁਖ ਹਰੀ ਹੋਵੇਗੀ। ਦੁਸ਼ਮਨਾਂ ਦੇ ਮੂੰਹ ਕਾਲੇ ਹੋਣਗੇ, ਗੁਰਿਆਈ ਤੁਸਾਂ ਦੇ ਪਰਵਾਰ ਕੋਲ ਰਹੇਗੀ। ਪੋਤਰੇ ਖਿਡਾਵੋਗੇ। ਚਿੰਤਾ ਨਾ ਕਰੋ, ਕਰਤਾਰ ਦਾ ਭਾਣਾ ਏਸੇ ਤਰ੍ਹਾਂ ਹੈ ਸਿਦਕ ਵਾਲਿਆਂ ਦੇ ਬੇੜੇ ਪਾਰ ਹੁੰਦੇ ਹਨ।' ਬਾਬਾ ਜੀ ਨੇ ਰਜਕ ਪ੍ਰਸ਼ਾਦ (ਮਿਸੀਆਂ ਰੋਟੀਆਂ ਦਾ ਛਕ ਲਿਆ, ਲਸੀ ਪੀਤੀ, ਜੋ ਰੋਟੀਆਂ ਬਚੀਆਂ ਉਹ ਹੋਰ ਸਿਖਾਂ ਨੂੰ ਛਕਾ ਦਿਤੀਆਂ ਗਈਆਂ। ਸਭ ਦੀਆਂ ਖੁਸ਼ੀਆਂ ਤੇ ਅਸੀਸਾਂ ਪ੍ਰਾਪਤ ਕਰਕੇ ਮਾਤਾ ਜੀ ਖੁਸ਼ੀ ਖੁਸ਼ੀ ਪਿਛੇ ਮੁੜੇ ਉਹ ਸਤਿਗੁਰੂ ਜੀ ਦੇ ਬਚਨ ਚੇਤੇ ਕਰਕੇ ਗਾਉਂਦੇ

ਆਉਂਦੇ ਸਨ—

"ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥
ਗੁਨ ਨਿਦਾਨ ਨਿਤਿ ਗਾਵੈ ਨਾਨਕੁ ਸਹਸਾ ਦੂਖੁ ਮਿਟਾਇ ॥'

ਰਾਮਦਾਸ ਪੁਰ (ਸ੍ਰੀ ਅੰਮ੍ਰਿਤਸਰ) ਪਹੁੰਚਕੇ ਮਾਤਾ ਜੀ ਨੇ ਬਾਬਾ ਬੁਢਾ ਜੀ ਦੇ ਬੋਲੇ ਬਚਨ ਸਾਰੇ ਸਤਿਗੁਰੂ ਜੀ ਨੂੰ ਸੁਣਾ ਦਿਤੇ। ਸਤਿਗੁਰੂ ਜੀ ਨੇ ਉਤਰ ਦਿਤਾ —'ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰੋ। ਤੁਸਾਂ ਦੀ ਇਛਾ ਪੂਰੀ ਹੋ ਜਾਵੇਗੀ।'

ਮਾਤਾ ਜੀ ਹਰ ਰੋਜ਼ ਇਸ ਸ਼ਬਦ ਦਾ ਪਾਠ ਕਰਦੇ ਰਹੇ—

ਅਉਖਧੁ ਖਾਇਓ ਹਰਿ ਕੋ ਨਾਉ ॥ ਸੁਖੁ ਪਾਏ ਦੁਖੁ ਬਿਨਸਿਆ ਥਾਉ ॥ ੧ ॥
ਤਾਪੁ ਗਇਆ ਬਚਨਿ ਗੁਰ ਪੂਰੇ ॥ ਅਨਦੁ ਭਇਆ ਸਭਿ ਮਿਟੇ ਵਿਸੂਰੇ ॥
॥੧॥ ਰਹਾਉ॥ਜੀਅ ਜੰਤ ਸਗਲੇ ਸੁਖੁ ਪਾਇਆ ॥ ਪਾਰਬ੍ਰਹਮੁ ਨਾਨਕ ਮਨਿ ਧਿਆਇਆ ॥
(ਆਸਾ ਮ: ੫)

੩. (ਸ੍ਰੀ ਗੁਰੂ) ਹਰਿ ਗੋਬਿੰਦ ਸਾਹਿਬ ਦਾ ਪ੍ਰਗਟ ਹੋਣਾ

ਇਸਤ੍ਰੀ ਦੇ ਜੀਵਨ ਪੰਧ ਵਿਚ ਕਈ ਖੁਸ਼ੀ ਦੇ ਸਮੇਂ ਆਉਂਦੇ ਹਨ ਪਰਸਭ ਤੋਂ ਬਹੁਤਾ ਅਨੰਦ ਦੇਣ ਵਾਲਾ ਸਮਾਂ ਉਹ ਹੁੰਦਾ ਹੈ, ਜਦੋਂ ਇਸਤ੍ਰੀ ਇਕ ਮਾਂ ਬਣਦੀ ਹੈ। ਇਕ ਪੁਤ੍ਰ ਦੀ ਮਾਂ ਬਣਕੇ ਇਸਤ੍ਰੀ ਨੂੰ ਉਨੀ ਖੁਸ਼ੀ ਹੁੰਦੀਹੈਜਿੱਨੀਇਕ ਕੰਗਾਲ ਨੂੰ ਰਾਜ ਪਾਕੇ ਖੁਸ਼ੀ ਪ੍ਰਾਪਤ ਹੁੰਦੀ ਹੈ। ਮਾਂ ਬਣਨ ਵਾਸਤੇ ਇਸਤ੍ਰੀ ਬਹੁਤ ਕਠਨ ਤਪਸਿਆ ਕਰਦੀ ਹੈ। ਖਾਣ ਉਠਣ, ਬੈਠਣ, ਬੋਲਣ ਤੇ ਫਿਰਨ ਦਾ ਸੰਜਮ ਕਰਦੀ ਹੈ। ਪ੍ਰਮਾਤਮਾ ਨੂੰ ਹਰ ਘੜੀ ਚੇਤੇ ਕਰਦੀ ਹੈ ਤਾਂਕਿ ਉਹਦੇ ਪੁਤ੍ਰ ਨੂੰ ਕਿਸੇ ਤਰਾਂ ਦਾ ਕੋਈ ਕਸ਼ਟ ਨਾ ਹੋਵੇ।

ਬਾਬਾ ਬੁਢਾ ਜੀ ਦਾ ਬਚਨ ਪੂਰਾ ਹੋ ਗਿਆ। ਕੁਝ ਮਹੀਨਿਆਂ ਪਿਛੋਂਮਾਤਾ ਗੰਗਾ ਜੀ ਦੀ ਕੁਖ ਹਰੀ ਹੋ ਗਈ। ਖੁਸ਼ੀਆਂ ਦੇ ਮੰਗਲਾਂ ਚਾਰ ਹੋਣ ਲਗੇ। ਭਾਵੇਂ ਮਾਤਾ ਜੀ ਦਾ ਵਿਚਾਰ ਸੀ ਕਿ ਇਹ ਖਬਰ ਬਹੁਤੀ ਪ੍ਰਗਟ ਨ ਹੋਵੇ ਕਿਉਂਕਿ ਉਹ ਕਰਮ ਕੌਰ ਤੇ ਪ੍ਰਿਥੀ ਚੰਦ ਕੋਲੋਂ ਡਰਦੇ ਸਨ। ਮਾਤਾ ਜੀ ਕਰਮ ਕੌਰ ਨੂੰ ਤਾਂ ਡੈਣ ਸਮਝਦੇ ਸਨ ਉਨ੍ਹਾਂ ਨੇ ਦਾਸੀਆਂ ਨੂੰ ਹੁਕਮ ਕੀਤਾ ਕਰਮ ਕੌਰ ਨੂੰ ਘਰ ਨਾ ਵੜਨ ਦੇਣ। ਜਿਵੇਂ ਸੂਰਜ ਤੋਂ ਪਹਿਲਾ ਪ੍ਰਭਾਤ ਆਉਂਦੀ ਹੈ ਤੇ ਪੰਛੀ ਬੋਲਣ ਤੇ

ਗਾਉਣ ਲਗ ਪੈਂਦੇ ਹਨ, ਤਿਵੇਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਖੁਸ਼ੀ ਦੀਆਂ ਨਿਸ਼ਨੀਆਂ ਪ੍ਰਗਟ ਹੋ ਜਾਂਦੀਆਂ ਹਨ । ਓਹ ਲੁਕਾਇਆਂ ਨਹੀਂ ਲੁਕ ਸਕਦੀਆਂ। ਮਾਤਾ ਜੀ ਦੀ ਕੁਖ ਹਰੀ ਹੋਣ ਦੀ ਖਬਰ ਕਰਮ ਕੌਰ ਤੇ ਪ੍ਰਿਥੀਚੰਦ ਨੇ ਵੀ ਸੁਣ ਲਈ। ਪਹਿਲਾਂ ਤਾਂ ਦੋਹਾਂ ਜੀਆਂ ਨੇ ਸਮਝਿਆ ਕਿ ਐਵੇਂ ਮਖੌਲ ਹੈ, ਪਰ ਜਦੋਂ ਓਹਨਾਂ ਨੇ ਸਿਆਣੀਆ ਇਸਤ੍ਰੀਆਂ ਭੇਜ ਕੇ ਪੂਰਾ ਪਤਾ ਮੰਗਵਾ ਲਿਆ ਤਾਂ ਓਹਨਾਂ ਦੇ ਦਮ ਖੁਸ਼ਕ ਹੋ ਗਏ। ਸਾਰੀਆ ਆਸਾਂ ਖੂਹ ਵਿਚ ਪੈ ਗਈਆਂ। ਓਹ ਤਾ ਸਿਰ ਫੜ ਕੇ ਬੈਠ ਗਏ। 'ਉਫ ! ਬਹੁਤ ਬੁਰਾ ਹੋਇਆ। ਹੁਣ ਜੇ ਪੁਤ੍ਰ ਨੇ ਜਨਮ ਲੈ ਲਿਆ ਤਾਂ ਗੁਰ ਗੱਦੀ ਉਸੇ ਕੋਲ ਚਲੀ ਜਾਵੇਗੀ, ਲੁਟੇ ਗਏ।' ਪਰ ਓਹ ਏਨਾ ਹੌਕਾ ਭਰਕੇ ਚੁਪ ਬੈਠ ਰਹਿਣ ਵਾਲੇ ਨਹੀਂ ਸਨ। ਦੋਹਾਂ ਜੀਆਂ ਨੇ ਮੰਦੀਆਂ ਵਿਚਾਰਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

ਪ੍ਰਿਥੀਚੰਦ ਕਰਮ ਕੌਰ ਦੇ ਆਖੇ ਲਗਦਾ ਸੀ। ਕਰਮ ਕੌਰ ਜਾਦੂ, ਟੂਣਿਆਂ ਅਤੇ ਪੋਥਿਆਂ ਉਤੇ ਭਰੋਸਾ ਰਖਦੀ ਸੀ। ਉਸ ਨੇ ਪ੍ਰਿਥੀਚੰਦ ਨੂੰ ਕਿਹਾ, 'ਦੇਖੋ ਜੀ, ਹੁਣ ਤਦੇ ਹੀ ਅਸਾਡੇ ਜੀਉਣ ਦਾ ਹਜ ਹੈ, ਜੋ ਗੰਗਾ (ਜੀ) ਦੇ ਬੱਚੇ ਨੂੰ ਜੰਮਣ ਤੋਂ ਪਹਿਲਾਂ ਹੀ ਮਰਵਾ ਸੁਟੀਏ। ਕਿਤਿਓਂ ਕੋਈ ਧਾਗਾ ਤਵੀਤ ਕਰਕੇ ਲਿਆਓ। ਕਿਸੇ ਸਯਦ ਨੂੰ ਪੁਛੋ, ਲਹੂ ਦੇ ਛਿੱਟੇ ਹੀ ਓਹਦੇ ਘਰ ਮਾਰੀਏ। ਜਾਂ ਕਿਸੇ ਰਾਹੀਂ ਕੋਈ ਜ਼ਹਿਰੀਲੀ ਚੀਜ਼ ਹੀ ਖੁਵਾ ਦਈਏ। ਜਿਸ ਨਾਲ ਗੰਗਾ ਤੇ ਓਹਦਾ ਅਨਜੰਮਿਆਂ ਬਚਾ ਪਾਰ ਹਜਾਵੇ। ਨਾ ਰਹੇ ਤੰਦ ਤੇ ਨਾ ਤਾਣੀ।'

ਵਹੁਟੀ ਦੇ ਆਖੇ ਲਗ ਕੇ ਪ੍ਰਿਥੀਚੰਦ ਏਧਰ ਓਧਰ ਫਿਰਦਾ ਰਿਹਾ। ਪਰ ਮਾਤਾ ਗੰਗਾ ਜੀ ਦਾ ਵਾਲ ਵਿੰਗਾ ਨਾ ਹੋਇਆ। ਪ੍ਰਮਾਤਮਾ ਸਾਰੇ ਖਤਰਿਆਂ ਕੋਲੋਂ ਓਹਮਾਂ ਨੂੰ ਬਚਉਂਦਾ ਰਿਹਾ। ਇਸ ਗੱਲ ਦੀ ਸੂਹ ਮਾਤਾ ਜੀ ਨੂੰ ਵੀ ਲਗ ਗਈ ਕਿ ਪ੍ਰਿਥੀਚੰਦ ਤੇ ਕਰਮ ਕੌਰ ਦੀ ਨੀਤ ਖੋਟੀ ਹੈ। ਓਹ ਓਹਦੇ ਬੱਚੇ ਨੂੰ ਜ਼ਰੂਰ ਨੁਕਸਾਨ ਪਹੁੰਚਾਉਣਗੇ। ਕਿਤੇ ਦੂਰ ਚਲੇ ਜਾਣਾ ਯੋਗ ਹੈ। ਦੁਸ਼ਮਣ ਦਾ ਵਸਾਹ ਨਹੀਂ ਖਾਣਾ ਚਾਹੀਦਾ। ਫਿਰ ਦੁਸ਼ਮਨ ਘਰ ਦਾ ਬੰਦਾ, ਇਹ ਤਾਂ ਬਹੁਤ ਹੀ ਖਤਰੇ ਵਾਲੀ ਗਲ ਸੀ। ਮਾਤਾ ਗੰਗਾ ਜੀ ਨੇ ਸਾਰੀ ਹਕੀਕਤ ਸਤਿਗੁਰੂ ਜੀ ਅਗੇ ਰਖੀ ਤੇ ਬੇਨਤੀ ਕੀਤੀ ਕਿ ਮੈਨੂੰ ਕਿਸੇ ਹੋਰ ਪਿੰਡ ਜਾਂ ਅਸਥਾਨ ਤੇ ਲੈ ਜਾਇਆ ਜਾਵੇ, ਜਿਥੇ

ਉਹ ਸਾਰੇ ਖਤਰਿਆਂ ਤੋਂ ਦੂਰ ਆਪਣੀਆਂ ਸੱਧਰਾਂ ਨੂੰ ਪੂਰੀਆਂ ਕਰ ਸਕਣ। ਪਹਿਲਾਂ ਤਾਂ ਸਤਿਗੁਰੂ ਜੀ ਨਾ ਮੰਨੇ । ਸਾਹਿਬਾਂ ਦਾ ਇਕੋ ਉੱਤਰ ਸੀ—'ਜਿਸ ਦਾ ਰਾਖਾ ਆਪ ਪ੍ਰਮੇਸ਼ਰ ਹੈ ਉਸ ਨੂੰ ਕਸ਼ਟ ਨਹੀਂ ਪਹੁੰਚ ਸਕਦਾ। ਕਰਤਾਰ ਹੀ ਸਭ ਦਾ ਰਾਖਾ ਤੇ ਸੁਖ ਦੁਖ ਦੇਣ ਵਾਲਾ ਹੈ। ਅਵਰੁ ਨ ਕੋਊ ਮਾਰਨਹਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥ (ਆਸਾ ਮ: ੫)

ਪਰ ਜਦੋਂ ਮਾਤਾ ਜੀ ਨੇ ਬਹੁਤ ਬੇਨਤੀਆਂ ਕੀਤੀਆਂ ਤਾਂ ਸਤਿਗੁਰੂ ਜੀ ਪਹਿਲਾਂ (ਮਾਤਾ ਗੰਗਾ ਜੀ) ਨੂੰ ਵਡਾਲੀ ਨਗਰ ਵਿਚ ਲੈ ਆਏ। ਵਡਾਲੀਅੰਮ੍ਰਿਤਸਰ ਸ਼ਹਿਰ ਦੇ ਪਛਮ ਵਲ ਚਾਰ ਮੀਲ ਉਤੇ ਹੈ। ਅਜ ਕਲ ਦੀ ਮਸ਼ਹੂਰ ਕਾਰ ਖਾਨਿਆਂਦੀ ਵਸੋਂ ਛੇਹਰਟਾਸਾਹਿਬਦੇ ਨੇੜੇਹੈਛੇਹਰਟੇ ਦਾਸਾਰਾ ਰਕਬਾ ਵਡਾਲੀ ਗੁਰੂ ਦੀ ਧਰਤੀ ਹੈ। ਦਿਨ ਪੂਰੇ ਹੋ ਗਏ ਪ੍ਰਿਥੀ ਚੰਦ ਤੇ ਕਰਮ ਕੌਰ ਦੀ ਕੋਈ ਪੇਸ਼ ਨਾ ਗਈ। ਪ੍ਰਮਤਾਮਾ ਨੇ ਬਾਲਕ ਨੂੰ ਮਾਤ ਗਰਭ ਵਿਚ ਆਪ ਹੱਥ ਦੇ ਕੇ ਨੌ ਬਰ ਨੌ ਰਖਿਆ। ਆਖਰ ਉਹ ਸ਼ੁਭ ਦਿਹਾੜਾ ਆ ਪੁਜਾ ਜਿਸ ਦਿਨ ਮਾਤਾ ਗੰਗਾ ਜੀ ਦੀਆਂ ਸਾਰੀਆਂ ਸਧਰਾਂ ਪੂਰੀਆਂ ਹੋਈਆਂ। ਹਾੜ ਦੀ ੧ ਸੰਮਤ ੧੬੫੨ ਬਿਕ੍ਰਮੀ ਨੂੰ ਬਾਲਕ ਨੇ ਜਨਮ ਲਿਆ ਸੁੰਦਰ ਤੇ ਅਰੋਗ ਸਰੀਰ ਵਾਲਾ ਬਾਲਕ ਸੀ। ਸਾਹਿਬਾਂ ਨੇ ਬਾਲਕ ਦਾ ਨਾਮ "ਹਰਿ ਗੋਬਿੰਦ" ਰਖਿਆ ਜਿਨ੍ਹਾਂ ਬਾਰੇ ਪੂਰੇ ਹਾਲ ਅਗੇ ਲਿਖੇ ਜਾਣਗੇ।

੪. ਵਜ਼ੀਰ ਖਾਂ ਦਾ ਜਲੋਧਰ ਰੋਗ ਹਟਾਉਣਾ

ਲਾਹੌਰ ਦਾ ਸੂਬੇਦਾਰ ਵਜੀਰ ਖਾਂ ਸੀ ਇਸ ਨੂੰ ਜਲੋਧਰ ਰੋਗ ਹੋ ਗਿਆ ਸੀ। ਸ਼ਾਹੀ ਹਕੀਮ ਜੋਰ ਲਾ ਥਕੇ ਪਰ ਆਰਾਮ ਨਾ ਆਇਆ। ਰੋਗ ਵਧਦਾ ਹੀ ਗਿਆ। ਵਜ਼ੀਰ ਖਾਂ ਨੂੰ ਭਾਵੇਂ ਗੁਰੂ ਘਰ ਉਤੇ ਭਰੋਸਾ ਸੀ ਕਿਉਂਕਿ ਉਹ ਸਤਿਗੁਰੂ ਰਾਮਦਾਸ ਜੀ ਦੇ ਸਮੇਂ ਗੁਰੂ ਘਰ ਦੇ ਦਰਸ਼ਨ ਕਰਨ ਆਉਂਦਾ ਰਿਹਾ ਫਿਰ ਵੀ ਉਹਦਾ ਪਰਵਾਰ ਤੇ ਹੋਰ ਮਿਤ੍ਰ ਉਹਦੀ ਕੋਈ ਪੇਸ਼ ਨਹੀਂ ਸਨ ਜਾਣ ਦੇਂਦੇ। ਸਾਰੇ ਆਖਦੇ ਸਨ ਹਕੀਮਾ ਕੋਲੋਂ ਆਰਾਮ ਆ ਸਕਦਾ ਹੈ । ਸਾਧੂ ਇਸ ਰੋਗ ਨੂੰ ਕਿਵੇਂ ਦੂਰ ਕਰ ਸਕਦੇ ਹਨ। ਏਸੇ ਤਰ੍ਹਾਂ ਚੋਖਾ ਸਮਾ ਬਤੀਤ ਹੋ ਗਿਆ। ਰੋਗ ਨਾ

ਹਟਿਆ ਵਜ਼ੀਰ ਖਾ ਦਿਨੋ ਦਿਨ ਤੰਗ ਹੁੰਦਾ ਗਿਆ। ਨੌਬਤ ਏਥੋਂ ਤਕ ਪੁਜੀ ਕਿ ਤੁਰਨ ਫਿਰਨ ਤੇ ਕੰਮ ਕਰਨ ਦੇ ਅਸਮਰਥ ਹੋ ਗਿਆ ਘਰ ਵਾਲਿਆਂ ਨੂੰ ਬਹੁਤ ਚਿੰਤਾ ਹੋਈ। ਵਜ਼ੀਰ ਖਾਂ ਨੇ ਪਰਵਾਰ ਅਗੇ ਤਰਲਾ ਕੀਤਾ ਕਿ ਉਸ ਨੂੰ ਇਕ ਵਾਰ ਰਾਮਦਾਸ ਪੁਰ ਸਤਿਗੁਰੂ ਜੀ ਦੀ ਸ਼ਰਨ ਲੈ ਚਲਣ। ਜੇ ਮੇਰੀ ਮੌਤ ਵੀ ਹੋਵੇ ਤਾਂ ਉਥੇ ਹੀ ਹੋਵੇ। 'ਮਰਦਾ ਕੀ ਨਹੀਂ ਕਰਦਾ' ਦੇ ਕਥਨ ਅਨੁਸਾਰ ਉਹਦੇ ਘਰ ਦਿਆਂ ਨੇ ਉਹਦਾ ਮੰਜਾ ਚੁਕਿਆ ਤੇ ਦੋਂਹ ਦਿਨੀ ਰਾਮਦਾਸ ਪੁਰ ਲੈ ਆਂਦਾ।

ਜਿਸ ਦਿਨ ਵਜ਼ੀਰ ਖਾਂ ਸਤਿਗੁਰੂ ਜੀ ਦੀ ਸ਼ਰਨ ਵਿਚ ਪੁਜਾ ਉਸ ਦਿਨ ਸਤਿਗੁਰ ਜੀ ਦੁਖ ਭੰਜਨੀ ਬੇਰ ਹੇਠਾਂ ਆਸਣ ਲਾਕੇ ਬੈਠੇ ਸਨ। ਸਰੋਵਰ ਦੀ ਕਾਰ ਸੇਵਾ ਹੋ ਰਹੀ ਸੀ। ਇਕ ਪਾਸਾ ਪਕਾ ਹੋਣ ਵਾਲਾ ਰਹਿੰਦਾ ਸੀ। ਬਾਬਾ ਬੁਢਾ ਜੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਹੋਏ ਸਨ, ਅਤੇ ਕਾਰ ਸੇਵਾ ਕਰ ਰਹੇ ਸਨ। ਬੁਢੇਪ ਦੀ ਕੋਈ ਪਰਵਾਹ ਨਾ ਕਰਦੇ ਹੋਏ ਗਾਰੇ ਦੀ ਟੋਕਰੀ ਭਰਕੇ ਚੁਕਦੇ ਤੇ ਸਰੋਵਰ ਵਿਚੋਂ ਬਾਹਰ ਲਿਆ ਕੇ ਸੁਟ ਰਹੇ ਸਨ।

ਦੁਖ ਭੰਜਣੀ ਬੇਰ ਹੇਠਾਂ ਚੰਗੀ ਰੌਣਕ ਸੀ, ਸੰਗਤ ਬਾਹਰੋਂ ਆਈ ਹੋਈ ਸਤਿਗੁਰੂ ਜੀ ਦੇ ਸ਼ੁਭ ਬਚਨਾਂ ਨੂੰ ਸੁਣ ਰਹੀ ਸੀ। ਉਸ ਸਮੇਂ ਵਜ਼ੀਰ ਖਾਂ ਨੇਸਤਿ-ਨੇ ਵਜ਼ੀਰ ਖਾਂ ਦੀ ਮੰਜੀ ਦੁਖ ਭੰਜਣੀ ਬੇਰ ਹੇਠਾ ਜਾ ਰਖੀ। ਵਜ਼ੀਰ ਖਾਂਦੇ ਪ੍ਰਵਾਰ ਗੁਰੂ ਜੀ ਅਗੇ ਬੇਨਤੀ—'ਮਹਾਰਾਜ! ਆਪ ਖੁਦਾ ਦੇ ਮੇਲੀ ਹੋ। ਖੁਦਾ ਨੇ ਸਤਿ ਬਖਸ਼ਸ਼ਾਂ ਆਪ ਦੇ ਕੋਲ ਹਨ ਮੈਂ ਜਲੋਧਰ ਰੋਗ ਨਾਲ ਬਹੁਤ ਤੰਗ ਹਾਂ ਪੇਟ ਫੂਲਦਾ ਜਾ ਰਿਹਾ ਹੈ ਨਾ ਜਾਨ ਹੀ ਨਿਕਲਦੀ ਹੈ ਨਾ ਆਰਾਮ ਆਉਂਦਾ ਹੈ ਮੇਹਰ ਕਰੋ।'

'ਮੰਜੀ ਉਤੋਂ ਚੁਕ ਕੇ ਧਰਤੀ ਉਤੇ ਲੰਮਾ ਪਾ ਦਿਓ। ਕਰਤਾਰ ਭਲੀ ਕਰੇਗਾ।' ਸਤਿਗੁਰੂ ਜੀ ਨੇ ਬਚਨ ਕੀਤਾ।

ਵਜ਼ੀਰ ਖਾਂ ਦੇ ਆਦਮੀਆਂ ਨੇ ਮੰਜੀ ਤੋਂ ਚੁਕਕੇ ਧਰਤੀ ਉਤੇ ਲੰਮਾ ਪਾਇਆ। ਉਧਰੋਂ ਸਬਬ ਨਾਲ ਬਾਬਾ ਜੀ ਗਾਰੇ ਦੀ ਟੋਕਰੀ ਸਿਰ ਉਪਰ ਚੁਕ ਕੇ ਆ ਪੁਜੇ। ਉਨ੍ਹਾਂ ਵਲ ਦੇਖਕੇ ਸਤਿਗੁਰੂ ਜੀ ਨੇ ਕਿਹਾ—'ਬਾਬਾ ਜੀ! ਖਾਂ ਆਇਆ ਹੈ। ਇਸ ਦਾ ਰੋਗ ਹਟਾਓ ਇਹ ਬਹੁਤ ਦੁਖੀ ਹੈਨ!'

ਸਤਿਗੁਰੂ ਜੀ ਦੇ ਬਚਨ ਸੁਣਕੇ ਬਾਬਾ ਜੀ ਅੰਤ੍ਰੀਵ ਭਾਗ ਨੂੰ ਸਮਝ ਗਏ

ਉਨ੍ਹਾਂ ਨੇ ਗਾਰੇ ਦੀ ਭਰੀ ਭਰਾਈ ਟੋਕਰੀ ਵਜ਼ੀਰ ਖਾਂ ਦੇ ਢਿੱਡ ਉਤੇ ਧੈਂਹ ਕਰਕ ਜ਼ੋਰ ਨਾਲ ਮਾਰੀ ਟੋਕਰੀ ਦੇ ਡਿਗਣ ਨਾਲ ਉਹਦੇ ਪੇਟ ਵਿਚੋਂ ਸਾਰਾ ਪਾਣੀ ਨਿਕਲ ਗਿਆ ਪਰ ਉਹਦਾ ਪਰਵਾਰ ਹਕਾ-ਬਕਾ ਰਹਿ ਗਿਆ ਕਿ ਬਾਬਾ ਬੁਢਾਜੀ ਨੇ ਇਹ ਕੀ ਕੀਤਾ? ਵਜ਼ੀਰ ਖਾਂ ਨੂੰ ਤਾਂ ਮਾਰ ਦਿਤਾ। ਉਹ ਅਗੇ ਹੋਕੇ ਦੇਖਣ ਲਗੇ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ—'ਠਹਿਰੋ ! ਪਿਛੇ ਰਹੋ ! ਡਰ ਵਾਲੀ ਕੋਈ ਗਲ ਨਹੀ ਕਰਤਾਰ ਦੀ ਦਇਆ ਹੋ ਗਈ। ਵਜ਼ੀਰ ਖਾਂ ਰਾਜ਼ੀ ਹੋ ਜਾਵੇਗਾ ਇਸ ਦੇ ਸਾਰੇ ਰੋਗ ਦੂਰ ਹੋ ਜਾਣਗੇ।' ਨਾਲ ਹੀ ਸਾਹਿਬਾਂ ਨੇ ਕੋਲ ਖਲੋਤੇ ਸਿਖ ਨੂੰ ਹੁਕਮ ਕੀਤਾ—'ਗਾਰੇਨੂੰ ਪੇਟਤੋਂ ਪਾਸੇਕਰੋ'ਵਜ਼ੀਰਖਾਂ ਦੇ ਪੇਟ ਉਤੋਂ ਜਦੋਂ ਸਾਰਾ ਗਾਰਾ ਪਾਸੇ ਕੀਤਾ ਤਾਂ ਪੇਟ ਨੀਵਾਂ ਹੋ ਚੁਕਾ ਸੀ ਪੇਟ ਵਿਚੋਂ ਪਾਣੀ ਸਾਰਾ ਨਿਕਲ ਗਿਆ ਸੀ। ਸਾਹਿਬਾਂ ਨੇ ਹਲਵਾ (ਕੜਾਹ ਪ੍ਰਸ਼ਾਦ) ਤਿਆਰ ਕਰਵਾ ਕੇ ਖੁਆਇਆ। ਗਰਮ ਗਰਮ ਹਲਵਾ ਖਾਕੇ 'ਧੰਨ ਸਤਿਗੁਰੂ ਜੀ !' ਆਖਦਾ ਹੋਇਆ ਵਜ਼ੀਰ ਖਾਂ ਉਠਕੇ ਬੈਠ ਗਿਆ। ਉਸ ਨੂੰ ਪ੍ਰਤੀਤ ਹੋਣ ਲਗਾ ਜਿਵੇਂ ਰੋਗ ਉਸ ਨੂੰ ਹੋਇਆ ਹੀ ਨਹੀਂ ਸੀ। ਉਹ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗਾ ਚਰਨਾਂ ਦੀ ਧੂੜੀ ਲੈਕੇ ਅਖਾਂ ਨੂੰ ਲਾਈ ਅਤੇ ਸਤਿਗੁਰੂ ਜੀ ਦਾ ਜਸ ਗਾਇਆ ਉਹਦਾ ਸਾਰਾ ਪਰਵਾਰ ਵੀ ਸਤਿਗੁਰੂ ਜੀ ਦੀ ਸ਼ਰਨ ਪਿਆ ! ਅਰੋਗਤਾ ਹਾਸਲ ਕਰਕੇ ਵਜ਼ੀਰ ਖਾਂ ਲਾਹੌਰ ਨੂੰ ਚਲਿਆ ਗਿਆ।

੫. ਸਤਿਗੁਰੂ ਜੀ ਦਾ ਲਾਹੌਰ ਜਾਣਾ

ਸਪ ਸਦਾ ਜ਼ਹਿਰ ਉਗਲਦਾ ਰਹਿੰਦਾ ਹੈ ਉਸ ਨੂੰ ਦੁਧ ਪਿਆਉਣ ਵਾਲਾ ਵੀ ਉਹਦੇ ਜ਼ਹਿਰੀ ਡੰਗ ਤੋਂ ਨਹੀਂ ਬਚ ਸਕਦਾ। ਪ੍ਰਿਥੀਚੰਦ ਦਾ ਹਾਲ ਸਪ ਵਰਗਾ ਹੋ ਗਿਆ ਸੀ। ਪ੍ਰਿਥੀਚੰਦ ਨੂੰ ਵਡਾ ਭਰਾ ਸਮਝਕੇ ਸਤਿਗੁਰੂ ਜੀ ਨੇ ਸਾਰੀ ਜਾਇਦਾਦ ਉਸ ਦੇ ਹਵਾਲੇ ਕਰ ਦਿਤੀ ਫਿਰ ਵੀ ਉਸ ਨੂੰ ਸਬਰ ਨਾ ਆਇਆ। ਉਸ ਨੇ ਲਾਹੌਰ ਜਾਕੇ ਦਰਖਾਸਤ ਦੇ ਦਿਤੀ ਕਿ ਉਸ ਨੂੰ ਜਾਇਦਾਦ ਵਿਚੋਂ ਹਿਸਾ ਦਿਵਾਇਆ ਜਾਵੇ। ਸਤਿਗੁਰੂ

ਜੀ ਆਕੀ ਹੋ ਕੇ ਜਦੀ ਜਾਇਦਾਦ ਵਿਚੋਂ ਉਸਨੂੰ ਹਿੱਸਾ ਨਹੀਂ ਦੇਂਦੇ। ਉਸ ਸਮੇਂ ਅਜੇ ਅਕਬਰ ਬਾਦਸ਼ਾਹ ਦਾ ਰਾਜ ਸੀ ਲਾਹੌਰ ਦੇ ਹਾਕਮ ਗੁਰੂ ਘਰ ਦਾ ਚੰਗਾ ਸਤਿਕਾਰ ਕਰਦੇ ਸਨ। ਲਾਂਹੌਰ ਦਾ ਸੂਬੇਦਾਰ ਬੜਾ ਸਿਆਣਾ ਸੀ। ਉਸਨੇ ਮੁਕੱ-ਦਮਾ ਆਪਣੇ ਕੋਲ ਰਖਣ ਦੀ ਥਾਂ ਲਾਹੌਰ ਸ਼ਹਿਰ ਦੇ ਮੁਖੀਆਂ ਤੇ ਪਤਵੰਤੇ ਦਰ-ਬਾਰੀਆਂ ਦੇ ਹਵਾਲੇ ਕਰ ਦਿਤਾ ਕਿ ਉਹ ਦੋਹਾਂ ਭਰਾਵਾਂ ਦਾ ਸਮਝੌਤਾ ਕਰਾ ਦੇਣ। ਉਨ੍ਹਾਂ ਵਿਚੋਂ ਲਾਹੌਰ ਦੇ ਮਸ਼ਹੂਰ ਫਕੀਰ ਮੀਆਂ ਮੀਰ ਜੀ ਮੁਗਲਪੁਰੇ ਵਾਲੇ ਵੀ ਸਨ। ਮੀਆਂ ਮੀਰ ਦਾ ਸ਼ਹਿਰ ਵਿਚ ਬਹੁਤ ਆਦਰ ਮਾਨ ਸੀ, ਉਨ੍ਹਾਂ ਨੇ ਅਰਜੀ ਫੜ ਲਈ ਤੇ ਸਤਿਗੁਰੂ ਜੀ ਵਲ ਹਲਕਾਰਾ ਭੇਜ ਦਿਤਾ ਕਿ ਸਤਿਗੁਰੂ ਜੀ ਲਾਹੌਰ ਆਉਣ। ਹਲਕਾਰੇ ਨੇ ਮੁਕਦਮੇ ਬਾਰੇ ਕੁਝ ਨਹੀਂ ਦਸਿਆ। ਸਗੋਂ ਆਖਿਆ, 'ਦਾਤਾ ! ਮੀਆਂ ਮੀਰ ਜੀ ਸਮੇਤ ਲਾਹੌਰ ਦੇ ਸਿਖ ਆਪ ਨੂੰ ਯਾਦ ਕਰਦੇ ਹਨ। ਦਰਸ਼ਨ ਬਖਸ਼ੋ !'

ਦੀਨ ਦੁਨੀ ਦੇ ਮਾਲਕ ਤੇ ਘਟਘਟ ਦੀਜਾਨਣਹਾਰ ਸਤਿਗੁਰੂ ਜੀ ਝਟਪਟ ਲਾਹੌਰ ਚਲਣ ਵਾਸਤੇ ਤਿਆਰ ਹੋ ਪਏ। ਸਤਿਗੁਰੂ ਜੀ ਦੇ ਨਾਲ ਸਿਖ ਵੀ ਤੁਰੇ। ਰਾਹ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਸਾਹਿਬ ਲਾਹੌਰ ਪਹੁੰਚ ਗਏ। ਸ਼ਹਿਰ ਦੇ ਪਤਵੰਤੇ ਸਜਨ ਸਤਿਗੁਰੂ ਜੀ ਦਾ ਸਵਾਗਤ ਕਰਨ ਵਾਸਤੇ ਸ਼ਾਲਾਮਰ ਬਾਗ ਕੋਲ ਆ ਖਲੋਤੇ ਸਨ। ਸ਼ਾਲਾਮਾਰ ਬਾਗ ਤੋਂ ਜਲੂਸ ਦੀ ਸ਼ਕਲ ਵਿਚ ਡਬੀ ਬਾਜ਼ਾਰ ਚਲੇ। ਖੱਤ੍ਰੀਆਂ ਦੀ ਧਰਮਸਾਲਾ ਵਿਚ ਗੁਰੂ ਜੀ ਦੇ ਰਹਿਣ ਵਾਸਤੇ ਪ੍ਰਬੰਧ ਕੀਤਾ ਹੋਇਆ ਸੀ, ਗੁਰੂ ਕਾ ਲੰਗਰ ਵੀ ਲਾ ਦਿਤਾ ਸੀ, ਏਥੇ ਹੀ ਸਤਿਗੁਰੂ ਜੀ ਨੇ ਬਾਵਲੀ ਤਿਆਰ ਕਰਵਾਈ ਸੀ। ਸ਼ਹਿਰ ਦੇ ਵਸਨੀਕਾਂ ਨੂੰ ਜਦੋਂ ਪਤਾ ਲਗਾ ਕਿ ਦਇਆ ਦੇ ਸਾਗਰ ਆਪ ਪ੍ਰਮੇਸ਼ਰ ਲਾਹੌਰ ਵਿਚ ਆਏ ਹਨ ਅਤੇ ਗਿਆਨ, ਭਗਤੀ, ਮੁਕਤੀ ਤੇ ਜੁਗਤੀ ਦੀ ਬਰਖਾ ਕਰ ਰਹੇ ਹਨ, ਅੰਮ੍ਰਿਤ ਦੇ ਭੰਡਾਰੇ ਵੰਡੇ ਜਾ ਰਹੇ ਹਨ ਤਾਂ ਨਰ ਨਾਰੀ ਹੁਮ ਹੁਮਾਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਧਰਮਸਾਲਾ ਪਹੁੰਚ ਗਏ। ਲਾਹੌਰ ਦੇ ਮੁਸਲਮਾਨ ਸੂਫੀ ਫਕੀਰਾਂ ਤਕ ਵੀ ਸੁਗੰਧੀ ਜਾ ਪੁਜੀ। ਉਹ ਵੀ ਆਪਣੇ ਆਸਣ ਛਡਕੇ ਨਸ ਆਏ। ਗਿਆਨ ਚਰਚਾ ਕੀਤੀ ਹਕੀਕੀ ਇਸ਼ਕ ਦਾ ਗਿਆਨ ਹਾਸਲ ਕੀਤਾ, ਉਹ ਖੁਦਾਨਾਲੋਂ ਵਿਛੜੇ

ਬਜ਼ੁਰਗ ਖੁਦਾ ਨਾਲ ਗਲਾਂ ਕਰਨ ਲਗੇ। ਖੁਦਾ ਦਾ ਸਚਾ ਮਿਤ੍ਰ ਉਨ੍ਹਾਂਕੋਲ ਆਪ ਪਹੁੰਚ ਗਿਆ, ਮੀਆਂ ਮੀਰ, ਭਾਈ ਲੱਧਾ ਪਰਉਪਕਾਰੀ ਛਜੂ ਭਗਤ ਤੇ ਹੋਰ ਸਾਰੇ ਸ਼ਰਧਾਲੂ ਤੇ ਗਿਆਨੀ ਪੁਰਸ਼ ਸਤਿਗੁਰੂ ਜੀ ਦੇ ਚਰਨ ਕਮਲਾਂ ਕੋਲ ਭੌਰਿਆਂ ਦੀ ਤਰ੍ਹਾਂ ਰਹਿਣ ਲਗੇ। ਹੰਸ ਮਾਨ ਸਰੋਵਰ ਕਿਨਾਰੇ ਆਏ ਤੇ ਸੁਚੇ ਮੋਤੀਆਂ ਦੀ ਚੋਗ ਚੁਗਣ ਲਗੇ। ਭਰਮ,ਈਰਖਾ,ਭੁਖ,ਵੈਰ ਵਿਰੋਧ,ਹਉਮੈ,ਲਾਲਚ ਅਤੇਅਗਿਆਨਤਾ ਦੀ ਜੁਵਾਲਾ ਨਾਲ ਸੜ ਰਹੀਆਂ ਰੂਹਾਂ ਅੰਮ੍ਰਿਤ ਸਰੋਵਰ ਕਿਨਾਰੇ ਪੁਜਕੇ ਅੰਮ੍ਰਿਤ ਦੇ ਘੁਟ ਪੀ ਪੀਕੇ ਸ਼ਾਂਤ ਹੋਣ ਲਗੀਆਂ। ਚਵੀ ਘੰਟੇ ਨਾਮ ਦਾਨ ਹੋਣ ਲਗਾ। ਸ਼ਾਮ ਦੇ ਦੀਵਾਨ ਵਿਚ ਸਾਹਿਬ ਉਪਦੇਸ਼ ਕਰਦੇ ਅਨੇਕਾਂ ਭੁਲਿਆਂ ਤੇ ਪਾਪੀ ਜੀਉੜਿਆਂ ਨੂੰ ਸਿਧੇ ਰਾਹ ਪਾਉਣ ਲਗੇ। ਮੁਕਦਮਾ ਕਰਨ ਵਾਲੇ ਹਾਕਮਾਂ ਨੂੰਮੁਕ-ਦਮਾਂ ਭੁਲ ਗਿਆ। ਮੀਆਂ ਮੀਰ ਦਰਸ਼ਨ ਕਰਕੇ ਐਸਾ ਨਿਹਾਲ ਹੋਇਆ ਕਿ ਉਸ ਨੂੰ ਚੇਤੇ ਹੀ ਨਾ ਰਿਹਾ ਕਿ ਉਸ ਨੇ ਸਤਿਗੁਰੂ ਜੀ ਨੂੰ ਕਿਸ ਕਾਰਜ (ਮਨੋਰਥ)ਵਾਸਤੇ ਸਦਿਆ ਹੈ। ਉਹ ਅਰਜ਼ੀ ਕਿਤੇ ਗੁਵਾਚ ਗਈ। ਗੁਵਾਚਣੀ ਕੀ ਸੀ ਕਰਤਾਰ ਨੇ ਪਾੜ ਸੁਟੀ। ਪ੍ਰਿਥੀ ਚੰਦ ਝੂਠਾ ਤੇ ਗੁਰੂ ਘਰ ਦਾ ਨਿੰਦਕ ਸੀ ਉਸ ਨਿੰਦਕ ਤੇ ਝੂਠੇ ਦੀ ਗਲ ਸਚੀ ਦਰਗਹ ਵਿਚ ਭਲਾ ਕੌਣ ਸੁਣੇ ਉਥੇ ਤਾਂ ਸਚ ਦੇ ਸੌਦੇ ਸਨ। ਸਤਿਗੁਰੂ ਜੀ ਦੇ ਕਾਰਜ ਆਪ ਪ੍ਰਮਾਤਮਾ ਰਾਸ ਕਰੀ ਜਾਂਦਾ ਸੀ ਕਿਉਂਕਿ ਸਤਿਗੁਰੂ ਜੀ ਤੇ ਕਰਤਾਰ ਵਿਚ ਭੇਦ ਨਹੀਂ ਸੀ ਰਹਿ ਗਿਆ।

> ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥ ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥ ੧ ॥ ਰਹਾਉ ॥ ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥ ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥ (ਬਿਲਾਵਲ ਮ: ੫)

੬. ਛਜੂ ਭਗਤ ਦਾ ਪ੍ਰਸੰਗ

ਸਤਿਗੁਰੂ ਜੀ ਲਾਹੌਰ ਪਹੁੰਚ ਗਏ ਪਰ ਪ੍ਰਿਥੀਚੰਦ ਲਾਹੌਰ ਨਾ ਗਿਆ ਉਹ ਸੁਲਹੀ ਖਾਂ ਦੀ ਸਲਾਹ ਉਤੇ ਅਮਲ ਕਰਦਾ ਹੋਇਆ ਹਾਜਰ ਹੀ ਨਾ ਹੋਇਆ। ਜੋ ਪੰਚੇਤ ਭਾਈ ਜਗਤਾ, ਬਹਿਲ ਮਲ, ਦਾਸ ਮਲ, ਨਜਾਮਦੀਨ ਤੇ ਮੀਆਂ ਮੀਰ ਵਰਗੇ ਬਜ਼ੁਰਗ ਸਨ, ਉਨ੍ਹਾਂ ਦੀ ਨੇਕ ਰਾਇ ਦੇਣ ਤੇ ਪ੍ਰਿਥੀਚੰਦ ਦੀ ਅਰਜ਼ੀ ਖਾਰਜ ਕਰ ਦਿਤੀ। ਸਤਿਗੁਰੂ ਜੀ ਗੁਰਮਤਿ

ਦੇ ਉਪਦੇਸ਼ ਰਾਹੀਂ ਜੀਵਾਂ ਨੂੰ ਤਾਰਦੇ ਰਹੇ। ਧਰਮਸਾਲਾ ਵਿਚ ਦੋਵੇਂ ਵੇਲੇ ਸਤ-ਸੰਗ ਹੁੰਦਾ।

ਲਾਹੌਰ ਦਾ ਇਕ ਛਜੂ ਭਗਤ ਹੋਇਆ ਹੈ ਉਹ ਨੇਕ, ਪ੍ਰਮਾਤਮਾ ਦੇ ਭੈ ਵਾਲਾ ਤੇ ਸਤਿਸੰਗੀ ਪੁਰਸ਼ ਸੀ। ਸਾਰੇ ਉਸ ਨੂੰ ਭਗਤ ਆਖਦੇ ਸਨ ਉਹ ਦੁਕਾਨ-ਦਾਰ ਸੀ। ਸਚਾ ਆਦਮੀ ਹੋਣ ਕਰਕੇ ਹਿੰਦੂ ਤੇ ਮੁਸਲਮਾਨ ਉਹਦੇ ਕੋਲ ਅਮਾਨਤ ਖਾਤੇ ਰਕਮਾਂ ਰਖ ਜਾਇਆ ਕਰਦੇ ਸਨ ਜਦੋਂ ਜੀ ਕਰਦਾ ਤਦ ਰਕਮ ਵਾਪਸ ਲੈ ਲੈਂਦੇ। ਇਕ ਪਠਾਣ ਛਜੂ ਦੀ ਦੁਕਾਨ ਉਤੇ ਆਇਆ ਉਹ ਲੜਾਈ ਨੂੰ ਚਲਿਆ ਸੀ। ਇਕ ਸੌ ਬਤਾਲੀ ਮੋਹਰਾਂ ਇਕ ਚਮੜੇ ਦੇ ਬਟੂਏ ਵਿਚ ਪਾਕੇ ਛਜੂ ਭਗਤ ਨੂੰ ਅਮਾਨਤ ਖਾਤੇ ਰਖਣ ਵਾਸਤੇ ਦੇ ਗਿਆ। ਭਗਤ ਜੀ ਉਸ ਵੇਲੇ ਕਿਤੇ ਜ਼ਰੂਰੀ ਕੰਮ ਜਾ ਰਹੇ ਸਨ ਉਨ੍ਹਾ ਬਟੂਆ ਪੇਟੀ ਵਿਚ ਰਖ ਦਿਤਾ ਤੇ ਆਪ ਚਲੇ ਗਏ। ਕਿਸੇ ਵਹੀ (ਕਿਤਾਬ) ਵਿਚ ਦਰਜ ਨਾ ਕੀਤਾ। ਰੁਪਿਆ ਜਿਸ ਸੰਦੂਕ ਵਿਚ ਰਖਿਆ ਉਸ ਵਿਖ ਹੋਰ ਬਹੁਤ ਸਾਰੀਆਂ ਅਮਾਨਤਾਂ ਪਈਆਂ ਸਨ ਭਗਤ ਨੂੰ ਚੇਤਾ ਭੁਲ ਗਿਆ। ਕਈ ਮਹੀਨੇ ਬੀਤ ਗਏ, ਪਠਾਨ ਲੜਾਈ ਤੋਂ ਵਾਪਸ ਆਇਆ ਛਜੂ ਭਗਤ ਦੀ ਦੁਕਾਨ ਉਤੇ ਗਿਆ, ਉਸਨੂੰ ਜਾਕੇ ਕਹਿਣ ਲਗਾ ਕਿ ਇਕ ਸੌ ਬਤਾਲੀ ਮੋਹਰਾਂ ਵਾਲਾ ਬਟੂਆ ਦੇਵੋ, ਇਹ ਸੁਣਕੇ ਛਜੂ ਭਗਤ ਨੇ ਅਮਾਨਤ ਖਾਤੇ ਵਾਲੀ ਵਹੀ ਮੰਗਾਈ ਉਸ ਵਿਚ ਪਠਾਣ ਨਾਮ ਕਿਤੇ ਨਹੀਂ ਸੀ ਲਿਖਿਆ ਹੋਇਆ। ਛਜੂ ਨੇ ਉਤਰ ਦਿਤਾ, 'ਹੇ ਪੁਰਸ਼ਾ! ਸਾਰੀ ਵਹੀ ਦੇਖ ਲਈ ਹੈ, ਤੇਰਾ ਤਾਂ ਕਿਤੇ ਨਾਮ ਨਹੀਂ ਮਿਲਿਆ। ਤੂੰ ਭੁਲਦਾ ਹੈਂ ਕਿਸੇ ਹੋਰ ਹਟੀ ਰਖ ਗਿਆ ਹੋਵੇਂਗਾ।'

ਪਠਾਨ ਆਪਣੇ ਆਪ ਸਚਾ ਸੀ ਉਹ ਮੋਹਰਾਂ ਉਸੇ ਹਟੀ ਰਖਕੇ ਗਿਆ ਸੀ ਉਹ ਰੌਲਾ ਪਾਉਣ ਲਗਾ, 'ਭਗਤ ਜੀ! ਮੈਂ ਨਹੀਂ ਭੁਲਦਾ, ਮੈਂ ਸੱਚਾ ਹਾਂ ਮੇਰੀਆਂ ਮੋਹਰਾਂ ਦੇਵੋ।'

ਭਗਤ ਆਖੇ, 'ਵਹੀ ਖਾਤੇ ਵਿਚ ਕੋਈ ਲਿਖਤ ਨਹੀਂ।' ਪਠਾਣ ਆਖੇ ਉਹ ਸਚਾ ਹੈ, ਇਹ ਝਗੜਾ ਲੋਕਾਂ ਦੇ ਕੰਨਾਂ ਤਕ ਪਹੁੰਚ ਗਿਆ, ਲੋਕ ਵੀ ਛਜੂ ਭਗਤ ਦੀ ਨਿੰਦਾ ਕਰਨ ਲਗੇ। ਸੂਬੇਦਾਰ ਕੋਲ ਫਰਿਆਦ ਪਹੁੰਚ ਗਈ, ਉਸਨੇ ਕੋਤਵਾਲ ਨੂੰ ਕਿਹਾ ਕਿ ਮੁਕਦਮੇ ਦੀ ਪੂਰੀ ਪੜਤਾਲ ਕੀਤੀ ਜਾਵੇ, ਕੋਤਵਾਲ

ਆਇਆ ਉਸਨੇ ਭਗਤ ਛਜੂ ਜੀ ਨੂੰ ਪੁਛਿਆ ਕਿ ਮਾਮਲਾ ਕੀ ਹੈ ? ਭਗਤ ਨੇ ਕਿਹਾ, 'ਵਹੀਆਂ ਵਿਚ ਦਰਜ ਕੋਈ ਨਹੀਂ, ਮੈਨੂੰ ਚੇਤਾ ਨਹੀਂ ਆਉਂਦਾ।' ਬਹੁਤ ਸਾਰੀ ਚਰਚਾ ਪਿਛੋਂ ਇਹ ਫੈਸਲਾ ਹੋਇਆ ਕਿ ਤਤੇ ਤੇਲ ਦੇ ਕੜਾਹੇ ਵਿਚ ਦੋਹਾਂ ਦੇ ਹਥ ਪਾਏ ਜਾਣ ਜੇਹੜਾ ਝੂਠਾ ਹੋਵੇਗਾ ਉਸਦਾ ਹਥ ਸੜ ਜਾਵੇਗਾ। ਜੋ ਸਚਾ ਹੋਵੇਗਾ ਉਹਦਾ ਨਹੀਂ ਸੜੇਗਾ। ਉਸ ਵੇਲੇ ਏਸ ਤਰਾਂ ਨਿਆਏ ਕਰਨ ਦਾ ਆਮ ਰਵਾਜ ਸੀ, ਲੋਕਾਂ ਨੂੰ ਪ੍ਰਮਾਤਮਾ ਦੀ ਸ਼ਕਤੀ ਉਤੇ ਪੂਰਾ ਭਰੋਸਾ ਸੀ ਉਹਸਮਝਦੇਸਨ ਕਿ ਜੋ ਕਰਮ ਮਨੁਖ ਕਰਦਾ ਹੈ, ਉਨ੍ਹਾਂ ਕਰਮਾ ਨੂੰ ਪ੍ਰਮਾਤਮਾ ਦਾ ਪ੍ਰਤੀਨਿਧ ਧਰਮ ਰਾਜ ਦੇਖਦਾ ਰਹਿੰਦਾ ਹੈ। ਨਿਆਏ ਵੇਲੇ ਪ੍ਰਮਾਤਮਾ ਸਚੇ ਪੁਰਸ਼ਦੀਸਹਾਇਤਾ ਕਰਦੇ ਹਨ।ਐਸੇ ਨਿਆਏ ਕਰਨ ਵੇਲੇਦੋਹਾਂ ਧੜਿਆਂਨੂੰ ਪਹਿਲਾਂ ਦਸਿਆ ਜਾਂਦਾ। ਉਹ ਜਾਂ ਤਾਂ ਆਪੋ ਵਿਚ ਮਿਲਕੇ ਫੈਸਲਾ ਕਰ ਲੈਂਦਾ ਜਾ ਤੇਲਵਿਚਹਥਪਾਉਣਦੀ ਤਿਆਰੀ ਕਰ ਲੈਂਦੇ, ਹਰ ਕੋਈ ਪ੍ਰਮਾਤਮਾ ਨੂੰ ਚੇਤੇ ਕਰਦਾ। ਕੋਈ ਦੇਵੀ ਦੇਵਲ ਨੂੰ ਧਿਆਉਂਦਾ। ਪਰ ਹਰ ਇਕ ਦੀ ਇਛਾ ਹੁੰਦੀ ਕਿ ਸੱਚ ਨੰਗਾ ਹੋ ਜਾਵੇ। ਭਗਤ ਛਜੂ ਸੰਤਾਂ ਦਾ ਸਤਿਸੰਗੀ ਸੀ ਉਹ ਸਤਿਗੁਰੂ ਜੀ ਦਾ ਵੀ ਚਰਨ ਸੇਵਕ ਸੀ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਣ ਕਮਲਾਂ ਦਾ ਧਿਆਨ ਧਰ ਕੇ ੧।) ਸਵਾ ਰੁਪੈ ਦੀ ਸੁਖਣਾ ਸੁਖੀ ਤੇ "ਗੁਰੂ ਗੁਰੂ" ਜਪਦਾ ਰਿਹਾ। ਉਸ ਦਾ ਭਰੋਸਾ ਪੱਕਾ ਸੀ। ਸਤਿਗੁਰੂ ਜੀ ਦੀ ਸ਼ਰਨ ਤੋਂ ਬਿਨਾ ਉਸ ਨੇ ਕਿਸੇ ਦੀ ਆਸ ਨ ਰਖੀ।

ਉਹ ਸਮਾ ਆ ਪੁਜਾ ਜਦੋਂ ਲਾਹੌਰ ਦੇ ਪ੍ਰਸਿਧ ਭਗਤ ਛੱਜੂ ਨੇ ਤਤੇ ਤੇਲ ਵਿਚ ਹਥ ਪਾਉਣਾ ਸੀ। ਸ਼ਹਿਰ ਦੇ ਮੁਖੀ,ਸੂਫੀ ਫਕੀਰ ਤੇ ਹਿੰਦੂ ਸੰਤ ਸਾਧੂ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ। ਪਠਾਨ ਵੀ ਘਰੋਂ ਤਿਆਰੀ ਕਰਕੇ ਆਇਆ। ਕੋਤਵਾਲ ਨੇ ਤਤੇ ਤੇਲ ਦੇ ਕੜਾਹੇ ਕੋਲ ਖਲੋਕੇ ਦੋਹਾਂ ਨੂੰ ਸਦਿਆ। ਭਗਤ ਛਜੂ ਤੇ ਪਠਾਨ ਅਗੇ ਹੋਏ। ਦੋਹਾਂ ਨੇ ਇਕਠੇ ਹਥ ਤੇਲ ਵਿਚ ਪਾ ਦਿਤੇ ਤੇਲ ਸੀਬਹੁਤ ਗਰਮ, ਪਟਾਣ ਦੀਆਂ ਤਾਂ ਡਾਡਾਂ ਨਿਕਲ ਗਈਆਂ ਪਰਛਜੂ ਭਗਤਅਡੋਲਖਲੋਤਾ ਹੋਇਆ 'ਸਤਿ ਕਰਤਾਰ' ਦਾ ਸਿਮਰਨ ਕਰਦਾ ਰਿਹਾ। ਪਠਾਨ ਨੇ ਹਥ ਬਾਹਰ ਕਢਿਆ ਉਹ ਸੜ ਚੁਕਾ ਸੀ। ਮੋਟੇ ਮੋਟੇ ਛਾਲੇ ਪੈ ਚੁਕੇ ਸਨ, ਪਰ ਭਗਤ ਛਜੂ ਦੇ ਹਥ ਨੂੰ ਰਤਾਂ ਸੇਕ ਨਹੀਂ ਸੀ ਲਗਾ। ਕੋਤਵਾਲ ਨੇ ਉਚੀ ਐਲਾਨ

ਕੀਤਾ—'ਭਗਤ ਛਜੂ ਸਚਾ ਹੈ ਖੁਦਾ ਦੀ ਦਰਗਾਹ ਦਾ ਫੈਸਲਾ ਏਹੋ ਹੈ ਪਠਾਨ ਝੂਠਾ ਸੀ ਉਹਦਾ ਹਥ ਸੜ ਗਿਆ।'

ਇਸ ਐਸਾਲ ਨੂੰ ਸੁਣਕੇ ਸਾਰ ਲੋਕ ਭਗਤ ਛਜੂ ਜੀ ਦੀ ਉਸਤਤ ਕਰਨ ਲਗੇ। ਪਠਾਣ ਸ਼ਰਮਿੰਦਾ ਹੋਕੇ ਪ੍ਰਮਾਤਮਾ ਦੇ ਫੈਸਲੇ ਨੂੰ ਮਾੜਾ ਮੰਨਦਾ ਹੋਇਆ ਆਪਣੇ ਘਰ ਜਾ ਕੇਰੋਣ ਲਗਾ। ਉਹ ਕਹਿੰਦਾ—'ਕਿੰਨਾ ਹਨੇਰ ਸਾਈਂ ਦਾ ਮੈਂ ਸੋਨੇ ਦੀਆਂ ਮੋਹਰਾਂ ਰਖਕੇ ਗਿਆ। ਮੈਂ ਸੱਚਾ ਪਰ ਖੁਦਾ ਨੇ ਮੈਨੂੰ ਝੂਠਾ ਸਾਬਤ ਕਰ ਦਿਤਾ ਹੈ। ਖੁਦਾ ਨੇ ਐਸਾ ਕਰਕੇ ਚੰਗਾ ਨਹੀਂ ਕੀਤਾ।'

ਭਗਤ ਛਜੂ ਆਪਣੀ ਦੁਕਾਨ ਉਤੇ ਜਾ ਬੈਠੇ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੇ। ਕੋਈ ਚੰਗਾ ਆਖਦਾ ਕੋਈ ਚੁਪ ਚਾਪ ਕਰਕੇ ਹੀ ਤੁਰ ਜਾਂਦਾ ਪਰ ਭਗਤ ਜੀ ਧਰਤੀ ਦੀ ਮਿਟੀ ਫੜ ਕੇ ਸੁਟੀ ਜਾਂਦੇ। ਮਿਟੀ ਸੁਟਣ ਦਾ ਕਾਰਨ ਕਿਸੇ ਨੂੰ ਨਾਂ ਦਸਿਆ ਚੌਥੇ ਦਿਨ ਸਬਬ ਨਾਲ ਵਡਾ ਸੰਦੂਕ ਫੋਲਿਆ' ਕਿਸੇ ਆਦਮੀ ਦੀ ਅਮਾਨਤ ਲਭਣੀ ਸੀ, ਉਸ ਅਮਾਨਤ ਦੀ ਪੋਟਲੀ ਨੂੰ ਲਭਦਿਆਂ ੨ ਪਠਾਣ ਦਾ ਮੋਹਰਾਂ ਵਾਲਾ ਚਮੜੇ ਦਾ ਬਟੂਆ ਲਭ ਪਿਆ। ਉਸ ਵਿਚਲੀਆਂ ਮੋਹਰਾਂ ਗਿਣੀਆਂ ਉਹ ਠੀਕ ਇਕ ਸੌ ਬਤਾਲੀ ਸਨ। ਫਿਰ ਉਹ ਕਿਸੇ ਖਾਤੇ ਵਿਚ ਜਮਾ ਵੀ ਨਹੀਂ ਸਨ। ਭਗਤ ਛਜੂ ਜੀ ਨੂੰ ਬਹੁਤ ਅਸਚਰਜ ਹੋਇਆ ਕਿ ਇਹ ਖੇਡ ਕੀ ਬਣੀ। ਧੰਨ ਸਤਿਗੁਰੂ ਜੀ ਜਿਨ੍ਹਾਂ ਮੇਰੀ ਇਜ਼ਤ ਰਖੀ।' ਇਉਂ ਕਹਿੰਦਾ ਹੋਇਆ ਬਾਹਰ ਆ ਗਿਆ।

ਮੋਹਰਾਂ ਵਾਲਾ ਬਟੂਆ ਫੜਕੇ ਕਾਹਲੀ ਕਾਹਲੀ ਭਗਤ ਛਜੂ ਜੀ ਪਠਾਣ ਦੇ ਘਰ ਪੁਜੇ, ਅਗੇ ਉਹ ਸ਼ਰਮਿੰਦਗੀ ਦੇ ਸਲ ਅਤੇ ਹਥ ਦੇ ਸਾੜ ਦੇ ਦੁਖ ਨਾਲ ਵਿਆਕੁਲ ਹੋਇਆ ਮੰਜੀ ਉਤੇ ਤੜਫ ਰਿਹਾ ਸੀ ਉਸਨੇ ਮੰਜੀ ਉਤੇ ਕਪੜਾ ਵੀ ਨਹੀਂ ਸੀ ਵਿਛਾਇਆ ਹੋਇਆ। ਭਗਤ ਜੀ ਨੇ ਵੇਹੜ ਵੜਦਿਆਂ ਹੀ ਹਾਕ ਦਿਤੀ, 'ਭਾਈ ਜੈਮਲ! ਓ ਭਾਈ ਜੈਮਲ!! ਤੇਰੀਆਂ ਮੋਹਰਾਂ ਲਭ ਪਈਆਂ। ਛੇਤੀ ਕਰ ਲੈ ਗਿਣ ਲੈ ਮੋਹਰਾਂ। ਤੂੰ ਸਚਾ ਤੇ ਮੈਂ ਝੂਠਾ, ਇਹ ਅਨ-ਲਿਖਿਆਂ ਹੀ ਵਡੇ ਸੰਦੂਕ ਵਿਚ ਪਈਆਂ ਸਨ। ਖੁਦਾ ਭਲਾ ਕਰੇ।' ਪਠਾਣ ਜੈਮਲ ਖਾਂ ਦਾ ਪਰਵਾਰ ਇਹ ਸੁਣਕੇ ਹੈਰਾਨ ਹੋਇਆ, ਜੈਮਲ ਦੇ ਬੋਲਣ ਤੋਂ ਪਹਿਲਾਂ ਹੀ ਉਹਦੀ ਇਸਤ੍ਰੀ

ਨੇ ਉਤਰ ਦਿਤਾ, 'ਆਓ ਭਗਤ ਜੀ! ਖੁਦਾ ਤੁਸਾਂ ਦਾ ਭਲਾ ਕਰੇ, ਮੋਹਰਾਂ ਹੁਣ ਲਭੀਆਂ। ਇਸਦਾ ਅਸਾਂ ਨੂੰ ਕੀ ਲਾਭ? ਉਨ੍ਹਾਂ (ਉਹਦੇ ਪਤੀ ਜੈਮਲ) ਦਾ ਹਥ ਸੜ ਗਿਆ। ਸ਼ਰਮਿੰਦਗੀ ਵਾਧੇ ਦੀ, ਜਦ ਖੁਦਾ ਨੇ ਝੂਠਾ ਸਾਬਤ ਕਰ ਦਿਤਾ ਤਾਂ ਬੰਦੇ ਦੇ ਕਹਿਣ ਦਾ ਕੀ ਲਾਭ।'

ਜੈਮਲ ਨੇ ਭਗਤ ਛਜੂ ਰਾਮ ਦੀ ਆਵਾਜ਼ ਸੁਣ ਲਈ। ਉਹ ਵੀ ਹੌਲੀ ਹੌਲੀ ਚਲਕੇ ਬਾਹਰ ਆ ਗਿਆ। ਉਸਨੇ ਭਗਤ ਜੀ ਦੀ ਸਾਰੀ ਗਲ ਸੁਣੀ, ਆਪਣੇ ਬਟੂਏ ਵਲ ਦੇਖਿਆ, ਸੋਨੇ ਦੀਆਂ ਮੋਹਰਾਂ ਤਕੀਆਂ, ਸਭ ਕੁਝ ਦੇਖ ਸੁਣਕੇ ਉਸਨੇ ਉਤਰ ਦਿਤਾ—'ਭਗਤ ਜੀ! ਖੁਦਾ ਨੇ ਮੇਰੇ ਨਾਲ ਧੱਕਾ ਕੀਤਾ ਹੈ। ਇਹ ਮੋਹਰਾਂ ਹੁਣ ਤੁਸਾਂ ਦੀਆਂ ਹਨ, ਮੇਰੀਆਂ ਨਹੀਂ ਜੇ ਮੇਰੀਆਂ ਹੁੰਦੀਆਂ ਤਾਂ ਮੇਰਾ ਹਥ ਕਿਉਂ ਸੜਦਾ ਲੈ ਜਾਓ, ਜਿਥੇ ਜੀ ਕਰਦਾ ਹੈ ਵਰਤ ਲਵੋ।'

ਭਗਤ ਛਜੂ ਨੇ ਬਹੁਤ ਸਮਝਾਇਆ ਕਿ ਜੈਮਲ ਮੋਹਰਾਂ ਰਖ ਲਵੇ, ਪ੍ਰਮਾਤਮਾ ਦੀ ਲੀਲ੍ਹਾ ਨੂੰ ਕੌਨ ਜਾਣਦਾ ਹੈ? ਪਰ ਜੈਮਲ ਨੇ ਮੋਹਰਾਂ ਨਾ ਰਖੀਆਂ। ਦੋਵੇਂ ਸਤਿਗੁਰੂ ਜੀ ਦੇ ਹਜ਼ੂਰ ਧਰਮਮਾਲਾ ਵਿਚ ਆ ਪੁਜੇ। ਪਠਾਣ ਜੈਮਲ ਨੇ ਸਤਿਗੁਰੂ ਅਗੇ ਸਵਾਲ ਕੀਤਾ, 'ਹੇ ਮਹਾਂ ਪੁਰਸ਼ੋ! ਇਹ ਦਸੋ ਖੁਦਾ ਹੈ ਕਿ ਨਹੀਂ?'

ਸਤਿਗੁਰੂ ਜੀ-'ਖੁਦਾ ਹੈ, ਪਹਿਲਾਂ ਸੀ ਤੇ ਅਗੇ ਨੂੰ ਰਹੇਗਾ।'

ਜੈਮਲ—'ਜੇ ਖੁਦਾ ਹੈ ਉਹਦਾ ਦਰਬਾਰ ਹੈ ਫਿਰ ਉਸਨੇ ਮੈਨੂੰ ਸਚੇ ਨੂੰ ਝੂਠਾ ਕਿਉਂ ਸਾਬਤ ਕੀਤਾ? ਇਹ ਦੇਖੋ ਮੋਹਰਾਂ ਭਗਤ ਜੀ ਦੀ ਦੁਕਾਨ ਤੋਂ ਨਿਕਲੀਆਂ।'

ਸਤਿਗੁਰੂ ਜੀ-ਹੇ ਪੁਰਸ਼ਾ! ਪ੍ਰਮਾਤਮਾ ਨੇ ਜੋ ਕੀਤਾ ਹੈ ਠੀਕ ਕੀਤਾ ਹੈ। ਤੇਰਾ ਈਮਾਨ ਪੱਕਾ ਨਹੀਂ ਸੀ। ਤੂੰ ਕਈਆਂ ਸਾਧੂਆਂ ਫਕੀਰਾਂ ਤੇ ਮਕਬਰਿਆਂ ਦੀਆਂ ਸੁਖਣਾ ਸੁਖੀਆਂ ਸਨ। ਕਿਸੇ ਇਕ ਉਤੇ ਭਰੋਸਾ ਨਹੀਂ ਸੀ ਕੀਤਾ ਪਰ ਛੱਜੂ ਨੇ ਇਕ ਕਰਤਾਰ ਦਾ ਆਸਰਾ ਤਕਿਆ ਸੀ। ਦੂਸਰਾ ਉਸ ਨੂੰ ਚੇਤਾ ਨਹੀਂ ਸੀ ਰਿਹਾ। ਇਸ ਵਾਸਤੇ ਛਜੂ ਜੀ ਦਾ ਹਥ ਨਾ ਸੜਿਆ। ਜਿਸ ਇਸਤ੍ਰੀ ਦੇ ਬਹੁਤੇ ਪਤੀ ਹੋਣ ਉਸਨੂੰ ਕਦੀ ਸੁਖ ਨਹੀਂ ਮਿਲਦਾ। ਇਕ ਪਤੀ ਵਾਲੀ ਸੁਖ ਭੋਗਦੀ ਹੈ। ਇਸ ਵਾਸਤੇ ਇਕ ਪ੍ਰਮਾਤਮਾ ਦੀ ਪੂਜਾ ਕਰੋ ਤਾਂ ਬੇੜੇ ਪਾਰ ਹੋ ਜਾਣਗੇ।' ਇਸ ਸੁਣਕੇ ਜੈਮਲ ਨੇ ਸਤਿਗੁਰੂ ਜੀ ਦੇ ਚਰਨਾ

ਉਪਰ ਮਥਾ ਟੇਕਿਆ। ਸਾਰੀਆਂ ਮੋਹਰਾਂ ਸਤਿਗੁਰੂ ਜੀ ਦੇ ਚਰਨਾਂ ਵਿਚ ਰਖ ਦਿਤੀਆਂ ਸਤਿਗੁਰੂ ਜੀ ਨੇ ਉਨ੍ਹਾਂ ਮੋਹਰਾਂ ਨਾਲ ਬਾਵਲੀ ਬਣਵਾਈ। ਜੈਮਲ ਸਤਿਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਛੱਜੂ ਭਗਤ ਨੇ ਵੀ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ।

੭. ਦਰਿਆ ਰਾਵੀ ਦੇ ਆਰ ਪਾਰ ਧਰਮ ਪ੍ਰਚਾਰ ਕਰਨ

ਮਹਾਤਮਾ ਬੁਧ ਨੇ ਭਾਰਤ ਦੀ ਜਨਤਾ ਨੂੰ ਭਰਮਾਂ ਦੇ ਖਾਤੇ ਵਿਚੋਂ ਬਾਹਰ ਕਢਕੇ ਜੀਵਨ ਪੱਧਰ ਉਤੇ ਖੜਿਆਂ ਕਰਨ ਦਾ ਯਤਨ ਕੀਤਾ ਸੀ। ਮਹਾਰਾਜਾ ਅਸ਼ੋਕ ਦੇ ਸਮੇਂ ਜਨਤਾ ਆਤਮਿਕ ਸ਼ਾਂਤੀ ਨੂੰ ਪ੍ਰਾਪਤ ਕਰ ਬੈਠੀ ਸੀ, ਪਰ ਅਸ਼ੋਕ ਰਾਜ ਦੇ ਖਾਤਮੇ ਨਾਲ ਬੁਧ ਮਤ ਖਤਮ ਹੋਣਾ ਸ਼ੁਰੂ ਹੋ ਗਿਆ ਤੇ ਥੋੜੇ ਸਮੇਂ ਵਿਚ ਇਕਠਾ ਹੋਕੇ ਬੁਧ ਦੇ ਮਠਾਂ (ਮੰਦਰਾਂ) ਵਿਚ ਜਾ ਵੜਿਆ। ਜਨਤਾ ਦੇ ਦਿਲ ਦਿਮਾਗ ਉਤੇ ਮੁੜ ਬ੍ਰਾਹਮਣ (ਸਨਾਤਨ ਧਰਮ) ਦਾ ਰਾਜ ਹੋਗਿਆ ਬ੍ਰਾਹਮਣ ਰਾਜ ਜਹਾਲਤ ਤੇ ਖੁਦਗਰਜ਼ੀ ਦਾ ਰਾਜ ਸੀ। ਬ੍ਰਾਹਮਣ ਜਨਤਾ ਨੂੰ ਬੁਧੂ ਬਣਾਕੇ ਹਰ ਤਰੀਕੇ ਨਾਲ ਲੁਟਣਾ ਚਾਹੁੰਦਾ ਸੀ। ਭਰਮ ਪਾਏ, ਮਨੁਖ ਜਾਤੀ ਨੂੰ ਜਾਤਾਂ ਗੋਤਾਂ ਤੇ ਫਿਰਕਿਆਂ ਵਿਚ ਵੰਡਕੇ ਸਰਬ ਸਾਂਝ ਦੀ ਪ੍ਰੀਤ ਸਗਲੀ ਨੂੰ ਟੁਕੜੇ ਟੁਕੜੇ ਕਰ ਦਿਤਾ। ਭਰਾ ਭਰਾ ਕੋਲੋਂ ਨਫਰਤ ਕਰਨ ਲਗਾ। ਅਛੂਤ ਛਾਤ ਦੀ ਚਰਚਾ ਸ਼ੁਰੂ ਹੋ ਗਈ। ਕਈ ਕਰੋੜ ਦੀ ਗਿਣਤੀ ਵਾਲੀ ਜਾਤੀ ਨੂੰ ਸ਼ੂਦਰ ਆਖਕੇ ਦੁਰਕਾਰ ਦਿਤਾ ਦੇਵੀ ਦੇਵਤਿਆਂ ਦੀ ਪੂਜਾ ਦੇ ਬੰਧਨਾਂ ਵਿਚ ਬੰਧਨ ਤੋਂ ਬਿਨਾ ਅਗਲੇ ਜਨਮ ਵਿਚ ਆਉਣ ਵਾਲੇ ਨਰਕ ਦਾ ਭੈ ਦਸਿਆ। 'ਜਮਦੂਤ ਫੜਕੇ ਨਰਕਾਂ ਵਿਚ ਸੁਟਣਗੇ, ਹਰ ਮਨੁਖ ਨੂੰ ਆਖਿਆ ਜਾਂਦਾ ਸੀ। ਅਗੇ ਦਾ ਭੈ ਜਨਤਾ ਦੇ ਹਿਰਦੇ ਨੂੰ ਕਮਜ਼ੋਰ ਕਰਨ ਲਗਾ, ਉਸ ਭੈ ਦੇ ਭੈ ਕਰਕੇ ਜਨਤਾ ਸਾਧੂ, ਸੰਤ, ਭਾਟੜੇ, ਫਕੀਰ ਤੇ ਬ੍ਰਾਹਮਣ ਕੋਲੋਂ ਧੋਖੇ ਨਾਲ ਲੁਟੀ ਜਾਣ ਲਗੀ। ਧਨ, ਜੁਵਨੀ ਤੇ ਇਜਤ 'ਅਗਲੇ ਡਰ ਉਤੋਂ ਵਾਰੀ ਜਾਣ ਲਗੀ। ਮਨੁਖ ਹਿਰਦੇ ਨੂੰ ਬ੍ਰਾਹਮਣ ਦੇ ਭਰਮਾਂ ਤੋਂ ਸੁਤੰਤ੍ਰ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਤੇ ਮਧ ਏਸ਼ੀਆਂ ਦਾ ਦੌਰਾ ਕੀਤਾ ਸੀ। ਸਦੀਆਂ ਦੀ ਗੁਲਾਮ ਤੇ ਦਲੀ ਹੋਈ ਜਨਤਾ ਇਕ

ਵਾਰ ਦੇ ਦੌਰੇ ਨਾਲ ਜਾਗ੍ਰਤ ਵਿਚ ਨਹੀਂ ਆ ਸਕਦੀ ਦੂਸਰੇ ਸਤਿਗੁਰੂ ਸਾਹਿਬਾਂ ਨੂੰ ਸਮਾਂ ਹੀ ਨਹੀਂ ਮਿਲਿਆ ਕਿ ਉਹ ਦੂਰ ਦੁਰਾਡੇ ਜਾਕੇ ਪ੍ਰਚਾਰ ਕਰਦੇ। ਤੀਸਰੀ ਤੇ ਚੌਥੀ ਪਾਤਸ਼ਾਹੀ ਨੇ ਮੰਜੀਆਂ ਤੇ ਪੀਹੜੇ ਥਾਪ ਕੇ ਧਰਮ ਪ੍ਰਚਾਰ ਕੇਂਦਰ ਬਣਾਏ। ਸਿਖੀ ਵਧਦੀ ਗਈ ਫਿਰ ਵੀ ਸਤਿਗੁਰੂ ਜੀ ਦੇ ਦੌਰਿਆਂ ਦੀ ਬਹੁਤ ਲੋੜ ਸੀ।

ਸਤਿਗੁਰੂ ਗੁਰੂ ਅਰਜਨ ਦੇਵ ਜੀ ਜਦ ਲਾਹੌਰ ਰਹੇ ਤਾਂ ਨਕਾ ਦੇਸ਼ (ਤਹਿਸੀਲ ਚੂਹਨੀਆਂ ਤੇ ਮਿੰਟਗੁਮਰੀ ਤੇ ਨਨਕਾਣਾ ਸਾਹਿਬ ਦਾ ਇਲਾਕਾ) ਦੇ ਕੁਝ ਕੁ ਚੌਧਰੀ ਤੇ ਗੁਰੂ ਘਰ ਦੇ ਸ਼ਰਧਾਲੂ ਭਾਈ ਭੂਰੀ ਅਤੇ ਚੌਧਰੀ ਚੂੜ੍ਹ ਮਲ, ਕੁਝ ਪਤਵੰਤੇ ਸਜਨਾਂ ਨੂੰ ਨਾਲ ਲੈਕੇ ਸਤਿਗੁਰੂ ਜੀਦੀ ਹਜ਼ੂਰੀ ਵਿਚ ਪਹੁੰਚੇ। ਸਾਹਿਬਾਂ ਅਗੇ ਬੇਨਤੀ ਕੀਤੀ ਕਿ ਨਕਾ ਦੇਸ਼ ਦਾ ਦੌਰਾ ਕੀਤਾ ਜਾਵੇ। ਸਾਹਿਬਾਂ ਦੀ ਵੀ ਇਛਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂੰਮੀ ਸ੍ਰੀ ਨਨਕਾਣਾ ਸਾਹਿਬ (ਉਸ ਸਮੇਂ ਤਲਵੰਡੀ ਰਾਏ) ਦੇ ਦਰਸ਼ਨ ਕੀਤੇ ਜਾਣ। ਲਾਹੌਰ ਦੀਆਂ ਸੰਗਤਾਂ ਕੋਲੋਂ ਆਗਿਆ ਲੈਕੇ ਸਾਹਿਬ ਅਗੇ ਤੁਰੇ। ਨਾਲ ਹੀ ਬਚਨ ਕੀਤਾ ਕਿ ਸਾਹਿਬ ਮੁੜਦੇ ਹੋਏ ਜ਼ਰੂਰ ਲਾਹੌਰ ਆਉਣਗੇ। ਭਾਈ ਲਧਾ ਪਰ-ਉਪਕਾਰੀ ਸਤਿਗੁਰੂ ਜੀ ਦੇ ਨਾਲ ਹੀ ਤੁਰ ਪਿਆ। ਕਈਆਂ ਪਿੰਡਾਂ ਦੇ ਵਿਚ ਦੀ ਹੁੰਦੇ ਹੋਏ ਸਤਿਗੁਰੂ ਜੀ ਤਲਵੰਡੀ ਪੁਜੇ। ਬਹੁਤ ਸਾਰੀ ਸੰਗਤ ਇਕਠੀ ਹੋਈ ਸਭ ਨੇ ਗੁਰੂ ਘਰ ਬਾਰੇ ਸਾਖੀਆਂ ਸੁਣਨ ਦੀ ਇਛਾ ਪ੍ਰਗਟ ਕੀਤੀ। ਸਤਿਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ-ਇਤਿਹਾਸ ਸੰਖੇਪਤਾ ਵਿਚ ਦਸਿਆ ਬਚਨ ਕੀਤਾ —'ਤਲਵੰਡੀ ਜਗ ਤੇ ਪ੍ਰਗਟ ਹੋਵੇਗੀ। ਇਹ ਪਵਿਤ੍ਰ ਭੂੰਮੀ ਹੈ ਇਸ ਦੀ ਮਿਟੀ ਦਾ ਹਰਇਕ ਕਿਣਕਾ ਅੰਮ੍ਰਿਤ ਦੀ ਤਰ੍ਹਾਂ ਕੀਮਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਧੂੜੀ ਹੈ ਜੋ ਵੀ ਮਨੁਖ ਇਸ ਧਰਤੀ ਵਿਚ ਵਸੇਗਾ ਸੋ ਸੁਖੀ ਰਹੇਗਾ।' ਭਾਈ ਮੁਕੰਦੇ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—'ਸ੍ਰੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਕੋਲੋਂ ਤਾਂ ਉਪਦੇਸ਼ ਸੁਣਨ ਦਾ ਸਮਾ ਪ੍ਰਾਪਤ ਨਹੀਂ ਸੀ ਹੋਇਆ ਆਪ ਅਸਾਂ ਨੂੰ ਦਸੀਏ ਕਿ 'ਅਗੇ ਦਾ ਭੈ' ਕਿਵੇਂ ਦੂਰ ਹੋ ਸਕਦਾ ਹੈ? ਅਸੀਂ ਅਗੇ ਦੇ ਭੈ ਦੇ ਕਾਰਨ ਰਾਤ ਦਿਨੇ ਬਹੁਤ ਚਿੰਤਾ ਵਿਚ ਡੁਬੇ ਰਹਿੰਦੇ ਹਾਂ।' ਭਾਈ ਮੁਕੰਦੇ ਦੇ ਸਵਾਲ ਦੇ ਉੱਤਰ ਵਿਚ ਸਾਹਿਬਾਂ ਨੇ

ਇਉਂ ਬਚਨ ਕੀਤਾ:—

ਚਰਨ ਕਮਲ ਸੰਗਿ ਲਾਗੀ ਡੋਰੀ ॥ ਸੁਖ ਸਾਗਰ ਕਰਿ ਪਰਮ ਗਤਿ ਮੋਰੀ ॥੧॥ਰਹਾਉ ॥
ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥
ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥ ੧ ॥
ਪੂਰਨ ਪੂਰਿ ਰਹੇ ਕਿਰਪਾਨਿਧਿ ਆਨ ਨ ਪੇਖਉ ਹੋਰੀ ॥
ਨਾਨਕ ਮੇਲਿ ਲੀਓ ਦਾਸੁ ਅਪੁਨਾ ਪ੍ਰੀਤਿ ਨ ਕਬਹੂ ਥੋਰੀ ॥ (ਨਟ ਮ: ੫)

ਤਿਸਦਾ ਪ੍ਰਮਾਰਥ—ਅਗਲੇ ਡਰ ਤੋਂ ਬਚਨ ਦਾ ਇਕੋ ਸਾਧਨ ਹੈ ਕਿ ਪ੍ਰਮਾਤਮਾ ਦੇ ਚਰਨ ਕਮਲਾਂ ਨਾਲ ਪ੍ਰੀਤ ਪਾਉਣੀ ਚਾਹੀਏ। ਜਦੋਂ ਆਤਮਾ ਦੀ ਲਿਵ ਪ੍ਰਮਾਤਮਾ ਨਾਲ ਜੁੜ ਗਈ ਤਾਂ ਸੁਖਾਂ ਦੇ ਸਾਗਰ ਵਿਚ ਇਸ਼ਨਾਨ ਹੋ ਜਾਵੇਗਾ। ਭਾਵ ਰਿਧੀਆਂ ਸਿਧੀਆਂ ਹਾਸਲ ਹੋ ਜਾਣਗੀਆਂ ਆਤਮਾ ਵਿਸ਼ਿਆਂ ਵਿਕਾਰਾਂ ਵਲੋਂ ਮੁੜ ਕੇ ਨੇਕੀ ਤੇ ਧਰਮ ਵਲ ਲਗ ਜਾਵੇਗੀ ਕੋਈ ਪਾਪ ਤੇ ਕੁਕਰਮ ਨਹੀਂ ਕਰੇਗੀ। ਜਦੋਂ ਪਾਪ ਨਾ ਹੋਇਆ, ਪ੍ਰਮਾਤਮਾ ਨਾਲ ਪ੍ਰੀਤ ਹੋਈ ਤਾਂ ਜਮ ਦਾ ਭੈ ਆਪਣੇ ਆਪ ਹੀ ਚੁਕ ਗਿਆ। ਕਿਉਂਕਿ ਮਨ ਤਾਂ ਭਗਤੀ ਦੇ ਪਲੇ ਰਾਹੀਂ ਪ੍ਰਭੂ ਪ੍ਰਮਾਤਮਾ ਦੇ ਪ੍ਰੇਮ ਵਿਚ ਦੀਵਾਨਾ ਹੋਕੇ ਮਗਨ ਤੇ ਅਨੰਦ ਚਿਤ ਫਿਰਨ ਲਗ ਪਵੇਗਾ। ਜਦੋਂ ਪ੍ਰਮਾਤਮਾ ਦੇ ਪ੍ਰੇਮੀ ਬਣੇ ਤਾਂ ਆਤਮਾ ਪ੍ਰਭੂ ਦੇ ਗੁਣ ਗਾਉਣ ਲੱਗੀ। ਜਿਵੇਂ ਸੂਰਜ ਚੜ੍ਹਨ ਤੇ ਪੰਛੀ ਨਚਦੇ ਤੇ ਗਾਉਂਦੇ ਹੋਏ ਖੁਸ਼ੀਆਂ ਕਰਦੇ ਹਨ, ਏਸੇ ਤਰਾਂ ਭਗਤ ਦੀ ਆਤਮਾ ਨਚ ਉਠਦੀ ਹੈ। ਜਦ ਪ੍ਰਭੂ ਦੀ ਉਸਤਤ ਕੀਤੀ ਤਾਂ ਮਾਇਆ ਦਾ ਜਾਲ ਟੁਟ ਕੇ ਤਾਰ ਤਾਰ ਹੋ ਗਿਆ। ਪ੍ਰਮਾਤਮਾ ਜੋ ਕਿਰਪਾ ਦਾ ਖਜਾਨਾ ਹਨ, ਉਨ੍ਹਾਂ ਦੀਆਂ ਮੇਹਰਾਂ ਹੋ ਗਈਆਂ ਫਿਰ ਹੋਰ ਕੋਈ ਨਾ ਦਿਸਿਆ-ਭਾਵ ਦੇਵੀ, ਦੇਵਤੇ, ਧੋਖੇ ਵਾਲੇ ਸਾਧ, ਗੁਰੇ, ਸਖੀ ਸਰਵਰ ਆਦਿਕ ਜੋ ਸਵਰਗ ਪਹੁੰਚਾਉਣ ਦੇ ਦੁਖ ਦੂਰ ਕਰਨ ਦਾ ਝੂਠਾ ਦਾਹਵਾ ਕਰਦੇ ਹਨ, ਓਹ ਭੁਲ ਜਾਂਦੇ ਹਨ ਓਹਨਾ ਵਿਚੋਂ ਕੋਈ ਨਜਰ ਨਹੀਂ ਆਉਂਦਾ ਹੈ। ਹਰ ਪਾਸੇ ਪ੍ਰਮਾਤਮਾ ਹੀ ਪ੍ਰਮਾਤਮਾ ਦਿਸਦਾ। ਉਸ ਵੇਲੇ ਕੁਦਰਤੀ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਜਨਮ ਮਰਨ ਦਾ ਅੰਤ ਹੋ ਜਾਂਦਾ ਹੈ। ਆਤਮਾ ਸਦੀਵੀ ਕਾਲ ਵਾਸਤੇ ਪ੍ਰਭੂ ਚਰਨਾ ਵਿਚ ਖੇਡਦੀ ਰਹਿੰਦੀ ਹੈ। ਓਹ ਪ੍ਰੀਤ ਕਦੀ ਨਹੀਂ ਟੁਟਦੀ। ਇਸ ਵਾਸਤੇ ਹੇ ਭਗਤ ਜਨੋ ! ਪ੍ਰਭੂ ਪ੍ਰਮਾਤਮਾ ਨਾਲ ਪਿਆਰ ਕਰੋ। ਧਰਮ ਦੀ ਕਿਰਤ ਕਰੋ। ਧਰਮਸਾਲਾ ਕਾਇਮ ਕਰਕੇ ਦੋ ਵੇਲੇ ਸਤਿਸੰਗ

ਕਰੋ। ਸਤਿਗੁਰਾਂ ਦੀ ਬਾਣੀ ਦਾ ਪਾਠ ਕਰੋ। ਬਾਣੀ ਦੇ ਪਾਠ ਨਾਲ ਆਤਮਾ ਉਤੇ ਜੋ ਜਨਮ ਜਨਮ ਦੀ ਮੈਲ ਲਗੀ ਹੈ, ਓਹ ਦੂਰ ਹੋ ਜਾਵੇਗੀ। ਸਦਾ ਸੰਤਾਂ ਦੀ ਸੰਗਤ ਕਰਨੀ ਚਾਹੀਦੀ ਹੈ। 'ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ' ਸੰਤਾਂ ਦੀ ਧੂੜੀ ਮਥੇ ਲਾਈਏ ਤਾਂ ਬਜਰ ਪਾਪ ਵੀ ਦੂਰ ਹੋ ਜਾਂਦੇ ਹਨ। ਸੰਤਾਂ ਦੀ ਸੰਗਤ (ਸ਼ਰਨ) ਵਿਚ ਬੈਠ ਕੇ ਹਰੀ ਪ੍ਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ। ਹਰੀ ਦੇ ਸਿਮਰਨ ਕਰਨ ਵਾਲੇ ਨੂੰ ਜਪ, ਤਪ ਆਦਿਕ ਦੀ ਲੋੜਨਹੀਂ ਰਹਿੰਦੀ, 'ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣ।'

ਇਸ ਤਰਾਂ ਸਾਹਿਬਾਂ ਨੇ ਉਪਦੇਸ਼ ਕਰਕੇ ਨੀਲੀਬਾਰ ਦੇ ਰਹਿਣ ਵਾਲੇ ਭੋਲੇ ਭਾਲੇ ਜੀਵਾਂ ਦੇ ਦਿਲਾਂ ਉਤੋਂ ਭਰਮਾਂ ਦਾ ਭਾਰ ਦੂਰ ਕੀਤਾ। ਓਹਨਾ ਨੂੰ ਚੰਗਾ ਜੀਵਨ ਰਾਹ ਦਸਿਆ। ਇਸ ਦੌਰੇ ਵਿਚ ਸਤਿਗੁਰੂ ਜੀ ਖੇਮ ਕਰਨ ਤਕ ਪੁਜੇ। ਚੂਹਨੀਆਂ ਦੀ ਸਾਰੀ ਤਸੀਲ ਫਿਰੀ ਤੇ ਭਾਈ ਖੇਡਾ, ਸਮਦੂ,ਮੁਕੰਦਾ,ਤੁਲਸਾ ਤੇਲਾਲੂ ਜਹੇ ਬੰਦਿਆਂ ਨੂੰ ਗੁਰੂ ਘਰ ਦੇ ਪਕੇ ਸ਼ਰਧਾਲੂ ਬਣਾਇਆ। ਇਨ੍ਹਾਂ ਗੁਰਮੁਖਾਂ ਦੀ ਭਗਤੀ ਸਿਮਰਨ ਦੇ ਨਾਲ ਕੌਮ ਤੇ ਧਰਮ ਦੀ ਸੇਵਾ ਵੀ ਬਹੁਤ ਕੀਤੀ। ਜੰਬਰ ਪਿੰਡ ਤੋਂ ਹੋਕੇ ਸਤਿਗੁਰੂ ਜੀ ਲਾਹੌਰ ਪਹੁੰਚ ਗਏ।

੮. ਸ੍ਰੀ ਚੰਦ ਜੀ ਨਾਲ ਸਤਿਗੁਰੂ ਜੀ ਦਾ ਮੇਲ

ਪ੍ਰਿਥੀਚੰਦ ਬਹੁਤ ਮਾੜਾ ਬੰਦਾ ਨਿਕਲਿਆ। ਓਹ ਕੋਈ ਨਾਂ ਕੋਈ ਨਵਾਂ ਹੀ ਮਾੜਾ ਕਾਰਾ ਕਰਦਾ। ਉਸ ਨੇ ਸੁਲਹੀ ਨੂੰ ਚੁਕਿਆ ਕਿ ਮਾਮਲਾ ਲੈਣ ਦੇ ਬਹਾਨੇ ਰਾਮਦਾਸ ਪੁਰ ਪੁਜ ਕੇ ਸਤਿਗੁਰੂ ਜੀ ਨੂੰ ਤੰਗ ਕਰਨ। ਇਸ ਮਾਮਲੇ ਦੀ ਸੂਹ ਸਤਿਗੁਰੂ ਜੀ ਨੂੰ ਵੀ ਪਹਿਲਾਂ ਮਿਲ ਗਈ। ਇਕ ਹੋਰ ਵੀ ਸਬਬ ਬਣਿਆਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦੇ ਸ੍ਰੀ ਚੰਦ ਜੀ ਨੇ ਸਨੇਹਾ ਭੇਜਿਆ ਕਿ ਸਤਿਗੁਰੂ ਜੀ ਦਰਸ਼ਨ ਦੇ ਜਾਣ। ਆਪ ਬਾਰਠ ਪਿੰਡ ਵਿਚ ਉਤਰੇ ਹੋਏ ਸਨ। ਆਪ ਦਾ ਡੇਰਾ, 'ਡੇਹਰਾ ਬਾਬਾ ਨਾਨਕ ਜੀ' ਰਹਿੰਦੇ ਸਨ, ਜੋ ਸ਼ਹਿਰ ਸ੍ਰੀ ਚੰਦ ਜੀ ਨੇ ਆਪ ਵਸਾਇਆ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਬਣਾ ਕੇ ਯਾਦ-ਗਾਰ ਕਾਇਮ ਕੀਤੀ ਸੀ। ਅੰਮ੍ਰਿਤਸਰ ਤੋਂ ਚਲਕੇ ਸ੍ਰੀ ਗੁਰੂ ਅਰਜਨ ਦੇਵ ਜੀ

ਸੋਂਹਸਰੇ ਪਿੰਡ ਦੀ ਰੋੜ ਵਿਚ ਜਾ ਬੈਠੇ। ਉਸ ਰੋੜ ਵਿਚ ਕਈ ਚਿਰ ਤੋਂ ਕੋਈ ਬ੍ਰਿਛ ਨਹੀਂ ਸੀ ਹੋਇਆ। ਕਰਤਾਰ ਦਾ ਭਾਣਾ ਐਸਾ ਹੋਇਆ ਕਿ ਰੋੜ ਵਿਚ ਕੁਦਰਤੀ ਬ੍ਰਿਛ ਉਗ ਖਲੋਤੇ। ਸਾਰੀ ਰੋੜ ਹਰੀ ਭਰੀ ਹੋ ਗਈ। ਉਸ ਰੋੜ ਦਾ ਨਾਮ 'ਗੁਰੂ ਕਾ ਬਾਗ' ਰਖਿਆ ਗਿਆ। ਜਿਥੇ ਅਜੇ ਤਕ ਗੁਰਦੁਵਾਰਾ ਕਾਇਮ ਹੈ। ਲੋਕਾਂ ਨੂੰ ਜਦੋਂ ਦੇਖਿਆ ਕਿ ਐਸੇ ਮਹਾ ਪੁਰਸ਼ ਆਏ ਹਨ ਕਿ ਰੋੜ ਹਰੀ ਭਰੀ ਹੋ ਗਈ ਹੈ ਤਾਂ ਓਹ ਸਾਰੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਵਹੀਰਾਂ ਘਤ ਆਏ। ਸਵਾਣੀਆ ਨੇ ਘਰ ਦੇ ਧੰਦੇ ਛੱਡ ਦਿਤੇ, ਮਰਦਾਂ ਨੇ ਹਲ ਨਾ ਜੁਤੇ, ਘਰਾਂ ਤੋਂ ਕਪੜ ਰੁਪੈ, ਅੰਨ ਤੇ ਦੁਧ ਜੋ ਕਿਸੇ ਕੋਲੋਂ ਸਰਿਆ ਬਣਿਆਂ ਓਹ ਲੈਕੇ ਹਾਜ਼ਰ ਹੋ ਗਏ। ਪ੍ਰਭੂ ਦੇ ਨੂਰ ਵਾਲੇ ਸਤਿਗੁਰੂ ਜੀ ਦਾ ਨੂਰੀ ਚੇਹਰ ਨੂੰ ਦੇਖ ਕੇ ਸਾਰਿਆਂ ਦੇ ਹਿਰਦੇ ਸ਼ਾਂਤ ਹੋ ਗਏ। ਸਾਰਿਆਂ ਨੇ ਬੇਨਤੀਆਂ ਕੀਤੀਆਂ 'ਹੇ ਮਹਾਂ ਪੁਰਸ਼ੋ! ਅਸੀਂ ਜਾਣਦੇ ਤਾਂ ਨਹੀਂ, ਪਰ ਪੁਛਦੇ ਹਾਂ ਕਿ ਤੁਸੀਂ ਰਾਮਦਾਸ ਪੁਰ ਵਾਲੇ ਗੁਰੂ ਤਾਂ ਨਹੀਂ?'

ਸਾਹਿਬਾਂ ਨੇ ਉਤਰ ਦਿਤਾ, 'ਸ੍ਰੀ ਗੁਰੂ ਨਾਨਕ ਜੀ ਦੀ ਗੁਰ ਗੱਦੀ ਦੇ ਸੇਵਕ ਅਸੀਂ ਹਾਂ। ਸਤਿਗੁਰੂ ਜੀ ਦਾ ਧਿਆਨ ਧਰਕੇ ਸਾਰੇ ਬੋਲੋ 'ਸਤਿ ਕਰਤਾਰ!' ਕਹੋ 'ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।' ਸਾਰੇ ਲੋਕਾਂ ਨੇ ਪਹਿਲਾਂ 'ਸਤਿ ਕਰਤਾਰ' ਤੇ ਫੇਰ ਧੰਨ ਸ੍ਰੀ ਗੁਰੂ ਨਾਨਕ ਜੀ ਮਹਾਰਾਜ' ਬੜੀ ਉਚੀ ਅਵਾਜ਼ ਵਿਚ ਆਖਿਆ। ਇਸ ਧੁਨ ਨਾਲ ਜੀਵ ਜੰਤੂ ਵੀ 'ਸਤਿ ਕਰਤਾਰ! ਸਤਿ ਕਰਤਾਰ!' ਬੋਲਨ ਲਗਪਏ। 'ਸਤਿ ਕਰਤਾਰ' ਉਚਾਰਨ ਦੇ ਨਾਲ ਉਨ੍ਹਾਂ ਦਾ ਜਨਮ ਮਰਨ ਸੌਰ ਗਿਆ ਉਨ੍ਹਾਂ ਦੇ ਮਨਾਂ ਦੇ ਤਾਕ ਖੁਲ੍ਹ ਗਏ। ਅਖਾਂ ਵਿਚ ਨਵੀਂ ਰੋਸ਼ਨੀ ਆ ਗਈ। ਸਰੀਰ ਹੌਲੇ ਫੁਲ ਪ੍ਰਤੀਤ ਹੋਏ। ਸਾਰੀ ਬਨਸਪਤੀ, ਪੰਛੀ ਤੇ ਪੁਰਸ਼ (ਨਰ ਨਾਰੀ) 'ਸਤਿ ਕਰਤਾਰ! ਸਤਿ ਕਰਤਾਰ!' ਉਚਾਰਦੇ ਪ੍ਰਤੀਤ ਹੋਣ ਲਗੇ। ਜਦ ਸਾਰੀ ਸੰਗਤ ਪ੍ਰੇਮ ਵਿਚ ਖੀਵੀ ਹੋਕੇ ਝੂੰਮਣ ਲਗ ਪਈ ਤਾਂ ਸਤਿਗੁਰੂ ਜੀ ਨੇ ਸਤਿਮਾਰਗ ਦਾ ਉਪਦੇਸ਼ ਦਿਤਾ। ਨਗਰ ਵਾਸੀਆਂ ਦੀ ਪ੍ਰੀਤੀ ਨੇ ਸਤਿਗੁਰੂ ਜੀ ਨੂੰ ਅਗੇ ਜਾਣ ਤੋਂ ਰੋਕ ਲਿਆ। ਤੀਸਰੇ ਦਿਨ ਸਾਹਿਬ ਅਗੇ ਤਿਆਰੀ ਕਰਨ ਹੀ ਲਗੇ ਸਨ ਕਿ ਹਲਕਾਰਾ ਜਾ ਮਿਲਿਆ। ਉਸ ਨੇ ਕਿਹਾ—'ਸਚੇ ਪਾਤਸ਼ਾਹੋ! ਰਬ ਵਿਚ ਆਪ ਦੇ ਮਹਿਲਾ (ਮਾਤਾ ਗੰਗਾ ਜੀ) ਆ ਰਹੇ ਹਨ। ਕਿਉਂਕਿ ਸੁਲਹੀ ਤੇ

ਹੋਰ ਅਹਿਦੀਏ ਮਾਮਲਾ ਵਸੂਲ ਕਰਨ ਵਾਸਤੇ ਰਾਮਦਾਸ ਪੁਰ ਨੂੰ ਆ ਰਹੇ ਹਨ। ਆਪ ਏਥੇ ਹੀ ਰੁਕ ਜਾਵੋ।'

ਸਿਖ ਦੀ ਜ਼ਬਾਨੋਂ ਇਹ ਵਾਕ ਸੁਣਕੇ ਸਾਹਿਬ ਹੈਰਾਨ ਨਹੀਂ ਹੋਏ ਸਗੋਂ ਮੁਸਕਰਾ ਕੇ ਕਹਿਣ ਲਗੇ—'ਵਾਹ ਕਰਤਾਰ! ਤੇਰੇ ਕੈਸੇ ਰੰਗ ਹਨ! ਪ੍ਰੀਖਿਆ ਲਈ ਜਾਂਦੇ ਹੋ। ਤੇਰਾ ਭਾਣਾ ਮੈਨੂੰ ਬਹੁਤ ਮਿਠਾ ਲਗਦਾ ਹੈ। ਜਿਵੇਂ ਚਿਤ ਕਰਦਾ ਹੈ ਆਪਣੇ ਸਿਖ ਨੂੰ ਪਰਖ ਕੇ ਦੇਖੋ। ਪਰਖਦੇ ਕਿਸ ਨੂੰ ਹੋ ਮੇਰੇ ਤੇ ਤੇਰੇ ਵਿਚ ਕੀ ਭੇਦ ਹੈ? ਆਪ ਹੀ ਬਿਪਤਾ ਦਾ ਤੂਫਾਨ ਸਿਰ ਉਪਰ ਲਿਆਉਂਦੇ ਹੋ ਤੇ ਆਪ ਹੀ ਉਸ ਨੂੰ ਦੂਰ ਕਰ ਦੇਂਦੇ ਹੋ। "ਪਾਰਬ੍ਰਹਮਿ ਤੂੰ ਬਖਸਿਆ ਸੰਤਨ ਰਸ ਭੋਗ ॥ ਰਹਾਉ ॥ ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ ॥' ਇਸ ਦੇ ਪਿਛੋਂ ਸਾਹਿਬ ਸੋਚਣ ਲਗੇ ਕਿ ਉਨ੍ਹਾ ਦਾ ਭਾਈ ਪ੍ਰਿਥੀਚੰਦ ਮਾਇਆ ਬਦਲੇ ਕਿਉਂ ਐਸੇ ਉਪਦਰ ਕਰ ਰਿਹਾ ਹੈ। ਇਹ ਮਾਇਆ, ਹਵੇਲੀਆਂ, ਰਥ, ਗੋੜੇ ਕੋਈ ਵੀ ਚੀਜ਼ ਸਾਥ ਨਹੀਂ ਜਾਂਦੀ। ਐਸੇ ਲਾਲਚੀ ਪੁਰਸ਼ ਜਨਮ ਜਨਮ ਦੇ ਦੁਖ ਭੋਗਦੇ ਤੇ ਮਰਦੇ ਰਹਿੰਦੇ ਹਨ। ਤਿਸ ਪਰਥਾਏ ਸਾਹਿਬਾਂ ਨੇ ਬਚਨ ਕੀਤਾ—

ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ ॥
ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ ॥ ਰਹਾਉ ॥
ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥
ਬਹੁ ਜੋਨੀ ਜਨਮਹਿ ਮਰਹਿ ਬਿਕਰਾਲ ॥ (ਬਿਲਾਵਲੁ ਮ: ੫)

ਸਿਖ ਦੇ ਸਨੇਹਾ ਦੇਣ ਤੋਂ ਦੋ ਘੰਟੇ ਪਿਛੋਂ ਮਾਤਾ ਗੰਗਾ ਜੀ ਸੈਂਸਰੇ ਪਿੰਡ ਸਤਿਗੁਰੂ ਜੀ ਦੇ ਕੋਲ ਪਹੁੰਚ ਗਏ। ਉਸ ਦਿਨ ਸੈਂਸਰੇ ਤੋਂ ਚਲਕੇ ਸਾਹਿਬ ਬਾਰਠ ਨਗਰ ਵਿਚ ਸ੍ਰੀ ਚੰਦ ਜੀ ਨੂੰ ਜਾ ਮਿਲੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁਤ੍ਰ ਅਤੇ ਬਜ਼ੁਰਗ ਉਦਾਸੀ ਸਾਧੂ ਸਮਝਕੇ ਸਾਹਿਬਾਂ ਨੇ ਸ੍ਰੀ ਚੰਦ ਜੀ ਦਾ ਬਹੁਤ ਸਤਕਾਰ ਕੀਤਾ। ਦੋ ਦਿਨ ਬਚਨ ਬਿਲਾਸ ਹੁੰਦੇ ਰਹੇ। ਸ੍ਰੀ ਚੰਦ ਜੀ ਨੂੰ ਪਤਾ ਲਗ ਗਿਆ ਕਿ ਪ੍ਰਿਥੀਚੰਦ ਸਤਿਗੁਰੂ ਜੀ ਨੂੰ ਰਾਮਦਾਸ ਪੁਰ (ਅੰਮ੍ਰਿਤਸਰ) ਨਹੀਂ ਰਹਿਣ ਦੇਂਦਾ। ਇਸ ਪ੍ਰਥਾਏ ਸ੍ਰੀ ਚੰਦ ਜੀ ਨੇ ਬਚਨ ਕੀਤਾ 'ਪ੍ਰਿਥੀਚੰਦ ਮਾੜਾ ਕਰ ਰਿਹਾ ਹੈ। ਉਸ ਨੂੰ ਸਫਲਤਾ ਨਹੀਂ

ਹੋਵੇਗੀ। ਤੁਸਾਂ ਨੂੰ ਤਤੀ ਵਾ ਨਹੀਂ ਲਗੇਗੀ। ਪ੍ਰਿਥੀਚੰਦ ਦੀ ਜਗਤ ਵਿਚ ਨਿੰਦਾ ਹੋਵੇਗੀ। ਓਹ ਤੁਰਕਾਂ ਦਾ ਪੱਖੀ ਬਣੇਗਾ, ਮਾੜਾ ਕਰੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਅਟਲ ਰਹੇਗੀ। ਨਾਮ ਬਾਣੀ ਦਾ ਪਰਵਾਹਚਲਦਾਰਹੇਗਾ। ਲੰਗਰ ਅਤੁਟ ਵਰਤਨਗੇ। ਕਰਤਾਰ ਦਾ ਸਿਮਰਨ ਹੀ ਜੀਵਨ ਦਾ ਲਾਭ ਹੈ। ਗੁਰੂ ਘਰ ਦੇ ਨਿੰਦਕਾਂ ਨੂੰ ਮੂੰਹੋਂ ਮੂੰਹ ਪੈਣਗੀਆਂ। ਗੁਰੂ ਘਰ ਦੇ ਨਿੰਦਕਾਂ ਨੂੰ ਕਿਤੇ ਢੋਈ ਨਾ ਮਿਲੇਗੀ।' ਸੁਲਹੀ ਰਾਮਦਾਸ ਪੁਰ ਪੁਜਾ ਤਾਂ ਉਸ ਨੂੰ ਪਤਾ ਲਗਾ ਕਿ ਸਤਿ-ਗੁਰੂ ਜੀ ਨਗਰ ਵਿਚ ਹਾਜ਼ਰ ਨਹੀਂ ਓਹ ਪਿਛੇ ਮੁੜ ਗਿਆ। ਉਲਟਾ ਪ੍ਰਿਥੀਚੰਦ ਨੂੰ ਡਾਂਟ ਗਿਆ। ਪ੍ਰਿਥੀਚੰਦ ਬਹੁਤ ਸ਼ਰਮਿੰਦਾ ਹੋਇਆ। ਪੰਦਰਾਂ ਕੁ ਦਿਨਾਂ ਪਿਛੋਂ ਸਤਿਗੁਰੂ ਜੀ ਵਾਪਸ ਰਾਮਦਾਸ ਪੁਰ ਆ ਪਹੁੰਚੇ।

੯. ਪ੍ਰਿਥੀ ਚੰਦ ਨੇ ਹੇਹਰ ਨਗਰ ਵਿਚ ਤਾਲਾਬ ਪੁਟਾਉਣਾ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਸਾਹਿਬਜ਼ਾਦਾ (ਸ੍ਰੀ ਗੁਰ) ਹਰਿ ਗੋਬਿੰਦ ਸਾਹਿਬ ਖੇਡਣ ਲਗਾ। ਸੁੰਦਰ ਤੇ ਹੋਣਹਾਰ ਬਾਲਕ ਨੂੰ ਦੇਖਕੇ ਕਰਮ ਕੌਰ ਤੇ ਪ੍ਰਿਥੀ ਚੰਦ ਦੀਆਂ ਆਸਾਂ ਉਤੇ ਪਾਣੀ ਫਿਰ ਗਿਆ। ਬਾਲਕ ਹਰਿ ਗੋਬਿੰਦ ਸਾਹਿਬ ਨੂੰ ਮਾਰਨ ਵਾਸਤੇ ਪਾਪੀਆਂ ਨੇ ਬਹੁਤ ਯਤਨ ਕੀਤੇ ਪਰ ਜਿਸ ਦਾ ਰਾਖਾ ਕਰਤਾਰ ਉਸ ਨੂੰ ਕੋਣ ਮਾਰ ਸਕਦਾ ਹੈ? ਜੇਹੜਾ ਮਾਰਨ ਆਇਆ ਓਹੋ ਮਰ ਗਿਆ। (ਪੂਰੇ ਹਾਲ ਅਗੇ ਜਾ ਕੇ ਲਿਖੇ ਜਾਣਗੇ) ਬਚਾ ਛੇ ਸਾਲ ਦਾ ਹੋ ਗਿਆ। ਬਾਬਾ ਬੁਢਾ ਜੀ ਕੋਲ ਵਿਦਿਆ ਪ੍ਰਾਪਤ ਕਰਨ ਲਗਾ ਤਾਂ ਪ੍ਰਿਥੀ ਚੰਦ ਨੂੰ ਨੀਂਦ ਆਉਣੋਂ ਹਟ ਗਈ ਉਹ ਤਾਂ ਰਾਤ ਦਿਨੇ ਇਹੋ ਵਿਚਾਰਾਂ ਕਰਨ ਲਗਾ ਕਿ ਉਹ ਕਿਵੇਂ ਸਤਿਗੁਰੂ ਜੀ ਨੂੰ ਤੇ ਉਨ੍ਹਾਂ ਦੇ ਸਾਹਿਬਜ਼ਾਦੇ ਨੂੰ ਅਰੂਪ ਕਰ ਦੇਵੇ ਤੇ ਜਾਇਦਾਦ ਖੋਹ ਲਵੇ। ਜਦੋਂ ਉਸਦੀਆਂ ਸਾਰੀਆਂ ਕੋਸ਼ਸ਼ਾਂ ਫੇਹਲ ਹੋ ਗਈਆਂ ਤਾਂ ਉਹਦੀਆਂ ਅਖਾਂ ਅਗੇ ਹਨੇਰ ਛਾ ਗਿਆ। ਉਸ ਨੇ ਗੁਰੂ ਘਰ ਦੀ ਲੁਟੀ ਹੋਈ ਭਾਰੀ ਰਕਮ ਨਾਲ ਹੇਹਰ ਪਿੰਡ ਵਿਚ ਗੁਰਦੁਵਾਰਾ ਤੇ ਤਾਲਾਬ ਬਣਾਉਣਾ ਸ਼ੁਰੂ ਕਰ ਦਿਤਾ॥ ਉਸ ਨੇ ਖਰੀਦੇ ਹੋਏ ਮਸੰਦਾਂ

ਰਾਹੀਂ ਆਪ ਗੁਰੂ ਬਣਨ ਦਾ ਯਤਨ ਆਰੰਭ ਕੀਤਾ। ਉਹ ਤਾਲਾਬ ਤਾਂ ਬਣ ਗਿਆ, ਪਰ ਉਸ ਵਿਚ ਪਾਣੀ ਨਾ ਰਹੇ। ਨਾ ਕੋਈ ਮਥਾ ਟੇਕਣ ਵਾਸਤੇ ਆਵੇ ਉਸ ਖੇਡ ਵਲੋਂ ਵੀ ਉਸਦਾ ਮਨ ਉਚਾਟ ਹੋ ਗਿਆ।

ਦੂਸਰੇ ਪਾਸੇ ਕਰਮ ਕੌਰ ਰੋਜ਼ ਪਿਟਦੀ ਤੇ ਰੋਂਦੀ ਰਹਿੰਦੀ ਉਹ ਪ੍ਰਿਥੀਚੰਦ ਨੂੰ ਰਾਤ ਤੇ ਦਿਨੇ ਘਰ ਚੈਨ ਨਾਲ ਨਾ ਬੈਠਣ ਦੇਂਦੀ। ਆਖਰ ਅਕਕੇ ਉਸਨੇ ਫੈਸਲਾ ਕੀਤਾ ਕਿ ਉਹ ਬਾਦਸ਼ਾਹ ਕੋਲ ਜਾਕੇ ਰੋਵੇ ਪਿਟੇ ਤੇ ਬਾਲ ਬਚੇ ਨੂੰ ਨਾਲ ਲੈਕੇ ਦਿਲੀ ਚਲਿਆ ਜਾਵੇ।

ਸਤਿਗੁਰੂ ਅਰਜਨ ਦੇਵ ਜੀ ਤੇ ਮਹਾਂਦੇਵ ਜੀ ਨੇ ਜਦੋਂ ਸੁਣਿਆਂ ਕਿ ਪ੍ਰਿਥੀ ਚੰਦ ਦਿਲੀ ਜਾ ਰਿਹਾ ਹੈ ਤਾਂ ਮਹਾਂਦੇਵ ਜੀ ਨੇ ਉਹਨੂੰ ਸਮਝਾਇਆ ਕਿ ਭਰਾਵਾਂ ਨਾਲ ਵੈਰ ਨਹੀਂ ਕਰੀਦੇ।ਲੜਨਾ ਠੀਕ ਨਹੀਂ ਅਰਾਮ ਨਾਲ ਘਰਬੈਠ ਪਰ ਉਸਨੇ ਇਕ ਨਾ ਸੁਣੀ। ਭਾਈ ਗੁਰਦਾਸ ਜੀ ਪ੍ਰਿਥੀਚੰਦ ਕੋਲ ਹੇਰ ਪਿੰਡ ਪੁਜੇ, ਉਨ੍ਹਾਂ ਵੀ ਸਮਝਾਇਆ ਕਿ ਕਿਉਂ ਨਿਰਦੋਸ਼ਾਂ ਨਾਲ ਵੈਰ ਕਰਦਾ ਹੈਂ ? ਗੁਰੂ ਘਰਵਿਚ ਅਪਾਰ ਪ੍ਰਮਾਤਮਾ ਦੀ ਸ਼ਕਤੀ ਹੈ। ਉਸਦਾ ਮੁਕਾਬਲਾ ਤੂੰ ਨਹੀਂ ਕਰ ਸਕਦਾ। ਐਵੇਂ ਪਹਾੜ ਨੂੰ ਟਕਰਾ ਨਾ ਮਾਰ। ਪਰ ਅਗਿਆਨੀ ਪ੍ਰਿਥੀ ਚੰਦ ਨੇ ਉਲਟੇ ਭਾਈ ਗੁਰਦਾਸ ਜੀ ਨੂੰ ਕੁਬੋਲ ਬੋਲੇ। ਗੁਰੂ ਘਰ ਤੇ ਸਤਿਗੁਰੂ ਜੀ ਦੀ ਸ਼ਾਨ ਵਿਚ ਵੀ ਮਾੜੇ ਬਚਨ ਆਖੇ ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਸੁਣ ਨਾ ਸਕੇ। ਭਾਈ ਜੀਨੇ ਪ੍ਰਿਥੀਚੰਦ ਦੀ ਅਗਿਆਨਤਾ ਉਹਦੀ ਕੁਟਲ ਨੀਤੀ ਤੇ ਠੱਗੀ ਉਤੇ ਇਕ ਪਉੜੀ ਉਚਾਰਨ ਕੀਤੀ—

> ਤੀਰਥ ਮੰਜ ਨਿਵਾਸ ਹੈ ਬਗਲਾ ਅਪਤੀਣਾ ॥ ਲਵੈ ਬਬੀਹਾ ਵਰਸਦੇ ਜਲ ਜਾਇ ਨ ਪੀਣਾ ॥ ਵਾਂਸ ਸੁਗੰਧ ਨ ਹੋਵਈ ਪਰਮਲ ਸੰਗ ਲੀਣਾ ॥ ਘੁਘੂ ਸੁਝ ਨ ਸੁਝਈ ਕਰਮਾਂ ਦਾ ਹੀਣਾ ॥ ਨਾਭਿ ਕਥੂਰੀ ਮਿਰਗ ਦੇ ਵਤੈ ਉਡੀਣਾ ॥ ਸਤਿਗੁਰ ਸਚਾ ਪਾਤਸਾਹ ਮੁਹਿ ਕਾਲੇ ਮੀਣਾ ॥ (ਵਾਰ ੩੬ ਵੀਂ ਪਉੜੀ)

ਅੰਤਮ ਤੁਕ ਦਾ ਅਰਥ ਇਹ ਕਿ ਸਤਿਗੁਰੂ ਅਰਜਨ ਦੇਵ ਜੀ ਤਾਂ ਸਚੇ ਪਾਤਸ਼ਾਹ ਹਨ ਤੇ ਪ੍ਰਿਥੀਚੰਦ ਕਾਲੇ ਮੂੰਹ ਵਾਲਾ ਮੀਣਾ ਹੈ। ਭਾਈ ਗੁਰਦਾਸ ਜੀ ਗੁਸੇ ਨਾਲ ਭਰੇ ਪੀਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਪਹੁੰਚੇ ਤੇ ਸਾਰਾ ਹਾਲ ਖੋਹਲਕੇ ਦਸਿਆ। ਸਾਰਾ ਬਿਰਤਾਂਤ ਸੁਣਕੇ

ਸਾਹਿਬਾਂ ਨੇ ਕਿਹਾ, ਅਸੀਂ ਸੰਤ ਹਾਂ, ਅਸਾਂ ਉਤੇ ਦਾਹੜੀ ਖਿਚ ਖਿਚ ਕੇ ਸੁਗੰਧਾਂ ਚੁਕਣ ਦਾ ਕੀ ਲਾਭ ? ਗਰੀਬਾਂ ਤੇ ਸੰਤਾਂ ਨਾਲ ਜੋ ਧਕਾ ਕਰਦਾ ਹੈ, ਪ੍ਰਮਾਤਮਾ ਉਸ ਨਾਲ ਨ ਜਿਠਦਾ ਹੈ। 'ਬਰੀਬਾਂ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥ ੧ ॥ ਪੂਰਾ ਨਿਆਉ ਕਰੇ ਕਰਤਾਰ ॥ ਅਪਣੇ ਦਾਸ ਕਉ ਰਾਖਨਹਾਰ ॥' (ਗਉੜੀ ਮਃ ੫)

੧੦. ਗੁਰ ਨਿੰਦਕ ਸੱਤਾ ਤੇ ਬਲਵੰਡ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਰਬਾਬੀ ਨੂੰ ਆਪਣੇ ਨਾਲ ਰਖਿਆ ਸੀ।ਸਤਿਗੁਰੂ ਜੀ ਬਾਣੀ ਉਚਾਰਦੇ ਰਹੇ, ਮਰਦਾਨਾ ਰਬਾਬ ਵਜਾਉਂਦਾ ਹੋਯਾ ਉਸ ਬਾਣੀ ਦਾ ਕੀਰਤਨ ਕਰਦਾ ਰਿਹਾ। ਮਰਦਾਨੇ ਦੇ ਚਲਾਣੇ ਪਿਛੋਂ ਉਸ ਦੇ ਪੁਤ੍ਰ ਗੁਰੂ ਘਰ ਦੇ ਕੀਰਤਨੀਏ ਰਬਾਬੀ ਮੁਕਰਰ ਹੋਏ। ਇਹ ਸਿਲਸਲਾ ਹਰ ਇਕ ਸਤਿਗੁਰੂ ਜੀ ਨੇ ਨਾਲ ਚਲਿਆ ਆਇਆ ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰ ਜਨ ਦੇਵ ਜੀ ਦੇ ਸਮੇਂ ਤਕ ਜਿਵੇਂ ਸਿਖੀ ਦਾ ਪ੍ਰਕਾਸ਼ ਦੂਰ ਤਕ ਹੋ ਗਿਆ, ਤਿਵੇਂ ਗੁਰਬਾਣੀ ਦਾ ਕੀਰਤਨ ਵੀ ਰਾਗਾਂ ਅਨੁਸਾਰ ਗਾਇਆ ਜਾਣ ਲਗਾ।ਸਵੇਰੇਐਂ ਮ੍ਰਿਤ ਵੇਲੇ ਤੋਂ ਕੀਰਤਨ ਹੁੰਦਾ। ਸ਼ਾਮ ਦੇ ਦੀਵਾਨ ਵਿਚ ਵੀ ਦੋ ਘੰਟੇ ਕੀਰਤਨ ਕੀਤਾ ਜਾਂਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਤਾ ਤੇ ਬਲਵੰਡ ਦੋ ਭਰਾ ਰਬਾਬੀ ਸਨ। ਸਿਆਣੇ ਤੇ ਰਸੀਲੇ ਗਲੇ ਵਾਲੇ ਰਾਗੀ ਸਨ। ਓਹਨਾਂ ਨੂੰ ਆਪਣੇ ਕੋਮਲ ਹੁਨਰ ਉਤੇ ਕੁਝ ਹੰਕਾਰ ਸੀ। ਕਈ ਵਾਰ ਓਹ ਐਸਾ ਅਨੁਭਵ ਕਰਦੇ ਸਨ ਕਿ ਗੁਰੂ ਘਰ ਦੀ ਮਹਿਮਾਂ ਓਹਨਾਂ ਦੇ ਕੀਰਤਨ ਕਰਨ ਕਾਰਨ ਹੀ ਚਾਰੇਪਾਸੇ ਪ੍ਰਗਟ ਹੋ ਰਹੀ ਹੈ।ਕੁਦਰਤ ਨੂੰ ਹੰਕਾਰ ਨਹੀਂ ਭਾਉਂਦਾ।ਬਲੀ ਤੇ ਰਾਵਨ ਵਰਗੇ ਹੰਕਾਰੀ ਰਾਜਿਆ ਦਾ ਹੰਕਾਰ ਵੀ ਪ੍ਰਮਾਤਮਾਂ ਨੇ ਨਸ਼ਟ ਕਰ ਦਿਤਾ, ਸਤਾ ਤੇ ਬਲਵੰਡ ਕੇਹੜੇ ਬਾਗ ਦੀ ਮੂਲੀ ਸਨ। ਓਹ ਤਾਂ ਵਿਚਾਰੇ ਮਾਮੂਲੀ ਮਨੁਖ ਸਨ।

ਸਬਬ ਨਾਲ ਸਤੇ ਤੇ ਬਲਵੰਡ ਦੀ ਇਕ ਭੈਣ ਸੀ। ਭੈਣ ਜੁਵਾਨ ਹੋ ਗਈ। ਉਸ ਦਾ ਵਿਆਹ ਰਚਾ ਦਿਤਾ। ਓਹਨਾਂ ਨੇ ਸਲਾਹ ਕੀਤੀ ਕਿ ਗੁਰੂ ਜੀ ਪਾਸੋਂ ਮਾਲੀ ਸਹਾਇਤਾ ਲੈਣ। ਦੋਵੇਂ ਭਰਾ ਸਲਾਹ ਕਰਕੇ ਸਹਿਗੁਰੂ

ਜੀ ਪਾਸ ਆਏ। ਸਹਾਇਤਾ ਦੀ ਮੰਗ ਕੀਤੀ। ਸਤਿਗੁਰੂ ਜੀ ਨੇ ਪੁਛਿਆ 'ਕਿੰਨੀ ਮਾਇਆ ਦੀ ਲੋੜ ਹੈ?' ਇਸ ਸਵਾਲ ਦਾ ਉੱਤਰ ਦੇਣ ਲਗੇ ਸੋਚੀਂ ਪੈ ਗਏ। ਓਹਨਾਂ ਦੇ ਮਨ ਉਤੇ ਲਾਲਚ ਨੇ ਆਸਣ ਜਮਾਏ। ਉਸ ਭਾਰ ਦੇ ਦਬੇ ਹੋਏ ਬੋਲੇ: —'ਸਵੇਰ ਦੇ ਕੀਰਤਨ ਸਮੇਂ ਜੋ ਕਾਰ ਭੇਟ (ਚੜ੍ਹਾਵਾ) ਆਵੇ ਓਹ ਇਕ ਦਿਨ ਦੀ ਅਸਾਨੂੰ ਦਿਤੀ ਜਾਵੇ।'

'ਬਹੁਤ ਹਛਾ! ਸਵੇਰ ਦੇ ਕੀਰਤਨ ਸਮੇਂ ਜੋ ਕਾਰ ਭੇਟ ਆਵੇ ਓਹ ਤੁਸਾਂ ਨੂੰ ਦਿਤੀ ਜਾਵੇਗੀ।' ਇਹ ਸਤਿਗੁਰੂ ਜੀ ਦਾ ਬਚਨ ਸੀ।

ਸਤਾ ਤੇ ਬਲਵੰਡ ਇਹ ਸੁਣ ਕੇ ਖੁਸ਼ੀ ਖੁਸ਼ੀ ਘਰ ਨੂੰ ਚਲੇ ਗਏ। ਓਹਨਾਂ ਨੇ ਸੋਚਿਆ ਰੁਪਿਆ ੫੦੦) ਸੌ ਤੋਂ ਉਪਰ ਮਿਲ ਜਾਵੇਗਾ। ਵਿਆਹ ਕਰਕੇ ਵੀ ਬਚਤ ਹੋ ਜਾਵੇਗੀ। ਓਹ ਵੇਖਦੇ ਸਨ, ਹਰ ਰੋਜ਼ ਪੰਜ ਛੇ ਸੌ ਤੋਂਘਟ ਚੜ੍ਹਾਵਾ ਨਹੀਂ ਸੀ ਚੜ੍ਹਦਾ। ਸਵੇਰ ਦੇ ਦੀਵਾਨ ਵਿਚ ਬਹੁਤ ਰੌਣਕ ਹੁੰਦੀ ਸੀ। ਸੈਂਕੜੇ ਸ਼ਰਧਾਲੂ ਸਿਖ ਬਾਹਰੋਂ ਆਏ ਰਹਿੰਦੇ ਸਨ। ਕਈ ਵਾਰ ਐਸੀਆਂ ਸਾਮੀਆਂ ਵੀ ਆ ਜਾਦੀਆਂ ਸਨ ਜੋ ਸੌ ਸੌ ਰੁਪਿਆ ਇਕੱਲੀ ਇਕਲੀ ਅਸਾਮੀ ਚੜ੍ਹਾ ਦੇਂਦੀ ਸੀ। ਕਈ ਵਾਰ ਸੋਨੇ ਦੀਆਂ ਮੋਹਰਾਂ ਵੀ ਕਾਰ ਭੇਟਾ ਵਿਚ ਆਉਂਦੀਆਂ ਸਨ।

ਰਾਤ ਦੋਹਾਂ ਭਰਾਵਾਂ ਨੂੰ ਖੁਸ਼ੀ ਵਿਚ ਨੀਂਦ ਨਾ ਆਈ, ਉਸਲਵਟੇ ਭੰਨ-ਦਿਆਂ ਨੂੰ ਅੰਮ੍ਰਿਤ ਵੇਲਾ ਹੋ ਗਿਆ, ਇਸ਼ਨਾਨ ਕਰਕੇ ਸਾਜ ਚੁਕੇ ਤੇ ਸਤਿਗੁਰੂ ਜੀ ਦੇ ਦਰਬਾਰ ਵਿਚ ਜਾ ਬੈਠੇ। ਕੀਰਤਨ ਸ਼ੁਰੂ ਕੀਤਾ, ਅੰਮ੍ਰਿਤ ਵੇਲੇ ਕੁਝ ਘਟ ਸੰਗਤ ਹਾਜਰੀ ਹੋਈ, ਰਤਾ ਦਿਨ ਚੜ੍ਹਿਆ ਤਾਂ ਸਿਖ ਸੰਗਤ ਆਉਂਣੀ ਸ਼ੁਰੂ ਹੋਈ। ਲਾਲਚ ਬੁਰੀ ਬਲਾ ਹੁੰਦਾ ਹੈ। ਸੱਤੇ ਤੇ ਬਲਵੰਡ ਦੀਬਿਰਤੀ ਕੀਰਤਨ ਕਰਨਵਲੋਂ ਉਖੜ ਗਈ। ਉਨ੍ਹਾਂ ਦੀਆਂ ਅਖਾਂ ਤੇ ਸੁਰਤਾਂ ਮਾਇਆ ਵਲ ਜੁੜ ਗਈਆਂ। ਹਰ ਮਥਾ ਟੇਕਣ ਆਏ ਸਿਖ ਦੀ ਜੇਬ, ਹਥ ਤੇ ਮਾਇਆ ਵਲ ਦੇਖਦੇ, ਜੇ ਉਹ ਥੋੜੇ ਪੈਸੇ ਚੜ੍ਹਾਉਂਦਾ ਤਾਂ ਮਨ ਹੀ ਮਨ ਕੁੜਦੇ ਉਨ੍ਹਾਂ ਨੂੰਗੁਰਬਾਣੀਦੀਆਂਤੁਕਾਂਵੀ ਭੁਲਣ ਲਗੀਆਂ।ਖੈਰ ਕਰ ਕਤਰਕੇ ਬਾਰਾਂ ਵਜੇਤਕ ਕੀਰਤਨ ਕੀਤਾ ਪਰ ਉਨ੍ਹਾਂਦੇ ਕੀਰਤਨ ਵਿਚ ਰਸ ਨਹੀਂ ਸੀ ਭੋਗ ਪੈ ਗਿਆ ਭੋਗ ਦੇ ਅਰਦਾਸੇ ਪਿਛੋਂ ਸਤਿਗੁਰੂ ਜੀ ਨੇ ਸਾਰੀ ਮਾਇਆ ਇਕੱਠੀ ਕਰਕੇ ਦੋਹਾਂ ਭਰਾਵਾਂ ਦੀ ਝੋਲੀ ਵਿਚ ਪਾਦਿਤੀ, ਮਾਇਆ

ਸਿਰਫ ਸੌ ਕੁ ਦਮੜਾ ਸੀ ਸਦਾ ਦਾ ਨਾਲੋਂ ਬਹੁਤ ਘਟ ਚੜ੍ਹਾਵਾ ਚੜ੍ਹਿਆ।ਸੰਗਤ ਘਟ ਆਈ। ਬਾਹਰੋਂ ਆਏ ਹੋਏ ਇਕ ਦੋ ਅਮੀਰ ਸਵੇਰੇ ਮਥਾ ਟੇਕਣ ਹੀ ਨਾ ਆਏ ਉਨ੍ਹਾਂ ਦਾ ਨਾ ਆਉਣਾ ਵੀ ਸਤੇ ਬਲਵੰਡ ਵਾਸਤੇ ਸ਼ੱਕ ਦਾ ਕਾਰਨ ਸੀ। ਥੋੜੀ ਮਾਇਆ ਦੇਖਕੇ ਉਹਨਾ ਦੇ ਸਤੀਂ ਕਪੜੀਂ ਅਗ ਲਗ ਗਈ, ਉਹ ਸੜਦੇ ਭੁਜਦੇ ਘਰ ਨੂੰ ਤੁਰ ਗਏ। ਉਹਨਾ ਦੇ ਚੰਦਰੇ ਬੁਲਾਂ ਵਿਚੋਂ ਇਸਤਰ੍ਹਾਂ ਅਪਜਸ ਦੇ ਸ਼ਬਦ ਨਿਕਲਦੇ ਸਨ 'ਇਹ ਸਭ ਗੁਰੂ (ਜੀ) ਦੀ ਚਲਾਕੀ ਹੈ। ਸਿਖਾਂ ਤੇ ਪ੍ਰੇਮੀਆਂ ਨੂੰ ਰੋਕ ਦਿਤਾ ਕਿ ਕਾਰਭੇਟ ਨਾਂ ਚੜ੍ਹਾਉਣ, ਭਲਾ ਉਹ ਅਮੀਰ ਤੇ ਰਾਜੇ ਕਿਉਂ ਮਥਾ ਟੇਕਣ ਨਹੀਂ ਆਏ ? ਹਛਾ ਅਸਾਂ ਨਾਲ ਚਲਾਕੀ ਕੀਤੀ ਹੈ ਤਾਂ ਅਸੀਂ ਵੀ ਕਲ ਕੀਰਤਨ ਕਰਨ ਨਹੀਂ ਆਉਂਣਾ। ਵੇਖਾਂਗੇ ਕੌਣ ਕੀਰਤਨ ਕਰਦਾ ਹੈ ? ਕਖ ਕਦਰ ਨਹੀਂ ਕੀਤੀ। ਮਾਇਆ ਦੇ ਤਿਆਗੀ ਬਣੇ ਫਿਰਦੇ ਹਨ ਗੁਰੂ (ਜੀ) ਅਜ ਦੇਖ ਲਏ ਕਿੰਨੇ ਕੁ ਤਿਆਗੀ ਹਨ।'

ਕਿਸੇ ਦੀ ਨਿੰਦਾ ਕਰਨੀ ਮਾੜੀ ਹੈ ਪਰ ਸਤਿਗੁਰੂ ਦੀ ਨਿੰਦਾ ਤਾਂ ਨਰਕ ਵਲ ਤੋਰਦੀ ਹੈ। ਨਾਲ ਮਤ ਮਾਰੀ ਜਾਂਦੀ ਹੈ ਪਰ ਸਤਿਗੁਰੂ ਜੀ ਦੀ ਨਿੰਦਾ ਕਰਦੇ ਹੋਏ ਘਰ ਜਾ ਪੁਜੇ ਰੁਪੈ ਰਖ ਦਿਤੇ। ਕਿਸ ਕੰਮ ਕਰਨ ਨੂੰ ਚਿਤ ਨਾ ਕੀਤਾ। ਰਾਤ ਫਿਰ ਨੀਂਦ ਨਾ ਆਈ, ਕ੍ਰੋਧ ਨਾਲ ਤਨ ਤੇ ਮਨ ਭਖਦਾ ਰਿਹਾ। ਅੰਮ੍ਰਿਤ ਵੇਲਾ ਹੋਇਆ, ਮੰਜਿਆਂ ਤੋਂ ਉਠੇ ਹੀ ਨਹੀਂ ਜਿਵੇਂ ਕਿ ਉਨ੍ਹਾਂ ਰਾਤ ਫੈਸਲਾ ਕੀਤਾ ਸੀ। ਜਿਵੇਂ ਫੁਲਾਂ ਦੇ ਪਰੇਮੀ ਭੌਰੇ ਹਨ, ਚੰਦ ਤੇ ਚਕੋਰ ਦੀ ਪ੍ਰੀਤ ਹੈ, ਸ਼ਮਾ ਤੇ ਪਤੰਗੇ ਦਾ ਪਿਆਰ ਹੈ ਤਿਵੇਂ ਗੁਰ ਸਿਖਾਂ, ਪ੍ਰੇਮੀਆਂ ਤੇ ਸੰਤਾਂ ਗੁਰਮੁਖਾਂ ਦਾ ਪਿਆਰ ਗੁਰਬਾਣੀ ਦੇ ਕੀਰਤਨ ਨਾਲ ਹੈ। ਉਹ ਤਾਂ ਅੰਮ੍ਰਿਤ ਵੇਲੇ ਦੀ ਉਡੀਕ ਕਰਦੇ ਰਹਿੰਦੇ ਹਨ। ਸਤਿਗੁਰੂ ਜੀ ਦਾ ਵਡਾ ਉਪਦੇਸ਼ ਹੀ ਇਹ ਸੀ ਕਿ ਅੰਮ੍ਰਿਤ ਵੇਲੇ ਗੁਰਬਾਣੀ ਦਾ ਕੀਰਤਨ ਸਰਵਨ ਕੀਤਾ ਜਾਵੇ ਤੇ ਬਾਣੀ ਦਾ ਪਾਠ ਕੀਤਾ ਜਾਵੇ, ਬਾਣੀ ਕਲਜੁਗ ਵਿਚ ਮੁਕਤੀ ਦਾ ਮਹਾਨ ਸਾਧਨ ਹੈ। ਸਤਾ ਤੇ ਬਲਾਵੰਡ ਹਾਜ਼ਰ ਨਾ ਹੋਏ, ਪਰ ਸੰਗਤ ਸਾਰੀ ਦਰਬਾਰ ਵਿਚ ਹਾਜ਼ਰ ਹੋ ਗਈ, ਸਮੇਂ ਸਿਰ ਸਤਿਗੁਰੂ ਜੀ ਵੀ ਆ ਪੁਜੇ। ਸੱਤੇ ਤੇ ਬਲਵੰਡ ਨੂੰ ਨਾ ਦੇਖਕੇ ਸਤਿਗੁਰੂ ਜੀ ਪੁਛਿਆ—'ਰਬਾਬੀ ਕਿਉਂ ਨਹੀਂ ਆਏ ?'

ਇਕ ਹਜ਼ੂਰੀ ਸਿਖ ਨੇ ਹਥ ਜੋੜਕੇ ਆਖਿਆ, 'ਸਚੇ ਪਾਤਸ਼ਾਹੋ ! ਦੋ ਵਾਰ ਸਿਖ ਓਹਨਾਂ ਦੇ ਘਰੋਂ ਹੋ ਆਏ ਹਨ। ਓਹਨਾਂ ਉਤਰ ਦਿਤਾ ਹੈ, 'ਅਸਾਂ ਕੀਰਤਨ ਨਹੀਂ ਕਰਨਾ, ਗੁਰੂ ਨੇ ਅਸਾਂ ਨਾਲ ਧੋਖਾ ਕੀਤਾ ਹੈ।'

ਜਗਤ ਦੇ ਕਰਤਾ, ਪਰਮੇਸਰ ਭਵਸਾਗਰ ਤੋਂ ਜੀਵਾਂ ਨੂੰ ਪਾਰ ਕਰਨ ਵਾਲੇ ਸਤਿਗੁਰੂ ਜੀ ਆਪ ਸਤੇ ਤੇ ਬਲਵੰਡ ਦੇ ਘਰ ਨੂੰ ਤੁਰ ਪਏ। ਦੋ ਸਿਖ ਨਾਲ ਲਏ। ਰਬਾਬੀਆਂ ਦੇ ਬੂਹੇ ਅਗੇ ਖਲੋਕੇ ਸਾਹਿਬਾਂ ਨੇ ਅਵਾਜ਼ ਦਿਤੀ, 'ਭਾਈ ਸਤ ! ਭਾਈ ਸਤ !' ਦੋ ਅਵਾਜ਼ਾਂ ਦਿਤੀਆਂ। ਕਿਸੇ ਨੇ ਅਗੋਂ ਉਤਰ ਨਾ ਦਿਤਾ। ਸਾਹਿਬਾਂ ਨੇ ਤੀਸਰੀ ਵਾਰ ਅਵਾਜ਼ਾ ਦਿਤਾ, 'ਭਾਈ ਸਤ ! ਬਚਨ ਤਾਂ ਸੁਣ ਆਕੇ।'

ਦੋਵੇਂ ਭਰਾ ਬਾਹਰ ਆ ਗਏ। ਬੂਹਾ ਖੋਹਲਿਆ ਹੰਕਾਰੀਆਂ ਨੇ ਸਤਿਗੁਰੂ ਜੀ ਨੂੰ ਸਨਮੁਖ ਦੇਖਕੇ ਸ਼ਰਧਾ ਨਾਲ ਮਥਾ ਨਹੀਂ ਟੇਕਿਆ। ਹੰਕਾਰ ਨਾਲ ਆਕੜੇ ਰਹੇ। ਮਤ ਮਾਰੀ ਗਈ। ਜੀਵਨ ਬਾਜੀ ਹਾਰ ਬੈਠੇ। ਮੰਦ ਭਾਗਾਂ ਵਾਲਿਆਂ ਕੋਲੋਂ ਵੇਲਾ ਨਾ ਸੰਭਾਲਿਆ ਗਿਆ। ਘਰ ਤੁਰ ਕੇ ਪਰਮੇਸ਼ਰ ਆਇਆ, ਜੇ ਅਕਲ ਹੁੰਦੀ ਤਾਂ ਸਭ ਕੁਝ ਮੰਗ ਲੈਂਦੇ। ਧਰਤੀ ਦੇ ਪਾਤਸ਼ਾਹ ਬਣ ਜਾਂਦੇ, ਪਰ ਕਿਥੋਂ ? ਲਾਲਚ ਤੇ ਗੁਰਨਿੰਦਾ ਨੇ ਓਹਨਾਂਨੂੰ ਮਤਹੀਣ ਕਰ ਦਿਤਾਸੀ। ਵਾਂਸ ਵਾਂਗੂੰ ਆਕੜ ਕੇ ਅਗੇ ਆ ਖਲੋਤੇ। ਮੂੰਹੋਂ ਨਹੀਂ ਬੋਲੇ, ਓਹਨਾਂ ਦੀ ਪਾਪਣ ਜ਼ਬਾਨ ਤਾਲੂ ਨਾਲ ਜੁੜੀ ਰਹੀ। ਸਾਹਿਬਾਂ ਨੇ ਆਖਿਆ 'ਭਾਈ ਸਤ ਤੇ ਬਲਵੰਡ ਜੀ ! ਚਲੋ ! ਸੰਗਤ ਦਰਬਾਰ ਵਿਚ ਉਡੀਕ ਰਹੀ ਹੈ। ਗੁਰੂ ਘਰ ਦਾ ਕੀਰਤਨ ਕਰੋ। ਨਰਾਜ ਕਿਉਂ ਹੋ ਗਏ। ਜੇ ਅਸਾਂ ਕੋਲੋਂ ਕੋਈ ਭੁਲ ਹੋ ਗਈ ਹੈ ਤਾਂ ਖਿਮਾਂ ਕਰਨਾ। ਮਨੁਖ ਭੁਲਦਾ ਰਹਿੰਦਾ ਹੈ।' ਜਗਤ ਗੁਰੂ ਜੀ ਦੇ ਐਸੇ ਬਚਨਾ ਨੇ ਪਥਰਾਂ ਨੂੰ ਪਿਘਲਾਇਆ ਨਹੀਂ।

ਦੋਵੇਂ ਭਰਾ ਹੰਕਾਰ ਨਾਲ ਬੋਲੇ—'ਕਲ ਤੁਸਾਂ ਧੋਖਾ ਕੀਤਾ। ਸੰਗਤਾਂ ਨੂੰ ਰੋਕ ਦਿਤਾ ਕਿ ਓਹ ਕਾਰ ਭੇਟ ਨਾ ਚਾੜ੍ਹਨ । ਜਾਓ ਜਿਸ ਕੋਲੋਂ ਜੀ ਕਰਦਾ ਜੇ ਕੀਰਤਨ ਕਰਾ ਲਵੋ। ਅਸਾਂ ਦੋਹਾਂ ਨਹੀਂ ਜਾਣਾ। ਕਲ ਅਸਾਂ ਨਾਲ ਧੋਖਾ ਹੋਇਆ ਹੈ ਅਸਾਡੀ ਸੇਵਾ ਤੇ ਮੇਹਨਤ ਦਾ ਮੁਲ ਨਹੀਂ ਪਿਆ ਸੌ ਰੁਪੈ ਨੂੰ ਕਿਥੇ ਕਿਥੇ ਵਰਤੀਏ ?'

'ਭਾਈ ! ਜੇ ਰੁਪੈ ਥੋੜੇ ਹਨ ਤਾਂ ਗੁਰੂ ਘਰ ਵਿਚ ਕੋਈ ਘਾਟਾ ਨਹੀਂ

ਹੋਰ ਜਿੰਨੀ ਮਾਇਆ ਚਾਹੋ ਲੈ ਆਉਣੀ, ਸਿਖਾਂ ਨੂੰ ਕੀਰਤਨ ਸਰਵਨ ਕਰਾਓਨਿਕੀ ਜਿਹੀ ਗਲ ਤੋਂ ਵਿਗੜਨਾ ਚੰਗਾ ਨਹੀਂ ਮਾਇਆ ਦਾ ਕੀ ਹੈ। ਇਸ ਨਾਲ ਬਹੁਤਾ ਪਿਆਰ ਪਾਉਣਾ ਚੰਗਾ ਨਹੀਂ, ਮਾਇਆ ਬਦਲੇ ਗੁਰੂ ਘਰ ਨਾਲੋਂ ਪ੍ਰੀਤ ਨਾ ਤੋੜੋ, ਸਤਿਗੁਰੂ ਜੀ ਦਾ ਬਚਨ ਸੀ। 'ਵਾਹ ਜੀ ਵਾਹ ! ਲੋਕਾਂ ਨੂੰ ਮਾਯਾ ਤਿਆਗ ਦਾ ਉਪਦੇਸ਼ ਅਤੇ ਆਪ ਮਾਯਾ ਹਜ਼ਮ ਕਰਨ ਵਾਲੇ ! ਕਲ ਸਿਖਾਂ ਨੂੰ ਕਿਉਂ ਰੋਕਿਆ ? ਧਨੀ ਪੁਰਸ਼ਾਂ ਨੂੰ ਦਰਬਾਰ ਵਿਚ ਕਿਉਂ ਨਾ ਸਦਿਆ ? ਸਤਾ ਗਰਮ ਹੋਕੇਬੋਲਿਆ।

ਪ੍ਰੇਮ ਤੇ ਦਾਇਆ ਦੇ ਸਾਗਰ ਸਤਿਗੁਰੂ ਜੀ ਨੇ ਇਨ੍ਹਾਂ ਕੁਬੋਲਾਂ ਨੂੰ ਸਹਾਰ-ਦਿਆਂ ਹੋਇਆਂ ਨਰਮੀ ਨਾਲ ਆਖਿਆ—'ਅਸਾ ਕਿਸੇ ਨੂੰ ਕੁਝ ਨਹੀਂ ਕਿਹਾ, ਅਸਾਂ ਕਿਸੇ ਨੂੰ ਨਹੀਂ ਰੋਕਿਆ, ਐਵੇਂ ਤੁਸਾਂ ਨੂੰ ਟਪਲਾ ਲਗਾ ਹੈ। ਸਤਿਗੁਰੂ ਨਾਨਕ ਦੇਵ ਜੀ ਦੀ ਗਦੀ ਦੇ ਕੀਰਤਨੀਏ ਹੋ ਅਸਾਂ ਜੇਹਾਂ ਪੁਰਸ਼ ਗੁਰੂ ਘਰ ਦੇ ਕੀਰਤਨੀਆਂ ਨਾਲ ਧੋਖਾ ਕਰ ਸਕਦਾ ਹੈ ?' ਜਦੋਂ ਮਨੁਖ ਦੇ ਦਿਨ ਮਾੜੇ ਆਉਂਦੇ ਹਨ ਤਦੋਂ ਉਸਨੂੰ ਭਲੇ ਪੁਰਸ਼ਾਂ ਦੀਆਂ ਗਲਾਂ ਚੰਗੀਆਂ ਨਹੀਂ ਲਗਦੀਆ, ਉਹਦੀ ਜ਼ਬਾਨ ਮਾੜੇ ਬਚਨ ਹੀ ਬੋਲਦੀ ਹੈ। ਸਤੇ ਤੇ ਬਲਵੰਡ ਦੇ ਭਾਗ ਨਿਖੁਟ ਗਏ, ਸੁਖ ਤੇ ਸਤਕਾਰ ਉਨ੍ਹਾਂ ਦਾ ਸਾਥ ਛਡਣ ਲਗਾ, ਸ਼ੈਤਾਨ ਨੇ ਉਨ੍ਹਾਂ ਦੀ ਜ਼ਬਾਨ ਨੂੰ ਵਲ ਪਾ ਦਿਤਾ। ਉਹ ਕ੍ਰੋਧ ਨਾਲ ਪਾਗਲ ਹੋਕੇ ਸਤਿਗੁਰੂ ਜੀ ਅਤੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਾਨ ਵਿਚ ਮਾੜੇ ਬਚਨ ਬੋਲਣ ਲਗ। ਚੰਦ੍ਰੀ ਜ਼ਬਾਨ ਨੇ ਆਖਦਿਤਾ —'ਹੂੰ ! ਗੁਰੂ ਨਾਨਕ, ਗੁਰੂ ਨਾਨਕ ਨੂੰ ਵੀ ਅਸਾਡੇ ਵਡੇ ਭਾਈ ਮਰਦਾਨੇ ਨੇ ਗੁਰੂ ਬਣਾਇਆ, ਨਹੀਂ ਤੇ ਉਸਨੂੰ ਕੌਣ ਗੁਰੂ ਮੰਨਦਾ ਸੀ। ਅਸੀਂ ਨਾ ਕੀਰਤਨ ਕਰੀਏ, ਅਸੀਂ ਨਾ ਦਰਬਾਰ ਦੀ ਰੌਣਕ ਬਣਾਈਏ ਤਾਂ ਕੌਣ ਤੁਸਾਂ ਨੂੰ ਮੱਥਾ ਟੇਕਦਾ ਹੈ ? ਸਾਰਿਆਂ ਗੁਰੂਆਂ ਨੂੰ ਅਸਾਂ ਹੀ ਗੁਰੂ ਬਣਾਇਆ ਹੈ ਹੁਣ ਅਸੀਂ ਹੋਰ ਕਿਸੇ ਨੂੰ ਗੁਰੂ ਬਣਾ ਦਿਆਂਗੇ।' ਦਇਆ ਤੇ ਸ਼ਾਂਤਮਈ ਦੀ ਕੋਈ ਹਦ ਹੁੰਦੀ ਹੈ ਜਦੋਂ ਪਾਪ, ਜ਼ਹਿਰ ਤੇ ਹੰਕਾਰ ਹਦ ਤੋਂ ਟਪ ਜਾਵੇ ਤਾਂ ਉਸਨੂੰ ਰੋਕਣ ਵਾਸਤੇ ਭਗਵਾਨ ਕੋਈ ਚਾਰਾ ਕਰਦਾ ਹੈ। ਬਾਲੀ, ਰਾਵਣ, ਹਰਨਾਕਸ਼, ਫੈਰੂਨ, ਚੰਗੇਜ਼ ਆਦਿਕ ਹੰਕਾ-ਰੀਆਂ ਦਾ ਭਗਵਾਨ ਨੇ ਹੰਕਾਰ ਤੋੜਿਆ। ਗੁਰੂ ਘਰ ਦੇ ਨਿੰਦਕ ਨੂੰ ਕੌਣ ਬਖਸ਼ੇ ? ਕੌਣ ਸਹਿ ਸਕੇ ਵਡੇ ਸਤਿਗੁਰੂ ਨਾਨਕ ਦੇਵ ਜੀ ਦੀ ਨਿੰਦਾ ? ਮੂਰਖਾਂ ਨੇ ਆਪਣੀ

ਹਸਤੀ ਵਲ ਨਾ ਦੇਖਿਆ ਬ੍ਰਾਹਮਣ ਤੇ ਹਿੰਦੂ ਸਮਾਜ ਨੇ ਮਰਾਸੀ ਜਾਤ ਨੂੰ ਨੀਵਾਂ ਤੇ ਕਖਾਂ ਤੋਂ ਹੌਲਿਆਂ ਕਰ ਛਡਿਆ ਸੀ। ਪਰ ਸਤਿਗੁਰੂ 'ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਇਆ ਕਰਕੇ 'ਭਾਈ' ਦਾ ਖਤਾਬ ਬਖਸ਼ਿਆ ਤੇ ਗੁਰੂ ਘਰ ਦੇ ਰਬਾਬੀ ਮੁਕਰਰ ਕਰਕੇ 'ਰਾਗ ਦੀ ਸਮਝ' ਦਾ ਦਾਨ ਬਖਸ਼ਿਆ। ਉਸੇ ਸਮਾਜ ਵਿਚ ਸਤਕਾਰ ਕਰਾਇਆ, ਜਿਸ ਸਮਾਜ ਵਿਚ ਓਹਨਾ ਨੂੰ ਕੋਈ ਪੁਛਦਾ ਨਹੀਂ ਸੀ। ਪਰ ਸਤਾ ਤੇ ਬਲਵੰਡ ਨੇਕੀ ਨੂੰ ਭੁਲ ਗਏ ਐਸੇ ਮੂਰਖਾਂ ਬਾਰੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:-

ਕੁਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ॥
ਸੱਪੇ ਦੂਧ ਪਿਆਲੀਐ ਵਿਹੁ ਮੁਖ ਥੀਂ ਸੱਟੈ॥
ਪੱਥਰ ਪਾਣੀ ਰਖੀਐ ਮਨ ਹੱਠ ਨ ਘੱਟੈ॥
ਚੋਆ ਚੰਦਨ ਪਰਹਰੈ ਖਰ ਖੇਹ ਪਲੱਟੈ॥
ਤਿਉਂ ਨਿੰਦਕ ਪਰ ਨਿੰਦਿਅਹੁ ਹਠ ਮੂਲ ਨ ਹੱਟੈ॥
ਆਪਣ ਹਥੀਂ ਆਪਣੀ ਜੜ ਆਪ ਉਪੱਟੈ॥ (ਭਾਈ ਗੁਰਦਾਸ ਜੀ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿੰਦਾ ਸੁਣੀ ਤਾਂ ਸਹਿ ਨਾ ਸਕੇ ਤੇ ਚੁਪ ਨਾ ਰਿਹਾ ਗਿਆ। ਸਾਹਿਬਾਂ ਨੇ ਸੱਤੇ ਬਲ-ਵੰਡ ਨੂੰ ਸਰਾਪ ਦੇ ਦਿਤਾ। ਬਚਨ ਕੀਤਾ, 'ਜਾਓ ਦੁਸ਼ਟੋ, ਤੁਸੀਂ ਫਿਟ ਗਏ ਹੋ, ਸਤਿਗੁਰੂ ਜੀ ਦੀ ਨਿੰਦਾ ਕਰਦੇ ਜੇ ਕੋੜ੍ਹੀਓ ਤੁਸਾਂ ਨੂੰ ਕੋਹੜ ਹੋਵੇ। ਕੋਈ ਤੁਸਾਂ ਨੂੰ ਮੂੰਹ ਨਹੀਂ ਲਾਵੇਗਾ।' ਇਹ ਬਚਨ ਕਰਕੇ ਸਾਹਿਬ ਸਤਿਗੁਰੂ ਜੀ ਵਾਪਸ ਮੁੜ ਆਏ। ਦਰਬਾਰ ਵਿਚ ਸੰਘਾਸਨ ਉਪਰ ਬੈਠਕੇ ਸਤਿਗੁਰੂਜੀ ਨੇ ਸੰਗਤ ਨੂੰ ਸੰਬੋਧਨ ਕਰਕੇ ਬਚਨ ਕੀਤਾ—'ਅਜ ਤੋਂ ਸਿੱਖ ਗੁਰਬਾਣੀ ਦਾ ਕੀਰਤਨ ਕਰਨਗੇ। ਇਕ ਜਮਾਤ ਨੂੰ ਕੋਈ ਹੱਕ ਨਹੀਂ ਸਾਰੇ ਸਿੱਖ ਕੀਰਤਨਕਰ ਸਕਦੇ ਹਨ।ਸੱਤਾ ਤੇ ਬਲਵੰਡ ਗੁਰੂ ਘਰ ਵਿਚ ਨਹੀਂ ਆਉਣਗੇ ਨਾ ਕੋਈ ਸਿੱਖ ਓਹਨਾਂ ਦੀ ਸਫਾਰਸ਼ ਕਰੇ। ਜੇ ਕੋਈ ਖਿਮਾ ਕਰਾਉਣ ਵਾਸਤੇ ਆਵੇਗਾ, ਉਸ ਦਾ ਮੂੰਹ ਕਾਲਾ ਕੀਤਾ ਜਾਵੇਗਾ ਤੇ ਖੋਤੇ ਉਤੇ ਚੜ੍ਹਾ ਕੇ ਸ਼ਹਿਰ ਦੀਆਂ ਪਰਕਰਮਾ ਕਰਾਈਆਂ ਜਾਣਗੀਆਂ। ਓਹਨਾਂ ਕੋਹੜੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨਿੰਦਾ ਕੀਤੀ ਹੈ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਸਾਰੀ ਸੰਗਤ ਚੁਪ ਹੋ ਗਈ।

ਸਤਿਗੁਰੂ ਜੀ ਨੇ ਦੋਂਹ ਸਿਖਾਂ ਨੂੰ ਆਗਿਆ ਕੀਤੀ ਕਿ ਓਹ ਸਾਜਾਂ ਨਾਲ ਕੀਰਤਨ ਕਰਨ। ਇਹ ਅਚੰਬੇ ਤੇ ਕਰਾਮਾਤ ਦੀ ਗਲ ਹੋਈ ਕਿ ਜਦੋਂ ਸਿਖਾਂ ਨੇ ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰਦਿਆਂ ਹੋਇਆਂ ਸਾਜਾਂ ਨੂੰ ਫੜਕੇ ਵਜਾਉਣਾ ਸ਼ੁਰੂ ਕੀਤਾ ਤਾਂ ਉਹਨਾਂ ਨੂੰ ਰਾਗ, ਸੁਰ ਤਾਲ ਅਤੇ ਗੁਰਬਾਣੀ ਦਾ ਪੂਰਾ ਗਿਆਨ ਹੋਗਿਆ। ਉਹ ਗੰਧਰਬਾਂ ਵਾਂਗ ਮਨੋਹਰ ਕੀਰਤਨ ਕਰਨ ਲਗੇ, ਸਤੇ ਤੇ ਬਲਵੰਡ ਦਾ ਘਾਟਾ ਪੂਰਾ ਹੋ ਗਿਆ।

੧੧. ਭਾਈ ਲਧਾ ਜੀ ਪਰਉਪਕਾਰੀ ਨੇ ਸੱਤਾ ਤੇ ਬਲਵੰਡ ਦਾ ਰੋਣਾ ਸੁਨਣਾ

'ਥਰਹਰ ਕੰਬੈ ਨਰਕ ਜਮ ਸੁਣ ਨਿੰਦਕ ਡੰਗੇ
ਨਿੰਦਾ ਭਲੀ ਨ ਕਿਸੇ ਦੀ ਗੁਰ ਨਿੰਦ ਕੁਢੰਗੇ'

ਭਾਈ ਗੁਰਦਾਸ ਜੀ ਦੇ ਬਚਨਾ ਅਨੁਸਾਰ ਨਿੰਦਕ ਨੂੰ ਐਸਾ ਡੰਨ ਮਿਲਦਾ ਹੈ, ਜਿਸਨੂੰ ਸੁਣਕੇ ਨਰਕ ਵੀ ਕੰਬ ਜਾਂਦੇ ਹਨ। ਭਾਵੇਂ ਕਿਸੇ ਦੀ ਵੀ ਨਿੰਦਾ ਕਰਨੀ ਚੰਗੀ ਨਹੀਂ ਪਰ ਸਤਿਗੁਰੂ ਜੀ ਦੀ ਨਿੰਦਾ ਤਾਂ ਇਸ ਧਰਤੀ ਉਤੇ ਹੀ ਨਰਕ ਵਰਗਾ ਡੰਨ ਦਿਵਾਉਂਦੀ ਹੈ। ਸਤਾ ਤੇ ਬਲਵੰਡ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿੰਦਾ ਕੀਤੀ। ਅਤੇ ਕੋਹੜ ਦਾ ਸਰਾਪ ਪ੍ਰਾਪਤ ਕਰ ਲਿਆ ਤੀਸਰੇ ਦਿਨ ਪਿਛੋਂ ਸਰੀਰ ਫੁਟਣੇ ਸ਼ੁਰੂ ਹੋ ਗਏ ਦੋਹਾਂ ਦੇ ਸਰੀਰਾਂ ਵਿਚੋਂ ਬਦਬੋ ਆਉਣ ਲਗ ਪਈ, ਕਿਰਮ ਚਲ ਗਏ, ਰਾਤ ਦਿਨੇ ਰੋਣ ਲਗੇ। ਜਦ ਉਹ ਬਾਹਰ ਨਿਕਲਦੇ ਤਾਂ ਕੋਈ ਸਿਖ ਮਥੇ ਨਾ ਲਗਦਾ, ਸਭ ਪਾਸੇ ਹੋ ਜਾਂਦੇ। ਰਾਤ ਦਿਨੇ ਰੋਣ ਲਗੇ ਜਿਸ ਜ਼ਬਾਨ ਤੋਂ ਸਤਿਗੁਰੂ ਜੀ ਦੀ ਨਿੰਦਾ ਕੀਤੀ ਸੀ ਉਸ ਜ਼ਬਾਨ ਵਿਚ ਕਿਰਮ ਚਲ ਗਏ।

ਸਾਹਿਬਾਂ ਨੇ ਇਨ੍ਹਾਂ ਪ੍ਰਥਾਇ ਹੀ ਸ਼ਬਦ ਉਚਾਰਿਆ ਸੀ—

ਅਰੜਾਵੈ ਬਿਲਲਾਵੈ ਨਿੰਦਕੁ ॥
ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥ ੧ ॥ ਰਹਾਉ ॥
ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥
ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ ॥ (ਆਸਾ ਮ: ੫)

ਤਿਸਦਾ ਪਰਮਾਰਥ ਕਿ ਨਿੰਦਕ ਕੂਕਦਾ ਤੇ ਰੋਂਦਾ ਹੈ। ਕਿਉਂਕਿ ਉਸ ਨੂੰ ਪ੍ਰਮਾਤਮਾ ਭੁਲ ਗਿਆ ਹੁੰਦਾ ਹੈ ਤੇ ਓਹ ਆਪਣੇ ਕੀਤੇ ਕਰਮਾਂ ਦਾ ਫਲ ਭੋਗਦਾਹੈ। ਗੁਰੂ ਨਿੰਦਕ ਦੇ ਸਾਥੀ ਵੀ ਓਹਦੇ ਨਾਲ ਹੀ ਨਰਕਾਂ ਨੂੰ ਜਾਂਦੇ ਹਨ। ਉਹ ਪਾਪੀ ਸਪ ਵਾਂਗ ਪੇਟ ਭਾਰ ਚਲਦਾ ਨੇ ਨਰਕ ਦੀ ਅੱਗ ਵਿਚ ਸੜਦਾ ਹੈ। ਠੀਕ ਏਹੋ ਹਾਲ ਸਤਾ ਤੇ ਬਲਵੰਡ ਦਾ ਹੋਇਆ। ਕੋਈ ਓਹਨਾਂ ਦੇ ਰੋਣੇ ਨੂੰ ਸੁਣਨ ਵਾਲਾ ਨਹੀਂ ਸੀ। ਬਰਕਤਾਂ ਘਰੋਂ ਉਡ ਗਈਆਂ। ਘਰ ਅੰਨ ਨਾ ਰਿਹਾ। ਸਤਿਗੁਰੂ ਜੀਦੇ ਬਚਨ ਦੇ ਕਾਰਨ ਓਹਨਾਂ ਦੇ ਮਿੱਤ੍ਰ ਓਹਨਾਂ ਨੂੰ ਸਹਾਇਤਾ ਦੇਣੋਂ ਵੀ ਕੰਨੀਂਕਤਰਾ-ਉਣ ਲਗੇ। ਇਸਤ੍ਰੀਆਂ ਤੇ ਬਚੇ ਭੁਖੇ ਮਰਨ ਲਗੇ। ਜਿਸ ਵਲ ਜਾਂਦੇ ਓਹੋ ਹੀਘਰ ਦਾ ਬੂਹਾ ਬੰਦ ਕਰ ਲੈਂਦਾ'ਗੁਰੂ ਨਿੰਦਕ ਗੁਰੂ ਨਿੰਦਕ ਜਾਂਦੇ' ਦਾ ਰੌਲਾ ਪੈ ਜਾਂਦਾ। ਨਾ ਓਹ ਜੀਉਂਦਿਆਂ ਵਿਚ ਤੇ ਨਾ ਮੋਇਆਂ ਵਿਚ ਸਨ। ਉਸ ਦਿਨ ਨੂੰ ਚੇਤੇ ਕਰਕੇ ਰੋਂਦੇ। ਭੈਣ ਦਾ ਵਿਆਹ ਵੀ ਰੁਕ ਗਿਆ। ਸਾਕ-ਸਬੰਧੀ ਸਭ ਟੁਟ ਗਏ। ਧਰਤੀ ਉਤੇ ਹੀ ਜੀਉਂਦੇ ਨਰਕ ਭੋਗਣਲਗੇ। ਇਸਤਰਾਂ ਰੋਂਦਿਆਂ ਤੇ ਦੁਖ ਉਠਾਉਂਦਿਆਂ ਹੋਇਆਂ ਨੂੰ ਕਈ ਮਹੀਨੇ ਗੁਜਰ ਗਏ। ਕੋਈ ਸਹਾਇਤਾ ਕਰਨ ਵਾਲਾ ਨਾ ਮਿਲਿਆ।ਇਕ ਦਿਨ ਇਕ ਸਿਖ ਬਜ਼ੁਰਗ ਨੂੰ ਓਹਨਾਂ ਉੱਪਰ ਤਰਸ ਆਯਾ ਉਸਨੇ ਕਿਹਾ, 'ਦੋਵੇਂ ਭਰਾ ਲਾਹੌਰ ਜਾਵੋ। ਓਥੇ ਭਾਈ ਲਧਾ ਪਰਉਪਕਾਰੀ ਹੈ।ਓਹਤੁਸਾਂ ਦੀ ਸਹਾਇਤਾ ਕਰ ਸਕਦਾ ਹੈ। ਓਹ ਸਤਿਗੁਰੂ ਜੀ ਦੇ ਹਜ਼ੂਰ ਤੁਸਾਂ ਬਦਲੇ ਬੇਨਤੀ ਕਰ ਸਕਦਾ ਹੈ। ਹੋਰ ਕੋਈ ਨਹੀਂ।'

ਜਿਵੇਂ ਦਰਿਆ ਵਿਚ ਡੁਬਦਾ ਹੋਇਆ ਪੁਰਸ਼ ਹਰ ਰੁੜ੍ਹੀ ਜਾਂਦੀ ਚੀਜ਼ ਨੂੰ ਹਥ ਪਾਉਂਦਾ ਹੈ ਕਿ ਸ਼ਾਇਦ ਉਸਨੂੰ ਆਸਰਾ ਮਿਲ ਜਾਵੇ,ਤਿਵੇਂ ਸਤਾ ਤੇ ਬਲਵੰਡ ਨੇ ਜਦੋਂ ਬਜ਼ੁਰਗ ਕੋਲੋਂ ਭਾਈ ਲਧੇ ਦਾ ਨਾਮ ਸੁਣਿਆਂ ਤਾਂ ਓਸੇ ਵੇਲੇ ਲਾਹੌਰ ਨੂੰ ਉਠ ਤੁਰੇ। ਓਹਨਾ ਕੋਲੋਂ ਤੁਰਿਆ ਨਹੀਂ ਸੀ ਜਾਂਦਾ, ਪੈਰ ਪੈਰ ਤੇ ਰੁਕਦੇ ਸਨ ਕਿਉਂਕਿ ਪੈਰਾਂ ਨੂੰ ਵੀ ਛਾਲੇ ਪਏ ਹੋਏ ਸਨ। ਜਦੋਂ ਤੁਰਦੇ ਸਨ, ਉਸ ਵੇਲੇ ਪੀੜ ਹੁੰਦੀ ਸੀ। ਜ਼ਬਾਨੋਂ ਬੋਲਿਆ ਨਹੀਂ ਸੀ ਜਾਂਦਾ ਅੰਗ ੨ ਦੇ ਜੋੜ ਵਿਚੋਂ ਪਾਕ ਵਗ ਰਹੀ ਸੀ। ਓਹ ਪੁਜ ਕੇ ਦੁਖੀ ਸਨ। ਕਈਆਂ ਦਿਨਾਂ ਪਿਛੋਂ ਲਾਹੌਰ ਪੁਜੇ। ਲਾਹੌਰ ਵਿਚ ਵੀ ਕੋਈ ਸਿਖ ਓਹਨਾਂ ਦੇ ਮਥੇ ਨਾ ਲਗਾ।

ਪੁਛਦੇ ਪੁਛੌਂਦੇ ਹੋਏ ਦੋਵ ਭਾਰ ਭਾਈ ਲਧਾ ਪਰਉਪਰਕਾਰੀ ਦੇ ਘਰ ਕੋਲ ਚਲੇ ਗਏ, ਭਾਈ ਲਧਾ ਜੀ ਘਰ ਨਹੀਂ ਸਨ ਘਰਦਿਆਂ ਨੇ ਘਰਦੇ ਬੂਹੇ ਬੰਦ ਕਰ ਦਿਤੇ ਉਨ੍ਹਾਂ ਦੀ ਕੋਈ ਗਲ ਨਾ ਸੁਣੀ ਉਹ ਘਰ ਦੇ ਬਾਹਰ ਬੈਠਕੇ ਭਾਈ ਲਧਾ ਜੀ ਦੀ ਉਡੀਕ ਕਰਨ ਲਗੇ। ਸ਼ਾਮ ਨੂੰ ਭਾਈ ਜੀ ਆਏ ਉਨ੍ਹਾਂ ਨੂੰ ਦਰੋਂ ਆਉਂ-ਦਿਆ ਦੇਖਕੇ ਉਨ੍ਹਾਂ ਦੇ ਪੈਰੀਂ ਜਾ ਡਿਗ ਤੇ ਧਾਹੀਂ ਮਾਰ ਮਾਰਕੇ ਰੋਨ ਲਗੇ 'ਭਾਈ ਲਧਾ ਜੀ ! ਪਰਉਪਕਾਰੀ ਜੀ ਅਸਾਂ ਗਰੀਬਾਂ ਉਤੇ ਪਰਉਪਕਾਰ ਕਰੋ। ਸਤਿਗੁਰੂ ਜੀ ਨੇ ਸਰਾਪ ਦੇ ਦਿਤਾ ਸੀ, ਅਸੀਂ ਮੂਰਖ, ਪਾਪੀ ਅਗਿਆਨੀ ਭੁਲ ਗਏ ਦਇਆ ਕਰੋ, ਹੇ ਕ੍ਰਿਪਾਲੂ ਜੀ, ਅਸਾਂ ਨੂੰ ਗੁਰੂ ਚਰਨਾਂ ਵਿਚ ਮੁੜਕੇ ਲੈ ਚਲੋ, ਅਸਾਂ ਪਾਪੀਆਂ ਨੂੰ ਕੋਈ ਮੂੰਹ ਨਹੀਂ ਲਾਉਂਦਾ, ਤੁਸੀਂ ਪਰਉਪਕਾਰ ਕਰੋ।'

ਸਤੇ ਤੇ ਬਲਵੰਡ ਦੇ ਤਨ ਤੇ ਮਨ ਦੀ ਮਾੜੀ ਦਸ਼ਾ ਦੇਖਕੇ ਭਾਈ ਲਧਾ ਜੀ ਸੋਚੀਂ ਪੈ ਗਏ, ਕੁਝ ਪਲ ਸੋਚਕੇ ਕਹਿਣ ਲਗੇ—'ਹਛਾ ! ਇਹ ਕੰਮ ਤਾਂ ਬਹੁਤ ਕਠਨ ਹੈ ਪ੍ਰੀਖਿਆ ਦਾ ਔਖਾ ਪਰਚਾ ਹੈ ਦੇਖੋ ਹਲ ਹੁੰਦਾ ਹੈ ਕਿ ਨਹੀਂ ਤੁਸੀਂ ਰਾਮਦਾਸ ਪੁਰ ਨੂੰ ਚਲੋ ਮੈਂ ਪਿਛੇ ਪਿਛੇ ਆਉਂਦਾ ਹਾਂ, ਸ਼ਹਿਰੋਂ ਬਾਹਰ ਖਲੋਇਓ ਸਤਿਗੁਰੂ ਜੀ ਦਾ ਜੋ ਹੁਕਮ ਹੈ ਉਸਨੂੰ ਵੀ ਪੂਰਿਆਂ ਕਰਨਾ ਹੈ।'

ਸਤੇ ਤੇ ਬਲਵੰਡ ਨੂੰ ਕੁਝ ਹੌਸਲਾ ਹੋਇਆ ਉਹ ਹੋਲੇ ਮਨ ਵਾਪਸ ਮੁੜ ਪਏ ਤੇ ਮੰਜ਼ਲੋ ਮੰਜ਼ਲੀ ਰਾਮਦਾਸ ਪੁਰ ਦੇ ਨੇੜੇ ਪਹੁੰਚਕੇ ਲਾਹੌਰ ਵਾਲੇ ਸ਼ਾਹੀ ਰਾਹ ਉਪਰ ਸ਼ਹਿਰੋਂ ਬਾਹਰ ਹੀ ਬੈਠ ਗਏ, ਭਾਈ ਲਧਾ ਜੀ ਦੀ ਉਡੀਕ ਕਰਨ ਲਗੇ।

ਦੂਸਰੇ ਪਾਸੇ ਭਾਈ ਲਧਾ ਜੀ ਦਾ ਹਾਲ ਸੁਣੀਏ, ਉਨ੍ਹਾਂ ਨੇ ਘਰ ਜਾਕੇ ਸੋਚਿਆ—'ਸਤਿਗੁਰੂ ਜੀ ਦਾ ਹੁਕਮ ਹੈ, ਜੋ ਕੋਈ ਸਤੇ ਤੇ ਬਲਵੰਡ ਨੂੰ ਬਖਸ਼ਾਉਣ ਵਾਸਤੇ ਅਰਜ ਕਰੇਗਾ, ਉਸਦਾ ਮੂੰਹ ਕਾਲਾ ਕਰਕੇ ਖੋਤੇ ਉਤੇ ਚੜ੍ਹਾਕੇ ਸ਼ਹਿਰ ਦੇ ਚੌਗਿਰਦੇ ਫੇਰਿਆ ਜਾਵੇਗਾ। ਤਾਂ ਕੀ ਮੈਨੂੰ ਏਥੋਂ ਹੀ ਖੋਤੇ ਉਤੇ ਨਹੀਂ ਬੈਠ ਜਾਣਾ ਚਾਹੀਦਾ, ਮੂੰਹ ਕਾਲਾ ਕਰਨਾ ਪਵੇ ਲੋਕ ਮੇਹਣੇ ਮਾਰਣ ਗਲ ਜੁਤੀਆਂ ਦਾ ਹਾਰ ਪਵੇ ਕੁਝ ਵੀ ਹੋਵੇ ਸਤੇ ਤੇ ਬਲਵੰਡ ਦਾ ਦੁਖ ਦੂਰ ਕਰਨਾ ਚਾਹੀਦਾ ਹੈ।' ਮਨ ਨਾਲ ਇਹ ਫੈਸਲਾ ਕਰਕੇ ਭਾਈ ਲਧਾ ਜੀ ਪਰਉਪਕਾਰ ਕਰਨ ਵਾਸਤੇ ਤਿਆਰ ਹੋ ਪਏ। ਪ੍ਰਮਾਤਮਾ ਦੀ ਲਿਖਤ ਨੂੰ ਗੁਰੂ ਮੇਟ ਸਕਦਾ ਹੈ ਤੇ ਗੁਰੂ ਦੇ ਦਿਤੇ ਸਰਾਪ ਕੋਲੋਂ

ਕਿਸੇ ਨੂੰ ਗੁਰੂ ਦਾ ਸਚਾ ਸਿਦਕੀ ਸਿਖ ਬਚਾ ਸਕਦਾ ਹੈ ਇਹ ਸਚਾਈ ਪ੍ਰਗਟ ਹੋਣ ਲਗੀ।

ਭਾਈ ਲਧਾ ਜੀ ਨੇ ਇਕ ਖੋਤਾ ਲਿਆ ਉਸਦੇ ਉਪਰ ਚੜ੍ਹ ਬੈਠੇ, ਰਾਮ-ਦਾਸ ਪੁਰ (ਅੰਮ੍ਰਿਤਸਰ) ਦੇ ਨੇੜੇ ਪੁਜਕੇ ਭਾਈ ਲਧਾ ਜੀ ਨੇ ਆਪਣਾ ਮੂੰਹ ਆਪ ਕਾਲਾ ਕਰਲਿਆ ਗਲ ਜੁਤੀਆਂ ਦਾ ਹਾਰ ਪਾਲਿਆ, ਖੋਤੇ ਉਤੇ ਬੈਠਿਆਂ ਨੇ ਸ਼ਹਿਰ ਦੀ ਪਰਕਰਮਾ ਕਰਨੀ ਸ਼ੁਰੂ ਕਰ ਦਿਤੀ। ਛੋਟੇ ਵਡੇ ਮੁੰਡੇ ਕੁੜੀਆਂ ਪਿਛੇ ਲਗਗਏ, ਦੇਖਣ ਵਾਲੇ ਲੋਕਾਂ ਦੀ ਭੀੜ ਹੋ ਗਈ ਸਤੇ ਤੇ ਬਲਵੰਡ ਨੂੰ ਨਾਲ ਲੈਕੇ ਇਕ ਜਲੂਸ ਦੀ ਸ਼ਕਲ ਵਿਚ ਤੁਰ ਪਏ। ਸ਼ਹਿਰ ਦੀ ਪੂਰੀ ਪ੍ਰਕਰਮਾਂ ਕਰਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸਾਹਿਬਾਂ ਦੇ ਡੇਰੇ ਵਲ ਚਲੇ। ਸ਼ਹਿਰ ਵਿਚ ਰੌਲਾ ਮਚ ਗਿਆ ਕਿ ਸਤਿਗੁਰੂ ਦੇ ਫਿਟਕਾਰੇ ਹੋਏ ਸਤੇ ਤੇ ਬਲਵੰਡ ਨੂੰ ਬਖਸ਼ਾਉਣ ਵਾਸਤੇ ਭਾਈ ਲਧਾ ਜੀ ਲਾਹੌਰੀ ਆਏ ਹਨ। ਇਹ ਖਬਰ ਸਤਿਗੁਰੂ ਜੀ ਨੇ ਵੀ ਸੁਣ ਲਈ। ਸਾਹਿਬ ਮੁਸਕਰਾਏ ਖੁਸ਼ੀ ਤੇ ਦਇਆ ਦੇ ਘਰ ਵਿਚ ਆਏ। ਸਾਹਿਬ ਹੈਰਾਨ ਸਨ ਭਾਈ ਲੱਧੇ ਦੀ ਕੁਰਬਾਨੀ ਉਤੇ। ਕਿੰਨਾ ਪਰਉਪਕਾਰ ਹੈ ਕਿਸੇ ਦੀ ਖਾਤਰ ਆਪ ਨਿਰਾਦਰੀ ਦਾ ਸ਼ਿਕਾਰ ਹੋਣਾ।

ਉਸ ਸਮੇਂ ਸਬਬ ਨਾਲ ਸਤਿਗੁਰੂ ਜੀ ਬੜਾ ਸਾਹਿਬ ਕੋਲ ਖਲੋਤੇ ਸਨ। ਭਾਈ ਲਧਾ ਖੋਤੇ ਉਤੇ ਸਵਾਰ ਹੀ ਸਾਹਿਬਾਂ ਦੇ ਹਜ਼ੂਰ ਪਹੁੰਚ ਗਿਆ, ਖੋਤੇ ਤੋਂ ਉਤ-ਰਿਆ, ਸਤਿਗੁਰੂ ਜੀ ਨੇ ਚਰਨਾਂ ਉਪਰ ਡਿਗਕੇ ਬੇਨਤੀ ਕਰਨ ਲਗਾ 'ਸਚੇ ਪਾਤ-ਸ਼ਾਹ! ਬਖਸ਼ ਲਓ। ਭੁਲੇ ਚੁਕੇ ਹਾਂ ਫਿਰ ਵੀ ਤੁਸਾਂ ਦੇ ਹਾਂ, ਸੱਤੇ ਬਲਵੰਡਨੂੰਬਖਸ਼ੋ, ਪਾਪੀ ਬੰਦਿਆਂ ਕੋਲੋਂ ਭੁਲ ਹੋ ਗਈ, ਪਾਪ ਦਾ ਫਲ ਪਾ ਲਿਆ, ਬਖਸ਼ੋ! ਬਖਸ਼ੋ! ਹੇ ਸਚੇ ਸਤਿਗੁਰੋ ਬਖਸ਼ੋ! ਦਾਤਾਰ ਪਾਪੀਆਂ ਨੂੰ ਬਖਸ਼ੋ!

ਭਾਈ ਲਧਾ ਜੀ ਦੀ ਹਾਲਤ ਦੇਖਕੇ ਅਤੇ ਓਹਨਾਂ ਦੇ ਸਿਖੀ ਸਿਦਕ ਦਾ ਖਿਆਲ ਕਰਕੇ ਸਾਹਿਬ ਬਹੁਤ ਖੁਸ਼ ਹੋਏ। ਸਾਹਿਬਾਂ ਨੇ ਬਚਨ ਕੀਤਾ, 'ਭਾਈ ਲੱਧਾ ਜੀ! ਤੂੰ ਸਚ ਮੁਚ ਪਰਉਪਕਾਰੀ ਜੀਊੜਾ ਹੈਂ। ਸਿਖੀ ਦੀ ਪ੍ਰੀਖਿਆ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਸਤਾ ਤੇ ਬਲਵੰਡ ਬਖਸ਼ਣ ਯੋਗ ਨਹੀਂ ਸਨ, ਪਰ ਹਛਾ! ਤੇਰੀ ਸ਼ਰਧਾ ਤੇ ਤੇਰਾ ਤਿਆਗ ਦੇਖ ਕੇ

ਖਿਆਲ ਆ ਗਿਆ ਹੈ ਕਿ ਇਨ੍ਹਾਂ ਨੂੰ ਬਖਸ਼ਿਆਂ ਜਾਵੇ। ਜਿਸ ਜ਼ਬਾਨ ਨਾਲ ਇਨ੍ਹਾਂ ਨੇ ਸਤਿਗੁਰੂ ਸਾਹਿਬਾਂ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਤਕ) ਦੀ ਨਿੰਦਾ ਕੀਤੀ ਸੀ, ਉਸੇ ਜ਼ਬਾਨ ਨਾਲ ਸਤਿਗੁਰਾਂ ਦੀ ਉਸਤਤ ਕਰਨ॥ ਜਿਉ ਜਿਉਂ ਜਸ ਕਰੀ ਜਾਣਗੇ ਤਿਉਂ ਤਿਉਂ ਇਨ੍ਹਾ ਦਾ ਰੋਗ ਹਟਦਾ ਜਾਵੇਗਾ॥ ਸਤਿ-ਗੁਰਾਂ ਦੀ ਮਹਿਮਾ ਦਾ ਗਾਇਨ ਕਰਨ॥ ਅੰਮ੍ਰਿਤ ਰੂਪ ਬਾਣੀ ਦਾ ਪਾਠ ਕਰਨ॥ ਸਰੋਵਰ ਵਿਚੋਂ ਇਸ਼ਨਾਨ ਕਰਕੇ ਕਰਤਾਰ ਅਗੇ ਅਰਦਾਸ ਬੇਨਤੀ ਕਰਨ॥ ਇਸ ਤਰਾਂ ਦੇਹ ਅਰੋਗ ਹੋ ਜਾਵੇਗੀ॥ ਗੁਰੂ ਘਰ ਵਿਚ ਕੀਰਤਨ ਕਰਿਆ ਕਰਨਗੇ, ਪਰ ਪਹਿਲੇ ਵਰਗਾ ਸਤਕਾਰ ਨਹੀਂ ਹੋਵੇਗਾ॥ ਸਤਿਗੁਰੂ ਜੀ ਦੇ ਸਿਖ ਆਪ ਵੀ ਕੀਰਤਨ ਕਰ ਲਿਆ ਕਰਨਗੇ॥ ਕਲਜੁਗ ਦੇ ਪ੍ਰਭਾਵ ਦੇ ਕਾਰਨ ਇਨ੍ਹਾਂ ਕੋਲੋਂ ਰਾਗ ਵਿਦਿਆ ਖਿਸਕ ਕੇ ਪਾਸੇ ਚਲੀ ਜਾਵੇਗੀ॥ ਹੁਣੇ ਇਸ਼ਨਾਨ ਕਰਨ। ਤੁਸੀਂ ਵੀ ਮੂੰਹ ਹਥ ਧੋਵ॥ ਬਹੁਤ ਪਰ ਉਪਕਾਰੀ ਹੋ॥ ਸਚੇ ਸਿਖ ਨੂੰ ਭਲਿਆਈ ਬਦਲੇ ਇਸੇ ਤਰਾਂ ਕੁਰਬਾਨੀ ਕਰਨੀ ਚਾਹੀਦੀ॥ ਸਿਖ ਭਗਤ ਭਲੇ ਵਾਸਤੇ ਹੈ॥

੧੨. ਸਤੇ ਤੇ ਬਲਵੰਡ ਨੇ ਸਤਿਗੁਰਾਂ ਦੀ ਉਸਤਤ ਕਰਨੀ

ਸਤਿਗੁਰੂ ਜੀ ਦੇ ਬਚਨ ਸੁਣਕੇ ਭਾਈ ਲਧਾ, ਸਤਾ ਤੇ ਬਲਵੰਡ ਬੇਅੰਤ ਖੁਸ਼ ਹੋਏ॥ ਸਤਿਗੁਰੂ ਜੀ ਨੂੰ ਨਿਮਸ਼ਕਾਰ ਕਰਕੇ ਦੁਖ ਭੰਜਣ ਬੇਰੀ ਹੇਠਾਂ ਇਸ਼ਨਾਨ ਕਰਨ ਵਾਸਤੇ ਚਲੇ ਗਏ॥ ਉਸੇ ਅਸਥਾਨ ਉਤੇ ਜਿਥੇ ਕਦੀ ਰਜਨੀ ਦੇ ਪਤੀ ਪਿੰਗਲੇ ਇਸ਼ਨਾਨ ਕੀਤਾ ਸੀ॥ ਇਸ਼ਨਾਨ ਕਰਕੇ ਸ਼ਾਮ ਦੇ ਦੀਵਾਨ ਵਿਚ ਹਾਜ਼ਰ ਹੋਏ॥ ਘਰੋਂ ਸਾਜ ਮੰਗਵਾਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਖਲੋਕੇ ਸਤਿ-ਗੁਰਾਂ ਦੀ ਉਸਤਤ ਇਸ ਤਰ੍ਹਾਂ ਕਰਨ ਲਗੇ ਲਗੇਃ—

*ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ॥

---

*ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ-ਸਤੈ ਡੂਮਿ ਆਖੀ।

ਲਹਿਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
ਸਤਿਗੁਰ ਆਤਮਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥
ਸਹਿ ਟਿਕਾ ਦਿਤੋਸੁ ਜੀਵਦੈ ॥ ੧ ॥

ਤਿਸਦਾ ਪਰਮਾਰਥ—ਪ੍ਰਮਾਤਮਾ ਜੋ ਆਪ ਫੈਸਲਾ ਕਰਦਾ ਹੈ, ਓਹੋ ਫੈਸਲਾ ਹੁੰਦਾ ਹੈ। ਜਦੋਂ ਵਾਹਿਗੁਰੂ ਨੇ ਕਹਿ ਦਿਤਾ ਕਿ ਗੁਰ ਗਦੀ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਹਿਣੇ ਜੀ ਨੂੰ ਦੇਣਗੇ ਤਾਂ ਦੇਵੀ ਗੁਣਾਂ ਦਾ ਰਿਸ਼ਤਾ ਸਮਝਕੇ ਭਾਈ ਲਹਿਣੇ ਜੀ ਨੂੰ ਚੰਗਾ ਸਮਝਿਆ ਗਿਆ। ਓਹੋ ਹੀ ਚੰਗਾ ਹੁੰਦਾ ਹੈ ਜਿਸ ਨੂੰ ਦਾਨਮਿਲਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ (ਗੁਰਮਤਿ) ਦਾ ਰਾਜ ਕਾਇਮ ਕੀਤਾ, ਸੱਚ ਦੇ ਕਿਲੇ ਨੂੰ ਬਹੁਤ ਨੀਵੀਂ ਤੇ ਮਜ਼ਬੂਤ ਨੀਂਹ ਰਖ ਕੇ ਉਸਾਰਿਆ ਜੋ ਸਦੀਵੀ ਕਾਲ ਵਾਸਤੇ ਕਾਇਮ ਰਹੇਗਾ। ਉਸ ਗੁਰਮਤਿ ਦੇ ਰਾਜ ਸਿੰਘਾਸਨ ਉਤੇ ਭਾਈ ਲਹਿਣਾ ਜੀ ਨੂੰ ਬੈਠਾਇਆ। ਆਪਣੇ ਅੰਗਾਂ ਨਾਲ ਲਾਕੇ ਅੰਗਦ ਸਾਹਿਬ ਕਰ ਦਿਤਾ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਿਰ ਉਪਰ ਧਰਮ ਦੇ ਰਾਜ ਦਾ ਛਤਰ ਝੁਲਿਆ। ਸਤਿ-ਗੁਰੂ ਜੀ ਨੇ ਅੰਮ੍ਰਿਤ ਰੂਪੀ ਬਾਣੀ ਦਾ ਪ੍ਰਚਾਰ ਕੀਤਾ, ਜੋ ਚੰਗੇ ਭਾਗਾਂ ਵਾਲੇ ਹਨ, ਉਹ ਉਸ ਅੰਮ੍ਰਿਤ ਨੂੰ ਡੀਕਾਂ ਲਾਕੇ ਪੀਂਦੇ ਹਨ ਤੇ ਜਨਮ ਸਫਲਾ ਕਰਦੇ ਹਨ। ਪ੍ਰਮਾਤਮਾ ਦੇ ਗਿਆਨ ਦੀ ਸ਼ਕਤੀ ਰੂਪ ਤਲਵਾਰ ਸਤਿਗੁਰੂ ਜੀ ਦੇ ਹਥ ਦਿਤੀ, ਗੁਰ ਗਦੀ (ਧਰਮ ਰਾਜ ਸਿੰਘਾਸਨ) ਉਪਰ ਬੈਠਾਕੇ ਚੇਲਿਆਂ ਵਾਂਗ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਥਾ ਟੇਕਿਆ। ਜੀਉਂਦੇ ਜੀ ਆਪ ਤਿਲਕ ਲਾ ਦਿਤਾ ਐਸੇ ਪ੍ਰਤਾਪ ਵਾਨ ਸਨ ਗੁਰੂ ਨਾਨਕ ਦੇਵ ਜੀ।

ਇਸਤਰਾਂ ਪਹਿਲੀ ਪਉੜੀ ਰਾਹੀਂ ਜਦ ਸ੍ਰੀ ਗੁਰੂ ਨਾਨਕਦੇਵਜੀਦੀਉਪਮਾ ਕੀਤੀ, ਇਕ ਵੀਰ ਬਾਣੀ ਉਚਾਰੀ ਗਿਆ ਦੂਸਰਾ ਪੜ੍ਹੀ ਗਿਆ ਤਾਂ ਦੋਹਾਂ (ਸਤੇ ਤੇ ਬਲਵੰਡ)ਦੇ ਮਨ ਸ਼ਾਂਤ ਹੋ ਗਏ। ਹਿਰਦੇ ਨੂੰ ਜੋ ਅਗ ਲਗੀ ਸੀ ਉਹ ਮਠੀ ਹੋਗਈ ਤੇ ਜ਼ਖਮਾਂ ਦਾ ਲਹੂ ਖੁਸ਼ਕ ਹੋ ਗਿਆ, ਦੋਵੇਂ ਭਰਾ ਸਤਿਗੁਰਾਂ ਦਾ ਜਸ ਕਰੀਗਏ—

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥ ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗ ਅਲੂਣੀ ਚਟੀਐ ॥ ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥ ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ ਮਲ ਜਨਮ ਜਨਮ ਦੀ ਕਟੀਐ ॥ ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ॥ ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ ॥ ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥ ੨ ॥

ਤਿਸਦਾ ਪ੍ਰਮਾਰਥ–ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਗੁਰ ਗਦੀ (ਧਰਮ ਦੇ ਰਾਜ ਸਿੰਘਾਸਨ) ਉਪਰ ਬੈਠ ਗਏ ਤਾਂ ਉਨ੍ਹਾਂ ਦੇ ਪਾਤਸ਼ਾਹ ਹੋਣ ਦਾ ਐਲਾਨ ਕੀਤਾ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣਾ ਜਾ ਨਸ਼ੀਨ ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ ਜੀ) ਮੁਕਰਰ ਕੀਤੇ ਹਨ। ਸ੍ਰੀ ਗੁਰੂ ਅੰਗਦ ਦੇਵ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਵਿਚ ਕੋਈ ਫਰਕ ਨਾ ਰਿਹਾ। ਤਨ ਦਾ ਫਰਕ ਸੀ, ਰੂਹ ਗਿਆਨ ਤੇ ਕਰਤਾਰ ਦੀਆਂ ਬਖਸ਼ੀਆਂ ਹੋਈਆਂ ਰਿਧਾਂ ਸਿਧਾਂ ਓਹੋ ਸਨ। ਗੁਰਮਤਿ ਦੀ ਹਟੀ ਉਪਰ ਬੈਠਕੇ ਸਤਿਗੁਰੂ ਜੀ ਨਾਮ ਦਾ ਸੌਦਾ ਦੇਣ ਲਗੇ. ਗੁਰੂ ਸਤਿਕਾਰ ਦਾ ਛਤਰ ਉਹਨਾਂ ਦੇ ਸਿਰ ਉਪਰ ਝੁਲਣ ਗਲਾ। ਸ੍ਰੀ ਗੁਰੂ ਅੰਗਦ ਦੇਵ ਜੀ ਓਹੋ ਕੁਝ ਕਰਨ ਲਗੇ ਜੋ ਕੁਝ ਸ੍ਰੀ ਗੁਰੂ ਨਾਨਕ ਦੇਵ ਜੀ ਦਸ ਗਏ ਸਨ। ਭਗਤੀ ਮਾਰਗ ਪਥਰ ਦੀ ਸਿਲ ਵਾਂਗ ਬੇਸੁਆਦਾ ਹੈ। ਇਸ ਉਪਰ ਚਲਣਾ ਕਠਨ ਹੈ। ਦੁਨੀਆਂ ਦੇ ਸਾਰੇ ਰਸਾਂ ਦਾ ਤਿਆਗ ਕਰਨਾ ਪੈਂਦਾ ਹੈ ਗੁਰਮਤਿ ਰਾਜ ਵਿਚ 'ਹਰੀ ਸਿਮਰਨ' ਦਾ ਲੰਗਰ ਵਰਤਨਾ ਸ਼ੁਰੂ ਹੋਇਆ ਜਿਸ ਵਿਚ ਤੋਟ ਨਹੀਂ ਸੀ ਆਉਂਦੀ। ਚਵੀ ਘੰਟੇ ਨਾਮ ਦਾ ਪਰਵਾਹ ਚਲਣ ਲਗਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਤੀ ਦਾ ਭੰਡਾਰਾ ਪ੍ਰਮਾਤਮਾ ਕੋਲੋਂ ਹਾਸਲ ਕੀਤਾ ਤੇ ਵੰਡਦੇ ਰਹੇ ਹੁਣ ਉਸੇ ਭੰਡਾਰੇ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਵਰਤਾਉਣ ਲਗੇ, ਖਰਚਦਿਆਂ ਹੋਇਆਂ ਘਟਦਾ ਨਹੀਂ ਉਸ ਮਾਲਕ ਪ੍ਰਮਾਤਮਾ ਦੀਆਂ ਸਿਫਤਾਂ ਹੁੰਦੀਆਂ ਰਹਿੰਦੀਆਂ ਹਨ।

ਦਰਗਾਹੋਂ ਸ਼ਾਂਤੀ ਤੇ ਸੁਖਾਂ ਦੀ ਰੋਸ਼ਨੀ ਆਉਂਦੀ ਹੈ ਤੇ ਜਗਤ ਨੂੰ ਨੂਰੋ ਨੂਰ ਕਰਰਹੀ ਹੈ ਉਹ ਨੂਰ ਸਭ ਸਤਿਗੁਰੂ ਜੀ ਆਪਦਾ ਹੈ। ਹੇ ਸਤਿਗੁਰੂ ਜੀ ! ਆਪ ਸਚੇ ਰਾਜ ਦੇ ਪ੍ਰਾਤਸ਼ਾਹ ਹੋ ਆਪਦੇ ਦਰਸ਼ਨ ਕੀਤਿਆਂ ਜਨਮ ਜਨਮ ਦੀ ਮੈਲ ਉਤਰ ਜਾਂਦੀ ਹੈ। ਭਾਵ ਕਿ ਸਤਿਗੁਰੂ ਜੀ ਪਾਸੋਂ ਧਰਮ ਕਿਰਤ, ਨਾਮ ਦਾ ਸਿਮਰਨ ਕਰਨਾ, ਵੰਡ ਛਕਣਾ, ਸੇਵਾ ਕਰਨੀ ਆਦਿਕ ਸ਼ੁਭ ਗੁਣ ਸਿਖਕੇ ਕੁਕਰਮਾਂ ਦਾ ਤਿਆਗ ਕੀਤਾ ਜਾਂਦਾ ਹੈ, ਜਿਸ ਕਾਰਨ ਆਤਮਾ ਨਿਰਮਲ ਹੋ ਜਾਂਦੀ ਹੈ। ਜਦ ਗੁਰੂ ਨਾਨਕ ਦੇਵ ਜੀ ਸਚ ਦਾ ਪ੍ਰਚਾਰ ਕਰਨ ਵਾਸਤੇ ਆਖ ਗਏ ਹਨ ਤੇ ਅਸਾਂ ਸਚ ਦਾ ਪ੍ਰਚਾਰ ਕਰਨ ਦਾ ਬਚਨ ਦਿਤਾ ਹੈ ਫਿਰ ਇਸ ਗਲੋਂ ਕਿਉਂ ਹਟੀਏ। ਸੱਚ ਦਾ ਪ੍ਰਕਾਸ਼ ਕੀਤਾ ਜਾਵੇਗਾ। ਸਤਿਗੁਰੂ ਜੀ ਦੇ ਪੁਤਰਾਂ ਨੇ ਬਚਨ ਨਹੀਂ ਸੀ ਮੰਨਿਆਂ ਇਸਕਾਰਨ ਗੁਰ ਗਦੀ ਚੇਲਿਆਂ ਨੂੰ ਦੇਣੀ ਪਈ ਕਿਉਂਕਿ ਦੈਵੀ ਗੁਣਾਂ ਦਾ ਸਤਕਾਰ ਹੁੰਦਾ ਹੈ। ਕਈ ਦਿਲ ਵਿਚ ਪਾਪ ਰਖਕੇ ਅਗਿਆਨ ਦੇ ਭੁਲਾਏ ਹੋਏ ਆਕੀ ਹੋਏ ਫਿਰਦੇ ਹਨ।ਉਨ੍ਹਾਂ ਨੂੰ ਸਤਿਗੁਰੂ ਜੀ ਦੀ ਸ਼ਰਨ ਆਉਣਾ ਚਾਹੀਦਾ ਹੈ। ਇਸ ਦੂਸਰੀ ਪਉੜੀ ਦੇ ਉਚਾਰਨ ਨਾਲ ਸਤੇ ਤੇ ਬਲਵੰਡ ਦੀ ਜ਼ਬਾਨ ਦੇ ਜ਼ਖਮ ਰਾਜੀ ਹੋ ਗਏ। ਅਵਾਜ ਵਿਚ ਸਰਲਤਾ ਤੇ ਰਸੀਲਾਪਨ ਆਗਿਆ, ਹਿਰਦੇ ਦੀ ਪੀੜਾ ਹੋਣੋਂ ਘਟ ਗਈ। ਜੋ ਤਨ ਉਤੇ ਖਾਰਸ਼ ਹੁੰਦੀ ਸੀ ਉਹ ਰੁਕ ਗਈ।ਉਹਨਾਂ ਨੂੰ ਇੰਵ ਪ੍ਰਤੀਤ ਹੋਣ ਲਗਾ ਜਿਵੇਂ ਉਹ ਚੰਗੀ ਤਰਾਂ ਅਰੋਗ ਹੋ ਰਹੇ ਹਨ। ਦੋਵੇਂ ਭਾਈ ਹੋਰ ਉੱਚੀ ਸੁਰ ਨਾਲ ਸਤਿਗੁਰਾਂ ਦੀ ਮਹਿਮਾਂ ਦਾ ਵਰਨਣ ਕਰਨ ਲਗੇ।

ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ ॥
ਧਰਮਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ ॥
ਸਤਿਗੁਰੂ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ ॥
ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥
ਨਾਨਕੁ ਕਾਇਆਪਲਟੁ ਕਰਿਮਲਿਤਖਤਬੈਠਾਸੈਡਾਲੀ ॥
ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ ॥
ਦਰਿ ਦਰਵੇਸੁ ਖਸੰਮਦੈ ਨਾਇ ਸਚੈ ਬਾਣੀ ਲਾਲੀ ॥
ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥
ਗੁਰ ਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥
ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥ ੩ ।

ਤਿਸਦਾ ਪਰਮਾਰਥ—ਜੋ ਕੁਝ ਗੁਰੂ ਅੰਗਦ ਦੇਵ ਜੀ ਦਸਦੇ ਰਹੇ, ਸੋ ਕੁਝ ਸਿਖ ਕਰਦੇ ਤੇ ਮੰਨਦੇ ਰਹੇ। ਜਿਨ੍ਹਾਂ ਹੁਕਮ ਮੰਨਿਆਂ ਓਹ ਤੁਰ ਗਏ। ਧਰਮ ਰਾਜ ਦੀ ਤਰਾਂ ਦੋਹਾਂ ਪਾਸਿਆਂ ਦੀਆ ਗਲਾਂ ਸੁਣਕੇ ਦਲਾਲਾਂ ਦੀ ਤਰਾਂ ਫੈਸਲੈ ਕਰਦੇ ਰਹੇ। ਬਚਨ ਓਹੋ ਚੰਗਾ ਹੈ ਜੋ ਸਤਿਗੁਰੂ ਜੀ ਆਖਣ। ਓਹੋ ਹੀ ਦਰਗਾਹੇ ਪ੍ਰਵਾਨ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਤਖਤ ਉਤੇ ਬੈਠੇ ਤੇ ਗੁਰਮਤਿ ਪ੍ਰਚਾਰ ਹੋਣ ਲਗਾ। ਤਖਤ ਵੀ ਐਸਾ ਜਿਸ ਦੀਆਂ ਸੈਂਕੜੇ ਸ਼ਾਖਾਂ ਹਨ। ਗੁਰੂ ਜੀ ਦੇ ਹਜ਼ੂਰ ਰੋਜ਼ ਸੰਗਤ ਖਲੋਤੀ ਨਿਮਸ਼ਕਾਰ ਕਰਦੀ ਰਹਿੰਦੀ ਤੇ ਮਾਲਕਾ ਦਾ ਨਾਮ ਜਪਦੀ। ਕਈਆਂ ਦੇ ਪਾਪ ਨਸ਼ਟ ਹੁੰਦੇ। ਕਈਆਂ ਦੇ ਹਿਰਦ ਨਿਰਮਲ ਹੁੰਦੇ ਤੇ ਕਈ ਦੁਖਾਂ ਨੂੰ ਦੂਰ ਕਰਦੇ। ਸਤਿਗੁਰੂ ਜੀ ਨੇ ਬਾਣੀ ਦਾ ਉਚਾਰਨ ਕੀਤਾ। ਸਤਿਗੁਰ ਜੀ ਦ ਮਹਿਲ ਵੀ ਬਹੁਤ ਨੇਕ ਤੇ ਚੰਗੇ ਸੁਭਾ ਵਾਲੇ ਸਨ ਓਹ ਪੁਤ੍ਰਾਂ ਤੇ ਦੋਹਤ੍ਰਿਆਂ ਵਾਲੇ ਹੋਏ। ਸਤਿਗੁਰੂ ਜੀ ਦੇ ਹਜ਼ੂਰ ਲੰਗਰ ਵਰਤਦਾ ਸੀ। ਜਿਸ ਲੰਗਰ ਵਿਚ ਰੋਟੀ ਦੇ ਨਾਲ ਅੰਮ੍ਰਿਤ ਵੀ ਮਿਲਦਾ ਸੀ। ਭਾਵ ਨਾਮ ਦਾਨ ਦਾ ਵੀ ਲੰਗਰ ਸੀ ਜੇਹੜੇ ਗੁਰਮੁਖ ਜਨ ਸਨ, ਓਹ ਤਾਂ ਸਤਿਗੁਰੂ ਜੀ ਦੀ ਸ਼ਰਨ ਪੈਕੇ ਲਾਭ ਉਠਾਉਂਦੇ ਰਹੇ ਤੇ ਜੋ ਮਨਮੁਖ ਸਨ ਓਹ ਪਰਾਲੀ ਦੀ ਤਰਾਂ ਗੁਰੂ ਜੀ ਦੀ ਹਜ਼ੂਰੀ ਤੋਂ ਬਹੁਤ ਦੂਰ ਹੀ ਪਏ ਰਹੇ। ਨਰਕਾਂ ਦੀ ਅਗ ਵਿਚ ਸੜਨ ਲਗੇ। ਮਾਤਾ ਖੀਵਾਂ ਦੀ ਦ ਧਰਮੀ ਤੇ ਸਤਿਆਵਦੀ ਪਤੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਗਤ ਦਾ ਸਾਰ ਅਪਣੇ ਮੋਢਿਆਂ ਉਤੇ ਚੁਕ ਲਿਆ। ਭਾਵ ਕਿ ਕਲ ਜੁਗ ਦੇ ਜੀਵਾਂ ਨੂੰ ਭਵਸਾਗਰ ਤੋਂ ਤਾਰਨ ਲਗੇ। ਸਿਖਾਂ ਬਦਲੇ ਪ੍ਰਮਾਤਮਾਂ ਅਗੇ ਅਰਦਾਸਾਂ ਕਰਨ ਲਗੇ। ਐਸੇ ਪ੍ਰਤਾਪ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਸਨ। ਜਿਨ੍ਹਾਂ ਦੀ ਮਹਿਮਾ ਦਾ ਵਰਨਣ ਕਰਨਾ ਅਕਥ ਹੈ ਨਮਸ਼ਕਾਰ ਹੈ ਐਸੇ ਸਤਿਗੁਰਾਂ ਨੂੰ ਇਸ ਤੀਸਰੀ ਪਉੜੀ ਦੇ ਉਚਾਰਨ ਨਾਲ ਸਤੇ ਤੇ ਬਲਵੰਡ ਦੇ ਪੈਰਾਂ ਨੂੰ ਆਰਾਮ ਆ ਗਿਆ। ਪੈਰਾਂ ਦ ਹੇਠਲੇ ਤੇ ਉਪਰ ਦੇ ਸਾਰੇ

ਰੋਗ ਮਿਟ ਗਏ, ਜ਼ਖਮ ਸੁਕਕੇ ਪੈਰ ਤਨ ਦਾ ਭਾਰ ਚੁਕਣ ਯੋਗ ਹੋ ਗਏ। ਇਹ ਦੇਖਕੇ ਤੇ ਅਨੁਭਵ ਕਰਕੇ ਕਿ ਪੈਰ ਰਾਜ਼ੀ ਹੋਗਏ ਹਨਉਹਨਾਂ ਨੂੰ ਬਹੁਤ ਖੁਸ਼ੀ ਹੋਈ।

ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿਕਿਓਨੁ ॥ ਨਾਨਕ
ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ ॥ ਮਾਧਾਣਾ ਪਰਬਤੁ
ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥ ਚਉਦਾ ਰਤਨ ਨਿਕਾਲਿ-
ਅਨੁ ਕਰਿ ਆਵਾਗਉਣੁ ਚਿਲਕਿਓਨੁ ॥ ਕੁਦਰਤਿ ਅਹਿ ਵੇਖਾਲੀਅਨੁ
ਜਿਣਿ ਐਵਡ ਪਿਡ ਠਿਣਕਿਓਨੁ ॥ ਲਹਣੇ ਧਰਿਓਨੁ ਛਤ੍ਰੁ ਸਿਰਿ
ਅਸਮਾਨਿ ਕਿਆੜਾ ਛਿਕਿਓਨੁ ॥ ਜੋਤਿ ਸਮਾਣੀ ਜੋਤਿ ਮਾਹਿ ਆਪੁ
ਆਪੈ ਸੇਤੀ ਮਿਕਿਓਨੁ ॥ ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ
ਜਿ ਕਿਓਨੁ ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥ ੪ ॥

ਤਿਸ ਦਾ ਪਰਮਾਰਥ–ਭਾਈ ਸਤਾ ਜੀ ਆਖਦੇ ਹਨ, ਲੋਕਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਲਟੀ ਗਲ ਕੀਤੀ (ਗੰਗਾ ਉਲਟੀਚਲਾਈ) ਜੋ ਗੁਰੂ ਹੋਕੇ ਚੇਲੇ ਦੀ ਪੈਰੀਂ ਪੈ ਗਿਆ। ਚੇਲੇ ਨੂੰ ਗੁਰੂ ਨਿਮਸ਼ਕਾਰ ਨਹੀਂ ਸਨ ਕਰਦੇ। ਇਹ ਪੁਰਾਤਨ ਰਵਾਜ ਸੀ। ਪਰ ਸਤਿਗੁਰ ਨਾਨਕ ਜੀ, ਜੋ ਜਗਤ ਦੇ ਮਾਲਕ ਸਨ, ਓਹਨਾਂ ਕਿਹਾ ਈਸ਼ਵਰ ਦੀ ਚਾਲ ਐਸੀ ਹੈ। ਮਥਾ ਜੋਤ ਨੂੰ ਟੇਕਿਆ ਹੈ, ਜੋ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਚਲੀ ਗਈ ਹੈ। ਜਿਵੇਂ ਦੇਵਤਿਆਂ ਨੇ ਪਰਬਤ ਦੀ ਮਧਾਣੀ ਤੇ ਬਾਸ਼ਕ ਨਾਗ ਦਾ ਨੇਤਰਾ ਪਾਕੇ ਸਮੁੰਦਰ ਨੂੰ ਰਿੜਕਿਆਸੀ ਤੇ ਚੌਦਾਂ ਰਤਨ ਕਢੇ ਸਨ। ਤਿਵੇਂ ਸਤਿਗੁਰੂ ਜੀ ਨੇ ਬ੍ਰਹਮੰਡ ਦੀ ਖੋਜ ਕਰਕੇ ਸਚ ਤੇ ਸਤਿ ਕਰਤਾਰ ਨੂੰ ਲਭਿਆ ਹੈ। ਸੰਸਾਰ ਨੂੰ ਗਿਆਨ ਦੀ ਰੋਸ਼ਨੀ ਦਿਤੀ। ਸ੍ਰੀ ਗੁਰੂ ਅੰਗਦਦੇਵ ਜੀਨੂੰ ਗੁਰਗੱਦੀ ਬਖਸ਼ਣ ਤੋਂ ਪਹਿਲਾਂ ਪ੍ਰੀਖਿਆ ਕਰਕੇ ਪਰਖ ਲਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਿਰ ਉਪਰ ਛਤ੍ਰ ਅਸਮਾਨ ਦਾ ਹੀ ਚੰਦੋਆ ਤਾਣ ਦਿਤਾ। ਸਭ ਨੂੰ ਪ੍ਰਤਾਕੇ ਦੇਖਿਆ।

ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ ॥
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥
ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥

ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥ ਜਿਤੁ ਸੁ ਹਾਥ ਨ
ਲਭਈ ਤੂੰ ਓਹੁ ਠਰੂਰੁ । ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ
ਵਿਚਿ ਭਰਪੂਰੁ ॥ ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥
ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ ॥ ਫੇਰਿ ਵਸਾਇਆ
ਫੇਰੁ ਆਣਿ ਸਤਿਗੁਰਿ ਖਾਡੂਰ ॥

ਭਾਈ ਫੇਰੂ ਜੀ ਦੇ ਸਪੁਤ੍ਰ ਭਾਈ ਲਹਿਣਾ ਜੀ ਨੇ ਖਡੂਰ ਨਗਰ ਵਿਚ ਰੌਣਕਾਂ ਕੀਤੀਆਂ । ਸਤਿਗੁਰੂ ਜੀ ਨੇ ਆਪਣੇ ਸਿਮਰਨ, ਸੇਵਾ ਤੇ ਚੰਗੇ ਜੀਵਨ ਦੇ ਬਲ ਨਾਲ ਸਾਰਿਆਂ ਦਾ ਹੰਕਾਰ ਤੋੜ ਦਿਤਾ। ਲਾਲਚ ਮਨੁਖਾਂ ਨੂੰ ਨਾਸ਼ ਕਰਦਾ ਹੈ । ਉਸੇ ਤਰ੍ਹਾਂ ਜਿਵੇਂ ਪਾਣੀ ਉਤੇ ਬੂਰ ਆ ਜਾਵੇ ਤਾਂ ਪਾਣੀ ਖਰਾਬ ਹੋ ਜਾਂਦਾ ਹੈ। ਸਤਿਗੁਰੂ ਜੀ ਦੇ ਹਜ਼ੂਰ ਸਦਾ ਕੁਰਦਰਤੀ ਨੂਰ ਵਰਸਦਾ ਰਹਿੰਦਾ ਹੈ ਸਤਿਗੁਰੂ ਜੀ ਐਸੇ ਸ਼ਾਂਤੀ ਸਮੁੰਦਰ ਸਨ ਕਿ ਜਿਸਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਨੌ ਨਿਧੀਆ ਤੇ ਬਾਰਾਂ ਸਿਧੀਆਂ ਸਦਾ ਕੋਲ ਰਹਿੰਦੀਆਂ ਸਨ । ਜੇਹੜਾ ਸਤਿਗੁਰੂ ਜੀ ਦੀ ਨਿੰਦਾ ਕਰਦਾ ਸੀ, ਉਹ ਖਤਮ ਹੋ ਜਾਂਦਾ ਸੀ । ਐਸੇ ਪ੍ਰਤਾਪੀ ਗੁਰੂ ਸਨ । ਸਤਿਗੁਰੂ ਜੀ ਦੀ ਮਹਿਮਾ ਬਹੁਤ ਵਡੀ ਹੈ। ਇਸ ਤਰਾਂ ਉਸਤਤ ਕਰਨ ਨਾਲ ਉਨ੍ਹਾਂ ਦਾ ਰੋਗ ਹੋਰ ਘਟ ਗਿਆ। ਉਹ ਉਸਤਤ ਕਰੀ ਗਏ ।

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥ ਪਿਯੂ ਦਾਦੇ
ਜੇਵਿਹਾ ਪੋਤਾ ਪਰਵਾਣੁ ॥ ਜਿਨਿ ਬਾਸਕੁ ਨੇਤ੍ਰੈ
ਘਤਿਆ ਕਰਿ ਨੇਹੀ ਤਾਣੁ ॥ ਜਿਨੀ ਸਮੁੰਦੁ ਵਿਰੋਲਿਆ
ਕਰਿ ਮੇਰੁ ਮਧਾਣੁ ॥ ਚਉਦਹ ਰਤਨ ਨਿਕਾਲਿਅਨੁ
ਕੀਤੋਨੁ ਚਾਨਾਣੁ ॥ ਘੋੜਾ ਕੀਤੋ ਸਹਜ ਦਾ ਜਤੁ ਕੀਓ
ਪਲਾਣੁ ॥ ਧਣਖੁ ਚੜਾਇਓ ਸਤ ਦਾ ਜਸ ਹੰਦਾ
ਬਾਣੁ ॥ ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈਭਾਣੁ ॥
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥ ਨਿਤ ਰਸੋਈ
ਤੇਰੀਐ ਘਿਉ ਮੈਦਾ ਖਾਣੁ ॥ ਚਾਰੇ ਕੁੰਡਾਂ ਸੁਝੀਓਸੁ ਮਨ
ਮਹਿ ਸਬਦੁ ਪਰਵਾਣੁ ॥ ਆਵਾਗਉਣੁ ਨਿਵਾਰਿਓ

ਕਰਿ ਨਦਰਿ ਨੀਸਾਣੁ ॥ ਅਉਤਰਿਆ ਅਉਤਾਰੁ ਲੈ
ਸੋ ਪੁਰਖੁ ਸੁਜਾਣੁ ॥ ਝਖੜਿ ਵਾਉ ਨ ਡੋਲਈ ਪਰਬਤੁ
ਮੇਰਾਣੁ ॥ ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ ॥
ਕਿਆ ਸਾਲਾਹੀ ਸਚੇ ਪਾਤਿਸਾਹਜਾਂਤੂ ਸੁਘੜ ਸੁਜਾਣੁ ॥
ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥ ਨਾਨਕ
ਹੁੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ॥ ਸੋ ਟਿਕਾ ਸੋ ਬੈਹਣਾ
ਸੋਈ ਦੀਬਾਣੁ ॥ ਪਿਯੂ ਦਾਦੇਜੇਵਿਹਾਪੋਤ੍ਰਾਪਰਵਾਣੁ॥੬॥

ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਤਮਿਕ ਸ਼ਕਤੀ ਵਾਲੇ ਮਹਾਨ ਪਾਤਸ਼ਾਹ ਸਨ ਉਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਹੋਏ। ਉਸੇ ਹੀ ਤਖਤ ਉਪਰ ਬੈਠੇ ਤੇ ਉਸੇ ਤਰਾਂ ਦਰਬਾਰ ਲਾਉਣ ਲਗੇ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਤਰ੍ਹਾਂ ਉਨ੍ਹਾਂ ਦਾ ਪੁਤ੍ਰ (ਸ੍ਰੀ ਗੁਰੂ ਅਮਰਦਾਸ ਜੀ ਜੋ ਨਾਦੀ ਪੁਤ੍ਰ ਸਨ) ਵੀ ਸ਼ਕਤੀ ਵਾਲਾ ਹੋਇਆ। ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀਓਹਨਾਂਦੇਵ-ਤਿਆਂ ਵਾਂਗ ਬਲੀ ਸਨ ਜਿਨ੍ਹਾਂ ਨੇ ਸਮੁੰਦਰ ਨੂੰ ਰਿੜਕ ਕੇ ਚੋਦਾਂ ਰਤਨ ਕਢੇ ਸਨ। ਸਤਿਗੁਰੂ ਜੀ ਨੇ ਨਿਸਕਾਮ ਪ੍ਰੇਮ ਨਾਲ ਸਭ ਨੂੰ ਜਿਤਿਆ ਸਤਿਗੁਰੂ ਜੀ ਦਾ ਜੀਵਨ ਮਿਸ਼ਨ ਹੀ ਸੇਵਾ ਤੇ ਪ੍ਰੇਮ ਸੀ। ਜਤ ਦੀ ਕਾਠੀ ਪਾਈ। ਸਤਿਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪ੍ਰਚਾਰਨ ਵਾਸਤੇ ਹਨੇਰੇ ਤੇ ਅਨਮਤਿ ਦਾ ਸ਼ਿਕਾਰ ਕਰਨਾ ਸ਼ੁਰੂ ਕੀਤਾ। ਕੂੜ ਦੇ ਬਦਲਾਂ ਨੂੰ ਖਿਲਾਰਨ ਵਾਸਤੇ ਸਤ ਦਾ ਧਨੁਖ ਹਥ ਲਿਆ ਤੇ ਜਸ ਦਾ ਤੀਰ ਚੜ੍ਹਾਇਆ ਫਿਰ ਸਮਝੋ ਹਨੇਰੇ ਨੂੰ ਦੂਰ ਕਰਕੇ ਰੋਸ਼ਨੀ ਵਾਲਾ ਗਿਆਨ ਦਾ ਸੂਰਜ ਉਦੇ ਕੀਤਾ। ਚਾਰੇ ਕੁੰਟਾਂ ਵਿਚ ਸਤਿਗੁਰੂ ਜੀ ਫਿਰੇ ਤੇ ਭੁਲੇ ਲੋਕਾਂ ਨੂੰ ਰਾਹੇ ਪਾਇਆ ਜਿਵੇਂ ਹਰਦੁਵਾਰ ਗਏ ਸਨ ਤੇ ਜਮਨਾ ਨੂੰ ਰੋਕ ਕੇ ਯਾਤਰੂਆਂ ਨੂੰ ਪਾਰ ਕੀਤਾ ਸੀ। ਲੋਕਾਂ ਅੰਦਰ ਜੋ ਜਨਮ ਮਰਨ ਦਾ ਭੈ ਸੀ ਉਸਨੂੰ ਦੂਰ ਕੀਤਾ। ਲੋਕਾਂ ਨੂੰ ਪ੍ਰਮਾਤਮਾ ਦੇ ਮੇਲ ਦਾ ਸਹੀ ਢੰਗ ਦਸਿਆ। ਐਸੇ ਮਹਾਂ ਪੁਰਖ ਅਵਤਾਰ ਲੈਕੇ ਉਤਰੇ ਸਨ। ਸਮੇਂ ਦੀ ਹਵਾ ਅਨਮਤੀਏ, ਸ਼ੈਤਾਨ ਅਤੇ ਗੁਰੂ ਦੋਖੀਆਂ ਕੋਲੋਂ ਸਾਹਿਬ ਨਹੀਂ ਡਰੇ, ਆਪ ਸੁਮੇਰ ਪਰਬਤ ਵਾਂਗ ਅਡੋਲ ਰਹੇ। ਸਤਿਗੁਰੂ ਜੀ ਐਸੇ ਸ਼ਕਤੀਵਾਨ ਸਨ, ਜੋ ਦਿਲਾਂ ਦੀਆਂ ਗਲਾਂ

ਜਾਣ ਜਾਂਦੇ ਸਨ। ਸਤਾ ਤੇ ਬਲਵੰਡ ਆਖਦੇ ਹਨ ਹੇ ਦਾਤਾ ਅਸੀਂ ਆਪ ਦੀ ਕੀ ਉਸਤਤ ਕਰੀਏ ਆਪ ਤਾਂ ਖੁਦ ਬਹੁਤ ਵਡੇ ਪ੍ਰਤਾਪੀ ਹੋ ਤੇ ਦਿਲਾਂ ਦੀਆਂ ਜਾਨਣ-ਹਾਰ ਹੋ। ਸਤੇ ਡੂਮ ਨੂੰ ਵੀ ਐਸਾ ਦਾਨ ਬਖਸ਼ ਕਿ ਦੇਹ ਅਰੋਗ ਹੋ ਜਾਵੇ। ਸੰਗਤ ਇਹ ਦੇਖ ਕੇ ਹੈਰਾਨ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਾਲਾ ਛਤ੍ਰ ਸਤਿ-ਗੁਰੂ ਜੀ ਦੇ ਸਿਰ ਉਪਰ ਸੀ। ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਚਾਲੇ ਕੋਈ ਫਰਕ ਨਹੀਂ ਸੀ ਇਕ ਜੋਤ ਸਨ।

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣ ਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨਿ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕ ਤੂ ਲਹਣਾ ਤੂ ਹੈ ਗੁਰੂ ਅਮਰੂ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥ ੭ ॥

ਸ੍ਰੀ ਗੁਰੂ ਰਾਮਦਾਸ ਜੀ ਧੰਨ ਹਨ, ਜਿਨ੍ਹਾਂ ਨੂੰ ਪ੍ਰਮਾਤਮਾ ਨੇ ਬਹੁਤ ਸ਼ਕਤੀਆਂ ਬਖਸ਼ੀਆਂ ਸਤਿਗੁਰੂ ਜੀ ਬਰਕਤਾਂ ਤੇ ਕਰਾਮਾਤਾਂ ਦੇ ਮਾਲਕ ਸਨ। ਸਿਖ ਸੰਗਤ ਆਪ ਨੂੰ ਪ੍ਰਮਾਤਮਾ ਸਮਝਕੇ ਪੂਜਣ ਲਗੀ। ਸਤਿਗੁਰੂ ਜੀ ਦਾ ਬਹੁਤ ਹੀ ਸਤਕਾਰ ਹੋਇਆ। ਹੇ ਸਤਿਗੁਰੂ ਜੀ ਆਪ ਅਮਰ ਹੋ, ਕੋਈ ਹਾਥ ਨਹੀਂ ਆਉਂਦੀ, ਕੋਈ ਕੀਮਤ ਨਹੀਂ ਪਾ ਸਕਦਾ ਆਪ ਦਾ ਪ੍ਰਤਾਪ ਵਡਾ ਹੈ। ਆਪ ਨੇ ਸਾਰੀ ਸੰਗਤ ਵਿਚੋਂ ਪੰਜ ਚੋਰ (ਕਾਮ, ਕ੍ਰੋਧ, ਲੋਭ, ਮੋਹ ਆਦਿਕ) ਖਤਮ ਕਰ ਦਿਤੇ ਹਨ। ਆਪ ਜਿਸ ਅਥਾਨ ਉਪਰ ਬਰਾਜਮਾਨ ਹੁੰਦੇ ਹੋ, ਓਹ ਪਵਿਤ੍ਰ ਹੈ ਤੇ ਆਪ ਦਾ ਪ੍ਰਕਾਸ਼ ਸੱਚ ਦਾ ਹੈ। ਆਪ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਰੂਪ ਹੋ। ਸਤਿਗੁਰੂ ਜੀ ਆਪ ਦੇ ਦਰਸ਼ਨਾ ਨਾਲ ਮਨ ਡੋਲਣੋਂ ਰੁਕ ਗਿਆ ਹੈ।

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ਆਪੀਨੈ ਆਪੁ
ਸਾਜਿਓਨੁ ਆਪੇ ਹੀ ਥੰਮਿ ਖਲੋਆ ॥ ਆਪੇ ਪਟੀ ਕਲਮ ਆਪਿ
ਆਪਿ ਲਿਖਣਹਾਰਾ ਹੋਆ ॥ ਸਭ ਉਮਤਿ ਆਵਣ ਜਾਵਣੀ
ਆਪੇ ਹੀ ਨਵਾ ਨਿਰੋਆ ॥ ਤਖਤਿ ਬੈਠਾ ਅਰਜਨ ਗੁਰੂ ਸਤਿ-
ਗੁਰ ਕਾ ਖਿਵੈ ਚੰਦੋਆ ॥ ਉਗਵਣਹੁ ਤੈ ਆਥਵਣਹੁ ਚਹੁ ਚਕੀ
ਕੀਅਨੁ ਲੋਆ ॥ ਜਿਨ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ
ਮੋਆ ॥ ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ੮ ॥

ਸਤਾ ਤੇ ਬਲਵੰਡ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜਸ ਗਾਉਂਦੇ ਹੋਏ ਆਖਦੇ ਹਨ ਕਿ ਪਿਛਲੇ ਚਾਰੇ ਸਤਿਗੁਰੂ ਜੀ ਚਵਾਂ ਜੁਗਾਂ ਦੇਮਾਲਕਸਨਪੰਜਵੇਂ ਜੁਗ ਦੇ ਆਪ ਮਾਲਕ ਹੋ। ਸਮਝੋ ਆਪ ਪ੍ਰਮਾਤਮਾ ਰੂਪ ਹੋ, ਜਿਨ੍ਹਾਂ ਨੇ ਜਗਤ ਦੀ ਰਚਨਾਂ ਕੀਤੀ ਹੈ। ਆਪ ਹੀ ਹਰ ਮਨੁਖ ਦੇ ਭਾਗਾਂ ਨੂੰ ਲਿਖਣ ਵਾਲੇ ਹੋ ਤੇ ਆਪ ਹੀ ਕਲਮ ਦਵਾਤ ਤੇ ਸ਼ਾਹੀ ਹੋ ਭਾਵ ਸਾਰੀਆਂ ਸ਼ਕਤੀਆਂ ਆਪਦੀਆਂ ਹਨ। ਸਾਰੀ ਸੰਗਤ ਆਉਂਦੀ ਤੇ ਜਾਂਦੀ ਹੈ ਆਪ ਪ੍ਰਕਾਸ਼ਵਾਨ ਤਖਤ ਉਪਰ ਬਿਰਾਜਮਾਨ ਹੋ ਤੇ ਉਪਰ ਚੰਦੋਆ ਚਮਕ ਰਿਹਾ ਹੈ। ਚੜਦੇ ਤੇ ਲਹਿੰਦੇ ਵਿਚ ਆਪਨੇ ਪ੍ਰਕਾਸ਼ ਕੀਤਾ ਹੈ। ਉਹ ਮੂਰਖ ਲੋਕ ਹਨ ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਜਾਣਿਆਂ ਨਹੀਂ ਜਾ ਸਤਿ-ਗੁਰੂ ਜੀ ਦੀ ਸੇਵਾ ਨਹੀਂ ਕੀਤੀ। ਆਪ ਦੀ ਸ਼ਕਤੀ ਕਈ ਗੁਣਾਂ ਵਡੀ ਹੈ। ਆਪ ਜਗਤ ਦੇ ਮਾਲਕ ਤੇ ਕਰਤਾ ਹਰਤਾ ਹੋ! ਮੈਂ ਕੀ ਉਪਮਾ ਕਰਾਂ, ਮੈਂ ਮੂਰਖ ਬੰਦਾ ਹਾਂ। ਹੇ ਦਾਤਾਰ ਸਤਿਗੁਰੂ ਜੀ ਬਖਸ਼ੋ! ਬਖਸ਼ੋ!"

ਜਦ ਦੋਹਾਂ ਭਰਾਵਾਂ (ਸਤੇ ਤੇ ਬਲਵੰਡ) ਨੇ ਵਾਰ ਦਾ ਭੋਗ ਪਾਇਆ ਤਾਂ ਉਨ੍ਹਾਂ ਦੇ ਤਨ ਕੁੰਦਨ ਵਾਂਗ ਅਰੋਗ ਹੋ ਗਏ। ਕੋੜ੍ਹ ਦਾ ਨਾਮ ਨਿਸ਼ਾਨ ਨਾ ਰਿਹਾ। ਉਹਨਾਂ ਦੇ ਸਰੀਰ ਵਿਚੋਂ ਸੁਗੰਧੀ ਦੀ ਵਾਸ਼ਨਾ ਆਉਣ ਲਗੀ। ਇਹ ਨਜ਼ਾਰਾ ਦੇਖਕੇ ਸਾਰੀ ਸਿੱਖ ਸੰਗਤ 'ਧੰਨ ਸਤਿਗੁਰੂ ਜੀ ਧੰਨ ਸਤਿਗੁਰੂ ਜੀ !' ਉਚਾਰਨਲਗ ਪਈ। ਪ੍ਰਗਟ ਕਰਾਮਾਤ ਸੀ, ਸਤਾ ਤੇ ਬਲਵੰਡ ਤਾਂ ਜਿਉਂ ਸਤਿਗੁਰੂ ਜੀ ਦੇ ਚਰਨੀ ਡਿਗੇ ਉਠਣ ਦਾ ਨਾਮ ਨਾ ਲੈਣ। ਉਹਨਾਂ ਨੂੰ ਨਵਾਂ ਜੀਵਨ ਮਿਲਿਆ। ਜਿਵੇਂ

ਮਨੁਖ ਦੇ ਮਰ ਜਾਣ ਉਤੇ ਸਾਰੇ ਓਪਰੇ ਹੋ ਜਾਂਦੇ ਹਨ, ਸਾਥ ਛਡਖ ਲੋਂਦੇ ਹਨ ਤਿਵੇਂ ਸਤਿਗੁਰੂ ਜੀ ਦੇ ਸਰਾਪ ਦੇਣ ਪਿਛੋਂ ਸੱਤੇ ਤੇ ਬਲਵੰਡ ਨਾਲੋਂ ਜਗਤ ਟੁਟ ਗਿਆ ਸੀ ਕਿਉਂਕਿ ਉਹ ਗੁਰੂ ਨਿੰਦਕ ਸਨ ਜਿਸ ਵੇਲੇ ਸਤਿਗੁਰੂ ਜੀ ਦੀ ਉਸਤਤ ਕੀਤੀ ਤਾਂ ਮੁੜ ਸਤਿਕਾਰੇ ਗਏ। ਕਿਸੇ ਜੀਵ ਨੂੰ ਕਦੀ ਵੀ ਪਰਮੇਸ਼ਰ ਤੇ ਗੁਰੂ ਪੀਰ ਦੀ ਨਿੰਦਾ ਨਹੀਂ ਕਰਨੀ ਚਾਹੀਦੀ। ਨਿੰਦਾ ਤਾਂ ਕਿਸੇ ਪੁਰਖ ਦੀ ਵੀ ਨਹੀਂ ਕਰਨੀ ਚਾਹੀਦੀ। ਨਿੰਦਾ ਬਹੁਤ ਮਾੜੀ ਹੈ। ਉਸ ਦਿਨ ਤੋਂ ਸਤਾ ਤੇ ਬਲਵੰਡ ਫਿਰ ਗੁਰੂ ਘਰ ਵਿਚ ਹੀ ਸ਼ਬਦ ਕੀਰਤਨ ਕਰਨ ਲਗੇ ਕਿਉਂਕਿ ਨਾਮ ਬਾਣੀ ਦੀ ਬਰਕਤ ਸੀ ਸੋ ਉਹਨਾਂ ਦੇ ਰੋਗ ਹਟ ਗਏ। ਸਾਹਿਬਾਂ ਦਾ ਬਚਨ ਹੈਃ—

ਨਾਮੁ ਅਉਖਧੁ ਮੋਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥
ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥
(ਮਾਝ ਮਃ ੫)

੧੩, ਪੱਥਰ ਪੂਜਾ ਤੇ ਬ੍ਰਾਹਮਣ

ਇਤਿਹਾਸ ਤੋਂ ਪਹਿਲੇ ਯੁਗ ਵਿਚ ਸ਼ਕਤੀਆਂ ਦੀ ਪੂਜਾ ਸੀ। ਪੱਥਰ ਦੇ ਸਮੇਂ ਵਿਚ ਦੇਵੀ ਦੇਵਤਿਆਂ ਦੇ ਬੁਤ ਬਣਾ ਕੇ ਪੂਜਾ ਸ਼ੁਰੂ ਹੋਈ। ਪ੍ਰਮਾਤਮਾ ਜੋ ਜਗਤ ਦਾ ਕਰਤਾ ਤੇ ਹਰਤਾ ਹੈ ਓਹ ਮਨੁਖ ਨੂੰ ਭੁਲ ਗਿਆ, ਪਥਰ ਦੀ ਪੂਜਾ ਪ੍ਰਧਾਨ ਹੋਗਈ। ਬ੍ਰਾਹਮਣ ਨੇ ਦੇਵਤਾ ਪੂਜਾ ਨੂੰ ਵਧਾਇਆ। 'ਠਾਕਰ' ਦੇਵਤਾ ਆਦਿਕ ਨਾਮ ਦਿਤਾ। ਭਾਰਤ ਦੇ ਮਸ਼ਹੂਰ ਬ੍ਰਹਮਗਿਆਨੀ ਸ੍ਰੀ ਰਾਮਚੰਦ੍ਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦੇ ਵੀ ਬੁਤ ਪੂਜੇ ਜਾਣੇ ਸ਼ੁਰੂ ਹੋਏ। ਜੰਮੂ ਸ਼ਹਿਰ (ਰਿਆਸਤ ਕਸ਼ੀਮਰ) ਵਿਚ ਰਘੁਨਾਥ ਮੰਦਰ ਹੈ। ਉਸ ਮੰਦਰ ਵਿਚ ਤਕਰੀਬਨ ਕਈ ਕਰੋੜ ਦੇਵਤਿਆਂ ਦੇ ਬੁਤਾਂ ਦੇ ਨਮੂਨੇ ਹਨ। ਜਦੋਂ ਇਹ ਬਣਾਏ ਗਏ, ਤਦੋਂ ਉਨੀਂ ਕਰੋੜ ਭਾਰਤ ਦੀ ਮਨੁਖ ਵਸੋਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮੁਹੰਮਦ ਸਾਹਿਬ ਤੇ ਉਸ ਦੀ ਉਮਤਿ (ਮੁਸਲਮਾਨਾਂ) ਨੇ ਪੱਥਰਾਂ ਦੇ ਦੇਵਤਿਆਂ ਵਿਰੁਧ ਜਹਾਦ ਸ਼ੁਰੂ ਕੀਤਾ। ਇਕ ਖੁਦਾ ਦੀ ਹੋਂਦ ਨੂੰ ਪ੍ਰਚਾਰਿਆ ਪਰ ਓਹਨਾ ਦੇ ਪ੍ਰਚਾਰ ਦਾ ਢੰਗ ਮਾੜਾ ਸੀ। ਉਸ ਦੇ ਪਿਛੇ ਜ਼ੁਲਮ ਤੇ ਤਬਾਹੀ ਸੀ। ਉਹ ਬੁਤਾਂ ਨੂੰ ਤੋੜਦੇ ਤੇ ਹਿੰਦੂਆਂ ਨੂੰ ਕਤਲ ਕਰਦੇ ਸਨ। ਪ੍ਰੇਮ ਦੀ

ਥਾਂ ਤਲਵਾਰ ਕੋਲੋਂ ਕੰਮ ਲੈਂਦੇ ਸਨ। ਇਸ ਬੇਅਕਲੀਨਾਲ ਮੁਸਲਮਾਨਾਂ ਨੇ ਕਈ ਚੰਗੀਆਂ ਇਮਾਰਤਾਂ ਢਾਹ ਸੁਟੀਆਂ, ਬੁਤ ਤੋੜ ਸੁਟੇ ਪਰ ਬੁਤ ਪੂਜਾਂ ਦੇ ਮਨ ਬਦ-ਲਨ ਦਾ ਯਤਨ ਨਾ ਕੀਤਾ। ਮਹਾਤਮਾ ਬੁਧ ਬੁਤ ਪੂਜਾ ਦਾ ਵਿਰੋਧੀ ਸੀ,ਪਰ ਹਿੰਦੂ ਸਭਿਅਤਾ ਨੇ ਉਸ ਧਰਮ ਨੂੰ ਵੀ ਆਪਣੇ ਰੰਗ ਵਿਚ ਰੰਗ ਲਿਆ ਤੇ ਅਜ ਬੋਧੀ ਬੁਧ ਦੇ ਬੁਤ ਬਣਾ ਕੇ ਉਸਦੀ ਪੂਜਾ ਕਰਦੇ ਹਨ।

ਬੁਧ ਅਤੇ ਮੁਹੰਮਦ ਸਾਹਿਬ ਦੇ ਪਿਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੁਤ ਪੂਜਾ ਦੇ ਵਿਰੁਧ ਬਗ਼ਾਵਤ ਕੀਤੀ। ਸਾਰੇ ਭਾਰਤ ਦਾ ਦੌਰਾ ਕੀਤਾ। ਇਕ ਇਕ ਮੰਦਰ ਤੇ ਤੀਰਥ ਉਤੇ ਪੁਜ ਕੇ ਮਨੁਖਾਂ ਨੂੰ ਸਮਝਾਇਆ ਕਿ ਜਿਸ ਪਥਰ ਨੂੰ ਰਬ ਸਮਝਦੇ ਹੋ ਇਹ ਰਬ ਨਹੀਂ ਇਹ ਮਨੁਖ ਦੀ ਅਕਲ ਤੇ ਮੇਹਨਤ ਹੈ। ਇਹ ਪੱਥਰ ਦਾ ਬੁਤ ਤਾਂ ਆਪਣੀ ਰਾਖੀ ਆਪ ਵੀ ਨਹੀਂ ਕਰ ਸਕਦਾ। ਚੋਰ,ਹਨੇਰੀ, ਬਿਜਲੀ ਤੇ ਹੋਰ ਸ਼ਕਤੀਆਂ ਜਦੋਂ ਚਾਹੁਣ ਇਸ ਨੂੰ ਨਸ਼ਟ ਕਰ ਸਕਦੀਆਂ ਹਨ। ਭੁਚਾਲ ਨੇ ਕਈਆਂ ਮੰਦਰਾਂ ਨੂੰ ਤਬਾਹ ਵੀ ਕੀਤਾ। ਇਸ ਵਾਸਤੇ ਉਸ ਪ੍ਰਮਾਤਮਾ ਦੀ ਪੂਜਾ ਕਰੋ ਜੋ ਸਤਜ ਹੈ। ਜਿਸ ਉਤੇ ਦੇਸ ਤੇ ਕਾਲ ਦਾ ਅਸਰ ਨਹੀਂ ਹੁੰਦਾ। ਬਾਕੀਸਤਿ-ਗੁਰੂ ਸਾਹਿਬ ਵੀ ਪਥਰ ਪੂਜਾ ਦੇ ਵਿਰੁਧ ਪ੍ਰਚਾਰ ਕਰਦੇ ਰਹੇ।

ਰਾਮਦਾਸ ਪੁਰ (ਜੋ ਅੰਮ੍ਰਿਤਸਰ ਨਾਮ ਨਾਲ ਪ੍ਰਸਿਧ ਹੋ ਚੁਕਾ ਸੀ) ਦੀ ਵਸੋਂ ਵਧਣ ਨਾਲ ਬਹੁਤ ਸਾਰੇ ਬ੍ਰਾਹਮਣਾਂ ਨੇ ਵੀ ਆ ਡੇਰੇ ਲਾਏ। ਉਹ ਪਥਰ ਦੇ ਠਾਕਰ ਅਗੇ ਰਖਕੇ ਪੂਜਾ ਕਰਨ ਵਾਸਤੇ ਬੈਠ ਜਾਂਦੇ ਤੇ ਭੋਲੇ ਭਾਲੇ ਲੋਕਾਂ ਕੋਲੋਂ ਪੂਜਾ ਕਰਕੇ ਦਾਨ ਲੈਂਦੇ। ਉਸ ਦਾਨ ਨਾਲ ਉਨ੍ਹਾਂ ਦੀ ਰੋਜ਼ੀ ਤੁਰ ਜਾਂਦੀ। ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਰਾਹੋਂ ਲੰਘੇ ਜਿਧਰ ਪੰਡਤ ਬੈਠੇ ਹੋਏ ਹੁੰਦੇ ਸੀ। ਸਾਹਿਬਾਂ ਨੂੰ ਦੇਖਕੇ ਅਗਿਆਨੀ ਤੇ ਭੁਲੜ ਇਕ ਬ੍ਰਹਮਣ ਉੱਚੀ ਸਾਰੀ (ਸਤਿਗੁਰੂ ਜੀ ਨੂੰ ਸੁਣਾਕੇ) ਆਪਣੇ ਸੇਵਕਾਂ ਨੂੰ ਕਹਿਣ ਲਗਾ—'ਕਲਜੁਗ ਹੈ, ਦੇਖੋ ਨਾ ਕਲਜੁਗ ਦੇ ਵਿਚ ਖਤ੍ਰੀ ਗੁਰੂ ਬਣ ਬੈਠੇ ਹਨ। ਗੁਰੂ ਬਣਨ ਦਾਹਕ ਸਨਾਤਨੀ ਸਮੇਂ ਤੋਂ ਸਿਰਫ ਬ੍ਰਹਮਾ ਨੇ ਬ੍ਰਾਹਮਣਾਂ ਨੂੰ ਬਖਸ਼ਿਆ ਹੈ ਕਿਉਂਕਿ ਬ੍ਰਾਹਮਣ ਬ੍ਰਹਮਾ ਦੇ ਮੁਖ ਤੋਂ ਉਤਪਨ ਹੋਏ ਹਨ। ਪੂਜਾ ਕਰਨਾ, ਦਾਨ ਦੇਣਾ ਤੇ ਦਾਨ ਲੈਣਾ ਸਿਰਫ ਬ੍ਰਹਮਣ ਦੇ ਪੱਲੇ ਪਿਆ। ਏਥੇ ਕੋਈ ਠਾਕਰਾਂ ਨੂੰ ਨਮਸ਼ਕਾਰ ਨਹੀਂ

ਕਰਦਾ ਨਾ ਬ੍ਰਾਹਮਣ ਦਾ ਸਤਕਾਰ ਹੁੰਦਾ ਹੈ। ਗਿਆਨ ਤੇ ਸ਼ਕਤੀ ਤੋਂ ਬਿਨਾ ਪੂਜਾ ਦਾ ਧਨ ਕਿਸੇ ਨੂੰ ਪਚਦਾ ਨਹੀਂ, ਬਾਕੀ ਦ ਲੋਕਾਂ ਦੀ ਮਤ ਮਾਰ ਲੈਂਦਾ ਹੈ। ਇਹ ਖਤਰੀ ਗੁਰੂ ਅਸਾਂ ਬ੍ਰਾਹਮਣਾਂ ਦੀ ਪਰਵਾਹ ਨਹੀਂ ਕਰਦਾ ਇਕ ਦਿਨ ਭਗਵਾਨ ਦੀ ਕ੍ਰੋਪੀ ਜ਼ਰੂਰ ਇਸ ਸ਼ਹਿਰ ਉਤੇ ਵਾਪਰੇਗੀ। ਬ੍ਰਾਹਮਣ ਦੇ ਹਉਮੈ ਭਰੇ ਸ਼ਬਦ ਸੁਣਕ ਸਤਿਗੁਰੂ ਜੀ ਖਲੋ ਗਏ। ਬ੍ਰਾਹਮਣ ਨੂੰ ਸੰਬੋਧਨ ਕਰਕੇ ਸਾਹਿਬਾਂ ਨੇ ਕਿਹਾ –'ਹੇ ਪੰਡਤ! ਜਨਮ ਤੋਂ ਕੋਈ ਬ੍ਰਾਹਮਣ ਨਹੀਂ ਜੋ ਬ੍ਰਹਮਾ (ਪ੍ਰਮਾਤਮਾ) ਦੇ ਆਤਮਿਕ ਗਿਆਨ ਨੂੰ ਵਿਚਾਰੇ ਤੇ ਉਸ ਉਤੇ ਅਮਲ ਕਰਦਾ ਹੋਇਆ ਓਹਦੀ ਯਾਦ ਵਿਚ ਜੀਵਨ ਬਤੀਤ ਕਰੇ ਧਰਮ ਕਿਰਤ ਕਰੇ, ਕਿਸੇ ਨੂੰ ਧੋਖਾ ਨਾ ਦੇਵੇ, ਮਨੁਖ ਜਾਤੀ ਨਾਲ ਪ੍ਰੇਮ ਕਰੇ, ਸੰਤਾਂ ਮਹਾਤਮਾਂ ਦੀ ਸੇਵਾ ਕਰੇ ਓਹੋ ਹੀ ਬ੍ਰਾਹਮਣ ਹੋ ਸਕਦਾ ਹੈ, ਜਨਮ ਭਾਵੇਂ ਸ਼ੂਦਰ ਦੇ ਘਰ ਕਿਉਂ ਨਾ ਹੋਇਆ ਹੋਵੇ। ਅਸੀਂ ਠਾਕਰ (ਪ੍ਰਮਾਤਮਾਂ) ਦੇ ਪੁਜਾਰੀ ਹਾਂ ਪਰ ਅਸਾਂ ਦਾ ਠਾਕਰ ਪਥਰ ਦਾ ਨਹੀਂ ਉਹ ਸਰਬ ਵਿਆਪੀ ਹੈ, ਓਹ ਘਟ ਘਟ ਵਿਚ ਵਸਦਾ ਹੈ। ਗਿਆਨ ਦੀਆਂ ਅਖਾਂ ਨਾਲ ਦਿਸਦਾ ਹੈ ਪਰ ਤਾਂ ਜੇ ਸਤਿਗੁਰੂ ਜੀ ਦੀ ਮੇਹਰ ਹੋਵੇ। ਅਸਾਂ ਨੂੰ ਪਖੰਡ ਕਰਨਾ ਨਹੀਂ ਆਉਂਦਾ। ਤੂੰ ਪਖੰਡ ਕਰਦਾ ਤੇ ਜਗਤ ਨੂੰ ਲੁਟਦਾ ਹੈ। ਅੰਨ ਦਾਤੇ ਨੂੰ ਭੁਲਕੇ ਪੱਥਰ ਦੇ ਆਸਰ ਅੰਨ ਕਪੜਾ ਪ੍ਰਾਪਤ ਕਰਨ ਦਾ ਯਤਨ ਕਰਦਾ ਹੈਂ। ਤਰੇ ਮਨ ਦੀ ਦਸ਼ਾ ਇਹ ਹੈ:–

> ਘਰ ਮਹਿ ਠਾਕੁਰੁ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ ॥ ੧ ॥
> ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥ ੧॥ ਰਹਾਉ ॥
> ਜਿਸੁ ਪਾਹਣ ਕਉ ਠਾਕੁਰੁ ਕਹਤਾ ॥ ਓਹੁ ਪਾਹਣੁ ਲੈ ਉਸ ਕਉ ਡੂਬਤਾ ॥ ੨ ॥
> ਗੁਨਹਗਾਰ ਲੂਣ ਹਰ ਮੀ ॥ ਪਾਹਣ ਨਾਵ ਨ ਪਾਰ ਗਿਰਾਮੀ ॥ ੩ ।
> ਗੁਰੁ ਮਿਲਿ ਨਾਨਕ ਠਾਕੁਰੁ ਜਾਤਾ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥ (ਸੂਹੀ ਮ: ੫)

ਤਿਸਦਾ ਪਰਮਾਰਥ–ਹੇ ਪੰਡਤ! ਤੇਰੇ ਹਿਰਦੇ ਵਿਚ ਠਾਕਰ ਵਸਦਾ ਹੈ। ਆਤਮਾ ਪ੍ਰਮਾਤਮਾ ਦਾ ਰੂਪ ਹੈ 'ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ।' ਪਰ ਓਹ ਘਰ ਦਾ ਠਾਕਰ (ਪ੍ਰਮਾਤਮਾ) ਤੈਨੂੰ ਓਸੇ ਤਰਾਂ ਨਜ਼ਰ ਨਹੀਂ ਆਉਂਦਾ ਜਿਵੇਂ ਹਰਨ ਦੀ ਧੁੰਨੀ ਵਿਚ ਕਸਤੂਰੀ ਹੁੰਦੀ ਹੈ, ਪਰ ਉਸ ਨੂੰ ਨਹੀਂ ਦਿਸਦੀ। ਓਹ ਸੁਗੰਧੀ ਦਾ ਮਸਤ ਕੀਤਾ ਹੋਇਆ, ਉਸ ਨੂੰ ਬਨ ਵਿਚੋਂ ਟੋਲਦਾ ਹੈ। ਏਸੇ ਤਰਾਂ ਤੂੰ ਗਲ ਵਿਚ ਪਥਰ ਲਟਕਾਕੇ ਤੁਰਿਆ

ਫਿਰਦਾ ਹੈਂ। ਮਾਯਾਵਾਦੀ ਪੰਡਤ ! ਭਰਮ ਵਿਚ ਭੁਲਿਆ ਹੋਇਆ ਮਾਇਆ ਕਾਰਨੇ ਅਨੇਕਾਂ ਪਾਪੜ ਵੇਲਦਾ ਹੈਂ। ਪੱਥਰ ਪੂਜਾ ਤੇਰੀ ਉਸੇ ਤਰ੍ਹਾਂ ਬਿਰਥਾ ਤੇ ਨਿਸਫਲ ਜਾਣੀ ਹੈ। ਜਿਵੇਂ ਪਾਣੀ ਨੂੰ ਰਿੜਕਣ ਵਾਲਾ ਭਾਵੇਂ ਕਿੰਨਾ ਖਪੇ ਉਸ ਨੂੰ ਪਾਣੀ ਵਿਚੋਂ ਕਦੀ ਮਖਣ ਪ੍ਰਾਪਤ ਨਹੀਂ ਹੋ ਸਕਦਾ। ਏਸੇ ਤਰਾਂ ਤੈਨੂੰ ਮਖਣ ਰੂਪ ਮੁਕਤੀ ਨਹੀਂ ਮਿਲਣੀ ਸਗੋਂ ਲੋਕਾਂ ਨੂੰ ਕੁਰਾਹੇ ਪਾਕੇ ਹੋਰ ਪਾਪਾਂ ਦਾ ਭਾਗੀ ਬਣਦਾ ਹੈਂ। ਅਸੀਂ ਸਚ ਆਖਦੇ ਹਾਂ ਜੋ ਪਥਰ ਦੀ ਪੂਜਾ ਕਰਦਾ ਹੈ, ਓਹੋ ਪਥਰ ਉਸ ਨੂੰ ਭਵ ਸਾਗਰ ਵਿਚ ਡੋਬ ਦੇਂਦਾ ਹੈ। ਓ ਅਕ੍ਰਿਤਘਣ ਬ੍ਰਾਹਮਣ ! ਜਿਸ ਪ੍ਰਮਾਤਮਾ ਨੇ ਤੈਨੂੰ ਪੈਦਾ ਕੀਤਾ, ਮਾਂ ਦੇ ਗਰਭ ਵਿਚ ਰੋਜ਼ੀ ਦਿਤੀ ਤੇ ਭਿਆਨਕ ਅੱਗ ਤੋਂ ਬਚਾ-ਇਆ, ਉਸ ਪ੍ਰਮਾਤਮਾਨੂੰ ਭੁਲਕੇ ਤੂੰ ਲੂਣ ਹਰਾਮੀ ਕਿਉਂ ਬਣਦਾਹੈਂ?ਕਦੀ ਸੋਚਿਆ ਹੈ ਕਿ ਪੱਥਰ ਤੈਨੂੰ ਕਿਵੇਂ ਭਵਸਾਗਰ ਤੋਂ ਪਾਰ ਕਰ ਦੇਵੇਗਾ ? ਅਸਾਂ ਨੂੰ ਤਾਂ ਸਤਿਗੁਰੂ ਤੋਂ ਪਤਾ ਲਗ ਗਿਆ ਹੈ ਕਿ ਠਾਕਰ ਤਾਂ ਧਰਤੀ, ਪਾਣੀ ਅਗ ਤੇ ਅਕਾਸ਼ ਵਿਚ ਵਸਦਾ ਹੈ। ਓਹ ਠਾਕਰ ਪੂਰਨ ਸ਼ਕਤੀਆਂ ਵਾਲਾ ਹੈ। ਉਸਦੀ ਪੂਜਾ ਕਰ, ਐਵੇਂ ਭਰਮ, ਈਰਖਾ ਤੇ ਲਾਲਚ ਦੀ ਅਗਨ ਨਾਲ ਆਤਮਾਂ ਨੂੰ ਕਲੰਕਤਨਾ ਕਰ।'

ਸਤਿਗੁਰੂ ਜੀ ਦੇ ਐਸੇ ਬਚਨ ਸੁਣਕੇ ਜੋ ਲੋਕ ਪੰਡਤਾਂ ਦੇ ਕੋਲ ਖਲੋਤੇ ਸਨ, ਓਹ ਤਾਂ ਪਥਰ ਮੂਰਤੀ ਦੀ ਅਸਲੀਅਤ ਨੂੰ ਸਮਝ ਗਏ। ਬ੍ਰਾਹਮਣ ਬਹੁਤ ਸ਼ਰਮਿੰਦੇ ਹੋਏ, ਪਰ ਛੇਤੀ ਹਾਰ ਮੰਨਣ ਵਾਲੇ ਨਹੀਂ ਹੁੰਦੇ। ਕਹਿਣ ਲਗੇ-'ਦੇਖੋ ਜੀ ! ਪ੍ਰਾਚੀਨ ਸਮੇਂ ਤੋਂ ਉਚ ਵਿਦਿਆ ਸੰਸਕ੍ਰਿਤੀ ਜ਼ਬਾਨ ਵਿਚ ਹੈ। ਆਪ ਪੇਂਡੂ ਬੋਲੀ ਵਿਚ ਗਿਆਨ ਦਾ ਉਚਾਰਨ ਕਰ ਰਹੇ ਹੋ। ਦੈਵੀ ਗਿਆਨ ਸੰਸਕ੍ਰਿਤ ਵਿਚ ਹੋਣਾ ਚਾਹੀਏ।'

ਸਤਿਗੁਰੂ ਜੀ ਨੇ ਬਚਨ ਕੀਤਾ-'ਇਹ ਠੀਕ ਹੈ। ਵੇਦ ਉਪਨਿਸ਼ਦ, ਬ੍ਰਾਹ ਮਣ ਤੇ ਹੋਰ ਗ੍ਰੰਥ ਸੰਸਕ੍ਰਿਤ ਵਿਚ ਲਿਖੇ ਗਏ ਕਿਉਂਕਿ ਉਸ ਸਮੇਂ ਸੰਸਕ੍ਰਿਤ ਦੀ ਪ੍ਰਧਾਨਤਾ ਸੀ। ਓਹ ਵੀ ਬ੍ਰਾਹਮਣ ਦੀ ਬੇਈਮਾਨੀ ਦਾ ਫਲ ਸੀ ਕਿ ਲੋਕ ਗਿਆਨ ਨੂੰ ਸਮਝਕੇ ਸਿਆਣੇ ਨਾ ਹੋ ਜਾਣ। ਸਤਿਗੁਰੂ ਨਾਨਕ ਦੇਵ ਜੀ ਦਾ ਮਨੋਰਥ ਸੀ ਕਿ ਆਤਮਿਕ ਗਿਆਨ ਐਸੀ ਸਰਲ ਤੇ ਸੌਖੀ ਬੋਲੀ ਵਿਚ ਹੋਣਾ ਚਾਹੀਦਾ ਹੈ, ਜਿਸ ਨੂੰ ਆਮ ਲੋਕ ਸਮਝ ਸਕਣ। ਤਦੇ ਤਾਂ ਸਾਰੀ ਬਾਣੀ ਦੇਸ਼ ਦੀ ਪੰਜਾਬੀ ਬੋਲੀ ਵਿਚ

ਉਚਾਰਨ ਕੀਤੀ ਜਾ ਰਹੀ ਹੈ। ਏਹੋ ਬਾਨੀ ਇਕ ਵਡਾ ਗ੍ਰੰਥ ਬਣੇਗੀ। ਜਿਸ ਨੂੰ ਪੜ੍ਹਕੇ ਤੇ ਸੁਣਕੇ ਕਲਜੁਗ ਦੇ ਲੋਕ ਆਤਮਿਕ ਗਿਆਨ ਦੀ ਪ੍ਰਾਪਤੀ ਕਰਨਗੇ।

ਬ੍ਰਾਹਮਣ ਹਾਰ ਗਏ। ਉਨ੍ਹਾਂ ਨੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਮਥਾ ਟੇਕ ਦਿਤਾ, ਪੱਥਰ ਪੂਜਾ ਛੱਡ ਕੇ ਸਚੇ ਕਰਤਾਰ ਦੇ ਨਾਮ ਦਾ ਸਿਮਰਨ ਕਰਨ ਲਗੇ। ਮੰਗ ਕੇ ਤੇ ਪੂਜਾ ਦਾ ਦਾਨ ਲੈਕੇ ਖਾਣ ਦੀ ਥਾਂ ਧਰਮ ਦੀ ਕਿਰਤ ਕਰਕੇ ਪੇਟ ਪੂਜਾ ਕਰਨ ਲਗੇ। ਰਾਤ ਦਿਨੇ 'ਧੰਨ ਸਤਿਗੁਰੂ ਜੀ, ਦਾ ਉਚਾਰਨ ਕਰਦੇ। ਅੰਤ ਸਮੇਂ ਬ੍ਰਹਮ ਲੋਕ ਨੂੰ ਗਏ।

੧੪. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨੀ

ਸੰਸਾਰ ਦੇ ਜਿੰਨੇ ਵੀ ਮੁਖ ਧਰਮ (ਮਜ਼ਹਬ) ਹਨ, ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਹਨ। ਉਨ੍ਹਾਂ ਪਸਤਕਾਂ ਦੀ ਪੂਜਾ ਹੁੰਦੀ ਹੈ ਈਸਾਈ ਮਤ ਦੀ ਪੁਸਤਕ ਅੰਜੀਲ (ਨਵੀਂ ਤੇ ਪੁਰਾਣੀ) ਹੈ, ਮੁਸਲਮਾਨਾਂ ਦਾ ਕੁਰਾਨ ਸ਼ਰੀਫ, ਹਿੰਦੂ ਧਰਮ ਦੇ ਚਾਰ ਵੇਦ ਅਤੇ ਬੁਧ ਧਰਮ ਦੀਆਂ 'ਪੁਟਾਰੀਆਂ' ਨਾਮ ਪੁਸਤਕ ਹਨ। ਕੁਰਾਨ ਸ਼ਰੀਫ ਦੀ ਰਚਨਾ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਹੋਈ ਅਤੇ ਆਖਿਆ ਜਾਂਦਾ ਹੈ ਕਿ ਜੋ ਕੁਝ ਕੁਰਾਨ ਸ਼ਰੀਫ ਵਿਚ ਲਿਖਿਆ ਹੋਇਆ ਹੈ, ਉਹ ਸਭ ਖੁਦਾ ਵਲੋਂ ਆਏ ਹੋਏ ਹੁਕਮਨਾਮੇ ਹਨ ਜੋ ਸਮੇਂ ਸਿਰ ਖੁਦਾ ਹਜ਼ਰਤ ਮੁਹੰਮਦ ਸਾਹਿਬ ਨੂੰ ਭੇਜਦਾ (ਸੁਣਾਉਂਦਾ) ਰਿਹਾ। ਬਾਕੀ ਦੇ ਸਾਰੇ ਪੁਸਤਕ ਧਰਮਾਂ ਦੇ ਬਾਨੀਆਂ (ਮੋਢੀਆਂ) ਦੇ ਬਹੁਤ ਚਿਰ ਪਿਛੋਂ ਉਨ੍ਹਾਂ ਦੇ ਚੇਲਿਆਂ ਵਲੋਂ ਲਿਖੇ ਗਏ ਹਨ। ਅੰਜੀਲ ਮਸੀਹ ਦੇ ਚਾਰ ਸੌ ਸਾਲ ਪਿਛੋਂ ਹੋਂਦ ਵਿਚ ਆਈ, ਫਿਰ ਵੀ ਧਰਮ ਓਹੋ ਹੀ ਪ੍ਰਚਲਤ ਹੋ ਸਕਦਾ ਸੀ ਜਿਸਦੇ ਕੋਲ ਆਪਣੇ ਗਿਆਨ ਦੀ ਪੁਸਤਕ (ਗ੍ਰੰਥ) ਹੋਵੇ। ਪੁਸਤਕ ਜਾਂ ਗ੍ਰੰਥ ਦਾ ਭਾਵ ਇਹ ਕਿ ਉਸ ਧਰਮ ਦਾ ਮਿਸ਼ਨ (ਨਿਸ਼ਾਨਾ) ਇਕ ਗ੍ਰੰਥ ਵਿਚ ਲਿਖਿਆ ਹੁੰਦਾ, ਜਿਸ ਨੂੰ ਪੜ੍ਹਕੇ ਤੇ ਸਣਕੇ ਮਨੁਖ ਉਸ ਧਰਮ ਨੂੰ ਅਪਨਾਉਂਦਾ ਤੇ ਆਤਮਿਕ ਮੰਡਲ ਦਾ ਰਾਹ ਲਭਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰੀ ਧਰਮ ਜਗਤ ਵਿਚ ਪ੍ਰਗਟ ਕੀਤਾ, ਐਸਾ ਧਰਮ ਜੋ ਮਨੁਖ ਨੂੰ ਸਹਿਜ ਪ੍ਰੀਤ, ਚੰਗੇਰਾ ਜੀਵਨ, ਸਰਬ ਸਾਂਝ ਅਤੇ ਆਤ-

ਮਿਕ ਗਿਆਨ ਸੁਖਾਲੇ ਢੰਗ ਨਾਲ ਦੇਂਦਾ ਹੈ। ਆਪਣੇ ਧਰਮ ਦੇ ਅਸੂਲਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਰਾਹੀਂ ਪ੍ਰਚਾਰਿਆ ਬਾਣੀ ਸਾਰੀ 'ਕਵਿਤਾ-ਰਾਗ' ਦੇ ਅਨੁਸਾਰ ਸ਼ਬਦਾਂ ਵਿਚ ਹੈ। ਸਤਿਗੁਰੂ ਸਾਹਿਬਾਂ ਦੇ ਜਾ ਨਸ਼ੀਨ ਸਤਿਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਨੇ ਵੀ ਬਾਣੀ ਉਚਾਰੀ। ਸਤਿਗੁਰਾਂ ਦੀ ਉਚਾਰੀ ਹੋਈ ਬਾਣੀ ਸਿੱਖਾਂ ਦੇ ਜਬਾਨੀ ਕੰਠ ਸੀ, ਜਾਂ ਕਿਸੇ ਕਿਸੇ ਪ੍ਰੇਮੀ ਸਿੱਖ ਨੇ ਲਿਖਕੇ ਰਖੀ ਹੋਈ ਸੀ। ਪਰ ਗੁਰੂ ਘਰ ਵਿਚ ਕੋਈ ਐਸਾ ਸੰਗ੍ਰਹਿ ਨਹੀਂ ਸੀ ਜਿਸਤੋਂ ਹਰ ਸਮੇਂ ਪਾਠ ਕੀਤਾ ਜਾਵੇ, ਭਾਈ ਗੁਰਦਾਸ ਜੀ ਦੀ ਵਿਦ-ਵਤਾ, ਬਾਬਾ ਬੁਢਾ ਜੀ ਦੀ ਸਿਆਣਪ ਅਤੇ ਉਨ੍ਹਾਂ ਦੀ ਬਜ਼ੁਰਗੀ ਤੇ ਉਨ੍ਹਾਂ ਦੇ ਜੀਵਨ ਤਜਰਬੇ ਨੇ ਸਤਿਗੁਰੂ ਜੀ ਨੂੰ ਸਲਾਹ ਦਿਤੀ ਕੁਝ ਸਾਹਿਬਾਂ ਦਾ ਆਪ ਵੀ ਵਿਚਾਰ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਸਾਰੀ ਬਾਣੀ ਇਕ ਗ੍ਰੰਥ ਵਿਚ ਲਿਖਕੇ ਰਖੀ ਜਾਵੇ ਲਿਖੀ ਵੀ ਗੁਰਮੁਖੀ ਲਿਪੀ ਵਿਚ ਜਾਵੇ ਅਤੇ ਭਾਈ ਗੁਰਦਾਸ ਜੀ ਲਿਖਣ ਦੀ ਸੇਵਾ ਕਰਨਾਨਾਲ ਹੀ ਇਕ ਹੋਰ ਘਟਣਾ ਵਾਪਰੀ ਉਹ ਇਹ ਕਿ ਪ੍ਰਿਥੀਚੰਦ ਝੂਠੀ ਬਾਣੀ (ਕਵਿਤਾ) ਰਚਕੇ ਇਹ ਪ੍ਰਚਾਰ ਕਰਨ ਲਗ ਪਿਆ ਸੀ.ਕਿ ਇਹ ਬਾਣੀ ਵੀ ਸਤਿਗੁਰੂ ਜੀ ਦੀ ਹੈ। ਭੁਲੇਖਾ ਪੈਣ ਦਾ ਖਤਰਾ ਸੀ। ਜਦ ਇਹ ਫੈਸਲਾ ਹੋ ਗਿਆ ਕਿ ਸਤਿਗੁਰੂਸਾਹਿਬਾਂਦੀ ਬਾਣੀ ਇਕਤ੍ਰ ਕਰਕੇ ਇਕ ਗ੍ਰੰਥ ਲਿਖਿਆ ਜਾਵੇ ਤਾਂ ਦੂਸਰਾ ਮਹਾਨਕਾਰਜ ਬਾਣੀਦੇਇਕੱਤ੍ਰ ਕਰਨ ਦਾ ਸੀ, ਬਾਣੀ ਇਕੱਤ੍ਰ ਕਰਨੀ ਬੜੀ ਔਖੀ ਸੀ ਕਿਉਂਕਿ ਕਿਸੇ ਇਕ ਥਾਂ ਲਿਖੀ ਹੋਈ ਨਹੀਂ ਸੀ ਮਿਲਦੀ। ਸਤਿਗੁਰੂ ਜੀ ਨੇ ਸਾਰੇ ਸਿਖਾਂ ਮਸੰਦਾਂ ਤੇ ਹੋਰ ਪ੍ਰੇਮੀਆਂ ਨੂੰ ਹੁਕਮਨਾਮੇ ਭੇਜੇ ਕਿ ਜਿਸ ਵੀ ਸਿੱਖ ਕੋਲ ਸਤਿਗੁਰੂ ਜੀ ਦੀ ਬਾਣੀ ਦੀ ਲਿਖਤ ਹੋਵੇ ਉਹ ਸੀ ਅੰਮ੍ਰਿਤਸਰ ਭੇਜ ਦੇਵੇ ਅਤੇ ਜਿਸ ਨੂੰ ਕੋਈ ਸ਼ਬਦ ਕੰਠ ਹੋਵੇ ਉਹ ਲਿਖਵਾ ਜਾਵੇ, ਇਸੇਤਰ੍ਹਾਂ ਭਾਰਤ ਦੇ ਹੋਰ ਭਗਤਾਂ ਤੇ ਸੰਤਾਂ ਦੀ ਬਾਣੀ ਨੂੰ ਇਕੱਤ੍ਰ ਕੀਤਾ ਗਿਆ। ਭਾਈ ਪੈੜੇ ਨੂੰ ਪ੍ਰਾਣ ਸੰਗਲੀ ਲਿਆਉਣ ਵਾਸਤੇ ਲੰਕਾ ਭੇਜਿਆ ਗਿਆ। ਉਹ ਪ੍ਰਾਣਸੰਗਲੀ ਲੈ ਵੀ ਆਏ ਪਰ ਉਹ ਕਿਤੇ ਗਵਾਚ ਗਈ। ਪ੍ਰਾਣ ਸੰਗਲੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰੀ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇ ਕੁਝ ਬਾਣੀ ਇਕੱਤ੍ਰ ਕੀਤੀ

ਗਈ ਸੀ ਉਹ ਪੋਥੀਆਂ ਵਿਚ ਤੇ ਪੋਥੀਆਂ ਸਤਿਗੁਰੂ ਸਾਹਿਬਾਂ ਦੇ ਸਾਹਿਬਜ਼ਾਦੇ ਮੋਹਨ ਜੀ ਪਾਸ ਸਨ। ਬਾਬਾ ਮੋਹਨ ਜੀ ਗੋਇੰਦਵਾਲ ਰਹਿੰਦੇ ਸਨ। ਉਹ ਸਾਧੂ ਸੁਭਾ ਸਦਾ ਸਮਾਧੀ ਲਾਕੇ ਬੈਠੇ ਰਹਿੰਦੇ ਅਤੇ ਸਤਿਗੁਰੂ ਜੀ ਦੀ ਬਾਣੀ ਦੀਆਂ ਪੋਥੀਆਂ ਕਿਸੇ ਨੂੰ ਨਹੀਂ ਸਨ ਦੇਂਦੇ। ਉਹਨਾਂ ਪੋਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਮਰ ਯਾਦ ਸਮਝਦੇ ਸਨ। ਉਹਨਾਂ ਪੋਥੀਆਂ ਨੂੰ ਪੂਜਦੇ ਤੇ ਸਤਿਕਾਰਦੇ ਸਨ। ਬਾਣੀ ਨੂੰ ਪੜ੍ਹਦੇ ਹੋਏ ਪ੍ਰੇਮ ਵਿਚ ਦੀਵਾਨੇ ਹੋ ਜਾਇਆ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਗੋਇੰਦਵਾਲ ਭੇਜਿਆ ਕਿ ਉਹ ਬਾਬਾ ਮੋਹਨ ਜੀ ਪਾਸੋਂ ਪੋਥੀਆਂ ਲਿਆਉਣ। ਭਾਈ ਗੁਰਦਾਸ ਜੀ ਨੂੰ ਭਰੋਸਾ ਸੀ ਕਿ ਬਾਬਾ ਮੋਹਨ ਜੀ ਉਨ੍ਹਾਂ ਦਾ ਬਚਨ ਮੰਨ ਜਾਣਗੇ ਤੇ ਉਨ੍ਹਾਂ ਨੂੰ ਪੋਥੀਆਂ ਮਿਲ ਜਾਣਗੀਆ ਪਰ ਜਦੋਂ ਗੋਇੰਦਵਾਲ ਪੁਜੇ ਤਾਂ ਬਾਬਾ ਮੋਹਨ ਜੀ ਨੇ ਪੋਥੀਆਂ ਦੇਣ ਤੋਂ ਨਾਂਹ ਕਰ ਦਿਤੀ। ਸਗੋਂ ਕ੍ਰੋਧ ਨਾਲ ਆਖਿਆ—'ਗੁਰਿਆਈ ਨਾਲ ਸਾਰੀ ਸ਼ਕਤੀ ਲੈ ਗਏ ਹੁਣ ਸਤਿਗੁਰੂ ਸਾਹਿਬਾਂ ਦੀ ਅਸਾਂ ਕੋਲੋਂ ਯਾਦ ਵੀ ਖੋਹ ਲੈਣਾ ਚਾਹੁੰਦੇ ਹਨ ?'' ਇਹ ਸੁਣਕੇ ਭਾਈ ਗੁਰਦਾਸ ਜੀ ਵਾਪਸ ਆ ਗਏ।

ਭਾਈ ਗੁਰਦਾਸ ਜੀ ਦੇ ਪਿਛੋਂ ਬਾਬਾ ਬੁਢਾ ਜੀ ਗੋਇੰਦਵਾਲ ਪੁਜੇ। ਉਨ੍ਹਾਂ ਵੀ ਬਹੁਤ ਯਤਨ ਕੀਤਾ ਕਿ ਬਾਬਾ ਜੀ ਪੋਥੀਆਂ ਬਖਸ਼ ਦੇਣ ਪਰ ਬਾਬਾ ਜੀ ਨਾਲ ਬਾਬਾ ਮੋਹਨ ਜੀ ਨੇ ਜਬਾਨ ਹੀ ਸਾਂਝੀ ਨਾ ਕੀਤੀ। ਬਾਬਾ ਜੀ ਨਿਰਾਸ ਵਾਪਸ ਮੁੜ ਆਏ ਤੇ ਸਤਿਗੁਰੂ ਜੀ ਨੂੰ ਕਹਿਣ ਲਗੇ "ਸਚੇ ਪਾਤਸ਼ਾਹ ਪੋਥੀਆਂ ਮਿਲਣੀਆਂ ਅਸੰਭਵ ਹਨ।" ਅਸੀਂ ਆਪ ਗੋਇੰਦਵਾਲ ਚਲਦੇ ਹਾਂ। ਬਾਬਾ ਮੋਹਨ ਜੀ ਸਤਕਾਰ ਯੋਗ ਬਜ਼ੁਰਗ ਹਨ ਉਨ੍ਹਾਂ ਦੇ ਬਚਨਾਂ ਦਾ ਗੁਸਾ ਨਹੀਂ ਕਰਨਾ, ਸਤਿਗੁਰੂ ਨੇ ਬਚਨ ਕੀਤਾ ਉਹ ਜਰੂਰ ਅਸਾਂ ਨੂੰ ਪੋਥੀਆਂ ਬਖਸ਼ ਦੇਣਗੇ।'

ਅਗਲੇ ਦਿਨ ਸਾਹਿਬਾਂ ਨੇ ਤਿਆਰੀ ਕੀਤੀ, ਨਾਲ ਕੁਝ ਮੁਖੀ ਸਿਖ ਲਏ ਤੇ ਗੋਇੰਦਵਾਲ ਸਾਹਿਬ ਨੂੰ ਚਲ ਪਏ। ਸ਼ਾਮ ਨੂੰ ਗੋਇੰਦਵਾਲ ਸਾਹਿਬ ਜਾ ਪੁਜੇ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਦੀ ਬਣੀ ਹੋਈ ਧਰਮਸਾਲਾ ਵਿਚ ਜਾ ਡੇਰਾ ਕੀਤਾ। ਸ਼ਹਿਰ ਵਾਸੀਆਂ ਨੂੰ ਜਦ ਪਤਾ ਲਗਾ ਕਿ ਸਤਿਗੁਰੂ ਜੀ ਆਏ ਹਨ ਤਾਂ ਉਹ ਹੁਮ ਹੁਮਾਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ

ਵਾਸਤੇ ਆ ਗਏ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲਹੋਏ। ਸਤਿਗੁਰੂ ਜੀਦੇ ਗੋਇੰਦਵਾਲ ਪੁਜਣ ਤੇ ਗੋਇੰਦਵਾਲ ਵਿਚ ਬਹੁਤ ਵਡਾ ਪ੍ਰੀਵਰਤਨ ਲਿਆ ਦਿਤਾ, ਸਾਰੇ ਨਰ ਨਾਰੀ ਖੁਸ਼ੀ ਖੁਸ਼ੀ ਫਿਰਨ ਲਗੇ ਸਭ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਪਰ ਬਾਬਾ ਮੋਹਨ ਜੀ ਨਾ ਆਏ। ਉਹ ਆਪਣੇ ਚੁਬਾਰੇ ਵਿਚ ਹੀ ਸਮਾਧੀ ਲਾਕੇ ਬੈਠੇ ਰਹੇ। ਸਵੇਰ ਹੋਈ ਸਤਿਗੁਰੂ ਜੀ ਬਾਬਾ ਮੋਹਨ ਜੀ ਦੇ ਚੁਬਾਰੇ ਹੇਠਾਂ ਪਹੁੰਚੇ। ਪਉੜੀਆਂ ਦਾ ਬੂਹਾ ਬੰਦ ਸੀ ਸਾਹਿਬਾਂ ਨੇ ਆਵਾਜ਼ ਦਿਤੀ,ਪਰ ਅਗੋਂ ਉਤਰ ਕੋਈ ਨਾ ਮਿਲਿਆ। ਸਾਹਿਬਾਂ ਨੇ ਗਉੜੀ ਰਾਗ ਵਿਚ ਇਕ ਸ਼ਬਦ ਉਚਾਰਨ ਕੀਤਾ, ਜਿਸਦੇ ਵਿਚ 'ਮੋਹਨ' ਸ਼ਬਦ ਦੇ ਦੋ ਅਰਥ ਭਾਵ ਹਨ। 'ਮੋਹਨ' ਬਾਬਾ ਮੋਹਨ ਜੀ ਵੀ ਤੇ 'ਮੋਹਨ' ਪ੍ਰਮਾਤਮਾ ਦਾ ਵੀ ਸੰਬੋਧਨ ਹੈ। ਉਸ ਸ਼ਬਦ ਨੂੰ ਸਾਹਿਬ ਰਸੀਲੀ ਸੁਰ ਵਿਚ ਇਉਂ ਗਾਇਨ ਕਰਨ ਲਗੇ।

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥
ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥ ੧ ॥
(ਗਉੜੀ ਮ: ੫)

ਤਿਸਦਾ ਪ੍ਰਮਾਰਥ—ਹੇ ਮੋਹਨ ਜੀ ! ਤੁਸੀਂ ਜਿਸ ਚੁਬਾਰੇ ਵਿਚ ਰਹਿੰਦੇ ਹੋ ਇਹ ਬਹੁਤ ਹੀ ਸੁੰਦਰ ਮਹਿਲ ਹੈ। ਤੇਰੇ ਮੰਦਰਾਂ ਦੇ ਸਾਹਮਣੇ ਧਰਮਸਾਲਾ ਵਿਚ ਹਰ ਘੜੀ ਕੀਰਤਨ ਕਰਦੇ ਰਹਿੰਦੇ ਹਨ। ਹੇ ਠਾਕੁਰ ਜੀ ਤੇਰੀ ਧਰਮਸਾਲਾ ਵਿਚ ਹਰ ਘੜੀ ਕੀਰਤਨ ਹੁੰਦਾ ਰਹਿੰਦਾ ਹੈ। ਤੇਰੀ ਮਹਿਮਾ ਕਹੀ ਨਹੀਂ ਜਾਂਦੀ, ਉਨ੍ਹਾਂ ਧਰਮਸਾਲਾਂ ਵਿਚ ਸੰਗਤ ਇਕੱਤ੍ਰ ਹੋਕੇ ਤੇਰਾ (ਪ੍ਰਮਾਤਮ) ਜਸ ਕਰਦੀ ਹੈ।ਹੇਮਾਲਕ! (ਮੋਹਨ ਤੇ ਪ੍ਰਮਾਤਮਾ) ਦਇਆ ਕਰੋ, ਮੇਹਰ ਕਰੋ ! ਆਪ ਦਇਆ ਦੇ ਸਾਗਰ ਹੋ ਅਸੀਂ ਤਾਂ ਦਰਸ਼ਨ ਦੇ ਪਿਆਸੇ ਹਾਂ। ਦਰਸ਼ਨ ਹੋਣ ਤੇ ਹਿਰਦੇ ਸ਼ਾਂਤ ਹੋ ਜਾਣਗੇ।

ਇਉਂ ਪਹਿਲੀ ਕੀਤੀ ਬੇਨਤੀ ਨੂੰ ਸੁਣਕੇ ਬਾਬਾ ਮੋਹਨ ਜੀ ਆਸਣ ਤੋਂ ਉਠੇ। ਉਨ੍ਹਾਂ ਸੋਚਿਆ ਸਤਿਗੁਰੂ ਜੀ ਹੁਣ ਆਪ ਆਏ ਹਨ। ਬੂਹਾ ਖੋਹਲਕੇ ਦੇਖਿਆ ਸਾਹਿਬਾਂ ਦੇ ਚੇਹਰੇ ਦੇ ਨੂਰ ਨੇ ਬਾਬਾ ਮੋਹਨ ਜੀ ਦੇ

ਨੈਣਾ ਨੂੰ ਖਿਚ ਲਿਆ। ਨੈਣ ਦੇਖਣੋਂ ਨਾ ਹਟੇ। ਪਰ ਜ਼ਬਾਨ ਨਾ ਹਿਲੀ। ਓਹ ਸਤਿਗੁਰੂ ਜੀ ਵਲ ਦੇਖਦੇ ਰਹੇ। ਸਾਹਿਬਾਂ ਨੇ ਮੁੜ ਸ਼ਬਦ ਪੜ੍ਹਨਾ ਸ਼ੁਰੂ ਕਰਦਿਤਾਃ—

ਮੋਹਨ ਤੇਰੇ ਬਚਨ ਅਨੂਪ ਚਾਲ ਨਿਹਾਲੀ ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥
ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥ (ਗਉੜੀ ਮਃ ੫)

ਹੇ ਮੋਹਨ ਤੁਸਾਂ ਦੀਆਂ ਗਲਾ ਬਹੁਤ ਪਿਆਰੀਆਂ ਤੇ ਮਿਠੀਆਂ ਹਨ। ਚਾਲ ਸੰਤਾਂ ਵਾਲੀ ਹੋਰ ਪੁਰਸ਼ਾਂ ਨਾਲੋਂ ਵਖਰੀ ਹੈ। ਅਸੀਂ ਤਾਂ ਸਮਝਦੇ ਹਾਂ ਇਕ ਤੁਸੀਂ ਹੀ ਜਗਤ ਦੇ ਕਰਤਾ ਹਰਤਾ ਹੋ। ਸਾਰੇ ਜਗਤ ਦੀ ਖੇਡ ਨੂੰ ਤੁਸੀਂ ਹੀ ਚਲਾ ਰਹੇ ਹੋ। ਸਤਿਗੁਰੂ ਜੀ ਦੇ ਉਪਦੇਸ਼ ਕਾਰਨ ਆਪ ਨਾਲ ਪ੍ਰੀਤ ਹੋ ਗਈ ਹੈ। ਇਹ ਵਾਸਤੇ ਅਸਾਂ ਦੀ ਪੈਜ (ਇਜ਼ਤ) ਰਖੋ। ਆਪ ਦੇ ਦਰ ਉਤੇ ਚਲ ਕੇ ਆ ਗਏ ਹਾਂ ਅਸਾਂ ਦੇ ਮਨੋਰਥ ਪੂਰੇ ਕਰੋ।

ਇਸ ਸ਼ਬਦ ਨੂੰ ਸੁਣਕੇ ਬਾਬਾ ਮੋਹਨ ਜੀ ਦਾ ਹਿਰਦਾ ਨਰਮ ਹੋ ਗਿਆ। ਓਹਨਾਂ ਦੇ ਹਿਰਦੇ ਵਿਚ ਲਹਿਰ ਉਠੀ ਕਿ ਓਹ ਹੇਠਾਂ ਉਤਰ ਕੇ ਓਹਨਾ ਨੂੰ ਜਾ ਮਿਲਣ ਜਿਨ੍ਹਾਂ ਨੂੰ ਦੂਰੋਂ ਖਲੋਤੇ ਦੇਖ ਰਹੇ ਹਨ। ਪ੍ਰਾਹੁਣੇ ਬਣ ਕੇ ਆਏ ਹਨ। ਪ੍ਰਾਹੁਣੇ ਦਾ ਸਤਕਾਰ ਕਰਨਾ ਜ਼ਰੂਰੀ ਹੈ। ਇਸ ਨੇਕ ਵਲਵਲੇ ਦੇ ਖਿਚੇ ਹੋਏ ਬਾਬਾ ਮੋਹਨ ਜੀ ਹੌਲੀ ਹੌਲੀ ਪਉੜੀਆਂ ਉੱਤਰ ਗਏ ਤੇ ਸਤਿਗੁਰੂ ਜੀ ਦੇ ਕੋਲ ਪਹੁੰਚ ਗਏ। ਸਾਹਿਬਾਂ ਨੇ ਬਹੁਤ ਸਤਕਾਰ ਕੀਤਾ।

ਮੋਹਨ ਤੁਧੁ ਸਤ ਸੰਗਤਿ ਧਿਆਵੈ ਦਰਸ ਧਿਆਨਾ ॥
ਮੋਹਨ ਜਮ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥
ਜਮ ਕਾਲ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵ ਹੇ ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁ ਗਿਆਨਾ ॥

ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥ ੩ ॥

ਹੇ ਮੋਹਨ (ਪ੍ਰਮਾਤਮਾ) ਤੈਨੂੰ ਸਾਰੀ ਸੰਗਤ ਧਿਆਉਂਦੀ ਹੈ ਮੂਰਖਾਂ ਨੂੰ ਤੇਰੇ ਦਰਸ਼ਨ ਕਰਨ ਤੇ ਗਿਆਨ ਹੋ ਜਾਂਦਾ ਹੈ ਤੇਰਾ ਰਾਜ ਅਟਲ ਹੈ ਕਿਸੇ ਗਲ ਦਾਕੋਈ ਘਾਟਾ ਨਹੀਂ । ਹੇ ਭਗਵਾਨ ਤੇਰੇ ਦਰ ਉਤੇ ਆਏ ਹਾਂ ਆਪਣੀ ਭਗਤੀ ਦਾ ਖੈਰ ਪਾ ਦੇ । ਬਾਬਾ ਮੋਹਨ ਜੀ ਇਸਤਰਾਂ ਦੀਆਂ ਬੇਨਤੀਆਂ ਸੁਣਕੇ ਰਹਿ ਨਾ ਸਕੇ । ਸਤਿ-ਗੁਰੂ ਜੀ ਨੂੰ ਆਪਣੇ ਚੁਬਾਰੇ ਵਿਚ ਲੈ ਗਏ ਤੇ ਬਚਨ ਬਿਲਾਸ ਕਰਨ ਲਗੇ । ਬਾਬਾ ਜੀ ਦੇ ਚੁਬਾਰੇ ਵਿਚ ਪਹੁੰਚਕੇ ਸਤਿਗੁਰੂ ਜੀ ਨੇ ਛੰਦ ਪੂਰਾ ਕੀਤਾ:—

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥
ਜਿਨੀ ਤੁਧ ਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥

(ਗਉੜੀ ਮ: ੫)

ਸਤਿਗੁਰੂ ਜੀ ਦੀ ਜ਼ਬਾਨੋਂ ਪ੍ਰਮਾਤਮਾ ਦਾ ਜਸ ਤੇ ਆਪਣਾ ਨਾਮ ਸੁਣਕੇ ਬਾਬਾ ਮੋਹਨ ਜੀ ਬਹੁਤ ਪ੍ਰਸੰਨ ਹੋ ਗਏ, ਹੋਰ ਬਚਨ ਬਿਲਾਸ ਕਰਨ ਪਿਛੋਂ ਸਤਿਗੁਰੂ ਜੀ ਨੇ ਪੋਥੀਆਂ ਦੀ ਮੰਗ ਕੀਤੀ । ਬਾਬਾ ਜੀ ਨਾਂਹ ਨਾ ਕਰ ਸਕੇ । ਸੁੰਦਰ ਰੁਮਾਲ ਵਿਚ ਬੰਨ੍ਹਕੇ ਰਖੀਆਂ ਹੋਈਆਂ ਪੋਥੀਆਂ ਸਤਿਗੁਰੂ ਜੀ ਦੇ ਹਵਾਲੇ ਕਰ ਦਿਤੀਆਂ । ਪੋਥੀਆਂ ਨੂੰ ਮਥਾ ਟੇਕਿਆ ਅਤੇ ਸਤਿਗੁਰੂ ਜੀ ਨੂੰ ਵਿਦਾ ਕੀਤਾ।ਅਗਲੇਦਿਨ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਪਹੁੰਚਗਏ । ਪੋਥੀਆਂ ਗਈਆਂ ਉਹ ਸਿਖ ਵੀ ਪਹੁੰਚ ਪਏ ਜਿਨ੍ਹਾਂ ਕੋਲ ਜਾਂ ਤਾਂ ਗੁਰਬਾਣੀ ਦੀਆਂ ਲਿਖਤਾਂ ਸਨ ਜਾਂ ਉਨ੍ਹਾਂ ਨੇ ਗੁਰਬਾਣੀ ਕੰਠ ਕੀਤੀ ਹੋਈ ਸੀ, ਉਚੇਚਾ ਵਧੀਆ ਕਾਗਜ਼ ਹਾਸਲ ਕੀਤਾ ਗਿਆ ਸ੍ਰੀ ਦਰਬਾਰ ਸਾਹਿਬ ਦੇ ਚੜ੍ਹਦੇ ਤੇ ਦਖਨੀ ਪਾਸੇ ਵਲ ਇਕ ਸੁੰਦਰ ਅਸਥਾਨ ਵਿਚ ਤੰਬੂ ਲਾ ਦਿਤਾ । ਜਿਥੇ ਹੁਣ 'ਰਾਮਸਰ' ਸਰੋਵਰ ਹੈ । ਏਥੇ ਬਹੁਤ ਸਾਰੇ ਦਰਖਤ ਸਨ ਉਨ੍ਹਾਂ ਦਰਖਤਾਂ ਦੀ ਛਾਂ ਹੇਠਾਂ ਹਰਿਆ ਘਾਹ ਸੀ, ਸਤਿਗੁਰੂ ਜੀ ਆਪ ਬੈਠ

ਗਏ ਤੇ ਸਾਰੇ ਗੁਰੂ ਸਾਹਿਬਾਂ ਦੀ ਬਾਣੀ ਤਰਤੀਬ ਵਾਰ ਲਿਖਵਾਉਣ ਲਗੇ, ਆਪਣੀ ਬਾਣੀ ਬਾਕੀ ਦ ਗੁਰੂਆਂ ਦੀ ਬਾਣੀ ਦੇ ਪਿਛੋਂ ਲਿਖਵਾਈ ਬਹੁਤ ਸਾਰੀ ਬਾਣੀ ਉਸ ਵੇਲੇ ਉਚਾਰਨ ਕੀਤੀ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਵਾਸਤੇ ਸਤਿਗੁਰੂ ਜੀਨੇ ਬਿਲ-ਕੁਲ ਇਕਾਂਤ ਵਾਸ ਕਰਨ ਦੀ ਇਛਾ ਪ੍ਰਗਟ ਕੀਤਾ। ਬਾਬਾ ਬੁਢਾ ਜੀ ਨੂੰ ਸ੍ਰੀ ਹਰਿ-ਮੰਦਰ ਸਾਹਿਬ ਦਾ ਗ੍ਰੰਥੀ ਥਾਪਕੇ ਆਪ ਸਾਹਿਬ ਰਾਮਸਰ ਆ ਰਹੇ। ਸਰੋਵਰ ਦੀ ਪੁਟਾਈ ਵੀ ਸ਼ੁਰੂ ਹੋਈ ਤ ਤੰਬੂ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਤਿਆਰ ਹੋਣ ਲਗਾ। ਭਾਈ ਗੁਰਦਾਸ ਜੀ ਲਿਖਾਰੀ ਬਣੇ। ਸਾਹਿਬਾਂ ਨ ਬਹੁਤ ਘਟ ਸਮਾਂ ਹੋਰ ਕੰਮਾਂ ਵਾਸਤੇ ਰਖਿਆ। ਸਤਿਗੁਰੂ ਜੀ ਨੇ ਇਹ ਵੀ ਫੈਸਲਾ ਕੀਤਾ ਕਿ ਸਿਖ ਗੁਰੂ ਸਾਹਿਬਾਨ ਤੋਂ ਬਿਨਾਂ ਭਾਰਤ ਦੇ ਭਗਤਾਂ ਹਿੰਦੂ ਤੇ ਮੁਸਲਮਾਨਾਂ ਦੀ ਬਾਣੀਵੀ ਲਿਖੀ ਜਾਵੇ ਜੋ ਇਕ ਪ੍ਰਮਾਤਮਾਂ ਦੀ ਹੋਂਦ ਦਸੇ, ਪ੍ਰਮਤਮਾ ਦੀ ਉਸਤਤ ਕਰੇ ਤੇ ਮਨੁਖ ਨੂੰ ਪਖਪਾਤ ਤੋਂ ਬਿਨਾਂ ਪ੍ਰੇਮ, ਸਰਬ ਸਾਂਝ ਤੇ ਚੰਗੇਰਾ ਜੀਵਨ ਜੀਉਣ ਦੀ ਜਾਚ ਦਸਦੀ ਹੋਵੇ. ਇਹ ਫੈਸਲਾ ਹੋਇਆ ਕਿ ਐਸਾ ਸ਼ਬਦ ਕੋਈ ਨਹੀਂ ਲਿਖਣਾ ਜੋ ਹੰਕਾਰ ਨੂੰ ਪ੍ਰਗਟ ਕਰਦਾ ਹੋਵੇ ਜਾਂ ਜਗਤ ਦੇ ਕਿਸੇ ਪ੍ਰਾਣੀ ਦੇ ਦਿਲ ਨੂੰ ਸਟ ਮਾਰੇ। ਭਗਤਾਂ ਦੀ ਬਾਣੀ ਦੀਆਂ ਸਾਰੀਆਂ ਲਿਖਤਾਂ ਮੰਗਵਾ ਲਈਆਂ ਕਈ ਭਗਤ ਆ ਮਿਲੇ ਤੇ ਕਈਆਂ ਭਗਤਾਂ ਦੇ ਚੇਲੇ ਆ ਪੁਜੇ। ਉਨ੍ਹਾਂ ਨੇ ਸ਼ਬਦ ਲਿਖਵਾਏ। ਭਟਾਂਦੀ ਉਚਾਰੀ ਹੋਈ ਬਾਣੀ ਵੀ ਲਿਖੀ ਗਈ। ਲਗਾਤਾਰ ਸੇਵਾ ਕਰਨ ਪਿਛੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨ ਹੋਇਆ। ਮੁੰਦਾਵਣੀ ਦਾ ਸ਼ਬਦ ਉਚਾਰਕੇਸਾਹਿਬਾਂ ਨੇ ਅੰਤਮ ਮੋਹਰ ਲਾ ਦਿਤੀ। ਮੁੰਦਾਵਣੀ ਦਾ ਭਾਵ ਹੈ ਬੰਦ ਕਰਨਾ। ਇਹ ਸ਼ਬਦ ਉਚਾਰਿਆ:

ਥਾਲ ਵਿਚਿ ਤਿਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸਦਾ ਹੋਇ ਉਧਾਰੋ ॥
ਇਹ ਵਸਤੁ ਤਜੀ ਨਹ ਜਾਈਨਿਤ ਨਿਤਰਖੁਉਰਿਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥

(ਮੁੰਦਾਵਣੀ ਮ: ੫)

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾ ਜੀਵਾਂ ਤਨੁ ਮਨੁ ਥੀਵੈ ਹਰਿਆ ॥ ੧ ॥

(ਸਲੋਕ ਮ: ੫)

੧੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

ਸਾਰੇ ਸਤਿਗੁਰਾਂ ਤੇ ਭਗਤਾਂ ਦੀ ਬਾਣੀ ਲਿਖਕੇ ਜਦੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਹੋ ਗਿਆ ਤਾਂ ਉਸ ਦੀ ਜਿਲਦ ਬੰਨਣੀ ਜ਼ਰੂਰੀ ਸੀ। ਉਸ ਸਮੇਂ ਜਿਲਦਾਂ ਦਾ ਕੰਮ ਸਿਰਫ ਲਾਹੌਰ ਸ਼ਹਿਰ ਵਿਚ ਹੁੰਦਾ ਸੀ। ਸਤਿਗੁਰੂ ਜੀ ਨੇ ਭਾਈ ਬੰਨੋ ਜੀ ਨੂੰ ਕਿਹਾ ਕਿ ਓਹ ਹੋਰ ਸਿਖਾਂ ਨੂੰ ਨਾਲ ਲੈਕੇ ਜਾਵੇ ਤੇ 'ਪੋਥੀ ਸਾਹਿਬ' (ਜੋ ਪਹਿਲਾਂ ਨਾਮ ਸੀ) ਦੀ ਜਿਲਦ ਕਰਾ ਲਿਆਵੇ।

---

*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੇਰਵਾ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ੧੪੩੦ ਪੰਨੇ ਦਾ ਹੈ, ੯੧, ੦੦, ੨੨੪ ਅਖਰ ਹਨ ਅਤੇ ੩੨ ਅਖਰਾਂ ਦੇ ਹਿਸਾਬ ਨਾਲ ੨੮੪੪੪ ਸਲੋਕ ਹਨ।

ਗੁਰੂ	ਸਬਦ	ਐਸਟਪਦੀ	ਛੰਦ	ਸੋਲਹੇ	ਪੌੜੀਆਂ	ਸਲੋਕ
ਮ: ੧	੨੧੬	੧੧੪	੫੧	੨੨	੭੯	੨੧੭
ਮ: ੨	੦	੦	੦	੦	੦	੫੭
ਮ: ੩	੧੭੧	੯੨	੪੪	੨੪	੧੦੬	੩੦੦
ਮ: ੪	੨੪੮	੩੧	੪੧	੨	੧੬੯	੨੬੪
ਮ: ੫	੧੪੧੬	੮੨	੭੧	੨੪	੧੦੭	੨੩੯
ਮ: ੯	੫੫	੧	੦	੦	੦	੫੭
ਜੋੜ	੨੧੦੬	੩੧੯	੨੦੭	੬੨	੪੬੧	੧੧੩੪

(ਬਾਕੀ ਨੋਟ ਦੇਖੋ ਅਗਲੇ ਸਫੇ ਉਪਰ)

ਭਾਈ ਬੰਨੋ ਓਹਨਾਂ ਸਿਖਾਂ ਵਿਚੋਂ ਸੀ, ਜੋ ਗੁਰਮੁਖੀ ਅਖਰਾਂ ਨੂੰ ਚੰਗੀ ਤਰਾਂ ਲਿਖ ਪੜ੍ਹ ਸਕਦੇ ਸਨ। ਭਾਈ ਗੁਰਦਾਸ ਜੀ ਦੀ ਤਰਾਂ ਓਹਨਾਂ ਨੂੰ ਅਖਰ ਬੋਧ ਬਹੁਤ ਸੀ ਓਹਨਾਂ ਦੀ ਇਹ ਵੀ ਇੱਛਾ ਸੀ ਕਿ 'ਪੋਥੀ ਸਾਹਿਬ' ਦੀ ਇਕ ਨਕਲ ਹੋਰ ਕਰ ਲਈ ਜਾਵੇ। ਓਹ ਬਹੁਤ ਸਿਆਣਾ ਸੀ।

ਸਤਿਗੁਰੂ ਜੀ ਨੇ ਭਾਈ ਬੰਨੋ ਨੂੰ ਹੁਕਮ ਕੀਤਾ 'ਕਿ ਓਹ ਮਿਥੇ ਸਮੇਂ ਦੇ ਵਿਚਾਲੇ ਹੀ 'ਪੋਥੀ ਸਾਹਿਬ' ਦੀ ਜਿਲਦ ਕਰਾਕੇ ਲਾਹੌਰੋਂ ਮੁੜ ਆਵੇ। ਭਾਈ ਬੰਨੋ ਨੇ ਸਤਿਗੁਰੂ ਜੀ ਦੇ ਹੁਕਮ ਦੀ ਪਾਲਨਾ ਵੀ ਕੀਤੀ ਤੇ ਰਾਹ ਵਿਚ ਉਤਾਰਾ ਵੀ ਕਰ ਲਿਆ। ਹੌਲੀ ਹੌਲੀ ਚਲਦੇ ਰਹੇ। ਪੰਧ ਘਟ ਕਰਦੇ ਤੇ ਆਰਾਮ ਬਹੁਤਾ ਚਿਰ ਕਰਦੇ। ਜਦ ਜਿਲਦ ਕਰਕੇ ਮੁੜੇ ਤਾਂ ਸਤਿਗੁਰੂ ਜੀ ਦੇ ਅਗੇ ਦੋਵੇਂ ਜਿਲਦਾਂ ਰਖ ਦਿਤੀਆਂ। ਇਕ ਪੋਥੀ ਤੋਂ ਦੋ ਪੋਥੀਆਂ ਵੇਖਕੇ ਸਾਹਿਬ ਹੈਰਾਨ ਜ਼ਰੂਰ ਹੋਏ,

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ।

ਬਾਣੀਆਂ	ਪਉੜੀਆਂ	ਸਲੋਕ	ਭਗਤਾਂ ਦੇ ਸ਼ਬਦ	
ਜਪੁਜੀ ਮ: ੧	੩੮	੨	ਕਬੀਰ	੨੨੯
ਓਅੰਕਾਰ ਮ: ੧	੫੪	੦	ਨਾਮ ਦੇਵ	੭੩
ਸਿਧ ਗੋਸਟ ਮ: ੧	੭੩	੦	ਰਵਿਦਾਸ	੪੧
ਆਨੰਦ ਮ: ੩	੪੦	੦	ਤ੍ਰਿਲੋਚਨ	੪
ਸਦ ਮੁੰਦਰ	੬	੦	ਜੈ ਦੇਵ	੩
ਸਤਾ ਬਲਵੰਡ	੮	੦	ਭੀਖਨ	੨
ਸੁਖਮਨੀ ਮ: ੫	੧੯੨	੨੪	ਸੈਨ	੧
ਬਾਵਨ ਅਖਰੀ ਮ: ੫	੫੫	੬੭	ਫਰੀਦ	੬
ਸਲੋਕ ਸਹਸਕ੍ਰਿਤੀ	੦	੭੧	ਪੀਪਾ	੧
ਗਾਥਾ	੦	੨੪	ਧੰਨਾ	੪
ਫੁਨਹੇ	੦	੨੩	ਸਧਨਾ	੧
ਚਉਬੋਲੇ	੦	੧੧	ਬੇਣੀ	੩
ਸਲੋਕ ਕਬੀਰ	੦	੧੪੩	ਰਾਮਾਨੰਦ	੧
ਸਲੋਕ ਫਰੀਦ	੮	੧੩੦	ਪਰਮਾਨੰਦ	੧
ਸਵੈਯੇ	੦	੦	ਸੂਰਦਾਸ	੧
ਮੁੰਦਾਵਣੀ	੧੨੨	੨	ਮੀਰਾ ਬਾਈ	੧
ਰਾਗ ਮਾਲਾ	੧	੦	ਜੋੜ	੩੭੨

(ਬਾਕੀ ਨੋਟ ਦੇਖੋ ਅਗਲੇ ਸਫ਼ੇ ਉਪਰ)

ਪਰ ਕ੍ਰੋਧ ਵਿਚ ਨਹੀਂ ਆਏ। ਜਦ ਭਾਈ ਬੰਨੋ ਜੀ ਦੇ ਉਤਾਰੇ ਵਾਲੀ 'ਪੋਥੀ' ਦੇਖੀ ਤਾਂ ਉਸ ਵਿਚ ਬਹੁਤ ਸਾਰੀ ਬਾਣੀ ਵਾਧੂ ਲਿਖੀ ਹੋਈ ਸੀ। ਸਾਹਿਬਾਂ ਨੇ ਉਸ ਪੋਥੀ ਸਾਹਿਬ ਨੂੰ 'ਖਾਰੀ' ਦਾ ਬਚਨ ਕਰ ਦਿਤਾ। ਨਾਲ ਹੀ ਹੁਕਮ ਕੀਤਾ ਕਿ ਖਾਰੀ ਬੀੜ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਪਰ ਘਰ ਘਰ ਅੰਦਰ ਪ੍ਰਕਾਸ਼ ਹੋਵੇਗਾ। ਹੁਣ ਤਾਂ ਚਾਹੀਏ ਕਿ ਸੰਸਾਰ ਦੀਆਂ ਸਾਰੀਆਂ ਜ਼ਬਾਨਾਂ ਵਿਚ ਵੀ ਪੋਥੀ ਸਾਹਿਬ ਲਿਖਿਆ ਜਾਵੇ ਤਾਂ ਕਿ ਸਾਰੇ ਜਗਤ ਦੇ ਲੋਕ ਲਾਭ ਉਠੌਣ।'

ਜਦ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਸਾਹਿਬ) ਦੀ ਜਿਲਦ ਤਿਆਰ ਹੋ ਗਈ ਤਾਂ ਸਾਹਿਬਾਂ ਨੇ ਫੈਸਲਾ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ

(ਪਿਛਲੀ ਸਫੇ ਦੀ ਬਾਕੀ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ

ਨੰਬਰ	ਰਾਗ	ਸਬਦ ਅਸਟਪਦੀ ਛੰਤ	ਨੰਬਰ	ਰਾਗ	ਸ਼ਬਦ ਅਸਟਪਦੀ ਛਤ
੧	ਸਿਰੀ ਰਾਗ	੧੨੯	੨੧	ਮਾਰੂ	੧੪੨
੨	ਮਾਝ	੯੧	੨੨	ਤੁਖਾਰੀ	੧੧
੩	ਗਉੜੀ	੩੦੬	੨੩	ਕੇਦਾਰਾ	੧੮
੪	ਆਸਾ	੩੦੩	੨੪	ਭੈਰਉ	੯੯
੫	ਗੂਜਰੀ	੫੭	੨੫	ਸਾਰੰਗ	੧੬੮
੬	ਦੇਵ ਗੰਧਾਰੀ	੪੭	੨੬	ਮਲਾਰ	੭੦
੭	ਬਿਹਾਗੜਾ	੧੭	੨੭	ਕਾਨੜਾ	੬੯
੮	ਵਡਹੰਸ	੫੩	੨੮	ਕਲਯਾਨ	੨੩
੯	ਸੋਰਠਿ	੧੪੯	੨੯	ਪ੍ਰਭਾਤੀ	੫੧
੧੦	ਧਨਾਸਰੀ	੭੮	੩੦	ਜੈਜਾਵੰਤੀ	੪
੧੧	ਜੈਤਸਰੀ	੩੦			
੧੨	ਟੋਡੀ	੩੨			
੧੩	ਬੈਰਾੜੀ	੭			
੧੪	ਤਿਲੰਗ	੧੭		ਜੋੜ ਕੁਲ	੨੪੬੬
੧੫	ਸੂਹੀ	੧੬੩			
੧੬	ਬਿਲਾਵਲ	੧੭੨			
੧੭	ਗੌਂਡ	੨੯			
੧੮	ਰਾਮਕਲੀ	੧੦੮			
੧੯	ਨਟ	੨੫			
੨੦	ਮਾਲੀ ਗੌੜਾ	੧੪			

ਭਾਈ ਬੰਨੋ ਵਾਲਾ ਗ੍ਰੰਥ ਸਾਹਿਬ ਓਸੇ ਦੀ ਸੰਤਾਨ ਪਾਸ ਮਾਂਗਟ ਪਿੰਡ ਸ਼ਾਹਪੁਰ ਦੇ ਜ਼ਿਲੇ ਵਿਚ ਹੈ। ਏਹ ਗਿਣਤੀ ਭਾਈ ਗੁਰਦਾਸ ਜੀ ਦੀ ਬੀੜ ਦੀ ਹੈ।

ਹਰਿਮੰਦਰ ਸਾਹਿਬ ਵਿਚ ਕੀਤਾ ਜਾਵੇ। ਉਸ ਦਿਹਾੜ ਪੁਰਬ ਮਨਾਇਆ ਜਾਵੇ, ਦੂਰ ਦੂਰ ਤੋਂ ਸੰਗਤ ਆਵੇ, ਸਾਰੇ ਮਸੰਦਾਂ, ਮੁਖੀ ਸਿਖਾਂ ਤੇ ਸਾਹਿਬ ਜ਼ਾਦਿਆਂ ਨੂੰ ਸਤਿਕਾਰ ਨਾਲ ਸੱਦਿਆ ਜਾਵੇ। ਦੀਪ ਮਾਲਾ ਕੀਤੀ ਜਾਵੇ। ਸਖਿਗੁਰੂ ਜੀ ਦੇ ਇਸ ਹੁਕਮ ਦੀ ਪਾਲਨਾ ਹੋਈ। ਸਾਰੇ ਪਾਸੇ ਹੁਕਮਨਾਮੇ ਭੇਜੇ ਗਏ ਤੇ ਇਕ ਭਾਦੋਂ ਦਾ ਦਿਹਾੜਾ ਇਸ ਮਹਾਨ ਸ਼ੁਭ ਕਾਰਜ ਵਾਸਤੇ ਮੁਕੱਰਰ ਹੋਇਆ।

ਸੰਗਤਾਂ ਵਹੀਰਾਂ ਘਤ ਕੇ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਪਈਆਂ, ਸ੍ਰੀ ਹਰਿ-ਮੰਦਰ ਸਾਹਿਬ ਸਰੋਵਰਾਂ ਕਿਨਾਰੇ ਗਹਿਮਾ ਗਹਿਮ ਹੋ ਗਈ। ਸਾਰਾ ਵਾਯੂ ਮੰਡਣ 'ਸਤਿ ਕਰਤਾਰ, ਸਤਿਨਾਮ, ਧੰਨ ਸਤਿਗੁਰੂ ਜੀ' ਆਦਿਕ ਬਚਨਾਂ ਨਾਲ ਗੂੰਜਣ ਲਗਾ। ਭਾਦਰੋਂ ਦੀ ਸੰਗਰਾਦ ਸੰਮਤ ੧੬੬੧ ਬਿ: ਨੂੰ ਭਾਰੀ ਉਤਸ਼ਵ ਮਨਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ। ਬਾਬਾ ਬੁਢਾ ਜੀ ਨੂੰ ਗ੍ਰੰਥੀ ਥਾਪਕੇ ਸਾਹਿਬਾਂ ਨੇ ਹਜ਼ੂਰੀ ਵਿਚ ਬੈਠਾਇਆ ਤੇ ਆਪ ਸ੍ਰੀ ਗਰੂ ਗ੍ਰੰਥ ਸਾਹਿਬ ਜੀ ਅਗੇ ਮਥਾ ਟੇਕਿਆ। ਸਤਿਗੁਰੂ ਜੀ ਦੇ ਮਥਾ ਟੇਕਣ ਪਿਛੋਂ ਸਾਰੀ ਸੰਗਤ ਨੇ ਮਥਾ ਟੇਕਿਆ। ਬਾਬਾ ਬੁਢਾ ਜੀ ਨੇ ਵਾਕ ਲਿਆ। ਵਾਕ ਸਰਵਨ ਕਰਨ ਪਿਛੋਂ ਅਰਦਾਸ ਕੀਤੀ ਗਈ ਤੇ ਅਰਦਾਸ ਦੇ ਬਆਦ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਸਾਹਿਬਾਂ ਨੇ ਹੁਕਮ ਕੀਤਾ ਕਿ ਬਾਣੀ ਗੁਰੂ ਹੈ। ਇਸ ਬਾਣੀ ਵਿਚ ਸਾਰੀਆਂ ਬਰਕਤਾਂ (ਰਿਧੀਆਂ ਸਿਧੀਆਂ) ਹਨ। ਹਰ ਸਿਖ ਦਾ ਪਹਿਲਾ ਫਰਜ਼ ਹੈ ਕਿ ਬਾਣੀ ਪੜ੍ਹੇ ਤੇ ਸਰਵਨ ਕਰੇ। ਭਵ ਸਾਗਰ ਤੋਂ ਪਾਰ ਹੋਣ ਦਾ ਏਹੋ ਮੁਖ ਸਾਧਨ ਹੈ।

੧੬. ਸੁਲਹੀ ਖਾਨ ਦੀ ਮੌਤ

ਪ੍ਰਿਥੀਚੰਦ ਮੁਕਟ ਪਿਆਂ ਕੇਸਨੂੰ ਹਾਰ ਗਿਆ, ਸਰਕਾਰੇ ਦਰਬਾਰੇ ਜਨਤਾ ਵਿਚ ਉਦਦੇ ਵਾ ਵੇਲੇ ਦੀ ਕੋਈ ਸੁਣਾਈ ਨਾ ਹੋਈ, ਉਸਨੇ ਇਹ ਵੀ ਲਿਖ ਦਿਤਾ ਕਿ ਗਰ ਗੱਦੀ ਉਤੇ ਉਹਦਾ ਕੋਈ ਹਕ ਨਹੀਂ। ਕਿਉਂਕਿ ਗੁਰ ਗਦੀ ਦੇ ਹਿਸ ਬਦਲੇ ਸਤਿਗੁਰੂ ਜੀ ਨੇ ਉਸਨੂੰ ਜਾਇਦਾਦ ਚੋਖੀ ਦੇ ਦਿਤੀ। ਪਰ ਉਹਦੇ ਹਿਰਦ ਵਿਚੋਂ ਵੈਰ ਭਾਵ ਦੂਰ ਨਾ ਹੋਇਆ, ਉਹ ਸਤਿਗੁਰੂ ਜੀ ਨੂੰ

ਤੰਗ ਕਰਣ ਦਾ ਹੀ ਕੋਈ ਨਾ ਕੋਈ ਰਾਹ ਢੂੰਡਦਾ ਰਹਿੰਦਾ ਸੀ ਆਖਰ ਉਸ ਨੂੰ ਇਕ ਰਾਹ ਲਭ ਹੀ ਪਿਆ।

ਪ੍ਰਿਥੀਚੰਦ ਨੂੰ ਰਾਹ ਇਹ ਲਭਾ ਕਿ ਉਹਦੇਪੁਤ੍ਰ ਮੇਹਰਬਾਨ ਨੂੰ ਸਤਿਗੁਰੂ(ਸ੍ਰੀ ਗੁਰੂ ਅਰਜਨ ਦੇਵ) ਜੀ ਨੇ ਮੁਤਬੰਨਾ ਬਣਾਇਆ ਹੋਇਆ ਸੀ, ਕਿਉਂਕਿ ਸਾਹਿਬਾਂ ਦੇ ਘਰ ਅਜੇ ਕੋਈ ਸਾਹਿਬਜ਼ਾਦਾ ਨਹੀਂ ਸੀ ਹੋਇਆ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਜਨਮ ਪਿਛੋਂ ਹੋਇਆ ਸੀ, ਜਦ ਸਾਹਿਬਜ਼ਾਦੇ ਨੇ ਅਵਤਾਰ ਧਾਰ ਲਿਆ ਤਾਂ ਪ੍ਰਿਥੀਚੰਦ ਦੀਆਂ ਆਸਾਂ ਉਤੇ ਪਾਣੀ ਫਿਰ ਗਿਆ। ਜੋ ਗੁਰਿਆਈ ਮੇਹਰਬਾਨ ਨੂੰ ਮਿਲਣੀ ਸੀ ਉਸਦੀ ਵੀ ਆਸ ਨਾ ਰਹੀ, ਉਸਨੇ ਮੇਹਰਬਾਨ ਕੋਲੋਂ ਮੁਗਲ ਸਰ-ਕਾਰ ਕੋਲ ਦਾਹਵਾ ਕਰਵਾ ਦਿਤਾ ਕਿ ਸਾਹਿਬ ਉਸ (ਮੇਹਰਬਾਨ) ਨੂੰ ਟਿਕਾ ਮਿਥ ਲੈਣ। ਜਦ ਸਾਹਿਬਾਂ ਕੋਲ ਇਹ ਗਲ ਹੋਈ ਤਾਂ ਸਾਹਿਬਾਂ ਨੇ ਟਿਕਾ ਬਣਾਉਣ ਤੋਂ ਸਾਫ ਇਨਕਾਰ ਕਰ ਦਿਤਾ। ਪ੍ਰਿਥੀਚੰਦ ਪੁਤ੍ਰ ਮੇਹਰਬਾਨ ਨੂੰ ਨਾਲ ਲੈਕੇ ਦਿਲੀ ਤੇ ਲਾਹੌਰ ਫਿਰਿਆ, ਸਤਿਗੁਰੂ ਜੀ ਦੇ ਵਿਰੁਧ ਬਹੁਤ ਪ੍ਰਚਾਰ ਕੀਤਾ। ਆਖਰ ਸੁਲਬੀ ਖਾਨ (ਸੁਲਹੀ ਖਾਨ ਦਾ ਭਤੀਜਾ) ਦੋ ਸੌ ਸਵਾਰ ਲੈਕੇ ਦਿਲੀ ਤੋਂ ਚੜ੍ਹਿਆ ਤੇਸਤਿ-ਗੁਰੂ ਜੀ ਵਲ ਆਇਆ, ਕਰਤਾਰ ਦਾ ਐਸਾ ਭਾਣਾ ਹੋਇਆ ਕਿ ਦਰਿਆ ਬਿਆਸਾ ਪਾਰ ਕਰਨ ਤੋਂ ਪਹਿਲਾਂ ਹੀ ਕਿਸੇ ਨੇ ਉਸਨੂੰ ਮਾਰ ਦਿਤਾ। ਉਹਦੀ ਮੌਤ ਤੋਂ ਪ੍ਰਿਥੀ ਚੰਦ ਨੇ ਨਜਾਇਜ਼ ਲਾਭ ਉਠਾਉਣ ਦਾ ਯਤਨ ਕੀਤਾ।

ਪ੍ਰਿਥੀਚੰਦ ਨੇ ਸੁਲਹੀ ਨੂੰ ਜਾਕੇ ਕਿਹਾ ਕਿ ਤੇਰੇ ਭਤੀਜੇ ਨੂੰ ਸਤਿਗੁਰੂ (ਸ੍ਰੀ ਗੁਰੂ ਅਰਜਨ ਦੇਵ) ਜੀ ਨੇ ਕਿਸੇ ਆਦਮੀ ਕੋਲੋਂ ਮਰਵਾ ਦਿਤਾ ਹੈ ਉਸਦਾ ਬਦਲਾ ਲਵੇ। ਮੂਰਖ ਸੁਲਹੀ ਖਾਨ ਪ੍ਰਿਥੀਚੰਦ ਦੇ ਆਖੇ ਲਗਕੇ ਕੁਝ ਸਵਾਰ ਨਾਲ ਲੈਕੇ ਸ੍ਰੀ ਅੰਮ੍ਰਿਤਸਰ ਵਲ ਚੜ੍ਹਾਈ ਕਰ ਆਇਆ। ਗੋਇੰਦਵਾਲ ਦੇ ਪਤਣੋਂ ਦਰਿਆ ਬਿਆਸ ਪਾਰ ਕਰਕੇ ਸੁਲਹੀ ਤਰਨ ਤਾਰਨ ਪੁਜਾ ਤੇ ਤਰਨ ਤਾਰਨ ਤੋਂ ਹੇਰ ਆ ਗਿਆ। ਹੇਰ ਪ੍ਰਿਥੀ ਚੰਦ ਦੇ ਮਕਾਨ ਉਸਰ ਰਹੇ ਸਨ, ਨਵੀਆਂ ਇਟਾਂ ਪਕਾਉਣ ਵਾਸਤੇ ਭਠੇ ਆਵੇ ਚੜ੍ਹਾਏ ਹੋਏ ਸਨ।

ਸੁਲਹੀ ਮੰਦੀ ਨੀਤ ਨਾਲ ਦਿਲੀਓਂ ਆਇਆ ਸੀ ਉਹ ਨਿਰਵੈਰਾਂ ਨਾਲ ਵੈਰ ਕਰ ਰਿਹਾ ਸੀ ਕਰਤਾਰ ਨੇ ਉਸਨੂੰ ਸਜ਼ਾ ਦੇਣੀ ਚਾਹੀ। ਕਰਤਾਰ

ਨਹੀਂ ਸੀ ਚਾਹੁੰਦਾ ਉਹਦੇ ਉਪਦੇਸ਼ਕ ਨੂੰ ਕੋਈ ਐਵੇਂ ਤੰਗ ਕਰੇ। ਕਰਤਾਰ ਨੇ ਭਾਣਾ ਵਰਤਾ ਦਿਤਾ, ਸੁਲਹੀ ਪ੍ਰਿਥੀਚੰਦ ਦੋਵੇਂ ਸ਼ਿਕਾਰ ਖੇਡਕ ਆਏ, ਵਾਪਸਆਉਂਦਿਆਂ ਹੋਇਆਂ ਪ੍ਰਿਥਚੰਦ ਨੇ ਸੁਲਹੀ ਨੂੰ ਆਪਣੇ ਭਠੇ ਦਿਖਾਉਣੇ ਚਾਹੇ, ਭਾਣਾ ਐਸਾ ਹੋਇਆ ਜਿਉਂ ਭਠੇ ਨੂੰ ਦੇਖਣ ਲਗਾ ਘੋੜਾ ਐਸਾ ਤ੍ਰੱਬਕਿਆ ਕਿ ਉਸ ਅੱਗ ਵਿਚ ਜਾ ਡਿਗਾ। ਅਗ ਬਹੁਤ ਭਿਆਨਕ ਬਲ ਰਹੀ ਸੀ ਘੋੜਾ ਤੇ ਸੁਲਹੀ ਦੋਵੇਂ ਹੀ ਅੱਗ ਨੇ ਸਾੜਕੇ ਸਵਾਹ ਕਰ ਦਿਤੇ। ਪ੍ਰਿਥੀਚੰਦ ਹਥ ਮਾਲਦਾ ਹੀ ਰਹਿ ਗਿਆ, ਉਹਦੀਆਂ ਮਨ ਦੀਆਂ ਮਨ ਵਿਚ ਰਹਿਆਂ ਉਹ ਰੋਂਦਾ ਹੋਇਆ ਘਰ ਜਾ ਬੈਠਾ। ਸਤਿਗੁਰੂ ਜੀ ਦੀ ਰਾਖੀ ਆਪ ਭਗਵਾਨ ਨੇ ਕੀਤੀ।

ਸੁਲਹੀ ਦੇ ਆਉਣ ਤੇ ਮਰਨ ਦੀ ਖਬਰ ਜਦ ਸਤਿਗੁਰੂ ਜੀ ਨੇ ਸੁਣੀ ਤਾਂ ਸਾਹਿਬਾਂ ਨੇ ਇਉਂ ਕਰਤਾਰ ਦਾ ਧੰਨਵਾਦ ਕੀਤਾਃ—

ਸੁਲਹੀ ਤੇ ਨਾਰਾਇਣੁ ਰਾਖੁ॥ ਸੁਲਹੀ ਕਾ ਹਾਥੁ ਕਹੀਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ॥ ਕਾਢਿ ਕੁਠਾਰੁ ਖਸਮਿ ਸਿਰ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ਬਿਲਾਵਲੁ ਮਃ ੫)

ਹੇ ਪ੍ਰਭੂ ਤੇਰਾ ਧੰਨਵਾਦ ਹੈ ਆਪ ਨੇ ਦਇਆ ਕਰਕੇ ਸੁਲਹੀ ਕੋਲੋਂ ਰਖ ਲਿਆ ਹੈ। ਅਸੀਂ ਲੜਕੇ ਮੁਕਾਬਲਾ ਨਹੀਂ ਸੀ ਕਰਨਾ। ਆਪ ਨੇ ਹੀ ਸੁਲਹੀ ਨੂੰ ਮਾਰ ਦਿਤਾ ਹੈ ਜੋ ਬਹੁਤ ਹੀ ਅਪਵਿਤ੍ਰਤਾ ਦੀ ਮੌਤ ਮਰਿਆ ਹੈ ਮੁਸਲਮਾਨਾਂ ਦਾ ਅਗ ਵਿਚ ਸੜਕੇ ਮਰਨਾ ਨਾਪਾਕ ਗਿਣਿਆ ਜਾਂਦਾ ਹੈ। ਪ੍ਰਮਾਤਮਾ ਨੇ ਆਪ ਕੁਹਾੜਾ ਫੜਕੇ ਉਹਦਾ ਸਿਰ ਵੱਢ ਦਿਤਾ। (ਭਾਵ ਕਿ ਸਤਿਗੁਰੂ ਜੀ ਦੀ ਸ਼ਾਂਤੀ ਕੁਹਾੜਾ ਬਣ ਗਈ) ਪਲ ਵਿਚ ਹੀ ਉਹ ਪੰਜਾਂ ਤਤਾਂ ਵਿਚ ਮਿਲ ਗਿਆ ਉਹ ਤੜਪ ੨ ਕੇ ਸੜਿਆ। ਮਾਲਕ ਨੇ ਆਪ ਹੀ ਉਸਨੂੰ ਧਕਾ ਦਿਤਾ ਦੇਖੋ ਕਰਤਾਰ ਦੇ ਰੰਗ, ਜਿਸ ਕਰਤੇ ਨੇ ਉਸਨੂੰ ਰਚਿਆ ਸੀ ਉਸ ਨੇ ਹੀ ਧਕਾ ਦੇਕੇ ਉਹਦਾਨਾਸ਼ਕਰ ਦਿਤਾ। ਪ੍ਰਮਾਤਮਾ ਸਭ ਨੇਕ ਬੰਦਿਆਂ ਦਾ ਰਾਖਾ ਹੈ। ਪਾਪੀਆਂ ਨੂੰ ਆਪ ਸਜ਼ਾ ਦੇਂਦਾ ਹੈ।

ਅਜ ਪੁਤ੍ਰ ਧੀਆਂ ਤੇ ਇਸਤ੍ਰੀ ਆਦਿਕ ਸਾਰੇ ਸਾਕ ਟੁਟ ਗਏ ਸਨ। ਸਤਿਗੁਰੂ ਜੀ ਆਖਦੇ ਹਨ ਅਸੀਂ ਬਲਿਹਾਰ ਜਾਂਦੇ ਹਾਂ ਜੋ ਸਾਹਿਬ ਨੇ ਆਪਣੇ ਬਚਨ ਪੂਰੇ ਕੀਤੇ ਅਸਾਂ ਨੂੰ ਹੱਥ ਦੇਕੇ ਰਖ ਲਿਆ। ਪ੍ਰਮਾਤਮਾ ਰਖਦਾ ਵੀ ਕਿਉਂ ਨਾ ਉਹ ਤਾਂ ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪੁ॥' ਇਉਂ ਪ੍ਰਿਥੀਚੰਦ ਦੀ ਇਹ ਵਿਉਂਤ ਵੀ ਫੇਹਲ ਹੋਈ, ਇਸ ਘਟਨਾ ਵੇਲੇ ਦਿਲੀ ਦੇ ਤਖਤਉਤੇ ਜਹਾਂਗੀਰ ਬੈਠ ਚੁਕਾ ਸੀ ਤੇ ਅਕਬਰ ਦਾ ਦਿਹਾਂਤ ਹੋ ਚੁਕਾ ਸੀ।

੧੭. ਚੰਦੂ ਲਾਲ ਸ਼ਾਹੀ ਦਾ ਵਿਰੋਧ

ਪਠਾਨ ਤੇ ਮੁਗਲ ਹਕੂਮਤ ਦੇ ਕੋਲ ਮਹਿਕਮਾ ਮਾਲ ਵਿਚ ਹਿੰਦੂ ਅਫਸਰ ਹੁੰਦੇ ਸਨ। ਓਹਨਾਂ ਵਿਚ ਕਈ ਐਸੇ ਸਨ ਜਿਨ੍ਹਾਂ ਉਤੇ ਹਕੂਮਤ ਬਹੁਤ ਭਰੋਸਾਕਰਦੀ ਸੀ।ਓਹ ਮੁਸਲਮਾਨਾ ਨਾਲੋਂ ਵੀ ਬਹੁਤ ਸਤਕਾਰੇ ਜਾਂਦੇ ਸਨ।ਉਸ ਸਮੇਂ ਦਾ ਮੁਸਲ-ਮਾਨ ਹਿਸਾਬ ਕਿਤਾਬ ਨਹੀਂ ਸੀ ਜਾਣਦਾ। ਜ਼ਮੀਨ ਦਾ ਮਾਮਲਾ, ਟੈਕਸ, ਜੁਰਮਾਨੇ ਆਦਿਕ ਦੀ ਵਸੂਲੀ ਦੀਆਂ ਫਰਦਾਂ ਹਿੰਦੂ ਹੀ ਤਿਆਰ ਕਰਿਆ ਕਰਦੇ ਸਨ। ਟੋਡਰ ਮਲ, ਰਤਨ ਚੰਦ ਲਖਪਤ ਰਾਏ, ਦੀਵਾਨ ਕੌੜਾ ਮਲ ਜੀ ਆਦਿਕ ਅਨੇਕਾਂ ਹੀ ਮਸ਼ਹੂਰ ਹਿੰਦੂ ਹਕੂਮਤ ਦੇ ਅਫਸਰ ਤੇ ਸਲਾਹਕਾਰ ਹੋਏ ਹਨ।

ਚੰਦੂ ਲਾਲ 'ਸ਼ਾਹੀ ਖੱਤ੍ਰੀ' ਅਕਬਰ ਦੇ ਸਮੇਂ ਦਿੱਲੀ ਵਿਚ ਹੋਇਆ ਹੈ। ਇਹ ਰਹੀਲੇ ਪਿੰਡ ਦਾ ਰਹਿਣ ਵਾਲਾ ਸੀ। ਅਕਬਰ ਦੇ ਸਮੇਂ ਵਿਚ ਹੀ ਇਹਦੀ ਬਦਲੀ ਲਾਹੌਰ ਹੋ ਗਈ। ਇਹ ਲਾਹੌਰ ਦੇ ਮਹਿਕਮਾ ਮਾਲ ਦਾ ਅਫਸਰ ਲੱਗ ਗਿਆ। ਇਹਦੀ ਲੜਕੀ ਜੁਵਾਨ ਹੋਈ। ਲਾਗੀਆਂ ਨੂੰ ਇਸ ਨੇ ਵਰਲੱਭਣ ਵਾਸਤੇ ਲਾਹੌਰੋਂ ਤੋਰਿਆ ਤੁਰਨ ਵੇਲੇ ਚੰਦੂ ਲਾਲ ਨੇ ਇਹ ਹੁਕਮ ਕੀਤਾ ਕਿ ਜਿਸ ਘਰ ਮੇਰੀ ਲੜਕੀ ਦਾ ਨਾਤਾ ਕੀਤਾ ਜਾਵੇ ਓਹ ਘਰ ਸ਼ਾਹੀ ਸ਼ਾਨ ਵਾਲਾ ਹੋਣਾ ਚਾਹੀਦਾ ਹੈ। ਇਕ ਤਾ ਲੜਕੀ ਸੁਖ ਨਾਲ ਜੀਵਨ ਬਤੀਤ ਕਰੂ, ਦੂਸਰਾ ਅਸੀਂ ਵੀ ਸ਼ਾਹੀਠਾਠ ਬਾਠ ਨਾਲ ਮਿਲਣ ਜਾਇਆ ਕਰਾਂਗੇ।' ਇਹ ਹੁਕਮ ਲੈਕੇ ਲਾਗੀ ਤੁਰ ਪਏ। ਉਸ ਸਮੇਂ ਲਾਗੀਆਂ ਉਤੇ ਭਰੋਸਾ ਹੁੰਦਾ ਸੀ। ਮਾਂ ਬਾਪਆਪਧੀਦਾਵਰ ਘਟਹੀਦੇਖਦੇਸਨ।

ਜੋ ਲਾਗੀ ਕਰ ਆਉਣ ਉਸੇ ਨੂੰ 'ਸਤਿ ਬਚਨ' ਆਖਕੇ ਮੰਨਿਆਂ ਜਾਂਦਾ ਸੀ। ਕਈ ਵਾਰ ਲੜਕੀਆ ਨਾਲ ਧੋਖਾ ਵੀ ਹੋ ਜਾਇਆ ਕਰਦਾ ਸੀ। ਲਾਗੀ ਲਾਲਚ ਵਿਚ ਆਕੇ ਕਈਆਂ ਅੰਗ ਹੀਣਿਆਂ ਨਾਲ ਵੀ ਸ਼ਾਦੀਆਂ ਕਰਾਂ ਦਿਆ ਕਰਦ ਸਨ।

ਚੰਦੂ ਦੇ ਭੇਜੇ ਹੋਏ ਲਾਗੀ ਸ੍ਰੀ ਅੰਮ੍ਰਿਤਸਰ ਵੀ ਪੁਜੇ, ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਹਰਿ ਮੰਦਰ ਸਾਹਿਬ ਸਰੋਵਰ ਅਤੇ ਸਿਖ ਸੰਗਤ ਨੂੰ ਤਕਿਆ। ਬਾਦਸ਼ਾਹ ਨਾਲੋਂ ਵੀ ਵਧ ਸ਼ਾਨ ਦੇਖਕੇ ਉਨ੍ਹਾਂ ਨੇ ਪੁਛਣਾ ਕੀਤੀ ਕਿ ਸਤਿਗੁਰੂ ਜੀ ਕਿਸ ਵੰਸ਼ ਵਿਚੋਂ ਹਨ। ਜਦ ਉਨ੍ਹਾਂਨੂੰ ਪਤਾ ਲਗਾ ਕਿ ਸਤਿਗੁਰੂ ਜੀ ਦਾ ਜਨਮ ਸੋਢੀ ਖਤ੍ਰੀ ਵੰਸ਼ ਵਿਚ ਹੋਇਆ ਹੈ ਤਾਂ ਉਹ ਬਹੁਤ ਪ੍ਰਸੰਨ ਹੋਏ ਉਨ੍ਹਾਂ ਨੇ ਇਹ ਵੀ ਪੁਛ ਲਿਆ ਕਿ ਸਤਿਗੁਰੂ ਜੀ ਦਾ ਸਾਹਿਬਜ਼ਾਦਾ ਹੈ, ਜੋ ਇਕ ਹੋਣਹਾਰ ਬਾਲਕ ਹੈ। ਸਤਿਗੁਰੂ ਜੀ ਦੇ ਪਿਛੋਂ ਗੁਰ ਗਦੀ ਦਾ ਵਾਰਸ ਓਹੋ ਹੀ ਬਣੇਗਾ। ਜਾਇਦਾਦ, ਸਤਕਾਰ ਤੇ ਪੂਜਾ ਦੇਖਕੇ ਉਨ੍ਹਾਂ ਦਾ ਚਿਤ ਨਾ ਕੀਤਾ ਕਿ ਉਹ ਹੋਰ ਕਿਸੇ ਦਾ ਲੜਕਾ ਦੇਖਣ ਵਾਸਤੇ ਅਗੇ ਜਾਣ। ਉਨ੍ਹਾ ਨੇ ਸਤਿਗੁਰੂ ਜੀ ਦੇ ਚਰਨਾ ਉਤੇ ਮਥਾ ਟੇਕਿਆ ਤੇ ਬੇਨਤੀ ਕੀਤੀ ਕਿ ਉਹ ਸਾਹਿਬਜ਼ਾਦੇ ਨੂੰ ਦੇਖਕੇ ਰਿਸ਼ਤਾ ਕਰਨਾ ਚਾਹੁੰਦੇ ਹਨ। ਸਾਹਿਬਾਂ ਕੋਈ ਬਚਨ ਨਹੀਂ ਕੀਤਾ (ਸ੍ਰੀ ਗੁਰੂ) ਹਰਿ ਗੋਬਿੰਦ ਸਾਹਿਬ ਨੂੰ ਦੇਖਕੇ ਲਾਗੀ ਲਾਹੌਰ ਚਲੇ ਗਏ । ਲਾਹੌਰ ਜਾਕੇ ਉਨ੍ਹਾਂ ਨੇ ਚੰਦੂ ਲਾਲ ਨੂੰ ਦਸਿਆ, ਚੰਦੂ ਲਾਲ ਬੜਾ ਹੰਕਾਰੀ ਪੁਰਸ਼ ਸੀ ਉਸਨੇ ਲਾਗੀਆਂ ਨੂੰ ਕਿਹਾ, 'ਚੁਬਾਰੇ ਦੀ ਇਟ ਮੋਰੀ ਨੂੰ ਲਾ ਆਏ ਹੋ। ਮੈਂ ਤੁਸਾ ਨੂੰ ਕੀ ਆਖਾਂ। ਜੋ ਕਰ ਆਏ ਚੰਗਾ ਕਰ ਆਏ।'

ਉਸ ਦੇ ਇਨ੍ਹਾਂ ਬਚਨਾਂ ਦਾ ਪਤਾ ਸਤਿਗੁਰੂ ਜੀ ਨੂੰ ਲਗ ਗਿਆ। ਇਹ ਸੁਣਕੇ ਸ਼ਾਤੀ ਪੁੰਜੀ ਸਤਿਗੁਰੂ ਜੀ ਮੁਸਕਰਾਏ। ਜਾਣੀ ਜਾਣ ਸਤਿਗੁਰੂ ਜੀ ਨੇ ਬਚਨ ਕੀਤਾ''–ਹੋਣਾ ਇਸਤਰ੍ਹਾਂ ਨਹੀਂ ਸੀ ਚਾਹੀਦਾ ਪਰ ਹਛਾ ਭਾਣਾ ਮੰਨਣਾ ਹੀ ਪਵੇਗਾ।'' ਚੰਦੂ ਲਾਲ ਦੇ ਲਾਗੀ ਮੁੜਕੇ ਸਤਿਗੁਰੂ ਜੀ ਦੀ ਸ਼ਰਨ ਆਏ। ਉਹ ਬਹੁਤ ਸਾਰਾ ਸਮਾਨ ਤੇ ਸਾਹਿਦਜ਼ਾਦੇ ਦੇ ਹਥ ਉਥੇ ਰਖਣ ਵਾਸਤੇ ਸੋਨੇ ਦੀਆਂ ਮੋਹਰਾਂ ਲਿਆਏ। ਉਨ੍ਹਾਂ ਨੇ ਬੇਨਤੀ ਕੀਤੀ–'ਸਤਿਗੁਰੂ ਜੀ ! ਕੁੜਮਾਈ ਦੀ ਰਸਮ ਪੂਰੀ ਕੀਤੀ ਜਾਵੇ।' ਇਹ ਸੁਣਕੇ ਸਾਹਿਬਾਂ ਨੇ ਬਚਨ

ਕੀਤਾ—'ਅਸੀਂ ਦੀਵਾਨ ਚੰਦੂ ਲਾਲ ਦੀ ਬਰਾਬਰੀ ਨਹੀਂ ਕਰ ਸਕਦੇ। ਸਾਕ ਕਿਤੇ ਹੋਰਥੇ ਕਰ ਦੇਵੋ। ਚੰਦੂ ਲਾਲ ਦੀ ਲੜਕੀ ਚੁਬਾਰੇ ਦੀ ਇੱਟ ਹੈ। ਇਹ ਕਿਸੇ ਚੁਬਾਰੇ ਨਾਲ ਹੀ ਲਗਨੀ ਚਾਹੀਏ।' ਲਾਗੀਆਂ ਨੇ ਬਹੁਤ ਬੇਨਤੀਆਂ ਕੀਤੀਆਂ ਪਰ ਸਾਹਿਬਾਂ ਇਕ ਨਾ ਮੰਨੀ। ਲਾਗੀ ਮੁੜਕੇ ਲਾਹੌਰ ਚਲੇ ਗਏ। ਸ਼ਗਨ ਮੁੜਿਆ ਆਇਆ ਦੇਖਕੇ ਚੰਦੂ ਲਾਲ ਤਾਂ ਕਪੜਿਆਂ ਤੋਂ ਬਾਹਰ ਹੋ ਗਿਆ ਉਸਨੇ ਕ੍ਰੋਧਨਾਲ ਹੋਰ ਕਈ ਵਧ ਘਟ ਗਲਾਂ ਆਖ ਦਿਤੀਆਂ। ਉਸ ਦਿਨ ਤੋਂ ਉਹ ਗੁਰੂ ਘਰ ਨਾਲ ਵਿਰੋਧ ਕਰਣ ਲਗ ਪਿਆ। ਸਤਿਗੁਰੂ ਜੀ ਕੋਲੋਂ ਬਦਲਾ ਲੈਣ ਵਾਸਤੇ ਉਸ ਨੇ ਪ੍ਰਿਥੀ ਚੰਦ ਨਾਲ ਪ੍ਰੇਮ ਪਾਇਆ।

੧ ਭਾਦਰੋਂ ੧੬੬੧ ਬਿ: ਵਿਚ ਜਦ ਸਤਿਗੁਰੂ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਤਾਂ ਪ੍ਰਿਥੀਚੰਦ ਨੂੰ ਸੁਨਹਿਰੀ ਮੌਕਾ ਮਿਲਿਆ ਕਿ ਉਹ ਬਾਦਸ਼ਾਹ ਕੋਲ ਜਾ ਕੇ ਚੁਗਲੀ ਕਰੇ। ਚੰਦੂ ਲਾਲ ਨੂੰ ਵੀ ਸਾਥੀ ਬਣਾਵੇ। ਦੋਵੇਂ ਰਲਕੇ ਸਤਿਗੁਰੂ ਜੀ ਨੂੰ ਕਸ਼ਟ ਪਹੁੰਚਾਉਣ ਦਾ ਯਤਨ ਕਰਨ। ਇਹ ਵਿਚਾਰਕੇ ਪ੍ਰਿਥੀਚੰਦ ਲਾਹੌਰ ਜਾ ਅਪੜਿਆ। ਲਾਹੌਰ ਜਾ ਕੇ ਉਸਨੇ ਚੰਦੂ ਲਾਲ ਨੂੰ ਵਾਹਵਾ ਗਰਮ ਕੀਤਾ। ਚੰਦੂ ਲਾਲ ਸੂਬੇਦਾਰ ਅਗੇ ਜਾ ਰੋਇਆ। ਦੋਹਾਂ ਦੇ ਰੋਣੇ ਨੇ ਸੂਬੇਦਾਰ ਦਾ ਧਿਆਨ ਸਤਿਗੁਰੂ ਜੀ ਵਲ ਕੀਤਾ।

੧੯. ਬਾਦਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਔਣਾ

ਪ੍ਰਿਥੀਚੰਦ ਮੌਤ ਕਿਨਾਰੇ ਰੁਖੜਾ ਤਾਂ ਬਣ ਗਿਆ ਪਰ ਉਸ ਨੇ ਸਤਿਗੁਰੂ ਜੀ ਨਾਲ ਈਰਖਾ ਨਾ ਛੱਡੀ। ਉਸ ਨੇ ਸਗੋਂ ਚੰਦੂ ਲਾਲ ਨੂੰ ਵੀ ਜਾ ਚੁਕਣਾ ਦਿਤੀ ਉਸਨੂੰ ਕਿਹਾ—'ਤੇਰੀ ਧੀ ਦਾ ਨਾਤਾ ਮੋੜਿਆ ਹੈ, ਤੂੰ ਬਦਲਾ ਲੈ।' ਉਹ ਮੂਰਖ ਵੀ ਪ੍ਰਿਥੀਚੰਦ ਦੇ ਆਖੇ ਲਗਕੇ ਆਪਣੀ ਕੁਲ ਦਾ ਨਾਸ ਕਰਣ ਲਗਾ। ਦਿਲੀ ਤੋਂ ਖਬਰਾਂ ਆਈਆਂ ਕਿ ਬਾਦਸ਼ਾਹ ਦੌਰੇ ਉਤੇ ਆ ਰਿਹਾ ਹੈ। ਪ੍ਰਿਥੀ ਚੰਦ ਨੇ ਬਾਦਸ਼ਾਹ ਕੋਲ ਨਵੇਂ ਢੰਗ ਦੀ ਚੁਗਲੀ ਕਰਨੀ ਚਾਹੀ। ਉਹ ਚੁਗਲੀ ਇਹ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ (ਸ੍ਰੀ ਗੁਰੂ) ਗ੍ਰੰਥ ਸਾਹਿਬ ਤਿਆਰ ਕੀਤਾ

ਹੈ ਜਿਸ ਵਿਚ ਮੁਸਲਮਾਨ ਕੌਮ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਸ਼ਾਨ ਦੇ ਵਿਰੁਧ ਬਾਣੀ ਰਚਕੇ ਲਿਖੀ ਹੈ। ਹਿੰਦੂ ਸਮਾਨ ਦੇ ਦੇਵੀ ਦੇਵਤਿਆਂ ਨੂੰ ਵੀ ਚੰਗਾ ਨਹੀਂ ਜਾਤਾ। ਉਹ ਗ੍ਰੰਥ ਸਾਹਿਬ ਹਿੰਦੂ ਮੁਸਲਮਾਨਾਂ ਦੇ ਵਿਚਾਲੇ ਲੜਾਈ ਦਾ ਮੂਲ ਹੋ ਸਕਦਾ ਹੈ ਦੂਸਰਾ ਗੁਰੂ ਜੀ ਮੁਗਲ ਹਕੂਮਤ ਦੀ ਵਿਰੋਧਤਾ ਕਰ ਰਹੇ ਹਨ। ਸ਼ਕਤੀ ਤੇ ਧੋਖੇ ਨਾਲ ਮੁਗਲ ਹਕੂਮਤ ਦਾ ਤਖਤਾ ਉਲਟਾਣਾ ਚਾਹੁੰਦੇ ਹਨ ਬਗਾਵਤ ਵਾਸਤੇ ਸ਼ਕਤੀ ਇਕੱਠੀ ਕਰੀ ਜਾਂਦੇ ਹਨ।

ਉਪਰੋਕਤ ਸਕੀਮ ਉਸ ਨੇ ਚੰਦੂ ਲਾਲ ਨੂੰ ਵੀ ਜਾ ਦਸੀ। ਬਾਦਸ਼ਾਹ ਦਿਲੀਓਂ ਚਲਕੇ ਬਟਾਲੇ ਨੂੰ ਜਾ ਰਿਹਾ ਸੀ ਕਿਉਂਕਿ ਉਸਨੇ ਬਟਾਲੇ ਤੇ ਨਾਰੋਵਾਲ ਰਾਹੀਂ ਅਗੇ ਜਾਣਾ ਸੀ। ਪ੍ਰਿਥੀਚੰਦ ਅਗੇ ਜਾਕੇ ਮਿਲਿਆ ਤੇ ਚੁਗਲੀ ਕਰ ਦਿਤੀ। ਬਾਦਸ਼ਾਹ ਨੇ ਉਸੇ ਵੇਲੇ ਫੁਰਮਾਨ ਜਾਰੀ ਕੀਤਾ ਕਿ ਸਤਿਗੁਰੂ ਜੀ ਸ੍ਰੀ ਗੁਰੂ ਗ੍ਰੰਥ ਜੀ ਨੂੰ ਸਾਥ ਲੈ ਕੇ ਬਟਾਲੇ ਦੇ ਮੁਕਾਮ ਤੇ ਹਾਜ਼ਰ ਹੋਣ। ਹਲਕਾਰੇ ਦੇ ਰਾਹੀਂ ਫੁਰਮਾਨ ਸ੍ਰੀ ਅੰਮ੍ਰਿਤਸਰ ਪੁਜਾ ਤੇ ਸਤਿਗੁਰੂ ਜੀ ਨੂੰ ਮਿਲਿਆ। ਸਤਿਗੁਰੂ ਜੀ ਘਰਬਾਏ ਨਹੀਂ ਉਹ ਸਮਝ ਗਏ ਕਿ ਉਨ੍ਹਾਂ ਦੇ ਭਰਾ ਦੀ ਮਿਹਰਬਾਨੀ ਹੈ। ਸਤਿਗੁਰੂ ਜੀ ਉਸੇ ਸਮੇਂ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਕੋਲ ਸੱਦਕੇ ਬਚਨ ਕੀਤਾ ਕਿ ਉਹ ਕੁਝ ਸਿਖਾਂ ਨੂੰ ਨਾਲ ਲੈਕੇ ਬੜੇ ਸਤਿਕਾਰ ਨਾਲ ਪਾਲਕੀ ਵਿਚ ਰਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਟਾਲੇ ਲੈ ਜਾਣ ਤੇ ਪ੍ਰਕਾਸ਼ ਕਰਕੇ ਬਾਦਸ਼ਾਹ ਨੂੰ ਦਰਸ਼ਨ ਕਰਾ ਦੇਣ। ਜਿਸ ਪੰਨੇ ਤੋਂ ਬਾਦਸ਼ਾਹ ਆਖੇ ਬਾਣੀ ਦਾ ਪਾਠ ਕੀਤਾ ਜਾਵੇ। ਪਾਠ ਕਰਨ ਵਿਚ ਕੋਈ ਝਿਜਕ ਜਾਂ ਡਰ ਨਹੀਂ ਹੋਣਾ ਚਾਹੀਦਾ। ਕਰਤਾਰ ਸਹਾਇਤਾ ਕਰੇਗਾ। ਬਾਬਾ ਬੁਢਾ ਜੀ ਮਹਾਨ ਸ਼ਕਤੀ ਵਾਲੇ ਬ੍ਰਹਮ ਗਿਆਨੀ ਸਨ। ਉਹਨਾ ਨੇ ਗੁਰੂ ਘਰ ਦੀ ਸੇਵਾ ਕਰਕੇ ਸਭ ਸ਼ਕਤੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ। ਉਨ੍ਹਾਂ ਦੇ ਚੇਹਰੇ ਵਲ ਦੇਖਕੇ ਜ਼ਹਿਰੀਲੇ ਸੱਪ ਵੀ ਸ਼ਾਂਤ ਹੋ ਜਾਂਦੇ ਸਨ। ਭਾਈ ਗੁਰਦਾਸ ਜੀ ਤੇ ਹੋਰ ਸਿੱਖਾਂ ਨੂੰ ਨਾਲ ਲੈਕੇ ਬਾਬਾ ਬੁਢਾ ਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਟਾਲੇ ਲੈ ਗਏ। ਅੱਗੇ ਅਗੇ ਤਨਕਾਓ, ਪਿਛੇ ਚੌਰ ਅਤੇ ਨਾਲ ਸਿਖ ਸ਼ਬਦ ਪੜ੍ਹਦੇ ਜਾਂਦੇ। ਸਨ। ਐਸੇ ਸਤਿਕਾਰ ਨਾਲ ਅਗੇ ਕਦੀ ਕਿਸੇ ਨੇ ਕਿਸੇ ਧਾਰਮਿਕ ਪੁਸਤਕ ਨੂੰ ਇਕ ਥਾਂ ਤੋਂ ਦੂਸਰੀ ਥਾ ਨਹੀਂ ਖੜਿਆ। ਰਾਹ ਵਿਚ ਪਿੰਡਾਂ

ਦੀਆਂ ਸੰਗਤਾਂ ਨੇ ਥਾਂ ਥਾਂ ਸ੍ਵਾਗਤ ਕੀਤਾ। ਇਕ ਸ਼ਾਨਦਾਰ ਜਲੂਸ ਦੀ ਸ਼ਕਲ ਵਿਚ ਬਾਦਸ਼ਾਹੀ ਸ਼ਾਨ ਤੇ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਉਂਦੀ ਵੇਖਕੇ ਬਾਦਸ਼ਾਹ ਅਕਬਰ ਬਹੁਤ ਹੈਰਾਨ ਹੋਇਆ ਉਸਦੇ ਵੀ ਮਲੋ ਮਲੀ ਹੱਥ ਜੁੜ ਗਏ ਤੇ ਸਿਰ ਝੁਕ ਗਿਆ ਕਿਉਂਕਿ ਉਹ ਧਾਰਮਿਕ ਬੰਦਿਆਂ ਤੇ ਧਾਰ-ਮਿਕ ਗ੍ਰੰਥਾਂ ਦਾ ਬਹੁਤ ਸਤਿਕਾਰ ਕਰਿਆ ਕਰਦਾ ਸੀ।

ਬਾਬਾ ਬੁਢਾ ਜੀ ਦੇ ਕਹਿਣ ਉਤੇ ਬਾਦਸ਼ਾਹ ਦੇ ਹੁਕਮ ਨਾਲ ਇਕ ਪਵਿਤ੍ਰ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਭਾਈ ਗੁਰਦਾਸ ਜੀ ਤਾਬਿਆ ਬੈਠੇ। ਬਾਬਾ ਬੁਢਾ ਜੀ ਨੇ ਬਾਦਸ਼ਾਹ ਨੂੰ ਸੁਨੇਹਾ ਘਲਿਆ ਕਿ ਬਾਦਸ਼ਾਹ ਆਪ ਆਣਕੇ ਜੋ ਪੁਛਣਾ ਹੈ ਸੋ ਪੁਛ ਲੈਣ। ਬਾਦਸ਼ਾਹ ਅਕਬਰ ਨੂੰ ਜਦ ਸੁਨੇਹਾ ਮਿਲਿਆ ਤਾਂ ਉਹ ਆਪਣੇ ਵਜ਼ੀਰਾਂ ਸਮੇਤ ਉਸ ਅਸਥਾਨ ਪਰ ਜਾ ਪੁਜਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਬਾਦਸ਼ਾਹ ਨੇ ਆਪ ਪੰਨੇ ਪਲਟਕੇ ਆਖਿਆ—'ਏਥੋਂ ਪੜ੍ਹੋ!' ਭਾਈ ਗੁਰਦਾਸ ਜੀ ਨੇ ਉਹਨਾਂ ਪੰਨਿਆਂ ਤੋਂ ਵਾਕ ਲਿਆ। ਸਤਿਗੁਰੂ ਦੀ ਮਿਹਰ ਨਾਲ ਇਹ ਵਾਕ ਨਿਕਲਿਆ—

ਖਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸ ਖੁਦਾਇ ॥ ੧ ॥
ਬੰਦੇ ਚਸਮ ਦੀਦੰ ਫਨਾਇ ॥
ਦੁਨੀਆ ਮਰਦਾਰ ਖੁਰਦਨੀ ਗਾਫਲ ਹਵਾਇ ॥ ਰਹਾਉ ॥
ਗੈਬਾਨ ਹੈਵਾਨ ਹਰਾਮ ਖੁਸਤਨੀ ਮੁਰਦਾਰ ਬਖੋਰਾਇ ॥
ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥ ੨ ॥
ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥
ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥ ੩ ॥
ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥
ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥ ੪ ॥ (ਤਿਲੰਗ ਮ: ੫)

ਤਿਸ ਦਾ ਪ੍ਰਮਾਰਥ—ਮਿਟੀ (ਪੰਜ ਤਤ) ਅਤੇ ਆਤਮ ਜੋਤ ਨਾਲ ਦਿਸਦੀ ਦੁਨੀਆਂ ਦੇ ਬੰਦੇ ਰਚੇ ਗਏ ਹਨ॥ ਅਸਮਾਨ, ਧਰਤੀ, ਬਨਾਸਪਤੀ,

ਜਲ ਆਦਿਕ ਵਸਤੂਆਂ ਪ੍ਰਮਾਤਮਾਂ (ਖੁਦਾ) ਨੇ ਬਣਾਈਆਂ ਹਨ । ਹੇ ਪੁਰਸ਼! ਸੋਚ ਇਹ ਜੋ ਕੁਝ ਦਿਸਦਾ ਹੈ, ਇਹ ਸਭ ਕੁਝ ਨਾਸ ਹੋਣ ਵਾਲਾ ਹੈ। ਦੁਨੀਆਂ ਦੇ ਲੋਕ ਪ੍ਰਮਾਤਮਾ ਨੂੰ ਭੁਲਕੇ ਹਰਾਮ ਖਾਣ ਲਗ ਪਏ ਹਨ। ਲਾਲਚ ਦੇ ਸੁਦਾਈ ਕੀਤੇ ਹੋਏ ਭਰਾਵਾਂ ਨੂੰ ਭਰਾ ਲੁਟੀ ਜਾ ਰਹੇ ਹਨ, ਮਰਨਾ ਕਿਸੇ ਨੂੰ ਯਾਦ ਨਹੀਂ ਰਿਹਾ। ਪਸ਼ੂ, ਭੂਤ ਪ੍ਰੇਤ ਆਦਿਕ ਹਰਾਮ ਮਾਰਕੇ ਖਾਂਦੇ ਹਨ। ਹੇ ਬੰਦੇ ਤੂੰ ਨਾ ਭੁਲ ਪ੍ਰਮਾਤਮਾ ਨੂੰ, ਨਹੀਂ ਤੇ ਤੈਨੂੰ ਵੀ ਨਰਕ ਦੀ ਅੱਗ ਵਿਚ ਸੁਟੇਗਾ। ਡਰ ਖੁਦਾ ਕੋਲੋਂ। ਮਨ ਨੂੰ ਵਸ ਕਰਕੇ ਸੰਜਮ ਦਾ ਜੀਵਨ ਜੀ। ਹੇ ਬੰਦੇ! ਦਸ ਜਦ ਮੌਤ ਦੇ ਫਰੇਸਤੇ ਨੇ ਤੈਨੂੰ ਆ ਗਲੋਂ ਫੜਿਆ ਤਾਂ ਤੇਰੇ ਸਰਪ੍ਰਸਤ ਰਿਸ਼ਤੇਦਾਰ ਤੇ ਸਬੰਧੀ ਸਭ ਸਾਥ ਨਹੀਂ ਦੇਣਗੇ॥ਇਸ ਵਾਸਤੇ ਉਸਪ੍ਰਮਾਤਮਾ(ਸਰਪ੍ਰਸਤ)ਨੂੰਚੇਤੇ ਰਖਜੋ ਦਰਗਾਹੇਸਹਾਇਤਾ ਕਰਦਾ ਹੈ ਸਦਾ (ਅਰਦਾਸ) ਬੇਨਤੀ ਕਰਿਆ ਕਰ, ਪ੍ਰਮਾਤਮਾ ਤੇਰਾ ਭਲਾ ਕਰੇ॥

ਸ਼ਬਦ ਦਾ ਪਾਠ ਕਰਨ ਦੇ ਪਿਛੋਂ ਭਾਈ ਗੁਰਦਾਸ ਜੀ ਬਾਣੀ ਦੇ ਅਰਥ ਕਰਕੇ ਸੁਣਾਏ॥ ਬਾਦਸ਼ਾਹ ਆਪ ਆਲਮ ਬੰਦਾ ਸੀ॥ ਉਹ ਤਾਂ ਅਰਥ ਭਾਵ ਸਮਝਕੇ ਝੂੰਮਣ ਲਗ ਪਿਆ॥ 'ਵਾਹ ਵਾਹ ! ਕਿੰਨਾ ਚੰਗਾ ਗਿਆਨ ਹੈ॥' ਬਾਦਸ਼ਾਹ ਦੇ ਮਨ ਦੀ ਆਵਾਜ਼ ਸੀ, ਸਾਰੇ ਵਜ਼ੀਰ ਤੇ ਹੋਰ ਬੰਦੇ ਵੀ ਸੁਣਕੇ ਦੰਗ ਰਹਿ ਗਏ॥ ਚੁਗਲਾਂ ਦੇ ਮੂੰਹ ਮਿੱਟੀ ਪਈ ਪਰ ਚੁਗਲ ਬੰਦਾ ਢੀਠ ਬਹੁਤ ਹੁੰਦਾ ਹੈ ਚੰਦੂ ਲਾਲ ਨੇ ਕਿਹਾ 'ਹੋਰ ਕਿਸੇ ਸਫੇ ਤੋਂ ਸੁਣੋ, ਇਥੇ ਵਡਿਆਈ ਹੈ ਤਾਂ ਅਗੇ ਨਿੰਦਾ ਵੀ ਹੈ॥' ਵਜ਼ੀਰਾਂ ਦੇ ਕਹਿਣ ਤੇ ਬਾਦਸ਼ਾਹ ਨੇ ਫਿਰ ਆਪ ਪੰਨਾ ਉਲਟਕੇ ਦਿਤਾ ਉਸ ਪੰਨੇ ਉਤੇ ਵੀ ਸ੍ਰੀਗੁਰੂ ਅਰਜਨ ਦੇਵ ਜੀ ਦੀਬਾਣੀਸੀ॥ਭਾਈਗੁਰਦਾਸ ਜੀਨੇ ਪਾਠਕੀਤਾ-

ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆਂ ਕੇ ਧੰਧੇ॥
ਹੋਇ ਪੈਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ॥੧॥
ਸਚੁ ਨਿਵਾਜ ਯਕੀਨ ਮੁਸਲਾ॥ਮਨਸਾ ਮਾਰਿ ਨਿਵਾਰਿਹੁ ਆਸਾ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥ ੨ ॥

ਤਿਸਦਾ ਪ੍ਰਮਾਰਥ-ਉਸ ਖੁਦਾ ਦੇ ਬੰਦੇ, ਜੋ ਖੁਦਾ ਅਪਹੁੰਚ ਤੇ ਅਪਾਰ ਹੈ, ਸੁਣ! ਜਗਤ ਦੇ ਧੰਦਿਆਂ (ਕੰਮਾਂ) ਦੇ ਖਿਆਲ ਛਡ ਕੇ ਖੁਦਾ ਦੀ ਬੰਦਗੀ ਕਰ॥ ਬੰਦਗੀ ਕਿਸ ਤਰ੍ਹਾਂ ਕਰ? ਸੰਤਾਂ, ਫਕੀਰਾਂ ਤੇ ਦਰਵੇਸ਼ਾਂ ਦੇ ਚਰਨਾਂ ਦੀ ਧੂੜੀ ਬਣ॥

ਸੰਤਾਂ ਦੇ ਚਰਨਾਂ ਦੀ ਧੂੜੀ ਬਣਨ ਵਾਲਾ ਫਕੀਰ ਹੀ ਦਰਗਾਹੇ ਕਬੂਲ ਹੁੰਦਾ ਹੈ।

ਦੇਖ ਬੰਦੇ! ਜੇ ਤੂੰ ਮੁਸਲਮਾਨ ਹੀ ਰਹਿਣਾ ਹੈ ਤਾਂ ਬੇਸ਼ਕ ਮੁਸਲਮਾਨ ਰਹੋ ਪਰ ਇਸਲਾਮ ਦੇ ਸਚੇ ਅਸੂਲਾਂ ਨੂੰ ਧਾਰਨ ਕਰ। ਸਚੇ ਅਸੂਲ ਕੀ ਹਨ ? ਨਮਾਜ਼, ਇਹ ਸਚ ਦੀ ਕਰ। ਝੂਠ ਨਾ ਕਦੀ ਬੋਲ। ਖੁਦਾ ਉਤੇ ਭਰੋਸਾ ਰਖਣ ਦੀ ਫੂੜੀ (ਸਫ) ਬਣਾ। ਡੰਡਾ ਹਬ ਰੱਖ ਮਨਸਾ ਨੂੰ ਮਾਰਨ ਦਾ। ਸਰੀਰ ਨੂੰ ਮਸੀਤ ਸਮਝ। ਆਤਮਾ ਖੁਦਾ ਦਾ ਰੂਪ ਹੈ ਉਹਦਾ ਇਕ ਹਿੱਸਾ ਹੈ ਜੋ ਐਸੀਆਂ ਸ਼ਰਹ ਦੀਆਂ ਗਲਾਂ ਹਨ ਉਨ੍ਹਾਂ ਨੂੰ ਪੂਰੀਆਂ ਕਰ। ਪ੍ਰਮਾਤਮਾ ਦੀ ਖੋਜ ਕਰ। ਮਨ ਦੀ ਸ਼ੁਧੀ ਦੇ ਜੋ ਵਸੀਲੇ ਹਨ ਉਹ ਪ੍ਰਮਾਤਮਾ ਦਾ ਸਿਮਰਨ ਕਰ। ਸੂਫੀਪਨ ਵਾਲੀ ਜੋ ਮਾਰਫਤ ਅਮਰ ਸਚਾਈ ਦਾ ਗਿਆਨ ਹੈ, ਉਸਨੂੰ ਹਾਸਲ ਕਰ।

ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥ ੩ ॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਿਕ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥ ੪ ॥

ਹੇ ਬੰਦੇ! ਨਾਮ ਦੀ ਕਮਾਈ ਦੀ ਸ਼ਰਅ ਸ਼ਰੀਅਤ ਨੂੰ ਨਿਭਾਵੋ। ਆਤ-ਮਿਕ ਗਿਆਨ ਨੂੰ ਭਾਲੋ, ਕੁਰਾਨ ਤੇ ਅੰਜੀਲ ਦੇ ਬਚਨਾਂ ਨੂੰ ਪੜ੍ਹ ਤੇ ਸੁਣ ਕਰਕੇ ਅਮਲ ਕਰਿਆ ਕਰੋ। ਦਸਾਂ ਔਰਤਾਂ (ਇੰਦ੍ਰੀਆਂ) ਨੂੰ ਕਾਬੂ ਕਰੋ, ਪੰਜ ਜੋ ਚੋਰ ਹਨ ਉਨ੍ਹਾਂ ਨੂੰ ਕਾਬੂ ਰਖੋ,ਕਾਮ,ਕ੍ਰੋਧ, ਲੋਭ ਹੰਕਾਰ ਆਦਿਕ। ਐਸਾ ਖੈਰ (ਦਾਨ) ਮੰਗੋ। ਐਸਾ ਧਰਮ ਹਰ ਪੁਰਸ਼ ਦਾ ਹੋਣਾ ਚਾਹੀਦਾ ਹੈ ਜੋ ਮੁਸਲਮਾਨ ਹੋਵੇ ਤਾਂ ਐਸਾ ਹੋਵੇ।

ਮਕਾ ਮਿਹਰ ਰੋਜਾ ਪੈਖਾਕਾ ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥ ੫ ॥
ਸਚ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥ ੬ ॥

ਜੇ ਮਕੇ ਹੱਜ ਵਾਸਤੇ ਨਾ ਜਾਇਆ ਜਾਵੇ ਤਾਂ ਸੰਗਤ ਦੀ ਧੂੜ ਹੋਣ ਨਾਲ ਹੀ ਤੇਰਾ ਹਜ ਹੋ ਜਾਵੇਗਾ। ਭਾਵ ਸੇਵਾ ਕਰਨ ਨਾਲ, ਸਵਰਗ ਦੀ ਆਸਾ ਰਖਦਾ ਹੈਂ ?ਵਲੀ ਜਾਂ ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਬਹਿਸ਼ਤ(ਸਵਰਗ)ਹੈ। ਤੈਨੂੰ ਆਖਿਆ

ਜਾਂਦਾ ਹੈ ਕਿ ਬਹਿਸ਼ਤਾਂ ਵਿਚ ਹੂਰਾਂ ਮਿਲਣਗੀਆਂ। ਹੂਰਾਂ ਤੇ ਚੰਗੀ ਰੋਸ਼ਨੀ ਖੁਦਾ ਦੀ ਯਾਦ ਨੂੰ ਸਮਝ ਖੁਦਾ ਦਾ ਦੀਦਾਰ ਹੋਵੇਗਾ। ਕੂੜ ਤੇ ਮਾਇਆ ਰੂਪ ਹੂਰਾਂ ਨੂੰ ਕੀ ਕਰਨਾ ਹੈ। ਫਕੀਰੀ ਕੋਠਾ ਪਾਕੇ ਬੰਦਗੀ ਕਰੇਂਗਾ ਤਾਂ ਖੁਦਾ ਦੀ ਰੋਸ਼ਨੀ ਤੇਰੇ ਕੋਲ ਆ ਜਾਵੇਗੀ। ਅਸਲ ਕਾਜ਼ੀ ਉਹ ਹੈ ਜੋ ਸੱਚ ਬੋਲਦਾ ਤੇ ਸਤਜ਼ਾ ਕਮਾਉਂਦਾ ਹੈ। ਹਾਜੀ (ਮਕੇ ਦਾ ਹਜ ਕਰਨ ਵਾਲਾ) ਉਹ ਹੈ ਜੋ ਦਿਲ ਨੂੰ ਖੁਦਾ ਨਾਲ ਜੋੜੇ ਤੇ ਨੇਕ ਕੰਮ ਕਰੇ। ਮੁਲਾਂ ਓਹੋ ਹੈ ਜੋ ਲੋਕਾਂ ਨੂੰ ਸਿਖਿਆ ਦੇਣ ਦੇ ਨਾਲ ਆਪਣੇਂ ਦਿਲ ਨੂੰ ਸ਼ੁਧ ਕਰੇ ਤੇ ਕੁਕਰਮਾਂ ਨੂੰ ਛੱਡੇ। ਲੁਕ ਲੁਕ ਕੇ ਪਾਪ ਨਾ ਕਰੇ। ਸੰਤ ਜਾਂ ਫਕੀਰ (ਦਰਵੇਸ਼) ਉਹ ਹੈ ਜੋ ਖੁਦਾ ਨੂੰ ਹੀ ਆਸਰਾ ਸਮਝੇ।

ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁਨਤਿ ਸੀਲੁ ਬੰਧਾਨਿ ਬਰਾ ॥ ੭ ॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥ ਪੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥੮॥

ਚਵੀ ਘੰਟੇ ਪ੍ਰਮਾਤਮਾ ਨੂੰ ਯਾਦ ਕਰਦਾ ਰਹੁ। ਵਕਤ ਦਾ ਖਿਆਲ ਨਾ ਕਰ, ਸਾਰਾ ਸਮਾਂ ਖੁਦਾ ਦਾ ਹੈ, ਭਗਤੀ ਕਰਨ ਦਾ ਕੋਈ ਖਾਸ ਵੇਲਾ ਮੁਕੱਰਰ ਨਹੀਂ। ਤੇਰੀ ਮਾਲਾ ਏਹੋ ਹੋਣੀ ਚਾਹੀਏ ਕਿ ਪ੍ਰਮਾਤਮਾ ਦਾ ਸਿਮਰਨ ਕਰੇਂ। ਉਸ ਦਾਤੇ ਨੂੰ ਨਾ ਭੁਲੇਂ। ਜ਼ਬਤ ਵਿਚ ਰਹਿਕੇ ਜੀਵਨ ਕਟਣਾ ਏਹੋ ਹੀ ਸ਼ਰਾਫਤ ਹੈ। ਇਕ ਘੜੀ ਚਿਤ ਵਿਚ ਵਿਚਾਰਕੇ ਦੇਖ, ਅਰ, ਟਬਰ ਇਹ ਸਭ ਫਾਹੀਆਂ ਹਨ। ਪੀਰ, ਵਡੇ ਬਾਦਸ਼ਾਹ, ਸ਼ਾਹੂਕਾਰ ਸਭ ਨਾਸਵਾਨ ਹਨ ਆਖਰ ਸਭ ਨੇ ਇਕ ਘਰ ਜਾ ਬੈਠਣਾ ਹੈ ਉਹ ਹੈ ਖੁਦਾ ਦਾ ਘਰ।

ਅਵਲਿ ਸਿਫਤਿ ਦੂਜੀ ਸਾਬੂਰੀ ॥
ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰ ਪਰਾ ॥ ੯ ॥
ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹ ਬਾਂਗਾਂ ਬੁਰਗੂ ਬਰਖੁਦਾਰ ਖਰਾ ॥ ੧੦ ॥
ਪਹਿਲਾਂ ਪ੍ਰਮਾਤਮਾ ਉਤੇ ਭਰੋਸਾ ਤੇ ਪ੍ਰਮਾਤਮਾ ਦੀ ਉਸਤਤ ਕਰਨੀ ਚਾਹੀਏ,

ਦੂਸਰਾ ਸੰਤੋਖ ਰਖਣਾ ਚਾਹੀਏ, ਤੀਸਰੇ ਹਰ ਇਕ ਨਾਲ ਨਿੰਮ੍ਰਤਾ ਨਾਲ ਪੇਸ਼ ਆਵੇ, ਹੰਕਾਰ ਨੂੰ ਛਡੀਏ, ਚੌਥੇ ਕਮਾਈ ਵਿਚੋਂ ਦਾਨ ਕਰਨਾ ਚਾਹੀਦਾ ਹੈ। ਇਹੋ ਹੀ ਪੰਜ ਨੇਕ ਕੰਮ ਹਨ ਜਿਨ੍ਹਾਂ ਨੂੰ ਕਰਕੇ ਪ੍ਰਮਾਤਮਾ ਸਤਿਕਾਰ ਬਖਸ਼ੇਗਾ। ਸਦਾ ਹਰੀ ਦਾ ਸਿਮਰਨ ਕਰਦੇ ਰਿਹਾ ਕਰੋ, ਮਾੜੇ ਕਰਮਾਂ ਨੂੰ ਛੱਡੋ। ਖੁਦਾ (ਪ੍ਰਮਾਤਮਾ) ਦੇ ਨਾਮ ਦੀ ਬਾਂਗ ਦਿਆ ਕਰੋ। ਸਦਾ ਉਹ ਕਮਾਈ ਕਰੋ ਜੋ ਧਰਮ ਦੀ ਹੈ। ਉਸੇ ਨੂੰ ਖਾਓ ਤੇ ਵਰਤੋ, ਸਭ ਪਾਸੇ ਪ੍ਰਮਾਤਮਾ ਹੀ ਹੈ।

ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥ ੧੨ ॥
ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥ ੧੩ ॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥ ੧੪ ॥
ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥ ੧ ॥
(ਮਾਰੂ ਮ: ੫)

ਤਿਸਦਾ ਪ੍ਰਮਾਰਥ—ਮੁਸਲਮਾਨ ਹੋ ਸਕਦਾ ਹੈ, ਜਿਸ ਦਾ ਦਿਲ ਬਹੁਤ ਨਰਮ ਹੋਵੇ। ਜੋ ਆਤਮਾ ਨੂੰ ਨਿਰਮਲ ਰਖੇ ਦੁਨੀਆਂ ਦੀ ਐਸ਼-ਇਸ਼ਰਤ ਵਿਚ ਰੁਝਕੇ ਜੀਵਨ ਬਰਬਾਦ ਨਾ ਕਰੇ। ਓਹ ਫੁਲ, ਰੇਸ਼ਮ, ਕਪੜੇ ਤੇ ਘਿਓ ਮ੍ਰਿਗਾਨ ਆਦਿਕ ਨੂੰ ਹੰਡਾਉਂਦਾ ਹੋਇਆ ਪ੍ਰਮਾਤਮਾ ਨੂੰ ਨਾ ਭੁਲੇ। ਜਿਸ ਉਤੇ ਪ੍ਰਮਾਤਮਾ ਮੇਹਰਵਾਨ ਹੋਵੇ, ਓਹੋ ਹੀ ਚੰਗਾ ਮਰਦ ਹੈ। ਓਹੋ ਹੀ ਤਿਆਗੀ ਹੈ ਜੋ ਖੁਦਾ ਦਾ ਨਾਮ ਲੈਂਦਾ ਹੈ। ਕੁਦਰਤ ਨੂੰ ਬਨਾਓਣ ਵਾਲਾ ਪ੍ਰਮਾਤਮਾ ਵਡਾ ਹੈ। ਓਹਦੀ ਵਡੀ ਵਡਿਆਈ ਹੈ। ਓਹ ਰਹਿਮ (ਦਇਆ) ਕਰਨ ਵਾਲਾ ਹੈ। ਜਿਨ੍ਹਾਂ ਨੇ ਸਚ ਤੇ ਸਚ ਦੇ ਹੁਕਮ ਨੂੰ ਜਾਣ ਲਿਆ ਹੈ,

ਓਹੋ ਹੀ ਤਰ ਗਿਆ ਹੈ । ਓਹ ਸੁਤੰਤ੍ਰ ਹੋ ਗਿਆ ਹੈ ।

ਦੋਹਾਂ ਸ਼ਬਦਾਂ ਨੇ ਬਾਦਸ਼ਾਹ ਦੇ ਦਿਲ ਉਤੇ ਬਹੁਤ ਚੰਗਾ ਅਸਰ ਕੀਤਾ ਪਰ ਚੁਗਲਾਂ ਦੇ ਮਨ ਕੋਲੇ ਹੋ ਗਏ । ਉਨ੍ਹਾਂ ਦਾ ਲਹੂ ਠੰਢਾ ਹੋ ਗਿਆ । ਉਹ ਚੁਪ ਨਾ ਰਹਿ ਸਕੇ ਚੰਦੂ ਨੇ ਅਗੇ ਹੋ ਕੇ ਕਿਹਾ—'ਬਾਦਸ਼ਾਹ ਸਲਾਮਤ ! ਮੈਂ ਵਰਕ ਉਲਟਕੇ ਦਸਦਾ ਹਾਂ, ਉਥੋਂ ਪੜ੍ਹਨ ।' ਬਾਦਸ਼ਾਹ ਨੇ ਉਤਰ ਦਿਤਾ, ਤੁਸੀਂ ਆਪਣੇ ਮਨ ਦੀ ਤਸੱਲੀ ਕਰ ਲਵੋ । ਮੈਨੂੰ ਤਾਂ ਇਹ ਕਿਤਾਬ (ਗ੍ਰੰਥ ਸਾਹਿਬ) ਚੰਗੀ ਪ੍ਰਤੀਤ ਹੁੰਦੀ ਹੈ, ਖੁਦਾ ਦੀ ਤਰੀਫ ਲਿਖੀ ਹੈ ਹੋਰ ਕੋਈ ਗਲ ਲਿਖੀ ਨਹੀਂ ਜਾਪਦੀ ।"

ਮੂਰਖ ਚੰਦੂ ਲਾਲ ਨੇ ਅਗੇ ਹੋਕੇ ਪੰਨੇ ਉਲਟੇ ਤੇ ਉਂਗਲ ਨਾਲ ਇਸ਼ਾਰਾ ਕਰਕੇ ਭਾਈ ਗੁਰਦਾਸ ਜੀ ਨੂੰ ਕਿਹਾ—'ਏਥੋਂ ਪੜ੍ਹੋ ।' ਭਾਈ ਗੁਰਦਾਸ ਜੀ ਉਥੋਂ ਹੀ ਧਾਨ ਕਰਨ ਲਗੇ ਤਾਂ ਸ਼ਬਦ ਆਇਆਃ—

ਕੋਈ ਬੋਲੈ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥
ਕਾਰਣ ਕਰਣ ਕਰੀਮ ਕਿਰਪਾ ਧਾਰਿ ਰਹੀਮ ॥ ਰਹਾਉ ॥ ਕੋਈ ਨਾਵੈ ਤੀਰਥਿ
ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥ ੨ ॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥ ੩ ॥
ਕੋਈ ਕਹੈ ਤੁਰਕੁ ਕੋਈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥
ਸਾਧ ਸੰਗਤ ਕੀ ਜਾਵਉ ਟੇਕ ॥ ਕਹੁ ਨਾਨਕ ਜਿਨਿ ਤਿਸੁ ਕੀਰਤਨੁ ਏਕ ॥

(ਰਾਮਕਲੀ ਮਃ ੫)

ਭਾਰਤ ਦੇ ਵਿਚ ਹਿੰਦੂ ਸਮਾਜ ਤੇ ਮਸਲਮਾਨ ਮਜ਼ਹਬ ਇਹ ਦੋ ਪ੍ਰਧਾਨ ਜਥੇਬੰਦੀਆਂ ਸਨ । ਪ੍ਰਮਾਤਮਾ ਜੋ ਸਰਬ ਸ਼ਕਤੀਵਾਨ ਹੈ ਤੇ ਜਗਤ ਜੀਵਾਂ ਦਾ ਕਰਤਾ ਹੈ ਉਸਦੇ ਵਖੋ ਵਖ ਨਾਮ ਦੇਸ਼ ਕਾਲ ਤੇ ਬੋਲੀ ਅਨੁਸਾਰ ਰਖੇ ਹੋਏ ਹਨ । ਮੁਸਲਮਾਨ 'ਖੁਦਾ' ਆਖਕ ਪ੍ਰਸੰਨ ਹੁੰਦੇ ਹਨ ਈਸਾਈ ਰੱਬ ਜਾਂ ਗੌਡ ਆਖਦੇ ਹਨ ਅਤੇ ਹਿੰਦੂ ਈਸ਼ੂਰ' ਪ੍ਰਮਾਤਮਾ, ਭਗਵਾਨ ਅਤੇ ਪ੍ਰਭੂ ਆਦਿਕ ਅਨੇਕਾਂਹੀ ਨਾਵਾ ਨਾਲ ਪੁਕਾਰਦੇ ਹਨ ਅਤੇ ਕਈਆਂ ਗ੍ਰੰਥਾਂ ਵਿਚ ੧੦੮ ਤੋਂ ਉਪਰ ਪ੍ਰਮਾਤਮਾ ਦੇ ਨਾਮ ਲਿਖੇ ਹੋਏ ਮਿਲਦੇ ਹਨ । ਨਾਮ ਦੇ ਬਦਲਣ ਜਾਂ ਨਵਾਂ ਨਾਮ ਰਖਣ ਨਾਲ ਕਿਸੇ ਵਸਤੂ ਦੇ ਗੁਣ ਔਗੁਣ ਨਹੀਂ ਬਦਲਦੇ, ਇਸ ਵਾਸਤੇ ਅਸੀਂ 'ਖੁਦਾ' ਆਖੀਏ ਜਾਂ 'ਪ੍ਰਮਾਤਮਾ' ਰਾਮ' ਇਕ ਹੀ ਗਲ ਹੈ ਉਹ ਜਗਤ ਦਾ ਕਰਤਾ ਦੇ ਸਾਰੇ ਜੀਵਾਂ ਦਾ 'ਬਾਪ' ਹੈ। ਸਾਹਿਬਾਂ ਨੇ ਫੁਰਮਾਇਆ ਹੇ ਜਗਤ ਦੇ ਜੀਵੋ ਉਸ ਪ੍ਰਮਾਤਮਾ ਨੂੰ ਕੋਈ

ਰਾਮ ਤੇ ਕੋਈ ਖੁਦਾ ਆਖਕੇ ਯਾਦ ਕਰਦਾ ਹੈ, ਕੋਈ ਗੁਸਾਈਂ ਆਖਦਾ ਹੈ ਤੇ ਕੋਈ ਅਲਾ ਆਖਣ ਵਿਚ ਪ੍ਰਸੰਨਤਾ ਪ੍ਰਾਪਤ ਕਰਦਾ ਹੈ ਸਾਰੇ ਕੰਮਾਂ ਦੇ ਕਰਨ ਵਾਲਾ ਉਹ ਪ੍ਰਮਾਤਮਾ ਹੈ, ਉਹ ਮੇਹਰਾਂ ਦਾ ਖਜ਼ਾਨਾਂ ਤੇ ਦਇਆ ਦਾ ਸਾਗਰ ਹੈ। ਆਪੋ ਆਪਣੇ ਮਤ ਦੇ ਦਸਣ ਅਨੁਸਾਰ ਕੋਈ ਤੀਰਥਾਂ ਉਤੇ ਇਸ਼ਨਾਨ ਕਰਨ ਜਾਂਦਾ ਹੈਕਿ ਉਸਦੀ ਕਲਿਆਣ ਹੋਵੇ ਅਤੇ ਕੋਈ ਮੱਕੇ ਦਾ ਹੱਜ ਕਰਨ ਜਾਂਦਾ ਹੈ ਕਿ ਖੁਦਾ ਉਸ ਨੂੰ ਬਹਿਸ਼ਤਾਂ ਵਿਚ ਰਖੇ, ਕੋਈ ਪੱਥਰਾਂ, ਦਰਿਆਵਾਂ ਤੇ ਖੂਹਾਂ ਅੱਗੇ ਬੈਠਕੇ ਪੂਜਾ ਕਰਦਾ ਹੈ ਤੇ ਕੋਈ ਨਮਾਜ਼ਾਂ ਪੜ੍ਹਦਾ ਹੈ। ਪਰ ਦੋਵੇਂ ਧਿਰਾਂ ਉਸ ਭਗਵਾਨ ਨੂੰ ਚੇਤੇ ਕਰਦੇ ਹਨ ਹਿੰਦੂ ਵੇਦਾਂ ਦੇ ਮੰਤ੍ਰ ਪੜ੍ਹਦੇ ਹਨ। ਕੋਈ ਨੀਲੇ ਕਪੜੇ ਪਾਉਂਦੇ ਹਨ ਤੇ ਕੋਈ ਚਿਟੇ ਕੋਈ ਤੁਰਕ (ਮੁਸਲਮਾਨ) ਅਖਵਾਉਂਦਾ ਹੈ ਤੇ ਕੋਈ ਹਿੰਦੂ ਕੋਈ ਤਾਂ ਬਹਿਸ਼ਤ ਵਿਚ ਜਾਣਾ ਚਾਹੁੰਦਾ ਹੈ ਤੇ ਕੋਈ ਸਵਰਗ ਦੀ ਇਛਾ ਰਖਦਾ ਹੈ ਪਰ ਜੇਹੜਾ ਕਰਤਾਰ (ਖੁਦਾ ਤੇ ਪ੍ਰਮਾਤਮਾ) ਦੇ ਭਾਣੇ ਵਿਚ ਚਲਦਾ ਹੈ ਉਸ ਨੂੰ ਦਿਲੋਂ ਯਾਦ ਕਰਦਾ ਹੈ ਓਹੋ ਹੀ ਮਹਾਂ ਪੁਰਸ਼ ਹੈ ਤੇ ਕਰਤਾਰ ਉਸ ਨੂੰ ਹੀ ਆਪਣੇ ਨਾਲ ਅਭੇਦ ਕਰੇਗਾ ਬਾਕੀ ਤਾਂ ਏਥੇ ਝਗੜੇ ਕਰਕੇ ਹੀ ਜੀਵਨ ਗਵਾਉਂਦੇ ਹਨ। ਇਸ ਸ਼ਬਦ ਨੂੰ ਸੁਣਕੇ ਬਾਦਸ਼ਾਹ ਨੇ ਦੋਵੇਂ ਹੱਥ ਜੋੜੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕ ਦਿਤਾ ੫੧ ਸੋਨੇ ਦੀਆਂ ਮੋਹਰਾਂ ਭੇਟ ਕੀਤੀਆਂ, ਚੁਗਲਾਂ ਨੂੰ ਝਾੜਾਂ ਪਈਆਂ ਚੁਗਲਾਂ ਦਾ ਮੂੰਹ ਕਾਲਾ ਹੋਇਆ, ਉਹ ਦਰਗਾਹੋਂ ਫਿਟਕਾਰੇ ਗਏ। ਬਾਦਸ਼ਾਹ ਨੇ ਆਸਣ ਉਪਰੋਂ ਉਠਦਿਆਂ ਹੋਇਆਂ ਆਖਿਆ—'ਇਸ ਕਿਤਾਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਕੋਈ ਵਾਧੂ ਜਾਂ ਕਿਸੇ ਦੇ ਦਿਲ ਦੁਖਾਉਣ ਵਾਲੀ ਕੋਈ ਗਲ ਨਹੀਂ ਲਿਖੀ, ਇਸ ਵਿਚ ਖੁਦਾ ਦੀ ਤਾਰੀਫ ਹੈ।'

ਭਾਈ ਗੁਰਦਾਸ ਜੀ ਤੇ ਬਾਬਾ ਬੁਢਾ ਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿਚ ਰਖਕੇ ਸ੍ਰੀ ਹਰਿਮੰਦਰ ਸਾਹਿਬ ਲੈ ਆਏ ਤੇ ਪ੍ਰਕਾਸ਼ ਕਰ ਦਿਤਾ।

੧੯. ਬੀਬੀ ਭਾਨੀ ਜੀ ਮਹਾਂ ਦੇਵ ਤੇ ਪ੍ਰਿਥੀਚੰਦ ਦਾ ਪ੍ਰਲੋਕ ਗਮਨ

ਬਾਦਸ਼ਾਹ ਅਕਬਰ ਸੰਸਾਰ ਦੇ ਸਾਰੇ ਧਰਮਾਂ ਦਾ ਸਤਿਕਾਰ ਕਰਨ ਵਾਲਾ ਬਾਦਸ਼ਾਹ ਸੀ। ਉਹ ਗੁਰੂ ਘਰ ਦਾ ਬਹੁਤ ਪ੍ਰੇਮੀ ਸੀ। ਉਹ ਜਦੋਂ ਵੀ ਪੰਜਾਬ ਆਉਂਦਾ ਰਿਹਾ ਤਦੋਂ ਹੀ ਸਤਿਗੁਰਾਂ ਦੇ ਦਰਸ਼ਨ ਕਰਕੇ ਜਾਂਦਾ ਰਿਹਾ। ਅਕਬਰ ਦੇ ਰਾਜ ਵਿਚ ਸਿਖੀ ਦਾ ਚਮਨ ਬਹੁਤ ਵਧਿਆ ਤੇ ਖਿੜਿਆ ਸੀ। ਅਕਬਰ ਨੇ ਹਿੰਦੂ ਧਰਮ ਦੇ ਗ੍ਰੰਥ ਦਾ ਬਹੁਤ ਸਤਿਕਾਰ ਕੀਤਾ ਸੀ ਕਈਆ ਗ੍ਰੰਥਾਂ ਦਾ ਸੰਸਕ੍ਰਿਤ ਤੋਂ ਫਾਰਸੀ ਜ਼ਬਾਨ ਵਿਚ ਉਲਥਾ ਵੀ ਕਰਾਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਕੇ ਅਤੇ ਗੁਰਬਾਣੀ ਸੁਣਕੇ ਉਹ ਬਹੁਤ ਪ੍ਰਸੰਨ ਹੋਇਆ ਉਸ ਦੀ ਵੀ ਏਹੋ ਇਛਾ ਸੀ ਹਿੰਦੂ ਤੇ ਮੁਸਲਮਾਨ ਬਜ਼ੁਰਗਾਂ ਦੇ ਉਹ ਬਚਨ ਜੋ ਈਸ਼੍ਵਰ ਜਸ, ਭਗਤੀ ਅਤੇ ਸਰਬ ਸਾਂਝ ਬਾਰੇ ਲਿਖੇ ਹੋਣ ਉਹ ਇਕੱਤ੍ਰ ਕੀਤੇ ਜਾਣ ਬਾਦਸ਼ਾਹ ਬਟਾਲੇ ਤੋਂ ਪਸ਼ਾਵਰ ਨੂੰ ਗਿਆ ਸੀ ਸੰ: ੧੬੬੨ ਭਾਦਰੋਂ ਨੂੰ ਆਉਂਦਾ ਹੋਇਆ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਢੁਕਿਆ।

ਉਨੀ ਦਿਨੀ ਸਤਿਗੁਰੂ ਜੀ ਗੋਇੰਦਵਾਲ ਸਾਹਿਬ ਪੁਜੇ ਹੋਏ ਸਨ। ਬੜਾ ਭਾਰੀ ਦੀਵਾਨ ਤੇ ਯੱਗ ਕੀਤਾ ਸੀ। ਦੂਸਰਾ ਬੀਬੀ ਭਾਨੀ ਤੇ ਮਹਾਂ ਦੇਵ ਜੀ ਗੋਇੰ-ਦਵਾਲ ਸਾਹਿਬ ਰਹਿੰਦੇ ਸਨ। ਉਨ੍ਹਾਂ ਦੋਹਾਂ ਦੇ ਸਰੀਰ ਕੁਝ ਢਿਲੇ ਮਠੇ ਸਨ।

ਬਾਦਸ਼ਾਹ ਸਤਿਗੁਰੂ ਜੀ ਦੀ ਸ਼ਰਨ ਆਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਆਤਮਿਕ ਗਿਆਨ ਬਾਰੇ ਬਹੁਤ ਚਰਚਾ ਹੁੰਦੀ ਰਹੀ। ਬਾਦਸ਼ਾਹ ਨੇ ਖੁਸ਼ ਹੋਕੇ ਆਖਿਆ ਕਿ ਉਹ ਗੁਰੂ ਕੇ ਲੰਗਰ ਨੂੰ ਹੋਰ ਜਗੀਰ ਲਾ ਦੇਣਾ ਚਾਹੁੰਦਾ ਹੈ। ਸਾਹਿਬਾਂ ਨੇ ਬਾਦਸ਼ਾਹ ਨੂੰ ਆਖਿਆ—'ਸਾਲ ਤੋਂ ਦੇਸ਼ ਵਿਚ ਮੀਂਹ ਨਹੀਂ ਵਰ੍ਹਿਆ, ਮੀਂਹ ਨਾ ਵਰਨ ਦੇ ਕਾਰਨ ਫਸਲਾਂ ਮਾਰੀਆਂ ਗਈਆਂ ਹਨ, ਦੇਸ ਵਿਚ ਕਾਲ ਪੈ ਗਿਆ ਹੈ, ਪਰਜਾ ਤ੍ਰਾਸ ਤ੍ਰਾਸ ਕਰ ਰਹੀ ਹੈ। ਬਾਦਸ਼ਾਹ ਦਾ ਧਰਮ ਹੈ ਕਿ ਉਹ ਪਰਜਾ ਨੂੰ ਸੁਖ ਦੇਵੇ। ਸਾਰੇ ਪੰਜਾਬ ਦਾ ਮਾਮਲਾ ਮੁਆਫ ਕੀਤਾ ਜਾਵੇ ਇੰਨੇ ਨਾਲ ਕਿਸਾਨਾਂ ਨੂੰ ਬਹੁਤ ਲਾਭ ਹੋ ਜਾਵੇਗਾ। ਨਹੀਂ ਤੇ ਭੁਖੇ ਲੋਕਾਂ ਨੂੰ ਸਰਕਾਰੀ ਕਰਮਚਾਰੀ ਬਹੁਤ

ਤੰਗ ਕਰਨਗੇ।' ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਤੇ ਲੋਕਾਂ ਨਾਲ ਪ੍ਰੀਤ ਤੇ ਹਮਦਰਦੀ ਦੇਖਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਉਸ ਨੇ ਉਸੇ ਵੇਲੇ ਫੁਰਮਾਨ ਜਾਰੀ ਕੀਤਾ। ਉਸ ਫੁਰਮਾਨ ਰਾਹੀਂ ਸਾਰੇ ਪੰਜਾਬ ਦਾ ਮਾਮਲਾ ਮੁਆਫ ਕੀਤਾ ਗਿਆ ਸਾਰੇ ਪੰਜਾਬ ਵਿਚ ਜਦੋਂ ਇਹ ਪਤਾ ਲਗਾ ਕਿ ਸਤਿਗੁਰੂ ਜੀ ਨੇ ਮਾਮਲਾ ਮੁਆਫ ਕਰਾਦਿਤਾ ਹੈ ਤਾਂ ਲੋਕ ਸਤਿਗੁਰੂ ਜੀ ਦੇ ਗੁਣ ਗੌਣ ਲਗੇ। ਬਾਦਸ਼ਾਹ ਦਿਲੀ ਨੂੰ ਚਲਿਆ ਗਿਆ ਤੇ ਉਸੇ ਸਾਲ ਬਾਦਸ਼ਾਹ ਦਾ ਦਿਹਾਂਤ ਹੋ ਗਿਆ, ਬਾਦਸ਼ਾਹ ਦੀ ਸਤਿਗੁਰੂ ਜੀ ਨਾਲ ਉਹ ਮੁਲਾਕਾਤ ਅੰਤਮ ਮੁਲਾਕਾਤ ਸੀ।

ਚਲਣ ਦਾ ਸਮਾਂ ਸਭ ਤੇ ਆਉਂਦਾ ਹੈ ਬੀਬੀ ਭਾਨੀ ਜੀ ਬ੍ਰਿਧ ਅਵਸਥਾ ਵਿਚ ਪੁਜੇ ਹੋਏ ਸਨ। ਪਿਛਲੇ ਦਿਨਾਂ ਵਿਚ ਆਪ ਗੋਇੰਦਵਾਲ ਜਾ ਬਰਾਜੇ ਸਨ। ਰਾਤ ਦਿਨੇ ਵਾਹਿਗੁਰੂ ਦਾ ਸਿਮਰਨ ਕਰਦੇ ਰਹਿੰਦੇ ਸਨ। ਆਖਰ ਅਸੂ ਮਹਾਂ ਸੰਮਤ ੧੬੬੨ ਬਿ: ਨੂੰ ਆਪ ਨੇ ਚੋਲਾ ਛਡ ਦਿਤਾ। ਸਤਿਗੁਰੂ ਜੀ ਨੇ ਸਾਰੇ ਅੰਤਮ ਸੰਸਕਾਰ ਕੀਤੇ। ਬੀਬੀ ਭਾਨੀ ਦੇ ਚਲਾਣੇ ਪਿਛੋਂ ਕਤਕ ਵਦੀ ਪੰਚਮੀ ਨੂੰ ਸਤਿਗੁਰੂ ਜੀ ਦੇ ਭਾਈ ਮਹਾਂਦੇਵ ਜੀ ਵੀ ਪ੍ਰਲੋਕ ਗਮਨ ਕਰ ਗਏ। ਜਗਤ ਦੇ ਵਿਚ ਨੇਕ ਕਰਮ ਕੀਤੇ ਸਨ। ਪ੍ਰਮਾਤਮਾ ਦਾ ਸਿਮਰਨ ਕੀਤਾ ਹੋਇਆ ਸੀ, ਇਸ ਵਾਸਤੇ ਬ੍ਰਹਮ ਲੋਕ ਵਿਚ ਪੁਜਕੇ ਪ੍ਰਮਾਤਮਾ ਦੀ ਜੋਤ ਨਾਲ ਜੋਤਾਂ ਰਲ ਗਈਆਂ।

ਗੋਇੰਦਵਾਲ ਤੋਂ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਜੀ ਆ ਪੁਜੇ। ਸਤਿਸੰਗ ਹੋਣ ਲਗਾ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਣ ਲਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੀ ਦਰਸ਼ਨ ਕਰਨ ਵਾਸਤੇ ਬਹੁਤੇ ਸਜਨ ਆਉਂਦੇ ਸਨ।

ਸਤਿਗੁਰੂ ਜੀ ਵਡੇ ਭਾਈ ਪ੍ਰਿਥੀਚੰਦ ਨੂੰ ਭਾਈ ਸਮਝਦੇ ਸਨ। ਪ੍ਰਿਥੀ ਚੰਦ ਜਿੰਨੇ ਪਾਪ ਕਰਦਾ, ਸਤਿਗੁਰਾਂ ਨਾਲ ਵੈਰ ਕਰਦਾ ਓਨਾ ਹੀ ਸਤਿਗੁਰੂ ਜੀ ਉਸ ਨੂੰ ਖਿਮਾ ਕਰਦੇ। ਸਾਹਿਬ ਕਈ ਵਾਰੀ ਆਖਦੇ—'ਅਸਾਂ ਦੇ ਭਾਈ ਨੂੰ ਭੁਲੇਖਾ ਹੈ। ਓਹ ਅਗਿਆਨਤਾ ਦੇ ਸ਼ਿਕਾਰ ਹੋ ਚੁਕੇ ਹਨ। ਪ੍ਰਭੂ ਮੇਹਰ ਕਰੇ ਤੇ ਓਹਨਾ ਨੂੰ ਰੋਸ਼ਨੀ ਬਖਸ਼ੇ।' ਪਰ ਪ੍ਰਿਥੀਚੰਦ ਅਕਲ ਤੋਂ ਕੰਮ ਨਹੀਂ ਸੀ ਲੈਂਦਾ। ਓਹ ਬਦਲਾ ਲੈਣ ਦੀ ਧੁਨ ਵਿਚ ਸ਼ੁਦਾਈ ਹੋ ਚੁਕਾ ਸੀ।

ਬਾਦਸ਼ਾਹ ਅਕਬਰ ਜਦ ਸਤਿਗੁਰੂ ਜੀ ਦੇ ਕਹਿਣ ਤੇ ਪੰਜਾਬ ਦਾ ਮਾਮਲਾ ਮੁਆਫ਼ ਕਰ ਗਏ ਤਾਂ ਪ੍ਰਿਥੀਚੰਦ ਨੂੰ ਬਹੁਤ ਦੁਖ ਹੋਇਆ। ਮਘਰ ਸੰਮਤ ੧੬੬੨ ਬਿ: ਨੂੰ ਓਹ ਲਾਹੌਰ ਨੂੰ ਤੁਰੇ ਕਿ ਚੰਦੂ ਲਾਲ ਕੋਲ ਰੋਣ ਪਿਟਣ। ਉਸ ਸਮੇਂ ਅਕਬਰ ਬਾਦਸ਼ਾਹ ਦੀ ਮੌਤ ਹੋ ਚੁਕੀ ਸੀ ਤੇ ਦਿਲੀ ਦਾ ਤਖਤ ਹਾਸਲ ਕਰਨ ਵਾਸਤੇ ਅਕਬਰ ਦੇ ਪੁਤ੍ਰ ਆਪੋ ਵਿਚ ਦੀ ਲੜ ਰਹੇ ਸਨ। ਪ੍ਰਿਥੀਚੰਦ ੨੭ ਮਘਰ ਨੂੰ ਅੰਮ੍ਰਿਤਸਰੋਂ ਸਵੇਰੇ ਤੁਰਿਆ ਅਤੇ ਉਸ ਦਿਨ ਸੂਲ ਹੋਕੇ ਰਾਹ ਵਿਚ ਮਰ ਗਿਆ। ਓਹਦੀ ਮੌਤ ਦੀ ਖਬਰ ਅੰਮ੍ਰਿਤਸਰ ਪੁਜੀ। ਓਹਦੇ ਘਰ ਦੇ ਓਹਦਾ ਲੋਥ ਲੈਣ ਵਾਸਤੇ ਗਏ ਤਾਂ ਸਤਿਗੁਰੂ ਜੀ ਨੇ ਵੀ ਸਿਖਾਂ ਨੂੰ ਭੇਜਿਆ ਤੇ ਅੰਤਮ ਸੰਸਕਾਰ ਕੀਤਾ।

੨੦. ਬਾਦਸ਼ਾਹ ਜਹਾਂਗੀਰ ਦਾ ਤਖਤ ਉਤੇ ਬੈਠਣਾ ਤੇ ਪੰਜਾਬ ਆਉਣਾ

ਬਾਦਸ਼ਾਹ ਅਕਬਰ ਦੀ ਮੌਤ ਦੇ ਇਕ ਹਫਤਾ ਪਿਛੋਂ ੨੪ ਅਕਤੂਬਰ ੧੬੦੫ ਈ ਨੂੰ ਆਗਰੇ ਦੇ ਕਿਲੇ ਵਿਚ ਜਹਾਂਗੀਰ ਨੇ ਹਿੰਦੁਸਤਾਨ ਦਾ ਬਾਦਸ਼ਾਹ ਹੋਣ ਦਾ ਐਲਾਨ ਕੀਤਾ ਅਤੇ ਆਪਣੇ ਆਪ ਨੂੰ 'ਨੁਰੋਦੀਨ ਜਹਾਂਗੀਰ ਬਾਦਸ਼ਾਹ ਗਾਜ਼ੀ' ਅਖਵਾਇਆ।

ਜਹਾਂਗੀਰ ਬਾਦਸ਼ਾਹ ਬਣ ਗਿਆ ਪਰ ਇਹਦਾ ਸੁਭਾ ਅਕਬਰ ਬਾਦਸ਼ਾਹ ਨਾਲੋਂ ਬਹੁਤ ਵਖਰਾ ਸੀ, ਜਵਾਨੀ ਦੇ ਨਸ਼ੇ ਵਿਚ ਮਸਤ ਜਹਾਂਗੀਰ ਤੁਅਸਬੀ ਮੁਸਲਮਾਨ ਸੀ, ਉਹ ਹਰ ਕੀਮਤ ਤੇ ਇਸਲਾਮ ਦਾ ਵਾਧਾ ਚਾਹੁੰਦਾ ਸੀ ਉਹਦੇ ਬਾਪ ਨੇ ਜਿਨਾਂ ਵੀ ਹਿੰਦੂਆਂ ਸੰਤਾਂ ਨੂੰ ਸਤਿਕਾਰਿਆ ਸੀ। ਜਹਾਂਗੀਰ ਦੀਆਂ ਅੱਖਾਂ ਵਿਚ ਉਨ੍ਹਾਂ ਸੰਤਾਂ ਜਾਂ ਮਹਾਂ ਪੁਰਸ਼ਾਂ ਬਾਰੇ ਕੋਈ ਆਦਰ ਨਹੀ ਸੀ। ਉਸ ਨੇ ਬਾਦਸ਼ਾਹ ਬਣਦੇ ਸਾਰ ਉਨ੍ਹਾਂ ਮੌਲਵੀਆਂ, ਕਾਜ਼ੀਆਂ ਤੇ ਖਲੀਫਿਆਂ ਨੂੰ ਇਸਲਾਮ ਦੇ ਵਾਧੇ ਦਾ ਜੋਸ਼ ਤੰਗ ਕਰਨ ਲਗਾ, ਉਹ ਨਵੇਂ ਸੁਧਾਰਾਂ ਦੇ ਨਾਮ ਹੇਠਾਂ ਬਾਦਸ਼ਾਹ ਕੋਲੋਂ ਗੁਨਾਹ ਕਰਾਉਣ ਲਗੇ।

ਦੂਸਰਾ ਜਹਾਂਗੀਰ ਦੇ ਰਾਜ ਵਿਚ ਖੁਸਰੋ ਨੇ ਬਗਾਵਤ ਕਰ ਦਿਤੀ, ਖੁਸਰੋ ਨੂੰ ਬਾਦਸ਼ਾਹ ਬਨਾਉਣ ਦੇ ਹੱਕ ਵਿਚ ਹਿੰਦੂ ਤੇ ਮੁਸਲਮਾਨ ਦੋਨੋਂ ਹੀ

ਖੁਸ਼ ਸਨ। ਕਿਉਂਕਿ ਖੁਸਰੋ ਸੂਫੀਆਨਾ ਸੁਭਾ ਦਾ ਪੁਰਸ਼ ਸੀ ਉਹ ਸਾਧੂਆਂ, ਸੰਤਾਂ, ਪੀਰਾਂ, ਫਕੀਰਾਂ ਨਾਲ ਬਹੁਤ ਪ੍ਰੇਮ ਰਖਦਾ ਸੀ। ਖੁਸਰੋ ਆਗਰੇ ਦੇ ਕਿਲੇ ਵਿਚੋਂ ਨੱਸਕੇ ਪੰਜਾਬ ਵਲ ਆ ਗਿਆ, ਉਸਦਾ ਵਿਚਾਰ ਸੀ ਕਿ ਪੰਜਾਬ ਤੇ ਪਸ਼ਾਵਰ ਤੋਂ ਪਰੇ ਦੇ ਇਲਾਕੇ ਵਿਚੋਂ ਫੌਜ ਇਕੱਤ੍ਰ ਕਰਕੇ ਬਾਦਸ਼ਾਹ ਜਹਾਂਗੀਰ ਦੇ ਵਿਰੁਧ ਲੜਦਾ ਤੇ ਦਿਲੀ ਦਾ ਤਖਤ ਮਲਦਾ। ਪਰ ਜਹਾਂਗੀਰ ਬਹੁਤ ਹੁਸ਼ਿਆਰ ਸੀ ਉਸਨੇ ਵੀ ਖੁਸਰੋ ਦਾ ਪਿਛਾ ਕਰਨਾ ਸ਼ੁਰੂ ਕਰ ਦਿਤਾ, ਜਿਨ੍ਹਾਂ ਲੋਕਾਂ ਨੇ ਜਿਥੇ ਜਿਥੇ ਵੀ ਖੁਸਰੋ ਨੂੰ ਸਹਾਇਤਾ ਦਿਤੀ ਜਾਂ ਹਮਦਰਦੀ ਜਤਾਈ ਉਨ੍ਹਾਂ ਨੂੰ ਜਹਾਂਗੀਰ ਨੇ ਡੰਨ ਦਿਤੇ, ਕਈਆਂ ਨੂੰ ਮੌਤ ਡੰਨ ਵੀ ਦਿਤਾ ਗਿਆ।

ਖੁਸਰੋ ਦਰਿਆ ਬਿਆਸਾ ਟੱਪਕੇ ਤਰਨ ਤਾਰਨ ਪੁਜਾ, ਖੁਸਰੋ ਨੇ ਸਤਿਗੁਰੂ ਜੀ ਦੀ ਉਪਮਾ ਸੁਣੀ ਹੋਈ ਸੀ, ਕੁਝ ਉਸ ਨੇ ਸਾਥੀਆਂ ਨੂੰ ਪੁਛਿਆ ਕਿ ਕੇਹੜਾ ਕੇਹੜਾ ਰੱਬ ਦਾ ਪਿਆਰਾ ਉਹਦੀ ਸਹਾਇਤਾ ਕਰ ਸਕਦਾ ਹੈ। ਉਹਦੇ ਸਾਥੀਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਦਸ ਪਾਈ ਸੀ। ਖੁਸਰੋ ਸਤਿਗੁਰੂ ਜੀ ਕੋਲ ਆਇਆ ਦਰਸ਼ਨ ਕੀਤੇ ਤੇ ਅਗੇ ਨਿਕਲ ਗਿਆ। ਜਿਵੇਂ ਸਤਿਗੁਰੂ ਜੀ ਦਾ ਸੁਭਾ ਸੀ ਕਿ ਆਏ ਗਏ ਹਰ ਪੁਰਸ਼ ਨੂੰ ਸਤਿਕਾਰ ਨਾਲ ਬੁਲਾਉਂਦੇ, ਬਹਿਠਾਉਂਦੇ ਤੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਾਉਂਦੇ ਸਨ, ਜਦ ਖੁਸਰੋ ਆਇਆ ਤਾਂ ਉਸ ਨਾਲ ਵੀ ਆਮ ਯਾਤਰੂਆਂ ਵਰਗਾ ਸਤਿਕਾਰ ਭਰਿਆ ਸਲੂਕ ਹੋਇਆ। ਕੋਈ ਉਚੇਚ ਨਹੀਂ ਕੀਤੀ ਗਈ ਤੇ ਨਾ ਉਸਨੂੰ ਕੇਸਰ ਦਾ ਤਿਲਕ ਲਾਕੇ ਉਸਦੇ ਹੱਕ ਵਿਚ ਕੋਈ ਅਰਦਾਸ ਕੀਤੀ ਕਿ ਓਹ ਦਿੱਲੀ ਦਾ ਬਾਦਸ਼ਾਹ ਬਣੇ। ਪਰ ਜਦ ਖੁਸਰੋ ਦਾ ਪਿੱਛਾ ਕਰਦਾ ਹੋਇਆ ਬਾਦਸ਼ਾਹ ਜਹਾਂਗੀਰ ਲਾਹੌਰ ਪਹੁੰਚਿਆ ਤਾਂ ਚੰਦੂ ਲਾਲ ਵਰਗੇ ਹਿੰਦੂਆਂ ਤੇ ਮੁਸਲਮਾਨ ਕਾਜੀਆਂ ਨੇ, (ਜੋ ਸਿੱਖ ਧਰਮ ਦੇ ਵਾਧੇ ਨੂੰ ਦੇਖਕੇ ਸੜਦੇ ਤੇ ਈਰਖਾ ਕਰਦੇ ਸਨ) ਸਤਿਗੁਰੂ ਜੀ ਤੇ ਗੁਰੂ ਸੰਗਤ ਦੇ ਵਿਰੁਧ ਬਾਦਸ਼ਾਹ ਦੇ ਕੰਨ ਭਰੇ। ਏਥੋਂ ਤਕ ਝੂਠੀ ਊਜ ਲਾ ਦਿੱਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਨੂੰ ਰਾਜ ਤਿਲਕ ਲਾਇਆ ਹੈ। ਓਹਦੇ ਹੱਕ ਵਿਚ ਅਰਦਾਸ ਕੀਤੀ ਹੈ ਅਤੇ ਕੋਲੋਂ ਬਹੁਤ ਸਾਰੀ ਰਕਮ ਵੀ ਦਿਤੀ ਹੈ। ਸਤਿਗੁਰੂ ਜੀ ਦਾ ਹਰ ਕਰਮ ਮੁਗਲ ਹਕੂਮਤ ਦੇ ਵਿਰੁਧ ਹੈ। ਬਾਦਸ਼ਾਹ ਅਕਬਰ ਨੇ ਸਤਿਗੁਰੂ ਜੀ ਨਾਲ ਹਮਦਰਦੀ ਕੀਤੀ, ਉਸਦਾ

ਫਲ ਇਹ ਸ਼ਕਤੀ ਹਾਸਲ ਕਰ ਬੈਠੇ ਹਨ ਤੇ ਹਿੰਦੂ ਤੇ ਇਸਲਾਮ ਧਰਮ ਦੀ ਵਿਰੋਧਤਾ ਕਰਕੇ ਤੀਸਰਾ ਧਰਮ (ਮਜ਼ਹਬ) ਚਲਾ ਰਹੇ ਹਨ। ਸਾਧੂ ਭੇਸ ਵਿਚ ਡਾਕੂ ਹਨ।

ਚੰਦੂ ਨਿੰਦਕਾਂ ਦੇ ਆਖੇ ਲਗਕੇ ਅਗਿਆਨੀ ਤੇ ਮੂਰਖ ਤਅਸਬੀ ਬਾਦਸ਼ਾਹ ਨੇ ਬਿਨਾ ਸੋਚੇ ਸਮਝੇ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦੇ ਫੁਰਮਾਨ ਉਤੇ ਦਸਖਤ ਕਰ ਦਿਤੇ। ਜਿਵੇਂ ਬਾਦਸ਼ਾਹ ਆਪਣੀ ਲਿਖੀ ਹੋਈ ਪੁਸਤਕ "ਤੁਜ਼ਕਿ ਜਾਹਾਂਗੀਰੀ" ਵਿਚ ਲਿਖਦਾ ਹੈ:—

() ਗੋਇੰਦਵਾਲ ਵਿਚ ਜੋ ਕਿ ਬਿਆਸਾ ਦਰਿਆ ਦੇ ਕੰਢੇ ਤੇ ਹੈ, ਪੀਰਾ ਬਜ਼ੁਰਗਾ ਦੇ ਭੇਸ ਵਿਚ ਅਰਜਨ ਨਾਮ ਇਕ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ (ਧਾਰਮਿਕ ਰਹਿਤ ਬਹਿਤ) ਦਾ ਸਿਦਕੀ ਬਣਾ ਕੇ ਆਪਣੀ ਬਜ਼ੁਰਗੀ ਤੇ ਈਸ਼ੂਰ ਨਾਲ, ਨਜ਼ਦੀਕੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। (ਬਹੁਤ ਮਸ਼ਹੂਰੀ ਪ੍ਰਾਪਤ ਕੀਤੀ ਹੋਈ ਸੀ) ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਇਆਂ ਤੋਂ ਫਰੇਬੀ ਤੇ ਫਰੇਬ ਦੇ ਪੁਜਾਰੀ ਉਸ ਪਾਸ ਆਕੇ ਉਸ (ਗੁਰੂ) ਉਤੇ ਪੂਰਾ ਪੂਰਾ ਇਤਕਾਦ (ਭਰੋਸਾ) ਜ਼ਾਹਿਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਬਪਾਰ ਨੂੰ ਬੰਦ ਕਰਨਾ ਚਾਹੀਦਾ ਹੈ। ਯਾਂ ਉਸ (ਗੁਰੂ) ਨੂੰ ਮੁਸਲਮਾਨਾਂ ਦੇ ਮਤ ਵਿਚ ਲਿਆਉਣਾ ਚਾਹੀਦਾ ਹੈ। ਇਥੋਂ ਤਕ ਕਿ ਇਹਨਾਂ ਦਿਨਾਂ ਵਿਚ ਹੀ ਖੁਸਰੋ ਇਥੋਂ ਦੀ ਦਰਿਆ ਪਾਰ ਹੋਇਆ। ਇਸ ਜਾਹਲ ਤੇ ਹਕੀਰ ਆਦਮੀ ਨੇ ਇਰਾਦਾ ਕੀਤਾ ਕਿ ਸਦਾ ਉਸ ਦੇ ਨਜ਼ਦੀਕ ਰਹੇ ਤੇ ਉਸ ਥਾਂ ਤੇ ਜਿਥੇ ਕਿ ਉਸ ਦੇ ਰਹਿਣ ਦੀ ਥਾਂ ਸੀ, ਖੁਸਰੋ ਨੇ ਪੜਾਉ ਕੀਤਾ। ਇਹ ਉਸ ਨੂੰ ਮਿਲਿਆ ਤੇ ਕਈ ਪਹਿਲੇ ਮਿਥੀਆਂ ਹੋਈਆਂ ਗਲਾਂ ਉਸ ਨੂੰ ਸੁਣਾਈਆਂ ਅਤੇ ਕੇ ਸਰ ਨਾਲ ਇਕ ਉਂਗਲੀ (ਨਾਲ ਲਕੀਰ) ਉਸ ਦੇ ਮਥੇ ਤੇ ਖਿੱਚੀ ਜਿਸ ਨੂੰ ਕਿ ਹਿੰਦੂ ਤਿਲਕ ਕਹਿੰਦੇ ਤੇ ਚੰਗਾ ਸ਼ਗਨ ਜਾਣਦੇ ਹਨ। ਜਦ

() ਸਿਖ ਇਤਿਹਾਸ ਬਾਰੇ ਲਿਖਤ ਪ੍ਰੋ: ਗੰਡਾ ਸਿੰਘ ਜੀ ਐਮ. ਏ, ਵਿਚੋਂ।

ਇਹ ਗਲ ਮੇਰੀ ਕੰਨੀ ਪਈ, ਅਗੇ ਹੀ ਇਹਨਾਂ ਦੇ ਝੂਠ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ (ਗੁਰੂ ਅਰਜਨ) ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਬਚਿਆਂ ਨੂੰ ਮੁਰਤਜ਼ਾ ਖਾਨ ਨੂੰ ਬਖਸ਼ ਦਿਤਾ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿਤਾ ਕਿ ਉਸਨੂੰ ਡਰੌਨ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇਕੇ ਕਤਲ ਕਰ ਦੇਣ।' (ਸਿੱਖ ਇਤਿਹਾਸ ਬਾਰੇ ਸਫਾ ੧੨-੧੩)।

ਉਪਰਲੀ ਲਿਖਤ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਜਹਾਂਗੀਰ ਨੂੰ ਇਸਲਾਮ ਮਤ ਦੇ ਨਾਮ ਉਤੇ ਬਹੁਤਾ ਭੜਕਾਇਆ ਗਿਆ ਸੀ। ਅਕਬਰ ਦੇ ਸਮੇਂ ਵਿਚ ਸਿੱਖੀ ਬਹੁਤ ਵਧੀ ਸੀ ਕਿਉਂਕਿ ਮੁਸਲਮਾਨ ਫਕੀਰ ਤੇ ਹਾਕਮ ਵੀ ਸਤਿਗੁਰੂ ਜੀ ਦਾ ਚੰਗਾ ਸਤਿਕਾਰ ਕਰਦੇ ਸਨ। ਉਸ ਵੇਲੇ ਇਸਲਾਮ ਤੇ ਹਿੰਦੂ ਮਤ ਵਿਚ ਭਰਮ, ਅਗਿਆਨਤਾ ਤੇ ਜਹਾਲਤ ਬਹੁਤ ਘਰ ਕਰ ਗਈ ਸੀ। ਪੰਡਤ ਤੇ ਮੌਲਵੀ ਜਨਤਾ ਨੂੰ ਦੋਹੀਂ ਦੋਹੀਂ ਹੱਥੀਂ ਲੁਟਦੇ ਸਨ। ਸਤਿਗੁਰੂ ਜੀ ਜਨਤਾ ਨੂੰ ਉਹਨਾਂ ਕੋਲੋਂ ਬਚਾਉਂਦੇ ਸਨ ਤੇ ਈਸ਼੍ਵਰ ਮਿਲਾਪ ਦਾ ਸਿੱਧਾ ਰਸਤਾ ਦਸਦੇ ਸਨ।

੨੧. ਸਤਿਗੁਰੂ ਜੀ ਦਾ ਲਾਹੌਰ ਜਾਣਾ

ਬਾਦਸ਼ਾਹ ਜਹਾਂਗੀਰ ਨੇ ਸਤਿਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿਤਾ। ਹੁਕਮ ਜਾਰੀ ਹੁੰਦੇ ਸਾਰ ਗੁਰੂ ਦੋਖੀਆਂ ਨੂੰ ਲਾਲੀਆਂ ਚੜ੍ਹ ਗਈਆਂ। ਉਨ੍ਹਾਂ ਨੇ ਸਰਕਾਰੀ ਪਿਆਦਿਆਂ ਨੂੰ ਲਾਲਚ ਦੇਕੇ ਛੇਤੀ ਰਾਮਦਾਸ ਪੁਰ (ਅੰਮ੍ਰਿਤਸਰ) ਭੇਜਿਆ। ਸਾਹਿਬਾਂ ਨੂੰ ਜਦ ਹੁਕਮ ਦਾ ਪਤਾ ਲਗਾ ਤਾਂ ਅੰਤ੍ਰ-ਜਾਮੀ ਸਤਿਗੁਰੂ ਜੀ ਭਵਿਖਤ ਵਿਚ ਹੋਣ ਵਾਲੀ ਸਾਰੀ ਘਟਨਾ ਨੂੰ ਅਨੁਭਵ ਕਰ ਗਏ ਉਨ੍ਹਾਂ ਨੇ ਬਾਬਾ ਬੁਢਾ ਜੀ ਨੂੰ ਹੁਕਮ ਕੀਤਾ ਕਿ ਸਾਹਿਬਜ਼ਾਦੇ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਾ ਦਿਤਾ ਜਾਵੇ। ਕੋਈ ਨਿਰਾਲਾ ਹੀ ਭਾਣਾ ਵਰਤੇਗਾ।

ਬਾਬਾ ਬੁਢਾ ਜੀ ਨੇ ਝਟ ਪਟ ਆਗਿਆ ਦਾ ਪਾਲਨ ਕੀਤਾ। ਸਿਖ ਸੰਗਤ ਦੇ ਮੁਖੀਆਂ ਨੂੰ ਸਦਕੇ ੭ ਜੇਠ ਸੰਮਤ ੧੬੬੩ ਬਿ: ਨੂੰ ਬਾਬਾ ਬੁਢਾ ਜੀ ਨੇ ਸਾਹਿਬਜ਼ਾਦੇ ਹਰਿ ਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਤਿਲਕ

ਲਾ ਦਿਤਾ, ਗੁਰਿਆਈ ਦੀ ਰਸਮ ਤੋਂ ਵੇਹਲੇ ਹੋਕੇ ਸਾਹਿਬਾਂ ਨੇ ਬਾਬਾ ਬੁਢਾ ਜੀ, ਭਾਈ ਗੁਰਦਾਸ, ਭਾਈ ਬਾਲੇ ਤੇ ਭਾਈ ਕਲਿਆਨਾ ਜਿਹੇ ਸਿਆਣੇ ਤੇ ਮੁਖੀ ਸਿਖਾਂ ਨੂੰ ਗੁਰੂ ਘਰ ਦੀ ਸੌਂਪਣੀ ਕਰਕੇ ਸਾਹਿਬਾਂ ਨੇ ਲਾਹੌਰ ਜਾਣ ਦੀ ਤਿਆਰੀ ਕੀਤੀ। ਹੌਲੀ ਹੌਲੀ ਸਾਰੀ ਸਿੱਖ ਸੰਗਤ ਨੂੰ ਪਤਾ ਲਗ ਗਿਆ ਕਿ ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਲਾਹੌਰ ਸਦਿਆ ਹੈ ਤੇ ਸਦਿਆ ਵੀ ਖੋਟੀ ਤੀਲ ਨਾਲ ਹੈ। ਸ਼ਰ-ਧਾਲੂ ਤੇ ਪ੍ਰੇਮੀ ਸਿਖ ਜੋ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜੀਉਂਦੇ ਸਨ, ਉਹ ਬਹੁਤ ਘਬਰਾ ਗਏ। ਕਈ ਤਾਂ ਸਤਿਗੁਰੂ ਜੀ ਦੇ ਚਰਨ ਫੜਕੇ ਭੁਬੀਂ ੨ ਰੋਣ ਲਗੇ। ਸਤਿਗੁਰੂ ਜੀ ਨੇ ਸਭ ਨੂੰ ਧੀਰਜ ਦਿਤੀ। ਕਰਤਾਰ ਦਾ ਭਾਣਾ ਮੰਨਣ ਵਾਸਤੇ ਪ੍ਰੇਰਿਆ। ਸਾਹਿਬਾਂ ਦੇ ਬਚਨਾਂ ਨੂੰ ਸੁਣਕੇ ਸਿਖਾਂ ਨੂੰ ਹੌਂਸਲੇ ਹੋਏ। ਜਲ ਭਰੇ ਨੈਨਾਂ ਨਾਲ ਦਰਸ਼ਨ ਕਰਦਿਆਂ ਨੂੰ ਸਤਿਗੁਰੂ ਜੀ ਪਿਪਲੀ ਸਾਹਿਬ ਗੁਰਦੁਆਰੇ ਕੋਲ ਛਡਕੇ ਲਾਹੌਰ ਨੂੰ ਤੁਰ ਗਏ। ਭਾਈ ਜੇਠਾ, ਪੈੜਾ, ਬਿਧੀਆਂ ਲੰਗਾਹਾ ਤੇ ਪਿਰਾਣਾ ਸਤਿਗੁਰੂ ਜੀ ਦੇ ਨਾਲ ਗਏ । ਲਾਹੌਰ ਜਾਣ ਲਗਿਆਂ ਸਤਿਗੁਰੂ ਜੀ ਨੇ ਕਾਹਲ ਨਹੀਂ ਕੀਤੀ। ਸਗੋਂ ਕਈਆਂ ਅਸਥਾਨਾਂ ਉਪਰ ਰੁਕਦੇ ਹੋਏ ਅਤੇ ਸਿਖ ਸੰਗਤਾਂ ਨੂੰ ਉਪਦੇਸ਼ ਕਰਦੇ ਹੋਏ ਗਏ। ਲਾਹੌਰ ਪਹੁੰਚ ਕੇ ਪਹਿਲਾਂ ਭਾਈ ਬੁਧੂ ਦੇ ਘਰ ਅਤੇ ਫਿਰ ਭਾਈ ਸੁਧੂ ਦੇ ਘਰ ਜਾ ਬਰਾਜੇ। ਸਤਿਗੁਰਾਂ ਦੇ ਲਾਹੌਰ ਪੁਜਣ ਦੀ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਲਾਹੌਰ ਵਿਚ ਖਿਲਰ ਗਈ। ਸਿੱਖ ਤੇ ਹੋਰ ਗੁਰੂ ਘਰ ਦੇ ਸ਼ਰਧਾਲੂ ਵਹੀਰਾਂ ਘਤ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਲੋੜਵੰਦ ਮਨ ਦੀਆਂ ਮੁਰਾਦਾਂ ਪੂਰੀਆਂ ਕਰਾਉਣ ਵਾਸਤੇ ਆਏ। ਵਾਸਤੇ ਦਿਨ ਸਤਿਗੁਰੂ ਜੀ ਲਾਹੌਰ ਦੀ ਸੰਗਤ ਨੂੰ ਨਾਮ ਦਾਨ ਬਖਸ਼ਕੇ ਨਿਹਾਲ ਕਰਦੇ ਰਹੇ।

੨੨. ਸਤਿਗੁਰੂ ਜੀ ਦੀ ਨਜ਼ਰ ਬੰਦੀ

ਜਿਸ ਦਿਨ ਸਤਿਗੁਰੂ ਜੀ ਲਾਹੌਰ ਪਹੁੰਚੇ ਸਨ, ਉਸ ਦਿਨ ਬਾਦਸ਼ਾਹ ਜਹਾਂਗੀਰ ਅਜੇ ਲਾਹੌਰ ਵਿਚ ਹੀ ਸੀ। ਉਹ ਆਪਣੇ ਪੁਤ੍ਰ ਖੁਸਰੋ ਅਤੇ ਓਹਦੇ ਮਦਦੀਆਂ ਅੰਬਾ ਤੇ ਰਾਜਾ ਰਾਮ ਵਰਗਿਆਂ ਨੂੰ ਸਜਾਵਾਂ ਦੇ ਰਿਹਾ ਸੀ। ਆਪਣੇ ਪੁਤ੍ਰ ਖੁਸਰੋ ਨੂੰ ਤੇ ਰਾਜਾ ਰਾਮ ਨੂੰ ਸਜਾਏ ਮੌਤ ਦਿਤੀ। ਅੰਬਾ ਨੂੰ

ਡੇਢ ਲਖ ਰੁਪਿਆ ਜੁਰਮਾਨਾ ਕਰ ਦਿਤਾ। ਬਹੁਤ ਸਾਰੇ ਹੋਰ ਆਦਮੀਆਂਨੂੰਵੀਸਜ਼ਾਵਾਂ ਦਿਤੀਆਂ ਗਈਆਂ। ਨਵੇਂ ਬਾਦਸ਼ਾਹ ਦਾ ਜ਼ੁਲਮੀ ਤੇ ਪੱਥਰ ਦਿਲ ਸੁਭਾ ਦੇਖਕੇ ਲਾਹੌਰ ਦੇ ਅਮੀਰਾਂ, ਸਰਕਾਰੀ ਅਫਸਰਾਂ ਤੇ ਮੌਲਵੀ ਕਾਜ਼ੀਆਂ ਨੇ ਵੀ ਆਪਣੇ ਦੁਸ਼ਮਣਾਂ ਕੋਲੋਂ ਰੱਜ ਕੇ ਬਦਲੇ ਲਏ। ਕਈਆਂ ਨਿਰਦੋਸ਼ਿਆਂ ਨੂੰ ਬਾਗੀ ਤੇ ਖੁਸਰੋ ਦੇ ਹਮਾਇਤੀ ਦਸਕੇ ਮਾਰ ਦਿਤਾ ਗਿਆ। ਬਾਦਸ਼ਾਹ ਦੇ ਹੁਕਮ ਨਾਲ ਮਾਰਸ਼ਲ-ਲਾ ਸਾਰੇ ਦੇਸ਼ ਵਿਚ ਲਗਾ ਹੋਇਆ ਸੀ। ਦੋਸ਼ੀ ਦੀ ਦੋਸ਼ ਦੀ ਨਾ ਪੜਤਾਲ ਹੁੰਦੀ ਸੀ, ਨਾ ਕੋਈ ਮੁਕਦਮਾ ਤੇ ਨਾ ਕੋਈ ਅਦਾਲਤ ਸੀ। ਬਸ ਫੜਨਾ ਤੇ ਮਾਰ ਸੁਟਣਾ ਜਾਂ ਜੁਰਮਾਨਾ ਕਰਕੇ ਵਸੂਲ ਕਰਨਾ ਤੇ ਕਾਠ ਮਾਰਕੇ ਬੰਦੀਖਾਨੇ ਸੁਟ ਦੇਣਾ। ਬੰਦੀ-ਖਾਨੇ ਪਾਪੀ ਦੀ ਕਬਰ ਨਾਲੋਂ ਬਹੁਤੇ ਹਨੇਰੇ ਤੇ ਗੰਦੇ ਹੁੰਦੇ ਸਨ। ਦਸ ਦਿਨ ਦੇ ਅੰਦਰ ਅੰਦਰ ਆਦਮੀ ਦਮ ਘੁਟਕੇ ਮਰ ਜਾਂਦਾ ਸੀ। ਰੋਟੀ, ਪਾਣੀ, ਹਵਾ ਤੇ ਧੁਪ ਕੋਲੋਂ ਕੈਦੀ ਨੂੰ ਬਚਾਕੇ ਰਖਿਆ ਜਾਂਦਾ ਸੀ। ਇਹ ਚਾਰੇ ਚੀਜ਼ਾਂ ਨਸੀਬ ਨਹੀਂ ਸਨ ਹੁੰਦੀਆਂ। ਕਈ ਦੋਸ਼ੀਆਂ ਨੂੰ ਖੋਤਿਆਂ, ਗਊਆਂ ਤੇ ਘੋੜਿਆਂ ਦੇ ਕਚੇ ਚਮੜਿਆਂ ਵਿਚ ਬੰਦ ਕਰਕੇ ਸ਼ਹੀਦ ਕੀਤਾ ਜਾਂਦਾ ਸੀ। ਮੁਗਲ ਹਕੂਮਤ ਦੇ ਸਜ਼ਾ ਦੇਣ ਦੇ ਢੰਗ ਬਹੁਤ ਪੁਰਾਣੇ ਤੇ ਵਹਿਸ਼ੀ ਸਨ। ਸਾਰਾ ਨਿਆਇ ਤਅਸਬੀ ਮੌਲਵੀਆਂ ਦੇ ਹੱਥ ਵਿਚ ਸੀ। ਮੁਸਲਮਾਨ ਦੀ ਹਾਂ ਨਾਲ ਹਾਂ ਹਿੰਦੂ ਅਫਸਰ ਨੂੰ ਵੀ ਮਿਲਾਉਣੀ ਪੈਂਦੀ ਸੀ। ਕਈ ਲਾਲਚੀ ਤੇ ਦੁਰਾਚਾਰੀ ਹਿੰਦੂ ਮੁਸਲਮਾਨਾਂ ਨਾਲੋਂ ਬਹੁਤਾ ਜ਼ੁਲਮ ਹਿੰਦੂ ਜਨਤਾ ਉਤੇ ਕਰਦੇ ਸਨ, ਓਹ ਇਸ ਵਾਸਤੇ ਕਿ ਆਪਣੇ ਮਾਲਕ ਹਾਕਮਾਂ ਨੂੰ ਖੁਸ਼ ਕਰ ਸਕਣ। ਸਤਿਗੁਰੂ ਜੀ ਬਾਦਸ਼ਾਹ ਜਹਾਂਗੀਰ ਦੇ ਪੇਸ਼ ਹੋਏ। ਬਾਦਸ਼ਾਹ ਪਹਿਲਾਂ ਤਾਂ ਸਤਿਗੁਰੂ ਜੀ ਦੇ ਚੇਹਰੇ ਉਪਰ ਖੁਦਾਈ ਨੂਰ ਦੇਖਕੇ ਝਿਜਕਿਆ ਫਿਰ ਹੌਂਸਲਾ ਕਰਕੇ ਉਸਨੇ ਸਤਿਗੁਰੂ ਜੀ ਨੂੰ ਪੁਛਿਆ—'ਕੀ ਇਹ ਸੱਚ ਹੈ ਤੁਸੀਂ ਕੋਲ ਡਾਕੂ ਤੇ ਲੁਟੇਰੇ ਰਖਕੇ ਪੰਜਾਬ ਵਿਚ ਬਦ-ਅਮਨੀ ਪੈਦਾ ਕਰਨ ਦੇ ਸਾਧਨ ਪੈਦਾ ਕਰ ਰਹੇ ਹੋ? ਕੀ ਇਹ ਸੱਚ ਹੈ ਕਿ ਤੁਸਾਂ ਮੇਰੇਂ ਪੁਤ੍ਰ ਖੁਸਰੋ ਨੂੰ ਰਾਜ ਦਾ ਤਿਲਕ ਲਾਇਆ ਤੇ ਮਾਲੀ ਸਹਾਇਤਾ ਕੀਤੀ ਹੈ? ਕੀ ਤੁਸੀਂ ਧਕੇ ਨਾਲ ਪ੍ਰਿਥੀਚੰਦ ਤੇ ਮੇਹਰਬਾਨ ਦਾ ਹੱਕ ਗੁਰਿਆਈ ਦਾ ਦਬਾਕੇ ਬੈਠੇ ਹੋਏ ਹੋ? ਕੀ ਤੁਸੀਂ ਪੰਜਾਬ ਵਿਚ ਰਾਜ ਉਤੇ ਕਬਜ਼ਾ ਕਰਨ ਵਾਸਤੇ ਆਪਣੇ ਸਿਖਾਂ ਦੀ ਸੈਨਾ ਨਹੀਂ ਬਣਾ ਰਹੇ, ਜੋ ਬਾਣੀ ਰਚੀ

ਹੈ ਤੀਸਰਾ ਮਜ਼ਹਬ ਬਨਾਉਣ ਦਾ ਉਪਰਾਲਾ ਨਹੀਂ ? ਬਾਦਸ਼ਾਹ ਦੇ ਸਾਰੇ ਸਵਾਲ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਉੱਤਰ ਦਿਤਾ—'ਇਹ ਸਾਰੇ ਦੋਸ਼ ਗਲਤ ਤੇ ਝੂਠੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਧਰਮ, ਪ੍ਰੇਮ ਤੇ ਸਰਬ ਸਾਂਝ ਦਾ ਪ੍ਰਚਾਰ ਕਰ ਰਹੀ ਹੈ। ਚੋਰਾਂ, ਡਾਕੂਆਂ, ਆਦਮਖੋਰਾਂ, ਲਾਲਚੀਆਂ ਤੇ ਜ਼ੁਲਮੀ ਬਾਦਸ਼ਾਹਾਂ ਨੂੰ ਇਸ ਗੁਰਗੱਦੀ ਨੇ ਧਰਮੀ, ਸੰਤ ਤੇ ਖੁਦਾ ਦੇ ਪਿਆਰੇ ਬਣਾਇਆ ਹੈ। ਮਨੁਖ ਦੀ ਮਨੁਖ ਸੇਵਾ ਕਰੇ, ਇਹ ਸਿਖਯਾ ਦਿਤੀ ਜਾਂਦੀ ਹੈ। ਵਾਹਿਗੁਰੂ (ਖੁਦਾ) ਦੇ ਨਾਮ, ਉਸ ਦੀ ਅਪਾਰ ਸ਼ਕਤੀ ਦਾ ਗਿਆਨ ਕਰਾਇਆ ਜਾਂਦਾ ਹੈ। ਦੇਸ ਦੇ ਵਿਚੋਂ ਸ਼ਾਂਤੀ ਤੇ ਖੁਸ਼ਹਾਲੀ ਪੈਦਾ ਕਰਨ ਦਾ ਯਤਨ ਕਰਦੇ ਹਾਂ, ਸਤਿ-ਗੁਰੂ ਨਾਨਕ ਦੇਵ ਜੀ ਦਾ ਕੋਈ ਸਿਖ ਜੇ ਉਹ ਪੂਰਨ ਸਿੱਖ ਹੈ ਤਾਂ ਕਦੀ ਦੇਸ਼ ਵਿਚ ਬਦ-ਅਮਨੀ ਪੈਦਾ ਨਹੀਂ ਕਰੇਗਾ, ਉਹ ਤਾਂ 'ਸਤਯ ਤੇ ਹਕ' ਦਾ ਪੁਜਾਰੀ ਹੈ ਚੋਰੀ ਕੋਈ ਨਹੀਂ ਕਰਦਾ ਸਗੋਂ ਚੋਰਾਂ ਨੂੰ ਸਿਖਿਆ ਦੇਂਦਾ ਹੈ ਕਿ ਚੋਰ ਚੋਰੀ ਨਾ ਕਰੇ ਧਰਮ ਕਿਰਤ ਕਰਕੇ ਜੀਵਨ ਨਿਰਬਾਹ ਕਰੇ। ਧਰਮੀ ਪੁਰਸ਼ਾਂ ਦਾ ਸਤਿਸੰਗ ਕੀਤਾ ਹੈ। ਕਿਸੇ ਨੇ ਤੁਸਾਂ ਨੂੰ ਆਖਕੇ ਪਾਪ ਕੀਤਾ ਹੈ। ਸ਼ਾਹਜ਼ਾਦਾ ਖੁਸਰੋ ਨੂੰ ਤਿਲਕ ਲਾਉਣਾ ਤੇ ਉਹਦੀ ਰੁਪੈ ਨਾਲ ਸਹਾਇਤਾ ਕਰਨੀ, ਇਹ ਐਸੇ ਦੋਸ਼ ਹਨ, ਜਿਨ੍ਹਾਂ ਦੀ ਜੜ੍ਹ ਹੀ ਕੋਈ ਨਹੀਂ, ਸ਼ਾਹਜ਼ਾਦਾ ਖੁਸਰੋ ਅਸਾ ਕੋਲ ਆਏ ਸਨ, ਉਸ ਵੇਲੇ ਅਸੀਂ ਤਰਨ ਤਾਰਨ ਸੀ, ਗੁਰੂ ਕੇ ਲੰਗਰ ਵਿਚੋਂ ਉਸਨੇ ਪ੍ਰਸ਼ਾਦ ਛਕਿਆ ਹੈ, ਜਿਵੇਂ ਕਦੀ ਏਸੇ ਲੰਗਰ ਵਿਚੋਂ ਬਾਦਸ਼ਾਹ ਹਮਾਯੂੰ ਤੇ ਅਕਬਰ ਛਕਦੇ ਰਹੇ ਹਨ। ਦੋ ਦਿਨ ਰਹਿਕੇ ਉਹ ਅਗੇ ਚਲਿਆ ਗਿਆ। ਸਤਿਗੁਰੂ ਨਾਨਕ ਦੇਵ ਜੀਦਾ ਦਰ ਸਭ ਵਾਸਤੇ ਖੁਲ੍ਹਾ ਹੈ। ਕਿਸੇ ਨੂੰ ਰੋਕਿਆ ਨਹੀਂ ਜਾ ਸਕਦਾ। ਰੁਪਿਆ ਨਾ ਅਸਾਡੇ ਕੋਲ ਸੀ ਨਾ ਕੋਈ ਦਿਤਾ ਹੈ। ਤਿਲਕ ਵੀ ਨਹੀਂ ਲਾਇਆ ਗਿਆ, ਆਏ ਸਿੱਖ ਜਾਂ ਯਾਤਰੂ ਨੂੰ ਤਿਲਕ ਗੁਰੂ ਘਰ ਵਿਚ ਨਹੀਂ ਲਾਇਆ ਜਾਂਦਾ। ਇਹ ਪੁਰਾਣੀ ਬ੍ਰਾਹਮਣਾਂ ਦੀ ਮਰਯਾਦਾ ਹੈ। ਇਸ ਵਾਸਤੇ ਇਹ ਵੀ ਦੋਸ਼ ਨਿਰਮੂਲ ਝੂਠਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਸੇ ਮਜ਼ਹਬ, ਜਾਂ ਕਿਸੇ ਬਜ਼ੁਰਗ ਦੀ ਵਿਰੋਧਤਾ ਨਹੀਂ ਕਰਦੀ। ਸਗੋਂ ਸਤਯ ਤੇ ਸਚੇ ਧਰਮ ਅਤੇ ਪ੍ਰਮਾਤਮਾ (ਖੁਦਾ) ਦੇ ਨੂਰ ਦਾ ਪ੍ਰਕਾਸ਼ ਕਰਦੀ ਹੈ,

ਇਸ ਤਰ੍ਹਾਂ ਦੇ ਉਤਰ ਸੁਣਕੇ ਬਾਦਸ਼ਾਹ ਸ਼ਰਮਿੰਦਾ ਤਾਂ ਹੋਇਆ,

ਪਰ ਓਹ ਬਾਦਸ਼ਾਹ ਸੀ, ਜੋ ਬਾਦਸ਼ਾਹੀ ਦੇ ਨਸ਼ੇ ਵਿਚ ਮਸਤ ਦੁਨੀਆਂ ਦੇ ਸਮਾਜ ਰਵਾਜ, ਕਾਨੂੰਨ ਤੇ ਬੰਦਿਆਂ ਕੋਲੋਂ ਨਹੀਂ ਸੀ ਡਰਦਾ। ਓਹ ਤਾਂ ਪ੍ਰਮਾਤਮਾ ਕੋਲੋਂ ਵੀ ਨਹੀਂ ਸੀ ਡਰਦਾ। ਉਸ ਨੇ ਉਲਟੇ ਪਾਸੇ ਵਿਚਾਰ ਮੋੜ ਲਏ। ਓਹ ਬੋਲਿਆ– 'ਦੇਖੋ! ਕੁਝ ਵੀ ਹੋਵੇ ਤੁਸਾਂ ਦੇ ਪ੍ਰਚਾਰ ਤੋਂ ਨਵਾਂ ਮਜ਼ਹਬ ਆਪਣੇ ਆਪ ਬਣ ਰਿਹਾ ਹੈ। ਇਸ ਵਾਸਤੇ ਮੈਂ ਨਹੀਂ ਚਾਹੁੰਦਾ ਇਸਲਾਮ ਦੇ ਮੁਕਾਬਲੇ ਉਤੇ ਕੋਈ ਧਰਮ ਸੰਸਾਰ ਵਿਚ ਕਾਇਮ ਹੋਵੇ। ਕਈ ਮੂਰਖ ਮੁਸਲਮਾਨ ਤੁਸਾਂ ਦੇ ਆਖੇ ਲਗ ਲਗ ਕੇ ਇਸਲਾਮ ਨੂੰ ਛਡ ਰਹੇ ਹਨ। ਸ਼ਰਾ ਨੂੰ ਨਹੀਂ ਮੰਨਦੇ, ਇਸ ਵਾਸਤੇ ਆਪਣੀ ਦੁਕਾਨ ਬੰਦ ਕਰੋ ਤੇ ਤੁਸੀਂ ਮੁਸਲਮਾਨ ਹੋ ਜਾਵੋ। ਓਨਾ ਚਿਰ ਤੁਸਾਂ ਦੀ ਬੰਦ ਖਲਾਸੀ ਨਹੀਂ ਹੋ ਸਕਦੀ, ਜਿੰਨਾ ਚਿਰ ਤੁਸੀਂ ਮੁਸਲਮਾਨ ਨਾ ਹੋਵੋ। ਜਾਓ ਸੋਚ ਲਵੋ ਨਹੀਂ ਤੇ ਸਜਾਏ ਮੌਤ ਸਮਝੋ।' ਇਹ ਆਖਕੇ ਬਾਦਸ਼ਾਹ ਆਪ ਦਰਬਾਰ ਵਿਚੋਂ ਉਠ ਕੇ ਹਰਮਾ ਵਲ ਚਲਿਆ ਗਿਆ। ਲਾਹੌਰ ਦੇ ਸੂਬੇਦਾਰ ਨੇ ਸਤਿਗੁਰੂ ਜੀ ਨੂੰ ਕੋਤਵਾਲ ਦੇ ਸਪੁਰਦ ਕਰ ਦਿਤਾ। ਕੋਤਵਾਲ ਨੂੰ ਚੰਦੂ ਲਾਲ ਨੇ ਇਸ਼ਾਰਾ ਕੀਤਾ ਕਿ ਸਤਿਗੁਰੂ ਜੀ ਨੂੰ ਲਾਲ ਖੂਹ ਵਾਲੀ ਹਵੇਲੀ ਵਿਚ ਬੰਦ ਕਰ ਦਿਤਾ ਜਾਵੇ, ਉਸ ਹਵੇਲੀ ਦੇ ਲਾਗੇ ਹੀ ਚੰਦੂ ਦਾ ਘਰ ਸੀ, ਬਾਦਸ਼ਾਹ ਦੇ ਜਾਣ ਪਿਛੋਂ ਸਜ਼ਾ ਦਿਤੀ ਜਾਵੇਗੀ, ਉੱਨੀ ਦਿਨੀਂ ਮੇਹਰਬਾਨ ਵੀ ਲਾਹੌਰ ਪੁਜਾ ਹੋਇਆ ਸੀ। ਗੁਰੂ ਘਰ ਦੇ ਸਾਰੇ ਦੁਸ਼ਮਣ ਇਕੱਠੇ ਹੋ ਗਏ। ਕੋਤਵਾਲ ਨੇ ਸਤਿਗੁਰੂ ਜੀ ਨੂੰ ਲਾਲ ਖੂਹ ਵਾਲੀ ਹਵੇਲੀ ਵਿਚ ਨਜ਼ਰ ਬੰਦ ਕਰਕੇ ਅਗੇ ਕਰੜਾ ਫੌਜੀਪਹਿਰਾ ਲਵਾ ਦਿਤਾ। ਸਤਿਗੁਰੂ ਜੀ ਨਾਲ ਜੋ ਸਿਖ ਸਨ ਉਨ੍ਹਾਂ ਨੂੰ ਇਕ ਪਾਸੇ ਵਖਰੇਬੰਦੀ-ਖਾਨੇ ਵਿਚ ਡੱਕ ਦਿਤਾ ਗਿਆ। ਜਿਸ ਦਿਨ ਸਤਿਗੁਰੂ ਜੀ ਨੂੰ ਹਵੇਲੀ ਵਿਚ ਨਜ਼ਰ ਬੰਦ ਕੀਤਾ, ਉਸ ਦਿਨ ਲਾਹੌਰ ਸ਼ਹਿਰ ਵਿਚ ਮੁਕੇ ਅੰਬਰ ਬਹੁਤ ਭਿਆਨਕ ਹਨੇਰੀ ਆਈ। ਜੇਠ ਦੇ ਦਿਨ ਸਨ, ਗਰਮੀ ਨਾਲ ਸੜੀ ਹੋਈ ਤੱਤੀ ਹਵਾ ਸੀ, ਹਨੇਰੀ ਦੇ ਪਿਛੋਂ ਕੜਾਕੇ ਦੀ ਧੁਪ ਧਰਤੀ ਨੂੰ ਸਾੜਨ ਲਗੀ। ਖੁਲੇ ਵਾਯੂ ਮੰਡਲ ਵਿਚ ਉਡਿਆਂ ਕਾਂ ਦੀ ਅੱਖ ਨਿਕਲਦੀ ਸੀ, ਜੂਨ ਤੇ ਜੁਲਾਈ ਦੇ ਮਹੀਨੇ (ਜੇਠ) ਦੀ ਧੁਪ ਪੰਜਾਬ ਦੀ ਮੰਨੀ ਹੋਈ ਧੁਪ ਹੈ, ਉਸ ਕਹਿਰ ਦੀ ਗਰਮੀ ਵੇਲੇ ਦੁਸ਼ਟਾਂ ਨੇ ਪ੍ਰਮਾਤਮਾ ਦੇ ਸਰੂਪ ਸਤਿਗੁਰੂ ਜੀ ਨੂੰ ਅੰਦਰ ਬੰਦ ਕਰ ਦਿਤਾ,

ਪਰ ਸਾਹਿਬ ਨਾ ਘਬਰਾਏ, ਨਾ ਡਰੇ ਤੇ ਨਾ ਡੋਲੇ, ਉਹ ਸਗੋਂ ਚੌਕੜਾ ਮਾਰਕੇ ਕਰਤਾਰ ਦੇ ਚਰਨਾਂ ਨਾਲ ਲਿਵ ਜੋੜਕੇ ਬੈਠ ਗਏ। ਤਾਰਬਰਕੀ ਦੀ ਤਰ੍ਹਾਂ ਪਾਰਬ੍ਰਹਮ ਨਾਲ ਆਤਮਾ ਜੁੜ ਗਈ, ਬਚਨ ਬਿਲਾਸ ਹੋਣ ਲਗੇ। ਸਾਹਿਬਾਂ ਨੇ ਕਰਤਾਰ ਨੂੰ ਕਿਹਾ—'ਹੇ ਦਾਤਾ ! ਜੋ ਕੁਝ ਹੋਣ ਲਗਾ ਹੈ ਉਹ ਸਭ ਕੁਝ ਤੇਰੇ ਕੀਤਿਆਂ ਹੀ ਹੋ ਰਿਹਾ ਹੈ ਹੇ ਪ੍ਰਭੂ ਤੇਰੇ ਚੋਜ ਹਨ। ਇਹ ਬੰਦੀਖਾਨਾ ਵੀ ਤੇਰਾ ਘਰ ਹੈ ਏਥੇ ਕੋਈ ਦੁਖ ਨਹੀਂ ਸਾਹਿਬਾਂ ਨੇ ਤੀਸਰੀ ਪਾਤਸ਼ਾਹੀ ਦੇ ਉਚਾਰੇ ਹੋਏ ਸ਼ਬਦ ਨੂੰ ਬਹੁਤ ਪ੍ਰੇਮ ਨਾਲ ਪੜਿਆ

ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥
ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥
ਬਾਬਾ ਦੇਹਿ ਵਸਾ ਸਚ ਗਾਵਾ ॥ ਜਾ ਤੇ ਸਹਜੇ ਸਹਜਿ ਸਮਾਵਾ ॥੧॥ ਰਹਾਉ ॥
ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ॥
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹ ਸੰਸਾਰਾ ॥

ਤਿਸਦਾ ਪ੍ਰਮਾਰਥ—ਜਿਥੇ ਤੂੰ ਬੈਠਾਵੇਂ ਪ੍ਰਮਾਤਮਾ ਓਥੇ ਮੈਂ ਬੈਠਾਂ, ਜਿਧਰ ਭੇਜੇ ਓਧਰ ਜਾਵਾਂ। ਓਹ ਪ੍ਰਮਾਤਮਾ ਹੀ ਸਭ ਤੋਂ ਵੱਡਾ ਰਾਜਾ ਹੈ। ਓਹਦਾ ਕੀਤਾ ਸਭ ਕੁਝ ਹੁੰਦਾ ਹੈ। ਸਾਰਿਆਂ ਥਾਵਾਂ (ਕੀ ਬੰਦੀਖਾਨਾ ਤੇ ਕੀ ਮੰਦਰ) ਪਵਿਤ੍ਰ ਹਨ। ਪਰ ਇਸ ਗਲ ਦਾ ਗਿਆਨ ਤਦ ਹੀ ਹੁੰਦਾ ਹੈ ਜੇ ਅੰਦਰ ਸੱਚ ਹੋਵੇ ਤੇ ਪ੍ਰਮਾਤਮਾ ਦੀ ਮੇਹਰ ਹੋਵੇ। ਜਗਤ ਵਿਚ ਓਹੋ ਕੁਝ ਹੁੰਦਾ ਹੈ, ਜੋ ਕੁਝ ਪ੍ਰਮਾਤਮਾ ਨੂੰ ਭਾਉਂਦਾ ਹੈ। ਓਹ ਦਾਤਾ ਆਪ ਹੀ ਖੇਡ ਰਚਦਾ ਤੇ ਕਰਦਾ ਹੈ। ਜੇ ਪ੍ਰਭੂ ਦੀ ਇਛਾ ਨਾ ਹੁੰਦੀ ਤਾਂ ਜਹਾਂਗੀਰ ਪਾਤਸ਼ਾਹ ਦੀ ਕੀ ਜੁਰਤ ਸੀ ਜੋ ਓਹ ਸਤਿਗੁਰੂ ਜੀ ਨੂੰ ਸੱਦ ਕੇ ਗ੍ਰਿਫਤਾਰੀ ਦਾ ਹੁਕਮ ਦੇਂਦਾ। ਪ੍ਰਭੂ ਨੇ ਭਾਣਾ ਹੀ ਇਸ ਤਰ੍ਹਾਂ ਵਰਤਾਉਣਾ ਸੀ।

ਦੂਸਰੇ ਪਾਸੇ ਲਾਹੌਰ ਦੀ ਸਿਖ ਸੰਗਤ ਨੂੰ ਬਾਦਸ਼ਾਹ ਦੇ ਹੁਕਮ ਅਤੇ ਸਤਿਗੁਰੂ ਜੀ ਦੀ ਨਜ਼ਰ ਬੰਦੀ ਦਾ ਗਿਆਨ ਹੋ ਗਿਆ। ਹਰ ਘਰ ਵਿਚ ਚੁਲੇ ਠੰਢੇ ਹੋ ਗਏ। ਹਾਹਾ ਕਾਰ ਮੱਚ ਗਈ। ਜੋ ਸਤਿਗੁਰੂ ਜੀ ਉਪਰ ਸ਼ਰਧਾ ਰੱਖਦੇ ਸਨ, ਓਹ ਕਹਿਣ ਲਗੇ—'ਲਾਹੌਰ ਸ਼ਹਿਰ ਜ਼ਰੂਰ ਗਰਕ ਹੋ ਜਾਵੇਗਾ। ਸਤਿਗੁਰੂ ਜੀ ਨੂੰ ਕਸ਼ਟ ਦੇਣ ਵਾਲੇ ਜੀਉਂਦੇ ਨਹੀਂ ਰਹਿ ਸਕਦੇ। ਕਈ ਭਲੇ ਪੁਰਸ਼ ਇਕੱਠੇ ਹੋਕੇ ਸੂਬੇਦਾਰ ਕੋਲ ਪਜੇ ਕਿ ਜੁਰਮਾਨਾ ਭਰ ਲਵੋ। ਜੋ

ਆਖੋ ਸੇਵਾ ਕਰਦੇ ਹਾਂ, ਪਰ ਸਤਿਗੁਰੂ ਜੀ ਨੂੰ ਸੁਤੰਤ੍ਰ ਕਰ ਦੇਵੋ। ਓਹਨਾ ਨੂੰ ਕਸ਼ਟ ਦੇਣ ਦਾ ਮਤਲਬ ਲਾਹੌਰ ਸ਼ਹਿਰ ਨੂੰ ਗਰਕ ਕਰਨਾ ਹੈ।' ਪਰ ਸੂਬੇਦਾਰ ਨੇ ਉੱਤਰ ਦਿਤਾ, 'ਬਾਦਸ਼ਾਹ ਦਾ ਹੁਕਮ ਹੈ ਕਤਲ ਕਰਨਾ,ਆਪ ਬਾਦਸ਼ਾਹ ਸਿੰਧ ਨੂੰ ਚਲਿਆ ਗਿਆ ਹੈ। ਬਾਦਸ਼ਾਹ ਤੋਂ ਬਿਨਾਂ ਸਤਿਗੁਰੂ ਜੀ ਨੂੰ ਕੋਈ ਸੁਤੰਤ੍ਰ ਨਹੀਂ ਕਰ ਸਕਦਾ। ਜਾਓ ਸਾਰੇ ਆਪੋ ਆਪਣੀ ਘਰੀਂ ਬੈਠੋ। ਇਹ ਸ਼ਾਹੀ ਫੁਰਮਾਨ ਹੈ, ਜੋ ਕੋਈ ਕਿਸੇ ਕੈਦੀ ਜਾਂ ਬਾਗੀ ਨੂੰ ਛੁਡਾਉਣ ਦਾ ਯਤਨ ਕਰੇਗਾ, ਓਹ ਮੁਗਲ ਬਾਦਸ਼ਾਹੀ ਦਾ ਬਾਗੀ ਸਮਝਿਆਂ ਜਾਵੇਗਾ। ਉਸਨੂੰ ਸਜਾਏ ਮੌਤ ਮਿਲੇਗੀ,ਉਸਦਾ ਘਰ ਘਾਟ ਜ਼ਬਤ ਕਰ ਲਿਆ ਜਾਵੇਗਾ। ਕੋਈ ਲਾਲ ਖੂਹ ਵਾਲੀ ਹਵੇਲੀ ਦੇ ਨੇੜੇ ਨਾ ਆਵੇ। ਰਾਮ ਦਾਸ ਪੁਰ ਦੀ ਜਾਇਦਾਦ ਤੇ ਜਗੀਰ ਸਭ ਜ਼ਬਤ ਕਰ ਲਈ ਜਾਵੇਗੀ। ਕੋਈ ਫਰਿਆਦ ਨਹੀਂ ਸੁਣੀ ਜਾ ਸਕਦੀ।' ਇਸ ਤਰ੍ਹਾਂ ਦਾ ਉੱਤਰ ਸੁਣਕੇ ਸਾਰੇ ਸ਼ਹਿਰੀ ਨਿਰਾਸਤਾ ਦੇ ਸਾਗਰ ਵਿਚ ਗੋਤੇ ਖਾਂਦੇ ਹੋਏ ਆਪੋ ਆਪਣੇ ਘਰੀਂ ਜਾ ਬੈਠੇ। ਕਿਸੇਦੀ ਕੋਈ ਪੇਸ਼ ਨਾ ਗਈ। ਸਾਰਿਆਂ ਦੇ ਹਿਰਦਿਆਂ ਨੂੰ ਡੋਬ ਪੈਂਦੇ ਸਨ। ਕਈ ਪ੍ਰੇਮੀ ਤਾਂ ਗਸ਼ਾਂ ਖਾ ਖਾ ਕੇ ਬੇਸੁਰਤ ਹੋਣ ਲਗੇ। ਪਰ ਉਪਕਾਰੀ ਭਾਈ ਲਧਾ ਜੀ, ਭਾਈ ਬੁਧੂ ਤੇ ਸੁਧੂ ਜੀ ਆਦਿਕ ਮਾਯਾ ਵਾਲੇ ਸਿਖ ਸਾਰਾ ਘਰ ਬੂਹਾ ਵਾਰ ਕੇ ਵੀ ਸਤਿ-ਗੁਰੂ ਜੀ ਦੀ ਸੇਵਾ ਕਰਨਾ ਚਾਹੁੰਦੇ ਸਨ। ਕਈ ਪ੍ਰੇਮੀ ਅੰਮ੍ਰਿਤਸਰ (ਰਾਮਦਾਸਪੁਰ) ਆਏ। ਓਹ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਪਾਸ ਪੁਜੇ। ਓਹਨਾ ਨੂੰ ਪੁਛਣ ਲਗੇ ਕਿ ਸਤਿਗੁਰੂ ਜੀ ਕੀ ਹੁਕਮ ਦੇ ਗਏ ਹਨ। ਹੁਣ ਕੀ ਬਣੇਗਾ ? ਪਰ ਬਾਬਾ ਜੀ ਤੇ ਭਾਈ ਗੁਰਦਾਸ ਜੀ ਨੇ ਕਿਸੇ ਨੂੰ ਕੋਈ ਉਤਰ ਨਹੀਂ ਦਿਤਾ। ਓਹ ਆਪ ਚੁਪ ਸਨ ਕਿਉਂਕਿ ਸ਼ਾਹੀ ਹੁਕਮ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ, ਗੁਰੂ ਕੇ ਮਹਿਲਾਂ ਧਰਮਸਾਲਾ ਆਦਿਕ ਤੇ ਤਰਤੀਬਨ ਸਰਕਾਰੀ ਨਿਗਰਾਨੀ ਸੀ। ਐਨਾ ਹੌਂਸਲਾ ਨਹੀਂ ਸੀ ਕਿ ਸਭ ਕੁਝ ਜ਼ਬਤ ਕਰ ਲਿਆ ਜਾਵੇ। ਵੈਸੇ ਨਿਗਰਾਨੀ ਬਹੁਤ ਸਖਤ ਸੀ। ਪੱਟੀ ਤੇ ਝਬਾਲ ਦੇ ਥਾਨਿਆਂ ਨੂੰ ਹਦਾਇਤਾਂ ਪੁਜ ਚੁਕੀਆਂ ਸਨ ਕਿ ਸਤਿਗੁਰੂ ਜੀ ਦੇ ਸਿਖ ਬਗ਼ਾਵਤ ਨਾ ਕਰਨ। ਸਭ ਸਿੱਖ ਨਿਰਾਸ ਹੋ ਕੇ ਲਾਹੌਰ ਮੁੜ ਆਏ। ਕਈ ਭੋਲੇ ਭਾਲੇ ਸਿੱਖ ਰੋਜ਼ ਲਾਲ ਖੂਹ ਦੀ ਹਵੇਲੀ ਵਲ ਜਾਂਦੇ। ਅਗੋਂ ਪਿਆਦੇ ਓਹਨਾਂ ਨੂੰ ਰੋਕ ਕੇ ਪਿਛੇ ਮੋੜ ਦੇਂਦੇ। ਚੰਦੂ ਲਾਲ ਦੀ ਨੂੰਹ

ਸਤਿਗੁਰੂ ਜੀ ਦੇ ਸ਼ਰਧਾਲੂ ਸਿਖ ਦੀ ਲੜਕੀ ਸੀ ਉਸ ਨੇ ਜਦ ਸੁਣਿਆਂ ਕਿ ਓਹਦੇ ਘਰ ਦੇ ਲਾਗੇ ਹੀ ਦੋ ਜਹਾਨ ਦੇ ਮਲਾਕ ਆਏ ਹਨ ਓਹ ਦਰਸ਼ਨ ਕਰਨ ਵਾਸਤੇ ਤਰਲੋ-ਮੱਛੀ ਹੋਣ ਲੱਗੀ। ਉਸ ਨੂੰ ਇਹ ਵੀ ਪਤਾ ਲਗ ਗਿਆ ਕਿ ਓਹਦੇ ਸੌਹਰੇ ਲਾਹੌਰ ਦੇ ਹਾਕਮ ਅਤੇ ਬਾਦਸ਼ਾਹ ਜਹਾਂਗੀਰ ਸਭ ਦੁਸ਼ਮਣ ਬਣ ਬੈਠ ਹਨ। ਖੋਟੀ ਨੀਤ ਵਾਸਤੇ ਸਤਿਗੁਰੂ ਜੀ ਨੂੰ ਨਜ਼ਰ ਬੰਦ ਕੀਤਾ ਹੈ। ਮੌਲਵੀ ਆਕੇ ਆਖ ਰਹੇ ਹਨ ਕਿ ਸਤਿਗੁਰੂ ਜੀ ਇਸਲਾਮ ਨੂੰ ਕਬੂਲ ਕਰ ਲੈਣ। ਇਨ੍ਹਾਂ ਦੇ ਮੁਸਲਮਾਨ ਹੋ ਜਾਣਦੇ ਨਾਲ ਸਾਰੀ ਸਿਖੀ ਇਸਲਾਮ ਦੇ ਝੰਡੇ ਹੇਠਾ ਆ ਜਾਵੇਗੀ। ਐਸੇ ਵਿਚਾਰ ਹਨ ਦੁਸ਼ਟਾਂ ਦੇ, ਪਾਪੀ ਸਤਿਗੁਰੂ ਜੀ ਦੀ ਮਹਿਮਾ ਨੂੰ ਨਹੀਂ ਜਾਣਦੇ, ਪਤਾ ਨਹੀਂ ਓਹ ਸਤਿਗੁਰੂ ਜੀ ਨੂੰ ਨਜ਼ਰਬੰਦ ਕਰਕੇ ਆਪਣੀ ਚੰਗੀ ਕਿਸਮਤ ਨੂੰ ਨਜ਼ਰਬੰਦ ਕਰ ਰਹੇ ਹਨ। ਐਸੇ ਪਾਪੀਆਂ ਨੂੰ ਕਦੀ ਭਗਵਾਨ ਖਿਮਾਂ ਨਹੀ ਦੇ ਸਕਦਾ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ।

੨੩. ਸਤਿਗੁਰੂ ਜੀ ਨੂੰ ਤੱਤੀ ਲੋਹ ਉਤੇ ਬੈਠਾਉਣਾ

ਬਾਦਸ਼ਾਹ ਜਹਾਂਗੀਰ ਲਾਹੋਰੋਂ ਸਿੰਧ ਨੂੰ ਤੁਰ ਗਿਆ ਉਸਦੇ ਜਾਣ ਪਿਛੋਂ ਗੁਰੂ ਘਰ ਦੇ ਦੋਖੀਆਂ ਨੂੰ ਮਨ ਆਈਆਂ ਕਰਨ ਦਾ ਸੁਨਹਿਰੀ ਸਮਾਂ ਮਿਲ ਗਿਆ, ਉਨ੍ਹਾਂ ਨੇ ਲੋਕਾਂ ਉਤੇ ਜੀ ਭਰਕੇ ਜੁਲਮ ਕੀਤੇ, ਚੰਦੂ ਲਾਲ ਵੀ ਸਤਿਗੁਰੂ ਜੀ ਪਾਸ ਆ ਪੁਜਾ, ਉਸ ਚੰਡਾਲ ਨੇ ਆਉਂਦਿਆਂ ਹੀ ਸਤਿਗੁਰੂ ਜੀ ਨੂੰ ਆਖਿਆ–

'ਕੀ ਮੇਰੀ ਬੇਟੀ ਦਾ ਸਾਕ ਪ੍ਰਵਾਨ ਕਰੋਗੇ ?'

'ਕਦੀ ਨਹੀਂ।' ਸਤਿਗੁਰੂ ਜੀ ਦਾ ਉਤਰ ਸੀ।

'ਫਿਰ ਸਜਾਵਾਂ ਮਿਲਣਗੀਆਂ, ਸਮਝ ਲਵੋ ਮੈਂ ਸਮੇਂ ਦਾ ਹਾਕਮ ਹਾਂ।'

'ਸਜਾਵਾਂ ਕੋਲੋਂ ਅਸੀਂ ਡਰਦੇ ਨਹੀਂ ਤੁਸੀ ਸਾਰੇ ਝੂਠੇ, ਪਾਪੀ ਤੇ ਅਨਿਆਈ ਹੋ। ਐਸੇ ਪਾਪੀਆਂ ਨਾਲ ਕਿਵੇਂ ਸਾਕਗੀਰੀ ਹੋ ਸਕਦੀ ਹੈ ?'

'ਸੰਤ ਹੋਕੇ ਐਨਾ ਅਭਿਮਾਨ ? ਕੇਹੜੀਆਂ ਫੌਜਾਂ ਹਨ ਤੁਸਾਂ ਪਿਛੇ ?'

'ਪ੍ਰਮਾਤਮਾ ਦੀ ਅਪਾਰ ਸ਼ਕਤੀ ਜਿਸ ਨੇ ਕਦੀ ਹਰਨਾਖਸ਼ ਨੂੰ ਮਾਇਆ ਸੀ ਜੇ ਚਾਹ ਤਾਂ ਇਕ ਪਲ ਵਿਚ ਦੀ ਇਸ ਜਗਤ ਦੀ ਸਾਰੀ ਖੇਡ ਨੂੰ ਸਮੇਟ

ਸਕਦੀ ਹੈ।'

ਸਤਿਗੁਰੂ ਜੀ ਨਿਰਭੈਤਾ ਨਾਲ ਚੰਦੂ ਲਾਲ ਨੂੰ ਉੱਤਰ ਦੇ ਹੀ ਰਹੇ ਸਨ ਕਿ ਲਾਹੌਰ ਦਾ ਕਾਜੀ ਵੀ ਕੋਤਵਾਲ ਦੇ ਨਾਲ ਆ ਪੁਜਾ, ਉਨ੍ਹਾਂ ਨੇ ਆਉਂਦਿਆਂ ਹੀ ਸਤਿਗੁਰੂ ਜੀ ਨੂੰ ਪੁਛਿਆ—'ਦੇਖੋ ਜੀ ! ਮੁਗ਼ਲ ਬਾਦਸ਼ਾਹ ਦੇ ਹੁਕਮ ਅਗੇ ਸਿਰ ਝੁਕਾਉਣਾ ਹੀ ਚੰਗਾ ਹੈ। ਜੇ ਮੁਸਲਮਾਨ ਨਹੀਂ ਹੋ ਸਕਦੇ ਤਾਂ ਇਹ ਕਰਨਾ ਤਾਂ ਸੌਖਾ ਹੈ ਕਿ ਹਜਰਤ ਮੁਹੰਮਦ ਸਾਹਿਬ ਦੀ ਵਡਿਆਈ ਆਪਣੀ ਕਿਤਾਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਲਿਖ ਦੇਵੋ। ਅਸੀਂ ਬਾਦਸ਼ਾਹ ਨੂੰ ਮਨਾ ਸਕਦੇ ਹਾਂ ਕਿ ਉਹ ਤੁਸਾਂ ਨੂੰ ਖਿਮਾ ਕਰ ਦੇਣ ਤੇ ਮੌਤ ਦੀ ਸਜਾ ਟਲ ਜਾਵੇ ਜੇ ਕੋਈ ਗਲ ਨਾ ਮੰਨੋ ਤਾਂ ਬਹੁਤ ਤੰਗ ਕੀਤਾ ਜਾਵੇਗਾ। ਮਛੀ ਵਾਂਗ ਤਲਿਆ ਤੇ ਆਲੂਆਂ ਵਾਂਗ ਉਬਾਲਿਆ ਜਾਵੇਗਾ। ਸੋਚ ਲਵੋ ਚੰਗਾ ਤਾਂ ਇਹ ਹੈ ਕਿ ਮੁਸਲਮਾਨ ਹੀ ਹੋ ਜਾਵੋ। ਅੰਮ੍ਰਿਤਸਰ ਦੇ ਵਡੇ ਪੀਰ ਬਣ ਜਾਵੋਗੇ। ਸਾਰਾ ਮੁਸਲਮਾਨ ਜਗ ਆਪ ਦੀ ਪੂਜਾ ਕਰੇਗਾ ਖੁਦਾ ਵੀ ਖੁਸ਼ ਹੋਕੇ ਬਹਿਸ਼ਤਾਂ ਵਿਚ ਥਾਂ ਦੇਵੇਗਾ, ਹਜਰਤ ਮੁਹੰਮਦ ਸਾਹਿਬ ਗਵਾਹੀ ਦੇਣਗੇ।' 'ਮਨੁਖ ਮਨੁਖ ਨੂੰ ਨਹੀਂ ਮਾਰ ਸਕਦਾ ਇਹ ਇਕ ਭੁਲੇਖਾ ਹੈ ਅਗਿਆਨੀਆਂ ਤੇ ਮੂਰਖਾਂ ਦੇ ਦਿਲਾਂ ਵਿਚ ਕਿ ਉਹ ਆਪਣੇ ਤਨ ਤੇ ਹਕੂਮਤ ਦੇ ਬਲ ਨਾਲ ਕਿਸੇ ਮਨੁਖ ਦਾ ਖੂਨ ਕਰ ਸਕਦੇ ਹਨ।' ਸਤਿਗੁਰੂ ਜੀ ਸਾਰਿਆਂ ਨੂੰ ਸੰਬੋਧਨ ਕਰਕੇ ਕਹਿਣ ਲਗੇ—'ਕਿਸੇ ਨੂੰ ਮਾਰਨ ਤੇ ਜਨਮ ਦੇਣ ਦੀ ਕਲਾ ਪ੍ਰਮਾਤਮਾ ਨੇ ਆਪਣੇ ਹਥ ਰਖੀ ਹੈ। ਉਸ ਦਾਤੇ ਦੀ ਇਛਾ ਹੋਵੇ ਤਾਂ ਜੀਵ ਮਰ ਸਕਦਾ ਤੇ ਜਨਮ ਲੈ ਸਕਦਾ ਹੈ ਪਰ ਉਹ ਦਾਤਾ (ਪ੍ਰਭੂ) ਆਪਣੇ ਜੁੰਮੇਂ ਕੋਈ ਗਲ ਨਹੀਂ ਲੈਂਦਾ, ਸਾਰੇ ਕਰਮ ਕਰਾਉਂਦਾ ਆਪਣੇ ਰਚੇ ਹੋਏ ਮਨੁਖ ਕੋਲੋਂ ਹੀ ਹੈ। ਇਕ ਨੂੰ ਸੰਤ ਬਣਾ ਕੇ ਉਸਦੇ ਹਿਰਦੇ ਵਿਚ ਮਜਬੂਤ ਭਰੋਸਾ, ਸਤ, ਨੇਕੀ, ਧਰਮ ਤੇ ਪਿਆਰ ਉਤਪਨ ਕਰ ਦੇਂਦਾ ਹੈ, ਦੂਸਰੇ ਦੇ ਹਿਰਦੇ ਵਿਚ ਕਠੋਰਤਾ, ਝੂਠ, ਲਾਲਚ, ਜੁਲਮ ਤੇ ਅਗਿਆਨਤਾ ਉਤਪਨ ਕਰਕੇ ਉਸਨੂੰ 'ਸ਼ੈਤਾਨ' ਦੀ ਪਦਵੀ ਦੇਂਦਾ ਹੈ। ਪਹਿਲਾਂ 'ਸੰਤ' ਤੇ ਪਿਛਲਾ 'ਸ਼ੈਤਾਨ' ਮੁੜ ਦੋਹਾਂ ਦੀ ਲੜਾਈ ਕਰਾ ਦੇਂਦਾ ਹੈ। ਆਪਣੀ ਖੇਡ ਰਚਕੇ ਆਪ ਹੀ ਦੇਖਦਾ ਹੋਇਆ ਖੁਸ਼ ਹੁੰਦਾ ਹੈ। ਇਸ ਸਮੇਂ ਪ੍ਰਤੀਤ ਹੁੰਦਾ ਹੈ ਕਿ ਤੁਸਾਂ ਸ਼ੈਤਾਨ ਨਾਲ ਅਸਾਂ ਦਾ ਯੁਧ ਹੋਣਾ ਹੈ। ਅਸਾਂ

ਕੋਲ ਇਕੋ ਹਥਿਆਰ ਹੈ ਵਾਹਿਗੁਰੂ ਦਾ ਸਿਮਰਨ, ਉਸ ਉਤੇ ਭਰੋਸਾ ਅਤੇ ਇਹ ਵਿਸ਼ਵਾਸ ਕੀ ਜੀਵ ਆਤਮਾ ਤਾਂ ਅਮਰ ਹੈ, ਉਹ ਨਾ ਮਰਦਾ ਹੈ ਨਾ ਕੋਈ ਮਾਰ ਸਕਦਾ ਹੈ, ਇਹ ਤਨ ਹੈ ਪੰਜ ਤਤ ਦੀ ਮਿੱਟੀ. ਇਸ ਨੂੰ ਜੇ ਕੋਈ ਅੱਗ ਜਾਂ ਜਲ ਮਿੱਟੀ ਨਾਲ ਨਾਸ਼ ਕਰ ਵੀ ਦੇਵੇ ਤਾਂ 'ਆਤਮਾ' ਉਤੇ ਕੋਈ ਅਸਰ ਨਹੀਂ ਪੈਂਦਾ। ਉਹ ਦੁਖੀ ਨਹੀਂ ਹੁੰਦੀ, ਅਸਾਂ ਦੀ ਆਤਮਾ ਕਿਸੇ ਨਾਲ ਵੈਰ ਨਹੀਂ ਕਰਦੀ, ਨਿਰ-ਵੈਰ ਤੇ ਨਿਰਦੋਸ਼ ਆਤਮਾ ਨੂੰ ਮੁਗਲ ਸਮਰਾਟ ਚੰਦੂ ਲਾਲ, ਕਾਜ਼ੀ ਕੋਤਵਾਲ ਤੇ ਪਿਆਦਿਆਂ ਕੋਲੋਂ ਕਾਹਦਾ ਡਰ ? ਜੇ ਕਰ ਸਿਰਜਨ ਹਾਰ ਨੇ ਆਪਣੀ ਮਾਯਾ ਸ਼ਕਤੀ ਨਾਲ ਘੜੀ ਪਲ ਵਾਸਤੇ ਸ਼ੈਤਾਨ ਬਣਾਕੇ ਅਸਾਂ ਦੀ ਪ੍ਰੀਖਿਆ ਲੈਣੀ ਚਾਹੀ ਹੈ ਤਾਂ ਡਰ ਕਿਸ ਗਲ ਦਾ ? ਪਹਿਲਾਵਾਨਾ ਵਾਂਗ ਅਸੀਂ ਨਿਡਰਤਾ ਨਾਲ ਇਮਤਿਹਾਨ ਵਿਚ ਬੈਠਣ ਨੂੰ ਤਿਆਰ ਹਾਂ। ਅੱਗ, ਜਲ ਤੇ ਤਲਵਾਰ ਕੋਲੋਂ ਅਸਾਂ ਨੂੰ ਕੋਈ ਭੈ ਨਹੀਂ। ਪਰ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਉਤੇ ਬੈਠਦੇ ਹੋਈ ਨਾ ਮੁਸਲਮਾਨ ਹੋਸਕਦੇ ਹਾਂ, ਨਾ ਹਜ਼ਰਤ ਮੁਹੰਮਦਸਾਹਿਬ ਦੀ ਉਸਤਤ ਕਿਸੇ ਦੇ ਕਹਿਣ ਉਤੇ ਲਿਖ ਸਕਦੇ ਹਾਂ ਅਤੇ ਨਾ ਹੋਈ ਹੋਰ ਈਨ ਮੰਨਣ ਵਾਸਤੇ ਤਿਆਰ ਹਾਂ। ਜੋ ਜੀ ਕਰਦਾ ਜੇ ਕਰੋ। ਵਾਹਿਗੁਰੂ ਜੋ ਕਰੇਗਾ ਸੋ ਭਲੀ ਕਰੇਗਾ।'

ਸਤਿਗੁਰੂ ਜੀ ਪਾਸੋਂ ਐਸੇ ਬਚਨ ਸੁਣਕੇ ਸੁਦਾਈ ਹਾਕਮਾਂ ਨੂੰ ਗਿਆਨ ਨਾ ਹੋਇਆ। ਓਹ ਗਿਆਨ ਦੀ ਰੋਸ਼ਨੀ ਅੱਗੇ ਅੱਖਾਂ ਮੀਟ ਕੇ ਜਾਣ ਬੁਝ ਕੇ ਅੰਨੇ ਬਣ ਬੈਠੇ। ਓਹਨਾਂ ਵਿਚੋਂ ਸ਼ੈਤਾਨ ਦੀ ਅਵਰ ਸੂਰਤ ਕਾਸੀ ਬੋਲਿਆ—'ਕੋਤਵਾਲ ਸਾਹਿਬ ! ਛੇਤੀ ਕਰੋ ! ਪ੍ਰਬੰਧ ਕਰੋ ਅੱਗ ਦੀ ਲੋਹ ਤੱਤੀ ਕਰੋ ਤੇ ਉਸ ਉਪਰ ਬੈਠਾਓ ! ਸਿਰ ਵਿਚ ਤੱਤੀ ਰੇਤ ਪਾਵੋ ! ਦੇਖੋ ਇਹਦਾ ਭਗਵਾਨ(ਵਾਹਿਗੁਰੂ)ਕਿਵੇਂ ਇਸ ਬਚਾਉਂਦਾ ਹੈ। ਓਹ ਸਜ਼ਾਵਾਂ ਦੇਵੋ ਜੋ ਕਿਸੇ ਨੇ ਕਦੀ ਨਾ ਦਿਤੀਆਂ ਹੋਣ। ਪਹਿਲਾਂ ਲੋਹ ਉਤੇ ਬੈਠਾਓ, ਫਿਰ ਦੇਗ ਵਿਚ ਉਬਾਲੋ ਤੇ ਅੰਤ ਵਿਚ ਦਰਿਆ ਰਾਵੀ ਦੇ ਠੰਢੇ ਜਲ ਵਿਚ ਇਸ਼ਨਾਨ ਕਰਾਵੋ। ਸਾਰੇ ਹਿੰਦੂ ਸੰਤ ਤੇ ਸਿੱਖ ਐਸੀ ਸਜ਼ਾ ਨੂੰ ਦੇਖਕੇ ਭੈ ਭੀਤ ਹੋ ਜਾਣਗ ਤੇ ਅਗੇ ਨੂੰ ਕੋਈ ਸਿਰ ਨਹੀਂ ਚੁਕੇਗਾ। ਇਸ ਲਾਮ ਦੇ ਦੁਸ਼ਮਨਾਂ ਨੂੰ ਬਾਦਸ਼ਾਹ ਅਕਬਰ ਭੂਹੇ ਕਰ ਗਿਆ। ਕਾਫਰ ਨੂੰ ਮਾਰਨਾ ਹੀ ਚੰਗਾ ਹੈ।' ਮੁਗਲ ਰਾਜ ਵਿਚ ਕਾਜ਼ੀ ਖੁਦਾ ਤੇ ਕਾਜੀ ਹੀ ਹਾਕਮ ਸੀ। ਓਹਦੇ

ਹੁਕਮ ਦੀ ਕੋਈ ਉਲੰਘਣਾ ਨਹੀਂ ਸੀ ਕਰ ਸਕਦਾ। ਕੋਤਵਾਲ ਤੇ ਚੰਦੂ ਆਦਿਕ ਨੂੰ ਕਾਜੀ ਦਾ ਹੁਕਮ ਮੰਨਣਾ ਪਿਆ। ਜੇਠ ਦਾ ਸੂਰਜ ਸਿਰ ਉਤੇ ਸੀ। ਹਵੇਲੀ ਦੇ ਖੁਲੇ ਵੇਹੜੇ ਵਿਚ ਲੋਹ ਗੱਡੀ ਗਈ, ਹੇਠਾਂ ਅੱਗ ਬਾਲਕੇ ਲੋਹ ਨੂੰ ਗਰਮ ਕੀਤਾ ਗਿਆ, ਜਦ ਉਪਰ ਆਟਾ ਸੁਟਿਆਂ ਸੜਨ ਲਗਾ ਤਾਂ ਜਗਤ ਦੇ ਮਾਲਕ, ਸ਼ਾਂਤੀ ਪੁੰਜ, ਪਿਆਰ ਦੇ ਦਾਤੇ, ਦਇਆ ਦੇ ਸਾਗਰ, ਅੰਮ੍ਰਿਤ ਦੇ ਸਰੋਵਰ ਸ੍ਰੀਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਆਖਿਆ—'ਆਪਣੇ ਆਪ ਇਸ ਤੱਤੀ ਲੋਹ ਉਤੇ ਬੈਠ ਜਾਵੋ ਜੇ ਤਨ ਦੇ ਸੜਨ ਤੇ ਮੌਤ ਦਾ ਡਰ ਹੋਵੇ ਤਾਂ ਮੁਸਲਮਾਨ ਹੋਣਾ ਮੰਨੋ। ਚੰਦੂ ਲਾਲ ਦੀ ਬੇਟੀ ਦਾ ਰਿਸ਼ਤਾ, ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤ ਤੇ ਮੁਸਲਮਾਨ ਹੋਣਾ ਇਹ ਤਿੰਨ ਸ਼ਰਤਾਂ ਹਨ। ਦਸੋ ਲੋਹ ਉਤੇ ਬੈਠਣਾ ਮਨਜ਼ੂਰ ਹੈ ਜਾਂ ਸ਼ਰਤਾਂ ਪ੍ਰਵਾਨ ਕਰਦੇ ਹੋ? ਸਤਿਗੁਰੂ ਜੀ ਨੇ ਉਸ ਸਮੇਂ ਨਿਗਾਹ ਭਰਕੇ ਸਾਰਿਆਂ ਵਲ ਦੇਖਿਆ. ਉਸ ਨਿਗਾਹ ਵਿਚ ਇਕ ਨਿਰਾਲੀ ਕ੍ਰੋਧ ਦੀ ਲਿਸ਼ਕ ਸੀ। ਓਹ ਕ੍ਰੋਧ ਇਸ ਵਾਸਤੇ ਸੀ ਕਿ ਇਸ ਮਾਮੂਲੀ ਜੀਵਨ ਬਦਲੇ ਕੈਸੀਆਂ ਸ਼ਰਤਾਂ ਇਕ ਬ੍ਰਹਮ ਗਿਆਨੀ ਅਗੇ ਰਖ ਰਹੇ ਹੋ। ਮੂਰਖੋ! ਸਮਝਦੇ ਨਹੀਂ ਕਿ ਸਤਿਗੁਰੂ ਨਾਨਕ ਦੇਵ ਜੀ ਦੀਆਂ ਦਾਤਾਂ ਦੇ ਮਾਲਕ ਕਦੀ ਧਕੇ ਨਾਲ ਕਿਸੇ ਦੀ ਈਨ ਮੰਨ ਸਕਦੇ ਹਨ ? ਬਾਕੀ ਰਹੀ ਗਲ ਮੌਤ ਦੀ? ਮੌਤ ਬ੍ਰਹਮ ਗਿਆਨੀ ਦੇ ਕੋਲ ਹੀ ਨਹੀਂ ਆਉਂਦੀ। ਓਥੇ ਤਾਂ ਨਾਹਰਾ ਸੀ ਕਿ 'ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥੧॥ ਰਾਖਨ ਹਾਰੁ ਸਮਾਰਿ ਜਨਾ ॥ ਸਗਲੇ ਛੋਡ ਬੀਚਾਰ ਮਨਾ ॥' ਓਥੇ ਤਾਂ ਸਭ ਤੋਂ ਵਡੇ ਰਾਖੇ ਪ੍ਰਮਾਤਮਾ ਉਤੇ ਭਰੋਸਾ ਸੀ। ਪ੍ਰਮਾਤਮਾ ਦੇ ਭਾਣੇ ਮੰਨਣ ਨੂੰ ਧਰਮ ਸਮਝਿਆ ਜਾਂਦਾ ਸੀ।

ਸਾਹਿਬਾਂ ਨੇ '੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥' ਦਾ ਜਾਪ ਕਰਕੇ ਤੱਤੀ ਲੋਹ ਉਤੇ ਇਸ ਤਰ੍ਹਾਂ ਨਿਰਭੈਤਾ ਨਾਲ ਪੈਰ ਰਖ ਦਿਤਾ, ਜਿਵੇਂ ਸੰਗ-ਮਰਮਰ ਦੇ ਥੜੇ ਉਤੇ ਕੋਈ ਬਜ਼ੁਰਗ ਪੈਰ ਰਖਦਾ ਤੇ ਬੈਠਦਾ ਹੈ। ਸਾਹਿਬ ਚੌਂਕੜਾ ਮਾਰਕੇ ਤੱਤੀ ਲੋਹ ਉਤੇ ਬੈਠ ਗਏ। ਚੰਡਾਲ ਚੰਦੂ ਲਾਲ, ਕਾਜ਼ੀ; ਕੋਤਵਾਲ, ਪਿਆਦੇ ਸਭ ਦੇਖਦੇ ਰਹਿ ਗਏ। ਕੁਦਰਤ

ਵਲੋਂ ਓਹਨਾਂ ਦੇ ਮੂੰਹਾਂ ਉਤੇ ਜੁਤੀਆਂ ਵੱਜੀਆਂ ਤੇ ਲਾਹਨਤਾਂ ਪਈਆਂ। ਓਹਨਾਂ ਦੀਆਂ ਅੱਖਾਂ ਨੀਵੀਆਂ ਹੋਈਆਂ ਮੂੰਹ ਭ੍ਰਿਸ਼ਟੇ ਗਏ । ਓਹ ਦਰਗਾਹੋਂ ਧਿਰਕਾਰੇ ਗਏ। ਨਰਕਾਂ ਵਿਚ ਉਹਨਾਂ ਵਾਸਤੇ ਥਾਂ ਬਣ ਗਈ। ਓਹਨਾਂ ਦੇ ਦਿਲ ਕੰਬੇ, ਸੂਰਜ ਸਿਰ ਤੇ ਖਲੋਤੇ ਨੇ ਦੇਖਿਆ, ਗਿਆਨ ਦਾ ਭੰਡਾਰ, ਅਗਨ ਦੇਵ ਦਾ ਮਾਲਕ ਤੱਤੀ ਲੋਹ ਉਤੇ ਬੈਠਾ ਹੈ। ਸੂਰਜ ਨੇ ਆਪਣਾ ਤੇਜ ਘਟ ਕਰ ਦਿਤਾ। ਸਤਿਗੁਰੂ ਜੀ ਨੇ ਪਾਸਾ ਨਹੀਂ ਮੋੜਿਆ, ਹਿਲੇ ਨਹੀਂ ਸਗੋਂ ਅਡੋਲ ਬੈਠੇ ਹੋਏ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਗੁਰੂ ਦੋਖੀ ਹੈਰਾਨ ਹੋਏ, ਓਹਨਾਂ ਨੂੰ ਸ਼ੱਕ ਪਿਆ ਕਿਤੇ ਕਰਾ-ਮਾਤ ਨਾਲ ਲੋਹ ਤਾਂ ਨਹੀਂ ਠੰਢੀ ਕਰ ਦਿਤੀ। ਓਹਨਾਂ ਵਿਚੋਂ ਇਕ ਨੇ ਲੋਹ ਉਹ ਹੱਥ ਰਖਕੇ ਦੇਖਿਆ ਤਾਂ ਲੋਹ ਅੱਗ ਨਾਲੋਂ ਵੀ ਬਹੁਤ ਤੱਤੀ ਸੀ, ਉਹ ਦੋ ਕਦਮ ਪਿਛੇ ਹੋ ਗਿਆ। ਸਾਹਿਬਾਂ ਨੇ ਨੈਣ ਮੁੰਦ ਲਏ, ਬਿਰਤੀ ਪਾਰਬ੍ਰਹਮ ਨਾਲ ਜੋੜ ਲਈ, ਉਸ ਵੇਲੇ ਪਾਰਬ੍ਰਹਮ ਤੇ ਸਤਿਗੁਰੂ ਜੀ ਵਿਚ ਕੋਈ ਭੇਦ ਨਹੀਂ ਸੀ ਰਿਹਾ। ਪਾਰਬ੍ਰਹਮ ਨੇ ਸਾਹਿਬਾਂ ਦੀ ਆਤਮਾ ਨੂੰ ਖੇੜੇ ਵਿਚ ਰਖਿਆ, ਅੱਗ ਦੇ ਸੇਕ ਦਾ ਕਸ਼ਟ ਨਾ ਪਹੁੰਚਣ ਦਿਤਾ, ਜਿਸ ਤਰ੍ਹਾਂ ਜਲ ਵਿਚ ਕਮਲ ਨਿਰਲੇਪ ਹੁੰਦਾ ਹੈ, ਤਿਵੇਂ ਸਾਹਿਬ ਅੱਗ ਦੇ ਸੇਕ ਤੋਂ ਨਿਰਲੇਪ ਸਨ। ਦੇਵੀ ਦੇਵਤੇ ਅਤੇ ਸ਼ਹੀਦਾਂ ਦੀਆਂ ਰੂਹਾਂ ਸਤਿਗੁਰੂ ਜੀ ਦੇ ਅਡੋਲਪੁਣੇ ਨੂੰ ਦੇਖਕੇ ਫੁਲ ਵਰਸਾਉਣ ਲਗੀਆਂ। ਸਭ ਆਖਣ ਲਗ ਪਏ ਸਨ 'ਇਹ 'ਸ਼੍ਰੋਮਣੀ ਸ਼ਹੀਦ' ਹਨ। ਅੱਗ ਲੋਹ ਹੇਠਾਂ ਬਦਲੀ ਗਈ, ਸਤਿਗੁਰੂ ਜੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰੀ ਗਏ। ਜ਼ਾਲਮਾਂ ਦੀ ਅੱਖੀਂ ਘਟਾ ਪਾਉਣ ਵਾਸਤ ਪ੍ਰਮਾਤਮਾ ਨੇ ਸਤਿਗੁਰੂ ਜੀ ਦੇ ਤਨ ਦੇ ਉਪਰਲੇ ਮਾਸ ਦਾ ਕੁਝ ਹੁਲੀਆ ਤਬਦੀਲ ਕੀਤਾ। ਕਾਜ਼ੀ ਤੇ ਚੰਦੂ ਫਿਰ ਆਏ ਆਕੇ ਕਹਿਣ ਲਗੇ—'ਕਿਉਂ ਜੀ ! ਅਜੇ ਵੀ ਸਮਾਂ ਹੈ ਜੇਕਰ ਮੁਸਲਮਾਨ ਹੋਣਾ ਮੰਨ ਲਵੋ ਤਾਂ ਜਾਨ ਬਚਾਈ ਜਾ ਸਕਦੀ ਹੈ ਕਸ਼ਟ ਨਹੀਂ ਦਿਤੇ ਜਾਣਗੇ, ਦਸੋ ਕੀ ਸਲਾਹ ਹੈ ?'

'ਸਤਿਗੁਰੂ ਨਾਨਕ ਦੇਵ ਜੀ ਜੋ ਸਿਖਿਆ ਦੇ ਗਏ ਹਨ, ਉਸੇ ਉਤੇ ਅਮਲ ਕੀਤਾ ਜਾਵੇਗਾ।' ਸਤਿਗੁਰੂ ਜੀ ਦਾ ਉੱਤਰ ਸੀ।

ਲੋਹ ਉਤੋਂ ਲਾਹਕੇ ਸਤਿਗੁਰਾਂ ਨੂੰ ਹੇਠਾਂ ਬੈਠਾ, ਦਿਤਾ, ਉਪਰੋਂ ਰਾਤ ਹੋ ਗਈ, ਸਾਰੇ ਦੁਸ਼ਟ ਘਰੋ ਘਰੀ ਤੁਰ ਗਏ। ਪਹਿਰੇਦਾਰਾਂ ਨੂੰ ਪੱਕੀ ਕਰ ਗਏ, 'ਕੋਈ

ਨੇੜੇ ਨਾ ਆਵੇ, ਸਾਰੀ ਰਾਤ ਦੁਖੀ ਰਹਿਣ ਦਿਓ, ਸਵੇਰੇ ਫੇਰ ਪੁਛਾਂਗੇ।' ਇਹ ਆਖਕੇ ਤੁਰ ਗਏ, ਸਾਹਿਬ ਸਤਿਨਾਮ ਦਾ ਸਿਮਰਨ ਕਰਦੇ ਰਹੇ।

ਅੱਧੀ ਰਾਤ ਬੀਤ ਗਈ ਚੰਦੂ ਦੀ ਨੂੰਹ ਜੋ ਇਕ ਗੁਰ-ਚਰਨਾਂ ਦੇ ਭੌਰੇ ਤੇ ਸ਼ਰਧਾਲੂ ਸਿੱਖ ਦੀ ਸਪੁਤ੍ਰੀ ਸੀ, ਰਾਤ ਦੇ ਹਨੇਰੇ ਵਿਚ ਸਤਿਗੁਰੂ ਜੀ ਦੇ ਦਰਸ਼ਨ ਵਾਸਤੇ ਹਵੇਲੀ ਵਿਚ ਆਈ, ਜਦ ਸਿਪਾਹੀਆਂ ਰੋਕਿਆ ਤਾਂ ਉਨ੍ਹਾਂ ਨੂੰ ਸੋਨੇ ਦੇ ਗਹਿਣਿਆਂ ਦਾ ਲਾਲਚ ਦੇਕੇ ਅਗੇ ਲੰਘ ਗਈ। ਅਗੇ ਸਾਹਿਬ ਸਮਾਧੀ ਲਾ ਕੇ ਹਰਿ ਸਿਮਰਨ ਕਰ ਰਹੇ ਸਨ। ਬੀਬੀ ਜਾਂਦੀ ਹੀ ਸਤਿਗੁਰੂ ਜੀ ਦੇ ਚਰਨਾਂ ਉਪਰ ਜਾ ਡਿੱਗੀ। ਭੁਬੀਂ ਭੁਬੀਂ ਰੋ ਰੋ ਕੇ ਉਸਨੇ ਸਤਿਗੁਰੂ ਜੀ ਦੀ ਸਮਾਧੀ ਨੂੰ ਤੋੜਲਿਆ, ਸਤਿਗੁਰੂ ਜੀ ਉਸਨੂੰ ਦੇਖਕੇ ਹੈਰਾਨ ਹੋਏ ਤੇ ਪੁਛਿਆ—'ਪੁਤ੍ਰੀ ! ਤੂੰ ਕੌਣ ਹੈਂ ?'

'ਹੇ ਦਾਤਾ ਮੈਂ ਚੰਦੂ ਲਾਲ ਦੀ ਨੂੰਹ ਹਾਂ। ਮੇਰੇ ਪਾਪੀ ਸਹੁਰੇ ਨੇ ਤੁਸਾਂ ਨੂੰ ਕਸ਼ਟ ਪਹੁੰਚਾਏ ਹਨ। ਮੈਂ ਬੇਬਸ ਬੁਲਬੁਲ ਪਿੰਜਰੇ ਵਿਚ ਬੰਦ ਹਾਂ, ਮੇਰੀ ਕੋਈ ਪੇਸ਼ ਨਹੀਂ ਜਾਂਦੀ। ਮੇਰੀ ਆਤਮਾ ਅਸ਼ਾਂਤ ਹੈ।' ਬੀਬੀ ਦਾ ਉੱਤਰ ਸੀ।

'ਪੁਤ੍ਰ ! ਜੋ ਕੁਝ ਹੋ ਰਿਹਾ ਹੈ ਪ੍ਰਮਾਤਮਾ ਤੇ ਬਾਦਸ਼ਾਹ ਦੇ ਹੁਕਮ ਨਾਲ ਹੋ ਰਿਹਾ ਹੈ, ਤੇਰਾ ਸਹੁਰਾ ਕੌਣ ਵਿਚਾਰਾ ਹੈ। ਅਸਾਂ ਨੂੰ ਹੁਕਮ ਭਾਣਾ ਮੰਨਣ ਦਾ ਹੈ, ਸ਼ਾਂਤ ਮਈ ਨਾਲ ਸ਼ੈਤਾਨੀ ਸ਼ਕਤੀਆਂ ਦਾ ਮੁਕਾਬਲਾ ਕਰਨਾ ਠੀਕ ਹੈ। ਚਿੰਤਾ ਨਾ ਕਰ, ਜਾਹ ਘਰ ਤੇਰੀ ਕਲਿਆਣ ਹੋਵੇਗੀ, ਵਾਹਿਗੁਰੂ ਤੇ ਭਰੋਸਾ ਰਖ ਤੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਿਆ ਕਰ।' ਸਤਿਗੁਰੂ ਜੀ ਦੇ ਉਪਦੇਸ਼ ਸੁਣ ਕੇ ਬੀਬੀ ਦਾ ਹਿਰਦਾ ਸ਼ਾਂਤ ਹੋਇਆ ਤੇ ਉਹ ਘਰ ਨੂੰ ਮੁੜ ਗਈ।

੨੪. ਸਤਿਗੁਰੂ ਜੀ ਦੀ ਸ਼ਹੀਦੀ

ਸਵੇਰ ਹੋ ਗਈ, ਉਸ ਦਿਨ ਦੁਸ਼ਟਾਂ ਨੇ ਸਤਿਗੁਰੂ ਜੀ ਨੂੰ ਫਿਰ ਤੱਤੀ ਲੋਹ ਉਪਰ ਬੈਠਾ ਦਿਤਾ। ਪਿਛਲੇ ਦਿਨ ਨਾਲੋਂ ਹੋਰ ਵਾਧਾ ਕੀਤਾ ਕਿ ਤੱਤੀ ਰੇਤ ਕੜਛਿਆਂ ਨਾਲ ਸਤਿਗੁਰੂ ਜੀ ਦੇ ਸੀਸ ਉਤੇ ਪਾਉਣੀ ਸ਼ੁਰੂ ਕੀਤੀ, ਸੜੀ ਹੋਈ ਰੇਤ ਤਨ ਉਪਰ ਛਾਲੇ ਪਾਈ ਜਾਂਦੀ ਸੀ ਸਾਹਿਬ ਤੱਤੀ ਰੇਤ

ਕੋਲੋਂ ਵੀ ਨਹੀਂ ਘਬਰਾਏ, ਸਾਹਿਬਾਂ ਨੂੰ ਚੜ੍ਹਦੀਆਂ ਕਲਾਂ ਵਿਚ ਦੇਖਕੇ ਦੁਸ਼ਟ ਘਬਰਾ ਗਏ। ਉਹ ਹੈਰਾਨ ਸਨ ਕਿ ਅੱਗ ਸਤਿਗੁਰੂ ਜੀ ਦੇ ਤਨ ਨੂੰ ਨਹੀਂ ਸਾੜ ਰਹੀ ਤੇ ਨਾ ਅੱਗ ਦੇ ਸੇਕ ਨਾਲ ਘਬਰਾਕੇ ਇਨ੍ਹਾਂ ਦੀ ਆਤਮਾ ਨੂੰ ਦੁਖ ਹੋਇਆ ਹੈ।

ਜ਼ਾਲਮਾਂ ਨੇ ਦੇਗ ਮੰਗਵਾਈ, ਉਸ ਵਿਚ ਪਾਣੀ ਪਾ ਕੇ ਹੇਠਾਂ ਅੱਗ ਬਾਲ ਦਿਤੀ ਜਿਸ ਨਾਲ ਪਾਣੀ ਉਬਾਲੇ ਖਾਣ ਲਗ ਪਿਆ, ਉਸ ਵੇਲੇ ਦੁਸ਼ਟਾਂ ਨੇ ਸਤਿਗੁਰੂ ਜੀ ਨੂੰ ਕਿਹਾ—'ਜੇ ਮੌਤ ਕੋਲੋਂ ਨਹੀਂ ਡਰਦੇ ਤਾਂ ਉਬਲਦੀ ਦੇਖ ਵਿਚ ਬੈਠ ਜਾਵੋ।'

ਸਾਹਿਬਾਂ ਨੇ ਦੁਸ਼ਟਾਂ ਵਲ ਨਿਗਾਹ ਭਰਕੇ ਦੇਖਿਆ ਤੇ ਅਨਬੋਲੇ ਹੀ ਦੇਗ ਵਿਚ ਬੈਠ ਗਏ। ਬੈਠਦੇ ਸਾਰ ਸੁਖਮਨੀ ਸਾਹਿਬ ਦਾ ਪਾਠ ਕਰਨਾ ਅਰੰਭ ਦਿਤਾ। ਸੁਕੀਆਂ ਮੋਟੀਆਂ ਲਕੜਾਂ ਦੀ ਅੱਗ ਹੇਠਾਂ ਬਲਦੀ ਰਹੀ। ਸਤਿਗੁਰੂ ਜੀ ਦੇਗ ਵਿਚ ਉਬਲਦੇ ਰਹੇ। ਇਹ ਹਾਲਤ ਦੇਖਕੇ ਧਰਤੀ ਤੇ ਅਸਮਾਨ ਡੋਲ ਗਏ। ਪੁਰਾਤਨ ਜ਼ਾਲਮ ਬਾਦਸ਼ਾਹ ਦੀਆਂ ਰੂਹਾਂ ਕੰਬ ਗਈਆਂ। ਫ਼ੈਰੂਨ ਤੇ ਚੰਗੇਜ਼ ਨੇ ਐਨਾ ਅਤਿਆਚਾਰ ਨਹੀਂ ਸੀ ਕੀਤਾ ਜਿੰਨਾਂ ਜਹਾਂਗੀਰ ਦੇ ਸਮੇਂ ਅਤਿਆਚਾਰ ਹੋਣ ਲਗਾ। ਜ਼ੁਲਮ ਹੱਦੋਂ ਟੱਪ ਗਿਆ। ਜਹਾਂਗੀਰ ਨੇ ਸਕੇ ਪੁਤ੍ਰ ਨੂੰ ਮਰਵਾ ਦਿਤਾ। ਹੋਰ ਕਈਆਂ ਨੂੰ ਕਤਲ ਕਰਵਾਇਆ ਗਿਆ।

ਸਤਿਗੁਰੂ ਜੀ ਦਾ ਭਰੋਸਾ ਅਤੇ ਆਤਮਿਕ ਬਲ਼ ਦੇਖਕੇ ਬ੍ਰਹਮਾ ਤੇ ਵਿਸ਼ਨੂੰ ਜਹੇ ਦੇਵਤੇ ਪ੍ਰਸੰਨ ਹੋਏ ਕਿ ਸਤਿਗੁਰੂ ਜੀ ਦੀ ਬਾਣੀ ਨੇ ਐਸੇ ਮਹਾਂ ਪੁਰਸ਼ ਤੇ ਸਤਿਗੁਰੂ ਪੈਦਾ ਕਰ ਦਿਤੇ ਹਨ, ਜੋ [illegible]ਤ ਵਿਚ ਖਿਲਰੀਆਂ ਸ਼ੈਤਾਨੀ ਸ਼ਕਤੀਆਂ ਨਾਲ ਟੱਕਰ ਲੈ ਸਕਦੇ ਹਨ। ਹੁਣ ਜਗਤ ਦਾ ਭਲਾ ਹੋ ਜਾਵੇਗਾ। ਭਾਰਤ ਵਰਸ਼ ਮਲੇਛਾ ਕੋਲੋਂ ਸੁਤੰਤ੍ਰ ਹੋ ਜਾਵੇਗਾ। ਧਰਮ ਵਧੇ ਫੁਲੇਗਾ। ਜ਼ਾਲਮਾਂ ਨੂੰ ਜਦ ਭਰੋਸਾ ਹੋ ਗਿਆ ਕਿ ਹੁਣ ਸਾਹਿਬਾਂ ਦੀ ਆਤਮਾ ਜ਼ਰੂਰ ਤਨ ਨਾਲੋਂ ਅੱਡ ਹੋ ਗਈ ਹੋਵੇਗੀ ਤਾਂ ਓਹਨਾਂ ਦੇਗ ਹੇਠੋਂ ਅੱਗ ਮੱਠੀ ਕਰ ਦਿਤੀ। ਦੇਗ ਵਿਚੋਂ ਬਾਹਰ ਕੱਢਣ ਦਾ ਓਹਨਾਂ ਨੂੰ ਕੋਈ ਢੰਗ ਨਹੀਂ ਸੀ ਲਭਦਾ, ਪਾਣੀ ਦੀ ਗਰਮਾਈ ਅਗੋਂ ਫੁੰਕਾਰੇ ਮਾਰਦੀ ਸੀ। ਦੇਗ ਨੂੰ ਪਲਟਕੇ ਸਾਹਿਬਾਂ ਨੂੰ ਬਾਹਰ ਕੱਢਿਆ ਗਿਆ। ਆਤਮਾ ਅਜੇ ਤਨ ਵਿਚ ਸੀ, ਪਰ ਤਨ ਛਾਲੇ ਛਾਲੇ ਹੋ ਚੁਕਾ ਸੀ। ਸਜਾਏ ਮੌਤ ਦੀ ਆਗਿਆ

ਓਹ ਬਾਦਸ਼ਾਹ ਕੋਲੋਂ ਪਹਿਲਾਂ ਲੈ ਚੁਕੇ ਸਨ, ਇਸ ਵਾਸਤੇ ਨਿਰਭੈਤਾ ਨਾਲ ਓਹਨਾ ਨੇ ਸਤਿਗੁਰੂ ਜੀ ਨੂੰ ਚੁਕਿਆ ਤੇ ਰਾਵੀ ਦਰਿਆ ਦੇ ਕਿਨਾਰੇ ਤੱਤੀ ਰੇਤ ਉਤੇ ਜਾ ਸੁਟਿਆ। ਰੇਤ ਉਤੇ ਸੁਟਣ ਦੇ ਥੋੜੇ ਸਮੇਂ ਪਿਛੋਂ ਆਤਮਾ ਉਡਾਰੀ ਮਾਰਕੇ ਬ੍ਰਹਮ ਲੋਕ ਨੂੰ ਚਲੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਅਗੋਂ ਲੈਣ ਵਾਸਤੇ ਆਏ। ਦੇਵਤਿਆਂ ਨੇ ਫੂਲ ਬਰਸਾਏ ਅਤੇ ਖੁਸ਼ੀਆਂ ਦੇ ਗੀਤ ਗਾਏ।

ਲਾਹੌਰ ਵਿਚ ਮਾਰਸ਼ਲ-ਲਾ ਲਗਾ ਹੋਇਆ ਸੀ। ਕੋਈ ਹਿੰਦੂ ਜਾਂ ਮੁਸਲ-ਮਾਨ ਉਸ ਪਾਸੇ ਨਹੀਂ ਗਿਆ, ਜਿਧਰ ਸਤਿਗੁਰੂ ਜੀ ਨੂੰ ਸੁਟਿਆ ਗਿਆ ਸੀ। ਆਪੇ ਹੀ ਦੁਸ਼ਟਾਂ ਨੇ ਚੁਕਕੇ ਦਰਿਆ ਰਾਵੀ ਦੇ ਸੀਤਲ ਜਲ ਵਿਚ ਤਾਰ ਦਿਤਾ। ਇਹ ਦਿਹਾੜਾ ਜੇਠ ਸੁਦੀ ਚੌਥ ਸੰਮਤ ੧੬੬੩ ਬਿ: ਦਾ ਸੀ ਜਿਸ ਦੀ ਅਮਰ ਯਾਦਗਾਰ ਅਜੇ ਤਕ ਮਨਾਈ ਜਾ ਰਹੀ ਹੈ। ਲਾਹੌਰ ਸ਼ਾਹੀ ਕਿਲੇ ਤੇ ਸ਼ਾਹੀ ਮਸੀਤ ਦੇ ਨੇੜੇ ਸਤਿਗੁਰੂ ਜੀ ਦੀ ਯਾਦ ਵਿਚ 'ਗੁਰਦਵਾਰਾ ਡੇਹਰਾ ਸਾਹਿਬ' ਨਾਮ ਦਾ ਸੁੰਦਰ ਮੰਦਰ ਬਣਿਆ ਹੋਇਆ ਹੈ। ਪਾਕਿਸਤਾਨ ਬਣਨ ਉਤੇ ੧੯੪੭ ਦੇ ਅਗਸਤ ਮਹੀਨੇ ਤੋਂ ਉਸ ਗੁਰਦੁਵਾਰੇ ਨੂੰ ਮਲੇਛਾਂ ਨੇ ਜੰਦਰੇ ਮਾਰ ਦਿਤੇ ਹਨ। ਪਤਾ ਨਹੀਂ ਵਾਹਿਗੁਰੂ ਕਦ ਗੁਰੂ ਪ੍ਰੇਮੀਆਂ ਤੇ ਸ਼ਰਧਾਲੂ ਸਿਖਾਂ ਕੋਲੋਂ ਉਸ ਸ਼ਹੀਦੀ ਮੰਦਰ ਵਿਚ ਪੂਜਾ-ਪਾਠ ਕਰਵਾਉਂਦਾ ਹੈ।

੧ ਓ ਸਤਿਗੁਰ ਪ੍ਰਸਾਦਿ ॥

ਮੀਰੀ ਪੀਰੀ ਦੇ ਮਾਲਕ

ਸ੍ਰੀ ਗੁਰੂ

ਹਰਿਗੋਬਿੰਦ ਸਾਹਿਬ

(੧੬੫੨-੧੭੦੧ ਬਿ:)

ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ ॥
ਅਰਜਨ ਕਾਇਆਂ ਪਲਟਕੈ ਮੂਰਤ ਹਰਿਗੋਬਿੰਦ ਸਵਾਰੀ ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ ॥
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰ ਉਪਕਾਰੀ ॥
ਪੁਛਨ ਸਿੱਖ ਅਰਦਾਸ ਕਰ ਛੇ ਮਹਿਲਾਂ ਤਕ ਦਰਸੁ ਨਿਹਾਰੀ ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ॥
ਕਲਿਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ ॥
ਜੁਗ ਜੁਗ ਸਤਿਗੁਰ ਧਰੇ ਅਵਤਾਰੀ ॥

(ਭਾਈ ਗੁਰਦਾਸ ਜੀ)

ਗੁਰੂ ਹਰਗੋਬਿੰਦ ਸਾਹਿਬ ਤੇ ਪੈਂਦੇ ਖਾਂ



ਬਹਾਦਰ ਪੈਂਦੇ ਖਾਂ ਨੂੰ ਕੌਣ ਨਹੀਂ ਜਾਣਦਾ। ਗੁਰੂ ਹਰਗੋਬਿੰਦ ਸਾਹਿਬ ਨੇ ਉਸ ਨੂੰ ਤੇਗ ਦਾ ਧਨੀ ਬਣਾਇਆ ਪਰ ਹਉਮੈ ਕਾਰਨ ਉਹ ਗੁਰੂ ਸਾਹਿਬ ਨਾਲ ਹੀ ਮੈਦਾਨ ਵਿਚ ਆ ਜੂਝਿਆ। ਉਕਤ ਤਸਵੀਰ ਵੀ ਮੈਦਾਨੇ-ਜੰਗ ਵਿਚ ਗੁਰੂ ਜੀ ਹਥੋਂ ਜ਼ਖਮੀ ਹੋਏ ਪੈਂਦੇ ਖਾਂ ਦੇ ਆਖਰੀ ਪਲਾਂ ਨੂੰ ਮੂਰਤੀਮਾਨ ਕਰਦੀ ਹੈ। ਜਦੋਂ ਪੈਂਦੇ ਖਾਂ ਆਖਰੀ ਸਾਹਾਂ ਤੇ ਸੀ ਤਾਂ ਗੁਰੂ ਜੀ ਨੇ ਫਿਰ ਉਸ ਨੂੰ ਆਪਣੀ ਢਾਲ ਦੀ ਛਾਂ ਕਰਕੇ ਕਲਮਾਂ ਪੜਨ ਦਾ ਆਦੇਸ਼ ਦਿੱਤਾ ਤਾਂ ਕਿ ਉਸ ਦਾ ਲੋਕ ਪਰਲੋਕ ਸੁਹੇਲਾ ਹੋਵੇ। ਗੁਰੂ ਹਰਗੋਬਿੰਦ ਅਤੇ ਪੈਂਦੇ ਖਾਂ

ਮੀਰੀ ਪੀਰੀ ਦੇ ਮਾਲਕ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

੧. ਸਤਿਗੁਰੂ ਜੀ ਦਾ ਜਨਮ

ਅੰਮ੍ਰਿਤਸਰ ਸ਼ਹਿਰ ਦੇ ਪਛਮ ਵਲ ਕੋਈ ਪੰਜ ਕੁ ਮੀਲ ਦੀ ਵਾਟ ਉਤੇ ਕਾਰਖਾਨਿਆਂ ਦੀ ਨਵੀਂ ਅਬਾਦੀ ਛੇਹਰਟਾ ਸਾਹਿਬ ਹੈ। ਸ੍ਰੀ ਛੇਹਰਟਾ ਸਾਹਿਬ ਗੁਰਦਵਾਰਾ ਵੀ ਹੈ। ਇਸ ਗੁਰਦਵਾਰੇ ਦੇ ਦਖਣ ਪੂਰਬ ਦਿਸ਼ਾ ਵਿਚ ਨਗਰ 'ਵਡਾਲੀ ਗੁਰੂ' ਹੈ। ਕਦੀ ਇਸ ਨਗਰ ਦਾ ਨਾਮ ਨਿਰਾ 'ਵਡਾਲੀ' ਸੀ ਪਰ ਅਜ ਗੁਰੂ ਕੀ ਵਡਾਲੀ ਜਾਂ ਵਡਾਲੀ ਗੁਰੂ ਦੇ ਨਾਮ ਨਾਲ ਮਸ਼ਹੂਰ ਹੈ। ਇਸ ਘੁਘ ਵਸਦੇ ਨਗਰ ਵਿਚਾਲੇ ਗੁਰਦੁਆਰਾ ਜਨਮ ਅਸਥਾਨ ਛੇਵੀਂ ਪਾਤਸ਼ਾਹੀ ਹੈ। ਭਾਵੇਂ ਇਸਦੀ ਇਮਾਰਤ ਸੁੰਦਰ ਨਹੀਂ ਬਣੀ, ਆਮ ਜ਼ਿਮੀਂਦਾਰਾਂ ਦੇਘਰਾਂ ਵਰਗਾ ਘਰ ਹੈ ਪਰ ਮਹਾਨਤਾ ਉਚੇ ਮੰਦਰਾਂ ਨਾਲੋਂ ਬਹੁਤੀ ਹੈ। ਇਹ ਨਗਰ ਤੇ ਨਗਰ ਦੇ ਚੌਗਿਰਦੇ ਦੀ ਧਰਤੀ ਭਾਗਾਂ ਵਾਲੀ,ਹੈ ਜਿਥੇ ੨੧ ਹਾੜ ਸੰਮਤ ੧੬੫੨ ਬਿ: ਵੀਰਵਾਰ ਵਦੀ ੯ ਦੇ ਰੇਵਤੀ ਨਛੱਤ੍ਰ ਵਿਚ ਸ੍ਰੀ ਮਾਤਾ ਗੰਗਾ ਜੀ ਦੀ ਪਵਿਤ੍ਰ ਕੁਖ ਤੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਜਨਮ ਲਿਆ, ਬਾਲਕ ਦੇ ਜਨਮ ਦਾ ਸਮਾਚਾਰ ਸੁਣਕੇ ਸ੍ਰੀ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਸਨ। ਬਾਬਾ ਬੁਢਾ ਜੀ ਦਾ ਦਿਤਾ ਹੋਇਆ ਵਰ ਸੱਤ ਹੋ ਗਿਆ ਸੀ ਜਿਸ ਦੀ ਸਾਖੀ ਪਿਛੇ ਲਿਖੀ ਜਾ ਚੁਕੀ ਹੈ।

ਦੋਹਰਾ—ਹਰਿ ਗੁਬਿੰਦ ਛੀਵੇਂ ਮਹਲ, ਬਹੁ ਸੁੰਦਰ ਤੁਮ ਰੂਪ।
ਗੁਰ ਬਿਅੰਤ ਬਾਂਕੀ ਛਬੈ ਰਵਿ ਸਮ ਤੇਜ ਅਨੂਪ॥
ਸਢੋ ਗੁਰੂ ਅਰਜੁਨੁ ਪਿਤਾ, ਵਜਸੀ ਜਾਨੁ ਗੁਰ ਮਾਤ।
ਹਰਿ ਗੁਬਿੰਦ ਨਾਨਕਿਪਤੇ, ਗੁਨ ਸਾਗਰ ਪੰਚ ਤਾਤ॥

(ਗੁਰ ਪ੍ਰਣਾਲੀ ਕਵਿ ਸੌਂਧਾ ਜੀ ਵਿਚੋਂ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਿਤਾ ਸ਼ਾਂਤੀ ਸਰੂਪ ਤੇ ਸ਼੍ਰੋਮਣੀ ਸ਼ਹੀਦ ਗੁਰੂ ਅਰਜਨ ਦੇਵ ਜੀ ਸਨ। ਹਰਿ ਗੋਬਿੰਦ ਸਾਹਿਬ ਜੀ ਸਤਿਗੁਰਾਂ

ਦੇ ਇਕਲੌਤੇ ਸਾਹਿਬਜ਼ਾਦੇ ਸਨ। ਸਾਹਿਬਜ਼ਾਦੇ ਦੇ ਜਨਮ ਦੀ ਸਿੱਖ ਸੰਗਤਾਂ ਦੇ ਨਗਰ ਵਡਾਲੀ ਦੇ ਵਾਸੀਆਂ ਨੂੰ ਬਹੁਤ ਖੁਸ਼ੀ ਹੋਈ।

ਗੁਰ ਬਿਲਾਸ ਵਿਚ ਲਿਖਿਆ ਹੈ--

ਦੇਖ ਪੁਤ੍ਰ ਮਾਤਾ ਹਰਖਾਈ ॥ ਬਾਲ ਸਬਦ ਸੁਣ ਦਾਸੀ ਧਾਈ ॥
ਘਰ ਘਰ ਭਯੋ ਕੁਲਾਹਲ ਭਾਰੀ ॥ ਗਾਵਤ ਮੰਗਲ ਆਵਤ ਨਾਰੀ ॥
ਸ੍ਰੀ ਗੁਰ ਅਰਜਨ ਸੁਨਯੋ ਜਬਹੀ ॥ ਪੁਤ੍ਰ ਜਨਮ ਸੁਖ ਪਾਇਓ ਤਬਹੀ ॥
ਦਾਨ ਦੀਓ ਜਹਿ ਵਾਰ ਨ ਪਾਰਾ ॥ ਤਬ ਸੁਮੇਰ ਨਿਜ ਮਨ ਮੈ ਧਾਰਾ ॥

ਸਵੈਯਾ--ਬ੍ਰਹਮ ਮੁਨੀ ਸਿਵ ਧਿਆਨ ਨ ਪਾਵਤ ਅਉਰ ਅਨੇਕ ਮਹਾ ਤਪ ਧਾਰੀ ॥ ਬੀਨ ਲੀਏ ਜਿਹ ਖੋਜਤ ਨਾਰਦ ਸਾਰਦ ਸੰਤ ਸਿਵਾ ਮੁਖ ਚਾਰੀ ॥ ਨੇਤ ਹੀ ਨੇਤ ਰਟੈ ਜਹਿ ਬਦ ਸੋ ਜੋਗ ਸਮਾਧ ਲਗਾਇ ਅਪਾਰੀ ॥ ਮੰਗਲ ਆਜ ਭਯੋ ਭੂ ਮੰਡਲ ਸੋ ਉਤਰਿਓ ਅਵਤਾਰਨ ਕੋ ਅਵਤਾਰੀ ॥ (ਹੱਥ ਲਿਖਤ ਗੁਰ ਬਿਲਾਸ ਵਿਚੋਂ)

ਸਾਹਿਬਜ਼ਾਦੇ ਦੇ ਗੁਣਾਂ ਤੇ ਉਨ੍ਹਾਂ ਦੇ ਰੂਪ ਦਾ ਵਰਨਣ ਨਹੀਂ ਹੋ ਸਕਦਾ, ਆਪ ਅਤੀ ਸੁੰਦਰ ਬਾਲਕ ਸਨ। ਸਾਰੇ ਸਿਖਾਂ ਸੇਵਕਾਂ ਤੇ ਪ੍ਰੇਮੀਜਨਾਂ ਨੇ ਖੁਸ਼ੀਆਂ ਮਨਾਈਆਂ, ਮੰਗਲਾਚਾਰ ਕੀਤੇ, ਨਾਰੀਆਂ ਨੇ ਗੀਤ ਗਾਏ, ਕਿਉਂਕਿ ਆਪ ਮਲੇਛਾਂ ਦਾ ਨਾਸ ਕਰਨ ਵਾਲੇ ਸਭ ਤੋਂ ਵਡੇ ਸੂਰਬੀਰ ਸਤਿਗੁਰੂ ਪ੍ਰਗਟ ਸਨ। ਸਾਹਿਬਜ਼ਾਦੇ ਦੇ ਜਨਮ ਵੇਲੇ ਸ਼ੈਤਾਨੀ, ਪਾਪੀ ਅਤੇ ਅਧਰਮੀ ਸ਼ਕਤੀਆਂ ਭੈਭੀਤ ਹੋ ਗਈਆਂ, ਜਿਵੇਂ ਸ੍ਰੀ ਰਾਮਚੰਦ੍ਰ ਜੀ ਦੇ ਜਨਮ ਸਮੇਂ ਸਾਰੇ ਦੈਂਤ ਤੇ ਰਾਖਸ਼ ਡਰ ਗਏ ਸਨ ਤੇ ਰਿਖੀ ਤੇ ਦੇਵਤੇ ਪ੍ਰਸੰਨ ਹੋਏ ਸਨ, ਤਿਵੇਂ ਸਾਹਿਬਜ਼ਾਦੇ ਦੇ ਅਵਤਾਰ ਧਾਰਨ ਸਮੇਂ ਨੇਕ ਪੁਰਸ਼ਾਂ ਨੇ ਤਾਂ ਖੁਸ਼ੀਆਂ ਮਨਾਈਆਂ ਪਰ ਪ੍ਰਿਥੀਚੰਦ ਜਿਹੇ ਗੁਰੂ ਘਰ ਦੇ ਦੋਖੀ ਤੇ ਲਾਲਚੀ ਪੁਰਸ਼ ਘਬਰਾ ਗਏ। ਉਹ ਏਧਰ ਉਧਰ ਨੱਸਕੇ ਸਿਰ ਲੁਕਾਉਂਦੇ ਹੋਏ ਰੋਣ ਲਗੇ। ਕਰਮ ਕੌਰ ਤੇ ਪ੍ਰਿਥੀਆ ਤਾਂ ਸੜ ਬਲਕੇ ਕੋਲੇ ਹੋ ਗਿਆ ਉਸ ਨੇ ਕਈ ਦਿਨ ਘਰ ਚੁਲੇ ਅੱਗ ਨਾ ਬਾਲੀ।

ਸ੍ਰੀ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਨੇ ਬੇਅੰਤ ਖੁਸ਼ੀਆਂ ਮਨਾਈਆਂ। ਲੀੜੇ ਕੱਪੜੇ ਤੇ ਅੰਨ ਦੇ ਦਾਨ ਕੀਤੇ। ਦਾਸੀਆਂ ਨੂੰ ਮਾਤਾ

ਜੀ ਨੇ ਸੋਨੇ ਦੇ ਗਹਿਣੇ ਬਖਸ਼ੇ। ਮਾਤਾ ਗੰਗਾ ਜੀ ਦੀਆਂ ਖੁਸ਼ੀਆਂ ਦਾ ਤਾਂ ਪਾਰਾਵਾਰ ਨਹੀਂ ਸੀ ਪਾਇਆ ਜਾਂਦਾ।

ਸਾਹਿਬਜ਼ਾਦੇ ਜੀ ਦੇ ਜਨਮ ਦੀ ਖੁਸ਼ੀ ਵਿਚ ਤੇ ਅਮਰ ਯਾਦ ਕਾਇਮ ਕਰਨ ਵਾਸਤੇ ਵਡਾਲੀ ਨਗਰ ਦੇ ਲਹਿੰਦੇ ਉਤਰੀ ਪਾਸੇ ਵਲ ਇਕ ਬਹੁਤ ਵੱਡਾ ਖੂਹ ਪੁਟਾ-ਇਆ ਤੇ ਪੱਕਾ ਕਰਾਇਆ ਤੇ ਉਸ ਉਤੇ ਛੇ ਹਲਟ ਚਲਾਏ। ਉਸ ਦਿਨ ਤੋਂ ਉਸ ਖੂਹ ਦਾ ਨਾਮ "ਛੇਹਰਟਾ ਸਾਹਿਬ" ਪੈ ਗਿਆ ਜੋ ਅੱਜ ਇਕ ਸੁੰਦਰ ਗੁਰਦੁਵਾਰਾ ਹੈ ਤੇ ਮਸਿਆ ਪਿਛੋਂ ਪੰਚਮੀ ਨੂੰ ਭਾਰੀ ਮੇਲਾ ਲਗਦਾ ਹੈ। ਸਾਹਿਬਾਂ ਨੇ ਉਸ ਖੂਹ ਨੂੰ ਵਰ ਦਿਤਾ ਕਿ ਜੋ ਦੁਖੀਆ ਇਸ਼ਨਾਨ ਕਰੇਗਾ ਉਸਦੇ ਦੁਖ ਦੂਰ ਹੋਣਗੇ ਤੇ ਜੋ ਬੀਬੀ ਪੁੱਤ੍ਰ ਪ੍ਰਾਪਤ ਦੀ ਇੱਛਾ ਰਖਕੇ ਸ਼ਰਧਾ ਨਾਲ ਇਸ਼ਨਾਨ ਕਰੇਗੀ ਉਸ ਦੀ ਕੁਖੋਂ ਅਵਸ਼ ਪੁੱਤ੍ਰ ਜਨਮ ਲਵੇਗਾ ਤੇ ਉਹ ਲੰਮੇਰੀ ਉਮਰ ਵਾਲਾ ਹੋਵੇਗਾ।

੨. ਪ੍ਰਿਥੀ ਚੰਦ ਨੇ ਸਾਹਿਬਜ਼ਾਦੇ ਨਾਲ ਵੈਰ ਕਰਨਾ

ਪ੍ਰਿਥੀਚੰਦ ਬਹੁਤ ਅਗਿਆਨੀ ਪੁਰਸ਼ ਸੀ, ਉਹ ਆਪਣੇ ਛੋਟੇ ਭਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਾਂ ਤੰਗ ਕਰਨ ਦਾ ਯਤਨ ਕਰਦਾ ਰਿਹਾ ਪਰ ਜਦ ਉਸ ਨੂੰ ਪਤਾ ਲਗਾ ਕਿ ਉਸ ਦੇ ਭਰਾ ਦੇ ਘਰ ਪੁਤਰ ਹੋ ਗਿਆ ਹੈ ਤੇ ਉਹ ਪੁੱਤ੍ਰ ਗੁਰਗੱਦੀ ਦਾ ਵਾਰਸ ਹੈ ਤਾਂ ਉਹ ਬਹੁਤ ਦੁਖੀ ਹੋਇਆ। ਉਹਦੇ ਪੁੱਤ੍ਰ ਮੇਹਰਬਾਨ ਨੂੰ ਸਾਹਿਬਾਂ ਨੇ ਕੋਲ ਰਖਿਆ ਹੋਇਆ ਸੀ। ਸਾਹਿਬਜ਼ਾਦੇ ਦੇ ਅਵਤਾਰ ਧਾਰਨ ਨਾਲ ਮੇਹਰ-ਬਾਨ ਦੇ ਗੁਰੂ ਬਣਨ ਦੀ ਆਸ ਖਤਮ ਹੋ ਗਈ। ਪ੍ਰਿਥੀ ਚੰਦ ਨੇ ਕ੍ਰੋਧ ਤੇ ਲਾਲਚ ਦਾ ਸ਼ਿਕਾਰ ਹੋ ਕੇ ਸਾਹਿਬਜ਼ਾਦੇ (ਹਰਿਗੋਬਿੰਦ ਸਾਹਿਬ) ਨੂੰ ਮਰਵਾਉਣ ਦੇ ਬੇਅੰਤ ਯਤਨ ਕੀਤੇ ਪਰ ਜਿਸਦਾ ਰਾਖਾ ਆਪ ਕਰਤਾਰ ਹੋਵੇ ਉਸਨੂੰ ਕੌਣ ਮਾਰ ਸਕਦਾ ਹੈ।

ਉਸ ਸਮੇਂ ਵਿਚ ਜਾਦੂ ਟੂਣਿਆਂ ਦਾ ਬਹੁਤ ਰਵਾਜ ਹੁੰਦਾ ਸੀ, ਸਭ ਤੋਂ ਪਹਿਲਾਂ ਪ੍ਰਿਥੀ ਚੰਦ ਨੇ ਅਨੇਕਾਂ ਧਾਗੇ, ਤਵੀਤ ਤੇ ਜਾਦੂ ਕਰਵਾਏ ਤੇ ਲਿਖਵਾਏ ਕਿ ਸਾਹਿਬਜ਼ਾਦੇ ਦਾ ਨਾਸ਼ ਹੋ ਜਾਵੇ। ਉਨ੍ਹਾਂ ਜਾਦੂਆਂ ਨੂੰ ਕਰਮ ਕੌਰ ਨੇ ਇਸਤ੍ਰੀਆਂ ਨੂੰ ਲਾਲਚ ਦੇ ਕੇ ਵਡਾਲੀ ਭੇਜਿਆ ਤੇ ਉਨ੍ਹਾਂ ਰਾਹੀਂ ਸਾਹਿਬਜ਼ਾਦੇ ਉਪਰ ਸੁਟਵਾਇਆ ਪਰ ਕਿਸੇ ਧਾਗੇ, ਤਵੀਤ ਤੇ ਜਾਦੂ ਨੇ

ਕੋਈ ਅਸਰ ਨਾ ਕੀਤਾ। ਸਭ ਅਸਫਲ ਰਹੇ, ਸਾਹਿਬਜ਼ਾਦ ਸਤਿਗੁਰੂ ਤੇ ਅਕਾਲ ਪੁਰਖ ਦੀ ਮਹਰ ਨਾਲ ਸੁੰਦਰ ਸਰੀਰ ਵਾਲੇ ਅਰੋਗ ਰਹੇ ਤੇ ਹੱਸਦੇ ਖੇਡਦੇ ਰਹਿੰਦ। ਇਕ ਜੋਗੀ ਦਸ ਦਿਨ ਮੁਠਾਂ ਚਲਾਉਂਦਾ ਰਿਹਾ ਪਰ ਉਹਦੀਆਂ ਮੁਠਾਂ ਉਸ ਉਤੇ ਹੀ ਪੈ ਗਈਆਂ, ਉਹ ਢਿੱਡ ਪੀੜ ਦੇ ਰੋਗ ਨਾਲ ਆਪ ਮਰ ਗਿਆ ਤੇ ਉਹ ਮਰਕੇ ਸਿਧਾ ਨਰਕਾਂ ਨੂੰ ਸਿਧਾਇਆ। ਉਸਦੀ ਮੌਤ ਦਾ ਜਦ ਪ੍ਰਿਥੀਏ ਨੂੰ ਪਤਾ ਲਗਾ ਤਾਂ ਉਸਨੂੰ ਬਹੁਤ ਦੁਖ ਹੋਇਆ। ਕਿਉਂਕਿ ਉਹ ਮਰਦਾ ਹੋਇਆ ਪ੍ਰਿਥੀਏ ਨੂੰ ਇਹ ਗਲ ਆਖ ਗਿਆ ਸੀ-'ਹੇ ਪ੍ਰਿਥੀ ਚੰਦ! (ਗੁਰੂ) ਹਰਿਗੋਬਿੰਦ ਸਾਹਿਬ ਜੀ ਜਾਨ ਲੈਣ ਦਾ ਖਿਆਲ ਛਡ ਦੇ, ਇਹ ਸੋਲਾਂ ਕਲਾ ਸੰਪੂਰਨ ਤੇ ਰਿੱਧੀਆਂ ਸਿਧੀਆਂ ਵਾਲੇ ਕੋਈ ਅਵਤਾਰ ਹਨ, ਇਨ੍ਹਾਂ ਨੂੰ ਤੂੰ ਨਹੀਂ ਮਰਵਾ ਸਕਦਾ। ਮੇਰਾ ਇਲਮ ਮੈਨੂੰ ਏਸੇ ਕਰਕੇ ਧੋਖਾ ਦੇ ਗਿਆ ਹੈ।'

ਪਰ ਉਸ ਸਮੇਂ ਪ੍ਰਿਥੀਏ ਦੇ ਸੌਂਦੀਂ ਖੂਨ ਚੜ੍ਹਿਆ ਹੋਇਆ ਸੀ। ਓਹ ਕਿਸੇ ਦੀ ਸਿਖਿਆ ਨਹੀਂ ਸੀ ਸੁਣਦਾ। ਉਸ ਨੇ ਸੋਭੀ ਨਾਮ ਦੀ ਦਾਈ ਸੱਦੀ। ਓਹ ਦਾਈ ਦੂਸਰਿਆਂ ਦੇ ਬਚਿਆਂ ਨੂੰ ਮਾਰਨ ਵਿਚ ਬਹੁਤ ਹੁਸ਼ਿਆਰ ਸੀ। ਉਸਦਾ ਇਕ ਆਪਣਾ ਛੋਟਾ ਜਹਾ ਬੱਚਾ ਸੀ, ਜਿਸ ਕਾਰਨ ਉਸ ਦੇ ਥਣਾਂ ਵਿਚ ਦੁੱਧ ਹੈ ਸੀ। ਓਹ ਮਾਤਾ ਗੰਗਾ ਜੀ ਦੀ ਜਾਣੂ ਵੀ ਸੀ। ਉਸਨੂੰ ਪ੍ਰਿਥੀਚੰਦ ਨੇ ਮਾਯਾ ਦਾ ਲਾਲਚ ਦੇਕੇ ਕਿਹਾ-'ਹੇ ਸੋਭਾ ਜੇ ਤੂੰ ਆਪਣ ਥਣਾਂ ਨੂੰ ਜ਼ਹਿਰ ਲਾਕੇ (ਗੁਰੂ)ਹਰਿ ਗੋਬਿੰਦ ਸਾਹਿਬ ਨੂੰ ਮਾਰ ਦੇਵੇਂ ਤਾਂ ਤੈਨੂੰ ਸੋਨ ਨਾਲ ਲੱਦ ਦੇਵਾਂਗਾ।' ਓਹ ਮੂਰਖ ਮੰਨ ਗਈ ਉਸ ਨੇ ਕੁਝ ਮਾਇਆ ਪਹਿਲਾਂ ਵਸੂਲ ਕਰ ਲਈ ਸੋਭਾ ਦਾਈ ਵਡਾਲੀ ਗੁਰੂ ਪੁਜੀ, ਮਾਤਾ ਗੰਗਾ ਜੀ ਨਾਲ ਉਸਨੇ ਬਹੁਤ ਹਿਤ ਤੇ ਪਿਆਰ ਦੀਆਂ ਗਲਾਂ ਕੀਤੀਆਂ। ਕਰਦਿਆਂ ੨ ਉਸਨੇ ਮਾਤਾ ਜੀ ਕੋਲੋਂ ਸਾਹਿਬਜ਼ਾਦਾ ਜੀ ਨੂੰ ਫੜ ਕੇ ਆਪਣੇ ਕੁਛੜ ਚੁਕ ਲਿਆ ਤੇ ਖਡੌਣ ਦੇ ਬਹਾਨੇ ਇਕ ਪਾਸੇ ਵਲ ਲੈ ਗਈ। ਇਕਾਂਤ ਵਿਚ ਜਾਕੇ ਉਸਨੇ ਜ਼ਹਿਰ ਵਾਲ ਥਣ ਤੋਂ ਸਾਹਿਬਜ਼ਾਦੇ ਜੀ ਨੂੰ ਦੁਧ ਚੁੰਘਾਉਣ ਦਾ ਯਤਨ ਕੀਤਾ। ਪਰ ਕਰਤਾਰ ਦ ਹੁਕਮ ਨਾਲ ਸਾਹਿਬ-ਜ਼ਾਦੇ ਜੀ ਨੇ ਉਸਦਾ ਮੰਮਾ (ਥਣ) ਮੂੰਹ ਵਿਚ ਨਹੀਂ ਪਾਇਆ ਸਗੋਂ ਉੱਚੀ ੨ ਰੋਣ ਲਗ ਪਏ। ਉਨ੍ਹਾਂ ਦਾ ਰੋਣਾ ਸੁਣਕੇ ਮਾਤਾ ਗੰਗਾ ਜੀ ਉਧਰ ਆ ਨਿਕਲੇ ਤੇ

ਸੋਭੀ ਕੋਲੋਂ ਆਪਣੇ ਪਿਆਰੇ ਸਪੁਤ੍ਰ ਨੂੰ ਫੜਕੇ ਆਪ ਗੋਦੀ ਚੁਕ ਲਿਆ। ਪਾਪੀ ਦੇ ਮਾਰਨੇ ਨੂੰ ਪਾਪ ਹੀ ਮਹਾਂ ਬਲੀ ਹੁੰਦਾ ਹੈ ਦੇ ਕਥਨ ਅਨੁਸਾਰ ਸੋਭਾ ਨੇ ਜੇਹੜਾ ਜ਼ਹਿਰ ਆਪਣੇ ਥਣ ਨੂੰ ਲਾਇਆ ਸੀ ਸਾਹਿਬਜ਼ਾਦੇ ਦੀ ਮਿਰਤਿਊ ਵਾਸਤੇ, ਓਹ ਜ਼ਹਿਰ ਓਸੇ ਨੂੰ ਚੜ੍ਹ ਗਿਆ ਤੇ ਵਿਆਕੁਲ ਹੋਕੇ ਮਾਤਾ ਗੰਗਾ ਜੀ ਦੇ ਕੋਲ ਹੀ ਧਰਤੀ ਉਤੇ ਡਿਗ ਪਈ, ਉਹਦਾ ਸਰੀਰ ਸਾਰਾ ਫਟ ਗਿਆ, ਮੂੰਹ ਵਿਚੋਂ ਝਗਜਾਣ ਲੱਗੀ ਉਹ ਬਹੁਤ ਦੁਖੀ ਹੋਕੇ ਤੜਫਣ ਲੱਗੀ। ਉਸਨੂੰ ਤੜਫਦਿਆਂ ਤੇ ਮਰਦਿਆਂ ਦੇਖਕੇ ਜਿਥੇ ਹੋਰ ਸਾਰੀਆਂ ਇਸਤ੍ਰੀਆਂ ਹੈਰਾਨ ਤੇ ਉਦਾਸ ਸਨ ਉਥੇ ਮਾਸੂਮ ਸਾਹਿਬ ਜ਼ਾਂਦੇ ਖਿੜ ਖਿੜਕੇ ਹੱਸੀ ਜਾਂਦੇ ਸਨ। ਉਨ੍ਹਾਂ ਦੇ ਹਾਸੇ ਦਾ ਕਿਸੇ ਨੂੰ ਗਿਆਨ ਨਹੀਂ ਸੀ। ਮਰਦੀ ਹੋਈ ਸੋਭੀ ਬਹੁਤ ਔਖੀ ਹੋਕੇ ਮਾਤਾ ਗੰਗਾ ਜੀ ਦੇ ਚਰਨਾ ਵਲ ਵਧੀ, ਉਹ ਰੋ ਰੋ ਕੇ ਕਹਿਨ ਲਗੀ—'ਮਾਤਾ ਜੀ ! ਮੈਨੂੰ ਬਖਸ਼ਣਾ ਮੈਂ ਹੁਣ ਮਰ ਰਹੀ ਹਾਂ, ਮੈਂ ਬਹੁਤ ਪਾਪਣ ਹਾਂ। ਮੇਰੇ ਪਾਪ ਮੈਨੂੰ ਮਾਰ ਰਹੇ ਹਨ ਮੈਂ ਕਈਆਂ ਮਾਵਾਂ ਦੇ ਲਾਡਲੇ ਪੁਤ੍ਰਾਂ ਨੂੰ ਦੁਸ਼ਮਨਾਂ ਦੇ ਆਖੇ ਲਗਕੇ ਮਾਰਿਆ ਸੀ, ਅਜ ਪ੍ਰਿਥੀ ਚੰਦ ਦੇ ਆਖੇ ਲਗਕੇ ਤੁਸਾਂ ਦੇ ਪੁਤ੍ਰ ਨੂੰ ਮਾਰਨ ਵਾਸਤੇ ਆਈ ਸਾਂ। ਹੇ ਮਾਤਾ ਜੀ ਮੇਰੇ ਥਣਾਂ ਨੂੰ ਜ਼ਹਿਰ ਲਗਾ ਹੋਇਆ ਸੀ, ਓਹੋ ਜ਼ਹਿਰ ਮੇਰੇ ਸਰੀਰ ਉਪਰ ਅਸਰ ਕਰ ਗਿਆ ਹੈ ਮੈਂ ਮਰ ਰਹੀ ਹਾਂ। ਮੈਨੂੰ ਖਿਮਾ ਬਖਸ਼ੋ। ਮੈਂ ਨਰਕਾਂ ਨੂੰ ਨਾ ਜਾਵਾਂ, ਮੈਨੂੰ ਪਾਪਣ ਨੂੰ ਨਰਕਾਂ ਨੇ ਵੀ ਢੋਈ ਨਹੀਂ ਦੇਣੀ, ਆਹ ! ਮੇਰੇ ਤਿੰਨ ਬਚੇ ਯਤੀਮ ਹੋ ਜਾਣਗੇ। ਮਾਤਾ ਜੀ...!' ਬੋਲਦੀ ਬੋਲਦੀ ਪਾਪਣ ਸੋਭੀ ਦਾਈ ਦਮ ਤੋੜ ਗਈ। ਉਸਦੀ ਮੌਤ ਦੇਖਕੇ ਤੇ ਉਹਦੀਆਂ ਗਲਾਂ ਸੁਣਕੇ ਮਾਤਾ ਜੀ ਬਹੁਤ ਭੈਭੀਤ ਹੋਏ ਉਨ੍ਹਾਂ ਨੇ ਸਾਹਿਬਜ਼ਾਦੇ ਨੂੰ ਘੁਟਕੇ ਛਾਤੀ ਨਾਲ ਲਾਇਆ, ਅਤੇ ਕਰਤਾਰ ਅਗੇ ਬਹੁਤ ਅਰਦਾਸ—ਬੇਨਤੀਆਂ ਕੀਤੀਆਂ ਕਿ ਸਾਹਿਬਜ਼ਾਦੇ ਦਾ ਵਾਲ ਵਿੰਗਾ ਨਾ ਹੋਵੇ। ਜਦ ਸਤਿਗੁਰੂ ਜੀ ਮਿਲੇ ਤਾਂ ਮਾਤਾ ਜੀ ਨੇ ਉਨ੍ਹਾਂ ਅਗੇ ਅਰਦਾਸ ਕੀਤੀ—'ਹੇ ਨਾਥ ! ਸਾਹਿਬਜ਼ਾਦੇ ਨੂੰ ਕਿਤੇ ਦੂਰ ਲੈ ਚਲੀਏ ਆਪ ਦਾ ਭਾਈ ਹਥ ਧੋਕੇ ਪਿਛੇ ਪਿਆ ਹੈ ਜ਼ਰੂਰ ਕੋਈ ਨਾ ਕੋਈ ਭਿਆਨਕ ਕਾਰਾ ਕਰੇਗਾ, ਜੇ ਸਾਹਿਬਜ਼ਾਦੇ ਨੂੰ ਕੁਝ ਹੋ ਗਿਆ ਤਾਂ ਮੈਂ ਜੀਊਂਦੀ ਨਹੀਂ ਰਹਾਂਗੀ। ਮੈਂ ਬਹੁਤ ਦੁਖੀ ਹਾਂ. ਮੈਨੂੰ ਆਪਣੇ ਕੋਲ ਸੁਧਾਸਰ (ਅੰਮ੍ਰਿਤਸਰ)

ਹੀ ਲੈ ਚਲੋ, ਓਥੇ ਮੈਂ ਆਪਣੇ ਘਰ ਰਹਾਂਗੀ ਮੇਰੇ ਪੁਤ੍ਰ ਉਤੇ ਤਿੰਨ ਵਾਰ ਹੋਏ ਹਨ ਮਾਤਾ ਜੀ ਦੇ ਬਚਨ ਸੁਣਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ--ਧੀਰਜ ਕਰੋ ! ਕਰਤਾਰ ਉਤੇ ਭਰੋਸਾ ਰਖੋ, ਸਾਹਿਬਜ਼ਾਦੇ ਨੂੰ ਤਤੀ ਵਾ ਨਹੀਂ ਲਗੇਗੀ, ਇਨ੍ਹਾਂ ਦਾ ਰਾਖਾ ਆਪ ਪ੍ਰਮੇਸ਼ਰ ਹੈ। ਜੋ ਦੁਸ਼ਮਨੀ ਕਰਨ ਆਵੇਗਾ ਉਹ ਮੂੰਹ ਦੀ ਖਾਕੇ ਜਾਵੇਗਾ, ਕਿਸੇ ਨੂੰ ਮਾਰਨਾ ਜਾਂ ਜੀਉਂਦੇ ਰਖਣਾ ਪ੍ਰਮਾਤਮਾ ਦੇ ਹੱਥ ਵਸ ਹੈ ਕਿਸੇ ਮਨੁਖ ਦੇ ਨਹੀਂ। ਜੇ ਇਹ ਸ਼ਕਤੀ ਮਨੁਖ ਕੋਲ ਹੋਵੇ ਤਾਂ ਦਿਨ ਚੜ੍ਹਦੇ ਨੂੰ ਜਗਤ ਦਾ ਹੁਲੀਆ ਹੀ ਹੋਰ ਦਾ ਹੋਰ ਹੋ ਜਾਇਆ ਕਰੇ।

ਸਾਹਿਬਜ਼ਾਦੇ (ਹਰਿਗੋਬਿੰਦ ਸਾਹਿਬ) ਦੋ ਸਾਲਾਂ ਦੇ ਹੋਏ ਤਾਂ ਮਾਤਾ ਗੰਗਾ ਜੀ ਦੇ ਜ਼ੋਰ ਦੇਣ ਉਤੇ ਸਤਿਗੁਰੂ ਜੀ ਨੇ ਮਾਤਾ ਜੀ ਨੂੰ ਸ੍ਰੀ ਅੰਮ੍ਰਿਤਸਰ ਜੀ ਸੱਦ ਲਿਆ। ਦਾਸੀਆਂ ਤੇ ਸੇਵਕਾਂ ਦੀ ਰਾਖੀ ਵਿਚ ਸਾਹਿਬਜ਼ਾਦੇ ਖੇਡਣ ਤੇ ਵਡੇ ਹੋਣ ਲਗੇ। ਪ੍ਰਿਥੀ ਚੰਦ ਨੇ ਏਥੇ ਹੀ ਘਟ ਨਾ ਕੀਤੀ। ਇਕ ਸਪਾਦੇ ਨੂੰ ਲਾਲਚ ਦੇ ਕੇ ਇਕ ਦਿਨ ਸਾਹਿਬਜ਼ਾਦੇ ਜੀ ਅਗੇ ਸੱਪ ਸੁਟ ਦਿੱਤਾ, ਓਹ ਸੱਪ ਬਹੁਤ ਜ਼ਹਿਰੀਲਾ ਸੀ, ਜਿਸ ਨੂੰ ਡੰਗ ਮਾਰੇ ਓਹ ਪਾਣੀ ਨਹੀਂ ਸੀ ਮੰਗ ਸਕਦਾ ਭਾਣਾ ਕਰਤਾਰ ਦਾ ਸਾਹਿਬਜ਼ਾਦੇ ਨੇ ਸੱਪ ਨੂੰ ਸਿਰੋਂ ਫੜਕੇ ਜ਼ੋਰ ਨਾਲ ਘੁਟਿਆ। ਐਨਾ ਘੁਟਿਆ ਕਿ ਸਪ ਦੀ ਸਿਰੀ ਫਿਸ ਗਈ ਤੇ ਸੱਪ ਮਰ ਗਿਆ ਸਾਹਿਬਜ਼ਾਦੇ ਹੱਸਣ ਲੱਗ ਪਏ। ਇਹ ਕੌਤਕ ਦਖਕੇ ਬਹੁਤਿਆਂ ਨੇ ਸਾਹਿਬਜ਼ਾਦੇ ਨੂੰ ਨਿਮਸ਼ਕਾਰ ਕੀਤੀ। ਮਾਤਾ ਜੀ ਨੂੰ ਪਤਾ ਲਗਾ ਤਾਂ ਓਹਨਾਂ ਨੇ ਸਾਹਿਬਜ਼ਾਦੇ ਦਾ ਬਾਹਰ ਖੇਡਣਾ ਬੰਦ ਕਰ ਦਿਤਾ। ਸਤਿਗੁਰੂ ਜੀ ਪਾਸ ਇਕ ਦੁਨੀ ਚੰਦ ਨਾਮ ਦਾ ਸੇਵਕ ਸੀ। ਓਹ ਸਾਹਿਬਜ਼ਾਦੇ ਨੂੰ ਆਪ ਖਿਡਾਇਆ ਤੇ ਵਰਚਾਇਆ ਕਰਦਾ ਸੀ। ਪ੍ਰਿਥੀਚੰਦ ਨੇ ਪੰਜ ਸੌ ਰੁਪੈ ਨਾਲ ਉਸਨੂੰ ਖਰੀਦਿਆ। ਉਸ ਨੂੰ ਇਹ ਸਿਖਿਆ ਦਿਤੀ ਕਿ ਓਹ ਦਹੀਂ ਵਿਚ ਸਖੀਆ ਰਲਾਕੇ ਸਾਹਿਬਜ਼ਾਦੇ ਨੂੰ ਖੁਵਾ ਦੇਵੇ। ਲਾਲਚ ਬੁਰੀ ਬਲਾ ਹੁੰਦੀ ਹੈ। ਦੁਨੀ ਚੰਦ ਮੂਰਖ ਬਣ ਗਿਆ। ਨਿਰਾ ਮੂਰਖ ਹੀ ਨਹੀਂ ਸਗੋਂ ਅਕ੍ਰਿਤਘਣ ਤੇ ਪਾਪੀ ਬਣਨ ਲਗਾ, ਉਸਨੇ ਪ੍ਰਿਥੀ ਚੰਦ ਦੇ ਦਿਤੇ ਹੋਏ ਸੰਖੀਏ ਨੂੰ ਸੰਭਾਲ ਲਿਆ ਤੇ ਮੌਕਾ ਤਾੜਨ ਲਗਾ ਕਿ ਕਦ ਸਾਹਿਬਜ਼ਾਦੇ ਨੂੰ ਖਵਾਵੇ। ਇਕ ਦਿਨ ਸਮਾ ਮਿਲ ਗਿਆ ਛੰਨੇ ਵਿਚ ਦਹੀਂ ਪਾਇਆ ਉਸ ਵਿਚ ਸੰਖੀਆ

ਬਾਲ ਸਮਝਕੇ ਖਵਾਉਣ ਲੱਗਾ। ਪਰ ਸਾਹਿਬਜ਼ਾਦੇ ਨੇ ਖਾਣ ਤੋਂ ਨਾਂਹ ਕਰ ਦਿੱਤੀ। ਜਦ ਜ਼ਬਰਦਸਤੀ ਖਵਾਉਣ ਲੱਗਾ ਤਾਂ ਸਾਹਿਬਜਾਦੇ ਨੇ ਚੀਕਾਂ ਮਾਰ ਦਿੱਤੀਆਂ, ਚੀਕਾਂ ਸੁਣਕੇ ਸਾਰੇ ਇਕੱਠੇ ਹੋ ਗਏ। ਪੁਛਣ ਤੇ ਮੀਰੀ ਪੀਰੀ ਦੇ ਮਾਲਕ ਜਗਤ ਦੇ ਰਖਕ ਸਾਹਿਬਜ਼ਾਦੇ ਤੋਤਲੀ ਜ਼ਬਾਨਨਾਲ ਕਹਿਣਲੱਗੇ—'ਇਹਦਹੀਂਖੁਵਾਉਂਦਾ ਹੈ।'

ਸਬੱਬ ਨਾਲ ਭਾਈ ਗੁਰਦਾਸ ਜੀ ਓਥੇ ਹਾਜ਼ਰ ਸਨ। ਭਾਈ ਸਾਹਿਬ ਹੁਰਾਂ ਨੇ ਸੋਚਿਆਂ ਦਹੀਂ ਵਿਚ ਕਿਤੇ ਜ਼ਹਿਰ ਹੀ ਨਾ ਪਾਈ ਹੋਵੇ। ਓਹਨਾ ਨੇ ਦੂਨੀ ਚੰਦ ਦੇ ਹਥੋਂਦਹੀਂ ਦਾ ਛੰਨਾਫੜ ਲਿਆ। ਛੰਨਾਫੜਕੇ ਦਹੀਂਦੇਖਿਆਤਾਂ ਓਨ੍ਹਾਂਨੂੰਸ਼ੱਕਪਿਆ। ਇਕ ਕੁੱਤੇ ਅਗੇ ਥੋੜਾ ਜੇਹਾ ਦਹੀਂ ਪਾਇਆ, ਦਹੀਂ ਨੂੰ ਖਾਂਦੇ ਸਾਰ ਕੁੱਤਾ ਮਰ ਗਿਆ। ਜਾਂ ਦੂਸਰੇ ਨੂੰ ਪਾਇਆ ਤਾਂ ਉਸ ਕੁੱਤੇ ਦੀ ਵੀ ਮੌਤ ਹੋ ਗਈ। ਇਹ ਦੇਖਕੇ ਸ਼ੱਕ ਪੱਕਾ ਹੋ ਗਿਆ ਕਿ ਦਹੀਂ ਵਿਚ ਜਰੂਰ ਜ਼ਹਿਰ ਮਿਲੀ ਹੋਈ ਹੈ। ਜਦ ਦੂਨੀਚੰਦ ਨੂੰ ਡਰ ਦੇ ਕੇ ਤੇ ਡਾਂਟਕੇ ਪੁਛਿਆ ਤਾਂ ਉਸ ਨੇ ਸਾਫ ਸਾਫ ਦਸ ਦਿੱਤਾ ਕਿ ਪ੍ਰਿਥੀ ਚੰਦ ਨੇ ਉਸਨੂੰ ਸੰਖੀਆ ਦਿਤਾ ਤੇ ਪੰਜ ਸੌ ਰੁਪੈ ਬਦਲੇ ਓਹ ਸਾਹਿਬਜ਼ਾਦੇ ਦਾ ਖ਼ੂਨ ਕਰਨ ਲੱਗਾ ਸੀ। ਇਹ ਸੁਣਕੇ ਕਈਆਂ ਸਿਖਾਂ ਨੇ ਤਾਂ ਸਲਾਹ ਕੀਤੀ ਕਿ ਦੂਨੀਚੰਦ ਨੂੰ ਮਾਰ ਦਿੱਤਾ ਜਾਵੇ ਪਰ ਸਤਿਗੁਰੂ ਜੀ ਦੇ ਭੈ ਕਰਕੇ ਕਿਸੇ ਨੇ ਕੁਝ ਨਾ ਆਖਿਆ ਅਤੇ ਉਸਨੂੰ ਘਰੋਂ ਬਾਹਰ ਕੱਢ ਦਿਤਾ। ਬਾਹਰ ਜਾਂਦਿਆਂ ਹੀ ਉਸ ਨੂੰ ਸੂਲ ਹੋਇਆ। ਸੂਲ ਦੀ ਪੀੜ ਨਾਲ ਤੜਫ ਤੜਫ ਕੇ ਉਸਨੇ ਜਾਨ ਤੋੜ ਦਿੱਤੀ । ਤਿਸ ਪ੍ਰਥਾਏ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ਼ਬਦ ਉਚਾਰਿਆ:—

ਲੇਪੁ ਨ ਲਾਗੋ ਤਿਲਕਾ ਮੂਲਿ ॥ ਦੁਸਟੁ ਬ੍ਰਾਹਮਣ ਮੂਆ ਹੋਇਕੈ ਸੂਲ ॥ ੧ ॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥
ਪ੍ਰਭ ਮਾਤ ਪਿਤਾ ਆਪਣੇ ਦਾਸ ਕਾ ਰਖਵਾਲਾ ॥
ਨਿੰਦਕ ਕਾ ਮਾਥਾ ਈਹਾਂ ਊਹਾਂ ਕਾਲਾ ॥ ੩ ॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥

(ਭੈਰਉ ਮ: ੫)

ਤਿਸਦਾ ਪ੍ਰਮਾਰਥ—ਜ਼ਹਿਰ ਨੇ ਬਾਲਕ ਉਤੇ ਕੋਈ ਅਸਰ ਨਾ ਕੀਤਾ। ਪ੍ਰਮਾਤਮਾ ਨੇ ਬਾਲਕ ਨੂੰ ਸੂਝ ਦਿੱਤੀ ਜੋ ਬਾਲਕ ਰੋ ਪਿਆ। ਲਾਲਚੀ ਤੇ

ਅਕ੍ਰਿਤਘਨ ਬ੍ਰਾਹਮਣ ਸੂਲ ਦੀ ਪੀੜ ਨਾਲ ਮਰ ਗਿਆ। ਹਰੀ ਦੇ ਸੇਵਕ ਸ਼ਾਹਜ਼ਾਦੇ ਹਰਿਗੋਬਿੰਦ ਸਾਹਿਬ ਨੂੰ ਪਾਰਬ੍ਰਹਮ ਪ੍ਰਮਾਤਮਾਂ ਨੇ ਆਪ ਹੱਥ ਦੇ ਕੇ ਰਖ ਲਿਆ। ਗੁਰੂ ਘਰ ਦੇ ਪ੍ਰਤਾਪ ਨੇ ਹੀ ਪਾਪੀ ਬ੍ਰਾਹਮਣ ਨੂੰ ਮਾਰਿਆ। ਪ੍ਰਮਾਤਮਾ ਨੇ ਆਪ ਬਚਾ ਲਿਆ ਕਿਉਂਕਿ ਉਹ ਆਪ ਸਭ ਦਾ ਰਾਖਾ ਹੈ। ਪ੍ਰਮਾਤਮਾ ਨੇ ਆਪ ਆਪਣੇ ਸੇਵਕਾਂ ਦੀ ਇਜ਼ਤ ਰਖਦਾ ਹੈ। ਨਿੰਦਕ ਦਾ ਮੂੰਹ ਏਥੇ ਤੇ ਦਰਗਾਹੇ ਕਾਲਾ ਹੁੰਦਾ ਹੈ। ਪਾਪੀ ਤੇ ਗੁਰੂ ਘਰ ਦੇ ਦੋਖੀ ਮਾਰੇ ਗਏ, ਇਹ ਪ੍ਰਮਾਤਮਾ ਦੀ ਮੇਹਰ ਹੈ, ਪ੍ਰਿਥੀਚੰਦ ਬਹੁਤ ਸ਼ਰਮਿੰਦਾ ਹੋਇਆ।

੩ ਸਾਹਿਬਜਾਦੇ ਨੂੰ ਮਾਤਾ [ਸੀਤਲਾ] ਦੇ ਰੋਗ ਨੇ ਘੇਰਨਾ

ਹੋਣ-ਹਾਰ ਸਾਹਿਬਜ਼ਾਦੇ ਤੁਰਨ ਤੇ ਖੇਡਣ ਲਗੇ। ਸਾਹਿਬਾਂ ਦਾ ਬਚਪਨ ਬੜਾ ਹਸਾਉਣਾ ਤੇ ਮਨ-ਮੋਹਨਾ ਸੀ। ਜਿਧਰ ਵੀ ਖੇਡਣ ਜਾਂਦੇ ਉਧਰ ਹੀ ਨਰ ਨਾਰੀ ਦੀ ਭੀੜ ਲਗ ਜਾਂਦੀ। ਸਾਹਿਬਾਂ ਦੇ ਦ੍ਰਸ਼ਨ ਕਰਕੇ ਸਿੱਖ ਸੰਗਤਾਂ ਨਿਹਾਲ ਹੁੰਦੀਆਂ, ਤੋਤਲੀ ਜਬਾਨ ਨਾਲ ਸਾਹਿਬ ਬੜੇ ਮਿਠੇ ਬਚਨ ਬੋਲਦੇ, ਕਿਸੇ ਨੂੰ ਮਾੜਾ ਬਚਨ ਨਹੀਂ ਸਨ ਆਂਦੇ। ਆਪ ਦੀ ਜ਼ਬਾਨੋਂ ਨਿਕਲੇ ਹੋਏ ਸਾਰੇ ਸ਼ਬਦ ਸਚੇ ਹੁੰਦੇ, ਬਹੁਤ ਸਾਰੀਆਂ ਨਾਰੀਆਂ ਉਸ ਰਾਹ ਉਪਰ ਖੜੀਆਂ ਉਡੀਕ ਦੀਆਂ ਰਹਿੰਦੀਆਂ ਜਿਧਰ ਸੇਵਕਾਂ ਦੇ ਸਾਥ ਖੇਡਣ ਵਾਸਤੇ ਸਾਹਿਬਜ਼ਾਦੇ ਜਾਇਆ ਕਰਦੇ ਸਨ। ਓਹ ਸਾਹਿਬਾਂ ਨੂੰ ਪੁਛਦੀਆਂ 'ਬਾਬਾ ਜੀ! ਮੇਰਾ ਪੁਤਰ ਬੀਮਾਰ ਹੈ ਰਾਜੀ ਹੋ ਜਾਵੇਗਾ ?'

'ਕੀ ਮੇਰੇ ਘਰ ਵੀ ਬਾਲ ਖੇਡੇਗਾ ?'

ਏਹੋ ਜਹੀਆਂ ਅਨੇਕਾਂ ਪੁਛਾਂ ਦਾ ਉੱਤ੍ਰ ਸਹਿਜ ਸੁਭਾ ਮਸੂਮੀਅਤ ਦੇ ਲਹਿਜੇ ਵਿਚ ਸਾਹਿਬਜ਼ਾਦੇ 'ਹਾਂ'ਜਾਂ'ਨਾਂ' ਵਿਚ ਦੇਂਦੇ ਹੋਏ ਅਗੇ ਨਿਕਲ ਜਾਂਦੇ। ਓਹਨਾਂ ਦੇ ਬਚਨ ਸਾਰੇ ਸਤ ਹੁੰਦੇ। ਜੋ ਜੀਵ ਸਾਹਿਬਾਂ ਦਾ ਦਰਸ਼ਨ ਕਰ ਲੈਂਦਾ ਉਸ ਦੀ ਚੁਰਾਸੀ ਕਟੀ ਜਾਂਦੀ। ਓਹਦੇ ਘਰ ਰਿਧੀਆਂ ਸਿੱਧੀਆਂ ਆ ਜਾਂਦੀਆਂ।

ਕਰਤਾਰ ਦਾ ਭਾਣਾ ਐਕਾ ਹੋਇਆ ਕਿ ਸਾਹਿਬਾਂ ਨੂੰ ਮਾਤਾ ਦੇ ਰੋਗ ਨੇ ਆ ਘੇਰਿਆ। ਜੋ ਹਿੰਦੂ ਸਨਾਤਨੀ ਵਿਚਾਰਾਂ ਵਾਲੀਆਂ ਇਸਤ੍ਰੀਆਂ ਸਨ,

ਓਹਨਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਸੀਤਲਾ ਦੇਵੀ ਦਾ ਪੂਜਨ ਕੀਤਾ ਜਾਵੇ। ਸੀਤਲਾ ਦਾ ਮੰਦਰ ਦੂਰਗੇ ਆਣੇ ਹੁੰਦਾ ਸੀ, ਜਿਥੇ ਹੁਣ ਲਛਮੀ ਨਰੈਣ ਦਾ ਮੰਦਰ ਤੇ ਸਰੋਵਰ ਹੈ। ਮਾਤਾ ਪੁਤ੍ਰ ਨਾਲ ਬਹੁਤ ਪਿਆਰ ਕਰਦੀ ਹੈ। ਓਹ ਪੁਤ੍ਰ ਦੀ ਜਾਨ ਬਚਾਉਣ ਬਦਲੇ ਆਪਣੀ ਜਾਨ ਵਾਰਨ ਨੂੰ ਤਿਆਰ ਹੋ ਜਾਂਦੀ ਹੈ। ਮਾਤਾ ਗੰਗਾ ਜੀ ਦਾ ਪੁਤ੍ਰ ਤਾਂ ਬੁੜ੍ਹੇਂ ਦਾ ਪੁਤ੍ਰ ਸੀ। ਓਹਨਾਂ ਨੇ ਸਤਿਗੁਰਾਂ ਅਗੇ ਅਰਦਾਸ ਬੇਨਤੀ ਕੀਤੀ ਕਿ ਸੀਤਲਾ ਦਾ ਪੂਜਨ ਕੀਤਾ ਜਾਵੇ। ਇਹ ਸੁਣਕੇ ਸਾਹਿਬ ਮੁਸਕਰਾਏ ਤੇ ਕਹਿਣ ਲਗੇ—'ਕਰਤਾਰ ਉਤੇ ਭਰੋਸਾ ਰਖੋ, ਕਰਤਾਰ ਭਲੀ ਕਰੇਗਾ। ਦੇਵੀ ਦੇਵਤੇ ਸੀਤਲਾ ਸਭ ਕਰਤਾਰ ਦੀ ਰਚਨਾ ਹੈ। ਕਰਤਾਰ ਦਾ ਸਿਮਰਨ ਕਰੋ ਤੇ ਵੈਦ ਜੀ ਕੋਲੋਂ ਦਵਾਈ ਖਵਾਓ।' ਸਤਿਗੁਰੂ ਜੀ ਦਾ ਉੱਤਰ ਸੀ।

ਪੂਰੇ ਮਹੀਨੇ ਪਿਛੋਂ ਸਾਹਿਬਜ਼ਾਦੇ ਅਰੋਗ ਹੋ ਗਏ। ਤਾਪ ਟੁਟ ਗਿਆ, ਬੀਮਾਰੀ ਬਹੁਤ ਭਿਆਨਕ ਸੀ। ਜਦ ਸਾਹਿਬਜ਼ਾਦੇ ਮੰਜੇ ਤੋਂ ਉਠਕੇ ਤੁਰਨ ਫਿਰਨ ਲਗੇ ਤਾਂ ਸਤਿਗੁਰੂ ਜੀ, ਮਾਤਾ ਗੰਗਾ ਜੀ ਤੇ ਸਿਖ ਸੰਗਤਾਂ ਨੇ ਬੜੀ ਖੁਸ਼ੀ ਮਨਾਈ ਤੇ ਕਰਤਾਰ ਦਾ ਧੰਨਵਾਦ ਕੀਤਾ। ਸਤਿਗੁਰੂ ਜੀ ਨੇ ਤਾਂ ਇਕ ਸ਼ਬਦ ਉਚਾਰਕੇ ਪ੍ਰਮਾਤਮਾ ਦੀ ਮਹਿਮਾ ਦਾ ਵਰਨਣ ਕੀਤਾ।

ਸਾਂਤਿ ਭਈ ਗੁਰ ਗੋਬਿਦਿ ਪਾਈ ॥
ਤਾਪ ਪਾਪ ਬਿਨਸੇ ਮੇਰੇ ਭਾਈ ॥ ੧॥ ਰਹਾਉ ॥
ਰਾਮ ਨਾਮੁ ਨਿਤ ਰਸਨ ਬਖਾਨ ॥ ਬਿਨਸੇ ਰੋਗ ਭਏ ਕਲਿਆਨ ॥ ੧ ॥
ਪਾਰਬ੍ਰਹਮ ਗੁਣ ਅਗਮ ਬੀਚਾਰ ॥ ਸਾਧੂ ਸੰਗਮਿ ਹੈ ਨਿਸਤਾਰ ॥ ੨ ॥
ਨਿਰਮਲ ਗੁਣ ਗਾਵਹੁ ਨਿਤ ਨੀਤ ॥
ਗਈ ਬਿਆਧਿ ਉਬਰੇ ਜਨ ਮੀਤ ॥ ੩ ॥
ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥
ਨਾਨਕ ਦਾਸ ਤੇਰੀ ਸਰਨਾਈ ॥ ੪ ॥ (ਗਉੜੀ ਮ: ੫)

ਸਤਿਗੁਰੂ ਜੀ ਫਰਮਾਉਂਦੇ ਹਨ ਪ੍ਰਮਾਤਮਾ ਦੀ ਕ੍ਰਿਪਾਲਤਾ ਨਾਲ ਸ਼ਾਂਤੀ ਵਰਤ ਗਈ ਹੈ। ਤਾਪ (ਬੁਖਾਰ) ਲੱਥ ਗਿਆ ਹੈ। ਅਸਾਂ ਕੋਈ ਹੋਰ ਇਲਾਜ ਨਹੀਂ ਕੀਤਾ, ਪ੍ਰਮਾਤਮਾ ਉਤੇ ਭਰੋਸਾ ਰਖਕੇ ਉਸੇ ਦੇ ਨਾਮ ਦਾ

ਸਿਮਰਨ ਕੀਤਾ ਹੈ, ਰਾਮਨਾਮ ਦੇ ਸਿਮਰਨ ਦੀ ਐਨੀ ਸ਼ਕਤੀ ਹੈ ਕਿ ਸਾਰੇ ਰੋਗ ਮਿਟ ਗਏ ਹਨ, ਅਸਾਂ ਨੂੰ ਸਾਧ ਸੰਗਤ ਵਿਚ ਬੈਠਕੇ ਪ੍ਰਮਾਤਮਾ ਦੇ ਗੁਣਗਾਉਣੇ ਚਾਹੀਦੇ ਹਨ। ਭਾਈ! ਸਾਰੇ ਜੀਵਾਂ ਨੂੰ ਆਖਦੇ ਹਾਂ ਕਿ ਉਸਦੇ ਗੁਣ ਗਾਇਆ ਕਰੋ। ਸਾਰੇ ਰੋਗ ਤੇ ਸੰਤਾਪ ਮਿਟਜਾਇਆ ਕਰਨਗੇ। ਪਰ ਪ੍ਰਭੂ ਦਾ ਸਿਮਰਨ ਜਦ ਕਰਨਾ ਹੋਵੇ ਤਾਂ ਮਨਬਚ ਤੇ ਕ੍ਰਮ ਨਾਲ ਕਰਨਾ ਚਾਹੀਦਾ ਹੈ। ਸਭ ਤੋਂ ਵਡੇ ਵੈਦ ਸਤਿਗੁਰੂ ਤੇ ਪ੍ਰਮਾਤਮਾ ਹਨ। ਇਨ੍ਹਾਂ ਦੀ ਸ਼ਰਨ ਦਾ ਆਸਰਾ ਲਿਆ ਕਰੋ।

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥
ਭਰਮ ਗਏ ਪੂਰਨ ਭਈ ਸੇਵ ॥ ੧ ॥ ਰਹਾਉ ॥
ਸੀਤਲ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕ੍ਰਿਪਾ ਧਾਰੀ ॥੧॥
ਨਾਨਕ ਨਾਮੁ ਜਪੈ ਸੋ ਜੀਵੈ ॥
ਸਾਧ ਸੰਗਿ ਹਰਿ ਅੰਮ੍ਰਿਤੁ ਪੀਵੈ ॥ (ਗਉੜੀ ਮਃ ੫)

੪ ਸਤਿਗੁਰੂ ਜੀ ਦੇ ਵਿਆਹ

ਬਚਿਆਂ ਦੇ ਵਿਆਹ ਛੋਟੀ ਉਮਰੇ ਕਰਨ ਦਾ ਰਵਾਜ ਭਾਰਤ ਦੇ ਵਿਚ ਆਮ ਪ੍ਰਚਲਤ ਸੀ। ਇਹ ਭਰਮ ਪਾ ਦਿਤਾ ਗਿਆ ਸੀ ਕਿ ਦਸ ਸਾਲ ਤੋਂ ਹੇਠਾਂ ਜੇ ਲੜਕੀ ਦਾ ਵਿਆਹ ਕੀਤਾ ਜਾਵੇ ਤਾਂ 'ਕੰਨਿਆਂ ਦਾਨ' ਹੁੰਦਾ ਹੈ ਤੇ ਉਸਦਾ ਚੰਗਾ ਫਲ ਦਰਗਾਹੇ ਸ਼ੁਭ ਮਿਲਦਾ ਹੈ। ਇਹ ਰਵਾਜ ਅਜੇ ਵੀ ਸਾਰੇ ਭਾਰਤ ਵਿਚੋਂ ਦੂਰ ਨਹੀਂ ਹੋਇਆ। ਪਰ ਸਤਾਰਵੀਂ ਸਦੀ ਵਿਚ ਛੋਟੀ ਉਮਰੇ ਵਿਆਹ ਕਰਨ ਦਾ ਰਵਾਜ ਭਰ ਜੋਬਨ ਉਤੇ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਜੇ ਸੱਤਾਂ ਸਾਲਾਂ (੧੬੬੧ ਬਿਃ) ਦੀ ਆਯੂ ਵਿਚ ਸਨ ਕਿ ਆਪ ਦੀ ਪਹਿਲੀ ਸ਼ਾਦੀ ਹੋਈ। ਓਹ ਸ਼ਾਦੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੀਤੀ ਸੀ। ਇਹ ਸ਼ਾਦੀ ਨਾਰਾਇਣ ਦਾਸ ਨਗਰ ਸੂਹੜੀ ਡਲੇ ਦੇ ਵਾਸੀ ਦੀ ਸਪੁਤਰੀ ਦਮੋਦਰੀ ਜੀ ਨਾਲ ੨੨ ਭਾਦਰੋਂ ਸੰਮਤ ੧੬੬੧ ਬਿ: ਨੂੰ ਹੋਈ। ਇਸ ਸ਼ਾਦੀ ਸਮੇਂ ਸਤਿਗੁਰੂ ਅਰਜਨ ਦੇਵਜੀ ਨੇ ਬਹੁਤ ਦਿਲ ਖੋਹਲਕੇ ਖੁਸ਼ੀਆਂ ਕੀਤੀਆਂ ਸਨ

ਸਨ। ਮਾਤਾ ਗੰਗਾ ਜੀ ਦੇ ਹਿਰਦੇ ਦੀ ਪ੍ਰਸੰਨਤਾ ਤਾਂ ਵਰਨਣ ਕਰਨ ਤੋਂ ਬਾਹਰ ਸੀ।

ਸਾਹਿਬਾਂ ਦੀ ਦੂਸਰੀ ਸ਼ਾਦੀ ਵਿਸਾਖੀ ਸੰਮਤ ੧੬੭੦ ਬਿਃ ਨੂੰ ਰਾਮਦਾਸ ਪੁਰ (ਅੰਮ੍ਰਿਤਸਰ) ਦੇ ਵਸਨੀਕ ਹਰੀਚੰਦ ਖਤ੍ਰੀ ਦੀ ਸਪੁਤ੍ਰੀ ਬੀਬੀ ਨਾਨਕੀ ਜੀ ਨਾਲ ਹੋਈ, ਅਤੇ ਤੀਸਰੀ ਸ਼ਾਦੀ ੧੧ ਸਾਵਣ ਸੰਮਤ ੧੬੭੨ ਬਿਃ ਨੂੰ ਦਇਆ ਰਾਮ ਮਰਵਾਹ, ਨਗਰ ਮੰਡਿਆਲਾ ਦੀ ਸਪੁਤ੍ਰੀ ਮਹਾਦੇਵੀ ਜੀ ਨਾਲ ਹੋਈ।

ਕਈਆਂ ਇਤਿਹਾਸਾਂ ਵਿਚ ਲਾਹੌਰ ਦੇ ਕਾਜ਼ੀ ਦੀ ਲੜਕੀ ਕੌਲਾਂ ਨਾਲ ਸੰਮਤ ੧੬੭੮ ਵਿਚ ਸ਼ਾਦੀ ਹੋਈ ਲਿਖਿਆ ਹੈ। ਪਰ ਇਹ ਇਤਿਹਾਸਕ ਭੁਲ ਹੈ ਕੌਲਾ ਨਾਲ ਸ਼ਾਦੀ ਨਹੀਂ ਹੋਈ, ਉਹ ਭਗਤੀ ਭਾਵ ਦੇ ਜੋਸ਼ ਵਿਚ ਸਤਿਸੰਗ ਕਰਨ ਦੇ ਖਿਆਲ ਨਾਲ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆ ਵਸੀ ਸੀ, ਜਿਵੇਂ ਕਿ ਆਮ ਸਿੱਖ ਸੰਗਤਾਂ (ਇਸਤ੍ਰੀਆਂ ਤੇ ਪੁਰਸ਼) ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿਕੇ ਨਾਮ ਦਾ ਸਿਮਰਨ ਕਰਦੀਆਂ ਅਤੇ ਗੁਰੂਘਰ ਦੀ ਸੇਵਾ ਕਰਿਆਕਰਦੀਆਂ ਸਨ। ਕਿਉਂਕਿ ਕੌਲਾਂ ਦੂਸਰੇ ਮਤ (ਇਸਲਾਮ ਮਜ਼ਹਬ) ਤਿਆਗ ਕੇ ਸਿੱਖੀ ਜਗਤ ਵਿਚ ਆਈ ਸੀ, ਇਸ ਵਾਸਤੇ ਸਾਰੇ ਉਸਦਾ ਬਹੁਤਾ ਸਤਿਕਾਰ ਕਰਦੇ ਸਨ । ਸਾਹਿਬਾਂ ਨੇ ਉਹਦੀ ਭਗਤੀ, ਸੇਵਾ ਤੇ ਉਹਦੇ ਜਗਤ ਤਿਆਗ ਨੂੰ ਦੇਖਕੇ ਉਹਦੀ ਅਮਰ ਯਾਦ ਕਾਇਮ ਕਰਨ ਬਦਲੇ ਕੌਲਸਰ ਸਰੋਵਰ ਦੀ ਰਚਨਾ ਕੀਤੀ ਜੋ ਬਾਬਾ ਅਟਲ ਸਾਹਿਬ ਦੇ ਕੋਲ ਹੈ। ਇਹ ਪ੍ਰੇਮ ਉਸੇ ਤਰ੍ਹਾਂ ਦਾ ਹੈ, ਜਿਵੇਂ ਮੀਰਾਂਬਾਈ ਕ੍ਰਿਸ਼ਨ ਜੀ ਦੀ ਮੂਰਤੀ ਨਾਲ ਪ੍ਰੇਮ ਕਰਦੀ ਸੀ, ਦੁਨੀਆਂ ਦਾਰ ਇਸ ਅਗੰਮੀ ਆਤਮਿਕ ਪਿਆਰ ਦੀ ਖਿੱਚ ਨੂੰ ਨਹੀਂ ਸਮਝ ਸਕਦੇ। ਸਿੱਖ ਸਤਿਗੁਰੂ ਸਾਹਿਬਾਂ ਨੇ ਆਪਣੇ ਤੇਜ ਪ੍ਰਤਾਪ ਦਾ ਅਭਿਮਾਨ ਨਹੀਂ ਕੀਤਾ ਨਾ ਹੀ ਕਿਸੇ ਐਸੇ ਕਰਮ ਨੂੰ ਕੀਤਾ ਹੈ ਜਿਸਦਾ ਅਸਰ ਦੇਸ ਦੇ ਧਾਰਮਿਕ ਤੇ ਸਮਾਜਿਕ ਜੀਵਨ ਉਤੇ ਬੁਰਾ ਪਵੇ, ਜੇ ਸ਼ਾਦੀਆਂ ਇਕ ਤੋਂ ਵੱਧ ਕੀਤੀਆਂ ਹਨ ਤਾਂ ਇਹ ਕੋਈ ਬੁਰਿਆਈ ਨਹੀਂ, ਉਸ ਸਮੇਂ ਬਹੁਤੀਆਂ ਸ਼ਾਦੀਆਂ ਦਾ ਆਮ ਰਵਾਜ ਸੀ, ਦੂਸਰਾ ਕਈ ਸ਼ਰਧਾਲੂ ਸਿੱਖ ਮਲੋ ਮਲੀ ਆਪਣੀਆਂ ਸਪੁਤ੍ਰੀਆਂ ਦੇ ਨਾਤੇ ਸਤਿਗੁਰੂ ਸਾਹਿਬਾਂ ਦੀ ਭੇਟਾ ਕਰਦੇ ਸਨ।

—o—

੫. ਗੁਰਿਆਈ ਮਿਲਣੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਆਯੂ ਅਜੇ ਯਾਰਾਂ ਸਾਲ ਸੀ ਕਿ ਆਪ ਨੂੰ ਗੁਰੂ ਬਣਨ ਦਾ ਸਮਾਂ ਪ੍ਰਾਪਤ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ੧ ਹਾੜ ਸ਼ੰਮਤ ੧੬੬੩ ਬਿ: ਨੂੰ ਸ੍ਰੀ ਹਰਿਮੰਦਰ ਸਾਹਿਬ ਸੰਗਤ ਦਾ ਇਕ ਭਾਰੀ ਇਕੱਠ ਹੋਇਆ। ਉਸ ਸਮੇਂ ਬਾਬਾ ਬੁੱਢਾ ਜੀ ਰਮਦਾਸ ਤੋਂ ਉਚੇਚੇ ਆਏ ਤੇ ਗੁਰੂ ਘਰ ਦੀ ਮਰਯਾਦਾ ਅਨੁਸਾਰ ਉਹ ਸਾਰੀਆਂ ਵਸਤੂਆਂ ਮੰਗਵਾਈਆਂ ਗਈਆਂ ਜਿਨ੍ਹਾਂ ਦੀ ਗੁਰਿਆਈ ਵੇਲੇ ਲੋੜ ਸੀ, ਪਿਛਲੀ ਰੀਤ ਅਨੁਸਾਰ ਮੰਜੀ, ਸਲੀ ਟੋਪੀ ਤੇ ਹੋਰ ਚੀਜ਼ਾਂ ਨੂੰ ਵੇਖਕੇ ਬਾਲਕ ਰੂਪ ਗੁਰੂ ਜੀ ਨੇ ਬਹੁਤ ਸਿਆਣਿਆਂ ਨੀਤੀਵਾਨਾਂ ਵਾਂਗ ਹੁਕਮ ਕੀਤਾ-'ਬਾਬਾ ਜੀ! ਹੁਣ ਸਮਾਂ ਬਦਲ ਗਿਆ ਹੈ ਹੁਣ ਇਨ੍ਹਾਂ ਚੀਜਾਂ ਦੀ ਲੋੜ ਨਹੀਂ। ਵੇਖੋ! ਮੰਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿਤੀ ਜਾਵੇ, ਸੇਲੀ ਬੇਦੀ ਸੰਭਾਲ ਲੈਣ, ਟੋਪੀ ਸਾਧੂਆਂ ਨੂੰ ਦੇ ਦਿਉ। ਅਸਾਂ ਵਾਸਤੇ ਤੇਗ ਤੇ ਤੀਰ ਕਮਾਨ ਦੀ ਲੋੜ ਹੈ। ਢਾਲ ਲਿਆਵੋ।'

ਸਤਿਗੁਰੂ ਜੀ ਦੇ ਇਨ੍ਹਾਂ ਬਚਨਾ ਨੂੰ ਸੁਨਕੇ ਕੁਝ ਸਿੱਖ ਸੰਗਤ ਹੈਰਾਨ ਹੋਈ ਤ ਕੁਝ ਸਿੱਖ ਸੰਗਤ ਨੂੰ ਇਹ ਬਚਨ ਸੁਣਕੇ ਬਹੁਤ ਉਤਸ਼ਾਹ ਹੋਇਆ। ਉਧੇ ਵਲੇ ਬਾਬਾ ਬੁੱਢਾ ਜੀ ਨੇ ਸਾਰੀਆਂ ਪਹਿਲੀਆਂ ਚੀਜ਼ਾਂ ਵੰਡ ਦਿਤੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਜੀ ਉਤੇ ਪ੍ਰਕਾਸ਼ ਕੀਤਾ ਗਿਆ। ਸੇਲੀ ਬੇਦੀਆਂ ਦੇ ਹਵਾਲੇ ਕੀਤੀ ਤ ਟੋਪੀ ਸਾਧੂਆਂ ਨੂੰ ਦੇ ਦਿੱਤੀ ਗਈ ਸੀ। ਬਾਬਾ ਬੁੱਢਾ ਜੀ ਨੇ ਚੰਗੀ ਫੁਲਾਦ ਦੀ ਤਲਵਾਰ ਲਿਆਂਦੀ। ਜਦੋਂ ਬਾਬਾ ਬੁੱਢਾ ਸਤਿਗੁਰੂ ਜੀ ਨੂੰ ਤਲਵਾਰ ਪਹਿਨਾਉਣ ਲਗੇ ਤਾਂ ਭੁਲੇਖੇ ਨਾਲ ਓਹ ਤਲਵਾਰ ਸਜੇ ਪਾਸੇ ਪਾ ਦਿਤੀ। ਜਦ ਭੁਲ ਦਾ ਗਿਆਨ ਹੋਇਆ ਤਾਂ ਬਾਬਾ ਬੁੱਢਾ ਜੀ ਤਲਵਾਰ ਦਾ ਗਾਤ੍ਰਾ ਉਤਾਰਨ ਲੱਗੇ ਤਾ ਸਤਿਗੁਰੂ ਜੀ ਨੇ ਬਚਨ ਕੀਤਾ--'ਇਹ ਰਹਿਣ ਦੇਵੋ ਇਕ ਤੇਗ ਹੋਰ ਲਿਆਵੋ। ਅਸੀਂ ਦੋ ਤੇਗਾਂ ਪਾਵਾਂਗੇ, ਇਕ ਮੀਰੀ ਦੀ ਤੇ ਇਕ ਪੀਰੀ ਦੀ। ਬਾਬਾ ਬੁੱਢਾ ਜੀ ਇਕ ਹੋਰ ਤਲਵਾਰ ਲੈ ਆਏ ਓਹ ਤਲਵਾਰ ਸਤਿਗੁਰੂ ਜੀ ਦੇ ਖਬੇ ਪਾਸੇ ਪਹਿਨਾ ਦਿਤੀ। ਦੋਂਹ ਤਲਵਾਰਾਂ ਦੇ ਪਿਛੋਂ ਦਸਤਾਰ ਬਨ੍ਹਾਈ ਗਈ।

ਦਸਤਾਰ ਦੇ ਉਪਰ ਮਹਾਰਾਜਿਆਂ ਵਾਂਗ ਕਲਗੀ ਸਜਾਈ। ਸਾਰੀ ਰਸਮ ਦੇ ਪੂਰਿਆਂ ਹੋ ਜਾਣ ਪਿਛੋਂ ਸਾਹਿਬਾਂ ਨੇ ਹੁਕਮ ਕੀਤਾ—'ਧਰਮ ਦੀ ਰਾਖੀ ਵਾਸਤੇ ਸ਼ਕਤੀ ਦੀ ਲੋੜ ਹੈ। ਸ਼ਕਤੀ ਦਾ ਨਿਸ਼ਾਨ ਤਲਵਾਰ ਹੈ। ਵਾਹਿਗੁਰੂ ਦਾ ਸਿਮਰਨ ਕਰੋ,ਬਾਣੀ ਪੜ੍ਹੋ, ਸੇਵਾ ਕਰੋ, ਪਰ ਨਾਲ ਹੀ ਸਰੀਰ ਨੂੰ ਤਕੜਾ ਕਰਨ ਵਾਸਤੇ ਸਰੀਰਕ ਅਭਿਆਸ ਕਰਿਆ ਕਰੋ। ਜੋ ਸਿਖ ਸਾਰੇ ਹਥਿਆਰ ਪਹਿਨਕੇ ਤੇ ਘੋੜੇ ਤੇ ਸਵਾਰ ਹੋ ਕੇ ਅਸਾਂ ਦੇ ਦਰਸ਼ਨ ਕਰਨ ਆਇਆ ਕਰੇਗਾ, ਓਹ ਨਿਹਾਲ ਹੋਵੇਗਾ। ਸ਼ਬਦ ਕੀਰਤਨ ਕਰਨ ਦੇ ਨਾਲ ਰਾਗੀ ਤੇ ਰਬਾਬੀ ਬਹਾਦਰਾਂ ਦੀਆਂ ਵਾਰਾਂ ਵੀ ਗਾਇਆ ਕਰਨਗੇ। ਸੈਨਿਕ ਜਥੇਬੰਦੀ ਨੂੰ ਬਣਾਉਨਾ ਹੈ, ਪਰ ਕਿਸੇ ਨੂੰ ਭੈ ਦੇਣ ਵਾਸਤੇ ਨਹੀਂ ਸਗੋਂ ਆਪਣੀ ਰਾਖੀ ਵਾਸਤੇ। ਸੋ ਰਖਿਆ ਵਾਸਤੇ ਸ਼ਸਤ੍ਰ ਰਖਣੇ ਯੋਗ ਹਨ ਪਿਤਾ ਜੀ ਦੀ ਸ਼ਹੀਦੀ ਤੋਂ ਸਾਰੀ ਸਿਖ ਸੰਗਤ ਨੂੰ ਸਿਖਿਆ ਲੈਣੀ ਚਾਹੀਦੀ ਹੈ। ਜ਼ੁਲਮ ਨੇ ਸਤਿਗੁਰੂ ਜੀ ਨੂੰ ਇਸ ਵਾਸਤੇ ਕਸ਼ਟ ਪਹੁੰਚਾਉਣ ਦਾ ਯਤਨ ਕੀਤਾ ਕਿ ਧਰਮ, ਨੇਕੀ ਤੇ ਸੁਤੰਤ੍ਰਤਾ ਨਿਰਬਲ ਹੋ ਜਾਵੇ। ਮੁਗਲ ਹਕੂਮਤ ਧਰਮ ਨੂੰ ਰਾਜ ਦਾ ਗੁਲਾਮ ਬਣਾਉਣਾ ਚਾਹੁੰਦੀ ਹੈ। ਸਤਿਕਾਰ ਭਰਿਆ ਜੀਵਨ ਜੀਊਣ ਵਾਸਤੇ ਸ਼ਕਤੀ ਦੀ ਲੋੜ ਹੈ, ਕਰਤਾਰ ਤੇ ਸਤਿਗੁਰੂ ਦੀ ਓਟ ਲੈ ਕੇ ਤਕੜੇ ਹੋਵੋ।'

ਸਤਿਗੁਰੂ ਜੀ ਭਾਵੇਂ ਅਜੇ ਛੋਟੀ ਆਯੂ ਵਿਚ ਸਨ ਪਰ ਗੁਰੂ ਬਣਨ ਦੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਰੀਆਂ ਬਰਕਤਾਂ, ਸ਼ਕਤੀਆਂ ਰਿੱਧਾਂ ਸਿਧਾਂ ਸਤਿਗੁਰੂ ਜੀ ਪਾਸ ਆ ਗਈਆਂ। ਤਿੰਨਾਂ ਲੋਕਾਂ ਦੇ ਗਿਆਨ ਦਾ ਪ੍ਰਕਾਸ਼ ਹੋ ਗਿਆ। ਸਾਹਿਬ ਦੁਖੀਆਂ ਦੇ ਦੁਖ ਦੂਰ ਕਰਨ ਲੱਗੇ, ਨਿਥਾਵਿਆਂ ਨੂੰ ਆਸਰਾ ਬਖਸ਼ਦੇ ਹੋਏ ਕਮਜ਼ੋਰਾਂ ਨੂੰ ਸ਼ਕਤੀ ਦਾਨ ਦੇਣ ਲਗੇ। ਆਪ ਕਰਤਾਰ ਦਾ ਸਿਮਰਨ ਕਰਦੇ ਹੋਏ ਸਾਰੀ ਸਿੱਖ ਸੰਗਤ ਨੂੰ ਨਾਮਦਾਨ ਬਖਸ਼ਣ ਲਗੇ। ਪ੍ਰਿਥੀਚੰਦ ਦਾ ਪੁਤ੍ਰ ਮੇਹਰਬਾਨ ਸਤਿਗੁਰੂ ਜੀ ਨਾਲ ਈਰਖਾ ਕਰਨ ਲੱਗਾ, ਪਰ ਉਸ ਦੀ ਕਿਤੇ ਦਾਲ ਨਹੀਂ ਸੀ ਗਲਦੀ, ਉਹ ਨਿਰਾਸ ਹੋ ਕੇ ਘਰ ਬੈਠ ਗਿਆ।

ਸਾਹਿਬਾਂ ਦੇ ਹੁਕਮ ਨਾਲ ਹਰ ਇਕ ਜਵਾਨ ਸਿੱਖ ਚੰਗੇ ਤੋਂ ਚੰਗਾ ਘੋੜਾ ਖਰੀਦ ਕੇ ਕੋਲ ਰੱਖਣ ਲੱਗਾ, ਤਲਵਾਰ, ਢਾਲ ਸਫਾ ਜੰਗ ਤੇ ਹੋਰ

ਸਤਿਗੁਰੂ ਜੀ ਦੀ ਸਵਾਰੀ ਵਾਸਤੇ ਵੀ ਕਈ ਚੰਗੇ ਘੋੜੇ ਸਿਖ ਸੰਗਤਾਂ ਵਲੋਂ ਸਤਿਗੁਰੂ ਜੀ ਦੀ ਭੇਟਾ ਕੀਤੇ ਗਏ। ਸਾਹਿਬ ਘੋੜੇ ਤੇ ਸਵਾਰ ਹੋਕੇ ਦੂਰ ਦੂਰ ਤਕ ਚੱਕਰ ਕਟਦੇ। ਘੋੜੇ ਦੀ ਸਵਾਰੀ ਤੇ ਤਲਵਾਰ ਚਲਾਉਣ ਦਾ ਅਭਿਆਸ ਕਰਨ ਲਗੇ। ਸਾਹਿਬਾਂ ਦਾ ਸਰੀਰ ਬਹੁਤ ਸੁੰਦਰ ਤੇ ਸੁਡੌਲ ਬਣਨ ਲਗਾ।

ਮਾਯਾ ਵੀ ਸਤਿਗੁਰੂ ਜੀ ਦੇ ਚਰਨਾਂ ਦੀ ਦਾਸੀ ਬਣ ਗਈ। ਚੌਹਾਂ ਹੀ ਪੁਰੀਆਂ (ਗੋਇੰਦਵਾਲ, ਖਡੂਰ ਸਾਹਿਬ, ਤਰਨ ਤਾਰਨ ਤੇ ਰਾਮਦਾਸਪੁਰ) ਦੇ ਗੁਰ ਧਾਮਾਂ ਵਿਚ ਅਟੁਟ ਲੰਗਰ ਵਰਤਣਾ ਸ਼ੁਰੂ ਹੋ ਗਿਆ। ਗੁਰੂ ਕੇ ਲੰਗਰਾਂ ਦੇ ਪਕੇ ਚੁਲ੍ਹੇ ਬਣਾ ਦਿਤੇ ਗਏ। ਜੋ ਜੀ ਆਵੇ ਸੋ ਰਾਜ਼ੀ ਜਾਵੇ ਦੇ ਸ਼ੁਭ ਅਸੂਲ ਦੀ ਪਾਲਣਾ ਹੋਣ ਲਗੀ। ਗੁਰੂ ਘਰ ਦਾ ਪ੍ਰਤਾਪ ਸੂਰਜ ਦੀਆਂ ਕਿਰਨਾਂ ਵਾਂਗ ਸਾਰੇ ਖਿਲਰਨ ਲੱਗਾ।

੬. ਸ੍ਰੀ ਅਕਾਲ ਤਖਤ ਨੂੰ ਬਣਾਉਣਾ

ਸਤਿਗੁਰੂ ਜੀ ਮੀਰੀ ਤੇ ਪੀਰੀ ਦੇ ਮਾਲਕ ਬਣੇ। ਪੀਰੀ ਵਾਸਤੇ ਸ੍ਰੀ ਹਰਿ ਮੰਦਰ ਸਾਹਿਬ ਪੰਚਮ ਸਤਿਗੁਰੂ ਜੀ ਤਿਆਰ ਕਰ ਗਏ ਸਨ ਤੇ ਮੀਰੀ (ਪਾਤਸ਼ਾਹੀ) ਵਾਸਤੇ ਤਖਤ ਤੇ ਦਰਬਾਰ ਹਾਲ ਦੀ ਲੋੜ ਸੀ। ਇਸ ਥੁੜ ਨੂੰ ਅਨਭਵ ਕਰਕੇ ਸਾਹਿਬਾਂ ਨੇ ਮੁਖੀ ਸਿਖਾਂ ਨਾਲ ਸਲਾਹ ਕੀਤੀ ਕਿ ਹਰਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਖੁਲ੍ਹੇ ਮੈਦਾਨ ਵਿਚ ਇਕ ਦਰਬਾਰ ਹਾਲ ਦੀ ਉਸਾਰੀ ਕੀਤੀ ਜਾਵੇ ਅਤੇ ਉਸਦਾ ਨਾਮ 'ਅਕਾਲ ਤਖਤ' ਰਖਿਆ ਜਾਵੇ। ਸ਼ਾਮ ਨੂੰ ਦੀਵਾਨ ਓਥੇ ਲਗਿਆ ਕਰੇ। ਰਾਗੀ ਤੇ ਢਾਡੀ ਬਹਾਦਰੀ ਦਾ ਜੋਸ਼ ਉਤਪਨ ਕਰਨ ਵਾਲੀਆਂ ਵਾਰਾਂ ਗਾ ਕੇ ਸਿਖਾਂ ਨੂੰ ਸੁਣਾਇਆ ਕਰਨ।

ਸ੍ਰੀ ਹਰਿ ਮੰਦਰ ਸਾਹਿਬ ਵਿਚ ਪ੍ਰਕਾਸ਼ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋ ਹੁਕਮ ਲੈ ਕੇ ਅਕਾਲ ਪੁਰਖ ਅਗੇ ਅਰਦਾਸ ਕਰਕੇ ਪੰਜ ਹਾੜ ਐਤਵਾਰ ਸੰਮਤ ੧੬੬੬ ਬਿ: ਨੂੰ ਸਤਿਗੁਰੂ ਜੀ ਨੇ ਆਪਣੇ ਪਵਿਤਰ ਕਰ ਕਮਲਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ ਰੱਖੀ, ਵਾਹਿਗੁਰੂ ਦੀ ਕਿਰਪਾ ਨਾਲ ਥੋੜੇ ਮਹੀਨਿਆਂ ਵਿਚ ਹੀ ਅਕਾਲ ਤਖਤ ਸਾਹਿਬ ਉਸਰਕੇ

ਤਿਆਰ ਹੋ ਗਿਆ । ਸਿੱਖ ਸੰਗਤਾਂ ਨੇ ਪ੍ਰੇਮ ਤੇ ਸ਼ਰਧਾ ਨਾਲ ਤਨ, ਮਨ ਤੇ ਧਨ ਨਾਲ ਬੇਅੰਤ ਸੇਵਾ ਕੀਤੀ, ਸਤਿਗੁਰੂ ਜੀ ਸੰਘਾਸਨ ਉਪਰ ਬੈਠਦੇ ਅਤੇ ਢਾਡੀ ਰਾਗੀ ਸਿੱਖ ਤੇ ਰਬਾਬੀ ਵਾਰਾਂ ਗਾਉਂਦੇ। ਉਨ੍ਹਾਂ ਦੇ ਪਿਛੋਂ ਸਾਹਿਬ ਆਪ ਵਖਿਆਨ ਕਰਦੇ। ਮੁਰਦਾ ਰੂਹਾਂ ਨੂੰ ਸੁਰਜੀਤ ਕਰਦੇ, ਜਿਨ੍ਹਾਂ ਨੇ ਕਦੀ ਮੁਰਗੀ ਨਹੀਂ ਸੀ ਫੜੀ ਤੇ ਘਰ ਵਿਚ ਨੁਕਸਾਨ ਕਰਦੇ ਚੂਹੇ ਨੂੰ ਨਹੀਂ ਸੀ ਮਾਰਿਆ, ਉਨ੍ਹਾਂ ਦੇ ਵੀ ਡੌਲੇ ਫਰਕਣ ਲੱਗੇ, ਉਨ੍ਹਾਂ ਦੇ ਹਿਰਦਿਆਂ ਵਿਚ ਜੋਸ਼ ਦਾ ਹੜ ਆਇਆ ਤੇ ਹਿੱਕਾਂ ਆਪਣੇ ਆਪ ਚੌੜੀਆਂ ਹੋਣ ਲੱਗੀਆਂ। ਜੇਹੜਾ ਵੀ ਸਤਿਗੁਰੂ ਜੀ ਦਾ ਵਖਿਆਨ ਸੁਣਦਾ ਓਹੋ ਹੀ ਅਗਲੇ ਦਿਨ ਸ਼ਸਤ੍ਰ ਧਾਰਨ ਕਰ ਲੈਂਦਾ। ਸਤਿਗੁਰੂ ਜੀ ਨੇ ਇਹ ਮਰਯਾਦਾ ਵੀ ਪ੍ਰਚਲਤ ਕੀਤੀ, ਸ਼ਾਮ ਨੂੰ ਰਹਿਰਾਸ ਪੜ੍ਹਕੇ ਅਰਦਾਸ ਕਰਨੀ ਤੇ ਜੋਟੀਆਂ ਦੇ ਸ਼ਬਦ ਪੜ੍ਹਨੇ, ਚੌਂਕੀ ਚੜ੍ਹਨ ਦੀ ਰੀਤ ਵੀ ਚਲਾਈ। ਸੰਮਤ ੧੬੬੯ ਤੱਕ ਸਾਹਿਬਾਂ ਦੀ ਸ਼ਕਤੀ ਤੇ ਪ੍ਰਤਾਪ ਵਿਚ ਬੇਅੰਤ ਵਾਧਾ ਹੋ ਗਿਆ।

—o— —

੭. ਸਤਿਗੁਰੂ ਜੀ ਦਾ ਲਾਹੌਰ ਜਾਣਾ

ਸੰਮਤ ੧੬੬੯ ਬਿ: ਵਿਚ ਲਾਹੌਰ ਦੀ ਸੰਗਤ ਨੇ ਸਤਿਗੁਰੂ ਜੀ ਪਾਸ ਆਕੇ ਬੇਨਤੀ ਕੀਤੀ ਕਿ ਸਾਹਿਬ ਲਾਹੌਰ ਚਲਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਭਵ ਸਾਗਰ ਤੋਂ ਪਾਰ ਕਰਨ। ਸਤਿਗੁਰੂ ਜੀ ਨੇ ਸਿੱਖ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਸਾਹਿਬ ਲਾਹੌਰ ਪੁਜੇ, ਸਾਹਿਬਾਂ ਦਾ ਠਾਠ ਬਾਠ ਪਹਿਲੇ ਸਤਿਗੁਰੂ ਸਾਹਿਬਾਂ ਨਾਲੋਂ ਵਖਰਾ ਸੀ। ਸਾਹਿਬ ਘੋੜੇ ਤੇ ਸਵਾਰ ਸਨ, ਨਾਲ ਉਚੇ ਲੰਮੇ ਸ਼ਸਤ੍ਰ ਧਾਰੀ ਸਿਖ ਸਨ ਜਿਨ੍ਹਾਂ ਦੇ ਚੇਹਰੇ ਸੂਰਜ ਵਾਂਗ ਭਖਦੇ ਸਨ।

ਲਾਹੌਰ ਸ਼ਹਿਰ ਵਿਚ ਪਹੁੰਚਕੇ ਸਾਹਿਬ ਜੀਵਣ ਦੇ ਘਰ ਪੁਜੇ, ਜੀਵਣ ਕਾਰੀਗਰ ਸਿੱਖ ਸੀ ਤੇ ਗੁਰੂ ਘਰ ਦਾ ਬਹੁਤ ਸ਼ਰਧਾਲੂ ਸੀ, ਏਥੇ ਸਾਹਿਬ ਤਿੰਨ ਮਹੀਨੇ ਰਹੇ, ਇਨ੍ਹਾਂ ਮਹੀਨਿਆਂ ਵਿਚ ਸਾਹਿਬਾਂ ਨੇ ਇਕ ਤਾਂ ਸਿੱਖੀ ਪ੍ਰਚਾਰ ਕੀਤਾ ਤੇ ਦੂਸਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ

ਉਪਰ ਗੁਰਦਵਾਰਾ ਤਿਆਰ ਕਰਵਾਇਆ। ਜੋ 'ਡੇਹਰਾ ਸਾਹਿਬ' ਦੇ ਨਾਮ ਨਾਲ ਮਸ਼ਹੂਰ ਹੈ। ਸਤਿਗੁਰੂ ਜੀ ਨੂੰ ਮੀਆਂ ਮੀਰ, ਛਜੂ ਭਗਤ, ਪੀਲੋ, ਭੈਰੋ ਸ਼ਾਹ ਹੁਸੈਨ ਆਦਿਕ ਹਿੰਦੂ ਤੇ ਸੂਫ਼ੀ ਫਕੀਰ ਮਿਲੇ, ਸਤਿਗੁਰੂ ਜੀ ਦੀ ਜਵਾਨ ਉਮਰ ਦੇਖਕੇ ਫਕੀਰਾਂ ਨੇ ਸਾਹਿਬਾਂ ਨਾਲ ਗਿਆਨ ਚਰਚਾ ਕੀਤੀ। ਉਸ ਗਿਆਨ ਚਰਚਾ ਵਿਚ ਸਾਹਿਬਾਂ ਨੇ ਸਾਰਿਆਂ ਨੂੰ ਹਰਾ ਦਿਤਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਚੰਗੀ ਤਰ੍ਹਾਂ ਬਿਆਨ ਕੀਤਾ। ਕੁਝ ਸੂਫ਼ੀ ਫਕੀਰਾਂ ਨੇ ਸਤਿਗੁਰੂ ਜੀ ਨੂੰ ਪੁਛਿਆ ਕਿ ਆਪ ਨੇ ਤਲਵਾਰਾਂ ਕਿਉਂ ਪਹਿਨੀਆਂ ਹਨ? ਸ਼ਿਕਾਰ ਕਿਉਂ ਖੇਡਦੇ ਹੋ? ਕੀ ਇਹ ਜੀਵ ਹਤਿਆ ਨਹੀਂ? ਉਪਰੋਕਤ ਪ੍ਰਸ਼ਨਾਂ ਦਾ ਉਤਰ ਸਤਿਗੁਰੂ ਜੀ ਨੇ ਇਉਂ ਦਿਤਾ--ਜੋ ਫੁਲਾਂ ਦੇ ਪਿਛੇ ਕੰਡੇ ਹੁੰਦੇ ਹਨ। ਉਹ ਕੰਡੇ ਫੁਲਾਂ ਦੀ ਰਾਖੀ ਵਾਸਤੇ ਹਨ। ਏਸੇ ਤਰ੍ਹਾਂ ਧਰਮ ਦੀ ਰਾਖੀ ਵਾਸਤੇ ਤਲਵਾਰ ਦਾ ਆਸਰਾ ਲੈਣਾ ਬਹੁਤ ਜ਼ਰੂਰੀ ਹੈ। ਸ਼ਿਕਾਰ ਇਸ ਵਾਸਤੇ ਖੇਡਿਆ ਜਾਂਦਾ ਹੈ ਕਿ ਜਦ ਦੁਸ਼ਮਨ ਨਾਲ ਮੁਕਾਬਲਾ ਕਰਨਾ ਪਵੇ ਤਾਂ ਤਨ, ਮਨ ਤੇ ਸ਼ਸਤ੍ਰ ਉਸੇ ਤਰਾਂ ਕੰਮ ਕਰਨ ਜਿਸ ਤਰ੍ਹਾਂ ਸ਼ਿਕਾਰ ਖੇਡਦਿਆਂ ਕਰਦੇ ਹਨ। ਧਰਮ ਦੀ ਰਾਖੀ ਕਰਨਾ, ਤੇ ਉਨ੍ਹਾਂ ਬੰਦਿਆਂ ਤੇ ਜਾਨਵਰਾਂ ਨੂੰ ਮਾਰਨਾ ਜੀਵ-ਹਤਿਆ ਨਹੀਂ, ਜੋ ਜੀਵਾਂ ਨੂੰ ਤੰਗ ਕਰਦੇ ਹਨ ਤੇ ਦੇਸ਼ ਦੇ ਅਮਨ ਨੂੰ ਖਤਰੇ ਵਿਚ ਪਾਉਂਦੇ ਹਨ। ਜੇਹੜੇ ਲੁਟੇਰੇ ਕਿਸੇ ਦੀ ਇਜ਼ਤ, ਜਾਨ ਮਾਲ ਤੇ ਧਰਮ ਨੂੰ ਲੁਟਦੇ ਹਨ, ਉਨ੍ਹਾਂ ਦਾ ਮੁਕਾਬਲਾ ਤਲਵਾਰ ਨਾਲ ਹੀ ਕੀਤਾ ਜਾ ਸਕਦਾ ਹੈ। ਮੂਰਖ ਨੂੰ ਲਿਤਰਾਂ ਨਾਲ ਠੀਕ ਕੀਤਾ ਜਾਂਦਾ ਹੈ। ਸਾਹਿਬਾਂ ਦੇ ਇਸ ਉਪਦੇਸ਼ ਦਾ ਅਸਰ ਫਕੀਰਾਂ ਦੇ ਮਨਾਂ ਉਤੇ ਬਹੁਤ ਚੰਗਾ ਹੋਇਆ। ਉਹ ਸ਼ਕਤੀ ਤੇ ਭਗਤੀ ਦੇ ਭੇਦ ਨੂੰ ਚੰਗੀ ਤਰ੍ਹਾਂ ਸਮਝ ਗਏ।

ਸਾਹਿਬ ਤਿੰਨਾਂ ਮਹੀਨਿਆਂ ਪਿਛੋਂ ਸ੍ਰੀ ਅੰਮ੍ਰਿਤਸਰ ਜੀ ਵਾਪਸ ਮੁੜਕੇ ਆਏ, ਅੰਮ੍ਰਿਤਸਰ ਵਿਚ ਕਿਲਾ ਲੋਹਗੜ੍ਹ ਉਸਾਰਨਾ ਪ੍ਰਾਰੰਭ ਕੀਤਾ, ਤਾਂ ਕਿ ਸੈਨਿਕ ਸਿਖ ਉਥੇ ਰਹਿਨ, ਵਾਧੂ ਸ਼ਸਤ੍ਰਾਂ ਨੂੰ ਸੰਭਾਲ ਕੇ ਰਖਿਆ ਜਾਵੇ, ਲੋੜ ਪੈਣ ਤੇ ਦੁਸ਼ਮਨ ਨਾਲ ਯੁਧ ਵੀ ਕੀਤਾ ਜਾਵੇ, ਇਹ ਸਾਖੀ ੧੬੬੯ ਬਿਕਰਮੀ ਦਾ ਹੈ।

੮. ਸਤਿਗੁਰੂ ਜੀ ਦਾ ਪ੍ਰਚਾਰ ਕਰਨਾ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਉਨੀ ਕੁ ਸਾਲ ਹੋਈ ਤਾਂ ਸਾਹਿਬ ਪੰਜਾਬੀਆਂ ਵਾਂਗ ਭਰ ਜੁਵਾਨੀ ਵਿਚ ਆਕੇ ਉਚੇ ਕੱਦ ਵਾਲੇ ਸੁੰਦਰ ਗਭਰੂ ਬਣੇ। ਸਾਹਿਬਾਂ ਦੀ ਸੂਰਤ ਦੇਖਕੇ ਭੁਖ ਲਹਿੰਦੀ ਸੀ। ਸ਼ੇਰ ਦਾ ਸ਼ਿਕਾਰ ਕਰਨ ਲੱਗੇ। ਨਿਰਭੈਤਾ ਨਾਲ ਸ਼ੇਰ ਦਾ ਮੁਕਾਬਲਾ ਕਰਦੇ ਸਨ। ਸੁੰਦਰ ਚੜਤ ਦੇ ਨਾਲ ਸ਼ਾਹੀ ਰੋਹਬ ਬਹੁਤ ਸੀ। ਜਦੋਂ ਸਾਹਿਬ ਘੋੜੇ ਉਤੇ ਸਵਾਰ ਹੋਕੇ ਬਾਹਰ ਨਿਕਲਦੇ ਸਨ ਤਾਂ ਪਾਤਸ਼ਾਹ ਪ੍ਰਤੀਤ ਹੁੰਦੇ ਸਨ। ਇਸ ਵਾਸਤੇ ਸਿੱਖ ਤੇ ਆਮ ਲੋਕ ਸਾਹਿਬਾਂ ਨੂੰ 'ਸਚਾ ਪਾਤਸ਼ਾਹ' ਆਖਣ ਲਗ ਪਏ ਸਨ। ਗੁਰੂ ਸਾਹਿਬਾਂ ਨੂੰ ਧਰਮ ਪ੍ਰਚਾਰ ਕਰਨ ਦੀ ਬਹੁਤ ਲਗਨ ਸੀ। ਦੂਸਰਾ ਓਹ ਆਪਣੇ ਸਿੱਖਾਂ ਵਿਚ ਫੌਜੀ ਰੂਹ ਦਾ ਪ੍ਰਚਾਰ ਬਹੁਤ ਕਰਦੇ ਸਨ। ਘੋੜੇ ਵਾਲੇ ਤੇ ਸ਼ਸਤ੍ਰ ਧਾਰੀ ਸਿਖ ਨੂੰ ਦੇਖਕੇ ਬਹੁਤ ਪ੍ਰਸੰਨ ਹੁੰਦੇ ਸਨ। ਸੰਮਤ ੧੬੭੧ ਬਿ: ਵਿਚ ਸਾਹਿਬ ਅੰਮ੍ਰਿਤਸਰ ਤੋਂ ਚਲਕੇ ਦੁਆਬੇ ਨੂੰ ਗਏ। ਆਪਣੇ ਪਿਤਾ ਜੀ ਦੇ ਵਸਾਏ ਹੋਏ ਸ਼ਹਿਰ ਕਰਤਾਰ ਪੁਰ (ਜ਼ਿਲਾ ਜਲੰਧਰ) ਪੁਜੇ। ਦੁਆਬੇ ਦੀ ਸੰਗਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈ। ਨਾਮ, ਦਾਨ, ਇਸ਼ਨਾਨ ਤੇ ਸੇਵਾ ਆਦਿਕ ਸਿਖਿਆ ਦੇ ਨਾਲ ਜਦ ਓਹਨਾਂ ਨੂੰ ਨਵੀਂ ਸਿਖਿਆ ਮਿਲੀ ਕਿ ਅਕਾਲੀ ਫੌਜ ਦੇ ਸੈਨਿਕ ਬਣੋ ਤਾਂ ਓਹ ਸਿਖ ਬਹੁਤ ਹੈਰਾਨ ਹੋਏ, ਪਰ ਸਤਿਗੁਰੂ ਜੀ ਦਾ ਹੁਕਮ ਮੰਨਣਾ ਓਹਨਾ ਵਾਸਤੇ ਜ਼ਰੂਰੀ ਸੀ। ਓਹ ਸਤਿਗੁਰੂ ਜੀ ਦੀ ਸਿੱਖਿਆ ਉਪਰ ਅਮਲ ਕਰਨ ਲੱਗੇ। ਸਤਿਗੁਰੂ ਜੀ ਦੇ ਪ੍ਰਚਾਰ ਦੇ ਦੌਰਿਆਂ ਨੇ ਸਦੀਆਂ ਦੇ ਸੁਤੇ ਤੇ ਗੁਲਾਮ ਹੋਏ ਪੰਜਾਬੀ ਸ਼ੇਰ ਨੂੰ ਟੁੰਬ ਕੇ ਜਗਾ ਦਿਤਾ। ਮਰੀ ਹੋਈ ਅਣਖ ਸੁਰਜੀਤ ਹੋ ਗਈ। ਸਭ ਸਤਿਗੁਰੂ ਜੀ ਦੀ ਸ਼ਰਨ ਆਉਣ ਲਗੇ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:—

ਵਧਿਓ ਸਮਾਜ ਅਧਿਕ ਸਭਿ ਭਾਤੀ ॥ ਸੁਨਿ ਖਿਥ ਮਾਤਾ ਸੀਤਲ ਛਾਤੀ ॥
ਆਇ ਉਪਾਇਨ ਪੂਜਾ ਹੋਤੇ ॥ ਬਡ ਪੀਰਨਿ ਕੇ ਪੀਰ ਉਦੋਤੇ ॥
ਚਢੇ ਸੈਨ ਸੰਗ ਸੁਭਟ ਪ੍ਰਬੀਨ ॥ ਇਹ ਮੀਰਨ ਕੀ ਮੀਰੀ ਲੀਨ ॥

ਸ੍ਰੀ ਅੰਮ੍ਰਿਤਸਰ ਦੇ ਚੌਗਿਰਦੇ ਦੇ ਸਾਰੇ ਨਗਰ ਤਾਂ ਸਤਿਗੁਰਾਂ ਨੂੰ ਹੀ

ਆਪਣਾ ਰਾਜਾ ਸਮਝਣ ਲੱਗੇ। ਓਹ ਝਗੜੇ ਆਦਿਕ ਦਾ ਨਿਆਏ ਕਰਾਉਣ ਵਾਸਤੇ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਨ ਲਗੇ। ਸ਼ਹਿਰ ਦੀ ਵਸੋਂ ਕਈ ਗੁਣਾਂ ਵਧ ਗਈ। ਮਾਯਾ, ਸੋਨਾ, ਅੰਨ, ਅਤੇ ਕਪੜਾ ਸੰਭਾਲਣ ਤੋਂ ਬਹੁਤਾ ਆਉਣ ਲਗਾ। ਸੰਗਤ ਵਲੋਂ ਚੜ੍ਹਾਏ ਧਨ ਦੀ ਬਹੁਤ ਯੋਗ ਵਰਤੋਂ ਹੁੰਦੀ। ਸਾਰਾ ਖਰਚ ਸਿੱਖੀ ਜਥੇਬੰਦੀ ਦੀ ਕਾਇਮੀ ਤੇ ਜਥੇਬੰਦੀ ਦੇ ਵਾਧੇ ਵਾਸਤੇ ਖਰਚ ਕੀਤ ਜਾਂਦਾ ਹਜ਼ਾਰਾਂ ਹੀ ਘੋੜੇ ਸਾਹਿਬਾਂ ਕੋਲ ਇਕੱਠੇ ਹੋ ਗਏ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਖੀ ਮਿਸ਼ਨ ਕੌੜੀ ਵੇਲ ਵਾਂਗ ਵਧਨ ਫੁਲਨ ਲਗਾ।

੯. ਸੋਢੀ ਮੇਹਰਬਾਨ ਦੀ ਈਰਖਾ

ਪ੍ਰਿਥੀਚੰਦ ਦਾ ਪੁਤ੍ਰ ਸੋਢੀ ਮੇਹਰਬਾਨ ਵੀ ਆਪਣੇ ਬਾਪ ਵਾਂਗ ਗੁਰੂ ਘਰ ਦਾ ਦੁਸ਼ਮਨ ਸਾਬਤ ਹੋਇਆ। ਉਹ ਆਪਣੇ ਚਾਚੇ ਦੇ ਪੁਤ੍ਰ ਭਰਾ ਦਾ ਪ੍ਰਤਾਪ ਦੇਖਕ ਸੜ-ਬਲ ਕੋਲੇ ਹੋ ਗਿਆ, ਘਰ ਦੇ ਭੇਤੀ ਲੰਕਾ ਢਾਹੀ ਤੇ ਰਾਵਣ ਮਾਰਿਆ ਵਾਲੀ ਗਲ ਹੋਈ, ਮੁਗਲ ਹਾਕਮਾ ਕੋਲ ਜਾ ਕੇ ਸਤਿਗੁਰੂ ਜੀ ਦੇ ਵਿਰੁਧ ਸ਼ਕਾਇਤਾਂ ਕਰਨ ਲੱਗਾ। ਪੰਜਾਬ ਦੇ ਹਾਕਮ ਸਤਿਗੁਰੂ ਜੀਪਾਸੋਂ ਡਰਦੇ ਸਨ ਤ ਕਿਸੇ ਨੂੰ ਹੌਂਸਲਾ ਨਹੀਂ ਸੀ ਪੈਂਦਾ ਕਿ ਕੋਈ ਕੋਈ ਸਤਿਗੁਰੂ ਜੀ ਵਲ ਅੱਖ ਪੁਟਕੇ ਦੇਖ ਸਕੇ, ਸਤਿਗੁਰੂ ਜੀ ਦੇ ਆਤਮਿਕ ਬਲ ਤੋਂ ਵੀ ਡਰਦੇ ਸਨ, ਪਰ ਸਿੱਖ ਸੈਨਾ ਨੂੰ ਦੇਖਕੇ ਤਾਂ ਭੈ-ਭੀਤ ਹੋ ਜਾਂਦੇ ਮਹਰਬਾਨ ਅਕਕੇ ਦਿਲੀ ਜਾ ਪੁੱਜਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪਿਛੋਂ ਸਿਖ ਸੰਗਤਾਂ ਤੇ ਹਿੰਦੂਆਂ ਦੀਆਂ ਲਾਹਨਤਾਂ ਤੋਂ ਡਰਦਾ ਹੋਇਆ ਚੰਦੂਲਾਲ ਵੀ ਲਾਹੌਰੋਂ ਨਿਕਲ ਕੇ ਦਿਲੀ ਚਲਿਆ ਗਿਆ ਸੀ, ਉਸ ਪਾਪੀ ਦੇ ਪਾਪ ਹੀ ਉਸਦੀ ਆਤਮਾ ਨੂੰ ਡਰਾਈ ਜਾਂਦੇ ਸਨ। ਮੇਹਰਬਾਨ ਉਸਨੂੰ ਦਿਲੀ ਜਾ ਮਿਲਿਆ ਤੇ ਉਹਦੇ ਕੋਲ ਰੋਇਆ ਪਿਟਿਆ ਕਿ ਸਤਿਗੁਰੂ ਜੀ ਤਾਂ ਪੰਜਾਬ ਦੇ ਪਾਤਸ਼ਾਹ ਬਣ ਬੈਠੇ ਹਨ। ਆਪਣਾ ਤੁਖਤ ਰਚ ਲਿਆ ਹੈ ਪਰਜਾ ਦੀ ਦੇਖ ਭਾਲ ਤੇ ਝਗੜਿਆਂ ਦਾ ਨਬੇੜਾ ਪਾਤਸ਼ਾਹਾਂ ਵਾਂਗ ਕਰਦੇ ਹਨ। ਮੈਂ ਦਰ-ਬਦ੍ਰ ਧੱਕੇ ਖਾਂਦਾ ਫਿਰਦਾ ਹਾਂ।

ਮੇਹਰਬਾਨ ਦੀ ਗਲ ਸੁਣਕੇ ਚੰਦੂ ਲਾਲ ਆਪ ਰੋਇਆ ਕਿ ਉਹ ਖੁਦ

ਮੇਹਰਬਾਨ ਦੀ ਗਲ ਸੁਣਕੇ ਚੰਦੂ ਲਾਲ ਆਪ ਰੋਇਆ ਕਿ ਉਹ ਖੁਦ ਵੀ ਦੁਖੀ ਹੈ ਕਿਉਂਕਿ ਉਹਦੀ ਕੁਵਾਰੀ ਲੜਕੀ ਉਹਦੇ ਘਰ ਹੈ, ਕੋਈ ਪੰਜਾਬ ਦਾ ਹਿੰਦੂ ਉਸਦੀ ਲੜਕੀ ਦਾ ਨਾਤਾ ਪ੍ਰਵਾਨ ਨਹੀਂ ਕਰਦਾ। ਕੁਵਾਰੀ ਧੀ ਦਾ ਬੂਹੇ ਬੈਠੇ ਰਹਿਣਾ ਮਾਪਿਆਂ ਵਾਸਤੇ ਭਿਆਨਕ ਦੁਖ ਦਾ ਕਾਰਨ ਹੈ। ਉਨ੍ਹਾਂ ਨੂੰ ਤਾਂ ਰੋਟੀ ਲਹੂ ਦੇ ਘੁਟਾਂ ਨਾਲ ਲੰਘਦੀ ਹੈ। ਸਾਰਾ ਜਗਤ ਉਸਨੂੰ 'ਗੁਰੂ ਨਿੰਦਕ ਮਹਾਂ ਹਤਿਆਰਾ' ਆਖਕੇ ਫਟਕਾਰਦੇ ਤੇ ਧਰਕਾਰਦੇ ਹਨ, ਜਦ ਉਹ ਘਰੋਂ ਬਾਹਰ ਨਿਕਲਦਾ ਹੈ ਤਾਂ ਕੋਈ ਹਿੰਦੂ ਇਸਤ੍ਰੀ ਮਰਦ ਉਸਦੇ ਮਥੇ ਨਹੀਂ ਲਗਦਾ। ਮੇਹਰਬਾਨ ਦੀਆਂ ਗਲਾਂ ਸੁਣਕੇ ਉਸਨੂੰ ਹੌਂਸਲਾ ਹੋਇਆ ਕਿ ਉਹ ਸਤਿਗੁਰੂ ਅਰਜਨ ਦੇਵ ਜੀ ਦੇ ਸਾਹਿਬ-ਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਕੋਲੋਂ ਬਦਲਾ ਲੈ ਸਕਦਾ ਹੈ। ਬਾਦਸ਼ਾਹ ਕੋਲ ਰਪੋਰਟ ਕਰੇ, ਪਰ ਉਹਦੀ ਰੀਪੋਰਟ ਦੀ ਤਾਂ ਕੋਈ ਕੀਮਤ ਨਹੀਂ ਸੀ ਪੈ ਸਕਦੀ ਕਿਉਂਕਿ ਉਹਦਾ ਪੰਜਾਬ ਨਾਲ ਕੋਈ ਸਬੰਧ ਨਹੀਂ ਸੀ ਚੰਦੂ ਨੂੰ ਇਹ ਵੀ ਆਖਿਆ ਸੀ ਕਿ ਸਤਿਗੁਰੂ ਜੀ ਨੇ ਤੇਰੇ ਮਾਰਨ ਦੀ ਸੁਗੰਧ ਚੁੱਕੀ ਹੈ। ਉਨ੍ਹਾਂ ਨੇ ਐਸੇ ਆਦਮੀ ਪਾਲਤੂ ਰੱਖੇ ਹਨ ਜੋ ਸਮਾ ਤਾੜਕੇ ਤੇਰਾ ਘਾਤ ਕਰਨਗੇ। ਤਿਸ ਪ੍ਰਥਾਇ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:—

ਸ੍ਰੀ ਅਰਜਨ ਤਨੁ ਤਿਆਗ ਸੁਧਾਰੇ॥ ਤਬ ਤੇ ਕ੍ਰੋਧ ਅਧਿਕ ਉਰਧਾਰੇ॥
ਦੇਇ ਖੜਗ ਨਿਜ ਗਰ ਮਹਿ ਪਾਏ॥ ਅੰਗ ਸੰਗ ਤਨ ਤਰਕਸ ਲਾਏ॥
ਰਾਖਿ ਲਈ ਸੈਨਾ ਸਮੁਦਾਈ॥ ਰਤਨਿ ਚੰਦੁ ਹਿਤ ਸਪਤ ਅਲਾਈ॥ (ਸੂਰਜ ਪ੍ਰਕਾਸ਼)

"ਹੱਛਾ ! ਜੇਕਰ ਉਹ(ਸਤਿਗੁਰੂ ਹਰਿਗੋਬਿੰਦ ਸਾਹਿਬ)ਮੈਨੂੰ ਮਾਰਨ ਦੀਸੌਂਹ ਖਾ ਚੁਕੇ ਹਨ ਤਾਂ ਮੈਂ ਉਨ੍ਹਾਂ ਨੂੰ ਪਹਿਲਾਂ ਹੀ ਬਿਲੇ ਲਾ ਦੇਂਦਾ ਹਾਂ।" ਇਹ ਚੰਦੂ ਦਾ ਫੈਸਲਾ ਸੀ।"ਬਾਦਸ਼ਾਹ ਜਹਾਂਗੀਰ ਤਅੱਸਬੀਮੁਸਲਮਾਨ ਬਾਦਸ਼ਾਹਹੈ, ਉਹ ਇਸਲਾਮ ਦੇ ਵਾਧੇ ਵਾਸਤੇ ਸਭ ਕੁਝ ਕਰਨ ਨੂੰਤਿਆਰਹੈਮੈਂਕੋਈ ਨ ਕੋਈ ਵਿਉਂਤ ਸੋਚਦਾ ਹਾਂ।"

"ਜ਼ਰੂਰ ਕੋਈ ਵਿਉਂਤ ਸੋਚੀਏ।" ਮੇਹਰਬਾਨ ਨੇ ਆਖਿਆ ਸੀ—'ਮੈਂ ਸੱਚ ਆਖਦਾ ਹਾਂ ਇਹ ਤਾਂ ਮੈਂ ਆਪ ਕੰਨੀ ਸੁਣਿਆਂ ਸੀ ਜਦ ਉਨ੍ਹਾਂ (ਸਤਿਗੁਰੂ ਜੀ) ਨੇ ਭਰੇ ਦੀਵਾਨ ਵਿਚ ਆਖਿਆ ਸੀ—'ਜਿਨ੍ਹਾਂ ਸਤਿਗੁਰੂ (ਸ੍ਰੀ ਗੁਰੂ ਅਰਜਨ ਦੇਵ ਜੀ) ਨੂੰ ਕਸ਼ਟ ਦਿਤਾ ਤੇ ਸ਼ਹੀਦ ਕੀਤਾ ਹੈ ਉਹਨਾਂ ਨੂੰ ਨਰਕਾਂ ਵਲ ਤੋਰਿਆ ਜਾਵੇਗਾ। ਢਿਲ ਕਰਨ ਨਾਲ ਹੋ ਸਕਦਾ ਹੈ ਉਹਨਾਂ ਦਾ ਜ਼ੋਰ ਪੈ ਜਾਵੇ।"

ਦੇਵ ਨੇਤ ਨਾਲ ਕਾਸਮ ਬੇਗ ਸੂਬੇਦਾਰ ਲਾਹੌਰ ਸਬੱਬ ਨਾਲ ਬਾਦਸ਼ਾਹ ਨੂੰ ਮਿਲਣ ਵਾਸਤੇ ਦਿੱਲੀ ਆਇਆ ਸੀ। ਉਹ ਵੀ ਸਤਿਗੁਰੂ ਜੀ ਦੇ ਵਿਰੁਧ ਰਪੋਰਟ ਕਰਨ ਵਾਸਤੇ ਦਿੱਲੀ ਪੁਜਾ ਸੀ, ਚੰਦੂ ਲਾਲ ਤੇ ਮੇਹਰਬਾਨ ਉਸਨੂੰ ਜਾ ਮਿਲੇ। ਉਹਨਾਂ ਨੇ ਕਾਸਮ ਬੇਗ ਨੂੰ ਹੋਰ ਗਰਮ ਕੀਤਾ ਤੇ ਉਸ ਨੇ ਸਤਿਗੁਰੂ ਜੀ ਵਿਰੁਧ ਇਕ ਚਿੱਠਾ ਲਿਖਿਆ ਜਿਸ ਚਿੱਠੇ ਨੂੰ ਬਾਦਸ਼ਾਹ ਦੇ ਪੇਸ਼ ਕਰਨਾ ਸੀ। ਉਸ ਚਿਠੇ ਵਿਚ ਲਿਖਿਆ ਗਿਆ ਕਿ 'ਗੁਰੂ ਅਰਜਨ ਜੀ ਦੇ ਸਪੁਤ੍ਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਿਤਾ ਜੇ ਖੂਨ ਦਾ ਬਦਲਾ ਲੈਣ ਵਾਸਤੇ ਸੈਨਾ ਇਕੱਤ੍ਰ ਕਰਨੀ ਸ਼ੁਰੂ ਕਰ ਦਿਤੀ ਹੈ। ਉਸ ਨੇ ਅੰਮ੍ਰਿਤਸਰ ਵਿਚ ਕਿਲ੍ਹਾ ਤਿਆਰ ਕੀਤਾ ਹੈ। ਸ਼ਸਤਰ ਰਖੇ ਹਨ, ਘੋੜੇ ਇਕੱਤ੍ਰ ਕੀਤੇ ਹਨ ਅਤੇ ਸੁਤੰਤਰ ਬਾਦਸ਼ਾਹ ਬਣ ਬੈਠਾ ਹੈ। ਉਹ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਉਣ ਲਗ ਪਿਆ ਹੈ। ਬਾਦਸ਼ਾਹ ਸਲਾਮਤ ਨੇ ਜੇਕਰ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਉਹ ਹਿੰਦੂ ਰਾਜਿਆਂ ਦੇ ਨਾਲ ਮਿਲਕੇ ਮੁਗਲ ਹਕੂਮਤ ਦੇ ਵਿਰੁਧ ਬਗਾਵਤ ਕਰਾ ਦਵੇਗਾ ਤੇ ਉਹ ਦਿਨ ਦੂਰ ਨਹੀਂ ਜਦ ਸ਼ਾਇਦ ਬਾਦਸ਼ਾਹ ਸਲਾਮਤ ਪਾਸੋਂ ਤਾਜ ਤਖਤ ਖੋਹ ਲਿਆ ਜਾਵੇ। ਸਾਨੂੰ ਜਿੰਨੀ ਛੇਤੀ ਹੋਵੇ ਫੌਜ ਭੇਜਕੇ ਉਸਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ ਮੇਰੇ ਪਾਸ ਐਨੀ ਫੌਜ ਨਹੀਂ ਜੋ ਮੈਂ ਉਸਦਾ ਮੁਕਾਬਲਾ ਕਰ ਲਵਾਂ, ਉਹ ਪਿਛਲੇ ਸਤਿਗੁਰਾਂ ਦੀ ਮਰਯਾਦਾ ਦੇ ਉਲਟ ਚਲ ਰਿਹਾ ਹੈ ਪਰਜਾ ਨੂੰ ਬਾਦਸ਼ਾਹ ਦੇ ਵਿਰੁਧ ਭੜਕਾ ਰਿਹਾ ਹੈ। ਲਾਹੌਰ ਦੇ ਮੁਸਲਮਾਨ ਫਕੀਰ ਵੀ ਉਹਦੇ ਸਾਥੀ ਬਣ ਰਹੇ ਹਨ ਹੋ ਸਕਦਾ ਹੈ ਭੋਲੇ ਭਾਲੇ ਮੁਸਲਮਾਨ ਵੀ ਉਸਦੇ ਨਾਲ ਰਲ ਜਾਣ ਕਿਉਂਕਿ ਉਹ ਕਰਾਮਾਤ ਦਾ ਦਿਖਾਵਾ ਕਰਕੇ ਆਮ ਲੋਕਾਂ ਦੇ ਮਨਾਂ ਨੂੰ ਆਪਣੇ ਕਾਬੂ ਕਰ ਲੈਂਦਾ ਹੈ, ਬਾਦਸ਼ਾਹ ਨੇ ਜੇ ਹੋਰ ਜ਼ਿਆਦਾ ਪੁਛ ਗਿਛ ਕਰਨੀ ਹੋਵੇ ਤਾਂ ਉਸਦੇ ਭਰਾ ਸੋਢੀ ਮੇਹਰਬਾਨ ਕੋਲੋਂ ਪੁਛ ਲੈਣ। ਉਸਨੇ ਆਪਣੇ ਪਾਸ ਚੋਰ ਤੇ ਧਾੜਵੀ ਕਈ ਰਖੇ ਹਨ, ਜੋ ਰਾਹ ਜਾਂਦੇ ਲੋਕਾਂ ਨੂੰ ਲੁਟਦੇ ਹਨ। ਐਸੇ ਖਤਰਨਾਕ ਬਾਗੀ ਦਾ ਧਿਆਨ ਰਖਣਾ ਜ਼ਰੂਰੀ ਹੈ, ਚੰਗਾ ਤਾਂ ਹੈ ਕਿ ਉਸਨੂੰ ਦਿਲੀ ਸਦਵਾਕੇ ਜਾਂ ਕਤਲ ਕਰਵਾ ਦਿੱਤਾ ਜਾਵੇ ਜਾਂ ਨਜ਼ਰਬੰਦ (ਕੈਦ) ਕਰ ਲਿਆ ਜਾਵੇ।'

ਸ਼ਾਹ ਦੇ ਦਰਬਾਰ ਵਿਚ ਹਾਜ਼ਰ ਹੋਏ ਤੇ ਲਿਖਿਆ ਹੋਇਆ ਚਿੱਠਾ ਬਾਦਸ਼ਾਹ ਦੇ ਅਗੇ ਰੱਖ ਦਿਤਾ । ਬਾਦਸ਼ਾਹ ਨੇ ਆਪਣੇ ਵਜ਼ੀਰ ਨੂੰ ਕਿਹਾ, ਸੁਣਾਓ ਕੀ ਸ਼ਕੈਤ ਹੈ। ਜਦ ਸਾਰਾ ਚਿੱਠਾ ਪੜ੍ਹਿਆ ਗਿਆ ਤਾਂ ਬਾਦਸ਼ਾਹ ਸੁਣਕੇ ਕ੍ਰੋਧ ਵਿਚ ਆ ਗਿਆ ਬਾਦਸ਼ਾਹ ਨੇ ਕਿਹਾ-'ਉਸ(ਗੁਰੂ) ਅਰਜਨ (ਜੀ) ਦਾ ਪੁਤ੍ਰ ਹੈ ਤੇ ਜੀਉਂਦਾ ਹੈ ? ਕੀ ਉਹ ਗੁਰ-ਗੱਦੀ ਅਜੇ ਚਲਦੀ ਹੈ ? ਵਜ਼ੀਰ ਖਾਨ ਨੂੰ ਕਹੋ ਸੈਨਾ ਲੇਕੇ ਅੰਮ੍ਰਿਤਸਰ ਪੂਜੇ ਤੇ ਉਸ (ਸਤਿਗੁਰੂ ਜੀ)ਨੂੰ ਫੜਕੇ ਮੇਰੇ ਹਾਜ਼ਰ ਕਰੇ, ਇਹ ਦੁਕਾਨ ਬੰਦ ਕਰਨੀ ਹੋਵੇਗੀ ।'

ਵਜ਼ੀਰ ਖਾਂ ਲਾਗੇ ਬੈਠਾ ਸੀ,ਉਸਨੇ ਦਰਬਾਰ ਵਿਕ ਖਲੋਕੇ ਅਰਜ਼ ਕੀਤੀ, 'ਬਾਦਸ਼ਾਹ ਸਲਾਮਤ ! ਉਹ(ਸਤਿਗੁਰੂ ਜੀ)ਇਕ ਨੇਕ ਪੁਰਸ਼ ਹੈ । ਹਿੰਦੂ ਮੁਸਲਮਾਨ ਦੋਵੇਂ ਉਸ ਨਾਲ ਹਿਤ ਕਰਦੇ ਹਨ । ਇਹ ਰਪੋਰਟਾਂ ਝੂਠੀਆਂ ਪ੍ਰਤੀਤ ਹੁੰਦੀਆਂ ਹਨ । ਖੁਦਾ ਦੇ ਬੰਦਿਆਂ ਨੂੰ ਤੰਗ ਨਹੀਂ ਕਰਨਾ ਚਾਹੀਦਾ। ਉਹ ਤਾਂ ਹਿੰਦੂ ਤੇ ਮੁਸਲਮਾਨਾਂ ਨੂੰ ਇਕ ਥਾਂ ਮਿਲਕੇ ਬੈਠਣ ਤੇ ਇਕ ਦੂਸਰੇ ਨਾਲ ਮਿਲਕੇ ਦੁਖ ਸੁਖ ਦੇ ਭਾਈਵਾਲ ਬਣਨ ਦੀ ਸਿਖਿਆ ਦੇਂਦਾ ਹੈ।ਬੁਤ ਪੂਜਾ, ਚੋਰੀ,ਨਸ਼ੇ ਦੀ ਵਰਤੋਂ ,ਨਿੰਦਾ, ਚੁਗਲੀ,ਬਖੀਲੀ,ਪਾਪ ਕਰਨ ਤੋਂ ਲੋਕਾਂ ਨੂੰ ਰੋਕਦਾ ਹੈ। ਐਸੇ ਮਹਾਂ ਪੁਰਸ਼ ਤੇ ਖੁਦਾ ਦੇ ਪਿਆਰੇ ਨੂੰ ਤੰਗ ਕਰਨ ਨਾਲ ਬਾਦਸ਼ਾਹ ਸਲਾਮਤ ਨੂੰ ਨੁਕਸਾਨ ਪਹੁੰਚੇਗਾ ।'

ਵਜ਼ੀਰ ਖਾਂ ਦੇ ਇਨ੍ਹਾਂ ਵਾਕਾਂ ਵਲ ਕਿਸੇ ਕੋਈ ਧਿਆਨ ਨਾ ਦਿਤਾ, ਓਹ ਸਾਰੀ ਦੁਸ਼ਟਾਂ ਦੀ ਸਭਾ ਸੀ, ਬਾਦਸ਼ਾਹ ਇਹ ਆਖਕੇ ਦਰਬਾਰ ਵਿਚੋਂ ਉਠ ਬੈਠਾ-'ਵਜ਼ੀਰ ਖਾਂ ਜਾਕੇ (ਗੁਰੂ) ਹਰਿਗੋਬਿੰਦ (ਜੀ) ਨੂੰ ਗ੍ਰਿਫਤਾਰ ਕਰਕੇ ਲਿਆਵੇ ਤੇ ਮੇਰੇ ਪੇਸ਼ ਕਰੇ ।'

੧੦. ਵਜ਼ੀਰ ਖਾਂ ਨੇ ਅੰਮ੍ਰਿਤਸਰ ਪੂਜਣਾ

ਦੁਸ਼ਟ ਬਾਦਸ਼ਾਹ ਜਹਾਂਗੀਰ ਨੇ ਪਹਿਲਾਂ ਸਤਿਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਾਇਆ ਸੀ, ਉਹ ਨਹੀਂ ਸੀ ਚਾਹੁੰਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਚਾਲੂ ਰਹੇ ਤੇ ਲੋਕ ਨਵੇਂ ਮਤ ਨੂੰ ਧਾਰਨ ਕਰਨ । ਉਸ ਨੇ ਚੁਗਲਾਂ ਦੀਆਂ ਗਲਾਂ ਸੁਣ ਲਈਆਂ, ਵਜ਼ੀਰ ਖਾਂ ਨੂੰ ਕੁਝ ਸਵਾਰ ਦੇਕੇ ਪੰਜਾਬ ਨੂੰ ਤੋਰਿਆ ਕਿ ਉਹ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਿਆਵੇ

ਗਲਾਂ ਸੁਣ ਲਈਆਂ, ਵਜ਼ੀਰ ਖਾਂ ਨੂੰ ਕੁਝ ਸਵਾਰ ਦੇ ਕੇ ਪੰਜਾਬ ਤੋਰਿਆ ਕਿ ਉਹ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਿਆਵੇ ਤੇ ਸਾਰੀ ਜਾਇਦਾਦ ਜ਼ਬਤ ਕਰੇ।

ਪਰ ਵਜ਼ੀਰ ਖਾਂ ਧਰਮਾਤਮਾ ਪੁਰਸ਼ ਸੀ, ਓਹ ਨਹੀਂ ਸੀ ਚਾਹੁੰਦਾ ਕਿ ਸਤਿਗੁਰੂ ਜੀ ਨੂੰ ਕਿਸੇ ਤਰ੍ਹਾਂ ਦਾ ਕਸ਼ਟ ਦਿੱਤਾ ਜਾਵੇ। ਉਸਨੇ ਅੰਮ੍ਰਿਤਸਰ ਪੁਜਕੇ ਬਾਹਰ ਤੰਬੂ ਲਾ ਕੇ ਡੇਰਾ ਕਰ ਲਿਆ ਤੇ ਇਕ ਆਦਮੀ ਨੂੰ ਸਤਿਗੁਰੂ ਜੀ ਵਲ ਭੇਜਿਆ ਕਿ ਉਹ ਸਤਿਗੁਰੂ ਜੀ ਨੂੰ ਮਿਲਣਾ ਚਾਹੁੰਦਾ ਹੈ, ਮਿਲਣ ਦੀ ਆਗਿਆ ਬਖਸ਼ੀ ਜਾਵੇ, ਉਹ ਬਾਦਸ਼ਾਹ ਜਹਾਂਗੀਰ ਦਾ ਭੇਜਿਆ ਹੋਇਆ ਆਇਆ ਹੈ।

ਵਜ਼ੀਰ ਖਾਂ ਦਾ ਆਦਮੀ ਸਤਿਗੁਰੂ ਜੀ ਦੇ ਹਜ਼ੂਰ ਹਾਜ਼ਰ ਹੋਇਆ ਉਸਨੇ ਸਤਿਗੁਰੂ ਜੀ ਨੂੰ ਮਥਾ ਟੇਕਕੇ ਵਜ਼ੀਰ ਖਾਂ ਦਾ ਸੁਨੇਹਾ ਸੁਣਾ ਦਿਤਾ। ਸਾਹਿਬਾਂ ਨੇ ਕਿਹਾ--'ਹੁਣ ਵਜ਼ੀਰ ਖਾਂ ਅਰਾਮ ਕਰ। ਕਲ ਉਸਨੂੰ ਸਦਾਂਗੇ, ਹੋਰ ਜਿਸ ਵਸਤੂ ਦੀ ਲੋੜ ਹੈ, ਉਹ ਖੁਸ਼ੀ ਨਾਲ ਮੰਗਵਾ ਲਵੇ। ਗੁਰੂ ਘਰ ਵਿਚ ਕਿਸੇ ਗਲ ਦਾ ਕੋਈ ਘਾਟਾ ਨਹੀਂ, ਭੰਡਾਰੇ ਖੁਲੇ ਵਰਤ ਰਹੇ ਸਨ। ਕਰਤਾਰ ਦਰਗਾਹੋਂ ਰਸਦਾਂ ਭੇਜ ਰਿਹਾ ਹੈ।' ਏਲਚੀ ਨੂੰ ਇਹ ਹੁਕਮ ਕਰਨ ਦੇ ਨਾਲ ਸਤਿਗੁਰੂ ਜੀ ਨੇ ਆਪਣੇ ਇਕ ਮੁਖੀ ਸਿਖ ਨੂੰ ਵਜ਼ੀਰ ਖਾਨ ਕੋਲ ਭਜਿਆ ਕਿ ਉਸਨੂੰ ਸੁਖਸਾਂਦ ਪੁਛਣ ਦੇ ਨਾਲ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਣ ਵਾਸਤੇ ਕਹਿ ਆਵੇ। ਕਿਉਂਕਿ ਉਹ ਦਿਲੀਓਂ ਆਇਆ ਹੈ ਗੁਰੂ ਨਾਨਕ ਜੀ ਦਾ ਦਰ ਦੁਸ਼ਮਨ ਤੇ ਮਿੱਤਰ, ਊਚ ਤੇ ਨੀਚ, ਰਾਜੇ ਤੇ ਕੰਗਾਲ ਆਦਿਕ ਸਭ ਵਾਸਤੇ ਖੁਲ੍ਹਾ ਹੈ। ਜੋ ਜੀ ਆਵੇ ਸੋ ਰਾਜੀ ਜਾਵੇ। ਜੈਸਾ ਮਨ ਚਿਤਵੈ ਤੈਸੇ ਹੀ ਫਲ ਪਾਵੇ, ਸਭ ਦਾ ਰਾਖਾ ਆਪ ਕਰਤਾਰ ਹੈ। ਅਗਲੇ ਦਿਨ ਸ਼ਾਮ ਦਾ ਦੀਵਾਨ ਲੱਗਾ। ਉਸ ਸਮੇਂ ਵਜ਼ੀਰ ਖਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ। ਦਰਸ਼ਨ ਕਰਕੇ ਨਿਹਾਲ ਹੋਇਆ। ਉਸਨੇ ਬਚਨ ਬਿਲਾਸ ਕਰਦਿਆਂ ਹੋਇਆਂ ਸਤਿਗੁਰੂ ਜੀ ਦੇ ਸਨਮੁਖ ਆਪਣੇ ਆਉਣ ਦਾ ਮਨੋਰਥ ਇਸ ਤਰ੍ਹਾਂ ਪ੍ਰਗਟ ਕੀਤਾ--'ਬਾਦਸ਼ਾਹ ਸਲਾਮਤ ਦਾ ਭੇਜਿਆ ਹੋਇਆ ਮੈਂ ਆਪ ਪਾਸ ਆਇਆ ਹਾਂ, ਆਪਦੇ ਭਰਾ ਸੋਢੀ ਮੇਹਰਬਾਨ ਜੀ ਅਤੇ ਹੋਰ ਆਦਮੀਆਂ ਨੇ ਬਾਦਸ਼ਾਹ ਦੇ ਕੰਨ ਭਰੇ ਹਨ ਕਿ ਆਪ ਪੰਜਾਬ ਵਿਚ ਬਾਦਸ਼ਾਹ ਸਲਾਮਤ ਦੇ ਵਿਰੁਧ ਬਗਾਵਤ ਕਰਨ ਦੀ ਤਿਆਰੀ ਕਰ

ਭਰੇ ਦਰਬਾਰ ਵਿੱਚ ਵੀ ਕਿਹਾ ਸੀ ਤੇ ਹੁਣ ਵੀ ਆਖਦਾ ਹਾਂ ਕਿ ਲੋਕ ਝੂਠ ਬੋਲਦੇ ਹਨ ਆਪ ਜਿਸ ਪ੍ਰਚਾਰ ਨੂੰ ਕਰਦੇ ਹੋ ਉਹ ਲੋਕ ਭਲਾਈ ਤੇ ਸਰਬ-ਸਾਂਝਦਾ ਹੈ।'

ਇਹ ਸੁਣਕੇ ਸਤਿਗੁਰੂ ਜੀ ਹੌਂਸਲੇ ਨਾਲ ਬੋਲੇ—'ਜੇਕਰ ਬਾਦਸ਼ਾਹ ਨੇ ਯਾਦ ਕੀਤਾ ਹੈ ਤਾਂ ਚਲਾਂਗੇ। ਚਿੰਤਾ ਦੀ ਕੋਈ ਗਲ ਨਹੀਂ ਅਸੀਂ ਤਾਂ ਖੁਦਾ (ਪ੍ਰਮਾਤਮਾ) ਉਤੇ ਭਰੋਸਾ ਰੱਖਦੇ ਹਾਂ, ਖੁਦਾ ਦੀ ਦੁਨੀਆਂ ਦਾ ਪ੍ਰਚਾਰ ਕਰਦੇ ਹਾਂ।'

ਵਜ਼ੀਰ ਖਾਂ—'ਮੈਂ ਚਾਹੁੰਦਾ ਹਾਂ ਕਿ ਆਪ ਬਾਦਸ਼ਾਹ ਸਲਾਮਤ ਦੇ ਕੋਲ ਰਹੋ, ਆਪਦੀ ਸੰਗਤ ਕਰਨ ਨਾਲ ਸ਼ਾਇਦ ਉਨ੍ਹਾਂ ਨੂੰ ਸੁਮੱਤ ਆ ਜਾਵੇ। ਮਾੜੇ ਆਦਮੀਆਂ ਦੀ ਸੰਗਤ ਨੇ ਉਹਦਾ ਦਿਲ ਰਬੀ ਬੰਦਿਆਂ ਵਲੋਂ ਦੂਰ ਕਰ ਦਿਤਾ ਹੈ। ਸ਼ਹਿਨਸ਼ਾਹ ਅਕਬਰ ਸਾਰੇ ਰਬੀ ਬੰਦਿਆਂ ਨਾਲ ਮੇਲ ਮੁਹਬਤ ਰੱਖਦੇ ਸਨ। ਆਪ ਚਲੀਏ, ਆਪ ਦਾ ਸਤਕਾਰ ਹੋਵੇਗਾ, ਕਿਸੇ ਮਨੁਖ ਨੂੰ ਹੌਂਸਲਾ ਨਹੀਂ ਪਵੇਗਾ ਕਿ ਉਹ ਆਪ ਦਾ ਨਿਰਾਦਰ ਕਰੇ।'

ਸਤਿਗੁਰੂ ਜੀ—'ਅਸੀਂ ਖੁਦ ਬਾਦਸ਼ਾਹ ਨੂੰ ਮਿਲਣਾ ਚਾਹੁੰਦੇ ਹਾਂ। ਰੱਜਕੇ ਬਚਨ ਬਿਲਾਸ ਕਰਨਾ ਚਾਹੁੰਦੇ ਹਾਂ, ਅਸਾਂ ਦਾ ਰਾਖਾ ਆਪ ਕਰਤਾਰ ਹੈ। ਬਾਦਸ਼ਾਹ ਦੀਆਂ ਅੱਖਾਂ ਅਗੇ ਭਰਮ, ਅਗਿਆਨਤਾ, ਈਰਖਾ, ਹੰਕਾਰ ਤੇ ਤਅੱਸਬ ਦਾ ਪੜਦਾ ਹੈ, ਉਸਨੂੰ ਉਹਦੀਆਂ ਅੱਖਾਂ ਅਗੋਂ ਉਸ ਕਾਲੇ ਪੜਦੇ ਨੂੰ ਪਰੇ ਕਰਨਾ ਚਾਹੁੰਦੇ ਹਾਂ ਤਾਂ ਕਿ ਉਸਨੂੰ ਸਤ ਦੀ ਰੋਸ਼ਨੀ ਦਾ ਗਿਆਨ ਹੋਵੇ, ਉਹ ਪਰਜਾ ਨਾਲ ਪ੍ਰੇਮ ਕਰਨਾ ਸਿਖੇ, ਹਿੰਦੂ ਤੇ ਮੁਸਲਮਾਨ ਦੋਹਾਂ ਦਾ ਸਤਿਕਾਰ ਕਰੇ। ਮੰਦਰਾਂ ਤੇ ਮਸੀਤਾਂ ਦਾ ਆਦਰ ਕਰੇ ਖੁਦਾਈ ਬੰਦਿਆਂ ਨੂੰ ਮਿਲੇ ਤੇ ਉਨ੍ਹਾਂ ਦੇ ਕੌਲ ਸੁਣੇ।'

—o—

੧੧. ਸਤਿਗੁਰੂ ਜੀ ਦਾ ਦਿਲੀ ਨੂੰ ਜਾਣਾ

ਤਰਕਾਲਾਂ ਤਕ ਸਾਰੇ ਅੰਮ੍ਰਿਤਸਰ ਸ਼ਹਿਰ ਵਿਚ ਇਹ ਖਬਰ ਖਿਲਰ ਗਈ ਕਿ ਦਿਲੀ ਤੋਂ ਵਜ਼ੀਰ ਖਾਂ ਤੇ ਗੁੰਚਹ ਬੇਗ (ਕਿੰਚ ਬੇਗ) ਦੋ ਮੁਗਲ ਸੈਨਾ ਸਮੇਤ ਸਤਿਗੁਰੂ ਜੀ ਨੂੰ ਲੈਣ ਵਾਸਤੇ ਆਏ ਹਨ। ਸਤਿਗੁਰੂ ਜੀ ਵੀ

ਜਾਣ ਵਾਸਤੇ ਤਿਆਰ ਹੋ ਗਏ ਹਨ। ਸ਼ਰਧਾਲੂ ਸਿੱਖ ਮਿਲਣ ਵਾਸਤੇ ਆਏ। ਹਰ ਕੋਈ ਇਕ ਦੂਸਰੇ ਨੂੰ ਪੁਛਣ ਲੱਗਾ-'ਸਤਿਗੁਰੂ ਜੀ ਕਿਉਂ ਦਿਲੀ ਜਾ ਰਹ ਹਨ ? ਬਾਦਸ਼ਾਹ ਨੇ ਕਿਉਂ ਸਦਿਆ ਹੈ, ਲੋਕਾਂ ਨੂੰ ਬਹੁਤੀ ਚਿੰਤਾ ਇਸ ਗੱਲ ਦੀ ਸੀ ਕਿ ਕਿਤੇ ਇਨ੍ਹਾਂ ਸਤਿਗੁਰਾਂ ਨਾਲ ਵੀ ਮੁਗਲ ਉਸੇ ਤਰਾਂ ਧੋਖਾ ਤੇ ਜ਼ੁਲਮ ਨਾ ਕਰਨ ਜਿਵੇਂ ਪਹਿਲੇ ਸਤਿਗੁਰੂ ਜੀ ਨਾਲ ਜ਼ੁਲਮ ਕੀਤਾ ਗਿਆ ਹੈ।'

ਸਤਿਗੁਰੂ ਜੀ ਦੀਵਾਨ (ਸਤਿਸੰਗ) ਵਿਚੋਂ ਉਠਕੇ ਮਹਿਲਾਂ ਵਲ ਗਏ। ਅਗੇ ਮਾਤਾ ਗੰਗਾ ਜੀ ਮਿਲ, ਸਤਿਗੁਰੂ ਜੀ ਨੇ ਮਾਤਾ ਜੀ ਨੂੰ ਦਸ ਦਿਤਾ ਕਿ ਓਹ ਦਿਲੀ ਨੂੰ ਜਾ ਰਹੇ ਹਨ। ਬਾਦਸ਼ਾਹ ਦਾ ਹੁਕਮ ਆਇਆ ਹੈ। ਇਹ ਸੁਣਦੇ ਸਾਰ ਮਾਤਾ ਜੀ ਘਬਰਾ ਗਏ। ਓਹਨਾਂ ਦੇ ਨੇਤ੍ਰਾਂ ਸਾਹਮਣੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਿਤ੍ਰ ਤੇ ਪਵਿਤ੍ਰ ਸ਼ਹੀਦੀ ਜੀਵਨ ਇਕ ਲੰਮੀ ਤਸਵੀਰ ਬਣ ਕੇ ਆ ਗਿਆ।

'ਸੁਨਿ ਜਨਨੀ ਸੁਤ ਕੋ ਬ੍ਰਿਹ ਜਾਨਾ॥ ਮਹਾ ਸਨੇਹ ਰਿਦਾ ਅਕੁਲਾਨਾ॥'

ਮਾਤਾ ਜੀ ਮਨ ਭਰ ਕ ਕਹਿਣ ਲੱਗੇ--

ਜਬ ਕੇ ਜਨਮੇ ਦੇਖਤਿ ਰਹੀ॥ ਅਬਲੌ ਪ੍ਰਿਥਕ ਭਈ ਕਬਿ ਨਹੀ॥
ਲੋਚਨ ਜਲ ਬੂੰਦੈ ਝਲਕਾਈ॥ਦੀਰਘ ਸ੍ਵਾਸ ਭਰਤ ਦੁਖ ਪਾਈ॥ (ਸੂਰਜਪ੍ਰਕਾਸ਼)

ਹੇ ਬੇਟਾ ! ਜਦੋਂ ਤੋਂ ਤੁਸਾਂ ਨੇ ਅਵਤਾਰ ਧਾਰਿਆ ਹੈ, ਤਦੋਂ ਤੋਂ ਤੁਸੀਂ ਮੇਰੀਆਂ ਅੱਖਾਂ ਤੋਂ ਓਹਲੇ ਨਹੀਂ ਹੋਏ, ਨਾ ਵਿਛੋੜੇ ਦਾ ਸਮਾਂ ਆਇਆ ਹੈ, ਅਜ ਸੁਣਕੇ ਨੇਤ੍ਰਾਂ ਵਿਚ ਜਲ ਆ ਗਿਆ ਹੈ। ਭਾਵੇਂ ਤੁਸੀਂ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗਦੀ ਉਤੇ ਬਰਾਜਮਾਨ ਹੋ, ਤਿੰਨਾਂ ਕਾਲਾਂ ਦਾ ਗਿਆਨ ਹੈ, ਫਿਰ ਵੀ ਮੈਂ ਆਖਦੀ ਹਾਂ ਕਿ ਦਖਣਾ ਦੁਸ਼ਟਾਂ ਦੀਆਂ ਚਲਾਕੀਆਂ ਤੋਂ ਬਚ ਕੇ ਰਹਿਣਾ। ਤੁਸਾਂ ਦੇ ਜਾਣ ਦਾ ਵਿਛੋੜਾ ਅਨਸਹਿਆ ਸੰਕਟ ਸਿਰ ਉਤੇ ਆਵੇਗਾ। ਮੈਂ ਤੁਸਾਂ ਪਿਛੋਂ ਕਿਵੇਂ ਰਹਾਂਗੀ।'

'ਮਾਤਾ ਜੀ ! ਚਿੰਤਾ ਨਾ ਕਰੋ, ਕਰਤਾਰ ਤੇ ਸਤਿਗੁਰੂ ਰਾਖੇ ਹਨ। ਕੋਈ ਵਿਘਨ ਨਹੀਂ ਲਗੇਗਾ। ਅਸੀਂ ਬਹੁਤ ਛੇਤੀ ਵਾਪਸ ਮੁੜ ਆਵਾਂਗੇ। ਪਿਛ ਮੁਖੀ ਸਿੱਖ ਰਹਿਣਗੇ। ਇਕ ਸੌ ਸਵਾਰ ਅਸਾਂ ਨਾਲ ਜਾਣਗੇ। ਅਸਾਂ ਨੂੰ ਕਰਤਾਰ ਉਤੇ ਭਰੋਸਾ ਹੈ। ਕਰਤਾਰ ਨੂੰ ਸੌਂਪ ਕੇ ਤੋਰੋ।

ਹੇ ਜਨਨੀ ਜਬ ਅਵਸਰ ਪਾਵੈ। ਤੁਝਕੋ ਸਿਮਰਿ ਤੁਰਤ ਹੀ ਆਵੈ।
ਕਰਹੁ ਅਨੰਦ ਬਿਦਾ ਅਬ ਦੀਜੈ। ਸਤਿਗੁਰੂ ਸੌਂਪ ਅਸੀ ਸਭ ਨੀਜੈ।
ਇਮਕਹਿ ਬੰਦਨ ਕਰਿ ਘਰ ਨਿਕਸੇ। ਕਮਲ ਬਿਸਾਲ ਬਿਲੋਚਨ ਬਿਕਸੇ।
(ਸੂਰਜ ਪ੍ਰਕਾਸ਼)

ਇਸਤਰ੍ਹਾਂ ਮਾਤਾ ਗੰਗਾ ਜੀ ਨੂੰ ਧੀਰਜ ਦੇਕੇ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਤੋਂ ਚਲੇ, ਪਰ ਤੁਰਨ ਤੋਂ ਪਹਿਲਾਂ ਸਾਰਾ ਕਾਰ-ਵਿਹਾਰ ਬਾਬਾ ਬੁਢਾ ਜੀ ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਨਭਾਈ ਕਲਿਆਣੇ,ਭਾਈ ਗੁਰਦਾਸ, ਬਹਿਲੋ,ਭਗਤ ਆਦਿਕ ਨੂੰ ਸੌਂਪ ਦਿਤਾ। ਸਭ ਨੂੰ ਪਕੀ ਕੀਤੀ ਕਿ ਸਾਰੇ ਗੁਰਧਾਮਾਂ ਦੀ ਸੰਭਾਲ ਰਖਣੀ ਤੇ ਆਈ ਸਿੱਖ ਸੰਗਤ ਦੀ ਸੇਵਾ ਕਰਨੀ।

ਸਾਹਿਬਾਂ ਦੇ ਨਾਲ ਜੋ ਸੌ ਸਿਖ ਚਲਣ ਵਾਸਤੇ ਤਿਆਰ ਹੋਇਆ ਸੀ, ਉਨ੍ਹਾਂ ਵਿਚ ਇਹ ਮੁਖੀਏ ਸਿੱਖ ਸਨ। ਭਾਈ ਬਿਧੀਚੰਦ, ਜੇਠਾ ਜੀ, ਪੈੜਾ, ਮੋਖਾ, ਰਾਜੂ ਸਨਮੁਖ, ਦਿਲਵਾਲੀ, ਭਾਨਾ ਮੋਹਨ ਤੇ ਦੇਵੀ ਜਿੰਘਾ, ਭਾਈ ਕਾਲਾ ਆਦਿਕ।

ਵਜ਼ੀਰ ਖਾਂ ਤਾਂ ਲਾਹੌਰ ਨੂੰ ਚਲਿਆ ਗਿਆ, ਪਰ ਕਿੰਚ ਬੇਗ ਤੇ ਹੋਰ ਮੁਗਲ ਅਸਵਾਰ ਸਤਿਗੁਰੂ ਜੀ ਦੇ ਨਾਲ ਸਨ।ਸਾਹਿਬ ਹੌਲੀ ਹੌਲੀ ਮੰਜ਼ਲੋ ਮੰਜ਼ਲੀ ਦਿੱਲੀ ਨੂੰ ਜਾ ਰਹੇ ਸਨ,ਜਿਥੇ ਰਾਤ ਪੜਾ ਕਰਦੇ ਉਥੇ ਹੀ ਸਤਿ ਸੰਗਤ ਹੁੰਦੀ ਤੇ ਸਤਿਗੁਰੂ ਜੀ ਉਪਦੇਸ਼ ਕਰਦੇ। ਗੋਇੰਦਵਾਲ ਦੇ ਪੱਤਨ ਤੋਂ ਦਰਿਆ ਬਿਆਸਾ ਨੂੰ ਪਾਰ ਕਰਕੇ ਫੀਰੋਜ਼ਪੁਰ ਦੇ ਵਿਚ ਦੀ ਸਤਿਗੁਰੂ ਜੀ ਝਰੌਲੀ ਪਹੁੰਚੇਇਸ ਰਾਹੇ ਜਾਣ ਤੇਸਾਰੇਮਾਲਵੇ ਵਿਚ ਸਿਖੀ ਦਾ ਪ੍ਰਚਾਰ ਹੋ ਗਿਆ। ਉਪਦੇਸ਼ ਕਰਨ ਦੇਨਾਲ ਸਤਿਗੁਰੂ ਜੀਗਰੀਬਾਂ ਨੂੰ ਧਨ ਤੇ ਕਪੜਾ ਵੀ ਦਾਨ ਕਰਦੇ ਸਨ। ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਤੇ ਚੰਗਾ ਸੁਭਾ ਦੇਖਕੇ ਕਿੰਚਬੇਗ ਸਤਿਗੁਰੂ ਜੀ ਦਾ ਸ਼ਰਧਾਲੂ ਬਣ ਗਿਆ।

ਸਤਿਗੁਰੂ ਜੀ ਦਿੱਲੀ ਪਹੁੰਚੇ ਤੇ ਮੰਜਨੂੰ ਦੇ ਟਿਲੇ ਡੇਰਾ ਜਾ ਕੀਤਾ। ਦਿੱਲੀ ਵਿਚ ਵਸਣ ਵਾਲੇ ਸਤਿਗੁਰੂ ਜੀ ਦੇ ਸ਼ਰਧਾਲੂਆਂ ਨੂੰ ਜਦ ਪਤਾ ਲੱਗਾ ਕਿ ਸਤਿਗੁਰੂ ਜੀ ਆਏ ਹਨ ਤਾਂ ਓਹ ਸਾਰੇ ਧੰਦੇ ਛੱਡਕੇ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਧਾ ਆਏ। ਦਰਸ਼ਨ ਕਰਕੇ ਅਤੇ ਉਪਦੇਸ਼ ਸੁਣਕੇ ਨਿਹਾਲ ਹੋਏ। ਜਨਮ ਮਰਨ ਦੇ ਬੰਧਨ ਕਟੇ। ਓਹ ਪ੍ਰੇਮੀ ਸਿੱਖ ਭੌਰਿਆਂ ਤੇ ਪਤੰਗਿਆਂ ਦੇ ਸਮਾਨ ਸਨ ਓਹ ਤਾਂ ਗੁਰ ਦਰਸ਼ਨਾਂ ਵਾਸਤੇ ਰਾਤ ਦਿਨੇ

ਪਤੰਗਿਆਂ ਦੇ ਸਮਾਨ ਸਨ ਓਹ ਤਾਂ ਗੁਰ ਦਰਸ਼ਨਾਂ ਵਾਸਤੇ ਰਾਤ ਦਿਨੇ ਤੜਫਦੇ ਰਹਿੰਦੇ ਸਨ। ਕਿਉਂਕਿ ਓਹਨਾਂ ਸਿੱਖਾਂ ਦੇ ਹਿਰਦਿਆਂ ਵਿਚ ਸਤਿਗੁਰੂ ਜੀ ਤੇ ਪ੍ਰਮਾਤਮਾ ਨਾਲ ਬਹੁਤ ਪ੍ਰੀਤ ਸੀ। ਐਸੀ ਹਾਲਤ ਵਾਲੇ ਸਿਖਾਂ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ:--

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮਰਾਜੇ ॥
ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ ॥
ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ ॥
ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤਾਣੁ ਸਤਾਣੇ ॥ ੧ ॥ (ਆਸਾ ਮਃ ੪)

ਤਿਸਦਾ ਪ੍ਰਮਾਰਥ--ਜਿਨ੍ਹਾਂ ਦੇ ਹਿਰਦੇ ਵਿਚ ਪ੍ਰਮਾਤਮਾ ਨਾਲ ਪਿਆਰ ਹੈ, ਜੋ ਪ੍ਰਭੂ ਪ੍ਰਮਾਤਮਾ ਦੇ ਪ੍ਰੇਮੀ ਹਨ, ਓਸੇ ਹੀ ਜਗਤ ਵਿਚ ਨਕ ਬੰਦੇ ਹਨ। ਜੇਕਰ ਐਸੇ ਮਹਾਂ ਪੁਰਸ਼ਾਂ ਕੋਲੋਂ ਕੋਈ ਭੁਲ ਹੋ ਵੀ ਜਾਵੇ ਤਾਂ ਵੀ ਓਹ ਚੰਗੇ ਹੀ ਰਹਿੰਦੇ ਹਨ, ਕਿਉਂਕਿ ਉਹ ਦਿਲੋਂ ਪ੍ਰੀਤ ਕਰਦੇ ਹਨ। ਜੋ ਹਰੀ ਦੇ ਸੰਤ ਹਨ ਓਹਨਾਂ ਵਾਸਤੇ ਇਕ ਟਿਕਾਣਾ ਹੈ, ਓਹ ਮੰਦਰ, ਜਾਂ ਗੁਰੂ ਦਾ ਦਰ। ਓਹਨਾਂ ਦਾ ਆਸਰਾ ਪ੍ਰਮਾਤਮਾ ਦੀ ਸ਼ਕਤੀ 'ਨਾਮ' ਹੁੰਦਾ ਹੈ। ਜਿੰਨਾਂ ਦਾ ਆਸਰਾ ਵਾਹਿਗੁਰੂ ਹੈ, ਓਹ ਸਦਾ ਚੜ੍ਹਦੀਆਂ ਕਲਾ ਵਿਚ ਰਹਿੰਦ ਹਨ। ਐਸੀ ਉਪਮਾ ਹੈ ਪ੍ਰਭੂ ਦੇ ਪਿਆ-ਰਿਆਂ ਦੀ। ਪ੍ਰਭੂ ਦੇ ਪਿਆਰੇ ਬਹੁਤ ਚੰਗੇ ਹਨ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰ ਸਿਖੀ ਸੋ ਥਾਨ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰ ਸਿਖਾ ਕੀ ਘਾਲ ਥਾਇ ਪਈ ਜਿਨ ਹਰਿਨਾਮੁ ਧਿਆਵਾ ॥
ਜਿਨ ਨਾਨਕ ਸਤਿਗੁਰੂ ਪੂਜਿਆ ਤਿਨ ਹਰਿ ਪੂਜ ਕਰਾਵਾ ॥ ੨ ॥

ਜਿਸ ਅਸਥਾਨ ਉਤ ਸਤਿਗੁਰੂ ਜੀ ਜਾ ਬਰਾਜਦੇ ਹਨ ਓਹੋ ਹੀ ਅਸਥਾਨ ਸੁੰਦਰ ਤੇ ਪੂਜਨੀਕ ਬਣ ਜਾਂਦਾ ਹੈ ਓਥ ਮੰਗਲਾਚਾਰ ਹੋਣ ਲੱਗ ਪੈਂਦੇ ਹਨ। ਗੁਰੂ ਦੇ ਸਿਖਾਂ ਦੀ ਸੇਵਾ ਪ੍ਰਵਾਨ ਹੋ ਜਾਂਦੀ ਹੈ ਜੋ ਸਤਿਗੁਰੂ ਜੀ ਦੀ ਸ਼ਰਨ ਆਕੇ ਪ੍ਰਭੂ ਪ੍ਰਮਾਤਮਾ ਨੂੰ ਯਾਦ ਕਰਦੇ ਹਨ। ਜਿਥੇ ਗੁਰੂ ਬਰਾਜਦੇ ਹਨ ਉਸ ਅਸਥਾਨ ਨੂੰ ਸਿਖ (ਗੁਰੂ ਦੇ ਪ੍ਰੇਮੀ) ਲਭ ਲੈਂਦੇ ਹਨ। ਜੋ ਸਤਿਗੁਰੂ ਜੀ ਦੀ ਪੂਜਾ (ਸਤਿਕਾਰ) ਕਰਦੇ ਹਨ, ਉਨ੍ਹਾਂ ਨੂੰ ਹਰੀ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਏਸੇ ਵਿਚਾਰ ਨੂੰ ਲੈਕੇ ਦਿੱਲੀ ਦੀ ਸਾਰੀ ਸੰਗਤ ਸਤਿਗੁਰੂ ਜੀਦੇ ਦਰਸ਼ਨ ਕਰਨ ਮਜਨੂੰ ਦੇ ਟਿਲੇ ਚਲੀ ਗਈ ਸੀ।

ਗੁਰ ਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥
ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥
ਗੁਰ ਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥
ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥ ੩ ॥

ਗੁਰੂ ਦੇ ਸਿੱਖਾਂ ਦੇ ਹਿਰਦੇ ਵਿਚ ਹਰੀ ਦਾ ਪ੍ਰੇਮ ਹੈ। ਜੋ ਪੁਰਸ਼ ਗੁਰੂ ਜੀ ਦੀ ਸ਼ਰਨ ਆਉਂਦੇ ਹਨ, ਉਨ੍ਹਾਂ ਸਿਖਾਂ ਦੇ ਹਿਰਦੇ ਵਿਚੋਂ ਭੁਖ ਖਤਮ ਹੋ ਜਾਂਦੀ ਹੈ। ਕਿਉਂਕਿ ਭੁਖ ਵਧਦੀ ਹੈ ਅਗਿਆਨਤਾਂ ਨਾਲ ਲਾਲਚ ਦੇ ਵਧਨ ਕਾਰਣ। ਜਦ ਮਨੁਖ ਚੰਗੀ ਸਿਖਿਆ ਲੈ ਕੇ ਸੰਜਮੀ ਬਣ ਜਾਂਦਾ ਹੈ ਤਾਂ ਉਹਦੇ ਹਿਰਦੇ ਵਿਚੋਂ ਲਾਲਚੀ ਰੂਹ ਮਰ ਜਾਂਦੀ ਹੈ ਤੇ ਉਹ ਸਬਰ ਤੇ ਸੰਤੋਖ ਨਾਲ ਜੀਵਨ ਬਤੀਤ ਕਰਨ ਲੱਗ ਪੈਂਦਾ ਹੈ। ਜੋ ਜਗਤ ਵਿਚ ਪੁੰਨ ਬੀਜਦੇ ਹਨ ਉਹ ਦਰਗਾਹੇ ਸੁਖ ਪਾਉਂਦੇ ਹਨ ਇਸ ਵਾਸਤੇ ਹਰ ਪ੍ਰਾਣੀ ਨੂੰ ਸਤਿਗੁਰੂ ਜੀ ਦੀ ਸ਼ਰਣ ਆਉਣਾ ਚਾਹੀਦਾ ਹੈ।

ਗੁਰ ਸਿਖਾਂ ਮਨਿ ਵਾਧਾਈਆਂ ਜਿਨਿ ਮੇਰਾ ਸਤਿਗੁਰੂ ਡਿਠਾ ਰਾਮਰਾਜੇ॥
ਕੋਈ ਕਰਿ ਗਲ ਸੁਣਾਵੈ ਹਰਿਨਾਮੁ ਕੀ ਸੋ ਲਗੈ ਗੁਰ ਸਿਖਾ ਮਨਿ ਮਿਠਾ ॥
ਹਰਿ ਦਰਗਹ ਗੁਰ ਸਿਖ ਪੈਨਾਈਅਹਿ ਜਿਨਾ ਮੇਰਾ ਸਤਿਗੁਰੁ ਤੁਠਾ ॥
ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥ ੪ ॥ (ਆਸਾ ਮ: ੪)

ਸਤਿਗੁਰੂ ਜੀ ਆਖਦੇ ਹਨ ਐਸੇ ਸਿੱਖਾਂ ਦੇ ਮਨ ਸਦਾ ਖੇੜੇ ਵਿਚ ਰਹਿੰਦੇ ਹਨ, ਉਹਨਾਂ ਤੇ ਸਦਾ ਬਹਾਰ ਦਾ ਪ੍ਰਕਾਸ਼ ਰਹਿੰਦਾ ਹੈ, ਉਹ ਕਦੀ ਦਿਲਗੀਰ ਨਹੀਂ ਹੁੰਦੇ ਜੋ ਸਿੱਖ ਸਤਿਗੁਰੂ ਜੀ ਦੀ ਸ਼ਰਨ ਆਉਂਦੇ ਹਨ। ਗੁਰੂ ਪ੍ਰੇਮੀਆਂ, ਗੁਰੂ ਦੀ ਸਿੱਖਿਆ ਨਾਲ ਰਤਿਆਂ ਗੁਰਮੁਖਾਂ ਨੂੰ ਹਰੀ ਨਾਮ ਦੀ ਕਥਾ, ਹਰੀ ਉਪਮਾ ਦਾ ਕੀਰਤਨ ਬਹੁਤ ਚੰਗਾ ਲਗਦਾ ਹੈ ਕਿਉਂਕਿ ਉਹ ਉਹਨਾਂ ਨਾਲ ਪ੍ਰੇਮ ਕਰਦੇ ਹਨ। ਆਪਣੇ ਪਿਆਰੇ ਦੀ ਉਸਤਤ ਹੁੰਦੀ ਹੋਈ ਬਹੁਤ ਪਿਆਰੀ ਲਗਦੀ ਹੈ। ਉਸਤਤ ਕਰਨ ਵਾਲੇ ਚੰਗੇ ਲਗਦੇ ਹਨ। ਚਿਤ ਮਲੋ-ਮਲੀ ਓਹਨਾਂ ਗੁਰਮੁਖਾਂ ਦੇ ਚਰਨਾਂ ਵਲ ਵਧਦਾ ਹੈ। ਜਿਨ੍ਹਾਂ ਸਿੱਖਾਂ ਉਪਰ ਮੇਰਾ ਸਤਿਗੁਰੂ ਦਇਆ ਕਰਦਾ ਹੈ, ਓਹ ਦਰਗਾਹੇ ਸਤਿਕਾਰ ਪਾਉਂਦੇ ਹਨ ਓਹ ਜਦ ਦਰਗਾਹੇ ਜਾਂਦੇ ਹਨ ਤਾਂ ਹਰੀ ਨਾਲ ਮਿਲਕੇ ਓਹਦਾ ਰੂਪ ਹੀ ਹੋ ਜਾਂਦੇ ਹਨ, ਜਿਵੇਂ ਅੱਗ ਵਿਚ ਪੈਕੇ ਲੋਹਾ ਅੱਗ ਰੂਪ ਹੋ ਜਾਂਦਾ ਹੈ।

ਸਿਖਾਂ (ਜੀਵ ਆਤਮਾ) ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਰਹਿੰਦਾ।

ਦਿੱਲੀ ਦੀ ਸੰਗਤ ਵਲੋਂ ਸਤਿਗੁਰੂ ਜੀ ਦੇ ਹਜ਼ੂਰ, ਮਾਇਆ, ਅੰਨਦਾਣਾ ਕਪੜਾ, ਫਲ, ਮਠਾਈਆਂ ਅਤੇ ਦੁਧ ਆਦਿਕ ਬਅੰਤ ਤੋਲ ਵਿਚ ਆ ਪੁਜਾ, ਦੇਗੇ ਚੜ੍ਹ ਗਏ, ਗੁਰੂ ਕਾ ਲੰਗਰ ਆਰੰਭ ਹੋ ਗਿਆ, ਗ੍ਰੀਬਾਂ ਤੇ ਕੰਗਾਲਾਂ ਨੂੰ ਰਜ ਕੇ ਖਾਣ ਵਾਸਤੇ ਪ੍ਰਸ਼ਾਦ ਤੇ ਪਹਿਨਣ ਵਾਸਤੇ ਕਪੜਾ ਮਿਲਣ ਲਗਾ। ਸਤਿਗੁਰੂ ਜੀ ਪਿਛਲੇ ਸਤਿਗੁਰਾਂ ਦੇ ਸਥਾਨ ਥੜ੍ਹੇ ਉਤੇ ਆਸਣ ਜਮਾ ਕੇ ਉਪਦੇਸ਼ ਕਰਨ ਲਗੇ ਆਦਿ ਸ੍ਰੀ ਗੁਰੂ ਗ੍ਰੰਥ ਜੀ ਵਿਚੋਂ ਗੁਰਬਾਣੀ ਸਤਿਗੁਰਾਂ ਨੂੰ ਬਹੁਤ ਕੰਠ ਸੀ। ਸਤਿਗੁਰਾਂ ਦਾ ਇਤਿਹਾਸ ਆਪ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਤੋਂ ਸਰਵਨ ਵੀ ਕੀਤਾ ਹੋਇਆ ਸੀ। ਗੁਰਿਆਈ ਮਿਲਣ ਪਿਛੋਂ ਆਪ ਨੂੰ ਆਤਮਿਕ ਸ਼ਕਤੀ ਨਾਲ ਵੀ ਭੂਤ, ਭਵਿਖ ਤੇ ਵਰਤਮਾਨ ਸਮੇਂ ਦੇ ਕਾਲ ਦਾ ਗਿਆਨ ਹੋ ਗਿਆ।

ਸ਼ਾਮ ਦਾ ਦੀਵਾਨ ਸਜਿਆ, ਇੰਦ੍ਰ ਦੇ ਬਰਾਬਰ ਨਾਲੋਂ ਬਹੁਤ ਸੋਭਾ ਸੀ ਸਤਿਗੁਰਾਂ ਦੇ ਦਰਬਾਰ ਵਿਚ ਦੇਵਤਿਆਂ ਸਮਾਨ ਸਿਖ ਬੈਠੇ ਸਨ ਮਨ ਬਿਤ੍ਰੀਆਂ ਸਤਿਗੁਰਾਂ ਦੇ ਚਰਨਾਂ ਨਾਲ ਜੋੜ ਕੇ ਸਤਿਗੁਰੂ ਜੀ ਦੇ ਉਪਦੇਸ਼ ਨੂੰ ਸ੍ਰਵਨ ਕਰ ਰਹੇ ਸਨ ਹਰ ਸਿਖ ਦੇ ਹਿਰਦੇ ਵਿਚੋਂ ਇਹ ਸਦ ਪ੍ਰਗਟ ਹੋ ਰਹੀ ਸੀ-'ਧੰਨੁ ਸੁ ਵੇਲਾ ਜਿਤੁ ਮੈਂ ਸਤਿਗੁਰੁ ਮਿਲਿਆ ॥ ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥' ਸਤਿਗੁਰੂ ਜੀ ਨੇ ਪ੍ਰਮਾਤਮਾ ਦੀ ਪ੍ਰਗਟ ਤੇ ਗੁਪਤ ਮਹਾਨ ਸ਼ਕਤੀ ਨੂੰ ਦਸਣ ਲਗਿਆਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਬਾਣੀ ਵਿਚੋਂ ਇਕ ਸ਼ਬਦ ਆਪ ਪੜ੍ਹ ਕੇ ਸੰਗਤ ਨੂੰ ਸੁਣਾਇਆ—

ਸੀਹਾ ਬਾਜਾ ਚਰਗਾ ਕੁਹੀਆ ਜਿਨਾ ਖਵਾਵੈ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥

(ਸਲੋਕ ਮਃ ੧)

ਸਾਹਿਬਾਂ ਨੇ ਬਚਨ ਕੀਤਾ-'ਸ਼ੇਰ, ਬਾਜ਼, ਚਰੰਗ ਤੇ ਕੁਹੀਆ ਜੈਸੇ

ਮਾਸ ਖਾਣ ਵਾਲੇ ਜਾਨਵਰਾਂ ਨੂੰ ਪ੍ਰਮਾਤਮਾ ਜਦ ਚਾਹੇ ਘਾਹ ਖੁਵਾ ਦੇਂਦਾ ਹੈ ਅਤੇ ਜੋ ਘਾਹ ਖਾਂਦੇ ਹਨ ਉਨ੍ਹਾਂ ਨੂੰ ਮਾਸ ਖੁਵਾ ਦੇਂਦਾ ਹੈ । ਇਹ ਗਲ ਉਲਟੀ ਤੇ ਔਖੀ ਜ਼ਰੂਰ ਪ੍ਰਤੀਤ ਹੁੰਦੀ ਹੈ ਪਰ ਪ੍ਰਮਾਤਮਾ ਜੋ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ ਉਹ ਪਲਾਂ ਵਿਚ ਹੀ ਕੁਝ ਦਾ ਕੁਝ ਕਰ ਦੇਂਦਾ ਹੈ । ਜਿਥੇ ਨਦੀਆਂ ਚਲਦੀਆਂ ਹੁੰਦੀਆਂ ਹਨ ਉਥੇ ਸੁਕੇ ਰੇਤ ਦੇ ਟਿਬੇ ਕਰ ਦੇਂਦਾ ਹੈ । ਨਦੀ ਉਸ ਥਾਂ ਵਗਣ ਲਗ ਪੈਂਦੀ ਹੈ ਜਿਥੇ ਟਿਬੇ ਹੁੰਦੇ ਸਨ । ਮਾਰੂ ਥਲਾਂ ਵਿਚ ਵੀ ਪਾਣੀ ਹੀ ਪਾਣੀ ਕਰ ਸਕਦਾ ਹੈ । ਮਾਮੂਲੀ ਜੀਵ ਨੂੰ ਪਾਤਸ਼ਾਹ ਵੀ ਬਣਾ ਸਕਦਾ ਹੈ ਤੇ ਪਾਤਸ਼ਾਹ ਨੂੰ ਗੁਲਾਮ ਬਣਾ ਦੇਂਦਾ ਹੈ । ਪ੍ਰਮਾਤਮਾਂ ਨੇ ਜੋ ਵੀ ਜੀਵ ਉਤਪਨ ਕੀਤਾ ਹੈ ਉਸਨੂੰ ਬਚਾਕੇ ਰਖਦਾ ਹੈ, ਜਿਸਤਰਾਂ ਵੀ ਪ੍ਰਮਾਤਮਾਂ ਨੂੰ ਚੰਗਾ ਲਗਦਾ ਹੈ ਤਿਵੇਂ ਕਰਦਾ ਹੈ । ਇਹ ਸਾਰਾ ਜਗਤ ਉਸੇ ਦੀ ਮਰਜ਼ੀ ਨਾਲ ਚਲਦਾ ਹੈ ਮਨੁਖ ਦੀ ਮਰਜ਼ੀ ਨਾਲ ਕੁਝ ਨਹੀਂ ਹੁੰਦਾ।ਇਸ ਵਾਸਤੇ ਜੀਵ ਨੂੰ ਸਦਾ ਪ੍ਰਮਾਤਮਾ ਨੂੰ ਚੇਤੇ ਰਖਣਾ ਚਾਹੀਦਾ ਹੈ।ਇਕ ਇਕ ਸ਼ਬਦ ਦੇ ਅਰਥਾਂ ਨਾਲ ਸਾਖੀਆਂ ਸੁਣਾ ਸੁਣਾ ਕੇ ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਕਰਦੇ ਰਹੇ ।

੧੨. ਦਿਲੀ ਵਿਚ ਸਤਿਗੁਰੂ ਜੀ ਦੇ ਕੌਤਕ

ਸਤਾਰਵੀਂ ਸਦੀ ਵਿਚ ਸਾਧੂ, ਸੰਤ, ਜੋਗੀ, ਪੀਰ ਫਕੀਰ ਆਦਿਕ ਕਰਾਮਾਤਾਂ ਕਰਕੇ ਦਿਖੌਂਦੇ ਸਨ । ਕੋਈ ਵੱਡਾ ਪੀਰ ਉਹ ਸਮਝਿਆ ਜਾਂਦਾ ਸੀ ਜੋ ਬਹੁਤੀਆਂ ਕਰਾਮਾਤਾਂ ਦਿਖਾਲੇ । ਲੋਕ ਵੀ ਕਿਸੇ ਨੂੰ ਪਰਖਣ ਵਾਸਤੇ ਉਸਦੀਆਂ ਸ਼ਕਤੀਆਂ ਨੂੰ ਦੇਖਦੇ ਸਨ ।

ਸਤਿਗੁਰੂ ਜੀ ਦਿਲੀ ਪਹੁੰਚੇ।ਸਾਰੇ ਸ਼ਹਿਰ ਵਿਚ ਇਹ ਚਰਚਾ ਖਿਲਰ ਗਈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਔਲੀਏ ਹਿੰਦ ਦੇ ਗੱਦੀ ਨਸ਼ੀਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਹਨ ਜਿਨ੍ਹਾਂ ਦੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਚ ਸ਼ਹੀਦ ਕੀਤਾ ਗਿਆ ਸੀ ਅਰ ਇਹ ਵੀ ਪ੍ਰਗਟ ਕੀਤਾ ਗਿਆ ਕਿ ਸਤਿਗੁਰੂ ਜੀ ਸੁੰਦਰ ਜੁਵਾਨ ਅਤੇ ਨਿਰਭੈ ਆਤਮਾ ਵਾਲੇ ਹਨ । ਰੱਬੀ ਸ਼ਕਤੀ ਦੇ ਭੰਡਾਰੇ ਹਨ । ਦੁਖੀਆਂ ਦੇ ਦੁੱਖ ਕਟਦੇ ਹਨ । ਦਰਸ਼ਨ ਕੀਤਿਆਂ ਹਿਰਦਾ ਸ਼ਾਂਤ ਹੋ ਜਾਂਦਾ ਹੈ ।

ਦਿੱਲੀ ਸ਼ਹਿਰ ਹਿੰਦੁਸਤਾਨ ਦੀ ਰਾਜਧਾਨੀ ਸੀ । ਉਥੇ ਪਠਾਣ ਤੇ

ਮੁਗਲ ਹਕੂਮਤ ਕਰਦੇ ਤੇ ਕਰ ਗਏ ਸਨ। ਉਸ ਸਮੇਂ ਮੁਸਲਮਾਨਾਂ ਦਾ ਜ਼ੋਰ ਸੀ। ਮੁਸਲਮਾਨੀ ਹਕੂਮਤ ਹੋਣ ਦੇ ਕਾਰਨ ਮੁਸਲਮਾਨ ਫਕੀਰਤੇਸਿਆਣੇ ਮੌਲਵੀ ਕਾਜੀ ਦਿਲੀ ਵਿਚ ਬਹੁਤ ਰਹਿੰਦੇ ਸਨ।ਉਹ ਹਿੰਦੂ ਸੰਤਾਂ ਅਤੇ ਹਿੰਦੂ ਲੋਕਾਂ ਨਾਲ ਗਿਆਨ ਚਰਚਾ ਕਰਕੇ ਮੁਸਲਮਨਾ ਹੋਣ ਵਾਸਤੇ ਪ੍ਰੇਰਦੇ। ਉਨ੍ਹਾਂ ਨੇ ਸਿਆਣੇ ਲੋਕਾਂ ਨੂੰ ਮੁਸਲਮਾਨ ਮਤਿ ਵਿਚ ਲੈ ਆਂਦਾ ਸੀ। ਉਸ ਸਮੇਂ ਵੱਡਾ ਪੀਰ ਸਿਕੰਦਰ ਸ਼ਾਹ ਸੀ।ਇਹ ਨਜ਼ਾਮਦੀਨ ਔਲੀਏਦਾਚੇਲਾ ਸੀ।ਬਾਦਸ਼ਾਹ ਨਾਲ ਮੁਲਾਕਾਤ ਕਰਨ ਦੀਸਮਰਥਾ ਰੱਖਦਾ ਸੀ।ਇਕ ਦਿਨ ਇਹ ਮੁਹੰਮਦ ਬਖਸ਼ ਸ਼ਾਹੀ ਮੌਲਵੀ ਨੂੰ ਨਾਲ ਲੈਕੇ ਮਜਨੂੰ ਦੇ ਟਿਲੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ। ਸਮੇਂ ਦੇ ਰਵਾਜ ਅਨੁਸਾਰ ਸਤਿਗੁਰੂ ਜੀ ਦੀ ਪ੍ਰੀਖਿਆ ਕਰਨ ਵਾਸਤੇ ਉਸਨੇ ਤੇ ਉਹਦੇ ਸਾਥੀਆਂ ਨੇ ਚਿਤ ਹੀ ਚਿਤ ਇਹ ਵਿਚਾਰ ਕੀਤੀ ਕਿ ਜੇ ਗੁਰੂ ਸਮਰਥਾ ਵਾਲਾ ਹੈ ਤਾਂ ਅਸਾਂ ਨੂੰ ਹਲਵਾ (ਕੜਾਹ ਪ੍ਰਸ਼ਾਦ)ਖੁਵਾਵੇ ਅਤੇ ਅਸਾਂ ਸਾਰਿਆਂ ਦੇ ਨਾਮ ਲੈ ਲੈਕੇ ਅਸਾਂ ਨੂੰ ਬੈਠਾਵੇ। ਇਹ ਸੋਚਕੇ ਉਹ ਸਤਿਗੁਰੂ ਜੀ ਦੇ ਹਜ਼ੂਰ ਚਲੇ ਗਏ।

ਸਬੱਬ ਨਾਲ ਸਤਿਗੁਰੂ ਜੀ ਉਸ ਸਮੇਂ ਜਮਨਾ ਕਿਧਾਰੇ ਪੁਜੇ ਹੋਏ ਸਨ। ਨਿਰਮਲ ਜਲ ਵਾਲੀ ਜਮਨਾ ਆਪਣੀ ਮਧੁਰ ਚਾਲ ਤਰੀ ਜਾ ਰਹੀ ਸੀ। ਉਸ ਵਿਚ ਜਲ-ਜੀਵ ਪ੍ਰਸੰਨ ਚਿਤਮੌਜ ਕਰਰਹੇ ਦਿਖਾਈ ਦੇਂਦੇਸਨ।ਕੁਦਰਤ ਦੀਸੁੰਦ੍ਰਤਾ ਵਿਚੋਂ ਪ੍ਰਮਾਤਮਾ ਦੇ ਅੰਗਾਂ ਦਾ ਪ੍ਰਕਾਸ਼ ਦੇਖਦੇ ਹੋਏ ਸਤਿਗੁਰੂ ਜੀ ਪ੍ਰਭੂ ਦੇ ਗੁਣਗਾ ਰਹੇ ਸਨ। ਧਨੁਖ ਤੇ ਤੀਰ ਲਾਗੇ ਸੀ ਤੇ ਦੋਵੇਂ ਤੇਗਾਂ ਗਾਤਰਿਆਂ ਵਿਚ ਸਨ। ਚੇਹਰ ਉਤੇ ਨੂਰ ਹੀ ਨੂਰ ਸੀ। ਉਸ ਨੂਰ ਦੀ ਇਕ ਇਕ ਕਿਰਨ ਜਨਮ ਮਰਨ ਦੇ ਬੰਧਨ ਕਟਦੀ ਸੀ। ਭੌਰਿਆਂ ਦੀ ਤਰਾਂ ਸਿੱਖ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਤਾਵਲੇ ਦੂਰ ਖਲੋਤੇ ਉਡੀਕ ਕਰ ਰਹੇ ਸਨ ਕਿ ਕਦ ਸਤਿਗੁਰੂ ਜੀ ਇਕਾਤ ਵਾਸ ਦੇ ਪੜਦੇ ਨੂੰ ਪਾਸੇ ਕਰਨ ਤੇ ਕਦ ਉਹ ਦੀਦਾਰ ਕਰਨ। ਦਰਸ਼ਨ (ਦੀਦਾਰ) ਕਰਨ ਨਾਲ ਹੀ ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਸਨ।

ਸੇਵਾਦਾਰ ਨੇ ਅਰਜ਼ ਕੀਤੀ–'ਸਚੇ ਪਾਤਸ਼ਾਹੋ! ਕੁਝ ਪੀਰ ਦਰਸ਼ਨ ਕਰਨ ਵਾਸਤੇ ਆਏ ਹਨ, ਉਹਨਾਂ ਦੇ ਨਾਲ ਚੇਲੇ ਹਨ।'

'ਆਉਣ ਦਿਓ ਨੇ!' ਸਾਹਿਬਾਂ ਨੇ ਹੁਕਮ ਕੀਤਾ।

ਸ਼ਾਹੀ ਮੌਲਵੀ ਤੇ ਪੀਰ ਸਿਕੰਦਰ ਸ਼ਾਹ ਨੇੜੇ ਆਏ। ਓਹਨਾਂ ਦੇ ਨਾਲ ਪੰਦਰਾਂ ਕੁ ਚੇਲੇ ਸਨ। ਸਤਿਗੁਰੂ ਜੀ ਦੇ ਹੁਕਮ ਨਾਲ ਹਰੇ ਘਾਹ ਉਤੇ ਲੀੜੇ ਵਿਛਾ ਦਿਤੇ ਤੇ ਸਾਰਿਆਂ ਨੂੰ ਬੈਠਣ ਵਾਸਤੇ ਸਾਹਿਬਾਂ ਨੇ ਆਪ ਓਹਨਾਂ ਨੂੰ ਕਿਹਾ। ਇਕ ਇਕ ਦਾ ਨਾਮ ਲਿਆ। ਸਾਰੇ ਹੈਰਾਨ ਹੋ ਗਏ ਕਿ ਸਤਿਗੁਰੂ ਜੀ ਨੂੰ ਨਾਮ ਕਿਸ ਦਸੇ ? ਮੌਲਵੀ ਤੇ ਪੀਰ ਸਿਕੰਦਰ ਸ਼ਾਹ ਨੇ ਤਾਂ ਚਿਤ ਚਿਤਾਰਿਆ ਸੀ, ਸੋ ਓਹਨਾਂ ਦੀ ਤਾਂ ਤਸੱਲੀ ਹੋ ਗਈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇਗੁਰੂ ਸਮਰਥਾ ਵਾਲੇ ਜਾਪਦੇ ਹਨ। ਪਰ ਅਜੇ ਸ਼ੰਕੇ ਚਿਤ ਵਿਚ ਬਹੁਤ ਸਨ।

ਪੀਰ ਤੇ ਪੀਰ ਦੇ ਚੇਲੇ ਅਜੇ ਬੈਠੇ ਹੀ ਸਨ,ਅਜੇਬਚਨ ਬਿਲਾਸ ਨਹੀਂ ਸੀ ਕਰਨ ਲਗੇ ਕਿ ਸੇਵਾਦਾਰ ਨੇ ਆਕੇ ਆਗਿਆ ਮੰਗੀ—'ਸਚੇ ਪਾਤਸ਼ਾਹੋ ਦਿਲੀ ਸ਼ਹਿਰ ਦੇ ਸ਼ਰਧਾਲੂ ਕੜਾਹ ਪ੍ਰਸ਼ਾਦ ਦੇ ਥਾਲ ਲੈਕੇ ਆਏ ਹਨ। ਓਹ ਬੇਨਤੀਕਰਦੇ ਹਨ ਕਿ ਕੜਾਹਪ੍ਰਸ਼ਾਦ ਸਤਿਗੁਰੂ ਜੀਦੀਸ਼ਰਨ ਭੇਟ ਕਰਨਾ ਹੈ।ਦਸੋਕੀ ਆਗਿਆਹੈ?'

'ਅਗੇ ਲੈ ਆਉਣ !' ਸਾਹਿਬਾਂ ਨੇ ਬਚਨ ਕੀਤਾ।

ਕੜਾਹ ਪ੍ਰਸ਼ਾਦ ਦੇ ਥਾਲ ਸਤਿਗੁਰੂ ਜੀ ਦੇ ਅਗੇ ਰਖਕੇ ਪ੍ਰਸ਼ਾਦ ਲਿਆਉਣ ਵਾਲੇ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ। ਮੱਥਾ ਟੇਕਕੇ ਗਲ ਵਿਚ ਪਲੂ ਪਾਇਆ। ਦੋਵੇਂ ਹੱਥ ਜੋੜੇ ਤੇ ਸਤਿਗੁਰੂ ਜੀ ਦੇ ਅਗੇ ਬੇਨਤੀ ਕੀਤੀ—'ਦਾਤਾ! ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਕੇ ਕਦੀ ਮੈਂ ਪ੍ਰਾਰਥਨਾ ਕੀਤੀ ਸੀ ਕਿ ਮੇਰੇ ਘਰ ਪੁਤਰ ਹੋਵੇ। ਸਤਿਗੁਰੂ ਜੀ ਨੇ ਮੇਹਰ ਕੀਤੀ ਹੈ। ਪੁਤਰ ਨੇ ਜਨਮ ਲਿਆ ਹੈ ਉਸ ਖੁਸ਼ੀ ਵਿਚ ਮੈਂ ਇਹ ਪ੍ਰਸ਼ਾਦ ਲਿਆਇਆ ਹਾਂ। ਮੇਰੇ ਧੰਨ ਭਾਗ ਹਨ, ਪਰਤੱਖ ਸਤਿਗੁਰੂ ਜੀ ਨੇ ਦਰਸ਼ਨ ਬਖਸ਼ੇ ਹਨ,ਹੁਣ ਮੇਰੀ ਬੇਨਤੀ ਹੈ ਕਿ ਮੇਰੇ ਲਾਲ ਦੀ ਉਮਰ ਲੰਮੇਰੀ ਹੋਵੇ।'

'ਪ੍ਰਮਾਤਮਾ ਦਾ ਸਿਮਰਨ ਕਰਿਆ ਕਰ, ਤੇਰੇ ਮਨੋਰਥ ਪੂਰੇ ਹੋਣਗੇ। ਸਤਿਗੁਰੂ ਨਾਨਕ ਦੇਵ ਜੀ ਦਾ ਧਿਆਨ ਧਰ।' ਸਾਹਿਬਾਂ ਦਾ ਬਚਨ ਸੀ। ਸਿੱਖ ਨਿਹਾਲ ਹੋ ਗਿਆ। ਸਤਿਗੁਰੂ ਜੀ ਨੇ ਓਹਦੇ ਕੜਾਹ ਪ੍ਰਸ਼ਾਦ ਨੂੰ ਕਰ ਕਮਲਾਂ ਨਾਲ ਪਰਸਿਆ ਅਤੇ ਹੁਕਮ ਕੀਤਾ 'ਵੰਡ ਦਿਓ।' ਜਦ ਸਿੱਖ ਪਸ਼ਾਦ ਵੰਡਣ ਲੱਗੇ ਤਾਂ ਭੰਨਣ ਘੜਨ ਹਾਰ ਸਤਿਗੁਰੂ ਜੀ ਨੇ ਪੀਰ ਸਿਕੰਦਰ

ਨੂੰ ਆਖਿਆ—'ਤੁਸਾਂ ਦੀ ਏਹੋ ਇੱਛਾ ਸੀ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚੋਂ ਤੁਸਾਂ ਨੂੰ ਪ੍ਰਸ਼ਾਦ (ਕੜਾਹ) ਮਿਲੇ । ਸੋ ਮਿਲ ਗਿਆ ।'

ਪੀਰ ਸਿਕੰਦਰ ਤੇ ਮੌਲਵੀ ਇੱਕ ਦੂਸਰੇ ਮੂੰਹਵਲ ਦੇਖ ਕੇ ਅੱਖਾ ਨਾਲ ਗਲਾਂ ਕਰਨ ਲਗੇ ਕਿ ਸਚ ਮੁਚ ਹੀ ਗੁਰੂ ਜੀ ਕਰਾਮਾਤੀ ਤੇ ਵਲੀ ਪ੍ਰਤੀਤ ਹੁੰਦੇ ਹਨ। ਪੀਰ ਸਿਕੰਦਰ ਨੇ ਸਤਿਗੁਰੂ ਜੀ ਨੂੰ ਉੱਤਰ ਦਿੱਤਾ, 'ਇਛਾ ਤਾਂ ਏਹੋ ਸੀ, ਸੋ ਪੂਰੀ ਹੋ ਗਈ। ਹੁਣ ਦਸੋ ! ਆਪ ਇੱਕ ਐਸੀ ਗੱਦੀ ਦੇ ਵਾਰਸ ਹੋ, ਜੋ ਗੱਦੀ ਭਗਤੀ ਤੇ ਪ੍ਰੇਮ ਦਾ ਪ੍ਰਚਾਰ ਕਰਦੀ ਆਈ, ਪਰ ਹੁਣ ਤੁਸਾਂ ਸ਼ਾਹੀ ਠਾਠ ਬਾਠ ਬਣਾ ਲਿਆ ਹੈ ਤਲਵਾਰਾਂ ਦੋ ਪਹਿਨ ਰਖੀਆਂ ਹਨ, ਘੋੜੇ ਤੇ ਬਾਜ ਰੱਖੇ ਹੋਏ ਹਨ । ਇਹ ਕਿਉਂ ?'

'ਭਗਤੀ ਤੇ ਪ੍ਰੇਮ ਅਸਾਂ ਦਾ ਜੀਵਨ ਨਿਸ਼ਾਨਾ ਹੈ। ਉਸਦੀ ਰਾਖੀ ਵਾਸਤੇ ਸ਼ਕਤੀ ਦੀ ਲੋੜ ਹੈ। ਸ਼ਕਤੀ ਤੋਂ ਬਿਨਾ ਨਾ ਕੋਈ ਧਰਮ ਜੀਉਂਦਾ ਰਹਿ ਸਕਦਾ ਹੈ ਨਾ ਕੋਈ ਪੁਰਸ਼। ਪਰ ਉਸ ਸ਼ਕਤੀ ਨੂੰ ਵਰਤਣ ਦਾ ਵਿਚਾਰ ਜ਼ਰੂਰ ਹੋਣਾ ਚਾਹੀਦਾ ਹੈ ਕਿਸੇ ਨੂੰ ਮਾਰਨ, ਕਿਸੇ ਦੇਘਰਲੁਟਣ ਕਿਸੇ ਦਾ ਰਾਜ ਤਖਤ ਖੋਹਣ ਵਾਸਤੇ ਸ਼ਕਤੀ ਦੀ ਵਰਤੋਂ ਕਰਨੀ ਮਾੜੀ ਹੈ, ਪਰ ਆਪਣੀ ਰਾਖੀ ਕਰਨ ਬਦਲੇ ਸ਼ਕਤੀ ਦੀ ਵਰਤੋਂ ਕਰਨੀ ਧਰਮ ਹੈ।' ਸਤਿਗੁਰੂ ਜੀ ਦੇ ਬਚਨ ਸਨ ।

ਪੀਰ ਸਿਕੰਦਰ ਤੇ ਮੌਲਵੀ ਇਸ ਖਿਆਲ ਨਾਲ ਆਏ ਸਨਕਿ ਉਹ ਸਤਿਗੁਰੂ ਜੀ ਨੂੰ ਜਿੱਤਣ, ਪਰ ਸਤਿਗੁਰੂ ਜੀ ਦੇ ਚੇਹਰੇ ਦਾ ਐਸਾ ਪ੍ਰਭਾਵ ਉਨ੍ਹਾਂ ਦੇ ਉਪਰ ਪਿਆ ਕਿ ਉਨ੍ਹਾਂ ਨੂੰ ਗਲ ਹੀ ਕੋਈ ਨਾਂ ਔੜੀ, ਉਹ ਅਲਾਹੀ ਨੂਰਦੇ ਦਰਸ਼ਨਕਰਕੇਮਖਾ੍ਰਤ ਹੋ ਗਏ। ਉਨ੍ਹਾਂ ਦੇ ਹਿਰਦਿਆਂ ਨੇ ਸ਼ਾਂਤੀ ਅਨੁਭਵ ਕੀਤੀ, ਉਨ੍ਹਾਂ ਦੀਆਂ ਅੱਖਾਂ ਵਿਚ ਨਵੀਂ ਰੋਸ਼ਨੀ ਆਉਣ ਲੱਗੀ, ਓਹ ਚੁਪ ਤੇ 'ਹਾਂ ਹੂੰ' ਕਰਦੇ ਹੋਏ ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ ਕਿ ਇਕ ਅਸਚਰਜ ਕੌਤਕ ਵਰਤਿਆ, ਜਿਸਨੂੰ ਦੇਖਕੇ ਓਹ ਉਕੇ ਹੀ ਗਲ ਕਰਨ ਜੋਗੇ ਨਾ ਰਹੇ। ਓਹਨਾਂ ਦੇ ਮਨ ਦੇ ਸ਼ੰਕੇ ਆਪਣੇ ਆਪ ਦੂਰ ਹੋ ਗਏ, ਜਿਤਣ ਆਏ ਆਪ ਜਿਤੇ ਗਏ। ਪੀਰ ਬਣਦੇ ਬਣਦੇ ਚੇਲੇ ਬਣ ਗਏ।

ਓਹ ਅਸਚਰਜ ਕੌਤਕ ਇਸਤਰਾਂ ਵਾਪਰਿਆ—ਸੁਕੇ ਅੰਬਰ ਬਿਜਲੀ ਦੇ ਗਰਜਣ ਵਾਂਗ ਇਕ ਗਰਜ ਤੇ ਲਿਸ਼ਕ ਦਰਿਆ ਜਮਨਾ ਵਿਚੋਂ ਉਤਪਨ ਹੋਈ, ਸਾਰਿਆਂ ਦੀਆ ਅੱਖਾਂ ਤੇ ਬਿਰਤੀਆਂ ਓਧਰ ਮੁੜ ਪਈਆਂ ਸਾਰਿਆਂ ਨੇ

ਦੇਖਿਆ ਜਿਸ ਥਾਂ ਤੋਂ ਰੋਸ਼ਨੀ ਉਤਪਨ ਹੋਈ ਓਥੋਂ ਚਿਟੇ ਕਪੜਿਆਂ ਵਾਲੀ ਇਕ ਦੇਵੀ ਪ੍ਰਗਟ ਹੋਈ, ਓਹਦੇ ਚੇਹਰੇ ਉਤੇ ਮਾਸੂਮੀਅਤ ਦਾ ਪ੍ਰਕਾਸ਼ ਸੀ, ਓਹ ਪਾਣੀ ਦੇ ਉਤੇ ਇਸਤਰ੍ਹਾਂ ਤੁਰੀ ਆਈ ਜਿਵੇਂ ਧਰਤੀ ਉਤੇ ਤੁਰਦੀ ਹੈ। ਮੌਲਵੀ, ਪੀਰ ਸਿਕੰਦਰ, ਦੋਹਾਂ ਦੇ ਚੇਲੇ, ਸਤਿਗੁਰੂ ਜੀ ਦੇ ਸਿੱਖ, ਸ਼ਰਧਾਲੂ ਪੁਰਸ਼ ਸਭ ਉਸੀ ਦੇਵੀ ਵਲ ਦੇਖਣ ਲੱਗ ਪਏ। ਸਤਿਗੁਰੂ ਜੀ ਗੰਭੀਰ ਹੋਕੇ ਓਹਦੇ ਵਲ ਦੇਖਦੇਰਹੇ। ਦਾਤਾਰ ਸ਼ਾਇਦ ਨਿਗਾਹ ਨਾਲ ਉਸ ਦੇਵੀ ਨੂੰ ਆਪਣੀ ਵਲ ਖਿਚੀ ਔਂਦੇ ਸਨ।

ਓਹ ਦੇਵੀ ਤੁਰੀ ਆਈ, ਓਹ ਨੇੜੇ ਆ ਗਈ। ਓਹਦੇ ਬੁਲ ਫੁਰਕੇ ਅੱਖਾਂ ਅਝਮਕ ਦੇਖਦੀਆਂ ਰਹੀਆਂ। ਚੇਹਰੇ ਦੀ ਰੌਸ਼ਨੀ ਸਾਫ ਦਿਖਾਈ ਦੇਣ ਲਗ ਪਈ, ਓਹ ਜਮਨਾ ਦੇ ਕਿਨਾਰੇ ਆ ਪੁਜੀ, ਓਹਦੇ ਸਚਮੁਚ ਗੁਲਾਬ ਦੀ ਪੱਤੀ ਵਰਗੇ ਨਰਮ ਅੰਗ ਸਨ। ਓਹ ਸੰਗੇ-ਮਰਮਰ ਦੀ ਮੂਰਤੀ ਦੇਵੀ ਪ੍ਰੇਮ ਤੇ ਬਸੰਤ ਰੁਤ ਦੀ ਪ੍ਰਤਖ ਮੂਰਤੀ ਸੀ,ਨੇੜੇ ਆਕੇ ਓਹ ਚੁਪ ਨਾ ਕੀਤੀ ਰਹਿ ਸਕੀ, ਉਸਦੇ ਬੁਲ ਫੁਰਕੇ, ਜ਼ਬਾਨ ਹਿੱਲੀ, ਪੀਰ ਤੇ ਸੰਗਤ ਹੈਰਾਨ ਹੋਈ, ਉਸ ਇਕਾਂਤ ਵਾਯੂ ਮੰਡਲ ਵਿਚ ਕੋਈ ਰਾਗ ਦੇ ਸਾਜਾਂ ਵਾਲਾ ਨਹੀਂ ਸੀ, ਪਰ ਗੁਪਤ ਸਾਜ ਵਜਣ ਲੱਗ ਪਏ। ਸਾਜਾਂ ਦੀਆਂ ਸੁਰਾਂ ਸੁਣਾਈ ਦਿਤੀਆਂ ਜਿਵੇਂ ਗੈਬੀ ਸ਼ਕਤੀਆਂ ਵਾਲੇ ਗੰਧਰਬ ਸਾਜ ਵਜਾ ਰਹੇ ਸਨ। ਓਹਨਾਂ ਸਾਜਾਂ ਦੀਆਂ ਸੁਰਾਂ ਦੇ ਨਾਲ ਲੈ ਰਲਾ ਕੇ ਉਸ ਦੇਵੀ ਨੇ ਆਸਾ ਰਾਗ ਵਿਚ ਖੁਦ ਗੌਣਾ ਸ਼ੁਰੂ ਕੀਤਾ। ਜਦ ਉਸਨੇ ਰਸੀਲੀ ਤੇ ਮਿਠੀ ਪ੍ਰੇਮ ਭਰੀ ਲੈ ਵਿੱਚ ਗਾਇਆ ਤਾਂ ਇਹ ਸ਼ਬਦ ਪ੍ਰਗਟ ਹੋਇਆ—

ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ॥
ਦੂਖ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥ ੧ ॥
ਹਉ ਵੰਞਾ ਕੁਰਬਾਣੁ ਸਾਈ ਆਪਣੇ ॥
ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥ ੧ ॥ ਰਹਾਉ ॥
ਬਿੰਦਕ ਗਾਲਿ ਸੁਣੀ ਸਚੇ ਤਿਸੁ ਧਣੀ ॥
ਸੁਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ ॥ ੨ ॥
ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ॥
ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥ ੩ ॥
ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥
ਪਾਤਿਸਾਹੁ ਦਿਸੈ ਜਾਹਰਾ ॥ ੪ ॥ ੩ ॥

(ਆਸਾ ਮ: ੫)

'ਨਾਨਕ ਕਾ ਪਾਤਿਸਾਹੁ ਦਿਸੈ ਜਾਹਰ' ਆਖਦੀ ਹੋਈ ਸਤਿਗੁਰੂ ਜੀ ਦੇ ਸਨਮੁਖ ਝੁਕ ਗਈ। ਚਰਨਾ ਉਪਰ ਮੱਥਾ ਟੇਕਿਆ ਗੋਡਿਆਂ ਭਾਰ ਬੈਠਕੇ ਦੋਵੇ' ਹੱਥ ਜੋੜ ਕੇ, ਨੈਨ ਮੁੰਦ ਕੇ ਆਰਤੀ ਕੀਤੀ। ਆਰਤੀ ਕਰਕੇ ਦੋਵੇਂ ਸੱਥ ਖੋਹਲਕੇ ਬੁਕ ਕਰ ਦਿੱਤਾ। ਸਤਿਗੁਰੂ ਜੀ ਨੇ ਕੜਾਹ ਪ੍ਰਸ਼ਾਦ ਥਾਲ ਵਿਚੋਂ ਚੁਕਕੇ ਉਸ ਦੇਵੀ ਦੇ ਬੁਕ ਵਿਚ ਰਖ ਦਿੱਤਾ। ਉਸ ਦੇਵੀ ਨੇ ਪ੍ਰਸ਼ਾਦ ਨੂੰ ਬੁਕਾਂ ਵਿਚ ਕੱਜ ਲਿਆ ਤੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਉਠੀ ਤੇ ਹੌਲੀ ਹੌਲੀ ਪਿਛਲੇ ਪੈਰੀਂ ਜਿਧਰੋਂ ਆਈ ਸੀ ਓਧਰੇ ਤੁਰ ਪਈ। ਸਤਿਗੁਰੂ ਜੀ ਤੇ ਸੰਗਤ ਵਲ ਪਿੱਠ ਨਹੀਂ ਕੀਤੀ ਹੱਥ ਜੁੜ ਰਹੇ। ਮਸਤ ਨੈਣ ਸਤਿਗੁਰੂ ਜੀ ਦੇ ਨੈਣਾ ਵਲ ਜੁੜੇ ਰਹੇ। ਹੌਲੀ ਹੌਲ ਓਹ ਜਿਥੋਂ ਆਈ ਸੀ, ਓਥੇ ਹੀ ਪਹੁੰਚ ਗਈ। ਬਿਜਲੀ ਦੀ ਤਰਾਂ ਮੁੜ ਗਰਜ ਹੋਈ, ਬਿਜਲੀ ਵਰਗੀ ਚਮਕ ਉਠੀ ਤੇ ਉਸ ਚਮਕ ਦੇ ਨਾਲ ਹੀ ਓਹ ਦੇਵੀ ਅਲੋਪ ਹੋ ਗਈ।

ਇਸ ਨਿਰਾਲੇ ਕੌਤਕ ਭਗਤੀ ਤੇ ਪ੍ਰੇਮ ਦੀ ਅਸਚਰਜ ਝਾਕੀ ਨੇ ਸਾਰਿਆ ਦੇ ਦੰਦ ਜੋੜ ਦਿਤੇ। ਚਾਰ ਚਫੇਰੇ ਵਿਸਮਾਦ ਹੀ ਵਿਸਮਾਦ ਸੀ। ਪੀਰ ਸਿਕੰਦਰ ਦਾ ਅਭਿਮਾਨ ਚੂਰ ਚੂਰ ਹੋ ਗਿਆ। ਮੌਲਵੀ ਨੂੰ ਕੁਰਾਨ ਦਾ ਸਾਰਾ ਗਿਆਨ ਭੁਲ ਗਿਆ। ਉਹ ਸਤਿਗੁਰੂ ਜੀ ਦੇਵ ਪ੍ਰਭਾਵ ਸ਼ਾਲੀ ਚੇਹਰੇ ਵਲ ਤਕਣ ਲਗੇ। ਸਾਹਿਬਾਂ ਦੀ ਬਿਰਤੀ ਕਿਸੇ ਆਰੂਪ ਦੇਸ ਦੇ ਵਾਸੀ ਦੇ ਹਿਰਦੇ ਦੀ ਬਿਰਤੀ ਨਾਲ ਜੁੜੀ ਹੋਈ ਸੀ। ਚੇਹਰੇ ਉਤੇ ਨਿਰਾਲਾ ਨੂਰ ਸੀ। ਉਸ ਨੂਰ ਦੀਆਂ ਕਿਰਨਾਂ ਸਿਖਾਂ ਤੇ ਸ਼ਰਧਾ-ਲੂਆਂ ਦੇ ਜਨਮ ਮਰਨ ਦੇ ਬੰਧਨ ਕਟ ਰਹੀਆਂ ਸਨ। ਸਾਹਿਬਾਂ ਦੇ ਨੈਨਾਂ ਦੀ ਡੋਰ ਜਮਨਾਂ ਦੇ ਜਲ ਨਾਲ ਜਾ ਜੜੀ ਸੀ। ਪ੍ਰੀਤ ਦੇ ਤੁਣਕੇ ਵਜ ਰਹੇ ਸਨ। ਅਗੰਮੀ ਰਸ ਹੀ ਰਸ ਆ ਰਿਹਾ ਸੀ। ਦੁਨੀਆਂ ਭੁਲ ਗਈ ਸੀ। "ਧੰਨ ਸਤਿਗੁਰ ਨਾਨਕ ਦੇਵ ਜੀ! ਧੰਨ ਸਤਿਗੁਰ ਨਾਨਕ ਦੇਵ ਜੀ। ਸਤਿ ਕਰਤਾਰ ਸਤਿਨਾਮ" ਦੀ ਧੁਨੀ ਆਪਣੇ ਆਪ ਉਤਪਨ ਹੋ ਗਈ ਸੀ। ਸੱਤਜ ਦੀ ਧੁਨੀ ਨੇ ਸਾਰਿਆ ਦੇ ਹਿਰਦਿਆਂ ਨੂੰ ਸੁਰਜੀਤ ਕਰ ਦਿਤਾ ਸੀ।

ਮੌਲਵੀ ਬੋਲ ਨਾ ਸਕਿਆ, ਪਰ ਪੀਰ ਸਿਕੰਦਰ ਨੇ ਕੁਝ ਹੌਂਸਲਾ ਕੀਤਾ। ਅਟਕ ਅਟਕ ਕੇ ਸਤਿਗੁਰੂ ਜੀ ਨੂੰ ਪੁਛਿਆ—'ਜੀ ! ਇਹ ਕੌਤਕ ਕੀ

ਹੋਇਆ ਹੈ ?' ਸਾਹਿਬਾਂ ਨੇ ਪੀਰ ਸਿਕੰਦਰ ਦੇ ਸ਼ਬਦਾਂ ਨੂੰ ਸੁਣਿਆ ਹੀ ਨਹੀਂ। ਓਹ ਪ੍ਰਭੂ ਪ੍ਰੀਤ ਵਿਚ ਗੁਵਾਚੇ ਹੋਏ ਸਨ। ਪਵਨ ਰੂਪ ਸੁਰਤ ਪਾਰਬ੍ਰਹਮ ਦੇ ਮੰਡਲ ਵਿਚ ਪੁਜਕੇ ਭਗਤਾਂ ਦੇ ਸੁਖ-ਮਈ ਜੀਵਨ ਦੀਆਂ ਝਾਕੀਆਂ ਦੇਖ ਰਹੇ ਸਨ। ਸਾਹਿਬਾਂ ਦੇ ਬੁਲ੍ਹ ਫੁਰਕੇ ਓਹਨਾਂ ਵਿਚੋਂ ਅੰਮ੍ਰਿਤ ਨਾਲੋਂ ਮਿੱਠੇ ਇਹ ਸ਼ਬਦ ਪ੍ਰਗਟ ਹੋਏ :—

ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥
ਮਸਲਤਿ ਮਤਾ ਸਿਆਣਪ ਜਨ ਕੀ ਜੋ ਤੂੰ ਕਰਹਿ ਕਰਾਵਹਿ ॥ ੧ ॥ ਰਹਾਉ ॥
ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧ ਸੰਗਿ ਰਸੁ ਪਾਇਆ ॥
ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ।
ਜਾ ਕਉ ਟੇਕ ਤੁਮਾਰੀ ਸੁਆਮੀ ਤਾਕਉ ਨਾਹੀ ਚਿੰਤਾ ॥
ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ ॥ ੩ ॥
ਭਰਮ ਮੋਹ ਧ੍ਰੋਹ ਸਭਿ ਨਿਕਸੈ ਜਬ ਕਾ ਦਰਸਨੁ ਪਾਇਆ ॥
ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿਨਾਮੇ ਰੰਗਿ ਸਮਾਇਆ ॥

(ਆਸਾ ਮ: ੫)

ਪ੍ਰੇਮ ਤੇ ਸ਼ਰਧਾ ਨਾਲ ਰਸੀਲੀ ਸੁਰ ਵਿਚ ਗਾਇਣ ਕੀਤੇ ਗਏ ਗੁਰਬਾਣੀ ਦੇ ਸ਼ਬਦ ਨੂੰ ਸਾਰਿਆਂ ਨੇ ਸਰਵਣ ਕੀਤਾ। ਸਾਰੇ ਇਸ ਤਰਾਂ ਝੂਮ ਉਠੇ ਜਿਵੇਂ ਸੀਤਲ ਹਵਾ ਦੇ ਨਾਲ ਕਮਲ ਤੇ ਗੁਲਾਬ ਦੇ ਫੁਲ ਮਸਤੀ ਵਿਚ ਝੂੰਮਣ ਲੱਗ ਪੈਂਦੇ ਹਨ। ਸਾਰਾ ਵਾਯੂ ਮੰਡਲ ਸਵਰਗ ਦਾ ਵਾਯੂ-ਮੰਡਲ ਬਣ ਗਿਆ ਸੀ। ਜਮਨਾ ਦੀ ਧਰਤੀ ਵੀ ਧੰਨ ਧੰਨ ਹੋਕੇ ਪ੍ਰਭੂ ਦੇ ਗੁਣ ਗਾਉਣ ਲੱਗ ਪਈ ਸੀ। ਉਸ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੀਤ ਬੰਸਰੀ ਦੀ ਧੁਨ ਕਈਆਂ ਸਦੀਆਂ ਪਿਛੋਂ ਸੁਣਾਈ ਦਿਤੀ ਸੀ। ਜਮਨਾ ਅਨੰਦ ਨਾਲ ਮਸਤ ਦੂਣੇ ਉਮਾਹ ਨਾਲ ਉਛਲ ਉਛਲਕੇ ਵਗਣ ਲੱਗੀ। ਹਰ ਪਾਸੇ ਨਵਾਂ ਜੀਵਨ ਮੌਲ ਉਠਿਆ। ਪਾਪ, ਕੁਧਰਮ, ਈਰਖਾ ਤੇ ਪੰਜ ਚੋਰ ਆਦਿਕ ਸਿਰ ਉਤੇ ਪੈਰ ਰਖਕੇ ਕਿਧਰੇ ਦੂਰ ਨਸ ਗਏ ਸਨ।

ਪੀਰ ਸਿਕੰਦਰ ਨੇ ਫਿਰ ਸਵਾਲ ਕੀਤਾ—'ਜੀ ਮੈਂ ਪੁਛਦਾ ਹਾਂ, ਇਹ ਕੀ ਕੌਤਕ ਹੋਇਆ ? ਦੇਵੀ ਕੌਣ ਸੀ ?'

ਸਾਹਿਬਾਂ ਦੀ ਸੁਰਤ ਪਾਰਬ੍ਰਹਮ ਦੇ ਦੇਸ਼ ਵਿਚੋਂ ਮੁੜ ਆਈ। ਸਾਹਿਬਾਂ ਨੇ ਪੀਰ ਸਿਕੰਦਰ ਦੇ ਸਵਾਲ ਨੂੰ ਸੁਣਿਆਂ ਤੇ ਉੱਤਰ ਦਿਤਾ.

'ਪੀਰ ਜੀ! ਇਹ ਆਤਮਿਕ ਮੰਡਲ ਦੀ ਖੇਡ ਹੈ। ਇਹ ਬੀਬੀ ਸਵਰਗਾਂ ਤੋਂ ਦਰਸ਼ਨ ਕਰਨ ਵਾਸਤੇ ਆਈ ਸੀ, ਇਸਦੇ ਪਿਛਲੇ ਜੀਵਨ ਦੀ ਕਥਾ ਇਸ ਤਰਾਂ ਹੈ:– ੧ ਜਵੇਂ ਪਾਤਸ਼ਾਹ ਸਤਿਗੁਰੂ (ਅਰਜਨ ਦੇਵ) ਜੀ ਦੇ ਸਮੇਂ ਇਹ ਸਰੋਵਰ ਦੀ ਕਾਰ ਸੇਵਾ ਵੇਲੇ ਸੇਵਾ ਕਰਿਆ ਕਰਦੀ ਸੀ। ਸੇਵਾ ਤੇ ਸਿਮਰਨ ਦੇ ਪ੍ਰਭਾਵ ਨਾਲ ਸਵਰਗ ਨੂੰ ਗਈ ਸੀ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਨੂੰ ਨਿਮਸ਼ਕਾਰ ਕਰਨ ਵਾਸਤੇ ਇਹਦੀ ਆਤਮਾ ਸਵਰਗਾਂ ਵਿਚ ਪੁਜਕੇ ਵੀ ਲੋਚ ਰਹੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਰਗਾਹ ਤੋਂ ਪ੍ਰਸ਼ਾਦ ਲੈਕੇ ਚਲੀ ਗਈ ਹੈ। ਜੋ ਪ੍ਰਮਾਤਮਾਂ ਦੇ ਹੋ ਜਾਂਦੇ ਹਨ, ਪ੍ਰਮਾਤਮਾ ਓਹਨਾਂ ਦਾ ਜਾਂਦਾ ਹੈ। ਇਹ ਸਭ ਸ਼ਕਤੀਆਂ ਪ੍ਰਮਾਤਮਾ ਦੇ ਨਾਮ ਦੀ ਬੰਦਗੀ ਕਰਨ ਨਾਲ ਪ੍ਰਾਪਤ ਹੁੰਦੀਆਂ ਹਨ। ਆਪ ਦੇ ਹਿਰਦੇ ਵਿਚ ਸ਼ਕ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਇੱਕ ਝੂਠ ਦੀ ਦੁਕਾਨ ਹੈ। ਤੁਸਾਂ ਦਾ ਉਹ ਭਰਮ (ਸ਼ਕ) ਪ੍ਰਮਾਤਮਾ ਨੇ ਆਪ ਹੀ ਮੇਹਰ ਕਰਕੇ ਦੂਰ ਕਰ ਦਿਤਾ ਹੈ। ਬਾਦਸ਼ਾਹ ਜਹਾਂਗੀਰ ਨੂੰ ਲੋਕਾਂ ਨੇ ਭੁਲੇਖੇ ਵਿਚ ਰਖਿਆ ਹੈ। ਅੱਖਾਂ ਹੁੰਦਿਆਂ ਹੋਇਆਂ ਵੀ ਉਹ ਦੇਖ ਨਹੀਂ ਸਕਦਾ, ਕੰਨਾਂ ਦੇ ਹੁੰਦਿਆਂ ਹੋਇਆਂ ਬੀਸੁਣ ਨਹੀਂ ਸਕਦਾ। ਉਹ ਅਗਿਆਨਤਾ ਤੇ ਤਅੱਸਬ ਦੇ ਕਾਰਨ ਹਨੇਰੇ ਵਿੱਚ ਜੀਵਨ ਬਤੀਤ ਕਰ ਰਿਹਾ ਹੈ।'

ਮੌਲਵੀ ਤੇ ਪੀਰ ਸਿਕੰਦਰ ਦੀ ਤਸੱਲੀ ਹੋ ਗਈ, ਓਹ ਇਸਲਾਮ ਦਾ ਪ੍ਰਚਾਰ ਕਰਨ ਆਏ ਸੀ ਪਰ ਗੁਰਮਤਿ ਦਾ ਪ੍ਰਚਾਰ ਸੁਣਕੇ ਚਲੇ ਗਏ ਓਹਨਾਂ ਨੇ ਬਾਦਸ਼ਾਹ ਕੋਲ ਜਾਕੇ ਸਤਿਗੁਰੂ ਜੀ ਦੀ ਮਹਿਮਾ ਨੂੰ ਵਰਨਣ ਕੀਤਾ।

੧੩. ਜਹਾਂਗੀਰ ਬਾਦਸ਼ਾਹ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਣੇ

ਸਤਿਗੁਰੂ (ਹਰਿ ਗੋਬਿੰਦ ਸਾਹਿਬ) ਜੀ ਦੇ ਦਿਲੀ ਬਲੌਣ ਸਮੇਂ ਜਹਾਂਗੀਰ ਦਾ ਖਿਆਲ ਕੁਝ ਹੋਰ ਸੀ। ਉਸਦੀ ਨੀਤ ਸੀ ਕਿ ਸਤਿਗੁਰੂ ਜੀ ਨੂੰ ਜਾਂ ਤਾਂ ਉਹ ਨਜ਼ਰਬੰਦ ਕਰ ਲਵੇ ਤੇ ਜਾਂ ਕਤਲ ਕਰਵਾ ਸੁਟੇ। ਉਸਦੀ ਇਹ ਵੀ ਇਛਾ ਸੀ ਕਿ ਜੇ ਸਤਿਗੁਰੂ ਜੀ ਆਪਣਿਆਂ ਸਿੱਖਾਂ ਸਮੇਤ ਮੁਸਲਮਾਨ ਹੋਣਾ ਮੰਨ ਲੈਣ ਤਾਂ ਓਹਨਾਂ ਨੂੰ ਹਿੰਦ ਦਾ ਪੀਰ ਮੰਨ ਲਿਆ ਜਾਵੇ। ਪਰ ਉਸਦੀ ਇਹ ਆਸ ਪੂਰੀ ਹੋਣ ਓਸੇ ਤਰਾਂ ਔਖੀ ਸੀ ਜਿਵੇਂ ਪੱਛਮ ਵਿਚੋਂ ਸੂਰਜ ਚੜ੍ਹਨਾ ਅਸੰਭਵ ਹੈ। ਓਹ ਕ੍ਰੋਧਵਾਨ ਸੀ। ਮੌਲਵੀਆਂ ਨੇ ਉਸਨੂੰ ਭਖਾਇਆ ਹੋਯਾ ਸੀ।

ਜਿਸ ਸਮੇਂ ਸਤਿਗੁਰੂ ਜੀ ਦਿਲੀ ਪਹੁੰਚ ਗਏ ਤੇ ਬਾਦਸ਼ਾਹ ਨੂੰ ਤਿੰਨ ਚਾਰ ਦਿਨ ਤਾਂ ਵੇਹਲ ਹੀ ਨਾ ਮਿਲਿਆ ਕਿ ਓਹ ਸਤਿਗੁਰੂ ਜੀ ਨੂੰ ਦਰਬਾਰ ਵਿਚ ਸੱਦਣ। ਫਿਰ ਕਾਜੀ, ਪੀਰ ਸਿਕੰਦਰ ਤੇ ਮੌਲਵੀ ਆਦਿਕ ਇਕਠੇ ਹੋਕੇ ਸਤਿਗੁਰੂ ਜੀ ਪਾਸ ਆ ਪੁਜੇ। ਸਤਿਗੁਰੂ ਜੀ ਦਾ ਪ੍ਰਤਾਪ ਦੇਖਕੇ,ਗਿਆਨ ਸੁਣਕੇ ਤੇ ਲੋਕਾਂ ਦੀ ਸ਼ਰਧਾ ਨੂੰ ਅਨਭਵ ਕਰਕੇ ਬਾਦਸ਼ਾਹ ਦੇ ਕੋਲ ਪੁਜੇ ਤਾਂ ਓਹਨਾਂ ਬਾਦਸ਼ਾਹ ਨੂੰ ਕਿਹਾ–'ਬਾਦਸ਼ਾਹ ਸਲਾਮਤ!ਕਾਰਜ ਰਤਾ ਸੋਚ ਕੇ ਕਰਨ ਵਾਲਾ ਹੈ।ਗੁਰੂ ਕਰਾਮਾਤੀ ਹੈ।ਕਿਤੇ ਦੇਣੇ ਦੇ ਲੈਣੇ ਨਾ ਪੈ ਜਾਣ।ਜੇ ਤੰਗ ਵੀ ਕਰਨਾ ਹੈ ਤਾਂ ਨੀਤੀ ਆਸਰੇ ਕੀਤਾ ਜਾਵੇ।'ਇਹਸੁਣਕੇ ਬਾਦਸ਼ਾਹ ਕੁਝ ਸੋਚੀਂ ਪੈ ਗਿਆ। ਲੰਮੀ ਸੋਚ ਵਿਚਾਰ ਪਿਛੋਂ ਓਸਨੇ ਫੈਸਲਾ ਕੀਤਾ ਕਿ ਉਹ ਸਤਿਗੁਰੂ ਜੀ ਦੇ ਦਰਸ਼ਨ ਜ਼ਰੂਰ ਕਰੇ। ਉਸਨੇ ਪੀਰ ਸਿਕੰਦਰ ਨੂੰ ਭੇਜਿਆ ਕਿ ਉਹ ਸਤਿਗੁਰੂ ਜੀ ਨੂੰ ਆਪਣੇ ਨਾਲ ਉਹਦੇ ਦਰਬਾਰ ਵਿਚ ਲੈ ਆਉਣ।

ਇਹ ਗਲ ਦਸ ਦੇਣੀ ਜ਼ਰੂਰੀ ਹੈ ਕਿ ਅੰਮ੍ਰਿਤਸਰ ਤੋਂ ਤੁਰਨ ਸਮੇਂ ਤੋਂ ਦਿਲੀ ਤਕ ਮੁਗਲ ਹਕੂਮਤ ਦੇ ਫੌਜੀ ਅਫਸਰਾਂ ਨੇ ਸਤਿਗੁਰੂ ਜੀ ਦੀ ਦੇਖ ਭਾਲ ਕੀਤੀ ਸੀ। ਵਜ਼ੀਰ ਖਾਨ ਨਾਲ ਨਹੀਂ ਗਿਆ ਪਰ ਗੁੰਚਹਿ ਬੇਗ ਸਤਿਗੁਰੂ ਜੀ ਦੇ ਨਾਲ ਨਾਲ ਰਿਹਾ, ਉਸਨੇ ਸਤਿਗੁਰੂ ਜੀ ਦੇ ਕਿਸੇ ਕੰਮ ਜਾਂ ਕਿਸੇ ਮਰਯਾਦਾ ਵਿਚ ਕੋਈ ਦਖਲ ਨਹੀਂ ਦਿੱਤਾ। ਦਿਲੀ ਵਿਚ ਪੁੱਜਕੇ

ਉਸਨੇ ਸ਼ਾਹੀ ਖਜ਼ਾਨੇ ਵਿਚੋਂ ਸਾਹਿਬਾਂ ਵਾਸਤੇ ਖਰਚ ਕਰਨਾ ਚਾਹਿਆ ਪਰ ਸਤਿਗੁਰੂ ਜੀ ਨੇ ਸਾਫ ਨਾਂਹ ਕਰ ਦਿਤੀ ਕਿ ਉਹ ਕਿਸੇ ਸ਼ਾਹੀ ਖਜ਼ਾਨੇ ਵਿਚੋਂ ਖਰਚ ਨਹੀਂ ਲੈਣਗੇ। ਉਨ੍ਹਾਂ ਦੇ ਖਰਚਣ ਵਾਸਤੇ ਕਰਤਾਰ ਆਪ ਖਰਚ ਭੇਜੇਗਾ। ਸਾਹਿਬਾਂ ਨੂੰ ਦਿਲੀ ਵਿਚ ਕਿਸੇ ਗਲ ਦਾ ਘਾਟਾ ਨਾ ਰਿਹਾ ਸ਼ਰਧਾਲੂ ਸਿੱਖਾਂ ਨੇ ਕਾਰ ਭੇਟਾ ਐਨੀ ਬਹੁਤੀ ਲਿਆਂਦੀ ਕਿ ਅੰਨ, ਨਗਦੀ ਤੇ ਕਪੜੇ ਦਾ ਕੋਈ ਅੰਤ ਨਾ ਰਿਹਾ। ਸਦਾਬਰਤ ਲਗ ਗਏ ਤੇ ਭੰਡਾਰੇ ਭਰਪੂਰ ਰਹਿਣ ਲਗੇ।

ਪੀਰ ਸਿਕੰਦਰ ਤੇ ਵਜ਼ੀਰ ਖਾਨ ਸਤਿਗੁਰੂ ਜੀ ਨੂੰ ਜਹਾਂਗੀਰ ਦੇ ਦਰਬਾਰ ਵਿਚ ਲੈ ਗਏ, ਇਕ ਉਚੇ ਆਸਣ ਉਤੇ ਸਤਿਗੁਰੂ ਜੀ ਨੂੰ ਬੈਠਾਇਆ ਗਿਆ। ਕੋਈ ਐਸੀ ਹਰਕਤ ਨਹੀਂ ਕੀਤੀ ਗਈ ਜੋ ਸਤਿਗੁਰੂ ਜੀ ਦੀ ਸ਼ਾਨ ਦੇ ਵਿਰੁਧ ਹੋਵੇ ਅਤੇ ਬਚਨ ਬਿਲਾਸ ਸ਼ੁਰੂ ਹੋਏ। ਸਾਹਿਬਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਸੋਹਣੇ ਢੰਗ ਨਾਲ ਬਾਸਤ ਕਰਕੇ ਦਸਿਆ ਕਿ ਸਤਿਗੁਰੂ ਜੀ ਦਾ ਨਿਸ਼ਾਨਾ ਸੰਸਾਰ ਵਿਚ ਸਰਬ-ਸਾਂਝ, ਸ਼ਾਂਤੀ ਤੇ ਪ੍ਰੀਤ ਵਾਲਾ ਨਵਾਂ ਸਮਾਜ ਕਾਇਮ ਕਰਨਾ ਸੀ ਉਹ ਕਿਸੇ ਮਨੁਖ ਨੂੰ ਮਾੜਾ ਨਹੀਂ ਸਨ ਸਮਝਦੇ। ਸਤਿਗੁਰੂ ਅਰਜਨ ਦੇਵ ਜੀ ਨੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਤਾਂ ਹਰ ਮਤ ਦੇ ਨੇਕ ਮਹਾਤਮਾਂ ਪੁਰਸ਼ਾਂ ਦੀ ਉਹ ਬਾਣੀ ਉਸ ਵਿਚ ਲਿਖੀ ਜੋ ਆਤਮਿਕ ਵਾਦੀ ਸੀ। ਬਾਦਸ਼ਾਹ ਦੇ ਪੁੱਛਣ ਤੇ ਸਾਹਿਬਾ ਨੇ ਭਗਤ ਕਬੀਰ ਜੀ ਦਾ ਇਕ ਸ਼ਬਦ ਪੜ੍ਹਕੇ ਸੁਣਿਆ:—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥
ਲੋਗਾ ਭਰਮਿ ਨ ਭੂਲਹੁ ਭਾਈ।
ਖਾਲਿਕੁ ਖਲਕ ਖਲਕ ਮਹਿ ਖਾਲਕ ਪੂਰਿ ਰਹਿਓ ਸ੍ਰਬ ਠਾਂਈ ॥ ੧ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਿਛੁ ਪੋਚ ਮਾਟੀ ਕੇ ਭਾਂਡੇ ਨਾ ਕਿਛੁ ਪੋਚ ਕੁੰਭਾਰੈ ॥
ਸਭ ਮਹਿ ਸਚਾ ਏਕੋ ਸੋਈ ਤਿਸਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ ੩ ॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥

(ਪ੍ਰਭਾਤੀ)

ਤਿਸਦਾ ਪ੍ਰਮਾਰਥ—ਰਤਾ ਸੋਚ ਵਿਚਾਰ ਨਾਲ ਦੇਖੀਏ ਤਾਂ ਹਿੰਦੂ,ਮੁਸਲਮਾਨ ਬੋਧੀ ਜਾਂ ਈਸਾਈ ਜਿੰਨੇ ਵੀ ਮਨੁਖ ਜਗਤ ਉਤੇ ਹਨ, ਭਾਵੇਂ ਓਹ ਕਿਸੇ ਦੇਸ਼ ਦੇ ਵਸਨੀਕ ਹਨ, ਸਭ ਦਾ ਅਸਲਾ ਜੋਤਿ ਹਰੀ ਹੈ। ਰੰਗ ਕਿਸੇ ਦਾ ਕਾਲਾ ਹੈ ਕਿਸੇ ਦਾ ਗੋਰਾ, ਪਰ ਆਤਮਾ ਤਾਂ ਇਕ ਜੈਸੀ ਹੈ। ਕਰਤਾਰ ਨੇ ਆਪਣੀ ਸ਼ਕਤੀ ਨਾਲ ਸਾਰੇ ਜਗਤ ਨੂੰ ਬਣਾਇਆ ਹੈ। ਜਦ ਸਾਰੇ ਜੀਵਾਂ ਨੂੰ ਕਰਤਾਰ ਨੇ ਪੰਜਾਂ ਤਤਾਂ ਤੋਂ ਉਤ-ਪਨ ਕੀਤਾ ਹੈ ਫਿਰ ਮਾੜਾ ਕੌਣ ਤੇ ਚੰਗਾ ਕੌਣ ? ਭਾਵ ਸਾਰੇ ਇਕੋ ਜਹੇ ਹਨ। ਕਿਸੇ ਦੇ ਪਾਏ ਭੁਲੇਖੇ ਸੁਣਕੇ ਨਹੀਂ ਭੁਲ ਜਾਣਾ ਚਾਹੀਦਾ। ਜਿਵੇਂ ਬ੍ਰਾਹਮਣ ਤੇ ਮੌਲਵੀ ਆਪੋ ਆਪਣੇ ਮਤਾਂ ਦੇ ਗ੍ਰੰਥਾਂ ਦੀਆਂ ਲਿਖਤਾਂ ਨੂੰ ਪੜ੍ਹਕੇ ਉਸਦੇ ਅਰਥ ਹੋਰ ਦੇ ਹੋਰ ਕੱਢ ਲੈਂਦੇ ਹਨ। ਇਹ ਦਿਸਦੀ ਸ੍ਰਿਸ਼ਟੀ ਕਰਤਾਰ ਦੀ ਬਣਾਈ ਹੈ, ਤੇ ਏਸੇ ਦੇ ਅੰਦਰ ਕਰਤਾਰ ਵਸਦਾ ਹੈ। ਇਕੋ ਤਤਾਂ ਤੋਂ ਸਾਰੇ ਮਨੁਖ ਬਣਾਏ ਗਏ ਹਨ ਇਕ ਮਿਟੀ ਤੋਂ ਰੰਗਾ ਰੰਗ ਦੇ ਵਡੇ ਛੋਟੇ ਭਾਂਡੇ ਬਣਾਏ ਜਾਂਦੇ ਹਨ। ਸਾਰਿਆਂ ਵਿਚ ਉਸ ਦਾ ਰੂਪ ਹੈ ਤੇ ਉਸ ਦੇ ਬਣਾਏ ਹੋਏ ਸਾਰੇ ਸਨ।

ਅਸੀਂ ਲੋਕ ਹਰ ਇਕ ਨੂੰ ਬੰਦਾ, ਖੁਦਾ ਦਾ ਬੰਦਾ, ਜਾ ਮਨੁਖ ਆਖ ਦੇਂਦੇ ਹਾਂ,ਪਰ ਅਸਲ ਵਿਚ ਓਹ'ਮਨੁੱਖ'ਹੁੰਦਾ ਹੈ ਜੋ ਕਰਤਾਰਦੇ ਹੁਕਮ ਨੂੰ ਮੰਨੇ,ਜੋ ਕਰਤਾਰ ਦੇ ਹੁਕਮ ਨਹੀਂ ਮੰਨਦਾ, ਕਾਦਰ ਦੀ ਕੁਦਰਤ ਤੋਂ ਉਲਟ ਚਲਦਾ ਹੈ, ਉਸਨੂੰ ਮਨੁੱਖ ਨਹੀਂ ਆਖਿਆ ਜਾ ਸਕਦਾ।ਅਲਾ (ਪ੍ਰਮਾਤਮਾ) ਦਾ ਭੇਤ ਗੁਰੂ ਦੀ ਕ੍ਰਿਪਾ ਤੋਂ ਬਿਨਾ ਨਹੀਂ ਪਾਇਆ ਜਾ ਸਕਦਾ।ਉਸ ਵੇਲੇ ਸਾਰੇ ਭਰਮ ਦੂਰ ਹੋ ਜਾਂਦੇਹਨ,ਜਦ ਗੁਰੂਨਿਰੰ-ਜਨ(ਮਾਇਆ ਰਹਿਤ ਪ੍ਰਮਾਤਮਾ)ਦੇ ਦਰਸ਼ਨ ਕਰਾ ਦੇਂਦਾ ਹੈ। ਸੋ ਹਰ ਪੁਰਸ਼ ਨੂੰ ਸਾਰੇ ਮਨੁੱਖਾਂ ਨਾਲ ਪ੍ਰੇਮ ਕਰਨਾ ਚਾਹੀਦਾ ਹੈ।ਧਰਮ ਜਾਂ ਮਜ਼ਹਬ ਦੇ ਨਾਮ ਉਤੇ ਪਾਪ ਨਹੀਂ ਕਰਨੇ ਚਾਹੀਦੇ। ਮੁਸਲਮਾਨ ਹੋਵੇ ਜਾਂ ਹਿੰਦੂ ਜਾਂ ਬੋਧੀ ਸਭਨਾ ਵਿਚ ਓਹ ਚੰਗੇ ਹਨ ਜਿਨ੍ਹਾ ਦੇ ਕਰਮ (ਅਮਲ) ਚੰਗੇ ਹਨ। ਇਸ ਵਾਸਤੇ ਮਸੀਤ ਬਦਲੇ ਮੰਦਰ ਨਹੀਂ ਢਾਹ ਢੇਰੀ ਕਰਨੇ ਚਾਹੀਦੇ। ਮੰਦਰ ਵੀ ਤਾਂ ਆਖਰ ਖੁਦਾ ਦੇ ਹੀ ਘਰ ਹਨ। ਨੇਕ ਅਮਲ ਕਰੋ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਏ ਜੋ ਮੁਸਲਮਾਨ ਹੈ ਉਹ ਨਮਾਜ਼ਾਂ ਪੜੇ। ਖੁਦਾ ਨੂੰ ਯਾਦ ਕਰੇ ਤੇ ਕਿਸੇ ਨਾਲ ਬੁਰਿਆਈ ਨਾ ਕਰੇ।

ਐਸਾ ਉਪਦੇਸ਼ ਸੁਣਕੇ ਜਹਾਂਗੀਰ ਦੀ ਨਿਸ਼ਾ ਹੋ ਗਈ। ਓਹਦੇ

ਮਨ ਦੇ ਭਾਵ ਬਦਲ ਗਏ। ਇੰਝ ਪ੍ਰਤੀਤ ਹੋਇਆ ਜਿਵੇਂ ਵੈਰ ਦੀ ਅੰਸ ਹਿਰਦੇ ਵਿਚੋਂ ਖਤਮ ਹੋ ਗਈ। ਉਸ ਨੇ ਬੜੇ ਪ੍ਰੇਮ ਤੇ ਸਤਿਕਾਰ ਨਾਲ ਆਖਿਆ—'ਕਿਹਾ ਚੰਗਾ ਹੋਵੇ ਜੇ ਕੁਝ ਦਿਨ ਮੇਰੇ ਨਾਲ ਰਹੋ, ਮੈਂ ਆਗਰੇ ਨੂੰ ਜਾ ਰਿਹਾ ਹਾਂ। ਅਗੇ ਗੁਵਾਲੀਅਰ ਦਾ ਦੌਰਾ ਹੈ, ਮੈਂ ਆਪਦੀ ਸੰਗਤ ਕਰਕੇ ਕੁਝ ਲਾਭ ਪ੍ਰਾਪਤ ਕਰਨਾ ਚਾਹੁੰਦਾ ਹਾ।'

ਜਹਾਂਗੀਰ ਦੇ ਇਸ ਬਚਨ ਨੂੰ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ 'ਬਹੁਤ ਚੰਗਾ, ਅਸੀਂ ਤੁਸਾਂ ਸੰਗ ਰਹਾਂਗੇ। ਅਸੀਂ ਵੀ ਚਾਹੁੰਦੇ ਹਾਂ ਕਿ ਤੁਸਾਂ ਨਾਲ ਖੁਲ੍ਹੇ ਬਚਨ ਬਿਲਾਸ ਕਰਕੇ ਸਾਰੇ ਭਰਮਾਂ ਨੂੰ ਦੂਰ ਕਰੀਏ। ਤੁਸਾਂ ਦੇ ਵਜ਼ੀਰਾਂ, ਸੂਬੇਦਾਰਾਂ ਤੇ ਅਹਿਲਕਾਰਾਂ ਨੇ ਅਨੇਕਾ ਭੁਲੇਖੇ ਪਾਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਤੋਂ ਤੁਸਾਂ ਨੂੰ ਬਹੁਤ ਦੂਰ ਕਰ ਦਿਤਾ ਹੈ, ਜਦ ਕਿ ਤੁਸਾਂ ਦੇ ਬਾਬਾ ਜੀ ਤੇ ਪਿਤਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਦੇ ਬਹੁਤ ਸ਼ਰਧਾਲੂ ਸਨ। ਬਾਦਸ਼ਾਹ ਅਕਬਰ ਜਿੰਨੀ ਵਾਰ ਵੀ ਪੰਜਾਬ ਦਾ ਦੌਰਾ ਕਰਨ ਗਿਆ ਓਨੀ ਵਾਰ ਹੀ ਉਸਨੇ ਸਤਿਗੁਰਾਂ ਦੇ ਦਰਸ਼ਨ ਕੀਤੇ। ਸਤਿਗੁਰਾਂ ਦਾ ਉਪਦੇਸ਼ ਸਾਰੇ ਜਹਾਨ ਵਾਸਤੇ ਸ਼ੁਭ ਹੈ। ਈਰਖਾ ਤੇ ਦ੍ਵੈਖ ਬਿਲਕੁਲ ਨਹੀਂ ਸਿਖੌਂਦਾ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਇਸਲਾਮ ਦੇ ਵਡੇ ਕੇਂਦਰਾਂ ਵਿਚ ਜਾਕੇ ਉਪਦੇਸ਼ ਕਰਦੇ ਰਹੇ। ਸਤਿਗੁਰੂ ਜੀ ਦੇ ਉਪਦੇਸ਼ ਨੂੰ ਸਤਜ ਸਮਝਕੇ ਸਭ ਨੇ ਸੁਣਿਆਂ ਦੇ ਅਮਲ ਕਰਨ ਦਾ ਯਤਨ ਕੀਤਾ। ਸਤਿਗੁਰੂ ਜੀ ਨੇ ਕਿਸੇ ਨੂੰ ਇਹ ਉਪਦੇਸ਼ ਨਹੀਂ ਸੀ ਦਿਤਾ ਕਿ ਓਹ ਮੁਸਲਮਾਨ ਤੋਂ ਹਿੰਦੂ ਹੋਵ ਜਾਂ ਹਿੰਦੂ ਤੋਂ ਮੁਸਲਮਾਨ ਜਾਂ ਦੋਹਾਂ ਮਤਾਂ ਨੂੰ ਤਿਆਗਕੇ ਕੋਈ ਹੋਰ ਮਤ ਨੂੰ ਗ੍ਰਹਿਣ ਕਰੇ। ਸਤਿਗੁਰੂ ਜੀ ਤਾਂ ਆਖਦੇ ਰਹੇ ਬਸ ਆਪਣੇ ਧਰਮ ਦੀ ਸਚੀ ਮਰਯਾਦਾ ਉਤੇ ਚਲਣਾ ਦਾ ਯਤਨ ਕਰੋ। ਨੇਕ, ਧਰਮੀ, ਸਤਿਆਵਾਦੀ ਅਤੇ ਸਰਬ ਸਾਂਝ ਦੇ ਪ੍ਰੀਤਵਾਨ ਬਣੋ। ਦਿਸਦੇ ਜਗਤ ਨੂੰ ਹੋਰ ਸੁੰਦਰ ਬਨਾਉਣ ਦਾ ਯਤਨ ਕਰੋ। ਸਮਾਜ ਨੂੰ ਸੌਖੀਆਂ ਤੇ ਪੱਧਰ ਲੀਹਾਂ ਉਪਰ ਚਲੌਣ ਤੇ ਕਾਇਮ ਕਰਨ ਦਾ ਯਤਨ ਕਰੋ। ਜਿਸ ਨਾਲ ਮਨੁੱਖ ਜੀਵਨ ਸ਼ਾਤੀ ਤੇ ਸੁਖਾਂ ਵਾਲਾ ਬਣ ਜ਼ਾਵੇ।'

ਸਤਿਗੁਰੂ ਜੀ ਇਹ ਆਖਕੇ ਆਪਣੇ ਡੇਰੇ ਆ ਗਏ। ਬਾਦਸ਼ਾਹ ਕਿਲੇ ਦੇ ਬਾਹਰਲੇ ਦਰਵਾਜ਼ੇ ਤਕ ਸਤਿਗੁਰਾਂ ਦੇ ਨਾਲ ਆਇਆ।

੧੪. ਸਤਿਗੁਰੂ ਜੀ ਨੇ ਸ਼ੇਰ ਦਾ ਸ਼ਿਕਾਰ ਕਰਨਾ

ਬਾਬਾ ਬੁੱਢਾ ਜੀ ਦੇ ਵਰ ਸਚੇ ਹੋਏ, ਸਤਿਗੁਰੂ ਜੀ ਅਪਾਰ ਬਲ ਵਾਲੇ ਯੋਧੇ ਸਨ। ਆਤਮਾ ਦੀ ਪਵਿਤ੍ਰਤਾ ਨਾਲ ਤਨ ਅਰੋਗ ਸੀ, ਸਤਯ ਤੇ ਧੀਰਜ ਫੌਲਾਦੀ ਤਨ ਖੂਨ ਵਿਚ ਸਨ ਸਾਹਿਬਾਂ ਦਾ ਮੁਕਾਬਲਾ ਕੋਈ ਨਹੀਂ ਸੀ ਕਰ ਸਕਦਾ, ਬਾਦਸ਼ਾਹ ਜਹਾਂਗੀਰ ਨੇ ਸਤਿਗੁਰੂ ਜੀ ਦੀ ਬੇਅੰਤ ਉਸਤਤ ਸੁਣੀ, ਉਸਨੇ ਇਹ ਵੀ ਸੁਣਿਆਂ ਕਿ ਸਤਿਗੁਰ ਮਹਾਂਬਲੀ ਤੇ ਨਿਰਭੈ ਸੂਰਮੇ ਹਨ ਹਾਥੀ ਤੇ ਸ਼ੇਰ ਨਾਲ ਵੀ ਯੁਧ ਕਰ ਸਕਦੇ ਹਨ। ਇਹ ਸੁਣਕੇ ਬਾਦਸ਼ਾਹ ਦੇ ਚਿਤ ਆਈ ਕਿ ਕਿਹਾ ਚੰਗਾ ਹੋਵੇ ਜੇ ਕੋਈ ਐਸਾ ਸਮਾਂ ਆ ਜਾਵੇ ਕਿ ਸਤਿਗੁਰੂ ਜੀ ਦਾ ਸਰੀਰਕ ਬਲ ਜਾਚਿਆ ਜਾਵੇ, ਚਿਤ ਵਿਚ ਇਹ ਧਾਰਕੇ ਜਹਾਂਗੀਰ ਸਮੇਂ ਦੀ ਉਡੀਕ ਕਰਦਾ ਰਿਹਾ।

ਬਾਦਸ਼ਾਹ ਜਹਾਂਗੀਰ ਨੇ ਆਗਰੇ ਜਾਣਾ ਸੀ ਕਿਉਂਕਿ ਆਗਰੇ ਬਾਦਸ਼ਾਹੀ ਹਰਮ ਸਨ। ਉਥੇ ਪੱਕੀ ਰਹਾਇਸ਼ ਸੀ, ਦਿਲੀ ਤੋਂ ਤਿਆਰੀ ਕੀਤੀ ਬਾਦਸ਼ਾਹ ਦੀ ਰਾਖੀ ਵਾਲਾ ਲਸ਼ਕਰ ਨਾਲ ਤਿਆਰ ਕੀਤਾ ਅਤੇ ਸਤਿਗੁਰੂ ਜੀ ਨੂੰ ਵੀ ਬੇਨਤੀ ਕੀਤੀ ਗਈ ਕਿ ਸਾਹਿਬ ਬਾਦਸ਼ਾਹ ਦੇ ਨਾਲ ਆਗਰੇ ਨੂੰ ਚਲਣ। ਸਾਹਿਬਾਂ ਦਾ ਸਾਰਾ ਸਮਾਨ ਗੱਡਿਆਂ ਉਤੇ ਰਖਿਆ ਗਿਆ ਤੇ ਆਪ ਸਾਹਿਬ ਘੋੜੇ ਉਪਰ ਸਵਾਰ ਹੋਕੇ ਦਿਲੀ ਤੋਂ ਤੁਰੇ। ਦਿਲੀ ਦੀ ਸੰਗਤ ਸ਼ਹਿਰੋਂ ਬਾਹਰ ਤਕ ਤੋਰਨ ਆਈ,ਸਿਖੀ ਸ਼ਰਧਾ ਨੂੰ ਪ੍ਰਗਟ ਕਰਦਿਆਂ ਹੋਇਆਂ ਸੰਗਤ ਨੇ ਸਤਿਗੁਰੂ ਜੀ ਦਾ ਕਈ ਪ੍ਰਕਾਰ ਸਤਿਕਾਰ ਕੀਤਾ ਤੇ ਵਰ ਪ੍ਰਾਪਤ ਕੀਤੇ।

ਬਾਦਸ਼ਾਹ ਜਹਾਂਗੀਰ ਉਸ ਸਮੇਂ ਜਵਾਨੀ ਦੇ ਮਦ ਵਿਚ ਮਸਤ ਸੀ। ਓਹ ਨਿਰਭੈਤਾ ਨਾਲ ਏਧਰ ਓਧਰ ਫਿਰਦਾ ਤੇ ਸ਼ਿਕਾਰ ਖੇਡਿਆ ਕਰਦਾ ਸੀ, ਆਗਰੇ ਨੂੰ ਜਾਂਦਿਆਂ ਹੋਇਆਂ ਰਾਹ ਵਿਚ ਜੰਗਲ ਆਇਆ ਉਸ ਜੰਗਲ ਵਿਚ ਸ਼ੇਰ ਤੇ ਹਰਨ ਬਹੁਤ ਸਨ ਰਾਹ ਜਾਂਦਿਆਂ ਹੋਇਆਂ ਸ਼ੇਰ ਦੀ ਗਰਜ ਸੁਣਾਈ ਦਿੱਤੀ, ਬਾਦਸ਼ਾਹ ਨੇ ਹਾਥੀ ਦੀ ਸਵਾਰੀ ਨੂੰ ਰੋਕਿਆ ਤੇ ਹੁਕਮ ਦਿੱਤਾ ਕਿ ਸ਼ੇਰ ਦਾ ਸ਼ਿਕਾਰ ਕੀਤਾ ਜਾਵੇਗਾ। ਬਾਦਸ਼ਾਹ ਨੂੰ ਚੇਤਾ ਆ ਗਿਆ ਕਿ ਉਹ ਸਤਿਗੁਰੂ ਜੀ ਦਾ ਬਲ ਵੀ ਦੇਖ ਲੈਣ। ਓਹਨਾਂ ਨੇ ਸਤਿਗੁਰੂ ਜੀ ਨੂੰ

ਆਖਿਆ—'ਆਓ ਸ਼ੇਰ ਦਾ ਸਿਕਾਰ ਕਰੀਏ। ਏਥੇ ਬਬਰ ਸ਼ੇਰ ਹੈ। ਸ਼ੇਰ ਪਰਜਾ ਵਾਸਤੇ ਡਰ ਹੁੰਦਾ ਹੈ। ਭੇਡਾਂ, ਬਕਰੀਆਂ ਨੂੰ ਮਾਰਕੇ ਖਾ ਜਾਦਾ ਹੈ ਤੇ ਮਨੁਖਾਂ ਵਾਸਤੇ ਸਦਾ ਭੈ ਦਾ ਕਾਰਨ ਰਹਿੰਦਾ ਹੈ।'

'ਜ਼ਰੂਰ! ਐਸੇ ਸ਼ੇਰ ਦਾ ਸ਼ਿਕਾਰ ਕਰਨਾ ਚਾਹੀਦਾ ਹੈ। ਪਰ ਕੀਤਾ ਵੀ ਤਲਵਾਰ ਨਾਲ ਜਾਵੇ ਤਾਂ ਚੰਗਾ ਹੈ। ਘੋੜੇ ਜਾਂ ਹਾਥੀ ਉਤੇ ਚੜ੍ਹਕੇ ਸ਼ਿਕਾਰ ਖੇਡਣਾ ਕੋਈ ਬਹਾਦਰੀ ਨਹੀਂ।ਸੂਰਮੇ ਦਾ ਕਰਮ ਹੈ, ਤਲਵਾਰ ਨਾਲ ਯੁਧ ਕਰੇ।' ਸਤਿਗੁਰੂ ਜੀ ਦਾ ਬਚਨ ਸੀ। ਇਹ ਸ਼ਬਦ ਸੁਣਕ ਬਾਦਸ਼ਾਹ ਹੈਰਾਨ ਹੋਇਆ, ਅਹਿਲਕਾਰਾਂ, ਸੈਨਿਕਾਂ ਤੇ ਵਜ਼ੀਰਾਂ ਦੇ ਦੰਦ ਜੁੜ ਗਏ। ਬਾਦਸ਼ਾਹ ਘਾਬਰ ਗਿਆ ਕਿ ਜੇ ਓਹ ਤਲਵਾਰ ਨਾਲ ਸ਼ੇਰ ਦਾ ਸ਼ਿਕਾਰ ਕਰਨ ਦੀ ਦਲੇਰੀ ਕਰੇ ਤਾਂ ਹੋ ਸਕਦਾਹੈ, ਪੈਤੜਾ ਉੱਖੜ ਜਾਣ ਤੇ ਸ਼ੇਰ ਦਾ ਦਾਅ ਲੱਗ ਜਾਵੇ ਤੇ ਓਹ ਜਾਨੋਂ ਹੀ ਮਾਰ ਦੇਵੇ। ਅੰਤਰ-ਯਾਮੀ ਸਤਿਗੁਰੂ ਜੀ ਕੋਲੋਂ ਆਪਣੀ ਕਮਜ਼ੋਰੀ ਨੂੰ ਲਕੋਂਦਿਆਂ ਹੋਇਆਂ ਬਾਦਸਾਹ ਨੇ ਉਤਰ ਦਿੱਤਾ—'ਇਸੇ ਤਰਾਂ ਹੀ ਸਹੀ। ਚਲੋ ਜੰਗਲ ਵਲ ਮੁੜੋ। ਜਦ ਸ਼ੇਰ ਨੂੰ ਦੇਖਾਂਗੇ ਤਦ ਘੋੜਿਆਂ ਉਤੋਂ ਉਤਰ ਬੈਠਾਂਗੇ।'

ਇਹ ਫੈਸਲਾ ਕਰਕੇ ਜਹਾਂਗੀਰ ਤੇ ਸਤਿਗੁਰੂ ਜੀ ਜੰਗਲ ਵਲ ਮੁੜੇ, ਦੋਹਾਂ ਦੇ ਨਾਲ ਥੋੜੇ ਥੋੜੇ ਜਵਾਨ ਸਨ ਜਿੰਨਾ ਕੋਲ ਸਾਰੇ ਹਥਿਆਰ ਸਨ। ਜਦ ਸ਼ਿਕਾਰੀ ਦਲ ਜੰਗਲ ਵਿਚ ਦਾਖਲ ਹੋਇਆ ਤਾਂ ਸ਼ੇਰ ਆਪਣੇ ਘਾਹ ਆਸਣ ਤੋਂ ਉਠਿਆ। ਉਸ ਨੇ ਪਿੰਡੇ ਨੂੰ ਛੰਡਿਆ, ਆਕੜ ਕੇ ਸਰੀਰ ਤੇ ਬਲ ਨੂੰ ਜਾਚਿਆ।ਪੂਰੀ ਨਿਗਾਹ ਨਾਲ ਸ਼ਿਕਾਰੀਆਂ ਵਲ ਦੇਖਕੇ ਹੁਸ਼ਿਆਰ ਹੋ ਗਿਆ। ਸ਼ਿਕਾਰੀ ਅਗੇ ਅਗੇ ਵਧੇ ਤਾਂ ਓਹ ਵੀ ਅਗੇ ਵਧਿਆ। ਸ਼ੇਰ ਨੂੰ ਨਿਡਰ ਆਪਣੇ ਵਲ ਆਉਂਦਾ ਦੇਖਕੇ ਬਾਦਸ਼ਾਹ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—'ਆਪਆਪਣਾ ਬਲ ਦਿਖਾਈਏ। ਦੇਖੋ ਸ਼ੇਰ ਕਿੰਨੇ ਕ੍ਰੋਧ ਨਾਲ ਆ ਰਿਹਾ ਹੈ।'

ਸਤਿਗੁਰੂ ਜੀ ਘੋੜੇ ਤੋਂ ਉਤਰੇ। ਘੋੜਾ ਸੇਵਾਦਾਰ ਨੂੰ ਫੜਾ ਦਿਤਾ ਤੇ ਸ਼ੇਰ ਵਲ ਵਧੇ। ਖੰਡੇ ਨੂੰ ਹੱਥ ਵਿਚ ਸੰਭਾਲਿਆ ਤੇ ਜਾਚਿਆ ਸ਼ੇਰ ਦੀਆਂ ਅੱਖਾਂ ਨਾਲ ਨੇਤ੍ਰ ਮਿਲਾਏ, ਨਿਗਾਹ ਇਕ ਕੀਤੀ। ਸਾਹਿਬਾਂ ਦੀ ਨਿਗਾਹ ਨਾਲ ਹੀ ਸ਼ੇਰ ਦੀ ਆਤਮਾ ਨਿਰਬਲ ਹੋ ਗਈ। ਆਤਮਾ ਦੇ ਉਤੇ ਭੈ ਦਾ

ਅਸਰ ਹੋਣ ਦੇ ਕਾਰਨ ਓਹਦੇ ਤਨ ਦਾ ਜੋਸ਼ ਘਟ ਗਿਆ, ਫਿਰ ਵੀ ਆਪਣੀ ਆਦਤ ਅਨੁਸਾਰ ਓਹ ਪਿਛੇ ਨਹੀਂ ਹਟਿਆ, ਉਸ ਨੇ ਪੂਰੇ ਬਲ ਨਾਲ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਸ਼ੇਰ ਦਾ ਸੁਭਾ ਹੈ ਕਿ ਓਹ ਆਪਣੇ ਦੁਸ਼ਮਣ ਉਤੇ ਪਹਿਲਾਂ ਹਮਲਾ ਕਰਦਾ ਹੈ। ਆਪਣੇ ਸੁਭਾ ਦੇ ਕਾਰਨ ਸ਼ੇਰ ਨੇ ਦੂਰੋਂ ਉਛਲਕੇ ਸਤਿਗੁਰੂ ਜੀ ਉਤੇ ਹੱਲਾ ਕੀਤਾ। ਸਤਿਗੁਰੂ ਜੀ ਨੇ ਹੌਂਸਲੇ ਨਾਲ ਅਗੇ ਵਧਕੇ ਪੈਂਤੜਾ ਲਿਆ ਤੇ ਇਕ ਹੱਥ ਸ਼ੇਰ ਦੀ ਧੌਣ ਨੂੰ ਪਾ ਲਿਆ ਤੇ ਦੂਸਰੇ ਹੱਥ ਨਾਲ ਖੰਡਾ ਸ਼ੇਰ ਦੇ ਸੀਨੇ ਵਿਚ ਖੋਭ ਦਿਤਾ। ਜ਼ਖਮੀ ਹੋਏ ਹੋਏ ਸ਼ੇਰ ਨੇ ਜੋਸ਼ ਨਾਲ ਆਪਣੇ ਆਪਨੂੰ ਬਚੌਣ ਦਾ ਯਤਨ ਕੀਤਾ ਸੀ, ਪਰ ਸਤਿਗੁਰੂ ਜੀ ਨੇ ਉਹਦੇ ਸਿਰ ਨੂੰ ਨਾ ਛਡਿਆ। ਸਗੋਂ ਧੌਣ ਮਰੋੜ ਕੇ ਧਰਤੀ ਉਤੇ ਸੁਟ ਦਿਤਾ। ਧਰਤੀ ਉਤੇ ਡਿਗਦੇ ਸਾਰ ਸ਼ੇਰ ਦੇ ਪ੍ਰਾਣ ਨਿਕਲ ਗਏ। ਸਤਿਗੁਰੂ ਜੀ ਦੇ ਹਥੋਂ ਮਰਨ ਦੇ ਕਾਰਨ ਸ਼ੇਰ ਦੀ ਰੂਹ ਸਵਰਗ ਨੂੰ ਚਲੀ ਗਈ। ਉਸ ਦਾ ਜਨਮ ਮਰਨ ਕਟਿਆ ਗਿਆ। ਉਸ ਨੇ ਆਪਣੇ ਧੰਨ ਭਾਗ ਸਮਝੇ। ਓਹ ਰੂਹ ਕਈਆਂ ਜਨਮਾਂ ਤੋਂ ਪਸ਼ੂ ਜੀਵਨ ਵਿਚ ਚੱਕਰ ਕੱਟ ਰਹੀ ਸੀ।

ਜਹਾਂਗੀਰ ਆਪਣੇ ਆਪ ਨੂੰ ਬਹੁਤ ਦਲੇਰ ਤੇ ਬਲੀ ਮੰਨਦਾ ਸੀ, ਪਰ ਜਦ ਉਸ ਨੇ ਸਤਿਗੁਰੂ ਜੀ ਦੀ ਬਹਾਦਰੀ ਦੇਖੀ ਤਾਂ ਓਹਦਾ ਸਿਰ ਨੀਵਾਂ ਹੋ ਗਿਆ। ਜਦ ਸਤਿਗੁਰੂ ਜੀ ਸ਼ੇਰ ਨਾਲ ਯੁਧ ਕਰ ਰਹੇ ਸਨ, ਤਦ ਜਹਾਂਗੀਰ ਦਾ ਦਿਲ ਕੰਬ ਉਠਿਆ ਸੀ ਉਸ ਨੂੰ ਖਿਆਲ ਸੀ ਕਿ ਸ਼ਾਇਦ ਸ਼ੇਰ ਸਤਿਗੁਰੂ ਜੀ ਉਤੇ ਗਲਬਾ ਪਾ ਲਵੇਗਾ। ਪਰ ਕਰਤਾਰ ਨੇ ਫਤਹ ਸਤਿਗੁਰੂ ਜੀ ਨੂੰ ਬਖਸ਼ੀ। ਜਦ ਸਤਿਗੁਰੂ ਜੀ ਸ਼ੇਰ ਨੂੰ ਮਾਰ ਕੇ ਜਹਾਂਗੀਰ ਦੇ ਕੋਲ ਆਏ ਤਾਂ ਜਹਾਂਗੀਰ ਨੇ ਸਤਿਗੁਰੂ ਜੀ ਦੀ ਬਹੁਤ ਉਸਤਤ ਕੀਤੀ।

੧੫. ਸਤਿਗੁਰੂ ਜੀ ਨੇ ਆਗਰੇ ਵਿਚ ਸਿਖਾਂ ਦਾ ਪਾਰ ਉਤਾਰਾ ਕਰਨਾ

ਮੁਗਲ ਸਾਮਰਾਜ ਦੇ ਸਮੇਂ ਆਗਰਾ ਰਾਜਧਾਨੀ ਦੇ ਸਮਾਨ ਸੀ। ਇਸ ਕਰਕੇ ਤੀਸਰੀ ਤੇ ਚੌਥੀ ਪਾਤਸ਼ਾਹੀ ਦੇ ਵੇਲੇ ਵੀ ਆਗਰੇ ਵਿਚ ਸਿਖੀ ਦਾ ਪ੍ਰਚਾਰ ਹੁੰਦਾ ਰਿਹਾ ਸੀ। ਭਾਈ ਗੁਰਦਾਸ ਜੀ ਬਹੁਤ ਸਾਰਾ ਸਮਾ ਏਥੇ ਰਹੇ ਤੇ ਗੁਰ ਸਿਖੀ ਦਾ ਪ੍ਰਚਾਰ ਕਰਦੇ ਰਹੇ ਸਨ। ਜਿਸ ਕਾਰਨ ਅਨੇਕਾਂ ਹੀ ਪ੍ਰੇਮੀ ਸਿੱਖ ਆਗਰੇ ਵਿਚ ਸਨ।

ਸੂਰਜ ਚੜ੍ਹਨ ਨਾਲ ਸਾਰੇ ਜੀਵ ਜੰਤੂ ਤੇ ਪੁਰਸ਼ ਸੁਤੇ ਜਾਗ ਪੈਂਦੇ ਹਨ। ਵਾਹਿਗੁਰੂ ਦੇ ਭਗਤ ਉਠਕੇ ਇਸ਼ਨਾਨ ਕਰਦੇ ਤੇ ਉਸ ਦਾਤੇ ਦੇ ਨਾਮ ਦਾ ਸਿਮਰਨ ਕਰਦੇ ਹਨ। ਪਰ ਚੋਰ ਤੇ ਦੁਰਾਚਾਰੀ ਸੌਂ ਜਾਂਦੇ ਹਨ। ਦੀਵਾ ਬਲਨ ਤੇ ਪਤੰਗੇ ਦੂਰੋ ਨਸਕੇ ਦੀਵੇ ਦੇ ਕੋਲ ਚਲੇ ਜਾਂਦੇ ਹਨ, ਕਦੀ ਦੀਵਾ ਓਹਨਾਂ ਨੂੰ ਸੱਦਣ ਵਾਸਤੇ ਨਹੀਂ ਜਾਂਦਾ। ਸੁਗੰਧੀ ਵਾਲੇ ਫੁਲਾਂ ਦੇ ਖੇੜੇ ਨੂੰ ਦੇਖਕੇ ਭੌਰੇ ਆ ਜਾਂਦੇ ਹਨ, ਫੁਲ ਓਹਨ ਨੂੰ ਹਾਕਰਾਂ ਨਹੀਂ ਮਾਰਦੇ।ਠੀਕ ਏਸੇ ਤਰਾਂ ਸਤਿਗੁਰਾਂ ਮਹਾਤਮਾਅਤੇ ਗੁਰਮੁਖ ਜਨਾ ਦੇ ਕਿਸੇ ਸ਼ਹਿਰ ਪੁਜਣ ਤੇ ਸ਼ਹਿਰ ਵਿਚੋਂ ਓਹ ਨਰ ਨਾਰੀ ਆਪੇ ਹੀ ਓਹਨਾਂ ਵਲ ਆ ਜਾਂਦੇ ਹਨ ਜਿਨ੍ਹਾਂ ਨੂੰ ਕਰਤਾਰ ਨਾਲ ਪ੍ਰੇਮ ਹੈ। ਜੋ ਗਿਆਨ ਤੇ ਪ੍ਰੇਮ ਦਾ ਭੋਜਨ ਛਕਣ ਵਾਸਤੇ ਰਾਤ ਦਿਨੇ ਤੜਪਦੇ ਰਹਿੰਦੇ ਹਨ।ਜੋ ਰਾਤ ਦਿਨੇ ਸੁਵਾਸ ਸੁਵਾਸ ਨਾਲ ਕਰਤਾਰ ਨੂੰ ਚੇਤੇ ਕਰਦੇ ਹਨ। ਜੇਹੜੇ ਗੁਰ ਸਿਖ ਤੇ ਸਾਧ ਸੰਗਤ ਵਿਚ ਬੈਠਕੇ ਭਵਸਾਗਰ ਤੋਂ ਤਰਨ ਦੇ ਸਾਧਨ ਟੋਲਦੇ ਹਨ ਸਤਿਗੁਰੂ ਓਹਨਾਂ ਨੂੰ ਸਦਣ ਨਹੀਂ ਜਾਂਦਾ ਉਹ ਸਤਿਗੁਰੂ ਜੀ ਕੋਲ ਆਪੇ ਆਉਂਦੇ ਹਨ ਤੇ ਸਤਿਗੁਰੂ ਜੀ ਅਗੇ ਪ੍ਰਾਰਥਨਾ ਕਰਕੇ ਆਪਣੇ ਗ੍ਰਿਹਿ ਵਿਖੇ ਸਦਦੇ ਹਨ।ਬਾਣੀ ਸੁਣਕੇ ਗਿਆਨ ਰੂਪ ਅੰਮ੍ਰਿਤ ਦੇ ਪਿਆਲੇ ਗਟਾ ਗਟ ਪੀਂਦੇ ਹਨ। ਸਤਿਗੁਰੂ ਜੀ ਦੇ ਚਰਨ ਕਮਲਾਂ ਦੀ ਧੂੜ ਲੈਕੇ ਆਪਣੇ ਮਸਤਕ ਉਪਰ ਲੌਂਦੇ ਤੇ ਪੂਰਬਲੇ ਕਰਮਾਂ ਦੀ ਰੇਖਾ ਨੂੰ ਮੇਟਦੇ ਹਨ।

ਏਸੇ ਤਰਾਂ ਜਦ ਸਤਿਗੁਰੂ ਜੀ ਆਗਰੇ ਵਿਚ ਪੁਜੇ ਤਾਂ ਗੁਰੂ ਘਰ ਦੇ ਸ਼ਰਧਾਲੂਆ, ਪ੍ਰਮਾਤਮਾ ਦੇ ਪ੍ਰੇਮੀਆਂ ਤੇ ਚੰਗੇਰੇ ਜੀਵਨ ਦੀ ਖੋਜ ਕਰਨ ਵਾਲੇ ਮਹਾਂ ਪੁਰਸ਼ਾਂ ਨੂੰ ਇਕ ਦਮ ਖਬਰਾਂ ਮਿਲ ਗਈਆਂ। ਓਹ ਓਸੇ ਵੇਲੇ ਹੱਬਲੇ

ਕੰਮ ਛੱਡਕੇ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਘਰਾਂ ਤੋਂ ਤੁਰ ਪਏ। ਹਰ ਇਕ ਪੁਰਸ਼ ਨੇ ਨਾਰੀ ਤੇ ਬੱਚਿਆਂ ਨੂੰ ਸਾਥ ਲਿਆ। ਆਪਣੀ ਮਾਲੀ ਹਾਲਤ ਦੇ ਅਨੁ-ਸਾਰ ਸਤਿਗੁਰੂ ਜੀ ਵਾਸਤੇ ਕਾਰ ਭੇਟਾ ਵੀ ਚੁਕੀ ਤੇ ਸ਼ਰਧਾ ਨਾਲ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁਜੇ ਤੇ ਦਰਸ਼ਨ ਕਰਕੇ ਜਨਮ ਸਫਲ ਕੀਤਾ।

ਪਹਿਲੇ ਗੁਰੂ ਸਾਹਿਬਾਨ ਵਾਂਗ ਸਤਿਗੁਰੂ ਜੀ ਜਿਸ ਅਸਥਾਨ ਤੇ ਬਰਾਜਦੇ ਸਨ, ਓਥੇ ਹੀ ਦੋ ਵੇਲੇ ਉਪਦੇਸ਼ ਕਰਦੇ ਹਨ। ਸਵੇਰ ਦੇ ਦੀਵਾਨ ਵਿਚ ਨਿਰੋਲ ਆਤਮਿਕ ਗਿਆਨ ਦਾ ਉਪਦੇਸ਼ ਹੁੰਦਾ ਸੀ ਤੇ ਸ਼ਾਮ ਦੇ ਦੀਵਾਨ ਵਿਚ ਬਹਾਦਰਾਂ ਤੇ ਸ਼ਹੀਦਾਂ ਦੀਆਂ ਵਾਰਾਂ ਸੁਣਾਈਆਂ ਜਾਂਦੀਆਂ ਸਨ। ਪੁਰਾਤਨ ਗ੍ਰੰਥਾਂ ਵਿਚੋਂ ਐਸੇ ਪ੍ਰਸੰਗ ਸੁਣਾਏ ਜਾਂਦੇ ਸਨ ਜੋ ਬਹਾਦਰੀ ਤਿਆਗ ਤੇ ਸ੍ਵੈ-ਸਤਿਕਾਰ ਵਾਸਤੇ ਆਪਾ-ਵਾਰਨ ਦੀ ਰੂਹ ਉਤਪਨ ਕਰਦੇ ਸਨ।

ਸਵੇਰ ਦਾ ਦੀਵਾਨ ਲੱਗਾ ਹੋਇਆ ਸੀ, ਗੁਰਮੁਖ ਜਨ ਬੈਠੇ ਗਿਆਨ ਰੂਪੀ ਅੰਮ੍ਰਿਤ ਪੀ ਰਹੇ ਸਨ। ਸਭ ਦਾ ਮਨ ਜਗਤ ਪਦਾਰਥਾਂ ਨਾਲੋਂ ਟੁਟਕੇ ਗੁਰ ਚਰਨਾਂ ਤੇ ਪਾਰਬ੍ਰਹਮ ਤੇ ਚਰਨਾਂ ਨਾਲ ਜੁੜਿਆ ਹੋਇਆ ਸੀ। ਸਿੱਖਾਂ ਦੇ ਸਵਾਲ ਕਰਨ ਉਪਰ ਕੀ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ, ਸਾਹਿਬ ਗੁਰਬਾਣੀ ਦੇ ਇਕ ਸ਼ਬਦ ਦੀ ਵਿਆਖਿਆ ਕਰ ਰਹੇ ਸਨ। ਸਤਿਗੁਰੂ ਜੀ ਦਾ ਗਲਾ ਬਹੁਤ ਰਸੀਲਾ ਤੇ ਪ੍ਰੇਮ ਮਿਠਾਸ ਵਾਲਾ ਸੀ। ਸਾਹਿਬਾਂ ਦੇ ਸ਼ਬਦ ਪੜ੍ਹਨ ਵੇਲੇ ਸਾਰੇ ਸਰੋਤੇ ਆਪਣੇ ਆਪ ਹੀ ਅਨੰਦ ਨਾਲ ਝੂੰਮਣ ਲੱਗ ਪੈਂਦੇ ਸਨ। ਸਾਹਿਬਾਂ ਨੇ ਸ਼ਬਦ ਪੜ੍ਹਿਆਂ:—

ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ ॥ ਮਾਇਆ ਕਾਮਿ
ਵਿਆਪਿਆ ਸਮਝੈ ਨਾਹੀ ਗਾਵਾਰੁ ॥ ਉਠਿ ਚਲਿਆ ਪਛੁਤਾਇਆ
ਪਰਿਆ ਵਸਿ ਜੰਦਾਰ ॥ ੧ ॥ ਅੰਧੇ ਤੂੰ ਬੈਠਾ ਕੰਧੀ ਪਾਹਿ ॥ ਜੇ ਹੋਵੀ
ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥ ੧ ॥ ਰਹਾਉ ॥

ਤਿਸਦਾ ਪਰਮਾਰਥ ਸਾਹਿਬਾਂ ਨੇ ਦਸਿਆ—ਇਹ ਜੀਵ ਸੰਸਾਰ ਉਤੇ ਆਕੇ ਕਰਤੇ ਪਰਮਾਤਮਾ ਨੂੰ ਭੁਲ ਬੈਠਾ ਹੈ। ਪਰਮਾਤਮਾ ਦੇ ਭੁਲਣ ਦੇ ਨਾਲ ਹੀ ਜੀਵਨ ਮਨੋਰਥ ਨੂੰ ਭੁਲ ਗਿਆ। ਮਾਇਆ ਦੇ ਜਾਲ ਨੇ ਇਸ ਨੂੰ ਹੰਕਾਰੀ ਕਰ ਦਿੱਤਾ ਹੈ। ਪਾਣੀ ਦੇ ਬੁਲਬੁਲੇ ਵਾਂਗ ਜੀਵ ਦੀ ਉਮਰ ਤਾਂ ਬਹੁਤ ਛੋਟੀ

ਹੈ, ਪਰ ਇਹ ਸਮਝਦਾ ਹੈ ਕਿ ਉਸ ਨੇ ਮਰਨਾ ਹੀ ਨਹੀਂ। ਆਇਆ ਤਾਂ ਸੀ ਘੜੀ ਪਲ ਵਾਸਤੇ ਪ੍ਰਾਹੁਣਾ, ਪਰ ਬਣ ਬੈਠਾ ਮਾਲਕ। ਜੇਹੜੇ ਕਾਰਜ ਕਰਨੇ ਸਨ ਓਹਨਾਂ ਨੂੰ ਭੁਲ ਗਿਆ। ਜਿਉਂ ਹੀ ਹੋਸ਼ ਆਈ ਭਾਵ ਜਵਾਨ ਹੋਇਆ ਤਾਂ ਇਸ (ਜੀਵ) ਨੂੰ ਕਾਮ ਤੇ ਮਾਇਆ ਦੀ ਲਗਨ ਲੱਗ ਗਈ, ਆਪਾ ਭੁਲ ਗਿਆ ਮਾਇਆ (ਸੋਨਾਂ ਚਾਂਦੀ) ਇਕੱਤ੍ਰ ਕਰਕੇ ਜਗਤ ਦੇ ਪਦਾਰਥਾਂ ਨੂੰ ਇਕੱਤ੍ਰ ਕਰਨ ਲੱਗਾ ਤਾਂਕਿ ਕਾਮ ਵਾਸ਼ਨਾ ਨੂੰ ਪੂਰਿਆਂ ਕਰ ਸਕੇ। ਐਸੇ ਅਗਿਆਨਤਾ ਨਾਲ ਘੇਰੇ ਹੋਏ ਪੁਰਸ਼ ਹਨ ਕਿ ਓਹ ਮੂਰਖਾਂ ਵਾਂਗ ਉਮਰ ਗਵਾ ਲੈਂਦੇ ਹਨ। ਆਖਰ ਅੰਤ ਦਾ ਸਮਾਂ ਆ ਗਿਆ, ਜਮਾਂ ਨੇ ਆ ਘੇਰਿਆ ਤਾਂ ਅਗੇ ਤੁਰ ਚਲਿਆ. ਉਸ ਵੇਲੇ ਰੋਂਦਾ ਹੋਇਆ ਤੁਰਿਆ, ਰੋਇਆ ਆਪਣੇ ਕਰਮਾਂ ਦਾ ਚਿਠਾ ਪੜ੍ਹਕੇ। ਹੇ ਬੰਦੇ! ਇਸ ਵਾਸਤੇ ਤੂੰ ਪਹਿਲਾਂ ਸੋਚ ਕਿ ਤੂੰ ਤਾਂ ਨਦੀ ਕਿਨਾਰੇ ਰੁਖੜਾ ਹੈਂ ਕਾਲ ਰੂਪੀ ਹੜ ਹੁਣ ਵੀ ਆਇਆ ਕਿ ਆਇਆ। ਜਦ ਹੜ ਆ ਗਿਆ ਤਦ ਤਾਂ ਹੀ ਤੂੰ ਬਚ ਸਕਦਾ ਹੈਂ, ਜੇ ਨਾਮ ਨੂੰ ਜਪਕੇ ਆਪਣੀਆਂ ਜੜ੍ਹਾਂ ਪਤਾਲ ਭੇਜੀਆਂ ਹੋਈਆਂ ਹੋਣਗੀਆਂ। ਨਹੀਂ ਤੇ ਮੌਤ ਦਾ ਹੜ ਰੋੜ੍ਹਕੇ ਲੈ ਜਾਵੇਗਾ, ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰ—

> ਹਰੀ ਨਾਹਿ ਨਹ ਡਡੁਰੀ ਪਕੀ ਵਢਣਹਾਰ ॥
> ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ ॥
> ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਲਿਆ ਖੇਤਾਰੁ ॥ ੨ ॥

ਖੇਤੀ ਦਾ ਮਾਲਕ ਕਿਸਾਨ ਹੁੰਦਾ ਹੈ, ਓਹ ਭਾਵੇਂ ਕਚੀ ਖੇਤ ਵਢ ਲਵੇ ਤੇ ਭਾਵੇਂ ਪਕੀ, ਕੋਈ ਉਸਨੂੰ ਰੋਕਦਾ ਨਹੀਂ। ਠੀਕ ਏਸੇ ਤਰਾਂ ਸੰਸਾਰ ਦਾ ਮਾਲਕ ਕਰਤਾਰ ਹੈ। ਧਰਮਰਾਜ ਤੇ ਜਮ ਉਸਦੇ ਲਾਵੇ ਹਨ ਜਦ ਓਹ ਹੁਕਮ ਦੇਂਦਾ ਹੈ ਤਦ ਉਹ ਖੇਤੀ ਨੂੰ ਕਟ ਲੈਂਦੇ ਹਨ ਭਾਵ ਜੀਵ ਨੂੰ ਲੈ ਜਾਂਦੇ ਹਨ। ਜੋ ਸਿਆਣੇ ਜੀਵ ਹਨ ਓਹ ਬਚਪਨ ਤੋਂ ਹੀ ਵਾਹਿਗੁਰੂ ਦਾ ਸਿਮਰਨ ਕਰਦੇ ਰਹਿੰਦੇ ਹਨ। ਜਦ ਅੰਤ ਦਾ ਸਮਾਂ ਆ ਜਾਂਦਾ ਹੈ ਤਾਂ ਓਹ ਘਬਰਾਉਂਦੇ ਨਹੀਂ। ਸਗੋਂ ਸਵਰਗ ਨੂੰ ਜਾਂਦੇ ਹਨ। ਪ੍ਰਮਾਤਮਾ ਦੇ ਨਾਲ ਮਿਲਕੇ ਇਕ ਰੂਪ ਹੋ ਜਾਂਦੇ ਹਨ। ਕੋਈ ਭਿੰਨ ਭੇਤ ਨਹੀਂ ਰਹਿੰਦਾ। ਪਰ ਜਗਤ ਦੇ ਜੀਵ ਉਲਟ ਕਰਦੇ ਹਨ ਤਾਂ—

> ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰੁ ਸੋਇਆ ॥

ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ ॥
ਕਦਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ ॥ ੩ ॥

ਚਾਰ ਪਹਿਰ ਦਾ ਦਿਨ ਹੁੰਦਾ ਹੈ ਤੇ ਚਾਰ ਪਹਿਰ ਦੀ ਰਾਤ। ਹੁਣ ਦਿਨ ਤਾਂ ਧੰਦਿਆਂ (ਕੰਮਾਂ)ਵਿਚ ਗਵਾ ਦਿੱਤਾ ਅਤੇ ਰਾਤ ਨੂੰ ਥੱਕ ਕੇ ਸੌਂ ਰਿਹਾ,ਆਖਰ ਸਵੇਰ ਹੋ ਗਈ,ਪਰ ਪ੍ਰਮਾਤਮਾ ਦਾ ਸਿਮਰਨ ਕਦੀ ਨਹੀਂ ਕੀਤਾ। ਬਚਪਨ,ਜਵਾਨੀ,ਅਧਖੜ ਤੇ ਬੁਢੇਪੇ ਵਿਚ ਵੀ ਪ੍ਰਭੂ ਦਾ ਖਿਆਲ ਨਹੀਂ ਆਇਆ,ਫਿਰ ਦਸੋ ਪਾਰਉਤਾਰਾਕਿਵੇਂ ਹੋਵੇ,ਜੋ ਕੋਈ ਆਗੂ ਮਿਲਦਾ ਵੀ ਹੈ ਉਹ ਵੀ ਠੱਗ ਮਿਲਦਾ ਹੈ। ਗਲੀਂ ਬਾਤੀਂ ਸਾਰੇ ਸਵਰਗ ਨੂੰ ਤੋਰ ਦੇਂਦੇ ਹਨ ਪਰ ਅਸਲ ਵਿਚ ਮੁਕਤੀ ਮਾਰਗ ਕੋਈ ਨਹੀਂ ਦਸਦਾ। ਸਤਿਗੁਰੂ ਜੀ ਸਿਧਾ ਮਾਰਗ ਦਸਦੇ ਹਨ—

ਸਾਧ ਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥
ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥
ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥ (ਸਿਰੀ ਰਾਗੁ ਮ: ੫)

ਜੀਵਨ ਦਾ ਪਾਰ ਉਤਾਰਾ ਕਰਨ ਵਾਲੀ ਥਾਂ ਹੈ ਸਾਧ ਸੰਗਤ (ਗੁਰਮਤਿ ਅਨੁਸਾਰ ਕਾਇਮ ਹੋਈ ਹੋਈ ਸਿਖ ਸੰਗਤ) ਉਸਦੇ ਵਿਚ ਬੈਠਕੇ ਸਿਮਰਨ ਕਰੀਦਾ ਹੈ। ਚੰਗੇ ਗੁਣ ਸਿਖੀ ਦੇ ਹਨ, ਧਰਮ ਕਿਰਤ ਕਰਨ ਦੀ ਜਾਚ ਆਉਂਦੀ ਹੈ।ਐਸੀ ਸੰਗਤ ਤੋਂ ਵਾਰਨੇ ਜਾਣਾ ਚਾਹੀਦਾ ਹੈ ਕਿਉਂਕਿ ਉਸ ਸੰਗਤ ਰਾਹੀਂ ਪ੍ਰਮਾਤਮਾ ਦਾ ਗਿਆਨ ਹੁੰਦਾ ਹੈ ਤੇ ਪ੍ਰਮਾਤਮਾ ਨੂੰ ਧਿਆਈਦਾ ਹੈ। ਗੁਰੂ ਜੀ ਆਖਦੇ ਹਨ ਹਰੀ (ਪ੍ਰਮਾਤਮਾ) ਜਿਸਨੂੰ ਬਾਹਰ ਲਭਣ ਜਾਂਦੇ ਹੋ ਉਹ ਤਾਂ ਘਰ ਹੀ ਹੈ। ਉਸ ਨੂੰ ਜ਼ਰੂਰ ਲਭ ਲਵੋ ਬਾਹਰ ਨਹੀਂ ਜਾਣਾ ਚਾਹੀਦਾ ਹਿਰਦੇ ਵਿਚ ਹੀ ਟੋਲਣਾ ਚਾਹੀਦਾ ਹੈ।

ਸਤਿਗੁਰੂ ਜੀ ਦੇ ਪਾਸੋਂ ਐਸਾ ਉਪਦੇਸ਼ ਸੁਣਕੇ ਅਗਿਆਨੀ ਪੁਰਖ ਗਿਆਨਵਾਨ ਹੋ ਗਏ। ਸ਼ਰਧਾਲੂ ਤੇ ਪ੍ਰੇਮੀ ਸਿਖ ਨਿਹਾਲ ਹੋ ਗਏ, ਦੁਧ ਪੁਤ ਤੇ ਸੁਖ ਦੇ ਵਰ ਪ੍ਰਾਪਤ ਕੀਤੇ। ਕਈ ਪ੍ਰੇਮੀ ਦੀਵਾਨੇ ਬਣਕੇ ਵੈਰਾਗ ਨਾਲ ਸਤਿਗੁਰੂ ਜੀ ਦਾ ਜਸ ਕਰਨ ਲਗੇ, ਸਾਹਿਬਾਂ ਦੀ ਮਹਿਮਾ ਗੁਲਾਬ ਦੀ ਸੁਗੰਧੀ ਵਾਂਗ ਸ਼ਹਿਰ ਵਿਚ ਖਿਲਰ ਗਈ, ਦੂਰੋਂ ਨੇੜਿਓਂ ਹਜਾਰਾਂ ਸਿਖ ਦਰਸ਼ਨ ਕਰਨ ਵਾਸਤੇ ਆਉਣ ਲੱਗੇ।

੧੬. ਗੁਰੂ ਘਰ ਦਾ ਪ੍ਰੇਮੀ ਇਕ ਘਾਹੀ ਸਿਖ

ਭਾਰਤ ਗਰੀਬਾਂ ਤੇ ਕਿਸਾਨਾਂ ਮੇਹਨਤੀਆਂ ਦਾ ਦੇਸ਼ ਹੈ। ਗਰੀਬ ਪ੍ਰਮਾਤਮਾ ਦਾ ਭੈ ਹਿਰਦੇ ਵਿੱਚ ਰਖਦੇ ਹਨ। ਅਮੀਰ ਪ੍ਰਮਾਤਮਾ ਨੂੰ ਭੁਲਾ ਦੇਂਦੇ ਹਨ। ਗਰੀਬਾਂ ਦੇ ਰਬ ਪਿਆਰ ਦੀਆਂ ਬਹੁਤ ਸਾਰੀਆਂ ਸਾਖੀਆਂ ਆਤਮਿਕ ਜਗਤ ਵਿਚ ਮਿਲਦੀਆਂ ਹਨ। ਇਕ ਸਾਖੀ ਏਥੇ ਲਿਖੀ ਜਾਂਦੀ ਹੈ ਜੋ ਆਪਣੀ ਮਿਸਾਲ ਆਪ ਹੈ।

ਇਕ ਕਰੀਬ ਘਾਹੀ ਸੀ। ਉਹ ਆਗਰੇ ਦੇ ਚੌਗਿਰਦੇ ਦੀਆਂ ਪੈਲੀਆਂ ਤੇ ਰੋੜਾਂ ਵਿਚੋਂ ਘਾਹ ਖੋਤਕੇ ਲਿਆਉਂਦਾ ਤੇ ਸ਼ਹਿਰ ਵਿਚ ਆਕੇ ਵੇਚਦੇਂਦਾ। ਕਦੀ ਦੋ ਪੈਸੇ ਤੇ ਕਦੀ ਚਾਰ ਪੈਸੇ ਵਟਦਾ। ਉਨ੍ਹਾਂ ਪੈਸਿਆਂ ਦੀ ਪੇਟ ਪੂਜਾ ਕਰ ਛਡਦਾ। ਉਸ ਭੋਲੇ ਪੁਰਸ਼ ਨੇ ਸੁਣਿਆਂ ਹੋਇਆ ਸੀ ਕਿ ਇਸ ਦੁਨੀਆਂ ਤੋਂ ਬਿਨਾਂ ਹੋਰ ਵੀ ਦੁਨੀਆਂ ਹੈ ਜਿਥੇ ਜੀਵ-ਆਤਮਾ ਜਾਂਦਾ ਹੈ। ਇਸ ਦੁਨੀਆਂ ਦੇ ਕਰਮ ਦਾ ਫਲ ਅਗਲੀ ਦੁਨੀਆਂ ਵਿਚ ਭੋਗਦਾ ਹੈ। ਦੂਸਰਾ ਚੌਰਾਸੀ ਜੂਨ ਦਾ ਚੱਕਰ ਹੈ ਉਹ ਉੱਨਾ ਚਿਰ ਨਹੀਂ ਮਿਟਦਾ ਜਿੰਨਾ ਚਿਰ ਗੁਰੂ ਮੇਹਰ ਨਾ ਕਰੇ ਤੇ ਗੁਰੂ ਜੀ ਦੇ ਦਸੇ ਅਨੁਸਾਰ ਕਰਮ-ਧਰਮ ਨਾ ਕੀਤਾ ਜਾਵੇ। ਉਹ ਇਹ ਕੁਝ ਸੁਣਦਾ ਤਾਂ ਰਿਹਾ ਪਰ ਕਿਸੇ ਗੁਰੂ ਕੋਲ ਜਾਣ ਦਾ ਉਸ ਨੂੰ ਸਮਾਂ ਪ੍ਰਾਪਤ ਨਾ ਹੋਇਆ, ਢੋਆ ਐਸਾ ਲਗਦਾ ਰਿਹਾ ਕਿ ਉਸ ਦੇ ਕੋਲ ਕੋਈ ਛਿਲੜ ਜਮਾਂ ਨਹੀ ਹੁੰਦਾ ਰਿਹਾ। ਬ੍ਰਾਹਮਣ ਤੇ ਸੰਤ ਸਾਧ ਕੋਲ ਜਾਣ ਦੀ ਉਸ ਵਿਚ ਸਮਰਥਾ ਨਹੀਂ ਸੀ। ਕਿਉਂਕਿ ਉਹ ਮੱਥਾ ਟਿਕਾਈ ਬਹੁਤੇ ਪੈਸੇ ਲੈਂਦੇ ਸਨ ਤੇ ਉਸ ਕੋਲ ਪੈਸੇ ਇਕਠੇ ਨਹੀਂ ਸਨ ਹੁੰਦੇ। ਉਸਦੀ ਆਤਮਾ ਗੁਰ ਦਰਸ਼ਨ ਵਾਸਤੇ ਤੜਫਦੀ ਰਹੀ। ਰਾਤ ਦਿਨੇ ਉਡੀਕ ਕਰਦੀ ਰਹੀ ਕਿ ਕਦੀ ਗੁਰੂ-ਦਰਸ਼ਨ ਪ੍ਰਾਪਤ ਹੋਣਗੇ, ਜੋ ਜੀਵਨ ਮਰਨਾ ਦਾ ਫੰਦ ਕਟਣਗੇ, ਰਾਤ ਸੌਂ ਰਹਿੰਦਾ, ਸਵੇਰੇ ਘਾਹ ਖੋਤਨ ਚਲਿਆ ਜਾਂਦਾ, ਇਸਤਰਾਂ ਧੰਧਾ ਕਰਦਿਆਂ ਹੋਇਆ ਆਯੂ ਬਤੀਤ ਹੁੰਦੀ ਗਈ, ਪਰ ਆਤਮਾ ਦੀ ਤੜਫ ਨਾ ਮਿਟੀ। ਗੁਰ ਦਰਸ਼ਨ ਦੀ ਪਿਆਸ ਤੇ ਭੁਖ ਅਟਲ ਰਹੀ। ਹਿਰਦੇ ਵਿਚੋਂ ਇਕ ਹੂਕ ਉਠਦੀ ਰਹੀ—

'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥ (ਮਾਝ ਮ: ੫)

ਇਕ ਦਿਨ ਉਹ ਘਾਹ ਲੈ ਕੇ ਆਇਆ। ਹਰਿਆ,ਸਾਫ ਤੇ ਲੰਮੀਆਂਤਿੜ੍ਹਾਂ ਵਾਲਾ ਖਬਲ ਘਾਹ ਸੀ। ਘਾਹ ਦੀ ਤਕੜੀਪੰਡ ਸੀ।ਫਿਰ ਵੀ ਉਸਨੂੰ ਚਾਰਪੈਸੇਮਿਲੇ, ਉਨ੍ਹਾਂ ਚੌਂਹ ਪੈਸਿਆਂ ਨੂੰ ਕੰਨੀਂ ਬੰਨਿਆਂ, ਭਠਿਆਰੀ ਕੋਲ ਜਾ ਕੇ ਰੋਟੀ ਖਾਧੀ ਉਸਨੂੰ ਰੋਟੀ ਦੀ ਕੀਮਤ ਇਕ ਟਕਾ ਦੇ ਦਿੱਤਾ।ਬਾਕੀ ਜੇਹੜਾ ਟਕਾ ਰਹਿ ਗਿਆ ਉਸ ਟਕੇਨੂੰ ਦੇਖਕੇ ਧਿਆਨ ਨਾਲ ਕੰਨੀਂ ਬੰਨ੍ਹ ਰਿਹਾ ਸੀ ਕਿ ਦੋਹਾਂ ਪੁਰਸ਼ਾਂ ਦੀਆਂ ਗਲਾਂ ਸੁਣੀਆਂ, ਉਨ੍ਹਾਂ ਦੀਆਂ ਗਲਾਂ ਹਿਰਦੇ ਨੂੰ ਸ਼ਾਂਤ ਕਰਨ ਵਾਲੀਆਂ ਸਨ,ਘਾਹੀਉਹਨਾਂ ਪੁਰਸ਼ਾਂ ਦੇ ਹੋਰ ਨੇੜੇ ਹੋ ਗਿਆ। ਉਹ ਆਪੋ ਵਿਚਦੀ ਆਖ ਸੁਣ ਰਹੇ ਸਨ।

"ਸਤਿਗੁਰੂ ਜੀ ਵਡੇ ਪ੍ਰਤਾਪ ਵਾਲੇ ਹਨ। ਦਰਸ਼ਨ ਕੀਤਿਆਂ ਕਲਿਆਣ ਹੁੰਦੀ ਹੈ।" ਇਕ ਨੇ ਆਖਿਆ ਸੀ :—

"ਰੋਗੀਆਂ ਦੇ ਰੋਗ ਦੂਰ ਕਰਦੇ ਹਨ।ਬਾਣੀ ਕਿੰਨੀ ਮਿਠੀ ਹੈ।ਲਾਲਚਦਾਕਿਤੇ ਨਾਮ ਨਿਸ਼ਾਨ ਨਹੀਂ, ਗਰੀਬ ਤੇ ਅਮੀਰ ਦਾ ਇਕੋ ਜਿਹਾ ਸਤਿਕਾਰ ਕਰਦੇ ਹਨ। ਮਹਾਂ ਬਲੀ ਹਨ, ਜਿਨਾਂ ਨੇ ਕਾਮ,ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਵਸ ਕੀਤਾ ਹੋਇਆਹੈ।" ਦੂਸਰੇ ਦਾ ਕਥਨ ਸੀ।

"ਸੱਚ ਮੁਚ ਹੀ ਸੱਚਾ ਪਾਤਸ਼ਾਹ ਹੈ। ਮੂੰਹੋ ਮੰਗੀਆਂ ਮੁਰਾਦਾਂ ਪ੍ਰਾਪਤ ਹੁੰਦੀਆਂ ਹਨ। ਹਜ਼ਾਰਾਂ ਰੋਗੀ ਆਉਂਦੇ ਤੇ ਅਰੋਗਤਾ ਪ੍ਰਾਪਤ ਕਰਕੇ ਜਾਂਦੇ ਹਨ, ਜੋ ਦੁਧ ਪੁਤ ਮੰਗਦਾ ਹੈ ਉਸਨੂੰ ਪੁਤ ਮਿਲਦਾ ਹੈ, ਜੋ ਅਗੇ ਦਾ ਭੈ ਦੂਰ ਕਰਨਾ ਚਾਹੁੰਦਾ ਹੈ ਉਸਨੂੰ ਨਾਮ ਦਾਨ ਮਿਲਦਾ ਹੈ। ਧੰਨ ਭਾਗ ਆਗਰੇ ਦੇ ਵਾਸੀਆਂ ਦੇ ਜਿਨ੍ਹਾਂ ਨੂੰ ਸਤਿਗੁਰੂ ਜੀ ਦੇ ਦਰਸ਼ਨ ਪ੍ਰਾਪਤ ਹੋ ਗਏ।"

'ਹਾਂ ਭਾਈ! ਮੇਰੇ ਤਾਂ ਮਨ ਦੀ ਭੜਕਣਾ ਮਿਟ ਗਈ। ਮੇਰਾ ਤਾਂ ਹਿਰਦਾ ਸ਼ਾਂਤ ਹੋ ਗਿਆ ਹੈ।'

ਓਹਨਾ ਦੋਹਾਂ ਦੇ ਬਚਨ ਸੁਣਕੇ ਘਾਹੀ ਦੇ ਮਨ ਵਿਚ ਪ੍ਰੀਤ ਉਪਜੀ,ਉਹਦੀ ਭੁਖ ਜਾਗ ਪਈ, ਉਹ ਤਰਲੇ ਤੇ ਕਾਹਲ ਨਾਲ ਪੁਛਣ ਲੱਗਾ ਭਰਾਵੋ! ਐਸਾ ਕਲਿਆਣਕਾਰੀ ਗੁਰੂ ਕਿਥੇ ਹੈ? ਮੈਨੂੰ ਵੀ ਦਸੋ, ਮੈਂ ਦਰਸ਼ਨ ਕਰਾਂ ਮੇਰੀ ਆਤਮਾ ਅਗੇ ਦੇ ਭੈ ਨਾਲ ਕੰਬ ਰਹੀ ਹੈ।'

'ਸ਼ਹਿਰੋਂ ਬਾਹਰ ਤੰਬੂਆਂ ਵਿਚ ਸਚੇ ਪਾਤਸ਼ਾਹ ਦਾ ਡੇਰਾ ਹੈ। ਉਥੇ

ਪਹੁੰਚਕੇ ਦਰਸ਼ਨ ਕਰ ਲੈ, ਤੇਰਾ ਹਿਰਦਾ ਸ਼ਾਂਤ ਹੋ ਜਾਵੇਗਾ ਦੋਹਾਂ ਪੁਰਸ਼ਾਂ ਨੇ ਇਕ ਜ਼ਬਾਨ ਘਾਹੀ ਨੂੰ ਉਤਰ ਦਿੱਤਾ।

'ਬਹੁਤ ਹੱਛਾ! ਮੈਂ ਹੁਣੇ ਜਾਂਦਾ ਹਾਂ।' ਆਖਕੇ ਘਾਹੀ ਤੁਰ ਪਿਆ ਤੁਰੇ ਜਾਂਦਿਆਂ ਹੋਇਆਂ ਉਸਨੇ ਕੰਨੀ ਬੰਨ੍ਹੇ ਹੋਏ ਟਕੇ ਨੂੰ ਟਟੋਲਿਆ ਉਸ ਦੀ ਗੰਢ ਨੂੰ ਪੱਕਿਆਂ ਕੀਤਾ। ਫਿਰ ਆਪਣੇ ਉਦਾਲੇ ਦੇ ਲੀੜਿਆਂ ਵਲ ਦੇਖਿਆ ਉਹ ਸਾਰੇ ਲੀਰਾਂਦਾਬੁਕ ਸਨ। ਜਿਉਂ ਸੀਤੇ ਸੀ ਤਦੋਂ ਤੋਂ ਓਹਨਾਂ ਨੂੰ ਧੋਣ ਦਾ ਸਮਾਂ ਨਹੀਂ ਸੀ ਮਿਲਿਆ। ਓਹਨਾਂ ਲੀੜਿਆਂ ਨੂੰ ਝਾੜਿਆ ਤੇ ਤੁਰਿਆ ਗਿਆ। ਰਾਹ ਵਿਚ ਉਸ ਨੂੰ ਲੋਕ ਮਿਲਦੇ ਗਏ ਉਹ ਪੁਛਦਾ ਹੋਇਆ ਤੁਰਿਆ ਗਿਆ ਕਿ 'ਸਚੇ ਪਾਤਸ਼ਾਹ ਦਾ ਡੇਰਾ ਕਿਥੇ ਹੈ?'

ਆਗਰੇ ਦੇ ਦੋ ਮੀਲ ਬਾਹਰ ਸ਼ਾਹੀ ਤੰਬੂ ਸਨ। ਇਕ ਪਾਸੇ ਸਤਿਗੁਰੂ ਜੀ ਦਾ ਤੰਬੂ ਸੀ ਤੇ ਦੂਸਰੇ ਪਾਸੇ ਜਹਾਂਗੀਰ ਦਾ ਤੰਬੂ। ਘਾਹੀ ਨੇ ਪਿਆਦੇ ਨੂੰ ਪੁਛਿਆ— 'ਮੈਂ ਸਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਹਨ।'

ਪਿਆਦੇ ਨੇ ਸਮਝਿਆ ਕਿ ਇਹ ਕੋਈ ਦੁਖੀਆ ਹੈ, ਬਾਦਸ਼ਾਹ ਸਲਾਮਤ ਦੇ ਦਰਸ਼ਨ ਕਰਨ ਵਾਸਤੇ ਆਖਿਆ ਹੈ। ਉਸਨੇ ਬਾਦਸ਼ਾਹ ਜਹਾਂਗੀਰ ਦੇ ਤੰਬੂ ਵਲ ਇਸ਼ਾਰਾ ਕਰ ਦਿੱਤਾ। ਸਬੱਬ ਨਾਲ ਬਾਦਸ਼ਾਹ ਉਸ ਵੇਲੇ ਤੰਬੂ ਵਿਚ ਬੈਠਾ ਸੀ। ਗਰੀਬ ਘਾਹੀ ਬਾਦਸ਼ਾਹ ਦੇ ਹਜ਼ੂਰ ਚਲਿਆ ਗਿਆ। ਬਾਦਸ਼ਾਹ ਦੇ ਅਗੇ ਟਕਾ ਰਖਕੇ ਉਸ ਨੇ ਮੱਥਾ ਟੇਕਿਆ ਤੇ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ—'ਸਚੇ ਪਾਤਸ਼ਾਹ! ਮੇਰੇ ਜਨਮ ਮਰਨ ਦੇ ਬੰਧਨ ਕਟੋ! ਜੀਵਨ ਜਾਚ ਦਸੋ। ਮੈਂ ਗਰੀਬ ਹਾਂ। ਮੇਰੇ ਕੰਗਾਲ ਦੇ ਬੇੜੇ ਤਾਰੋ।'

ਬਾਦਸ਼ਾਹ ਜਹਾਂਗੀਰ ਘਾਹੀ ਦੀ ਹਾਲਤ ਦੇਖਕੇ, ਉਹਦੇ ਨੈਣਾ ਵਿਚ ਜਲ ਤਕਕੇ ਤੇ ਉਹਦੀ ਫਰਿਆਦ ਸੁਣਕੇ ਬਹੁਤ ਹੈਰਾਨ ਹੋਇਆ। ਉਸ ਨੂੰ ਤਰਸ ਵੀ ਆ ਗਿਆ। ਉਸ ਨੇ ਘਾਹੀ ਨੂੰ ਆਖਿਆ—'ਹੇ ਖੁਦਾ ਦੇ ਬੰਦੇ! ਮੇਰੇ ਪਾਸੋਂ ਜਗੀਰ, ਦੌਲਤ ਹਾਥੀ, ਘੋੜ ਤੇ ਬਸਤ੍ਰ ਤਾਂ ਮੰਗ ਸਕਦਾ ਹੈਂ ਪਰ ਮੈਂ ਤੇਰੇ ਜਨਮ ਮਰਨ ਦੇ ਬੰਧਨ ਨਹੀਂ ਕਟ ਸਕਦਾ। ਮੈਂ ਦਿਲੀ ਆਗਰੇ ਦਾ ਬਾਦਸ਼ਾਹ ਹਾਂ, ਅਗਲੀ ਦੁਨੀਆਂ ਦਾ ਬਾਦਸ਼ਾਹ ਨਹੀਂ, ਓਹ ਦੂਸਰੇ ਤੰਬੂ ਵਿਚ ਹਨ।'

'ਹੈਂ! ਤੁਸੀਂ ਸਚੇ ਪਾਤਸ਼ਾਹ ਨਹੀਂ!' ਘਾਹੀ ਨੇ ਜਹਾਂਗੀਰ ਦੇ ਚੇਹਰੇ

ਵਲ ਦੇਖਕੇ ਅਸਚਰਜਤਾ ਨਾਲ ਪੁਛਿਆ। ਮੈਨੂੰ ਜਗੀਰ,ਦੌਲਤ,ਹਾਥੀ,ਘੋੜਿਆਂ ਤੇ ਮਹਿਲ ਅਟਾਰੀਆਂ ਦੀ ਲੋੜ ਨਹੀਂ,ਮੈਂ ਧਰਮ ਕਿਰਤ ਕਰਦਾ ਹਾਂ ਤੇ ਝੱਟ ਟਪਾਈ ਜਾਂਦਾਂ ਹਾਂ।'ਇਹ ਆਖਕੇ ਘਾਹੀ ਨੇ ਜੇਹੜਾ ਟਕਾ ਬਾਦਸ਼ਾਹ ਦੇ ਅਗੇ ਰਖ ਕੇ ਮੱਥਾ ਟੇਕਿਆ ਸੀ,ਉਹ ਵੀ ਚੁਕ ਲਿਆ। ਉਸਨੂੰ ਚੁਕ ਕੇ ਤੁਰ ਪਿਆ। ਘਾਹੀ ਦੀ ਦਲੇਰੀ ਦੇਖਕੇ ਬਾਦਸ਼ਾਹ ਦੇ ਮੂੰਹੋਂ ਆਪਣੇ ਆਪ ਨਿਕਲ ਗਿਆ,ਦੁਨੀਆਂ ਵਿਚ ਤਿਆਗੀ ਬੰਦੇ ਵੀ ਹਨ। ਤਨ ਦੇ ਕਪੜੇ ਪਾਟੇ ਹੋਏ ਹਨ।ਗਰੀਬੀ ਨੇ ਨੱਕ ਦਮ ਕੀਤਾ ਹੋਇਆ ਹੈ,ਫਿਰ ਬਾਦਸ਼ਾਹ ਦੇ ਕੋਲ ਆਕੇ ਵੀ ਦੁਨੀਆਂ ਦੇ ਸੁਖਾਂ ਦੇ ਸਾਧਨਾ ਦੀ ਮੰਗ ਨਹੀਂ ਕੀਤੀ। ਤਿਆਗ ਤੇ ਨਿਰਭੈਤਾ ਦੀ ਹੱਦ ਹੋ ਗਈ। ਮੇਰੇ ਅਗੋਂ ਟਕਾ ਵੀ ਚੁਕ ਲਿਆ। ਮੈਂ ਬਾਦਸ਼ਾਹ ਹਾਂ ਪਰ ਇਸ ਦੀ ਨਿਗਾਹ ਵਿਚ ਮੇਰਾ ਟਕਾ ਵੀ ਮੁਲ ਨਹੀਂ।' ਇਉਂ ਸੋਚਦਾ ਹੋਇਆ ਜਹਾਂਗੀਰ ਬਹੁਤ ਚਿਰ ਬੈਠਾ ਰਿਹਾ।

ਘਾਹੀ ਜਹਾਂਗੀਰ ਦੇ ਤੰਬੂ ਵਿਚੋਂ ਨਿਕਲਕੇ ਦੂਸਰੇ ਤੰਬੂ ਵਿਚ ਜਾ ਪਹੁੰਚਿਆ ਅਗੇ ਹੋਰ ਸਿੱਖ ਵੀ ਬੈਠੇ ਸਨ। ਓਹੋ ਟੱਕਾ ਰਖਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ। ਦਰਸ਼ਨ ਕਰਦੇ ਸਾਰ ਹਿਰਦਾ ਸ਼ਾਂਤ ਹੋ ਗਿਆ, ਅੱਖਾਂ ਠੰਢੀਆਂ ਹੋ ਗਈਆਂ, ਹੱਥ ਆਪਣੇ ਆਪ ਜੁੜ ਗਏ ਤੇ ਇਉਂ ਅਰਦਾਸ ਕੀਤੀ—'ਹੇ ਸਚੇ ਪਾਤਸ਼ਾਹ! ਅਗੇ ਦਾ,ਡਰ ਦਿਨੇਂ ਰਾਤ ਸਤਾਉਂਦਾ ਹੈ। ਕੋਈ ਕਰਮ ਧਰਮ ਨਹੀਂ ਕੀਤਾ। ਜਮਾਂ ਦਾ ਡਰ ਦੂਰ ਕਰੋ। ਦੀਨ ਦਿਆਲ ਦਇਆ ਦੇ ਸਾਗਰ ਕ੍ਰਿਪਾ ਕਰੋ। ਭਵ-ਸਾਗਰ ਛਲਾਂ ਮਾਰਦਾ ਹੈ, ਉਸ ਨੂੰ ਦੇਖਕੇ ਹਿਰਦਾ ਭੈ-ਭੀਤ ਹੋ ਰਿਹਾ ਹੈ।'

ਸਤਿਗੁਰੂ ਜੀ ਨੇ ਨੈਣਾਂ ਦੀ ਜੋਤ ਨਾਲ ਉਸ ਦੇ ਅਧੇ ਰੋਗ ਕੱਟ ਦਿਤੇ।ਫਿਰ ਗੁਰਮਤ ਦਾ ਉਪਦੇਸ਼ ਕੀਤਾ ਤੇ ਕਿਹਾ—'ਸਤਿਨਾਮ ਵਾਹਿਗੁਰੂ' ਮੰਤ੍ਰ ਦਾ ਜਾਪ ਕਰਿਆ ਕਰ। ਸਤਿ ਸੰਗਤ ਵਿਚ ਬੈਠ ਕੇ ਬਾਣੀ ਸੁਣਿਆਂ ਕਰ ਤੇ ਸੇਵਾ ਕਰਿਆ ਕਰ, ਸੇਵਾ,ਸਿਮਰਨ ਤੇ ਧਰਮ ਕਿਰਤ ਇਹ ਤਿੰਨ ਵਡੇ ਸਾਧਨ ਹਨ ਜਿੰਨਾ ਆਸਰੇ ਭਵ-ਸਾਗਰ ਨੂੰ ਪਾਰ ਕਰੀ ਦਾ ਹੈ। ਜਮ ਨੇੜੇ ਨਹੀਂ ਆਉਂਦਾ,ਪਾਰਬ੍ਰਹਮ ਦੀ ਜੋਤ ਨਾਲ ਜੋਤ ਮਿਲ ਜਾਂਦੀ ਹੈ।

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ ਨਾਮੁ ਸਹਾਈ ਸਦਾ
ਸੰਗਿ ਆਗੈ ਲਏ ਛਡਾਇ ॥੧॥ ਰਹਾਉ ॥ (ਸਿਰੀ ਰਾਗੁ ਮ: ੫)

ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਤੇ ਦਰਸ਼ਨ ਕਰਕੇ ਘਾਹੀ ਜੀਵਨ ਮੁਕਤ ਹੋ ਗਿਆ। ਉਹ ਬਾਕੀ ਦਾ ਜੀਵਨ ਗੁਰੂ ਘਰ ਦੀ ਸੇਵਾ ਕਰਦਾ ਰਿਹਾ।

੧੭. ਇਕ ਬੀਬੀ ਦਾ ਸਿਖੀ ਪ੍ਰੇਮ

ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥

ਸਤਿਗੁਰੂ ਜੀ ਦੇ ਵਾਕ ਅਨੁਸਾਰ ਅਗਿਆਨੀ ਤੇ ਨਾਸਤਕ ਨੂੰ ਸੱਚ ਚੰਗਾ ਨਹੀਂ ਲਗਦਾ। ਉਹ ਦੋ ਚਿਤਾ ਜਿਹਾ ਹੋਇਆ ਧੱਕੇ ਖਾਂਦਾ ਰਹਿੰਦਾ ਹੈ ਤੇ ਜਨਮ ਮਰਨ ਦੇ ਚੱਕਰ ਵਿਚ ਰਹਿੰਦਾ ਹੈ। ਐਸਾ ਹੀ ਦਿਆਲੇ ਦਾ ਪਰਵਾਰ ਆਗਰੇ ਵਿਚ ਰਹਿੰਦਾ ਸੀ, ਜਿਸਨੂੰ ਸੱਚ ਚੰਗਾ ਨਹੀਂ ਸੀ ਲਗਦਾ ਸਵੇਰ ਤੋਂ ਸ਼ਾਮ ਤਕ ਝੂਠ ਦੇ ਹੀ ਸੌਦੇ ਕਰਦੇ ਰਹਿੰਦੇ ਸਨ। ਦਿਆਲੇ ਦਾ ਲੜਕਾ ਰਾਜੂ ਸੀ, ਉਹ ਵੀ ਬਾਪ ਵਾਂਗ ਆਗਿਆਨੀ ਸੀ। ਉਸਦੀ ਧਾਰਮਿਕ ਜ਼ਿੰਦਗੀ ਦਾ ਕੋਈ ਨਿਸ਼ਾਨਾ ਨਹੀਂ ਸੀ, ਜੇ ਗੰਗਾ ਗਿਆ ਤਾਂ ਗੰਗਾ ਰਾਮ ਤੇ ਜਮਨਾ ਗਿਆ ਤਾਂ ਜਮਨਾ ਦਾਸ। ਮਾਯਾ ਦੇ ਪੁਜਾਰੀ ਸਨ, ਰਾਤ ਦਿਨੇ ਮਾਯਾ ਇਕੱਠੀ ਕਰਨ ਵਿਚ ਰੁਝੇ ਰਹਿੰਦੇ।

ਕੁਦਰਤ ਨੇ ਐਸਾ ਢੋਅ ਲਾਇਆ ਕਿ ਰਾਜੂ ਦਾ ਵਿਆਹ ਇਕ ਐਸੇ ਘਰਾਣੇ ਵਿਚ ਹੋ ਗਿਆ ਜੋ ਘਰਾਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਨਾਲ ਪ੍ਰੇਮ ਕਰਦਾ ਸੀ ਤੇ ਗੁਰੂ ਘਰ ਦਾ ਬਹੁਤ ਸ਼ਰਧਾਲੂ ਸੀ। ਭਾਈ ਗੁਰਦਾਸ ਜੀ ਜਿਸ ਸਮੇਂ ਆਗਰੇ ਪ੍ਰਚਾਰ ਵਾਸਤੇ ਪੁਜੇ ਤੇ ਰਹੇ ਸਨ ਤਦਤੋਂ ਉਹ ਘਰਾਣਾ ਸਿਖ ਬਣਿਆ ਸੀ। ਉਸ ਵੇਲੇ ਸਾਰੇ ਸਿੱਖ ਸਹਿਜਧਾਰੀ ਹੁੰਦੇ ਸਨ। ਉਹ ਸਮਾ ਕੁਝ ਐਸਾ ਸੀ ਕਿ ਲੋਕਾਂ ਦਾ ਧਿਆਨ ਭਗਤੀ ਮਾਰਗ ਵਲ ਬਹੁਤ ਸੀ। ਉਸ ਸਮੇਂ ਨੂੰ ਭਗਤੀ ਦਾ ਯੁਗ ਆਖਿਆ ਜਾਂਦਾ ਹੈ, ਫਿਰ ਵੀ ਦਿਆਲੇ ਤੇ ਰਾਜੂ ਵਰਗੇ ਐਸੇ ਪੁਰਸ਼ ਸਨ ਜੋ ਮੰਦਰ ਜਾਂ ਧਰਮਸਾਲਾ ਵਿਚ ਜਾਕੇ ਸਤਿਸੰਗਤ ਵਿਚ ਬੈਠਣ ਨੂੰ ਮਹਾਂ ਪਾਪ ਸਮਝਦੇ ਸਨ। 'ਰਾਮ ਨਾਮ' ਸਤਿ ਕਰਤਾਰ ਜਾਂ 'ਰਾਧੇ ਸ਼ਾਮ' ਆਦਿਕ ਧਾਰਮਿਕ ਜਪ ਰੂਪ ਸ਼ਬਦ ਓਹਨਾਂ ਦੇ ਮੂੰਹੋ ਕਦੀ ਨਹੀਂ ਸਨ ਨਿਕਲਦੇ।

ਰਾਜੂ ਵਿਆਹਿਆ ਗਿਆ, ਉਹਦੀ ਧਰਮ ਪਤਨੀ ਗੁਰਮੁਖ ਪਰਵਾਰ ਦੀ ਸਪੁਤ੍ਰੀ ਸੀ, ਓਹਦਾ ਨਾਮ ਪਾਰਬਤੀ ਸੀ, ਸੱਚ ਮੁਚ ਹੀ ਉਹ ਪਾਰਬਤੀ ਸੀ ਜੋ ਧਰਮ ਕਰਮ ਨੂੰ ਕਰਨਾ ਚੰਗਾ ਸਮਝਦੀ ਸੀ। ਉਹ ਗੁਰਬਾਣੀ ਦਾ ਪਾਠ ਕਰਿਆ ਕਰਦੀ, ਤੜਕੇ ਉਠਦੀ ਤੇ ਕਰਤਾਰ ਦੇ ਨਾਮ ਦਾ ਸਿਮਰਨ ਕਰਦੀ, ਵਿਆਹ ਦੇ ਥੋੜੇ ਦਿਨ ਪਿਛੋਂ ਉਸਨੂੰ ਪਤਾ ਲਗ ਗਿਆ ਕਿ ਓਹਦਾ ਸੌਹਰਾ ਘਰ ਨਾਸਤਕ ਹੈ ਜੇ ਉਹ ਕਿਸੇ ਲਾਲਚ ਬਦਲੇ ਕਿਸੇ ਦੀ ਪੂਜਾ ਕਰਦਾ ਵੀ ਹੈ ਤਾਂ ਉਹ ਦੇਵੀ ਦੇਵਲ ਦੀ ਪੂਜਾਕਰਦਾ ਹੈ। ਬੀਬੀ ਸਤਿ ਸੰਗਤ ਵਿਚ ਜਾਇਆ ਕਰਦੀ ਸੀ, ਪਰ ਜਿਸ ਦਿਨ ਤੋਂ ਸੌਹਰੇ ਘਰ ਆ ਗਈ, ਓਸੇ ਦਿਨ ਤੋਂ ਸਤਿਸੰਗ ਵਿਚ ਜਾਣਾ ਬੰਦ ਹੋ ਗਿਆ। ਉਸਦੀ ਸੱਸ ਉਸ ਨੂੰ ਐਨੇ ਕੰਮ ਦਸਦੀ ਕਿ ਉਹਨੂੰ ਇਕਾਂਤ ਵਿਚ ਬੈਠਕੇ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਸਮਾਂ ਵੀ ਹਥ ਨਾ ਆਉਂਦਾ, ਓਹਦੇ ਪਤੀ ਨੇ ਉਸਨੂੰ ਅੰਮ੍ਰਿਤ ਵੇਲੇ ਉਠਣ ਤੋਂ ਰੋਕ ਦਿਤਾ। ਉਹ ਮੰਜੀ ਉਤੇ ਬੈਠੀ ਹੋਈ ਹੀ ਮਨ ਹੀ ਮਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਕੇ ਭਗਤੀ ਕਰ ਲੈਂਦੀ, ਦੁਨੀਆਂ ਦੇ ਬੰਦਿਆਂ ਨਾਲੋਂ ਸਤਿਗੁਰੂ ਤੇ ਪ੍ਰਮਾਤਮਾ ਉਪਰ ਬਹੁਤ ਭਰੋਸਾ ਸੀ।

ਪ੍ਰੇਮ ਭਗਤਿ ਜਿਸਕੈ ਮਨਿ ਲਾਗੀ ॥ ਗੁਣ ਗਾਵੈ ਅਨਦਿਨੁ ਨਿਤ ਜਾਗੀ ॥

ਮੀਰਾਂ ਬਾਈ ਦਾ ਪਤੀ ਰਾਣਾ ਸੀ ਤੇ ਨਾਸਤਕ ਸੀ, ਓਹ ਮੀਰਾਂ ਬਾਈ ਨੂੰ ਕ੍ਰਿਸ਼ਨ ਭਗਤੀ ਤੋਂ ਨਹੀਂ ਸੀ ਰੋਕ ਸਕਿਆ, ਭਗਤੀ ਦੀ ਲਗਣ ਹੀ ਐਸੀ ਹੈ ਜੋ ਤੋੜਿਆਂ ਨਹੀਂ ਟੁਟਦੀ। ਪ੍ਰਹਿਲਾਦ ਨੂੰ ਓਹਦੇ ਪਿਤਾ ਹਰਨਾਖਸ਼ ਨੇ 'ਰਾਮ ਨਾਮ' ਦੇ ਜਪਣ ਤੋਂ ਰੋਕਿਆ। ਨਿਰਾ ਰੋਕਿਆ ਹੀ ਨਾ ਸਗੋਂ ਅਨੇਕਾਂ ਪ੍ਰਕਾਰ ਦੀਆਂ ਸਖਤ ਸ਼ਜਾਵਾਂ ਦਿੱਤੀਆਂ, ਏਥੋਂ ਤਕ ਕਿ ਤਤੇ ਥੰਮ ਨਾਲ ਬੰਨ੍ਹਕੇ ਮਾਰਨ ਦਾ ਯਤਨ ਕੀਤਾ ਤੇ ਅਗ ਵਿਚ ਬੈਠਾਇਆ ਗਿਆ, ਪਰ ਉਹਨੇ 'ਰਾਮ ਨਾਮ' ਦਾ ਸਿਮਰਨ ਨਾ ਛਡਿਆ। ਭਗਤ ਤਾਂ ਦਿਨ ਰਾਤ ਪ੍ਰਭੂ ਦੀ ਭਗਤੀ ਕਰਦੇ ਰਹਿੰਦੇ ਹਨ। ਪਾਰਬਤੀ ਨੇ ਗੁਰਬਾਣੀ ਨੂੰ ਨਾ ਛਡਿਆ, ਉਹ ਸਤਕਰਤਾਰ ਦਾ ਜਾਪ ਜਪਿਆ ਕਰਦੀ ਸੀ। ਉਸਨੇ ਬੜਾ ਯਤਨ ਕੀਤਾ ਕਿ ਓਹਦੇ ਸਹੁਰੇ ਘਰ ਗੁਰਮਤ ਦਾ ਪ੍ਰਕਾਸ਼ ਹੋ ਜਾਵੇ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਵੇ ਪਰ ਓਹਦੇ ਸਾਰੇ ਯਤਨ ਅਸਫਲ ਹੋਏ। ਓਹ ਦੋਵੇਂ ਵੇਲੇ ਅਰਦਾਸ ਕਰਦੀ ਕਿ ਹੇ ਸਤਿਗੁਰੂ ਜੀ ਓਹਦੇ

ਘਰ ਸਤਜ ਦਾ ਪ੍ਰਕਾਸ਼ ਹੋਵੇ।

ਪਾਰਬਤੀ ਨੂੰ ਪਤਾ ਲੱਗ ਗਿਆ ਕਿ ਸਤਿਗੁਰੂ ਹਰਿਗੋਬਿੰਦ ਸਾਹਿਬ ਆਗਰੇ ਵਿਚ ਆਏ ਹਨ। ਭਾਗਾਂ ਵਾਲੇ ਜੀਉੜੇ ਦਰਸ਼ਨ ਕਰਕੇ ਨਿਹਾਲ ਹੋ ਰਹੇ ਹਨ। ਸਤਿਗੁਰੂ ਜੀ ਥੋੜੇ ਦਿਨ ਹੋਰ ਰਹਿਣਗੇ, ਫਿਰ ਅਗੇ ਚਲੇ ਜਾਣਗੇ ਜਿਸਨੇ ਦਰਸ਼ਨ ਕਰਨੇ ਹੋਣ, ਉਹ ਛੇਤੀ ਕਰ ਲੈਣ। ਜਿਸ ਦਿਨ ਇਹ ਸਮਾਚਾਰ ਸੁਣਿਆਂ ਉਹ ਰਾਤ ਪਾਰਬਤੀ ਨੂੰ ਨੀਂਦ ਨਾ ਆਈ, ਉਹ ਸਾਰੀ ਰਾਤ ਵਿਉਂਤਾਂ ਸੋਚਦੀ ਰਹੀ ਕਿ ਉਹ ਕਿਵੇਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਵੇ। ਚਿਤ ਵਿਚ ਇੱਛਾ ਤਾਂ ਇਹ ਸੀ ਕਿ ਸਤਿਗੁਰੂ ਜੀ ਨੂੰ ਸੰਗਤ ਸਮੇਤ ਘਰ ਸਦਕੇ ਪ੍ਰਸਾਦ ਛਕਾਇਆ ਜਾਵੇ ਪਰ ਇਹ ਇਛਾ ਸੌਹਰੇ ਨਹੀਂ ਸਨ ਪੂਰੀ ਹੋਣ ਦੇਂਦੇ।

ਸਵੇਰ ਹੋਈ ਪਾਰਬਤੀ ਨੇ ਆਪਣੀ ਸੱਸ ਨੂੰ ਕਿਹਾ—'ਮਾਤਾ ਜੀ ! ਸਤਿਗੁਰੂ ਜੀ ਆਏ ਹਨ, ਸਾਰੇ ਲੋਕ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾ ਰਹੇ ਹਨ, ਚਲੋ ਆਪਾਂ ਵੀ ਚਲੀਏ ! ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾਲ ਜਨਮ ਮਰਨ ਦੇ ਬੰਦਨ ਕਟੇ ਜਾਣਗੇ, ਸੁਖ-ਸਾਂਦ ਘਰ ਵਰਤੇਗੀ।'

ਪਰ ਪਾਰਬਤੀ ਦੀ ਸੱਸ ਦੇ ਸੀਨੇ ਵਿਚ ਪੱਥਰ ਦਾ ਦਿਲ ਸੀ, ਮਾਇਆ ਤੇ ਹੰਕਾਰ ਨੇ ਦਿਲ ਨੂੰ ਕਾਲਾ-ਸੁਵਾਹ ਕਰ ਛਡਿਆ ਸੀ. ਉਹ ਅੰਨੀ ਸੀ ਉਸਨੂੰ ਨਜ਼ਰ ਕੁਝ ਨਹੀਂ ਸੀ ਆਉਂਦਾ। ਪ੍ਰਮਾਤਮਾ ਦੇ ਨਾਮ ਜਪਣ ਤੋਂ ਉਹ ਦੂਰ ਨਸਦੀ ਸੀ ਪੂਜਕੇ ਲੜਾਕੀ ਤੇ ਗਲ ਗਲ ਤੇ ਭਰਮ ਕਰਨਵਾਲੀ ਸੀ ਉਸ ਤਾਂਪਾਰਬਤੀ ਦੇ ਗਲ ਪੈ ਗਈ, ਉਸਨੇ ਐਸੇ ਕੌੜੇ ਬਚਨ ਬੋਲੇ, ਜਿਨ੍ਹਾਂਨੂੰਸੁਣਕੇ ਪਾਰਬਤੀਉਦਾਸ ਹੋ ਗਈ, ਉਦਾਸ ਹੋਈਹੋਈ ਨੇ ਆਖਰ ਇਹ ਫੈਸਲਾ ਕਰ ਲਿਆ ਕਿ ਕੁਝਵੀਹੋਵੇ ਉਹ ਸਤਿ-ਗੁਰੂ ਜੀ ਦੇ ਦਰਸ਼ਨ ਜ਼ਰੂਰ ਕਰੇਗੀ।' ਮੈਂ ਸਤਿਗੁਰੂ ਜੀ ਦੇ ਦਰਸ਼ਨ ਜ਼ਰੂਰਕਰਨੇਹਨ ਭਾਵੇਂ ਇਹ ਮਾਰ ਸੁਟਣ।ਪੇਕੇ ਘਰ ਚਲੀ ਜਾਵਾਂਗੀ।ਪਾਰਬਤੀਦੇਮਨ ਦਾ ਤਰੰਗਸੀ।

ਸਸ ਰੋਕਦੀ ਰਹੀ ਘਰ ਵਾਲਾ ਮੰਦੇ ਸ਼ਬਦ ਬੋਲਦਾ ਰਿਹਾ, ਪਰ ਪਾਰਬਤੀ ਨੇ ਕਿਸੇ ਦੀ ਨਾ ਸੁਣੀ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਤੁਰ ਪਈ, ਅਚੰਬੇ ਦੀ ਇਹ ਗਲ ਹੋਈ ਕਿ ਜਦ ਉਹਦਾ ਪਤੀ ਰਾਜੂ ਮਾਂ ਦੇ ਆਖੇ ਲਗਕੇ ਉਸਨੂੰ ਫੜਨ ਲੱਗਾ ਤਾਂ ਠੇਡਾ ਖਾਕੇ ਡਿਗ ਪਿਆ

ਉਹਦੀ ਲੱਤ ਨੂੰ ਐਸੀ ਸਟ ਲਗੀ ਕਿ ਉਹ ਤੁਰਨ ਯੋਗ ਨਾ ਰਿਹਾ। ਪਾਰਬਤੀ ਦੀ ਸਸ ਆਪਣੇ ਪੁਤ੍ਰ ਨੂੰ ਸੰਭਾਲਣ ਵਿਚ ਰੁਝ ਗਈ ਤੇ ਪਾਰਬਤੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਤੁਰ ਗਈ।

ਉਸ ਸਮੇਂ ਸਤਿਗੁਰੂ ਜੀ ਹਿੰਦ ਦੇ ਸਮਰਾਟ ਜਹਾਂਗੀਰ ਦੇ ਨਾਲ ਸ਼ਿਕਾਰ ਖੇਡ ਰਹੇ ਸਨ। ਪਾਰਬਤੀ ਦੀ ਭਗਤੀ ਨੇ ਹਿਰਦੇ ਨੂੰ ਖਿਚ ਪਾਈ ਉਸ ਵੇਲੇ ਘੋੜਾ ਰੁਕ ਗਿਆ, ਲਗਾਮ ਦੀਆਂ ਵਾਗਾਂ ਖਿਚੀਆਂ ਗਈਆਂ, 'ਅਸੀਂ ਵਾਪਸ ਡੇਰੇ ਚਲੇ ਹਾਂ। ਬੱਸ ਅਜ ਸ਼ਿਕਾਰ ਏਨਾਂ ਹੀ ਖੇਡਿਆ ਜਾਵੇਗਾ।' ਸਾਹਿਬਾਂ ਦਾ ਬਚਨ ਸੀ ਬਾਦਸ਼ਾਹ ਬਹੁਤ ਹੈਰਾਨ ਹੋਇਆ, ਉਹ ਵੀ ਸਤਿਗੁਰੂ ਜੀ ਦੇ ਨਾਲ ਵਾਪਸ ਡੇਰੇ ਨੂੰ ਮੁੜ ਆਇਆ।

ਸਤਿਗੁਰੂ ਜੀ ਅਜੇ ਡੇਰੇ ਤੋਂ ਦੂਰ ਹੀ ਸਨ ਕਿ ਪਾਰਬਤੀ ਦੂਰੋਂ ਨਸ ਕੇ ਸਤਿਗੁਰੂ ਜੀ ਦੇ ਕੋਲ ਆ ਪੁਜੀ। ਸਾਹਿਬਾਂ ਦੇ ਚਰਨ ਫੜ ਕੇ ਭੁਬੀਂ ਭੁਬੀਂ ਰੋ ਪਈ। ਸਾਹਿਬਾਂ ਨੂੰ ਘੋੜੇ ਉਤੋਂ ਵੀ ਹੇਠਾਂ ਉਤਰਨ ਨਾ ਦਿਤਾ। ਬਾਦਸ਼ਾਹ ਇਸ ਕੌਤਕ ਨੂੰ ਦੇਖ ਕੇ ਬਹੁਤ ਹੈਰਾਨ ਹੋਇਆ। ਉਹ ਮਨ ਹੀ ਮਨ ਕਹਿਣ ਲੱਗਾ—'ਮੈਂ ਹਿੰਦੁਸਤਾਨ ਦਾ ਬਾਦਸ਼ਾਹ ਹਾਂ, ਪਰ ਮੇਰੇ ਨਾਲੋਂ ਫਕੀਰ (ਸਤਿਗੁਰੂ) ਦਾ ਸਤਿਕਾਰ ਬਹੁਤ ਹੁੰਦਾ ਹੈ। ਆਤਮਕ ਵਾਦੀ ਵੀ ਨਿਰਾਲੇ ਬੰਦੇ ਹਨ।' ਇਉਂ ਸੋਚਦਾ ਹੋਇਆ ਬਾਦਸ਼ਾਹ ਦੇਖਦਾ ਰਿਹਾ ਅਤੇ ਬੀਬੀ ਸਤਿਗੁਰੂ ਜੀ ਦੇ ਚਰਨਾਂ ਨੂੰ ਫੜ ਕੇ ਪ੍ਰੇਮ ਤੇ ਸ਼ਰਧਾ ਦੇ ਹੰਝੂ ਕੇਰਦੀ ਰਹੀ।

'ਪੁਤ੍ਰੀ ! ਵੈਰਾਗ ਕਰਨ ਦੀ ਲੋੜ ਨਹੀਂ, ਕਹੋ 'ਸਤ ਕਰਤਾਰ' ਤੇਰੀ ਅਰਦਾਸ ਸੁਣੀ ਗਈ ਹੈ:—

ਸਤਿਗੁਰ ਅਪਨੇ ਸੁਣੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥
ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰ ਸਗਲ ਚੁਕਾਇਆ ॥੧॥
(ਭੈਰਉ ਮ: ੫)

ਤੂੰ ਨਿਹਾਲ ਹੋ ਗਈ ! ਤੇਰੇ ਸਾਰੇ ਮਨੋਰਥ ਪੂਰਨ ਹੋਣਗੇ। ਵਾਹਿਗੁਰੂ ਦਾ ਸਿਮਰਨ ਕਰਿਆ ਕਰ, ਪ੍ਰਭੂ ਦਾ ਸਿਮਰਨ ਹੀ ਸਾਰੇ ਦੁਖਾਂ ਵਾਸਤੇ ਵਡੀ ਦੁਆਈ ਹੈ।'

'ਹੇ ਦਾਤਾ !' ਬੀਬੀ ਨੇ ਆਖਿਆ—'ਮੈਨੂੰ ਦਰਸ਼ਨਾਂ ਦੀ ਭੁਖ ਸੀ। ਮੇਰਾ ਮਨ ਤੜਫ ਰਿਹਾ ਸੀ। ਦਰਸ਼ਨ ਕਰਕੇ ਨਿਹਾਲ ਹੋਇਆ ਹੈ। ਨਾਮ ਦਾਨ ਦੇ ਨਾਲ ਇਹ ਵੀ ਬਖਸ਼ਸ਼ ਕਰੋ ਕਿ ਜਦ ਦਿਲ ਤੜਫੇ ਤਾਂ ਦਰਸ਼ਨ ਕਰ ਲਿਆਂ ਕਰਾਂ।

ਸਾਕਤਾਂ ਦੇ ਘਰ ਮੇਰਾ ਸੰਜੋਗ ਹੋਇਆ ਹੈ। ਉਹ ਮੈਨੂੰ ਸਤਿਸੰਗ ਨਹੀਂ ਕਰਨ ਦੇਂਦੇ। ਸਤਿਗੁਰੂ ਜੀ ਦੀ ਬਾਣੀ ਪੜ੍ਹਨ ਤੋਂ ਰੋਕਦੇ ਹਨ। ਦਇਆ ਕਰੋ, ਉਨ੍ਹਾਂ ਦੀ ਮਨ ਬ੍ਰਿਤੀ ਨੂੰ ਵੀ ਸ਼ੁਧ ਕਰੋ। ਉਨ੍ਹਾਂ ਨੂੰ ਸਤਿਗੁਰਾਂ ਦੀ ਬਾਣੀ ਚੰਗੀ ਲਗੇ। ਉਹ ਸਿੱਖ ਬਣਨ। ਦਾਤਾ ! ਮੈਂ ਤਾਂ ਮਾਤਾ ਕੋਲੋਂ ਏਹੋ ਕੁਝ ਸਿਖੀ ਹਾਂ:—

ਤਿਸੁ ਗੁਰ ਕਉ ਸਦ ਕਰੀ ਨਮਸਕਾਰੀ। ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥
ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਭ ਜੀਵਾ ॥
(ਭੈਰਉ ਮ: ੫)

"ਮੈਂ ਜਦ ਐਸੇ ਸ਼ਬਦ ਸੁਣਾਕੇ ਉਨ੍ਹਾਂ ਦੇ ਮਨਾਂ ਨੂੰ ਸ਼ਾਂਤ ਕਰਨਾ ਚਾਹੁੰਦੀ ਹਾਂ ਤਦ ਉਹ ਸਾਰੇ (ਸਸ ਸੌਹਰਾ ਤੇ ਪਤੀ) ਗੁਰੂ ਘਰ ਦੀ ਨਿੰਦਾ ਕਰਨ ਲਗ ਪੈਂਦੇ ਹਨ, ਮੈਂ ਗੁਰੂ ਘਰ ਦੀ ਨਿੰਦਾ ਸੁਣ ਨਹੀਂ ਸਕਦੀ। ਉਸ ਵੇਲੇ ਮੈਂ ਦਾਤਾ ਰੋਂਦੀ ਹਾਂ, ਆਤਮਘਾਤ ਕਰਲੈਣਾ ਚਾਹੁੰਦੀ ਹਾਂ। ਜਾਂ ਮੇਰੀ ਮੁਕਤੀ ਹੋਵੇ ਜਾਂ ਉਨ੍ਹਾਂਨੂੰ ਸੁਮਤ ਬਖਸ਼ੋ। ਕਰਤਾਰ ਨੇ ਮੇਰੇ ਸੰਜੋਗ ਉਸ ਘਰ ਵਿਚ ਕਿਉਂ ਲਿਖੇ ਹਨ? ਬਦਲ ਦਿਓ ਮੇਰੇ ਮੱਥੇ ਦੀ ਰਖਾ ਨੂੰ। ਹੇ ਦਾਤਾ ! ਮੈਨੂੰ ਨਾਲ ਲੈ ਚਲੋ ਮੈਂ ਸਿੱਖ ਸੰਗਤ ਦੇ ਜੂਠੇ ਭਾਂਡੇ ਮਾਂਜਦੀ ਹੋਈ, ਪਖਾ ਝਲਦੀ ਹੋਈ ਨਾਲ ਲੈ ਚਲੋ ਮੈਂ ਸਿੱਖ ਸੰਗਤ ਦੇ ਜੂਠੇ ਭਾਂਡੇ ਉਸ ਘਰ ਨਹੀਂ ਜਾਣਾ, ਮੈਥੋਂ ਗੁਰ ਘਰ ਦੀ ਨਿੰਦਾਂ ਨਹੀਂ ਸੁਣੀ ਜਾਂਦੀ, ਮੈਂ ਵਾਰ ਵਾਰ ਬੇਨਤੀਆਂ ਕਰਦੀ ਹਾਂ।"

ਸਤਿਗੁਰੂ ਜੀ ਨੇ ਬਚਨ ਕੀਤਾ—'ਪੁਤ੍ਰੀ ! ਚਿੰਤਾ ਨਾ ਕਰ, ਸਤਿਗੁਰੂ ਜੀ ਦਾ ਬਚਨ ਹੈ—

ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥ ਨਿੰਦਕ ਕਾ ਮੈਲਾ ਆਚਾਰੁ ॥ ਦਾਸ ਅਪੁਨੇ ਕਉ ਰਾਖਨਹਾਰੁ ॥ ਨਿੰਦਕੁ ਮੂਆ ਨਿੰਦਕ ਕੈ ਨਾਲਿ ॥ ਪਾਰਬ੍ਰਹਮ ਪਰਮੇਸਰ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥ ੧ ॥ ਰਹਾਉ ॥ ਨਿੰਦਕ ਕਾ ਕਹਿਆ ਕੋਇ ਨ ਮਾਨੈ ॥ ਨਿੰਦਕ ਝੂਠ ਬੋਲਿ ਪਛੁਤਾਨੇ ॥ ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥ ਨਿੰਦਕ ਕਉ ਕੋਈ ਛੋਡੈ ਨਾਹਿ ॥ ੨ ॥ ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ ਲਾਗੈ ਦੁਖ ਸਾਂਗੈ ॥
(ਭੈਰਉ ਮਹਲਾ ੫)

ਹੇ ਪੁਤ੍ਰੀ ਸਿਦਕ ਦੇ ਬੇੜੇ ਪਾਰ ਹੁੰਦੇ ਹਨ। ਸਤਿਗੁਰੂ ਜੀ ਨੇ ਅਕਾਲ ਬਾਣੀ ਵਿਚ ਫੁਰਮਾਇਆ ਹੈ ਕਿ ਨਿੰਦਕ ਦਾ ਜੀਵਨ ਬਹੁਤ ਬੁਰਾ ਹੁੰਦਾ ਹੈ।

ਸਾਰਾ ਸੰਸਾਰ ਨਿੰਦਕਾਂ ਨੂੰ ਫਿਟਕਾਂ ਪਾਉਂਦਾ ਹੈ,ਕੋਈ ਮੂੰਹ ਨਹੀਂ ਲਾਉਂਦਾ।ਨਿੰਦਕ ਜਿੰਨੇ ਕਾਰ ਵਿਆਰ ਕਰਦਾ ਹੈ, ਉਹ ਝੂਠੇ ਹੁੰਦੇ ਹਨ। ਸਚ ਦੇ ਨੇੜੇ ਨਹੀਂ ਆਉਂਦੇ। ਝੂਠ ਦਿਸਦਾ ਤਾਂ ਚੰਗਾ ਹੈ,ਪਰ ਹੁੰਦਾ ਲਾਭਹੀਣ ਹੈ। ਗੁਰੂ ਘਰ ਤੇ ਨੇਕ ਪੁਰਸ਼ਾਂ ਦੀ ਨਿੰਦਿਆ ਕਰਨ ਵਾਲਿਆਂ ਦਾ ਚਾਲ-ਚਲਨ ਬਹੁਤ ਨੀਵਾਂ ਹੁੰਦਾ ਹੈ। ਉਹ ਜਿਧਰ ਜਾਂਦੇ ਹਨ,ਉਧਰ ਹੀ ਲੋਕ ਉਸ ਨੂੰ ਲਾਹਨਤਾਂ ਪਾਉਂਦੇ ਹਨ। ਐਸੇ ਨਿੰਦਕਾਂ ਦੇ ਵਿਚਾਲੇ ਰਹਿਣ ਵਾਲੇ ਗੁਰਮੁਖ ਤੇ ਗੁਰੂ ਘਰ ਦੇ ਪ੍ਰੇਮੀ ਦੀ ਰਾਖੀ ਵਾਹਿਗੁਰੂ ਆਪ ਕਰਦਾ ਹੈ। ਗੁਰਮੁਖ ਨੂੰ ਤਤੀ ਵਾ ਨਹੀਂ ਲਗਣ ਦੇਂਦਾ ਪਰ ਨਿੰਦਕ ਨਿੰਦਿਆ ਦੀ ਅੱਗ ਵਿਚ ਸੜ ਕੇ ਮਰ ਜਾਂਦਾ ਹੈ। ਆਖਰ ਨਿੰਦਕ ਰੋ ਰੋ ਕੇ ਆਪਣਾ ਅੰਤ ਕਰ ਲੈਂਦਾ ਹੈ। ਨਿੰਦਕ ਨੂੰ ਸੈਂਕੜੇ ਦੁਖ ਲਗਦੇ ਹਨ ਪਰ ਹਰੀ ਦੇ ਸੇਵਕ ਦਾ ਸਤਿਕਾਰ ਹੁੰਦਾ ਹੈ। 'ਹੇ ਪੁਤ੍ਰੀ ! ਨਿਰਭੈਤਾ ਨਾਲ ਘਰ ਜਾ ਸਤਿਗੁਰੂ ਜੀ ਮੇਹਰ ਕਰਨਗੇ ਤੇਰੇ ਘਰ ਹੀ ਸਤਸੰਗ ਹੋਇਆ ਕਰੇਗਾ। ਤੇਰਾ ਘਰ ਧਰਮਸਾਲਾ ਬਣ ਜਾਵੇਗੀ।'

ਇਹ ਵਰ ਦੇਕੇ ਸਾਹਿਬਾਂ ਨੇ ਬੀਬੀ ਜੀ ਦੇ ਸਿਰ ਉਪਰ ਹੱਥ ਰਖਿਆ,ਉਹ ਵੈਰਾਗਨ ਹੋ ਗਈ। ਵਾਹਿਗੁਰੂ ਦਾ ਸਿਮਰਨ ਤੇ 'ਧੰਨ ਗੁਰੂ ਨਾਨਕ ਦੇਵ ਜੀ !ਧੰਨ ਸਤਿਗੁਰੂ ਜੀ !' ਦਾ ਜਾਪ ਕਰਦੀ ਹੋਈ ਆਪਣੇ ਘਰ ਨੂੰ ਚਲੀ ਗਈ।

ਬੀਬੀ ਪਾਰਬਤੀ ਦੇਵੀ ਦਾ ਰੂਪ ਸੀ, ਉਹ ਜਦ ਘਰ ਪਹੁੰਚੀ ਤਾਂ ਸਚ ਮੁਚ ਘਰ ਵਿਚ ਭਾਰੀ ਤਬਦੀਲੀ ਆਈ ਹੋਈ ਸੀ ਉਹਦੀ ਸਸ ਨੇ ਉਸ ਨੂੰ ਕੋਈ ਮੰਦਾ ਸ਼ਬਦ ਨਹੀਂ ਬੋਲਿਆ, ਸਗੋਂ ਸਤਿਕਾਰ ਕੀਤਾ। ਹੌਲੀ ਹੌਲੀ ਸਾਰਾ ਪਰਵਾਰ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ। ਇਸ ਬੀਬੀ ਨੇ ਆਗਰੇ ਵਿਚ ਗੁਰਮਤ ਦਾ ਬਹੁਤ ਪ੍ਰਚਾਰ ਕੀਤਾ ਤੇ ਹਜ਼ਾਰਾ ਪ੍ਰਾਣੀਆਂ ਨੂੰ ਸਿਧੇ ਮਾਰਗ ਤੇ ਪਾਇਆ ਸੀ।

੧੯. ਸਤਿਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਨਜ਼ਰ ਬੰਦ ਕਰਨਾ

ਆਗਰੇ ਦੇ ਵਿੱਚ ਸਤਿਗੁਰੂ ਜੀ ਦੀ ਮਹਿਮਾ ਦੇਖਕੇ ਜਹਾਂਗੀਰ ਬਹੁਤ ਹੈਰਾਨ ਹੋਇਆ, ਉਹ ਮਨ ਵਿੱਚ ਕਈ ਤਰ੍ਹਾਂ ਦੇ ਵਿਚਾਰ ਕਰਨ ਲੱਗਾ। ਉਸ ਦੇ ਮਨ ਵਿਚ ਆਈ ਕਿ ਜੇ ਸਤਿਗੁਰੂ ਜੀ ਏਸੇ ਤਰ੍ਹਾਂ ਸਾਰੇ ਦੇਸ਼ ਵਿਚ ਫਿਰ ਕੇ ਗੁਰਮਤ ਦਾ ਪ੍ਰਚਾਰ ਕਰਦੇ ਰਹੇ ਅਤੇ ਲੋਕਾਂ ਨੂੰ ਸ਼ਰਧਾਲੂ ਬਣਾਉਂਦੇ ਰਹੇ ਤਾਂ ਹੋ ਸਕਦਾ ਹੈ ਕਿ ਇੱਕ ਦਿਨ ਐਸਾ ਆਵੇ ਜਦੋਂ ਕਿ ਸਾਰੇ ਹਿੰਦੁਸਤਾਨ ਵਿੱਚ ਇਨ੍ਹਾਂ ਦਾ ਨਵਾਂ ਮਤ (ਸਿਖ ਧਰਮ) ਖਿਲਰ ਜਾਵੇ। ਨਵੇਂ ਮਤ ਦੇ ਧਾਰਨ ਕਰਨ ਵਾਲੇ ਹਿੰਦੂ ਹਨ ਹਿੰਦੂਆਂ ਦੀ ਗਿਣਤੀ ਹਿੰਦੁਸਤਾਨ ਵਿਚ ਬਹੁਤੀਹੈਕਿਉਂਕਿ ਇਹਦੇਸ਼ ਇਨ੍ਹਾਂ ਦਾ ਹੈ, ਇਸ ਕਰਕੇ ਇਹ ਵੀ ਖਤਰਾ ਹੋ ਸਰਕਦਾ ਹੈਕਿ ਇਸਲਾਮ ਮਤ ਤੇ ਮੁਗਲਸਕਾਰਦੇ ਵਿਰੁਧ ਲੋਕਾਂ ਦਾ ਵਲਵਲਾ ਵਧ ਜਾਵੇ। ਜੇ ਲੋਕ ਰਾਏ ਕਿਸੇ ਦੇ ਵਿਰੁਧ ਹੋ ਜਾਵੇ ਤਾਂ ਰਾਜ ਕਰਨਾ ਬਹੁਤ ਕਠਨ ਹੋ ਜਾਂਦਾ ਹੈ।

ਦੂਸਰਾ ਗੁਰੂ ਘਰ ਦੇ ਨਿੰਦਕਾਂ ਨੇ ਜਹਾਂਗੀਰ ਨੂੰ ਉਲਟੀ ਮਤ ਦਿਤੀ ਕੀ ਸਤਿਗੁਰੂ ਜੀ ਨੂੰ ਨਾਲ ਨਹੀਂ ਲਈ ਫਿਰਨਾ ਚਾਹੀਦਾ, ਸਗੋਂ ਕਿਸੇ ਕਿਲੇ ਵਿਚ ਨਜ਼ਰਬੰਦ ਕਰ ਦੇਣਾ ਚਾਹੀਦਾ ਹੈ ਤਾਂਕਿ ਇਹ ਆਪਣੇ ਮਤ ਦਾ ਪ੍ਰਚਾਰ ਨਾ ਕਰ ਸਕਣ। ਕਿਉਂਕਿ ਜਹਾਂਗੀਰ ਨੇ ਇਨ੍ਹਾਂ ਦੇ ਪਿਤਾ ਜੀ (ਸਤਿਗੁਰੂ ਅਰਜਨ ਦੇਵ ਜੀ) ਨੂੰ ਸ਼ਹੀਦ ਕਰਾਇਆ ਹੈ, ਇਸ ਵਾਸਤੇ ਇਹ ਵੀ ਖਤਰਾ ਹੋ ਸਕਦਾ ਹੈ ਕਿ ਸਤਿਗੁਰੂ ਜੀ ਮੌਕਾ ਪਾਕੇ ਧੋਖੇ ਨਾਲ ਬਾਦਸ਼ਾਹ ਸਲਾਮਤ ਨੂੰ ਕਿਸੇ ਸਿਖ ਕੋਲੋਂ ਮਰਵਾ ਨਾ ਦੇਣ। ਉਸ ਸਮੇਂ ਸਿੱਖਾਂ ਤੇ ਗੁਰੂ ਘਰ ਦੇ ਸ਼ਰਧਾਲੂਆਂ ਵਿਚ ਬਾਦਸ਼ਾਹ ਦੇ ਵਿਰੁਧ ਦਿਲੀ ਵਲਵਲਾ ਸੀ। ਸਤਿਗੁਰੂ ਜੀ ਨਾਲ ਸਿੱਖਾਂ ਦਾ ਬਹੁਤ ਪ੍ਰੇਮ ਸੀ।

ਸਿੱਖ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਚੰਦੂ ਲਾਲ ਜਹਾਂਗੀਰਦੇ ਨਾਲ ਰਹਿੰਦਾ ਸੀ। (ਓਹੋਚੰਦੂਲਾਲ ਜਿਸਨੇਸ੍ਰੀਗੁਰੂਅਰਜਨਦੇਵਜੀਨੂੰਕਸ਼ਟਪਹੁੰਚਾਉਣ ਦਾਜਤਨਕੀਤਾਸੀ।)ਉਸਨੇ ਸਮਾ ਪਾਕੇਆਗਰੇਵਿਚਇਕ ਜੋਤਸ਼ੀ(ਨਜੂਮੀਏਂ) ਨੂੰ ਕਈਸੌਰੁਪੈ ਲਾਲਚ ਦੇਕੇ ਇਹ ਮਨਾਇਆ ਕਿ ਬਾਦਸ਼ਾਹ ਕੋਲ ਜਾਵੇ ਬਾਦਸ਼ਾਹ

ਦਾ ਹੱਥ ਦੇਖਕੇ ਰਮਲ ਸੁਟਕੇ ਜਾਂ ਜੋ ਢੰਗ ਉਹ ਵਰਤਨਾ ਚਾਹੇ ਵਰਤ ਕੇ, ਬਾਦਸ਼ਾਹ ਨੂੰ ਇਹ ਦਸੇ ਕਿ ਬਾਦਸ਼ਾਹ ਸਲਾਮਤ ਉਪਰ ਸਾੜਸਤੀ ਆਉਣ ਵਾਲੀ ਹੈ। ਜਿਸ ਦਿਨ ਸਾੜਸਤੀ ਆਵੇਗੀ, ਉਸ ਦਿਨ ਬਾਦਸ਼ਾਹ ਦਾ ਜਾਨੀ ਤੇ ਮਾਲੀ ਨੁਕਸਾਨ ਹੋਵੇਗਾ ਇਹ ਸਾੜਸਤੀ ਬਹੁਤ ਭਾਰੂ ਹੈ। ਬਾਦਸ਼ਾਹ ਜਦ ਸਾੜਸਤੀ ਤੋਂ ਬਚਨ ਦਾ ਉਪਾਉ ਪੁਛੇ ਤਾਂ ਉਸ ਨੂੰ ਆਖੇ ਕਿ ਸਤਿਗੁਰੂ ਜੀ ਨੂੰ ਚਾਲੀ ਦਿਨ ਗੁਵਾਲੀਅਰ ਦੇ ਕਿਲੇ ਵਿੱਚ ਰਖਿਆ ਜਾਵੇ, ਬਾਦਸ਼ਾਹ ਸਲਾਮਤ ਦੇ ਹੱਕ ਵਿਚ ਸਤਿਗੁਰੂ ਜੀ ਖੁਦਾ ਅਗੇ ਪ੍ਰਾਰਥਨਾ ਕਰੇ।

ਲਾਲਚੀ ਜੋਤਸ਼ੀ ਚੰਦੂ ਲਾਲ ਦੇ ਆਖ ਲਗ ਗਿਆ। ਉਸ ਨੇ ਬਾਦਸ਼ਾਹ ਜਹਾਂਗੀਰ ਨੂੰ ਐਸਾ ਡਰ ਦਿੱਤਾ ਕਿ ਬਾਦਸ਼ਾਹ ਘਬਰਾ ਗਿਆ। ਆਮ ਲੋਕਾਂ ਨਾਲੋਂ ਬਾਦਸ਼ਾਹਾਂ ਨੂੰ ਜਾਨ ਬਹੁਤ ਪਿਆਰੀ ਹੁੰਦੀ ਹੈ ਕਿਉਂਕਿ ਉਹ ਸ਼ਾਹੀ ਸੁਖ ਤੇ ਸ਼ਾਨ ਤਿਆਗਣ ਨੂੰ ਤਿਆਰ ਨਹੀਂ ਹੁੰਦੇ। ਜਦ ਬਾਦਸ਼ਾਹ ਨੇ ਘਬਰਾ ਕੇ ਸਾੜਸਤੀ ਕੋਲੋਂ ਬਚਨ ਦਾ ਉਪਾਉ ਪੁਛਿਆ ਤਾਂ ਜੋਤਸ਼ੀ ਨੇ ਆਖਿਆ—"ਬਾਦਸ਼ਾਹ ਸਲਾਮਤ ! ਜੀਵਨ ਨਾਲੋਂ ਕੋਈ ਵਸਤੂ ਪਿਆਰੀ ਨਹੀਂ ਆਪ ਇਸਲਾਮ ਦੇ ਖਲੀਫੇ ਤੇ ਮੁਗਲ ਸਾਮਰਾਜ ਦੇ ਨੇਕ ਤੇ ਮੁਖੀ ਬਾਦਸ਼ਾਹ ਹੋ,ਹਜ਼ੂਰ ਨੂੰ ਸਾੜਸਤੀ ਕੋਲੋਂ ਬਚਨ ਦਾ ਯਤਨ ਜ਼ਰੂਰ ਕਰਨਾ ਚਾਹੀਦਾ ਹੈ। ਸਾੜਸਤੀ ਤਾਂ ਟਲ ਸਕਦੀ ਹੈ ਜੇ ਕੋਈ ਮਹਾਂ ਪੁਰਖ ਜੋ ਭਗਤੀ ਭਾਵ ਵਾਲਾ ਹੋਵੇ,ਉਹ ਚਾਲੀ ਦਿਨ ਖੁਦਾ ਦੀ ਬੰਦਗੀ ਕਰਦਾ ਹੋਇਆ ਖੁਦਾ ਪਾਸੋਂ ਦੁਆ ਮੰਗੇ। ਫਿਰ ਅਲਾ ਤਾਲਾ ਜ਼ਰੂਰ ਰਹਿਮ ਕਰਨਗੇ।ਐਸਾ ਬੰਦਾ ਬਾਦਸ਼ਾਹ ਸਲਾਮਤ ਪਾਸ (ਸਤਿਗੁਰੂ)ਹਰਿਗੋਬਿੰਦ(ਸਾਹਿਬ)ਹੈ। ਉਨ੍ਹਾਂ ਨੂੰ ਆਖਿਆ ਜਾਵੇ ਉਹ ਚਾਲੀ ਦਿਨ ਕਿਲੇ ਵਿੱਚ ਰਹਿਣ ਤੇ ਬੰਦਗੀ ਕਰਨ। ਖਰਚ ਉਨ੍ਹਾਂ ਨੂੰ ਖੁਲਾ ਦਿੱਤਾ ਜਾਵੇ। ਉਨ੍ਹਾਂ ਤੋਂ ਬਿਨਾ ਕੋਈ ਐਸਾ ਦਰਵੇਸ਼ ਨਹੀਂ ਲਭਣਾ।"

ਬਾਦਸ਼ਾਹ ਦੇ ਕੰਨ ਵੈਰੀ ਹੁੰਦੇ ਹਨ। ਉਹ ਸੋਚਦੇ ਘਟ ਹਨ, ਸੁਣਕੇ ਹੀ ਅਮਲ ਕਰਦੇ ਹਨ। ਜਹਾਂਗੀਰ ਨੇ ਉਸੇ ਵੇਲੇ ਸਤਿਗੁਰੂ ਜੀ ਨੂੰ ਕੋਲ ਸਦਿਆ ਤੇ ਬੜੇ ਪ੍ਰੇਮ ਤੇ ਨਿੰਮਰਤਾ ਨਾਲ ਉਸ ਨੇ ਸਤਿਗੁਰੂ ਜੀ ਨੂੰ ਆਖਿਆ—'ਦੇਖੋ ਜੀ ! ਮੈਂ ਸਚ ਆਖਦਾ ਹਾਂ ਕਿ ਮੈਨੂੰ ਮੇਰੀ ਭੂਲ ਦਾ ਅਜ ਪਤਾ ਲੱਗਾ ਹੈ ਕਿ ਮੈਂ ਆਪ ਜੀ ਦੇ ਪਿਤਾ ਜੀ (ਸਤਿਗੁਰੂ ਅਰਜਨ ਦੇਵ ਜੀ) ਨੂੰ ਸਜਾਏ ਮੌਤ ਦੇਣ ਦੀ

ਨੂੰ ਸਜਾਏ ਮੌਤ ਦੇਣ ਦੀ ਭੁਲ ਕੀਤੀ ਹੈ। ਉਹ ਸਚੇ ਖੁਦਾ ਪਰਸਤ ਪਾਕ ਦਾਮਨਤੇ ਆਲਮ ਬੰਦੇ ਸਨ। ਆਪ ਦੀ ਸੰਗਤ ਕਰਨ ਉਪਰ ਪਤਾ ਲੱਗਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਹੱਕ ਦਾ ਪ੍ਰਚਾਰ ਕਰ ਰਹੀ ਹੈ। ਮੈਂ ਆਪ ਦੇ ਪ੍ਰਚਾਰ ਨੂੰ ਨਹੀਂ ਰੋਕਾਂਗਾ ਜਿਵੇਂ ਮੇਰੇ ਬਜ਼ੁਰਗ ਆਪ ਦੇ ਬਜ਼ੁਰਗਾਂ ਦਾ ਸਤਕਾਰ ਕਰਦੇ ਆਏ ਹਨ, ਤਿਵੇਂ ਮੈਂ ਆਪਦਾ ਸਤਕਾਰ ਕਰਾਂਗਾ। ਮੈਨੂੰ ਅਜ ਨਜੂਮੀਏ ਨੇ ਦਸਿਆ ਹੈ ਤੇ ਮੈਨੂੰ ਸੁਪਨੇ ਆਏ ਹਨ ਕਿ ਮੇਰੇ ਉਪਰ ਸਾੜਸਤੀ ਆਉਣ ਵਾਲੀ ਹੈ। ਉਹ ਤਦ ਹੀ ਟਲ ਸਕਦੀ ਹੈ ਜੇ ਆਪ ਚਾਲੀ ਦਿਨ ਬਿਕਾਂਤ ਵਿਚ ਖੁਦਾ ਅਗੇ ਪ੍ਰਾਰਥਨਾ ਕਰੋ। ਖੁਦਾ ਦੀ ਬੰਦਗੀ ਕਰੋ। ਇਕਾਂਤ ਵਾਸਤੇ ਮੈਂ ਕਿਲਾ ਗੁਵਾਲੀਅਰ ਥਾਂ ਮਿਥੀ ਹੈ ਜੋ ਬਹੁਤ ਉਚੀ ਪਹਾੜੀ ਉਤੇ ਸੁੰਦਰ ਕਿਲਾ ਹੈ। ਉਸਦੇ ਲਾਗੇ ਜਲ ਦੀ ਝੀਲ ਵੀ ਹੈ। ਆਸ ਹੈ ਮੇਰੀ ਬੇਨਤੀ ਪ੍ਰਵਾਨ ਹੋਵੇਗੀ।'

ਅੰਤਰਯਾਮੀ ਸਚੇ ਪਾਤਸ਼ਾਹ ਜਹਾਂਗੀਰ ਦੀ ਇਹ ਬੇਨਤੀ ਸੁਣ ਕੇ ਮੁਸਕਰਾ ਪਏ। ਸਾਹਿਬਾਂ ਨੇ ਬਚਨ ਕੀਤਾ:—

ਉਰ ਬਿਚਾਰੁ ਗੁਰੁ ਕਹਯੋ ਬਨਾਈ ॥ ਤੌਪਰਿ ਸਾਢਸਤੀ ਨਹਿ ਆਈ ॥
ਨਹੀ ਕਸਟ ਕੁਛ ਆਵਹਿ ਨੇਰੇ ॥ ਸ੍ਰਿਯ ਅਹੈ ਭੌਰੀ ਹਮ ਹੇਰੇ ॥ ੧੩ ॥
ਜਿਸ ਪਰਿ ਸਾਢਸਤੀ ਅਬਿਆਈ ॥ ਤਿਸਤੇ ਬਨਹਿ ਏਕ ਉਪਾਈ ॥
ਕਾਲ ਜਾਇ ਭਖ ਦੇਖਤ ਤੇਰੇ ॥ ਮਰਹਿ ਕੁਮ੍ਰਿਤੁ ਪਾਪ ਫਲ ਪ੍ਰੇਰੇ ॥ ੧੪ ॥
ਹਮਰੇ ਪ੍ਰਵਿਸੇ ਦੁਰਗ ਮਝਾਰੇ ॥ ਉਪਜਤਿ ਹੈ ਕਲਯਾਨ ਤੁਮਾਰੇ ॥ ਤੌ ਹਮ
ਜਾਹਿ ਜਾਪ ਕੋ ਕਰੈ। ਸਭਿ ਸੰਕਟ ਤੇਰੇ ਪਰ ਹਰੇ ॥ ਸੁਨਤ ਸਾਹੁ ਹਰਖਯੋ ਮਨ
ਸਾਹੂੰ ॥ ਸਾਢਸਤੀ ਬਲ ਹੋਇ ਬਿਨਾਹੂ ॥ ਧੰਨ ਗੁਰੂ ਜੀ ਤੁਮ ਸਭ ਲਾਯਕ ॥
ਸਰਨਾਗਤ ਕੇ ਕਸਟ ਨਸਾਯਕ ॥ (ਸ੍ਰੀ ਗੁਰੂ ਪ੍ਰਤਾਪ ਸੂਰਜੇ ਗ੍ਰੰਥ ਰਾਸ ਚੌਥੀ)

ਤਿਸਦਾ ਪ੍ਰਮਾਰਥ—ਸਾਹਿਬਾਂ ਨੇ ਹਿਰਦੇ ਵਿਚ ਸੋਚ ਕੇ ਆਖਿਆ 'ਹੇ ਬਾਦਸ਼ਾਹ' ਤੇਰੇ ਉਤੇ ਸਾੜਸਤੀ ਨਹੀਂ ਆਈ ਨਾ ਤੈਨੂੰ ਕੋਈ ਦੁਖ ਹੋਵੇਗਾ। ਸਾੜਸਤੀ ਜਿਸ ਉਤੇ ਆਈ ਹੈ ਉਹ ਦੁਸ਼ਟ ਆਤਮਾ ਹੋਰ ਹੈ। ਉਹ ਭਾਵੇਂ ਲਖ ਯਤਨ ਕਰੇ ਉਹ ਸਾੜਸਤੀ ਕੋਲੋਂ ਨਹੀਂ ਬਚ ਸਕਦਾ। ਤੇਰੇ ਦੇਖਦਿਆਂ ਦੇਖਦਿਆਂ ਉਸ ਨੂੰ ਕਾਲ ਰੂਪ ਸ਼ੇਰ ਖਾ ਜਾਵੇਗਾ। ਉਹ ਕੁਮਿਤੁ (ਭੈੜਾ ਮਿਤੂ)ਪਾਪ ਦੇ ਫਲ ਨਾਲ ਮਰ ਜਾਏਗਾ। ਉਸਨੂੰ ਕੋਈ ਨਹੀਂ ਬਚਾ ਸਕਦਾ ਕਿਉਂਕਿ ਉਸਦੇ ਪਾਪਾਂ ਦਾ ਪਿਆਲਾ ਨਕਾ ਨਕ ਭਰ ਗਿਆ ਹੈ। ਜੀਵਨ ਮੁਕ ਚੁਕਾ ਹੈ। ਜੇਕਰ ਅਸਾਂ ਦੇ ਕਿਲੇ ਵਿਚ ਗਿਆਂ

ਤੁਸਾਂ ਦੇ ਸਾਰੇ ਦੁਖ ਦੂਰ ਹੋ ਸਕਦੇ ਹਨ ਤਾਂ ਅਸੀਂ ਕਿਲੇ ਵਿਚ ਜਾਕੇ ਪੂਜਾ ਪਾਠ ਕਰਨ ਨੂੰ ਤਿਆਰ ਹਾਂ।

ਸਤਿਗੁਰੂ ਜੀ ਦੇ ਐਸੇ ਬਚਨ ਸੁਣ ਕੇ ਜਹਾਂਗੀਰ ਬਹੁਤ ਪ੍ਰਸੰਨ ਹੋਇਆ। ਉਹ ਸੋਚਨ ਲਗਾ ਕਿ ਮੇਰੇ ਸਿਰ ਉਤੋਂ ਸਾੜਸਤੀ ਦਾ ਬਲ ਟਲ ਜਾਵੇਗਾ। ਉਹ ਸਤਿਗੁਰੂ ਜੀ ਦੀ ਉਸਤਤ ਕਰਦਾ ਹੋਇਆ ਕਹਿਣ ਲੱਗਾ—'ਆਪ ਧੰਨ ਹੋ, ਜੋ ਸ਼ਰਨ ਆਇਆਂ ਦੇ ਦੁਖ ਦੂਰ ਕਰਦੇ ਹੋਮੈਂ ਆਪ ਦੀ ਦਇਆ ਦਾ ਮੁਲ ਨਹੀਂ ਪਾ ਸਕਦਾ ਆਪ ਭਵ ਸਾਗਰ ਤੋਂ ਪਾਰ ਕਰਨ ਦੇ ਸਮਰਥ ਹੋ।'

ਗਵਾਲੀਅਰ ਦੇ ਕਿਲੇ ਵਿਚ ਜਾ ਕੇ ਚਲੀਸਾ ਕਟਣ ਦੀ ਹਾਂ ਕਰਕੇ ਸਤਿ-ਗੁਰੂ ਜੀ ਜਹਾਂਗੀਰ ਪਾਸੋਂ ਆਪਣੇ ਤੰਬੂ ਵਿਚ ਆ ਪੁਜੇ। ਸਿੱਖ ਸੰਗਤਾਂ ਨੂੰ ਪਤਾ ਲਗ ਗਿਆ ਕਿ ਸਾਹਿਬ ਪੰਜਾਂ ਸਿਖਾਂ ਸਮੇਤ ਕਿਲੇ ਵਿਚ ਜਾ ਰਹੇ ਹਨ ਤਾਂ ਸਿਆਣੇ ਸਿਖਾਂ ਤੇ ਸ਼ਰਧਾਲੂਆਂ ਦੇ ਹਿਰਦੇ ਕੰਬ ਗਏ। ਉਨ੍ਹਾਂ ਨੂੰ ਬਾਦਸ਼ਾਹ ਦੀ ਨੀਤੀ ਉਤੇ ਸ਼ਕ ਹੋਇਆ ਉਨ੍ਹਾਂ ਵਿਚੋਂ ਇਕ ਸਿਖਨੇ ਨਿਰਭੈਤਾ ਨਾਲ ਸਤਿਗੁਰੂ ਜੀ ਦੇ ਮਨਮੁਖ ਹੋਕੇ ਆਖ ਵੀ ਦਿੱਤਾ—'ਸਚੇ ਪਾਤਸ਼ਾਹ! ਬਾਦਸ਼ਾਹ ਗੁਰੂ ਘਰ ਦੇ ਦੋਖੀਆਂ ਦੇ ਆਖੇ ਲਗ ਗਿਆ ਹੈ ਤੇ ਧੋਖਾ ਕਰ ਰਿਹਾ ਹੈ। ਅਸਲ ਵਿਚ ਬਾਦਸ਼ਾਹ ਤੁਹਾਨੂੰ ਕਿਲੇ ਵਿਚ ਨਜ਼ਰਬੰਦ ਕਰ ਰਿਹਾ ਹੈ। ਕੈਦ ਰਖੇਗਾ ਤੇ ਹੋ ਸਕਦਾ ਹੈ ਪੰਚਮ ਪਾਤਸ਼ਾਹ ਦੀ ਤਰ੍ਹਾਂ ਤੁਸਾਂ ਨੂੰ ਵੀ ਸ਼ਾਇਦ ਕਸ਼ਟ ਦੇਣ। ਕਿਲੇ ਵਿੱਚ ਨਹੀਂ ਜਾਣਾ ਚਾਹੀਦਾ ਧੋਖਾ ਹੈ।'

ਇਹ ਸੁਣਕੇ ਸਤਿਗੁਰੂ ਜੀ ਨੇ ਸਿੱਖਾਂ ਨੂੰ ਧੀਰਜ ਦਿੱਤੀ—'ਕਿਸੇ ਤਰ੍ਹਾਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਜੋ ਕਰਤਾਰ ਕਰਦਾ ਹੈ ਸੋਭਲਾ ਕਰਦਾ ਹੈ। "ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰ ॥" ਅਸਾਂ ਦਾ ਰਾਖਾ ਕਰਤਾਰ ਹੈ। ਸਚ ਝੂਠ ਦਾ ਨਬੇੜਾ ਹੋਵੇਗਾ। ਦੂਸਰਾ ਉਸ ਕਿਲੇ ਵਿਚ ਕਈ ਰੂਹਾਂ ਦੁਖੀ ਤੜਫ ਰਹੀਆਂ ਹਨ। ਉਨ੍ਹਾਂ ਦਾ ਪਾਰ ਉਤਾਰਾ ਕਰਨਾ ਹੈ। ਹਿੰਦੂ ਰਾਜੇ ਕੈਦ ਹਨ ਉਹ ਵੀ ਤਦ ਹੀ ਸੁਤੰਤ੍ਰ ਹੋ ਸਕਦੇ ਹਨ,ਜੇ ਅਸੀਂ ਉਥੇ ਜਾਈਏ। ਅਸਾਂ ਦਾ ਧਰਮ ਹੈ ਦੁਖੀ ਜੀਵਾਂ ਦੇ ਦੁਖ ਦੂਰ ਕਰਨੇ। ਸਤਿਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਚੱਕੀ ਪੀਠੀ ਸੀ, ਰੂਹੇਲੇ ਸਰਦਾਰ ਦਾ ਪਾਣੀ ਢੋਇਆ ਸੀ। ਡੇਰਾ ਏਥੇ ਆਗਰੇ

ਰਹੇ, ਅਸੀਂ ਪੰਜਾਂ ਨੂੰ ਨਾਲ ਲੈ ਜਾਂਦੇ ਹਾਂ ਜੋ ਸੇਵਾ ਕਰਨਗੇ।' ਇਸ ਤਰ੍ਹਾਂ ਸਿੱਖ ਸੰਗਤਾਂ ਨੂੰ ਧੀਰਜ ਦੇ ਕੇ ਸਾਹਿਬਾਂ ਨੇ ਗਵਾਲੀਅਰ ਜਾਣ ਦਾ ਫੈਸਲਾ ਕਰ ਲਿਆ।

ਦੂਸਰੇ ਦਿਨ ਪੰਜਾਂ ਸਿੱਖਾਂ ਨੂੰ ਨਾਲ ਲੈਕੇ ਸਤਿਗੁਰੂ ਜੀ ਆਗਰੇ ਤੋਂ ਗਵਾਲੀਅਰ ਨੂੰ ਤੁਰ ਪਏ। ਸਾਹਿਬਾਂ ਦੇ ਨਾਲ ਮੁਗਲ ਸੈਨਾਪਤੀ ਸਨ, ਜੋ ਗਵਾਲੀਅਰ ਕਿਲੇ ਤਕ ਛੱਡਣ ਦੀ ਨਿਗਰਾਨੀ ਕਰਦੇ ਗਏ ਸਨ। ਗਵਾਲੀਅਰ ਦੇ ਕਿਲੇ ਦੇ ਕਿਲੇਦਾਰ ਨੂੰ ਉਚੇਚੀਆਂ ਹਦਾਇਤਾਂ ਲਿਖੀਆਂ ਗਈਆਂ ਸਨ ਉਨ੍ਹਾਂ ਹਦਾ-ਇਤਾਂ ਉਪਰ ਅਮਲ ਕਰਦਿਆਂ ਹੋਇਆਂ ਉਸਨੇ ਸਤਿਗੁਰੂ ਜੀ ਦੀ ਸੇਵਾ ਕਰਨੀ ਸੀ।

ਇਹ ਕਾਰਨ ਸਤਿਗੁਰੂ ਜੀ ਦੇ ਕਿਲੇ ਤਕ ਪੁਜਣ ਦੇ ਲਭਦੇ ਹਨ। ਚੰਦੂ ਤੇ ਹੋਰ ਹਾਕਮ ਤੇ ਮੌਲਵੀਆਂ ਦੀ ਚਾਲੀ ਦਿਨਾਂ ਦਾ ਬਹਾਨਾ ਲੈਣ ਤੋਂ ਮੁਰਾਦ ਸੀ ਕਿ ਜਦ ਇਕ ਵਾਰ ਸਤਿਗੁਰੂ ਜੀ ਕਿਲੇ ਵਿਚ ਬੰਦ ਕੀਤੇ ਗਏ ਤਾਂ ਮੁੜ ਕੇ ਉਨ੍ਹਾਂ ਨੂੰ ਸੁਤੰਤ੍ਰ ਕਰਨ ਦਾ ਧਿਆਨ ਬਾਦਸ਼ਾਹ ਨੂੰ ਰਹਿਣਾ ਹੀ ਨਹੀਂ। ਉਸ ਵੇਲੇ ਕੈਦੀਆਂ ਨੂੰ ਪੁੱਛਦਾ ਗਿਛਦਾ ਕੋਈ ਨਹੀਂ ਸੀ ਨਾ ਕੋਈ ਮੁਕਦਮੇ ਚਲਦੇ ਸਨ ਤੇ ਨਾ ਅਦਾ-ਲਤਾਂ ਹੁੰਦੀਆਂ ਸਨ। ਕੁਛ ਵੀ ਹੋਵੇ ਬਾਦਸ਼ਾਹ ਦੇ ਹੁਕਮ ਨਾਲ ਸਤਿਗੁਰੂ ਜੀ ਨੂੰ ਕਿਲੇ ਵਿਚ ਨਜ਼ਰਬੰਦ ਕੀਤਾ ਗਿਆ। ਕਿਲੇ ਤੋਂ ਬਾਹਰ ਆਉਣ ਜਾਣ ਦੀ ਆਗਿਆ ਨਹੀਂ ਸੀ।

ਸਤਿਗੁਰੂ ਜੀ ਦੀ ਨਜ਼ਰਬੰਦੀ ਦੀ ਖਬਰ ਪੰਜਾਬ ਤਕ ਖਿਲਰ ਗਈ। ਸਾਰੇ ਸਿੱਖ ਜਗਤ ਵਿਚ ਉਦਾਸੀ ਦੀ ਲਹਿਰ ਦੌੜ ਗਈ। ਸਤਿਗੁਰੂ ਜੀ ਦੇ ਛੇਤੀ ਸੁਤੰਤ੍ਰ ਹੋਣ ਬਾਰੇ ਹਰ ਸ਼ਰਧਾਲੂ ਵਾਹਿਗੁਰੂ ਅਗੇ ਰਾਤ ਦਿਨੇ ਅਰਦਾਸਾਂ ਕਰਨ ਲੱਗੇ।

ਕਿਲੇ ਦੇ ਵਿੱਚ ਹੋਰ ਅਫਸਰਾਂ ਤੋਂ ਬਿਨਾ ਇਕ ਹਰਿਦਾਸ ਨਾਮ ਦਾ ਹਿੰਦੂ ਅਫਸਰ ਸੀ ਭਾਵੇਂ ਉਹ ਮੁਗਲ ਰਾਜ ਦਾ ਵਫਾਦਾਰ ਸੇਵਕ ਸੀ, ਫਿਰ ਵੀ ਸਾਧੂ ਫਕੀਰਾਂ ਦੀ ਬਹੁਤ ਸੇਵਾ ਕਰਿਆ ਕਰਦਾ ਤੇ ਰੱਬ ਦੇ ਭੈ ਵਾਲਾ ਬੰਦਾ ਸੀ ਉਸ ਨੇ ਸਤਿਗੁਰੂ ਜੀ ਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ ਤੇ ਸਤਸੰਗ ਕਰਨ ਲੱਗਾ। ਸਾਹਿਬਾਂ ਦੇ ਪ੍ਰਸ਼ਾਦ ਵਾਸਤੇ ਰਾਸ਼ਨ ਦਾ ਉਚੇਚਾ ਪਰਬੰਧ ਕੀਤਾ ਗਿਆ। ਉਸ ਸਮੇਂ ਦੋ ਤਰ੍ਹਾਂ ਦੇ ਕੈਦੀ ਹੁੰਦੇ ਸਨ, ਇਕ ਸਾਧਾਰਨ

ਤੇ ਦੂਸਰੇ ਸ਼ਾਹੀ ਕੈਦੀ। ਸ਼ਾਹੀ ਕੈਦੀ ਰਾਜੇ, ਨਵਾਬ, ਧਨਾਢ ਤੇ ਸੰਤ ਫਕੀਰ ਹੁੰਦੇ ਸਨ। ਸਤਿਗੁਰੂ ਜੀ ਸ਼ਾਹੀ ਕੈਦੀ ਬਣਾਏ ਗਏ ਸਨ।

—o—

੧੯. ਕਿਲੇ ਵਿੱਚ ਸਤਸੰਗ ਅਤੇ ਸਿੱਖ ਸੰਗਤਾਂ ਦਾ ਵੈਰਾਗ

ਜਿਨ੍ਹਾਂ ਦੀ ਅਕਾਲ ਪੁਰਖ ਨਾਲ ਪ੍ਰੀਤ ਹੈ, ਉਹ ਭਾਵੇਂ ਕਮਰੇ ਵਿਚ ਬੰਦ ਰਹਿਣ ਤੇ ਭਾਵੇਂ ਸੁਤੰਤ੍ਰ ਖੁਲੇ ਮੈਦਾਨਾਂ ਵਿਚ ਫਿਰਨ ਉਨ੍ਹਾਂ ਦੇ ਹਿਰਦੇ ਉਤੇ ਕੋਈ ਅਸਰ ਨਹੀਂ ਪੈਂਦਾ। ਉਹ ਤਾਂ ਇਕ ਰਸ ਰਹਿੰਦੇ ਹਨ ਸੋਨਾ ਤੇ ਮਿੱਟੀ ਇੱਕ ਸਮਾਨ ਜਾਣਦੇ ਹਨ। ਦੁਖ ਤੇ ਸੁਖ ਨੂੰ ਸਮਸਰ ਜਾਣਕੇ ਪ੍ਰਭੂ ਦੇ ਗੁਣ ਗਾਉਣ ਵਿਚ ਮਨ ਬ੍ਰਿਤੀ ਨੂੰ ਜੋੜੀ ਰੱਖਦੇ ਹਨ। ਦੁਖ ਉਨ੍ਹਾਂ ਨੂੰ ਹੁੰਦਾ ਹੈ ਜਿਨ੍ਹਾਂ ਦਾ ਮਨ ਦੁਨੀਆਂਦਾਰੀ ਵਿਚ ਲੱਗਾ ਰਹਿੰਦਾ ਹੈ।

ਦੁਸ਼ਟਾਂ ਦੇ ਆਖੇ ਲੱਗ ਕੇ ਜਹਾਂਗੀਰ ਨੇ ਸਤਿਗੁਰੂ ਜੀ ਨੂੰ ਗਵਾਲੀਅਰ ਭੇਜ ਦਿੱਤਾ। ਚਾਲੀ ਦਿਨ ਲੰਘ ਗਏ ਪਰ ਜਹਾਂਗੀਰ ਵਲੋਂ ਰਿਹਾਈ ਦਾ ਹੁਕਮ ਨ ਆਇਆ। ਦੂਸਰੇ ਕੈਦੀਆਂ ਵਾਂਗ ਸਤਿਗੁਰੂ ਜੀ ਦਾ ਚੇਤਾ ਭੁਲ ਗਿਆ। ਸਾੜਸਤੀ ਤੋਂ ਬਚਣ ਵਾਸਤੇ ਉਸਨੇ ਸਤਿਗੁਰੂ ਜੀਨੂੰਵੀ ਨਜ਼ਰਬੰਦ ਕੀਤਾ ਸੀ।ਚਾਲੀ ਦਿਨ ਤਕ ਤਾਂ ਕੋਈ ਰੋਗ ਨ ਲਗਾ ਪਰ ਜਿਸ ਦਿਨ ਚਾਲੀ ਦਿਨ ਪੂਰੇ ਹੋ ਗਏ ਤਾਂ ਬਾਦਸ਼ਾਹ ਨੂੰ ਐਸੇ ਰੋਗ ਨੇ ਘੇਰਿਆ ਜਿਸ ਦਾ ਇਲਾਜ ਹੀ ਕੋਈ ਨਹੀਂ ਸੀ। ਉਹ ਡਰ ਡਰ ਕੇ ਉਠਣ ਲੱਗਾ, ਰਾਤ ਨੀਂਦ ਨਾ ਆਉਂਦੀ, ਜਦ ਅੱਖਾ ਮੀਟਦਾ ਤੱਦ ਹੀ ਜਾਂ ਬੜਾਉਣ ਲੱਗ ਪੈਂਦਾ ਜਾਂ ਡਰ ਨਾਲ ਕੰਬਕੇ ਗਸ਼ ਖਾਂ ਜਾਂਦਾ। ਐਸੇ ਰੋਗ ਦੀ ਉਸ ਨੂੰ ਸਮਝ ਨਹੀਂ ਸੀ ਪੈਂਦੀ ਸਾਰੇ ਸ਼ਾਹੀ ਹਕੀਮ ਹੈਰਾਨੀ ਤੇ ਘਬਰਾਹਟ ਨਾਲ ਜਹਾਂਗੀਰ ਦਾ ਇਲਾਜ ਕਰਨ ਲਗੇ।

ਦੂਸਰੇ ਪਾਸੇ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਗਵਾਲੀਅਰ ਦਾ ਕਿਲਾ ਸਵਰਗ ਦਾ ਨਮੂਨਾ ਬਣ ਗਿਆ। ਕੈਦੀਆਂ ਨੂੰ ਚੰਗੀ ਖੁਰਾਕ ਮਿਲਣ ਲਗੀ ਤੇ ਉਹ ਦੋਵੇਂ ਵੇਲੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠ ਕੇ ਸਤਸੰਗ ਕਰਨ

ਲਗੇ। ਬਾਣੀ ਦਾ ਕੀਰਤਨ ਕੀਤਾ ਜਾਣ ਲੱਗਾ ਤੇ ਕੜਾਹ ਪ੍ਰਸ਼ਾਦ ਦੇ ਗਫ਼ੇ ਵਰਤੀਣੇ ਸ਼ੁਰੂ ਹੋਏ। ਉਸ ਸੀਤ ਪ੍ਰਸ਼ਾਦ ਨੂੰ ਪ੍ਰਾਪਤ ਕਰਕੇ ਕਈ ਕੈਦੀ ਜੀਵਨ ਮੁਕਤ ਹੋਣ ਲਗੇ। ਕੈਦੀਆਂ ਦੀਆਂ ਕੋਠੜੀਆਂ ਵਿਚੋਂ 'ਸਤਿਨਾਮ ! ਸਤਿ ਕਰਤਾਰ ਜਾਂ ਵਾਹਿਗੁਰੂ' ਸ਼ਬਦ ਦੇ ਜਾਪ ਦੀ ਅਵਾਜ਼ਾ ਆਉਣ ਲੱਗਾ। ਹਰਿਦਾਸ ਦਰੋਗਾ ਸਤਿਗੁਰੂ ਜੀ ਦਾ ਸ਼ਰਧਾਲੂ ਹੋ ਗਿਆ। ਉਸ ਸਮੇਂ ਦਰੋਗੇ ਜੇਹਲ ਦੇ ਮਾਲਕ ਹੁੰਦੇ ਸਨ। ਇਹ ਕੈਦੀ ਨੂੰ ਸੁਤੰਤ੍ਰ ਨਹੀਂ ਸਨ ਕਰ ਸਕਦੇ, ਪਰ ਕੈਦੀ ਦੇ ਜੀਵਨ ਨੂੰ ਸੁਖੀ ਜਾਂ ਦੁਖੀ ਬਣਾਉਣਾ ਇਨ੍ਹਾਂ ਦੇ ਹੱਥ ਵਿਚ ਹੁੰਦਾ ਸੀ। ਸਤਿਗੁਰੂ ਜੀ ਦੇ ਉਪਦੇਸ਼ ਨਾਲ ਹਰਿਦਾਸ ਦਾ ਮਨ ਬਹੁਤ ਦਇਆਵਾਨ ਹੋ ਗਿਆ ਉਹ ਕੈਦੀਆਂ ਦੀਆਂ ਮੰਗਾਂ ਪੂਰੀਆਂ ਕਰਨ ਲੱਗਾ।

ਇਕ ਕੈਦੀ ਡਾਕੂ ਸੀ ਉਸ ਨੂੰ ਹਨੇਰੀ ਕੋਠੜੀ ਵਿਚ ਰਹਿਣ ਤੇ ਕਿਸੇ ਬੰਦੇ ਦੇ ਮੱਥੇ ਨਾ ਲਗਣ ਦਾ ਹੁਕਮ ਸੀ ਉਹ ਉਮਰ ਕੈਦੀ ਸੀ। ਉਮਰ ਕੈਦ ਤੋਂ ਭਾਵ ਮਰਨ ਤਕ, ਹੋਰ ਕੋਈ ਮਿਆਦ ਨਹੀਂ ਸੀ ਹੁੰਦੀ। ਜੇਹੜਾ ਆਦਮੀ ਉਸਨੂੰ ਦੋ ਵੇਲੇ ਰੋਟੀ ਦੇਣ ਜਾਇਆ ਕਰਦਾ ਸੀ, ਉਸਦੀ ਜ਼ਬਾਨੋਂ ਉਸ ਕੈਦੀ ਨੂੰ ਪਤਾ ਲਗ ਗਿਆ ਕਿ ਕੋਈ ਮਹਾਂ ਪੁਰਖ ਕਿਲੇ ਅੰਦਰ ਆਇਆ ਹੈ, ਜਿਸ ਦੇ ਦਰਸ਼ਨ ਕੀਤਿਆਂ ਜਨਮ ਮਰਨ ਸੌਰ ਜਾਂਦਾ ਹੈ। ਜੇ ਉਹ ਮਹਾਪੁਰਖ ਦਇਆ ਕਰਨ ਤਾਂ ਕੈਦ ਦੇ ਬੰਧਨ ਵੀ ਕਟੇ ਜਾ ਸਕਦੇ ਹਨ। ਇਹ ਸੁਣ ਕੇ ਉਸਦੇ ਹਿਰਦੇ ਵਿਚ ਤਰੰਗ ਉਠਿਆ ਕਿ ਉਹ ਐਸੇ ਪ੍ਰਮੇਸ਼ਰ ਦੇ ਭਗਤ ਦੇ ਦਰਸ਼ਨ ਕਰੇ ਜੋ ਰਿਧੀਆਂ ਸਿਧੀਆਂ ਦਾ ਮਾਲਕ ਹੈ ਪਰ ਉਸ ਸਤਿਗੁਰੂ ਜੀ ਕੋਲ ਪਹੁੰਚੇ ਕਿਵੇਂ ? ਉਹ ਤਾਂ ਤਹਿਖਾਨੇ ਵਿਚ ਰਹਿੰਦਾ ਸੀ। ਚਾਰ ਘੰਟੇ ਤੋਂ ਬਿਨਾ ਉਸਨੂੰ ਸੰਗਲ ਵਜਿਆ ਰਹਿੰਦਾ ਸੀ। ਪੈਰਾਂ ਨੂੰ ਭਾਰੀ ਸੰਗਲ ਹੋਣ ਕਰਕੇ ਉਹ ਤੁਰ ਨਹੀਂ ਸੀ ਸਕਦਾ ਉਸਨੇ ਦਰੋਗੇ ਹਰਿਦਾਸ ਨੂੰ ਸੁਨੇਹਾ ਭੇਜਿਆ ਕਿ ਉਹ ਕੈਦੀ ਦੀ ਬੇਨਤੀ ਸੁਣਨ ਵਾਸਤੇ ਆਵੇ। ਉਹਦਾ ਸੁਨੇਹਾ ਸੁਣਕੇ ਹਰਿਦਾਸ ਉਹਦੇ ਕੋਲ ਪੁਜਾ ਤਾਂ ਉਮਰ ਕੈਦੀ ਨੇ ਬੇਨਤੀ ਕੀਤੀ—'ਦਰੋਗਾ ਜੀ ! ਮੇਰੇ ਉਪਰ ਦਇਆ ਕਰੋ ! ਮੈਨੂੰ ਕਿਸੇ ਉਪਰਲੀ ਕੋਠੜੀ ਵਿਚ ਲੈ ਚਲੋ, ਮੈਂ ਨਵੇਂ ਆਏ ਮਹਾਂ ਪੁਰਖ ਦੇ ਦਰਸ਼ਨ ਕਰਨੇ ਹਨ ਜਿਨ੍ਹਾਂ ਨੂੰ 'ਸੱਚਾ ਪਾਤਸ਼ਾਹ ਜਾਂ ਸਤਿਗੁਰੂ ਜੀ' ਆਖਿਆ ਜਾਂਦਾ ਨੂੰ। ਮੈਨੂੰ ਪਤਾ ਨਹੀਂ ਮੈਂ ਕਿਨੇ ਸਾਲ ਕੋਠੜੀ ਵਿਚ ਕਟੇ

ਹਨ ਤੇ ਅਗੇ ਕਿਨੇ ਕਟਣੇ ਹਨ । ਮੇਰੇ ਉਪਰ ਇਹ ਦਇਆ ਕਰ ਦੇਵੋ ਪ੍ਰਮੇਸ਼ਰ ਤੁਸਾਂ ਦਾ ਭਲਾ ਕਰੇਗਾ ।'

ਕੈਦੀ ਦੀ ਜ਼ਬਾਨੋਂ 'ਪ੍ਰਮੇਸ਼ਰ' ਸ਼ਬਦ ਸੁਣਕੇ ਹਰਿਦਾਸ ਬਹੁਤ ਹੈਰਾਨ ਹੋਇਆ, ਕਿਉਂਕਿ ਪਹਿਲਾਂ ਉਹ ਕੈਦੀ 'ਪ੍ਰਮੇਸ਼ਰ ਜਾਂ ਭਗਵਾਨ' ਦਾ ਨਾਮ ਸੁਣਨਾ ਚੰਗਾ ਨਹੀਂ ਸੀ ਸਮਝਦਾ । ਭਗਵਾਨ ਨੂੰ ਮੰਦੇ ਬਚਨ ਬੋਲਿਆ ਕਰਦਾ ਸੀ ।

ਹਰਿਦਾਸ ਨੇ ਕੈਦੀ ਦੀ ਬੇਨਤੀ ਮੰਨ ਲਈ । ਉਸਦੇ ਪੈਰੋਂ ਸੰਗਲ ਖੋਹਲ ਦਿਤੇ ਤੇ ਉਪਰ ਨਾਲ ਲੈ ਆਇਆ, ਪਰ ਨਾਲ ਹੀ ਇਹ ਬਚਨ ਲਿਆ ਕਿ ਕੈਦੀ ਧੋਖਾ ਕਰਕੇ ਕਿਲੇ ਦੀ ਕੰਧ ਨਾ ਟੱਪ ਜਾਵੇਂ ਕਿਉਂਕਿ ਉਹ ਕੰਧ ਟਪਣ ਦੇ ਸਮਰਥ ਸੀ । ਕੈਦੀ ਨੇ ਬਚਨ ਦਿੱਤਾ—'ਮੈਂ ਚੋਰੀ ਕੰਧ ਨਹੀਂ ਟਪਾਂਗਾ । ਜਦ ਆਪ ਛਡੋਗੇ ਤਦ ਬਾਹਰ ਜਾਵਾਂਗਾ ।'

ਕੈਦੀ ਸਤਾਂ ਸਾਲਾਂ ਪਿਛੋਂ ਹਨੇਰੀ ਕੋਠੜੀ ਵਿਚੋਂ ਬਾਹਰ ਆਇਆ । ਉਸਨੇ ਸੂਰਜ ਦੇਖਿਆ, ਹੋਰ ਕੈਦੀ ਭਰਾ ਦੇਖੇ ਤਾਂ ਉਹਦੀ ਆਤਮਾ ਬਹੁਤ ਪ੍ਰਸੰਨ ਹੋਈ।ਪਰ ਉਹ ਸਤਿਗੁਰੂ ਜੀ ਦੇ ਪਾਸ ਪੁਜਾ ਤਾਂ ਉਹਦੀ ਮਲੀਨ ਆਤਮਾ ਰੋ ਉਠੀ। ਆਪਣੇ ਰੋਣੇ ਨਾਲ ਹੀ ਉਹ ਜਨਮਾ ਜਨਮਾ ਦੀ ਲਗੀ ਮੈਲ ਨੂੰ ਧੋਣਾ ਚਾਹੁੰਦੀ ਸੀ । ਪਾਪਾਂ ਤੇ ਕੁਕਰਮਾਂ ਨਾਲ ਉਸ ਦੀ ਆਤਮਾ ਕਾਲੀ ਸਿਆਹ ਹੋ ਚੁਕੀ ਸੀ ਉਸ ਨੇ ਸਤਿਗੁਰੂ ਜੀ ਦੇ ਚਰਨਾ ਨੂੰ ਫੜ ਕੇ ਤਰਲਾ ਕੀਤਾ—'ਹੇ ਭਗਵਾਨ ! ਮੇਰੇ ਉਪਰ ਦਇਆ ਕਰੋ ! ਮੈਂ ਪਾਪੀ ਤੇ ਖੂੰਨੀ ਡਾਕੂ ਹਾਂ।ਪਾਪਾਂ ਦੀ ਭਾਰੀ ਪੰਡ ਹੇਠਾਂ ਮੇਰਾ ਕਚੂੰਮਰ ਨਿਕਲ ਰਿਹਾ ਹੈ, ਧੌਣ ਟੁਟ ਰਹੀ ਹੈ, ਜੀਉਂਦਾ ਨਰਕਾਂ ਵਿਚ ਹਾਂ, ਪਰ ਇਸ ਨਰਕ ਵਿਚ ਰਹਿੰਦਿਆਂ ਹੋਇਆਂ ਅਗਲਾ ਨਰਕ ਮੈਨੂੰ ਬਹੁਤ ਭਿਆਨਕ ਦਿਖਾਈ ਦੇ ਰਿਹਾ ਹੈ। ਦਇਆ ਕਰੋ ਉਸ ਨਰਕ ਦੇ ਸਾੜੇ ਤੋਂ ਬਚਣ ਦੇ ਮੈਨੂੰ ਉਪਾਓ ਦਸੋ।ਮੈਂ ਸੁਣਿਆਂ ਹੈ ਤੁਸੀਂ ਬਰਕਤਾਂ ਵਾਲੇ ਹੋ। ਰਿਧੀਆਂ ਸਿਧੀਆਂ ਤੁਸਾਂ ਦੀ ਸੇਵਾਂ ਕਰਦੀਆਂ ਹਨ ।'

ਦਇਆ ਦੇ ਸਾਗਰ ਸਤਿਗੁਰੂ ਜੀ ਮੇਹਰ ਦੇ ਘਰ ਆਏ ਉਨ੍ਹਾਂ ਨੇ ਪੁਛਿਆ—'ਤੂੰ ਕੌਣ ਹੈਂ ? ਕੀ ਪਾਪ ਕੀਤੇ ਹਨ ?'

'ਮੈਂ ਗੰਗੂ ਹਾਂ, ਏਥੋਂ ਜ਼ਾਲੀ ਕੋਹ ਦੂਰ ਮੇਰਾ ਪਿੰਡ ਹੈ । ਮੈਂ ਜਵਾਨੀ ਵਿਚ ਕੁਸੰਗਤ ਦੇ ਕਾਰਨ ਡਾਕੂ ਬਣ ਗਿਆ । ਰਾਹ ਮਾਰੇ, ਕਈਆਂ ਪਰਾਣੀਆਂ ਦੀਆਂ

ਜਾਨਾਂ ਲਈਆਂ । ਰਾਜ ਦੀਆਂ ਫੌਜਾਂ ਨੇ ਫੜਕੇ ਮੈਨੂੰ ਇਸ ਕੁੰਭੀ ਨਰਕੀ ਬੰਦੀਖਾਨੇ ਵਿਚ ਪਾ ਦਿੱਤਾ । ਅਜ ਸ਼ਾਇਦ ਸਤ ਸਾਲ ਬੀਤ ਗਏ ਹਨ ਇਹ ਹੈ ਮੇਰੇ ਜੀਵਨ ਦੀ ਕਥਾ । ਜਿਨ੍ਹਾਂ ਮਾਵਾਂ ਦੇ ਮਾਸੂਮ ਬਚਿਆਂ ਦੀਆਂ ਜਾਨਾਂ ਲਈਆਂ ਸਨ ਉਨ੍ਹਾਂ ਮਾਵਾਂ ਦੀਆਂ ਰੋਂਦੀਆਂ ਰੂਹਾਂ ਮੈਨੂੰ ਡਰਾਉਂਦੀਆਂ ਹਨ । ਜੀਵਨ ਨਾਲੋਂ ਮੈਂ ਮਰ ਜਾਣਾ ਚਾਹੁੰਦਾ ਹਾਂ, ਪਰ ਮੌਤ ਨਹੀਂ ਆਉਂਦੀ, ਸ਼ਾਇਦ ਮੇਰੇ ਪਾਪ ਮੈਨੂੰ ਮਰਨ ਨਹੀਂ ਦੇਂਦੇ ਕਿ ਮੈਂ ਦੁਖ ਉਠਾਉਂਦਾ ਰਹਾਂ, ਜਵਾਨੀ ਦਿਨਾਂ ਵਿਚ ਢਲ ਗਈ ਹੈ।'

ਗੰਗੂ ਦੀ ਜ਼ਬਾਨੋ ਉਹਦੀ ਜੀਵਨ ਕਥਾ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਸਤਿਗੁਰੂ ਵਾਹਿਗੁਰੂ' ਦਾ ਜਾਪ ਕਰਿਆ ਕਰ ਤੇਰੇ ਦੁਖ ਦੂਰ ਹੋ ਜਾਣਗੇ।' ਇਹ ਆਖਕੇ ਸਤਿਗੁਰੂ ਜੀ ਮਹਾਰਾਜ ਨੇ ਸੀਤ ਪ੍ਰਸ਼ਾਦ ਦਿੱਤਾ ਜਿਸ ਦੇ ਛਕਣ ਨਾਲ ਉਸਦੇ ਕਪਾਟ ਖੁਲ ਗਏ। ਉਹਦਾ ਹਿਰਦਾ ਸ਼ਾਂਤ ਹੋ ਗਿਆ । ਤਨ ਤੇ ਮਨ ਹੌਲੇ ਪ੍ਰੀਤਭ ਹੋਏ। ਉਹ ਪ੍ਰਸੰਨਤਾ ਦੇ ਵਲਵਲੇ ਨਾਲ ਆਪਣੀ ਕੋਠੜੀ ਵਿਚ ਚਲਿਆ ਗਿਆ ਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਨ ਲਗਾ । ਜਪ ਕਰਨ ਦੇਨਾਲ ਉਹਦੇ ਡਰ ਦੂਰ ਹੋ ਗਏ। ਉਹ ਰੋਜ ਦੋ ਵੇਲੇ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਰਿਹਾ । ਸਤਿਗੁਰੂ ਜੀ ਦੀ ਦਇਆ ਦਾ ਇਹ ਫਲ ਹੋਇਆ ਕਿ ਇਕ ਸਾਲ ਦੇ ਅੰਦਰ ਅੰਦਰ ਉਹ ਬਾਦਸ਼ਾਹ ਵਲੋਂ ਸੁਤੰਤ੍ਰ ਕੀਤਾ ਗਿਆ। ਬਾਕੀ ਦਾ ਜੀਵਨ ਗੰਗੂ ਨੇ ਇਕ ਮਹਾਤਮਾਂ ਦੇ ਰੂਪ ਵਿਚ ਗੁਜ਼ਾਰਿਆ ਤੇ ਮਾਰਵਾੜ ਦੀ ਧਰਤੀ ਵਿਚ ਗੁਰਮਤ ਦਾ ਪ੍ਰਚਾਰ ਕੀਤਾ । ਮਾਰਵਾੜ ਵਿਚ ਹੁਣ ਤਕ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦੀ ਸ਼ਰਧਾ ਪ੍ਰੀਤ ਤੇ ਚਰਚਾ ਮਾਰਵਾੜੀ ਲੋਕਾਂ ਵਿਚ ਹੈ, ਉਸ ਵਿਚ ਗੰਗੂ ਦੀ ਬਹੁਤੀ ਘਾਲਣਾ ਘਾਲੀ ਹੋਈ ਹੈ ।

ਮੁਗਲ ਰਾਜ ਦੇ (ਇਹ ਕਹੀਏ ਕਿ ਮੁਸਲਮਾਨਾ ਦੇ ਆਉਣ ਤੋਂ) ਪਹਿਲਾਂ ਸਾਰਾ ਭਾਰਤ ਦੇਸ਼ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ, ਹਜ਼ਾਰਾਂ ਦੀ ਗਿਣਤੀ ਵਿਚ ਰਾਜ ਸਨ । ਕਈ ਰਾਜੇ ਐਸੇ ਸਨ ਜੇਹੜੇ ਇੱਕ ਜਾਂ ਦੋਂਹ ਪਿੰਡਾਂ ਦੇ ਸੁਤੰਤ੍ਰ ਮਾਲਕ ਸਨ । ਬਾਬਰ ਹਿਮਾਯੂੰ, ਅਕਬਰ, ਤੇ ਜਹਾਂਗੀਰ ਨੇ ਛੋਟੀਆਂ ਰਿਆਸਤਾਂ ਨੂੰ ਖਤਮ ਕਰਕੇ ਮੁਗਲ ਸਾਮਰਾਜ ਕਾਇਮ ਕੀਤਾ । ਸਾਮਰਾਜ ਦੀਆਂ ਹੱਦਾਂ ਚੌੜੀਆਂ ਕਰਦਿਆਂ ਹੋਇਆਂ ਕਈਆਂ ਰਾਜਿਆਂ ਤੇ ਨਵਾਬਾਂ ਨਾਲ ਲੜਾਈਆਂ

ਕੀਤੀਆਂ ਸਨ। ਜਿਨ੍ਹਾਂ ਰਾਜਿਆਂ ਨੇ ਮੁਗਲ ਰਾਜ ਦੀ ਈਨ ਮੰਨ ਲਈ ਤੇ ਗੁਲਾਮ ਹੋ ਗਏ, ਉਨ੍ਹਾਂ ਨੂੰ ਤਾਂ ਕੁਝ ਨਾ ਆਖਿਆ—ਗੁਜ਼ਾਰੇ ਦਾ ਪ੍ਰਬੰਧ ਕਰ ਦਿੱਤਾ। ਜੋ ਰਾਜੇ ਅਣਖੀ, ਸ੍ਵੈ ਸਤਿਕਾਰ ਦੇ ਪੱਖੀ ਤੇ ਸੁਤੰਤ੍ਰ ਵਲਵਲੇ ਵਾਲੇ ਸਨ, ਉਨ੍ਹਾਂ ਨੇ ਮੁਗਲ ਰਾਜ ਦੀ ਗੁਲਾਮੀ ਨੂੰ ਪ੍ਰਵਾਨ ਨ ਕੀਤਾ ਤੇ ਉਹ ਆਪਣੇ ਹੱਕ ਬਦਲੇ ਲੜਦੇ ਰਹੇ। ਉਨ੍ਹਾਂ ਰਾਜਿਆ ਵਿਚੋਂ ਅਨੇਕਾਂ ਰਾਜੇ ਨਵਾਬ ਕੈਦ ਕਰ ਲਏ ਗਏ ਸਨ। ਕਿਲ੍ਹਾ ਗਵਾਲੀਅਰ ਹਿੰਦੂ ਰਾਜਿਆਂ ਵਾਸਤੇ ਕੈਦਖਾਨਾ ਮੁਕਰਰ ਕਰ ਦਿੱਤਾ ਗਿਆ ਸੀ ਜਦ ਦਾ ਅਸੀਂ ਬਿਆਨ ਕਰ ਰਹੇ ਹਾਂ ਤਦੋਂ ਕਿਲ੍ਹਾ ਗੁਵਾਲੀਅਰ ਵਿਚ ਪਾ ਹਿੰਦੂ ਨਾਲ ਜਿਨ੍ਹਾਂਨੂੰ ਅਕਬਰ ਨੇ ਕੈਦ ਕੀਤਾ ਸੀ, ਅਕਬਰ ਦੀ ਮੌਤ ਦੇ ਪਿਛੋਂ ਜਹਾਂਗੀਰ ਨੇ ਉਨ੍ਹਾਂ ਨੂੰ ਸੁਤੰਤ੍ਰ ਨਹੀਂ ਕੀਤਾ, ਸਗੋਂ ਹੋਰ ਰਾਜੇ ਫੜ ਫੜ ਕੇ ਉਥੇ ਭੇਜੇ ਜਾ ਰਹੇ ਸਨ ! ਉਹ ਰਾਜੇ ਬਹੁਤ ਦੁਖੀ ਸਨ।

ਸਤਿਗੁਰੂ ਜੀ ਦੇ ਕਿਲ੍ਹੇ ਵਿਚ ਪੁੱਜਣ ਤੇ ਪਹਿਲਾਂ ਤਾਂ ਉਹ ਉਦਾਸ ਹੋਏ ਕਿ ਉਨ੍ਹਾਂ ਜੇਹਾ ਹੀ ਰਾਜਾ ਕੋਈ ਕੈਦੀ ਹੋ ਕੇ ਆਇਆ ਹੈ, ਪਰ ਜਦ ਉਨ੍ਹਾਂ ਨੇ ਸਤਿ-ਸੰਗ ਕੀਤਾ, ਓਹਨਾਂ ਨੂੰ ਬਹੁਤ ਖੁਸ਼ੀਆਂ ਹੋਈਆਂ। ਸਤਿਗੁਰੂ ਜੀ ਜੋ ਲੰਗਰ ਤਿਆਰ ਕਰਵਾਂਦੇ ਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤ੍ਹਾਂਦੇ ਉਸ ਵੇਲੇ ਰਾਜੇ ਹਾਜ਼ਰ ਹੁੰਦੇ ਤੇ ਪ੍ਰਸੰਨਤਾ ਨਾਲ ਛਕਦੇ। ਹਰੀ ਦਾ ਕੀਰਤਨ ਹੋਣ ਲੱਗਾ, ਰਾਜਿਆਂ ਦੇ ਅੰਦਰ ਜੋ ਆਤਮਿਕ ਕਮਜ਼ੋਰੀ ਆ ਰਹੀ ਸੀ ਉਹ ਦੂਰ ਹੋ ਗਈ 'ਉਹ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਕੈਦ ਦੇ ਦਿਨ ਕਟਣ ਲਗੇ ਹਰਦਾਸ ਨੇ ਵੀ ਸਖਤੀ ਕਰਨੀ ਛੱਡ ਦਿੱਤੀ।

ਆਗਰੇ ਤੋਂ ਖਬਰਾਂ ਸਾਰੇ ਪੰਜਾਬ ਵਿਚ ਜਾ ਕੇ ਘਰ ਘਰ ਖਿਲਰ ਗਈਆਂ ਕਿ ਸਤਿਗੁਰੂ ਜੀ ਨੂੰ ਬਾਦਸ਼ਾਹ ਜਹਾਂਗੀਰ ਨੇ ਕੈਦ ਕਰ ਲਿਆ ਹੈ। ਪਹਿਲਾਂ ਸਤਿਗੁਰੂ ਅਰਜਨ ਦੇਵਜੀ ਸ਼ਹੀਦ ਕੀਤੇ ਗਏਸਨ, ਇਸ ਕਾਰਨ ਸੰਗਤਾਂ ਵਿਚ ਬਹੁਤ ਘਬਰਾ-ਹਟ ਆ ਗਈ, ਅਨੇਕਾਂ ਸ਼ਰਧਾਲੂ ਤੇ ਪ੍ਰੇਮੀ ਸਿਖ ਆਪੋ ਆਪਣੇ ਘਰੋਂ ਤੁਰ, ਸੁਧਾਸਰ (ਅੰਮ੍ਰਿਤਸਰ) ਤੋਂ ਕਮਰਕਸੇ ਕਰਕੇ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਗਵਾਲੀਅਰ ਨੂੰ ਚਲ ਪਏ। ਹਰ ਚਿਤ ਵਿਚ ਇਹ ਭੈ ਸੀ ਕਿ ਕਿਤੇ ਬਾਦਸ਼ਾਹ ਸਤਿਗੁਰੂ ਜੀ ਨੂੰ ਸ਼ਹੀਦ ਨਾ ਕਰਵਾ ਦੇਵੇ। ਜਿਸ ਵੀ ਸੁਣਿਆਂ ਓਹੋ ਹੀ ਵਿਆਕੁਲ ਹੋਇਆ। ਪੰਜਾਬ ਤੋਂ ਗਵਾਲੀਅਰ ਦਾ ਪੰਧ ਬਹੁਤ ਲੰਮੇਰਾ ਸੀ, ਪੈਦਲ ਤੁਰਨਾ ਪੈਂਦਾ ਸੀ,

ਪਰ ਪ੍ਰੇਮ ਲੰਮੇਰੇ ਪੰਧ ਤੇ ਬਿਖੜ ਰਸਤੇ ਦੀ ਪਰਵਾਹ ਨਹੀਂ ਕਰਦਾ।ਉਹ ਤਾਂ ਆਪਣੇ ਪ੍ਰੇਮੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਸਸੀ ਨੇ ਪੁੰਨੂੰ ਪਿਛੇ ਜਾਣ ਲਗਿਆਂ ਮਾਰੂ ਥਲ ਦਾ ਖਿਆਲ ਨਹੀਂ ਸੀ ਕੀਤਾ ਅਤੇ ਸੋਹਣੀ ਦਰਿਆ ਝਨਾਂ ਨੂੰ ਉਸ ਵੇਲੇ ਕਚੇ ਘੜੇ ਉਤੇ ਪਾਰ ਕਰਨ ਲੱਗੀ ਸੀ, ਜਦੋਂ ਝਨਾਂ ਵਿਚ ਹੜ ਆਇਆ ਹੋਇਆ ਸੀ। ਪ੍ਰੇਮੀਆਂ ਨੂੰ ਜਾਨ ਦੀ ਪਰਵਾਹ ਨਹੀਂ ਹੁੰਦੀ, ਸਤਿਗੁਰੂ ਜੀ ਦੇ ਐਸੇ ਸਿਖ ਵੀ ਸਨ ਜੋ ਇਕ ਪਲ ਵਾਸਤੇ ਵੀ ਸਤਿਗੁਰੂ ਜੀ ਪਾਸੋਂ ਵਿਛੜਨਾ ਨਹੀਂ ਸਨ ਚਾਹੁੰਦੇ, ਮਾਤਾ ਗੰਗਾ ਜੀ ਅਤੇ ਸਤਿਗੁਰੂ ਜੀ ਦੇ ਮਹਿਲ ਵੀ ਬਹੁਤ ਚਿੰਤਾਵਾਨ ਤੇ ਵੈਰਾਗੀ ਹੋਏ।

ਹਰ ਰੋਜ ਸਿੱਖ ਗਵਾਲੀਅਰ ਪੁੱਜਣ ਲਗੇ ਤੇ ਕਿਲੇ ਦੀਆਂ ਉਚੀਆਂ ਕੰਧਾਂ ਤੇ ਡੂੰਘੀਆਂ ਖਾਈਆਂ ਨੇ ਉਨ੍ਹਾਂ ਸਤਿਗੁਰੂ ਜੀ ਦੇ ਦਰਸ਼ਨ ਨਾ ਕਰਨ ਕਿਤੇ। ਕੁਝ ਸਿੱਖ ਖਾਈ ਕੋਲ ਤੇ ਕੁਝ ਕੰਧ ਦੇ ਨੇੜ ਜਾ ਕ ਅਤੇ ਕੁਝ ਸਿੱਖ ਕਿਲੇ ਦੇ ਵਡੇ ਦਰਵਾਜ ਅਗੇ ਸਤਿਗੁਰੂਜੀਦੀਪੂਜਾ ਕਰਕੇ ਅਰਦਾਸ ਕਰਦੇ ਤੇ ਦੇਗ ਵਰਤਾਕੇਨਿਰਾਸਵਾਪਸ ਮੁੜ ਆਉਂਦੇ ਰਹੇ। ਲੱਖਾਂ ਸਿੱਖਾਂ ਦੇ ਮਨਾਂ ਦੀ ਬਿਹਬਲਤਾ ਨੇ ਸਤਿਗੁਰੂਜੀਦੇ ਮਨ ਨੂੰ ਅਸ਼ਾਂਤ ਕਰ ਦਿਤਾ।ਦੋ ਮਹੀਨੇ ਤੋਂ ਉਪਰ ਸਮਾ ਹੋ ਗਿਆ ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਚੇਤੇ ਹੀ ਨਾ ਕੀਤਾ ਤੇਨਾ ਉਹਦੇ ਕਿਸੇ ਮੰਤ੍ਰੀ ਜਾਂ ਅਹਿਲਕਾਰ ਨੇ ਉਸਨੂੰਯਾਦ ਕਰਾਇਆ ਕਿ ਬਾਦਸ਼ਾਹ ਨੇ ਸਾੜ ਸਤੀ ਤੋਂ ਬਚਣ ਵਾਸਤੇ ਚਾਲੀ ਦਿਨ ਲਈ ਬੰਦਗੀ ਕਰਨ ਦੇ ਬਹਾਨੇ ਕਿਲੇ ਵਿਚ ਰੱਖਿਆ ਹੋਇਆ ਹੈ। ਉਸਨੂੰ ਪਤਾ ਕਰਨਾ ਚਾਹੀਦਾ ਹੈ ਸਤਿਗੁਰੂ ਜੀ ਨੇ ਆਪ ਵੀ ਬਾਦਸ਼ਾਹ ਜਾਂ ਸ਼ਾਹੀ ਕਰਿੰਦਿਆਂ ਨੂੰ ਯਾਦ ਨਹੀਂ ਕਰਾਇਆ ਸੀ।

—o—

੨੦. ਜਹਾਂਗੀਰ ਦਾ ਬੀਮਾਰ ਹੋਣਾ ਤੇ ਘਬਰਾਉਣਾ

ਚੰਦੂ ਲਾਲ ਦੀ ਚਾਲ ਚਲ ਗਈ, ਬਾਦਸ਼ਾਹ ਸਚ ਮੁਚ ਸਤਿਗੁਰੂ ਜੀ ਨੂੰ ਭੁਲ ਗਿਆ, ਉਸ ਦੇ ਭੁਲਣ ਦਾ ਇਹ ਫਲ ਹੋਇਆ ਕਿ ਬਾਦਸ਼ਾਹ ਨੂੰ ਰਾਤ ਨੂੰ ਡਰ ਆਉਣ ਲੱਗਾ, ਉਹ ਜਦੋਂ ਅੱਖਾਂ ਮੀਟਦਾ ਤਦੋਂ ਹੀ ਉਸਨੂੰ ਇਸ ਤਰਾਂ ਅਨੁਭਵ ਹੁੰਦਾ ਜਿਵੇਂ ਕੋਈ ਵਡੇ ਕਦ ਵਾਲਾ ਪੁਰਸ਼ ਜਿਸਨੂੰ ਉਹ ਪਛਾਣਦਾ ਨਹੀਂ

ਸਕਦਾਸੀ, ਉਹਦੀ ਛਾਤੀ ਉਪਰ ਆ ਬੈਠਦਾ ਉਹ ਤ੍ਰਬਕਕੇ ਉਠ ਬੈਠਦਾ।ਸਿਰ ਦਰਦ ਨਾ ਹੱਟਦੀ ਤੇ ਹਿਰਦਾ ਕੰਬਦਾ ਰਹਿੰਦਾ।ਦੋਕੁ ਦਿਨ ਤਾਂਉਸਨੇ ਕੋਈ ਖਿਆਲ ਨ ਕੀਤਾ, ਪਰ ਤੀਸਰੇ ਦਿਨ ਨਾ ਸੌਂ ਸਕਿਆ। ਜਾਗਦਿਆਂ ਹੋਇਆਂ ਉਹਦੀਆਂ ਅੱਖਾਂ ਅਗੇ ਚਿਖਾ ਬਦਲੀ ਹੋਈ ਦਿਸਣ ਲੱਗੀ। ਅਨੇਕਾਂ ਰੂਹਾਂ ਉਸ ਨੂੰ ਡਰਾਉਂ-ਦੀਆਂ ਸਨ। ਉਸ ਨੇ ਸ਼ਾਹੀ ਹਕੀਮਾਂ ਤੇ ਨਜੂਮੀਆਂ ਨੂੰ ਕੋਲ ਸਦਿਆ, ਉਨ੍ਹਾਂ ਨੇ ਆਪੋ ਆਪਣੀ ਅਕਲ ਨਾਲ ਬਾਦਸ਼ਾਹ ਨੂੰ ਕਈ ਰੋਗ ਦਸੇ। ਬਾਦਸ਼ਾਹ ਘਬਰਾ ਗਿਆ ਉਸਨੂੰ ਚੇਤੇਆਗਿਆ ਕਿ ਸ਼ਾਇਦ ਸਾੜਸਤੀ ਦੇ ਆਉਣਦਾ ਸਮਾਂ ਆ ਪੁਜਾ ਹੈ। ਭੈ ਦੇ ਕਾਰਨ ਬਾਦਸ਼ਾਹ ਦਾ ਲਹੂ ਸੁਕ ਗਿਆ। ਉਸ ਨੇ ਸਾਰੀਆਂ ਬੇਗਮਾਂ, ਲੜਕਿਆਂ ਤੇ ਹੋਰ ਸਬੰਧੀਆਂ ਨੂੰ ਕੋਲ ਸਦ ਲਿਆ। ਬਾਦਸ਼ਾਹ ਦਾ ਰੰਗ ਪੀਲਾ ਹੋ ਗਿਆ। ਮਜੂਨਾਂ, ਦਵਾਈਆਂ ਤੇ ਹੋਰ ਚਾਰੇ ਚਲਨ ਲਗੇ। ਜੰਤ੍ਰ-ਮੰਤ੍ਰਾਂ ਨੂੰ ਵਰ ਕਰਕੇ ਥਕ ਚੁਕੇ ਪਰ ਬਾਦਸ਼ਾਹ ਨੂੰ ਰਤਾ ਅਰਾਮ ਨਾ ਆਗਿਆ। ਉਸਦਾ ਰੋਗ ਵਧਦਾ ਹੀ ਗਿਆ।

ਪੀਰ ਜਲਾਲ ਦੀਨ ਉਸ ਸਮੇਂ ਆਗਰੇ ਵਿਚ ਬਹੁਤ ਵਡੇ ਔਲੀਏ ਸਨ। ਬਾਦਸ਼ਾਹ ਦੇ ਹੁਕਮ ਨਾਲ ਉਨ੍ਹਾਂ ਨੂੰ ਵੀ ਹਰਮਾ ਵਿਚ ਸਦਿਆ ਗਿਆ। ਬਾਦਸ਼ਾਹ ਦੀ ਹਾਲਤ ਦਖਕੇ ਤੇ ਬਾਦਸ਼ਾਹ ਦੇ ਬਿਆਨ ਨੂੰ ਸੁਣਕੇ ਜਲਾਲ ਦੀਨ ਨੇ ਕਿਹਾ—'ਆਲਮ ਪਨਾਹ! ਇਉਂ ਜਾਪਦਾ ਹੈ ਕਿ ਕਿਸੇ ਚੰਗੇ ਬਜ਼ੁਰਗ ਜਾਂ ਵਲੀ ਦੀ ਤੁਸਾਂ ਬੇਅਦਬੀ ਕੀਤੀ ਹੈ।-ਹੋ ਸਕਦਾ ਹੈ, ਤੁਸਾਂ ਦੇ ਹੁਕਮ ਨਾਲ ਜਾਂ ਕਿਸੇ ਤੁਹਾਡੇ ਆਦਮੀ ਦੇ ਹਥੋਂ ਕਿਸੇ ਨੂੰ ਕਿਸੇ ਬੰਦੀਖਾਨੇ ਵਿਚ ਡਕਿਆ ਹੋਵੇਗਾ। ਉਸ ਨੂੰ ਆਜ਼ਾਦ ਕੀਤੇ ਬਿਨਾ ਇਹ ਰੋਗ ਨਹੀਂ ਹਟ ਸਕਦਾ।'

ਪੀਰ ਜਲਾਲ ਦੀਨ ਦੇ ਐਸੇ ਸੁਖਣ ਸੁਣ ਕੇ ਚੰਦੂ ਤੇ ਉਹਦੇ ਸਾਥੀ ਤਾਂ ਜ਼ਬਾਨ ਘੁਟ ਗਏ ਤੇ ਹੋਰ ਮੰਤ੍ਰੀਆਂ ਨ ਕਿਹਾ—'ਪੀਰ ਜੀ! ਐਸਾ ਸਤ ਪੁਰਖ ਤਾਂ ਕੋਈ ਕੈਦ ਨਹੀਂ ਕੀਤਾ ਗਿਆ, ਹਾਂ ਲਾਹੌਰ ਵਿਚ (ਗੁਰੂ) ਅਰਜਨ (ਦੇਵ ਜੀ) ਆਪਦੇ ਹਿੰਦੂ ਸੰਤ ਨੂੰ ਸਜ਼ਾ ਦਿਤੀ ਸੀ ਉਸ ਗਲ ਨੂੰ ਵੀ ਬਹੁਤ ਚਿਰ ਹੋ ਗਿਆ ਹੈ।'

ਪੀਰ ਜਲਾਲ ਦੀਨ ਬਹੁਤ ਨਿਰਭੈ ਸੀ ਉਸ ਨੇ ਫਿਰ ਕਿਹਾ—

'ਸੋਚੋ ਤੇ ਪੜਤਾਲ ਕਰੋ ਜ਼ਰੂਰ ਕਿਸੇ ਰਬੀ ਬੰਦੇ ਨੂੰ ਨਜ਼ਰਬੰਦ ਕੀਤਾ ਗਿਆ ਹੈ। ਨਜਰਬੰਦੀ ਪਿਛੋਂ ਬਾਦਸ਼ਾਹ ਸਲਾਮਤ ਭੁਲ ਗਏ ਹਨ। ਉਸ ਰਬੀ ਬੰਦੇ ਨੂੰ ਜੋ ਪ੍ਰਾਣੀ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਤੜਫ ਰਹੇ ਹਨ, ਉਨ੍ਹਾਂ ਦੀ ਤੜਫ ਇਕੱਠੀ ਹੋ ਕੇ ਬਾਦਸ਼ਾਹ ਦੇ ਦਿਲ ਵਾਸਤੇ ਇਕ ਰੋਗ ਹੈ। ਉਨ੍ਹਾਂ ਨੂੰ ਆਜ਼ਾਦ ਕੀਤਾ ਜਾਵੇ ਤਾਂ ਬਾਦਸ਼ਾਹ ਦਾ ਰੋਗ ਹਟ ਸਕਦਾ ਹੈ।' ਉਹ ਆਖਕੇ ਚਲਿਆ ਗਿਆ, ਪਰ ਚਲਾਕ ਵਜ਼ੀਰਾਂ ਨੇ ਬਾਦਸ਼ਾਹ ਦਾ ਧਿਆਨ ਉਸ ਪਾਸੇ ਜਾਣ ਹੀ ਨਾ ਦਿੱਤਾ। ਕਿਸੇ ਨੇ ਯਾਦ ਹੀ ਨਾ ਕਰਾਇਆ ਕਿ ਬਾਦਸ਼ਾਹ ਨੇ ਚਾਲੀ ਦਿਨ ਵਾਸਤੇ ਸਤਿਗੁਰੂ ਜੀ ਨੂੰ ਨਜ਼ਰਬੰਦ ਕੀਤਾ ਸੀ ਤੇ ਪਿਛੋਂ ਵਾਤ ਹੀ ਨਹੀਂ ਪੁੱਛੀ।

ਬਾਦਸ਼ਾਹ ਰੋਗੀ ਰਿਹਾ। ਉਸ ਨੂੰ ਰਾਤ ਨੀਂਦ ਨਾ ਆਉਂਦੀ। ਜਦੋਂ ਹੀ ਅੱਖ ਲਗਦੀ ਤਦੋਂ ਉਹ ਡਰ ਜਾਂਦਾ। ਉਹਦੇ ਸਾਹਮਣੇ ਭੂਤ-ਪ੍ਰੇਤ ਆਉਂਦੇ, ਕੋਈ ਛਾਤੀ ਉਤੇ ਬੈਠ ਕੇ ਉਸਨੂੰ ਕੁਟਣ ਲੱਗ ਪੈਂਦਾ ਤੇ ਕਦੀ ਉਸ ਨੂੰ ਇੰਝ ਪ੍ਰਤੀਤ ਹੁੰਦਾ ਜਿਵੇਂ ਕੋਈ ਮਹਾਨ ਸ਼ਕਤੀ ਉਸ ਨੂੰ ਚੁਕ ਕੇ ਦੂਰ ਲੈ ਚਲੀ ਹੈ ਤੇ ਅਣਡਿੱਠੀ ਉਚੀ ਥਾਂ ਤੋਂ ਹੇਠਾਂ ਸੁਟ ਰਹੀ ਹੈ। ਕਦੀ ਉਸ ਨੂੰ ਕੋਈ ਵਲੀ ਪਹਾੜ ਦੀ ਚੋਟੀ ਤੋਂ ਰੋੜ੍ਹ ਰਿਹਾ ਹੈ। ਐਸੇ ਭਿਆਨਕ ਡਰਾਉਣੇ ਸੁਪਨਿਆਂ ਨਾਲ ਉਹਦਾ ਲਹੂ ਸੁਕਦਾ ਜਾਂਦਾ ਸੀ। ਉਸਨੇ ਸਾਰੇ ਹਕੀਮ, ਜੋਤਸ਼ੀਆਂ ਤੇ ਨਜੂਮੀਆਂ ਨੂੰ ਸਦਿਆ ਤੇ ਆਖਿਆ:—'ਮੈਂ ਕੁਝ ਇਨਾਂ ਵਿਚ ਹੀ ਰਾਜੀ ਹੋਣਾ ਚਾਹੁੰਦਾ ਹਾਂ, ਨਹੀਂ ਤੇ ਆਪ ਮਰਨ ਤੋਂ ਪਹਿਲਾਂ ਤੁਸਾਂ ਸਾਰਿਆਂ ਨੂੰ ਮਰਵਾ ਦੇਵਾਂਗਾ। ਛੇਤੀ ਕਰੋ, ਮੇਰੇ ਰੋਗ ਦੀ ਪਛਾਣ ਕਰੋ, ਮੇਰਾ ਇਲਾਜ ਕਰੋ।'

ਮੁਗਲ ਬਾਦਸ਼ਾਹ ਦਾ ਇਹ ਹੁਕਮ ਸੁਣਕੇ ਸਾਰੇ ਹਕੀਮ, ਵੈਦ ਤੇ ਜੋਤਸ਼ੀ ਘਬਰਾ ਗਏ।ਉਹ ਸਮਝਦੇ ਸਨ ਕਿ ਬਾਦਸ਼ਾਹ ਦਾ ਹੁਕਮ ਰੱਬੀ ਹੁਕਮ ਹੁੰਦਾ ਸੀ।ਉਨ੍ਹਾਂ ਸਾਰਿਆਂ ਨੇ ਇਕ ਥਾਂ ਇਕੱਠੇ ਹੋਕੇ ਵਿਚਾਰ ਕੀਤੀ ਕਿ ਬਾਦਸ਼ਾਹ ਦੇ ਕ੍ਰੋਧ ਕੋਲੋਂ ਬਚਨ ਦਾ ਕੋਈ ਸਾਧਨ ਲਭਿਆ ਜਾਵੇ। ਦੇਵ ਨੇਤ ਨਾਲ ਲਾਹੌਰ ਦੇ ਮਸ਼ਹੂਰ ਸੂਫੀ ਫਕੀਰ ਮੀਆਂ ਮੀਰ ਜੀ ਦਿੱਲੀ ਪੁਜ ਗਏ। ਉਸ ਨੇ ਬਾਦਸ਼ਾਹ ਦੇ ਦਰਸ਼ਨ ਕੀਤੇ।

'ਪੀਰ ਜੀ ! ਮੈਂ ਬਹੁਤ ਦੁਖੀ ਹਾਂ, ਮੇਰੇ ਰੋਗ ਨੂੰ ਦੂਰ ਕਰੋ। ਖੁਦਾ ਵੀ ਮੇਰੀਆਂ ਫਰਿਆਦਾਂ ਨਹੀਂ ਸੁਣਦਾ।' ਬਾਦਸ਼ਾਹ ਜਹਾਂਗੀਰ ਦਾ ਮੀਆਂ ਮੀਰ

ਅੱਗੇ ਤਰਲਾ ਸੀ।

ਮੀਆਂ ਮੀਰ ਬਹੁਤ ਧਰਮਾਤਮਾ ਪੁਰਖ ਸੀ। ਉਹ ਲਾਹੌਰੋਂ ਆਇਆ ਹੀ ਏਸੇ ਵਾਸਤੇ ਸੀ ਕਿ ਬਾਦਸ਼ਾਹ ਨੂੰ ਉਹਦੀ ਭੁਲ ਚੇਤੇ ਕਰਾਵੇ। ਸ੍ਰੀ ਅੰਮ੍ਰਿਤਸਰ ਤੋਂ ਕਈ ਗੁਰ ਸਿੱਖ ਪੀਰ ਜੀ ਕੋਲ ਪ੍ਹੁੰਜੇ ਸਨ ਤੇ ਲਾਹੌਰ ਦੇ ਸਿੱਖਾਂ ਨੂੰ ਸਾਥ ਲੈ ਕੇ ਪੀਰ ਜੀ ਪਾਸ ਬੇਨਤੀ ਕੀਤੀ ਸੀ ਕਿ ਬਾਦਸ਼ਾਹ ਨੂੰ ਗਿਆਨ ਕਰਾਵੇ ਕਿ ਸਤਿਗੁਰੂ ਜੀ ਦਾ ਗੁਵਾਲੀਅਰ ਦੇ ਕਿਲੇ ਵਿਚ ਬੰਦ ਰਖਣਾ ਯੋਗ ਨਹੀਂ। ਲੱਖਾਂ ਹੀ ਨਰ ਨਾਰੀ ਸਕਿਗੁਰੂ ਜੀ ਦੇ ਦਰਸ਼ਨਾਂ ਤੋਂ ਬਿਨਾ ਕਿਸਤਰ੍ਹਾਂ ਤੜਫ ਰਹੇ ਰਨ ਜਿਵੇਂ ਪਾਣੀ ਤੋਂ ਬਿਨਾ ਮੱਛੀ ਤੜਫਦੀ ਹੈ। ਬਾਦਸ਼ਾਹ ਨੇ ਚੰਗਾ ਕੀਤਾ ਜੋ ਆਪ ਹੀ ਆਪਣੇ ਰੋਗ ਦੀ ਗੱਲ ਛੇੜ ਦਿੱਤੀ। ਜੇ ਉਹ ਗੱਲ ਨਾ ਕਰਦਾ ਮੀਆਂ ਮੀਰ ਨੇ ਆਪ ਉਹ ਗੱਲ ਕਰਨੀ ਸੀ।

'ਬਾਦਸ਼ਾਹ ਸਲਾਮਤ! ਬੰਦਾ ਭੁਲਾਂ ਕਰਦਾ ਰਹਿੰਦਾ ਹੈ, ਭਾਵੇਂ ਬੰਦਾ ਬਾਦਸ਼ਾਹ, ਵਜ਼ੀਰ, ਵਿਦਵਾਨ ਜਾਂ ਸਧਾਰਨ ਬੰਦਾ ਹੋਵੇ ਉਹਦੇ ਕੋਲੋਂ ਭੁਲ ਜ਼ਰੂਰ ਹੋ ਜਾਂਦੀ ਹੈ। ਕਈ ਵਾਰ ਐਸੀਆਂ ਵਡੀਆਂ ਭੁਲਾ ਹੁੰਦੀਆਂ ਨੇ ਜੋ ਇਕ ਰੋਗ ਬਣਕੇ ਆਤਮਾ ਨੂੰ ਟੰਕੋਰਦੀਆਂ ਹਨ ਕਿ ਕਿਵੇਂ ਉਸਨੂੰ ਕੀਤੀਆਂ ਭੁਲਾਂ ਯਾਦ ਆ ਜਾਣ। ਮਾੜੇ ਚੰਗੇ ਕਰਮ ਵੀ ਬੰਦੇ ਦੀ ਆਤਮਾ ਉਪਰ ਅਸਰ ਕਰਦੇ ਹਨ ਆਪਣੇ ਕਰਮਾ ਦੇ ਕਾਰਨ ਹੀ ਬੰਦਾ ਰੋਗੀ ਹੁੰਦਾ ਹੈ, ਖੁਦਾ ਉਸਨੂੰ ਰੋਗੀ ਨਹੀਂ ਕਰਦਾ।' ਮੀਆ ਮੀਰ ਦਾ ਬਚਨ ਸੀ।

ਬਾਦਸ਼ਾਹ ਜਹਾਂਗੀਰ—'ਪਰ ਮੈਂ ਤਾਂ ਕੋਈ ਮਾੜਾ ਕਰਮ ਨਹੀਂ ਕੀਤਾ ਤੇ ਨਾ ਕੋਈ ਭੁਲ ਕੀਤੀ ਹੈ।'

ਮੀਆਂ ਮੀਰ—'ਬਾਦਸ਼ਾਹ ਸਲਾਮਤ ਨੇ ਨਿਰੀ ਭੁਲ ਹੀ ਨਹੀਂ ਕੀਤੀ ਸਗੋਂ ਠਗੀ ਕੀਤੀ ਹੈ। ਇਕ ਖੁਦਾ ਦੇ ਪਿਆਰੇ ਬੰਦੇ ਨਾਲ ਧੋਖਾ ਕੀਤਾ ਹੈ ਝੂਠ ਬੋਲਿਆ ਹੈ।'

ਮੀਆਂ ਮੀਰ ਦੀ ਜ਼ਬਾਨੋਂ ਸਚ ਸੁਣਕੇ ਜਹਾਂਗੀਰ ਤ੍ਰਬਕ ਉਠਿਆਂ, ਉਸਨੇ ਹੈਰਾਨੀ ਨਾਲ ਪੁਛਿਆ—'ਮੈਂ ਕਿਸ ਨਾਲ ਧੋਖਾ ਕੀਤਾ? ਕੇਹੜੀ ਭੁਲ ਕੀਤੀ?'

'ਬਾਦਸ਼ਾਹ ਸਲਾਮਤ ਨੂੰ ਮੈਂ ਚੇਤੇ ਕਰਾਉਂਦਾ ਹਾਂ।' ਮੀਆਂ ਮੀਰ ਨੇ ਹੌਂਸਲੇ ਨਾਲ ਬਾਦਸ਼ਾਹ ਜਹਾਂਗੀਰ ਨੂੰ ਉਸਦੀ ਭੁਲ ਚੇਤੇ ਕਰਾਉਣੀ ਸ਼ੁਰੂ

ਕੀਤੀ—'ਜਹਾਂ ਪਨਾਹ ਦੇ ਪਾਸ ਸਤਿਗੁਰੂ ਹਰਿਗੋਬਿੰਦ ਸਾਹਿਬ ਸਪੁਤ੍ਰ ਗੁਰੂ ਅਰਜਨ ਦੇਵ ਜੀ, ਆਪ ਦੇ ਪਾਸ ਆਏ ਤੇ ਕੋਲ ਰਹੇ ਸਨ। ਉਹ ਖ਼ੁਦਾ ਦੇ ਸਚੇ ਆਸ਼ਕ ਹਨ। ਰਾਤ ਦਿਨ ਖ਼ੁਦਾ ਦੀ ਬੰਦਗੀ ਕਰਦੇ ਹਨ, ਐਸੇ ਬ੍ਰਹਮ ਗਿਆਨੀ, ਵਲੀ ਪੀਰਾਂ ਦੇ ਪੀਰ ਨੂੰ ਬਾਦਸ਼ਾਹ ਸਲਾਮਤ ਨੇ ਇਹ ਆਖਕੇ ਕਿਲੇ ਗਵਾਲੀਅਰ ਵਿਚ ਬੰਦ ਕੀਤਾ ਸੀ ਕਿ ਸਾੜ੍ਹਸਤੀ ਵਾਸਤੇ ਚਾਲੀ ਦਿਨ ਖ਼ੁਦਾ ਦੀ ਬੰਦਗੀ ਕੀਤੀ ਜਾਵੇ, ਉਹ ਆਪ ਦਾ ਹੁਕਮ ਮੰਨਕੇ ਕਿਲੇ ਵਿਚ ਜਾ ਬੈਠੇ। ਪਰ ਆਪ ਉਨ੍ਹਾਂ ਨੂੰ ਭੁਲ ਗਏ ਹੋ। ਕਈ ਮਹੀਨੇ ਲੰਘ ਗਏ ਆਪ ਨੇ ਕੋਈ ਪਤਾ ਨਹੀਂ ਕੀਤਾ। ਸਾੜ੍ਹਸਤੀ ਆਉਣੀ ਨਹੀਂ ਸੀ ਸਗੋਂ ਉਨ੍ਹਾਂ ਮਹਾਂ ਪੁਰਖਾਂ ਦੇ ਨਜ਼ਰਬੰਦ ਕਰਨ ਤੇ ਆਈ ਹੈ। ਸਤਿਗੁਰੂ ਜੀ ਦੇ ਹਜ਼ਾਰਾਂ ਸਿਖ ਦਰਸ਼ਨਾ ਵਾਸਤੇ ਤੜਪ ਰਹੇ ਹਨ, ਉਨ੍ਹਾਂ ਦਾ ਤੜਫਣਾ ਉਨ੍ਹਾਂ ਦਾ ਉਨੀਂਦਰੇ ਰਹਿਣਾ ਤੇ ਚਿੰਤਾ ਕਰਨਾ ਆਪ ਦੀ ਆਤਮਾ ਵਾਸਤੇ ਰੋਗ ਹੈ। ਆਪ ਨੂੰ ਆਪ ਦੇ ਸਲਾਹਕਾਰਾਂ ਤੇ ਚੰਦੂ ਜਹੇ ਹਿੰਦੂ ਨੌਕਰਾਂ ਨੇ ਇਹ ਰੋਗ ਲਾਇਆ ਹੈ। ਜੇ ਭਲਾ ਚਾਹੁੰਦੇ ਹੋ ਤਾਂ ਹੁਣੇ ਹੀ ਹੁਕਮ ਕਰੋ ਤੇ ਗੁਵਾਲੀਅਰ ਦੇ ਕਿਲੇ ਵਿਚੋਂ ਸਤਿਗੁਰੂ ਜੀ ਨੂੰ ਸੁਤੰਤ੍ਰ ਕਰੋ। ਉਨ੍ਹਾਂ ਦੀ ਸੁਤੰਤ੍ਰਤਾ ਨਾਲ ਆਪਨੂੰ ਅਰੋਗਤਾ ਤੇ ਸ਼ਾਂਤੀ ਨਸੀਬ ਹੋਵੇਗੀ—'ਮਿਲਿ ਪ੍ਰੀਤਮ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਨਾਨਕ ਸੁਖ ਦਾਤਾ ਸੇਵਿਆ ਆਪੇ ਰਖਣਹਾਰੁ ॥'

ਦੁਖੀ ਹੋਇਆ ਹੋਇਆ ਬਾਦਸ਼ਾਹ ਮੀਆਂ ਮੀਰ ਦੀਆਂ ਸੱਚੀਆਂ ਗੱਲਾਂ ਸੁਣਕੇ ਸਹਿ ਗਿਆ, ਉਸਨੇ ਉਸੇ ਵੇਲੇ ਲਿਖਤੀ ਫੁਰਮਾਨ ਜਾਰੀ ਕੀਤਾ ਕਿ ਸਤਿਗੁਰੂ ਜੀ ਨੂੰ ਸਤਿਕਾਰ ਨਾਲ ਬੰਦੀਖਾਨੇ ਵਿਚੋਂ ਸੁਤੰਤ੍ਰ ਕਰ ਦਿਤਾ ਜਾਵੇ।

੨੧. ਸਤਿਗੁਰੂ ਜੀ ਨੇ ਪਰ ਰਾਜਿਆਂ ਨੂੰ ਸੁਤੰਤ੍ਰ ਕਰਾਉਣਾ

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥
ਕਰਮੁ ਨ ਜਾਨਾ ਧਰਮੁ ਨ ਜਾਨਾ ਲੋਭੀ ਮਾਇਆ ਧਾਰੀ ॥
ਨਾਮੁ ਪਰਿਓ ਹੈ ਭਗਤ ਗੋਬਿੰਦ ਕਾ ਇਹੁ ਰਾਖਹੁ ਪੈਜ ਤੁਮਾਰੀ ॥ ੧ ॥
ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰ ਮੇਰਾ ਗੋਬਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ ੨ ॥ (ਸੋਰਠਿ ਮਹਲਾ ੫)

ਤਿਸਦਾ ਪ੍ਰਮਾਰਥ—'ਉਹ ਵਾਹਿਗੁਰੂ ਵਿਗੜੀ ਹੋਈ ਹਾਲਤ ਨੂੰ ਸੁਵਾਰਨ ਵਾਲਾ ਕੈਦੀਆਂ ਨੂੰ ਕੈਦਖਾਨਿਆਂ ਵਿਚੋਂ ਸੁਤੰਤ੍ਰ ਕਰਾਉਣ ਵਾਲਾ ਅਤੇ ਦੁਖਾਂ ਨੂੰ ਨਸ਼ਟ ਕਰਨ ਵਾਲਾ ਬਿਨਾ ਮੈਲ ਤੋਂ ਸਭ ਦਾ ਰਾਖਾ ਤੇ ਕਰਤਾ ਹੈਪਰ ਜੀਵ ਕਰਮ ਧਰਮ ਨੂੰ ਤਾਂ ਜਾਣਦਾ ਨਹੀਂ ਮਾਇਆ ਦੇ ਲਾਲਚ ਵਿਚ ਹੀ ਜਗਤ ਨਾਲ ਠੱਗੀਆਂ ਕਰਦਾ ਫਿਰਦਾ ਹੈ। ਮਾਇਆ ਨਾਲ ਪ੍ਰੇਮ ਕਰਦਾ ਹੈ ਐਸੇ ਲੋਭੀਪੁਰਖ ਨੂੰਗਿਆਨ ਹੀ ਨਹੀਂ ਕਿ ਉਸ ਨੇ ਕਰਤੇ ਨੂੰ ਯਾਦ ਕਰਨਾ ਹੈ । ਹੇ ਪ੍ਰਮਾਤਮਾ ਆਪ ਨਿਮਾਣਿਆਂ ਦਾ ਮਾਣ ਰਖਣ ਵਾਲੇ ਹੋ । ਪ੍ਰਮਾਤਮਾ ਨਕੰਮਿਆਂ ਨੂੰ ਵੀ ਚੰਗੇ ਮੁਲ ਵਾਲੇ ਪੁਰਖ ਭਾਵ ਮਾੜਿਆਂ ਤੇ ਨੀਚਾਂ ਨੂੰ ਵੀ ਉੱਚੀ ਭਗਤੀ ਦੀ ਪਦਵੀ ਬਖਸ਼ਦਾ ਹੈ । ਇਸ ਵਾਸਤੇ ਪ੍ਰਮਾਤਮਾ ਦੀ ਲੀਲ੍ਹਾ ਦਾ ਭੇਦ ਨਹੀਂ ਆਉਂਦਾ। ਵਾਹਿਗੁਰੂ ਉਸ ਬਾਪ ਦੀ ਤਰ੍ਹਾਂ ਜੀਵਾਂ ਨਾਲ ਪਿਆਰ ਕਰਦਾ ਹੈ, ਜੋ ਬਾਪ ਪੁਤ੍ਰ ਨੂੰ ਝਿੜਕਦਾ, ਭੁਲ ਕਰਨ ਤੇ ਮਾਰਦਾ ਭੀ ਹੈ ਤੇ ਫਿਰ ਪਿਆਰ ਨਾਲ ਗਲ ਲਾਕੇ ਆਸਰਾ ਵੀ ਦੇਂਦਾ ਹੈ । ਬੱਚਾ ਭਾਵੇਂ ਲਖਾਂ ਅਪਰਾਧ ਕਰੇ, ਬਾਪ ਉਹਦੇ ਨਾਲ ਪ੍ਰੇਮ ਕਰਦਾ ਰਹਿੰਦਾ ਹੈ ਪਿਛਲੇ ਅਪਰਾਧ ਬਖਸ਼ ਦੇਂਦਾ ਹੈ ਤੇ ਅਗੇ ਤੋਂ ਨੇਕ ਬਣਕੇ ਤੁਰਨ ਵਾਸਤੇ ਸਿਖਿਆ ਦੇਂਦਾ ਹੈ ।

ਐਸੇ ਪ੍ਰਮਾਤਮਾ ਨੂੰ ਕਦੀ ਨਹੀਂ ਭੁਲਣਾ ਚਾਹੀਦਾ ਤੇ ਸਦਾ ਚੇਤੇ ਰਖਣਾ ਚਾਹੀਦਾ ਹੈ।

ਸਤਿਗੁਰੂ ਜੀ ਦੀ ਸਿਖਿਆ ਅਨੁਸਾਰ ਉਪਰੋਕਤ ਸ਼ਬਦ ਦਾ ਪਾਠ ਰੋਜ਼ ਉਹ ਰਾਜੇ ਕਰਦੇ ਸਨ, ਜੋਗੁਵਾਲੀਅਰ ਦੇ ਕਿਲੇ ਵਿਚ ਬੰਦ ਸਨ। ਉਨ੍ਹਾਂ ਦਾ ਆਸਰਾ ਨਾਮ ਬਣ ਚੁਕਾ ਸੀ। ਉਹ ਜਦੋਂ ਆਪੋ ਆਪਣੀ ਕੋਠੜੀ ਵਿਚ ਇਕਲੇ ਬੈਠਦੇ ਤਾਂ ਹੋਰ ਬਾਣੀ ਦੇ ਨਾਲ ਇਸ ਸ਼ਬਦ ਦਾ ਪਾਠ ਕਈ ਵਾਰ ਕਰਦੇ। ਜਿਉਂ ਜਿਉਂ ਪਾਠ ਕਰਦੇ ਸਨ, ਤਿਉਂ ਤਿਉਂ ਅਗਿਆਨਤਾ ਦਾ ਨਾਸ ਹੁੰਦਾ ਸੀ। ਸਵੇਰੇ ਤੇ ਸ਼ਾਮ ਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਦਰਸ਼ਨ ਕਰਕੇ ਜੀਵਨ ਮਰਨ ਦੇ ਬੰਧਨ ਕਟਦੇ। ਸਤਿਗੁਰੂ ਜੀ ਦੇ ਕਿਲੇ ਵਿਚ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਨੂੰ ਹਜ਼ਾਰਾਂ ਤੰਗੀਆਂ ਸਨ। ਉਨ੍ਹਾਂ ਦੇ ਹਿਰਦੇ ਅਸ਼ਾਂਤ ਰਹਿੰਦੇ ਤੇ ਚਿੰਤਾ ਦੀ ਜਵਾਲਾ ਨਾਲ ਸੜਦੇ ਰਹਿੰਦੇ ਸਨ ਪਰ ਸਤਿਗੁਰੂ ਜੀ ਦੇ ਸਤਿਸੰਗ ਨਾਲ ਉਨ੍ਹਾਂ ਦੇ ਹੋਰ ਸਾਰੇ ਦੁਖ ਦੂਰ ਹੋ ਗਏ ਸੀ ਸਿਰਫ ਇਕ ਦੁਖ ਪਰਵਾਰ ਨਾਲੋਂ ਵਿਛੜਨ ਦਾ ਸੀ ਉਸ ਦੁਖ ਦੇ ਦੂਰ ਹੋਣ ਦਾ ਵੀ ਸਮਾ ਨੇੜੇ ਆ ਪੁਜਾ ਸੀ।

ਦੁਪਹਿਰ ਦਾ ਵੇਲਾ ਸੀ, ਸਤਿਗੁਰੂ ਜੀ ਆਸਣ ਉਤੇ ਬੈਠੇ ਹੋਏ ਸਨ। ਉਨ੍ਹਾਂ ਦੇ ਸੁੰਦਰ ਚੇਹਰੇ ਉਪਰ ਅਲਾਹੀ ਨੂਰ ਦੀਆਂ ਕਿਰਨਾ ਸਨ। ਨੈਣਾਂ ਵਿਚ ਉਹ ਸ਼ਕਤੀ ਸੀ ਜੋ ਸ਼ਕਤੀ ਦੁਖੀਆਂ ਦੇ ਦੁਖ ਕਟ ਸਕਦੀ ਹੈ। ਬੁਲ੍ਹਾਂ ਤੋਂ ਸ਼ਬਦ ਨਿਰਦਾ ਸੀ, ਉਹ ਅੰਮ੍ਰਿਤ ਦੇ ਘੁਟ ਸਨ ਉਹ ਅੰਮ੍ਰਿਤ ਦੇ ਘੁਟ ਨੂੰ ਜਗਿਆਸੂ ਬੈਠੇ ਪੀ ਰਹੇ ਸਨ। ਜਗਿਆਸੂ ਕੌਣ ਸਨ? ਰਾਜਪੂਤ, ਜਿਨ੍ਹਾਂ ਨੂੰ ਮੁਗਲ ਸਮਰਾਟ ਨੇ ਕੈਦੀ ਬਣਾ ਕੇ ਰਖਿਆ ਹੋਇਆ ਸੀ ਜੋ ਭਾਰਤ ਦੀ ਫੁਟ ਦਾ ਸ਼ਿਕਾਰ ਹੋਏ ਹੋਏ ਸਨ, ਜਿਨ੍ਹਾਂ ਹੰਕਾਰ ਸੀ ਕਦੀ ਕਿ ਉਹ ਰਾਜਪੂਤ ਸਨ, ਪਰ ਉਸ ਸਮੇਂ ਸਤਿਗੁਰੂ ਜੀ ਦੀ ਸ਼ਰਨ ਵਿਚ ਬੈਠੇ ਹੋਏ ਗੁਰਸਿੱਖ ਪ੍ਰਤੀਤ ਹੋ ਰਹੇ ਹਨ। ਬੰਦੀਖਾਨੇ ਦਾ ਦਰੋਗਾ ਵੀ ਬੈਠਾ ਸੀ। ਉਹ ਵੀ ਨਾਮ ਤੇ ਗੁਰਮਤ ਉਪਦੇਸ਼ ਰੂਪੀ ਅੰਮ੍ਰਿਤ ਪੀ ਰਿਹਾ ਸੀ। ਸਤਿਗੁਰੂ ਜੀ ਬੈਠਿਆਂ ਗੁਰਮੁਖਾਂ ਨੂੰ ਉਪਦੇਸ਼ ਕਰ ਰਹੇ ਸਨ ਉਸ ਸਮੇਂ ਦਰੋਗੇ ਨੂੰ ਸੰਤਰੀ ਨੇ ਆ ਕੇ ਪਾਸੇ ਸਦਿਆ ਤੇ ਆਖਿਆ—'ਇਹ ਸ਼ਾਹੀ ਫੁਰਮਾਨ ਆਇਆ ਹੈ, ਇਸ ਨੂੰ ਪੜ੍ਹ ਲਵੋ ਤੇ ਹੁਣੇ ਇਸ ਤੇ ਅਮਲ ਕਰੋ ਇਹ ਕਹਿਣਾ ਹੈ ਫੁਰਮਾਨ ਲਿਆਉਣ ਵਾਲੇ ਦਾ।' ਇਹ ਆਖ ਕੇ ਸੰਤਰੀ

ਨੇ ਇਕ ਕਾਗਜ਼ ਦਰੋਗੇ ਦੇ ਹੱਥ ਫੜਾਇਆ। ਉਹ ਫੁਰਮਾਨ ਨੂੰ ਪੜ੍ਹਕੇ ਦਰੋਗੇ ਨੂੰ ਖੁਸ਼ੀ ਵੀ ਹੋਈ ਤੇ ਉਦਾਸੀ ਵੀ। ਉਹ ਹਿਰਦੇ ਦੇ ਵਲਵਲਿਆਂ ਨੂੰ ਗੁਪਤ ਨਾ ਰਖ ਸਕਿਆ ਤੇ ਛੇਤੀ ਨਾਲ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆ ਪੁਜਾ।

'ਦਾਤਾ! ਸਮਾਚਾਰ ਖੁਸ਼ੀ ਦਾ ਹੈ। ਬਾਦਸ਼ਾਹ ਨੇ ਆਪ ਦੀ ਆਜ਼ਾਦੀ ਦਾ ਫੁਰਮਾਨ ਭੇਜ ਦਿੱਤਾ ਹੈ। ਆਪ ਹੁਣੇ ਹੀ ਰਿਹਾ ਕੀਤੇ ਜਾ ਰਹੇ ਹੋ। ਬਾਹਰ ਪਾਲਕੀ ਆਈ ਹੈ। ਬਾਦਸ਼ਾਹ ਸਲਾਮਤ ਨੇ ਆਪ ਨੂੰ ਬੜੇ ਸਤਿਕਾਰ ਨਾਲ ਰਾਜ ਭਵਨ ਵਿਚ ਸਦਿਆ ਹੈ। ਬਾਦਸ਼ਾਹ ਸਲਾਮਤ ਬੀਮਾਰ ਹਨ। ਉਹ ਮੰਜੇ ਉਤੇ ਲੇਟੇ ਹੋਏ ਆਪ ਨੂੰ ਯਾਦ ਕਰ ਰਹੇ ਹਨ। ਉਨ੍ਹਾਂ ਦਾ ਫੁਰਮਾਨ ਹੈ ਕਿ ਆਪ ਸਿੱਧੇ ਆਗਰੇ ਪੁਜੋ। ਦਰਸ਼ਨ ਕਰਕੇ ਨਿਹਾਲ ਹੋਣਾ ਚਾਹੁੰਦਾ ਹਾਂ। ਪੀਰ ਮੀਆਂ ਮੀਰ ਜੀ ਵੀ ਆਏ ਹੋਏ ਹਨ। ਬਾਦਸ਼ਾਹ ਸਲਾਮਤ ਅਜ ਦਿੱਲੀ ਤੋਂ ਆਗਰੇ ਪੁਜ ਜਾਣਗੇ।' ਦਰੋਗਾ ਖੁਸ਼ੀ ਦੇ ਲਹਿਜੇ ਵਿਚ ਛੇਤੀ ਛੇਤੀ ਬੋਲੀ ਗਿਆ।

ਸਤਿਗੁਰੂ ਜੀ ਦੇ ਕੋਲ ਬੈਠਿਆਂ ਹੋਇਆਂ ਰਾਜਿਆਂ ਨੇ ਵੀ ਬਾਦਸ਼ਾਹੀ ਫੁਰਮਾਨ ਨੂੰ ਸੁਣਿਆਂ। ਉਨ੍ਹਾਂ ਦੇ ਦਿਲਾਂ ਤੇ ਦਿਮਾਗਾਂ ਦੀ ਹਾਲਤ ਵੀ ਨਿਰਾਲੀ ਹੋ ਗਈ। ਉਹ ਵੀ ਨਾ ਖੁਸ਼ ਸਨ ਤੇ ਨਾ ਸ਼ੋਕਵਾਨ। ਉਹ ਸੋਚਾਂ ਵਿਚ ਗੁੰਮ ਹੋ ਗਏ? ਕਿ ਜੇ ਸਤਿਗੁਰੂ ਜੀ ਚਲੇ ਗਏ ਤਾਂ ਅਸਾਂ ਦੀ ਫਿਰ ਮਾੜੀ ਹਾਲਤ ਹੋ ਜਾਵੇਗੀ। ਕਿਸੇ ਨੇ ਹੌਂਸਲਾ ਨਹੀਂ ਦੇਣਾ, ਕਿਸੇ ਨੇ ਰੋਟੀ ਨਹੀਂ ਪੁਛਣੀ ਤੇ ਕਿਸੇ ਨੇ ਸੁਤੰਤ੍ਰਤਾ ਨਾਲ ਤੁਰਨ ਫਿਰਨ ਨਹੀਂ ਦੇਣਾ।' ਇਹ ਵਿਚਾਰ ਕਰਕੇ ਇਕ ਦੋ ਸਿਆਣੇ ਰਾਜੇ ਕਾਹਲੀ ਨਾਲ ਉਠਕੇ ਅਗੇ ਹੋਏ ਤੇ ਸਤਿਗੁਰੂ ਜੀ ਦੇ ਚਰਨ ਫੜਕੇ ਇਸਤਰਾਂ ਅਰਦਾਸ ਬੇਨਤੀ ਕਰਨ ਲਗੇ—'ਹੇ ਦਾਤਾ! ਦਇਆ ਦੇ ਸਾਗਰ, ਪਾਰਬ੍ਰਹਮ ਪ੍ਰਮੇਸ਼ਰ ਰੂਪ ਸਤਿਗੁਰੂ ਜੀ! ਅਸਾਂ ਗਰੀਬਾਂ, ਦੁਖੀਆਂ ਬੰਦੀਵਾਨਾ ਉਪਰ ਦਇਆ ਕਰੋ, ਅਸੀਂ ਬੰਦੀਖ਼ਾਨੇ ਵਿਚ ਹੀ ਸੜਕੇ ਮਰ ਜਾਵਾਂਗੇ। ਕਿਸੇ ਅਸਾਂ ਦੀ ਵਾਤ ਨਹੀਂ ਪੁਛਣੀ, ਅਗੇ ਹੀ ਪਰਵਾਰਾਂ ਨਾਲੋਂ ਵਿਛੜਿਆਂ ਹੋਇਆਂ ਕਈ ਸਾਲ ਹੋ ਗਏ ਹਨ। ਪਿਛਲਿਆਂ ਦੇ ਦੁਖ ਸੁਖ ਦਾ ਸਮਾਚਾਰ ਵੀ ਕੋਈ ਸੁਣਨ ਨਹੀਂ ਦੇਂਦਾ, ਕਈਆਂ ਦੇ ਲਾਡਲੇ ਪੁਤ ਮਰ ਚੁਕੇ ਹਨ। ਕਈਆਂ ਦੀਆਂ ਧੀਆਂ ਤੇ ਇਸਤ੍ਰੀਆਂ ਮਰਨ ਕਿਨਾਰੇ ਪਈਆਂ ਹਨ। ਹੇ ਦਾਤਾ! ਕੋਈ ਅਸਾਂ ਦੀ ਸੁਣਾਈ

ਨਹੀਂ ਹੁੰਦੀ। ਅਸਾਂ ਨੂੰ ਨਾਲ ਲੈ ਚਲੋ! ਹੇ ਦਾਤਾ ਅਸਾਂ ਨੂੰ ਛੱਡਕੇ ਨਾ ਜਾਵੋ।'

ਰਾਜਿਆਂ ਦੇ ਤਰਲੇ ਨੇ ਸਤਿਗੁਰੂ ਜੀ ਦੀ ਆਤਮਾ ਉਪਰ ਬਹੁਤ ਅਸਰ ਕੀਤਾ। ਸਾਹਿਬ ਸ਼ਾਂਤ ਚਿਤ ਬੈਠੇ ਰਹੇ। ਸਾਹਿਬਾਂ ਨੂੰ ਚੁਪ ਦੇਖ ਕੇ ਰਾਜਿਆਂ ਨੇ ਹੋਰ ਤਰਲਾ ਕਰਨਾ ਸ਼ੁਰੂ ਕੀਤਾ ਉਨ੍ਹਾਂ ਵਿਚੋਂ ਕਈ ਵਡੇਰੀ ਉਮਰ ਦੇ ਸਨ ਫਿਰ ਵੀ ਉਹ ਸਤਿਗੁਰੂ ਜੀ ਅਗੇ ਇਸਤਰਾਂ ਤਰਲੇ ਕਰਨ ਲਗੇ ਜਿਵੇਂ ਛੋਟੇ ਬਾਲ ਹੁੰਦੇ ਹਨ। ਰਾਜਿਆਂ ਦੇ ਮੁਖੀ ਰਾਜੇ ਨੇ ਸਤਿਗੁਰੂ ਜੀ ਦੇ ਚਰਨ ਫੜਕੇ ਆਖਿਆ—'ਹੇ ਦੀਨ ਦਿਆਲ! ਦੁਖ ਭੰਜਣ, ਦੁਖ ਨਿਵਾਰਨ ਵਾਲੇ, ਬੰਦੀ ਛੋੜ ਦਾਤਾਰ! ਅਸਾਂ ਨੂੰ ਸੁਤੰਤ੍ਰ ਕਰਾਓ। ਬਾਦਸ਼ਾਹ ਆਪ ਦਾ ਆਖਿਆ ਨਹੀਂ ਮੋੜੇਗਾ, ਮੇਰਾ ਪੁਤ੍ਰ ਮਰ ਗਿਆ ਇਸਤ੍ਰੀ ਤੇ ਪੁਤ੍ਰੀ ਬੀਮਾਰ ਪਈ ਹੈ। ਰਿਆਸਤ ਸਾਰੀ ਉਜੜ ਗਈ ਹੈ। ਰਾਜ ਭਵਨ ਢਹਿ ਢੇਰੀ ਹੋ ਰਿਹਾ ਹੈ। ਸਤ ਸਾਲ ਮੈਨੂੰ ਬੰਦੀਖਾਨੇ ਵਿਚ ਪਿਆਂ ਹੋ ਗਏ ਹਨ। ਮੇਹਰ ਕਰੋ। ਭਵ ਸਾਗਰ ਤੋਂ ਪਾਰ ਕਰਨ ਹਾਰ ਦਾਤਾਰ ਦਇਆ ਕਰੋ।'

ਸਤਿਗੁਰੂ ਜੀ ਨੇ ਨੇਤ੍ਰ ਖੋਹਲੇ ਸਾਰੇ ਰਾਜਿਆਂ ਵਲ ਦਇਆ ਦ੍ਰਿਸ਼ਟੀ ਨਾਲ ਤਕਿਆ ਤੇ ਮੁਖ ਤੋਂ ਬਚਨ ਉਚਾਰਿਆ—'ਜੋ ਕਰਤਾਰ ਪੁਰਖ ਦਾ ਹੁਕਮ ਹੈ ਉਸੇ ਤਰ੍ਹਾਂ ਹੋਵੇਗਾ। ਅਸੀਂ ਉਤਨਾ ਚਿਰ ਕਿਲੇ ਵਿਚੋਂ ਜਾਵਾਂਗੇ ਨਹੀਂ ਜਿੰਨਾ ਚਿਰ ਤੁਸਾਂ ਰਾਜਿਆਂ ਨੂੰ ਸੁਤੰਤ੍ਰ ਨਾ ਕਰਾ ਲਈਏ।' ਇਸ ਬਚਨ ਨੇ ਰਾਜਿਆਂ ਦੇ ਚੇਹਰਿਆਂ ਦੇ ਰੰਗ ਬਦਲ ਦਿਤੇ। ਉਹ ਆਪੋ ਆਪਣੇ ਆਸਣਾਂ ਤੋਂ ਉਠਕ ਵਾਰੀ ਵਾਰੀ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਣ ਲੱਗੇ। ਉਹਨਾਂ ਨੂੰ ਸੰਜੀਵਨੀ ਬੂਟੀ ਮਿਲ ਗਈ, ਜਿਸ ਬੂਟੀ ਨੇ ਸ੍ਰੀ ਰਾਮਚੰਦ੍ਰ ਤੇ ਲਖਮਣ ਜੀ ਨੂੰ ਨਵਾਂ ਜੀਵਨ ਦਿੱਤਾ ਸੀ, ਉਹਨਾਂ ਦੀ ਸੁਤੰਤ੍ਰਤਾ ਨਵਾਂ ਜੀਵਨ ਸੀ, ਉਹ ਸਾਰੇ ਸਤਿਗੁਰੂ ਜੀ ਦੀ ਉਸਤਤ ਕਰਨ ਲਗੇ।

ਸਤਿਗੁਰੂ ਜੀ ਨੇ ਦਰੋਗੇ ਨੂੰ ਆਖਿਆ—'ਤੁਸੀਂ ਬਾਦਸ਼ਾਹ ਦਾ ਫੁਰਮਾਨ ਵਪਾਸ ਕਰੋ ਤੇ ਜੇ ਲੋੜ ਪਵੇ ਤਾਂ ਆਪ ਜਾਕੇ ਬਾਦਸ਼ਾਹ ਨੂੰ ਮਿਲ ਆਵੋ। ਬਾਦ-ਸ਼ਾਹ ਨੂੰ ਅਸਾਂ ਵਲੋਂ ਆਖੋ ਕਿ ਅਸੀਂ ਉਤਨਾ ਚਿਰ ਕਿਲੇ ਵਿਚੋਂ ਨਹੀਂ ਨਿਕਲਾਂਗੇ, ਜਿੰਨਾ ਚਿਰ ਬਾਕੀ ਦੇ ਪ੍ਰਾਣੀ ਰਾਜੇ ਸੁਤੰਤ੍ਰ ਨਾ ਕੀਤੇ ਜਾਣ। ਇਹ ਅਸਾਂ ਦਾ ਫੈਸਲਾ ਅੰਤਮ ਫੈਸਲਾ ਹੈ।

ਦਰੋਗੇ ਹਰਿਦਾਸ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਆਖਿਆ—'ਦਾਤਾ ! ਏਸੇ ਤਰਾਂ ਹੀ ਕੀਤਾ ਜਾਵੇਗਾ। ਮੈਂ ਆਪ ਆਗਰੇ ਜਾਂਦਾ ਹਾਂ ਤੇ ਬਾਦਸ਼ਾਹ ਨੂੰ ਮਿਲਕੇ ਆਪਦੇ ਮਨੋਭਾਵਾਂ ਨੂੰ ਪ੍ਰਗਟ ਕਰ ਦੇਵਾਂਗਾ।'

ਅਗਲੇ ਦਿਨ ਸਵੇਰੇ ਹੀ ਘੋੜੇ ਉਤੇ ਸਵਾਰ ਹੋਕੇ ਦਰੋਗਾ ਹਰਿਦਾਸ ਗੁਵਾਲੀਅਰ ਕਿਲੇ ਵਿਚੋਂ ਨਿਕਲਕੇ ਆਗਰੇ ਨੂੰ ਤੁਰ ਗਿਆ, ਉਹ ਸਾਰੇ ਦਿਨ ਵਿਚ ਆਗਰੇ ਪਹੁੰਚਾ, ਅਗੇ ਬਾਦਸ਼ਾਹ ਜਹਾਂਗੀਰ ਦਿਲੀ ਤੋਂ ਆ ਚੁਕੇ ਸਨ। ਦਰੋਗਾ ਬਾਦਸ਼ਾਹ ਕੋਲ ਪੁਜਾ ਤੇ ਸਤਿਗੁਰੂ ਜੀ ਦਾ ਹੁਕਮ ਨਾਮਾ ਸੁਣਾ ਦਿੱਤਾ ਸਾਰਾ ਹਾਲ ਸੁਣਕੇ ਬਾਦਸ਼ਾਹ ਨੇ ਆਖਿਆ—'ਰਾਜਿਆਂ ਨੂੰ ਆਜ਼ਾਦ ਕਰੋ, ਪਰ ਜੋ ਕੋਈ ਸਤਿਗੁਰੂ ਜੀ ਦੇ ਚੋਲੇ ਦੀ ਕੰਨੀ ਫੜਕੇ ਬਾਹਰ ਆ ਸਕੇ। ਜੇ ਸਾਰੇ ਕੰਨੀਆਂ ਫੜ ਲੈਣ ਤਾਂ ਸਾਰੇ ਹੀ ਸਹੀ। ਸਤਿਗੁਰੂ ਜੀ ਦਾ ਨਿਰਾਦਰ ਨਾ ਹੋਵੇ,ਉਨ੍ਹਾਂ ਨੂੰ ਪ੍ਰਸੰਨ ਕਰਨਾ। ਮੇਰਾ ਦੁਖ ਘਟ ਰਿਹਾ ਹੈ ਮੈਂ ਅਰੋਗ ਹੋ ਰਿਹਾ ਹਾਂ, ਮੀਆਂ ਮੀਰ ਜੀ ਠੀਕ ਆਖਦੇ ਹਨ ਮੈਂ ਸਚ ਬੋਲਦਾ ਹਾਂ, ਮੇਰੇ ਕੋਲੋਂ ਭੁਲ ਹੋਈ। ਮੈਂ ਖੁਦਾ ਦੇ ਬੰਦੇ ਦਾ ਨਿਰਾਦਰ ਕੀਤਾ।' ਬਾਦਸ਼ਾਹ ਨੇ ਇਨ੍ਹਾਂ ਸ਼ਬਦਾਂ ਨਾਲ ਦਰੋਗੇ ਹਰਿਦਾਸ ਨੂੰ ਉਤਰ ਦਿਤਾਤੇਛੇਤੀ ਨਾਲ ਗੁਵਾਲੀਅਰ ਪੁਜਣ ਵਾਸਤੇਆਖਿਆ। ਦਰੋਗਾ ਹਰਿਦਾਸ ਮੁੜਕੇ ਗੁਵਾਲੀਅਰ ਆਗਿਆ,ਉਸਨੇਸਾਰਾ ਹਾਲਰਾਜਿਆਂ ਤੇ ਸਤਿਗੁਰੂ ਜੀਨੂੰਸੁਣਾ ਦਿੱਤਾ।

ਸਤਿਗੁਰੂ ਜੀ ਦਇਆ ਦੇ ਸਾਗਰ ਸਨ ਉਨ੍ਹਾਂ ਨੇ ਉਸੇ ਵੇਲੇ ਹੁਕਮ ਕੀਤਾ ਕਿ ਇਕ ਚੋਲਾ ਸਿਵਾਇਆ ਜਾਵੇ ਜਿਸ ਦੀਆਂ ਬਵੰਜਾ ਕਲੀਆਂ ਹੋਣ ਤਾਂ ਕਿ ਇਕ ਇਕ ਕਲੀ ਨੂੰ ਫੜਕੇ ਰਾਜੇ ਬਾਹਰ ਹੋ ਸਕਣ। ਦਰੋਗਾ ਹਰਿਦਾਸ ਸਤਿਗੁਰੂ ਜੀ ਦਾ ਸ਼ਰਧਾਲੂ ਸੀ, ਉਸਨੇ ਦਰਜੀ ਕੋਲੋਂ ਐਸਾ ਚੋਲਾ ਸਿਵਾ ਕੇ ਲਿਆ ਦਿਤਾ। ਸਤਿਗੁਰੂ ਜੀ ਨੇ ਉਸ ਚੋਲੇ ਨੂੰ ਗਲ ਪਾਇਆ, ਚੋਲਾ ਗਲ ਪਾਕੇ ਸਾਰੇ ਰਾਜਿਆਂ ਨੂੰ ਕੋਲ ਸਦ ਲਿਆ। ਉਨ੍ਹਾਂ ਨੂੰ ਕਿਹਾ—ਹਰ ਇਕ ਰਾਜਾ ਮੇਰੇ ਚੋਲੇ ਦੀ ਇੱਕ ਇੱਕਕਲੀ ਫੜ ਲਵੇ।' ਰਾਜਿਆਂ ਨੇ ਉਸੇ ਤਰ੍ਹਾਂ ਕੀਤਾਜਦੋਂ ਸਾਰਿਆਂ ਰਾਜਿਆਂ ਨੇ ਕਲੀਆਂ ਫੜ ਲਈਆਂ ਤਾਂ ਸਤਿਗੁਰੂ ਜੀ ਹੌਲੀ ਹੌਲੀ ਕਿਲੇ ਵਿਚੋਂ ਬਾਹਰ ਨਿਕਲੇ ਸਾਰੇ ਰਾਜੇ ਬਾਹਰ ਆ ਗਏ। ਦਰੋਗੇ ਨੇ ਕਿਲੇ ਦੇ ਬੂਹੇ ਬੰਦ ਕਰ ਦਿਤੇ ਤੇ ਮੁੜ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਖਿਮਾ ਮੰਗੀ ਤੇ ਭਵ

ਸਾਗਰ ਤੋਂ ਪਾਰ ਕਰਨ ਵਾਸਤੇ ਅਰਦਾਸ ਕੀਤੀ।ਸਤਿਗੁਰੂ ਜੀਨੇ ਉਸਦੀ ਅਰਦਾਸ ਪ੍ਰਵਾਨ ਕਰਕੇ ਉਹਦੀ ਸੇਵਾ ਦਾ ਫਲ ਉਸਨੂੰ ਇਹ ਦਿੱਤਾ ਕਿ ਉਸਦੇ ਜਨਮ ਮਰਨ ਦੇ ਚੁਰਾਸੀ ਦੇ ਸੰਗਲ ਕਟ ਦਿਤੇ।

ਕਿਲੇ ਦੇ ਬੂਹੇ ਅਗੇ ਤੇ ਕਿਲੇ ਦੀਆਂ ਖਾਈਆਂ ਤੇ ਕੰਧਾਂ ਦੇ ਬਾਹਰ ਸਤਿ- ਗੁਰੂ ਜੀ ਦੇ ਸੱਚੇ ਪ੍ਰੇਮੀ ਤੇ ਸ਼ਰਧਾਲੂ ਸਿੱਖ ਚਤੇ ਪਹਿਰ ਰਹਿੰਦੇ ਸਨ। ਉਨ੍ਹਾਂ ਨੇ ਜਦ ਦੇਖਿਆ ਕਿ ਸਤਿਗੁਰੂ ਜੀ ਬਾਹਰ ਆ ਗਏ ਹਨ ਤਾਂ ਉਹ ਧਾਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆ ਇਕੱਤ੍ਰ ਹੋਏ। ਸਤਿਗੁਰੂ ਜੀ ਦੇ ਚਰਨ ਕਮਲਾ ਦੀ ਧੂੜੀ ਲਈ ਤੇ ਮਥੇ ਤੇ ਨੈਨਾਂ ਉਪਰ ਲਾਈ ਹਰ ਪਾਸੇ 'ਧੰਨ ਸਤਿਗੁਰੂ ਜੀ ! ਧੰਨ ਸਤਿ- ਗੁਰੂ ਜੀ' ਦੀ ਧੁਨ ਦਖਾਈ ਦੇਣ ਲੱਗੀ। ਸਿੱਖ ਸੰਗਤਾਂ ਨੇ ਖੁਸ਼ੀਆਂ ਦੇ ਮੰਗਲ ਗਏ। ਸਤਿਗੁਰੂ ਜੀ ਨੇ ਸਾਰਿਆਂ ਦੇ ਵਰਾਗ ਤੇ ਪ੍ਰੇਮ ਦਾ ਸਤਿਕਾਰ ਕੀਤਾ। ਕਈ ਰੂਹਾਂ ਪ੍ਰੇਮ ਵਿਚ ਦੀਵਾਨੀਆਂ ਹੋ ਕੇ ਇਉਂ ਗਾਉਣ ਲੱਗੀਆਂ—

ਪਿਰੁ ਸਚਾ ਮਿਲੈ ਆਏ ਸਾਚੁ ਕਮਾਵੈ ਸਾਚਿ ਸਬਦਿ ਧਨ ਰਾਤੀ ॥ ਕਦੇ ਨ ਰਾਂਡ ਸਦਾ ਸੋਹਾਗਣਿ ਅੰਤਰ ਸਹਜ ਸਮਾਧੀ॥ ਪਿਰੁ ਰਹਿਆ ਭਰਪੂਰੇ ਵੇਖ ਹਦੂਰੇ ਰੰਗੁ ਮਾਣੇ ਸਹਿਜ ਸੁਭਾਏ ॥ ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥ ੩ ॥ (ਵਡਹੰਸੁ ਮਃ ੩)

੨੨. ਸਤਿਗੁਰੂ ਜੀ ਦਾ ਜਹਾਂਗੀਰ ਨੂੰ ਮਿਲਣਾ

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਅਕਾਸੁ ॥
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ॥ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥(ਸੁਖਮਨੀ)

ਸਤਿਗੁਰੂ ਜੀ ਵਿਚ ਇਹੋ ਵਡਿਆਈ ਸੀ ਕਿ ਵੈਰੀ ਤੇ ਮਿਤ੍ਰ ਨੂੰ ਇੱਕ ਸਮਾਨ ਜਾਣਦੇ ਸਨ, ਉਹ ਮੰਨਦੇ ਸਨ ਕਿ ਮਾਨੁਖ ਪੰਜਾਂ ਦੁਸ਼ਮਨਾਂ ਦੇ ਕਾਰਨ ਭੁਲਾਂ ਕਰਦਾ ਹੈ, ਜਦੋਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤਾਂ ਭੁਲ ਨੂੰ ਚੇਤੇ ਕਰਕੇ ਪਛਤਾਉਂਦਾ ਹੈ। ਉਸ ਪਛਤਾਵੇ ਨਾਲ ਉਹਦੀ ਆਤਮਾ ਨਿਰਮਲ ਹੋਕੇ ਵੈਰੀ ਤੋਂ ਮਿਤ੍ਰ ਭਾਵ ਰਖਣ ਵਾਲੀ ਬਣ ਜਾਂਦੀ ਹੈ।

ਬਾਦਸ਼ਾਹ ਜਹਾਂਗੀਰ ਨੇ ਮੂਰਖ ਮੰਤ੍ਰੀਆਂ ਦੇ ਆਖੇ ਲਗਕੇ ਸਾਚੇ

ਪਾਤਸ਼ਾਹ ਨੂੰ ਕਿਲੇ ਵਿਚ ਬੰਦ ਰਖਿਆ, ਕਿਲੇ ਵਿਚੋਂ ਸੁਤੰਤ੍ਰ ਹੋਣ ਪਿਛੋਂ ਸਤਿਗੁਰੂ ਜੀ ਫਿਰ ਆਗਰੇ ਪੁਜੇ। ਅਗੇ ਬਾਦਸ਼ਾਹ ਆਇਆ ਹੋਇਆ ਸੀ, ਵਜ਼ੀਰ ਖਾਂ ਵੀ ਉਥੇ ਸੀ,ਗੌਂ ਭੁੰਨਾਵੇਂ ਜੌਂ ਵਾਲੀ ਗਲ ਸੀ ਲੋੜ ਬਦਲੇ ਉਚੇਚਾ ਬਾਦਸ਼ਾਹ ਆਗਰੇ ਆਇਆ ਤੇ ਸਤਿਗੁਰੂ ਜੀ ਨੂੰ ਲੈ ਕੇ ਦਿਲੀ ਮੁੜ ਗਿਆ ਸੀ।

ਸਤਿਗੁਰੂ ਜੀ ਦੇ ਮੇਲ ਵੇਲੇ ਜਹਾਂਗੀਰ ਪੂਰਾ ਅਰੋਗ ਨਹੀਂ ਸੀ,ਉਸਨੂੰ ਡਰ ਦੇ ਨਾਲ ਤਾਪ ਹੁੰਦਾ ਸੀ,ਸਿਆਣੇ ਮੁਸਲਮਾਨਾਂ ਦੇ ਸਚੀਆਂ ਗਲਾਂ ਦਸਣ ਤੇ ਉਸਨੂੰ ਭਰੋਸਾ ਹੋ ਚੁਕਾ ਸੀ ਕਿ ਜ਼ਰੂਰ ਮਹਾਂ ਪੁਰਖ ਬ੍ਰਹਮ ਗਿਆਨੀ, ਪ੍ਰਮੇਸ਼ਰ ਦੇ ਰੂਪ ਸਤਿਗੁਰੂ ਜੀ ਨੂੰ ਕਸ਼ਟ ਪਹੁੰਚਾਉਣ ਬਦਲੇ ਹੀ ਉਸਨੂੰ ਆਤਮਿਕ ਤੇ ਸਰੀਰਕ ਕਸ਼ਟ ਉਠਾਉਣਾ ਪਿਆ ਹੈ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਤੇ ਹਥਜੋੜਕੇ ਖਲੋਤਿਆਂ ਦੇਖ ਵਜ਼ੀਰ ਤੇ ਹੋਰ ਮਾਨੁਖ ਹੈਰਾਨ ਹੋਏ। ਦਇਆ ਦੇ ਸਾਗਰ ਸਤਿਗੁਰੂ ਜੀ ਕਰਤਾਰ ਦਾ ਧੰਨਵਾਦ ਕਰਦੇ ਹੋਏ ਮੁਸਕਰਾਏ। ਉਹ ਤਾਂ ਵੈਰ ਨੂੰ ਭੁਲ ਚੁਕੇ ਸਨ। ਉਹ ਪੂਰਨ ਬ੍ਰਹਮ ਗਿਆਨੀ ਸਨ ਉਨ੍ਹਾਂ ਨੇ ਬਾਦਸ਼ਾਹ ਦੇ ਤਰਲੇ ਨੂੰ ਸੁਣਿਆਂ।

ਬਾਦਸ਼ਾਹ ਨੇ ਤਰਲਾ ਕੀਤਾ ਸੀ–'ਸਚੇ ਪਾਤਸ਼ਾਹ! ਮੇਰੇ ਉਪਰ ਦਇਆ ਕਰੋ,ਮੈਂ ਭੁਲ ਕੀਤੀ, ਬਹੁਤ ਵਡੀ ਗਲਤੀ ਕੀਤੀ, ਉਸ ਗਲਤੀ ਦੀ ਮੈਨੂੰ ਖਿਮਾਂ ਬਖਸ਼ੋ। ਮੇਰੇ ਗੁਨਾਹ ਨੂੰ ਭੁਲਾਕੇ ਮੇਰੇ ਤਨ ਮਨ ਨੂੰ ਅਰੋਗਤਾ ਬਖਸ਼ੋ, ਆਪ ਖੁਦਾ ਦੇ ਸਚੇ ਆਸ਼ਕ ਤੇ ਬੰਦਗੀ ਵਾਲੇ ਵਲੀ ਹੋ।'

'ਜੋ ਪੁਰਸ਼ ਆਪਣੀ ਭੁਲ ਨੂੰ ਮੰਨ ਜਾਂਦਾ ਤੇ ਕੀਤੇ ਕੁਕਰਮ ਤੇ ਪਛਤਾਵਾ ਕਰਦਾ ਹੈ ਤਾਂ ਉਸ ਨੂੰ ਕਰਤਾਰ ਵੀ ਬਖਸ਼ ਦੇਂਦਾ ਹੈ, ਅਗਿਆਨਤਾ ਦੇ ਵਸ ਹੋ ਕੇ ਪੁਰਸ਼ ਭੁਲਾਂ ਕਰਦਾ ਹੈ। ਅਗਲੇ ਜੀਵਨ ਪੰਧ ਵਾਸਤੇ ਨੇਕ ਰਾਸ ਕੋਲ ਹੋ ਜਾਣੀ ਚਾਹੀਦੀ ਹੈ।' ਸਾਹਿਬਾਂ ਦੇ ਇਹ ਬਚਨ ਸੁਣਕੇ ਬਾਦਸ਼ਾਹ ਨੂੰ ਕੁਝ ਹੌਂਸਲਾ ਹੋਇਆ, ਉਸ ਨੇ ਆਪ ਹੀ ਸਮਝ ਲਿਆ ਕਿ ਉਸਨੂੰ ਖਿਮਾ ਪ੍ਰਾਪਤ ਹੋ ਗਈ ਹੈ। ਇਸ ਨਾਲ ਉਹਦਾ ਦਿਲ ਤਕੜਾ ਹੋ ਗਿਆ, ਦਿਲ ਦੇ ਬਲਵਾਨ ਹੋਣ ਨਾਲ ਉਹਦੇ ਚੇਹਰੇ ਦਾ ਰੰਗ ਬਦਲਨ ਲੱਗਾ,ਉਹ ਬਹੁਤ ਪ੍ਰਸੰਨ ਹੋਇਆ, ਉਸਨੇ ਉਸੇ ਵੇਲੇ ਵਜ਼ੀਰਾਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਦੇ ਮੁੜ ਮਿਲਣ ਦੀ ਖੁਸ਼ੀ'ਚ ਸਦਾਵਰਤ

ਲਾਵੇ ਗਰੀਬਾਂ ਨੂੰ ਨਿਆਜ਼ ਵੰਡੋ।ਲੀੜੇ ਤੇ ਹੋਰ ਲੋੜੀ ਦੀਆਂ ਚੀਜ਼ਾਂ ਗਰੀਬਾਂਸਾਧੂਆਂ ਤੇ ਫਕੀਰਾਂ ਨੂੰ ਦੇਵੋ। ਮੈਨੂੰ ਮੁੜਕੇ ਜੀਵਨ ਮਿਲਿਆ ਹੈ ਮੈਂ ਅਜ ਬਹੁਤ ਪ੍ਰਸੰਨ ਹਾਂ ਤੇ ਮੈਨੂੰ ਭਰੋਸਾ ਹੋ ਗਿਆ ਹੈ ਕਿ ਮੈਂ ਰਾਜ਼ੀ ਹੋਜਾਵਾਂਗਾ।ਮੇਰੇ ਸਾਰੇ ਰੋਗ ਦੂਰਹੋਜਾਣਗੇ।'

ਇਸਦੇ ਪਿਛੋਂ ਬਹੁਤ ਸਾਰੇ ਹੋਰ ਬਚਨ ਬਿਲਾਸ ਹੁੰਦੇ ਰਹੇ ਤੇ ਬਾਦਸ਼ਾਹ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਥੋੜਾ ਸਮਾਂ ਆਪ ਉਸਦੇ ਕੋਲ ਰਹਿਣ ਤੇ ਫੇਰ ਪੰਜਾਬ ਜਾਣ। ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ। ਇਹ ਸਮਾਂ ਸਾਵਣ ਸੰਮਤ ੧੬੭੪ ਬਿਃ ਦਾ ਹੈ।

—o—

੨੩. ਸਤਿਗੁਰੂ ਜੀ ਨੇ ਜਹਾਂਗੀਰ ਦੇ ਨਾਲ ਰਾਜਪੂਤਾਨੇ ਦਾ ਦੌਰਾ ਕਰਨਾ

ਬਾਦਸ਼ਾਹ ਜਹਾਂਗੀਰ ਨੂੰ ਪਤਾ ਲੱਗ ਗਿਆ ਕਿ ਸਚੇ ਪਾਤਸ਼ਾਹ (ਸਤਿਗੁਰੂ ਜੀ) ਸੱਚ ਮੁਚ ਨੌਨਿਧੀਆਂ ਤੇ ਬਾਰਾਂ ਸਿੱਧੀਆਂ ਦੇ ਮਾਲਕ ਹਨ। ਜੇਹੜੇ ਲੋਕ ਇਨ੍ਹਾਂ ਦੇ ਸ਼ਰਧਾਲੂ ਤੇ ਪ੍ਰੇਮੀ ਹਨ, ਉਹ ਮੂਰਖ ਨਹੀਂ ਸਗੋਂ ਸਿਆਣੇ ਹਨ। ਲੋਕਾਂ ਨੂੰ ਨੇਕੀ, ਧਰਮ, ਸਰਬ ਸਾਂਝ ਅਤੇ ਸਚੀ ਪ੍ਰੀਤ ਦਾ ਉਪਦੇਸ਼ ਦੇ ਰਹੇ ਹਨ। ਸਤਿਗੁਰੂ ਦੇ ਗੁਣ, ਪ੍ਰਤਾਪ ਤੇ ਸ਼ਕਤੀ ਨੇ ਜਹਾਂਗੀਰ ਦੇ ਹਿਰਦੇ ਉਪਰ ਬਹੁਤ ਚੰਗਾ ਅਸਰ ਕੀਤਾ। ਸਤਿਗੁਰਾਂ ਨਾਲ ਉਹਦਾ ਬਹੁਤ ਪਿਆਰ ਹੋ ਗਿਆ ਤੇ ਸਦਾ ਸਤਸੰਗ ਕਰਨ ਲੱਗਾ। ਸ਼ਿਕਾਰ ਨੂੰ ਜਾਣਾ, ਗਿਆਨ ਨੂੰ ਸੁਣਨਾ ਤੇ ਬਹਾਦਰੀ ਦੀਆਂ ਖੇਡਾਂ ਦੇਖਣੀਆਂ ਉਹਦੇ ਮਨ ਦਾ ਚਾਅ ਸੀ।

ਅਜਮੇਰ ਮੁਸਲਮਾਨ ਫਕੀਰਾਂ ਦਾ ਘਰ ਅਤੇ ਇਸਲਾਮ ਦਾ ਕੇਂਦਰ ਸੀ। ਬਾਦਸ਼ਾਹ ਨੂੰ ਜ਼ਿਆਰਤ ਕਰਨ ਵਾਸਤੇ ਅਜਮੇਰ ਜਾਣਾ ਪਿਆ। ਨਾਲ ਹੀ ਬਾਦਸ਼ਾਹ ਦੀ ਇੱਛਾ ਹੋਈ ਕਿ ਰਾਜਪੂਤਾਨੇ ਦਾ ਪੂਰਾ ਦੌਰਾ ਕੀਤਾ ਜਾਵੇ। ਤੁਰਨ ਲੱਗਿਆ ਬਾਦਸ਼ਾਹ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਸਾਹਿਬ ਵੀ ਉਨ੍ਹਾਂ ਦੇ ਨਾਲ ਚਲਣ। ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ। ਬੇਨਤੀ ਪ੍ਰਵਾਨ ਕਰਨ ਦਾ ਕਾਰਨ ਇਹ ਸੀ ਕਿ ਸਾਹਿਬ ਖੁਦ ਉਸ ਇਲਾਕੇ

ਵਿਚ ਜਾਕੇ ਗੁਰਮਤਿ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ। ਦੂਸਰਾ ਜਿਨ੍ਹਾਂ ਰਾਜਿਆਂ ਨੂੰ ਗੁਵਾਲੀਅਰ ਦੇ ਕਿਲੇ ਵਿਚੋਂ ਸੁਤੰਤ੍ਰ ਕਰਾਇਆ ਸੀ ਉਹ ਰਾਜੇ ਵੀ ਰਾਜਪੂਤਾਨੇ ਦੇ ਰਹਿਣ ਵਾਲੇ ਸਨ। ਉਨ੍ਹਾਂ ਸਾਰਿਆਂ ਨੇ ਬੇਨਤੀ ਕੀਤੀ ਹੋਈ ਸੀ ਕਿ ਸਤਿਗੁਰੂ ਜੀ ਜ਼ਰੂਰ ਦਰਸ਼ਨ ਦੇਣ। ਉਨ੍ਹਾਂ ਦੇ ਪਿਆਰ ਦੀ ਖਿੱਚ ਸਤਿਗੁਰੂ ਜੀ ਨੂੰ ਰਾਜਪੂਤਾਨੇ ਲੈ ਗਈ। ਰਾਹ ਵਿਚ ਜਿਥੇ ਵੀ ਪੜਾਅ ਕੀਤਾ ਜਾਂਦਾ ਰਿਹਾ ਉਥੇ ਹੀ ਸਤਿਗੁਰੂ ਜੀ ਗੁਰਬਾਣੀ ਦਾ ਕੀਰਤਨ ਕਰਾਉਂਦੇ ਤੇ ਸੰਗਤ ਵਿਚ ਆਏ ਪ੍ਰਾਣੀਆਂ ਨੂੰ ਉਪਦੇਸ਼ ਕਰਦੇ। ਹੁਣ ਬਾਦਸ਼ਾਹ ਦਾ ਹਿਰਦਾ ਸਾਫ ਸੀ। ਉਹ 'ਸੱਚੇ ਪਾਤਸ਼ਾਹ' ਨਾਮ ਨਾਲ ਚਿੜਦੇ ਨਹੀਂ ਸਨ। ਜਿਸ ਹਿੰਦੂ ਰਾਜੇ ਦੀ ਰਾਜਧਾਨੀ ਵਿਚ ਹੀ ਲੰਘਦੇ ਓਹੋ ਹੀ ਸਤਿਗੁਰੂ ਜੀ ਦੀ ਸੇਵਾ ਕਰਦਾ। ਰਾਜਪੂਤਾਨੇ ਤੇ ਮਾਰਵਾੜ ਦਾ ਦੌਰਾਕਰਕੇ ਜਿਨ੍ਹਾਂ ਪੁਰਖਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ 'ਸਤਿ ਕਰਤਾਰ' ਦਾ ਜਾਪੁ ਜਪਾਇਆ ਤੇ ਚੰਗੇ ਜੀਵਨ ਦੀ ਗੁੜ੍ਹਤੀ ਦਿੱਤੀ ਸੀ, ਉਨ੍ਹਾਂ ਪੁਰਖਾਂ ਦੀ ਔਲਾਦ ਅਜੇ ਸਤਿਗੁਰੂ ਜੀ ਦੇ ਨਾਮ ਦੀ ਪ੍ਰੇਮਣ ਸੀ। ਉਨ੍ਹਾਂ 'ਨਾਨਕ ਪੰਥੀ' ਪਰਵਾਰਾਂ ਨੂੰ ਜਦੋਂ ਪਤਾ ਲੱਗਾ ਕਿ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਛੇਵੇਂ ਜਾਮੇ ਵਿਚ ਉਨ੍ਹਾਂ ਦੇ ਦੇਸ਼ ਵਿਚ ਆਏ ਹਨ, ਤਾਂ ਉਹ ਸਾਰੇ ਕੰਮ ਛੱਡ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਧਾ ਕੇ ਆਏ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਏ। ਨਾਮ ਦਾਨ ਤੇ ਗੁਰ ਸਿੱਖੀ ਦੀ ਬਖਸ਼ਸ਼ ਕੀਤੀ।

ਕਈ ਦਿਨ ਅਜਮੇਰ ਰਹਿਕੇ ਮੁਸਲਮਾਨ ਫਕੀਰਾਂ ਨਾਲ ਗਿਆਨ ਚਰਚਾ ਕੀਤੀ ਤੇ ਬਾਦਸ਼ਾਹ ਦੇ ਨਾਲ ਹੀ ਸਤਿਗੁਰੂ ਜੀ ਵਾਪਸ ਦਿੱਲੀ ਨੂੰ ਮੁੜ ਆਏ।

ਦਿੱਲੀ ਵਿਚ ਥੋੜਾ ਚਿਰ ਰਹਿਕੇ ਸੰਮਤ ੧੬੭੫ ਬਿ: ਦੇ ਚੜ੍ਹਦੇ ਸਾਰ ਬਾਦਸ਼ਾਹ ਪੰਜਾਬ ਦਾ ਦੌਰਾ ਕਰਨ ਆਇਆ, ਦੌਰੇ ਦਾ ਇਹ ਵੀ ਕਾਰਨ ਸੀ ਕਿ ਪੰਜਾਬ ਵਿਚ ਤਾਰਾ ਚੰਦ ਨਾਲਾਗੜ੍ਹ ਨੇ ਬਗਾਵਤ ਕੀਤੀ ਹੋਈ ਸੀ। ਉਸ ਦੇ ਨਾਲ ਹੋਰ ਬਹੁਤ ਸਾਰੇ ਰਾਜਿਆਂ ਤੇ ਨਵਾਬਾਂ ਦੇ ਰਲ ਜਾਣ ਦਾ ਖਤਰਾ ਸੀ। ਉਸਦੀ ਬਗਾਵਤ ਨੂੰ ਦਬਾਉਣਾ ਜ਼ਰੂਰੀ ਸੀ।

ਰੋਪੜ ਦੇ ਮੁਕਾਮ ਉਪਰ ਪਹੁੰਚੇ ਤਾਂ ਮੁਗਲ ਫੌਜਾਂ ਨੇ ਤਾਰਾ ਚੰਦ ਨੂੰ ਗ੍ਰਿਫਤਾਰ ਕਰ ਲਿਆ ਸੀ, ਉਸਨੂੰ ਬਾਦਸ਼ਾਹ ਜਹਾਂਗੀਰ ਦੇ ਪੇਸ਼ ਕੀਤਾ ਗਿਆ

ਜਦ ਤਾਰਾ ਚੰਦ ਦਾ ਮੁਕਦਮਾ ਪੇਸ਼ ਹੋਇਆ ਤਾਂ ਸਤਿਗੁਰੂ ਜੀ ਨੇ ਵਿਚਾਲੇ ਪੈ ਕੇ ਜਹਾਂਗੀਰ ਤੇ ਤਾਰਾ ਚੰਦ ਦਾ ਸਮਝੌਤਾ ਕਰਾ ਦਿੱਤਾ। ਜਿਸ ਕਾਰਨ ਸਾਰੇ ਰੋਪੜ ਦੇ ਚੌਗਿਰਦੇ ਅਤੇ ਨਾਲਾਗੜ੍ਹ ਰਾਜ ਵਿਚ ਸਤਿਗੁਰੂ ਜੀ ਦੀ ਬਹੁਤ ਉਸਤਤ ਹੋਈ।

੨੪. ਸਤਿਗੁਰੂ ਜੀ ਦਾ ਅੰਮ੍ਰਿਤਸਰ ਪਹੁੰਚਣਾ

ਪੰਜਾਬ ਦੀਆਂ ਸਾਰੀਆਂ ਸਿੱਖ ਸੰਗਤਾਂ ਨੂੰ ਗਿਆਨ ਹੋ ਗਿਆ, ਕਿ ਸਤਿਗੁਰੂ ਜੀ ਨੂੰ ਬਾਦਸ਼ਾਹ ਨੇ ਸੁਤੰਤ੍ਰ ਕਰ ਦਿੱਤਾ ਹੈ ਅਤੇ ਬਾਦਸ਼ਾਹ ਵਲੋਂ ਕੋਈ ਖਤਰਾ ਨਹੀਂ। ਸਾਹਿਬਾਂ ਤੇ ਸਤਿਗੁਰੂ ਜੀ ਦੀ ਪ੍ਰੀਤ ਹੈ। ਜੋ ਭਾਣਾ ਪੰਚਮ ਪਾਤਸ਼ਾਹ ਸਮੇਂ ਵਰਤਿਆ ਸੀ, ਐਸਾ ਭਾਣਾ ਨਹੀਂ ਵਰਤੇਗਾ। ਇਸ ਸਮਾਚਾਰ ਨੇ ਸਾਰੇ ਸਿੱਖੀ ਮੰਡਲ ਵਿਚ ਪ੍ਰਸੰਨਤਾ ਉਤਪਨ ਕਰ ਦਿੱਤੀ ਗੁਰੂ ਪ੍ਰੇਮੀ ਤੇ ਸ਼ਰਧਾਲੂ ਸਿਖ ਅਨੇਕਾਂ ਪ੍ਰਕਾਰ ਦੀਆਂ ਖੁਸ਼ੀਆਂ ਮਨਾਉਣ ਲਗੇ ਸਨ। ਫਿਰ ਵੀ ਭਾਰੀ ਘਾਟਾ ਸੀ ਜੋ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਸਨ ਹੋਏ। ਮਾਤਾ ਗੰਗਾ ਜੀ ਵੀ ਦਰਸ਼ਨ ਕਰਨ ਵਾਸਤੇ ਵਿਆਕੁਲ ਸਨ। ਬਾਬਾ ਜੀ ਤੇ ਹੋਰ ਮੁਖੀ ਸਿੱਖਾਂ ਰਾਹੀਂ ਮਾਤਾ ਜੀ ਨੇ ਸਤਿਗੁਰੂ ਜੀ ਵਲ ਸੰਦੇਸ਼ਾ ਭੇਜਿਆ ਕਿ ਉਹ ਛੇਤੀ ਤੋਂ ਛੇਤੀ ਪੰਜਾਬ ਪੁੱਜਣ ਅਤੇ ਸੰਗਤਾਂ ਨੂੰ ਨਿਹਾਲ ਕਰਨ।

ਮਾਤਾ ਜੀ ਤੇ ਬਾਬਾ ਬੁਢਾ ਜੀ ਦਾ ਸੰਦੇਸ਼ ਮਿਲਣ ਤੇ ਸਤਿਗੁਰੂ ਜੀ ਨੇ ਪੰਜਾਬ ਨੂੰ ਆਉਣ ਦੀ ਤਿਆਰੀ ਕਰ ਲਈ। ਸਾਹਿਬ ਆਉਂਦੇ ਹੋਏ ਥਾਂ ਥਾਂ ਪ੍ਰਚਾਰ ਕਰਦੇ ਹੋਏ ਗੋਇੰਦਵਾਲ ਸਾਹਿਬ ਖਡੂਰ ਤੇ ਤਰਨ ਤਾਰਨ ਸਾਹਿਬ ਰਾਹੀਂ ੨੨ ਚੇਤ੍ਰ ਸੰਮਤ ੧੬੭੬ ਬਿ: ਨੂੰ ਅੰਮ੍ਰਿਤਸਰ ਪੁਜੇ। ਸਾਹਿਬਾਂ ਦੇ ਅੰਮ੍ਰਿਤਸਰ ਪੁਜਣ ਦੀ ਖਬਰ ਖੁਸ਼ਬੂ ਦੀ ਤਰਾਂ ਸਾਰੇ ਖਿਲਰ ਗਈ। ਸਾਰਾ ਸ਼ਹਿਰ ਇਕਤ੍ਰ ਹੋ ਗਿਆ। ਸਤਿਗੁਰੂ ਜੀ ਪਹਿਲਾਂ ਹਰਿਮੰਦਰ ਸਾਹਿਬ ਪੁਜੇ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ ਗੁਰਬਾਣੀ ਦਾ ਕੀਰਤਨ ਸੁਣ ਕੇ ਫਿਰ ਅਕਾਲ ਬੁੰਗੇ ਪੁਜੇ। ਅਕਾਲ ਬੁੰਗੇ ਵਿਚ ਵੀ ਸਤਿਸੰਗ ਕੀਤਾ ਸਿੱਖ ਸੰਗਤਾਂ ਨੇ ਖੁਲ੍ਹ ਦਰਸ਼ਨ ਕੀਤੇ ਤੇ ਨਿਹਾਲ ਹੋਈਆਂ। ਰਾਤ ਨੂੰ ਦੀਪਮਾਲਾ ਕੀਤੀ ਤੇ ਆਸਤਬਾਜ਼ੀ ਚਲਾਈ ਗਈ, ਭੰਡਾਰੇ ਕੀਤੇ ਗਏ। ਮਾਤਾ

ਰੰਗਾ ਜੀ ਦੀ ਪ੍ਰਸੰਨਤਾ ਦਾ ਕੋਈ ਅੰਤ ਨਹੀਂ ਸੀ ਮਾਤਾ ਜੀ ਨੇ ਸਤਿਗੁਰੂ ਜੀ ਨੂੰ ਪੁਤ੍ਰ ਰੂਪ ਵਿੱਚ ਘੁਟ ਘੁਟ ਕੇ ਹਿਰਦੇ ਨਾਲ ਲਾਇਆ।

੨੫. ਚੰਦੂ ਲਾਲ ਨੂੰ ਪਾਪ ਤੇ ਹੰਕਾਰ ਦੀ ਸਜ਼ਾ ਮਿਲਣੀ

ਵੜੀਐ ਕੱਜਲ ਕੋਠੜੀ ਮੁਹ ਕਾਲਖ ਭਰੀਐ ॥
ਕੱਲਰ ਖੇਤੀ ਬੀਜੀਐ ਕਿਹੁ ਕਾਜ ਨ ਸਰੀਐ ॥
ਟੁਟੀ ਪੀਂਘੇ ਪੀਂਘੀਐ ਪੈ ਟੋਏ ਮਰੀਐ ॥ (ਭਾਈ ਗੁਰਦਾਸ ਜੀ)

ਉਪਰੋਕਤ ਬਚਨ ਉਨ੍ਹਾਂ ਬੰਦਿਆਂ ਵਾਸਤੇ ਅਟਲ ਸਚਾਈ ਦੇ ਰੂਪ ਵਿਚ ਭਾਈ ਗੁਰਦਾਸ ਜੀ ਨੇ ਉਚਾਰੇ ਹਨ ਜੋ ਸਦਾ ਮਾੜੇ ਕਰਮ ਕਰਦੇ ਰਹਿੰਦੇ ਹਨ ਅਤੇ ਮਾੜੇ ਕਰਮ ਦਾ ਫਲ ਵੀ ਮਾੜਾ ਉਨ੍ਹਾਂ ਨੂੰ ਖਾਣਾ ਪੈਂਦਾ ਹੈ । ਜਿਸ ਤਰ੍ਹਾਂ ਕੋਲਿਆਂ ਦੀ ਕੋਠੜੀ ਵਿਚ ਦਾਖਲ ਹੋਈਏ ਤਾਂ ਸਿਰ ਮੂੰਹ ਕਾਲਾ ਹੋ ਜਾਂਦਾ ਹੈ, ਜੇ ਕਲਰ ਵਿਚ ਖੇਤੀ ਬੀਜੀਏ ਤਾਂ ਪੈਦਾਵਾਰ ਕੁਝ ਨਹੀਂ ਹੁੰਦੀ ਅਤੇ ਟੁਟੀ ਹੋਈ ਪੀਂਘ ਉਤੇ ਚੜਕੇ ਜੇ ਕੋਈ ਝੂਟੇ ਤਾਂ ਉਹ ਟੋਏ ਵਿਚ ਜ਼ਰੂਰ ਡਿਗਦਾ ਹੈ । ਬੁਰਿਆਈ ਦਾ ਫਲ ਬੁਰਾ ਹੁੰਦਾ ਹੈ। ਏਸੇ ਕਰਕੇ ਪਾਪੀ ਤੇ ਕੁਕਰਮੀ ਪੁਰਸ਼ ਬਹੁਤ ਦੁਖ ਪਾਕੇ ਮਰਦੇ ਹਨ। ਅਗਲੀ ਜੂਨੇ ਤਾਂ ਉਨ੍ਹਾਂ ਨਰਕਾਂ ਵਿਚ ਜਾਣਾ ਹੀ ਹੁੰਦਾ ਹੈ। ਇਸ ਦੁਨੀਆਂ ਵਿਚ ਉਹ ਦੁਖ ਪਾਉਂਦੇ ਹਨ ।

ਐਸੇ ਕੁੰਭੀ ਨਰਕ ਵਿਚ ਜਾਣ ਵਾਲੇ ਬੰਦਿਆਂ ਵਿਚੋਂ ਚੰਦੂ ਲਾਲ ਸੀ। ਉਸ ਨੇ ਮਾਮੂਲੀ ਨਾਰਾਜ਼ਗੀ ਬਦਲੇ ਸਤਿਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ ਤੇ ਅਨੇਕਾਂ ਕਸ਼ਟ ਦਿਤੇ । ਉਸਤੇ ਵੀ ਸਬਰ ਨਾ ਕੀਤਾ ਤੇ ਛੇਵੇਂ ਪਾਤਸ਼ਾਹ ਨੂੰ ਬੰਦੀਖਾਨੇ ਗਵਾਲੀਅਰ ਭਿਜਵਾ ਦਿਤਾ ਉਹਦੇ ਪਾਪ ਕਰਮ ਉਹਦੇ ਵਿਰੁਧ ਹੋ ਗਏ ਸਜ਼ਾ ਮਿਲਨ ਦਾ ਸਮਾਂ ਆ ਪੁਜਾ । ਵਾਹਿਗੁਰੂ ਨੇ ਉਸ ਨਿੰਦਕ ਨੂੰ ਜੁਤੀਆਂ ਮਾਰਨੀਆਂ ਚਾਹੀਆਂ ਜੋ ਜਹਾਂਗੀਰ ਉਹਦੇ ਹੱਕ ਵਿਚ ਸੀ ਓਹੋ ਵਿਰੁਧ ਹੋ ਗਿਆ । ਸਤਿਗੁਰੂ ਜੀ ਨੇ ਉਹਦੇ ਪਾਪ ਦੀ ਸਾਰੀ

ਕਹਾਣੀ ਬਾਦਸ਼ਾਹ ਨੂੰ ਦਸ ਦਿੱਤੀ ਤਾਂ ਬਾਦਸ਼ਾਹ ਨੇ ਕ੍ਰੋਧਵਾਨ ਹੋਕੇ ਚੰਦੂ ਲਾਲ ਨੂੰ ਸਤਿਗੁਰੂ ਜੀ ਦੇ ਹਵਾਲੇ ਕਰ ਦਿੱਤਾ ਕਿ ਮਹਾਂ ਪਾਪੀ ਨੂੰ ਆਪ ਹੀ ਸਜ਼ਾ ਦੇਵੋ। ਸਾਹਿਬਾਂ ਨੇ ਚੰਦੂ ਨੂੰ ਫੜ ਕੇ ਕੋਲ ਰੱਖ ਲਿਆ। ਉਹਦੀ ਸਾਰੀ ਜਾਇਦਾਦ ਬਾਦਸ਼ਾਹ ਨੇ ਜ਼ਬਤ ਕਰ ਲਈ।

ਸਤਿਗਰੂ ਜੀ ਨੇ ਚੰਦੂ ਨੂੰ ਕੋਲ ਰਖ ਲਿਆ। ਕੋਲ ਰਖਕੇ ਉਸਦੇ ਪਾਪ ਦੀ ਮੇਲ ਨੂੰ ਧੋਣ ਦਾ ਇਹੋ ਢੰਗ ਲਇਆ ਕਿ ਹਰ ਰੋਜ਼ ਪੰਜ ਜੁਤੀਆਂ ਮਰਵਾਣੀਆਂ ਸ਼ੁਰੂ ਕਰਵਾ ਦਿੱਤੀਆਂ। ਜਦ ਸਤਿਗੁਰੂ ਜੀ ਅੰਮ੍ਰਿਤਸਰ ਪੁਜੇ ਤਾਂ ਚੰਦੂ ਨਾਲ ਸੀ। ਸਾਰੇ ਸ਼ਹਿਰ ਦੇ ਲੋਕ ਪਾਪੀ ਨੂੰ ਦੇਖਨ ਆਏ। ਕਿਸੇ ਨੇ ਉਸਦੇ ਮੂੰਹ ਉਤੇ ਥੁਕਿਆ ਕਿਸੇ ਨੇ ਉਸ ਨੂੰ ਜੁਤੀਆਂ ਮਾਰੀਆਂ ਅਤੇ ਉਹਦਾ ਮੂੰਹ ਕਾਲਾ ਕਰਕੇ, ਗਲ ਵਿਚ ਰਸੀ ਪਾਕੇ ਸਾਰੇ ਸ਼ਹਿਰ ਵਿੱਚ ਫੇਰਿਆ ਗਿਆ। ਉਸ ਸਮੇਂ ਚੰਦੂ ਨੂੰ ਧਰਤੀ ਵੇਹਲ ਨਹੀਂ ਸੀ ਦੇਂਦੀ ਉਹ ਮਰ ਜਾਣਾ ਚਾਹੁੰਦਾ ਸੀ। ਪਿਛਲੀ ਉਮਰ ਵਿਚ ਉਸ ਨੂੰ ਨਿਰਾਦਰੀ ਸਹਿਣੀ ਪਈ ਉਹਦੇ ਪਾਪਾਂ ਦੇ ਕਾਰਨ ਸੀ।

ਚੰਦੂ ਨੂੰ ਲੈਕੇ ਸਤਿਗੁਰੂ ਜੀ ਸਿਖਾਂ ਸਮੇਤ ਲਾਹੋਰ ਲੈ ਗਏ। ਸਤਿਗੁਰੂ ਜੀ ਦੇ ਦੁਸ਼ਮਨ ਤੇ ਨਿੰਦਕ ਨੂੰ ਸਜ਼ਾ ਲਾਹੌਰ ਜਾਕੇ ਦੇਣ ਦੀ ਵਿਉਂਤ ਸਿਰੇ ਚੜ੍ਹੀ। ਭਾਈ ਬਿਧੀ ਚੰਦ ਤੇ ਜੇਠਾ ਜੀ ਨੇ ਚੰਦੂ ਨੂੰ ਫੜ ਲਿਆ ਸੀ। ਲਾਹੌਰ ਦੀ ਸੰਗਤ ਨੂੰ ਜਦੋਂ ਪਤਾ ਲਗਾ ਕਿ ਸਤਿਗੁਰੂ ਜੀ ਲਾਹੌਰ ਆਏ ਹਨ ਤੇ ਮੁਜੰਗੀ ਠਹਿਰੇ ਹਨ ਅਤੇ ਉਨ੍ਹਾਂ ਦੇ ਨਾਲ ਗੁਰੂ ਜੀ ਦੇ ਘਰ ਦਾ ਦੋਖੀ ਚੰਦੂ ਵੀ ਹੈ ਤਾਂ ਘਰਾਂ ਤੋਂ ਨਿਕਲ ਤੁਰੇ। ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਚੰਦੂ ਦੇ ਸਿਰ ਮਿਟੀ ਦੀਆਂ ਮੁੱਠਾਂ ਪਈਆਂ।

ਦੁਪਹਿਰ ਦਾ ਵੇਲਾ ਸੀ ਗੁਰਦਿਤਾ ਭੜਭੂੰਜਾ ਦਾਣੇ ਭੁੰਨ ਰਿਹਾ ਸੀ, ਉਹਦਾ ਭੱਠ ਪੂਰੇ ਨਾਲ ਬਲ ਰਿਹਾ ਸੀ। ਉਸ ਨੂੰ ਦਾਣੇ ਭੁੰਨਣਾ ਦੀ ਬਹੁਤ ਕਾਹਲ ਸੀ ਕਿਉਂਕਿ ਸ਼ਾਹੀ ਲਸ਼ਕਰ ਵਾਸਤੇ ਭੇਜਣੇ ਸਨ ਤੇ ਉਸਦੇ ਕੋਲ ਸਰਕਾਰੀ ਠੇਕਾ ਸੀ। ਉਹਦਾ ਇਕ ਸਾਥੀ ਦੌੜਿਆਂ ਦੌੜਿਆ ਉਹਦੇ ਕੋਲ ਆਇਆ ਤੇ ਕਹਿਣਲਗਾ—'ਚਾਚਾ! ਓ ਚਾਚਾ! ਮੈਂ ਤੈਨੂੰ ਦਸਾਂ?'

ਗੁਰਦਿਤੇ ਨੇ ਛਾਨਣੀ ਨਾਲ ਕੜਾਹੀ ਵਿਚੋਂ ਦਾਣੇ ਬਾਹਰ

ਕਢਦਿਆਂ ਪੁਛਿਆ—'ਕੀ ਦਸਣਾ ਹੈ ਗੰਗੂ ?'

"ਮੈਂ ਹੁਣੇ ਦੇਖ ਕੇ ਆਇਆ ਹਾਂ। ਏਧਰੇ ਹੀ ਆ ਰਹੇ ਹਨ। ਚੰਦੂ ਸੀ ਨਾ ਚੰਦੂ ਲਾਹੌਰ ਦੇ ਸੂਬੇਦਾਰ ਕੋਲ, ਉਹ ਜਿਸ ਨੇ ਤੈਨੂੰ ਖੜਿਆ ਸੀ ਹਵੇਲੀ ਵਿਚ ਸਤਿਗੁਰੂ ਜੀ ਦੇ ਸੀਸ ਵਿਚ ਰੇਤ ਪਾਉਣ ਵਾਸਤੇ,ਉਸ ਚੰਦੂ ਨੂੰ ਸਤਿਗੁਰੂ ਜੀ ਦੇ ਸਿਖ ਫੜਕੇ ਹੱਟੀ ਹੱਟੀ ਫੇਰ ਰਹੇ ਹਨ ਤੇ ਕੌਡੀਆਂ ਮੰਗਾਉਂਦੇ ਹਨ। ਉਹਦਾ ਮੂੰਹ ਕਾਲਾ ਕੀਤਾ ਹੋਇਆ ਹੈ। ਚਾਚਾ ! ਉਹ ਮਾੜਾ ਸੀ ਨਾ, ਪਾਪੀ ਸੀ ਨਾ ? ਉਸ ਨਾਲ ਇਸਤਰਾਂ ਜ਼ਰੂਰ ਹੋਣੀ ਚਾਹੀਦੀ ਸੀ। ਉਸਨੂੰ ਏਧਰ ਹੀ ਲਈ ਆ ਰਹੇ ਰਨ।" ਗੰਗੂ ਨੇ ਇਕੇ ਸਾਹ ਨਾਲ ਬਹੁਤ ਕੁਝ ਦਸਣ ਦਾ ਯਤਨ ਕੀਤਾ, ਉਸ ਨੂੰ ਸਾਹ ਚੜ੍ਹਿਆ ਹੋਇਆ ਸੀ।

'ਚੰਦੂ ! ਚੰਦੂ ਲਾਲ ! ਆਣ ਦੇ ਸੂ । ਉਸ ਵੇਲੇ ਉਸ ਨੇ ਸ਼ਾਹੀ ਬਲ ਨਾਲ ਮੇਰੇ ਕੋਲੋਂ ਪਾਪ ਕਰਾਇਆ ਹੁਣ ਮੈਂ ਉਹਦੀ ਖਬਰ ਲੈਂਦਾ ਹਾਂ। ਬਾਲ ਅੱਗ ਭੱਠੀ ਵਿਚ, ਰੇਤ ਕਰ ਤੱਤੀ, ਸੜਦੀ ਸੜਦੀ, ਅੱਗ ਦਾ ਰੂਪ ਰੇਤ ਮੈਂ ਅਜ ਉਹਦੇ ਸਿਰ ਵਿਚ ਪਾਉਂਦਾ ਹਾਂ। ਤੱਤੀ ਰੇਤ ਨਾਲ ਹੀ ਮਰਨਾ ਚਾਹੀਦਾ ਹੈ।' ਇਉਂ ਆਖਦਾ ਹੋਇਆ ਗੁਰਦਿੱਤਾ ਬਾਹਰ ਨਿਕਲਿਆ ਤੇ ਦੇਖਣ ਲੱਗਾ ਕਿ ਚੰਦੂ ਦਾ ਜਲੂਸ ਕਿਥੇ ਕੁ ਆ ਰਿਹਾ ਹੈ। ਧਿਆਨ ਨਾਲ ਦੇਖਣ ਤੇ ਮਨ ਇਕਾਗਰ ਕਰਕੇ ਸੁਣਨ ਨਾਲ ਪਤਾ ਲਗਾ ਕਿ ਨੇੜੇ ਹੀ ਚੰਦੂ ਆ ਰਿਹਾ ਹੈ, ਉਸ ਦੇ ਪਿਛੇ ਤਮਾਸ਼ਾ ਦੇਖਣ ਵਾਲੀ ਬਹੁਤ ਲੋਕਾਈ ਹੈ, ਲੋਕਾਈ ਨੂੰ ਦੇਖ ਕੇ ਉਹ ਛੇਤੀ ਨਾਲ ਅੰਦਰ ਆ ਗਿਆ ਤੇ ਭਠ ਵਿਚ ਅੱਗ ਬਾਲਣ ਲੱਗਾ ਉਸਨੇ ਰੇਤ ਨੂੰ ਬਹੁਤ ਗਰਮ ਕੀਤਾ।

ਭਾਈ ਬਿਧੀ ਚੰਦ ਤੇ ਜੇਠੇ ਨੇ ਦੋਹਾਂ ਬਾਹਾਂ ਤੋਂ ਚੰਦੂ ਨੂੰ ਰਸੀਆਂ ਪਾਕੇ ਫੜਿਆ ਹੋਇਆ ਸੀ। ਗੁਰਦਿੱਤੇ ਦੀ ਹੱਟੀ ਕੋਲ ਪੁੱਜ ਗਏ ਉਸ ਨੇ ਰੇਤ ਦਾ ਕੜਛਾ ਭਰਿਆ ਤੇ ਉਚੀ ਕੂਕ ਕੇ ਸਭ ਨੂੰ ਕਿਹਾ—"ਇਸ ਪਾਪੀ ਨੂੰ ਛੱਡ ਦਿਓ ਮੈਂ ਇਸ ਦੇ ਸਿਰ ਵਿਚ ਰੇਤ ਪਾਉਣੀ ਹੈ। ਇਹਦੀ ਮੌਤ ਮੇਰੇ ਹਥੋਂ ਹੈ।" ਇਹ ਆਖਕੇ ਉਸਨੇ ਰੇਤ ਦਾ ਗਰਮ ਕੜਛਾ ਚੰਦੂ ਦੇ ਸਿਰ ਵਿਚ ਪਾ ਦਿਤਾ ਤੇ ਨਾਲ ਹੀ ਓਹੋ ਕੜਛਾ ਵਟ ਕੇ ਉਹਦੇ ਸਿਰ ਵਿਚ ਮਾਰਿਆ ਜਿਸ ਨਾਲ ਚੰਦੂ ਦੀ ਮੌਤ ਹੋ ਗਈ ਉਹਦੀ ਆਤਮਾਂ ਨਰਕਾਂ ਨੂੰ ਚਲੀ ਗਈ।

੨੬. ਸਤਿਗੁਰੂ ਜੀ ਨੇ ਅੰਮ੍ਰਿਤਸਰ ਦੀ ਸੋਭਾ ਵਧਾਉਣੀ

ਜਹਾਂਗੀਰ ਬਾਦਸ਼ਾਹ ਕਾਬਲ ਨੂੰ ਚਲਿਆ ਗਿਆ ਤੇ ਸਤਿਗੁਰੂ ਜ ਅੰਮ੍ਰਿਤਸਰ ਬਰਾਜਮਾਨ ਹੋ ਗਏ। ਸ੍ਰੀ ਹਰਿਮੰਦਰ ਸਾਹਿਬ, ਸਰੋਵਰ, ਪਰਕ੍ਰਮਾ, ਬਾਗ, ਗੁਰੂ ਕੇ ਲੰਗਰ ਤੇ ਅਕਾਲ ਬੁੰਗੇ ਦੀ ਹੋਰ ਸੇਵਾ ਕਰਾਉਣ ਦੇ ਨਾਲ ਸਾਹਿਬਾਂ ਨੇ ਵਿਉਂਤ ਕੀਤੀ ਕਿ ਅਕਾਲ ਬੁੰਗੇ ਵਿਚ ਇਕ ਖੂਹ, ਨਾਲ ਇਕ ਬਾਗ ਤਿਆਰ ਕਰਵਾਇਆ ਜਾਵੇ। ਜਦ ਸਿੱਖਾਂ ਸੇਵਕਾਂ ਨੇ ਇਹ ਵਿਚਾਰ ਸੁਣੇ ਤਾਂ ਉਸੇ ਸਮੇਂ ਸੇਵਾ ਕਰਨ ਵਾਸਤੇ ਤਿਆਰ ਹੋ ਗਏ। ਇਨ੍ਹਾਂ ਸਾਰੇ ਕਾਰਜਾਂ ਵਾਸਤੇ ਮਾਇਆ ਦੀ ਲੋੜ ਸੀ। ਸਾਹਿਬਾਂ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ, ਥਾ ਥਾਂ ਜਾ ਕੇ ਗੁਰਮਤ ਦਾ ਪ੍ਰਚਾਰ ਕੀਤਾ। ਪ੍ਰਚਾਰ ਦੇ ਨਾਲ ਸਿੱਖੀ ਵਿਚ ਵਾਧਾ ਹੋਇਆ। ਮਾਯਾ, ਅੰਨ, ਸੋਨਾ ਤੇ ਕਪੜ ਦੀ ਕੋਈ ਘਾਟ ਨ ਰਹੀ। ਸੇਵਕਾਂ ਨੇ ਬਹੁਤ ਸਾਰੀ ਕਾਰ ਭੇਟ ਚੜ੍ਹਾਈ, ਉਹ ਸਾਰੀ ਭੇਟਾ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਭੇਜੀ ਗਏ।

ਸਤਿਗੁਰੂ ਜੀ ਦੀ ਮੇਹਰ ਦੀ ਨਿਸ਼ਾਨੀ ਇਹ ਤਿੰਨ ਚੀਜ਼ਾਂ ਤਿਆਰ ਹੋਈਆਂ–ਅਕਾਲ ਬੁੰਗੇ ਵਿਚ ਚੌੜਾ ਖੂਹ। ਇਸ ਖੂਹਦਾ ਜਲ ਬਹੁਤ ਸੀਤਲ ਮਿੱਠਾ ਤੇ ਅੰਮ੍ਰਿਤ ਰੂਪ ਹੈ, ਹੁਣ ਤਕ ਪ੍ਰਾਣੀ ਪੀਕ ਨਿਹਾਲ ਹੁੰਦੇ ਹਨ। ਦੂਸਰਾ ਅਕਾਲੀ ਬਾਗ (ਜਿਥੇ ਅਜ ਕਲ ਅਕਾਲੀ ਮਾਰਕੀਟ ਹੈ ਤੇ ਜੋ ਸ਼ਹਿਰ ਦਾ ਬਿਉ-ਪਾਰਕ ਕੇਂਦਰ ਹੈ) ਲਗਵਾਇਆ ਗਿਆ ਬਾਗ ਵਿਚ ਕਈ ਕਿਸਮਾਂ ਦੇ ਬ੍ਰਿਛਾਂ ਤੇ ਫੁੱਲਾਂ ਤੋਂ ਬਿਨਾਂ ਫਲਾਂ ਵਾਲੇ ਬੂਟੇ ਬਹੁਤੇ ਲਗਵਾਏ ਗਏ ਸਨ। ਇਸ ਬਾਗ ਵਿਚ ਵੀ ਇਕ ਖੂਹ ਪੁਟਵਾਇਆ ਗਿਆ, ਤੀਸਰਾ ਕਾਰਜ ਸਾਹਿਬਾਂ ਨੇ ਇਹ ਕੀਤਾ ਕੀ ਦੁਸ਼ਮਨ ਕੋਲੋਂ ਗੁਰੂ ਜੀ ਦੀ ਨਗਰੀ ਨੂੰ ਬਚਾਉਣ ਵਾਸਤੇ ਚੌਗਿਰਦੇ ਨਗਰੀ ਦੇ ਇਕ ਚੌੜੀ ਤੇ ਉੱਚੀ ਕਚੀ ਕੰਧ ਕਰਵਾਈ ਤੇ ਦਰਵਾਜੇ ਲਾਏ। ਇਹ ਹਾਲ ਸੰਮਤ ੧੬੭੬ ਬਿ: ਦਾ ਹੈ। ਉਸੇ ਕੰਧ ਨੂੰ ਤਕਰੀਬਨ ਦੋ ਸੌ ਸਾਲ ਪਿਛੋਂ ਮਹਾਰਾਜ ਰਣਜੀਤ ਸਿੰਘ ਨੇ ਪੱਕੀ ਬਣਵਾਇਆ ਜਿਸ ਦੀਆਂ

ਨਿਸ਼ਾਨੀਆਂ ਅਜੇ ਵੀ ਕਿਤੇ ਕਿਤੇ ਦਿਖਾਈ ਦੇਂਦੀਆਂ ਹਨ।

ਕਿਲਾ ਲੋਹਗੜ੍ਹ (ਜੋ ਦਰਵਾਜਾ ਲੋਹਗੜ੍ਹ ਦੇ ਅੰਦਰ ਇਕ ਗੁਰਦੁਆਰੇ ਦੇ ਰੂਪ ਵਿੱਚ ਹੈ) ਚੰਗਾ ਤਿਆਰ ਹੋ ਚੁਕਾ ਸੀ। ਜੋ ਕੋਈ ਹਥਿਆਰ ਆਉਂਦਾ ਉਹ ਉਥੇ ਰਖਿਆ ਜਾਂਦਾ। ਸੁੰਦਰ ਤੇ ਤਕੜੇ ਘੋੜੇ ਖਰੀਦੇ ਗਏ। ਪੰਜਾਬ ਦੇ ਚੋਣਵੇਂ ਗਭਰੂਆਂ ਦੀ ਭਰਤੀ ਕਰਕੇ ਸਾਹਿਬਾਂ ਨੇ ਇਕ ਸੈਨਾ ਤਿਆਰ ਕਰ ਲਈ ਉਹ ਸੈਨਾ ਦੇਸ਼ ਫਤਹ ਕਰਨ ਵਾਸਤੇ ਨਹੀਂ ਸੀ, ਸਗੋਂ ਧਰਮ ਦੀ ਰਾਖੀ ਕਰਨ ਵਾਸਤੇ ਸੀ। ਕੁਝ ਪਠਾਣ (ਮੁਸਲਮਾਨ) ਗਭਰੂ ਵੀ ਨੌਕਰ ਰੱਖ ਲਏ ਜੋ ਬਹੁਤ ਲੜਾਕੇ ਤੇ ਦਲੇਰ ਦਿਲ ਸਨ। ਉਨ੍ਹਾਂ ਵਿਚ ਇਕ ਪੈਂਦੇ ਖਾਂ ਸੀ। ਪੈਂਦੇ ਖਾਂ ਸੁੰਦਰ ਤੇ ਅਰੋਗ ਸਰੀਰ ਦਾ ਦੇਖਕੇ ਸਾਹਿਬਾਂ ਨੇ ਇਸ ਨੂੰ ਪਹਿਲਵਾਨ ਬਣਾ ਦਿੱਤਾ। ਉਹ ਮੱਲਾਂ ਦੇ ਅਖਾੜੇ ਵਿਚ ਹਰ ਰੋਜ਼ ਕਸਰਤ ਕਰਦਾ ਰਿਹਾ। ਉਸ ਦੀ ਬਹਾਦਰੀ ਤੇ ਪਹਿਲਵਾਨੀ ਦੀ ਧੁੰਮ ਸਾਰੇ ਪੰਜਾਬ ਵਿਚ ਪੈ ਗਈ।

ਉਸ ਸਾਲ ਦੀ ਦੀਪਮਾਲਾ (ਦੀਵਾਲੀ) ਨੂੰ ਸਾਹਿਬਾਂ ਨੇ ਬਹੁਤ ਵੱਡਾ ਮੇਲਾ ਕੀਤਾ। ਦੂਰੋਂ ਦੂਰੋਂ ਸੰਗਤਾਂ ਨੂੰ ਸਦਿਆ, ਖੇਡਾਂ ਕਰਵਾਈਆਂ ਤੇ ਸਤਸੰਗ ਦੇ ਦੀਵਾਨ ਸਜਾਏ। ਉਨ੍ਹਾਂ ਦੀਵਾਨਾਂ ਵਿਚ ਧਰਮੀ ਯੋਧਿਆਂ ਦੀਆਂ ਵਾਰਾਂ ਦਾ ਗਾਇਣ ਕਰਵਾਇਆ ਗਿਆ। ਧਰਮ ਦਾ ਉਪਦੇਸ਼ ਹੋਇਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿਖ ਸੰਗਤਾਂ ਨੂੰ ਸੁਣਾਇਆ ਗਿਆ। ਇਸ ਮੇਲੇ ਦੇ ਕਾਰਨ ਨਾਲ ਸਤਿਗੁਰੂ ਜੀ ਦਾ ਜੱਸ ਬਹੁਤ ਖਿਲਰਿਆ। ਘਰ ਘਰ ਨਰ ਨਾਰੀ ਦੀ ਜ਼ਬਾਨ ਤੋਂ ਇਹ ਧੁਨੀ ਪ੍ਰਗਟ ਹੋਣ ਲਗੀ—"ਧੰਨ ਧੰਨ ਸਤਿਗੁਰੂ ਛੇਵਾਂ ਪਾਤਸ਼ਾਹ ਜੀ।"

੨੭. ਸ੍ਰੀ ਸਤਿਗੁਰੂ ਜੀ ਨੇ ਹਰਿ ਗੋਬਿੰਦ ਪੁਰ ਨਗਰ ਦੀ ਮੋਹੜੀ ਗੱਡਣੀ

ਦੀਪਮਾਲਾ ਦਾ ਪੁਰਬ ਸ਼ਾਨ ਨਾਲ ਮਨਾਇਆ ਗਿਆ। ਉਸ ਪੁਰਬ ਉਤੇ ਜਲੰਧਰ ਦੁਆਬੇ ਦੇ ਸਿੱਖ ਤੇ ਪ੍ਰੇਮੀ ਜਨ ਬਹੁਤ ਗਿਣਤੀ ਵਿਚ ਆਏ ਹੋਏ ਸਨ, ਉਨ੍ਹਾਂ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਦੁਆਬੇ ਵਿਚ ਚਰਨ ਪਾਕੇ ਸੰਗਤਾਂ ਨੂੰ ਨਿਹਾਲ ਕਰਨ। ਉਨ੍ਹਾਂ ਦੀ ਇਸ ਬੇਨਤੀ ਨੂੰ ਸਾਹਿਬਾਂ ਨੇ ਮੰਨ ਲਿਆ ਦੀਪਮਾਲਾ ਦੇ ਮੇਲੇ ਤੋਂ ਵੇਹਲੇ ਹੋਕੇ ਸਾਹਿਬ ਕਰਤਾਰ ਪੁਰ ਜਾ ਰਹੇ।

ਕਰਤਾਰ ਪੁਰ (ਜ਼ਿਲਾ ਜਲੰਧਰ) ਦੀ ਨੀਂਹ ਤਾਂ ਪੰਚਮ ਪਾਤਸ਼ਾਹ ਨੇ ਰਖੀ ਸੀ ਅਤੇ ਬਹੁਤ ਸਾਰੇ ਮਕਾਨ ਵੀ ਤਿਆਰ ਕਰਵਾਏ ਸਨ। ਸਾਰਿਆਂ ਨੇ ਕਰਤਾਰ ਪੁਰ ਵਿਚ ਕਈ ਮਕਾਨ ਬਣਾਉਣੇ ਸ਼ੁਰੂ ਕਰ ਦਿਤੇ। ਇਕ ਖੂਹ ਵੀ ਪਟਾਇਆ। ਇਹ ਸਾਰਾ ਕੰਮ ਕੋਈ ਸੱਤ ਅੱਠ ਮਹੀਨੇ ਵਿਚ ਕੀਤਾ। ਇਹ ਸਮਾਂ ਕਰਤਾਰ ਪੁਰ ਬੈਠਕੇ ਨਹੀਂ ਬਤੀਤ ਕੀਤਾ, ਸਗੋਂ ਸਾਹਿਬਾਂ ਨੇ ਨਗਰ ਨਗਰ ਫਿਰਕੇ ਗੁਰਮਤ ਦਾ ਪ੍ਰਚਾਰ ਕੀਤਾ। ਅਨੇਕਾਂ ਸਿੱਖਾਂ ਨੂੰ ਗਿਆਨ, ਨਾਮ-ਦਾਨ ਇਸ਼ਨਾਨ ਬਖਸ਼ਿਆ ਤੇ ਨਵਿਆਂ ਨੂੰ ਮਨਮਤ ਛਡਾ ਕੇ ਗੁਰਮਤ ਦੇ ਅੰਮ੍ਰਿਤ-ਮੰਡਲ ਵਿਚ ਲਿਆਂਦਾ। ਚਾਰੇ ਪਾਸੇ ਸਿੱਖੀ ਦੀ ਫੁਲਵਾੜੀ ਖਿੜਕੇ ਸ਼ੋਭਾ ਦੇਣ ਲੱਗੀ। ਹਰ ਇਕ ਨਰ ਨਾਰੀ ਦੀ ਜ਼ਬਾਨ ਤੋਂ ਇਹੋ ਸ਼ਬਦ ਨਿਕਲਦਾ ਸੀ—'ਧੰਨ ਧੰਨ ਸਤਿਗੁਰੂ ਜੀ! ਦੁਖਾਂ ਦਰਦਾਂ ਨੂੰ ਦੂਰ ਕਰਨ ਵਾਲਾ, ਦਾਤਾ ਸਤਿਗੁਰੂ ਜੀ! ਸਤਿ ਕਰਤਾਰ, ਸਤਿਨਾਮ ਅਤੇ ਵਾਹਿਗੁਰੂ ਵਾਹਿਗੁਰੂ ਦੀ ਧੁੰਨ ਉਤਪਨ ਹੁੰਦੀ ਸੀ। ਉਹ ਧਨ ਪਸ਼ੂ ਪੰਛੀਆਂ ਦੇ ਜਨਮ ਮਰਨ ਸਵਾਰੀ ਜਾਂਦੀ ਸੀ।

ਜਦੋਂ ਸਤਿਗੁਰੂ ਜੀ ਕਰਤਾਰ ਪੁਰ ਸਨ ਤਾਂ ਬਿਆਸਾ ਦੇ ਕਿਨਾਰੇ ਦੇ ਸਿੱਖਾਂ ਤੇ ਲੋਕਾਂ ਨੇ ਸਤਿਗੁਰੂ ਜੀ ਪਾਸ ਆਕੇ ਬੇਨਤੀ ਕੀਤੀ ਕਿ ਉਨ੍ਹਾਂ ਦੇ ਨਗਰਾਂ ਵਿਚ ਦੋ ਬੱਬਰ ਸ਼ੇਰ ਪਹਾੜੋਂ ਉਤਰ ਕੇ ਆ ਗਏ ਹਨ। ਉਹ ਬਹੁਤ ਹੀ ਖਤਰਨਾਕ ਹਨ। ਡੰਗਰ, ਬਕਰੀਆਂ ਭੇਡੇ ਡਾ ਨੂੰ ਖਾਈ ਜਾਂਦੇ ਹਨ ਅਤੇ ਜੀਵਾਂ ਨੂੰ ਵੀ ਜ਼ਰੂਰ ਨੁਕਸਾਨ ਪਹੁੰਚਾਉਣਗੇ, ਇਸ ਵਾਸਤੇ ਉਹ ਸ਼ੇਰ ਮਾਰ ਦੇਣੇ ਚਾਹੀਦੇ ਹਨ।

ਸਰਕਾਰੀ ਅਫਸਰ ਕੋਈ ਆਖੇ ਨਹੀਂ ਲੱਗਦਾ। ਪੇਂਡੂ ਲੋਕਾਂ ਕੋਲੋਂ ਉਹ ਮਰਦੇ ਨਹੀਂ ਇਸ ਵਾਸਤੇ ਸਤਿਗੁਰੂ ਜੀ ਮੇਹਰ ਕਰਨ ਤੇ ਦੋਹਾਂ ਸ਼ੇਰਾਂ ਨੂੰ ਮਾਰ ਸੁਟਣ।

ਸਤਿਗੁਰੂ ਜੀ ਮਹਾਂ ਬਲੀ ਸਨ। ਸ਼ੇਰ ਦਾ ਸ਼ਿਕਾਰ ਤਾਂ ਬੜੇ ਉਤਸ਼ਾਹ ਨਾਲ ਕਰਦੇ ਸਨ। ਬੇਨਤੀ ਨੂੰ ਸੁਣਦੇ ਸਾਰ ਸਤਿਗੁਰੂ ਜੀ ਘੋੜੇ ਉਤੇ ਸਵਾਰ ਹੋਏ ਤੇ ਉਸ ਅਸਥਾਨ ਉਪਰ ਜਾ ਪੁਜੇ, ਜਿਥੇ ਬੱਬਰ ਸ਼ੇਰ ਫਿਰਦੇ ਸਨ। ਉਨ੍ਹਾਂ ਦੋਹਾਂ ਸ਼ੇਰਾਂ ਨੂੰ ਸਾਹਿਬਾਂ ਨੇ ਇਕਲਿਆਂ ਹੀ ਮਾਰ ਦਿੱਤਾ, ਸ਼ੇਰਾਂ ਨੂੰ ਮਾਰਕੇ ਉਨ੍ਹਾਂ ਦੀਆਂ ਖਲਾਂ ਉਤਰਵਾ ਲਈਆਂ। ਉਹ ਖਲਾਂ ਬਹੁਤ ਸੁੰਦਰ ਤੇ ਬੇਦਾਗ ਸਨ। ਉਨ੍ਹਾਂ ਨੂੰ ਸਾਫ ਕਰਵਾ ਕੇ ਬਾਦਸ਼ਾਹ ਜਹਾਂਗੀਰ ਨੂੰ ਭੇਜਣ ਵਾਸਤੇ ਰੱਖ ਛਡੀਆਂ, ਉਹ ਪਰ ਬਾਦਸ਼ਾਹ ਨੂੰ ਮਿਲੀਆਂ ਨਹੀਂ ਸਨ।

ਪਹਾੜ ਦੇ ਪੈਰਾਂ ਵਿਚ ਬਿਆਸਾ ਤੇ ਪੂਰਬੀ ਕਿਨਾਰੇ ਉਤੇ ਮਕੇਰੀਆਂ ਸ਼ਹਿਰ ਵਸਦਾ ਹੈ। ਉਸ ਸ਼ਹਿਰ ਦੇ ਲਾਗਿਓਂ ਦਰਿਆ ਬਿਆਸਾ ਨੂੰ ਪਾਰ ਕਰਕੇ ਸਾਹਿਬ ਗੁਰਦਾਸ ਪੁਰ, ਅੰਮ੍ਰਿਤਸਰ ਦੇ ਉਸ ਇਲਾਕੇ ਵਿਚ ਆ ਪੁਜੇ ਜੋ ਬਿਆਸਾ ਦੇ ਪਛਮੀ ਕਿਨਾਰੇ ਬੇਲਿਆਂ ਦਾ ਇਲਾਕਾ ਸੀ, ਉਸ ਇਲਾਕੇ ਵਿਚ ਸ਼ਿਕਾਰ ਬਹੁਤ ਸੀ, ਹਰਨਾਂ ਦੀਆਂ ਡਾਰਾਂ ਫਿਰਦੀਆਂ ਸਨ। ਸਤਿਗੁਰੂ ਜੀ ਨੇ ਇੱਕ ਸੁੰਦਰ ਅਸਥਾਨ ਦੇਖਿਆ, ਉਥੇ ਇਕ ਛੋਟਾ ਜਿਹਾ ਉਜੜਿਆ ਹੋਇਆ ਨਗਰ ਸੀ, ਨਗਰ ਦੇ ਖੋਲੇ ਦੇਖਕੇ ਸਾਹਿਬਾਂ ਨੇ ਪੁਛਿਆ 'ਇਹ ਪਿੰਡ ਕਿਉਂ ਉਜੜ ਗਿਆ ?'

ਉਸ ਇਲਾਕੇ ਦੇ ਇੱਕ ਸੇਵਕ ਨੇ ਹੱਥ ਜੋੜਕੇ ਇਉਂ ਉੱਤਰ ਦਿੱਤਾ—'ਸਚੇ ਪਾਤਸ਼ਾਹ ਇਸ ਪਿੰਡ ਵਿੱਚ ਚੰਦਰਾ ਚੰਦੂ ਰਹਿੰਦਾ ਸੀ, ਇਹ ਪਿੰਡ ਉਸਦਾ ਸੀ, ਜਦੋਂ ਉਸਨੇ ਗੁਰੂ ਘਰ ਨਾਲ ਧ੍ਰੋਹ ਕੀਤਾ ਤਾਂ ਇਸ ਇਲਾਕੇ ਦੇ ਸਿੱਖਾਂ ਨੇ ਗੁਸੇ ਵਿਚ ਆਕੇ ਉਹਦਾ ਪਿੰਡ ਥੇਹ ਕਰ ਦਿੱਤਾ।ਇਸ ਪਿੰਡ ਦੇ ਸਾਰੇ ਜੀਵ ਏਧਰ ਉਧਰ ਚਲੇ ਗਏ, ਹੁਣ ਏਥੇ ਕੋਈ ਆਉਂਦਾ ਨਹੀਂ, ਜ਼ਮੀਨ ਵੀ ਸਾਰੀ ਐਵੇਂ ਬੇ-ਮਾਲਕੀ ਪਈ ਹੈ।'

'ਬਹੁਤ ਹੱਛਾ ! ਹੁਣ ਏਥੇ ਅਸੀਂ ਨਗਰ ਵਸਾਉਂਦੇ ਹਾਂ।' ਇਹ ਆਖਕੇ ਸਤਿਗੁਰੂ ਜੀ ਨੇ ੧੭ ਅਸੂ ਸੰਮਤ ੧੬੭੭ ਵਿੱਚ ਮੋਹੜੀ ਗੱਡ ਦਿੱਤੀ ਅਤੇ ਜੋ ਸ਼ਰਧਾਲੂ ਸਿੱਖ ਨਾਲ ਸਨ ਉਨ੍ਹਾਂ ਨੇ ਪਿੰਡ ਦਾ ਨਾਮ, 'ਹਰਿ ਗੋਬਿੰਦ ਪੁਰ' ਰੱਖ ਦਿੱਤਾ, ਜੋ ਨਗਰ ਹੁਣ ਇੱਕ ਘੁਘ ਵਸਦਾ ਕਸਬਾ ਹੈ।

ਸਾਹਿਬਾਂ ਨੇ ਲੋਕਾਂ ਦੇ ਆਰਾਮ ਵਾਸਤੇ ਸਭ ਤੋਂ ਪਹਿਲਾਂ ਇਕ ਧਰਮਸਾਲਾ ਬਣਵਾਈ। ਉਹਦੇ ਪਿਛੋਂ ਦੁਕਾਨਾ ਉਸਰੀਆਂ ਤੇ ਬਾਹਰੋਂ ਆਕੇ ਲੋਕ ਵਸੇ। ਉਜੜੀ ਥਾਂ ਤੇ ਰੌਣਕ ਹੋ ਗਈ, ਜੰਗਲ ਵਿਚ ਮੰਗਲ ਲਗ ਗਿਆ। ਉਹ ਨਗਰ ਨੂੰ ਵਸਾ ਕੇ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਪੁਜੇ।

੨੯. ਬੀਬੀ ਕੌਲਾਂ ਦਾ ਪ੍ਰਸੰਗ

ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭ ਜੀ ਸਮਾਰੇ ॥ ੨ ॥
ਏਕੋ ਏਕੁ ਆਪਿ ਇਕੁ ਏਕੈ ਹੈ ਸਗਲਾ ਪਾਸਾਰੇ ॥
ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥ (ਆਸਾ ਮਃ ੫)

ਗੁਰੂ ਜੀ ਦੀ ਸਿਖਿਆ ਨੂੰ ਪ੍ਰਾਪਤ ਕਰਕੇ ਜਦੋਂ ਮਨ ਨੂੰ ਪੂਰਨ ਗਿਆਨ ਹੋ ਗਿਆ ਤਾਂ ਉਹ ਮਨ ਸਾਰਿਆ ਦੇ ਚਰਨਾਂ ਦੀ ਧੂੜੀ ਬਣ ਗਿਆ। ਜਦੋਂ ਧੂੜੀ ਬਣਿਆਂ ਤਾਂ ਅੱਖਾਂ ਵਿਚੋਂ ਦੂਈ ਦੀ ਨਜ਼ਰ ਦੂਰ ਹੋ ਗਈ। ਸਭ ਜੀਵ ਤੇ ਜੰਤੂ ਮਿਤ੍ਰ ਪਿਆਰੇ ਦਿੱਸਣ ਲਗੇ, ਕਿਸੇ ਕੋਲੋਂ ਭੈ ਨਾ ਆਉਣ ਲਗਾ। ਫਿਰ ਇਹ ਵੀ ਦਿਸ ਪਿਆ ਕਿ ਮਨੁੱਖ ਸਾਰੇ (ਭਾਵੇਂ ਕਿਸੇ ਜਾਤੀ ਜਾਂ ਦੇਸ ਦੇ ਹੋਣ) ਇਕ ਪ੍ਰਮਾਤਮਾ ਦੀ ਅੰਸ ਹਨ ਤੇ ਸਾਰਿਆਂ ਦੇ ਮਨਾਂ ਵਿਚ ਪ੍ਰਮਾਤਮਾ ਦਾ ਵਾਸ ਹੈ। ਓਹੋ ਹੀ ਜੀਵਾਂ ਨੂੰ ਪਾਲਦਾ ਤੇ ਰੱਖਦਾ ਹੈ। ਉਹ ਪ੍ਰਮਾਤਮਾ ਇਕ ਹੈ ਤੇ ਉਸ ਇਕ ਦਾ ਹੀ ਇਹ ਸਾਰਾ ਸੰਸਾਰ ਪਸਾਰਾ ਹੈ। ਮਾਯਾ ਭੇਦ ਕਰਕੇ ਸਧਾਰਨ ਪੁਰਖ ਇਸ ਗਿਆਨ ਨੂੰ ਸਮਝ ਨਹੀਂ ਸਕਦਾ। ਉਸ ਪ੍ਰਮਾਤਮਾ ਦੇ ਨਾਮ ਨੂੰ ਜਪਕੇ ਕਈਆਂ ਨੇ ਜੀਵਨ ਸਵਾਰੇ ਹਨ। ਇਸ ਮਹਾਨ ਆਤਮਿਕ ਗਿਆਨ ਨੂੰ ਹੁਣ ਅਸੀਂ ਭੁਲ ਗਏ ਹਾਂ। ਸਾਰੇ ਜੀਵਾਂ ਦੇ ਮਨਾਂ ਉਤੇ ਕਲਜੁਗ ਦਾ ਪ੍ਰਭਾਵ ਹੈ। ਦੁਨੀਆਂਦਾਰ ਹਿੰਦੂ, ਮੁਸਲਮਾਨ, ਸਿਖ ਪਾਰਸੀ ਆਦਿਕ ਦੇ ਸਮਾਜੀ ਤੇ ਜਾਤੀ ਅਡਰੇਪਨ ਦੇ ਵਖੇਵਾਂ ਨੂੰ ਦੇਖ ਦੇਖਕੇ ਘਬਰਾਉਂਦੇ ਤੇ ਇਕ ਦੂਸਰੇ ਨਾਲ ਘਿਰਣਾ ਕਰਦੇ ਹਨ ਪਰ ਆਤਮਕ ਮੰਡਲ ਦੇ ਵਾਸੀਆਂ ਵਾਸਤੇ ਨਾ ਕੋਈ ਜਾਤ ਹੈ ਨਾ ਕੋਈ ਦੇਸ਼ ਦੀ ਹੱਦ ਹੁੰਦੀ ਹੈ। ਉਹਨਾਂ ਨੂੰ ਸਾਰਾ ਬ੍ਰਹਿਮੰਡ ਅਪਣਾ ਘਰ ਤੇ ਸਾਰੇ ਪੁਰਖ ਆਪਣੇ ਪ੍ਰਤੀਤ ਹੁੰਦੇ ਹਨ।

ਐਸੇ ਮਹਾਂ ਪੁਰਖ ਬਹੁਤ ਹੋਏ ਹਨ ਜਿਨ੍ਹਾਂ ਦੀਆਂ ਅੱਖਾਂ ਵਿਚ ਪ੍ਰੇਮ ਨੇ ਏਕਤਾ ਤੇ ਸਰਬ ਸਾਂਝ ਦੀ ਰੋਸ਼ਨੀ ਦਿਤੀ ਹੋਈ ਸੀ। ਮੁਸਲਮਾਨ ਦੇਸਾਂ ਵਿਚ ਸੂਫੀਅਤ ਸਰਬ-ਸਾਂਝ ਦਾ ਪ੍ਰਚਾਰ ਕਰਦਾ ਰਿਹਾ ਹੈ। ਸਤਿਗੁਰੂ ਜੀ ਦੇ ਸਮੇਂ ਲਾਹੌਰ ਸੂਫੀਅਤ ਦਾ ਵਡਾ ਕੇਂਦਰ ਸੀ। ਸ਼ਾਹ ਹੁਸੈਨ, ਬੁਲੇਸ਼ਾਹ ਅਤੇ ਮੀਆਂ ਮੀਰ ਵਰਗੇ ਬਜ਼ੁਰਗ ਲਾਹੌਰ ਵਿਚ ਹੋ ਗੁਜ਼ਰੇ ਹਨ ਜੋ ਹਿੰਦੂ ਤੇ ਮੁਸਲਮਾਨ ਨੂੰ ਇਕ ਜਾਣਦੇ ਸਨ।ਮੀਆਂ ਮੀਰ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮਕਾਲੀ ਸਨ। ਬਾਦਸ਼ਾਹ ਤੋਂ ਕੰਗਾਲ ਤਕ ਦਾ ਪੁਰਖ ਉਸਦਾ ਸਤਕਾਰ ਕਰਦਾ ਸੀ,ਉਹ ਬਹੁਤ ਨੇਕ ਦਿਲ ਤੇ ਧਰਮਾਤਮਾ ਪੁਰਖ ਸੀ,ਲਾਹੌਰ ਕੇ ਕਾਜ਼ੀ, ਮੌਲਾਣੇ, ਵਜ਼ੀਰ ਤੇ ਸੂਬੇਦਾਰ ਉਸਨੂੰ ਆਪਣੇ ਘਰਾਂ ਵਿਚ ਅਤੱਕ ਲੈ ਜਾਂਦੇ ਤੇ ਪ੍ਰਸਾਦ ਛਕਾਇਆ ਕਰਦੇ ਸਨ। ਮੁਸਲਮਾਨੀ ਪੁਸਤਕਾਂ ਦੇ ਗਿਆਨੀ, ਹਾਫਜ਼ ਅਤੇ ਪੜ੍ਹਨ-ਪੜ੍ਹਾਉਣ ਵਾਲੇ ਵਿਦਵਾਨ ਸਨ।

ਮੀਆਂ ਮੀਰ ਜੀ ਦੇ ਕੋਲ ਲਾਹੌਰ ਦੇ ਇੱਕ ਕਾਜ਼ੀ ਦੀ ਲੜਕੀ ਕੌਲਾਂ ਕੁਰਾਨ ਸ਼ਰੀਫ ਪੜ੍ਹਿਆ ਕਰਦੀ ਸੀ, ਉਹ ਲੜਕੀ ਸੁੰਦਰ, ਮੁਟਿਆਰ ਤੇ ਪਾਕ ਦਾਮਨ ਲੜਕੀ ਸੀ, ਉਸਦੀ ਉਮਰ ਵੀਹ ਸਾਲ ਦੇ ਨੇੜੇ ਤੇੜੇ ਹੋ ਗਈ ਸੀ, ਰਬੀ ਗਿਆਨ ਨੇ ਉਸਨੂੰ ਵੈਰਾਗਨ ਕਰ ਦਿਤਾ, ਉਹਦੇ ਹਿਰਦੇ ਵਿਚੋਂ ਦੁਵੇਖ ਦਾ ਭਾਵ ਮਿਟਾ ਦਿੱਤਾ। ਕੁਦਰਤ, ਬਨਾਸਪਤੀ, ਜੀਵ, ਪੰਛੀ ਤੇ ਪੁਰਖ-ਨਾਰੀ ਨੂੰ ਉਹ ਇੱਕ ਪ੍ਰਮਾਤਮਾ ਦੀ ਕਿਰਤ ਮੰਨਣ ਲੱਗ ਪਈ, ਕੁਰਾਨ ਸ਼ਰੀਫ ਤੇ ਹੋਰ ਮੁਸਲਮਾਨੀ ਪੁਸਤਕਾਂ ਪੜ੍ਹਨ ਦੇ ਨਾਲ ਉਹ ਹਿੰਦੂ ਮਤ ਦੇ ਗ੍ਰੰਥਾਂ ਵਿਚੋਂ ਗੀਤਾ ਤੇ ਰਾਮਾਇਣ ਵੀ ਪੜ੍ਹਦੀ ਸੀ। ਮੀਆਂ ਮੀਰ ਦੀ ਸੰਗਤ ਦੇ ਕਾਰਨ ਉਸਨੇ ਸਤਿਗੁਰੂ ਜੀ ਦੀ ਬਾਣੀ ਵੀ ਸੁਣੀ, ਖਾਸ ਕਰਕੇ ਸੁਖਮਨੀ ਸਾਹਿਬ ਜੀ ਦੀ ਬਾਣੀ ਸੁਣਕੇ ਤਾਂ ਵਿਸਮਾਦ ਦੇ ਵਾਯੂ ਮੰਡਲ ਵਿਚ ਪੁਜ ਗਈ, ਉਸਨੇ ਇਸ ਪਵਿਤ੍ਰ ਬਾਣੀ ਨੂੰ ਜ਼ਬਾਨੀ ਕੰਠ ਕੀਤਾ ਤੇ ਸਵੇਰੇ ਇਸਦਾ ਪਾਠ ਕਰਨ ਲੱਗ ਪਈ।

ਕੌਲਾਂ ਸਤ ਤੇ ਪ੍ਰੇਮ ਦੀ ਦੇਵੀ ਸੀ। ਉਹ ਅੰਮ੍ਰਿਤ ਵੇਲੇ ਜਾਗਦੀ ਤੇ ਰਬ ਨੂੰ ਯਾਦ ਕਰਦੀ। ਇਕ ਦਿਨ ਸੁਖਮਨੀ ਸਾਹਿਬ ਦਾ ਪਾਠ ਕਰ ਰਹੀ ਸੀ ਤਾਂ ਕੌਲਾਂ ਦਾ ਬਾਪ ਕਾਜ਼ੀ ਰੁਸਤਮ ਖਾਂ ਉਹਦੇ ਕੋਲ ਆ ਗਿਆ, ਉਸ ਨੇ ਲਾਡ ਨਾਲ ਪੁਛਿਆ—'ਬੇਟੀ! ਕੀ ਪੜ੍ਹ ਰਹੀ ਹੈਂ ?'

'ਸਤਿਗੁਰੂ ਨਾਨਕ ਵਲੀ ਜੀ ਦੀ ਬਾਣੀ ਅਬਾ ਜੀ!' ਕੌਲਾਂ ਭੋਲੇ ਭਾ ਉਤਰ ਦਿੱਤਾ।

'ਕੀ ਕਿਹਾ ਈ?' ਕਾਜ਼ੀ ਨੇ ਪੁਛਿਆ। ਉਹਦੇ ਚੇਹਰੇ ਦਾ ਰੰਗ ਬਦਲ ਗਿਆ।

'ਮੈਂ ਕਿਹਾ ਅੱਬਾ! ਮੈਂ ਬਾਣੀ ਪੜ੍ਹ ਰਹੀ ਹਾਂ ਵਲੀ ਨਾਨਕ ਜੀ ਦੀ। ਇਸ ਬਾਣੀ ਦੇ ਉਚਾਰਨ ਵਾਲੇ ਹਨ, ਬ੍ਰਹਮ ਗਿਆਨੀ ਸਤਿਗੁਰੂ ਅਰਜਨ ਦੇਵ ਜੀ, ਜੇਹੜੇ ਗੁਰੂ ਚੱਕ ਦੇ ਰਹਿਣ ਵਾਲੇ ਸਨ।

'ਕਿਸ ਕੋਲੋਂ ਸੁਣੀ ਤੇ ਸਿੱਖੀ?'

'ਪੀਰ ਮੀਆ ਮੀਰ ਜੀ ਪਾਸੋਂ।'

'ਇਸ ਨੂੰ ਅਜ ਤੋਂ ਭੁਲ ਜਾ। ਇਹ ਕਾਫਰਾਂ ਦੀ ਕਲਾਮ ਹੈ, ਇਸ ਨੂੰ ਪੜ੍ਹਨ ਜਾਂ ਸੁਣਨ ਵਾਲੇ ਨੂੰ ਹਕੂਮਤ ਮਰਵਾ ਦੇਂਦੀ ਹੈ। ਮੁਸਲਮਾਨ ਹੋ ਕੇ ਕੋਈ ਕਿਸੇ ਕਾਫਰ ਦੀ ਕਲਾਮ ਨਹੀਂ ਪੜ੍ਹ ਸੁਣ ਸਕਦਾ।'

'ਅਬਾ ਜਾਨ! ਕਲਾਮ ਤਾਂ ਹਰ ਇਕ ਦੀ ਖੁਦਾਈ ਹੈ। ਇਕ ਅਲਾ ਤਾਲਾ ਹੈ ਤੇ ਸਾਰਾ ਜਗਤ ਉਸਦੀ ਕਿਰਤ ਹੈ, ਹਿੰਦੂ ਕੋਈ ਦੂਸਰੇ ਤਾ ਨਹੀਂ।' ਕੌਲਾਂ ਨੇ ਆਪਣੇ ਬਾਪ ਨੂੰ ਇਹ ਓਤਰ ਦੇ ਕੇ ਉਹਦੇ ਹਿਰਦੇ ਨੂੰ ਅੱਗ ਲਾ ਦਿੱਤੀ।

'ਬੱਸ ਮੈਂ ਆਖਦਾ ਹਾਂ ਅਜ ਤੋਂ ਇਹ ਬਾਣੀ ਨਹੀਂ ਪੜ੍ਹਨੀ ਹੋਵੇਗੀ। ਜੇ ਨਾ ਭੁਲੀ ਤਾਂ ਸ਼ਾਹੀ ਮੌਲਵੀ ਪਾਸੋਂ ਫਤਵਾ ਲਗਵਾਕੇ ਮਰਵਾ ਦੇਵਾਂਗਾ। ਜੇ ਜੀਉਣਾ ਚਾਹੁੰਦੀ ਹੈਂ ਤਾਂ ਇਸ ਬਾਣੀ ਨੂੰ ਅਜ ਹੀ ਭੁਲ ਜਾ।'

'ਜੋ ਬਾਣੀ ਯਾਦ ਹੋ ਜਾਂਦੀ ਹੈ ਓਹ ਭੁਲਿਆ ਨਹੀਂ ਕਰਦੀ। ਜੋ ਭੁਲਣ ਵਾਲੀ ਹੁੰਦੀ ਹੈ ਉਹ ਯਾਦ ਨਹੀਂ ਕੀਤੀ ਜਾਂਦੀ।' ਇਹ ਕੌਲਾਂ ਦਾ ਉੱਤਰ ਸੀ।

'ਆਪਣੀ ਵੀਹ ਸਾਲ ਦੀ ਜਾਵਨ ਲੜਕੀ ਪਾਸੋਂ ਇਸਤਰ੍ਹਾਂ ਦਾ ਨਿਰਭੇਤਾ ਭਰਿਆ ਉਤਰ ਸੁਣਕੇ ਕਾਜ਼ੀ ਰੁਸਤਮ ਖਾਂ ਲਹੂ ਦੇ ਘੁਟ ਭਰਦਾ ਹੋਇਆ ਪਿਛੇ ਮੁੜ ਗਿਆ ਪਰ ਕੌਲਾਂ ਬਾਣੀ ਦਾ ਪਾਠ ਕਰੀ ਗਈ।

ਸਤਿਗੁਰੂ ਜੀ ਉੱਨੀ ਦਿਨੀ ਸ੍ਰੀ ਅੰਮ੍ਰਿਤਸਰ ਰਹਿੰਦੇ ਸਨ ਕਿ ਇਕ ਭਾਗ ਮਲ ਨਾਮ ਦਾ ਸ਼ਰਧਾਲੂ ਸਿੱਖ ਸਤਿਗੁਰੂ ਜੀ ਪਾਸ ਆਇਆ, ਉਹ ਪਸ਼ਾਵਰ ਦਾ ਰਹਿਣ ਵਾਲਾ ਸੀ ਤੇ ਕਾਬਲ ਅਤੇ ਬਗਦਾਦ ਆਦਿਕ ਦੇਸ਼ਾਂ ਵਿਚ ਜਾਕੇ ਬਿਉਪਾਰ

ਕਰਿਆ ਕਰਦਾ ਸੀ, ਹੋਰ ਵਸਤੂਆਂ ਦੇ ਨਾਲ ਘੋੜੇ ਵੀ ਖਰੀਦਦਾ ਤੇ ਵੇਚਦਾ ਸੀ। ਸੁਦਾਗਰੀ ਵਿਚ ਉਸਨੂੰ ਚੰਗਾ ਨਫਾ ਬਚਦਾ ਸੀ।

ਭਾਈ ਭਾਗ ਮਲ ਨੇ ਸਤਿਗੁਰੂ ਜੀ ਦੀ ਸ਼ਰਨ ਆ ਕੇ ਬੇਨਤੀ ਕੀਤੀ—'ਸਚੇ ਪਾਤਸ਼ਾਹ ! ਮੈਂ ਆਪ ਵਾਸਤੇ ਕਾਬਲ ਤੋਂ ਇਕ ਘੋੜਾ ਲਿਆਇਆ ਸਾਂ, ਉਹ ਘੋੜਾ ਮੈਂ ਆਪ ਨੂੰ ਪ੍ਰੇਮ ਭੇਟਾ ਕਰਨਾ ਸੀ, ਪਰ ਲਾਹੌਰ ਦੇ ਤੁਰਕ ਹਾਕਮਾਂ ਨੇ ਮੇਰੇ ਕੋਲੋਂ ਮਲੋ ਮਲੀ ਖੋਹਕੇ ਰੱਖ ਲਿਆ ਹੈ। ਮੇਰੇ ਨਾਲ ਬਹੁਤ ਧੱਕਾ ਹੋਇਆ ਹੈ ਜ਼ਾਲਮ ਹਾਕਮਾਂ ਨੇ ਮੇਰੇ ਮਨ ਦੀ ਇੱਛਾ ਪੂਰੀ ਨਹੀਂ ਹੋਣ ਦਿੱਤੀ।'

ਭਾਗਮਲ ਦੀ ਜ਼ਬਾਨੀ ਇਹ ਸੁਣ ਕੇ ਸਤਿਗੁਰੂ ਜੀ ਨੇ ਸਹਿਜ ਸੁਭਾ ਫੁਰਮਾਇਆ—'ਕੋਈ ਚਿੰਤਾ ਨਾ ਕਰੋ ਜੇ ਉਹ ਘੋੜਾ ਅਸਾਂ ਵਾਸਤੇ ਲਿਆਂਦਾ ਗਿਆ ਹੈ ਤਾਂ ਉਹ ਜ਼ਰੂਰ ਅਸਾਂ ਕੋਲ ਪਹੁੰਚ ਜਾਵੇਗਾ।" ਇਸ ਤਰਾਂ ਸਾਹਿਬਾਂ ਨੇ ਭਾਈ ਭਾਗ ਮਲ ਜੀ ਨੂੰ ਧੀਰਜ ਦਿੱਤੀ ਅਤੇ ਨਾਮ ਦਾਨ ਬਖਸ਼ਿਆ।

ਉਧਰ ਘੋੜਾ ਸੂਬੇਦਾਰ ਦੇ ਤਬੇਲੇ ਵਿਚ ਬੀਮਾਰ ਹੋ ਗਿਆ । ਉਸਨੇ ਨਾ ਜਲ ਪੀਤਾ ਤੇ ਨਾ ਪੱਠੇ ਖਾਧੇ। ਉਹ ਚੁਪ ਚਾਪ ਖਲੋਤਾ ਰਹਿਣ ਲੱਗਾ । ਇਸ ਤਰਾਂ ਭੁਖਾ-ਤ੍ਰਿਹਾਇਆ ਰਹਿੰਦਾ ਹੋਇਆ ਘੋੜਾ ਲਿੱਸਾ ਹੋ ਗਿਆ । ਸੂਬੇਦਾਰ ਨੇ ਉਹ ਘੋੜਾ ਕਾਜ਼ੀ ਰੁਸਤਮ ਖਾਂ (ਕੌਲਾਂ ਦੇ ਬਾਪ ਨੂੰ) ਮੁਫਤ ਦੇ ਦਿੱਤਾ। ਕਾਜ਼ੀ ਕੋਲ ਜਾਕੇ ਵੀ ਘੋੜੇ ਨੇ ਪੱਠੇ ਨਾ ਖਾਧੇ।

ਸੰਗਤਾਂ ਨੂੰ ਦਰਸ਼ਨ ਦੇਣ ਵਾਸਤੇ ਸਤਿਗੁਰੂ ਜੀ ਲਾਹੌਰ ਪੁਜੇ। ਸਬਬ ਨਾਲ ਮੁਜੰਗੀਂ ਜਾ ਰਹੇ ਜਿਥੇ ਕਾਜ਼ੀ ਰੁਸਤਮ ਖਾਂ ਦਾ ਘਰ ਸੀ। ਸਤਿਗੁਰੂ ਜੀ ਨੂੰ ਪਤਾ ਲਗ ਗਿਆ ਕਿ ਭਾਗ ਮਲ ਦਾ ਘੋੜਾ ਕਾਜ਼ੀ ਪਾਸ ਹੈ। ਉਨ੍ਹਾਂ ਨੇ ਕਾਜ਼ੀ ਕੋਲੋਂ ਘੋੜਾ ਖਰੀਦ ਲਿਆ। ਜਦੋਂ ਘੋੜੇ ਦਾ ਸੌਦਾ ਹੋਣ ਲੱਗਾ ਤਾਂ ਕਾਜ਼ੀ ਦੀ ਪੁਤ੍ਰੀ ਕੌਲਾਂ ਨੂੰ ਪਤਾ ਲਗ ਗਿਆ ਕਿ ਸਤਿਗੁਰੂ ਜੀ ਆਏ ਹਨ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਇਕੱਲੀ ਘਰੋਂ ਨਿਕਲੀ ਤੇ ਚੁਪ ਚਾਪ ਸਤਿਗੁਰੂ ਜੀ ਦੀ ਸਤਿਸੰਗਤ ਵਿਚ ਜਾ ਬੈਠੀ ਤੇ ਕੀਰਤਨ ਸੁਣਕੇ ਨਿਹਾਲ ਹੋਈ । ਉਸਨੇ ਨਿਗਾਹ ਭਰਕੇ ਸਤਿਗੁਰੂ ਜੀ ਵਲ ਦੇਖਿਆ। ਦੇਖਦੇ ਸਾਰ ਸਾਹਿਬਾਂ ਦੀ ਮਨ ਮੋਹਣੀ ਸੂਰਤ ਨੂੰ ਹਿਰਦੇ ਵਿਚ ਵਸਾ ਬੈਠੀ । ਅਗੇ ਜੋ ਸਤਿਗੁਰਾਂ ਦੀ ਬਾਣੀ ਨਿਤਨੇਮ ਸਮੇਂ

ਪੜ੍ਹਦੀ ਸੀ ਫਿਰ ਸਾਹ ਸਾਹ ਨਾਲ ਪੜ੍ਹਨ ਲਗੀ। ਉਹ ਘਰ ਚਲੀ ਗਈ ਉਸਨੇ ਨਾ ਸਤਿਗੁਰੂ ਜੀ ਨਾਲ ਕੋਈ ਬਚਨ ਕੀਤਾ ਤੇ ਨਾ ਘਰ ਜਾ ਕੇ ਦਸਿਆ ਕਿ ਉਹ ਕਿਥੋਂ ਆਈ ਹੈ। ਘਰ ਪੁੱਜਕੇ ਹਿਰਦਾ ਬੇਚੈਨ ਹੋ ਗਿਆ। ਹਿਰਦੇ ਨੂੰ ਸ਼ਾਂਤ ਕਰਨ ਵਾਸਤੇ ਉਹ ਬਾਣੀ ਦਾ ਪਾਠ ਕਰਨ ਲਗੀ। ਉਹ ਇਹ ਭੁਲ ਗਈ ਕਿ ਉਹ ਕਾਜ਼ੀ ਦੀ ਲੜਕੀ ਹੈ ਤੇ ਉਹਦੇ ਮਾਪੇ ਸਿਖ ਤੇ ਹਿੰਦੂ ਧਰਮ ਦੇ ਵਿਰੋਧੀ ਹਨ। ਉਹ ਹਰ ਪਾਸੇ ਪ੍ਰਮਾਤਮਾ ਦਾ ਨੂਰ ਦੇਖਣ ਲਗੀ। ਅਗਲੇ ਦਿਨ ਫਿਰ ਸਤਿਗੁਰੂ ਜੀ ਦੇ ਹਜ਼ੂਰ ਜਾ ਬੈਠੀ, ਬਾਣੀ ਸੁਣਨ ਲਗੀ। ਸਤਿਗੁਰੂ ਜੀ ਉਸ ਵੇਲੇ ਉਪਦੇਸ਼ ਕਰਕੇ ਅੰਮ੍ਰਿਤ ਵਰਖਾ ਕਰ ਰਹੇ ਸਨ। ਉਸ ਉਪਦੇਸ਼ ਨੂੰ ਸੁਣਕੇ ਕੌਲਾਂ ਦਾ ਹਿਰਦਾ ਬਾਗ ਬਾਗ ਹੋ ਗਿਆ। ਉਹ ਬੈਠੀ ਹੋਈ ਪ੍ਰੇਮ ਰਸ ਲੈਂਦੀ ਰਹੀ। ਬਾਣੀ ਦਾ ਕੀਰਤਨ ਸੁਣਦੀ ਰਹੀ ਜਦ ਭੋਗ ਪੈ ਗਿਆ ਤੇ ਅਰਦਾਸ ਪਿਛੋਂ ਪ੍ਰਸ਼ਾਦ ਵਰਤਾਇਆ ਗਿਆ ਤਾਂ ਉਹ ਉਠ ਕੇ ਘਰ ਨੂੰ ਤੁਰੀ। ਉਸ ਨੂੰ ਘਰ ਜਾਂਦਿਆਂ ਹੋਇਆਂ ਲੋਕਾਂ ਨ ਦੇਖ ਲਿਆ। ਉਨਾਂ ਜਾ ਕੇ ਕਾਜ਼ੀ ਨੂੰ ਦਸਿਆ ਕਿ ਹਿੰਦੂਆਂ ਦ ਪੀਰ ਸਤਿਗੁਰੂ ਹਰਿ ਗੋਬਿੰਦ ਸਾਹਿਬ ਕੋਲ ਕੌਲਾਂ ਜਾਂਦੀ ਹੈ ਇਹ ਮੁਨਾਸਬ ਨਹੀਂ ਕਾਜ਼ੀ ਪਹਿਲਾਂ ਹੀ ਕੌਲਾਂ ਕੋਲੋਂ ਤੰਗ ਸ਼ੀ ਜਦ ਉਸਨੂੰ ਨਵੀਂ ਸ਼ਕਾਇਤ ਮਿਲੀ ਤਾਂ ਉਹ ਆਪ ਤੋਂ ਬਾਹਰ ਹੋ ਗਿਆ। ਉਸਨੇ ਕੌਲਾ ਨੂੰ ਕੁਟਿਆ। ਮੰਦੇ ਸ਼ਬਦ ਬੋਲੇ ਤੇ ਕਤਲ ਕਰਵਾ ਦੇਣ ਦਾ ਭੈ ਦੇਂਦਿਆਂ ਹੋਇਆਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜਾਣੋਂ ਰੋਕਿਆ—'ਜੇ ਤੂੰ ਬਾਣੀ ਪੜ੍ਹੀ ਤਾਂ ਤੈਨੂੰ ਗਲ ਘੁਟਕ ਮਾਰ ਸੁਟਾਂਗਾ। ਬਸ ਅਜ ਤੋਂ ਤੂੰ ਦਰਵਾਜ਼ਤੋਂ ਬਾਹਰ ਨਹੀਂ ਹੋ ਸਕਦੀ। ਇਸ ਤਰਾਂ ਕਾਜ਼ੀ ਨੇ ਆਪਣੇ ਗੁਸੇ ਦੀ ਜਵਾਲਾ ਨੂੰ ਮਾਸੂਮ ਕੌਲਾਂ ਦੇ ਕੋਮਲ ਹਿਰਦੇ ਉਤੇ ਸੁਟਕੇ ਉਹਦੇ ਹਿਰਦੇ ਨੂੰ ਸਾੜਨ ਦਾ ਯਤਨ ਕੀਤਾ। ਸਤਿਗੁਰੂ ਜੀ ਦੇ ਚਰਨਾਂ ਦੀ ਸੇਵਕਾ ਅਤ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਨ ਵਾਲੀ'ਕੌਲਾਂ ਧੀਰਜ ਨਾਲ ਕਰਤਾਰ ਦੇ ਰੰਗ ਦੇਖਣ ਲਗੀ ਤੇ ਉਹ ਚੁਪ ਰਹੀ।ਨੈਣਾ ਵਿਚੋਂ ਇਕ ਅੱਥਰੂ ਕੇਰਨ ਤੋਂ ਬਿਨਾਂ ਹੀ ਉਹ ਆਪਣੇ ਬਾਪ ਦੀਆਂ ਸਖਤੀਆਂ ਨੂੰ ਸਹਿੰਦੀ ਰਹੀ। ਉਸ ਨੇ ਇਹ ਨਹੀਂ ਕਿਹਾ ਕਿ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਕਰੇਗੀ ਤੇ ਅਗੇ ਨੂੰ ਬਾਣੀ ਨਹੀਂ ਪੜ੍ਹੇਗੀ। ਪੀਰ ਮੀਆਂ ਮੀਰ ਜੀ ਦੀ ਸੰਗਤ ਨੇ ਉਸ ਨੂੰ ਮੌਤ ਭੁਲਾ ਦਿੱਤੀ ਸੀ। ਉਹ ਸ਼ਮਸਤਬਰੇਜ਼

ਤੇ ਮਨਸੂਰ ਦੀ ਸ਼ਹੀਦੀ ਦਾ ਇਤਿਹਾਸ ਸੁਣ ਚੁੱਕੀ ਸੀ। 'ਸੱਚ ਤੇ ਹੱਕ' ਬਦਲੇ ਜ਼ਰੂਰ ਡੱਟੇ ਰਹਿਣਾ ਚਾਹੀਦਾ ਹੈ।

ਜਦ ਕੌਲਾਂ ਆਪਣੇ ਬਾਪ ਦੇ ਆਖੇ ਨਾ ਲੱਗੀ ਤਾਂ ਕਾਜ਼ੀ ਨੇ ਲਾਹੌਰ ਦੇ ਸ਼ਾਹੀ ਮੌਲਵੀ ਪਾਸੋਂ ਫਤਵਾ ਲਿਆ ਕਿ ਉਸਦੀ ਲੜਕੀ ਕੌਲਾਂ ਹਿੰਦੂ ਪੀਰ (ਸਤਿਗੁਰੂ) ਹਰਿਗੋਬਿੰਦ (ਜੀ) ਦੀ ਸੰਗਤ ਵਿਚ ਬੈਠਦੀ ਹੈ, ਦੂਸਰਾ ਇਸਲਾਮ ਦੀਆਂ ਧਾਰਮਿਕ ਪੁਸਤਕਾਂ ਪੜ੍ਹਨ ਦੀ ਥਾਂ ਨਵੇਂ ਧਰਮ ਦੀ ਬਾਣੀ ਪੜ੍ਹਦੀ ਹੈ। ਮੁਸਲਮਾਨ ਹੁੰਦਿਆਂ ਹੋਇਆਂ ਕਾਫਰਾਂ ਦੀ ਉਸਤਤ ਕਰਨੀ ਇਸਲਾਮ ਮਜ਼ਹਬ ਦੀ ਨਿਰਾਦਰੀ ਹੈ ਇਸ ਵਾਸਤੇ ਕੌਲਾਂ ਨੂੰ ਸਜ਼ਾਏ ਮੌਤ ਦਿੱਤੀ ਜਾਣੀ ਚਾਹੀਦੀਹੈ।ਸਜ਼ਾਏ ਮੌਤ ਵੀ ਆਮ ਲੋਕਾਂ ਵਿਚ ਖਲਿਹਾਰਕੇ ਤਲਵਾਰ ਨਾਲ ਕਤਲ ਕੀਤਾ ਜਾਵੇ। ਇਸ ਫਤਵੇ ਦੀ ਅੰਤ ਪ੍ਰਵਾਨਗੀ ਸੂਬੇਦਾਰ ਲਾਹੌਰ ਨੇ ਦੇ ਦਿੱਤੀ।

ਇਸ ਫਤਵੇਂ ਦੀ ਖਬਰ ਕੌਲਾਂ ਨੂੰ ਸਮੇਂ ਸਿਰ ਉਸ ਦੀ ਸਹੇਲੀ ਨੇ ਦੇ ਦਿੱਤੀ। ਰਾਤ ਦੇ ਹਨੇਰੇ ਵਿੱਚ ਕੌਲਾਂ ਇਕਲੀ ਪੀਰ ਮੀਆਂ ਮੀਰ ਜੀ ਪਾਸ ਚਲੀ ਗਈ। ਪੀਰ ਜੀ ਨੂੰ ਸਾਰੀ ਵਾਰਦਾਤ ਖੋਹਲਕੇ ਸੁਣਾ ਦਿਤੀ। ਇਹ ਸੁਣ ਕੇ ਪੀਰ ਜੀ ਨੂੰ ਬਹੁਤ ਕ੍ਰੋਧ ਚੜਿਆ ਉਹ ਛੇਤੀ ਨਾਲ ਉਠਕੇ ਕੌਲਾਂ ਨੂੰ ਨਾਲ ਲੈਕੇ ਸਤਿਗੁਰੂ ਜੀ ਪਾਸ ਪੁਜੇ। ਸਤਿਗੁਰੂ ਜੀ ਉਸ ਵੇਲੇ ਅਜੇ ਮੁਜੰਗਾਂ ਵਿਚ ਸਨ। ਪੀਰ ਜੀ ਨੇ ਕੌਲਾਂ ਨੂੰ ਸਤਿਗੁਰੂ ਜੀ ਦੇ ਹਵਾਲੇ ਕਰਕੇ ਆਖਿਆ–'ਇਸ ਦੀ ਜਾਨ ਬਚਾਉਣੀ ਆਪ ਦਾ ਧਰਮ ਹੈ ਇਹ ਖੁਦਾ ਦੀ ਪਿਆਰੀ ਹੈ। ਜ਼ਾਲਮ ਤੇ ਮੂਰਖ ਲੋਕ ਖੁਦਾਈ ਸ਼ਕਤੀ ਨੂੰ ਨਾ ਜਾਣਦੇ ਹੋਏ ਮਨ ਆਈਆਂ ਕਰ ਰਹੇ ਹਨ। ਇਹ ਅਧਰਮ ਜਾਂ ਪਾਪ ਨਹੀਂ। ਇਕ ਅਬਲਾ ਦੀ ਜਾਨ ਤੇ ਇੱਜ਼ਤ ਦਾ ਸਵਾਲ ਹੈ।ਮਾਂ ਬਾਪ ਤੇ ਰਾਜ ਨੇ ਇਕ ਨਿਰਦੋਸ਼ ਨੂੰ ਕਤਲ ਕਰਾ ਦੇਣ ਦਾ ਮੰਦਾ ਫੈਸਲਾ ਕੀਤਾਹੈ।'

ਸਤਿਗੁਰੂ ਜੀ ਨੂੰ ਕੌਲਾਂ ਦੇ ਭੋਲਾਪਨ, ਕੌਲਾਂ ਦੀ ਵਿਦਵਤਾ ਤੇ ਕੌਲਾਂ ਦੀ ਭਗਤੀ ਉਪਰ ਦਇਆ ਆਈ। ਸਾਹਿਬਾਂ ਨੇ ਉਸੇ ਵੇਲੇ ਘੋੜਿਆਂ ਨੂੰ ਤਿਆਰ ਕੀਤਾ ਤੇ ਘੋੜੇ ਉਪਰ ਕੌਲਾਂ ਨੂੰ ਚੜ੍ਹਾ ਕੇ ਸ੍ਰੀ ਅੰਮ੍ਰਿਤਸਰ ਭੇਜ ਦਿੱਤਾ ਅਗਲੇ ਦਿਨ ਸਤਿਗੁਰੂ ਜੀ ਵੀ ਸ੍ਰੀ ਅੰਮ੍ਰਿਤਸਰ ਆ ਪੁਜੇ।

ਕੌਲਾਂ ਪ੍ਰਮਾਤਮਾ ਦੀ ਪਿਆਰੀ ਸੀ ਪ੍ਰਮਾਤਮਾ ਦੇ ਨਾਮ ਦਾ ਸਿਮਰਨ

ਕਰਨ ਤੋਂ ਬਿਨਾਂ ਹੋਰ ਕਿਸੇ ਪਾਸੇ ਮਨ ਨਹੀਂ ਸੀ ਲਾਉਣਾ ਚਾਹੁੰਦੀ। ਜਗਤ ਨਾਲੋਂ ਨਾਤਾ ਤੋੜ ਚੁਕੀ ਸੀ ਉਸ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—'ਹੇ ਦਾਤਾ! ਮੈਨੂੰ ਨਵੇਕਲੀ ਕੁਟੀਆ ਦਿਤੀ ਜਾਵੇ। ਮੈਂ ਖੁਦਾ ਨਾਲ ਹੀ ਸੰਗਤ ਕਰਦੀ ਰਹਾਂ। ਦੋ ਵੇਲੇ-ਸਵੇਰੇ ਤੇ ਸ਼ਾਮ ਨੂੰ ਸੰਗਤ ਵਿਚ ਆ ਕੇ ਨਾਮ ਬਾਣੀ ਸੁਣਿਆਂ ਕਰਾਂਗੀ ਤੇ ਬਾਕੀ ਸਮਾਂ ਇਕਾਂਤ ਵਿਚ ਮਾਲਾ ਫੇਰਿਆ ਕਰਾਂਗੀ '

ਕੌਲਾਂ ਦੀ ਬੇਨਤੀ ਮੰਨਕੇ ਸਤਿਗੁਰੂ ਜੀ ਨੇ ਗੁਰੂ ਕੇ ਮਹਿਲਾਂ ਤੋਂ ਹਟਵਾਂ ਫੂਲਾਂ ਵਾਲੀ ਢਾਬ ਦੇ ਕਿਨਾਰੇ ਕੌਲਾਂ ਨੂੰ ਇਕ ਕੁਟੀਆ ਪਾ ਦਿਤੀ। ਇਹ ਓਹੋ ਅਸਥਾਨ ਹੈ ਜਿਥੇ ਹੁਣ ਕੌਲ ਸਰ ਸਰੋਵਰ ਹੈ। ਉਸ ਕੁਟੀਆ ਵਿਚ ਦਿਨ ਰਾਤ ਰਹਿਕੇ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲੱਗੀ। ਦੋ ਵੇਲੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਂਦੀ। ਸਾਹਿਬਾਂ ਦੀ ਮਨਮੋਹਨੀ ਸੂਰਤ, ਬਹਾਦਰੀ ਤੇ ਭਗਤੀ ਅਤੇ ਨੇਕ-ਨੀਤੀ ਨੇ ਕੌਲਾਂ ਦੇ ਦਿਲ ਉਪਰ ਬਹੁਤ ਅਸਰ ਕੀਤਾ। ਸਾਹਿਬਾਂ ਦੀ ਸੂਰਤ ਉਹਦੀਆਂ ਅੱਖਾਂ ਅਗੇ ਹਰ ਘੜੀ ਰਹਿਣ ਲੱਗੀ।

ਇਕ ਦਿਨ ਸਤਿਗੁਰੂ ਜੀ ਦੁਪਹਿਰੇ ਕੌਲਾਂ ਦੇ ਕੋਲ ਚਲੇ ਗਏ ਅਗੇ ਕੌਲਾਂ ਚੌਂਕੜਾ ਮਾਰ ਕੇ ਨੈਨ ਮੁੰਦ ਕੇ ਅਤੇ ਹੱਥ ਜੋੜਕੇ ਸਮਾਧੀ ਲਾ ਕੇ ਬੈਠੀ ਸੀ ਉਸਨੇ ਪ੍ਰੇਮ ਨਾਲ ਹੀ ਸਤਿਗੁਰੂ ਜੀ ਨੂੰ ਆਪਣੇ ਕੋਲ ਸਦਿਆ ਸੀ। ਸਤਿਗੁਰੂ ਜੀ ਸਾਹਮਣੇ ਜਾ ਖਲੋਤੇ ਪਰ ਉਸ ਦੀ ਸਮਾਧੀ ਨਾ ਖੁਲ੍ਹੀ ਸਾਹਿਬਾਂ ਨੇ ਅਵਾਜ਼ ਦਿੱਤੀ—'ਕੌਲਾਂ!'

ਕੌਲਾਂ ਨੇ ਨੈਨ ਖੋਹਲ ਉਹਦੇ ਨੂਰੋ ਨੂਰ ਹੋਏ ਨੈਣਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਦਰਸ਼ਨ ਕਰਕੇ ਨਿਹਾਲ ਹੋਈ ਤੇ ਸਿਰ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਿਆ, ਦੋਹਾਂ ਹਥਾਂ ਨੇ ਚਰਨ ਫੜ ਲਏ ਨੈਣ ਚਰਨਾਂ ਹੇਠ ਵਛਾ ਕੇ ਭਗਤੀ ਤੇ ਪ੍ਰੇਮ ਦਾ ਸਬੂਤ ਦਿੱਤਾ। ਸਾਹਿਬਾਂ ਨੇ ਉਸ ਨੂੰ ਚੁਕ ਕੇ ਉਪਰ ਉਠਾਇਆ ਤੇ ਬਚਨ ਕੀਤਾ—ਕੌਲਾਂ! ਕਰਤਾਰ ਦਾ ਖਿਆਲ ਕਰ। ਸੁਰਤ ਨੂੰ ਕੈਲਾਸ਼ ਪ੍ਰਬਤ ਦੀ ਉਚਾਈ ਵਲ ਲੈ ਜਾ। ਨੀਵੀਂ ਸੁਰਤ ਨਹੀਂ ਕਰਨੀ ਚਾਹੀਦੀ। ਅਸੀਂ ਤੇਰੇ ਮਨ ਦੇ ਭਾਵਾਂ ਨੂੰ ਸਮਝ ਗਏ ਹਾਂ। ਜੋ ਵਲਵਲਾ ਤੇਰੀ ਪਵਿਤ੍ਰ ਆਤਮਾ ਤੇ ਆਇਆ ਹੈ ਉਸ ਵਲਵਲੇ ਦੇ ਆਉਣ ਦਾ ਸਮਾ ਨਹੀਂ। ਮੋਹ, ਮਾਯਾ, ਮਮਤਾ ਦਾ ਤਿਆਗ ਕਰਨਾ ਹੀ ਤੇਰੇ ਵਾਸਤੇ ਯੋਗ ਹੈ।"

"ਹੇ ਦਾਤਾ ! ਦਇਆ ਕਰੋ ! ਮੇਰੇ ਮਨ ਫੁਰਨਾ ਫੁਰਿਆ ਹੈ ਉਹ ਫੁਰਨਾਂ ਮੈਨੂੰ ਬਚੈਨ ਕਰ ਰਿਹਾ ਹੈ।" ਕੌਲਾਂ ਨੇ ਨੈਣ ਭਰਕੇ ਆਖਿਆ।

"ਕੈਸਾ ਫੁਰਨਾ !" ਸਤਿਗੁਰੂ ਜੀ ਨੇ ਜਾਣਕੇ ਪੁਛਿਆ।

"ਮੇਰੀ ਇੱਛਾ ਹੈ..........ਮੈਂ ਦਸ ਨਹੀਂ ਸਕਦੀ। ਮੇਰੀਆਂ ਅੱਖਾਂ ਵਲ ਦੇਖੋ। ਆਪ ਅੰਤਰਜਾਮੀ ਹੋ। ਘਟ ਘਟ ਦੀ ਜਾਨਣਹਾਰ ਸਮਰਥ ਗੁਰੂ ਹੋ। ਦਇਆ ਕਰੋ।"

"ਆਪਣੀ ਜਬਾਨੀਂ ਆਪਣੀ ਇੱਛਾ ਪ੍ਰਗਟ ਕਰ।"

"ਮੈਂ ਇਕ ਸੁੰਦਰ ਬਾਲਕ ਦੀ ਮਾਂ ਬਣਨਾ ਚਾਹੁੰਦੀ ਹਾਂ। ਏਹੋ ਮੇਰੀ ਇੱਛਾ ਹੈ ਜਦ ਤੋਂ ਇਹ ਫੁਰਨਾ ਇਕ ਤੀਬਰ ਇੱਛਾ ਬਣਿਆਂ ਹੈ ਤਦ ਤੋਂ ਮੈਂ ਬਹੁਤ ਬੇਚੈਨ ਹਾਂ। ਭਗਤੀ ਵਲ ਸੁਰਤ ਨਹੀਂ ਟਿਕਦੀ, ਅੱਖਾਂ ਦੇ ਸਾਹਮਣੇ ਅਰੋਗ, ਸੁੰਦਰ, ਗੋਰੇ ਗੋਰੇ ਮੁਖੜਿਆਂ ਵਾਲੇ ਹਸੂੰ ਹਸੂੰ ਕਰਦੇ ਬਾਲ ਖੇਡਦੇ ਹੋਏ ਦਿਖਾਈ ਦੇਂਦੇ ਹਨ ਉਹ ਬਾਲਕ ਮੈਂ ਪ੍ਰਾਪਤ ਵੀ ਆਪ ਕੋਲੋਂ ਕਰਨਾ ਚਾਹੁੰਦੀ ਹਾਂ। ਹੇ ਦਾਤਾਰ! ਪ੍ਰਾਣ ਨਾਥ ! ਮੇਰਾ ਮਨ ਤੇ ਤਨ ਆਪ ਦੀ ਸੇਵਾ ਕਰਨਾ ਚਾਹੁੰਦਾ ਹੈ।"

ਕੌਲਾਂ ਦੇ ਇਹ ਬਚਨ ਸੁਣਕੇ ਸਤਿਗੁਰੂ ਜੀ ਮੁਸਕਰਾ ਪਏ ਉਹਦੇ ਸਿਰ ਉੱਪਰ ਹੱਥ ਰਖਕੇ ਕਹਿਣ ਲਗੇ–'ਕੌਲਾਂ ਇਸ ਜਗਤ ਵਲ ਦੇਖ ! ਇਹ ਧੂੰਏਂ ਦਾ ਇਕੱਠ ਹੈ। ਗਿਆਨ ਦੀ ਰੋਸ਼ਨੀ ਤੇ ਗਰਮੀ ਨਾਲ ਇਸਦਾ ਨਾਸ਼ ਕੀਤਾ ਜਾ ਸਕਦਾ ਹੈ। ਤੇਰੇ ਹਿਰਦੇ ਵਿਚ ਜੋ ਵਲਵਲਾ ਉਤਪਨ ਹੋਇਆ ਹੈ, ਉਹ ਹੋਣਾ ਨਹੀਂ ਸੀ ਚਾਹੀਦਾ। ਤੂੰ ਮੀਆਂ ਮੀਰ ਦੀ ਚੇਲੀ, ਗੁਰੂ ਘਰ ਦੀ ਸੇਵਕਾ, ਜਨਮ ਤੋਂ ਕਵਾਰੀ ਕੰਨਿਆਂ, ਫਿਰ ਫੁਰਨਾ ਇਹ ਕਿਉਂ ਫੁਰਿਆ ? ਇਸਦਾ ਭਾਵ ਇਹ ਕਿ ਤੈਨੂੰ ਪੂਰਨ ਗਿਆਨ ਦੀ ਪ੍ਰਾਪਤ ਨਹੀਂ ਹੋਈ। ਤੂੰ ਜੇ ਚਲਦਾ ਫਿਰਦਾ ਪੁਤ੍ਰ ਪ੍ਰਾਪਤ ਕਰੇਂ ਤਾਂ ਤੇਰਾ ਨਾਮ ਰਹੇਗਾ। ਉਲਾਦ ਦੀ ਰਾਹੀਂ ਨਾਮ ਸਦਾ ਅਮਰ ਨਹੀਂ ਰਹਿ ਸਕਦਾ। ਜੇ ਪੁਤ੍ਰ ਮਾੜਾ ਨਿਕਲ ਆਵੇ ਤਾਂ ਨਾਮ ਨੂੰ ਬਦਨਾਮ ਕਰਦਾ ਹੈ। ਜਾਂ ਕਾਲ ਉਸਨੂੰ ਨਾਸ਼ ਕਰ ਸਕਦਾ ਹੈ। ਦੁਨੀਆਂ ਦਾਰੀ ਦਾ ਵਿਚਾਰ ਨਾ ਕਰ। ਕਰਤਾਰ ਤੈਨੂੰ ਸ਼ਾਂਤੀ ਬਖਸ਼ੇ। ਤੇਰੀ ਪਵਿਤ੍ਰਤਾ ਤੇਰਾ ਸਾਥ ਦੇਵੇ।'

ਇਸਤਰ੍ਹਾਂ ਕੌਲਾਂ ਨੂੰ ਉਪਦੇਸ਼ ਕਰਨ ਦੇ ਨਾਲ ਹੀ ਸਾਹਿਬਾਂ ਨੇ

ਆਪਣੀ ਆਤਮਿਕ ਸ਼ਕਤੀ ਨਾਲ ਉਸਦੇ ਤਨ ਮਨ ਵਿਚੋਂ ਕਾਮ ਦੇ ਵਲਵਲੇ ਨੂੰ ਨਸ਼ਟ ਕਰ ਦਿੱਤਾ। ਉਸ ਵੇਲੇ ਕੌਲਾਂ ਦਾ ਹਿਰਦਾ ਇਸਤਰ੍ਹਾਂ ਠੰਡਾ ਹੋ ਗਿਆ ਜਿਵੇਂ ਅੱਗ ਰੂਪ ਤੱਤੇ ਲੋਹੇ ਦੇ ਉਪਰ ਸੀਤਲ ਜਲ ਪਾਉਣ ਨਾਲ ਲੋਹਾ ਠੰਡਾ ਹੋ ਜਾਂਦਾ ਹੈ। ਉਸ ਨੂੰ ਭੁਲ ਹੀ ਗਿਆ ਕਿ ਉਹ ਝੂਠਾ-ਪੁਤ੍ਰ ਮੰਗ ਰਹੀ ਹੈ, ਉਸ ਦੇ ਬੋਲ੍ਹਾਂ ਤੋਂ ਨਿਕਲਿਆ—'ਸਤਿ ਕਰਤਾਰ?' ਜਦੋਂ 'ਸਤਿ ਕਰਤਾਰ' ਦਾ ਸ਼ਬਦ ਕੌਲਾਂ ਦੇ ਬੁਲ੍ਹਾਂ ਤੋਂ ਨਿਕਲਿਆਂ ਤਾਂ ਸਤਿਗੁਰੂ ਜੀ ਨੇ ਕੌਲਾਂ ਦੇ ਸਿਰ ਉਪਰੋਂ ਹੱਥ ਚੁਕ ਲਿਆ ਤੇ ਬਚਨ ਕੀਤਾ—'ਵਾਸ਼ਨਾ ਦੇ ਵਸ ਹੋਕੇ ਜੀਵ ਦੁਖੀ ਹੁੰਦਾ ਹੈ। ਦੁਖਾਂ ਦਾ ਕਾਰਨ ਵਾਸ਼ਨਾ ਹੈ ਵਾਸ਼ਨਾ ਉਤੇ ਕਾਬੂ ਪਾਉਣ ਨਾਲ ਸੁਖ ਦੀ ਪ੍ਰਾਪਤੀ ਹੁੰਦੀ ਹੈ। ਤੂੰ ਆਪਣਾ ਨਾਮ ਅਮਰ ਰਖਣਾ ਚਾਹੁੰਦੀ ਹੈਂ। ਸੋ ਤੇਰੀ ਕੁਟੀਆ ਦੇ ਅਗੇ ਇਸ ਕਮਲ ਫੁਲਾਂ ਵਾਲੀ ਢਾਬ ਨੂੰ ਪੁਟਕੇ ਇਕ ਸਰੋਵਰ ਤਿਆਰ ਕੀਤਾ ਜਾਂਦਾ ਹੈ। ਉਸ ਸਰੋਵਰ ਦਾ ਨਾਮ 'ਕੌਲਸਰ' ਰਖਿਆ ਜਾਵੇਗਾ।'

ਸਤਿਗੁਰੂ ਜੀ ਦਾ ਵਰ ਸੁਣਕੇ ਕੌਲਾਂ ਪ੍ਰਸੰਨ ਹੋ ਗਈ। ਉਸ ਨੇ ਸਤਿਗੁਰੂ ਜੀ ਦੇ ਚਰਨਾ ਉਪਰ ਮਥਾ ਟੇਕਿਆ। ਚਰਨਾ ਦੀ ਧੂੜੀ ਲੈਕੇ ਮੱਥੇ ਤੇ ਨੈਣਾਂ ਨੂੰ ਲਾਈ। ਇਸ ਦੇ ਪਿਛੋਂ ਆਪਣੀ ਕੁਟੀਆ ਦੀ ਇਕ ਨੁਕਰ ਵਿਚੋਂ ਸੋਨ ਦੀਆਂ ਟ੍ਰਮਾ ਪੁਟਕੇ ਬਾਹਰ ਆਂਦੀਆਂ ਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਰਖਕੇ ਆਖਿਆ—'ਇਹ ਸੋਨਾ ਹੀ ਮੇਰੇ ਮਨ ਦੀ ਵਾਸ਼ਨਾ ਨੂੰ ਪ੍ਰਬਲ ਕਰਦਾ ਰਿਹਾ ਹੈ। ਇਸ ਨੂੰ ਮੇਰੇ ਪਾਸੋਂ ਲੈ ਜਾਵੋ। ਮੇਰੇ ਵਾਸਤੇ ਮਿੱਟੀ ਹੈ ਕਿਸੇ ਸੇਵਾ ਤੇ ਖਰਚ ਕਰ ਦੇਣਾ।

ਸਤਿਗੁਰੂ ਜੀ ਨੇ ਉਹ ਸੋਨੇ ਦੇ ਗਹਿਣੇ ਹੱਥ ਵਿਚ ਫੜਕੇ, ਫਿਰ ਓਥੇ ਰੱਖ ਦਿਤੇ। 'ਇਹ ਅਸਾਂ ਦੀ ਅਮਾਨਤ ਤੇਰੇ ਕੋਲ ਹੈ। ਸੇਵਾਦਾਰ ਨੂੰ ਭੇਜਕੇ ਮੰਗਵਾ ਲਵਾਂਗੇ। ਇਹ ਆਖਕੇ ਸਤਿਗੁਰੂ ਜੀ ਡੇਰੇ ਆ ਗਏ।

ਸਤਿਗੁਰੂ ਜੀ ਨੇ ਕੌਲਾਂ ਦੇ ਸੋਨੇ ਨੂੰ ਕੋਟੂ ਮਲ ਸ਼ਾਹੂਕਾਰ ਦੀ ਦੁਕਾਨ ਤੇ ਵੇਚ ਦਿੱਤਾ ਤੇ ਰਕਮ ਵੀ ਉਥੇ ਹੀ ਜਮਾ ਰਹਿਣ ਦਿੱਤੀ। ਬਾਬਾ ਬੁਢਾ ਜੀ ਨੂੰ ਆਗਿਆ ਕੀਤੀ ਕਿ ਇਸ ਰਕਮ ਨਾਲ ਸਰੋਵਰ ਪੱਕਾ ਬਣਾ ਦਿੱਤਾ ਜਾਵੇ ਬਾਬਾ ਜੀ ਨੇ ੧੬੮੧ ਬਿ: ਵਿਚ ਸਰੋਵਰ ਦੀ ਪੁਟਾਈ ਸ਼ੁਰੂ ਕੀਤੀ ਤੇ ੧੬੮੪ ਬਿ: ਵਿਚ ਸਰੋਵਰ ਪੱਕਾ ਕਰਕੇ ਨਿਰਮਲ ਜਲ ਨਾਲ ਭਰ ਦਿੱਤਾ। ਨਾਮ 'ਕੌਲਸਰ' ਰਖਿਆ ਸਾਹਿਬਾਂ ਨੇ ਬਚਨ ਕੀਤਾ

ਕਿ ਜੋ ਵੀ ਮਾਈ ਭਾਈ ਇਸ਼ਨਾਨ ਕਰਨ ਆਵੇ ਉਹ ਕੌਲਸਰ ਵਿਚ ਪਹਿਲਾਂ ਇਸ਼ਨਾਨ ਕਰਕੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੇ ਤਾਂ ਉਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ। ਦੁਖ ਦਰਦ ਤੇ ਘਾਟੇ ਨਵਿਰਤ ਹੋਣਗੇ ਤੇ ਚੁਰਾਸੀ ਦੇ ਬੰਧਨ ਕਟੇ ਜਾਣਗੇ।'

ਕੌਲਾਂ ਗੁਰੂ ਘਰ ਦੀ ਸੇਵਾ ਕਰਦੀ ਹੋਈ ਵਾਹਿਗੁਰੂ ਦਾ ਸਿਮਰਨ ਕਰਨ ਲੱਗੀ। ਉਹ ਭਗਤੀ ਦੀ ਪ੍ਰਤੱਖ ਦੇਵੀ ਸੀ।

੨੯. ਚੱਬੇ ਦੀ ਬੀਬੀ ਦੇਸੋ ਨੂੰ ਸੱਤ ਪੁਤ੍ਰ ਬਖਸ਼ਣੇ

ਸਤਿਗੁਰੂ ਜੀ ਸੁਹੇਲੇ ਘੋੜੇ ਉਪਰ ਸਵਾਰ ਹੋਕੇ ਦੁਪਹਿਰ ਸਮੇਂ ਸ਼ਿਕਾਰਖੇਡਣ ਜਾਇਆ ਕਰਦੇ ਸਨ। ਇਕ ਦਿਨ ਸੁਲਤਾਨ ਵਿੰਡ ਚਾਟੀਵਿੰਡ ਤੋਂ ਹੁੰਦੇ ਹੋਏ ਜਾਂ ਸਤਿਗੁਰੂ ਜੀ ਚੱਬੇ ਨਗਰ ਵਲ ਆਏ ਤਾਂ ਸਤਿਗੁਰੂ ਜੀ ਨੂੰ ਇਕ ਬੀਬੀ ਦੇਸੋ ਮਿਲੀ। ਉਸਨੇ ਘੋੜੇ ਦੀਆਂ ਵਾਗਾਂ ਫੜ ਲਈਆਂ ਤੇ ਘੋੜਾ ਖਲਿਹਾਰ ਲਿਆ।

ਬੀਬੀ ਦੇਸੋ ਦੀ ਸ਼ਾਦੀ ਹੋਈ ਨੂੰ ਪੰਦਰਾਂ ਸਾਲ ਬੀਤ ਚੁਕੇ ਸਨ,ਪਰ ਉਹਦੀ ਗੋਦ ਵਿਚ ਬੱਚਾ ਨਹੀਂ ਸੀ ਖੇਡਿਆ। ਉਹ ਪੁਤ੍ਰ ਪ੍ਰਾਪਤੀ ਵਾਸਤੇ ਬਹੁਤ ਸਾਰੇ ਪੀਰ ਫਕੀਰ ਮਨਾ ਚੁਕੀ ਸੀ। ਕਈਆਂ ਵੈਦਾਂ ਤੇ ਹਕੀਮਾਂ ਕੋਲੋਂ ਦੁਵਾਈਆਂ ਖਾਧੀਆਂ ਪਰ ਉਹਦੀ ਕੁੱਖ ਹਰੀ ਨਾ ਹੋਈ। ਸਭ ਨੇ ਉਸਨੂੰ ਏਹੋ ਉੱਤਰ ਦਿਤਾ—'ਹੇ ਬੀਬੀ! ਤੇਰੇ ਭਾਗਾਂ ਵਿਚ ਪੁਤ੍ਰ ਨਹੀਂ।' ਉਹ ਇਹ ਵਾਕ ਸੁਣਕੇ ਨਿਰਾਸਤਾ ਨਾਲ ਨੀਵੀਂ ਪਾਈ ਘਰ ਨੂੰ ਤੁਰ ਆਉਂਦੀ ਰਹੀ।

ਉਸਨੂੰ ਪਤਾ ਲੱਗਾ ਛੇਵੇਂ ਪਾਤਸ਼ਾਹ ਪੁਤ੍ਰਾਂ ਦੀਆਂ ਦਾਤਾਂ ਬਖਸ਼ਦੇ ਹਨ। ਉਹ ਕਦੀ ਕਦਾਈਂ ਸ਼ਿਕਾਰ ਖੇਡਣ ਆਉਂਦੇਹਨ।ਜਦੋਂ ਆਉਣ ਤਾਂ ਜੇ ਦੇਸੋ ਉਨ੍ਹਾਂਦੇ ਦਰਸ਼ਨ ਕਰੇ ਤਾਂ ਜੋ ਜ਼ਰੂਰਇਸਦੀ ਇੱਛਾ ਪੂਰਨ ਹੋਜਾਵੇ।ਪਰ ਦਸਣ ਵਾਲੇ ਨੇ ਇਹ ਵੀ ਕਿਹਾ ਕਿ ਕਾਗਜ਼ ਤੇ ਕਲਮ ਨਾਲ ਲੈ ਜਾਵੇ ਤਾਂ ਕਿ ਜਦੋਂ ਸਤਿਗੁਰੂ ਜੀ ਇਹ ਕਹਿਣ—'ਬੀਬੀਤੇਰੇਭਾਗਾਂ ਵਿਚ ਪੁਤ੍ਰ ਨਹੀਂ।' ਤਾਂ ਬੀਬੀ ਦੇਸੋ ਕਲਮ ਦਵਾਤ ਤੇ ਕਾਗਜ਼ ਸਤਿਗੁਰੂ ਜੀ ਨੂੰ ਫੜਾਕੇ ਆਖੇ—'ਹੇ ਦਾਤਾ! ਪਹਿਲਾਂ ਵੀ ਆਪ ਨੇ ਹੀ ਲਿਖਣਾ ਸੀ ਤੇ ਹੁਣ ਵੀ ਆਪਨੇ ਲਿਖਣਾ ਹੈ ਜੇ ਅਗੇ ਨਹੀਂ ਲਿਖਿਆ ਤਾਂ ਹੁਣ

ਲਿਖ ਦੇਵੋ।' ਇਸਤਰਾਂ ਸਿਖਿਆ ਲੈਕੇ ਉਹ ਸਤਿਗੁਰੂ ਜੀ ਦੀ ਉਡੀਕ ਕਰਨ ਲਗੀ, ਉਹ ਰੋਜ਼ ਪਿੰਡੋਂ ਬਾਹਰ ਰਾਕੇ ਦੇਖਦੀ ਰਹਿੰਦੀ।

ਉਸ ਦਿਨ ਸਤਿਗੁਰੂ ਜੀ ਉਸ ਨੂੰ ਆਉਂਦੇ ਨਜ਼ਰ ਪੈ ਗਏ ਨੱਸ ਕੇ ਆਈ ਤੇ ਕਲਮ ਦੁਵਾਤ ਤੇ ਕਾਗਜ਼ ਨਾਲ ਹੀ ਲਈ ਆਈ। ਘੋੜੇ ਦੀ ਵਾਗ ਫੜਕੇ ਉਸਨੇ ਬੇਨਤੀ ਕੀਤੀ–'ਹੇ ਦਾਤਾ! ਮੇਰੇ ਉਪਰ ਦਇਆ ਕਰੋ। ਮੈਨੂੰ ਇਕ ਬਾਲਕ ਦੀ ਲੋੜ ਹੈ। ਕ੍ਰਿਪਾ ਕਰਕੇ ਮੈਨੂੰ ਇਕ ਪੁੱਤਰ ਬਖਸ਼ੋ!

ਸਤਿਗੁਰੂ ਜੀ ਨੇ ਬੀਬੀ ਦੇਸੋ ਦੇ ਚੇਹਰ ਵਲ ਵੇਖਿਆ, ਉਹਦੇ ਨੈਣਾਂ ਵਿਚ ਪੁਤਰ ਦੀ ਭੁਖ ਚਮਕਦੀ ਵੇਖੀ। ਅੰਤਰਜਾਮੀ ਸਚੇ ਪਾਤਸ਼ਾਹ ਉਹਦੇ ਮਨ ਦੀ ਦਸ਼ਾ ਨੂੰ ਅਨੁਭਵ ਕਰਦੇ ਹੋਏ ਸਾਹਿਬ ਮੁਸਕਰਾਏ ਅਤੇ ਕਹਿਣ ਲੱਗੇ-'ਹੇ ਬੀਬੀ! ਕਰਤਾਰ ਵਲ ਧਿਆਨ ਕਰ ਤੇਰੇ ਭਾਗ ਵਿਚ ਪੁਤ੍ਰ ਨਹੀਂ। ਕਰਤਾਰ ਨੇ ਤੇਰੀ ਗੋਦ ਸੁੰਞੀ ਰੱਖੀ ਹੈ, ਕਿਉਂ ਸੁੰਞੀ ਰੱਖੀ ਹੈ, ਇਸ ਭੇਤ ਦੀ ਸਮਝ ਕਿਸੇ ਨੂੰ ਨਹੀਂ ਹੋ ਸਕਦੀ। ਕਰਤਾਰ ਦੀ ਭਗਤੀ ਕਰ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਬੀਬੀ ਦੇਸੋ ਨੇ ਹੱਠ ਨਹੀਂ ਛੱਡਿਆ। ਉਹ ਭੋਲੇਪਨ ਦੇ ਲਹਿਜੇ ਵਿਚ ਬੋਲੀ-'ਹੇ ਦਾਤਾ! ਆਪ ਹੀ ਉਥੇ ਮੇਰੇ ਭਾਗਾਂਨੂੰ ਲਿਖਣ ਵਾਲੇ ਭਗਵਾਨ-ਕਰਤਾਰ ਵਾਹਿਗੁਰੂ ਸੀ ਤੇ ਏਥੇ ਵੀ ਉਹੋ। ਜੇ ਉਥੇ ਮੇਰੇ ਭਾਗਾਂ ਵਿਚ ਪੁਤ੍ਰ ਲਿਖਣੋ ਰਹਿ ਗਿਆ ਸੀ ਤਾਂ ਇਹ ਫੜੋ ਕਲਮ, ਦਵਾਤ ਤੇ ਕਾਗਜ਼। ਹੁਣ ਇਕ ਪੁਤ੍ਰ ਲਿਖ ਦੇਵੋ। ਦਾਤਾ! ਅਜ ਪੁਤ੍ਰ ਲਿਖਵਾਏ ਬਿਨਾ ਨਾ ਮੈਂ ਘੋੜੇ ਦੀ ਵਾਗ ਛੱਡਣੀ ਹੈ ਤੇ ਨਾ ਏਥੋਂ ਜਾਣਾ ਹੈ ਅਜ ਸਬਬੀਂ ਏਥੇ ਆਏ ਹੋ।'

ਬੀਬੀ ਦੇਸੋ ਦਾ ਹਿਰਦਾ ਸ਼ੀਸ਼ੇ ਵਾਂਗ ਨਿਰਮਲ ਸੀ। ਉਹ ਸੱਚ ਮੁਚ ਹੀ ਸਤਿਗੁਰੂ ਜੀ ਨੂੰ ਵਾਹਿਗੁਰੂ ਰੂਪ ਸਮਝਦੀ ਸੀ। ਉਹ ਪੁਤ੍ਰ ਦਾ ਮੂੰਹ ਦੇਖਣ ਵਾਸਤੇ ਤੜਫ ਰਹੀ ਸੀ। ਸਤਿਗੁਰੂਰੂ ਜੀ ਨੂੰ ਤਰਸ ਆ ਗਿਆ। ਉਨ੍ਹਾਂ ਨੇ ਦੇਸੋ ਦੇ ਹਥੋਂ ਕਾਗਜ਼ ਤੇ ਕਲਮ ਫੜ ਲਈ, ਬੀਬੀ ਨੇ ਦੁਵਾਤ ਆਪ ਫੜੀ ਰੱਖੀ। ਸਾਹਿਬ ਖੁਲ੍ਹੇ ਦਿਲ ਤੇ ਪਿਆਰ ਨਾਲ ਪੁਤ੍ਰ ਦਾ ਵਰ ਲਿਖਣ ਲੱਗੇ। ਉਨ੍ਹਾਂ ਨੇ ਇਕ ਪੁਤ੍ਰ ਲਿਖਣ ਦਾ ਫੈਸਲਾ ਕੀਤਾ ਸੀ, ਪਰ ਸੁਹੇਲੇ ਘੋੜੇ ਨੇ ਬੀਬੀ ਦੇਸੋ ਦੀ ਮਦਦ ਕੀਤੀ ਉਸ ਬੇਜ਼ਬਾਨ ਜਾਨਵਰ ਨੂੰ ਬੀਬੀ

ਉਪਰ ਬਹੁਤ ਦਇਆ ਆਈ। ਜਦੋਂ ਸਤਿਗੁਰੂ ਜੀ ਇੱਕ(੧) ਇਕ ਅੰਗ ਪਾਉਣ ਲਗੇ ਤਾਂ ਸੁਹੇਲੇ ਨੇ ਧੌਣ ਹਿਲਾ ਦਿੱਤੀ,ਉਸ ਵੇਲੇ ਸਾਹਿਬਾਂ ਦਾ ਹੱਥ ਹਿਲ ਗਿਆ। ਇਕ ਦੀ ਥਾਂ ਸਤ (੭) ਅੰਗ ਪੈ ਗਿਆ। ਇਹ ਦੇਖਕੇ ਸਾਹਿਬ ਹੱਸ ਪਏ। ਹੱਸਦੇ ਹੋਏ ਆਖਣ ਲਗੇ–'ਹੇ ਬੀਬੀ! ਕਰਤਾਰ ਤੇਰੇ ਉਪਰ ਬੇਅੰਤ ਨਿਹਾਲ ਹੋ ਗਏ ਹਨ ਇਕ ਪੁਤ੍ਰ ਦੀ ਥਾਂ ਸੱਤ ਲਿਖ ਦਿਤੇ ਹਨ। ਜਾਹ ! ਕਰਤਾਰ ਨੂੰ ਚੇਤੇ ਰੱਖੀਂ ਲੰਮੇਰੀ ਆਯੂ ਵਾਲੇ ਸਤ ਪੁਤ੍ਰ ਤੇਰੇ ਘਰ ਹੋਣਗੇ।'

ਬੀਬੀ ਦੇਸੋ ਨੇ ਸਤਿਗੁਰੂ ਜੀ ਦੇ ਹਥੋਂ ਕਾਗਜ਼ ਦਾ ਟੁਕੜਾ ਫੜ ਲਿਆ, ਉਸ ਟੁਕੜੇ ਨੂੰ ਹਿੱਕ ਨਾਲ ਘੁਟ ਕੇ'ਧੰਨਧੰਨਸਤਿਗੁਰੂ ਜੀ ! ਸਤਿਨਾਮ ਵਾਹਿਗੁਰੂ!' ਆਦਿਕ ਸ਼ਬਦਾਂ ਦਾ ਜਪ ਕਰਦੀ ਹੋਈ ਖੁਸ਼ੀ ਖੁਸ਼ੀ ਆਪਣੇ ਘਰ ਆ ਗਈ। ਸਾਰੇ ਪਰਵਾਰ ਨੂੰ ਉਸ ਨੇ ਦਸ ਦਿਤਾ ਕਿ 'ਸਚੇ ਪਾਤਸ਼ਾਹ ਗੁਰੂ ਚਕ ਵਾਲੇ' ਉਹਦੇ ਮਨ ਦੀ ਮੁਰਾਦ ਪੂਰੀ ਹੋਣ ਦਾ ਵਰ ਦੇ ਗਏ ਹਨ।

ਪੂਰੇ ਸਾਲ ਪਿਛੋਂ ਬੀਬੀ ਦੇਸੋ ਦੀ ਕੁਖ ਤੋਂ ਸੁੰਦਰ ਬਾਲਕ ਨੇ ਜਨਮ ਲਿਆ, ਉਸ ਬਾਲਕ ਨੂੰ ਦੇਖਕੇ ਸਾਰਾ ਨਗਰ ਸਤਿਗੁਰੂ ਜੀ ਦਾ ਸ਼ਰਧਾਲੂ ਹੋ ਗਿਆ। ਮਨਮਤ ਨੂੰ ਛਡਕੇ ਗੁਰਮਤ ਨੂੰ ਗ੍ਰਹਿਣ ਕੀਤਾ। ਸਾਲ ਤੋਂ ਸਵਾ ਸਾਲ ਦੀ ਵਿਥ ਤੇ ਬੀਬੀ ਦੇਸੋ ਦੀ ਕੁਖ ਤੋਂ ਸਤਾਂ ਬੱਚਿਆਂ ਨੇ ਜਨਮ ਲਿਆ। ਸਤਿਗੁਰੂ ਜੀ ਦਾ ਦਿਤਾ ਹੋਇਆ ਵਰ ਪੂਰਾ ਹੋਇਆ। ਜਿਸ ਥਾਂ ਬੀਬੀ ਦੇਸੋ ਸਤਿਗੁਰੂ ਜੀ ਨੂੰ ਮਿਲੀ ਸੀ ਤੇ ਸਤਾਂ ਪੁਤ੍ਰਾਂ ਦਾ ਵਰ ਲਿਆ ਸੀ ਉਸ ਥਾਂ ਅਜ ਸ਼ਾਨਦਾਰ ਗੁਰਦਵਾਰਾ ਹੈ। ਉਸ ਗੁਰਦਵਾਰੇ ਦਾ ਨਾਮ 'ਸੰਗਰਾਣਾ ਸਾਹਿਬ' ਹੈ। ਚੱਬੇ ਨਗਰ ਦੇ ਵਾਸੀ ਹੀ ਉਸ ਗੁਰਦਵਾਰੇ ਦੀ ਸੇਵਾ ਕਰਦੇ ਹਨ। ਪੁੰਨਿਆਂ ਦੀ ਪੁੰਨਿਆਂ ਜੋ ਕੋਈ ਬੀਬੀ ਪੁਤ੍ਰ ਪ੍ਰਾਪਤੀ ਦੀ ਇੱਛਾ ਨਾਲ ਗੁਰਦਵਾਰਾ ਸੰਗਰਾਣਾ ਸਾਹਿਬ ਦੇ ਦਰਸ਼ਨ ਕਰੇ ਤੇ ਸਰੋਵਰ ਵਿਚੋਂ ਇਸ਼ਨਾਨ ਕਰੇ ਉਸ ਦੀ ਇਛਾ ਪੂਰੀ ਹੋ ਜਾਂਦੀ ਹੈ।

੩੦ ਸਤਿਗੁਰੂ ਦਾ ਕਸ਼ਮੀਰ ਜਾਣਾ

ਜਹਾਂਗੀਰ ਬਾਦਸ਼ਾਹ ਦੀ ਉਮਰ ਅਠਵੰਜਾ ਸਾਲ ਦੀ ਸੀ, ਉਸ ਨੂੰ ਦਮੇ ਦਾ ਰੋਗ ਲਗ ਗਿਆ । ਮ ਰਚ ੧੬੨੭ ਮੁਤਾਬਕ ਸੰਮਤ ੧੬੮੪ ਬਿ ਨੂੰ ਜਹਾਂਗੀਰ ਅਰੋਗਤਾ ਵਾਸਤੇ ਕਸ਼ਮੀਰ ਨੂੰ ਚਲਿਆ । ਜਦੋਂ ਗੋਇੰਦਵਾਲ ਦੇ ਪਤਨ ਤੋਂ ਦਰਿਆ ਬਿਆਸਾ ਨੂੰ ਪਾਰ ਕਰਕੇ ਅਗੇ ਵਧਿਆ ਤਾਂ ਸਤਿਗੁਰੂ ਜੀ ਵਲ ਦੂਤ ਭੇਜੇ ਕਿ ਸਾਹਿਬ ਵੀ ਉਸ ਦੇ ਨਾਲ ਕਸ਼ਮੀਰ ਨੂੰ ਚਲਣ ।

ਸਤਿਗੁਰੂ ਜੀ ਦਾ ਪਹਿਲਾਂ ਵੀ ਖਿਆਲ ਸੀ ਕਿ ਉਹ ਕਸ਼ਮੀਰ ਦਾ ਦੌਰਾ ਕਰਨ ਕਿਉਂਕਿ ਕਈ ਗੁਰੂ ਘਰ ਦੀਆਂ ਸ਼ਰਧਾਲੂ ਤੇ ਪ੍ਰੇਮੀ ਰੂਹਾਂ ਉਥੇ ਗੁਰੂ ਦਰਸ਼ਨਾਂ ਨੂੰ ਤੜਫ ਰਹੀਆਂ ਸਨ । ਕਈਆਂ ਦੀ ਸਾਹਿਬਾਂ ਨੇ ਚੌਰਾਸੀ ਕਟਣੀ ਸੀ । ਸ੍ਰੀ ਅੰਮ੍ਰਿਤਸਰ ਤੋਂ ਚਲ ਕੇ ਸਤਿਗੁਰੂ ਜੀ ਵੀ ਸਿੱਖਾਂ ਸਮੇਤ ਬਾਦਸ਼ਾਹ ਦੇ ਕਾਫਲੇ ਨਾਲ ਰਲ ਗਏ ਤੇ ਕਸ਼ਮੀਰ ਨੂੰ ਜਾਣ ਲਗੇ । ਚਲਦੇ ਚਲਦੇ ਸਤਿਗੁਰੂ ਜੀ ਮੀਰਪੁਰ ਚੌਂਪਕ ਪਹੁੰਚ ਗਏ । ਉਥੇ ਵੀਰਮ ਦੱਤ ਬ੍ਰਾਹਮਣ ਸੀ, ਉਹ ਸਤਿਗੁਰੂ ਜੀ ਦੇ ਪਾਸ ਆਇਆ ਤੇ ਭਵਸਾਗਰ ਤੋਂ ਪਾਰ ਹੋਣ ਵਾਸਤੇ ਬੇਨਤੀ ਕੀਤੀ, ਉਸ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਸਤਿਗੁਰੂ ਜੀ ਨੇ ਮੇਹਰ ਦੀ ਨਿਗਾਹ ਕੀਤੀ ਤੇ ਉਪਦੇਸ਼ ਦਿੱਤਾ।ਉਹ ਆਪਣੀ ਉਲਾਦ ਤੇ ਭਰਾ ਭਾਈਆਂ ਸਮੇਤ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ।

ਕਸ਼ਮੀਰ ਸੰਸਾਰ ਉਤੇ ਜੀਉਂਦਾ ਸਵਰਗ ਹੈ । ਕਸ਼ਮੀਰ ਦੀ ਚੱਪਾ ਚੱਪਾ ਧਰਤੀ ਭਾਗਾਂ ਵਾਲੀ ਤੇ ਫਲ-ਫੁਲਾਂ ਤੋਂ ਬਿਨਾਂ ਬਸੰਤ ਰੁਤ ਦੇ ਸਮਾਨ ਸਦਾ ਹਰਿਆਵਲ ਤੇ ਖੇੜੇ ਵਿਚ ਰਹਿਣ ਵਾਲੀ ਹੈ। ਕਰਤਾਰ ਦੇ ਭਗਤ ਉਸ ਸੁੰਦਰਤਾ ਵਿਚੋਂ ਕਰਤਾਰ ਦੇ ਦਰਸ਼ਨ ਕਰਦੇ ਹਨ ਕਿਉਂਕਿ ਕੁਦਰਤ ਹੀ ਕਰਤਾਰ ਹੈ। ਇਸ ਸੁੰਦਰ ਦੇਸ਼ ਦੀ ਜਨਤਾ ਬੜੀ ਭੋਲੀ ਭਾਲੀ ਸੀ ਉਹ ਸਦਾ ਕਰਤਾਰ ਭਗਤਾਂ ਦੀ ਕਦਰ ਕਰਦੀ ਰਹੀ ਹੈ। ਏਹੋ ਕਾਰਨ ਹੈ ਕਿ ਕਸ਼ਮੀਰ ਵਿਚ ਦੇਵੀਆਂ, ਭਗਤਾਂ ਤੇ ਫਕੀਰਾਂ ਦੇ ਅਸਥਾਨ ਬਹੁਤ ਹਨ । ਜਿਸ ਇਲਾਕੇ ਵਿਚ ਸਤਿਗੁਰੂ ਜੀ ਪਹਿਲਾਂ ਪਹੁੰਚੇ ਸਨ ਉਸ ਇਲਾਕੇ ਵਿਚ ਦੋ ਪੁਰਖ ਬਹੁਤ ਸਤਿਕਾਰੇ ਜਾਂਦੇ ਸਨ ਇਕ ਭੈਰਣ

ਬ੍ਰਾਹਮਣ ਤੇ ਦੂਸਰਾ ਮੂਲਾ। ਦੋਵੇਂ ਹੀ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਸਨ। ਉਹ ਆਪ ਤਾਂ ਗੁਰੂ ਸਨ ਅਗਲੇ ਨੂੰ ਰੋਸ਼ਨੀ ਬਖਸ਼ਣ ਦੀ ਡੀਂਗ ਮਾਰਦੇ ਸਨ ਪਰ ਅਸਲ ਵਿੱਚ ਉਹ ਹਨੇਰੇ ਵਿਚ ਸਨ। ਕਾਮ, ਕ੍ਰੋਧ, ਲੋਭ ਤੇ ਮੋਹ ਅਤੇ ਹੰਕਾਰ ਉਨ੍ਹਾਂ ਦਾ ਪਿੱਛਾ ਨਹੀਂ ਸੀ ਛੱਡਦੇ। 'ਤਿਆਗ ਤਿਆਗ' ਪੁਕਾਰਦੇ ਸਨ ਪਰ ਵਾਸ਼ਨਾ ਮਰਦੀ ਨਹੀਂ ਸੀ। ਉਹ ਸਤਿਗੁਰੂ ਜੀ ਦੀ ਸ਼ਰਨ ਆਏ। ਸਾਹਿਬਾਂ ਨਾਲ ਗਿਆਨ ਚਰਚਾ ਕੀਤੀ ਆਖਰ ਉਨ੍ਹਾਂ ਨੂੰ ਸਤਿਦਾਗਿਆਨ ਹੋ ਗਿਆ। ਉਨ੍ਹਾਂ ਨੇ ਮਨਮਤਿ ਦਾ ਤਿਆਗ ਕੀਤਾ ਤੇ ਗੁਰਮਤ ਨੂੰ ਧਾਰਨ ਕੀਤਾ। ਜਿਨੇ ਦਿਨ ਸਤਿਗੁਰੂ ਜੀ ਕਸ਼ਮੀਰ ਰਹੇ ਉਨੇ ਦਿਨ ਹੀ ਉਹ ਸਤਿਗੁਰੂ ਜੀ ਦੇ ਨਾਲ ਰਹੇ ਤੇ ਸਤਿਸੰਗ ਵਿਚ ਸ਼ਾਮਲ ਹੋਕੇ ਸਤਿਗੁਰੂ ਜੀ ਦੀ ਬਾਣੀ ਸੁਣਦੇ ਰਹੇ। ਭਾਈ ਮੂਲੇ ਦਾ ਪ੍ਰੇਮ, ਉਸਦਾ ਗਿਆਨ ਦੇਖ ਕੇ ਸਾਹਿਬਾਂ ਨੇ ਉਸ ਨੂੰ ਗੁਰਮਤ ਦੇ ਪ੍ਰਚਾਰ ਦੀ ਮੰਜੀ ਬਖਸ਼ੀ। ਉਹ ਗੁਰਮਤ ਦਾ ਪ੍ਰਚਾਰ ਕਰਕੇ ਇਸਤ੍ਰੀ ਪੁਰਖਾਂ ਨੂੰ ਸਿਖ ਧਰਮ ਧਾਰਨ ਕਰਾਉਂਦਾ ਰਿਹਾ।

ਸਤਿਗੁਰੂ ਜੀ ਦਾ ਇੱਕ ਪ੍ਰੇਮੀ ਸਿੱਖ ਝੰਡਾ ਸੀ, ਉਹ ਸਦਾ ਸਤਿਗੁਰੂ ਜੀ ਦੇ ਨਾਲ ਰਹਿੰਦਾ ਸੀ ਤੇ ਸ਼ੁੱਧ ਹਿਰਦੇ ਨਾਲ ਪ੍ਰਮਾਤਮਾ ਜੀ ਭਗਤੀ ਕਰਦਾ ਸੀ ਤੇ ਨਿਰਭੈਤਾ ਸ਼ੁੱਧ ਆਤਮੇ ਨਾਲ ਸੇਵਾ ਕਰਦਾ ਸੀ। ਇਕ ਦਿਨ ਸਤਿਗੁਰੂ ਜੀ ਬੈਰਾਮਪੁਰ ਦੇ ਵੈਸ਼ਾਲ ਜੰਗਲਾਂ ਵਿਚ ਸ਼ਿਕਾਰ ਖੇਡਣ ਗਏ। ਸਾਹਿਬਾਂ ਦੇ ਮਨ ਮੌਜ ਆਈ ਕਿ ਉਹ ਝੰਡੇ ਦਾ ਸਿੱਖੀ ਪ੍ਰੇਮ ਤੇ ਗੁਰੂ ਜੀ ਉਪਰ ਸ਼ਰਧਾ ਤੇ ਭਰੋਸੇ ਦੀ ਪ੍ਰੀਖਿਆ ਕਰਨ। ਇਕ ਜੰਗਲ ਦਾ ਮੋੜ ਆਇਆ ਉਹ ਮੋੜ ਬਹੁਤ ਡਰਾਉਣਾ ਸੀ, ਇਕ ਪਾਸੇ ਡੂੰਘੀ ਖੱਡ ਤੇ ਦੂਸਰੇ ਪਾਸੇ ਵੈਸ਼ਾਲ ਜੰਗਲ ਦੇ ਪਹਾੜ। ਉਸ ਮੋੜ ਉਪਰ ਸਾਹਿਬਾਂ ਨੇ ਝੰਡੇ ਨੂੰ ਕਿਹਾ—'ਹੇ ਭਾਈ ਝੰਡਿਆ ਤੂੰ ਇਸ ਥਾਂ ਖਲੋਤਾ ਰਹੋ ਅਸੀਂ ਆਉਂਦੇ ਹਾਂ। ਜਿੰਨਾਂ ਚਿਰ ਅਸੀਂ ਆਈਏ ਨਾ ਉੱਨਾ ਚਿਰ ਏਥੇ ਹੀ ਖਲੋਤਾ ਰਹੀਂ।' ਸਤਿਗੁਰੂ ਜੀ ਦੇ ਬਚਨਾਂ ਨੂੰ ਸੁਣ ਕੇ ਭਾਈ ਝੰਡੇ ਨੇ ਦੋਵੇਂ ਹੱਥ ਜੋੜ ਕੇ ਸਿਰ ਨਿਵਾ ਕੇ ਆਖਿਆ—'ਸਤਿਬਚਨ ਜੀ!'

ਚੋਜੀ ਪ੍ਰੀਤਮ ਉਹ ਰਾਹ ਛੱਡ ਕੇ ਦੂਸਰੇ ਰਾਹ ਡੇਰੇ ਆ ਪੁਜੇ, ਅਗਲੇ ਦਿਨ ਨਹੀਂ ਸਗੋਂ ਤੀਸਰੇ ਦਿਨ ਸਤਿਗੁਰੂ ਜੀ ਉਹ ਰਾਹ ਗਏ, ਅਗੇ ਭਾਈ ਝੰਡਾ ਉਸ ਅਸਥਾਨ ਉਪਰ ਜਿਉਂਦਾ ਤਿਉਂ ਖਲੋਤਾ ਸੀ। ਸਾਹਿਬਾਂ ਨੇ

ਉਸ ਨੂੰ ਪੁਛਿਆ—'ਭਾਈ ਝੰਡਾ ! ਕੀ ਤੂੰ ਅਜੇ ਖਲੋਤਾ ਹੈਂ ?'

'ਸਚੇ ਪਾਤਸ਼ਾਹ ! ਆਪ ਨੇ ਜੋ ਹੁਕਮ ਕੀਤਾ ਸੀ ਕਿ ਜਿੰਨਾ ਚਿਰ ਅਸੀਂ ਨਾ ਆਈਏ ਉੱਨਾ ਚਿਰ ਏਥੇ ਖਲੋਤੇ ਰਹਿਣਾ ਸੋ ਮੈਂ ਖਲੋਤਾ ਰਿਹਾ ਹਾਂ।' ਉਸਦਾ ਸਿਦਕ ਦੇਖ ਕੇ ਸਾਹਿਬ ਬਹੁਤ ਪ੍ਰਸੰਨ ਹੋਏ ਗਲ ਨਾਲ ਲਾਇਆ ਤੇ ਨਿਹਾਲ ਕੀਤਾ।

ਏਸੇ ਤਰ੍ਹਾਂ ਕਸ਼ਮੀਰ ਵਿੱਚ ਇਕ ਭਾਈ ਕਟੂਸ਼ਾਹ ਸੀ ਇਹ ਸਤਿਗੁਰੂ ਜੀ ਦਾ ਅਨਿਨ ਭਗਤ ਸੀ। ਬਹੁਤ ਸੇਵਾ ਕਰਦਾ ਤੇ ਰਾਤ ਦਿਨੇਂ ਨਾਮ ਸਿਮਰਨ ਵਿਚ ਰਹਿੰਦਾ ਸੀ। ਉਮਰ ਵਡੇਰੀ ਹੋ ਗਈ ਸੀ ਘਰੋਂ ਬਾਹਰ ਘਟ ਹੀ ਨਿਕਲਦਾ। ਸਤਿਗੁਰੂ ਜੀ ਇਸ ਦੇ ਘਰ ਜਾਕੇ ਰਿਹਾ ਕਰਦੇ ਸਨ। ਇਕ ਦਿਨ ਐਸਾ ਭਾਣਾ ਵਰਤਿਆ ਜੋ ਕਟੂ ਸ਼ਾਹ ਦੇ ਜੀਵਨ ਨੂੰ ਚਮਕਾ ਗਿਆ, ਉਸ ਦਾ ਨਾਮ ਰੋਸ਼ਨ ਕਰ ਗਿਆ। ਉਹ ਇਹ ਭਾਣਾ ਵਰਤਿਆ ਕਿ ਇਕ ਦਿਨ ਪਹਾੜ ਦੀ ਸੰਗਤ ਚੰਗੇ ਫਲ ਲੈਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਂਦੀ ਹੋਈ ਭਾਈ ਕਟੂਸ਼ਾਹ ਦੇ ਘਰ ਅਗੋਂ ਦੀ ਲੰਘੀ, ਸੁੰਦਰ ਪੱਕੇ ਹੋਏ ਤੇ ਮਿਠੇ ਫਲ ਦੇਖਕੇ ਭਾਈ ਕਟੂ ਦਾ ਮਨ ਦੀ ਇੱਛਾ ਹੋਈ ਕਿ ਉਹ ਫਲ ਲੈਕੇ ਛਕ ਲਵੇ। ਉਸ ਨੇ ਸਿੱਖਾਂ ਅਗੇ ਪ੍ਰਾਰਥਨਾ ਕੀਤੀ ਕਿ 'ਭਾਈ ਫਲ ਮੈਨੂੰ ਵੀ ਚਖਾ ਜਾਵੇ।' ਉਨ੍ਹਾਂ ਸਿੱਖਾਂ ਨੇ ਉਤਰ ਦਿੱਤਾ—'ਇਹ ਨਹੀਂ ਹੋ ਸਕਦਾ। ਇਹ ਫਲ ਸਤਿਗੁਰੂ ਜੀ ਦੇ ਭੋਗ ਪ੍ਰਸ਼ਾਦ ਵਾਸਤੇ ਜਾ ਰਹੇ ਹਨ। ਪਹਿਲਾਂ ਸਤਿਗੁਰੂ ਜੀ ਭੋਗ ਲਾਉਣਗੇ ਫਿਰ ਸੰਗਤ ਨੂੰ ਵਰਤਾਏ ਜਾਣਗੇ। ਇਸ ਵਾਸਤੇ ਇਹ ਤੁਸਾਂ ਨੂੰ ਨਹੀਂ ਮਿਲ ਸਕਦੇ।'

ਸਿਖਾਂ ਵਲੋਂ ਕੋਰਾ ਉਤਰ ਸੁਣ ਕੇ ਕਟੂਸ਼ਾਹ ਚੁਪ ਹੋ ਗਿਆ। ਸਿਖ ਫਲ ਲੈਕੇ ਅਗੇ ਚਲੇ ਗਏ। ਜਦੋਂ ਫਲਾਂ ਦੇ ਟੋਕਰੇ ਸਤਿਗੁਰੂ ਜੀ ਦੇ ਸਾਹਮਣੇ ਰਖੇ ਤਾਂ ਕੀ ਦੇਖਦੇ ਹਨ ਕਿ ਸਾਰੇ ਦੇ ਸਾਰੇ ਫਲ ਸੜੇ-ਗਲੇ ਤੇ ਬਦਬੂ ਵਾਲੇ ਉਨ੍ਹਾਂ ਨੂੰ ਦਿਖਾਈ ਦਿਤੇ ਕਿਰਮ ਚਲ ਰਹੇ ਸਨ ਉਨ੍ਹਾਂ ਫਲਾਂ ਵਲ ਦੇਖਕੇ ਸਤਿਗੁਰੂ ਜੀ ਨੇ ਪੁਛਿਆ—'ਇਹ ਗਲੇ ਸੜੇ ਫਲ ਕਿਉਂ ਲਿਆਏ ਹੋ ?'

'ਹੇ ਸਚੇ ਪਾਤਸ਼ਾਹ ! ਅਸੀਂ ਤਾਂ ਫਲ ਬਾਗਾਂ ਵਿਚੋਂ ਹੁਣੇ ਤੋੜ ਕੇ ਲਿਆਏ ਹਾਂ, ਆਪਣੀ ਵਲੋਂ ਤਾਂ ਫਲ ਰਸ ਵਾਲੇ ਪਕੇ ਮਿਠੇ ਤੇ ਬੇਦਾਗ ਤੋੜੇ ਸਨ।' ਇਕ ਸਿੱਖ ਨੇ ਉਤਰ ਦਿਤਾ 'ਪਤਾ ਨਹੀਂ ਐਨੀ ਛੇਤੀ ਸੜ ਕਿਉਂ ਗਏ ਹਨ ?'

'ਇਹ ਦਸੋ ਰਾਹ ਵਿਚ ਕਿਸੇ ਬਜ਼ੁਰਗ ਨੇ ਖਾਣ ਵਾਸਤੇ ਤਾਂ ਨਹੀਂ ਮੰਗੇ ?' ਸਤਿਗੁਰੂ ਜੀ ਨੇ ਪੁਛਿਆ ।

'ਸਚੇ ਪਾਤਸ਼ਾਹ ! ਕਟੂਸ਼ਾਹ ਸਾਧੂ ਨੇ ਮੰਗੇ ਸਨ ਉਹ ਝਲਾ ਜਿਹਾ ਰਾਹ ਜਾਂਦਿਆਂ ਦੀਆਂ ਚੀਜ਼ਾਂ ਮੰਗ ਲੈਂਦਾ ਹੈ । ਉਹ ਆਖਦਾ ਸੀ ਮੈਨੂੰ ਤਾਂ ਸਵਾਦ ਚਖਾ ਜਾਵੋ ਪਰ ਅਸਾਂ ਆਪਦੇ ਭੋਗ ਦਾ ਪ੍ਰਸ਼ਾਦ ਸਮਝਕੇ ਉਸਨੂੰ ਨਾਂਹ ਕਰ ਦਿਤੀ ਸੀ ।'

'ਇਹ ਸਾਰੇ ਟੋਕਰੇ ਚੁਕੋ ਤੇ ਕਟੂਸ਼ਾਹ ਦੇ ਕੋਲ ਲੈ ਜਾਵੋ, ਜੋ ਵਸਤੂ ਕਿਸੇ ਇਛਾਵਾਨ ਤੇ ਲੋੜਵੰਦ ਸਿੱਖ ਨੂੰ ਮਿਲੇ ਓਹੋ ਹੀ ਗੁਰੂ ਨੂੰ ਮਿਲਦੀ ਹੈ, ਪਹਿਲਾਂ ਸਿੱਖ ਤੇ ਪਿਛੋਂ ਗੁਰੂ । ਨਾਂਹ ਕਰਕੇ ਤੁਸਾਂ ਮਾੜਾ ਕੀਤਾ, ਹੁਣ ਜਿੰਨਾ ਚਿਰ ਉਹ ਨਾ ਭੋਗ ਲਾਵੇ ਉਨਾਂ ਚਿਰ ਇਹ ਫਲ ਸੜੇ ਗਲੇ ਰਹਿਣਗੇ ।' ਸਤਿਗੁਰੂ ਜੀ ਨੇ ਸਿੱਖਾਂ ਨੂੰ ਸੰਬੋਧਨ ਕਰਕੇ ਉੱਤਰ ਦਿੱਤਾ ।

ਉਹ ਪਹਾੜੀਏ ਸ਼ਰਧਾਲੂ ਤੇ ਭੋਲੇ ਸਿੱਖ ਫਲਾਂਦੇ ਟੋਕਰਿਆਂ ਨੂੰ ਚਕਕੇਭਾਈ ਕਟੂਸ਼ਾਹ ਦੇ ਕੋਲ ਲੈ ਆਏ, ਉਸ ਅਗੇ ਪ੍ਰਾਰਥਨਾਂ ਕੀਤੀ—'ਹੇ ਭਾਈ ਕਟੂਸ਼ਾਹ ! ਇਹ ਆਪ ਵਾਸਤੇ ਹਨ, ਭੋਗ ਲਾਵੋ ।' ਭਾਈ ਜੀ ਨੇ ਤਿੰਨ ਫਲ ਟੋਕਰਿਆਂ ਵਿਚੋਂ ਫੜਕੇ ਮੂੰਹ ਪਾ ਲਏ । ਉਸ ਵੇਲੇ ਸਾਰੇ ਫਲ ਠੀਕ ਹੋ ਗਏ । ਇਹ ਕੌਤਕ ਦੇਖਕੇ ਸਾਰੇ ਸਿੱਖ ਬਹੁਤ ਹੈਰਾਨ ਹੋਏ । ਕਟੂਸ਼ਾਹ ਨੂੰ ਨਾਲ ਲੈਕੇ ਮੁੜ ਸਤਿਗੁਰੂ ਜੀ ਦੇ ਚਰਨਾਂ ਵਿਚ ਆ ਪੁਜੇ । ਇਸ ਪ੍ਰਥਾਏ ਸਤਿਗੁਰੂ ਜੀ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਉਹ ਜੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦੇ ਹਨ, ਤਾਂ ਭੁਖੇ ਸਿੱਖਾਂ ਨੂੰ ਪ੍ਰਸ਼ਾਦ ਤੇ ਨੰਗੇ ਸਿੱਖਾਂ ਨੂੰ ਧਨ ਤੇ ਕਪੜੇ ਦਾਨ ਦਿਆ ਕਰਨ ।'

—o—

੩੧. ਮਾਈ ਭਾਗ ਭਰੀ ਕਸ਼ਮੀਰਨ

ਇਕ ਮਿਟੀ ਤੇ ਪਤਿਆਂ ਦੇ ਬਣੇ ਹੋਏ ਘਰ ਵਿਚ ਮਾਈ ਭਾਗਭਰੀ ਰਹਿੰਦੀ ਸੀ, ਉਸਦੇ ਮਾਂ ਬਾਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਿੱਖ ਸਨ । ਮਾਈ ਭਾਗਭਰੀ ਵੀ ਸਤਿਗੁਰਾਂ ਦੀ ਬਾਣੀ ਸੁਣਦੀ ਰਹੀ ਤੇ ਭਗਤਣ ਬਣ ਗਈ, ਉਸਦੇ ਮਨ ਵਿਚ ਫੁਰਨਾ ਫੁਰਿਆ ਕਿ ਉਹ ਹਥੀਂ ਸੂਹਰ

ਕਤਕੇ ਕਪੜਾ ਉਣਾਵੇ ਤੇ ਸਤਿਗੁਰੂ ਜੀ ਵਾਸਤੇ ਚੋਲਾ ਸੀਵੇਂ। ਪਰ ਭੇਟਾ ਉਸ ਵੇਲੇ ਕਰੇ ਜਦੋਂ ਸਤਿਗੁਰੂ ਜੀ ਉਹਦੇ ਘਰ ਆਉਣ, ਉਸਨੇ ਉਸੇ ਤਰ੍ਹਾਂ ਹੀ ਕੀਤਾ

ਰੂੰ ਲੈਕੇ ਆਪ ਕਤਿਆ, ਫਿਰ ਕਪੜਾ ਤਿਆਰ ਕਰਵਾਇਆ ਤੇ ਆਪ ਬਸਤ੍ਰ ਸੀਊਂਕੇ ਰਖੇ। ਰਾਤ ਦਿਨੇ ਸਤਿਗੁਰੂ ਜੀ ਦੇ ਚਰਨਾ ਦਾ ਧਿਆਨ ਧਰਕੇ ਸਿਮਰਨ ਕਰਨ ਲੱਗੀ। ਬਾਣੀ ਦਾ ਪਾਠ ਕਰਕੇ ਜਦੋਂ ਅਰਦਾਸ ਕਰਦੀ ਤਾਂ ਉਹ ਅਰਦਾਸ ਦੇ ਅੰਤ ਵਿਚ ਏਹੋ ਆਖਦੀ 'ਹੇ ਨਾਥ ? ਮੈਂ ਆਪਦੇ ਦਰਸ਼ਨ ਕਰਨ ਵਾਸਤੇ ਤੜਫ ਰਹੀ ਹਾਂ। ਮੇਰੇ ਘਰ ਚਰਨ ਪਾਵੇ। ਮੇਰੀ ਆਸਾ ਪੂਰਨ ਕਰੋ। ਹੇ ਦਾਤਾ! ਬਸ਼ਕ ਮੈਂ ਗਰੀਬ ਹਾਂ, ਆਪ ਦੀ ਸਵਾ ਨਹੀਂ ਕਰ ਸਕਦੀ ਫਿਰ ਵੀ ਮੇਰੇ ਉਤੇ ਦਇਆ ਕਰਕੇ ਮਰ ਪਿਆਰ ਬਦਲੇ ਹੀ ਆ ਜਾਵੋ। ਮੇਹਰ ਕਰੋ। ਮੇਰੀਆਂ ਭੁਲਾਂ ਨਾ ਚਤਾਰੋ ਤੇ ਮੇਰੇ ਔਗਣਾਂ ਵਲ ਨਾ ਤੱਕੋ।

"ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾਂ ॥
ਜਹ ਜਹ ਦੇਖਾ ਤਹ ਤਹ ਤੂਹੇ ਤੁਝਤੇ ਨਿਕਸੀ ਫੂਟਿ ਮਰਾ ॥"

(ਸ੍ਰੀ ਰਾਗੁ ਮਃ ੧ ॥)

ਇਸਤਰ੍ਹਾਂ ਅਰਦਾਸਾਂ ਕਰਦਿਆਂ ਹੋਇਆਂ ਮਾਤਾ ਭਾਗਭਰੀ ਜੀ ਨੂੰ ਕਈ ਸਾਲ ਬੀਤ ਗਏ।ਉਸਨੇ ਉਡੀਕ ਨਾ ਛੱਡੀ ਤੇ ਹੌਂਸਲਾ ਨਾ ਹਾਰਿਆ।ਇਹੋ ਆਖਦੀ ਰਹੀ—'ਮੇਰੇ ਸਤਿਗੁਰੂ ਜੀ ਜ਼ਰੂਰ ਮੇਰੇ ਘਰ ਆਉਣਗੇ। ਏਹ ਕਦੀ ਨਹੀਂ ਹੋ ਸਕਦਾ ਕਿ ਉਹ ਨਾ ਆਉਣ।' ਹਰ ਰੋਜ਼ ਘਰ ਨੂੰ ਸਫਾ ਕਰ ਛਡਦੀ। ਵੇਹੜੇ ਤੇ ਚੌਂਤਰੇ ਵਿਚ ਪੋਚਾ ਫਰਦੀ ਉਸਦਾ ਪ੍ਰੇਮ ਦੇਖਕੇ ਕੁਦਰਤ ਵੀ ਹੈਰਾਨ ਸੀ।

ਰੱਬੀ ਰੂਹਾਂ—ਰੂਹਾਂ ਦੇ ਭੇਤ ਜਾਣਦੀਆਂ ਹਨ। ਸਤਿਗੁਰੂ ਜੀ ਕਸ਼ਮੀਰ ਪੁਜੇ ਤਾਂ ਉਨ੍ਹਾਂ ਮਨ ਹੀ ਮਨ ਫੈਸਲਾ ਕੀਤਾ ਕਿ ਆਪ ਜ਼ਰੂਰ ਮਾਈ ਭਾਗ ਭਰੀ ਦੇ ਘਰ ਪੁਜਣਗੇ। ਚਵੀ ਘੰਟੇ ਹੀ ਮਾਈ ਸਤਿਗੁਰੂ ਜੀ ਨੂੰ ਯਾਦ ਕਰਦੀ ਰਹਿੰਦੀ ਹੈ। ਇਕ ਦਿਨ ਸਾਰੇ ਸੰਗ ਨੂੰ ਪਿਛੇ ਛੱਡ ਕੇ, ਘੋੜੇ ਉਪਰ ਸੁਵਾਰ ਹੋ ਸਤਿਗੁਰੂ ਜੀ ਉਧਰ ਨਿਕਲ ਗਏ ਜਿਧਰ ਮਾਈ ਭਾਗਭਰੀ ਜੀ ਦਾ ਘਰ ਸੀ, ਘਰ ਦੇ ਬੂਹੇ ਅਗੇ ਜਾ ਘੋੜਾ ਖਲਿਹਾਰਿਆ। ਸਾਹਿਬਾਂ ਨੇ ਆਪ ਅਵਾਜ਼ ਦਿੱਤੀ—'ਮਾਤਾ ਜੀ! ਬੂਹਾ ਖੋਲ੍ਹੋ।'

ਮਾਈ ਭਾਗਭਰੀ ਜੀ ਦਾ ਪੁਤ੍ਰ ਸੇਵਾ ਦਾਸ ਸੀ। ਉਹ ਉਸ ਸਮੇਂ ਘਰ ਸੀ ਉਸਨੇ ਅਵਾਜ਼ ਸੁਣਕੇ ਬੂਹਾ ਖੋਲ੍ਹ ਦਿੱਤਾ। ਸਤਿਗੁਰੂ ਜੀ ਘੋੜੇ ਤੋਂ ਉਤਰੇ ਤੇ ਅੰਦਰ ਲੰਘ ਗਏ। ਅੱਗੇ ਬਿਰਧ ਮਾਤਾ ਭਾਗਭਰੀ ਮੰਜੇ ਉਪਰ ਬੈਠੀ ਸੀ। ਉਸਨੇ ਸਤਿਗੁਰੂ ਜੀ ਨੂੰ ਦੂਰੋਂ ਹੀ ਪਛਾਣ ਲਿਆ। ਉਸ ਵੇਲੇ ਹੌਂਸਲੇ ਨਾਲ ਮੰਜੇ ਤੋਂ ਉਠੀ ਤੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ। ਮੱਥਾ ਟੇਕਕੇ ਕਾਹਲੀ ਨਾਲ ਦੂਸਰੇ ਅੰਦਰ ਗਈ। ਲਕੜ ਦੀ ਪੇਟੀ ਵਿਚੋਂ ਬਸਤ੍ਰ ਕੱਢਕੇ ਲੈ ਆਈ ਤੇ ਸਤਿਗੁਰੂ ਜੀ ਦੇ ਅਗੇ ਰਖਕੇ ਮੱਥਾ ਟੇਕਿਆ। 'ਇਸ ਭੇਟਾ ਨੂੰ ਪ੍ਰਵਾਨ ਕਰੀਏ ਦਾਤਾ !' ਮਾਤਾ ਜੀ ਦੀ ਬੇਨਤੀ ਸੀ। ਉਸਦਾ ਲੂੰ ਲੂੰ ਪ੍ਰਸੰਨਤਾ ਨਾਲ ਪ੍ਰਸੰਨ ਹੋ ਰਿਹਾ ਸੀ।

'ਹੁਣ ਮੈਂ ਸੌਖੀ ਮਰਾਂਗੀ। ਮੇਰੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ,ਹੇ ਦਾਤਾ!ਮੇਰੇ ਤੇ ਦਇਆ ਕਰੋ ਅਗੇ ਦਾ ਡਰਭੈਭੀਤਕਰ ਰਿਹਾ ਹੈ।ਯਮ,ਨਰਕ ਅਗਨ, ਤੇ ਭਵ ਸਾਗਰ ਦੀਆਂ ਛਲਾਂ ਭੈ ਭੀਤ ਕਰ ਰਹੀਆਂ ਹਨ। ਮੇਰੇ ਸਾਰੇ ਡਰ ਦੂਰਕਰੋ'

'ਮਾਤਾ ਜੀ ! ਤੂੰ ਧੰਨ ਹੈਂ ! ਤੇਰੀ ਭਗਤੀ ਪ੍ਰਵਾਨ ਹੋਈ ਸਤਿਗੁਰੂ ਜੀ ਤੇਰੀ ਸਹਾਇਤਾ ਕਰਨਗੇ।' ਸਤਿਗੁਰੂ ਜੀ ਨੇ ਬਚਨ ਕੀਤਾ।

ਮਾਈ ਭਾਗਭਰੀ ਜੀ ਨੂੰ ਚਕਰ ਆਏ।ਉਹ ਘਬਰਾ ਕੇ ਮੰਜੇ ਤੇ ਬੈਠ ਗਈ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਉਸਨੇ ਪ੍ਰਾਣ ਤਿਆਗ ਦਿੱਤੇ। ਉਸਦੀ ਆਤਮਾ ਪੁਸ਼ਪ ਵਿਮਾਨ ਵਿਚ ਬੈਠਕੇ ਦੇਵਤਿਆਂ ਦੇ ਸੰਗ ਬ੍ਰਹਮ ਲੋਕ ਨੂੰ ਗਈ। ਸਤਿਗੁਰੂ ਜੀ ਬਸਤ੍ਰ ਲੈਕੇ ਵਾਪਸ ਡੇਰੇ ਆ ਗਏ। ਸ਼ਾਮ ਦੇ ਦੀਵਾਨ ਵਿਚ ਸਾਰੀ ਸੰਗਤ ਨੂੰ ਮਾਤਾ ਜੀ ਦੇ ਪ੍ਰੇਮ ਤੇ ਭਗਤੀ ਦੀ ਕਥਾ ਸੁਣਾਈ।

੩੨. ਸਤਿਗੁਰੂ ਜੀ ਦੀ ਕਸ਼ਮੀਰ ਤੋਂ ਵਾਪਸੀ

ਸ੍ਰੀ ਨਗਰ ਦੇ ਚੌਗਿਰਦੇ ਕਸ਼ਮੀਰ ਦੀਆਂ ਸਾਰੀਆਂ ਵਾਦੀਆਂ ਵਿਚ ਸਤਿਗੁਰੂ ਜੀ ਜੀਵਾਂ ਨੂੰ ਤਾਰਦੇ ਰਹੇ । ਬਹੁਤ ਸਾਰੇ ਹਿੰਦੂ ਪੰਡਤਾਂ ਤੇ ਡੋਗਰਿਆਂ ਨੂੰ ਸਿਖ ਧਰਮ ਧਾਰਨ ਕਰਾਇਆ । ਜੋ ਹਿੰਦੂ ਹਕੂਮਤ ਕੋਲੋਂ ਡਰਦੇ ਹੋਏ ਮੁਸਲਮਾਨ ਹੋ ਚੁਕੇ ਸਨ, ਉਨ੍ਹਾਂ ਨੇ ਮੁੜਕੇ ਗੰਗਾ ਜਲ ਪੀਤਾ ਤੇ ਮਲੇਛ ਧਰਮ ਦਾ ਤਿਆਗ ਕੀਤਾ । ਸਤਿਗੁਰੂ ਜੀ ਸਾਰਿਆਂ ਨੂੰ ਨਾਮ

ਦਾਨ ਤੇ ਇਸ਼ਨਾਨ ਦਾ ਉਪਦੇਸ਼ ਦੇਂਦੇ ਹੋਏ ਕਸ਼ਮੀਰ ਵਿਚ ਵਿਚਰਦੇ ਰਹੇ।

ਜਹਾਂਗੀਰ ਬਾਦਸ਼ਾਹ ਨੇ ਕਾਬਲ ਨੂੰ ਜਾਣਾ ਸੀ। ਉਹ ਤਾਂ ਕਾਬਲ ਨੂੰ ਤੁਰ ਗਏ ਤੇ ਸਤਿਗੁਰੂ ਜੀ ਕੋਹਮਰੀ ਦੇ ਰਸਤੇ ਵਾਪਸ ਪੰਜਾਬ ਨੂੰ ਮੁੜੇ ਰਾਹ ਵਿਚ ਰਾਵਲਪਿੰਡੀ ਤੋਂ ਹੋ ਕੇ ਸਤਿਗੁਰੂ ਜੀ ਗੁਜਰਾਤ ਆ ਪੁਜੇ।ਗੁਜਰਾਤ ਸ਼ਹਿਰ ਉਸਸਮੇਂ ਸੂਫੀ ਫਕੀਰਾਂ ਦਾ ਬਹੁਤ ਵੱਡਾ ਅੱਡਾ ਸੀ। ਮੁਲਤਾਨ ਸ਼ਹਿਰ ਨਾਲੋਂ ਵੀ ਗੁਜਰਾਤ ਵਿਚ ਮੁਸਲਮਾਨ ਫਕੀਰਾਂ ਦਾ ਬਹੁਤਾ ਜ਼ੋਰ ਸੀ ਥਾਂ ਥਾਂ ਤੱਕੀਏ ਬਣੇ ਹੋਏ ਸਨ। ਉਨ੍ਹਾਂ ਬਹੁਤੇ ਫਕੀਰਾਂ ਵਿਚੋਂ ਐਸੇ ਫਕੀਰ ਸਨ ਜੋਇਸਲਾਮਦਾ ਪ੍ਰਚਾਰ ਕਰਦੇਸਨ। ਉਹ ਗੁਜਰਾਤ ਦੇ ਚੌਗਿਰਦੇ ਦੇ ਵਡੇ ਵਡੇ ਹਿੰਦੂ ਜਗੀਰਦਾਰਾਂ ਨੂੰ ਮੁਸਲਮਾਨ ਕਰ ਚੁਕੇ ਸਨ। ਜਦ ਸਤਿਗੁਰੂ ਜੀ ਗੁਜਰਾਤ ਪੁਜ ਤਾਂ ਸਾਰੇ ਫਕੀਰ ਸਤਿਗੁਰੂ ਜੀ ਨਾਲ ਗਿਆਨ ਚਰਚਾ ਕਰਨ ਵਾਸਤੇ ਆਏ, ਕਿਉਂਕਿ ਉਸ ਵੇਲੇ ਸਤਿਗੁਰੂ ਜੀ ਦੀ ਸਾਰੇ ਦੇਸ਼ ਵਿਚ ਬਹੁਤ ਪ੍ਰਸਿਧਤਾ ਸੀ ਇਕ ਜਹਾਂਗੀਰ ਸ਼ਾਹ ਨਾਮ ਦਾ ਫਕੀਰ ਸਤਿਗੁਰੂ ਜੀ ਦੇ ਪਾਸ ਆਇਆ, ਨਾਲ ਉਸਦੇ ਸੈ ਚੇਲੇ ਸਨ।

੩੩. ਸਤਿਗੁਰੂ ਜੀ ਦੀ ਜਹਾਂਗੀਰ ਸਾਹ ਨਾਲ ਗਿਆਨ ਚਰਚਾ

ਜਹਾਂਗੀਰ ਸ਼ਾਹ ਕੋਈ ਮਾਮੂਲੀ ਫਕੀਰ ਨਹੀਂ ਸੀ ਸਗੋਂ ਕਮਾਰਾਤੀ ਫਕੀਰ ਸੀ, ਕਰਾਮਾਤਾਂ ਦਿਖਾ ਦਿਖਾ ਉਸਨੇ ਭੋਲੇ ਭਾਲ ਲੋਕਾਂ ਦੇ ਦਿਲਾਂ ਨੂੰ ਜਿਤਿਆ ਹੋਇਆ ਸੀ। ਉਹ ਸ਼ੇਰ ਦੀ ਸਵਾਰੀ ਕਰਦਾ ਤੇ ਸੱਪ ਦਾ ਚਾਬਕ ਹੱਥ ਵਿਚ ਰਖਿਆ ਕਰਦਾ ਸੀ ਉਸਦਾ ਇਹ ਦਿਖਾਵਾ ਹੋਰ ਭੈ-ਭੀਤ ਕਰਨ ਵਾਲਾ ਸੀ, ਉਹ ਬੜੇ ਹੰਕਾਰ ਨਾਲ ਸ਼ੇਰ ਦੀ ਸਵਾਰੀ ਕਰਕੇ ਸਤਿਗੁਰੂ ਜੀ ਵਲ ਆਇਆ, ਉਹਦੇ ਚੇਲਿਆ ਦਾ ਜੱਥਾ ਇਕ ਜਲੂਸ ਦੇ ਸਾਮਾਨ ਉਹਦੇ ਨਾਲ ਸੀ।

ਜਿਸ ਵੇਲੇ ਜਹਾਂਗੀਰ ਸ਼ਾਹ ਸਤਿਗੁਰੂ ਜੀ ਦੇ ਨੇੜੇ ਪਹੁੰਚਿਆਂ ਤਾਂ ਸਤਿਗੁਰੂ ਜੀ ਨ ਸ਼ੇਰ ਵਲ ਨਿਗਾਹ ਭਰਕੇ ਦੇਖਿਆ। ਜਿਉਂ ਹੀ ਸ਼ੇਰ ਦੀਆਂ

ਅੱਖਾਂ ਨਾਲ ਅੱਖਾਂ ਮਿਲਾਈਆਂ ਤਾਂ ਸ਼ੇਰ ਭੈ ਭੀਤ ਹੋ ਗਿਆ, ਉਹ ਜਹਾਂਗੀਰ ਸ਼ਾਹ ਦੇ ਹੇਠੋਂ ਨਿਕਲਕੇ ਮਲੋ ਮਲੀ ਨਸ ਗਿਆ, ਫਕੀਰ ਦੀਆਂ ਕਰਾਮਾਤਾਂ ਦੀ ਸ਼ਕਤੀ ਵੀ ਉਸਨੂੰ ਰੋਕ ਨਾ ਸਕੀ, ਪੀਰ ਸਟ ਤੋਂ ਮਸਾਂ ਬਚਿਆ, ਸੱਪ ਦਾ ਛਾਂਟਾ ਹੀ ਹੱਥ ਵਿਚ ਰਹਿ ਗਿਆ।

ਇਸ ਘਟਣਾ ਨੇ ਫਕੀਰ ਨੂੰ ਸ਼ਰਮਿੰਦਾ ਕਰ ਦਿਤਾ ਫਿਰ ਵੀ ਉਹ ਅਗੇ ਹੋਇਆ,ਸਤਿਗੁਰੂ ਜੀ ਨੇ ਜੀ ਆਇਆਂ ਨੂੰ ਕਿਹਾ,ਫਕੀਰ ਨੇ ਸਿਰ ਨਿਵਾਕੇ ਸਤਿਗੁਰੂ ਜੀ ਦਾ ਸਤਿਕਾਰ ਕੀਤਾ ਤੇ ਬੈਠਕੇ ਗਿਆਨ ਚਰਚਾ ਕਰਨੀ ਸ਼ੁਰੂ ਕੀਤੀ। ਸਤਿਗੁਰੂ ਜੀ ਨੇ ਮੁਸਕਰਾਕੇ ਕਿਹਾ—'ਪੀਰ ਜੀ ਇਸ ਗਲ ਦੀ ਸਮਝ ਨਹੀਂ ਲਗੀ ਕਿ ਤੁਸਾਂ ਦਾ ਘੋੜਾ (ਸ਼ੇਰ) ਕਿਉਂ ਨਸ ਗਿਆ ? ਤੁਸੀਂ ਉਸਨੂੰ ਰੋਕ ਨਾ ਸਕੇ।'

'ਇਹ ਸ਼ੇਰ ਨਿਰਾਲੇ ਸੁਭਾ ਦਾ ਹੈ ਕਦੀ ਕਦੀ ਏਸੇ ਤਰਾਂ ਨਸ ਜਾਂਦਾ ਹੈ,ਪਰ ਕਿਤੇ ਦੂਰ ਨਹੀਂ ਜਾਂਦਾ,ਮੁੜ ਮੇਰੇ ਕੋਲ ਆ ਜਾਂਦਾ ਹੈ।ਜੇ ਮੇਰੀ ਇੱਛਾ ਹੋਵੇਤਾਂ ਮੈਂਹੁਣੇ ਹੀ ਉਸਨੂੰ ਏਥੇ ਸਦ ਸਕਦਾ ਹਾਂ।'ਜਹਾਂਗੀਰ ਸ਼ਾਹ ਨੇ ਅਭਿਮਾਨ ਨਾਲਉੱਤਰਦਿਤਾ।

'ਸ਼ੇਰ ਬਹੁਤ ਸੁੰਦਰ ਹੈ ਅਸੀਂ ਦੇਖਣਾ ਚਾਹੁੰਦੇ ਹਾਂ, ਆਪ ਉਸਨੂੰ ਸਦੀਏ।' ਸਤਿਗੁਰੂ ਜੀ ਦਾ ਬਚਨ ਸੀ।

'ਬਹੁਤ ਅੱਛਾ ! ਮੈਂ ਹੁਣੇ ਸਦਦਾ ਹਾਂ ਉਹ ਸ਼ੇਰ ਕਦੀ ਮੇਰੇ ਹੁਕਮ ਤੋਂ ਦੂਰ ਨਹੀਂ ਜਾ ਸਕਦਾ।' ਇਹ ਆਖਕੇ ਜਹਾਂਗੀਰ ਮੰਤ੍ਰ ਫੂਕਣ ਲੱਗਾ। ਹੱਥ ਵਿਚਲੇ ਸੱਪ ਨੂੰ ਫੜਕੇ ਬਹੁਤ ਸਾਰੀ ਕਲਾਮ ਪੜ੍ਹੀ ਪਰ ਸ਼ੇਰ ਨਾ ਆਇਆ। ਪੀਰ ਦੇ ਚੇਲੇ ਤੇ ਪੀਰ ਬਹੁਤ ਹੈਰਾਨ ਹੋਏ। ਪੀਰ ਜਿਉਂ ਜਿਉਂ ਕਲਾਮ ਪੜ੍ਹੀ ਜਾਂਦਾ ਸੀ ਤਿਉਂ ਤਿਉਂ ਸਤਿਗੁਰੂ ਜੀ ਸਿਰਫ 'ਸਤਿ ਕਰਤਾਰ' ਹੀ ਆਖ ਰਹੇ ਸਨ। ਲੱਖ ਯਤਨ ਕਰਨ ਤੇ ਵੀ ਸ਼ੇਰ ਵਾਪਸ ਨਾ ਆਇਆ ਫਕੀਰ ਸ਼ਰਮਿੰਦਾ ਹੋ ਗਿਆ।

ਸਤਿਗੁਰੂ ਜੀ ਨੇ ਪੀਰ ਦੇ ਮਨ ਦੀ ਅਵਸਥਾ ਨੂੰ ਅਨਭਵ ਕਰਕੇ ਸਚ ਦੇ ਬਚਨ ਆਖੇ 'ਹੇ ਪੀਰ ਜੀ ! ਪ੍ਰਗਟ ਕਿਉਂ ਨਹੀਂ ਕਰਦੇ ਕਿ ਜਿਉਂ ਜਿਉਂ ਆਪ ਕਲਾਮ ਪੜ੍ਹਦੇ ਜੇ ਤਿਉਂ ਤਿਉਂ ਸ਼ੇਰ ਜੰਗਲ ਵਲ ਨੱਠਾ ਜਾ ਰਿਹਾ ਹੈ ਤੇ ਤੁਸਾਂ ਨੂੰ ਦਿਸ ਵੀ ਰਿਹਾ ਹੈ। ਉਹ ਨਹੀਂ ਆਵੇਗਾ।'

ਸਤਿਗੁਰੂ ਜੀ ਦੇ ਇਸ ਸੁਆਲ ਦਾ ਉਤਰ ਪੀਰ ਨਾ ਦੇ ਸਕਿਆ,

ਤੇ ਗਿਆਨ ਚਰਚਾਂ ਨੂੰ ਹੋਰ ਪਾਸੇ ਮੋੜ ਬੈਠਾ। ਉਸ ਨੇ ਨਿਰਾਲੇ ਹੀ ਢੰਗ ਨਾਲ ਸਤਿਗੁਰੂ ਜੀ ਅਗੇ ਸਵਾਲ ਕੀਤੇ—

'ਹਿੰਦੂ ਕਿਆ ਤੇ ਪੀਰ ਕਿਆ ? ਔਰਤ ਕਿਆ ਤੇ ਫਕੀਰ ਕਿਆ ? ਦੌਲਤ ਕਿਆ ਤੇ ਤਿਆਗ ਕਿਆ ? ਲੜਕੇ ਕਿਆ ਤੇ ਬੈਰਾਗ ਕਿਆ ? ਆਰਫ ਕਿਆ ਤੇ ਦੁਨੀਆਂਦਾਰ ਕਿਆ ? ਮਜ਼ਹਬ ਕਿਆ ਤੇ ਸਚਿਆਰ ਕਿਆ ? ਪੁਜਾਰੀ ਕਿਆ ਤੇ ਸਵਾਬ ਕਿਆ ? ਮਾਰੂਬਲ਼ ਕਿਆ ਤੇ ਆਬ ਕਿਆ ?'

ਬਿਨ੍ਹਾਂ ਸੁਆਲਾਂ ਦਾ ਉਤਰ ਸਤਿਗੁਰੂ ਜੀ ਨੇ ਇਸਤਰ੍ਹਾਂ ਦਿੱਤਾ—'ਹੇ ਖੁਦਾ ਦੇ ਬੰਦੇ ! ਤੇਰੇ ਇਹ ਸਵਾਲ ਚੰਗੇ ਹਨ, ਪਰ ਇਸ ਤੋਂ ਇਹ ਵੀ ਅਨਭਵ ਹੁੰਦਾ ਹੈ ਕਿ ਤੁਸਾਂ ਨੂੰ ਆਤਮਿਕ ਤੇ ਸੰਸਾਰਿਕ ਜਗਤ ਦਾ ਪੂਰਾ ਗਿਆਨ ਨਹੀਂ। ਸੁਣੀਏ ! ਪੀਰੀ ਰਬ ਦਾ ਦਾਨ ਹੈ। ਇਹ ਜਿਸ ਨੂੰ ਪ੍ਰਾਪਤ ਹੁੰਦਾ ਹੈ ਉਹ ਆਤਮਿਕ ਜਗਤਦੇ ਆਨੰਦ ਮਾਣਦਾ ਹੈ। ਔਰਤ-ਔਰਤ ਈਮਾਨ ਹੈ, ਔਰਤ ਤੋਂ ਦੂਰ ਰਹਿਣਵਾਲੇਸਾਧੂ ਤੇ ਫਕੀਰ ਪੂਰਨ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦੇ, ਪਰ ਔਰਤ ਇੱਕ ਹੋਣੀ ਚਾਹੀਦੀ ਹੈ ਜੋ ਦੇਸ਼ ਧਰਮ ਤੇ ਸਮਾਜ ਦੇ ਰਵਾਜ ਅਨੁਸਾਰ ਵਿਆਹ ਦੀ ਰਸਮ ਪੂਰੀ ਕਰਕੇ 'ਆਪਣੀ' ਬਣਾਈ ਹੋਈਹੋਵੇ। ਉਸ ਔਰਤ ਤੋਂਬਿਨਾਂ ਬਾਕੀ ਦੀਆਂ ਸਾਰੀਆਂ ਔਰਤਾਂ ਨੂੰ ਮਾਤਾ ਤੇ ਭੈਣ ਦੇ ਤੁਲ ਸਮਝੋ, ਜੇਔਰਤ ਹੈਤਾਂ ਪੁਤ੍ਰ ਹੋਣਗੇ। ਪੁਤ੍ਰ ਮਨੁਖ ਦਾਜਗਤ ਵਿਚ ਅਮਰ ਨਿਸ਼ਾਨ ਹੈ। ਦੌਲਤ ਗੁਜ਼ਰਾਨ ਹੈ। ਜੀਵਨ ਦੀਆਂ ਲੋੜਾਂਪੂਰੀਆਂਕਰਨ ਦਾ ਵਸੀਲਾ ਦੌਲਤ ਹੈ। ਕਾਰੋਬਾਰ ਛੱਡਕੇ, ਮਾਇਆ ਦਾ ਤਿਆਗ ਕਰਕੇ ਵੀਸਾਧੂਤੇ ਫਕੀਰ ਅੰਨ ਤੇ ਕਪੜੇ ਵਾਸਤੇ ਲੋਕਾਂ ਦਾ ਮੁਥਾਜ ਹੁੰਦਾ ਹੈ। ਦਸੋਜੇਲੋਕਾਂਕੋਲੋਂ ਦੌਲਤ ਨ ਆਵੇ, ਅੰਨ, ਕਪੜਾ ਤੇ ਅਮਲਾਂ ਦੀ ਸਮਗ੍ਰੀ ਨਾ ਆਵੇ ਤਾਂ ਕੀ ਇਹ ਤੁਸਾ ਦੇ ਸਾਰੇ ਚੇਲੇ ਤੁਸਾਂ ਕੋਲ ਰਹਿ ਸਕਦੇ ਹਨ ? ਫਕੀਰ ਹੋ ਲੋਕਾਂ ਨੂੰ ਭੈ ਭੀਤ ਕਰਕੇਅੰਨ ਕਪੜਾ ਪ੍ਰਾਪਤ ਕਰਨ ਵਾਸਤੇ ਹੀ ਤਾਂ ਕਰਾਮਾਤਾਂ ਦਾ ਦਿਖਲਾਵਾ ਕਰਦੇ ਹੋ। ਫਿਰ ਦੌਲਤ ਨੂੰ ਮਾੜਾ ਕਿਉਂ ਆਖਦੇ ਹੋ ਮਾੜੀ ਦੌਲਤ ਤਦੋਂ ਹੈ ਜਦੋਂ ਪਾਪ ਕਰਮ ਕਰਨ ਵਿਚ ਖਰਚ ਹੁੰਦੀ ਹੈ। ਨੇਕ ਕਰਮ ਵਿਚ ਖਰਚ ਕੀਤੀ ਹੋਈ ਦੌਲਤ ਸੁਖਮ ਤੇ ਸ਼ਾਂਤੀ ਦੇਂਦੀ ਹੈ। ਜਗਤ ਭਲੇ ਦੇ ਸਾਧਨਾਂ ਨੂੰ ਉਤਪਨ ਕਰਦੀ ਹੈ। ਚੌਥਾ ਸਵਾਲ ਹੈ ਆਰਫ਼ੀ ਦਾ—ਆਰਫ਼ ਉਹ ਹੈ ਜੋ ਸਰਬ ਸਾਂਝ ਤੇ ਪਿਆਰ ਦੇ

ਵੀਚਾਰ ਰੱਖਦਾ ਹੈ । ਕੋਈ ਆਰਫ ਤੰਗ ਦਿਲ ਨਹੀਂ ਹੋਣਾ ਚਾਹੀਦੀ ਉਹ ਰਬ ਦੇ ਪ੍ਰੇਮੀਆਂ ਨੂੰ ਵੇਖਕੇ ਪ੍ਰਸੰਨ ਹੋਵੇ । ਮਜ਼ਹਬ–ਇਹ ਨੇਕੀ, ਪਿਆਰ, ਚੰਗੇਰੇ ਜੀਵਨ ਜਾਚ ਅਤੇ ਕਰਤਾਰ (ਖ਼ੁਦਾ) ਦੀਆਂ ਸ਼ਕਤੀਆਂ ਤੇ ਬਰਕਤਾਂ ਨੂੰ ਪ੍ਰਚਾਰਨ ਦਾ ਇੱਕ ਵਸੀਲਾ ਹੈ । ਧਰਮ ਦੀ ਜਥੇ-ਬੰਦੀ ਦਾ ਨਾਮ ਮਜ਼ਹਬ ਹੈ ਇਸ ਰਾਹੀਂ ਜੀਵਨ ਦਾ ਸੁਧਾਰ ਹੁੰਦਾ ਹੈ । ਅਗੇ ਤੁਸਾਂ ਦਾ ਸਵਾਲ ਹੈ ਪੁਜਾਰੀ ਬਾਬਤ–ਪੁਜਾਰੀ ਉਹ ਹੈ ਜੋ ਸ਼ੁਭ ਆਚਾਰ ਨਾਲ ਪ੍ਰਮਾਤਮਾ ਦੀ ਪੂਜਾ ਕਰਦਾ ਹੈ ਜੋ ਅੰਦਰ ਝੂਠ ਤੇ ਕਪਟ ਰੱਖ ਕੇ ਪੂਜਾ ਕਰਦਾ ਹੈ ਉਹ ਪੁਜਾਰੀ ਨਹੀਂ ਹੋ ਸਕਦਾ । ਅੱਠਵਾਂ ਸਵਾਲ ਹੈ ਮਾਰੂਥਲ ਕਿਥੇ ਤੇ ਪਾਣੀ ਕਿਥੇ ? ਮਾਰੂਥਲ ਵਿੱਚ ਵੀ ਪਾਣੀ ਹੁੰਦਾ, ਪਰ ਉਸ ਪਾਣੀ ਨੂੰ ਪ੍ਰਾਪਤ ਕਰਨ ਵਾਸਤੇ ਮੇਹਨਤ ਕਰਨੀ ਪੈਂਦੀ ਹੈ । ਕੁਦਰਤ ਕਰਤਾਰ ਹੈ ਹਰ ਨਰਤੇ ਨਾਰੀ ਦੇ ਹਿਰਦੇ ਵਿੱਚ ਕਰਤਾਰ ਦੀ ਅੰਸ ਹੈ । ਹਰ ਇਕ ਭਗਤ ਬਣ ਸਕਦਾ ਹੈ, ਪਰ ਲੋੜ ਕਮਾਈ ਕਰਨ ਦੀ ਹੈ । ਜੀਵ ਨੇ ਆਪਣੀ ਕਮਾਈ ਦਾ ਫਲ ਪ੍ਰਾਪਤ ਕਰਨਾ ਹੈ ।'

ਸਤਿਗੁਰੂ ਜੀ ਪਾਸੋਂ ਇਹ ਉੱਤਰ ਸੁਣ ਕੇ ਪੀਰ ਦੀ ਨਿਸ਼ਾ ਹੋ ਗਈ। ਉਹ ਸਤਿਗੁਰੂ ਜੀ ਦੇ ਚਰਨੀ ਡਿੱਗਾ ਤੇ ਅਗੇ ਨੂੰ ਨੇਕੀ ਤੇ ਧਰਮ ਦਾ ਪ੍ਰਚਾਰ ਕਰਨ ਲੱਗਾ । ਹੰਕਾਰ ਤੇ ਵਿਖਾਵੇ ਦਾ ਉਸ ਨੇ ਤਿਆਗ ਕਰ ਦਿੱਤਾ ।

੩੩. ਸਤਿਗੁਰੂ ਜੀ ਨੇ ਨਨਕਾਣਾ ਸਾਹਿਬ ਦੀ ਯਾਤਰਾ ਕਰਨੀ

ਗੁਜਰਾਤ ਵਿੱਚ ਕੁਝ ਚਿਰ ਰਹਿਕੇ ਸਤਿਗੁਰੂ ਜੀ ਹਾਫਜ਼ਾਬਾਦ ਨੂੰ ਮੁੜੇ । ਬਾਰ ਦੇ ਇਲਾਕੇ ਵਿਚ ਜੀਵਾਂ ਨੂੰ ਤਾਰਿਆ, ਸਾਰੇ ਜੀਵਾਂ ਦਾ ਤਨ ਜੋ ਧੁਪ ਨਾਲ ਸੜਦਾ ਸੀ ਤਾਂ ਮਨ ਅਗਿਆਨਤਾ ਦੇ ਸੇਕ ਨਾਲ ਸੜ ਰਿਹਾ ਸੀ । ਆਤਮਿਕ ਗਿਆਨ ਰੂਪੀ ਅੰਮ੍ਰਿਤ ਵਰਖਾ ਕਰਕੇ ਲੋਕਾਂ ਦੇ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ ਉਨ੍ਹਾਂ ਦੇ ਪੇਟ ਦੀ ਭੁਖ ਨੂੰ ਤੇ ਤਨ ਦੀ ਤੜਪ ਨੂੰ ਦੂਰ ਕਰਨ ਵਾਸਤੇ ਵਰ ਦਿੱਤਾ ਕਿ ਇਹ ਦੇਸ਼ ਹਰਿਆ ਭਰਿਆ ਹੋ ਜਾਵੇਗਾ ਨਹਿਰਾਂ ਚਲਣਗੀਆਂ ਤੇ ਜੰਗਲ ਵਿੱਚ ਮੰਗਲ ਹੋ ਕੇ ਸੁੰਦਰ ਨਗਰ ਵਸਣਗੇ ।

ਹਾਫਜ਼ਾਬਾਦ ਸ਼ਹਿਰ ਵਿੱਚ ਪੁਜੇ ਉਥੇ ਸਤਿਗੁਰੂ ਜੀ ਦੇ ਚਰਨਾਂ ਦਾ ਭੌਰਾਂ ਭਾਈ ਕਰਮ ਚੰਦ ਸੀ ਉਹ ਪਰਵਾਰ ਸਮੇਤ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਪੁਜਾ ਤੇ ਸਤਿਗੁਰੂ ਜੀ ਦੀ ਸੇਵਾ ਕੀਤੀ। ਦਰਸ਼ਨ ਕਰਕੇ ਜਨਮ ਮਰਨ ਜਗਤ ਪ੍ਰਸਿੱਧ ਹਾਫਜ਼ਾਬਾਦ ਤੋਂ ਤੁਰਕੇ ਸਤਿਗੁਰੂ ਜੀ ਉਸ ਪਵਿਤ੍ਰ ਤੇ ਮਹਾਨ ਜਗਤ ਪ੍ਰਸਿੱਧ ਅਸਥਾਨ ਤੇ ਪੁਜੇ ਜਿਥੇ ਸਤਿਗੁਰੂ ਨਾਨਕ ਦੇਵ ਜੀ ਨੇ ਅਵਾਤਰ ਧਾਰਿਆ ਸੀ ਤੇ ਬਾਲ ਅਵਸਥਾ ਵਿਚ ਖੇਲ੍ਹੇ ਤੇ ਲੀਲ੍ਹਾ ਕਰਦੇ ਰਹੇ ਸਨ ਉਸ ਵੇਲੇ ਸਤਿਗੁਰੂ ਨਾਨਕ ਦੇਵ ਜੀ ਦੇ ਚਾਚੇ ਭਾਈ ਲਾਲੂ ਜੀ ਤੇ ਰਾਇਬੁਲਾਰ ਦੀ ਸੰਤਾਨ ਅਮਰ ਸੀ ਉਨ੍ਹਾ ਨੇ ਸਤਿਗੁਰੂ ਜੀ ਦੀਆਂ ਯਾਦਾਂ ਨੂੰ ਕਾਇਮ ਰਖਿਆ ਹਇਆ ਸੀ। ਜਦੋਂ ਉਨ੍ਹਾਂ ਨੇ ਸੁਣਿਆਂ ਕਿ ਛੇਵੇਂ ਰੂਪ ਵਿਚ ਸਤਿਗੁਰੂ ਨਾਨਕ ਦੇਵ ਜੀ ਆਪਣੇ ਨਗਰ ਵਿਚ ਆਏ ਹਨ ਤਾਂ ਪ੍ਰੇਮ ਤੇ ਸ਼ਰਧਾ-ਭਗਤੀ ਦੇ ਜੋਸ਼ ਵਿੱਚ ਸਾਰੇ ਧੰਧੇ ਛੱਡ ਕੇ ਪਰਵਾਰਾਂ ਸਮੇਤ ਸਤਿਗੁਰੂ ਹਰਿ ਗੋਬਿੰਦ ਸਾਹਿਬ ਦੇ ਚਰਨਾਂ ਵਿਚ ਪਹੁੰਚ ਗਏ। ਯੋਗ ਸਤਕਾਰ ਕਰਨ ਪਿਛੋਂ ਉਨ੍ਹਾ ਨੇ ਸਾਹਿਬਾ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਸਾਰੇ ਅਸਥਾਨਾਂ ਦੇ ਦਰਸ਼ਨ ਕਰਾਏ। ਸਤਿਗੁਰੂ ਜੀ ਜਿਸ ਅਸਥਾਨ ਉਪਰ ਨਿਮਸ਼ਕਾਰ ਕਰਨ ਵਾਸਤੇ ਪੁਜੇ ਉਥੇ ਹੀ ਪ੍ਰਸ਼ਾਦ ਕਰਾਇਆ ਉਹ ਸ਼ੀਤ ਪ੍ਰਸ਼ਾਦ ਸੰਗਤ ਵਿੱਚ ਵੰਡਿਆ। ਇਸ ਤਰ੍ਹਾਂ ਦੋ ਤਿੰਨ ਦਿਨ ਤਲਵੰਡੀ ਰਹਿਕੇ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ ਕੀਤੇ।

ਤਲਵੰਡੀ ਤੋਂ ਚਲਕੇ ਸਤਿਗੁਰੂ ਜੀ ਮੰਧਰੇ ਨਗਰ ਵਿਚ ਪਜੇ। ਮੰਧਰੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦਾ ਇਕ ਪ੍ਰੇਮੀ ਸਿੱਖ ਭਾਈ ਮਾਣਕ ਰਹਿੰਦਾ ਸੀ। ਭਾਈ ਮਾਣਕ ਨੂੰ ਸਤਿਗੁਰੂ ਜੀ ਆਸਾ ਤੇ ਜੋੜਾ ਬਖਸ਼ਿਆ ਹੋਇਆ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਭਾਈ ਮਾਣਕ ਐਨਾ ਨਿਹਾਲ ਹੋਇਆ ਕਿ ਉਸਨੇ ਸਤਿਗੁਰੂ ਜੀ ਨੂੰ ਆਸਾ ਤੇ ਜੋੜਾ ਦਿਖਾਲ ਦਿੱਤਾ। ਸਤਿਗੁਰੂ ਜੀ ਆਪਣੇ ਸਤਿਗੁਰੂ ਤੇ ਧਰਮੀ ਪਿਤਾ ਦੀ ਯਾਦਗਾਰ ਨੂੰ ਦੇਖਕੇ ਭਾਈ ਮਾਣਕ ਨੂੰ ਕਈ ਵਰ ਬਖਸ਼ੇ। ਮੰਧਰੇ ਤੋਂ ਚਲਕੇ ਸਤਿਗੁਰੂ ਜੀ ਮਟਵੀ ਆ ਗਏ ਮਟਵੀਂ ਇੱਕ ਦੀਵਾਨ ਕੀਤਾ। ਇਲਾਕ ਦੀ ਸੰਗਤ ਨੂੰ ਸਦਿਆ ਤੇ ਦੇਗ ਚਲਾਈ। ਸਤਿਗੁਰੂ ਜੀ ਦੇ ਲੰਗਰ ਵਿਚੋਂ ਜਿਸਨੇ ਵੀ ਪ੍ਰਸ਼ਾਦ ਛਕਿਆ ਓਹੋ ਹੀ ਨਿਹਾਲ ਹੋ ਗਿਆ ਤੇ ਉਸਦਾ ਜਨਮ ਮਰਨ ਕਟਿਆ ਗਿਆ। ਦੂਰ ਦੂਰ

ਤੋਂ ਸੰਗਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈ।

੩੪. ਸਤਿਗੁਰੂ ਜੀ ਦੀ ਸ਼ਾਦੀ

ਸਤਿਗੁਰੂ ਜੀ ਦਾ ਪ੍ਰਤਾਪ ਬਹੁਤ ਵਧ ਚੁੱਕਾ ਸੀ, ਹਰ ਪਾਸੇ ਜਸ ਦੀ ਸੁਗੰਧੀ ਖਿਲਰੀ ਹੋਈ ਸੀ। ਸਤਿਗੁਰੂ ਜੀ ਦਾ ਜਸ ਸੁਣਕੇ ਮੰਡਾਲੀ ਦਾ ਖਤ੍ਰੀ ਦਇਆ ਰਾਮ ਮਰਵਾਹ ਪਰਵਾਰ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ।ਉਸਦੀ ਪੁਤ੍ਰੀ ਮਹਾਂਦੇਵੀ ਜਵਾਨ ਤੇ ਵਿਆਹੁਣ ਦੇ ਯੋਗ ਸੀ। ਭਾਈ ਦਇਆ ਰਾਮ ਨੇ ਸਤਿਗੁਰੂ ਜੀ ਦੇ ਹਜ਼ੂਰ ਦੋਵੇਂ ਹੱਥ ਜੋੜਕੇ ਤੇ ਗਲ ਵਿੱਚ ਪਲਾ ਪਾਕੇ ਬੇਨਤੀ ਕੀਤੀ—'ਹੇ ਦਾਤਾ ! ਮੇਰੀ ਕੰਨਿਆਂ ਵਿਆਹ ਦੇ ਯੋਗ ਹੈ। ਮੇਰੀ ਸ਼ਰਧਾ ਹੈ ਕਿ ਮੇਰੀ ਕੰਨਿਆਂ ਆਪ ਦੇ ਚਰਨਾਂ ਦੀ ਸੇਵਾ ਕਰੇ, ਇਸਨੂੰ ਚਰਨ ਦਾਸੀ ਬਣਾਉ। ਮੈਂ ਅਜ ਹੀ ਆਨੰਦ ਕਾਰਜ ਕਰਨ ਨੂੰ ਤਿਆਰ ਹਾਂ।'

ਭਾਈ ਦਇਆ ਰਾਮ ਦੀ ਬੇਨਤੀ ਨੂੰ ਸਤਿਗੁਰੂ ਜੀ ਨੇ ਪ੍ਰਵਾਨ ਕਰ ਲਿਆ, ਉਸੇ ਦਿਨ ਸੰਗਤ ਵਿਚ ਸਤਿਗੁਰੂ ਜੀ ਦਾ ਮਹਾਂਦੇਵੀ ਜੀ ਨਾਲ ਅਨੰਦ ਕਾਰਜ ਹੋ ਗਿਆ, ਚੌਥੇ ਦਿਨ ਡੋਲੀ ਲੈਕੇ ਸਤਿਗੁਰੂ ਜੀ ਨੇ ਮੰਡਲੀ ਤੋਂ ਅਗੇ ਨੂੰ ਚਾਲੇ ਪਾਏ, ਬਾਬੇ ਦੀ ਬੇਰ (ਸਿਆਲਕੋਟ) ਦੇ ਦਰਸ਼ਨ ਕਰਕੇ ਸਤਿਗੁਰੂ ਜੀ ਵਾਪਸ ਸ੍ਰੀ ਅੰਮ੍ਰਿਤਸਰ ਜੀ ਆ ਪੁਜੇ। ਮਾਤਾ ਗੰਗਾ ਜੀ ਸਤਿਗੁਰੂ ਜੀ ਤੇ ਮਹਾਂਦੇਵੀ ਜੀ ਨੂੰ ਦੇਖਕੇ ਬਹੁਤ ਪ੍ਰਸੰਨ ਹੋਏ ਤੇ ਦੀਪਮਾਲਾ ਕੀਤੀ।

ਉਨੀ ਦਿਨੀ ਦੀਵਾਲੀ ਦਾ ਪੁਰਬ ਵੀ ਨੇੜੇ ਆ ਪੁਜਾ ਸੀ, ਦੂਰ ਦੂਰ ਤੋਂ ਸੰਗਤਾਂ ਆਈਆਂ ਤੇ ਦੀਵਾਲੀ ਦਾ ਉਹ ਪੁਰਬ (੧੬੮੪ ਬਿ:) ਦਾ ਬੜਾ ਧੂੰਮ ਧਾਮ ਨਾਲ ਮਨਾਇਆ ਗਿਆ। ਇਸ ਪੁਰਬ ਉਪਰ ਸਤਿਗੁਰੂ ਜੀ ਨੇ ਆਪਣੀ ਸ਼ਕਤੀ ਨੂੰ ਜਾਚਿਆ। ਖੁਲੇ ਮੈਦਾਨ ਵਿਚ ਇੱਕ ਫੌਜੀ ਪਰੇਡ ਹੋਈ ਅਤੇ ਫੌਜੀ ਤੇ ਬਹਾਦਰੀ ਦੀਆਂ ਖੇਡਾਂ ਕਰਾਈਆਂ ਗਈਆਂ। ਜਿਤਣ ਵਾਲੇ ਸੂਰਿਆਂ ਨੂੰ ਇਨਾਮ ਬਖਸ਼ੇ ਗਏ।

੩੫. ਭਾਈ ਤਿਲੋਕੇ ਤੇ ਭਾਈ ਕਟਾਰੂ ਦਾ ਪ੍ਰਸੰਗ

ਸਤਿਗੁਰੂ ਨਾਨਕ ਦੇਵ ਜੀ ਦੀ ਪ੍ਰਚਾਰ ਫੇਰੀ ਦੇ ਕਾਰਨ ਮੁਸਲਮਾਨ ਦੇਸ਼ਾਂ ਵਿੱਚ ਜੋ ਹਿੰਦੂ ਬਿਉਪਾਰੀ ਤੇ ਨੌਕਰੀ ਪੇਸ਼ਾ ਲੋਕ ਰਹਿੰਦੇ ਸਨ ਉਹ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਬਣ ਚੁਕੇ ਸਨ ਦੇਵੀ ਦੇਵਤਿਆਂ, ਫਕੀਰਾਂ ਤੇ ਸਾਧੂਆਂ ਦੀ ਪੂਜਾ ਛੱਡਕੇ ਗੁਰਮਤਿ ਅਨੁਸਾਰ ਇੱਕ ਕਰਤਾਰ ਦੀ ਪੂਜਾ ਕਰਦੇ ਸਨ। ਗੁਰੂ ਘਰ ਦੇ ਸਿਦਕੀ ਸਿੱਖ ਅਤੇ ਨਾਮ-ਬਾਣੀ ਦੇ ਪਾਠੀ ਤੇ ਧਰਮ ਕਿਰਤ ਕਰਨ ਵਾਲੇ ਸਨ ਰੋਜ਼ੀ ਮਨੁਖ ਨੂੰ ਦੇਸੋਂ ਪ੍ਰਦੇਸ ਲੈ ਜਾਂਦੀ ਹੈ। ਕਈ ਵਾਰ ਜਾਤ ਕੁਜਾਤ ਕੋਲ ਵੀ ਨੌਕਰ ਰਹਿਣਾ ਪੈਂਦਾ ਹੈ ਇਹ ਕਰਮਾਂ ਦੀ ਬਾਤ ਹੈ।

ਦੀਵਾਲੀ ਦੇ ਪੁਰਬ ਉਪਰ ਦੂਰ ਦੂਰ ਤੋਂ ਤੋਂ ਸੰਗਤ ਆਈ, ਕਾਬਲ ਤੇ ਕੰਧਾਰ ਵਲੋਂ ਵੀ ਇੱਕ ਜਥਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਯਾ ਹੋਯਾ ਸੀ। ਉਸ ਜਥੇ ਦੇ ਜਥੇਦਾਰ ਤੇ ਮੁਖੀ ਯਾਤਰੂ ਭਾਈ ਤਿਲੋਕਾ ਤੇ ਕਟਾਰੂ ਸਨ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਜਕੇ ਦੋਹਾਂ ਨੇ ਜਥੇ ਸਮੇਤ ਸਤਿਗੁਰੂ ਜੀ ਦੇ ਚਰਨ ਕਮਲਾਂ ਉਪਰ ਮੱਥਾ ਟੇਕਿਆ ਤੇ ਨਾਲ ਹੀ ਬੇਨਤੀਆਂ ਕੀਤੀਆਂ, ਸੁਖ ਸਾਂਦ ਪੁਛਣ ਪਿਛੋਂ ਜਦੋਂ ਬਚਨ ਬਿਲਾਸ ਸ਼ੁਰੂ ਹੋਏ ਤਾਂ ਭਾਈ ਤਿਲੋਕੇ ਨੇ ਹੱਥ ਜੋੜਕੇ ਆਖਿਆ—'ਹੇ ਦਾਤਾ! ਮੈਂ ਤਾਂ ਆਪ ਦਾ ਤੇ ਕਰਤਾਰ ਦਾ ਲੱਖ ਲੱਖ ਵਾਰ ਧੰਨਵਾਦ ਕਰਦਾ ਹਾਂ ਜੋ ਮੇਰੀ ਪਤ ਉਸੇ ਤਰਾਂ ਰਖੀ ਜਿਸਤਰਾਂ ਦਰਯੋਧਨ ਦੀ ਸਭਾ ਵਿੱਚ ਦ੍ਰੋਪਤੀ ਦੀ ਇਜ਼ਤ ਰਖੀ ਸੀ— ਹ ਸਚੇ ਪਾਤਸ਼ਾਹ ਪੂਰੀ ਵਾਰਤਾ ਇਸ ਤਰਾਂ—ਮੈਂ ਬਾਦਸ਼ਾਹ ਕੰਧਾਰ ਕੋਲ ਫੌਜੀ ਨੌਕਰ ਹਾਂ। ਇਕ ਲੜਾਈ ਵਿਚ ਮੇਰੇ ਕੋਲੋਂ ਇਕ ਇਸਤ੍ਰੀ ਦਾ ਕਤਲ ਹੋ ਗਿਆ, ਉਹ ਇਸਤ੍ਰੀ ਗਰਭ ਵਤੀ ਸੀ ਉਹਦਾ ਪੇਟ ਦਾ ਬਚਾ ਵੀ ਮਰ ਗਿਆ, ਉਸ ਦਿਨ ਤੋਂ ਮੈਂ ਫੈਸਲਾ ਕੀਤਾ ਤਲਵਾਰ ਨਹੀਂ ਪਹਿਨਣੀ, ਪਰ ਤਲਵਾਰਨੂੰਉਤਾਰਕੇ ਮੈਂ ਕੰਧਾਰਰਾਜ ਵਿਚਨਹੀਂ ਸਾਂ ਰਹਿਸਕਦਾ, ਮੈਂ ਲਕੜ ਦੀ ਤਲਵਾਰ ਬਣਾਕੇ ਮਿਆਨ ਵਿਚ ਪਾ ਲਈ ਤੇ ਗਲ ਲਟਕਾਈ ਫਿਰਨ ਲੱਗਾ। ਇਕ ਚੁਗਲ ਨੇ ਬਾਦਸ਼ਾਹ ਕੋਲ ਚੁਗਲੀ ਖਾਧੀ ਤੇ ਬਾਦਸ਼ਾਹ ਨੂੰ ਕਿਹਾ—'ਤਿਲੌਕਾ ਹਿੰਦੂ ਲਕੜ ਦੀ ਤਲਵਾਰ ਰੱਖਦਾ ਹੈ।ਬਾਦਸ਼ਾਹ ਨੇ ਹੁਕਮ ਕੀਤਾ

ਕਿ ਇੱਕ ਫ਼ੌਜੀ ਪਰੇਡ ਵਿੱਚ ਉਹ ਸਾਰਿਆਂ ਦੀਆਂ ਤਲਵਾਰਾਂ ਦੇਖੇਗਾ। ਮੈਂ ਵੀ ਲਕੜ ਦੀ ਤਲਵਾਰ ਲੈਕੇ ਜਾਣਾ ਸੀ, ਉਸ ਵੇਲੇ ਮੈਂ ਬਹੁਤ ਭੈ-ਭੀਤ ਹੋਇਆ ਕਿ ਹੁਣ ਮੇਰੀ ਨਿਰਾਦਰੀ ਹੋਵੇਗੀ, ਸਿਰ ਉਪਰ ਔਖੀ ਘੜੀ ਆਈ, ਦੇਖਕੇ ਹੇ ਸਤਿਗੁਰੂ ਜੀ ਮੈਂ ਆਪ ਦੀ ਸ਼ਰਨ ਲਈ ਦੋਵੇਂ ਹੱਥ ਜੋੜਕੇ ਬੇਨਤੀਆਂ ਕੀਤੀਆਂ ਕਿ ਸਤਿਗੁਰੂ ਨਾਨਕ ਦੇਵ ਜੀ ਮੇਹਰ ਕਰਨ, ਮੇਰੀ ਪਤ ਰਹਿ ਜਾਵੇ ਤੇ ਮੇਰੀ ਪ੍ਰਤਗਿਆ ਵੀ ਕਾਇਮ ਰਹੇ। ਮੈਂ ਅਰਦਾਸ ਕਰਦਾ ਰਿਹਾ।'

'ਹੇ ਦਾਤਾ !' ਭਾਈ ਤਿਲੋਕਾ ਜੀ ਵਾਰਤਾ ਸੁਣਾਈ ਗਏ 'ਪਰੇਡ ਲੱਗੀ, ਬਾਦਸ਼ਾਹ ਸਲਾਮਤ ਦੇਖਣ ਵਾਸਤੇ ਆਏ,ਇਕ ਪਾਸਿਓਂ ਉਹ ਸਾਰੇ ਸੈਨਿਕਾਂਦੀਆਂ ਤਲਵਾਰਾਂ ਦੇਖਦੇ ਹੋਏ ਜਦ ਮੇਰੇ ਕੋਲ ਪੁਜੇ ਤਾਂ ਉਸ ਵੇਲੇ ਮੇਰਾ ਸਰੀਰ ਤਾਂ ਪਰੇਡ ਵਿਚ ਸੀ,ਪਰ ਮਨ ਆਪ ਦੇ ਚਰਨਾਂ ਵਿਚ ਸੀ। ਮੈਂ ਬੇਨਤੀਆਂ ਕਰੀ ਜਾਂਦਾ ਸਾਂ। ਬਾਦਸ਼ਾਹ ਨੇ ਆ ਕੇ ਮੇਰੀ ਤਲਵਾਰ ਦੀ ਮੁਠ ਨੂੰ ਹੱਥ ਪਾਇਆ ਤੇ ਛੇਤੀ ਨਾਲ ਤਲਵਾਰ ਮਿਆਨ ਵਿਚੋਂ ਬਾਹਰ ਕੱਢੀ। ਜਿਉਂ ਹੀ ਤਲਵਾਰ ਮਿਆਨੋ ਬਾਹਰ ਹੋਈ ਤਾਂ ਉਹ ਬਿਜਲੀ ਵਾਂਗ ਚਮਕਦੀ ਸੀ। ਉਹ ਅਸਲ ਅਸਪਾਤ ਦੀ ਤਲਵਾਰ ਸੀ, ਜਿਸਦੀ ਧਾਰ ਨਾਗਨੀ ਦੀ ਜ਼ਬਾਨ ਵਾਂਗ ਪਤਲੀ ਸੀ, ਮੈਂ ਤਾਂ ਆਪ ਦੀ ਸ਼ਕਤੀ ਦੀ ਉਸਤਤ ਕਰਨ ਲੱਗ ਪਿਆ ਤੇ ਬਾਦਸ਼ਾਹ ਚੁਗਲਾਂ ਨੂੰ ਝਾੜਾਂ ਪਾਉਣ ਲੱਗਾ। ਚੁਗਲ ਨੂੰ ਧਰਤੀ ਵੇਹਲ ਨਹੀਂ ਸੀ ਦੇਂਦੀ ਉਹ ਮਰ ਕੇ ਮਿੱਟੀ ਹੁੰਦਾ ਜਾਂਦਾ ਸੀ। ਹੇ ਦਇਆ ਦੇ ਸਾਗਰ ਦਿਆਲੂ ਪਿਤਾ ! ਮੇਰੀ ਪੱਤ ਤੁਸਾਂ ਰੱਖੀ ਹੈ। ਹੁਣ ਮੈਂ ਨੌਕਰੀ ਛੱਡਕੇ ਆ ਗਿਆ ਹਾਂ ਤੇ ਆਪ ਦੇ ਚਰਨਾਂ ਦੀ ਸੇਵਾ ਕਰਾਂਗਾ। ਗੁਰੂ ਘਰ ਦੀ ਸੇਵਾ ਵਿਚ ਹੀ ਤਨ ਮਨ ਵਾਰਾਂਗਾ।' ਇਹ ਆਖਕੇ ਭਾਈ ਤਿਲੋਕੇ ਨੇ ਪਰਵਾਰ ਸਮੇਤ ਸਤਿਗੁਰੂ ਜੀ ਅਗੇ ਮੱਥਾ ਟੇਕਿਆ।

ਜਦ ਭਾਈ ਤਿਲੋਕਾ ਜੀ ਆਪਣੀ ਜੀਵਨ ਕਥਾ ਸੁਣਾ ਚੁਕੇ ਤਾਂ ਭਾਈ ਕਟਾਰੂ ਜੀ ਨੇ ਸਤਿਗੁਰੂ ਜੀ ਅੱਗੇ ਹੱਥ ਜੋੜਕੇ ਬੇਨਤੀ ਕੀਤੀ–ਹੇ ਦਾਤਾਰ !ਮੇਰੇਸਿਰ ਉਪਰ ਵੀ ਇਕ ਦਿਨ ਕਾਲ ਰੂਪੀ ਦੈਂਤ ਨੇ ਕੁਹਾੜਾ ਰੱਖ ਦਿੱਤਾ। ਬਹੁਤ ਵਡੀ ਔਕੜ ਪੇਸ਼ ਆਈ।ਔਕੜ ਇਹ ਸੀ ਕਿ ਕੰਧਾਰਦਾ ਰਵਾਜ ਹੈ ਕਿ ਕੋਈ ਦੁਕਾਨਦਾਰ ਘਟ ਨਹੀਂ ਤੋਲ ਸਕਦਾ। ਜੋ ਘਟ ਤੋਲੇ ਸੋ ਸਜ਼ਾ ਵੀ ਇਹ ਕਿ ਜਿੰਨਾ ਕਿਸੇ ਨੇ ਘਟ

ਤੋਲਿਆ ਹੋਇਆ ਹੋਵੇ ਉਨ੍ਹਾਂ ਹੀ ਉਸਦਾ ਮਾਸ ਕੱਟ ਲਿਆ ਜਾਵੇ। ਮੈਨੂੰ ਕੋਈ ਗਿਆਨ ਨਹੀਂ ਸੀ। ਮੇਰੇ ਪਾਸ ਇੱਕ ਵੱਟਾ ਪੰਜ ਪੈਸੇ ਘਟ ਸੀ। ਮੈਂ ਉਸ ਨਾਲ ਮਿੱਠਾ ਤੋਲਕੇ ਇਕ ਪੁਰਖ ਨੂੰ ਦਿੱਤਾ। ਉਸਨੂੰ ਸ਼ੱਕ ਪਿਆ ਕਿ ਤੋਲ ਘਟ ਹੈ, ਉਸਨੇ ਮੇਰੇ ਵੱਟੇ ਨੂੰ ਹੋਰ ਵਟਿਆਂ ਨਾਲ ਪੂਰਾ ਕੀਤਾ ਤਾਂ ਮੇਰਾ ਵੱਟਾ ਘੱਟ ਨਿਕਲਿਆ। ਉਸਨੇ ਜਾਕੇ ਬਾਦਸ਼ਾਹ ਦੇ ਕੋਤਵਾਲ ਅੱਗੇ ਸ਼ਕਾਇਤ ਕਰ ਦਿੱਤ ਤੇ ਵੱਟਾ ਵੀ ਆਪਣੇ ਕਬਜ਼ੇ ਕਰ ਲਿਆ। ਉਸ ਵੇਲੇ ਸਤਿਗੁਰੂ ਜੀ ! ਮੈਂ ਸਤਿਗੁਰੂ ਨਾਨਕ ਦੇਵ ਜੀ ਦਾ ਆਸਰਾ ਲਿਆ ਅਰਦਾਸਾਂ ਕੀਤੀਆਂ। ਵਾਰ ਵਾਰਕਿਹਾ–'ਹੇ ਦਾਤਾ ! ਬਖਸ਼ੋ ! ਜਾਣ ਬੁਝ ਕੇ ਘਟ ਨਹੀਂ ਤੋਲਿਆ।' ਆਖਰ ਉਹ ਸਮਾ ਆ ਪੁੱਜਾ ਜਦੋਂ ਵੱਟਾ ਹਾੜਿਆ ਜਾਣਾ ਸੀ। ਕੋਤ ਵਾਲ ਨੇ ਵੱਟਾ ਤੋਲਿਆ ਤਾ ਉਹ ਵੱਟਾ ਬਿਲਕੁਲ ਪੂਰਾ ਨਿਕਲਿਆ। ਮੈਨੂੰ ਸਤਿਕਾਰ ਨਾਲ ਛੱਡ ਦਿੱਤਾ ਗਿਆ। ਮੈਂ ਘਰ ਆ ਕੇ ਦੇਗ ਕਰਾਈ ਤੇ ਹੁਣ ਪੈਦਲ ਕੰਧਾਰੋਂ ਤੁਰਕੇ ਆਪ ਦੀ ਸ਼ਰਨ ਆਇਆ ਹਾਂ। ਜਿਸ ਤਰ੍ਹਾਂ ਦਾਤਾਮੇਰੇ ਸਿਰ ਤੋਂ ਉਹ ਮੌਤ ਰੂਪੀ ਡਰ ਦੂਰ ਕੀਤਾਸੀ. ਏਸੇ ਤਰ੍ਹਾਂ ਜਮਾਂ ਦਾ ਡਰ ਵੀ ਦੂਰ ਕਰੋ। ਭਵ ਸਾਗਰ ਤੋਂ ਪਾਰ ਹੋਣ ਦਾ ਸਾਧਨ ਬਖਸ਼ੋ।'

ਭਾਈ ਕਟਾਰੂ ਦੀ ਵਾਰਤਾ ਸੁਣਕੇ ਸਤਿਗੁਰੂ ਜੀ ਨੇ ਉਸਨੂੰ ਉਪਦੇਸ਼ ਕੀਤਾ। ਨਾਮ ਸਿਮਰਨ ਵਲ ਲਾਇਆ ਤੇ ਸਾਧ-ਸੰਗਤ ਦੀ ਸੇਵਾ ਕਰਨ ਵਲ ਪਰੇਰਿਆ। ਉਸ ਦਿਨ ਤੋਂ ਭਾਈ ਕਟਾਰੂ ਵੀ ਗੁਰੂ ਘਰ ਦੀ ਸੇਵਾ ਵਿਚ ਲਗ ਗਿਆ। ਸਾਰੇ ਜਗਤ ਨਾਲੋਂ ਮੋੜ ਤੋੜ ਕੇ ਗੁਰੂ ਕਰਤਾਰ ਨਾਲ ਮਨ ਦੀ ਲਿਵ ਜੋੜ ਲਈ। ਸਤਿਗੁਰੂ ਜੀ ਹਰ ਸੱਚੇ ਸਿੱਖ ਦੀ ਲਾਜ ਰਖਦੇ ਹਨ। ਧੰਨ ਧੰਨ ਮੇਰੇ ਸਤਿਗੁਰੂ ਜੀ !

੩੬. ਜਹਾਂਗੀਰ ਬਾਦਸ਼ਾਹ ਦੀ ਮੌਤ

ਜਹਾਂਗੀਰ ਬਾਦਸ਼ਾਹ ਨੂਰ ਜਹਾਂ ਬੇਗਮ ਨੂੰ ਨਾਲ ਲੈ ਕੇ ਕਸ਼ਮੀਰਤੋਂਕਾਬਲ ਨੂੰ ਚਲਿਆ ਗਿਆ ਸੀ, ਕਾਬਲ ਦੀ ਆਬੋ-ਹਵਾ ਬਾਦਸ਼ਾਹ ਦੇ ਮਾਫਕ ਨਾ ਆਈ ਤੇ ਸੇਹਤ ਬਹੁਤ ਹੇਠਾਂ ਚਲੀ ਗਈ, ਬਾਦਸ਼ਾਹ ਨੂੰ ਦਮੇ ਦਾ ਰੋਗ ਸੀ, ਖੰਘ ਬਹੁਤ ਆਉਣ ਲੱਗ ਪਈ, ਹਕੀਮਾਂ ਨੇ ਸਲਾਹ ਦਿਤੀ ਕਿ ਬਾਦਸ਼ਾਹ ਸਲਾਮਤ ਜਿੰਨੀ ਛੇਤੀ ਹੋਵੇ ਵਾਪਸ ਦਿੱਲੀ ਚਲੇ ਚਲਣ । ਉਨ੍ਹਾਂ ਦੀ ਸਲਾਹ ਮੰਨਕੇ ਬਾਦਸ਼ਾਹ ਵਾਪਸ ਮੁੜ ਪਿਆ, ਭਾਵੇਂ ਬਹੁਤ ਕਾਹਲ ਕੀਤੀ ਫਿਰ ਵੀ ਅਕਤੂਬਰ ੧੬੧੭ ਈਸਵੀ ਨੂੰ ਜੇਹਲਮ ਦੇ ਕਿਨਾਰੇ ਪੁਜਾ ਏਥੇ ਆਕੇ ਸੇਹਤ ਬਹੁਤ ਖਰਾਬ ਹੋ ਗਈ। ਖੰਘ ਦੇ ਨਾਲ ਗਸ਼ਾਂ ਪੈਣ ਲਗੀਆਂ, ਜੇਹਲਮ ਟਪਕੇ ਥੋੜਾ ਅਗੇ ਹੋਏ ਤਾਂ ਬਾਦ-ਸ਼ਾਹ ਦੇ ਦਮ ਨਿਕਲਗਏ। ਕਲ ਜੋ ਬਾਦਸ਼ਾਹ ਜਹਾਂਗੀਰਸੀ ਫਿਰ ਇਕ ਲੋਥਬਣ ਗਿਆ ਤੇ ਰੋਣਾ ਪਿਟਣਾ ਪੈ ਗਿਆ ਭੰਬਰ ਦੇ ਅਸਥਾਨ ਤੋਂ ਉਹਦੀ ਲੋਥ ਚੁਕਕੇ ਸ਼ਾਹਦਰੇ ਲਿਆਂਦੀ, ਲੋਥ ਨੂੰ ਦਿਲੀ ਖੜਨ ਦੀ ਥਾਂ ਸ਼ਾਹਦਰੇ ਹੀ ਦਫਨਾ ਦਿਤਾ। ਜਿਥੇ ਇਕ ਆਲੀਸ਼ਾਨ ਮਕਬਰਾ ਜਹਾਂਗੀਰ ਦੀ ਯਾਦਗਾਰ ਅਜੇ ਤਕ ਕਾਇਮ ਹੈ। ਜਹਾਂਗੀਰ ਦੇ ਪਿਛੋਂ ਦਿੱਲੀ ਦੇ ਤਖਤ ਉਪਰ ਉਹਦਾ ਵਡਾ ਪੁਤ੍ਰ ਸ਼ਹਾਬੁਦੀਨ ਬੈਠਾ ਜਿਸਦਾ ਦੂਸਰਾ ਨਾਮ 'ਸ਼ਾਹਜਾਨ' ਹੈ।

੩੭. ਕੀਰਤ ਪੁਰ ਸ਼ਹਿਰ ਦਾ ਵਸਣਾ

ਜਹਾਂਗੀਰ ਦੀ ਮੌਤ ਉਤੇ ਹਿੰਦੁਸਤਾਨ ਭਰ ਦੇ ਰਾਜੇ ਤੇ ਨਵਾਬ ਲਾਹੌਰ ਆਏ । ਬਾਦਸ਼ਾਹ ਦਾ ਵੱਡਾ ਪੁਤ੍ਰ ਜੋ ਬਾਦਸ਼ਾਹ ਬਣਿਆਂ ਸੀ ਉਹ ਵੀ ਆਇਆ । ਹਿੰਦੂ ਰਾਜਿਆਂ ਵਿਚ ਬਹੁਤੇ ਉਹ ਰਾਜੇ ਸਨ ਜਿਨਾਂ ਨੂੰ ਸਤਿਗੁਰੂ ਜੀ ਨੇ ਗਵਾਲੀਅਰ ਦੇ ਕਿਲੇ ਵਿਚੋਂ ਸੁਤੰਤਰ ਕਰਾਇਆ ਸੀ, ਬਾਦਸ਼ਾਹ ਦੇ ਦਫਨਾਉਣ ਪਿਛੋਂ ਜਦੋਂ ਸਾਰੇ ਰਾਜੇ ਆਪੋ ਆਪਣੇ ਘਰਾਂ ਵੱਲ ਜਾਣ ਲਗੇ ਤਾਂ ਉਹ ਸ੍ਰੀ ਅੰਮ੍ਰਿਤਸਰ ਸਤਿਗੁਰੂ ਜੀ ਦੇ ਕੋਲ ਪੁਜਾ

ਦੇ ਦਰਸ਼ਨ ਕਰਨ ਵਾਸਤੇ ਆਏ, ਯਥਾ ਸ਼ਕਤ ਸਾਰਿਆਂ ਨੇ ਸਤਿਗੁਰੂ ਜੀ ਅਗੇ ਕਾਰ ਭੇਟਾ ਚਾੜ੍ਹੀ ਤੇ ਦਰਸ਼ਨ ਕਰਕੇ ਨਿਹਾਲ ਹੋਏ।

ਹਿੰਦੂਆਂ ਰਾਜਿਆਂ ਵਿਚ ਰਾਜਾ ਤਾਰਾਚੰਦ ਹੰਡੂਰੀਆ ਸੀ, ਉਸਨੂੰ ਸਤਿਗੁਰੂ ਜੀਨੇ ਜਹਾਂਗੀਰ ਬਾਦਸ਼ਾਹ ਕੋਲੋਂ ਸਜ਼ਾਏ ਮੌਤ ਤੋਂ ਬਚਾਇਆ ਹੋਯਾ ਸੀ ਉਸਨੇ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਗੁਰੂ ਜੀ ਉਹਦੇ ਰਾਜ ਵਿਚ ਚਰਨ ਪਾਉਣ। ਸਾਹਿਬਾਂ ਨੇ ਉਤਰ ਦਿਤਾ ਕਿ ਅਜੇ ਤਾਂ ਉਹ ਨਹੀਂ ਜਾ ਸਕਦੇ, ਹਾਂ ਬਾਬਾ ਗੁਰਦਿਤਾ ਜੀ ਨੂੰ ਨਾਲ ਲੈ ਜਾਣ ਪਿਛੋਂ ਗੁਰੂ ਜੀ ਵੀ ਆ ਜਾਣਗੇ।

ਤੁਰਦਾ ਹੋਇਆ ਰਾਜਾ ਤਾਰਾਚੰਦ ਬਾਬਾ ਗੁਰਦਿਤਾ ਨੂੰ ਨਾਲ ਲੈਗਿਆ, ਬਾਬਾ ਜੀਨੇ ਉਸਦੇ ਰਾਜ ਮਾਲਾਗੜ੍ਹ ਵਿਚ ਪੁਜਕੇ ਗੁਰਮਤ ਦਾ ਪ੍ਰਚਾਰ ਕੀਤਾ। ਉਸ ਪ੍ਰਚਾਰ ਦਾ ਐਸਾ ਅਸਰ ਹੋਯਾ ਕਿ ਬਹੁਤ ਸਾਰੀ ਸਿਖ ਸੰਗਤ ਇਕਤ੍ਰ ਹੋਣ ਲਗ ਪਈ ਗੁਰੂ ਘਰਦੀ ਬਹੁਤ ਸਾਰੀ ਉਸਤਤਤੇਮਹਿਮਾ ਸਾਰੇ ਪਹਾੜੀ ਇਲਾਕੇ ਵਿਚ ਖਿਲਰਨ ਲਗੀ। ਗੁਰੂ ਜੀਵੀ ਦੁਆਬੇ ਵਿਚ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਨਾਲਾਗੜ੍ਹ ਜਾ ਪੁਜੇ। ਰਾਜਾ ਤਾਰਾ ਚੰਦ ਨੇ ਆਪਨ ਪ੍ਰਵਾਰ ਸਮੇਤ ਗੁਰੂ ਜੀਦੇ ਦਰਸ਼ਨ ਕੀਤੇ। ਦਰਸ਼ਨ ਕਰਕੇ ਨਿਹਾਲ ਹੋਇਆ ਤੇ ਸਤਿਗੁਰੂ ਜੀ ਨੂੰ ਆਪਣੇ ਰਾਜ ਦੇ ਵਡੇ ਵਡੇ ਸ਼ਹਿਰ ਦਿਖਾਏ। ਜਦੋਂ ਰਾਜ ਦਾ ਦੌਰਾ ਕਰ ਰਹੇ ਸਨ ਤਾਂ ਤਾਰਾ ਚੰਦ ਨੇ ਗੁਰੂ ਜੀ ਅਗੇ ਪ੍ਰਾਰਥਨਾ ਕੀਤੀ--'ਹੇ ਨਾਥ! ਮੇਰੀ ਇਛਾ ਹੈ, ਮੈਂ ਆਪ ਦੇ ਦਰਸ਼ਨ ਕਰਿਆ ਕਰਾਂ, ਇਸ ਵਾਸਤੇ ਮੇਰੇ ਕਿਸੇ ਸ਼ਹਿਰ ਵਿਚ ਆਪ ਧਰਮਸਾਲਾ ਬਣਾਓ ਤੇ ਇਥੇ ਰਿਹਾ ਕਰੋ। ਇਹ ਕੁਦਰਤ ਦੀ ਦਇਆ ਨਾਲ ਭਾਗ ਭਰੀ ਧਰਤੀ ਹੈ। ਅੰਬਾਂ ਤੋਂ ਬਿਨਾਂ ਹੋਰ ਵੀ ਫਲ ਦੇਣ ਵਾਲੇ ਬ੍ਰਿਛ ਹਨ। ਅੱਗੇ ਸਤਲੁਜ ਦਰਿਆ ਤੇ ਪਿਛ ਪਰਬਤ ਹਨ। ਗਰਮੀਆਂ ਵਿਚ ਬਹੁਤ ਅਰਾਮ ਰਹਿੰਦਾ ਹੈ।'

ਜਿਸ ਵੇਲੇ ਰਾਜਾ ਤਾਰਾ ਚੰਦ ਨੇ ਇਹ ਪ੍ਰਾਰਥਨਾ ਕੀਤੀ ਉਸ ਸਮੇਂ ਸਤਿਗੁਰੂ ਜੀ ਤੇ ਤਾਰਾ ਚੰਦ ਉਸ ਅਸਥਾਨ ਉਪਰ ਖਲੋਤੇ ਸਨ, ਜਿਥੇ ਅਜ ਕਲ ਕੀਰਤਪੁਰ ਸ਼ਹਿਰ ਹੈ ਰਾਖੀ ਦੇ ਲਿਹਾਜ ਨਾਲ ਉਹ ਅਸਥਾਨ ਚੰਗਾ ਸੀ ਕੁਝ ਭਵਿਖਤ ਵਿਚ ਹੋਣ ਵਾਲੀਆਂ ਘਟਨਾਵਾਂ ਨੂੰ ਵਿਚਾਰਕੇ ਸਤਿਗੁਰੂ ਜੀ ਨੇ

ਸਤਿਗੁਰੂ ਜੀ ਨੇ ਰਾਜੇ ਤਾਰਾ ਚੰਦ ਜੀ ਨੂੰ ਬਚਨ ਕੀਤਾ—'ਹੇ ਰਾਜਨ ? ਜੇ ਤੁਸਾਂ ਦੀ ਇਛਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਧਰਮਸਾਲਾ ਤੇਰੇ ਰਾਜ ਵਿਚ ਬਣੇ ਤਾਂ ਇਹ ਥਾਂ ਚੰਗੀ ਹੈ। ਏਥੇ ਹੀ ਨਵਾਂ ਸ਼ਹਿਰ ਵਸਾ ਦੇਂਦੇ ਹਾਂ। ਸਤਿਗੁਰੂ ਨਾਨਕ ਦੇਵ ਜੀ ਮੇਹਰ ਕਰਨਗੇ ਤੇ ਏਥੇ ਹੀ ਜੰਗਲ ਵਿਚ ਮੰਗਲ ਹੋ ਜਾਣਗੇ। ਅਕਾਲ ਪੁਰਖ ਨੇ ਸ਼ਾਇਦ ਆਪ ਹੀ ਪ੍ਰੇਰਨਾ ਕੀਤੀ ਹੈ ਕਿਉਂਕਿ ਆਉਣ ਵਾਲਾ ਸਮਾਂ ਬਹੁਤ ਭਿਆਨਕ ਹੈ। ਗੁਰੂ ਘਰ ਦੇ ਦੋਖੀਆਂ ਅਤੇ ਸ਼ੈਤਾਨੀ ਸ਼ਕਤੀਆਂ ਵਿਚ ਵਾਧਾ ਹੋ ਰਿਹਾ ਹੈ। ਜਿਵੇਂ ਦੇਵਤਿਆਂ ਨਾਲ ਅਸੁਰ (ਦੈਂਤ) ਯੁਧ ਕਰਦੇ ਆਏ ਹਨ, ਤਿਵੇਂ ਸ਼ਾਂਤੀ ਸਰੂਪ ਸਤਿਗੁਰੂ ਜੀ ਦੇ ਸਿੱਖਾਂ ਨਾਲ ਤੁਰਕ ਇਕ ਦਿਨ ਜ਼ਰੂਰ ਯੁਧ ਕਰਨਗੇ।'

ਸਤਿਗੁਰੂ ਜੀ ਦਾ ਫਰਮਾਨ ਸੁਣਕੇ ਰਾਜਾ ਤਾਰਾ ਚੰਦ ਬਹੁਤ ਪ੍ਰਸੰਨਹੋਇਆ ਉਸਨੇ ਉਸੇ ਵੇਲੇ ਕਿਹਾ—'ਸਤਿਗੁਰੂ ਜੀ ! ਇਹ ਧਰਤੀ ਆਪ ਦੀ ਹੈ। ਏਥੇ ਕਰ-ਤਾਰ ਦਾ ਕੀਰਤਨ ਕਰੋ। ਮੇਰੇ ਧੰਨ ਭਾਗ, ਜੋ ਮੈਂ ਗੁਰੂ ਘਰ ਦੀ ਸੇਵਾ ਕਰ ਸਕਾਂ।'

ਉਸੇ ਦਿਨ ਸਤਿਗੁਰੂ ਜੀ ਨੇ ਬਾਬਾ ਗੁਰਦਿਤਾ ਜੀ ਹਥੋਂ ਕੀਰਤਪੁਰ ਸ਼ਹਿਰ ਦੀ ਮੋੜ੍ਹੀ ਗਡਵਾਈ, ਉਸੇ ਦਿਨ ਹੀ ਤਾਰਾ ਚੰਦ ਦੇ ਹੁਕਮ ਨਾਲ ਭਠੇ ਚੜ੍ਹ ਗਏ, ਤੇ ਗੁਰਦਵਾਰੇ ਤੇ ਧਰਮਸਾਲਾ ਦੀ ਉਸਾਰੀ ਦਾ ਪ੍ਰਬੰਧ ਹੋ ਗਿਆ, ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਗੁਰਦਿਤਾ ਜੀ ਉਥੇ ਰਹਿ ਪਏ ਤੇ ਸਤਿਗੁਰੂ ਜੀ ਵਾਪਸ ਅੰਮ੍ਰਿਤਸਰ ਆ ਪੁਜੇ। ਸੰਗਤਾਂ ਦਰਸ਼ਨ ਕਰਕੇ ਨਿਹਾਲ ਹੋਈਆਂ।

੩੯. ਨਾਨਕ ਮਤੇ ਤੇ ਡਰੌਲੀ ਭਾਈ (ਮਾਲਵੇ) ਦਾ ਦੌਰਾ

ਸਤਿਗੁਰੂ ਜੀ ਬੜੇ ਉਤਸ਼ਾਹੀ ਸਨ ਧਰਮ ਪ੍ਰਚਾਰ ਵਾਸਤੇ ਦੌਰੇ ਕਰਦੇ ਹੋਏ ਥਕਦੇ ਨਹੀਂ ਸਨ । ਆਪ ਛੇਤੀ ਤੋਂ ਛੇਤੀ ਸਿਖਾਂ ਨੂੰ ਜਥੇਬੰਦ ਕਰਕੇ ਇਕ ਸੈਨਾ ਦਾ ਰੂਪ ਦੇਣਾ ਚਾਹੁੰਦੇ ਸਨ ਤਾਂ ਕਿ ਉਹ ਸੈਨਾ ਸਿਖ ਧਰਮ ਤੇ ਸਿਖ ਸਮਾਜ ਦੀ ਰਾਖੀ ਕਰ ਸਕੇ । ਸਿੱਖ ਇਤਿਹਾਸਕਾਰ ਗਿਆਨੀ

ਗਿਆਨਸਿੰਘ ਜੀਦੀ ਲਿਖਤ ਅਨੁਸਾਰ ਸੰ: ੧੬੮੪ ਦੇ ਅੰਤਲੇ ਹਿਸੇ ਵਿਚ ਸਤਿਗੁਰੂ ਜੀ ਨਾਨਕ ਮਤੇ ਗਏ।'ਨਾਨਕ ਮਤਾ ਤੇ ਰੀਠਾ ਮਿੱਠਾ' ਦੋ ਗੁਰਦੁਵਾਰੇ ਗੁਰੂ ਨਾਨਕ ਦੇਵਜੀਦੀ ਅਮਰ ਯਾਦਹਨ। ਇਹ ਜ਼ਿਲਾ ਪੀਲੀ ਭੀਤ ਦੇ ਪਹਾੜੀ ਇਲਾਕੇ ਵਿਚ ਹਨ।ਆਖਿਆ ਜਾਂਦਾਹੈ ਚਿ ਦੋਹਾਂ ਗੁਰਦੁਵਾਰਿਆਂਦੀ ਸੇਵਾ ਇਕ ਅਲਮਸਤ ਸਾਧੂ ਕਰਦਾ ਸੀ,ਪਰ ਕੰਨ-ਪਾਟੇ ਜੋਗੀਆਂ ਨੇ ਉਸਨੂੰ ਦੋਹਾਂ ਗੁਰਦੁ-ਵਾਰਿਆਂ ਵਿਚੋਂ ਕਢ ਦਿਤਾ,ਉਸਦੇ ਚੇਲੇ ਸਤਿਗੁਰੂ ਦੇ ਪਾਸ ਸ੍ਰੀ ਅੰਮ੍ਰਿਤਸਰ ਜੀ ਪੁਜੇ ਤੇ ਸਾਰਾ ਹਾਲ ਦਸਿਆ ਸਤਿਗੁਰੂ ਪੀਲੀਭਤ ਪੁਜੇ ਤਾਂ ਉਹ ਜੋਗੀ ਡਰਦੇ ਹੋਏ ਨਸ ਗਏ।ਉਨ੍ਹਾਂ ਨੇ ਇਲਾਕੇ ਦ ਰਾਜੇ ਬਾਜ ਬਹਾਦਰ ਨੂੰ ਸਤਿਗੁਰੂ ਜੀਦੇ ਵਿਰੁਧ ਪ੍ਰੇਰਿਆ, ਪਰ ਉਹ ਸਤਿਗੁਰੂ ਜੀ ਦਾ ਪੂਰਾ ਸ਼ਰਧਾਲੂ ਬਣ ਗਿਆ ਉਸ ਨ ਦੋਹਾਂ ਗੁਰਦਵਾਰਿਆਂ ਦੀ ਸਹਾਇਤਾ ਕੀਤੀ। ਇਸ ਦੌਰੇ ਵਿਚ ਸਤਿਗੁਰੂਜੀਨੇ ਗੜ੍ਹ ਮੁਕਤੇਸਰ ਦੀਵੀ ਯਾਤਰਾ ਕੀਤੀ।ਸਹਾਰਨਪੁਰ ਤੋਂ ਸਿਧੇ ਮਾਲਵੇ ਨੂੰ ਚਲੇ ਗਏ ਤੇ ਡਰੋਲੀ ਪੁਜੇ।ਡਰੌਲੀ ਸਤਿਗੁਰਰੂ ਜੀਦੀ ਸਾਲੀ ਰਾਮੋ ਸੀ। ਸਾਹਿਬਾਂ ਦੇ ਸਾਂਢੂ ਸਾਂਈ ਦਾਸ ਨ ਇਕ ਨਵਾਂ ਮਕਾਨ ਤਿਆਰ ਕੀਤਾ।ਉਧਮਕਾਨਦੀਸੁੰਦ-ਰਤਾ ਦੇ ਫਬਨ ਦਖਕੇ ਸਾਂਈ ਦਾਸ ਜੀਦੇ ਮਨ ਇਛਾ ਹੋਈ ਕਿ ਇਸ ਮਕਾਨ ਵਿਚ ਪਹਿਲਾਂ ਸਤਿਗੁਰੂ ਰਹਿਣ ਤਾਂ ਚੰਗਾ ਹੈ। ਉਸਨੇ ਭਗਤਾਂ ਦੀ ਤਰਾਂਸਾਹਿਬਾਂ ਅਗੇ ਪ੍ਰਾਰਥਨਾ ਕੀਤੀ ਕਿ ਸਾਹਿਬ ਪ੍ਰਵਾਰ ਸਮਤ ਡਰੌਲੀ ਚਲਣ ਤ ਰਹਿਣ, ਉਸ ਮਕਾਨਨੂੰ ਪਵਿਤ੍ਰ ਕਰਨ ਤੇ ਸੰਗਤਾਂ ਨੂੰ ਨਿਹਾਲ ਕਰਨ ਮਾਲਵੇਦੀ ਸੰਗਤ ਦੀ ਤੀਬਰ ਇਛਾ ਸੀਕਿ ਸਤਿਗੁਰੂ ਜੀ ਉਨ੍ਹਾਂ ਦੇ ਇਲਾਕ ਦਾ ਦੌਰਾ ਕਰਨ ਜੋ ਪ੍ਰਾਣੀ ਅੰਮ੍ਰਿਤਸਰ ਪੁਜਕੇ ਸਾਹਿਬਾਂ ਦੇ ਦਰਸ਼ਨ ਨਹੀਂ ਕਰ ਸਕਦ ਉਹ ਵੀ ਦਰਸ਼ਨ ਕਰਕੇ ਜਨਮ ਮਰਨ ਦੇ ਬੰਧਨ ਕਟ ਲੈਣ। ਪਾਪੀ ਜੀਊੜੇ ਦਰਸ਼ਨਾਂ ਵਾਸਤੇ ਰਾਤ ਦਿਨੇਂ ਮਛੀ ਵਤ ਤੜਫਦੇ ਰਹਿੰਦੇ ਸਨ। ਸਤਿਗੁਰੂ ਜੀਨੇ ਬੇਨਤੀ ਨੂੰ ਪ੍ਰਵਾਨ ਕੀਤਾ ਤੇ ਡਰਲੀ ਜਾਣ ਦਾ ਪੱਕਾ ਫੈਸਲਾ ਕਰ ਦਿਤਾ। ਸਾਹਿਬਾਂ ਨ ਭਾਈ ਗੁਰਦਾਸ ਜੀ ਨਾਲ ਮਾਤਾ ਗੰਗਾ ਜੀਤੇ ਆਪਣੇ ਮਹਿਲਾਂ ਨੂੰ ਪਹਿਲਾਂ ਡਰੌਲੀ ਵਲ ਤਰ ਦਿਤਾ। ਭਾਈ ਗੁਰਦਾਸ ਜੀ ਦੇ ਪੁਛਣ ਤੇ ਬਚਨ ਕੀਤਾ, 'ਅਸੀਂ ਨਾਨਕ ਮਤੇ ਤੋਂ ਹੋਕੇ ਅ ਉਂਦੇ ਹਾਂ।'

ਡਰੌਲੀ ਪੁਜਕੇ ਸਤਿਗੁਰੂ ਜੀ ਨੇ ਭਾਈ ਸਾਈਂਦਾਸ ਜੀ ਦੇ ਨਵੇਂ ਮਕਾਨ ਵਿਚ ਸਵੇਰੇ ਤੇ ਸ਼ਾਮ ਨੂੰ ਸਤਿਸੰਗ ਕਰਨਾ ਆਰੰਭ ਦਿਤਾ, ਡਰੌਲੀ ਦੇ ਚੌਗਿਰਦੇ ਜਿੰਨੇ ਨਗਰ ਸਨ, ਉਨ੍ਹਾਂ ਨਗਰਾਂ ਦੇ ਵਾਸੀਆਂ ਨੂੰ ਜਦੋਂ ਪਤਾ ਲਗਾ ਕਿ ਦੀਨ ਦੁਨੀ ਦੇ ਵਾਲੀ ਜੀਵਾਂ ਨੂੰ ਤਾਰਨ ਵਾਸਤੇ ਆਏ ਹਨ, ਸਾਰੇ ਘਰਾਂ ਦੇ ਧੰਦੇ ਤਿਆਗ ਕੇ ਉਹ ਸਤਿਗੁਰੂ ਜੀ ਦੇ ਦਰਸ਼ਨ ਵਾਸਤੇ ਆਉਣ ਲਗੇ, ਕਿਸੇ ਨੂੰ ਪੁਤ੍ਰ ਦੀ ਭੁਖ ਸੀ, ਕਿਸੇ ਨੂੰ ਧਨ ਦੀ ਤੇ ਕਿਸੇ ਨੂੰ ਮਾਲ ਡੰਗਰ ਦੀ ਉਹ ਸਾਰੇ ਹੀ ਸਤਿ-ਗੁਰੂ ਜੀ ਦੇ ਚਰਨਾਂ ਵਿਚ ਮੱਥਾ ਟੇਕਕੇ ਸ਼ੁੱਧ ਹਿਰਦੇ ਨਾਲ ਦਾਤੇ ਅਗੇ ਅਰਦਾਸ ਕਰਕੇ ਵਰ ਮੰਗਣ ਲਗੇ। ਮੇਹਰਾਂ ਦੇ ਘਰ ਵਿਚ ਆਕੇ ਸਤਿਗੁਰੂ ਜੀ ਸਾਰਿਆਂ ਦੀਆਂ ਭੁਖਾਂ ਦੂਰ ਕਰਦੇ ਰਹੇ। ਉਥੇ ਹੀ ਮਾਤਾ ਦਮੋਦਰੀ ਜੀ ਰਹਿੰਦੇ ਸਨ। ਮਾਤਾ ਜੀ ਹੁਰਾਂ ਨੂੰ ਅਕਾਲ ਪੁਰਖ ਵਲੋਂ ਸੱਦਾ ਆ ਪੁਜਾ, ਉਨ੍ਹਾਂ ਨੇ ਪੰਜ ਭੂਤਕ ਸਰੀਰ ਦਾ ਤਿਆਗ ਕਰ ਦਿਤਾ। ਸਤਿਗੁਰੂ ਜੀ ਨੇ ਆਪ ਅੰਤਮ-ਸੰਸਕਾਰ ਗੁਰ ਮਰਯਾਦਾ ਅਨੁਸਾਰ ਕਰਾਏ ਤੇ ਮਾਤਾ ਦਮੋਦਰੀ ਜੀ ਦੀ ਅਮਰ ਯਾਦ ਕਾਇਮ ਕਰਨ ਵਾਸਤੇ ਇਕ ਖੂਹ ਲਵਾਇਆ ਜੋ ਡਰੌਲੀ ਨਗਰ ਵਿਚ ਅਜੇ ਤਕ ਕਾਇਮ ਹੈ।

ਉਸ ਸਮੇਂ ਵਿਚ ਮਾਲਵੇ ਦੇ ਲੋਕ ਅਗਿਆਨੀ ਤੇ ਭੋਲੇ ਭਾਲੇ ਸਨ ਉਨ੍ਹਾਂ ਦੇ ਭੋਲੇਪਨ ਤੋਂ ਲਾਭ ਉਠਾਕੇ ਪੀਰਾ ਫਕੀਰਾਂ ਤੇ ਜੋਗੀਆਂ ਨੇ ਉਨ੍ਹਾਂ ਨੂੰ ਗੁਲਾਮ ਬਣਾ ਲਿਆ ਹੋਇਆ ਸੀ ਸਤਿਗੁਰੂ ਜੀ ਨੇ ਗਿਆਨ ਬਖਸ਼ਕੇ ਉਨ੍ਹਾਂ ਦੀ ਆਤਮਾ ਨੂੰ ਸੁਤੰਤ੍ਰ ਅਰੋਗ ਤੇ ਭਰੋਸੇ ਵਾਲੀ ਬਣਾਇਆ। ਨਵਾਂ ਜੀਵਨ ਤੇ ਨਵੀਂ ਜਾਗਰਤਾ ਬਖਸ਼ੀ। ਮਾਲਵੇ ਦੇ ਛੇ ਛੇ ਫੁਟੇ ਗਭਰੂ ਸਤਿਗੁਰੂ ਜੀ ਦੇ ਸੇਵਕ ਬਣਕੇ ਸੈਨਿਕ ਮਰਯਾਦਾ ਨੂੰ ਸਿਖਣ ਲਗੇ, ਤਾ ਕਿ ਦੇਸ਼ ਧਰਮ ਤੇ ਕੌਮ ਵਾਸਤੇ ਜੇ ਧਰਮ ਯੁਧ ਕਰਨ ਦੀ ਲੋੜ ਪਵੇ ਤਾਂ ਉਹ ਯੁਧ ਕਰਕ ਜੀਵਨ ਸਫਲ ਕਰ ਸਕਣ।

ਦੋ ਮਹੀਨੇ ਤੋਂ ਬਹੁਤਾ ਸਮਾਂ ਡਰੌਲੀ ਰਹਿਣ ਪਿਛੋਂ ਸਤਿਗੁਰੂ ਜੀ ਵਾਪਸ ਸ੍ਰੀ ਅੰਮ੍ਰਿਤਸਰ ਜੀ ਪੁਜੇ। ਅਗੇ ਸਿਖ ਸੰਗਤਾਂ ਬਹੁਤ ਬੇਹਬਲਤਾ ਨਾਲ ਉਡੀਕ ਕਰ ਰਹੀਆਂ ਸਨ ਦਰਸ਼ਨ ਕਰਕੇ ਨਿਹਾਲ ਹੋਈਆਂ।

੩੯ ਬਾਦਸ਼ਾਹ ਸ਼ਾਹਜਹਾਨ ਦੀ ਨੀਤੀ

(੧੬੨੭-੧੬੬੭ ਈਸਵੀ)

੨੮ ਅਕਤੂਬਰ ੧੬੨੭ਈ:ਨੂੰ ਬਾਦਸ਼ਾਹ ਜਹਾਂਗੀਰ ਮਰ ਗਿਆ ਤਾਂ ਉਸਦੀ ਥਾਂ ਦਿੱਲੀ ਤਖਤ ਉਤੇ ਉਹਦਾ ਪੁਤ੍ਰ ਸ਼ਾਹਜਹਾਨ ਬਠਾ। ਸ਼ਾਹਜਹਾਨਨੂੰ ਪਹਿਲੇ ਤਿੰਨ ਮਹੀਨੇ ਤਾਂ ਤਖਤ ਪ੍ਰਾਪਤ ਕਰਨ ਤੇ ਭਰਾਵਾਂ ਨਾਲ ਲੜਾਈ ਲੜਦਿਆ ਬਤੀਤ ਹੋ ਗਏ। ਤਖਤ ਦੇ ਵਾਰਸਾਂ ਨੂੰ ਬਿਲੇ ਲਾਕੇ ਉਹ ਨਿਰਭੈਤਾ ਨਾਲ ਬਾਦਸ਼ਾਹ ਬਣ ਗਿਆ ਤੇ ਰਾਜ ਕਰਨ ਲਗਾ।

ਜਿਵੇਂ ਪਹਿਲੇ ਬਾਦਸ਼ਾਹਾਂ ਨੂੰ ਲੜਾਈਆਂ ਲੜਨੀਆਂ ਪੈਂਦੀਆਂ ਰਹੀਆਂ ਤਿਵੇਂ ਸ਼ਾਹਜਹਾਨ ਨੂੰ ਵੀ ਕਈ ਵਡੀਆਂ ਲੜਾਈਆਂ ਲੜਨੀਆਂ ਪਈਆਂ। ਲੜਾਈਆਂ ਦਾ ਕਾਰਨ ਇਹ ਸੀਕਿ ਅਣਖੀਲੇ ਹਿੰਦੂ ਰਾਜੇ ਮੁਗਲਾਂਦੀ ਗੁਲਾਮੀ ਦੇ ਸੰਗਲਾਂ ਨੂੰ ਤੋੜਨਾ ਚਾਹੁੰਦੇ ਸਨ, ਪਰ ਨਿਰਬਲ ਤੇ ਫੁਟ ਦਾ ਸ਼ਿਕਾਰ ਹੋਣਦੇ ਕਾਰਨ ਉਨ੍ਹਾਂ ਨੂੰ ਸਫਲਤਾ ਨਹੀਂ ਸੀ ਹੁੰਦੀ ਜਿਵੇਂ ਕਿ ਸ਼ਾਹ ਜਹਾਨ ਦੇ ਜੁਝਾਰ ਸਿੰਘ ਬੰਦੇਲਾ ਨੇ ਬਗ਼ਾਵਤ ਕੀਤੀ ਪਰ ਹਾਰ ਖਾਧੀ।

ਸ਼ਾਹਜਹਾਨ ਦੇ ਸਮੇਂ ਪਛਮੀ ਪ੍ਰਦੇਸੀ, ਪੁਰਤਗੇਜ਼ੀ, ਫਰਾਂਸੀਸੀ ਤੇ ਅਗ੍ਰੇਜ਼ੀ ਹਿੰਦ ਵਿਚ ਆ ਦਾਖਲ ਹੋਏ। ਸੂਰਤ, ਮਦ੍ਰਾਸ ਤੇ ਹੁਗਲੀ (ਕਲਕੱਤਾ) ਆਦਿਕ ਸਮੁੰਦਰੀ ਬੰਦ੍ਰਗਾਹਾਂ ਉਪਰ ਉਨ੍ਹਾਂ ਨੇ ਡੇਰੇ ਲਾਏ। ਉਹ ਹਿੰਦ ਦੀ ਸੁਤੰਤ੍ਰਤਾ ਤੇ ਖੁਸ਼ਹਾਲੀ ਨੂੰ ਲੁਟਣ ਵਾਸਤੇ ਨਵੇਂ ਲੁਟੇਰੇ ਆਏ ਸਨ ਮੁਗਲ ਉਨ੍ਹਾਂਨੂੰ ਰੋਕਨਾ ਸਕੇ ਸ਼ਾਹਜਹਾਨ ਵੀ ਮੌਲਵੀਆਂ ਕਾਜ਼ੀਆਂ ਤੇ ਮੁਸਲਮਾਨਾਂ ਫਕੀਰਾਂ ਦੇ ਆਖੇ ਲਗਕੇ ਇਸਲਾਮ ਦਾਵਾਧਾ ਕਰਨਵਾਲਾ ਬਾਦਸ਼ਾਹਸੀ ਇਸਨੇ ਭਾਵੇਂ ਹਿੰਦੂਆਂ ਉਤੇਬਹੁਤੇ ਟੈਕਸ ਨਹੀਂ ਲਾਏ ਪਰ ਮੰਦਰਾਂ ਨੂੰ ਢਾਹ-ਢੇਰੀ ਕ੍ਰਨ ਤੇ ਦੇਵਮੂਰਤੀਆਂ ਤੋੜਨ ਵਿਚ ਕੋਈ ਕਸਰ ਨਾ ਛੱਡੀ। ਸੰਨ ੧੬੩੨ ਈਃ ਵਿਚ ਇਕੱਲੇ ਜ਼ਿਲੇ ਬਨਾਰਸ ਵਿਚ ਹੀ ੭੬ ਮੰਦਰ ਢਾਹੇ ਸਨ। ਲੱਖਾਂ ਹਿੰਦੂ ਮੁਸਲਮਾਨ ਬਣਾ ਲਏ ਸਨ, ਹਿੰਦੂਆਂ ਦੀ ਇਜ਼ਤ, ਦੌਲਤ ਤੇ ਅਣਖ ਸਦਾ ਲੁਟੀ ਜਾਂਦੀ ਸੀ, ਕੋਈ ਹਿੰਦੂ ਦੀ ਫਰਿਆਦ ਨਹੀਂ ਸੁਣਦਾ।

ਜਹਾਂਗੀਰ ਤੇ ਸਤਿਗੁਰੂ (ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ) ਜੀ ਦੇ ਵਿਚਾਲੇ ਸਬੰਧ ਹਛੇ ਬਣ ਗਏ ਸਨ। ਇਸ ਕਾਰਨ ਪੰਜਾਬ ਦੇ ਹਾਕਮ ਸਤਿਗੁਰੂ ਜੀ ਦੇ ਪ੍ਰੇਮੀ ਸਿਖਾਂ ਸ਼ਰਧਾਲੂਆਂ ਤੇ ਆਮ ਹਿੰਦੂਆਂ ਨੂੰ ਤੰਗ ਨਹੀਂ ਸਨ ਕਰਦੇ, ਪਰ ਜਿਉਂ ਹੀ ਜਹਾਂਗੀਰ ਮਰ ਗਿਆ ਤਾਂ ਪੰਜਾਬ ਦੇ ਹਾਕਮਾਂ ਨੇ ਵੀ ਆਪਣੀ ਨੀਤੀ ਬਦਲ ਲਈ, ਪੰਜਾਬ ਕਸ਼ਮੀਰ ਦੇ ਹਿੰਦੂ ਜ਼ੁਲਮ ਦਾ ਸ਼ਿਕਾਰ ਹੋਣ ਲਗੇ, ਗੁਰੂ ਘਰ ਦੇ ਦੋਖੀ ਵੀ ਸਿਰ ਉਠਾਉਣ ਲਗੇ ਪੰਜਾਬ ਦੇ ਹਿੰਦੂਆਂ ਦੀ ਰਾਖੀ ਦਾ ਸੁਵਾਲ ਸਾਹਮਣੇ ਆ ਗਿਆ। ਸਚੇ ਪਾਤਸ਼ਾਹ (ਸਤਿਗੁਰੂ ਜੀ) ਪਹਿਲਾਂ ਹੀ ਮੁਗਲ ਬਾਦ-ਸ਼ਾਹਾਂ ਦੀ ਇਸਲਾਮ ਵਧਾਊ ਨੀਤੀ ਨੂੰ ਤਾੜ ਗਏ ਹੋਏ ਸਨ। ਉਨ੍ਹਾਂ ਨੇ ਗੁਰਿਆਈ ਪ੍ਰਾਪਤ ਕਰਦਿਆਂ ਹੋਇਆਂ ਹੀ ਸਾਰੇ ਸਿਖਾਂ ਨੂੰ 'ਸੰਤ-ਸਿਪਾਹੀ' ਬਣਨ ਦਾ ਹੁਕਮ ਦਿਤਾ ਸੀ, ਸ਼ਾਹ ਜਹਾਨ ਦੇ ਸਮੇਂ (੧੬੨੮ ਈ: ਵਿਚ) ਤਕ ਸਤਿਗੁਰੂ ਜੀ ਦੇ ਪਾਸ ਫੌਜੀ ਸ਼ਕਤੀ ਕਾਫੀ ਇਕਤ੍ਰ ਹੋ ਗਈ ਸੀ, ਸੂਬੇ ਦੀ ਮੁਗਲ ਸ਼ਕਤੀ ਨਾਲ ਟੱਕਰ ਲੈ ਸਕਦੇ ਸਨ। ਸਤਿਗੁਰੂ ਜੀ ਨੇ ਨਿਰਬਲ ਹਿੰਦੂਆਂ ਨੂੰ ਗੁਰੂ ਦੇ ਸਿਖ ਬਣਾਕੇ ਨਵਾਂ ਜੀਵਨ ਬਖਸ਼ਿਆ ਸੀ, ਸਿਖ ਬਣਦੇ ਸਾਰ ਗਭਰੂ ਘੋੜਾ ਤੇ ਸ਼ਸਤ੍ਰ ਕੋਲ ਰੱਖਣ ਲਗ ਪੈਂਦੇ ਸਨ। ਅੰਮ੍ਰਿਤਸਰ, ਹਰਿ ਗੋਬਿੰਦ ਪੁਰ ਤੇ ਕਰਤਾਰ ਪੁਰ ਤਿੰਨ ਸਤਿਗੁਰੂ ਜੀ ਦੀਆਂ ਫੌਜੀ ਛਾਉਣੀਆਂ ਬਣ ਗਈਆਂ ਸਨ, ਹਰ ਰੋਜ਼ ਫੌਜੀ ਸ਼ਕਤੀ ਦੇ ਵਾਧੇ ਦਾ ਪੂਰਾ ਯਤਨ ਕੀਤਾ ਜਾਂਦਾ ਸੀ।

ਉਸ ਸਮੇਂ ਲੜਾਈ ਵਿਚ ਪ੍ਰਧਾਨ ਸ਼ਸਤ੍ਰ ਤਲਵਾਰ (ਤੇਗ਼ ਤੇ ਖੰਡਾ ਦੋਧਾਰਾ) ਧਨੁਖ-ਬਾਣ ਨੇਜਾ, ਸੇਲਾ, ਸਫਾ ਜੰਗ, ਖੰਜਰ ਅਤੇ ਢਾਲ ਆਦਿਕ ਹੁੰਦੇ ਸਨ। ਬੰਦੂਕ ਦੀ ਵਰਤੋਂ ਬਹੁਤ ਘਟ ਸੀ। ਤੋਪਵ੍ਰਤਨੀ ਸ਼ੁਰੂ ਹੋ ਪਈ ਸੀ। ਉਸ ਤੋਪ ਵਿਚ ਪਕੇ ਗੋਲੇ ਨਹੀਂ ਸਨ ਪੈਂਦੇ ਸਗੋਂ ਬਰੂਦ ਪੈਂਦਾ ਸੀ, ਘੋੜੇ, ਊਠ ਤੇ ਹਾਥੀ ਕੋਲੋਂ ਬਹੁਤਾ ਕੰਮ ਲਿਆ ਜਾਂਦਾ ਸੀ, ਸਤਿਗੁਰੂ ਜੀ ਨੇ ਇਹ ਸਾਰੇ ਹਥਿਆਰ ਤੇ ਚੰਗੇ ਘੋੜੇ ਇਕਤ੍ਰ ਕੀਤੇ ਸਨ। ਸੰਗਤ ਵਲੋਂ ਆਏ ਧਨ ਨੂੰ ਯੋਗ ਥਾਂ ਖਰਚ ਕਰਦੇ ਸਨ। ਸੰਨ ੧੬੨੭ ਈ: ਤੋਂ ਸਿੱਖ ਸ਼ਕਤੀ ਤੇ ਭਗਤੀ ਨੂੰ ਧਾਰਨ ਕਰਨ ਲਗੇ, ਇਨ੍ਹਾਂ ਦੋਹਾਂ ਤੋਂ ਬਿਨਾ ਜੀਊਣਾ ਔਖਾ ਹੋ ਗਿਆ ਸੀ।

—o—

੪੦. ਗੁਰੂ ਘਰ ਦੇ ਦੋਖੀਆਂ ਦਾ ਹਾਲ

ਕਰਮਾਂ ਦੀ ਖੇਡ ਹੈ, ਕਈਆਂ ਪੁਰਖਾਂ ਦੇ ਭਾਗ ਵਿਚ ਮਾੜੇ ਕਰਮ ਕਰਨੇ ਹੀ ਲਿਖੇ ਹਨ। ਉਹ ਕਿਸੇ ਵੀ ਸੋਚ ਵੇਲੇ ਸੋਚ ਨਹੀਂ ਸੋਚਦੇ, ਐਸੇ ਪੁਰਖਾਂ ਦੀ ਸਾਰੀ ਆਯੂ ਬਤੀਤ ਹੋ ਜਾਂਦੀ ਹੈ ਪਰ ਪਰਾਈ ਨਿੰਦਾ,ਨਿਰਦੋਸ਼ਾਂ ਨਾਲ ਵੈਰਕ੍ਰਨ ਤੇ ਦੇਸ਼ ਕੌਮ ਨਾਲ ਧ੍ਰੋਹ ਕਰਨ ਦਾ ਵਲਵਲਾ ਉਨ੍ਹਾਂ ਦੀ ਮਲੀਨ ਆਤਮਾ ਵਿਚੋਂ ਖਤਮ ਨਹੀਂ ਹੁੰਦਾ,ਕਈ ਵਾਰ ਖਾਨਦਾਨੀ ਮਾੜਾ ਵਲਵਲਾ ਵਿਰਸ ਵਿਚ ਮਿਲ ਜਾਂਦਾ ਹੈ। ਐਸੇ ਖੁਰਖਾਂ ਵਿਚ ਚੰਦੂ ਲਾਲ ਤੇ ਪਿਥੀ ਚੰਦ ਸਨ। ਮੌਤ ਦੇ ਬਿਸਤਰੇ ਉਪਰ ਉਨ੍ਹਾਂ ਦੀ ਆਤਮਾ ਵੈਰ ਵਿਰੋਧ ਤੇ ਨਿੰਦਾ ਤੋਂ ਉਚੀ ਨਾ ਉਠੀ, ਉਨ੍ਹ ਦੀਆਂ ਰੂਹਾਂ ਤਾਂ ਨਰਕਾਂ ਵਿਚ ਕਸ਼ਟ ਉਠਾਉਣ ਲੱਗੀਆਂ, ਪਰ ਉਨ੍ਹਾਂ ਦੀ ਉਲਾਦ ਵੀ ਉਸੇ ਤਰਾਂ ਦੀ ਨਿਕਲੀ, ਉਸਨੂੰ ਵੀ ਗਿਆਨ ਨਾ ਹੋਯਾ ਕਿ ਉਨ੍ਹਾਂ ਦੇ ਵਡ ਕੁਰੀਤੀ ਕਰਦੇ ਸਨ। ਪ੍ਰਿਥੀਚੰਦ ਦਾ ਵਡਾ ਪੁਤ੍ਰ ਸੋਢੀ ਮੇਹਰਬਾਨ ਅਤੇ ਚੰਦੂ ਲਾਲ ਦਾ ਪੁਤ੍ਰ ਕ੍ਰਮਚੰਦ ਬਾਂਸ ਦੇ ਬੂਟੇ ਵਾਂਗ ਚੰਗੇ ਜੀਵਨ ਰੂਪੀ ਸੁਗੰਧ ਤੋਂ ਬਿਲਕੁਲ ਕੋਰੇ ਰਹੇ। ਉਹ ਗੁਰੂ ਘਰ ਨਾਲ ਵੈਰ ਕਰਨ ਲਗੇ, ਜਿਜ ਘਰ ਵਿਚੋਂ ਹਰ ਇਕ ਨੂੰ ਸ਼ਾਂਤੀ ਅਰੋਗਤਾ ਤੇ ਮੁਕਤੀ ਮਿਲਦੀ ਸੀ।

ਕਰਮਚੰਦ ਤੇ ਸੋਢੀ ਮੇਹਰਬਾਨ ਜੀ ਤੀਸਰਾ ਨਾਲ ਰਲ ਗਿਆ। ਭੁਲੜ ਰੁਸਤਮ ਖਾਂ ਦੇਵੀ ਕੌਲਾਂ ਦਾ ਮੂਰਖ ਤੇ ਹਠ ਧਰਮੀ ਬੰਦਾ, ਇਨਾਂ ਤਿੰਨਾਂ ਨੇ ਦੀਨ ਦੁਨੀ ਦੇ ਮਾਲਕ ਸਚੇ ਪਾਤਸ਼ਾਹ ਕੋਲੋਂ ਬਦਲਾ ਲੈਣ ਦੀ ਕੂੜੀ ਸਲਾਹ ਕੀਤੀ, ਇਸ ਸਾਜ਼ਸ਼ ਵਿਚ ਹੋਰ ਵੀ ਬਹੁਤ ਸਾਰੇ ਮੁਸਲਮਾਨ ਚੋਧਰੀ ਸਨ,ਜੋ ਗੁਰਮਤ ਦਾ ਪ੍ਰਚਾਰ ਨਹੀਂ ਸਨ ਹੋਣ ਦੇਣਾ ਚਾਹੁੰਦੇ। ਪੀਰ ਸਖੀ ਸਰਵਰ(ਸੁਲਤਾਨੀਏ)ਉਮਤ ਨੂੰ ਤਾਂ ਬਹੁਤ ਢਾਹ ਲਗੀ, ਓਹਦੇ ਆਗੂ ਬਾਦਸ਼ਾਹ ਤਕ ਫਰਿਆਦੀ ਹੋਣ ਨੂੰ ਤਿਆਰ ਸਨ, ਉਹ ਕਾਜ਼ੀ ਰੁਸਤਮ ਖਾਨ ਵਰਗੇ ਮਾੜੇ ਬੰਦਿਆਂ ਨਾਲ ਰਲਕੇ ਸਤਿਗੁਰੂ ਜੀ ਦੀ ਅਤੇ ਗੁਰਮਤ ਦੀ ਵਿਰੋਧਤਾ ਕਰਨ ਲਗੇ, ਜਹਾਂਗੀਰ ਦੀ ਮੌਤ ਦੇ ਪਿਛੋਂ ਕਈ ਐਸੀਆਂ ਨਿਰਬਲ ਸ਼ਕਤੀਆਂ ਨੇ ਸਿਰ ਚੁਕਿਆ ਜੋ ਹਿਮਾ-ਲੀਆ ਵਰਗੇ ਅਡੋਲ ਤੇ ਮਜ਼ਬੂਤ ਕਿਲ ਨੂੰ ਟੱਕਰ ਮਾਰਕੇ ਡਗਣ ਦਾ ਯਤਨ

ਕਰਨ ਲੱਗੀਆਂ। ਜਿਵੇਂ ਮੱਛੀ ਪੱਥਰ ਚੱਟਕੇ ਮੁੜਦੀ ਹੈ ਜਿਵੇਂ ਸੱਪ ਰਾਹ ਵਿਚ ਬੈਠਕੇ ਆਪਣੀ ਮੌਤ ਨੂੰ ਅਵਾਜ਼ ਮਾਰਦਾ ਹੈ, ਤਿਵੇਂ ਇਨ੍ਹਾਂ ਮੂਰਖਾਂ ਨੇ ਆਪ ਪ੍ਰਮੇ-ਸ਼ਰ ਤੇ ਵਿਸ਼ਨੂੰ, ਸ਼ਿਵਜੀ ਜੈਸੀ ਮਹਾਨ ਸ਼ਕਤੀ ਨਾਲ ਵੈਰ ਕਰਨਾ ਸ਼ੁਰੂ ਕਰ ਦਿਤਾ। ਇਨ੍ਹਾਂ ਸਾਰੀਆਂ ਸਾਜ਼ਸ਼ਾਂ ਅਤੇ ਵਿਉਂਤਾਂ ਦਾ ਪਤਾ ਸਤਿਗੁਰੂ ਜੀ ਨੂੰ ਲੱਗ ਗਿਆ। ਸਭ ਕੁਝ ਸੁਣਕੇ ਸਤਿਗੁਰੂ ਜੀ ਅਡੋਲ ਤੇ ਨਿਰਭੈ ਰਹੇ।

ਓਨੀਂ ਦਿਨੀਂ ਬਾਦਸ਼ਾਹ ਸ਼ਾਹ ਜਹਾਨ ਪੰਜਾਬ ਆ ਗਿਆ। ਉਸ ਨੇ ਸਿੰਧ ਤੇ ਕਾਬਲ ਦਾ ਦੌਰਾ ਕੀਤਾ ਸੀ। ਬਾਦਸ਼ਾਹ ਜਦੋਂ ਲਾਹੌਰ ਪੁਜਾ ਤਾਂ ਹਰ ਪਾਸਿਓਂ ਗੁਰੂ ਦੋਖੀ ਇਕੱਤ੍ਰ ਹੋਕੇ ਬਾਦਸ਼ਾਹ ਕੋਲ ਫਰਿਆਦ ਕਰਨ ਪੁਜੇ।

ਸੋਢੀ ਮੇਹਰਬਾਨ ਨੇ ਇਕ ਅਰਜ਼ੀ ਬਾਦਸ਼ਾਹ ਨੂੰ ਦਿਤੀ ਜਿਸ ਵਿਚ ਉਸਨੇ ਲਿਖਿਆ-'ਮੇਰੇ ਪਿਤਾ ਪ੍ਰਿਥੀਚੰਦ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਵਡੇ ਸਪੁਤ੍ਰ ਸਨ ਉਹ ਗੁਰਿਆਈ ਤੇ ਜਾਇਦਾਦ ਤੇ ਅਸਲ ਹੱਕੀ ਵਾਰਸ ਸਨ, ਪਰ ਗੁਰੂ ਅਰਜਨ ਦੇਵ ਜੀ ਨੇ ਮਲੋ ਮਲੀ ਗੁਰਿਆਈ ਵੀ ਸੰਭਾਲ ਲਈ ਤੇ ਜਾਇਦਾਦ ਵਿਚੋਂ ਹਿਸਾ ਵੀ ਨਾ ਦਿਤਾ। ਮੈਨੂੰ ਗੁਰੂ ਅਰਜਨ ਦੇਵ ਜੀ ਨੇ ਮੁਤਬੰਨਾ ਬਣਾਇਆ ਸੀ, ਉਸ ਲਿਹਾਜ ਨਾਲ ਮੈਂ ਗੁਰਿਆਈ ਦਾ ਮਾਲਕ ਸਾਂ। ਵਰਤਮਾਨ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਮੇਰੇ ਮੁਤਬੰਨਾ ਬਣਾਉਣ ਦੇ ਪਿਛੋਂ ਹੋਇਆ ਸੀ ਪਰ ਇਸ ਨੇ ਵੀ ਧੱਕੇ ਨਾਲ ਗੁਰਿਆਈ ਤੇ ਪਿਤਾ ਪੁਰਖੀ ਦੀ ਸਾਰੀ ਜਾਇਦਾਦ ਇਕੱਲਿਆਂ ਹੀ ਸੰਭਾਲ ਲਈ ਹੈ। ਬਾਦਸ਼ਾਹ ਸਲਾਮਤ ਨੂੰ ਇਹ ਦਸਿਆ ਜਾਂਦਾ ਹੈ ਕਿ(ਸਤਿ ਗੁਰੂ) ਹਰਿਗੋਬਿੰਦ ਜੀ ਮੁਗਲ ਰਾਜ ਨੂੰ ਨਸ਼ਟ ਕਰਕੇ ਆਪ ਪੰਜਾਬ ਦੇ ਬਾਦਸ਼ਾਹ ਬਣਨਾ ਚਾਹੁੰਦੇ ਹਨ। ਏਸੇ ਕਰਕੇ ਉਨ੍ਹਾਂ ਨੇ ਅੰਮ੍ਰਿਤਸਰ ਕਿਲਾ ਬਣਾਇਆ ਹੈ ਤੇ ਸੈਨਾ ਇਕੱਤ੍ਰ ਕਰ ਰਹੇ ਹਨ। ਹਥਿਆਰ ਤਾਂ ਐਨੇ ਇਕੱਠੇ ਕੀਤੇ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਬਾਦਸ਼ਾਹ ਸਲਾਮਤ ਇਸ ਪਾਸੇ ਧਿਆਨ ਦੇਣ ਤੇ ਮੇਰਾ ਹੱਕ ਮੈਨੂੰ ਦਵਾ ਦੇਣ।'

ਇਸਤਰਾਂ ਦੇ ਵਿਚਾਰਾਂ ਵਾਲੀ ਬਹੁਤ ਲੰਮੀ ਅਰਜ਼ੀ ਸੀ, ਉਸ ਅਰਜ਼ੀ ਉਪਰ ਕਈਆਂ ਮੁਸਲਮਾਨ ਚੌਧਰੀਆਂ ਦੀਆਂ ਗਵਾਹੀਆਂ ਵੀ ਸਨ।

ਦੂਸਰੀ ਅਰਜ਼ੀ ਕਰਮ ਚੰਦ ਨੇ ਦਿੱਤੀ, ਉਸ ਵਿਚ ਲਿਖਿਆ ਗਿਆ

'ਮੈਂ ਦੀਵਾਨ ਚੰਦੂ ਲਾਲ ਦਾ ਪੁਤ੍ਰ ਹਾਂ। ਮੇਰੇ ਪਿਤਾ ਤ ਦਾਦੇ ਨੇ ਮੁਗਲ ਰਾਜ ਦੀ ਨੌਕਰੀ ਬੜੀ ਬਫਾਦਾਰੀ ਨਾਲ ਕੀਤੀ, ਅੰਮ੍ਰਿਤਸਰ ਦੇ ਰਹਿਣ ਵਾਲੇ ਗੁਰੂਹਰਿ ਗੋਬਿੰਦ ਜੀ ਨੇ ਮੇਰੇ ਬਾਪ ਚੰਦੂ ਲਾਲ ਨੂੰ ਮਰਵਾ ਦਿਤਾ ਤੇ ਮੇਰੇ ਪਿਤਾ ਦੇ ਪਿੰਡ ਦੀ ਸਾਰੀ ਧਰਤੀ ਤੇ ਮਲੋ ਮਲੀ ਕਬਜਾ ਕਰ ਲਿਆ ਹੈ। ਮੈਂ ਬਾਦਸ਼ਾਹ ਸਲਾ-ਮਤ ਅਗੇ ਫਰਿਆਦ ਕਰਦਾ ਹਾਂ ਕਿ ਮੇਰੇ ਪਿਤਾ ਦੇ ਪਿੰਡ ਦੀ ਧਰਤੀ ਮੈਨੂੰ ਮੜ ਦਵਾਈ ਜਾਵੇ ਤੇ ਮੇਰੇ ਪਿਤਾ ਦੇ ਖੂਨ ਦਾ ਬਦਲਾ ਖੂਨ ਦੀ ਸੂਰਤ ਵਿਚ ਲਿਆ ਜਾਵੇ ਤੇ ਨਿਆਇ ਪੂਰਾ ਕੀਤਾ ਜਾਵੇ, ਮੈਂ ਖੁਦ ਬਾਦਸ਼ਾਹ ਦੇ ਹਰ ਪ੍ਰਕਾਰ ਦੇ ਹੁਕਮ ਮੰਨਕੇ ਬਾਦਸ਼ਾਹ ਦੀ ਸੇਵਾ ਕਰਨ ਨੂੰ ਤਿਆਰ ਹਾਂ।

ਤੀਜੀ ਅਰਜੀ ਸੀ ਰੁਸਤਮ ਖਾਂ ਵਲੋਂ, ਉਸਨੇ ਆਪਣੀ ਅਰਜੀ ਵਿਚ ਪਹਿਲਾਂ ਤਾਂ ਕੌਲਾਂ ਦਾ ਕਿਸਾ ਲਿਖਿਆ, ਪਰ ਕੁਤਵਾਲ ਦੇ ਕਹਿਣ ਉਤੇ ਕਿ ਆਪਣੀ ਮਿਟੀ ਆਪ ਕਿਉਂ ਪੁਟਦਾ ਹੈ। ਜਦੋਂ ਧੀ ਤੇਰੀ ਆਪ ਚਲੀ ਗਈ ਹੈ ਤੂੰ ਉਸਨੂੰ ਮਰਵਾ ਦਣ ਲਗਾ ਸੀ ਤਾਂ ਉਸਨੇ ਕੌਲਾਂ ਦੀ ਕਹਾਣੀ ਅਰਜੀ ਵਿਚੋਂ ਛਡ ਦਿਤੀ ਤੇ ਸਿਰਫ ਏਹੋ ਲਿਖਿਆ ਕਿ ਇਹ ਗੁਰੂ ਇਸਲਾਮ ਦਾ ਵਡਾ ਦੁਸ਼ਮਨ ਹੈ ਮੁਸਲਮਾਨਾਂ ਨੂੰ ਇਸਲਾਮ ਤੋਂ ਦੂਰ ਕਰਕੇ ਆਪਣੇ ਸਿਖ ਬਣਾਈ ਜਾਂਦਾ ਹੈ ਹਜ਼ਾਰਾਂ ਮੁਸਲਮਾਨ ਇਸਦੇ ਮੁਰੀਦ ਬਣ ਗਏ ਹਨ ਕਾਜ਼ੀ ਨੇ ਜ਼ੋਰਦਾਰ ਸ਼ਬਦਾਂ ਵਿਚ ਲਿਖਿਆ-'ਜੇਕਰ ਬਾਦਸ਼ਾਹ ਸਲਾਮਲ ਨੇ ਇਸ ਪਾਸੇ ਧਿਆਨ ਨਾ ਦਿਤਾ ਤਾਂ ਸਰਹੰਦ ਮੁਲਤਾਨ,ਸਿੰਧ ਤੇ ਪਸ਼ਾਵਰ ਦਾ ਸਾਰਾ ਦੇਸ਼ ਇਹ (ਗੁਰੂ ਜੀ) ਮਲ ਬੈਠਣਗੇ ਤੇ ਏਥੇ ਨਾ ਇਕ ਮੁਸਲਮਾਨ ਰਹੇਗਾ ਤੇ ਨਾ ਕੋਈ ਮਸੀਤ ਬਚੇਗੀ। ਹੋ ਸਕਦਾ ਹੈ ਕਿ ਦਖਣ ਤੇ ਰਾਜਪੂਤਾਨੇ ਦੇ ਹਿੰਦੂ ਰਾਜਿਆਂ ਨੂੰ ਇਕਠਿਆਂ ਕਰਕੇ ਬਾਦਸ਼ਾਹ ਸਲਾਮਤ ਦੇ ਮੁਕਾਬਲੇ ਤੇ ਡਟ ਜਾਵੇ ਤੇ ਦਿਲੀ ਤਖਤ ਨੂੰ ਖੋਹ ਲਵੇ। ਐਸੇ ਦੁਸ਼ਮਨ ਨੂੰ ਪੈਰਾਂ ਤੇ ਖਲੋਣ ਤੋਂ ਪਹਿਲਾਂ ਹੀ ਖਤਮ ਕਰ ਦੇਣਾ ਜਰੂਰੀ ਹੈ। ਪਿਛਲੇ ਬਾਦਸ਼ਾਹ ਨੇ ਨਰਮੀ ਵਰਤ ਕੇ (ਸਤਿਗੁਰੂ ਜੀ) ਸ਼ਕਤੀ ਨੂੰ ਬਹੁਤ ਵਧਣ ਫੁਲਣ ਦਿਤਾ ਹੈ। ਇਹ ਅਰਜੀ ਵੀ ਬਾਦਸ਼ਾਹ ਕੋਲ ਆ ਪੁਜੀ।

ਜਦੋਂ ਸਾਰੀਆਂ ਅਰਜੀਆਂ ਨੂੰ ਇਕੱਠੀਆਂ ਕਰਕੇ ਬਾਦਸ਼ਾਹ ਨੇ

ਸੁਣਿਆਂ ਅਤੇ ਉਸਦੇ ਪਿਛੋਂ ਉਸਨੇ ਸਤਿਗੁਰੂ ਦੇ ਜੀਵਨ, ਸਮਾਚਾਰ, ਧਾਰਮਿਕ ਵਿਸ਼ਵਾਸ ਤੇ ਰਾਜਸੀ ਸ਼ਕਤੀ ਬਾਰੇ ਲਾਹੌਰ ਦੇ ਸੂਬੇਦਾਰ ਕੋਲੋਂ ਪੁਛਿਆ, ਉਸਨੇ ਵਧਾ ਚੜ੍ਹਾ ਕੇ ਹਾਲ ਦਸਦਿਆਂ ਹੋਇਆਂ ਬਾਦਸ਼ਾਹ ਨੂੰ ਕ੍ਰੋਧਵਾਨ ਕਰਨ ਦਾ ਯਤਨ ਕੀਤਾ ਤੇ ਇਹ ਵੀ ਆਖ ਦਿਤਾ—'ਹੋ ਸਕਦਾ ਹੈ ਉਹ (ਸਤਿਗੁਰੂ ਜੀ)ਇਕ ਦਿਨ ਬਗਾਵਤ ਕਰ ਦੇਣ। ਉਨ੍ਹਾਂ ਦੇ ਮੁਰੀਦ ਬਹੁਤ ਹਨ ਸਾਰਾ ਪੰਜਾਬ ਹੀ ਮੁਰੀਦ ਬਣ ਰਿਹਾ ਹੈ।'

ਈਰਖਾ ਤੇ ਵੈਰ ਦੇ ਭਾਵ ਵਾਲੇ ਹਾਲਾਂ ਨੂੰ ਸੁਣਕੇ ਬਾਦਸ਼ਾਹ ਗਰਮ ਹੋਗਿਆ ਤੇ ਉਸਨੇ ਹੁਕਮ ਕੀਤਾ—'ਉਸ (ਸਤਿਗੁਰੂ ਜੀ) ਨੂੰ ਛੇਤੀ ਤੋਂ ਛੇਤੀ ਹਾਜ਼ਰ ਕਰੋ, ਮੈਂ ਦੇਖਣਾ ਚਾਹੁੰਦਾ ਹਾਂ।'

੪੧. ਸਤਿਗੁਰੂ ਜੀ ਨੇ ਬਾਦਸ਼ਾਹ ਨਾਲ ਮੁਲਾਕਾਤ ਕਰਨੀ

ਸਤਿਗੁਰੂ ਜੀ ਬਾਦਸ਼ਾਹਾਂ ਦੇ ਹੁਕਮਾਂ ਤੇ ਸਦਿਆਂ ਤੋਂ ਘਬਰਾਇਆ ਨਹੀਂ ਸਨ ਕਰਦੇ ਜਿਸ ਵੇਲੇ ਸੂਬੇ ਲਾਹੌਰ ਦਾ ਆਦਮੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁਜਾ, ਉਸਨੇ ਬਾਦਸ਼ਾਹ ਦਾ ਹੁਕਮ ਸੁਣਾਇਆ ਤਾਂ ਸਤਿਗੁਰੂ ਜੀ ਨੇ ਉਸੇ ਵੇਲੇ ਨਾਲ ਚਲਣ ਦੀ ਤਿਆਰੀ ਕਰ ਲਈ, ਢਾਈ ਸੌ ਦੇ ਕਰੀਬ ਸਿਖ ਸੂਰਬੀਰ ਸਾਥ ਤਿਆਰ ਕਰ ਲਏ ਜਿਨ੍ਹਾਂ ਦੇ ਪੁਸ਼ਾਕੇ ਸੁੰਦਰ ਸਨ। ਸਾਰੇ ਘੋੜੇ ਅਰਬੀ ਤੇ ਬਹੁਤਾ ਦੌੜਨ ਵਾਲੇ ਸਨ। ਭਾਈ ਜੇਠਾ ਜੀ ਤੇ ਬਿਧੀ ਚੰਦ ਜੀ ਸੈਨਿਕਾਂ ਦੇ ਸਰਦਾਰ ਸਨ।

ਦੂਸਰੇ ਦਿਨ ਸਤਿਗੁਰੂ ਜੀ ਲਾਹੌਰ ਪੁਜੇ ਤੇ ਭਾਈ ਲੰਗਾਹੇ ਦੀ ਧਰਮਸਾਲਾ ਵਿਚ ਜਾ ਡੇਰਾ ਕੀਤਾ, ਇਹ ਧਰਮਸਾਲਾ ਮੁਜੰਗਾਂ ਵਿਚ ਸੀ। ਸਿਖਾਂ ਸੇਵਕਾਂ ਨੇ ਜਦੋਂ ਸਤਿਗੁਰੂ ਜੀ ਦਾ ਆਉਣਾ ਸੁਣਿਆਂ ਤਾਂ ਵਹੀਰਾਂ ਘਤਕੇ ਆ ਪੁਜੇ। ਇਕ ਮੇਲੇ ਜਾਂ ਵਿਆਹ ਦੇ ਭਾਰੀ ਇੱਕਠ ਜਿਨਾਂ ਮਨੁਖ ਇਕੱਠ ਧਰਮਸਾਲਾ ਵਿਚ ਹੋ ਗਿਆ।

ਸਤਿਗੁਰੂ ਜੀ ਨਿਰਭੈਤਾ ਨਾਲ ਬਾਦਸ਼ਾਹ ਨੂੰ ਮਿਲੇ, ਠੀਕ ਉਸੇ ਤਰਾਂ ਜਿਵੇਂ ਦੋ ਬਾਦਸ਼ਾਹ ਇਕ ਦੂਜੇ ਬਾਦਸ਼ਾਹ ਨਾਲ ਸਤਕਾਰ ਨਾਲ ਮਿਲਦੇ ਹਨ। ਗੁਰੂ ਜੀ ਦੇ ਨੂਰੀ ਚੇਹਰੇ ਦਾ ਪ੍ਰਭਾਵ ਬਾਦਸ਼ਾਹ ਦੀਆਂ ਅੱਖਾਂ ਉਪਰ ਬਹੁਤ ਚੰਗਾ ਪਿਆ, ਬਚਨ ਬਿਲਾਸ ਜਦ ਹੋਏ ਤਾਂ ਬਾਦਸ਼ਾਹ ਨੂੰ ਗੁਰੂ ਦੋਖੀਆਂ ਵਲੋਂ ਆਈਆਂ ਹੋਈਆਂ ਸਾਰੀਆਂ ਅਰਜੀਆਂ ਖਾਰਜ ਕਰਨੀਆਂ ਪਈਆਂ।ਸਾਹਿਬਾਂ ਨੇ ਬਚਨ ਕੀਤਾ-'ਅਸੀਂ ਨਾ ਕਿਸੇ ਨੂੰ ਭੈ ਦੇਂਦੇ ਹਾਂ ਤੇ ਨਾ ਕਿਸੇ ਕੋਲੋਂ ਡਰਦੇ ਹਾਂ। ਖੁਦਾ ਜਾਂ ਭਗਵਾਨ ਜਾਂ ਵਾਹਿਗੁਰੂ ਕਰਤਾਰ ਕੁਝ ਵੀ ਨਾਮ ਲਵੋ ਉਸ ਅਪਾਰ ਸ਼ਕਤੀ ਦਾ ਜੋ ਜਗਤ ਦਾ ਕਰਤਾ ਹੈ ਜਿਨ੍ਹੇ ਸਾਰੀ ਸ੍ਰਿਸ਼ਟੀ ਰਚੀ ਹੈ ਉਸਦੀ ਉਸਤਤ ਕਰਦੇ ਹੋਏ ਮਨੁਖਾਂ ਨੂੰ ਉਹ ਜੀਵਨ ਦਾਤਾ ਯਾਦ ਕਰਾਉਂਦੇ ਹਾਂ।ਮਨੁਖਤਾ ਦੇ ਭਲੇ ਵਾਸਤੇ ਉਪਦੇਸ਼ ਕਰਦ ਹਾਂ। ਗੁਰੂ ਨਾਨਕ ਦੇਵ ਜੀਦਾ ਮਿਸ਼ਨ ਪਿਆਰ ਤੇ ਸ਼ਾਂਤੀ ਦਾ ਮਿਸ਼ਨ ਹੈ। ਹਾਂ ਮਾੜੇ ਹਾਕਮਾਂ, ਡਾਕੂਆਂ ਚੋਰਾਂ ਨੂੰ ਜਰੂਰ ਸਜਾ ਦੇਂਦੇ ਹਾਂ, ਜੋ ਸ਼ਾਂਤ ਵਸ ਰਹੀ ਮਨੁਖਤਾ ਨੂੰ ਦੁਖੀ ਕਰਦੇ ਹਨ।ਹਿੰਦੂ ਤੇ ਮੁਸਲਮਾਨ ਸਾਰ ਹੀ ਉਸ ਪ੍ਰਮਾਤਮਾ ਦੇ ਪੁਤ੍ਰ ਹਨ। ਨਾ ਕੋਈ ਮਾੜਾ ਹੈ ਨਾ ਚੰਗਾ। ਮਾੜਾ ਉਹ ਹੈ ਜੋ ਕੁਕ੍ਰਮ ਕਰਦਾ ਹੋਯਾ ਧਰਮ ਤੇ ਸਤਜ ਦਾ ਤਿਆਗ ਕਰਦਾਹੈ, ਜੋ ਖੁਦ-ਗਰਜ਼,ਲਾਲਚੀ,ਹੰਕਾਰੀ, ਤੇ ਦੁਰਾਚਾਰੀ ਹੈ।' ਐਸੇ ਬਚਨ ਸੁਣਕੇ ਬਾਦਸ਼ਾਹ ਨੂੰ ਹੌਂਸਲਾ ਨਾ ਪਿਆ ਕਿ ਉਹ ਇਹ ਕਹਿਣ ਕਿ 'ਤੁਸੀਂ ਦੋਸ਼ੀ ਹੋ।' ਇਹ ਮਿਲਾਪ ਮਿਤਰਤਾ ਦੇ ਭਾਵ ਨਾਲ ਸਮਾਪਤ ਹੋਇਆ।

ਬਾਦਸ਼ਾਹ ਸ਼ਾਹਜਹਾਨ ਨੇ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਦਰਿਆ ਰਾਵੀ ਦੇ ਝਲ ਵਿਚ ਸ਼ਿਕਾਰ ਖੇਡਣ ਵਾਸਤੇ ਸਤਿਗੁਰੂ ਜੀ ਉਨ੍ਹਾਂ ਦੇ ਨਾਲ ਚਲਣ। ਸਤਿਗੁਰੂ ਜੀ ਨੇ ਬੇਨਤੀ ਪਵਾਨ ਕਰ ਲਈ ਤੇ ਆਪਣੇ ਬਹਾਦਰ ਸਿਖਾਂ ਸਮੇਤ ਬਾਦਸ਼ਾਹ ਨਾਲ ਸ਼ਿਕਾਰ ਖੇਡਣ ਚਲੇ ਗਏ। ਸਤਿਗੁਰੂ ਜੀ ਨੇ ਆਪਣੇ ਖੰਡੇ ਤੇ ਤੀਰਾਂ ਨਾਲ ਸ਼ਿਕਾਰ ਖੇਡਣ ਦੇ ਨਿਰਾਲੇ ਹੀ ਕਰਤਬ ਬਾਦਸ਼ਾਹ ਨੂੰ ਦਿਖਾਏ, ਜਿਨਾਂ ਨੂੰ ਦੇਖ ਕੇ ਬਾਦਸ਼ਾਹ ਹੈਰਾਨ ਹੋਇਆ, ਸਬਬ ਨਾਲ ਤਿੰਨ ਸ਼ੇਰ ਇਕਠੇ ਹੀ ਉਸ ਝਲ ਵਿਚੋਂ ਪ੍ਰਗਟ ਹੋ ਕੇ ਸਤਿਗੁਰੂ ਜੀ ਤੇ ਬਾਦਸ਼ਾਹ ਦੇ ਸਨਮੁਖ ਆ ਹਾਜ਼ਰ ਹੋਏ ਜਿਵੇਂ ਮੌਤ ਦਾ

ਦੇਵਤਾ ਉਨਾਂ ਦਾ ਕਾਲ ਬਣਕੇ ਉਨ੍ਹਾਂ ਨੂੰ ਖਿਚ ਲਿਆਇਆ । ਉਨ੍ਹਾਂ ਸ਼ੇਰਾਂ ਨੂੰ ਵੇਖਕੇ ਬਾਦਸ਼ਾਹ ਘਬਰਾ ਗਿਆ, ਪਰ ਸਤਿਗੁਰੂ ਜੀ ਨੇ ਨਵਾਂ ਕੌਤਕ ਦਿਖਾਉਣ ਵਾਸਤੇ ਸ਼ੇਰਾਂ ਨੂੰ ਆਪ ਮਾਰਨ ਦੀ ਥਾਂ ਆਪਣੇ ਸਿਖਾਂ ਭਾਈ ਭਲਣ ਜਟ ਤੇ ਬਿਧੀ ਚੰਦ ਜੀ ਨੂੰ ਇਸ਼ਾਰਾ ਕੀਤਾ। ਦੋਹਾਂ ਸੂਰਮਿਆਂ ਨੇ ਗੰਡਾਸਿਆਂ ਨਾਲ ਹੀ ਸ਼ੇਰਾਂ ਨੂੰ ਮਾਰ ਦਿਤਾ, ਸਿਖਾਂ ਦੀ ਇਹ ਬਹਾਦਰੀ ਅਮਿਟ ਤੇ ਸਭਨੂੰ ਹੈਰਾਨ ਕਰਨਵਾਲੀਸੀ।

ਸ਼ਿਕਾਰ ਖੇਡਕੇ ਵਾਪਸ ਲਾਹੌਰ ਸ਼ਹਿਰ ਪਹੁੰਚ ਗਏ, ਆਪਣੇ ਡੇਰੇ ਪੁਜਕੇ ਬਾਦਸ਼ਾਹ ਸੋਚੀਂ ਪ ਗਿਆ। ਉਸਦੀਆਂ ਵਿਚਾਰਾਂ ਸਨ, 'ਐਸਾ ਬਲੀ, ਕਰਾਮਾਤੀ ਤੇ ਪ੍ਰੇਮ ਤੇ ਮਿਠਾਸ ਵਾਲੇ ਬਚਨਾਂ ਵਾਲਾ ਗੁਰੂ ਸਮਾਂ ਪ੍ਰਾਪਤ ਹੋਣ ਤੇ ਜ਼ਰੂਰ ਇਕ ਦਿਨ ਬਾਦਸ਼ਾਹੀ ਤਖਤ ਉਪਰ ਕਬਜ਼ਾ ਕਰ ਸਕਦਾ ਹੈ। ਇਸਦੇ ਮੁਰੀਦ ਲੱਖਾਂ ਹਨ ਜੋ ਇਸ਼ਾਰਾ ਕਰਨ ਤੇ ਹੀ ਜਾਨ ਤੋੜ ਲੜਾਈ ਕਰ ਸਕਦੇ ਹਨ। ਇਨ੍ਹਾਂ ਦਾ ਵਸਾਹ ਨਹੀਂ ਖਾਣਾ ਚਾਹੀਦਾ ਪਰ ਐਵੇਂ ਤੰਗ ਕਰਨਾ ਵੀ ਯੋਗ ਨਹੀਂ ਹੋ ਸਕਦਾ ਤਾਂ ਕਿ ਇਨਾਂ ਦੇ ਮੁਰੀਦ ਨਾ ਭੜਕ ਉਠਣ।' ਐਸੇ ਵਿਚਾਰਾਂ ਨੇ ਬਾਦਸ਼ਾਹ ਦੇ ਦਿਲ ਦਿਮਾਗ ਵਿਚ ਬੇਚੈਨੀ ਪੈਦਾ ਕਰ ਦਿਤੀ । ਉਨ੍ਹਾਂ ਨੇ ਸੂਬੇਦਾਰ ਨੂੰ ਸਦਕੇ ਹੁਕਮ ਕੀਤਾ–'ਇਸ ਗੁਰੂ ਦਾ ਧਿਆਨ ਰਖਣਾ, ਇਨ੍ਹਾਂ ਦੀ ਸ਼ਕਤੀ ਨੂੰ ਕਿਸੇ ਨੀਤੀ ਢੰਗ ਨਾਲ ਕਮਜ਼ੋਰ ਕਰਨਾ।' ਇਸ ਤਰਾਂ ਦਾ ਹੁਕਮ ਦੇਕੇ ਬਾਦਸ਼ਾਹ ਲਾਹੌਰੋਂ ਤੁਰ ਗਿਆ ਤੇ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਜੀ ਮੁੜ ਆਏ।

੪੨. ਸਤਿਗੁਰੂ ਜੀ ਨੇ ਮੇਹਰਬਾਨ ਨੂੰ ਸਮਝਾਉਣ ਦਾ ਯਤਨ ਕਰਨਾ

ਦਇਆ ਦੇ ਸਾਗਰ ਸਤਿਗੁਰੂ ਜੀ ਮਹਾਰਾਜ ਨਹੀਂ ਸਨ ਚਾਹੁੰਦੇ ਕਿ ਉਹਨਾਂ ਦਾ ਭਾਈ ਮੇਹਰਬਾਨ ਤੁਰਕਾਂ ਅਗੇ ਦੰਦੀਆਂ ਵਿਲਕੇ ਤੇ ਗੁਰੂ ਘਰ ਦੀ ਨਿੰਦਾ ਕਰੇ। ਸਾਹਿਬਾਂ ਨੇ ਭਾਈ ਗੁਰਦਾਸ ਜੀ ਤੇ ਬਿਧੀ ਚੰਦ ਜੀ ਨੂੰ ਸੋਢੀ ਮੇਹਰ-ਬਾਨ ਜੀ ਦੇ ਕੋਲ ਭੇਜਿਆ, ਕਿ ਉਹ ਉਸਦੇ ਕੋਲ ਪੁਜਕੇ ਉਸਨੂੰ ਸਮਝਾਉਣ ਕਿ ਉਹ ਤੁਰਕਾਂ ਦਾ ਸਾਥ ਛੱਡ ਦੇਵੇ।

ਭਾਈ ਗੁਰਦਾਸ ਜੀ ਤੇ ਭਾਈ ਬਿਧੀ ਚੰਦ ਜੀ ਸੋਢੀ ਮੇਹਰਬਾਨ ਦੇ

ਪਾਸ ਪੁਜੇ, ਭਾਈ ਗੁਰਦਾਸ ਜੀ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ- 'ਬਾਬਾ ਜੀ ! ਸਤਿਗੁਰੂ ਜੀ ਦਾ ਬਚਨ ਹੈ ਕਿ ਆਪ ਤੁਰਕਾਂ ਦਾ ਸਾਥ ਛੱਡ ਦੇਵੋ, ਬਾਦਸ਼ਾਹ ਕੋਲ ਜਾਕੇ ਅਰਜੀ ਦਾਹਵੇ ਕਰਨ ਦੀ ਥਾਂ ਭਰਾਵਾਂ ਵਾਂਗ ਘਰ ਬੈਠਕੇ ਹੀ ਸਾਰੇ ਮਾਮਲ ਨਜਿਠ ਲਵੋ, ਜਿਸ ਵਸਤੂ ਦੀ ਇਛਾ ਹੈ, ਉਹ ਲੈ ਲਵੋ। ਸਤਿਗੁਰੂ ਜੀ ਦੀ ਮੇਹਰ ਨਾਲ ਮਾਲ-ਡੰਗਰ, ਦੌਲਤ ਤੇ ਮਕਾਨ ਆਦਿ ਦਾ ਕੋਈ ਘਾਟਾ ਨਹੀਂ।

ਸੋਢੀ ਮੇਹਰਬਾਨ ਨੇ ਜਾਣਿਆਂ ਕਿ ਸਤਿਗੁਰੂ ਜੀ ਡਰ ਗਏ ਹਨ ਤੇ ਏਸੇ ਵਾਸਤੇ ਉਨ੍ਹਾਂਨੇ ਭਾਈ ਗੁਰਦਾਸ ਜੀਨੂੰ ਭੇਜਿਆ ਹੈ,ਉਹਅਗੋਂ ਬੜੇ ਹੰਕਾਰ ਤੇ ਰੋਹਬ ਨਾਲ ਆਖਣ ਲਗਾ-'ਜਿਸ ਦਿਨ ਤੋਂ (ਸਤਿਗੁਰੂ) ਹਰਿ ਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲੀ ਹੈ ਤੇ ਮੇਰੇ ਪਿਤਾ ਜੀਨੂੰ ਗੁਰਿਆਈ ਦੀ ਆਮ-ਦਨ ਵਿਚੋਂ ਹਿਸਾ ਨਹੀਂ ਦਿਤਾ, ਮੈਂ ਤਾਂ ਉਸ ਦਿਨ ਤੋਂ ਹਿਸੇ ਦਾ ਪੈਸਾ ਗਿਣਕੇ ਲੈਣਾ ਹੈ। ਮੇਰੇ ਹਿਸਾਬ ਨਾਲ ਯਾਰਾਂ ਲਖ ਰੁਪੇ ਦੀ ਰਕਮ ਬਣਦੀ ਹੈ ਉਹ ਮੈਨੂੰ ਦਿਤੀ ਜਾਵੇ।

ਭਾਈ ਗੁਰਦਾਸ ਜੀ-'ਯਾਰਾਂ ਲਖ ਰੁਪਿਆ ਸਤਿਗੁਰੂ ਜੀ ਪਾਸ ਨਹੀਂ।'

ਸੋਢੀ ਮੇਹਰਬਾਨ-'ਮੇਰੇ ਨਾਲ ਫਿਰ ਸਮਝੌਤਾ ਨਹੀਂ ਹੋ ਸਕਦਾ ਮੈਂ ਆਪੇ ਇਹ ਰਕਮ ਵਸੂਲ ਕਰ ਲਵਾਂਗਾ।'

ਇਸਦੇ ਪਿਛੋਂ ਸੋਢੀ ਮੇਹਰਬਾਨ ਨੇ ਬਹੁਤ ਹੀ ਮੰਦੇ ਸ਼ਬਦ ਬੋਲ-ਦਿਆਂ ਹੋਇਆਂ ਸਤਿਗੁਰੂ ਜੀ ਦੀ ਨਿੰਦਾ ਕਰਨੀ ਸ਼ੁਰੂ ਕਰ ਦਿਤੀ,ਜਿਸ ਨਿੰਦਾ ਨੂੰ ਭਾਈ ਗੁਰਦਾਸ ਜੀ ਤੇ ਬਿਧੀ ਚੰਦ ਜੀ ਨਾ ਸੁਣ ਸਕੇ, ਉਹ ਚੁਪ ਚਾਪ ਉਹਦੇ ਕੋਲੋਂ ਉਠਕੇ ਸਤਿਗੁਰੂ ਜੀ ਪਾਸ ਆ ਪੁਜੇ ਤੇ ਸਾਫ ਆਖ ਦਿਤਾ-'ਮੇਹਰਬਾਨ ਨਾਲ ਕਿਸੇ ਗਲ ਉਤੇ ਵੀ ਸਮਝੌਤਾ ਨਹੀਂ ਹੋ ਸਕਦਾ। ਉਹ ਆਪ ਦੀ ਨਿੰਦਾ ਕਰ ਰਿਹਾ ਹੈ।'

੪੩. ਮਾਤਾ ਗੰਗਾ ਜੀ ਦਾ ਜੋਤੀ ਜੋਤ ਸਮਾਉਣਾ

ਬਾਬਾ ਗੁਰਦਿਤਾ ਜੀ ਦੀ ਸ਼ਾਦੀ ਤੋਂ ਸਤਿਗੁਰੂ ਜੀ ਵੇਹਲੇ ਹੋਏ ਤਾਂ ਬਕਾਲੇ ਨਗਰ ਦੇ ਚੌਧਰੀ ਭਾਈ ਮੇਹਰੇ ਜੀ ਨੇ ਸਤਿਗੁਰੂ ਜੀ ਅਗੇ ਪ੍ਰਾਥਨਾ ਕੀਤੀ–'ਹੇ ਦਾਤਾ ! ਮੇਰੀ ਤੇ ਮੇਰੇ ਪ੍ਰਵਾਰ ਦੀ ਇਛਾ ਹੈ ਕੀ ਆਪ ਅਸਾਡੇ ਘਰ ਚਰਨ ਪਾਵੋ ਤੇ ਨਿਹਾਲ ਕਰੋ, ਮਾਤਾ ਗੰਗਾ ਜੀ ਵੀ ਨਾਲ ਚਲਣ ਅਤੇ ਸਿਖਾਂ ਸੇਵਕਾਂ ਨੂੰ ਵੀ ਸਾਥ ਲੈ ਚਲੋ।' ਮੇਹਰਾਂ ਦੇ ਦਾਤੇ ਸਤਿਗੁਰੂ ਜੀ ਆਪਣੇ ਸਿਖਾਂ ਦੀਆਂ ਮਨੋ ਕਾਮਨਾ ਪੂਰੀਆਂ ਕਰਦੇ ਸਨ। ਉਨ੍ਹਾਂ ਨੇ ਭਾਈ ਮੇਹਰੇ ਨੂੰ ਬਚਨ ਕੀਤਾ, 'ਤੇਰੇ ਸਾਥ ਤੇਰੇ ਨਗਰ ਚਲਦੇ ਹਾਂ।' ਪਾਲਕੀਆਂ ਵਿਚ ਮਾਤਾ ਗੰਗਾ ਜੀ ਤੇ ਸਤਿਗੁਰੂ ਜੀ ਦੇ ਮਹਿਲ ਬੈਠ ਗਏ ਅਤੇ ਸਤਿਗੁਰੂ ਜੀ ਤੇ ਸੈਨਿਕ ਸਿਖ ਘੋੜਿਆਂ ਉਪਰ ਸਵਾਰ ਹੋਏ। ਅਗੇ ਅਗੇ ਭਾਈ ਮੇਹਰਾ ਪੈਦਲ ਚਲਣ ਲਗਾ, ਉਹ ਆਪਣੇ ਧੰਨ ਭਾਗ ਸਮਝ ਰਿਹਾ ਸੀ ਕਿ ਉਹਦੇ ਘਰ ਨੂੰ ਪਵਿਤ੍ਰ ਤੇ ਪੂਜਨੀਕ ਕਰਨ ਵਾਸਤੇ ਆਪ ਪ੍ਰਮੇਸ਼ਰ, ਦੀਨ ਦੁਨੀ ਦੇ ਵਾਲੀ ਜਾ ਰਹੇ ਹਨ। ਉਸਨੂੰ ਨਾ ਥਕੇਵਾਂ ਸੀ ਨਾਅਕੇਵਾਂ, ਉਹ ਹੌਲਾ ਫੁਲ ਅਗੇ ਅਗੇ ਨੱਠਾ ਜਾਂਦਾ ਸੀ।

ਰਾਹ ਵਿਚ ਸੰਗਤਾਂ ਨੂੰ ਤਾਰਦੇ ਹੋਏ ਸਤਿਗੁਰੂ ਜੀ ਭਾਈ ਮੇਹਰੇ ਦੇ ਘਰ ਪੁਜੇ, ਉਸੇ ਨਵੇਂ ਮਕਾਨ ਵਿਚ ਡੇਰਾ ਕੀਤਾ ਜਿਥੇ ਭਾਈ ਮੇਹਰਾ ਸਤਿਗੁਰੂ ਜੀ ਦਾਉਤਾਰਾ ਕਰਨਾ ਚਾਹੁੰਦਾ ਸੀ। ਸਤਿਗੁਰੂ ਜੀ ਦਾ ਆਉਣਾ ਸੁਣਕੇ ਚੌਗਿਰਦੇ ਦੇ ਪਿੰਡਾਂ ਦੇ ਲੋਕ ਵਹੀਰਾਂ ਘਤਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆ ਗਏ। ਭਾਰੀ ਜੋੜ ਮੇਲਾ ਹੋ ਗਿਆ, ਖੁਸ਼ੀਆਂ ਦੇ ਮੰਗਲਾ ਚਰਨ ਹੋਣ ਲਗੇ ਗੁਰੂ ਘਰ ਦੇ ਇਤਿ-ਹਾਸ, ਬਾਣੀ ਅਤੇ ਗੁਰਮਤ ਦਾ ਉਪਦੇਸ਼ ਹੋਣ ਲੱਗਾ। ਜਿਉਂ ਜਿਉਂ ਲੋਕ ਆਉਂਦੇ ਤੇ ਨਾਮ ਦਾਨ ਪ੍ਰਾਪਤ ਕਰਦੇ ਅਤੇ ਆਤਮਿਕ ਆਰਥਿਕ ਤੇ ਸਮਾਜਕ ਦੁਖਾਂ ਨੂੰ ਦੂਰ ਕਰਦੇ ਤਿਉਂ ਤਿਉਂ ਭਾਈ ਮੇਹਰੇ ਦਾ ਜਸ ਹੁੰਦਾ। ਬਾਹਰੋਂ ਆਈ ਸੰਗਤ ਨੂੰ ਜਲ ਤੇ ਪ੍ਰਸ਼ਾਦ ਛਕਾਉਣ ਤੇ ਜੋ ਕੁਝ ਖਰਚ ਹੁੰਦਾ ਰਿਹਾ ਉਹ ਵੀ ਭਾਈ ਮੇਹਰੇ ਜੀ ਦੇ ਘਰੋਂ ਹੁੰਦਾ ਰਿਹਾ। ਵਾਹਿਗੁਰੂ ਨੇ ਉਸਨੂੰ ਚੰਗਾ ਭਾਗ ਲਾਇਆ ਹੋਇਆ ਸੀ।

ਇਸਤਰਾਂ ਕਈ ਦਿਨ ਸਤਿ-ਸੰਗ ਹੁੰਦਿਆਂ ਬਤੀਤ ਹੋ ਗਏ, ਬਾਣੀਰੂਪ ਅੰਮ੍ਰਿਤ ਦੀ ਵਰਖਾ ਨਾਲ ਕਲਜੁਗ ਦੇ ਪਿਆਸੇ ਜੀਵਾਂ ਨੂੰ ਸ਼ਾਂਤੀ ਪ੍ਰਾਪਤ ਹੋਈ। ਮਾਤਾ ਗੰਗਾ ਜੀ ਬਹੁਤ ਬ੍ਰਿਧ ਸਰੀਰ ਸਨ। ਭਾਣੇ ਅਨੁਸਾਰ ਆਪ ਨੂੰ ਅਕਾਲ ਪੁਰਖ ਵਲੋਂ ਸੱਦਾ ਆ ਪੁਜਾ। ਅਕਾਲ ਪੁਰਖ ਦੇ ਹੁਕਮ ਨਾਲ ਬੀਮਾਰ ਹੋ ਗਏ ਤੇ ਚੇਤ ਸੁਦੀ ੧੪ ਸੰਮਤ ੧੬੯੫ ਬਿ: ਨੂੰ ਜੋਤੀ ਜੋਤ ਸਮਾ ਗਏ।

ਜੋਤੀ ਜੋਤ ਸਮਾਉਣ ਤੋਂ ਪਹਿਲਾਂ ਮਾਤਾ ਜੀ ਨੇ ਬਚਨ ਕੀਤਾ ਸੀ ਕਿ ਉਨ੍ਹਾਂ ਦੇ ਪੰਜ ਭੂਤਕ ਸਰੀਰ ਨੂੰ ਜਲ-ਪ੍ਰਵਾਹ ਕੀਤਾ ਜਾਵੇ ਕਿਉਂ ਕਿ ਉਨ੍ਹਾਂ ਦੇ ਪਤੀ ਗੁਰਦੇਵ ਦਾ ਪੰਜ ਭੂਤਕ ਸਰੀਰ ਸਮੇਂ ਦੀ ਜ਼ਾਲਮ ਸਰਕਾਰ ਨੇ ਜਲ ਪਰਵਾਹ ਕੀਤਾ ਸੀ, ਮਾਤਾ ਜੀ ਦੇ ਬਚਨਾਂ ਅਨੁਸਾਰ ਗੁਰੂ ਜੀ ਨੇ ਮਾਤਾ ਜੀ ਦੇ ਪੰਜ ਭੂਤਕ ਸਰੀਰ ਨੂੰ ਬਿਆਸਾ ਦੇ ਜਲ ਵਿਚ ਤਾਰ ਦਿਤਾ। ਪਰ ਮਾਤਾ ਜੀ ਦੀ ਸੰਸਾਰਕ ਯਾਦ ਕਾਇਮ ਕਰਨ ਵਾਸਤੇ ਬਕਾਲੇ ਪਿੰਡ ਦੇ ਉਤਰ ਵਲ ਇਕ ਅਸਥਾਨ ਮਿਥਿਆ, ਜਿਥੇ ਅਜਕਲ ਆਲੀਸ਼ਾਨ ਗੁਰਦਵਾਰਾ ਬਣਿਆ ਹੋਇਆ ਹੈ।

ਭਾਈ ਮੇਹਰੇ ਨੂੰ ਨਿਹਾਲ ਕਰਕੇ ਤੇ ਮਾਤਾ ਗੰਗਾ ਜੀ ਦੇ ਸਰੀਰ ਨੂੰ ਅਕਾਲ ਪੁਰਖ ਦੇ ਸਪੁਰਦ ਕਰਕੇ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਜੀ ਆ ਪੁਜੇ। ਮਾਤਾ ਜੀ ਦੇ ਨਮਿਤ ਬਹੁਤ ਵੱਡਾ ਯੱਗ ਕੀਤਾ।

੧. ਬੀਬੀ ਕੌਲਾਂ ਨੂੰ ਕਰਤਾਰ ਪੁਰ ਭੇਜਣਾ

ਜਿਸਤਰ੍ਹਾਂ ਮੀਰਾਂ ਬਾਈ ਸ੍ਰੀ ਕ੍ਰਿਸ਼ਨ ਜੀ ਨਾਲ ਆਤਮਿਕ ਪ੍ਰੀਤ ਕਰਦੀ ਸੀ, ਤਿਵੇਂ ਕੌਲਾਂ ਗੁਰੂ ਜੀ ਨਾਲ ਭਗਤੀ ਭਾਵ ਨਾਲ ਪਿਆਰ ਕਰਦੀ ਸੀ। ਸਤਿਗੁਰੂ ਜੀ ਨੂੰ ਉਹ ਖੁਦਾ ਦਾ ਰੂਪ ਅਨੁਭਵ ਕਰਦੀ ਸੀ, ਸਤਿਗੁਰੂ ਜੀ ਵੀ ਉਸਦਾ ਸਤਿਕਾਰ ਕਰਦੇ ਸਨ। ਉਹਦੇ ਨਾਮ ਉਤੇ 'ਕੌਲਸਰ' ਸਰੋਵਰ ਤਿਆਰ ਕਰ ਦਿਤਾ।

ਗੁਰੂ ਘਰ ਦੇ ਦੋਖੀਆਂ ਨੇ ਕੌਲਾਂ ਦੇ ਜੀਵਨ ਬਾਰੇ ਕਈ ਤਰਾਂ ਦੀਆਂ ਝੂਠੀਆਂ ਕਹਾਣੀਆਂ ਰਚਕੇ ਲੋਕਾਂ ਵਿਚ ਪਰਚਲਤ ਕਰਨੀਆਂ ਸ਼ੁਰੂ ਕਰ ਦਿਤੀਆਂ। ਐਸੀਆਂ ਮਨਘੜਤ ਕਹਾਣੀਆਂ ਘੜਨ ਵਿਚ ਸੋਢੀ

ਮੇਹਰਬਾਨ ਦਾ ਬਹੁਤ ਹੱਥ ਸੀ, ਸਤਿਗੁਰੂ ਜੀ ਦੇ ਸ਼ਰਧਾਲੂ ਤੇ ਸਿਦਕੀ ਸਿਖ ਜਦੋਂ ਸੁਣਦੇ ਤਾਂ ਉਹ ਬਹੁਤ ਕ੍ਰੋਧ ਕਰਦੇ ਸਨ। ਇਸਤਰ੍ਹਾਂ ਗੱਲਾਂ ਗੱਲਾਂ ਵਿਚ ਲੜਾਈ ਹੋ ਪੈਂਦੀ ਸੀ। ਇਸ ਵਿਚ ਕੋਈ ਸ਼ਕ ਨਹੀਂ ਕਿ ਕੌਲਾਂ ਜਿੰਨੀ ਭਗਤਣੀ ਸੀ ਉਨੀ ਹੀ ਰੂਪਵੰਤੀ ਸੀ ਇਸਤ੍ਰੀ ਤੇ ਪੁਰਖ ਉਸਦਾ ਦਰਸ਼ਨ ਕਰਕੇ ਨਿਹਾਲ ਹੁੰਦੇ ਸਨ।

ਸਤਿਗੁਰੂ ਜੀ ਦੇ ਸਿਆਣੇ ਸਿਖਾਂ ਨੇ ਸਲਾਹ ਕੀਤੀ ਕਿ ਇਸ ਲੜਾਈ ਤੇ ਝੂਠੀ ਦੰਦ ਕਥਾ ਦਾ ਅੰਤ ਕਰਨਾ ਚਾਹੀਏ। ਉਨ੍ਹਾਂ ਵਿਚੋਂ ਭਾਈ ਗੋਪਾਲ ਸੇਠ, ਤਖਤੂ, ਤੀਰਥਾ, ਨਵਲਾ, ਨਿਹਾਲੂ, ਕ੍ਰਿਸ਼ਨਾ ਤੇ ਤ੍ਰਿਲੋਕਾ ਆਦਿਕ ਨੇ ਭਾਈ ਗੁਰਦਾਸ ਜੀ ਦੇ ਪਾਸ ਜਾਕੇ ਬੇਨਤੀ ਕੀਤੀ ਤੇ ਕਿਹਾ ਕਿ ਕੌਲਾਂ ਨੂੰ ਸ੍ਰੀ ਅੰਮ੍ਰਿਤ-ਸਰ ਤੋਂ ਬਾਹਰ ਭੇਜ ਦੇਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਨੇ ਅਗੋਂ ਉੱਤਰ ਦਿਤਾ-'ਮੈਂ ਇਹ ਕਾਰਜ ਕਰਨ ਦੇ ਅਸਮਰਥ ਹਾਂ, ਬਾਬਾ ਬੁਢਾ ਜੀ ਪਾਸ ਚਲੀਏ, ਉਹ ਸਤਿਗੁਰੂ ਜੀ ਅਗੇ ਬੇਨਤੀ ਕਰ ਸਕਦੇ ਹਨ।'

ਭਾਈ ਗੁਰਦਾਸ ਜੀ ਦੀ ਨੇਕ ਸਲਾਹ ਨੂੰ ਸਾਰਿਆਂ ਨੇ ਪ੍ਰਵਾਨ ਕੀਤਾ ਅਤੇ ਬਾਬਾ ਬੁਢਾ ਜੀ ਦੇ ਪਾਸ 'ਬਾਬੇ ਦੀ ਬੀੜ' ਵਿਚ ਪਹੁੰਚੇ। ਬੜੇ ਪ੍ਰੇਮ ਤੇ ਸ਼ਰਧਾ ਨਾਲ ਨੇਕ ਭਾਵ ਨਾਲ ਮਿਠੇ ਸ਼ਬਦਾਂ ਵਿਚ ਬਾਬਾ ਜੀ ਨੇ ਜਦੋਂ ਸਾਰਾ ਹਾਲ ਸੁਣ ਲਿਆ ਤਾਂ ਉਨ੍ਹਾਂ ਨੇ ਉੱਤਰ ਦਿਤਾ-'ਠੀਕ ਹੈ! ਚਲੋ ਮੈਂ ਸਤਿਗੁਰੂ ਜੀ ਕੋਲ ਚਲਕੇ ਬੇਨਤੀ ਕਰਦਾ ਹਾਂ ਕਿ ਸਾਹਿਬ ਬੀਬੀ ਕੌਲਾਂ ਨੂੰ ਕਰਤਾਰ ਪੁਰ ਭੇਜ ਦੇਣ।' ਇਹ ਆਖਕੇ ਬਾਬਾ ਜੀ ਘੋੜੇ ਉਤੇ ਸਵਾਰ ਹੋਕੇ ਸਿਖਾਂ ਦੇ ਸਾਥ ਚਲ ਪਏ ਤੇ ਸ੍ਰੀ ਅੰਮ੍ਰਿ-ਤਸਰ ਜੀ ਆ ਪਹੁੰਚੇ।

ਸਤਿਗੁਰੂ ਜੀ ਬਾਬਾ ਬੁਢਾ ਜੀ ਦਾ ਬਹੁਤ ਸਤਕਾਰ ਕਰਦੇ ਸਨ। ਕਿਉਂਕਿ ਬਾਬਾ ਬੁਢਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਘਰ ਦੀ ਸੇਵਾ ਕਰਦੇ ਆਉਂਦੇ ਸਨ। ਆਪ ਪੂਰਨ ਬ੍ਰਹਮ ਗਿਆਨੀ ਤੇ ਸਚੇ ਸਿਦਕੀ ਸਿਖ ਸਨ। ਸ੍ਰੀ ਹਰਿ ਮੰਦਰ ਸਾਹਿਬ ਦੇ ਗ੍ਰੰਥੀ ਵੀ ਰਹਿ ਚੁਕੇ ਸਨ ਅਤੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਵਿਦਿਆ ਪੜ੍ਹਾਉਣ ਵਾਲੇ ਸਨ। ਉਨ੍ਹਾਂ ਨੇ ਜਦੋਂ ਸਤਿ-ਗੁਰੂ ਜੀ ਅਗੇ ਸਾਰਾ ਮਾਮਲਾ ਰਖਿਆ ਤਾਂ ਸਾਹਿਬਾਂ ਨੇ ਕਿਹਾ—'ਬਾਬਾ ਜੀ ਫਿਰ ਕੀ ਕਰਨਾ ਚਾਹੀਏ।'

ਸਿਖਾਂ ਦੀ ਨੇਕ ਸਲਾਹ ਨੂੰ ਪ੍ਰਵਾਨ ਕਰਨਾ ਹੀ ਯੋਗ ਹੈ।' ਬਾਬਾ ਜੀ ਨੇ ਆਖਿਆ।

'ਚਲੋ ਏਸੇ ਤਰ੍ਹਾਂ ਹੀ ਸਹੀ, ਕਲ ਕੌਲਾਂ ਨੂੰ ਕਰਤਾਰਪੁਰ ਨੂੰ ਤੋਰ ਦਿਤਾ ਜਾਵੇਗਾ, ਲਾਹੌਰ ਤੋਂ ਵੀ ਖਬਰਾਂ ਭੈੜੀਆਂ ਆ ਰਹੀਆਂ ਹਨ। ਤੁਰਕ ਸੈਨਾ ਅਸਾਂ ਨਾਲ ਲੋਹਾ ਲੈਣ ਦੀ ਤਿਆਰੀ ਕਰ ਰਹੀ ਹੈ। ਹੋ ਸਕਦਾ ਹੈ ਯੁਧ ਕਰਨਾ ਪਵੇ।' ਸਤਿਗੁਰੂ ਨੇ ਬਚਨ ਕੀਤਾ। ਅਗਲੇ ਦਿਨ ਬੀਬੀ ਕੌਲਾਂ ਨੂੰ ਸਿਦਕੀ ਸਿਖਾਂ ਨਾਲ ਕਰਤਾਰਪੁਰ ਨੂੰ ਤੋਰ ਦਿੱਤਾ। ਜੋ ਝੂਠੀ ਤੇ ਮਾੜੀ ਦੰਦ ਕਥਾ ਸੀ ਉਸ ਦਾ ਵੀ ਕੀਤਾ ਤੇ 'ਲੋਕ ਰਾਏ' ਦਾ ਸਾਹਿਬਾਂ ਨੇ ਸਤਕਾਰ ਵੀ ਕੀਤਾ।

੨. ਬੁਢਣ ਸ਼ਾਹ ਦੀ ਸਾਖੀ

ਕੀਰਤਪੁਰ ਦੀਆਂ ਪਹਾੜੀਆਂ ਵਿਚ ਇਕ ਫਕੀਰ ਰਹਿੰਦਾ ਸੀ।ਸਾਰੇ ਉਸਨੂੰ ਸਾਂਈ ਬੁਢਣਸ਼ਾਹ ਆਖਦੇ ਸਨ ਖੁਦਾਈ ਬੰਦਗੀ ਵਾਲਾ ਨੇਕਫਕੀਰਸੀ ਬਕਰੀਆਂ ਰਖਦਾ ਤੇ ਬਕਰੀਆਂ ਨੂੰ ਚਾਰਦਾ ਹੋਇਆ ਉਸ ਸਰਬ ਸ਼ਕਤੀਵਾਨ ਪ੍ਰਮਾਤਮਾ ਨੂੰ ਯਾਦ ਕਰਦਾ ਰਹਿੰਦਾ, ਜਿਸ ਪ੍ਰਮਾਤਮਾ ਦੀ ਮਾਯਾ ਦਾ ਪਸਾਰਾ ਇਹ ਦਿਸਦਾ ਜਗਤ ਹੈ। ਬਾਦਸ਼ਾਹ, ਸ਼ਾਹੂਕਾਰ, ਸੰਤ, ਮਹੰਤ ਤੇ ਆਮ ਮਨੁਖ ਨੂੰ ਸਮਦ੍ਰਿਸ਼ਟੀ ਨਾਲ ਦੇਖਦਾ ਕਿਸੇ ਕੋਲੋਂ ਕੁਝ ਨਾ ਲੈਂਦਾ।ਤਨ ਦੇ ਕੱਜਣ ਵਾਸਤੇ ਜਦੋਂ ਲੀੜੇ ਬਣਾਉਣ ਹੁੰਦੇ ਤਦੋਂ ਕਿਸੇ ਕੋਲ ਕੋਈ ਬਕਰੀ ਵੇਚ ਦਿੰਦਾ। ਉਸ ਦੀ ਆਤਮਾ ਨਿਰਮਲ ਸੀ। ਦੋਵੇਂ ਵੇਲੇ ਉਹ ਖੁਦਾ ਦੇ ਦਰਸ਼ਨ ਕਰਦਾ ਹੋਯਾ ਦਿਨ ਕਟੀ ਜਾਂਦਾ ਸੀ ਉਸਦੀ ਆਯੂ ਬਹੁਤ ਲੰਮੀ ਸੀ।

ਸਾਂਈ ਬੁਢਣ ਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਸਨ। ਦਰਸ਼ਨ ਕਰਨ ਸਮੇਂ ਸਾਂਈ ਜੀ ਨੇ ਸਤਿਗੁਰੂ ਜੀ ਅਗੇ ਬਕਰੀਆਂ ਦੇ ਦੁਧ ਦਾ ਕਟੋਰਾ ਰਖਿਆ। ਉਸ ਕਟੋਰੇ ਨੂੰ ਸਤਿਗੁਰੂ ਜੀ ਨੇ ਬੁਲ੍ਹਾਂ ਨਾਲ ਨਹੀਂ ਲਾਇਆ ਸਗੋਂ ਬਚਨ ਕੀਤਾ-- 'ਸਾਂਈ ਜੀ ! ਇਹ ਦੁਧ ਦਾ ਕਟੋਰਾ ਅਮਾ-ਨਤ ਰਖੋ ਛੇਵੇਂ ਜਾਮੇਂ ਵਿਚ ਆ ਕੇ ਅਸੀਂ ਪੀਵਾਂਗੇ। ਉਸ ਵੇਲੇ ਤੇਰੀਆਂ ਇਹ

ਇਹ ਪਹਾੜੀਆਂ ਰੌਣਕ ਵਾਲਾ ਸ਼ਹਿਰ ਬਣ ਜਾਣਗੀਆਂ ਮੇਲੇ ਲਗਿਆ ਕਰਨਗੇ।' ਇਹ ਸੁਣ ਕੇ ਸਾਂਈ ਬੁਢਣ ਸ਼ਾਹ ਪ੍ਰਸੰਨ ਹੋਇਆ ਉਸ ਦਿਨ ਤੋਂ ਬੁੱਢਣ ਸ਼ਾਹ ਉਡੀਕ ਕਰਦਾ ਰਿਹਾ ਕਿ ਸਤਿਗੁਰੂ ਜੀ ਆਉਣਗੇ ਤੇ ਉਹਦੇ ਕੋਲੋਂ ਦੁਧ ਦਾ ਕਟੋਰਾ ਪੀਣਗੇ। ਬਾਬਾ ਗੁਰਦਿੱਤਾ ਜੀ ਦੇ ਉੱਦਮ ਤੇ ਭਗਤੀ ਸ਼ਕਤੀ ਅਗੇ ਸਤਿਗੁਰੂ ਜੀ ਦੀ ਕ੍ਰਿਪਾਲਤਾ ਨਾਲ ਜਦੋਂ ਕੀਰਤ ਪੁਰ ਸ਼ਹਿਰ ਬਣਨਾਂ ਆਰੰਭ ਹੋ ਗਿਆ ਤਾਂ ਸਤਿਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਦੂਸਰੀ ਵਾਰ ਗਏ। ਇਕ ਦਿਨ ਸਵੇਰ ਦੇ ਸਤਸੰਗ ਦੇ ਪਿਛੋਂ ਸਤਿਗੁਰੂ ਜੀ ਧਰਮਸਾਲਾ ਵਿਚੋਂ ਉਠਕੇ ਪਥਰੀਲੀਆਂ ਪਹਾੜੀਆਂ ਵਲ ਪੈਦਲ ਹੀ ਤੁਰ ਪਏ। ਉਨ੍ਹਾਂ ਦੇ ਨਾਲ ਬਾਬਾ ਗੁਰਦਿੱਤਾ ਜੀ ਅਤੇ ਹੋਰ ਸ਼ਰਧਾਲੂ ਸਿਖ ਵੀ ਪਿਛੇ ਪਿਛੇ ਚਲੇ। ਪਹਿਲਾਂ ਉਚੀ ਪਹਾੜੀ ਚੜ੍ਹੇ ਫਿਰ ਹੇਠਾਂ ਖੱਡ ਵਿਚ ਉਤਰ ਗਏ। ਖੱਡ ਵਿਚੋਂ ਅਗਲੀ ਪਹਾੜੀ ਚੜ੍ਹੇ ਉਸ ਪਹਾੜੀ ਦੀ ਚੋਟੀ ਉਪਰ ਇਕ ਵਡੇਰੀ ਉਮਰ ਦੇ ਦਰਖਤ ਹੇਠਾਂ ਬਜ਼ੁਰਗ ਸਾਂਈ ਬੁਢਣ ਸ਼ਾਹ ਸਮਾਧੀ ਲਾਕੇ ਬੈਠੇ ਸਨ। ਪਿਤਲ ਦੀ ਬਾਲਟੀ ਵਿਚ ਦੁਧ ਅਗੇ ਪਿਆ ਸੀ ਨੈਨ ਮੁੰਦੇ ਹੋਏ ਸਨ। ਉਹ ਸਵਾਸ ਸਵਾਸ ਨਾਲ ਕਿਸੇ ਮਾਹੀ ਨੂੰ ਯਾਦ ਕਰ ਰਹੇ ਸਨ। ਇੰਵ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਕਿਸੇ ਪ੍ਰੀਤਮ ਦੀ ਉਡੀਕ ਕਰਦੇ ਕਰਦੇ ਕਾਹਲੇ ਪੈ ਗਏ ਸਨ। ਉਸ ਦਿਨ ਹੱਠ ਕਰਕੇ ਬੈਠ ਗਏ ਸੀ ਕਿ ਉਨ੍ਹਾਂ ਆਪਣੇ ਪ੍ਰੀਤਮ ਦੇ ਦਰਸ਼ਨ ਜ਼ਰੂਰ ਕਰ ਲੈਣੇ ਹਨ।

ਸਤਿਗੁਰੂ ਜੀ ਬੁਢਣ ਸ਼ਾਹ ਦੇ ਸਨਮੁਖ ਪਹੁੰਚ ਗਏ। ਸਾਹਿਬਾਂ ਨੇ ਅਵਾਜ਼ ਦਿੱਤੀ-'ਖ਼ੁਦਾ ਦੇ ਬੰਦੇ ! ਅਸੀਂ ਆਏ ਹਾਂ।' ਇਹ ਬੋਲ ਸੁਣਦੇ ਸਾਰ ਬੁਢਣ ਸ਼ਾਹ ਨੇ ਨੈਨ ਖੋਲ੍ਹੇ ਉਪਰ ਧਿਆਨ ਕਰਕੇ ਦੇਖਿਆ ਸ਼ਕ ਪਿਆ ਕਿ ਸੁਪਨਾ ਤਾਂ ਨਹੀਂ ਦੇਖ ਰਹੇ। ਨੈਨਾਂ ਨੂੰ ਖੋਲ੍ਹਿਆ ਫਿਰ ਦੇਖਿਆ 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪ੍ਰਤੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਉਸਦੇ ਸਨਮੁਖ ਖਲੋਤੇ ਹਨ। ਉਸੇ ਸਰੂਪ ਜਿਸ ਵਿਚ ਕਦੀ ਸਾਂਈ ਨੇ ਪਹਿਲਾਂ ਦਰਸ਼ਨ ਕੀਤੇ ਸਨ। ਲੱਗ ਪਗ ਸੌ ਸਾਲ ਜਿਸ ਪ੍ਰੇਮ ਦੀ ਮੂਰਤ ਨੂੰ ਦੇਖਣ ਬਦਲੇ ਬਤੀਤ ਕੀਤੇ ਸਨ, ਉਹ ਮੁਰਾਦ ਆ ਪੁਜੀ, ਹੱਥ ਜੁੜ ਗਏ ਸਿਰ ਨੀਵਾਂ ਹੋਕੇ ਚਰਨਾਂ ਉਪਰ ਡਿਗ ਪਿਆ 'ਤੁਸੀਂ ਆ ਗਏ ਮੈਂ ਉਡੀਕਾਂ ਕਰਦਾ ਥੱਕ ਗਿਆ। ਬਹੁਤ ਚੰਗਾ

ਕੀਤਾ ਜੋ ਆ ਗਏ।' ਬੁਢਣ ਸ਼ਾਹ ਪ੍ਰੇਮ ਤੇ ਅਨੰਦ ਵਿਚ ਬੇਹਬਲ ਹੋ ਕੇ ਏਹੋ ਕੁਝ ਆਖ ਸਕੇ।

'ਅਸਾਂ ਦੀ ਅਮਾਨਤ ?' ਸਤਿਗੁਰੂ ਜੀ ਨੇ ਬਚਨ ਕੀਤਾ।

'ਲੋ ! ਇਹ ਲੋ ਅਮਾਨਤ ! ਇਸ ਅਮਾਨਤ ਨੂੰ ਅਦਾ ਕਰਨ ਵਾਸਤੇ ਹੀ ਮੈਂ ਜੀਉਂਦਾ ਰਿਹਾ ਹਾਂ।' ਇਹ ਆਖਕੇ ਸਾਂਈ ਨੇ ਦੁਧ ਦੀ ਬਾਲਟੀ ਗੁਰੂ ਜੀ ਦੇ ਅੱਗੇ ਰਖ ਦਿਤੀ। ਗੁਰੂ ਜੀਨੇ ਸਾਰਾ ਦੁਧ ਪੀ ਲਿਆ। ਉਸ ਦੁਧ ਦੇ ਪੀਣਦੀ ਢਿਲ ਸੀ ਕਿ ਸਾਂਈ ਬੁਢਣ ਸ਼ਾਹ ਦੀ ਆਤਮਾ ਨੇ ਮਨੁਖੀ ਚੋਲੇ ਦਾ ਤਿਆਗ ਕਰ ਦਿਤਾ। ਉਹ ਪਵਨ ਰੂਪ ਹੋਕੇ ਪ੍ਰਮਾਤਮਾ ਦੇ ਦਰਬਾਰ ਵਲ ਚਲੀ ਗਈ।

ਇਹ ਕੌਤਕ ਦੇਖਕੇ ਬਾਬਾ ਬੁਢਾ ਜੀ ਤੇ ਹੋਰ ਸਿਖ ਬਹੁਤ ਹੈਰਾਨ ਹੋਏ। ਸਾਹਿਬਾਂ ਨੇ ਸਾਰਾਂ ਸਾਖੀ ਸੁਣਾਈ ਤੇ ਪੀਰ ਬੁਢਣ ਸ਼ਾਹ ਦਾ ਸਿਦਕ ਤੇ ਪ੍ਰੇਮ ਦਸਿਆ। ਉਸਦੇ ਪਿਛੋਂ ਬੁਢਣ ਸ਼ਾਹ ਦੇ ਪੰਜ ਭੂਤਕ ਸਰੀਰ ਨੂੰ ਬੜੇ ਸਤਕਾਰ ਨਾਲ ਸੁੰਦਰ ਕਬਰ ਵਿਚ ਦਫਨਾ ਦਿਤਾ, ਉਹ ਕਬਰ ਅਜੇ ਤਕ ਬਾਬਾ ਗੁਰਦਿਤਾ ਜੀਦੇ ਡੇਰੇ ਦੇ ਲਾਗੇ ਸਤਕਾਰੀ ਜਾ ਰਹੀ ਹੈ ਜੋ ਪ੍ਰਮਾਤਮਾ ਨੂੰ ਯਾਦ ਕਰਦੇ ਹਨ ਉਹ ਅਮਰ ਹਨ, ਜਗਤ ਦੇ ਪੁਰਖ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ ਹਨ।

****

੩. ਭਾਈ ਭਾਰੂ ਜੀ

ਭਦਰਕਾਲੀ ਦਾ ਮੇਲਾ ਸੀ, ਪਹਾੜ ਦੇ ਲੋਕ ਇਸ ਮੇਲੇ ਨੂੰ ਬੜੀ ਧੂਮ ਧਾਮ ਨਾਲ ਮਨਾਉਂਦੇ ਸਨ। ਉਸ ਮੇਲੇ ਉਤੇ ਰਾਜੇ ਮਹਾਰਜੇ ਤੇ ਸੇਠ ਲੋਕ ਵੀ ਆਉਂਦੇ ਤ ਪੂਜਾ ਕਰਦੇ ਸਨ ਬਹੁਤ ਸਾਰੇ ਸਿਖਾਂ ਤੇ ਰਾਜਿਆਂ ਦੀ ਬੇਨਤੀ ਕਰਨ ਤੇ ਗੁਰੂ ਜੀ ਵੀ ਉਸ ਮੇਲੇ ਤੇ ਚਲੇ ਗਏ। ਸਤਿਗੁਰੂ ਜੀ ਦੇ ਜਾਣ ਦਾ ਆਸ਼ਾ ਸਿਰਫ ਇਹ ਸੀ ਕਿ ਬੁਤ ਪੂਜਾ ਕਰਨ ਵਾਲੇ ਲੋਕਾਂ ਵਿਚ ਗੁਰਮਤ ਦਾ ਪ੍ਰਚਾਰ ਕੀਤਾ ਜਾਵ। ਗੁਰੂ ਜੀ ਦੇ ਨਾਲ ਰਾਗੀ ਢਾਡੀ ਤੇ ਕਵੀ ਵੀ ਆ ਗਏ ਸਨ। ਗੁਰੂ ਜੀ ਨੇ ਇਕ ਥਾਂ ਖੁਲ੍ਹੀ ਥਾਂ ਵਿਚ ਸਤਿਗੁਰ ਨਾਨਕ ਜੀ ਦਾ ਨਿਰੰਕਾਰੀ ਦਰਬਾਰ ਲਾ ਦਿਤਾ। ਗੁਰਬਾਣੀ ਦਾ ਕੀਰਤਨ ਤੇ ਉਪਦੇਸ਼ ਹੋਣਾ ਸ਼ੁਰੂ ਹੋਇਆ।

ਸਤਿਗੁਰੂ ਜੀ ਦੀ ਮਹਾਨ ਆਤਮਿਕ ਸ਼ਕਤੀ ਦੇ ਕਾਰਨ ਦੇਵੀ ਦੇ ਮੰਦਰ ਮੋਹਰੇ ਨਾਲੋਂ ਸਤਿਗੁਰੂ ਜੀ ਦੇ ਦਰਬਾਰ ਵਿੱਚ ਬਹੁਤੀ ਰੌਣਕ ਹੋ ਗਈ, ਕਈ ਰਾਜੇ ਤੇ ਮਹਾਰਾਜੇ ਵੀ ਉਪਦੇਸ਼ ਸੁਣਨ ਵਾਸਤੇ ਦਰਬਾਰ ਵਿਚ ਆ ਬੈਠੇ।

ਜਿਸ ਵੇਲੇ ਮੇਲਾ ਹੋਇਆ ਸੀ ਤਦੋਂ ਸਤਿਗੁਰੂ ਜੀ ਦੇ ਸਿਦਕੀ ਤੇ ਹਿੰਮਤੀ ਸਿੱਖ ਨੇ ਇੱਕ ਕੌਤਕ ਰਚ ਦਿੱਤਾ। ਉਹ ਕੌਤਕ ਐਸਾ ਸੀ ਜਿਸ ਨੇ ਸਾਰੇ ਲੋਕਾਂ ਦਾ ਧਿਆਨ ਆਪਣੀ ਵਲ ਖਿੱਚ ਲਿਆ। ਉਹ ਕੌਤਕ ਇਹ ਸੀ–'ਸਤਿਗੁਰੂ ਜੀ ਦਾ ਇਕ ਸਿੱਖ ਭਾਰੂ ਸੀ, ਉਹ ਮਾਲਵੇ ਦਾ ਵਸਨੀਕ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਕੀਰਤਪੁਰ ਸਾਹਿਬ ਪੁਜਾ ਹੋਇਆ ਸੀ, ਉਹ ਦੇਵਤਿਆਂ, ਸੁਲ-ਤਾਨੀਆਂ ਤੇ ਮੜ੍ਹੀ ਮਸਾਨ ਪੁਜਾਰੀਆਂ ਦੇ ਬਹੁਤ ਵਿਰੁਧ ਸੀ। ਉਹ ਸਦਾ ਕੁਹਾੜਾ ਹੱਥ ਵਿਚ ਰਖਦਾ, ਜਿਥੇ ਵੀ ਕਿਤੇ ਦਾ ਲੱਗਦਾ ਉਥੇ ਹੀ ਦੇਵੀ-ਦੇਵਤੇ ਦੇ ਮੰਦਰ ਨੂੰ ਢਾਹ ਸੁਟਦਾ। ਕਈਆਂ ਦੇਵੀਆਂ ਦੇ ਅੰਗ ਭੰਗ ਕੀਤੇ ਸਨ। ਪੱਥਰ ਦੀਆਂ ਦੇਵੀਆਂ ਉਸਨੂੰ ਆਪਣੀ ਸ਼ਕਤੀ ਨਾਲ ਨਾ ਬੀਮਾਰ ਕਰ ਸਕੀਆਂ ਸਨ ਤੇ ਨਾ ਅੰਨਾ ਕਾਣਾ, ਸ਼ਾਇਦ ਏਸ ਵਾਸਤੇ ਕਿ ਉਹਦਾ ਮਾਲਕ (ਸਤਿਗੁਰੂ ਜੀ) ਬਹੁਤ ਬਲ ਤੇ ਮਹਾ ਬ੍ਰਹਮਾ ਜੈਸਾ ਸ਼ਕਤੀ ਰਖਣ ਵਾਲਾ ਸੀ।

ਭਾਈ ਭਾਰੂ ਭਦਰਕਾਲੀ ਦੇਵੀ ਦੇ ਮੰਦਰ ਵਿਚ ਗਿਆ, ਉਸਨੇ ਦੇਵੀ ਤੇ ਭੈਰੋਂ ਜਤੀ ਦੀ ਮੂਰਤੀ ਦੇ ਨੱਕ ਵੱਢ ਸੁਟੇ। ਉਸਦਾ ਇਹ ਕਰਮ ਦੂਸਰਿਆਂ ਨੂੰ ਬਹੁਤ ਬੁਰਾ ਲੱਗਾ। ਦੇਵੀ ਭਗਤਾਂ ਨੇ ਉਸਨੂੰ ਫੜ ਲਿਆ ਤੇ ਸਤਿਗੁਰੂ ਜੀ ਦੇ ਪਾਸ ਲੈ ਆਏ ਦੇਵੀ ਦੀ ਭੇਟਾ ਨੂੰ ਖਾਣ ਵਾਲਿਆਂ ਪੰਡਤਾਂ ਨੇ ਰਾਜਿਆਂ ਅਗੇ ਫਰਿਆਦ ਕੀਤੀ। ਸਾਰੇ ਮੇਲੇ ਵਿਚ ਇਹੋ ਚਰਚਾ ਹੋਣ ਲੱਗ ਪਈ ਕਿ ਇਕ ਪੁਰਖ ਨੇ ਦੇਵੀ ਦਾ ਨੱਕ ਤੋੜ ਦਿੱਤਾ ਹੈ। ਭੈਰੋਂ ਜਤੀ ਦੇ ਕੰਨ ਨਹੀਂ ਛਡੇ।' ਹਿੰਦੂ ਰਾਜੇ ਵੀ ਬਹੁਤ ਗਰਮ ਹੋ ਗਏ। ਇਹ ਫੈਸਲਾ ਹੋ ਗਿਆ ਕਿ ਭਾਈ ਭਾਰੂ ਨੂੰ ਸਜ਼ਾਏ ਮੌਤ ਦਿਤੀ ਜਾਵੇ, ਉਸਨੂੰ ਸੰਗਸਾਰ ਕੀਤਾ ਜਾਵੇ, ਹੌਲੀ ਹੌਲੀ ਮਾਮਲਾ ਸਤਿਗੁਰੂ ਜੀ ਦੇ ਦਰਬਾਰ ਵਿਚ ਪੇਸ਼ ਹੋ ਗਿਆ ਕਿ ਭਾਈ ਭਾਰੂ ਜੀ ਨੂੰ ਕੀ ਸਜ਼ਾ ਦਿੱਤੀ ਜਾਣੀ ਚਾਹੀਏ। ਸਤਿਗੁਰੂ ਜੀ ਨੇ ਬਚਨ ਕੀਤਾ–'ਭਾਈ ਭਾਰੂ ਨੇ ਜੋ ਕਰਮ ਕੀਤਾ ਹੈ ਇਸਦਾ ਫਲ ਇਸਨੂੰ ਜ਼ਰੂਰ ਮਿਲਣਾ ਚਾਹੀਏ। ਜੇ ਕਰਮ ਚੰਗਾ ਤਾਂ ਫਲ ਚੰਗਾ

ਜੇ ਮੰਦਾ ਕਰਮ ਹੈ ਤਾਂ ਮੰਦਾ ਫਲ। ਪਰ ਸਵਾਲ ਇਸ ਗਲ ਦਾ ਹੈ ਕਿ ਫਲ (ਸਜ਼ਾ) ਦੇਵੇ ਕੌਣ! ਭਾਰੂ ਨੇ ਦੇਵੀ ਤੇ ਭੈਰੋਂ ਜਤੀ ਦੇਵਤੇ ਨਾਲ ਮੱਥਾ ਲਾਇਆ ਹੈ ਦੇਵਤੇ ਪੁਰਖਾਂ ਨਾਲੋਂ ਬਲੀ ਹੁੰਦੇ ਹਨ। ਸਜ਼ਾ ਦੇਣ ਦਾ ਹੱਕ ਦੇਵੀ ਤੇ ਭੈਰੋਂ ਨੂੰ ਹੈ ਜਾਂ ਤਾਂ ਕਹੋ ਦੇਵੀ ਤੇ ਭੈਰੋਂ ਇਸ ਨਾਲੋਂ ਮਾੜੇ ਹਨ ਤੇ ਮਾੜੇ ਦੀ ਰਾਖੀ ਕਰਨਾ ਮਨੁਖ ਦਾ ਪਰਮ ਧਰਮ ਹੈ, ਜੇ ਦੇਵੀ ਤੇ ਦੇਵਤੇ ਤਕੜੇ ਹਨ ਤਾ ਉਹ ਭਾਰੂ ਨੂੰ ਆਪੇ ਸਜ਼ਾ ਦੇਣਗੇ ਕਿਸੇ ਮਨੁਖ ਦਾ ਕੋਈ ਹੱਕ ਨਹੀਂ ਕਿ ਉਹ ਦੇਵਤਿਆਂ ਦੀ ਲੜਾਈ ਵਿਚ ਦਖਲ ਦੇਵੇ। ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਇਕ ਪੰਡਿਤ ਨਾਰਮੀ ਨਾਲ ਬੋਲਿਆ–'ਜੀ! ਦੇਵੀ ਤੇ ਭੈਰੋਂ ਦੀ ਮੂਰਤ ਤਾਂ ਪੱਥਰ ਦੀ ਹੈ ਉਹ ਜੜ ਰੂਪ ਹੈ। ਉਸਦੀ ਰਾਖੀ ਕਰਨਾ ਅਸਾਂ ਦਾ ਧਰਮ ਹੈ ਉਹ ਆਪਣੀ ਰਾਖੀ ਆਪ ਨਹੀਂ ਕਰ ਸਕਦੇ।'

ਪੰਡਤ ਦੀ ਇਹ ਦਲੀਲ ਸੁਣਕੇ ਸਤਿਗੁਰੂ ਜੀ ਮੁਸਕਰਾ ਪਏ। ਸਾਹਿਬਾਂ ਨੇ ਉਚੀ ਸੁਣਾਕੇ ਆਖਿਆ–'ਓ ਪੰਡਤ! ਜੋ ਦੇਵੀ ਤੇ ਦੇਵਤੇ ਆਪਣੀ ਰਾਖੀ ਆਪ ਨਹੀਂ ਕਰ ਸਕਦੇ। ਉਹ ਜੜ ਰੂਪ ਪੱਥਰ ਤੇਰੀ ਰਾਖੀ ਕਿਵੇਂ ਕਰ ਸਕਦੇ ਹਨ। ਤੇਰੀਆਂ ਲੋੜਾਂ ਤੇ ਸਧਰਾਂ ਕਿਵੇਂ ਪੂਰੀਆਂ ਕਰ ਸਕਦੇ ਹਨ! ਇਨ੍ਹਾਂ ਪੱਥਰਾਂ ਦੀ ਪੂਜਾ ਛੱਡ ਤੇ ਉਸ ਸਰਬ ਸ਼ਕਤੀਵਾਨ ਭਗਵਾਨ(ਪ੍ਰਮਾਤਮਾ ਦੀ ਪੂਜਾ ਕਰ ਜੋ ਸਾਰੇ ਜਗਤ, ਪੱਥਰਾਂ ਬਨਾਸਪਤੀ ਦੇ ਮਨੁਖਾਂ ਦੇ ਘੜਨ-ਭੰਨਣ ਯੋਗ ਹੈ ਜਿਸਦੇ ਹੁਕਮ ਵਿਚ ਪਵਨ, ਇੰਦਰ ਰੁਦਰ ਤੇ ਬ੍ਰਹਮਾਂ, ਵਿਸ਼ਨੂੰ ਤੇ ਸ਼ਿਵ ਜੀ ਆਦਿਕ ਰਹਿੰਦੇ ਹਨ। ਸਤਿਗੁਰੂ ਦੀ ਸ਼ਰਨ ਆ ਤੇ ਅਕਾਲ ਪੁਰਖ ਦੀ ਪੂਜਾ ਕਰਨ ਦੀ ਜਾਚ ਸਿਖ। ਹੁਸ਼ਿਆਰ ਪੰਡਤਾਂ ਨੇ ਆਪਣੀ ਰੋਜੀ ਵਾਸਤੇ ਇਹ ਢੰਗ ਰਚੇ ਹਨ। ਭੋਲੀ ਭਾਲੀ ਅਗਿਆਨੀ ਲੋਕਾਈ ਨੂੰ ਫਸਾ ਕੇ, ਭੈ ਦਸਕੇ ਕਾਰਜ ਸਿਧ ਕੀਤਾ ਜਾ ਰਿਹਾ ਹੈ।' ਸਤਿਗੁਰੂ ਜੀ ਦੇ ਉਪਦੇਸ਼ ਦਾ ਅਸਰ ਲੋਕਾਂ ਦੇ ਮਨਾਂ ਉਪਰ ਬਹੁਤ ਪਿਆ, ਜੋ ਭਾਈ ਭਾਰੂ ਨੂੰ ਪੱਥਰ ਮਾਰਨ ਵਾਸਤੇ ਡਟੇ ਖਲੋਤੇ ਸਨ ਉਹ ਸ਼ਾਂਤ ਹੋ ਗਏ ਤੇ ਸਤਿਗੁਰੂ ਜੀ ਨੇ ਭਾਈ ਭਾਰੂ ਨੂੰ ਨਿਹਾਲ ਕੀਤਾ। ਪਰ ਨਾਲ ਹੀ ਇਹ ਸਿਖਿਆ ਦਿਤੀ–'ਅਸਾਂ ਗਿਆਨ ਨਾਲ ਪੱਥਰ ਪੂਜਾ ਛੁਡਾਉਣੀ ਹੈ ਤੁਰਕਾਂ ਵਾਂਗ ਦੇਵ ਮੂਰਤੀਆਂ ਨੂੰ ਤੋੜਕੇ ਹਿੰਦੂ ਭਰਾਵਾਂ ਦਾ ਦਿਲ ਨਹੀਂ ਦੁਖਾਉਣਾ।'

੪. ਭਾਈ ਖੁਸ਼ਾਲੀ ਦੀ ਸੇਵਾ

ਗੁਰੂ ਘਰ ਦੇ ਸ਼ਰਧਾਲੂਆਂ ਤੇ ਪ੍ਰੇਮੀਆਂ ਦੀਆਂ ਜੀਵਨ-ਸਾਖੀਆਂ ਬਹੁਤ ਹੀ ਹੈਰਾਨ ਕਰਨ ਵਾਲੀਆਂ ਹਨ।ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰਨ ਲਗਿਆਂ ਜਾਨਾਂ ਤਕ ਵਾਰ ਦੇਂਦੇ ਸਨ। ਤਨ ਦੇ ਦੁਖਾਂ ਦਾ ਖਿਆਲ ਨਹੀਂ ਸੀ ਰਹਿੰਦਾ, ਭੁਖ ਤੇ ਤ੍ਰੇਹ ਨਹੀਂ ਸੀ ਸਤਾਉਂਦੀ। ਐਸੇ ਗੁਰਮੁਖਾਂ ਵਿਚੋਂ ਭਾਈ ਖੁਸ਼ਾਲੀ ਜੀ ਸਨ। ਉਨ੍ਹਾਂ ਨੇ ਤਨ ਮਨ ਤੇ ਧਨ ਸਭ ਕੁਝ ਗੁਰੂ ਘਰ ਨੂੰ ਅਰਪਨ ਕਰ ਦਿੱਤਾ ਸੀ। ਚੋਜੀ ਪ੍ਰੀਤਮ ਸਤਿਗੁਰੂ ਜੀ ਨੇ ਕੀਰਤਪੁਰ ਵਿਚ ਬਰਾਜਿਆਂ ਹੋਇਆਂ ਭਾਈ ਖੁਸ਼ਾਲੀ ਦੇ ਹੁੰਦਿਆਂ ਹੋਇਆਂ ਸਿੱਖਾਂ ਨੂੰ ਹੁਕਮ ਕੀਤਾ—'ਹੇ ਪੁਰਖੋ !ਇਹ ਇਲਾਕਾ ਪਹਾੜੀ ਹੈ ਗਰਮੀ ਨਾਲੋਂ ਠੰਢ ਬਹੁਤ ਹੈ। ਅਗੇ ਬਾਰਸ਼ਾਂ ਆਈਆਂ ਹਨ ਬਾਰਸ਼ਾਂ ਦੇ ਸਮੇਂ ਜੋ ਸਿਖ ਸੰਗਤ ਦਰਸ਼ਨ ਕਰਨ ਆਵੇਗੀ ਉਨਾਂ ਦੇ ਬਿਸਰਾਮ ਕਰਨ ਵਾਸਤੇ ਕੁਝ ਖੁਲ੍ਹੀਆਂ ਛੰਨਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਇਹ ਛੰਨਾਂ ਛੇਤੀ ਤਿਆਰ ਹੋ ਜਾਣ ਤਾਂ ਚੰਗਾ ਹੈ।'

ਸਤਿਗੁਰੂ ਜੀ ਨੇ ਇਹ ਬਚਨ ਸਾਰਿਆਂ ਨੂੰ ਸਾਂਝਾ ਕਿਹਾ ਪਰ ਭਾਈ ਖੁਸ਼ਾਲੀ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਸਾਹਿਬਾਂ ਨੇ ਉਸੇ ਨੂੰ ਹੀ ਆਖਿਆ ਸੀ, ਉਹ ਉਸੇ ਵੇਲੇ ਉਠਿਆ ਸਤਿਗੁਰੂ ਜੀ ਦੇ ਚਰਨਾ ਉਪਰ ਮੱਥਾ ਟੇਕਿਆ ਤੇ ਦੀਵਾਨ ਵਿਚੋਂ ਬਾਹਰ ਚਲਿਆ ਗਿਆ। ਦੀਵਾਨ ਵਿਚੋਂ ਬਾਹਰ ਆਕੇ ਖੁਸ਼ਾਲੀ ਨੇ ਤਿੱਖੇ ਦੰਦਿਆਂ ਵਾਲੀਆਂ ਦਾਤਰੀਆਂ ਲਈਆਂ ਤੇ ਦਰਿਆ ਦੇ ਕਿਨਾਰੇ ਦੇ ਮੰਡ ਵਿਚੋਂ ਪਨ੍ਹੀ ਤੇ ਸਰ ਵੱਢਣ ਜਾ ਲੱਗਾ। ਸਵੇਰ ਤੋਂ ਸ਼ਾਮ ਤਕ ਪਨ੍ਹੀ ਸਰ ਵਢਦਾ ਰਿਹਾ। ਹੋਰ ਕਿਸੇ ਸਿੱਖ ਨੂੰ ਨਾਲ ਨਹੀਂ ਸੀ ਲਿਆ। ਪਨ੍ਹੀ ਸਰ ਵੱਢਣ ਪਿਛੋਂ ਆਪ ਹੀ ਪੰਡਾਂ ਬੰਨ੍ਹੀਆਂ ਤੇ ਸਾਰੀ ਰਾਤ ਆਪ ਹੀ ਪੰਡਾਂ ਨੂੰ ਢੋਂਦਾ ਰਿਹਾ। ਭੁਖ ਤੇ ਤ੍ਰੇਹ ਦਾ ਵਿਚਾਰ ਨਹੀਂ ਕੀਤਾ, ਬਸ ਜ਼ਬਾਨੋ "ਸਤਿਨਾਮ ਵਾਹਿਗੁਰੂ ! ਸਤਿਨਾਮ ਵਾਹਿਗੁਰੂ!" ਦਾ ਜਾਪ ਕਰੀ ਜਾਂਦਾ ਰਿਹਾ। ਵਾਹਿਗੁਰੂ ਸਿਮਰਨ ਤੇ ਸੇਵਾ ਹੀ ਉਸ ਵਾਸਤੇ ਅੰਨ-ਜਲ ਸਨ। ਉਹ ਸਿਦਕੀ ਭੌਰਾ ਸਾਰੀ ਰਾਤ ਪੰਡਾਂ ਢੋਂਦਾ ਰਿਹਾ ਦਿਨ ਚੜ੍ਹਦੇ ਨੂੰ ਪੰਨੀ ਸਰ ਦਾ ਢੇਰ ਲੱਗ ਗਿਆ, ਉਹ

ਅੱਕਿਆ ਥੱਕਿਆ ਨਹੀਂ । ਛੱਪਰ ਬੰਨ੍ਹ ਵਾਸਤੇ ਲਕੜਾਂ ਦੀ ਲੋੜ ਸੀ। ਕੁਹਾੜਾ ਹੱਥ ਲਿਆ ਤੇ ਜੰਗਲ ਵਿਚੋਂ ਕਿਕਰ ਤੇ ਟਾਹਲੀ ਆਦਿਕ ਦਰਖਤਾਂ ਦੀਆਂ ਲਕੜਾਂ ਵੱਢ ਕੇ ਲਿਆ ਸੁਟੀਆਂ । ਲਕੜਾਂ ਨੂੰ ਚੀਰਕੇ ਛਾਂਗ ਕੇ ਧਰਤੀ ਵਿਚ ਗੱਡਿਆ ਫਿਰ ਆਪ ਛੱਪਰ ਬੰਨ੍ਹਣ ਵਿਚ ਰੁਝ ਗਿਆ।

ਭਾਈ ਖੁਸ਼ਾਲੀ ਨੇ ਅਗੇ ਗੁਰੂ ਘਰ ਦੀ ਸੇਵਾ ਤਾਂ ਬਹੁਤ ਕੀਤੀ ਸੀ, ਪਰ ਛਪਰ ਨਹੀਂ ਸਨ ਬੰਨ੍ਹੇ। ਪਨ੍ਹੀ ਤੇ ਸਰ ਦੇ ਚੀਰਾਂ ਨਾਲ ਉਸਦੇ ਹੱਥਾਂ ਵਿਚੋਂ ਲਹੂ ਵਗਣਾ ਆਰੰਭ ਹੋ ਗਿਆ, ਉਹ ਲਹੂ ਆਪੇ ਹੀ ਬੰਦ ਹੁੰਦਾ ਰਿਹਾ ਤੇ ਆਪੇ ਹੀ ਵਗਦਾ ਰਿਹਾ, ਭਾਈ ਖੁਸ਼ਾਲੀ ਨੇ ਇਸ ਪਾਸੇ ਕੋਈ ਖਿਆਲ ਨਹੀਂ ਕੀਤਾ। ਉਹ ਤਾਂ ਸੇਵਾ ਕਰੀ ਗਿਆ ਉਹਦੇ ਨੈਣਾਂ ਅਗੇ ਸਤਿਗੁਰੂ ਜੀ ਦੀ ਤਸਵੀਰ ਸੀ, ਬੁਲਾਂ ਉਪਰ 'ਸਤਿਨਾਮ ਵਾਹਿਗੁਰੂ' ਦਾ ਸਿਮਰਨ ਸੀ ਤੇ ਹਿਰਦੇ ਵਿਚ ਭਗਤੀ ਦੀ ਧੜਕਣ ਸੀ। ਛੱਪਰ ਤਿਆਰ ਹੋ ਗਏ ਜਦੋਂ ਛੱਪਰ (ਛੰਨਾਂ) ਤਿਆਰ ਕਰਕੇ ਭਾਈ ਖੁਸ਼ਾਲੀ ਉਨ੍ਹਾਂ ਦੀਆਂ ਕਮੀਆਂ ਵਲ ਨਿਗਾਹ ਮਾਰ ਰਿਹਾ ਸੀ ਤਾਂ ਸਬਬ ਨਾਲ ਸਤਿਗੁਰੂ ਜੀ ਉਧਰ ਆ ਨਿਕਲੇ, ਸ਼ਰਧਾਲੂ ਸਿਖ ਦੀ ਸੇਵਾ ਦੇਖ ਕੇ ਬਹੁਤ ਪ੍ਰਸੰਨ ਹੋਏ। ਉਸ ਪ੍ਰਸੰਨਤਾ ਵਿਚ ਸਾਹਿਬਾਂ ਨੇ ਭਾਈ ਖੁਸ਼ਾਲੀ ਨੂੰ ਕਈ ਵਰ ਦਿਤੇ— "ਸਿਖਾ ! ਤੇਰੀ ਧੰਨ ਕਮਾਈ ਤੂੰ ਨਿਹਾਲ !" ਭਾਈ ਖੁਸ਼ਾਲੀ ਦੇ ਭਾਗ ਜਾਗ ਪਏ, ਉਹ ਦੀਨ ਦੁਨੀਆਂ ਤੋਂ ਤਰ ਗਿਆ ।

੫. ਭਾਈ ਚੂਹੜ ਦਾ ਪ੍ਰਸੰਗ

ਭਾਈ ਖੁਸ਼ਾਲੀ ਦੀ ਤਰ੍ਹਾਂ ਭਾਈ ਚੂਹੜ ਵੀ ਆਗਿਆ ਦਾ ਪਾਲਨ ਕਰਨ ਵਾਲਾ ਸਤਿਗੁਰੂ ਜੀ ਦਾ ਸਿਖ ਹੋਇਆ ਹੈ। ਇਹ ਮਾਝੇ ਦਾ ਵਸਨੀਕ ਸੀ। ਸਤਿਗੁਰੂ ਜੀ ਦੇ ਨਾਲ ਹੀ ਰਿਹਾ ਕਰਦਾ ਸੀ । ਇਕ ਦਿਨ ਦੀਵਾਨ ਵਿਚ ਬੈਠਿਆਂ ਹੋਇਆਂ ਸਤਿਗੁਰੂ ਜੀ ਨੇ ਬਚਨ ਕੀਤਾ—'ਭਾਈ ਚੂਹੜ ! ਦਰਿਆ ਵਿਚੋਂ ਪੱਥਰ ਲਿਆ ਕੇ ਧਰਮਸਾਲਾ ਦੀ ਕੰਧ ਉਸਾਰ ਲੈਣੀ ਚਾਹੀਏ। ਜੇ ਕੰਧ ਨਾ ਉਸਰੀ ਤਾ ਜਦੋਂ ਬਾਰਸ਼ਾਂ ਆਈਆਂ ਤਦੋਂ ਧਰਮਸਾਲਾ ਦਾ ਬਾਕੀ ਹਿੱਸਾ ਵੀ ਡਿਗ ਪਵੇਗਾ।'

ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਭਾਈ ਚੂਹੜ ਨੇ ਉਸੇ ਵੇਲੇ ਕਮਰ-ਕੱਸਾ ਕੀਤਾ ਤੇ ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰਨ ਵਾਸਤੇ ਤੁਰ ਪਿਆ। ਦਰਿਆ ਵਿਚ ਜਾਕੇ ਪੱਥਰ ਇਕੱਠੇ ਕੀਤੇ ਫਿਰ ਉਨ੍ਹਾਂ ਨੂੰ ਚੁਕ ਕੇ ਧਰਮ-ਸਾਲਾ ਤਕ ਲਿਆਂਦਾ। ਤਿੰਨ ਰਾਤਾਂ ਤੇ ਤਿੰਨ ਦਿਨ ਉਹ ਸੇਵਾ ਕਰਦਾ ਰਿਹਾ ਨਾ ਉਸ ਨੂੰ ਕਿਸੇ ਰੋਕਿਆ ਤੇ ਨਾ ਉਹ ਆਪ ਰੁਕਿਆ, ਉਹ ਸੇਵਾ ਕਰਦਾ ਰਿਹਾ। ਅਚਾਨਕ ਸਤਿਗੁਰੂ ਜੀ ਨੇ ਭਾਈ ਚੂਹੜ ਨੂੰ ਯਾਦ ਕੀਤਾ। ਸੇਵਕਾਂ ਨੇ ਕਿਹਾ—'ਸਚੇ ਪਾਤਸ਼ਾਹ! ਭਾਈ ਚੂਹੜ ਤਾਂ ਆਪਦੀ ਆਗਿਆ ਅਨੁਸਾਰ ਪਥਰ ਢੋ ਕੇ ਕੰਧ ਕਰਨ ਦੀ ਸੇਵਾ ਕਰ ਰਿਹਾ ਹੈ। ਉਸ ਨੂੰ ਤਿੰਨ ਦਿਨ ਤੇ ਤਿੰਨ ਰਾਤਾਂ ਸੇਵਾ ਕਰ-ਦਿਆਂ ਹੋ ਗਏ ਹਨ।'

ਇਹ ਸੁਣ ਕੇ ਸਿੱਖਾਂ ਦੇ ਹਮਦਰਦ ਉਸੇ ਵੇਲੇ ਉਧਰ ਤੁਰ ਪਏ। ਕੰਧ ਕੋਲ ਜਾਕੇ ਸਾਹਿਬਾਂ ਨੇ ਦੇਖਿਆ ਭਾਈ ਚੂਹੜ ਸੇਵਾ ਕਰੀ ਜਾ ਰਿਹਾ ਹੈ, ਉਹਦੀ ਜ਼ਬਾਨੋਂ 'ਸਤਿਨਾਮ! ਵਾਹਿਗੁਰੂ! ਅਤੇ ਧੰਨ ਸਤਿਗੁਰੂ ਜੀ!' ਦੀ ਧੁਨ ਉਤਪਨ ਹੋ ਰਹੀ ਸੀ। ਉਹਦੇ ਹੱਥਾਂ ਵਿਚੋਂ ਲਹੂ ਸਿਮ ਰਿਹਾ ਸੀ। ਨੀਂਦਰੇ ਨਾਲ ਅੱਖਾਂ ਲਾਲ ਸਨ ਪਰ ਚੇਹਰੇ ਉਤੇ ਸੂਰਜ ਵਾਂਗ ਨੂਰ ਚਮਕਦਾ ਸੀ। ਸਤਿਗੁਰੂ ਜੀ ਨੇ ਬਚਨ ਕੀਤਾ—'ਭਾਈ ਚੂਹੜ! ਤੂੰ ਨਿਹਾਲ ਹੋਇਆ! ਤੇਰੀ ਘਾਲ ਥਾਏਂ ਪਈ।' ਇਸ ਬਚਨ ਨੂੰ ਸੁਣਕੇ ਭਾਈ ਚੂਹੜ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਹੱਥਲਾ ਕੰਮ ਛੱਡ ਕੇ ਨੱਸ ਕੇ ਨੇੜੇ ਆਇਆ ਤੇ ਸਤਿਗੁਰੂ ਜੀ ਦੇ ਚਰਨੀ ਡਿੱਗ ਪਿਆ। ਚਰਨਾਂ ਉਪਰ ਮਸਤਕ ਰੱਖ ਕੇ ਚਰਨਾਂ ਦੀ ਧੂੜ ਨੂੰ ਨੇਤ੍ਰਾਂ ਉਪਰ ਲਾਇਆ ਜ਼ਬਾਨੋਂ ਕਿਹਾ—'ਹੇ ਦਾਤਾ! ਮੈਂ ਤਾਂ ਕਲਜੁਗ ਦਾ ਪਾਪੀ ਜੀਵ ਭੁਲਣਹਾਰ ਹਾਂ। ਆਪ ਸਮਰਥ ਗੁਰੂ ਹੋ ਮੇਰੀਆਂ ਭੁਲਾਂ ਨੂੰ ਬਖਸ਼ੋ। ਅਗੇ ਦਾ ਡਰ ਰਾਤ ਦਿਨੇ ਸਤਾ ਰਿਹਾ ਹੈ। ਆਪ ਦੇ ਹੁਕਮ ਦੀ ਪਾਲਨਾ ਕਰਦਿਆਂ ਹੋਇਆਂ, ਸੇਵਾ ਤੇ ਨਾਮ ਬਾਣੀ ਵਿਚ ਮਨ ਲਾਇਆਂ ਹੋਇਆਂ ਹੀ ਹਿਰਦਾ ਸ਼ਾਂਤ ਰਹਿੰਦਾ ਹੈ। ਸਦੀਵਕਾਲ ਵਾਸਤੇ ਸ਼ਾਂਤੀ ਬਖਸ਼ੋ! ਹੇ ਸਚੇ ਪਾਤਸ਼ਾਹ ਆਪ ਦੇ ਲੜ ਲਗਿਆਂ ਸਾਰੇ ਲੇਖੇ ਮੁਕ ਜਾਣ। ਹੇ ਦਾਤਾ! ਦੀਨ ਦਿਆਲ ਦਇਆ ਕਰੋ, ਮੇਹਰ ਕਰੋ ਕ੍ਰਿਪਾ ਨਿਧ!'

ਸਤਿਗੁਰੂ ਜੀ ਨੇ ਭਾਈ ਚੂਹੜ ਨੂੰ ਉਠਾ ਕੇ ਹਿਕ ਨਾਲ ਲਾ ਲਿਆ

ਜਿਸ ਤਰ੍ਹਾਂ ਬਾਪ ਬੱਚੇ ਨਾਲ ਪ੍ਰੇਮ ਕਰਦਾ ਹੈ ਤਿਵੇਂ ਪਿਆਰ ਕੀਤਾ ਤੇ ਬਚਨ ਕੀਤਾ —'ਤੇਰੇ ਜਨਮ ਮਰਨ ਤੇ ਬੰਧਨ ਕਟੇ। ਤੂੰ ਬਹੁਤ ਬਹਾਦਰ ਹੈਂ! ਤੇਰੀ ਵੰਸ਼ ਬਹਾ-ਦਰਾਂ ਤੇ ਜੋਧਿਆਂ ਦੀ ਵੰਸ਼ ਹੋਵੇਗੀ!'

ਕਿਹਾ ਜਾਂਦਾ ਹੈ ਕਿ ਮਜੀਠਾ ਵੰਸ਼ ਦੇ ਸਰਦਾਰ ਤੇ ਜੋਧੇ ਭਾਈ ਚੂਹੜ ਜੀ ਦੀ ਵੰਸ਼ ਵਿਚੋਂ ਹੋਏ ਹਨ। ਗੁਰੂ ਘਰ ਵਿਚ ਸੇਵਾ ਤੇ ਸਿਮਰਨ ਦਾ ਹੀ ਸਤਿਕਾਰ ਹੈ।

—:o:—

੬. ਜੰਗਲੀ ਸੂਰ ਦਾ ਸ਼ਿਕਾਰ ਕਰਨਾ

ਸਤਿਗੁਰੂ ਜੀ ਸ੍ਰੀ ਅਕਾਲ ਬੁੰਗ ਬਰਾਜੇ ਹੋਏ ਸਨ ਕਿ ਕਿਸੇ ਪਾਪੀ ਆਤਮਾ ਨੇ ਪੁਕਾਰ ਕਰਕੇ ਸਾਹਿਬਾਂ ਨੂੰ ਸਦਿਆ। ਉਹ ਆਤਮਾ ਪਾਪ ਕਰਮ ਤੇ ਮਾੜੀ ਜੂਨ ਤੋਂ ਛੁਟਕਾਰਾ ਪੌਣ ਵਾਸਤੇ ਤੜਪ ਰਹੀ ਸੀ। ਉਹ ਆਤਮਾ ਸੀ ਜੰਗਲੀ ਸੂਰ ਦੇ ਰੂਪ ਵਿਚ। ਪਾਪ ਕਰਮ ਦੇ ਕਾਰਨ ਉਸ ਨੂੰ ਸੂਰ ਜੂਨੀ ਮਿਲੀ ਹੋਈ ਸੀ।

ਸਤਿਗੁਰੂ ਜੀ ਸੰਘਾਸਨ ਤੋਂ ਉਠੇ ਤੇ ਸਿੱਖਾਂ ਨੂੰ ਸਾਥ ਲੈਕੇ ਆਪਣੀ ਜਨਮ ਭੂਮੀ ਵਡਾਲੀ ਨਗਰ ਵਲ ਆ ਗਏ। ਆਪਣੇ ਪਿਤਾ ਸਤਿਗੁਰੂ ਅਰਜਨ ਦੇਵ ਜੀ ਦੇ ਬਣਾਏ ਹੋਏ ਛੇਹਰਟੇ ਖੂਹ ਦੇ ਦਰਸ਼ਨ ਕੀਤੇ ਤੇ ਨਗਰ ਵਾਸੀਆ ਨੂੰ ਨਿਹਾਲ ਕੀਤਾ।

ਨਗਰ ਦੇ ਮੁਖੀਆਂ ਨੇ ਸਤਿਗੁਰੂ ਜੀ ਅਗੇ ਪ੍ਰਾਰਥਨਾ ਕੀਤੀ—'ਹੇ ਦਾਤਾ! ਜੰਗਲੀ ਸੂਰ ਕਿਤਿਓਂ ਆਇਆ ਹੈ ਅਸੀਂ ਉਸ ਨੂੰ ਨਸਾਉਣ ਤੇ ਮਾਰਨ ਦਾ ਬੜਾ ਯਤਨ ਕੀਤਾ ਹੈ, ਪਰ ਉਹ ਨਾ ਮਾਰਿਆ ਜਾਂਦਾ ਹੈ ਤੇ ਨਾ ਕਿਤੇ ਹੋਰ ਥਾਂ ਜਾਂਦਾ ਹੈ। ਅਸਾਂ ਦੇ ਖੇਤ ਉਜਾੜੀ ਜਾ ਰਿਹਾ ਹੈ। ਉਸ ਨੂੰ ਮਾਰ ਕੇ ਅਸਾਂ ਦੇ ਖੇਤ, ਮਾਲ ਡੰਗਰ ਤੇ ਬਾਲ ਬਚੇ ਬਚਾਏ ਜਾਣ।' ਸਤਿਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕੀਤੀ ਤੇ ਘੋੜੇ ਤੇ ਸਵਾਰ ਹੋਕੇ ਸੂਰ ਦਾ ਸ਼ਿਕਾਰ ਕਰਨ ਤੁਰੇ। ਸੱਚ ਮੁਚ ਸੂਰ ਬਹੁਤ ਵਿਸ਼ਾਲ ਕਦ ਵਾਲਾ ਸੀ। ਪੈਂਦੇ ਖਾਂ ਵਰਗੇ ਇਕ ਦੋ ਬਹਾਦਰਾਂ ਨੇ ਉਸ ਨੂੰ ਮਾਰਨ ਦਾ ਯਤਨ ਕੀਤਾ ਪਰ ਉਹ ਨਾ ਮਰਿਆ। ਆਖਰ ਸਤਿਗੁਰੂ ਜੀ ਨੇ ਸਰੋਹੀ ਨਾਲ ਵਾਰ ਕਰਕੇ ਉਹਦੇ ਦੋ ਟੋਟੇ ਕਰ ਦਿਤੇ। ਜਦੋਂ ਉਹ ਸੂਰ ਮਰਿਆ

ਤਾਂ ਉਹਦੀ ਰੂਹ ਸਤਿਗੁਰੂ ਜੀ ਨੂੰ ਨਿਮਸਕਾਰ ਕਰਕੇ ਸਵਰਗਾਂ ਨੂੰ ਚਲੀ ਗਈ ਤੇ ਪਿੰਡ ਦੇ ਲੋਕ ਸੁਖੀ ਹੋ ਗਏ। ਉਹ ਪਰਉਪਕਾਰੀ ਸਤਿਗੁਰੂ ਜੀ ਦੇ ਗੁਣ ਗਾਉਣ ਲਗੇ।

੭. ਭਾਈ ਗੁਰਦਾਸ ਜੀ ਦਾ ਘੋੜੇ ਖਰੀਦਨ ਜਾਣਾ

ਭਾਈ ਗੁਰਦਾਸ ਜੀ ਸਿਖੀ ਸਕੂਲ ਦੇ ਮਹਾਨ ਵਿਦਿਵਾਨ ਤੇ ਮਹਾਂ ਕਵੀ ਹਨ। ਆਪ ਨੇ ਵਾਰਾਂ ਤੇ ਕਬਿੱਤ ਸਵੀਏ ਲਿਖੇ ਹਨ। ਆਪ ਦੀ ਇਸ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕੁੰਜੀ ਆਖਿਆ ਜਾਂਦਾ ਹੈ। ਆਪ ਸਤਿ-ਗੁਰੂ ਅਰਜਨ ਦੇਵ ਜੀ ਦੇ ਮਾਮੇ ਵੀ ਸਨ। ਗੁਰੂ ਘਰ ਤੇ ਸਿਖ ਸੰਗਤਾਂ ਵਿਚ ਆਪ ਦਾ ਬਹੁਤ ਸਤਕਾਰ ਸੀ। ਆਪ ਦੀਆਂ ਉਚਾਰੀਆਂ ਹੋਈਆਂ ਵਾਰਾਂ ਨੂੰ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਬਹੁਤ ਸ਼ਰਧਾ ਨਾਲ ਸੁਣਿਆਂ ਕਰਦੇ ਸਨ। ਇਕ ਪਉੜੀ ਵਿਚ ਭਾਈ ਸਾਹਿਬ ਨੇ ਉਚਾਰਨ ਕੀਤਾ—'ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨ ਹਾਰੇ।' ਇਸ ਤੁਕ ਨੂੰ ਸੁਣਕੇ ਸਤਿਗੁਰੂ ਜੀ ਨੇ ਖਿਆਲ ਕੀਤਾ ਕਿ ਭਾਈ ਸਾਹਿਬ ਦੇ ਮਨ ਵਿਚ ਹੰਕਾਰ ਆ ਗਿਆ ਹੈ। ਸਿਖ ਦੇ ਮਨ ਵਿਚ ਹੰਕਾਰ ਨਹੀਂ ਆਉਣਾ ਚਾਹੀਦਾ। ਸਿਖ ਦਾ ਹੰਕਾਰ ਦੂਰ ਕਰਨਾ ਗੁਰੂ ਦਾ ਫਰਜ਼ ਹੈ ਕਿਉਂਕਿ ਸਿਖ ਦਾ ਰਾਖਾ ਗੁਰੂ ਹੈ।

ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਆਗਿਆ ਕੀਤੀ ਕਿ ਉਹ ਬਹੁਤ ਸਾਰਾ ਰੁਪਿਆ, ਜੋ ਅਸ਼ਰਫੀਆਂ ਦੀ ਸੂਰਤ ਵਿਚ ਸੀ, ਇਕ ਸੰਦੂਕ ਵਿਚ ਭਰਕੇ ਨਾਲ ਲੈਜਾਣ ਤੇ ਕਾਬਲੋਂ ਵਧੀਆ ਘੋੜੇ ਖਰੀਦਕੇ ਲਿਆਉਨ, ਉਹ ਰਕਮ ਪੰਜਾਹ ਹਜ਼ਾਰ ਦੇ ਲਗ ਪਗ ਸੀ, ਇਹ ਮਾਯਾ ਦੇ ਕੋਲ ਰੱਖਣ ਤੇ ਵੀ ਹੰਕਾਰ ਆਇਆ ਕਿ ਉਹ ਗੁਰੂ ਘਰ ਵਿਚ ਸਭ ਤੋਂ ਬਹੁਤਾ ਭਰੋਸੇ ਵਾਲਾ ਬੰਦਾ ਹੈ। ਤੁਰਨ ਲਗਿਆਂ ਸਤਿਗੁਰੂ ਜੀ ਨੇ ਇਹ ਵੀ ਬਚਨ ਦਿਤਾ ਕਿ ਬਲਖ ਵਿਚ ਉਨ੍ਹਾਂ ਦਾ ਸਿਖ ਦੁਨੀ ਚੰਦ ਰਹਿੰਦਾ ਹੈ। ਦੁਨੀਚੰਦ ਨੂੰ ਸਾਥ ਲੈ ਕੇ ਚੰਗੇ ਘੋੜਿਆਂ ਦੀ ਖਰੀਦ ਕਰਨੀ ਜੋ ਯੋਗ ਹੋਣ। ਰੁਪਿਆ ਸੰਦੂਕ ਵਿਚ ਬੰਦ ਕਰਕੇ ਘੋੜੇ ਉਤੇ ਲਦਿਆ ਤੇ ਦੂਸਰੇ ਘੋੜੇ ਉਪਰ ਸਵਾਰ ਹੋਕੇ ਭਾਈ ਸਾਹਿਬ ਤੁਰ ਪਏ। ਉਨ੍ਹਾਂ ਦੇ ਨਾਲ ਪੰਜ

ਸਿੱਖ ਵੀ ਸਨ। ਮੰਜ਼ਲੋ ਮੰਜ਼ਲੀ ਚਲਦੇ ਹੋਏ ਬਲਖ ਪੁਜੇ ਰਾਹ ਵਿਚ ਕਾਬਲ ਆਇਆ, ਉਥੇ ਵੀ ਨਹੀਂ ਖਲੋਤੇ, ਇਸ ਖਿਆਲ ਨਾਲ ਕੀ ਭਾਈ ਦੁਨੀ ਚੰਦ ਜੀ ਨੂੰ ਨਾਲ ਲੈਣਾ ਹੈ ਅਤੇ ਉਸ ਦੀ ਸਲਾਹ ਨਾਲ ਘੋੜਿਆਂ ਦੀ ਖਰੀਦ ਕਰਨੀ ਹੈ। ਭਾਈ ਗੁਰਦਾਸ ਜੀ ਭ ਈ ਦੁਨੀ ਚੰਦ ਦ ਘਰ ਪੁਜੇ, ਭਾਈ ਦੁਨੀ ਚੰਦ ਭਾਈ ਸਾਹਿਬ ਨੂੰ ਦੇਖਕੇ ਬਹੁਤ ਪ੍ਰਸੰਨ ਹੋਇਆ, ਉਸਨੇ ਆਪਣੇ ਧੰਨ ਭਾਗ ਸਮਝੇ, ਭਾਈ ਸਾਹਿਬ ਦੇ ਚਰਨਾਂ ਨੂੰ ਧੋਕੇ ਚਰਨਾਮ੍ਰਿਤ ਪੀਤਾ ਤੇ ਪਰਵਾਰ ਸਮੇਤ ਰੱਜਕੇ ਸਵਾ ਕੀਤੀ।

ਜਾਂ ਭਾਈ ਨੂੰ ਚਾਰ ਦਿਨ ਦੁਨੀ ਚੰਦ ਦੇ ਘਰ ਰਹਿੰਦਿਆਂ ਹੋ ਗਏ ਤਾਂ ਉਨ੍ਹਾਂ ਨੇ ਭਾਈ ਦੁਨੀ ਚੰਦ ਨੂੰ ਕਿਹਾ-'ਸਤਿਗੁਰੂ ਜੀ ਦੀ ਆਗਿਆ ਨਾਲ ਮੈਂ ਘੋੜੇ ਖਰੀਦਨ ਵਾਸਤੇ ਆਇਆ ਹਾਂ। ਚੰਗੇ ਘੋੜੇ ਇਰਾਕ ਵਲੋਂ ਖਰੀਦਨ ਹਨ। ਸਤਿਗੁਰੂ ਜੀ ਨੇ ਇਹ ਵੀ ਆਗਿਆ ਕੀਤੀ ਹੈ ਕਿ ਤੁਸੀਂ (ਭਾਈ ਦੁਨੀ ਚੰਦ) ਵੀ ਨਾਲ ਚਲੋ ਤੇ ਘੋੜਿਆਂ ਦੀ ਪਛਾਨ ਕਰਕੇ ਖਰੀਦ ਦਿਓ। ਸਮਾਂ ਬੜਾ ਨਾਜ਼ਕ ਆ ਰਿਹਾ ਹੈ ਇਸ ਵਾਸਤੇ ਸਿਖ ਸੰਗਤਾਂ ਨੂੰ ਘੋੜਿਆਂ ਦੀ ਲੋੜ ਹੈ।'

ਭਾਈ ਦੁਨੀ ਚੰਦ ਬਹੁਤ ਸਿਦਕੀ ਤੇ ਭਰੋਸੇ ਵਾਲਾ ਸਿਖ ਸੀ, ਉਹਦੇ ਹਿਰਦੇ ਵਿਚ ਰਤਾ ਮੈਲ ਨਹੀਂ ਸੀ, ਉਹ ਤਾਂ ਤਨ ਮਨ ਤੇ ਧਨ ਸਤਿਗੁਰੂ ਜੀ ਦੇ ਹੁਕਮ ਤੋਂ ਵਾਰਨ ਨੂੰ ਸਦਾ ਤਿਆਰ ਰਹਿੰਦਾ ਸੀ, ਜਦੋਂ ਭਾਈ ਸਾਹਿਬ ਨੂੰ ਉਸਨੂੰ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਤਾਂ ਉਹ ਬਹੁਤ ਪ੍ਰਸੰਨ ਹੋਇਆ। ਉਸੇ ਵੇਲ ਘਰ ਦੇ ਪਰਵਾਰ ਨੂੰ ਦਲਾਸਾ ਦੇ ਕੇ ਭਾਈ ਗੁਰਦਾਸ ਜੀ ਦੇ ਨਾਲ ਇਰਾਕ ਨੂੰ ਤੁਰ ਪਿਆ।

ਭਾਣਾ ਕਰਤਾਰ ਦਾ ਜਦੋਂ ਭਾਈ ਗੁਰਦਾਸ ਜੀ ਤੇ ਭ ਈ ਦੁਨੀ ਚੰਦ ਤੁਰੀ ਜਾ ਰਹੇ ਸਨ ਤੇ ਪਹਿਲੀ ਮੰਜ਼ਲ ਦੇ ਪੜਾਅ ਉਪਰ ਪੁਜਕੇ ਬੈਠੇ ਹੀ ਸਨ ਕਿ ਭਾਈ ਦੁਨੀ ਚੰਦ ਦੇ ਘਰੋਂ ਸੁਨੇਹਾ ਮਿਲਿਆ ਕਿ ਤੇਰਾ ਪੁਤ੍ਰ ਤੇ ਤੇਰੀ ਇਸਤ੍ਰੀ ਬੀਮਾਰ ਹੋ ਗਏ ਹਨ। ਬਚਨ ਦੀ ਕੋਈ ਆਸ ਨਹੀਂ। ਤੁਸੀਂ ਘਰ ਮੁੜ ਆਓ।

ਸਿਦਕੀ ਸਿਖ ਭਾਈ ਦੁਨੀ ਚੰਦ ਨੇ ਸਨੇਹਾ ਦੇਣ ਵਾਲੇ ਨੂੰ ਕਿਹਾ—'ਵਾਹਿਗੁਰੂ ਦਾ ਦਿਤਾ ਘਰ ਬਹੁਤ ਕੁਝ ਹੈ। ਰੁਪਿਆ ਖਰਚ ਕੇ ਦੁਵਾ ਦਾਰੂ

ਤੋਂ ਅਰੋਗਤਾ ਹਾਸਲ ਨਾ ਹੋਵੇ ਤੇ ਵਾਹਿਗੁਰੂ ਦੇ ਭਾਣੇ ਅੰਦਰ ਕੋਈ ਚਲਾਣਾ ਕਰ ਜਾਵੇ ਤਾਂ ਸਸਕਾਰ ਕਰ ਦੇਣਾ। ਮੈਂ ਸਤਿਗੁਰੂ ਜੀ ਦੇ ਹੁਕਮ ਦੀ ਪਾਲਨਾ ਕੀਤੇ ਬਿਨਾ ਨਹੀਂ ਆ ਸਕਦਾ।' ਭਾਈ ਦੁਨੀ ਚੰਦ ਦਾ ਉੱਤਰ ਲੈਕੇ ਹਲਕਾਰਾ ਚਲਿਆ ਗਿਆ, ਜਾਂ ਉਹ ਘਰ ਪੁਜਾ ਤਾਂ ਸਚ ਮੁਚ ਭਾਈ ਦੁਨੀ ਚੰਦ ਦੀ ਇਸਤ੍ਰੀ ਚਲਾਣਾ ਕਰ ਗਈ, ਪਰਵਾਰ ਦੇ ਬਾਕੀ ਜੀਆਂ ਨੇ ਉਸਦਾ ਸਸਕਾਰ ਕਰ ਦਿਤਾ। ਭਾਈ ਦੁਨੀ ਚੰਦ ਘਰ ਮੁੜਨ ਦੀ ਥਾਂ ਐਰਾਕ ਜਾ ਪੁਜਾ।

ਐਰਾਕ ਵਿਚ ਘੋੜਿਆਂ ਦੀ ਮੰਡੀ ਲਗਦੀ ਸੀ, ਸਤਿਗੁਰੂ ਜੀ ਦੇ ਸਿਖ ਮੰਡੀ ਵਿਚ ਜਾ ਪੁਜੇ। ਇਕ ਦਲਾਲ ਦੇ ਤੰਬੂ ਕੋਲ ਇਨ੍ਹਾਂ ਨੇ ਤੰਬੂ ਲਾ ਦਿਤਾ। ਰੁਪਿਆਂ ਵਾਲਾ ਸੰਦੂਕ ਵੀ ਤੰਬੂ ਵਿਚ ਰਖਿਆ ਗਿਆ। ਦੋ ਦਿਨ ਘੋੜੇ ਦੇਖਦੇ ਰਹੇ ਆਖਰ ਘੋੜਿਆਂ ਦੀ ਚੋਣ ਕੀਤੀ ਗਈ ਤੇ ਸੁਦਾਗਰਾਂ ਨਾਲ ਘੋੜਿਆਂ ਦਾ ਮੁਲ ਮੁਕਾਇਆ ਗਿਆ। ਜਦੋਂ ਰਕਮ ਤਾਰਨ ਦਾ ਵੇਲਾ ਆਇਆ ਤਾਂ ਭਾਈ ਗੁਰਦਾਸ ਜੀ ਤੰਬੂ ਵਿਚ ਗਏ ਕਿ ਰੁਪਿਆ ਲਿਆ ਕੇ ਸੁਦਾਗਰਾਂ ਦੀ ਝੋਲੀ ਪਾਉਣ। ਪਰ ਜਿਉਂ ਹੀ ਭਾਈ ਗੁਰਦਾਸ ਜੀ ਨੇ ਸੰਦੂਕ ਦਾ ਬੂਹਾ ਖੋਹਲਿਆ ਤਿਉਂ ਹੀ ਉਨ੍ਹਾਂ ਦੇ ਪੈਰਾਂ ਹੇਠੋਂ ਮਿਟੀ ਨਿਕਲ ਗਈ। ਸਤਿਗੁਰੂ ਜੀ ਨੇ ਐਸੀ ਮਾਯਾ ਵਰਤਾਈ ਕਿ ਸੰਦੂਕ ਦੇ ਰੁਪੈ ਉਨ੍ਹਾਂ ਨੂੰ ਕੋਲੇ ਦਿਖਾਈ ਦਿਤੇ। ਕੋਲੇ ਵੀ ਐਸੇ ਜੋ ਬਹੁਤ ਕਾਲੇ ਸਿਆਹ ਸਨ। ਭਾਈ ਜੀ ਸਿਦਕ ਤੋਂ ਡੋਲ ਗਏ, ਉਨ੍ਹਾਂ ਦੇ ਮਨ ਵਿਚ ਕਈ ਤਰਾਂ ਦੇ ਵਿਚਾਰ ਆਏ। ਇਕ ਵਿਚਾਰ ਤਾਂ ਇਹ ਆਇਆ ਕਿ ਹੋ ਸਕਦਾ ਹੈ ਕਿ ਕਿਸੇ ਨੇ ਰੁਪੈ ਚੋਰੀ ਕਰ ਲਏ ਹਨ ਤੇ ਕੋਲੇ ਭਰਕੇ ਸੰਦੂਕ ਦਾ ਵਜਨ ਠੀਕ ਕਰ ਦਿਤਾ ਹੈ।

'ਉਫ! ਹੁਣ ਸੁਦਾਗਰਾਂ ਨੂੰ ਕੀ ਆਖਾਂ? ਸਾਰੇ ਝੂਠਾ ਤੇ ਸ਼ਰਮਿੰਦਾ ਕਰਨਗੇ। ਬਦਨਾਮੀ ਹੋਵੇਗੀ ਕਿ ਚੰਗੇ ਸੁਦਾਗਰ ਹਨ ਜਿਨਾਂ ਕੋਲ ਰੁਪਿਆ ਨਹੀਂ ਹੈ।' ਭਾਈ ਗੁਰਦਾਸ ਜੀ ਖਿਆਲ ਕਰਨ ਲੱਗੇ—'ਚੰਗਾ ਤਾਂ ਏਹੋ ਹੈ ਕਿ ਨਸ ਚਲੀਏ।' ਇਹ ਸੋਚਕੇ ਭਾਈ ਗੁਰਦਾਸ ਜੀ ਨੇ ਸੰਦੂਕ ਤਾਂ ਖੁਲਾ ਹੀ ਰਹਿਣ ਦਿਤਾ, ਤੇ ਆਪ ਤੰਬੂ ਦੀ ਕਨਾਤ ਪਾੜਕੇ ਪਿਛੋਂ ਦੀ ਮੰਡੀ ਵਿਚੋਂ ਚੋਰੀ ਨੱਠ ਉਠੇ।

ਭਾਈ ਦੁਨੀ ਚੰਦ ਨੇ ਚੋਖਾ ਚਿਰ ਉਡੀਕਿਆ, ਜਦੋਂ ਭਾਈ ਜੀ

ਤੰਬ ਵਿਚੋਂ ਵਾਪਸ ਆਉਂਦੇ ਨਾ ਦਿਸੇ ਤਾਂ ਉਹ ਆਪ ਤੰਬੂ ਵਿਚ ਦਾਖਲ ਹੋਏ, ਉਨ੍ਹਾਂ ਨੇ ਤੰਬੂ ਵਿਚ ਵੜਕੇ ਦੇਖਿਆ ਕਿ ਸੰਦੂਕ ਖੁਲਾ ਹੈ। ਸੋਨੇ ਦੀਆਂ ਮੋਹਰਾਂ ਚਮਕ ਰਹੀਆਂ ਹਨ। ਤੰਬੂ ਵਿਚ ਕੋਈ ਜੀ ਨਹੀਂ ਕਨਾਤ ਪਾਟੀ ਹੋਈ ਹੈ, ਉਨ੍ਹਾਂ ਨੇ ਭਾਈ ਜੀ ਨੂੰ ਹਾਕਰਾਂ ਮਾਰੀਆਂ ਤੇ ਆਖਰ ਮੋਹਰਾਂ ਬਾਹਰ ਲਿਆਕੇ ਸੌਦਾਗਰਾਂ ਨੂੰ ਦਿਤੀਆਂ, ਘੋੜਿਆਂ ਦੀ ਰਕਮ ਤਾਰ ਕੇ ਘੋੜਿਆਂ ਨੂੰ ਆਪਣੇ ਕਿੱਲੇ ਬੰਨ੍ਹ ਲਿਆ, ਘੋੜਿਆਂ ਨੂੰ ਬੰਨਣ ਪਿਛੋਂ ਭਾਈ ਗੁਰਦਾਸ ਜੀ ਦੀ ਪੜਤਾਲ ਕੀਤੀ ਪਰ ਕੋਈ ਪਤਾ ਨ ਲਗਾ ਕਿ ਭਾਈ ਸਾਂਹਿਬ ਕਿਧਰ ਤੇ ਕਿਉਂ ਚਲੇ ਗਏ ਹਨ।

ਦੋ ਦਿਨ ਉਡੀਕ ਕਰਨ ਪਿਛੋਂ ਭਾਈ ਦੁਨੀ ਚੰਦ ਸਿਖਾਂ ਤੇ ਸੇਵਕਾਂ ਦੀ ਸਹਾਇਤਾ ਨਾਲ ਘੋੜਿਆ ਨੂੰ ਲੈਕੇ ਸ੍ਰੀ ਅੰਮ੍ਰਿਤਸਰ ਜੀ ਪੁਜਾ, ਭਾਈ ਗੁਰਦਾਸ ਜੀ ਨੂੰ ਨਾਲ ਨਾ ਦੇਖਕੇ ਸਤਿਗੁਰੂ ਜੀ ਨੇ ਭਾਈ ਦੁਨੀ ਚੰਦ ਜੀ ਨੂੰ ਪੁਛਿਆ—'ਭਾਈ ਦੁਨੀ ਚੰਦ! ਭਾਈ ਗੁਰਦਾਸ ਜੀ ਕਿਥੇ ਹਨ?' 'ਹੇ ਸਚੇ ਪਾਤਸ਼ਾਹੋ! ਆਪ ਅੰਤਰ-ਜਾਮੀ ਹੋ।' ਭਾਈ ਦੁਨੀ ਚੰਦ ਨੇ ਕਿਹਾ—'ਮੈਂ ਕੀ ਦਸਾਂ! ਸਭ ਕੁਝ ਆਪ ਨੂੰ ਪਤਾ ਹੈ? ਮੈਂ ਤਾਂ ਇਹ ਆਖ ਸਕਦਾ ਹਾਂ ਕਿ ਮੈਨੂੰ ਤੰਬੂ ਵਿਚ ਵੜਦੇ ਦਿਸੇ ਹਨ, ਪਿਛੋਂ ਨਹੀਂ ਪਤਾ ਲਗਾ ਕਿ ਕਿਧਰ ਗਏ ਹਨ।'

ਸਤਿਗੁਰੂ ਜੀ ਆਪਣੀ ਆਤਮਿਕ ਸ਼ਕਤੀ ਨਾਲ ਸਾਰੇ ਕੌਤਕ ਨੂੰ ਜਾਣ ਗਏ ਤੇ ਭਾਈ ਦੁਨੀ ਚੰਦ ਨੂੰ ਗਲ ਨਾਲ ਲਾਕੇ ਨਿਹਾਲ ਕੀਤਾ। ਸਾਹਿਬਾਂ ਦਾ ਬਚਨ ਸੀ ਕਿ 'ਧੰਨ ਸਿਖੀ ਹੈ।'

੮. ਭਾਈ ਗੁਰਦਾਸ ਜੀ ਦਾ ਕਾਂਸ਼ੀ ਨਗਰੀ ਪੁਜਣਾ

ਕਾਂਸ਼ੀ (ਬਨਾਰਸ) ਹਿੰਦੂ ਧਰਮ ਤੇ ਪ੍ਰਾਚੀਨ ਗਿਆਨ ਦਾ ਕੇਂਦਰ ਰਿਹਾ ਹੈ। ਸੰਸਕ੍ਰਿਤ ਵਿਦਿਆ ਦੇ ਬਹੁਤ ਵਿਦਿਆਲੇ ਸਨ। ਪੰਡਤਾਂ ਤੇ ਸਾਧੂਆਂ ਦੇ ਮੱਠਾਂ, ਸਕੂਲਾਂ ਤੇ ਮੰਦਰਾਂ ਦਾ ਅੰਤ ਨਹੀਂ ਸੀ, ਭਾਈ ਗੁਰਦਾਸ ਜੀ ਐਰਾਕ ਤੋਂ ਨਠਕੇ ਸ੍ਰੀ ਅੰਮ੍ਰਿਤਸਰ ਪਹੁੰਚਣ ਦੀ ਥਾਂ ਦੂਸਰੇ ਰਸਤੇ ਕਾਂਸ਼ੀ ਜਾ ਨਿਕਲੇ।

ਕਾਂਸ਼ੀ ਦਾ ਰਾਜਾ ਬਹੁਤ ਸਿਆਣਾ ਤੇ ਵਿਦਵਾਨ ਸੀ, ਪਰ ਸੀ ਉਹ

ਹਿੰਦੂ ਧਰਮੀ, ਭਾਈ ਗੁਰਦਾਸ ਜੀ ਨੇ ਕਾਂਸ਼ੀ ਪੁਜਕੇ ਗੁਰਮਤ ਦਾ ਉਪਦੇਸ਼ ਕਰਨਾ ਆਰੰਭ ਦਿਤਾ, ਐਸਾ ਉਪਦੇਸ਼ ਕੀਤਾ ਰਾਜਾ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਸ਼ਰਧਾਲੂ ਬਣ ਗਿਆ, ਪੰਡਤਾਂ ਨਾਲ ਗਿਆਨ ਚਰਚਾ ਕਰਕੇ ਭਾਈ ਸਾਹਿਬ ਨੇ ਹਾਰ ਦਿਤੀ, ਕਿਉਂਕਿ ਭਾਈ ਗੁਰਦਾਸ ਜੀ ਖੁਦ ਸੰਸਕ੍ਰਿਤ ਵਿਦਿਆ ਦੇ ਪੰਡਤ ਸਨ, ਇਸ ਕਰਕੇ ਗਿਆਨ ਚਰਚਾ ਵਿਚ ਕਿਸੇ ਦੀ ਕੋਈ ਪੇਸ਼ ਨਹੀਂ ਸਨ ਜਾਣ ਦੇਂਦੇ। ਉਧਰ ਸਤਿਗੁਰੂ ਜੀ ਵੀ ਤਾੜ ਗਏ ਕਿ ਗੁਰੂ ਘਰ ਦਾ ਸੱਚਾ ਸੇਵਕ ਤੇ ਮਹਾਂ ਵਿਦਵਾਨ ਭਾਈ ਗੁਰਦਾਸ ਗੁਰਮਤ ਦਾ ਪ੍ਰਚਾਰ ਕਾਂਸ਼ੀ ਵਿਚ ਕਰ ਰਿਹਾ ਹੈ। ਉਸਨੂੰ ਵਾਪਸ ਸਦਿਆ ਜਾਵੇ। ਸਤਿਗੁਰੂ ਜੀ ਨੇ ਕਾਂਸ਼ੀ ਨਗਰੀ ਦੇ ਰਾਜੇ ਵਲ ਮੇਵੜੇ ਨੂੰ ਭੇਜਿਆ ਕਿ 'ਤੁਸਾਂ ਦੇ ਚਾਜ ਵਿਚ ਅਸਾਂ ਦਾ ਚੋਰ ਭਾਈ ਗੁਰਦਾਸ ਹੈ ਉਸਨੂੰ ਅਸਾਂ ਕੋਲ ਭੇਜ ਦੇਵੋ।'

ਮੇਵੜੇ ਪਾਸੋਂ ਸਤਿਗੁਰੂ ਜੀ ਦਾ ਹੁਕਮ ਸੁਣਕੇ ਰਾਜਾ ਬਹੁਤ ਪਰੇਸ਼ਾਨ ਹੋਇਆ, ਉਸਨੇ ਸਾਰੇ ਰਾਜ ਵਿਚ ਢੰਡੋਰਾ ਫਰਾ ਦਿਤਾ ਕਿ ਜੋ ਸਤਿਗੁਰੂ ਜੀ ਦਾ ਚੋਰ ਹੈ ਉਹ ਆਪ ਹੀ ਪੇਸ਼ ਹੋ ਜਾਵੇ, ਪੇਸ਼ ਹੋਕੇ ਦਸੇ ਕਿ ਉਸਨੇ ਕੀ ਚੋਰੀ ਕੀਤੀ ਹੈ। ਜਦੋਂ ਭਾਈ ਗੁਰਦਾਸ ਜੀ ਨੇ ਢੰਡੋਰਾ ਸੁਣਿਆਂ ਤਾਂ ਉਹ ਆਪ ਹੀ ਰਾਜੇ ਦੇ ਸਨਮੁਖ ਚਲੇ ਗਏ ਸਨਮੁਖ ਜਾਕੇ ਉਨ੍ਹਾਂ ਨੇ ਰਾਜੇ ਨੂੰ ਕਿਹਾ—'ਹੇ ਰਾਜਨ ! ਮੈਂ ਹੀ ਸਤਿਗੁਰੂ ਜੀ ਦਾ ਚੋਰ ਹਾਂ। ਮੈਥੋਂ ਭੁਲ ਹੋਈ ਹੈ, ਮੇਰੀਆਂ ਮੁਸ਼ਕਾਂ ਬੰਨਕੇ ਮੈਨੂੰ ਅੰਮ੍ਰਿਤਸਰ ਭੇਜਿਆ ਜਾਵੇ।' ਰਾਜਾ ਭਾਈ ਗੁਰਦਾਸ ਜੀ ਨੂੰ ਆਪਣਾ ਗੁਰੂ ਸਮਝਦਾ ਸੀ ਉਸਨੇ ਕਿਹਾ—'ਮੈਂ ਇਹ ਕਿਵੇਂ ਮੰਨਾ ਤੇ ਕਿਵੇਂ ਆਪ ਦੀਆ ਮੁਸ਼ਕਾਂ ਬੰਨ੍ਹਾਂ ਜਦੋਂ ਮੈਂ ਆਪ ਨੂੰ ਆਪਣਾ ਗੁਰੂ ਸਮਝਦਾ ਹਾਂ, ਮੈਥੋਂ ਇਹ ਅਨਰਥ ਨਹੀਂ ਹੋ ਸਕਦਾ।'

ਭਾਈ ਗੁਰਦਾਸ ਜੀ ਨੇ ਸਾਰੀ ਕਥਾ ਰਾਜੇ ਨੂੰ ਸੁਣਾਈ, ਕਥਾ ਦੇ ਅੰਤ ਵਿਚ ਆਖਿਆ—'ਇਹ ਮੇਰੇ ਧੰਨ ਭਾਗ ਸਮਝੋ ਜੋ ਮੈਨੂੰ ਸਤਿਗੁਰੂ ਜੀ ਇਸਤਰਾਂ ਬਖਸ਼ ਦੇਣ। ਇਸ ਵਾਸਤੇ ਮੈਨੂੰ ਏਸੇ ਤਰਾਂ ਹੀ ਸਤਿਗੁਰੂ ਜੀ ਦੇ ਪੇਸ਼ ਹੋਣਾਪਵੇਗ।'

ਰਾਜੇ ਨੇ ਉਸੇ ਤਰਾਂ ਕੀਤਾ ਜਿਵੇਂ ਸਤਿਗੁਰੂ ਜੀ ਦੀ ਆਗਿਆ ਸੀ, ਰਾਜਾ ਆਪ ਵੀ ਨਾਲ ਤਿਆਰ ਹੋ ਪਿਆ, ਬਹੁਤ ਸਾਰੀ ਸੰਗਤ ਨਾਲ ਆਈ। ਸਾਰਾ ਜੱਥਾ ਸਤਿਗੁਰੂ ਜੀ ਦੀ ਹਜੂਰੀ ਵਿਚ ਸ੍ਰੀ ਅੰਮ੍ਰਿਤਸਰ ਜਾ

ਪੁਜਾ, ਤਾਂ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ—'ਭਾਈ ਜੀ! ਧਨ ਖੁਲ੍ਹਾ ਛਡਕੇ ਤੁਸੀਂ ਨੱਠ ਗਏ, ਭਜਿਆ ਘੋੜੇ ਖਰੀਦਾਨ ਕਾਬਲ ਵਲ ਤੇ ਲਭੇ ਤੁਸੀਂ ਕਾਂਸ਼ੀ ਵਿਚੋਂ ਇਹ ਮਾਮਲਾ ਕੀ ਹੈ ? ਭਾਈ ਗੁਰਦਾਸ ਜੀ ਨੇ ਹੱਥ ਜੋੜੇ ਸਤਿਗੁਰੂ ਜੀ ਦੇ ਚਰਨਾਂ ਉਪਰ ਸੀਸ ਰਖਕੇ ਕਿਹਾ—'ਸਚੇ ਪਾਤਸ਼ਾਹ! ਜੀਵ ਭੁਲਣਹਾਰ ਹੈ, ਇਸਦਾ ਲੋਭੀ ਮਨ ਹੰਕਾਰ ਵਿਚ ਆ ਜਾਂਦਾ ਹੈ, ਪਰ ਹੰਕਾਰ ਸਤਿਗੁਰੂ ਤੇ ਕਰਤਾਰ ਨੂੰ ਨਹੀਂ ਭਾਉਂਦਾ, ਇਹ ਵੀ ਚੰਗਾ ਹੈ ਕਿ ਹੰਕਾਰ ਦੀ ਮਸਤੀ ਨਾਲ ਮਨੁਖ ਨੂੰ ਡੂੰਘੇ ਟੋਏ ਵਿਚ ਡਿਗਣੋਂ ਸਤਿਗੁਰੂ ਜੀ ਦਇਆ ਕਰਕੇ ਰਖ ਲੈਂਦੇ ਹਨ ਦੂਸਰਾ ਜੇ ਸਤਿਗੁਰੂ ਹੀ ਕੋਈ ਕੌਤਕ ਕਰੇ ਤਾਂ ਸਿਖ ਵਿਚਾਰਾ ਕੀ ਕਰ ਸਕਦਾ ਹੈ।' ਇਉਂ ਆਖਦਿਆਂ ਹੋਇਆਂ ਭਾਈ ਗੁਰਦਾਸ ਜੀ ਨੇ ਫਿਰ ਇਹ ਤੁਕਾਂ ਉਚਾਰੀਆਂ—

ਜੇ ਮਾਂ ਪੁਤੇ ਵਿਸ ਦੇਇ ਤਿਸਤੇ ਕਉਣ ਪਯਾਰਾ ॥
ਜੇ ਘਰ ਭੰਨੇ ਪਾਹਰੂ ਕਉਣ ਰਖਣ ਹਾਰਾ ॥
ਆਗੂ ਲੈ ਔਝੜ ਪਵੈ ਕਿਸ ਕਰੈ ਪੁਕਾਰਾ ॥
ਜੇਕਰ ਖੇਤੈ ਖਾਇ ਵਾੜ ਕੋ ਲਹੈ ਨ ਸਾਰਾ ॥
ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ ॥

ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਸਾਹਿਬਾਂ ਨੇ ਕਿਹਾ—'ਭਾਈ ਜੀ ਤੁਸੀਂ ਧੰਨ ਹੋ। ਇਕਲੇ ਗਏ ਤੇ ਕਈਆਂ ਨੂੰ ਸਾਥ ਲਿਆਏ। ਏਸੇ ਤਰਾਂ ਹਰ ਇਕ ਸਿਖ ਦਾ ਧਰਮ ਹੈ ਕਿ ਉਹ ਔਕੜ ਸਮੇਂ ਸਿਖੀ ਤੇ ਆਪਣੇ ਗੁਰੂ ਨੂੰ ਨਾ ਭੁਲੇ।'

ਸ੍ਰੀ ਜਪੁਜੀ ਸਾਹਿਬ ਬਾਣੀ ਦਾ ਪਾਠ ਸੁਣਨਾ

ਸਤਿਗੁਰੂ ਹਰਿ ਗੋਬਿੰਦ ਸਾਹਿਬ ਗਰਬਾਣੀ ਪੜ੍ਹਨ ਵਾਲਿਆਂ ਦਾ ਬਹੁਤ ਆਦਰ ਕਰਦੇ ਸਨ । ਸਾਹਿਬਾਂ ਦਾ ਬਚਨ ਸੀ ਕਿ ਜੋ ਸਿਖ ਮਨ ਬਿਰਤੀ ਇਕਾਗਰ ਕਰਕੇ ਗੁਰਬਾਣੀ ਦਾ ਸ਼ੁਧ ਪਾਠ ਕਰਦਾ ਹੈ ਉਹ ਬ੍ਰਹਮ ਗਿਆਨੀ ਦੇ ਸਮਾਨ ਹੋ ਜਾਂਦਾ ਹੈ ਤੇ ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਰੂਪ ਹੁੰਦਾ ਹੈ। ਸ਼ੁਧ ਬਾਣੀ ਦਾ ਪਾਠ ਕਰਨ ਦੇ ਨਾਲ ਤਨ ਤੇ ਮਨ ਦੇ ਸਾਰੇ

ਰੋਗ ਦੂਰ ਹੁੰਦੇ ਹਨ। ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਇਕ ਦਿਨ ਗੁਰਬਾਣੀ ਦੇ ਪਾਠ ਦਾ ਮਹਾਤਮ ਦਸਦਿਆਂ ਹੋਇਆਂ ਸਾਹਿਬਾਂ ਨੇ ਕਿਹਾ ਕੋਈ ਸਿਖ ਸ੍ਰੀ ਜਪੁਜੀ ਸਾਹਿਬ ਦਾ ਸ਼ੁਧ ਪਾਠ ਕਰਕੇ ਸੁਣਾਵੇ। ਉਸ ਸਮੇਂ ਦੀਵਾਨ ਦੇ ਵਿਚ ਹਾਫ਼ਜ਼ਾਬਾਦ ਦਾ ਗੋਪਾਲ ਖਤ੍ਰੀ ਸੀ। ਉਸ ਨੇ ਹਥ ਜੋੜ ਕੇ ਬੇਨਤੀ ਕੀਤੀ—"ਸੱਚੇ ਪਾਤਸ਼ਾਹ ' ਜੇ ਹੁਕਮ ਹੋਵੇ ਤਾਂ ਦਾਸ ਆਪ ਦੀ ਦਇਆ ਨਾਲ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਕੇ ਸੁਣਾਉਣ ਨੂੰ ਤਿਆਰ ਹੈ।" ਉਸ ਦੀ ਬੇਨਤੀ ਨੂੰ ਸੁਣਕੇ ਸਤਿਗੁਰੂ ਜੀ ਨੇ ਪ੍ਰਸੰਨਤਾ ਨਾਲ ਪਾਠ ਕਰਨ ਦੀ ਆਗਿਆ ਕੀਤੀ।

ਗੋਪਾਲ ਸੱਚ ਮੁਚ ਗੋਪਾਲ ਦਾ ਰੂਪ ਹੋਕੇ ਮਨ ਬਿਰਤੀ ਇਕਾਗਰ ਕਰਕੇ ਚੌਂਕੜਾ ਮਾਰਕੇ ਅਤੇ ਨੇਤ੍ਰ-ਮੁੰਦਕੇ ਸ੍ਰੀ ਜਪੁਜੀ ਸਾਹਿਬ ਦਾ ਸ਼ੁਧ ਪਾਠ ਕਰਨ ਲਗਾ। ਉਹ ਪਾਠ ਕਰੀ ਗਿਆ ਸੰਗਤ ਸੁਣਦੀ ਰਹੀ, ਸਚੇ ਪਾਤਸ਼ਾਹ ਵੀ ਸੁਣਦੇ ਰਹੇ। ਜਿਉਂ ਜਿਉਂ ਉਹ ਪਾਠ ਕਰਦਾ ਗਿਆ ਤਿਉਂ ਤਿਉਂ ਸਤਿਗੁਰੂ ਜੀ ਪ੍ਰਸੰਨ ਹੋ ਕੇ ਸੰਘਾਸਨ ਤੋਂ ਉਠਣ ਦਾ ਯਤਨ ਕਰਨ ਲਗੇ। ਪਰ ਜਿਸ ਵੇਲੇ ਭਾਈ ਗੋਪਾਲ ਨੇ 'ਨਾਨਕ ਨਦਰੀ ਨਦਰਿ ਨਿਹਾਲ' ਦੀ ਤੁਕ ਪੜ੍ਹਕੇ ਅਠੱਤਵੀਂ ਪਉੜੀ ਦਾ ਭੋਗ ਪਾਇਆ ਤੇ ਸਲੋਕ—'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਪਾਠ ਕਰਨਾ ਆਰੰਭ ਕੀਤਾ ਤਾਂ ਭਾਈ ਗੋਪਾਲ ਦੇ ਮਨ ਵਿਚ ਦੁਨਿਆਵੀ ਵਸਤੂ ਦਾ ਲਾਲਚ ਆ ਗਿਆ। ਸਤਿਗੁਰੂ ਜੀ ਸਿੰਘਾਸਨ ਉਤੇ ਨਿੱਠਕੇ ਬੈਠ ਗਏ ਤੇ ਪਾਠ ਸਰਵਨ ਕਰਨ ਲਗੇ।

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥"

ਪੜ੍ਹਕੇ ਭਾਈ ਗੋਪਾਲ ਨੇ ਪਾਠ ਦਾ ਭੋਗ ਪਾਇਆ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਬਚਨ ਕਰਨ ਲਗੇ—'ਭਾਈ ਗੋਪਾਲ ਤੂੰ ਨਿਹਾਲ! ਅਸੀਂ ਤਾਂ ਤੈਨੂੰ ਗੁਰਿਆਈ ਦੇਣ ਨੂੰ ਤਿਆਰ ਸਾਂ ਤੂੰ ਸ਼ੁਧ ਪਾਠ ਕੀਤਾ ਹੈ, ਪਰ ਸਲੋਕ ਦਾ ਪਾਠ ਕਰਨ ਵੇਲੇ ਤੇਰੇ ਮਨ ਵਿਚ ਫੁਰਨਾ ਫੁਰਿਆ ਹੈ ਕਿ ਕੁਮੈਤ ਘੋੜਾ ਮਿਲੇ ਇਸ ਵਾਸਤੇ ਹੁਣ ਤੇਰੇ ਮਨ ਦੀ ਇਛਾ ਪੂਰਨ ਕੀਤੀ ਜਾਂਦੀ ਹੈ।' ਇਹ ਆਖਕੇ ਸਤਿਗੁਰੂ ਜੀ ਨੇ ਭਾਈ ਗੋਪਾਲ ਨੂੰ ਕੁਮੈਤ ਘੋੜਾ ਵਧੀਆ ਕਾਠੀ ਤੇ ਹੋਰ ਸਾਜ ਸਮੇਤ ਦੇ

ਦਿਤਾ। ਭਾਈ ਗੋਪਾਲ ਘੋੜਾ ਪ੍ਰਾਪਤ ਕਰਕੇ ਬਹੁਤ ਖੁਸ਼ ਹੋਇਆ।

੧੦. ਭਾਈ ਕਰੋੜੀਏ ਦੀ ਸ਼ਰਧਾ

ਭਾਈ ਕਰੋੜੀਆ ਕਾਬਲ ਦਾ ਵਸਨੀਕ ਸੀ ਤੇ ਮੁਸਲਮਾਨੀ ਦੇਸਾਂ ਵਿਚ ਘੋੜਿਆ ਦਾ ਬਿਉਪਾਰ ਕਰਿਆ ਕਰਦਾ ਸੀ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਭਗਤ ਸੀ। ਉਹ ਦੋ-ਤਿੰਨ ਸਾਲ ਪਿਛੋਂ ਜ਼ਰੂਰ ਭਾਰਤ ਆਉਂਦਾ ਤੇ ਗੁਰੂ ਘਰ ਤੇ ਹੋਰ ਤੀਰਥਾਂ ਦੀ ਯਾਤਰਾ ਕਰਦਾ। ਜਿਸ ਵੇਲੇ ਉਸਨੂੰ ਪਤਾ ਲਗਾ ਕਿ ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਘੋੜੇ ਰਖਦੇ ਹਨ ਘੋੜੇ ਦੀ ਭੇਟਾ ਪ੍ਰਸੰਨਤਾ ਨਾਲ ਪ੍ਰਵਾਨ ਕਰਦੇ ਹਨ ਤਾਂ ਉਨ੍ਹਾਂ ਦਰਿਆਈ ਘੋੜੇ ਦੇ ਦੋ ਪੁਤ੍ਰ ਪ੍ਰੇਮ ਤੇ ਮੇਹਨਤ ਨਾਲ ਪਾਲੇ, ਉਹ ਦੋਵੇਂ ਘੋੜੇ ਸਕੇ ਭਾਈ ਸਨ ਤੇ ਇਕੱਠੇ ਰਹਿੰਦੇ ਸਨ। ਤਿੰਨ ਸਾਲ ਉਨ੍ਹਾਂ ਘੋੜਿਆਂ ਦੀ ਸੇਵਾ ਕੀਤੀ ਤੇ ਮਨ ਵਿਚ ਇਹ ਅਰਦਾਸ ਕੀਤੀ ਕਿ ਇਹ ਘੋੜੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੁਖੀ-ਸਾਦੀ ਪਹੁੰਚ ਜਾਣ।

ਕਾਬਲ ਤੇ ਕੰਧਾਰ ਦੀ ਸੰਗਤ ਇਕਠੀ ਹੋਕੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਪੰਜਾਬ ਆਈ। ਭਾਈ ਕਰੋੜੀਆ ਵੀ ਉਨ੍ਹਾਂ ਦੇ ਨਾਲ ਆਇਆ, ਉਸਦੇ ਕੋਲ ਦਰਿਆਈ ਘੋੜੇ ਵੀ ਸਨ ਤੇ ਹੋਰ ਘੋੜੇ ਵੇਚਣ ਵਾਸਤੇ ਵੀ ਸਨ। ਜਿਸ ਵੇਲੇ ਸੰਗਤ ਲਾਹੌਰ ਪਹੁੰਚੀ ਤਾਂ ਭਾਈ ਕਰੋੜੀਏ ਦੇ ਘੋੜ ਦੇਖਣ ਵਾਸਤੇ ਲਾਹੌਰ ਦੇ ਹਾਕਮ ਆਏ ਉਨ੍ਹਾਂ ਨੇ ਕੁਛ ਘੋੜੇ ਖਰੀਦੇ। ਜਦੋਂ ਉਨ੍ਹਾਂ ਦੀ ਨਿਗਾਹ ਦਰਿਆਈ ਘੋੜਿਆਂ ਦਾ ਜੋੜਾ ਪਿਆ ਤਾਂ ਉਨ੍ਹਾਂ ਦਾ ਮਨ ਬਈਮਾਨ ਹੋ ਗਿਆ। ਸੂਬਾ ਕਾਸਮ ਬਗ ਤਾਂ ਘੋੜਿਆਂ ਦੀ ਸੂਰਤ ਦੇਖਕ ਦੰਗ ਰਹਿ ਗਿਆ। ਉਸ ਨੇ ਭਾਈ ਕਰੋੜੀਏ ਨੂੰ ਕਿਹਾ ਕਿ ਉਹ ਦੋਵੇਂ ਘੋੜੇ ਉਸਨੂੰ ਦੇ ਦੇਵੇ। ਪਰ ਭਾਈ ਕਰੋੜੀਏ ਬੇਨਤੀ ਕੀਤੀ—'ਇਹ ਘੋੜੇ ਸਤਿਗੁਰੂ ਜੀ ਦੀ ਭੇਟਾ ਕਰਨੇ ਹਨ ਉਨ੍ਹਾਂ ਦੇ ਨਮਿਤ ਪਾਲੇ ਗਏ ਹਨ। ਇਹ ਕਿਸੇ ਕੀਮਤ ਤੇ ਵੀ ਮੈਂ ਨਾ ਵੇਚ ਸਕਦਾ ਹਾਂ ਤੇ ਨਾ ਦੇ ਸਕਦਾ ਹਾਂ। ਇਹ ਸਚੇ ਪਾਤਸ਼ਾਹ ਦੇ ਦਰਬਾਰ ਵਿਚ ਹਾਜ਼ਰ ਕੀਤੇ ਜਾਣਗੇ।'

ਪਰ ਮੁਗਲ ਹਾਕਮ ਉਸ ਵੇਲੇ ਹੰਕਾਰੀ ਤੇ ਆਪ ਹੁਦਰੇ ਸਨ।

ਉਹ ਖੁਦਾ ਦੀ ਪਰਵਾਹ ਨਹੀਂ ਸਨ ਕਰਦੇ। ਕਾਸਮ ਬੇਗ ਨੇ ਭਾਈ ਕਰੋੜੀਏ ਪਾਸੋਂ ਮਲੋ ਮਲੀ ਘੋੜੇ ਖੋਹਕੇ ਆਪਣੇ ਤਬੇਲੇ ਵਿਚ ਬੰਨ੍ਹਾ ਲਏ। ਭਾਈ ਕਰੋੜੀਏ ਨੇ ਬੇਨਤੀਆਂ ਕੀਤੀਆਂ ਕਿ ਸਤਿਗੁਰੂ ਜੀ ਦੇ ਘੋੜੇ ਨਾ ਰਖੇ ਜਾਣ, ਪਰ ਉਸ ਦੀਆਂ ਬੇਨਤੀਆਂ ਨੂੰ ਕਿਸੇ ਨਾ ਸੁਣਿਆਂ। ਉਹ ਸਾਰੀ ਪੂੰਜੀ ਖੋਹਾਕੇ ਰੋਂਦਾ ਹੋਇਆ ਸਤਿਗੁਰੂ ਜੀ ਦੇ ਹਜ਼ੂਰ ਆ ਹਾਜਰ ਹੋਇਆ, ਉਸ ਨੇ ਨੇਤ੍ਰਾਂ ਵਿਚੋਂ ਹੰਝੂ ਕੇਰਦਿਆਂ ਹੋਇਆਂ ਆਖਿਆ—'ਹੇ ਦਾਤਾ! ਮੇਰੇ ਨਾਲ ਧੱਕਾ ਹੋਇਆ ਮੈਂ ਆਪ ਵਾਸਤੇ ਘੋੜੇ ਲਿਆਂਦੇ ਸਨ, ਪਰ ਉਹ ਸੂਬੇ ਕਾਸਮ ਬੇਗ ਨੇ ਖੋਹ ਲਏ ਹਨ।'

ਸਤਿਗੁਰੂ ਜੀ ਨੇ ਭਾਈ ਕਰੋੜੀਏ ਨੂੰ ਹੌਂਸਲਾ ਦੇਂਦਿਆਂ ਹੋਇਆ ਆਖਿਆ —'ਜੇ ਉਹ ਘੋੜੇ ਅਸਾਂ ਵਾਸਤੇ ਲਿਆਂਦੇ ਸਨ ਤਾਂ ਉਹ ਜ਼ਰੂਰ ਅਸਾਂ ਕੋਲ ਆ ਜਾਣਗੇ। ਸਤਿਗੁਰੂ ਨਾਨਕ ਦੇਵ ਜੀ ਮੇਹਰ ਕਰਨਗੇ। ਅਸੀਂ ਪ੍ਰਸੰਨ ਹਾਂ। ਤੇਰੀ ਭੇਟਾ ਅਸਾਂ ਕੋਲ ਆ ਪੁਜੀ, ਕਰਤਾਰ ਭਲੀ ਕਰੇਗਾ।'

੧੧. ਭਾਈ ਬਿਧੀ ਚੰਦ ਨੇ ਇਕ ਘੋੜਾ ਲਾਹੌਰੋਂ ਲਿਆਉਣਾ

ਸਤਿਗੁਰੂ ਜੀ ਦੇ ਦਰਬਾਰ ਵਿਚ ਭਾਈ ਬਿਧੀ ਚੰਦ ਸੀ, ਇਹ ਮਾਝੇ ਦੇ ਪਿੰਡ ਸੁਰ ਸਿੰਘ ਦਾ ਰਹਿਣ ਵਾਲਾ ਦਲੇਰ ਜਟ ਸੀ, ਮੌਤ ਤੇ ਡਰ ਨੂੰ ਮਖੌਲ ਕਰਿਆ ਕਰਦਾ ਸੀ। ਦਲੇਰੀ ਤੇ ਬਹਾਦਰੀ ਦੇ ਨਾਲ ਅਕਲਵੰਦ ਬਹੁਤ ਸੀ, ਘਰ ਤੇ ਦੁਨੀਆਂ ਦੇ ਧੰਧੇ ਛਡਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਹੀ ਰਹਿੰਦਾ ਸੀ।ਸਤਿ-ਗੁਰੂ ਜੀ ਨੇ ਜੋ ਸੈਨਾ ਤਿਆਰ ਕੀਤੀ ਸੀ, ਉਸ ਸੈਨਾ ਦਾ ਸਿਰਲੱਥ ਸੈਨਿਕ ਸੀ।

ਜਿਸ ਸਮੇਂ ਸਤਿਗੁਰੂ ਜੀ ਦੇ ਸਨਮੁਖ ਭਾਈ ਕਰੋੜੀਏ ਨੇ ਘੋੜਿਆਂ ਦੀ ਕਥਾ ਸਤਿਗੁਰੂ ਜੀ ਨੂੰ ਸੁਣਾਈ ਸੀ, ਉਸ ਸਮੇਂ ਭਾਈ ਬਿਧੀ ਚੰਦ ਸਤਿਗੁਰੂ ਜੀ ਦੇ ਪਾਸ ਬੈਠੇ ਸਨ। ਭਾਈ ਬਿਧੀ ਚੰਦ ਨੇ ਝਟ ਬੇਨਤੀ ਕੀਤੀ 'ਸਚੇ ਪਾਤਸ਼ਾਹ! ਮੈਨੂੰ ਆਗਿਆ ਹੋਵੇ ਤਾਂ ਮੈਂ ਘੋੜੇ ਲਾਹੌਰੋਂ ਲੈ ਆਵਾਂ। ਆਪਣੀ ਚੀਜ਼ ਕਿਸੇ ਕੋਲੋਂ ਲਿਆਉਣੀ ਕੋਈ ਪਾਪ ਨਹੀਂ।'

ਸਤਿਗੁਰੂ ਜੀ ਸਹਿਜ ਸੁਭਾ ਬੋਲੇ—'ਘੋੜੇ ਸ਼ਾਹੀ ਤਬੇਲੇ ਵਿਚ ਹਨ ਓਥੋਂ ਲਿਆਉਣੇ ਸੌਖੇ ਨਹੀਂ ਤੂੰ ਇਕਲਾ ਕਿਸਤਰਾਂ ਲਿਆਵੇਂਗਾ ?'

'ਸਚੇ ਪਾਤਸ਼ਾਹ ! ਆਪ ਦੀ ਸ਼ਕਤੀ ਨਾਲ ! ਕਰਤਾਰ ਮੇਰੀ ਸਹੈਤਾ ਕਰੇਗਾ।' ਭਾਈ ਬਿਧੀ ਚੰਦ ਦਾ ਉੱਤਰ ਸੀ।

'ਜਿਵੇਂ ਭਾਣਾ ਕਰਤਾਰ ਦਾ !' ਸਤਿਗੁਰੂ ਜੀ ਨੇ ਬਚਨ ਕੀਤਾ ਭਾਈ ਬਿਧੀ ਚੰਦ ਨੇ ਮੱਥਾ ਟੇਕਿਆ ਤੇ ਉਸੇ ਵੇਲੇ ਲਾਹੌਰ ਨੂੰ ਪੈਦਲ ਹੀ ਤੁਰ ਪਿਆ।

ਸ਼ਾਹੀ ਤਬੇਲੇ ਤਕ ਪੁੱਜਣ ਦੀ ਇਹ ਵਿਉਂਤ ਬਣਾਖੀ ਕਿ ਰੰਬੇ ਨਾਲ ਖੇਤਾਂ ਵਿਚੋਂ ਹਰਿਆ ਖਬਲ ਘਾਹ ਘੋਤਿਆ, ਉਸ ਘਾਹ ਨੂੰ ਝਾੜਕੇ ਧੋਤਾ ਤੇ ਪੰਡ ਬੰਨਕੇ ਸ਼ਾਹੀ ਤਬੇਲੇ ਦੇ ਲਾਗੇ ਜਾ ਖਲੋਤਾ। ਘੋੜਿਆਂ ਦੇ ਨਗਰਾਨ ਦਰੋਗੇ ਨੇ ਜਾਂ ਘਾਹ ਨੂੰ ਦੇਖਿਆ ਤਾਂ ਉਸਨੇ ਪੁਛਿਆ—'ਕਿਉਂ ਭਾਈ ਘਾਹ ਦੇ ਕਿੰਨੇ ਪੈਸੇ ਲੈਣੇ ਈ ?'

'ਸਚੇ ਪਾਤਸ਼ਾਹ ਦੇ ਦਰਿਆਈ ਘੋੜਿਆਂ ਨੂੰ ਮੁਫਤ ਪਾਉਣੇ ਹਨ। ਘੋੜਿਆਂ ਦਾ ਦਰਸ਼ਨ ਹੀ ਘਾਹ ਦਾ ਮੁਲ ਹੈ।' ਭਾਈ ਬਿਧੀ ਚੰਦ ਨੇ ਉਤਰ ਦਿਤਾ।

ਦਰੋਗ ਭਾਈ ਬਿਦੀ ਚੰਦ ਦੇ ਭਾਵ ਨੂੰ ਨਹੀਂ ਸਮਝ ਸਕਿਆ, ਉਸਨੇ ਜਾਤਾ ਕਾਸਮ ਬੇਗ ਨੂੰ ਹੀ ਸਚਾ ਪਾਤਸ਼ਾਹ ਬਣਾ ਰਿਹਾ ਹੈ। ਉਸ ਨੇ ਝਟ ਕਹਿ ਦਿਤਾ—'ਚਲ ਘਾਹ ਦੀ ਪੰਡ ਅੰਦਰ ਲੈ ਚਲ, ਮੈਂ ਤੈਨੂੰ ਘੋੜਿਆਂ ਦੇ ਦਰਸ਼ਨ ਕਰਾਉਂਦਾ ਹਾਂ।'

ਭਾਈ ਬਿਧੀ ਚੰਦ ਘਾਹ ਦੀ ਪੰਡ ਲੈ ਕੇ ਤਬੇਲੇ ਵਿਚ ਚਲਿਆ ਗਿਆ। ਸਾਰਾ ਘਾਹ ਘੋੜਿਆਂ ਦੇ ਅੱਗੇ ਪਾ ਦਿੱਤਾ, ਉਹ ਪ੍ਰੇਮ ਨਾਲ ਖਾਣ ਲਗੇ। ਆਪ ਬਿਧੀ ਚੰਦ ਪਹਿਲਾਂ ਘੋੜਿਆਂ ਨੂੰ ਨਿਮਸਕਾਰ ਕੀਤੀ ਫਿਰ ਹਥ ਫੇਰ ਕੇ ਸੇਵਾ ਕੀਤੀ। ਨਾਲ ਜ਼ਬਾਨੋਂ ਘੋੜਿਆਂ ਦੀ ਉਸਤਤ ਕੀਤੀ।

ਦਰੋਗਾ ਬਹੁਤ ਖੁਸ਼ ਹੋਇਆ ਕਿ ਇਹ ਚੰਗਾ ਬੰਦਾ ਹੈ ਜੋ ਘੋੜਿਆਂ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ ਹੈ, ਉਸਨੇ ਭਾਈ ਬਿਧੀ ਚੰਦ ਨੂੰ ਸਵਾ ਕਰਨੋਂ ਨਹੀਂ ਰੋਕਆ। ਭਾਈ ਬਿਧੀ ਚੰਦ ਜੀ ਨੇ ਦੇਖਿਆ ਕਿ ਦਰੋਗਾ ਇਕਲਾ ਤਬੇਲੇ

ਵਿਚ ਹੈ, ਬਾਕੀ ਸਾਰੇ ਨੌਕਰ ਏਧਰ ਉਧਰ ਖਿਲਰੇ ਹੋਏ ਹਨ, ਤਾਂ ਉਹ ਘੋੜੇ ਦਾ ਰੱਸਾ ਖੋਹਲਕੇ ਘੋੜੇ ਉਪਰ ਚੜ੍ਹ ਬੈਠਾ।

ਦਰੋਗੇ ਨੇ ਜਦੋਂ ਦੇਖਿਆ ਕਿ ਘਾਹੀ ਘੋੜੇ ਉਪਰ ਚੜ੍ਹ ਬੈਠਾ ਹੈ ਤਾਂ ਉਹ ਨੱਸਕੇ ਅੱਗੇ ਹੋਇਆ ਤੇ ਗੁਸੇ ਨਾਲ ਕਹਿਣ ਲਗਾ–'ਏ ! ਇਹ ਕੀ ਕਰਦਾ ਹੈਂ ! ਸੂਬੇਦਾਰ ਤਾਂ ਘਾਣ ਬੱਚਾ ਪੜਾ ਦੇਵੇਗਾ ! ਉਤਰ ਹੇਠਾਂ !' ਪਰ ਜਿਉਂ ਹੀ ਦਰੋਗਾ ਭਾਈ ਬਿਧੀ ਚੰਦ ਨੇ ਨੇੜੇ ਹੋਇਆ ਤਿਉਂ ਹੀ ਭਾਈ ਸਾਹਿਬ ਨੇ ਇਕ ਧੱਕਾ ਉਸਨੂੰ ਮਾਰਿਆ ਤੇ ਪਰੇ ਸੁਟ ਦਿਤਾ ਆਪ ਘੋੜੇ ਨੂੰ ਅੱਡੀ ਮਾਰਕੇ ਘੋੜੇ ਨੂੰ ਨਸਾ ਲਿਆ। ਘੋੜਾ ਐਨੇ ਜ਼ੋਰ ਨਾਲ ਨੱਠਿਆ ਕਿ ਕੋਈ ਉਸਨੂੰ ਫੜ ਨਾ ਸਕਿਆ। ਸਾਰੇ ਇਕ ਦੂਜੇ ਦਾ ਮੂੰਹ ਦੇਖਦੇ ਹੀ ਰਹਿ ਗਏ।

ਭਾਈ ਬਿਧੀ ਚੰਦ ਜੀ ਘੋੜਾ ਲੈਕੇ ਸਤਿਗੁਰੂ ਜੀ ਦੇ ਕੋਲ ਪਹੁੰਚ ਗਏ। ਅਗੇ ਭਾਈ ਕਰੋੜੀਆ ਸਤਿਗੁਰੂ ਜੀ ਦੇ ਕੋਲ ਸੀ। ਉਹ ਘੋੜੇ ਨੂੰ ਦੇਖਕੇ ਬਹੁਤ ਹੀ ਪ੍ਰਸੰਨ ਹੋਇਆ ਤੇ ਉਸਨੇ ਭਾਈ ਬਿਧੀ ਚੰਦ ਜੀ ਦੀ ਬਹੁਤ ਹੀ ਵਡਿਆਈ ਕੀਤੀ। 'ਧੰਨ ਹਨ ਸਤਿਗੁਰੂ ਜੀ ਤੇ ਧੰਨ ਹਨ, ਸਤਿਗੁਰਾਂ ਦੇ ਸਿੱਖ ! ਜੋ ਸ਼ਾਹੀ ਹਾਕਮਾਂ ਪਾਸੋਂ ਵੀ ਨਹੀਂ ਡਰਦੇ।' ਭਾਈ ਕਰੋੜੀਏ ਦਾ ਬਚਨ ਸੀ।

੧੨. ਭਾਈ ਬਿਧੀ ਚੰਦ ਜੀ ਨੇ ਦੂਸਰਾ ਘੋੜਾ ਲਿਆਉਣਾ

ਜੇਹੜਾ ਘੋੜਾ ਸਤਿਗੁਰੂ ਜੀ ਦੇ ਦਰਬਾਰ ਵਿਚ ਪੁਜਾ, ਉਹ ਆਪਣੇ ਵੀਰ ਕੋਲੋਂ ਵਿਛੜਕੇ ਓਦਰ ਗਿਆ, ਉਸ ਨੇ ਜਲ ਪੀਣਾ ਤੇ ਘਾਹ ਖਾਣਾ ਛਡ ਦਿਤਾ। ਭਾਈ ਜੇਠਾ ਜੀ ਘੋੜਿਆਂ ਦੀ ਦੇਖ ਭਾਲ ਉਪਰ ਸਨ ਉਨ੍ਹਾਂ ਨੇ ਸਤਿਗੁਰੂ ਜੀ ਪਾਸ ਆਕੇ ਬੇਨਤੀ ਕੀਤੀ–'ਸਚੇ ਪਾਤਸ਼ਾਹ ! ਦਰਿਆਈ ਘੋੜਾ ਪਠੇ ਨਹੀਂ ਖਾਂਦਾ ਉਹ ਦੂਸਰੇ ਘੋੜੇ ਦੇ ਵਿਯੋਗ ਵਿਚ ਦੁਖੀ ਹੈ ਤੇ ਵੈਰਾਗ ਨਾਲ ਅੱਖਾਂ ਵਿਚੋਂ ਨੀਰ ਵਗਾ ਰਿਹਾ ਹੈ।'

ਅੰਤਰਯਾਮੀ ਸਤਿਗੁਰੂ ਜੀ ਬੇਜ਼ਬਾਨ ਜਾਨਵਰ ਦੇ ਦਿਲ ਦੇ ਦੁਖ ਨੂੰ ਜਾਣ ਗਏ, ਉਨ੍ਹਾਂ ਨੇ ਭਾਈ ਬਿਧੀ ਚੰਦ ਜੀ ਨੂੰ ਬਚਨ ਕੀਤਾ–'ਬਿਧੀ ਚੰਦ !

ਇਹ ਘੋੜ ਬਚਪਨ ਤੋਂ ਇਕ ਦੂਸਰੇ ਤੋਂ ਵੱਖ ਨਹੀਂ ਸਨ ਹੋਏ, ਹੁਣ ਵਿਛੜ ਕੇ ਦੁਖੀ ਹਨ, ਜਾਂ ਇਸ ਨੂੰ ਉਥੇ ਛਡ ਆ ਜਾਂ ਦੂਸਰੇ ਘੋੜੇ ਨੂੰ ਵੀ ਲੈ ਆ ਬਜ਼ਬਾਨ ਜਾਨ-ਵਰਾਂ ਨੂੰ ਦੁਖੀ ਕਰਨਾ ਚੰਗਾ ਨਹੀਂ ।'

ਇਹ ਸੁਣ ਕੇ ਭਾਈ ਬਿਧੀ ਚੰਦ ਨੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ ਤੇ ਲਾਹੌਰ ਨੂੰ ਚਾਲੇ ਪਾਏ । ਸਤਿਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਬਹੋੜ ਦੇ ਘਰ ਆ ਉਤਾਰਾ ਕੀਤਾ।ਉਸਦੇ ਘਰੋਂ ਕਪੜੇ ਲੈਕੇ ਮੁਸਲਮਾਨ ਫਕੀਰਾਂ ਵਾਲਾ ਭੇਸ ਧਾਰਨ ਕੀਤਾ ਬਣ ਬੈਠਾ ਨਜੂਮੀਆਂ । ਫਿਰਦੇ ਫਿਰਾਂਦੇ ਸ਼ਾਹੀ ਤਬੇਲੇ ਦੇ ਕੋਲ ਆ ਗਿਆ । ਅਗੋ ਦਰੋਗਾ ਉਦਾਸ ਫਿਰਦਾ ਸੀ ਉਸ ਨੇ ਜਦੋਂ ਦੇਖਿਆ ਕਿ ਰਬੀ ਨੂਰ ਚੇਹਰੇ ਵਾਲਾ ਅਲਾ ਦਾ ਫਕੀਰ ਨਜੂਮੀਆਂ ਫਿਰਦਾ ਹੈ ਤੇ ਹਰ ਇਕ ਦੇ ਦਿਲ ਦੀ ਗਲ ਦਸਦਾ ਹੈ ਤੇ ਓਹ ਵੀ ਪੁਛ ਲਵੇ । ਉਸ ਨੇ ਅਗੇ ਹੋਕੇ ਭਾਈ ਬਾਧੀ ਚੰਦ ਨੂੰ ਰੋਕਿਆ ਤੇ ਸਲਾਮ ਕਰਕੇ ਕਿਹਾ—'ਹੇ ਅਲਾਪਾਕ ਦੇ ਬੰਦੇ ! ਮੈਨੂੰ ਨਜੂਮ ਲਾ ਕੇ ਦਸ ਕਿ ਸ਼ਾਹੀ ਘੋੜ ਨੂੰ ਕੌਣ ਲੈ ਗਿਆ ਹੈ ਤੇ ਘੋੜਾ ਹੁਣ ਕਿਥੇ ਹੈ। ਘੜੇ ਨੂੰ ਚੋਰੀ ਹੋਇਆਂ ਅਜ ਚੋਖੇ ਦਿਨ ਹੋ ਗਏ ਹਨ । ਇਨਾਮ ਵੀ ਰਖਿਆ ਹੈ ਪਰ ਕੋਈ ਪਤਾ ਨਹੀਂ ਲਗਦਾ ।'

'ਘੋੜਾ ਕਿਸ ਥਾਂ ਤੋਂ ਚੋਰੀ ਹੋਇਆ ਹੈ ?' ਭਾਈ ਬਿਧੀ ਚੰਦ ਦਾ ਸਵਾਲ ਸੀ

'ਜੀ ਸ਼ਾਹੀ ਤਬੇਲੇ ਵਿਚੋਂ !'

ਭਾਈ ਜੀ ਨੇ ਸੁਨਹਿਰੀ ਮੌਕਾ ਜਾਤਾ ਉਨ੍ਹਾਂ ਨੇ ਉਸ ਵੇਲੇ ਨੇਤ੍ਰ ਬੰਦ ਕੀਤੇ । ਤਿੰਨ ਚਾਰ ਮਿੰਟ ਪਿਛੋਂ ਘੜੇ ਦਾ ਰੰਗ, ਕਦ, ਚੋਰੀ ਕਰਨ ਦਾ ਸਮਾਂ ਤੇ ਚੋਰੀ ਕਰਨ ਵਾਲੇ ਦਾ ਹੁਲੀਆ ਸੱਚ ਸਚ ਦਸ ਦਿਤਾ । ਇਹ ਪਤੇ ਦੀਆਂ ਗੱਲਾਂ ਸੁਣਕੇ ਦਰੋਗਾ ਤਾਂ ਭਾਈ ਜੀ ਦੇ ਚਰਨੀ ਡਿਗਾ ਤੇ ਉਸਨੇ ਬੇਨਤੀ ਕੀਤੀ—'ਖੁਦਾ ਦੇ ਨੇਕ ਬਦੇ ! ਪੀਰਾਂ ਦੇ ਪੀਰ ! ਮੈਨੂੰ ਇਹ ਦਸੋ ਘੋੜਾ ਕਿਥੇ ਹੈ ?'

'ਅਸੀਂ ਜਾਨਵਰਾਂ ਦੀ ਬੋਲੀ ਜਾਣਦੇ ਹਾਂ । ਸ਼ਹਿਰ ਦੇ ਹਾਕਮ ਨੂੰ ਕੋਲ ਸਦੋ ਅਸਾਂ ਨੂੰ ਉਸ ਤਬੇਲੇ ਵਿਚ ਲੈ ਚਲੋ ਜਿਥੋਂ ਘੋੜਾ ਚੋਰੀ ਕੀਤਾ ਗਿਆ ਹੈ, ਉਸਦੇ ਸਾਥੀ ਘੋੜੇ ਨੂੰ ਦੇਖਕੇ ਉਹਦੇ ਕੋਲੋਂ ਪੁਛਕੇ ਫਿਰ ਦਸ ਸਕਦੇ ਹਾਂ ਉਹ ਘੜਾ ਕਿਸ ਥਾਂ ਤੇ ਕਿਸ ਦੇ ਪਾਸ ਹੈ ।'

ਅੰਨ੍ਹਾਂ ਕੀ ਭਾਲੇ ਦੋ ਅੱਖੀਆਂ ! ਦਰੋਗੇ ਨੂੰ ਤਾਂ ਖੁਸ਼ੀਆਂ ਚੜ੍ਹ ਗਈਆਂ ਉਹ ਵੀ ਤਾਂ ਏਹੋ ਕੁਝ ਚਾਹੁੰਦਾ ਸੀ ਉਹ ਨੱਠਾ ਨੱਠਾ ਕਾਸਮਬੇਗ ਕੋਲ ਗਿਆ ਤੇ ਉਸਨੂੰ ਸਾਰਾ ਹਾਲ ਦਸਿਆ ਕਿ ਕੋਈ ਨਜੂਮੀਆਂ ਆਇਆ ਹੈ ਉਹ ਘੋੜੇ ਦੀਆਂ ਸਾਰੀਆਂ ਨਿਸ਼ਾਨੀਆਂ ਦਸਦਾ ਹੋਇਆ ਇਹ ਕਹਿੰਦਾ ਹੈ ਕਿ ਉਹ ਜ਼ਰੂਰ ਦਸ ਦੇਵੇਗਾ ਕਿ ਘੋੜਾ ਕਿਥੇ ਹੈ। ਪਰ ਉਹ ਸ਼ਾਹੀ ਤਬੇਲੇ ਵਿਚ ਜਾਣਾ ਚਾਹੁੰਦਾ ਹੈ।ਇਹ ਵੀ ਆਖਦਾ ਹੈ ਤੁਸੀਂ ਕੋਲ ਹੋਵੋ। ਦਰੋਗੇ ਦੀਆਂ ਗੱਲਾਂ ਸੁਣਕੇ ਕਾਸਮ ਬੇਗ ਤਬੇਲੇ ਵਿਚ ਪੁਜਾ ਤੇ ਭਾਈ ਬਿਧੀ ਚੰਦ ਜੀ ਨੂੰ ਵੀ ਉਥੇ ਸਦਿਆ ਗਿਆ। ਭਾਈ ਬਿਧੀ ਚੰਦ ਜੀ ਨੇ ਤਬੇਲੇ ਵਿਚ ਜਾਕੇ ਦੇਖਿਆ ਸਚ ਮੁਚ ਦੂਸਰਾ ਘੋੜਾ ਉਦਾਸ ਸੀ। ਉਹ ਵੀ ਪਠੇ ਨਹੀਂ ਸੀ ਖਾਂਦਾ ਉਸ ਦੀ ਪਿੱਠ ਉਤੇ ਹੱਥ ਫੇਰ ਕੇ ਭਾਈ ਬਿਧੀ ਚੰਦ ਜੀ ਨੇ ਘੋੜੇ ਨੂੰ ਆਖਿਆ—ਚਿੰਤਾ ਨਾ ਕਰ ! ਤੇਰੇ ਵੀਰ ਨਾਲ ਤੈਨੂੰ ਛੇਤੀ ਹੀ ਮਿਲਾ ਦਿਤਾ ਜਾਵੇਗਾ । ਦਸ ਤਾਂ ਸਹੀ ਤੇਰਾ ਵੀਰ ਕਿਧਰ ਹੈ ?' ਇਹ ਆਖਕੇ ਘੋੜੇ ਦੇ ਕੰਨ ਨਾਲ ਕੰਨ ਲਾ ਦਿਤਾ ਜਿਵੇਂ ਕਿ ਘੋੜੇ ਦੇ ਮਨ ਦੀ ਅਵਾਜ਼ ਸੁਣ ਰਹੇ ਸਨ। ਕੁਝ ਚਿਰ ਕੰਨ ਨਾਲ ਕੰਨ ਲਾਕੇ ਭਾਈ ਬਿਧੀ ਚੰਦ ਜੀ ਨੇ ਦਰੋਗੇ ਤੇ ਕਾਸਮਬੇਗ ਨੂੰ ਸੰਬੋਧਨ ਕਰਕੇ ਆਖਿਆ—'ਘੋੜਾ ਆਖਦਾ ਹੈ, ਮੇਰੀ ਪਿੱਠ ਉਤੇ ਸਵਾਰ ਹੋ ਮੈਂ ਦਸਦਾ ਹਾਂ ਇਸ ਵਾਸਤੇ ਤਬੇਲੇ ਨੂੰ ਜੰਦਰਾ ਮਾਰ ਦੇਵੋ ਬਾਹਰੋਂ ਕੋਈ ਨ ਆਵੇ। ਤੁਸੀਂ ਮੇਰੇ ਕੋਲ ਖਲੋਵੋ ਮੈਂ ਘੋੜੇ ਤੇ ਸਵਾਰ ਹੋਕੇ ਘੋੜੇ ਨੂੰ ਬੁਰਜ ਉਪਰ ਖਲਿਆਰਦਾ ਹਾਂ ਫਿਰ ਘੋੜਾ ਭਾਖਿਆ ਦੇਵੇਗਾ। ਜੋ ਜੋ ਭਾਖਿਆ ਦੇਵੇਗਾ ਸੋ ਮੈਂ ਤੁਸਾਂ ਨੂੰ ਦਸੀ ਜਾਵਾਂਗਾ ਸੱਚ ਦੇ ਸੌਦੇ ਹਨ ਨ ਡਰੋ ਤੇ ਨਾ ਸੰਸੇ ਵਿਚ ਪਵੋ।'

ਭਾਈ ਬਿਧੀ ਚੰਦ ਨੂੰ ਰਮਲੀਆ ਸਮਝਕੇ ਸਭ ਨੇ ਭਰੋਸਾ ਕਰ ਲਿਆ। ਦਰੋਗੇ ਤੇ ਕਾਸਮਬੇਗ ਤੋਂ ਬਿਨਾ ਸਭ ਆਦਮੀ ਬਾਹਰ ਚਲੇ ਗਏ ਤੇ ਤਬੇਲੇ ਦੇ ਵਡੇ ਦਰਵਾਜੇ ਨੂੰ ਜੰਦਰਾ ਮਾਰ ਦਿਤਾ ਓਹੋ ਹੀ ਰਸਤਾ ਘੋੜਿਆਂ ਦੇ ਬਾਹਰ ਜਾਣ ਦਾ ਸੀ ਜਦੋਂ ਦਰਵਾਜੇ ਵਜ ਗਏ ਤਾਂ ਰਮਲੀਏ ਦੇ ਰੂਪ ਵਿਚ ਭਾਈ ਬਿਧੀ ਚੰਦ ਜੀ ਘੋੜੇ ਉਪਰ ਸਵਾਰ ਹੋਏ। ਉਸਨੂੰ ਬੁਰਜ ਉਪਰ ਖਲਿਹਾਰਕੇ ਕਾਸਮਬੇਗ ਨੂੰ ਬਹੁਤ ਉੱਚੀ ਕਿਹਾ—'ਹੇਸੂਬੇਬਦਾਰ ਲਾਹੌਰ !ਘੋੜਾ ਭਾਖਿਆਦੇਂਦਾ ਹੈਕਿਇਹਘੋੜੇਦੋਵੇਂਸਕੇ ਭਰਾ ਹਨ। ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਜੋ ਸਤਿਗੁਰੂ ਹਰਿਗੋਬਿੰਦ

ਸਾਹਿਬ ਜੀ ਹੈਨ ਤੇ ਜਿਸ ਨੂੰ ਸਚਾ ਪਾਤਸ਼ਾਹ ਕਹਿੰਦੇ ਹਨ ਉਨ੍ਹਾਂ ਵਾਸਤੇ ਭਾਈ ਕਰੋੜੀਏ ਨ ਇਹ ਘੋੜ ਪਾਲੇ ਸਨ ਤੇ ਕਾਬਲੋਂ ਲੈ ਕੇ ਆਇਆ ਸੀ। ਇਨ੍ਹਾਂ ਦੋਹਾਂ ਘੜਿਆਂ ਨੂੰ ਤੁਸਾਂ ਉਸ ਪਾਸੋਂ ਧਕੇ ਨਾਲ ਖੋਹ ਲਿਆ ਉਹ ਰੋਂਦਾ ਹੋਇਆ ਸਤਿ-ਗੁਰੂ ਜੀ ਦੇ ਦਰਬਾਰ ਪ੍ਰਜਾ। ਉਸਦੇ ਰੋਣੇ ਨੂੰ ਦੇਖਕੇ ਸਤਿਗੁਰੂ ਜੀ ਦੇ ਸਿਖ ਭਾਈ ਬਿਧੀ ਚੰਦ ਨੇ ਸਤਿਗੁਰੂ ਜੀ ਪਾਸੋਂ ਆਗਿਆ ਮੰਗੀ ਕਿ ਉਹ ਘੋੜਿਆਂ ਨੂੰ ਲੈ ਆਉਂਦਾ ਹੈ। ਪਹਿਲਾ ਘੋੜਾ ਬਿਧੀ ਚੰਦ ਘਾਹੀ ਬਣ ਕੇ ਲੈ ਗਿਆ ਤੇ ਦੂਸਰਾ ਹੁਣ ਰਮਲੀਆ (ਨਮੂਜੀਆਂ) ਬਣ ਕੇ ਲੈ ਚਲਿਆ ਹੈ। ਸੁਚੇ ਪਾਤਸਾਹ ਦੇ ਘੋੜੇ ਸਚੇ ਪਾਤਸ਼ਾਹ ਕੋਲ ਚਲੇ ਹਨ।

ਇਹ ਆਖਕੇ ਭਾਈ ਬਿਧੀ ਚੰਦ ਨੇ ਘੋੜ ਨੂੰ ਅਡੀ ਮਾਰੀ ਤੇ ਸਤਿਗੁਰੂ ਜੀ ਦੇ ਚਰਨਾ ਦਾ ਧਿਆਨ ਧਰਕੇ ਜ਼ਬਾਨੋਂ 'ਸਤਿਨਾਮ ਵਾਹਿਗੁਰੂ!' ਆਖਕੇ ਘੜੇ ਕੋਲੋਂ ਕਿਲੇ ਦੇ ਬੁਰਜ ਉਪਰੋਂ ਛਾਲ ਮਰਵਾ ਦਿਤੀ। ਬਰਜ ਦੇ ਹੇਠਾਂ ਦਰਿਆ ਵਗਦਾ ਸੀ ਉਸ ਵਿਚਾ ਘੜਾ ਤੇ ਭਾਈ ਬਿਧੀ ਚੰਦ ਪਹਿਲਾਂ ਹੇਠਾਂ ਗਏ ਤੇ ਫਿਰ ਉਪਰ ਆਏ ਮੁੜ ਪਾਰ ਜਾ ਲਗੇ। ਕਾਸਮਬੇਗ ਤੇ ਦਰੋਗਾ ਦੇਖਦੇ ਹੀ ਰਹਿ ਗਏ। ਘਬਰਾਹਟ ਵਿਚ ਉਨ੍ਹਾਂ ਦੇ ਮੂੰਹੋਂ ਇਹ ਵੀ ਨਾ ਨਿਕਲਿਆ 'ਚੋਰ ਚੋਰ! ਨਠੋ ਫੜੋ!'

ਭਾਈ ਬਿਧੀ ਚੰਦ ਘੜ ਨੂੰ ਪਵਨ ਰੂਪ ਉਡਾ ਕੇ ਸਤਿਗੁਰੂ ਜੀ ਦੇ ਪਾਸ ਲੈ ਆਇਆ। ਇਸ ਅਦੁਤੀ ਬਹਾਦਰੀ ਨੇ ਭਾਈ ਬਿਧੀ ਚੰਦ ਜੀ ਦਾ ਨਾਮ ਰੋਸ਼ਨ ਕਰ ਦਿਤਾ।

੧੩. ਸਤਿਗੁਰੂ ਜੀ ਨੇ ਲੜਾਈਆਂ ਕਿਉਂ ਲੜੀਆਂ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੰਜਵੀਂ ਪਾਤਸ਼ਾਹੀ ਤਕ ਸਿਖ ਸ਼ਾਂਤ ਮਾਈ ਵਿਚ ਰਹਿੰਦੇ ਆਏ ਤੇ ਭਗਤੀ ਦਾ ਉਪਦੇਸ਼ ਹੁੰਦਾ ਸੀ। ਭਗਤੀ ਸਿਮਰਨ ਸੇਵਾ ਨਾਲ ਵੈਰੀ ਨੂੰ ਜਿਤਿਆ ਜਾਂਦਾ ਰਿਹਾ। ਪੰਜਵੀਂ ਪਾਤਸ਼ਾਹੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹਕੇ ਸ੍ਰੀ ਹਰਿਮੰਦਰ ਸਾਹਿਬ ਪ੍ਰਕਾਸ਼ ਕੀਤਾ। ਨਵੇਂ ਸ਼ਹਿਰ ਵਸਾਏ ਤੇ ਸਰੋਵਰ ਤਿਆਰ ਕਰਵਾਏ। ਸਿਖਾਂ ਦੀ ਗਿਣਤੀ ਵਧ ਗਈ। ਸਿਖ ਸੰਗਤ ਨਵੇਂ ਸਮਾਜ ਦਾ ਰੂਪ ਧਾਰਨ ਕਰ ਗਈ। ਰੋਤੀ

ਤੇ ਬੇਟੀ ਦੀ ਸਾਂਝ ਸਿੱਖ ਆਪੋ ਵਿਚ ਦੀ ਕਰਨ ਲਗੇ ਹਿੰਦੂ ਸਮਾਜ ਤੇ ਮੁਸਲਮਾਨ ਧਰਮ ਨਾਲੋਂ ਵਖੇਵੇਂ ਵਿਚ ਰਹਿਣ ਲਗੇ। ਸੇਵਾ ਭਗਤੀ ਤੇ ਤਿਆਗ ਦੇ ਨਾਲ ਨਿਰਭੈਤਾ ਵੀ ਆਈ।

ਸ਼ਾਹਜਹਾਨ ਤੇ ਪੰਜਾਬ ਦੇ ਹਾਕਮਾਂ ਨੂੰ ਡਰ ਭਾਸਿਆ ਕਿ ਸਤਿਗੁਰੂ ਜੀ ਨਵੇਂ ਸਮਾਜ ਨਾਲ ਕਿਤੇ ਬਗਾਵਤ ਕਰਕੇ ਰਾਜ ਨਾ ਮਲ ਲੈਣ ਨਾਲ ਹੀ ਸਤਿਗੁਰੂ ਜੀ ਦਾ ਘੋੜੇ, ਸੈਨਾ ਤੇ ਹਥਿਆਰ ਰਖਣਾ ਸ਼ਕ ਦਾ ਕਾਰਨ ਬਣ ਗਿਆ। ਲੋਕ ਸਤਿਗੁਰੂ ਜੀ ਨੂੰ ਸਚਾ ਪਾਤਸ਼ਾਹ ਆਖਦੇ ਸਨ। ਇਕ ਰਾਜ ਵਿਚ ਦੋ ਝੰਡੇ ਦੋ ਪਾਤ-ਸ਼ਾਹ ਤੇ ਦੋ ਫੌਜਾਂ ਕਿਵੇਂ ਰਹਿ ਸਕਦੀਆਂ ਹਨ। ਸਤਿਗੁਰੂ ਜੀ ਜਿਧਰ ਵੀ ਜਾਂਦੇ ਓਧਰ ਹੀ ਉਹਨਾ ਦੇ ਨਾਲ ਪੰਜ ਚਾਰ ਸੌ ਘੋੜ ਸਵਾਰ ਸਿਖ ਹੁੰਦੇ ਜਿਨਾਂ ਦੇ ਰੋਹਬ ਝਲੇ ਨਾ ਜਾਂਦੇ ਅਤੇ ਨਾ ਹੀ ਮਾੜਾ ਮੋਟਾ ਉਹਨਾ ਦੇ ਸਾਹਮਣੇ ਅੜਦਾ ਸੀ।

ਬਾਦਸ਼ਾਹ ਨੇ ਸੂਬੇਦਾਰ ਨੂੰ ਹੁਕਮ ਕੀਤਾ ਕਿ ਜਿਵੇਂ ਵੀ ਹੋਵੇ ਉਹ ਸਤਿਗੁਰੂ ਜੀ ਦੇ ਇਕਬਾਲ ਨੂੰ ਘਟਾਉਣ ਦਾ ਯਤਨ ਕਰੇ। ਲਿਖਿਆ ਹੈ ਕਿ ਸਤਿਗੁਰੂ ਜੀ ਇਕ ਦਿਨ ਰਾਮ ਤੀਰਥ,ਖੋਹਾਲਾ ਤੇ ਖੁਹਾਲੀ ਦੀ ਜੂਹ ਵਲ ਸ਼ਿਕਾਰ ਖੇਡਣ ਗਏ। ਸਤਿਗੁਰੂ ਜੀ ਸ਼ਿਕਾਰ ਖੇਡ ਰਹੇ ਸਨ ਕਿ ਲਾਹੌਰ ਦੇ ਸੂਬੇਦਾਰ ਦਾ ਬਾਜ ਉਡਕੇ ਸਤਿਗੁਰੂ ਜੀ ਪਾਸ ਆ ਗਿਆ। ਸਾਹਿਬਾਂ ਨੇ ਉਹ ਬਾਜ ਫੜ ਲਿਆ। ਸੂਬੇਦਾਰ ਦੇ ਆਦਮੀਂ ਬਾਜ ਦੀ ਖੋਜ ਵਿਚ ਪਿਛੇ ਆਏ। ਉਹਨਾਂ ਜਦ ਬਾਜ ਸਤਿਗੁਰੂ ਜੀਪਾਸੋਂ ਮੰਗਿਆ ਤਾਂ ਸਾਹਿਬਾਂ ਨੇ ਬਾਜ ਨਾ ਦਿਤਾ। ਇਹ ਆਖਿਆ ਕਿ ਬਾਜ ਆਪੇ ਸ਼ਰਨ ਆਇਆ ਹੈ ਇਸ ਕਰਕੇ ਵਾਪਸ ਨਹੀਂ ਕੀਤਾ ਜਾ ਸਕਦਾ। ਸੂਬੇਦਾਰ ਨੂੰ ਇਸ ਗਲ ਦਾ ਗੁਸਾ ਲਗਾ। ਉਸ ਨੇ ਇਹ ਨੀਤ ਧਾਰਨ ਕਰ ਲਈ ਕਿ ਉਹ ਸਤਿਗੁਰੂ ਜੀ ਨੂੰ ਸ੍ਰੀ ਅੰਮ੍ਰਿਤਸਰ ਤੋਂ ਜ਼ਰੂਰ ਕਢ ਦੇਵੇਗਾ। ਲੜਾਈ ਕਰੇਗਾ ਜਾਂ ਸਾਹਿਬਾਂ ਨੂੰ ਕੈਦ ਕਰ ਲਵੇਗਾ ਕਈਆਂ ਗ੍ਰੰਥਾਂ ਵਿਚ ਇਹ ਵੀ ਲਿਖਿਆ ਹੈ ਕਿ ਬਾਜ ਬਾਦ-ਸ਼ਾਹ ਦਾ ਸੀ। ਪਰ ਬਾਦਸ਼ਾਹ ਬਹੁਤਾ ਚਿਰ ਕਦੀ ਲਾਹੌਰ ਨਹੀਂ ਸੀ ਰਿਹਾ।

ਸਤਿਗੁਰੂ ਜੀ ਨੂੰ ਵੀ ਖਬਰਾਂ ਮਿਲ ਗਈਆਂ ਕਿ ਮੁਗ਼ਲ ਤੇ ਤੁਰਕ ਗੁਰੂ ਘਰ ਦੇ ਦੁਸ਼ਮਨ ਬਣ ਰਹੇ ਹਨ। ਉਹ ਜ਼ਰੂਰ ਇਕ ਨਾ ਇਕ ਦਿਨ ਗੁਰੂ ਕੀ ਨਗਰੀ ਉਪਰ ਚੜ੍ਹਾਈ ਕਰਕੇ ਆਉਣਗੇ। ਸਾਹਿਬਾਂ ਨੇ ਇਹ

ਖਬਰਾਂ ਸੁਣਕੇ ਸਾਰੇ ਮਾਝੇ ਤੇ ਮਾਲਵੇ ਦੁਆਬੇ ਵਿਚ ਸਿਖਾਂ ਵਲ ਹੁਕਮ ਨਾਮੇ ਲਿਖੇ। ਆਗਿਆ ਕੀਤੀ ਕਿ ਸਿਖ ਘੋੜੇ ਹਥਿਆਰ ਸਾਥ ਲੈਕੇ ਧਰਮ ਯੁਧ ਵਾਸਤੇ ਤਿਆਰ ਹੋਕੇ ਅੰਮ੍ਰਿਤਸਰ (ਗੁਰੂ ਕੇ ਚੱਕ) ਪਹੁੰਚ ਜਾਣ। ਲੋਹਗੜ੍ਹ ਦੇ ਕਿਲੇ ਨੂੰ ਮਜ਼ਬੂਤ ਕੀਤਾ ਬੰਦੂਕ, ਤਲਵਾਰ, ਬਰੂਦ, ਸਰੋਹੀ, ਢਾਲ, ਤੀਰ ਕਮਾਨ ਆਦਿਕ ਹਥਿਆਰਾਂ ਨੂੰ ਇਕੱਤ੍ਰ ਕੀਤਾ ਤੇ ਨਵੇਂ ਤਿਆਰ ਕਰਵਾਏ।

ਜਿਉਂ ਜਿਉਂ ਸਿਖਾ ਨੇ ਸੁਣਿਆਂ ਕਿ ਧਰਮ ਯੁਧ ਹੋਣ ਵਾਲਾ ਹੈ, ਉਹ ਘਰਾ ਦੇ ਕੰਮ ਛਡਕੇ ਜਥਿਆਂ ਦੇ ਰੂਪ ਵਿਚ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਆ ਪੁਜੇ। ਦੋ ਹਜ਼ਾਰ ਤੋਂ ਉੱਪ ਸਿਖ ਇਕੱਠੇ ਹੋ ਗਏ ਤੇ ਦੁਸ਼ਮਨ ਦੀ ਉਡੀਕ ਕਰਨ ਲਗੇ। ਇਹ ਸਾਲ ੧੬੮੫ ਬਿਕ੍ਰਮੀ ਦਾ ਸੀ।

੧. ਬੀਬੀ ਵੀਰੋ ਦਾ ਵਿਆਹ ਤੇ ਮੁਗਲਾਂ ਨਾਲ ਯੁਧ

ਕਰਤਾਰ ਦੀ ਲੀਲ੍ਹਾ ਦਾ ਕੋਈ ਅੰਤ ਨਹੀਂ ਪਾ ਸਕਦਾ, ਹੋਣੀ ਵਡੇ ਅਵਤਾਰਾ, ਪੈਗੰਬਰਾਂ ਅਤੇ ਰਿਖੀਆਂ ਮੁਨੀਆਂ ਉਤੇ ਵਰਤ ਜਾਂਦੀ ਹੈ। ਏਸੇ ਹੋਣੀ ਦਾ ਦੂਸਰਾ ਨਾਮ ਗੁਰਮਤ ਸਾਹਿਤ ਵਿਚ 'ਭਾਣਾ' ਹੈ ਭਾਣਾ ਵਰਤਕੇ ਰਹਿੰਦਾ ਹੈ ਇਹ ਕਿਸੇ ਦੇ ਰੋਕਿਆਂ ਨਹੀ ਰੁਕ ਸਕਦਾ। ਸਤਿਗੁਰੂ ਜੀ ਨੇ ਮਾਤਾ ਗੰਗਾ ਜੀ ਦੇ ਕਹਿਣ ਤੇ ਆਪਣੀ ਸਪੁਤ੍ਰੀ ਬੀਬੀ ਵੀਰੋ ਜੀ ਦੀ ਮੰਗਣੀ ਪਿੰਡ ਮੱਲੇ ਦੇ ਖਤ੍ਰੀ ਸਾਧ ਰਾਮ ਨਾਲ ਕਰ ਛੱਡੀ ਹੋਈ ਸੀ। ੨੬ ਜੇਠ ੧੬੮੫ ਬਿ: ਨੂੰ ਅਨੰਦ ਕਾਰਜ ਹੋਣਾ ਸੀ ਤੇ ੨੫ ਜੇਠ ਨੂੰ ਬਰਾਤ ਨੇ ਸ੍ਰੀ ਅੰਮ੍ਰਿਤਸਰ ਜੀ ਪੁਜਣਾ ਸੀ. ਬੀਬੀ ਜੀ ਦਾ ਵਿਆਹ ਧੂੰਮ ਧਾਮ ਨਾਲ ਕਰਨ ਦੀ ਸਲਾਹ ਹੋਈ, ਇਸ ਕਰਕੇ ਦੋ ਮਹੀਨੇ ਪਹਿਲਾਂ ਹੀ ਵਿਆਹ ਦੀ ਸਮਗਰੀ ਤਿਆਰ ਕਰਨੀ ਆਰੰਭ ਦਿਤੀ ਸੀ।

ਲਿਖਿਆ ਹੈ ਕਿ ਜਦੋਂ ਮਠਿਆਈ ਬਣਾਕੇ ਹਲਵਾਈ ਤਿਆਰ ਕਰ ਰਹੇ ਸਨ ਤਾਂ ਪਛਮ ਦੇਸ਼ ਵਲੋਂ ਸੰਗਤ ਆ ਪੁਜੀ, ਸਿਖ ਸੰਗਤ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਕਾਰ ਭੇਟ ਚੜ੍ਹਾਈ ਤਾਂ ਸਤਿਗੁਰੂ ਜੀ ਨੇ ਸਿਖ ਸੰਗਤ ਨੂੰ ਅੰਨ, ਜਲ ਪੁਛਿਆ। ਪੁਛਣ ਤੇ ਸਿਖ ਸੰਗਤ ਦੇ ਮੁਖੀਆਂ ਨੇ ਕਿਹਾ ਕਿ ਭੋਜਨ ਛਕਣਾ ਹੈ। ਰਾਹ ਵਿਚ ਕੋਈ ਪ੍ਰਬੰਧ ਨਹੀਂ ਹੋ ਸਕਿਆ। ਇਹ ਸੁਣਕੇ ਸਤਿਗੁਰੂ

ਜੀ ਨੇ ਲਾਂਗਰੀ ਨੂੰ ਹੁਕਮ ਕੀਤਾ ਕਿ ਉਹ ਪ੍ਰਸਾਦ ਛਕਾਵੇ, ਪਰ ਲਾਂਗਰੀ ਨੇ ਉਤਰ ਦਿਤਾ ਕਿ ਲੰਗਰ ਵਿਚੋਂ ਪ੍ਰਸ਼ਾਦੇ ਵਾਧੇ ਪਾ ਗਏ ਹਨ। ਸਾਹਿਬਾਂ ਨੂੰ ਸਿਖ ਜਾਨ ਨਾਲੋਂ ਪਿਆਰੇ ਸਨ। ਉਨ੍ਹਾਂ ਨੇ ਮਹਿਲਾਂ ਵਿਚ ਸੁਨੇਹਾ ਭੇਜਿਆ ਕਿ ਜੋ ਮਠਿਆਈ ਵੀਰੋ ਜੀ ਦੇ ਵਿਆਹ ਵਾਸਤੇ ਤਿਆਰ ਹੋ ਰਹੀ ਹੈ ਉਹ ਭੇਜ ਦਿਤੀ ਜਾਵੇ, ਤਾਂ ਕਿ ਸਿਖ ਸੰਗਤ ਨੂੰ ਛਕਾਈ ਜਾਵੇ, ਪਰ ਮਾਤਾ ਦਮੋਦਰੀ ਜੀ ਨੇ ਨਾ ਭੇਜੀ ਕਿ ਸ਼ਗਨਾ ਦੀ ਮਠਿਆਈ ਪਹਿਲਾਂ ਨਹੀਂ ਵਰਤਾਉਣੀ। ਇਹ 'ਨਾਂਹ' ਸਤਿ-ਗੁਰੂ ਜੀ ਨੂੰ ਮਾੜੀ ਲਗੀ। ਉਨ੍ਹਾਂ ਦੇ ਮੁਖੋਂ ਸਹਿਜ ਸੁਭਾ ਬਚਨ ਨਿਕਲ ਗਿਆ ਕਿ 'ਹੱਛਾ! ਇਹ ਮਠਿਆਈ ਮਲੇਛ ਖਾਣਗੇ।'

ਮਾਤਾ ਦਮੋਦਰੀ ਜੀ ਨੂੰ ਜਦੋਂ ਪਤਾ ਲੱਗਾ ਤਾਂ ਉਹ ਬਹੁਤ ਪਛੁਤਾਏ ਪਰ ਬਚਨ ਦਾ ਤੀਰ ਜ਼ਬਾਨੋਂ ਨਿਕਲ ਚੁਕਾ ਸੀ, ਉਹ ਵਾਪਸ ਨਹੀਂ ਸੀ ਆ ਸਕਦਾ। ਸਤਿਗੁਰੂ ਜੀ ਦਾ ਬਚਨ ਸਤ ਹੋਇਆ। ਲਾਹੌਰ ਦੀ ਸਿਖ ਸੰਗਤ ਦਾ ਹਲਕਾਰਾ ਸ੍ਰੀ ਅੰਮ੍ਰਿਤਸਰ ਜੀ ਪੁਜਾ ਕਿ ਬਾਦਸ਼ਾਹ ਸ਼ਾਹ ਜਹਾਨ ਦੇ ਹੁਕਮ ਦੀ ਆੜ ਲੈਕੇ ਸੂਬੇ-ਦਾਰ ਲਾਹੌਰ ਵਲੋਂ ਮੁਗਲ ਫੌਜ ਆਪ ਨਾਲ ਯੁਧ ਕਰਨ ਵਾਸਤੇ ਅੰਮ੍ਰਿਤਸਰ ਨੂੰ ਆਉਣ ਵਾਸਤੇ ਤਿਆਰ ਹੈ। ਆਪ ਜਿਵੇਂ ਚੰਗਾ ਸਮਝੋ ਤਿਵੇਂ ਕਰੋ।

ਸਤਿਗੁਰੂ ਜੀ ਨੇ ਉਸੇ ਵੇਲੇ ਸਿਖ ਸੇਵਕਾਂ ਨੂੰ ਇਕਤ੍ਰ ਕੀਤਾ, ਭਾਈ ਬਿਧੀਚੰਦ, ਪੈਦੇ ਖਾਂ, ਭਾਈ ਭਾਨਾ, ਸੁਧੂ ਤੇ ਬੁਧੂ ਆਦਿਕ ਮਹਾਂ ਬਲੀ ਜੋਧਿਆਂ ਨੂੰ ਆਖਿਆ ਕਿ ਸੈਨਾ ਨੂੰ ਤਿਆਰ ਕਰਨ। ਮਾਝੇ ਦੇ ਪਿੰਡਾਂ ਵਿਚ ਵੀ ਸੁਨੇਹੇ ਭੇਜ ਦਿਤੇ ਕਿ ਸਤਿਗੁਰੂ ਜੀ ਸ੍ਰੀ ਹਰਿ ਮੰਦਰ ਸਾਹਿਬ ਦੀ ਰਾਖੀ ਵਾਸਤੇ ਧਰਮ ਯੁਧ ਕਰਨ ਨੂੰ ਤਿਆਰ ਹਨ। ਮਲੇਛ ਸਤਿਗੁਰੂ ਜੀ ਨੂੰ ਫੜਕੇ ਲਹੌਰ ਲੈ ਜਾਣਾ ਚਾਹੁੰਦੇ ਹਨ ਇਸ ਤਰਾਂ ਦੀਆਂ ਖਬਰਾਂ ਸੁਣਕੇ ਮਾਝੇ ਦੇ ਬਲੀ ਬਹਾਦਰ ਵੀ ਧਰਮ ਯੁਧ ਵਾਸਤੇ ਤਿਆਰ ਹੋ ਅੰਮ੍ਰਿਤਸਰ ਵਲ ਵਹੀਰਾਂ ਘਤ ਆਏ। ਮਾਲਵੇ ਤੇ ਦੁਆਬੇ ਦੇ ਸਿੰਘ ਵੀ ਪਿਛੇ ਨਾ ਰਹੇ। ਇਸ ਤਰਾਂ ਸਤਿਗੁਰੂ ਜੀ ਪਾਸ ਤਕੜੀ ਸੈਨਾ ਇਕਤ੍ਰ ਹੋ ਗਈ ਤੇ ਯੁਧ ਦੀ ਤਿਆਰੀ ਹੋਣ ਲਗੀ।

ਆਖਰ ਜੋ ਖਬਰਾਂ ਸੁਣੀ ਦੀਆਂ ਸਨ, ਉਹ ਗਲਾਂ ਸਚੀਆਂ ਹੋ ਗਈਆਂ। ੧੩ ਜੇਠ ੧੬੮੫ ਨੂੰ ਜਦੋਂ ਧੁਪ ਬਹੁਤ ਤੇਜ ਸੀ ਤੇ ਧੁਪੇ ਕਾਂ ਦੀ

ਅੱਖ ਨਿਕਲਦੀ ਸੀ, ਤਦੋਂ ਸੂਬੇਦਾਰ ਲਾਹੌਰ ਦੀ ਆਗਿਆ ਨਾਲ ਰਸੂਲ ਖਾਂ ਸਤ ਹਜ਼ਾਰ ਜਵਾਨ ਲੈਕੇ ਭੂਤਨਿਆਂ ਦੀ ਤਰਾਂ ਰੌਲਾ ਪਾਉਂਦਾ ਤੇ ਧਰਤੀ ਪੁਟਦਾ ਹੋਇਆ ਚੜ੍ਹਾਈ ਕਰਕੇ ਅਟਾਰੀ ਲੰਘ ਆਇਆ। ਭਾਈ ਭਗਤ ਸਿੰਘ ਜੀ 'ਗੁਰ ਬਿਲਾਸ' ਗ੍ਰੰਥ ਵਿਚ ਲਿਖਦੇ ਹਨ ਕਿ ਸਤਿਗੁਰੂ ਹਰਿ ਗੋਬਿੰਦ ਸਾਹਿਬ ਨੇ ਆਪ ਹਰ ਮੰਦਰ ਸਾਹਿਬ ਜਾਕੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਅਰਜਨ ਦੇਵਜੀ ਮਹਾਰਾਜ ਤਕ ਸਾਰੇ ਗੁਰੂ ਸਾਹਿਬਾਂ ਅਤੇ ਪ੍ਰਮਾਤਮਾ ਅਗੇ ਅਰਦਾਸ ਕੀਤੀ ਕਿ ਮਲੇਛਾਂ ਨਾਲ ਯੁਧ ਕਰਨ ਤੇ ਉਨ੍ਹਾਂ(ਸਤਿਗੁਰੂ ਜੀ)ਨੂੰ ਫਤਹ ਪ੍ਰਾਪਤ ਹੋਵੇ। ਭਾਈ ਭਗਤ ਸਿੰਘ ਜੀ ਫੁਰਮਾਉਂਦੇ ਹਨ:—

ਸਵੈਯਾ—ਬੰਦਤ ਹੌ ਗੁਨ ਨਾਨਕ ਕੋ ਜਿਨ ਕੇ ਬਲਿ ਤੇ ਹਮ ਹੂ ਸੁਖ ਪਾਇ ॥
ਸੰਗਤ ਔ ਚਤਰਾਨਨ ਲੌ ਜਿਹ ਢੂਢਤ ਨੀਤ ਸਮਾਧ ਲਗਾਇ ॥
ਗੁਰ ਅੰਗਦ ਨਮੋਂ ਕਰੋਂ ਹਿਤ ਸੋ ਪੁਨ ਅਮਰਗੁਰੂ ਜਹਿ ਅੰਤ ਨ ਪਾਇ ॥
ਰਾਮਦਾਸ ਗੁਰੂ ਹਰਿ ਰੂਪ ਭਏ ਗੁਰ ਅਰਜਨ ਅੰਤ ਕਿਨੀ ਨ ਲਿਖਾਇ ॥

ਦੋਹਿਰ—ਹਾਥ ਜੋੜ ਗੁਰ ਹਰਿ ਗੋਬਿਦ ਬਿਨਤੀ ਐਸੇ ਧਾਰ ॥
ਮੋ ਪਰ ਕ੍ਰਿਪਾ ਕਰੋ ਗੁਰ ਜੈ ਜੈ ਜੈ ਅਸਰਾਰ ॥

ਛਪੈ—ਚਰਨ ਸਰਨ ਭਵ ਹਰਨ ਦੀਨ ਬੰਧਵ ਸੁਖ ਦਾਇਕ ॥
ਪਤਤ ਪਵਿਤ੍ਰਹਿ ਕਰਤ ਸਕਲ ਬਾਤਨ ਪ੍ਰਭ ਲਾਇਕ ॥
ਤੁਮ ਸਰ ਅਵਰਿ ਉਦਾਰ ਤੀਨ ਭਵਨ ਮੈ ਨਾਹੀ ॥
ਬਿਜੈ ਦਾਨ ਮੋਹਿ ਕਰੋ ਹੈ ਲੋਚਾ ਮਨ ਮਾਹੀ ॥
(ਗੁਰ ਬਲਾਸ ਛੇਵੀਂ ਪਾਤਸ਼ਾਹੀ ਹੱਥ ਲਿਖਤ ਵਿਚੋਂ)

ਇਸਤਰਾਂ ਪਹਿਲੇ ਸਤਿਗੁਰੂ ਸਾਹਿਬਾਨ ਨੂੰ ਯਾਦ ਕਰਕੇ, ਸ੍ਰੀ ਹਰਿਮੰਦਰ ਸਾਹਿਬ ਤੋਂ ਅਕਾਲ ਬੁੰਗੇ ਸਾਹਿਬ ਅਰਦਾਸ ਕਰਕੇ ਅਤੇ ਦੁਖ ਭੰਜਨੀ ਬਰ ਹੇਠੋਂ ਇਸ਼ਨਾਨ ਕਰਕੇ ਸ੍ਰੀ ਸਤਿਗੁਰੂ ਹਰਿ ਗੋਬਿੰਦ ਸਾਹਿਬ ਯੁਧ ਵਾਸਤੇ ਤਿਆਰ ਹੋਏ ਤੇ ਭਾਰੀ ਸੈਨਾ ਸਾਥ ਲੈਕੇ ਸ਼ਹਿਰੋਂ ਬਾਹਰ ਉਸ ਅਸਥਾਨ ਤੇ ਆ ਪੁਜੇ ਜਿਥੇ ਅਜ ਪਿਪਲੀ ਸਾਹਿਬ ਗੁਰਦੁਆਰਾ ਹੈ ਤੇ ਇਸ ਥਾਂ ਨੂੰ ਪੁਤਲੀ ਘਰ ਜਾਂ ਖਾਲਸਾ ਕਾਲਜ ਦੀ ਵਸੋਂ ਆਖਿਆ ਜਾਂਦਾ ਹੈ। ਸਤਿਗੁਰੂ ਜੀ ਇਸ ਥਾਂ ਇਸ ਖਿਆਲ ਨਾਲ ਪੁਜੇ ਕਿ ਸ਼ਹਿਰ

ਅਤੇ ਹਰਿ ਮੰਦਰ ਸਾਹਿਬ ਦਾ ਨੁਕਸਾਨ ਤੇ ਨਰਾਦਰ ਨਾ ਹੋਵੇ। ਐਸਾ ਵਿਚਾਰਕੇ ਸ਼ਹਿਰੋਂ ਬਾਹਰ ਪਹਿਲਾਂ ਹੀ ਆ ਪੁਜੇ ਸਨ।

ਸਤਿਗੁਰੂ ਜੀ ਨੇ ਪੈਂਦੇ ਖਾਂ, ਭਾਈ ਬਿਧੀ ਚੰਦ, ਜੇਠੇ ਤੇ ਪੈੜੇ ਆਦਿ ਬਲੀਆਂ ਨੂੰ ਸੈਨਾਪਤੀ ਬਣਾ ਬਣਾਕੇ ਮੋਰਚਿਆਂ ਵਿਚ ਵੰਡ ਦਿੱਤਾ ਤਾਂ ਕਿ ਦੁਸ਼ਮਨ ਨੂੰ ਚੌਂਹ ਪਾਸਿਆਂ ਤੋਂ ਘੇਰ ਲਿਆ ਜਾਵੇ। ਆਪ ਸਤਿਗੁਰੂ ਜੀ ਕੁਝ ਸੈਨਾ ਲੈ ਕੇ ਰਤਾ ਹੱਟਵੇਂ ਬੈਠ ਗਏ, ਜਿਥੋਂ ਸੈਨਾ ਦੀ ਸਹਾਇਤਾ ਕਰ ਸਕਣ।

ਪਿਪਲੀ ਦੇ ਮੈਦਾਨ ਵਿਚ ਦੋਹਾਂ ਦਲਾਂ ਦਾ ਮੁਕਾਬਲਾ ਹੋ ਗਿਆ। ਬੰਦੂਕਾਂ, ਤੀਰ ਤਲਵਾਰਾਂ ਚਲਣ ਲੱਗ ਪਈਆਂ। ਇਕ ਪਾਸੇ ਤੁਰਕਾਂ ਦੀ ਮਾਂਗਵੀਂ ਤੇ ਤਨਖਾਹ ਵਾਲੀ ਸੈਨਾ ਸੀ ਤੇ ਦੂਸਰੇ ਪਾਸੇ ਪ੍ਰੇਮ ਤੇ ਭਗਤੀ ਅਤੇ ਗੁਰੂ ਘਰ ਦੀ ਸ਼ਰਧਾ ਵਾਸਤੇ ਮੁਫਤ ਲੜਨ ਵਾਲੀ ਸੈਨਾ ਸੀ, ਜਿਸ ਦਾ ਇਕ ਇਕ ਸੈਨਿਕ ਮਹਾਂਬਲੀ ਸੀ। ਭਾਈ ਬਿਧੀ ਚੰਦ ਸੂਰਮਾ, ਭਾਈ ਜੇਠਾ ਪੈਂਦੇ ਖਾਂ ਅਤੇ ਹੋਰ ਸੈਨਾਪਤੀ ਹਲੇ ਤੇ ਹਲਾ ਬੋਲਕੇ ਤੁਰਕਾਂ ਦੀ ਕਟਾ ਵਢ ਕਰਦੇ ਰਹੇ।

ਤੁਰਕਾਂ ਵਲੋਂ ਰਸੂਲ ਖਾਂ ਚੰਗਾ ਲੜਾਕਾ ਸੀ ਪਰਬਤ ਵਰਗੇ ਕਦਾਂ ਵਰਗੇ ਪਠਾਣ ਅਤੇ ਕਾਬਲੀ ਜਵਾਨ ਮਾਂਗੇ ਆਏ। ਉਨ੍ਹਾਂ ਕੋਲ ਵੀ ਹਥਿਆਰ ਤੇ ਚੰਗੇ ਘੋੜੇ ਸਨ ਉਹ ਵੀ ਡਟਕੇ ਲੜਾਈ ਕਰਦੇ ਰਹੇ। ਸਤਿਗੁਰੂ ਜੀ ਵੀ ਤੀਰ ਚਲਾਉਂਦੇ ਰਹੇ ਤੇ ਸਿੱਖਾਂ ਨੂੰ ਹੌਂਸਲੇ ਦੇਂਦੇ ਰਹੇ। ਇਸਤਰਾਂ ਲੜਦਿਆਂ ਨੂੰ ਦਿਨ ਢਲ ਗਿਆ। ਦਿਨ ਢਲੇ ਇੱਕ ਹੋਰ ਕੌਤਕ ਹੋਇਆ। ਓਹ ਕੌਤਕ ਇਹ ਕਿ ਮਾਝੇ ਦੇ ਕੁਝ ਗਭਰੂ ਤਕੜੇ ਜਥੇ ਦੀ ਸੂਰਤ ਵਿੱਚ ਸਤਿਗੁਰੂ ਜੀ ਦੀ ਸਹਾਇਤਾ ਕਰਨ ਵਾਸਤੇ ਆ ਨਿਕਲੇ, ਉਨਾਂ ਨੂੰ ਆਉਂਦਿਆਂ ਦੇਖ ਅਤੇ ਸਿਖਾਂ ਨੂੰ ਡਟਕੇ ਲੜਦਿਆਂ ਹੋਇਆਂ ਅਨੁਭਵ ਕਰਕੇ ਤੁਰਕਾਂ ਦੇ ਮਨ ਡਰ ਗਏ। ਉਨ੍ਹਾਂ ਦੇ ਹਿਰਦੇ ਕੰਬਣ ਲਗ ਪਏ। ਅਤੇ ਸਬਬ ਨਾਲ ਉਸ ਸਮੇਂ ਰਸੂਲ ਖਾਂ ਭਾਈ ਬਿਧੀ ਚੰਦ ਜੀ ਦੇ ਹਥੋਂ ਮਾਰਿਆ ਗਿਆ, ਉਸਦੇ ਮਰਨ ਦੀ ਢਿਲ ਸੀ ਕਿ ਤੁਰਕ ਸੈਨਾ ਮੈਦਾਨ ਛੱਡਕੇ ਨਠ ਉਠੀ, ਉਸਨੇ ਝਟ ਪਿਛੇ ਹਟਣਾ ਸ਼ੁਰੂ ਕਰ ਦਿੱਤਾ।

ਜਿਉਂ ਹੀ ਮੁਗਲ ਸੈਨਾ ਪਿਛੇ ਹਟਣ ਲਗੀ ਤਿਉਂ ਹੀ ਮਾਝੇ ਦੇ ਜਵਾਨਾਂ ਦੇ ਜਥੇ ਨੇ ਉਨਾਂ ਉਪਰ ਹੱਲਾ ਬੋਲ ਦਿੱਤਾ। ਹੱਲਾ ਐਸੇ ਜ਼ੋਰ

ਨਾਲ ਬੋਲਿਆ ਕਿ ਮੁਗਲ ਡਟਕੇ ਲੜ ਨਾ ਸਕੇ। ਮਝੈਲਾਂ ਸੂਰਮਿਆਂ ਨੇ ਨਠੇ ਜਾਂਦੇ ਮੁਗਲਾਂ ਦੇ ਘੋੜ ਤੇ ਹਥਿਆਰ ਖੋਹ ਲਏ।ਪੰਜ ਮੀਲ ਤਕ ਪਿੱਛਾ ਕੀਤਾ, ਫਿਰ ਵਾਪਸ ਮੁੜ ਆਏ, ਵਾਪਸ ਮੁੜਕੇ ਉਨ੍ਹਾਂ ਸਤਿਗੁਰੂ ਜੀ, ਦੇ ਚਰਨਾਂ ਉਪਰ ਮੱਥਾ ਟੇਕਿਆ। ਜਿਸ ਵੇਲੇ ਉਨ੍ਹਾਂ ਨੇ ਗੁਰ ਚਰਨਾਂ ਉਪਰ ਨਿਮਸ਼ਕਾਰ ਕੀਤੀ ਤਦੋਂ ਸਤਿਗੁਰੂ ਜੀ ਮੈਦਾਨ-ਜੰਗ ਵਿਚ ਉਨਾਂ ਸਿਖਾਂ ਨੂੰ ਦੇਖ ਰਹੇ ਸਨ, ਜੋ ਸ਼ਹੀਦ ਹੋ ਗਏ ਜਾਂ ਜ਼ਖਮੀ ਹੋਏ ਹੋਏ ਸਨ। ਸ਼ਹੀਦ ਸਿਖਾਂ ਦੇ ਸਸਕਾਰ ਕਰਨ ਦਾ ਪ੍ਰਬਧ ਕੀਤਾ ਤੇ ਜ਼ਖਮੀਆਂ ਨੂੰ ਚੁਕਵਾਕੇ ਇਲਾਜ ਵਾਸਤੇ ਸ਼ਹਿਰ ਭੇਜ ਦਿੱਤਾ।

ਇਸ ਪਹਿਲੀ ਫਤਹ ਨੇ ਸਿੱਖਾਂ ਦੇ ਹੌਂਸਲੇ ਵਧਾ ਦਿਤੇ, ਨਿਰੇ ਹੌਂਸਲੇ ਹੀ ਨਾ ਵਧਾਏ ਸਗੋਂ ਮਨਾਂ ਦੇ ਉਤੋਂ ਉਹ ਭਾਰ ਵੀ ਦੂਰ ਕਰ ਦਿੱਤਾ ਕਿ ਤੁਰਕ, ਮੁਗਲ ਤੇ ਪਾਠਣ ਹਿੰਦੂਆਂ ਨਾਲੋਂ ਬਲਵਾਨ ਤੇ ਲੜਾਕੇ ਹਨ ਇਹ ਡਰ ਦਾ ਭਾਰ ਸੈਂਕੜੇ ਸਾਲਾਂ ਤੋਂ ਹਿੰਦੂ ਆਤਮਾ ਉਪਰ ਪਿਆ ਹੋਇਆ ਸੀ। ਬਾਦਸ਼ਾਹੀ ਫੌਜ ਦਾ ਨਾਮ ਸੁਣਕੇ ਲੋਕ ਪਿੰਡ ਛਡ ਜਾਂਦੇ ਸਨ । ਕਈਆਂ ਹਿੰਦੂ ਮੰਦਰਾਂ ਦੇ ਪੁਜਾਰੀਆਂ ਨੇ ਗਊਆਂ ਦੇ ਵਗ ਅਗੇ ਕਰ ਦਿਤੇ ਸਨ। ਐਸੀ ਕਮਜ਼ੋਰ ਹੋ ਚੁਕੀ, ਹਿੰਦੂ ਜਾਤੀ ਨੂੰ ਨਵਾਂ ਨਾਮ 'ਸਿਖ' ਜਾਂ 'ਸਿੰਘ' ਦੇਕੇ ਸਤਿਗੁਰਾਂ ਨੇ ਸੁਰਜੀਤ ਕੀਤਾ। ਧੰਨ ਹਨ ਮੇਰੇ ਸਤਿਗੁਰੂ ਜੀ ! ਧੰਨ ਗੁਰ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਨੇ ਮੁਰਦਾ ਹੋਏ ਭਾਰਤ ਨੂੰ ਨਾਮ ਦਾਨ, ਸ੍ਵੈਸਤਕਾਰ ਦੀ ਅਣਖ ਤੇ ਸੂਝ ਬਖਸ਼ੀ। ਧੰਨ ਮੇਰੇ ਸਤਿਗੁਰੂ ਹਰਿ ਗੋਬਿੰਦ ਸਾਹਿਬ ਜਿਨਾਂ ਨੇ ਭਗਤੀ ਦੇ ਨਾਲ ਸ਼ਕਤੀ ਦਾ ਦਾਨ ਦਿੱਤਾ। ਅਕਾਲ ਪੁਰਖ ਆਪਣੇ ਗੁਰੂ ਪੰਥ ਨੂੰ ਚੜਦੀਆਂ ਕਲਾਂ ਵਿਚ ਰਖੇ ।

੨ ਅੰਮ੍ਰਿਤਸਰ ਦੀ ਦੂਸਰੀ ਲੜਾਈ

ਤੁਰਕ ਹਾਰ ਖਾ ਕੇ ਲਾਹੌਰ ਨਹੀਂ ਪੁਜੇ ਪਰ ਉਨ੍ਹਾਂ ਦੀ ਹਾਰ ਦੀਆਂ ਖਬਰਾਂ ਜ਼ਰੂਰ ਲਾਹੌਰ ਪਹੁੰਚ ਗਈਆਂ। ਸੂਬੇਦਾਰ ਬਹੁਤ ਕ੍ਰੋਧਵਾਨ ਹੋਇਆ ਉਸ ਨੇ ਉਸ ਵਲੋਂ ਮੁਖਲਸ ਖਾਂ ਬਹਾਦਰ ਖਾਂ ਤੇ ਜਫਰ ਜੰਗ ਨੂੰ ਭਾਰੀ ਫੌਜੀ ਵਾਸਤੇ ਦਕੇ ਅੰਮ੍ਰਿਤਸਰ ਵਲ ਤੋਰਿਆ ਤੇ ਹੁਕਮ ਇਹ ਕੀਤਾ ਕਿ ਫਤਹ ਕਰਨ ਤੋਂ ਬਿਨਾ ਮੁਖਲਸ ਖਾਂ ਲਾਹੌਰ ਮੁੜ ਕੇ ਨਾ ਆਵੇ।

ਤੁਰਕਾਂ ਦੀ ਪਹਿਲੀ ਹਾਰੀ ਹੋਈ ਫੌਜ ਅਜੇ ਅਟਾਰੀ ਦੇ ਨੇੜੇ ਹੀਬੈਠੀ ਹੋਈ ਸੀ ਕਿ ਮੁਖਲਸ ਖਾਂ ਦੀ ਨਵੀਂ ਫੌਜ ਉਹਦੀ ਸਹਾਇਤਾ ਵਾਸਤੇ ਆ ਪੁੱਜੀ। ਦੋਹਾਂ ਫੌਜਾਂ ਨੇ ਮਿਲਕੇ ਅਗਲੇ ਦਿਨ ਫਿਰ ਅੰਮ੍ਰਿਤਸਰ ਉਪਰ ਚੜ੍ਹਾਈ ਕਰ ਦਿੱਤੀ।

ਸਤਿਗੁਰੂ ਜੀ ਪਾਸ ਜੋ ਸਿੱਖ ਸਨ ਉਨ੍ਹਾਂ ਦੇ ਹੌਂਸਲੇਵਧੇ ਹੋਏ ਸਨਕਿਉਂਕਿ ਉਨ੍ਹਾਂ ਨੇ ਪਹਿਲੀ ਲੜਾਈ ਜਿਤੀ ਸੀ। ਮੁਗਲ ਫੌਜ ਦਾ ਮੁੜਕੇ ਵਾਪਸ ਆਉਣਾ ਸੁਣਕੇ ਸਿੱਖਾਂ ਨੂੰ ਲਾਲੀਆਂ ਚੜ੍ਹ ਗਈਆਂ, ਉਹ ਬਹੁਤ ਉਤਸ਼ਾਹ ਨਾਲ ਲੜਾਈ ਕਰਨ ਵਾਸਤੇ ਅਸਤ੍ਰ-ਸ਼ਸਤ੍ਰ ਧਾਰਨ ਕਰਕੇ ਅਗੇ ਵਧੇ। ਸ਼ਹਿਰ ਦੇ ਕੋਟ ਤੋਂ ਬਾਹਰ ਹੋਕੇ ਲੜਾਈ ਲੜਨੀ ਚਾਹੀ।

ਪੈਂਦੇ ਖਾਂ ਨੂੰ ਆਪਣੇ ਬਲ ਉਪਰ ਬਹੁਤ ਮਾਨ ਸੀ,ਉਹ ਫੌਜ ਨੂੰ ਲੈਕੇਅਗੇ ਵਧਿਆ ਪਰ ਅਗੇ ਕਸੂਰੀ ਪਠਾਣ ਸਨ, ਜੋ ਉਸ ਸਮੇਂ ਦੇ ਮਸ਼ਹੂਰ ਲੜਾਕੇ ਜਵਾਨ ਸਨ ਉਨ੍ਹਾਂ ਨੇ ਐਨੀ ਅੰਨ੍ਹੀ ਮਾਰ ਕੀਤੀ ਕਿ ਪੈਂਦੇ ਖਾਂ ਨੱਠ ਕੇ ਸ਼ਹਿਰ ਦੀ ਕੰਧ ਦੇ ਅੰਦਰ ਆ ਗਿਆ। ਉਸਦਾ ਨੱਠਣਾ ਦੇਖਕੇ ਭਾਈ ਬਿਧੀ ਚੰਦ ਤੇ ਜੇਠਾ ਜੀ ਨੂੰ ਬਹੁਤ ਬੁਰਾ ਅਨੁਭਵ ਹੋਇਆ। ਉਨ੍ਹਾਂ ਨੇ ਝੱਟਪਟ ਸਿਖਾਂ ਨੂੰ ਜਥੇਬੰਦ ਕੀਤਾਤੇਮੁਗਲ ਫੌਜ ਦੀ ਸ਼ਕਤੀ ਦੇ ਹੜ ਨੂੰ ਰੋਕਣ ਦਾ ਫੈਸਲਾ ਕਰ ਲਿਆ। ਲੜਾਈ ਲਹੂ ਡੋਲ੍ਹਵੀਂ ਹੁੰਦੀ ਰਹੀ।

ਕੁਦਰਤ ਤੇ ਕਰਤਾਰ ਨੇ ਸਤਿਗੁਰੂ ਜੀ ਦੇ ਸਿੱਖਾਂ ਦੀ ਸਹਾਇਤਾ ਕੀਤੀ। ਸੂਰਜ ਡੁਬ ਗਿਆ ਤੇ ਚਾਰ ਚੁਫੇਰੇ ਹਨੇਰਾ ਛਾ ਗਿਆ। ਘੁੱਪ ਹਨੇਰਾ ਐਸਾ ਛਾਇਆ ਕਿ ਹੱਥ ਪਸਾਰਿਆ ਨਜ਼ਰ ਨਹੀਂ ਸੀ ਆਉਂਦਾ ਉਸ ਵੇਲੇ ਮੁਗਲਾਂ ਨੇ ਹਨੇਰੇ ਵਿਚ ਲੜਾਈ ਰੋਕ ਦਿਤੀ ਉਹ ਜ਼ਖਮੀਆਂ ਤੇ ਚੰਗੇ ਅਫਸਰਾਂ ਦੀਆਂ ਲੋਥਾਂਨੂੰਭਾਲਣਲਗੇ। ਸਾਰੇਦਿਨ ਦੇ ਥਕੇ ਹੋਏ ਮੁਗਲ ਸਿਪਾਹੀ ਨਿਰਭੈਤਾ ਨਾਲ ਅਰਾਮ ਕਰਨ ਲੱਗ ਪਏ।

ਉਸ ਸਮੇਂ ਭਾਈ ਬਿਧੀ ਚੰਦ ਤੇ ਜੇਠਾ ਜੀ ਨੇ ਆਪਣੀ ਸੈਨਾਂ ਨੂੰ ਲੈਕੇਰਾਤ ਦੇ ਬਾਰਾਂਵਜੇ ਦੇ ਪਿਛੋਂ ਮੁਗਲ ਫੌਜ ਉਤੇ ਅਚਾਨਕ ਹਮਲਾ ਕਰ ਦਿੱਤਾ,ਹਮਲਾਐਸਾ ਕੀਤਾ ਕਿ ਮੁਗਲਾਂ ਨੂੰ ਸੁਰਤ ਲੈਣ ਦਾ ਸਾਹ ਨਾ ਮਿਲਿਆ। ਉਹ ਤਾਂ ਘਾਬਰ ਕੇ ਕੁਝ ਲੜੇ ਤੇ ਕੁਝ ਨੱਠ ਉਠੇ। ਕਈ ਚੰਗੇ ਜਵਾਨ ਮਾਰੇ ਗਏ ਤੇ ਬਾਕੀ ਦੇ ਸਮਾਨ ਛੱਡਕੇ ਨੱਠ ਉਠੇ। ਸਿੱਖਾਂ ਨੇ ਉਨ੍ਹਾਂ ਦਾ ਸਮਾਨ ਲੁਟ ਲਿਆ ਤੇ ਜਦੋਂ ਮੁਗਲ

ਭੁਕਨੇ ਦੇ ਕੋਲ ਜਾ ਪਜੇ ਤਾਂ ਪਿੱਛਾ ਕਰਨਾ ਛੱਡ ਦਿੱਤਾ।

ਇਸ ਲੜਾਈ ਵਿਚ ਸਤਿਗੁਰੂ ਜੀ ਦੇ ਸਿਦਕੀ ਤੇ ਬਹਾਦਰ ਸਿੱਖ ਵੀ ਸ਼ਹੀਦੀਆਂ ਪ੍ਰਾਪਤ ਕਰ ਗਏ।ਭਾਈ ਭਾਨਾ, ਬਾਗਾ, ਸੋਭਾ, ਭਾਗੂ ਦਾਸਾ ਤੇ ਪ੍ਰਤਾਪਾ ਆਦਿਕ ਸ਼ਹੀਦ ਹੋ ਗਏ ਉਨ੍ਹਾਂ ਬਹਾਦਰਾਂ ਦੀ ਘਾਟ ਨੂੰ ਸਿਖ ਸੈਨਕਾਂ ਨੇ ਬਹੁਤ ਬੁਰੀ ਤਰਾਂ ਅਨੁਭਵ ਕੀਤਾ। ਪਰ ਫਤਹ ਦੀ ਖੁਸ਼ੀ ਵੀ ਮਨਾਈ। ਸਤਿਗੁਰੂ ਜੀ ਮਹਾਰਾਜ ਨੇ ਕਰਤਾਰ ਦਾ ਧੰਨਵਾਦ ਕੀਤਾ।

—o—

੩. ਸਤਿਗੁਰੂ ਜੀ ਨੇ ਅੰਮ੍ਰਿਤਸਰ ਛੱਡਣਾ

ਮੁਖਲਸ ਖਾਂ ਨੇ ਫੌਜ ਤੋਰ ਦਿੱਤੀ ਸੀ ਅਤੇ ਆਪ ਲਾਹੌਰ ਰਹਿ ਪਿਆ ਸੀ ਜਦੋਂ ਉਹ ਅਗਲੇ ਦਿਨ ਆਇਆ ਤੇ ਰਾਤ ਦੀ ਲੜਾਈ ਦਾ ਹਾਲ ਸੁਣਿਆਂ ਤਾਂ ਕਪੜਿਆਂ ਤੋਂ ਬਾਹਰ ਹੋ ਗਿਆ। ਉਸ ਨੇ ਉਸੇ ਵੇਲੇ ਸਾਰੀ ਫੌਜ ਨੂੰ ਇਕਤ੍ਰ ਕੀਤਾ ਜੋ ਕਮੀਆਂ ਸਨ ਉਨ੍ਹਾਂ ਨੂੰ ਪੂਰਿਆਂ ਕਰਨ ਵਾਸਤੇ ਦੋ ਤਿੰਨ ਦਿਨ ਲੜਾਈ ਪਿਛੇਂ ਪਾ ਦਿੱਤੀ।ਲਾਹੌਰ ਹਲਕਾਰੇ ਭੇਜੇ ਫੌਜ ਤੇ ਹਥਿਆਰ ਹੋਰ ਮੰਗਵਾਏ। ਉਸਨੇ ਆਪਣੇ ਸੈਨਕਾਂ ਨੂੰ ਸੰਬੋਧਨ ਕਰਕੇ ਆਖਿਆ—'ਇਹ ਨਾ ਸਮਝੋ ਕਿ ਤੁਸੀਂ ਸਾਧੂਆਂ ਨਾਲ ਲੜਨ ਆਏ ਹੋ ਇਹ ਸਾਧੂ ਕਰਾਮਾਤੀ ਤੇ ਚੰਗੇ ਲੜਾਕੇ ਹਨ।ਇਹ ਲੜਾਈ ਦਿਲ ਨਾਲ ਲੜੋ ਤੇ ਸਾਰੇ ਸਾਧੂਆਂ ਨੂੰ ਅੰਮ੍ਰਿਤਸਰੋਂ ਕੱਢ ਦੇਵੋ। ਜੇ ਨਾ ਕਢੋਗੇ ਤੇ ਨਾ ਗੁਰੂ ਨੂੰ ਗ੍ਰਿਫਤਾਰ ਕਰੋਗੇ ਤਾਂ ਬਾਦਸ਼ਾਹ ਦੀ ਕ੍ਰੋਪੀ ਤੋਂ ਕਦੀ ਨਹੀਂ ਬਚ ਸਕੋਗੇ। ਅਕਲ ਤੇ ਹਿਮਤ ਨਾਲ ਲੜਾਈ ਲੜੋ ਤੇ ਬਾਦਸ਼ਾਹ ਪਾਸੋਂ ਇਨਾਮ ਪ੍ਰਾਪਤ ਕਰ।'

ਦੂਸਰੇ ਪਾਸੇ ਸਤਿਗੁਰੂ ਜੀ ਨੂੰ ਪਤਾ ਲੱਗ ਗਿਆ ਕਿ ਦੁਸ਼ਮਨ ਲਾਹੌਰ ਨਹੀਂ ਪੁਜਾ।ਯੁਧ ਦਾ ਬਲ ਸ਼ਹਿਰ ਦੇ ਚੁਗਿਰਦੇ ਮੰਡਲਾ ਰਿਹਾ ਹੈ।ਉਨ੍ਹਾਂ ਨੇ ਸਮੇਂ ਦੇ ਸਾਰੇ ਹਾਲਾਂ ਨੂੰ ਅਨਭਵ ਕੀਤਾ ਤੇ ਮੁਖੀ ਸਿੱਖਾਂ ਨੂੰ ਕੋਲ ਸਦਕੇ ਆਗਿਆ ਕੀਤੀ—'ਤੁਰਕ ਦੂਰ ਨਹੀਂ ਗਿਆ ਬੀਬੀ (ਵੀਰੋ ਜੀ) ਦੇ ਫੇਰੇ ਵੀ ਦੇਣੇ ਹਨ, ਬਰਾਤ ਤੁਰੀ ਆਉਂਦੀ ਹੋਵੇਗੀ। ਤੁਰਕ ਵੀ ਫੈਸਲਾ ਕੁਨ ਲੜਾਈ ਤੇ ਤੁਲਿਆ ਪਿਆ ਹੈ ਇਸ ਵਾਸਤੇ ਗੱਡੇ, ਊਠ ਤੇ ਘੋੜਿਆਂ ਦਾ ਬੰਦੋਬਸਤ ਕੀਤਾ ਜਾਵੇ, ਜੋ ਮਹਿਲਾਂ ਨੂੰ ਅਤੇ ਹੋਰ ਲੋੜੀ

ਦੀਆਂ ਲੋੜਾਂ ਨੂੰ ਝਬਾਲ ਨਗਰ ਪਹੁੰਚਾ ਸਕਣ। ਗੁਰਧਾਮ ਹੁਣ ਛਡਣਾ ਪਵੇਗਾ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਕੁਝ ਕਮਜ਼ੋਰ ਦਿਲ ਸਿੱਖ ਤਾਂ ਘਬਰਾ ਗਏ, ਪਰ ਸਤਿਗੁਰੂ ਜੀ ਤੇ ਸ਼ਰਧਾ ਰਖਣ ਵਾਲੇ ਸਿੱਖ ਨਾ ਡਰੇ। ਉਨ੍ਹਾਂ ਨੂੰ ਭਰੋਸਾ ਸੀ ਕਿ ਸਤਿਗੁਰੂ ਜੀ ਸਾਰੀਆਂ ਸ਼ਕਤੀਆਂ ਦੇ ਮਾਲਕ ਤੇ ਤ੍ਰੈਕਾਲ ਦਰਸ਼ੀ ਹਨ।ਸਿਖਾਂ ਦੀ ਜਾਨ ਤੇ ਇੱਜ਼ਤ ਦੇ ਰਾਖੇ ਹਨ ਜੋ ਭਾਣਾ ਵਰਤਦਾ ਹੈ ਸੋ ਦੇਖਿਆ ਜਾਵੇ।

ਸਤਿਗੁਰੂ ਜੀ ਨੇ ਕੁਝ ਸਿੱਖਾਂ ਨੂੰ ਆਗਿਆ ਕੀਤੀ ਕਿ ਉਹ ਲੜਾਈ ਵਲ ਨਾ ਜਾਣ ਤੇ ਗੁਰੂ ਪ੍ਰਵਾਰ, ਲੋੜੀ ਦੀ ਭਾਜੜ ਅਤੇ ਪਹਿਲੇ ਸਤਿਗੁਰੂ ਜੀ ਦੀਆਂ ਯਾਦਾਂ ਨੂੰ ਗੁਰੂ ਕੇ ਮਹਿਲਾਂ ਤੋਂ ਕਢਕੇ ਰਾਮਸਰ ਵਲ ਪਹੁੰਚਾਇਆ ਜਾਵੇ ਤੇ ਓਥੋਂ ਝਬਾਲ ਪਹੁੰਚਾ ਦਿਤਾ ਜਾਵੇ। ਐਸੇ ਸਿਖਾਂ ਦੇ ਮੁਖੀ ਸਿੰਘ, ਬਾਵਕ, ਜਮਾਲ ਖਾਂ ਰਾਜਪੂਤ ਤੇ ਭਾਈ ਭਾਗੂ ਸਨ।

ਸਤਿਗੁਰੂ ਜੀ ਇਸ ਤਰਾਂ ਰਾਖੀ ਦਾ ਪ੍ਰਬੰਧ ਕਰ ਰਹੇ ਸਨ ਕਿ ਦੁਸ਼ਮਨ ਜੰਗ ਦਾ ਮਾਰੂ ਵਜਾਉਂਦਾ ਹੋਇਆ ਚੜ੍ਹ ਆਇਆ ਹੈ। ਸਿਖ ਵੀ ਸਤਿਗੁਰੂ ਜੀ ਦੇ ਹੁਕਮ ਨੂੰ ਮੰਨਕੇ ਯੁਧ ਕਰਨ ਵਾਸਤੇ ਅਗੇ ਵਧੇ।

ਚਲਿਓ ਸੂਰ ਭਾਨੂ ਮਹਾਂ ਰੋਸ ਧਾਰਾ। ਲਯੋ ਢਾਲ ਖੰਡਾ ਸੁ ਤੀਖਾ ਦੁਧਾਰਾ।
ਗੁਰੂ ਕੀ ਸੁ ਆਗਿਆ ਲਈ ਸਾਥ ਸੈਨਾ। ਕੁਪਿਓ ਬੀਰ ਐਸਾ ਸੁ ਮਾਨੋ ਤ੍ਰਿਨੈਨਾ।

ਇਸ ਤਰ੍ਹਾਂ ਆਪੋ ਆਪਣਿਆਂ ਜਥਿਆ ਨੂੰ ਸਾਥ ਲੈਕੇ ਸਿਖ ਸ਼ਹਿਰ ਦੇ ਕੋਟ ਤੋਂ ਬਾਹਰ ਆ ਪੁਜੇ ਉਧਰੋਂ ਦੁਸ਼ਮਨ ਵੀ ਆ ਪੁਜਾ। ਦੋਹਾਂ ਦਲਾਂ ਦਾ ਮੁਕਾਬਲਾ ਹੋਣ ਲੱਗਾ। ਲੋਹੇ ਨਾਲ ਲੋਹਾ ਖੜਕਿਆ। ਦੋਹਾਂ ਦਲਾਂ ਦੇ ਸੂਰਮੇ ਪੂਰੇ ਬਲ ਨਾਲ ਇਕ ਦੂਸਰੇ ਉਪਰ ਵਾਰ ਕਰਨ ਲਗੇ ਪਲਾਂ ਵਿਚ ਹੀ ਮੈਦਾਨ ਲਹੂ ਨਾਲ ਰੰਗਿਆ ਗਿਆ। ਲੋਥ ਉਪਰ ਲੋਥ ਚੜ੍ਹਨ ਲਗੀ, ਰੌਲਾ ਮਚ ਗਿਆ। ਕਿਤੇ ਜ਼ਖਮੀ ਤੜਫਨ ਲਗੇ, ਕਿਤੇ ਸੂਰਮੇ ਲਲਕਾਰੇ ਤੇ ਕਿਲਕਾਂ ਮਾਰ ਮਾਰ ਕੇ ਇਕ ਦੂਸਰੇ ਤੇ ਵਾਰ ਕਰਨ ਲਗੇ। ਤਿੰਨ ਘੰਟੇ ਦੇ ਕਰੀਬ ਬਹੁਤ ਭਿਆਨਕ ਯੁਧ ਹੋਇਆ। ਉਸ ਯੁਧ ਵਿਚ ਅੰਤ ਸਿਖਾਂ ਦੇ ਪੈਰ ਉੱਖੜ ਗਏ, ਅਗੇ ਵਧਨ ਦੀ ਥਾਂ ਸਿਖ ਪਿਛੇ ਹਟੇ। ਪਹਿਲਾਂ ਲੜਦੇ ਲੜਦੇ ਕੋਟ ਦੇ ਅੰਦਰ ਆਏ ਫੇਰ ਕਿਲਾ ਲੋਹਗੜ ਵਿਚ ਆ ਡਟੇ।

ਲੋਹਗੜ੍ਹ ਦੇ ਕਿਲੇ ਦੀਆਂ ਕੰਧਾਂ ਕੱਚੀਆਂ ਸਨ ਉਨ੍ਹਾਂ ਕੱਚੀਆਂ ਕੰਧਾਂ ਤੇ ਤੋਪਾਂ ਦੇ ਵਾਰ ਹੋਣ ਲਗੇ। ਦੁਸ਼ਮਨ ਦੀ ਗਿਣਤੀ ਸਿੱਖ ਸੈਨਾਂ ਨਾਲੋਂ ਕਈ ਗੁਣਾਂ ਬਹੁਤੀ ਸੀ। ਫਿਰ ਵੀ ਸਿੱਖ ਹੌਂਸਲੇ ਨਾਲ ਲੜੀ ਜਾਂਦੇ ਸਨ, ਉਹ ਗੁਰਧਾਮ ਤੇ ਸਤਿਗੁਰੂ ਜੀ ਬਦਲੇ ਲੜ ਰਹੇ ਸਨ। ਜਾਨਾਂ ਉਨ੍ਹਾਂ ਨੂੰ ਪਿਆਰੀਆਂ ਨਹੀਂ ਸਨ।

ਲੋਹਗੜ੍ਹ ਦੀ ਲੜਾਈ ਵਿਚ ਅਚੰਬੇ ਦੀ ਗੱਲ ਇਹ ਹੋਈ ਕਿ ਸਤਿਗੁਰੂ ਜੀ ਦੀ ਮਹਾਨ ਸ਼ਕਤੀ ਦੇ ਬਲ ਨਾਲ ਲਕੜ ਦੀਆਂ ਤੋਪਾਂ ਕਿਲੇ ਵਿਚੋਂ ਚਲਦੀਆਂ ਰਹੀਆਂ। ਉਹ ਤੋਪਾਂ ਇਕ ਸਿੱਖ ਮਿਸਤ੍ਰੀ ਨੇ ਤਿਆਰ ਕੀਤੀਆਂ ਸਨ। ਉਨ੍ਹਾਂ ਤੋਪਾਂ ਦੀ ਵੀ ਕੋਈ ਪੇਸ਼ ਨਾ ਗਈ। ਤੀਰ ਚਲਾਉਂਦੇ ਰਹੇ, ਫਿਰ ਵੀ ਕਿਲੇ ਦੀਆਂ ਕੰਧਾਂ ਬੈਠਣ ਲੱਗ ਪਈਆਂ। ਕਿਲ ਨੂੰ ਖਤਰਾ ਦੇਖਕੇ ਸਤਿਗੁਰੂ ਜੀ ਨੇ ਝੱਟ ਹੁਕਮ ਦਿੱਤਾ ਕਿ ਗੁਰੂ ਕੇ ਮਹਿਲ, ਦਾਸੀਆਂ, ਹੋਰ ਸਿੱਖਾਂ ਦੇ ਪਰਵਾਰ ਸ਼ਹਿਰ ਦੇ ਮਕਾਨ ਖਾਲੀ ਕਰਕੇ ਰਾਮਸਰ ਪੁਜਣ ਤੇ ਰਾਮਸਰ ਤੋਂ ਝਬਾਲ। ਐਸਾ ਕਰਨ ਦਾ ਪ੍ਰਬੰਧ ਤਾਂ ਪਹਿਲਾਂ ਕੀਤਾ ਹੋਇਆ ਸੀ। ਉਸ ਅਨੁਸਾਰ ਝਟ ਪਟ ਸਾਰਾ ਪਰਵਾਰ ਰਾਮਸਰ ਪੁਜਾ। ਭਾਣਾ ਕਰਤਾਰ ਦਾ ਕਾਹਲੀ ਤੇ ਹਫੜਾ ਦਫੜੀ ਵਿਚ ਬੀਬੀ ਵੀਰੋ ਜੀ ਗੁਰੂ ਕੇ ਮਹਿਲਾਂ ਵਿਚ ਹੀ ਰਹਿ ਗਏ। ਉਧਰੋਂ ਤੁਰਕਾਂ ਦੀ ਫੌਜ ਅੱਗੇ ਵਧ ਆਈ। ਉਸ ਵੇਲੇ ਭਾਈ ਜੇਠਾ ਜੀ ਨੇ ਦਲੇਰੀ ਕੀਤੀ ਤੇ ਵਰ੍ਹਦੀ ਅੱਗ ਵਿਚੋਂ ਬੀਬੀ ਨੂੰ ਕੱਢਕੇ ਲਿਆਂਦਾ। ਸਾਰਾ ਪਰਵਾਰ ਝਬਾਲ ਨੂੰ ਤੋਰ ਦਿੱਤਾ ਪਰਵਾਰ ਵਲੋਂ ਨਚਿੰਤ ਹੋਕੇ ਸਤਿਗੁਰੂ ਜੀ ਨੇ ਸਾਰੀ ਤਵੱਜੋ ਯੁਧ ਵਲ ਲਾ ਦਿੱਤੀ।

੨੪ ਜੇਠ ਦੀ ਰਾਤ ਨੂੰ ਦੁਸ਼ਮਨ ਅੰਮ੍ਰਿਤਸਰ ਸ਼ਹਿਰ ਦੀਆਂ ਕੰਧਾਂ ਟੱਪ ਕੇ ਲੋਹਗੜ੍ਹ ਕਿਲੇ ਦੇ ਚੌਗਿਰਦੇ ਪੁਜ ਗਿਆ, ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ ਪਰ ਸਿੱਖਾਂ ਨੇ ਮੋਰਚੇ ਨਾ ਛੱਡੇ। ੨੫ ਜੇਠ ਨੂੰ ਸਵੇਰੇ ਸਤਿਗੁਰੂ ਜੀ ਨੇ ਫੈਸਲਾ ਕੀਤਾ ਕਿ ਫੈਸਲੇ ਵਾਲੀ ਲੜਾਈ ਲੜੀ ਜਾਵੇ। ਆਪਨੇ ਸਾਰੇ ਸੈਨਿਕਾਂ ਨੂੰ ਕੋਲ ਸਦ ਕੇ ਸਾਹਿਬਾਂ ਨੇ ਹੁਕਮ ਕੀਤਾ ਕਿ ਲੜਾਈ ਨੂੰ ਲੰਮਾਂ ਨਾ ਕੀਤਾ ਜਾਵੇ। ਸ਼ਾਮ ਨੂੰ ਝਬਾਲ ਜ਼ਰੂਰ ਪਹੁੰਚਣਾ ਹੈ ਕਿਉਂਕਿ ਬੀਬੀ ਵੀਰੋ ਜੀ ਦੀ ਬਰਾਤ ਆਉਣੀ ਹੈ।

ਉਧਰੋਂ ਮੁਖਲਸ ਖਾਂ ਨੇ ਵੀ ਕ੍ਰੋਧ ਦੀ ਜੁਵਾਲਾ ਨਾਲ ਤੱਤਾ ਹੋਕੇ ਅਨੁਵਰ ਖਾਂ ਤੇ ਸ਼ੰਮਸ ਖਾਂ ਨੂੰ ਹੁਕਮ ਦਿੱਤਾ ਕਿ ਸਾਰੀ ਫੌਜ ਝੋਕ ਕੇ ਅੰਮ੍ਰਿਤਸਰ ਉਤੇ ਕਬਜ਼ਾਕਰ ਲਵੋ। ਇਕ ਇਕ ਇੰਚ ਧਰਤੀ ਉਤੇ ਲੜੋ। ਜੇ ਗੁਰੂ ਨਾ ਫੜਿਆ ਗਿਆ ਤੇ ਸ਼ਹਿਰ ਉਤੇ ਕਬਜ਼ਾ ਵੀ ਨਾ ਹੋਇਆ ਤਾਂ ਸਮਝ ਲੈਣਾ ਕਿ ਪੰਜਾਬ ਵਿਚੋਂ ਮੁਗਲਾਂ ਦੀ ਸ਼ਕਤੀ ਦਾ ਅੰਤ ਹੋ ਗਿਆ ਹੈ। ਇਸ ਵਾਸਤੇ ਪੂਰਾ ਤਾਣ ਲਾ ਦਿਓ।

ਆਖਰ ਦੋਹਾਂ ਦਲਾਂ ਦਾ ਮੁਕਾਬਲਾ ਹੋਇਆ। ਪੂਰੇ ਬਲ ਤੇ ਜੋਸ਼ ਨਾਲ ਦੋਵੇਂ ਦਲ ਲੜਨ ਲਗੇ। ਸਤਿਗੁਰੂ ਜੀ ਆਪ ਵੀ ਯੁਧ ਕਰਨ ਲੱਗੇ।ਸਤਿਗੁਰੂਜੀ ਨੂੰ ਲੜਦਾ ਵੇਖਕੇ ਸਿੱਖਾਂ ਦੇ ਉਤਸ਼ਾਹ ਵਧ ਗਏ। ਉਹ ਤਾਂ ਮੁਗਲਾਂ ਉਤੇਭੁਖੇ ਸ਼ੇਰਾਂ ਵਾਂਗ ਟੁਟ ਪਏ। ਛੇ ਘੰਟੇ ਤਕ ਘਸਮਾਨ ਦੀ ਜੰਗ ਹੁੰਦੀ ਰਹੀ। ਉਸ ਜੰਗ ਵਿਚ ਮੁਖਲਸ ਖਾਂ ਮਾਰਿਆ ਗਿਆ। ਉਸਦੇ ਮਰਨ ਦੀ ਢਿਲ ਸੀ ਕਿ ਮੁਗਲ ਫੌਜ ਦਾ ਲਕ ਟੁਟ ਗਿਆ। ਉਨ੍ਹਾਂ ਨੂੰ ਹਾਰ ਦੀਆਂ ਨਿਸ਼ਾਨੀਆਂ ਪ੍ਰਗਟ ਹੋਈਆਂ।ਉਹਹੌਲੀ ਹੌਲੀ ਪਿਛੇ ਹਟਣ ਲੱਗੇ। ਸਿਖਾਂ ਦਾ ਜੋਸ਼ ਵਧ ਗਿਆ। ਸਿੱਖ'ਅਕਾਲ ਅਕਾਲ' ਦੇ ਜੈਕਾਰੇ ਛੱਡਦੇ ਹੋਏ ਅੱਗੇ ਵਧੀ ਗਏ। ਜੋ ਅਗੇ ਅੜਿਆ, ਓਹੋ ਹੀ ਝੜਿਆ। ਸਾਰੇ ਮੁਗਲ ਮੁੜ ਸ਼ਹਿਰ ਦੇ ਕੋਟ ਤੋਂ ਬਾਹਰ ਹੋ ਗਏ। ਉਨ੍ਹਾਂ ਦਾ ਪਿਛਾ ਸਿਖਾਂ ਨਾ ਕੀਤਾ। ਸਗੋਂ ਛੇਤੀ ਛੇਤੀ ਸ਼ਹੀਦ ਹੋਏ ਸਿੱਖਾਂ ਨੂੰ ਸਤਿਕਾਰ ਨਾਲ ਚੁਕਿਆ ਤੇ ਗੁਰੂ ਕੇ ਮਹਿਲਾਂ ਕੋਲ ਜੋ ਲਕੜਾਂ ਬੀਬੀ ਵੀਰੋ ਦੇ ਵਿਆਹ ਵਾਸਤੇ ਬਾਲਣ ਰੂਪ ਵਿਚ ਸਨ, ਉਨ੍ਹਾਂ ਨਾਲ ਸ਼ਹੀਦ ਸਿੰਘਾਂ ਦਾ ਸਸਕਾਰ ਕਰਕੇ ਸ਼ਾਮ ਹੋਣ ਤੋਂ ਪਹਿਲਾਂ ਪਹਿਲਾਂ ਸਿਖਾਂ ਸਮੇਤ ਸਤਿਗੁਰੂ ਜੀ ਝਬਾਲ ਨੂੰ ਤੁਰ ਗਏ।

ਮੁਗਲਾਂ ਨੂੰ ਜਦੋਂ ਸਵੇਰੇ ਪਤਾ ਲੱਗਾ ਕਿ ਅੰਮ੍ਰਿਤਸਰ ਖਾਲੀ ਹੈ ਅਤੇ ਸਤਿਗੁਰੂ ਜੀ ਅੱਗੇ ਨਿਕਲ ਗਏ ਹਨ, ਤਦ ਉਨ੍ਹਾਂ ਨੇ ਸਾਰੇ ਅੰਮ੍ਰਿਤਸਰ ਸ਼ਹਿਰ ਉਤੇ ਕਬਜ਼ਾ ਕਰ ਲਿਆ। ਗੁਰੂ ਮਹਿਲਾਂ ਨੂੰ ਮੁਗਲਾਂ ਨੇ ਲੁਟ ਲਿਆ। ਬੀਬੀ ਵੀਰੋ ਜੀ ਦੇ ਵਿਆਹ ਵਾਸਤੇ ਤਿਆਰ ਹੋ ਚੁਕੀ ਮਠਿਆਈ ਮੁਗਲਾਂ ਨੇ ਖਾ ਲਈ।

ਸਤਿਗੁਰੂ ਜੀ ਦੀ ਸ਼ਕਤੀ ਤੋਂ ਡਰੇ ਹੋਏ ਮੁਗਲਾਂ ਨੇ ਸਤਿਗੁਰੂ ਜੀ ਦਾ ਪਿੱਛਾ ਨਾ ਕੀਤਾ। ਲਾਹੌਰ ਜਾਕੇ ਸੂਬੇਦਾਰ ਨੂੰ ਖੁਸ਼ਖਬਰੀ ਦਿੱਤੀ ਕਿ

ਅੰਮ੍ਰਿਤਸਰੋਂ ਉਹ ਗੁਰੂ ਨੂੰ ਕੱਢ ਆਏ ਹਨ ਤੇ ਸ਼ਹਿਰ ਉਤੇ ਕਬਜ਼ਾ ਕਰਕੇ ਸਾਰਾ ਮਾਲ-ਅਸਬਾਬ ਜ਼ਬਤ ਕਰ ਲਿਆ ਹੈ। ਏਹੋ ਖਬਰ ਬਾਦਸ਼ਾਹ ਨੂੰ ਭੇਜ ਦਿੱਤਾ।

—o—

੪. ਬੀਬੀ ਵੀਰੋ ਜੀ ਦਾ ਵਿਆਹ ਕੀਤਾ

ਝਬਾਲ ਸਤਿਗੁਰੂ ਜੀ ਦੀ ਜਗੀਰ ਦਾ ਨਗਰ ਸੀ. ਉਸ ਨਗਰ ਵਿਚ ਸਿੱਖੀ ਬਹੁਤ ਸੀ ਸਿਦਕੀ ਤੇ ਸ਼ਰਧਾਲੂ ਸਿੱਖ ਰਹਿੰਦੇ ਸਨ। ਉਨਾਂ ਨੇ ਜਦੋਂ ਸੁਣਿਆਂ ਕਿ ਸਤਿਗੁਰੂ ਜੀ ਦਾ ਪਰਵਾਰ ਆਇਆ ਹੈ, ਸਤਿਗੁਰੂ ਜੀ ਆਪ ਵੀ ਆਉਣਗੇ ਤੇ ਉਹ ਮੁਗਲਾਂ ਨਾਲ ਯੁਧ ਲੜ ਰਹੇ ਹਨ ਤਾਂ ਉਨਾਂ ਸਿਖਾਂ ਨੇ ਗੁਰੂ ਘਰ, ਸਤਿਗੁਰੂ ਤੇ ਗੁਰੂ ਦੇ ਸਿਖਾਂ ਸੇਵਾ ਕਰਨੀ ਚਾਹੀ। ਉਨਾ ਨੇ ਆਪਣੇ ਧੰਨ ਭਾਗ ਸਮਝੇ ਜੋ ਉਨਾਂ ਨੂੰ ਸੇਵਾ ਕਰਨ ਦਾ ਸਮਾਂ ਪ੍ਰਾਪਤ ਹੋਇਆ ਹੈ। ਉਨਾਂ ਨੇ ਸਾਰੇ ਨਗਰ ਵਿਚੋਂ ਅੰਨ ਇਕੱਠਾ ਕੀਤਾ। ਅੰਨ ਦੁਧ ਤੇ ਘਿਓ ਆਦਿਕ ਕਠਾ ਕਰਨ ਵਾਸਤੇ ਸਿੱਖ ਤਿਆਰ ਹੋਏ ਤਾਂ ਨਗਰ ਵਾਸੀਆਂ ਨੇ ਆਪਣੇ ਆਪ ਹੀ ਸਾਰੀਆਂ ਲੋੜੀਦੀਆਂ ਚੀਜ਼ਾਂ ਇਕ ਥਾਂ ਇਕਤ੍ਰ ਕਰਨੀਆਂ ਆਰੰਭ ਦਿੱਤੀਆਂ। ਜੋ ਕੁਝ ਕਿਸੇ ਕੋਲੋਂ ਸਰਦਾ ਸੀ, ਓਹੋ ਕੁਝ ਉਸ ਨੇ ਘਰੋਂ ਲਿਆ ਦਿੱਤਾ। ਇਸਤਰਾਂ ਰਾਸ਼ਨ, ਬਾਲਣ ਤੇ ਕਪੜਾ ਇਕੱਤ੍ਰ ਹੋ ਗਿਆ। ਦੇਗੇ ਚੜ ਗਏ, ਲੋਹਾਂ ਤਪਣ ਲਗ ਪਈਆਂ ਤੇ ਬਰਤਨ ਇਕਠੇ ਕਰਕੇ ਬਾਹਰੋਂ ਆਏ ਪ੍ਰਾਹੁਣਿਆਂ ਦਾ ਸੁਾਗਤ ਕਰਨ ਦੀ ਪੂਰੀ ਤਿਆਰੀ ਮੁਕੰਮਲ ਹੋ ਗਈ।

ਸੂਰਜ ਡੁਬਣ ਤੋਂ ਪਹਿਲਾਂ ਸਤਿਗੁਰੂ ਜੀ ਵੀ ਝਬਾਲ ਜਾ ਪੁਜੇ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸਭ ਮਾਈ ਭਾਈ ਨਿਹਾਲ ਹੋ ਗਏ। ਖੁਸ਼ੀ ਦ ਜੈਕਾਰੇ ਬੁਲੰਦ ਹੋਏ, ਹਰ ਪਾਸੇ 'ਧੰਨ ਸਤਿਗੁਰੂ ਜੀ!' ਦੀ ਧੁਨੀ ਉਤਪਨ ਹੋ ਗਈ ਸਤਿਗੁਰੂ ਜੀ ਦੇ ਪੁਜਣ ਤੋਂ ਪਹਿਲਾਂ ਮਠਿਆਈਆਂ ਤਿਆਰ ਹੋ ਗਈਆਂ ਸਨ। ਨਗਰ ਦੇ ਸਿੱਖਾਂ, ਸੇਵਕਾਂ, ਹਲ ਵਾਈਆਂ ਨੂੰ ਸਤਿਗੁਰੂ ਜੀ ਨਵਰ ਦਿਤੇ ਉਨਾਂ ਦੀ ਸੇਵਾ ਨੂੰ ਪ੍ਰਵਾਨ ਕੀਤਾ।

ਰਾਤ ਨੂੰ ਬਰਾਤ ਪਹੁੰਚ ਗਈ, ਬਰਾਤ ਦਾ ਸੁਾਗਤ ਕੀਤਾ ਗਿਆ। ਸੁੰਦਰ, ਸਵਾਦੀ ਤ ਉਤਮ ਭੋਜਨਾਂ ਨਾਲ ਸਾਰੀ ਬਰਾਤ ਨੂੰ ਪ੍ਰਸੰਨ ਕੀਤਾ।

ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ।ਕੀਰਤਨ ਦੇ ਭੋਗ ਪਿਛੋਂ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਬੀਬੀ ਵੀਰੋ ਜੀ ਦੇ ਫੇਰੇ ਦਿਤੇ ਗਏ। ਫੇਰਿਆਂ ਦੀ ਰਸਮ ਪੂਰੀ ਹੋਣ ਪਿਛੋਂ ਬਹੁਤ ਸਾਰਾ ਸਾਮਾਨ ਦੇਕੇ ਡੋਲੀ ਨੂੰ ਤੋਰ ਦਿਤਾ ਤੇ ਕੁਝ ਦਿਨ ਝਬਾਲ ਰਹਿਣ ਪਿਛੋਂ ਸਤਿਗੁਰੂ ਜੀ ਪਰਵਾਰ,ਸਿਖਾਂ ਅਤੇ ਸੈਨਕਾਂ ਸਮੇਤ ਗੋਇੰਦਵਾਲ ਨੂੰ ਤੁਰ ਪਏ। ਝਬਾਲ ਕੁਝ ਦਿਨ ਰੁਕਣ ਦਾ ਕਾਰਨ ਸਿਰਫ ਜ਼ਖਮੀ ਸੈਨਿਕਾਂ ਦਾ ਇਲਾਜ ਕਰਨਾ ਸੀ, ਥੋੜੇ ਅਰਾਮ ਕਰਨ ਤੇ ਮਲ੍ਹਮ-ਪਟੀ ਹੋਣ ਨਾਲ ਜ਼ਖਮੀ ਸੈਨਿਕ ਰਾਜੀ ਹੋ ਗਏ।

੫. ਸਤਿਗੁਰੂ ਜੀ ਦਾ ਦੁਆਬੇ ਵਿਚ ਪਹੁੰਚਣਾ ਅਤੇ ਹਰਿ ਗੋਬਿੰਦ ਪੁਰ ਦੀ ਲੜਾਈ

ਸਤਿਗੁਰੂ ਜੀ ਗੋਇੰਦਵਾਲ ਪੁਜੇ, ਇਸ ਇਤਿਹਾਸਕ ਤੇ ਪਵਿਤ੍ਰ ਅਸਥਾਨ ਤੇ ਸੁੰਦਰ ਤੇ ਨੰਦ ਮਸੰਦ ਰਹਿੰਦੇ ਸਨ।ਇਹ ਬਹੁਤ ਗੁਰਮੁਖ ਤੇ ਗੁਰੂ ਘਰ ਦੀ ਸੇਵਾ ਕਰਨ ਵਾਲੇ ਸਨ, ਇਨ੍ਹਾਂ ਨੇ ਸਤਿਗੁਰੂ ਜੀ ਤੇ ਸਿਖਾਂ ਦੀ ਬਹੁਤ ਸੇਵਾ ਕੀਤੀ,ਆਪ ਦੇ ਦਰਸ਼ਨ ਕਰਨ ਬਦਲੇ ਤੇ ਹੋਰ ਸਿਖਾਂ ਨੂੰ ਦਰਸ਼ਨ ਕਰਾਉਣ ਬਦਲੇ ਉਨ੍ਹਾਂ ਨੇ ਸਤਿਗੁਰੂ ਜੀ ਨੂੰ ਬਾਰਾਂ ਦਿਨ ਗੋਇੰਦਵਾਲ ਸਾਹਿਬ ਰਖਿਆ। ਇਲਾਕੇ ਦੇ ਵਾਸੀ ਪਰਵਾਰਾਂ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਤੇ ਕਾਰ ਭੇਟਾ ਚੜ੍ਹਾਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਅੰਮ੍ਰਿਤਸਰ ਤੇ ਮੁਗਲ ਸੈਨਾ ਨੇ ਕਬਜ਼ਾ ਕਰ ਲਿਆ ਸੀ ਇਸ ਕਾਰਨ ਸਤਿਗੁਰੂ ਜੀ ਅੰਮ੍ਰਿਤਸਰ ਨੂੰ ਨਹੀਂ ਮੁੜੇ ਸਗੋਂ ਗੋਇੰਦਵਾਲ ਦੇ ਪਤਨ ਤੋਂ ਦਰਿਆ ਨੂੰ ਪਾਰ ਕੀਤਾ ਤੇ ਵਰਤਮਾਨ ਜ਼ਿਲੇ ਕਪੂਰਥਲੇ ਵਿਚ ਵਿਚਰਦੇ ਹੋਏ ਸ੍ਰੀ ਕਰਤਾਰ ਪੁਰ ਜਾ ਪੁਜੇ। ਕਰਤਾਰ ਪੁਰ ਵਿਚ ਕੌਲਾਂ ਰਹਿੰਦੀ ਸੀ ਉਹ ਸਤਿਗੁਰੂ ਜੀ ਨਾਲ ਬਹੁਤ ਪ੍ਰੇਮ ਕਰਦੀ ਸੀ, ਉਸਦਾ ਨੇਮ ਸੀ ਕਿ ਗੁਰੂ ਜੀ ਦੇ ਦਰਸ਼ਨ ਕਰੇ ਬਿਨਾਂ ਅੰਨ ਮੂੰਹ ਨਹੀਂ ਸੀ ਲਾਉਂਦੀ। ਉਸਨੂੰ ਬਹੁਤ ਦੁਖ ਹੋਇਆ ਜਦ ਉਸ ਨੇ ਸਤਿਗੁਰੂ ਜੀ ਤੇ ਮੁਗਲ ਸੈਨਾ ਦੀਆਂ ਲੜਾਈਆਂ ਦੇ ਹਾਲ ਸੁਣੇ : ਇਨ੍ਹਾਂ

ਹਾਲਾਂ ਤੇ ਸਤਿਗੁਰੂ ਜੀ ਦੇ ਵਿਯੋਗ ਦਾ ਉਸਦੀ ਆਤਮਾ ਉਤੇ ਬਹੁਤ ਬੁਰਾ ਅਸਰ ਹੋਇਆ। ਉਹ ਰੋਗਣ ਹੋ ਗਈ, ਐਨ ਰੋਗਣ ਹੋ ਗਈ, ਕਿ ਘੜੀਆਂ ਪਲਾਂ ਤੇ ਆ ਪੁਜੀ। ਏਨੇ ਨੂੰ ਸਤਿਗੁਰੂ ਜੀ ਕਰਤਾਰ ਪੁਰ ਪਹੁੰਚ ਗਏ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਉਹ ਪ੍ਰਲੋਕ ਗਮਨ ਕਰ ਗਈ।

ਕਰਤਾਰ ਪੁਰ ਦੇ ਚੌਗਿਰਦੇ ਦਰਿਆ ਦੇ ਕਿਨਾਰੇ ਡਾਕੂਆਂ ਤੇ ਸ਼ੇਰਾ ਨੇ ਪਰਜਾ ਨੂੰ ਬਹੁਤ ਤੰਗ ਕੀਤਾ ਸੀ। ਪਰਜਾ ਦੇ ਮੁਖੀ ਸਤਿਗੁਰੂ ਜੀ ਪਾਸ ਆਏ ਤੇ ਬਨਤੀ ਕੀਤੀ ਕਿ ਚੋਰਾਂ ਡਾਕੂਆਂ ਕੋਲੋਂ ਮੁਕਤ ਕਰੋ। ਸਤਿਗੁਰੂ ਜੀ ਨੇ ਮੁਖੀਆਂ ਦੀ ਬੇਨਤੀ ਪ੍ਰਵਾਨ ਕਰ ਲਈ। ਭਾਈ ਬਿਧੀ ਚੰਦ ਜੀ ਦੀ ਸਰਦਾਰੀ ਹੇਠ ਉਨ੍ਹਾਂ ਨੇ ਇਕ ਤਕੜਾ ਜੱਥਾ ਡਾਕੂਆਂ ਦੇ ਸੋਧਨ ਵਾਸਤੇ ਭੇਜਿਆ ਤੇ ਨਾਲ ਹੀ ਆਪ ਸ਼ੇਰਾਂ ਦਾ ਸ਼ਿਕਾਰ ਕੀਤਾ। ਜਦੋਂ ਸ਼ੇਰ ਮਾਰੇ ਗਏ ਅਤੇ ਡਾਕੂ ਫੜੇ ਗਏ ਤਾਂ ਦਰਿਆ ਦੇ ਲਾਗੇ ਸਾਰੇ ਵਸਨੀਕ ਸਤਿਗੁਰੂ ਜੀ ਨੂੰ ਸੱਚ ਮੁਚ ਸੱਚਾ ਸਮਝਕੇ ਉਨ੍ਹਾਂ ਨੂੰ ਪੂਜਣ ਲੱਗ ਪਏ। ਕਈਆਂ ਪਿੰਡਾਂ ਨੇ ਤਾਂ ਇਹ ਫੈਸਲਾ ਕਰ ਦਿਤਾ ਕਿ ਮਾਮਲਾ ਵੀ ਸਤਿ-ਗੁਰੂ ਜੀ ਦੀ ਹੀ ਭੇਟਾ ਕਰਨ। ਕਿਉਂਕਿ ਸਾਹਿਬਾ ਨੇ ਉਨਾਂ ਨੂੰ ਸੁਖ ਦਿਤਾ ਸੀ, ਥਾਂ ਥਾਂ ਸਤਿਗੁਰੂ ਜੀ ਦੀ ਉਸਤਤ ਹੋਣ ਲੱਗੀ।

ਮਾਲਵੇ ਦੀ ਸੰਗਤ ਨੂੰ ਵੀ ਪਤਾ ਲਗ ਗਿਆ ਕਿ ਸਤਿਗੁਰੂ ਜੀ ਨੇ ਮੁਗਲ ਸੈਨਾਂ ਨਾਲ ਯੁਧ ਕੀਤੇ ਹਨ ਤੇ ਅਗੇ ਨੂੰ ਯੁਧਾਂ ਦਾ ਖਤਰਾ ਹੈ ਇਸ ਵਾਸਤੇ ਸਾਹਿਬਾਂ ਨੂੰ ਹਥਿਆਰਾਂ, ਘੋੜਿਆਂ ਤੇ ਬੇਲ ਗੱਡੇ ਆਦਿਕਾਂ ਦੀ ਲੋੜ ਹੈ। ਮਸੰਦ ਵੀ ਸਾਰੇ ਦੇਸ਼ ਵਿਚ ਫਿਰ ਨਿਕਲੇ। ਉਨ੍ਹਾਂ ਵੀ ਪੂਰਾ ਪ੍ਰਚਾਰ ਕੀਤਾ। ਜਥਿਆਂ ਦੇ ਜਥੇ ਸਿਖ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਣ ਲੱਗੀਆਂ, ਭੇਟਾ ਚੜ੍ਹਨ ਲੱਗੀ ਤੇ ਸ੍ਰੀ ਅੰਮ੍ਰਿਤਸਰ ਜੀ ਨਾਲੋਂ ਬਹੁਤਾ ਪ੍ਰਤਾਪ ਵਧਦਾ ਦੇਖਕੇ ਅਤੇ ਫੌਜੀ ਸ਼ਕਤੀ ਵਿਚ ਵਾਧਾ ਹੁੰਦਾ ਅਨੁਭਵ ਕਰਕੇ ਜਾਲੰਧਰ ਤੇ ਹੋਰ ਸ਼ਹਿਰਾਂ ਦੇ ਮੁਗਲ ਹਾਕਮ ਤੇ ਗੁਰੂ ਘਰ ਦੀ ਈਰਖਾ ਕਰਨ ਵਾਲੇ ਲੋਕਾਂ ਦੀ ਢਿਡ ਪੀੜ ਹੋਈ ਉਨ੍ਹਾ ਨੇ ਸੂਬੇਦਾਰ ਲਾਹੌਰ ਤੇ ਬਦਸ਼ਾਹ ਨੂੰ ਚੁਕਣਾ ਦਿਤੀ ਕਿ ਜਿਸ ਗੁਰੂ (ਜੀ) ਨੂੰ ਅੰਮ੍ਰਿਤਸਰ ਤੋਂ ਕਢਿਆ ਹੈ, ਉਹ ਦਰਿਆ ਪਾਰ ਕਰਤਾਰ ਪੁਰ ਵਿਚ ਸੁਤੰਤ੍ਰ ਰਾਜ ਕਰਨ ਲਗ ਪਿਆ ਹੈ ਪਰ ਹਾਕਮਾ ਨੂੰ ਹੌਂਸਲਾ ਨਾ ਪਿਆ

ਅਤੇ ਉਹ ਟਾਲਮ-ਟੌਲੇ ਕਰਕੇ ਸਮੇਂ ਦੀ ਉਡੀਕ ਕਰਦੇ ਰਹੇ ਤੇ ਯੁਧ ਤੋਂ ਕੰਨੀ ਕਰਤਾਉਂਦੇ ਰਹੇ। ਦੂਸਰੇ ਪਾਸੇ ਸਤਿਗੁਰੂ ਜੀ ਆਪਣੀ ਫੌਜੀ ਸ਼ਕਤੀ ਵਿਚ ਵਾਧਾ ਕਰਦੇ ਰਹੇ।

ਸਤਿਗੁਰੂ ਜੀ ਨੇ ਫੈਸਲਾ ਕੀਤਾ ਕਿ ਕਰਤਾਰਪੁਰ ਦੀ ਬਜਾਏ ਰਹਾਇਸ਼ ਹਰਿ ਗੋਬਿੰਦ ਪੁਰ ਰਖੀ ਜਾਵੇ, ਮਕੇਰੀਆਂ ਵਲੋਂ ਸ਼ਿਕਾਰ ਕਰਦੇ ਹੋਏ ਸਤਿਗੁਰੂ ਜੀ ਹਰਿ ਗੋਵਿੰਦ ਪੁਰ ਪਹੁੰਚੇ। ਦਰਿਆ ਬਿਆਸਾ ਦਾ ਨੇੜਾ ਤੇ ਸ਼ਿਕਾਰ ਵਾਸਤੇ ਖੁਲ੍ਹੀ ਥਾਂ ਸੀ, ਉਹ ਥਾਂ ਸਤਿਗੁਰੂ ਜੀ ਨੂੰ ਬਹੁਤ ਚੰਗੀ ਲਗੀ।

ਭਗਵਾਨ ਚੰਦ ਖਤ੍ਰੀ ਗੁਰੂ ਘਰ ਦਾ ਵੈਰੀ ਸੀ ਜਦੋਂ ਸਤਿਗੁਰੂ ਜੀ ਹਰਿ ਗੋਬਿੰਦ ਪੁਰ ਰਹਿਕੇ ਨਗਰ ਦੇ ਚੌਗਿਰਦੇ ਕੋਟ (ਕੰਧ) ਕਰਨ ਲਗੇ ਤਾਂ ਉਹ ਬਹੁਤ ਕ੍ਰੋਧਵਾਨ ਹੋ ਗਿਆ। ਉਸ ਮੂਰਖ ਨੇ ਸਤਿਗੁਰੂ ਜੀ ਦੇ ਦਰਬਾਰ ਵਿਚ ਪੁਜਕੇ ਵਧ-ਘਟ ਸ਼ਬਦ ਬੋਲ ਦਿਤੇ। ਉਸਨੇ ਆਖਿਆ—'ਦੇਖੋ ਜੀ! ਇਹ ਪਿੰਡ ਅਸਾਂ ਦੇ ਵਡਿਆਂ ਦਾ ਹੈ ਇਸ ਨੂੰ ਛਡਕੇ ਤੁਰ ਜਾਵੋ, ਤੁਸੀਂ ਬਾਗੀ ਜੇ। ਤੁਰਕ ਬਾਦਸ਼ਾਹ ਤੁਸਾਂ ਦੇ ਵਿਰੁਧ ਹੈ, ਇਨ੍ਹਾਂ ਪਿੰਡਾਂ ਨੂੰ ਨਾ ਉਜਾੜੋ। ਆਪਣਾ ਘਰ (ਅੰਮ੍ਰਿਤਸਰ) ਤਾਂ ਗੁਵਾ ਤੇ ਲੁਟਾ ਬੈਠੇ ਹੋ, ਹੋਰ ਹੁਣ ਕੀ ਕਰਨਾ ਚਾਹੁੰਦੇ ਹੋ ? ਬਸ ਚੁਪ ਚਾਪ ਨਿਕਲ ਜਾਵੋ।' ਇਸ ਦੇ ਪਿਛੋਂ ਪਾਪੀ ਬਹੁਤ ਹੀ ਮੰਦੇ ਬਚਨ ਬੋਲਣ ਲਗਾ। ਉਸਦੀ ਬਕਵਾਸ ਸੁਣਕੇ ਸਿਖ ਕ੍ਰੋਧਵਾਨ ਹੋ ਗਏ। ਉਨਾਂ ਨੇ ਭਗਵਾਨ ਚੰਦ ਨੂੰ ਕੁਟ ਕੁਟਕੇ ਮਾਰ ਦਿਤਾ ਤੇ ਦਰਿਆ ਵਿਚ ਸੁਟਕੇ ਰੋੜ ਦਿਤਾ, ਗੁਰੂ ਘਰ ਦੇ ਦੋਖੀ ਦਾ ਅੰਤ ਹੋ ਗਿਆ।

ਉਹਦਾ ਪੁਤ੍ਰ ਰਤਨ ਚੰਦ ਸੀ ਉਹ ਜਾਲੰਧਰ ਰਹਿੰਦਾ ਸੀ, ਜਦੋਂ ਉਸਨੇ ਆਪਣੇ ਬਾਪ ਦੀ ਮੌਤ ਸੁਣੀ ਤਾਂ ਗੁਸੇ ਵਿਚ ਆ ਕੇ ਜਾਲੰਧਰ ਦੇ ਹਾਕਮ ਅਗੇ ਰੋਇਆ ਪਿਟਿਆ, ਉਸਨੂੰ ਰੋਂਦਾ ਦੇਖ ਤੇ ਚੁਗਲੀਆਂ ਸੁਣਕੇ ਜਾਲੰਧਰ ਦਾ ਹਾਕਮ ਚੜ੍ਹਾਈ ਕਰਕੇ ਆ ਗਿਆ। ਉਸਨੇ ਇਹ ਵੀ ਵਿਚਾਰਿਆ ਕਿ ਸਤਿਗੁਰੂ ਜੀ ਬਾਦਸ਼ਾਹ ਦੇ ਬਾਗੀ ਹਨ। ਜੇ ਮੈਂ ਉਨ੍ਹਾਂ ਉਪਰ ਫਤਹ ਪਾ ਲਵਾਂ ਤਾਂ ਬਾਦਸ਼ਾਹ ਵਲੋਂ ਬਹੁਤ ਵਡਾ ਰੁਤਬਾ ਪ੍ਰਾਪਤ ਕਰ ਲਵਾਂਗਾ।

ਜਾਲੰਧਰ ਦਾ ਹਾਕਮ ਅਬਦੁਲ ਖਾਂ ਸੀ, ਉਹ ਪੰਜ ਹਜ਼ਾਰ ਮੁਸਲ-

ਮਾਨ ਜਵਾਨ ਲੈਕੇ ਅਤੇ ਦੀਨ ਇਸਲਾਮ ਦੇ ਨਾਂ ਉਪਰ ਮੁਸਲਮਾਨ ਲੁਟੇਰਿਆਂ ਨੂੰ ਇਕੱਠਿਆਂ ਕਰਕੇ ਦਰਿਆ ਬਿਆਸਾ ਨੂੰ ਪਾਰ ਕਰਕੇ ਹਰਿ ਗੋਬਿੰਦ ਪੁਰ ਤੇ ਚੜ੍ਹਾਈ ਕਰ ਆਇਆ। ਉਸਦੇ ਨਾਲ ਅਨੇਕਾ ਚੰਗੇ ਸੂਰਮੇ ਸਨ ਉਸਦੀ ਚੜ੍ਹਾਈ ੧੭ ਅਸੂ ੧੬੮੫ ਬਿਕ੍ਰਮੀ ਨੂੰ ਹੋਈ ਸੀ। ਅੰਮ੍ਰਿਤਸਰ ਦੀਆਂ ਲੜਾਈਆਂ ਦੇ ਪਿਛੋਂ ਸਤਿਗੁਰੂ ਜੀ ਬਹੁਤ ਖਿਆਲ ਰਖਦੇ ਸਨ। ਉਹ ਦੁਸ਼ਮਨ ਦਾ ਵਸਾਹ ਨਹੀਂ ਸੀ ਕਰਦੇ। ਸਦਾ ਤਿਆਰ ਰਹਿੰਦੇ ਸਨ। ਜਦੋਂ ਅਬਦੁਲੇ ਨੇ ਚੜ੍ਹਾਈ ਕੀਤੀ ਤਦੋਂ ਸਤਿਗੁਰੂ ਜੀ ਪਾਸ ਪੰਜ ਕੁ ਹਜ਼ਾਰ ਸਿਖ ਸਨ। ਪਰ ਜਾਲੰਧਰੋਂ ਚੜ੍ਹਾਈ ਦੀਆਂ ਖਬਰਾਂ ਸੁਣਕੇ ਦੋ ਕੁ ਹਜ਼ਾਰ ਉਹ ਸਿਖ ਤੇ ਜਵਾਨ ਵੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਗਏ. ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਕੋਈ ਨਾ ਕੋਈ ਲਾਭ ਦਿਤਾ ਸੀ। ਇਸ ਲੜਾਈ ਵਿਚ ਦੋਹਾਂ ਦਲਾਂ ਕੋਲ ਤਲਵਾਰਾ ਸਨ ਲੜਾਈ ਬਹੁਤ ਹੀ ਭਿਆ-ਨਕ ਹੋਣ ਦਾ ਵਿਚਾਰ ਸੀ। ਆਖਰ ਦੋਹਾਂ ਦਲਾਂ ਦਾ ਮੁਕਾਬਲਾ ਹੋਇਆ ਸਤਿਗੁਰੂ ਜੀ ਦੇ ਅਗੇ ਲਿਖੇ ਬਹਾਦਰ ਸੈਨਿਕ ਮੁਖੀ ਸਨਃ—ਭਾਈ ਜਟੂ, ਪੈੜਾ, ਜੇਠਾ, ਕਲਿਆਣਾ, ਪਰਾਗ, ਤੋਤਾ, ਸੁਥਰਾ, ਪਰਸੂ, ਸਕਤੂ, ਭਲਣ ਅਤੇ ਬਿਧੀ ਚੰਦ ਆਦਿਕ। ਇਨਾਂ ਸਾਰਿਆਂ ਦੇ ਅਧੀਨ ਦੋ ਦੋ ਸੌ ਜਵਾਨ ਸਨ। ਇਨ੍ਹਾਂ ਨੂੰ ਯੁਧ ਦੀ ਪੂਰੀ ਵਿਦਿਆ ਦਾ ਗਿਆਨ ਸੀ, ਉਸ ਗਿਆਨ ਤੋਂ ਸਦਾ ਲਾਭ ਉਠਾ-ਉਂਦੇ ਸਨ। ਪਹਿਲੀ ਵਾਰ ਜੇਹੜਾ ਦਲ ਲੜਨ ਲਗਾ ਉਹ ਜਟੂ ਦਾ ਦਲ ਸੀ। ਜਟੂ ਨੇ ਤੀਰਾਂ ਨਾਲ ਅਨੇਕਾਂ ਮੁਗਲ ਸਿਪਾਹੀਆਂ ਨੂੰ ਧਰਤੀ ਉਪਰ ਸੁਟ ਦਿਤਾ। ਤਲਵਾਰ ਦੀ ਕਟਾ ਵਢ ਬਹੁਤ ਹੀ ਭਿਆਨਕ ਸੀ, ਸਤਿਗੁਰੂ ਜੀ ਦੇ ਸਿਖ ਭਗਤੀ ਤੇ ਅਣਖ ਦੇ ਜੋਸ਼ ਨਾਲ ਲੜਦੇ ਸਨ। ਮੁਹੰਮਦ ਖਾਂ ਦੀ ਮੌਤ ਨੇ ਮੁਗਲਾਂ ਦੇ ਹੌਂਸਲੇ ਤੋੜ ਦਿਤੇ ਤੇ ਭਾਈ ਜਟੂ ਦਾ ਹੌਂਸਲਾ ਵਧਾ ਦਿਤਾ। ਪਹਿਲੇ ਦਿਨ ਦੀ ਲੜਾਈ ਬਹੁਤ ਹੀ ਭਿਆਨਕ ਹੋਈ, ਸਤਿਗੁਰੂ ਜੀ ਦੇ ਸਿਖ ਜਿਤ ਗਏ। ਭਾਈ ਜਟੂ ਨੇ ਬਹੁਤ ਬਹਾਦਰੀ ਦਿਖਾਈ। ਲੜਦਿਆਂ ਹੋਇਆਂ ਹਨੇਰਾ ਹੋ ਗਿਆ ਤਾਂ ਦਲਾਂ ਨੇ ਲੜਾਈ ਬਦ ਕਰ ਦਿਤੀ ਤੇ ਆਪਣੇ ਜ਼ਖਮੀਆਂ ਨੂੰ ਸੰਭਾਲਣ ਲਗੇ।

ਦੂਜੇ ਦਿਨ ਦੀ ਲੜਾਈ ਸੂਰਜ ਚੜ੍ਹਨ ਦੇ ਨਾਲ ਹੀ ਸ਼ੁਰੂ ਹੋ ਪਈ

ਉਸ ਲੜਾਈ ਵਿਚ ਮੁਸਲਮਾਨਾਂ ਵਲੋਂ ਬਲਵੰਡ ਖਾਂ, ਅਲੀ ਬਖਸ਼ ਤੇ ਕਰੀਮ ਬਖਸ਼ ਸਨ ਅਤੇ ਸਤਿਗੁਰੂ ਜੀ ਵਲੋਂ ਅਮੀਆ, ਪਰਾਗਾ, ਤੋਤਾ, ਜਗਨਾ ਆਦਿਕ ਮਹਾਂ ਬਲੀ ਯੋਧੇ ਸਨ।ਦੂਸਰੇ ਦਿਨ ਪਹਿਲੇ ਦਿਨ ਨਾਲੋਂ ਵੀ ਬਹੁਤੀ ਲਹੂ ਡੋਲਵੀਂ ਲੜਾਈ ਹੋਈ।ਅਧੇ ਦਿਨ ਤਕ ਦੋਹਾਂ ਦਲਾਂ ਨੇ ਡਟਕੇ ਲੜਾਈ ਕੀਤੀ। ਕਿਸੇ ਦੇ ਪੈਰ ਨਾ ਹਿਲੇ। ਆਖਰ ਸਤਿਗੁਰੂ ਜੀ ਨੇ ਮੇਹਰ ਕੀਤੀ, ਆਪਨੇ ਆਤਮਿਕ ਸ਼ਕਤੀ ਵਾਲੇ ਤੀਰ ਛਡੇ। ਉਹ ਤੀਰ ਜੋ ਸ੍ਰੀ ਰਾਮਚੰਦਰ ਤੇ ਲਛਮਣ ਜੀ ਨੇ ਦੈਂਤ ਸ਼ਕਤੀ ਰਾਵਣ ਵਲ ਛਡੇ ਸਨ ਜੋ ਤੀਰ ਮਹਾਂ ਭਾਰਤ ਦੇ ਸਮੇਂ ਅਰਜਨ ਦੇ ਬਾਣ ਵਿਚੋਂ ਨਿਕਲੇ ਤੇ ਧਰਮ ਦੇ ਦੁਸ਼ਮਨ ਦਰਜੋਧਨ ਨੂੰ ਵਜੇ ਸਨ। ਐਸੇ ਤੀਰ ਸਤਿਗੁਰੂ ਜੀ ਨੇ ਦੁਸ਼ਮਨ ਵਲ ਛਡੇਜਿਨ੍ਹਾਂ ਕਰਾਮਾਤੀ ਤੀਰਾਂ ਨੇ ਦੁਸ਼ਮਨਾਂ ਦੀ ਜਥੇਬੰਦੀ ਨੂੰ ਹਲਾ ਦਿਤਾ। ਇਸ ਦਿਨ ਦੀ ਲੜਾਈ ਵਿਚ ਸਭ ਤੋਂ ਬਹੁਤਾ ਕੰਮ ਭਾਈ ਨਾਨੋ ਜੀ ਨੇ ਕੀਤਾ, ਉਹ ਬੇਦ ਬਾਣ ਵਿਦਿਆ ਦਾ ਗਿਆਤਾ ਸੀ, ਉਸਨੇ ਯੁਧ ਕਰਦਿਆਂ ਹੋਇਆਂ ਅਨੇਕਾਂ ਪ੍ਰਕਾਰ ਦੇ ਕੌਤਕ ਕੀਤੇ ਸਨ ਜਿਵੇਂ ਕਿ ਇਕ ਅਲੀ ਬਖਸ਼ ਸੂਰਮਾ ਸੀ ਉਸਨੇ ਫੌਲਾਦ ਦੀ ਸੰਜੋਅ ਪਹਿਨੀ ਹੋਈ ਸੀ, ਉਸਨੂੰ ਤੀਰ ਨਹੀਂ ਮਾਰ ਕਰ ਸਕਦਾ ਨਾ ਤਲਵਾਰ ਦੇ ਵਾਰ ਨਾਲ ਉਹ ਮਰਦਾ ਸੀ, ਭਾਈ ਨਾਨੋ ਨੇਉਹਦੀ ਧੌਣ ਵਿਚ ਤੀਰ ਮਾਰਿਆ, ਉਹ ਤੀਰ ਸੰਘ ਦੀ ਨਾਲੀ ਵਿਚਦੀ ਹੋਕੇ ਮੂੰਹ ਵਿਚੋਂ ਨਿਕ-ਲਿਆ, ਜਿਸ ਨਾਲ ਅਲੀ ਬਖਸ਼ ਸੂਰਮਾ ਧਰਤੀ ਉਤੇ ਇਸਤਰਾਂ ਡਿੱਗਾ ਜਿਵੇਂ ਭਾਰੀ ਟਾਹਲੀ ਦਾ ਬ੍ਰਿਛ ਡਿਗਦਾ ਹੈ। ਉਸਨੇ ਕਈਆਂ ਦੀਆਂ ਨਾਸਾਂ ਵਿਚ ਤੀਰ ਮਾਰੇ। ਉਨ੍ਹਾਂ ਤੀਰਾਂ ਦੀ ਮਾਰ ਖਾਕੇ ਕੋਈ ਸੂਰਮਾ ਪ੍ਰਾਣ ਬਚਾ ਨਾ ਸੱਕਿਆ।

ਪਹਿਲੇ ਦੋ ਦਿਨ ਸਤਿਗੁਰੂ ਜੀ ਨੇ ਆਪ ਯੁਧ ਨਹੀਂ ਕੀਤਾ। ਸਿਰਫ ਦੂਸਰੇ ਦਿਨ ਕੁਝਕੁ ਬਾਣ ਛੱਡੇ। ਫਿਰ ਵੀ ਦੋਹਾਂ ਦਿਨਾਂ ਦੀ ਲੜਾਈ ਵਿਚ ਜਾਨੀ ਨੁਕਸਾਨ ਬਹੁਤ ਹੋਇਆ ਰਾਤ ਦੇ ਪੈਣ ਤੇ ਦੂਸਰੇ ਦਿਨ ਦੀ ਲੜਾਈ ਵੀ ਰੁਕ ਗਈ। ਜਿਤ ਹਾਰ ਦਾ ਫੈਸਲਾ ਨਾ ਹੋਇਆ।

ਤੀਸਰਾ ਦਿਨ ਚੜ੍ਹਿਆ, ਸੂਰਜ ਚੜ੍ਹਨ ਦੇ ਨਾਲ ਹੀ ਗਗਨ ਦਮਾਮੇ ਵਜੇ। ਸੂਰਮਿਆਂ ਨੂੰ ਚਾਅ ਚੜ੍ਹ ਗਏ। ਇਕ ਪਾਸੇ ਹਕੂਮਤ ਤੇ ਇਸਲਾਮ ਦਾ ਨਸ਼ਾ, ਦੂਸਰੇ ਪਾਸੇ ਭਗਤੀ, ਨੇਕੀ ਤੇ ਸੇਸਤਕਾਰ ਦੇ ਪਵਿਤ੍ਰ ਨਸ਼ੇ ਦੀ

ਮਸਤੀ ਸੀ। ਦੋਹਾਂ ਦਲਾਂ ਨੂੰ ਲੜਨ ਦਾ ਉਮਾਹ ਸੀ।

ਲੜਾਈ ਨੂੰ ਲੰਮੀ ਹੁੰਦੀ ਵੇਖਕੇ ਸਤਿਗੁਰੂ ਜੀ ਨੇ ਵੀ ਫੈਸਲਾ ਕੀਤਾ ਕਿ ਉਹ ਅਜ ਲੜਾਈ ਨੂੰ ਖਤਮ ਕਰਕੇ ਦੁਸ਼ਮਨ ਨੂੰ ਦਰਿਆ ਬਿਆਸ ਤੋਂ ਪਾਰ ਕਰ ਦੇਣਗੇ। ਆਪ ਲੜਾਈ ਲੜਨਗੇ। ਇਹ ਵਿਚਾਰ ਕੇ ਸਤਿਗੁਰੂ ਜੀ ਨੇ ਆਪ ਤੀਰ-ਕਮਾਨ ਤੇ ਖੰਡੇ ਨੂੰ ਸੂਤਿਆ, ਯੁਧ ਸ਼ੁਰੂ ਹੋਇਆ। ਮੁਗਲ, ਤੁਰਕ ਤੇ ਪਠਾਨ ਇਕ ਪਾਸੇ ਸਨ, ਦੂਸਰੇ ਪਾਸੇ ਸਤਿਗੁਰੂ ਜੀ ਦੇ ਸਿਖ ਸਨ। ਕਟਾ ਵੱਢ ਐਸੀ ਸ਼ੁਰੂ ਹੋਈ ਕਿ ਲੋਥ ਉਤੇ ਲੋਥ ਚੜ੍ਹ ਗਈ, ਲਹੂ ਨਾਲ ਧਰਤੀ ਰੰਗੀ ਗਈ ਕਲਜੋਗਣਾ ਖੁਸ਼ੀ ਮਨਾਉਣ ਲੱਗੀਆਂ ਅਤੇ ਸਤਿ ਸ੍ਰੀ ਅਕਾਲ ਤੇ 'ਯਾ ਅਲੀ, ਦੇ ਨਾਹਰਿਆਂ ਨਾਲ ਅਸਮਾਨ ਗੂੰਜਣ ਲੱਗਾ ਆਖਰ ਸਤਿਗੁਰੂ ਜੀ ਆਪ ਅਗੇ ਵਧੇ ਸਤਿਗੁਰੂ ਜੀ ਦੇ ਮਸਤਕ ਉਪਰ ਕਲਗੀ ਸੀ। ਚੇਹਰੇ ਉਤੇ ਰੌਣਕਾਂ ਤੇ ਰਬੀ ਨੂਰ ਸੀ। ਸਾਹਿਬਾਂ ਦੇ ਚੇਹਰੇ ਦੀ ਝਲਕ, ਖੰਡੇ ਦੀ ਚਮਕ ਤੇ ਮਾਰ ਕੋਈ ਨਹੀਂ ਸੀ ਝਲ ਸਕਦਾ ਦੁਸ਼ਮਨ ਧਰਤੀ ਉਤੇ ਡਿਗਣ ਲੱਗੇ।

ਸਤਿਗੁਰੂ ਜੀ ਦੇ ਯੁਧ ਕਰਨ ਨਾਲ ਯੁਧ ਦਾ ਫੈਸਲਾ ਹੋ ਗਿਆ, ਸੂਰਜ ਦੇ ਡੁਬਣ ਨਾਲ ਮੁਗਲ-ਤੁਰਕ ਮੈਦਾਨੇ-ਜੰਗ ਨੂੰ ਛੱਡਕੇ ਨਸਣ ਲਗੇ, ਉਨ੍ਹਾਂ ਨਸਦਿਆਂ ਨੂੰ ਦੇਖਕੇ ਸਿੰਘਾਂ ਦੇ ਹੌਂਸਲੇ ਵਧ ਗਏ। ਉਹ ਵਾਹੋ ਦਾਹੀ ਵੈਰੀਆਂ ਦੇ ਪਿਛੇ ਲੱਗ ਤੁਰੇ। ਘਾਬਰੇ ਤੇ ਡਰਦੇ, ਥਕੇ ਅਤ ਫਟੜ ਮੁਸਲ ਮਾਨ ਡਿਗਦੇ ਗਏ। ਦੂਰ ਤਕ ਸਿਖਾਂ ਨੇ ਪਿਛਾ ਕੀਤਾ, ਸੂਬਾ ਜਾਲੰਧਰ ਆਪ ਜਨਾ ਬਚਾ ਕੇ ਨਿਕਲ ਗਿਆ ਪਰ ਸੈਨਾ ਦਾਅੱਧ ਮਰਵਾ ਗਿਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿਖਾਂ ਨੇ ਮੈਦਾਨੇ-ਜੰਗ ਵਿਚੋਂ ਪਹਿਲਾਂ ਜ਼ਖਮੀਆਂ ਨੂੰ ਚੁਕਿਆ। ਉਸ ਵੇਲੇ ਸਿਖਾਂ ਜਾਂ ਮੁਸਲਮਾਨਾਂ ਦਾ ਖਿਆਲ ਨਹੀਂ ਕੀਤਾ। ਜੋ ਜ਼ਖਮੀ ਮੈਦਾਨ ਵਿਚ ਪਿਆ ਕੁਰਲਾ ਰਿਹਾ ਸੀ ਉਸਨੂੰ ਚੁਕਕੇ ਦਵਾਈ, ਪਾਣੀ ਤੇ ਮਲ੍ਹਮ ਬਖਸ਼ੀ। ਦਰਦਾਂ ਨੂੰ ਘਟ ਕਰਕੇ ਸਿਪਾਹੀ ਦੇ ਹਿਰਦੇ ਨੂੰ ਸ਼ਾਂਤ ਕੀਤਾ ਤੇ ਪ੍ਰੇਮ ਦਾ ਸਬੂਤ ਦਿਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪੂਰਿਆਂ ਕੀਤਾ ਜੋ ਵਡ ਵਡੇ ਮੁਸਲਮਾਨ ਸੈਨਿਕ ਮਾਰੇ ਗਏ ਸਨ ਉਨ੍ਹਾਂ ਨੂੰ ਇਕ ਵੱਡਾ ਟੋਆ ਪੁਟ ਕੇ ਦਬ ਦਿਤਾ ਤੇ ਸਿਖਾਂ ਦਾ ਸਸਕਾਰ ਕਰਕੇ ਮੈਦਾਨੇ ਜੰਗ ਨੂੰ ਲੋਥਾਂ ਦੀ ਬਦਬੋ ਤੋਂ ਸਾਫ ਕਰ ਦਿਤਾ।

ਜੋ ਮੁਸਲਮਾਨ ਸਿਪਾਹੀ ਜ਼ਖਮੀ ਹੋਏ ਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਲਾਜ ਕਰਾਉਂਦੇ ਰਹੇ ਸਨ, ਉਹ ਸਤਿਗੁਰੂ ਜੀ ਦਾ ਪ੍ਰੇਮ ਤੇ ਉਨ੍ਹਾਂ ਦੀ ਦਇਆ ਦੇਖਕੇ ਸਤਿਗੁਰੂ ਜੀ ਦੇ ਸ਼ਰਧਾਲੂ ਬਣ ਗਏ। ਉਹ ਸਤਿਗੁਰੂ ਜੀ ਦੇ ਗੁਣ ਗਾਉਣ ਲਗੇ, ਉਹਨਾਂ ਨੂੰ ਇੰਞ ਪ੍ਰਤੀਤ ਹੋਇਆ ਜਿਵੇਂ ਉਹਨਾਂ ਦਾ ਪੁਨਰ ਜਨਮਹੋਇਆਹੈ।

ਹਰਿਗੋਬਿੰਦ ਪੁਰ ਦੀ ਲੜਾਈ ਦਾ ਹਾਲ ਜਦੋਂ ਬਾਦਸ਼ਾਹ ਸ਼ਾਹ ਜਹਾਨ ਨੇ ਸੁਣਿਆਂ ਤਾਂ ਉਹ ਬਹੁਤ ਹੈਰਾਨ ਹੋਇਆ, ਉਸਨੇ ਸੂਬੇ ਜਲੰਧਰ ਨੂੰ ਝਾੜ ਲਿਖੀ ਕਿ ਬਿਨਾ ਤਿਆਰੀ ਤੇ ਬਿਨਾ ਕਾਰਨ ਲੜਾਈ ਕਰਕੇ ਉਸਨੇ ਫੌਜ ਕਿਉਂ ਮਰਵਾਈ। ਪੰਜਾਬ ਦੇ ਮੁਸਲਮਾਨ ਅਤੇ ਦਿਲੀ ਦੇ ਹਾਕਮ ਸਤਿਗੁਰੂ ਜੀ ਦੀ ਸ਼ਕਤੀ ਪਾਸੋਂ ਡਰ ਗਏ।

—:o:—

੬. ਭਾਈ ਗੁਰਦਾਸ ਜੀ ਦਾ ਚਲਾਣਾ

ਅੰਮ੍ਰਿਤਸਰ ਤੇ ਹਰਿਗੋਬਿੰਦਪੁਰ ਦੀਆਂ ਲੜਾਈਆਂ ਨੇ ਦੁਸ਼ਮਨਾਂ ਦੇ ਦੰਦ-ਖਟੇ ਕਰ ਦਿਤੇ, ਉਨ੍ਹਾਂ ਨੂੰ ਹੌਂਸਲਾ ਨਾ ਪਿਆ ਕਿ ਉਹ ਸਤਿਗੁਰੂ ਜੀ ਦਾ ਪਿੱਛਾ ਕਰਨ। ਸਤਿਗੁਰੂ ਜੀ ਨਿਰਭੈਤਾ ਨਾਲ ਸ੍ਰੀ ਹਰਿਗੋਬਿੰਦ ਪੁਰ ਰਹਿਣ ਲਗੇ ਪਰ ਸਿਖ ਸੰਗਤਾਂ ਨੂੰ ਇਹ ਮਨਜ਼ੂਰ ਨਹੀਂ ਸੀ। ਸੰਗਤਾਂ ਲੋਚਦੀਆਂ ਸਨ ਕਿ ਸਤਿਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਬੁੰਗੇ ਦੀਆਂ ਰੌਣਕਾਂ ਵਧਾਉਣ। ਭਾਈ ਗੁਰ-ਦਾਸ ਜੀ ਤੇ ਹੋਰ ਬਜ਼ੁਰਗ ਸਿਖਾਂ ਸੇਵਕਾਂ,ਦੀ ਬੇਨਤੀ ਨੂੰ ਪ੍ਰਵਾਨ ਕਰਕੇ ਸਤਿਗੁਰੂਜੀ ਸ੍ਰੀ ਅੰਮ੍ਰਿਤਸਰ ਆ ਪੁਜੇ। ਸ੍ਰੀ ਹਰਿਮੰਦਰ ਤੇ ਅਕਾਲ ਬੁੰਗੇ ਦੀ ਰੌਣਕ ਨੂੰ ਵਧਾ-ਇਆ, ਸਿਖ ਸੰਗਤਾਂ ਆਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਲੱਗੀਆਂ। ਜੋ ਮਕਾਨ ਤੁਰਕ ਢਾਹ ਗਏ ਸਨ, ਉਨ੍ਹਾਂ ਦੀ ਮੁਰੰਮਤ ਕਰਾਈ। ਕਿਲੇ ਲੋਹਗੜ੍ਹ ਦੀਆਂ ਕੰਧਾਂ ਤਿਆਰ ਕਰਵਾਈਆਂ ਸਾਰੇ ਮਸੰਦਾਂ ਨੂੰ ਬਾਹਰੋਂ ਸਦਿਆ ਤੇ ਨਵੇਂ ਹੁਕਮਨਾਮੇਦਿਤੇ। ਉਨਾਂ ਹੁਕਮਨਾਮਿਆਂ ਅਨੁਸਾਰ ਉਹ ਗੁਰੂ ਘਰ ਦੀ ਸੇਵਾ ਕਰਨ ਵਾਸਤੇ ਦੇਸ਼-ਦੇਸਾਂਤ੍ਰਾਂ ਨੂੰ ਤੁਰ ਪਏ। ਇਹ ਵੀ ਹੁਕਮ ਦਿਤਾ ਕਿ ਮਸਿਆ ਦੇ ਦਿਨ ਮਹੀਨੇ ਦੇ ਮਹੀਨੇ ਤਰਨ ਤਾਰਨ ਸਿਖ ਸੰਗਤਾਂ ਦਾ ਇਕੱਠ ਹੋਇਆ ਕਰੇਗਾ।

ਅਸੂ ਦੀ ਪਹਿਲੀ ਮੱਸਿਆ ਲਗਣੀ ਸੀ, ਮਸੰਦਾਂ ਦੇ ਪ੍ਰਚਾਰ ਦੇ ਕਾਰਨ ਸਿਖ ਸੰਗਤਾਂ ਹੁਮ ਹੁਮਾਕੇ ਸਤਿਗੁਰੂ ਜੀ ਦੇ ਦਰਸ਼ਨਾਂ ਤੇ ਤਰਨ ਤਾਰਨ ਸਾਹਿਬ ਦੇ ਤੀਰਥ ਦਾ ਇਸ਼ਨਾਨ ਕਰਨ ਵਾਸਤੇ ਆਈਆਂ। ਇਸ ਪੁਰਬ ਉਤੇ ਬਹੁਤ ਵਡਾ ਇਕੱਠ ਹੋਇਆ, ਦੀਵਾਨ ਲਗੇ ਢਾਡੀ ਸਿਖਾਂਨੇ ਸੂਰਮਿਆਂ ਦੀਆਂ ਵਾਰਾਂ ਗਾਈਆ ਅਤੇ ਗੁਰਮਤ ਦੇ ਉਪਦੇਸ਼ ਹੋਏ। ਏਸੇ ਸਮਾਗਮ ਤੇ ਬੀਬੀ ਰਜਨੀ ਆਪਣੇ ਪਤੀ ਦੇਵ ਨੂੰ ਸਾਥ ਲੈਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ ਤੇ ਬਹੁਤ ਸਾਰਾ ਪਦਾ-ਰਥ ਸਤਿਗੁਰੂਜੀ ਦੀ ਭੇਟਾ ਕੀਤਾ ਤੇ ਸਤਿਗੁਰੂ ਜੀ ਪਾਸੋਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਤਿਗੁਰੂ ਜੀ ਅਜੇ ਤਰਨ ਤਾਰਨ ਵਿਚ ਹੀ ਸੰਗਤਾਂ ਨੂੰ ਤਾਰ ਰਹੇ ਸਨ ਕਿ ੧੧ ਅਸੂ ਸੰਮਤ ੧੬੯੬ ਦਾ ਦਿਹਾੜਾ ਆ ਪੁਜਾ, ਉਹ ਦਿਹਾੜਾ ਜਿਸ ਦਿਨ ਮਹਾਂ ਰਿਖੀ, ਵਿਦਵਾਨ, ਮਹਾਂ ਕਵੀ ਤੇ ਗੁਰੂ ਘਰ ਦੇ ਸਚੇ ਸੇਵਕ ਭਾਈ ਗੁਰਦਾਸ ਜੀ ਨੇ ਸਤਿਗੁਰੂ ਦੇ ਚਰਨਾ ਉਪਰ ਨਿਮਸ਼ਕਾਰ ਕਰਦਿਆ ਹੋਇਆਂ ਪ੍ਰਲੋਕ ਗਮਨ ਕਰਨ ਦੀ ਆਗਿਆ ਮੰਗੀ। ਅਕਾਲ ਪੁਰਖ ਵਲੋਂ ਸਦਾ ਆ ਚੁਕਾ ਸੀ। ਇਸ ਵਾਸਤੇ ਸਤਿਗੁਰੂ ਜੀ ਨੇ ਭਾਈ ਜੀ ਨੂੰ ਬ੍ਰਹਮ-ਲੋਕ ਪ੍ਰੀਤਮ ਦੇ ਦੇਸ਼-ਜਾਣ ਦੀ ਆਗਿਆ ਬਖਸ਼ ਦਿਤੀ।ਭਾਈ ਜੀ ਪੰਜ ਭੌਤਿਕ ਸਰੀਰ ਦਾ ਤਿਆਗ ਕਰਕੇ ਪ੍ਰੀਤਮ ਦੇ ਦੇਸ਼ ਚਲੇ ਗਏ। ਅੰਤਮ ਸੰਸਕਾਰ ਸਤਿਗੁਰਾਂ ਨੇ ਆਪ ਕੀਤੇ। ਆਪ ਦੀ ਅਮਰ ਯਾਦ ੩੯ ਵਾਰਾਂ ਅਤੇ ਪੰਜ ਸੌ ਕਬਿਤ ਸਵਈਏ ਹਨ।

—o—

੭. ਪ੍ਰਸੰਗ ਬਾਬਾ ਅਟੱਲ ਰਾਇ ਜੀ

ਸਤਿਗੁਰੂ ਜੀ ਦੇ ਦੋ ਸਾਹਿਬਜ਼ਾਦੇ ਸਨ—ਬਾਬਾ ਗੁਰਦਿਤਾ ਜੀ ਤੇ ਬਾਬਾ ਅਟਲ ਰਾਇ ਜੀ। ਬਾਬਾ ਅਟਲ ਰਾਇ ਜੀ ਬਚਪਨ ਵਿਚ ਸਨ ਤੇ ਭਜਨ ਬੰਦਗੀ ਕਰਨ ਤੇ ਬਿਨਾ ਖੇਡਨ ਕੁੱਦਨ ਦੇ ਵੀ ਬਹੁਤ ਪ੍ਰੇਮੀ ਸਨ। ਹਰ ਰੋਜ਼ ਆਪ ਆਪਣੇ ਹਾਣੀਆ ਨਾਲ ਖਿਦੋ-ਖੂੰਡੀ ਖੇਡਣ ਜਾਇਆ ਕਰਦੇ ਸਨ। ਬੀਬੀ ਕੌਲਾ ਜੀ ਆਪ ਨਾਲ ਬਹੁਤ ਪ੍ਰੇਮ ਕਰਿਆ ਕਰਦੀ ਸੀ ਬੱਚਾ ਪ੍ਰੇਮ ਦਾ ਪੁਤਲਾ ਹੁੰਦਾ ਹੈ, ਜੇਹੜਾ ਉਸ ਨਾਲ ਪ੍ਰੇਮ ਕਰੇ ਉਸੇ ਨਾਲ ਬੱਚਾ ਪ੍ਰੇਮ ਕਰਦਾ ਤੇ ਉਹਦੇ ਨੇੜੇ ਰਹਿੰਦਾ ਹੈ।

ਬੀਬੀ ਕੌਲਾਂ ਕੌਲਸਰ ਸਰੋਵਰ ਦੇ ਕਿਨਾਰੇ ਰਹਿੰਦੀ ਸੀ ਤੇ ਸਰੋਵਰ ਦੇ ਦੋਹੀਂ ਪਾਸੀਂ ਖੁਲ੍ਹਾ ਮੈਦਾਨ ਸੀ। ਉਸ ਮੈਦਾਨ ਵਿਚ ਕਿੱਕਰਾਂ ਤੇ ਟਾਹਲੀਆਂ ਸਨ, ਉਨ੍ਹਾਂ ਦੀ ਛਾਂ ਹੇਠਾਂ ਬੱਚੇ ਖੇਡਿਆ ਕਰਦੇ ਸਨ। ਬਾਬਾ ਅਟਲ ਰਾਇ ਜੀ ਸਾਰੇ ਬਾਲਾਂ ਦੇ ਸਰਦਾਰ ਸਨ। ਇਕ ਦਿਨ ਸਾਰੇ ਬਾਲ ਖੇਡਣ ਵਾਸਤੇ ਮੈਦਾਨ ਵਿਚ ਆ ਪੁਜੇ, ਪਰ ਇਕ ਮੋਹਣ ਨਾਮ ਦਾ ਬਾਲ ਨਾ ਆਇਆ। ਪਹਿਲੀ ਰਾਤ ਮੋਹਣ ਦੇ ਸਿਰ ਬਾਜੀ ਸੀ। ਬਾਬਾ ਅਟਲ ਰਾਇ ਜੀ ਨੇ ਉਸਦੇ ਨਾ ਆਉਣ ਦਾ ਕਾਰਨ ਇਹ ਸਮਝਿਆ ਕਿ ਉਹ ਮੀਟੀ ਦੇਣ ਤੋਂ ਡਰਦਾ ਹੋਇਆ ਨਹੀਂ ਆਇਆ। ਇਹ ਵਿਚਾਰਕੇ ਬਾਬਾ ਅਟੱਲ ਰਾਇ ਜੀ ਮੋਹਣ ਦੇ ਘਰ ਜਾ ਪੁਜੇ।

ਮੋਹਣ ਮੀਟੀ ਤੋਂ ਡਰਦਾ ਹੋਇਆ ਨਹੀਂ ਸੀ ਆਇਆ ਸਗੋਂ ਉਸਦੇ ਨਾ ਆਉਣ ਦਾ ਕਾਰਨ ਇਹ ਸੀ ਕਿ ਰਾਤ ਉਸ ਨੂੰ ਸੱਪ ਲੜ ਗਿਆ ਸੀ ਤੇ ਉਸਦੀ ਮੌਤ ਹੋ ਗਈ ਸੀ ਉਹਦੇ ਘਰ ਰੋਣਾ ਪਿਟਣਾ ਪਿਆ ਹੋਇਆ ਸੀ, ਉਹ ਮਾਪਿਆਂ ਦਾ ਇਕਲੌਤਾ ਤੇ ਲਾਡਲਾ ਪੁਤ੍ਰ ਸੀ। ਬਾਬਾ ਅਟੱਲ ਰਾਇ ਜੀ ਸਾਥੀਆਂ ਸਮੇਤ ਮੋਹਣ ਦੇ ਘਰ ਜਾ ਪੁਜੇ। ਅਗੇ ਲੋਕ ਇਕਠੇ ਹੋਏ ਹੋਏ ਸਨ ਤੇ ਸਾਰੇ ਘਰ ਉਤੇ ਉਦਾਸੀ ਦਾ ਹਨੇਰਾ ਛਾਇਆ ਹੋਇਆ ਸੀ।

ਬਾਬਾ ਅਟੱਲ ਰਾਇ ਜੀ ਉਸ ਸਮੇਂ ਨਿਰਾਲੀ ਹੀ ਮੌਜ ਵਿਚ ਸਨ। ਭੋਲੇ ਭਾ ਆਪ ਭਗਵਾਨ ਰੂਪ ਸਨ।ਉਨ੍ਹਾਂ ਨੇ ਮੋਹਣ ਦੇ ਘਰਦਿਆਂ ਦੇ ਰੋਣ ਵਲ ਖਿਆਲ ਨਹੀਂ ਕੀਤਾ, ਉਨ੍ਹਾਂ ਨੇ ਕਿਸੇ ਨੂੰ ਪੁਛਿਆ ਨਹੀਂ ਸਗੋਂ ਸਿਧੇ ਘਰ ਚਲੇ ਗਏ। ਨਿਰਭੈਤਾ ਨਾਲ ਅਗੇ ਲੰਘ ਗਏ। ਕਮਲ-ਨੈਣਾਂ ਨਾਲ ਉਨ੍ਹਾਂ ਨੇ ਸਾਰੇ ਘਰ ਵਿਚ ਦੇਖਿਆ ਪਰ ਉਨ੍ਹਾਂ ਨੂੰ ਮੋਹਣ ਨਜ਼ਰ ਨਾ ਆਇਆ। ਮੋਹਣ ਦੀ ਮਾਤਾ ਨੂੰ ਪੁਛਿਆ, 'ਮਾਤਾ ਜੀ ਮੋਹਣ ਕਿਥੇ ਹੈ ?'

ਮੋਹਣ ਦੀ ਮਾਤਾ ਜੋ ਪੁਤ੍ਰ ਦੀ ਮੌਤ ਦੇ ਕਾਰਨ ਵਿਆਕੁਲ ਸੀ, ਜਿਸਨੇ ਰੋ ਰੋ ਤੇ ਪਿੱਟ ਪਿੱਟ ਕੇ ਆਪਣਾ ਹੁਲੀਆ ਵਿਗਾੜ ਲਿਆ ਸੀ ਉਸਨੇ ਥਰਥਰਾਂਦੀ ਅਵਾਜ਼ ਵਿਚ ਸਿਰਫ ਇਹ ਕਿਹਾ—'ਔਹ ! ਲੇਟੇ ਹੋਏ ਹਨ ਮੇਰੇ ਨਾਲ ਬੋਲਦੇ ਨਹੀਂ।'

ਮੋਹਣ ਦੀ ਮਾਤਾ ਨੇ ਜਿਧਰ ਇਸ਼ਾਰਾ ਕੀਤਾ ਉਧਰ ਬਾਬਾ ਜੀ ਨੇ

ਦੇਖਿਆ ਧਰਤੀ ਦੇ ਉਤੇ ਲੀੜੇ ਵਿਚ ਵਲ੍ਹੇਟ ਕੇ ਮੋਹਣ ਨੂੰ ਸਿਧਾ ਲਟਾਇਆ ਹੋਇਆ ਸੀ ਬਾਬਾ ਜੀ ਨੇ ਆਪਣੀ ਖੂੰਡੀ ਮੋਹਣ ਦੀ ਧੌਣ ਨੂੰ ਛੁਹਾ ਕੇ ਆਖਿਆ –'ਮੋਹਣ! ਉਠ ਤੇ ਚਲ ਕੇ ਖੇਡ ਦੀ ਮੀਟੀ ਦੇਹ, ਇਸਤਰਾਂ ਲੂਕਨਾ ਤੇ ਬਹਾਨੇ ਕਰਨਾ ਚੰਗਾ ਨਹੀਂ।'

ਇਹ ਬਚਨ ਪ੍ਰਤੱਖ ਭਗਵਾਨ ਦਾ ਸੀ। ਉਸ ਵੇਲੇ ਮਾਸੂਮ ਆਤਮਾ ਬਾਬਾ ਅਟਲਰਾਇ ਜੀ ਸਰਬ ਸ਼ਕਤੀਵਾਨ ਪ੍ਰਮਾਤਮਾ ਦੀ ਆਤਮਾ ਨਾਲ ਇਕ-ਮਿਕ ਹੋ ਚੁਕੀ ਸੀ, ਉਸ ਵੇਲੇ ਮੋਹਣ ਦੀ ਮਾਤਾ, ਉਸਦੇ ਬਾਪ, ਲੋਕਾਂ ਨੇ ਸਭ ਨੇ ਦੇਖਿਆ ਕਿ ਮੋਹਣ 'ਸਤਿਨਾਮ' ਆਖਕੇ ਉਠ ਬੈਠਾ। ਸਾਰੇ ਅਸਚਰਜਤਾ ਨਾਲ ਪੁਕਾਰ ਉਠੇ 'ਧੰਨ ਸਤਿਗੁਰੂ ਜੀ ਮੋਹਣ ਉਠਕੇ ਬਾਬਾ ਅਟਲਰਾਇ ਜੀ ਨਾਲ ਤੁਰ ਪਿਆ ਆਪਣੀ ਖੂੰਡੀ ਫੜ ਲਈ ਉਹਦੇ ਸਾਥੀ ਬਹੁਤ ਪ੍ਰਸੰਨ ਹੋਏ। ਰੋਣਾ ਹਾਸੇ ਤੇ ਖੁਸ਼ੀ ਦਾ ਰੂਪ ਧਾਰਣ ਕਰ ਬੈਠਾ। ਇਹ ਖਬਰ ਮਿੰਟਾਂ ਵਿਚ ਹੀ ਸਾਰੇ ਸ਼ਹਿਰ ਵਿਚ ਖਿਲਰ ਗਈ। ਹਰ ਇਕ ਦੀ ਜ਼ਬਾਨ ਤੇ ਇਹ ਸ਼ਬਦ ਸਨ–'ਸਤਿ-ਗੁਰੂ ਜੀ ਦੇ ਸਾਹਿਬਜ਼ਾਦੇ ਅਟਲਰਾਇ ਜੀ ਬਹੁਤ ਸ਼ਕਤੀ ਵਾਲੇ(ਕਰਾਮਾਤੀ)ਹਨ। ਉਨ੍ਹਾਂ ਨੇ ਮੋਏ ਮੋਹਣ ਨੂੰ ਜੀਉਂਦਿਆਂ ਕਰ ਦਿਤਾ।'

ਸਤਿਗੁਰੂ (ਹਰਿ ਗੋਬਿੰਦ) ਜੀ ਤਕ ਵੀ ਇਹ ਖਬਰ ਪਹੁੰਚ ਗਈ। ਸਾਹਿਬਾਂ ਨੇ ਬਾਬਾ ਅਟਲਰਾਇ ਜੀ ਨੂੰ ਆਪਣੇ ਕੋਲ ਸਦਿਆ ਤੇ ਬਚਨ ਕੀਤਾ–'ਬੇਟਾ! ਤੁਸਾਂ ਬਹੁਤ ਮਾੜਾ ਕੀਤਾ ਜੋ ਕਰਤਾਰ ਦੇ ਭਾਣੇ ਨੂੰ ਰੋਕਿਆ। ਕਰਤਾਰ ਦਾ ਸ਼ਰੀਕ ਬਣਨਾ ਚੰਗਾ ਨਹੀਂ। ਕਰਮਾਤ ਦਿਖਾਉਣੀ ਕਹਿਰ ਹੈ ਹੇ ਪੁਤ੍ਰ! ਆਪ ਦੇ ਬਾਬਾ ਜੀ ਨੇ ਅਕਹਿ ਤੇ ਅਸਹਿ ਕਸ਼ਟ ਝਲੇ ਪਰ ਕੋਈ ਕਰਾਮਾਤ ਨਾ ਦਿਖਾਈ।' ਸਾਹਿਬਾਂ ਨੇ ਇਹ ਆਖਣ ਦੇ ਨਾਲ ਹੀ ਬਚਨ ਕੀਤਾ–'ਇਕ ਮਿਆਨ ਵਿਚ ਦੋ ਤਰਵਾਲਾਂ ਨਹੀਂ ਸਮਾ ਸਕਦੀਆਂ।' ਇਸਦੇ ਪਿਛੋਂ ਸਾਹਿਬਾਂ ਨੇ ਕੋਈ ਬਚਨ ਨਹੀਂ ਕੀਤਾ। ਭਾਣਾ ਕਰਤਾਰ ਦਾ ਇਸ ਤਰਾਂ ਸੀ। ਬਾਬਾ ਅਟਲਰਾਇ ਜੀ ਚੁਪ ਚਾਪ ਆਪਣੇ ਪਿਤਾ ਜੀ (ਸਤਿਗੁਰੂ ਜੀ) ਪਾਸੋਂ ਉਠੇ ਤੇ ਕੌਲਸਰ ਦੇ ਸਰੋਵਰ ਦੇ ਚੜ੍ਹਦੇ ਪਾਸੇ ਜਿਥੇ ਖੇਡਿਆ ਕਰਦੇ ਸਨ, ਉਸ ਮੈਦਾਨ ਵਿਚ ਜਾ ਪੁਜੇ। ਚਾਦਰ ਤਾਣਕੇ ਸਿਧੇ ਲੇਟ ਗਏ, ਧਰਤੀ ਉਤੇ ਲੇਟਣ ਦੀ ਦੇਰ

ਸੀ ਕਿ ਬਾਬਾ ਜੀ ਦੀ ਰੂਹ ਪੰਜ ਭੂਤਕ ਸਰੀਰ ਵਿਚੋਂ ਉਡਕੇ ਅਰਸ਼ਾਂ ਨੂੰ ਚਲੀ ਗਈ, ਆਪ ਜੋਤੀ ਸਮਾ ਗਏ। ਬਾਬਾ ਜੀ ਦੀ ਦੇਖ ਭਾਲ ਵਾਸਤੇ ਇਕ ਸਿਖ ਬਾਬਾ ਜੀ ਦੇ ਨਾਲ ਰਿਹਾ ਕਰਦਾ ਸੀ ਉਸਨੇ ਜਦ ਬਾਬਾ ਜੀ ਦਾ ਜੋਤੀ-ਜੋਤ ਸਮਾਉਣਾ ਦੇਖਿਆ ਤਾਂ ਉਹ ਰੋਂਦਾ ਹੋਇਆ ਸਤਿਗੁਰੂ ਜੀ ਤੇ ਗੁਰ ਮਹਿਲਾਂ ਪਾਸ ਗਿਆ। ਉਸਦੀ ਜ਼ਬਾਨੋਂ ਬਾਬਾ ਜੀ ਦਾ ਜੋਤੀ ਜੋਤ ਸਮਾਉਣਾ ਸੁਣਕੇ ਸਾਰੇ ਸਿਖਾਂ ਤੇ ਸ਼ਹਿਰ ਵਾਸੀਆਂ ਵਿਚ ਬਹੁਤ ਹੈਰਾਨੀ ਤੇ ਉਦਾਸੀ ਛਾ ਗਈ।

ਉਸ ਥਾਂ ਸਸਕਾਰ ਕੀਤਾ ਗਿਆ ਤੇ ਬਾਬਾ ਜੀ ਦੀ ਅਮਰ ਯਾਦਗਾਰ 'ਗੁਰਦਵਾਰਾ ਬਾਬਾ ਅਟੱਲ ਸਾਹਿਬ' ਅਜੇ ਤਕ ਕਾਇਮ ਹੈ, ਜੋ ਸਾਰੇ ਸ਼ਹਿਰ ਦੀਆਂ ਇਮਾਰਤਾਂ ਨਾਲੋਂ ਉਚੀ ਇਮਾਰਤ ਵਾਲਾ ਹੈ ਇਸ ਗੁਰ-ਧਾਮ ਦੀ ਬਹੁਤ ਪੂਜਾ ਹੁੰਦੀ ਹੈ।

੯. ਸਤਿਗੁਰੂ ਜੀ ਦਾ ਮਾਲਵੇ ਜਾਣਾ

ਕੋਈ ਢਾਈ ਸਾਲ ਦੇ ਕਰੀਬ ਸਤਿਗੁਰੂ ਜੀ ਅਮਨ ਨਾਲ ਸ੍ਰੀ ਅੰਮ੍ਰਿਤਸਰ ਰਹੇ, ਇਸ ਸਮੇਂ ਬਹੁਤ ਸਿਖ ਸੰਗਤਾਂ ਦਾ ਪਾਰ-ਉਤਾਰਾ ਕੀਤਾ। ਕਈ ਬੈਰਾਗੀ ਸਾਧੂ ਗੁਰੂ ਘਰ ਦੇ ਸ਼ਰਧਾਲੂ ਬਣੇ। ਪਰ ਗੁਰੂ ਦੋਖੀਆਂ ਤੇ ਸਮੇਂ ਦੀ ਸਰਕਾਰ ਦੇ ਕਰਮਚਾਰੀਆਂ ਨੂੰ ਸਤਿਗੁਰੂ ਜੀ ਦਾ ਸ਼ਾਂਤੀ ਪਿਆਰ ਨੇ ਸਰਬ ਸਾਂਝ ਦਾ ਸੰਦੇਸ਼ ਚੰਗਾ ਨਾ ਲਗਾ ਉਨ੍ਹਾਂ ਨੇ ਬਾਦਸ਼ਾਹ ਸ਼ਾਹ ਜਹਾਨ ਕੋਲ ਅਨੇਕਾਂ ਅਰਜੀਆਂ ਭੇਜੀਆਂ ਏਥੋਂ ਤਕ ਲਿਖ ਦਿਤਾ ਕਿ 'ਸਤਿਗੁਰੂ ਜੀ ਮੁਗਲ ਸਰਕਾਰ ਦਾ ਤਖਤਾ ਉਲਟਨ ਦੇ ਸਾਦਨ ਇਕਠੇ ਕਰ ਰਹੇ ਹਨ।' ਚੁਗਲਾਂ ਦੀਆਂ ਹਰਕਤਾਂ ਦਾ ਸਤਿ-ਗੁਰੂ ਜੀ ਨੂੰ ਪਤਾ ਲਗ ਗਿਆ ਉਨ੍ਹਾਂ ਨੇ ਸ੍ਵੈ-ਸਤਕਾਰ ਦੀ ਰਾਖੀ ਕਰਨ ਵਾਸਤੇ ਤਿਆਰੀ ਕਰ ਲਈ।

ਉੱਨੀ ਦਿਨੀ ਹੀ ਮਾਲਵੇ ਦੀ ਸੰਗਤ ਆਈ ਤੇ ਸੰਗਤ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਮਾਲਵੇ ਦੇਸ਼ ਦਾ ਦੌਰਾ ਕਰਨ। ਹਜ਼ਾਰਾਂ ਆਤਮਾਵਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਵਿਆਕੁਲ ਹੋ ਰਹੀਆਂ ਹਨ। ਸਾਹਿਬਾਂ ਨੇ ਸਮੇਂ ਦੀ ਵਿਚਾਰ ਕਰਕੇ ਮਾਲਵੇ ਦੇਸ਼ ਨੂੰ

ਜਾਣ ਦਾ ਫੈਸਲਾ ਕਰ ਲਿਆ। ਝਟ-ਪਟ ਤਿਆਰੀ ਹੋਈ। ਸਿਖ ਸੇਨਾ ਨੂੰ ਵੀ ਹੁਕਮ ਹੋਇਆ ਕਿ ਸਤਿਗੁਰੂ ਜੀ ਦੇ ਡੇਰੇ ਦੇ ਨਾਲ ਹੀ ਚਲੇ। ਕਿਉਂਕਿ ਸਤਿਗੁਰੂ ਜੀ ਦਾ ਪ੍ਰਤਾਪ ਤੇ ਜਲ-ਜਲੌ ਪਾਤਸ਼ਾਹੀ ਸੀ। ੧੩ ਫਗਣ ਸੰਮਤ ੧੬੮੭ ਬਿਃ ਨੂੰ ਸਾਹਿਬ ਅੰਮ੍ਰਿਤਸਰ ਤੋਂ ਤੁਰੇ ਤੇ ਤਰਨ ਤਾਰਨ ਸਾਹਿਬ ਜਾ ਰਹੇ। ਤਰਨ ਤਾਰਨ ਤੋਂ ਸਿਧੇ ਹਰੀਕੇ ਪੱਤਣ ਪੁਜੇ ਤੇ ਉਸ ਪੱਤਣ ਤੋਂ ਦਰਿਆ ਸਤਲੁਜ ਨੂੰ ਪਾਰ ਕੀਤਾ, ਰਾਹ ਵਿਚ ਸਿਖ ਸੰਗਤਾਂ ਤੇ ਜਗਿਆਸੂ ਜਨਾਂ ਨੇ ਸਤਿਗੁਰੂ ਜੀ ਦਾ ਬਹੁਤ ਸੱਤਕਾਰ ਕੀਤਾ। ਦਰਿਆ ਪਾਰ ਦੇ ਪਿੰਡਾ ਵਿਚ ਦੀ ਉਪਦੇਸ਼ ਕਰਦੇ ਹੋਏ ਸਤਿਗੁਰੂ ਜੀ ਡੇਰੇ ਸਮੇਤ ਡਰੌਲੀ ਪੁਜ ਗਏ। ਉਥੇ ਕਈ ਦਿਨ ਸਤਿ ਸੰਗਤ ਦੇ ਦੀਵਾਨ ਲਗਦੇ ਰਹੇ। ਮੈਣ ਦੁਆਬ, ਖਾਦਰ, ਕੰਢੀ, ਪੁਆਧ, ਤਿਹਾੜੇ ਤੇ ਮਾਲਵੇ ਦੀ ਸੰਗਤ ਵਹੀਰਾਂ ਘਤਕੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ ਤੇ ਬੇਅੰਤ ਕਾਰ ਭੇਟ ਚੜ੍ਹਾਈ, ਅੰਨ, ਕਪੜਾ, ਘਿਓ ਮਿਠ ਤੇ ਸੋਨੇ ਰੁਪੇ ਨਾਲ ਭੰਡਾਰੇ ਭਰ ਗਏ।

ਸਤਿਗੁਰੂ ਜੀ ਨੂੰ ਗੁਰਮਤ ਦਾ ਪ੍ਰਚਾਰ ਕਰਨ ਦਾ ਬਹੁਤ ਉਤਸ਼ਾਹ ਸੀ। ਆਪ ਸਦਾ ਘੋੜੇ ਤੇ ਸਵਾਰ ਹੋਕੇ ਇਕ ਨਗਰ ਤੋਂ ਦੂਸਰੇ ਨਗਰ ਵਲ ਜਾਣਾ ਚੰਗਾ ਖਿਆਲ ਕਰਦੇ ਸਨ। ਸਤਿਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਵਾਸਤੇ ਘਰ ਘਰ ਜਾਕੇ ਤੇ ਹਰ ਇਕ ਜੀਵ ਨੂੰ 'ਸਤਿ ਕਰਤਾਰ' ਦਾ ਸਿਮਰਨ ਚੇਤੇ ਕਰਾਉਣਾ ਚਾਹੁੰਦੇ ਸਨ। ਇਸੇ ਨਿਸ਼ਾਨੇ ਅਨੁਸਾਰ ਸਾਹਿਬਾ ਨੇ ਝੀਰੇ, ਕੁਇਰ ਵਾਲੇ, ਡਮਰਾ, ਰੋਡੇ ਆਦਿਕ ਨਗਰਾਂ ਵਿਚ ਜਾਕੇ ਦੀਵਾਨ ਕੀਤੇ ਤੇ ਗੁਰਮਤ ਦਾ ਪ੍ਰਚਾਰ ਕੀਤਾ। ਚਲਦੇ ਚਲਦੇ ਸਤਿਗੁਰੂ ਜੀ ਮਾੜੀ ਪਿੰਡ ਜਾ ਉਤਰੇ, ਮਾੜੀ ਵਿਚ ਜਦਾ ਦੇ ਵਡੇ ਵਡੇਰੇ ਦੀ ਮੜ੍ਹੀ ਉਤੇ ਮੇਲਾ ਸੀ। ਸਾਰੇ ਬਾਹਰ ਦੇ ਲੋਕ ਇਕਠੇ ਹੋਏ ਹੋਏ ਸਨ। ਵਡੇ-ਵਡੇਰੇ ਦੀ ਮੜ੍ਹੀ ਉਤੇ ਖੀਰ, ਕੜਾਹ ਤੇ ਰੋਟ-ਚੂਰਮਾ ਚੜ੍ਹਾ ਰਹੇ ਸਨ ਪ੍ਰਸ਼ਾਦ ਚੜ੍ਹਾਉਣ ਵਾਲਿਆਂ ਵਿਚ ਭੁਲਰ ਤੇ ਕੌੜੇ ਗੋਦ ਦੇ ਜੱਟ ਸਨ।

ਸਤਿਗੁਰੂ ਜੀ ਜਦੋਂ ਸ਼ਾਹੀ ਠਾਠ-ਬਾਠ ਨਾਲ ਮੇਲੇ ਦੀ ਹੱਦ ਵਿਚ ਪੁਜੇ ਤਾਂ ਸਾਰੇ ਲੋਕਾਂ ਨੇ ਬੜੀ ਹੈਰਾਨੀ ਨਾਲ ਦੇਖਿਆ। ਨੇੜੇ ਹੋਕੇ ਮਸੰਦਾਂ ਕੋਲੋਂ ਪੁਛਿਆ ਮਸੰਦਾਂ ਨੇ ਜਦੋਂ ਦਸਿਆ ਕਿ ਆਪ ਸਚੇ ਪਾਤਸ਼ਾਹ ਸਤਿਗੁਰੂ ਜੀ ਹਨ ਤਾਂ ਸਾਰੇ ਲੋਕ ਸ਼ਰਧਾ ਨਾਲ ਸਤਿਗੁਰੂ ਜੀ ਦੇ ਚਰਨਾਂ ਉਧਰ ਮੱਥਾ

ਟੋਕਣ ਵਾਸਤੇ ਅਗੇ ਹੋਏ। ਲੋਕਾਂ ਨੂੰ ਮੜ੍ਹੀ ਦੀ ਪੂਜਾ ਕਰਨੀ ਹੀ ਭੁਲ ਗਈ। ਕਈ ਭੂਲਰ ਤੇ ਕੌੜਿਆਂ ਨੇ ਸਤਿਗੁਰੂ ਜੀ ਅਗੇ ਵੀ ਕਈ ਤਰਾਂ ਦਾ ਪ੍ਰਸ਼ਾਦ ਲਿਆ ਰਖਿਆ।

ਮੜ੍ਹੀ-ਮਸਾਣਾ ਦੀ ਪੂਜਾ ਤੋਂ ਹਟਾ ਕੇ ਸਤਿਗੁਰੂ ਜੀ ਨੇ ਹਰ ਜੀਵ ਨੂੰ ਕਰ-ਤਾਰ ਪੂਜਾ ਵਲ ਲਾਉਣਾ ਸੀ, ਇਸ ਕਰਕੇ ਸਾਹਿਬਾਂ ਨੇ ਇਕ ਅਸਚਰਜ ਕੌਤਕ ਰਾਹੀਂ ਦੂਲੇ ਭੂਲਰਾਂ ਤੇ ਨਿਮ ਵਰਗੇ ਕੌੜੇ ਕੌੜਿਆਂ ਨੂੰ ਸਿਖਿਆ ਦਿਤੀ। ਸਾਹਿਬਾਂ ਨੇ ਦੋਹਾਂ ਗੋਤਾਂ ਦੇ ਮੁਖੀਆਂ ਕੋਲੋਂ ਪ੍ਰੇਮ ਨਾਲ ਪੁਛਿਆ—'ਹੇ ਗੁਰਮੁਖੋ ! ਇਹ ਦਸੋ ਇਸ ਉਚੀ ਜਹੀ ਥਾਂ ਤੇ ਖੀਰ, ਕੜਾਹ, ਚੂਰਮਾ, ਰੋਟ ਤੇ ਮਿਠੇ ਚਾਵਲ ਆਦਿਕ ਖਾਣ ਵਾਲੇ ਪਦਾਰਥ ਕਿਉਂ ਚੜ੍ਹਾਉਂਦੇ ਹੋ ਇਸ ਦਾ ਕੀ ਲਾਭ ?'

'ਜੀ ਵਡੇ ਵਡੇਰੇ ਨੂੰ ਪ੍ਰਸੰਨ ਕਰਨ ਵਾਸਤੇ। ਉਹ ਅਸਾਡੀਆਂ ਮੁਰਾਦਾਂ ਪੂਰੀਆਂ ਕਰਦਾ ਹੈ ਸੁਖਣਾ ਸੁਖੀਆਂ ਹੋਈਆਂ ਚੜ੍ਹਾਉਂਦੇ ਹਾਂ। ਮੁਖੀਆਂ ਦਾ ਉੱਤਰ ਸੀ। ਸਤਿਗੁਰੂ ਜੀ ਨੇ ਫੁਰਮਾਇਆ—'ਭਾਈ ! ਜੋ ਪਦਾਰਥ ਤੁਸੀਂ ਇਸ ਮੜ੍ਹੀ ਤੇ ਚੜ੍ਹਾਉਂਦੇ ਹੋ ਉਹ ਤੁਸਾਂ ਦੇ ਵਡੇ-ਵਡੇਰੇ ਨੂੰ ਨਹੀਂ ਪਹੁੰਚਦਾ। ਸਾਰੇ ਪਦਾਰਥ ਤੁਸੀਂ ਹੀ ਖਾ ਜਾਂਦੇ ਹੋ। ਉਹ ਤਾਂ ਕਾਂ ਦੀ ਜੂਨ ਪਿਆ ਹੋਇਆ ਹੈ, ਭੁਖਾ ਕਾਂ ਕਾਂ ਕਰ ਰਿਹਾ ਹੈ। ਜੇ ਉਹ ਨੇੜੇ ਆਉਂਦਾ ਹੈ ਤਾਂ ਤੁਸੀਂ ਢੀਮਾ ਮਾਰਕੇ ਡਰਾ ਦੇਂਦੇ ਹੋ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਉਹ ਬਹੁਤ ਹੈਰਾਨ ਹੋਏ। ਉਨ੍ਹਾਂ ਨੇ ਬੇਨਤੀ ਕੀਤੀ—'ਹੇ ਦੀਨ ਦਿਆਲ ! ਅਸਾਂ ਦੇ ਭਰਮ ਦੂਰ ਕਰੋ। ਅਸਾਂ ਨੂੰ ਕਿਵੇਂ ਪਤਾ ਲਗੇ ਕਿ ਅਸਾਂ ਦਾ ਵਡਾ-ਵਡੇਰਾ ਕਾਂ ਹੈ।'

ਸਤਿਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਣ ਕੀਤਾ ਤੇ ਆਖਿਆ—'ਸਾਰੇ ਮੁਖੀ ਅਗੇ ਹੋਕੇ ਬੈਠੋ।

ਜਦੋਂ ਸਾਰੇ ਮੁਖੀ ਅਗੇ ਹੋਕੇ ਬੈਠ ਗਏ ਤਾਂ ਸਤਿਗੁਰੂ ਜੀ ਨੇ ਆਪ 'ਸਤਿ ਕਰਤਾਰ' ਉਚਾਰਕੇ ਹਰਿ ਇਕ ਮੁਖੀ ਦੇ ਸਿਰ ਉਪਰ ਵਾਰੀ ਵਾਰੀ ਹੱਥ ਰਖਿਆ। ਹੱਥ ਰਖਣ ਨਾਲ ਉਨ੍ਹਾਂ ਨੂੰ ਐਸੀ ਰੋਸ਼ਨੀ ਹੋਈ ਕਿ ਉਨ੍ਹਾਂ ਦਾ ਵੱਡਾ ਵਡੇਰਾ ਜੋ ਕਾਂ ਜੂਨ ਵਿਚ ਸੀ ਉਨ੍ਹਾਂ ਨੂੰ ਪੁਰਖ ਰੂਪ ਵਿਚ ਦਿਸਿਆ ਤੇ ਉਸਨੇ ਤਰਲਾ ਕੀਤਾ ਕਿ ਉਹ ਭੁੱਖਾ ਹੈ ਤੇ ਕਾਂ ਜੂਨ ਵਿਚ ਹੈ।'

ਇਸ ਦੇ ਪਿਛੋਂ ਸਤਿਗੁਰੂ ਜੀ ਨੇ ਕਾਂ ਨੂੰ ਤੀਰ ਨਾਲ ਮਾਰਿਆ। ਉਸ ਦੇ ਮਰਨ ਤੇ ਉਹਦੀ ਆਤਮਾ ਪਰਲੋਕ ਨੂੰ ਗਈ ਤੇ ਕਾਂ ਜੂਨ ਤੋਂ ਸੁਤੰਤ੍ਰਤਾ ਪ੍ਰਾਪਤਹੋਈ। ਭੁਲਰ, ਕੌੜ ਤੇ ਹੋਰ ਗੋਤਾਂ ਦੇ ਜਿਮੀਂਦਾਰ ਸਤਿਗੁਰੂ ਜੀ ਦੇ ਸ਼ਰਧਾਲੂ ਸਿਖ ਬਣੇ।

—o—

੯. ਮਰਾਜ ਪਿੰਡ ਦਾ ਵਸਾਉਣਾ

ਸਤਿਗੁਰੂ ਜੀ ਅਜੇ ਮੇਲੇ ਵਿਚ ਹੀ ਸੰਗਤਾਂ ਨੂੰ ਉਪਦੇਸ਼ ਕਰ ਰਹੇ ਸਨ ਕਿ ਚੌਧਰੀ ਮਰਾਜ (ਮਰਾਝ) ਦੀ ਸੰਤਾਨ, ਜੋ ਸਿੱਧੂ ਜੱਟ ਸਨ ਇਕ ਭਾਰੀ ਜਥੇ ਦੀ ਸੂਰਤ ਵਿਚ ਮੇਲੇ ਵਿਚ ਆ ਦਾਖਲ ਹੋਏ। ਉਨ੍ਹਾਂ ਨੂੰ ਭਟੀਆਂ ਤੇ ਪਚਾਧਿਆ ਨੇ ਪਿੰਡ ਬੀਦੋਵਾਲੀ ਤੋਂ ਉਜਾੜ ਦਿਤਾ ਸੀ, ਭੱਟੀਆਂ ਤੇ ਪਚਾਧਿਆਂ ਦਾ ਬਹੁਤ ਜ਼ੋਰ ਸ਼ੋਰ ਸੀ, ਉਹ ਪਿੰਡ ਵਸਾਉਣ ਵਾਸਤੇ ਧਰਤੀ ਲਭਦੇ ਫਿਰਦੇ ਸਨ। ਭੁਲਰਾਂ ਦਾ ਆਗੂ ਮਾਧੂ ਸੀ, ਮਾਨੂ ਇਨ੍ਹਾਂ ਨੂੰ ਬੈਠਣ ਨਹੀਂ ਸੀ ਦੇਂਦਾ। ਉਹ ਭੱਟੀਆਂ ਦਾ ਬੇਲੀ ਸੀ। ਸਤਿਗੁਰੂ ਜੀ ਨੂੰ ਪ੍ਰਤਾਪੀ, ਬ੍ਰਹਮ ਸ਼ਕਤੀ ਵਾਲਾ ਅਤੇ ਪਾਤਸ਼ਾਹ ਸਮਝਕੇ ਸਿੱਧੂ ਜੱਟਾ ਦੇ ਮੁਖੀ ਸਤਿਗੁਰੂ ਜੀ ਦੇ ਚਰਨੀ ਆਕੇ ਡਿਗੇ।ਉਨ੍ਹਾਂ ਬੇਨਤੀ ਕੀਤੀ —'ਸਚੇ ਪਾਤਸ਼ਾਹ! ਅਸਾਂ ਨੂੰ ਚੱਪਾ ਥਾਂ ਵਸਣ ਵਾਸਤੇ ਵੀ ਨਹੀਂ ਮਿਲਦੀ। ਟਪਰੀ ਵਾਸਾਂ ਵਾਂਗ ਏਧਰ ਉਧਰ ਤੁਰੇ ਫਿਰਦੇ ਹਾਂ। ਅਸਾਂ ਗਰੀਬਾਂ ਤੇ ਦਇਆ ਕਰੋਂ ਅਸਾਂ ਦੀਆਂ ਨਾਰੀਆਂ ਦੀ ਨਿਰਾਦਰੀ ਹੁੰਦੀ ਹੈ, ਮਾਸੂਮ ਬੱਚੇ ਦੁਖ ਉਠਾਉਂਦੇ ਹਨ।ਅੰਨ ਡੰਗਰ ਤੇ ਘਰ ਦੀ ਭਾਜੜ ਤਕੜੇ ਲੁਟ ਲੈਂਦੇ ਹਨ।' ਇਹ ਬੇਨਤੀ ਭਾਈ ਕਾਲੇ ਤੇ ਉਹਦੇ ਭਾਈ ਕਰਮ ਚੰਦ ਨੇ ਕੀਤੀ ਸੀ। ਉਨ੍ਹਾਂ ਦੀ ਬੇਨਤੀ ਸੁਣਕੇ ਗਰੀਬੀ ਦੇਖਕੇ ਸਤਿਗੁਰੂ ਜੀ ਸਚੇ ਪਾਤਸ਼ਾਹ, ਦੀਨ ਦੁਨੀਆਂ ਦੇ ਵਾਲੀ, ਮੇਹਰਾਂ ਦੇ ਦਾਤੇ ਨੇ ਦਇਆ ਕੀਤੀ ਉਨ੍ਹਾਂ ਨੂੰ ਆਪਣੀ ਸ਼ਰਨ ਵਿਚ ਥਾਂ ਦਿਤੀ। ਉਹ ਸਤਿਗੁਰਾਂ ਸੇਵਾ ਕਰਨ ਲਗੇ। ਘੋੜਿਆਂ ਵਾਸਤੇ ਘਾਹ ਖੇਤ੍ਰਕੇ ਲਿਆਉਂਦੇ ਰਹੇ। ਉਨ੍ਹਾਂ ਦੀ ਸੇਵਾ ਨੂੰ ਦੇਖਕੇ ਸਤਿਗੁਰੂ ਜੀ ਨੇ ਇਕ ਦਿਨ ਮੋਹਣ ਨੂੰ ਪੁਛਿਆ—'ਭਾਈ ਸਿਖਾ! ਕੁਝ ਇਛਾ ਹੈ ਤਾਂ ਮੰਗ ਲੈ।' ਇਹ ਸੁਣ ਕੇ ਮੋਹਣ ਨੇ ਦੋਵੇਂ ਹਥ ਜੋੜ ਕੇ ਬੇਨਤੀ ਕੀਤੀ—'ਦਾਤਾ!

ਇਕ ਸਿਖੀ ਬਖਸ਼ੋ, ਦੂਸਰਾ ਪਿੰਡ ਵਾਸਤੇ ਕੌੜਿਆਂ ਤੇ ਭੁਲਰਾਂ ਕੋਲੋਂ ਧਰਤੀ ਲੈ ਦਿਓ।'

ਸਤਿਗੁਰੂ ਜੀ ਨੇ ਕੌੜਿਆਂ ਤੇ ਭੁਲਰਾਂ ਦੇ ਚੌਧਰੀਆਂ ਨੂੰ ਪਾਸ ਸਦਿਆ ਤੇ ਆਖਿਆ—'ਮਰਾਜਾਂ ਨੂੰ ਪਿੰਡ ਵਾਸਤੇ ਥਾਂ ਦੇਵੋ ਤੇ ਇਨ੍ਹਾਂ ਨਾਲ ਰੋਟੀ ਬੇਟੀ ਦੀ ਸਾਂਝ ਕਰੋ।' ਇਹ ਸੁਣਕੇ ਕੌੜੇ ਤੇ ਭੁਲਰ ਗੋਤ ਦੇ ਆਗੂ ਚੌਧਰੀ ਲਾਲ, ਬਘੇਲਾ, ਦਿਤੂ ਤੇ ਦੌਲ ਬਹੁਤ ਕ੍ਰੋਧ ਨਾਲ ਬੋਲੇ—'ਦੇਖੋ ਜੀ ਅਸੀਂ ਆਪ ਦਾ ਸਤਿਕਾਰ ਕਰਦੇ ਹਾਂ, ਪਰ ਆਪ ਅਸਾਂ ਨੂੰ ਇਨਾਂ ਬਾਰੇ ਕੁਝ ਨਾ ਆਖੋ। ਇਨ੍ਹਾਂ ਨੂੰ ਅਸਾਂ ਨੇ ਇਕ ਮਰਲਾ ਥਾਂ ਨਹੀਂ ਦੇਣੀ। ਇਨ੍ਹਾਂ ਪਾਪੀਆਂ ਨੂੰ ਜ਼ਮੀਨ ਦੇਕੇ ਸ਼ਰੀਕ ਬਣਾ ਲਈਏ ? ਇਹ ਗਲ ਅਸਾਂ ਨਹੀਂ ਮੰਨਣੀ।'

ਕੌੜਿਆਂ ਤੇ ਭੁਲਰਾਂ ਦੀ ਅਨੀਤੀ ਤੇ ਉਨ੍ਹਾਂ ਦੇ ਹੰਕਾਰ ਨੂੰ ਦੂਰ ਕਰਨ ਵਾਸਤੇ ਸਤਿਗੁਰੂ ਜੀ ਨੇ ਬਚਨ ਕੀਤਾ—'ਜਿਨ੍ਹਾਂ ਨੂੰ ਮਾੜੇ, ਗਰੀਬ ਸਮਝਦੇ ਹੋ ਇਹ ਇਸ ਧਰਤੀ ਦੇ ਰਾਜੇ ਹੋਣਗੇ। ਇਨ੍ਹਾਂ ਦਾ ਨਵਾਂ ਪਿੰਡ ਜ਼ਰੂਰ ਬਝੇਗਾ।' ਇਸਦੇ ਪਿਛੋਂ ਸਤਿਗੁਰੂ ਜੀ ਨੇ ਮੋਹਣ ਨੂੰ ਹੁਕਮ ਕੀਤਾ 'ਮਾੜੀ ਤੋਂ ਸਾਰਾ ਅਸਬਾਬ ਢੁਕੋ, ਗਡੇ ਲਦੋ ਤੇ ਤੁਰੋ ਜਿਥੇ ਸੂਰਜ ਡੁਬੇ ਉਥੇ ਡੇਰਾ ਕਰਕੇ ਮੋਹੜੀ ਗੱਡ ਦੇਣੀ ਓਹੋ ਧਰਤੀ ਤੁਸਾਂ ਦੇ ਪਿੰਡ ਦੀ ਧਰਤੀ ਹੋ ਜਾਵੇਗੀ। ਸਤਿਗੁਰੂ ਜੀ ਸਹਾਈ ਹੋਣਗੇ।'

ਉਸੇ ਵੇਲੇ ਸਿੰਧੂ ਜੱਟਾਂ ਦਾ ਡੇਰਾ ਅਗੇ ਤੁਰ ਪਿਆ। ਅਜੇ ਮਸਾਂ ਤਿੰਨ ਕਹ ਹੀ ਗਏ ਸਨ ਕਿ ਸੂਰਜ ਡੁਬ ਗਿਆ। ਜਿਸ ਥਾਂ ਸੂਰਜ ਡੁਬਿਆ ਉਥੇ ਹੀ ਮੋਹਣ ਨੇ ਗੱਡਿਆਂ ਨੂੰ ਰੋਕ ਦਿਤਾ ਤੇ ਮੋਹੜੀ ਗੱਡ ਦਿਤੀ। ਪਿੰਡ ਦਾ ਨਾਮ 'ਮਰਾਜ' ਰਖਿਆ। ਰਾਤ ਰਾਤ ਦਰਖਤ ਕਟਕੇ ਵਾੜਾਂ ਕਰ ਲਈਆਂ। ਜਦੋਂ ਦਿਨ ਚੜ੍ਹਿਆ ਤਾਂ ਭੁਲਰਾਂ ਨੂੰ ਪਤਾ ਲਗਾ ਉਹ ਬਹੁਤ ਤਤੇ ਹੋਏ ਧਮਕੀਆਂ ਦਿਤੀਆਂ, ਪਰ ਸਿੱਧੂ ਜਟ ਨਾ ਘਬਰਾਏ। ਓਹ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰਕੇ ਬੈਠੇ ਰਹੇ। ਓਹ ਭੁਲਰਾਂ ਤੇ ਕੌੜਿਆਂ ਦੀਆਂ ਧਮਕੀਆਂ ਕੋਲੋਂ ਨਹੀਂ ਡਰੇ।

੧੦. ਮਰਾਜ ਦੀਆਂ ਲੜਾਈਆਂ

ਮਨੁੱਖ ਸਮਾਜ ਦਾ ਇਤਹਾਸ ਦਸਦਾ ਹੈ ਕਿ ਸਰੀਰਕ ਤੇ ਸਮਾਜਕ (ਬਹੁਤੇ ਆਦਮੀਆਂ) ਵਾਲੇ ਲੋੜ ਮਾੜਿਆਂ ਨਾਲ ਲੜਨ ਤੋਂ ਕਦੀ ਨਹੀਂ ਝਿਜਕਦੇ ਰਹੇ, ਭਾਵੇਂ ਲੜਾਈ ਉਨ੍ਹਾਂ ਨੂੰ ਕਿੰਨੀ ਹੀ ਮਹਿੰਗੀ ਕਿਉਂ ਨਾ ਪਵੇ। ਹੰਕਾਰ ਸਦਾ ਹਾਰ ਖਾਂਦਾ ਹੈ। ਭੁਲਰਾਂ ਤੇ ਕੌੜਿਆਂ ਨੂੰ ਸਰੀਰਕ ਤੇ ਬਹਾਦਰੀ ਦੇ ਇਕੱਠ ਬਲ ਦਾ ਬਹੁਤਾ ਹੰਕਾਰ ਸੀ। ਉਨ੍ਹਾਂ ਨੇ ਸਤਿਗੁਰੂ ਜੀ ਦੇ ਬਚਨਾ ਦੀ ਵੀ ਪਰਵਾਹ ਨਾ ਕੀਤੀ। ਹੰਕਾਰ ਦੇ ਵਿਚ ਪਾਗਲ ਹੋਇਆਂ ਹੋਇਆਂ ਨੇ ਢੋਲ ਮਾਰਕੇ ਸਾਰੇ ਪਿੰਡਾਂ ਦੇ ਭੁਲਰ ਇਕੱਠੇ ਕੀਤੇ ਤੇ ਮਰਾਜ ਉਤੇ ਚੜ੍ਹਾਈ ਕਰ ਦਿਤੀ।

ਮਰਾਜ ਪਿੰਡ ਵਾਲਿਆਂ ਕੋਲ ਨਾ ਕੋਈ ਕੋਠਾ ਸੀ ਤੇ ਨਾ ਕੋਈ ਕੰਧ। ਉਹ ਤਾਂ ਰੌੜੇ ਬੈਠੇ ਸਨ, ਵਾੜ ਕੀਤੀ ਹੋਈ ਸੀ ਉਹ ਵੀ ਸਜਰੀ ਵਾੜ ਸੀ, ਛਾਪਿਆ ਦੇ ਕੰਡੇ ਨਹੀਂ ਸਨ ਸੁਕੇ। ਮੋਹਣ ਦੇ ਭਰਾ ਭਤੀਜੇ ਜਵਾਨ ਸਨ। ਚਠਿਆਂ ਨਾਲ ਲੜਾਈ ਝਗੜੇ ਰਹਿਣ ਕਰਕੇ ਦਲੇਰ ਹੋ ਚੁਕੇ ਸਨ। ਕਰਮ ਚੰਦ, ਰੂਪ ਚੰਦ, ਕੁਲ ਚੰਦ ਸਾਉਲ ਤੇ ਕਾਲਾ ਆਦਿਕ ਮਹਾਂ ਬਲੀ ਜੋਧੇ ਸਨ। ਉਨ੍ਹਾਂ ਜਦੋਂ ਸੁਣਿਆਂ ਕਿ ਭੁਲਰ ਉਨ੍ਹਾਂ ਨਾਲ ਲੜਨ ਵਾਸਤੇ ਆ ਰਹੇ ਹਨ ਤਾਂ ਓਹ ਵੀ ਹਥਿਆਰ ਚੁਕ ਕੇ ਲੜਨ ਵਾਸਤੇ ਤਿਆਰ ਹੋ ਪਏ। ਓਨ੍ਹਾਂ ਨ ਇਕ ਆਦਮੀ ਸਤਿਗੁਰੂ ਜੀ ਵਲ ਵੀ ਭੇਜ ਦਿਤਾ। ਓਸ ਆਦਮੀ ਰਾਹੀਂ ਬੇਨਤੀ ਕੀਤੀ ਕਿ ਜਿਵੇਂ ਹੋਵੇ ਓਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਸਤਿਗੁਰੂ ਜੀ ਨੇ ਸਿੱਧੂ ਜੱਟਾਂ ਦੀ ਸਹਾਇਤਾ ਦਾ ਫੈਸਲਾ ਕਰ ਲਿਆ, ਓਹ ਇਸ ਵਾਸਤੇ ਕਿ ਸਿਧੂ ਨਥਾਵੇਂ ਸਨ ਅਤੇ ਭੁਲਰ ਹੰਕਾਰੀ ਤੇ ਮਨਮੁਖ ਸਨ। ਸਾਹਿਬਾਂ ਨੇ ਭੁਲਰਾਂ ਦਾ ਹੰਕਾਰ ਤੋੜਨ ਵਾਸਤੇ ਭਾਈ ਬਿਧੀਏ, ਜੈਤੇ,, ਜੇਠੇ ਤੇ ਪਰਾਣੇ ਆਦਿਕ ਨੂੰ ਤਿੰਨ ਸੌ ਜਵਾਨ ਦੇਕੇ ਮੋਹਣ ਵਲ ਤੋਰਿਆ। ਜਦੋਂ ਸਤਿਗੁਰੂ ਜੀ ਦੀ ਸੈਨਾਂ ਪਹੁੰਚੀ ਤਦੋਂ ਲੜਾਈ ਹੋ ਰਹੀ ਸੀ। ਭੁਲਰ ਤੇ ਸਿਧੂ ਜੱਟ ਲੜ ਰਹੇ ਸਨ। ਜਿਸ ਵੇਲੇ ਸਤਿਗੁਰੂ ਜੀ ਦੇ ਸਿੱਖਾਂ ਨੇ ਭੁਲਰਾਂ ਨੂੰ ਕੁੱਟਣਾ ਸ਼ੁਰੂ ਕੀਤਾ ਤਾਂ ਭੁਲਰਾਂ ਦੇ ਪੈਰ ਉਖੜ ਗਏ ਤੇ ਓਹ ਮੈਦਾਨ ਛੱਡ ਕੇ ਨਸ ਗਏ। ਓਨ੍ਹਾਂ ਦੇ ਹਥਿਆਰ ਤੇ ਘੋੜੇ

ਸਿੱਧੂਆਂ ਨੇ ਖੋਹ ਲਏ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਮੋਹਣ ਦੀ ਫਤਹ ਹੋਈ।

ਭੁਲਰਾਂ ਦਾ ਹੰਕਾਰ ਟੁਟ ਗਿਆ। ਉਨ੍ਹਾਂ ਦੀ ਆਕੜ ਦਾ ਲੱਕ ਟੁਟ ਗਿਆ। ਆਪਣੀਹਾਰ ਤੇ ਸ਼ਰਮਿੰਦਗੀ ਨੂੰ ਦੂਰ ਕਰਨ ਵਾਸਤੇ ਉਨ੍ਹਾਂ ਦੇ ਮੁਖੀ ਅਪਾਣੇ ਜਵਾਈ ਜੈਦ ਕੋਲ ਪੁਜੇ। ਜੈਦ ਵੀ ਸਿੱਧੂ ਜੱਟ ਸੀ ਉਹ ਵੀ ਭੁਲਰਾਂ ਦੇ ਆਖੇ ਲਗ ਕੇ ਆਪਣੇ ਭਰਾਵਾਂ ਨੂੰ ਮਾਰਨ ਦੀ ਤਿਆਰੀ ਕਰਨ ਲਗਾ।

ਜੈਦ ਪੁਰਾਣਾ ਆਪਣੇ ਸਮੇਂ ਦਾ ਮਹਾਂ ਬਲੀ ਸੀ ਉਸ ਨੂੰ ਆਪਣੇ ਬਲ ਦਾ ਹੰਕਾਰ ਸੀ ਜੈਦ ਪੁਰਾਣਾ ਭੁਲਰਾਂ ਦਾ ਸੈਨਾਪਤੀ ਬਣਿਆ, ਉਸ ਨੇ ਢੋਲ ਵਜਾਇਆ ਤੇ ਸ਼ਾਨ ਨਾਲ ਚੜ੍ਹਾਈ ਕੀਤੀ। ਜਦ ਉਸਦੀ ਚੜ੍ਹਾਈ ਦਾ ਪਤਾ ਸਿੱਧੂ ਜੱਟਾਂ ਦੇ ਆਗੂ ਮੋਹਨ ਜੀ ਨੂੰ ਲੱਗਾ ਤਾਂ ਉਹ ਘਬਰਾ ਗਿਆ ਘਬਰਾਇਆ ਹੋਇਆ ਸਤਿਗੁਰੂ ਜੀ ਪਾਸ ਆਇਆ ਉਸ ਨੇ ਸਹਾਇਤਾ ਵਾਸਤੇ ਬੇਨਤੀ ਕੀਤੀ। ਸਤਿਗੁਰੂ ਜੀ ਨੇ ਬਚਨ ਕੀਤਾ—'ਭਾਈ ਮੋਹਣ ! ਚਿੰਤਾ ਨਾ ਕਰ ਕਰਤਾਰ ਭਲੀ ਕਰੇਗਾ ਕਰਤਾਰ ਦਾ ਭਾਣਾ ਐਸਾ ਹੈ। ਹੰਕਾਰੀ ਜੈਦ ਕਾਲੇ ਹਥੋਂ ਮਾਰਿਆ ਜਾਵੇਗਾ। ਤੁਸਾਂ ਦਾ ਵਸਾਇਆ ਹੋਇਆ ਮਰਾਜ ਪਿੰਡ ਜ਼ਰੂਰ ਵਸੇਗਾ ਇਸ ਦੀ ਰੌਣਕ ਤੇ ਇਜ਼ਤ ਜਗ ਤੇ ਪ੍ਰਸਿਧ ਹੋਵੇਗੀ।' ਸਤਿਗੁਰੂ ਜੀ ਦੇ ਇਨ੍ਹਾਂ ਬਚਨਾਂ ਨੇ ਸਿੱਧੂਆਂ ਨੂੰ ਹੌਂਸਲਾ ਦਿਤਾ। ਉਹ ਅਣਖੀਲੇ ਜੋਧਿਆਂ ਵਾਂਗ ਜੈਦ ਨਾਲ ਯੁਧ ਕਰਨ ਵਾਸਤੇ ਤਿਆਰ ਹੋਏ। ਸਤਿਗੁਰੂ ਜੀ ਨੇ ਵੀ ਆਪਣੀ ਸੈਨਾ ਨਾਲ ਭੇਜ ਦਿਤੀ। ਮਰਾਜ ਤੋਂ ਅਗੇ ਹੋਕੇ ਜੈਦ ਤੇ ਭੁਲਰਾਂ ਨੂੰ ਉਡੀਕਣ ਲਗੇ। ਸਤਿਗੁਰੂ ਜੀ ਵੀ ਗੁੰਮਦ ਟਿਬੇ ਉਤੇ ਜਾ ਬਰਾਜੇ ਤੇ ਆਪਣੇ ਸਿਖਾਂ ਤੇ ਸ਼ਰਧਾਲੂਆਂ ਦੀ ਰਖਵਾਲੀ ਕਰਨ ਲਗੇ।

ਜੈਦ ਪੁਰਾਣਾ ਅਗੇ ਵਧਿਆ ਉਸ ਦੇ ਨਾਲ ਹੋਣ ਕਰਕੇ ਭੁਲਰਾਂ ਦੇ ਹੌਂਸਲੇ ਬੁਲੰਦ ਸਨ। ਉਹ ਚਾਂਗਰਾਂ ਤੇ ਬੁਲਬੁਲੀਆ ਮਾਰਦੇ ਹੋਏ ਤਲਵਾਰਾਂ ਘੁਮਾਉਂਦੇ ਹੋਏ ਅਗੇ ਵਧੇ। ਦੋਹਾਂ ਦਲਾਂ ਦਾ ਮੁਕਾਬਲਾ ਹੋ ਗਿਆ, ਕਟਾ-ਵੱਢ ਸ਼ੁਰੂ ਹੋਈ। ਸਿੱਧੂਆਂ ਵਲੋਂ ਕਾਲਾ ਅਗੇ ਵਧਿਆ। ਕਟਾ-ਵੱਢ ਵਿਚ ਦੋਹਾਂ ਪਾਸਿਆਂ ਦੇ ਸੂਰਮੇ ਸ਼ਹੀਦ ਹੋਣ ਲਗੇ। ਵਧ ਵਧ ਕੇ ਵਾਰ ਹੁੰਦੇ ਸਨ। ਹਥਿਆਰਾਂ ਦੀ ਖੱਟ ਖੱਟ ਤੇ ਟੰਣਕਾਰ ਅਤੇ 'ਫੜ ਲੋ

ਮਾਰ ਲੋਂ ਦਾ ਰੌਲਾ ਜ਼ਮੀਨ ਤੇ ਅਸਮਾਨ ਨੂੰ ਇਕ ਕਰਨ ਲਗਾ। ਆਖਰ ਐਸਾ ਸਮਾ ਆ ਗਿਆ ਕਿ ਕਾਲੇ ਨੇ ਖੰਡੇ ਨੂੰ ਐਸਾ ਜ਼ੋਰ ਨਾਲ ਮਾਰਿਆ ਕਿ ਜੋਦ ਦੇ ਦੋ ਟੋਟੇ ਕਰ ਦਿਤੇ। ਉਹ ਧਰਤੀ ਉਤੇ ਇਸਤਰਾਂ ਡਿਗਾ ਜਿਵੇਂ ਵਡੇ ਰੁਖ ਦਾ ਮੁਢ ਡਿਗਦਾ ਹੈ। ਜੋਦ ਦੇ ਮਰਨ ਨਾਲ ਭੁਲਰਾਂ ਦਾ ਲੱਕ ਟੁਟ ਗਿਆ। ਉਨ੍ਹਾਂ ਦਾ ਲਹੂ ਠੰਢਾ ਹੋਇਆ ਤੇ ਉਨ੍ਹਾਂ ਦੀਆਂ ਅਖਾਂ ਅਗੇ ਹਨੇਰਾ ਛਾ ਗਿਆ, ਉਨ੍ਹਾਂ ਨੂੰ ਜਾਨਾਂ ਦਾ ਫਿਕਰ ਪੈ ਗਿਆ, ਉਹ ਮੈਦਾਨ ਛਡਕੇ ਨੱਠ ਉਠੇ। ਅਧੇ ਘੰਟੇ ਦੇ ਅੰਦਰ ਅੰਦਰ ਲੜਾਈ ਦਾ ਮੈਦਾਨ ਖਾਲੀ ਕਰਕੇ ਜਿਧਰ ਮੂੰਹ ਕੀਤਾ ਉਧਰੇ ਹੀ ਨਸ ਗਏ। ਫਤਹ ਸਿੱਧੂਆਂ ਦੀ ਹੋਈ। ਸਤਿਗੁਰੂ ਜੀ ਦੀ ਆਗਿਆ ਨਾਲ ਮੋਹਣ ਨੇ ਮਰਾਜ ਨਗਰ ਦੀ ਹਦ ਦੂਰ ਦੂਰ ਤਕ ਕਰ ਲਈ। ਮੁੜ ਭੁਲਰ ਉਨ੍ਹਾਂ ਨਾਲ ਨਹੀਂ ਲੜੇ ਤੇ ਮਰਾਜ ਐਡਾ ਵਡਾ ਪਿੰਡ ਵਸਿਆ ਕਿ ਉਸ ਵਿਚੋਂ ਬਾਈ ਪਿੰਡ ਨਿਕਲ ਕੇ ਵਸੇ ਜਿਨ੍ਹਾਂ ਨੂੰ ਅਜ ਬਾਹੀਆ ਆਖਿਆ ਜਾਂਦਾ ਹੈ।

ਮਰਾਜ ਦੀਆਂ ਲੜਾਈਆਂ ਦੇ ਪਿਛੋਂ ਧਰਮ ਪ੍ਰਚਾਰ ਕਰਦੇ ਹੋਏ ਸਤਿਗੁਰੂ ਜੀ ਡਰੋਲੀ ਆ ਗਏ ਤੇ ਕੁਝ ਦਿਨ ਡਰੋਲੀ ਰਹੇ।

੧੧. ਡਰੋਲੀ ਤੋਂ ਤੁਰਨਾ ਤੇ ਮਾਲਵੇ ਵਿਚ ਵਿਚਰਨਾ

ਮੁਗਲਾਂ ਦੀ ਮਾੜੀ ਨੀਤੀ ਨੂੰ ਅਨਭਵ ਕਰਕੇ ਸਤਿਗੁਰੂ ਜੀ ਨੇ ਅੰਮ੍ਰਿਤਸਰ ਛਡਣ ਵੇਲੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਾਥ ਲੈ ਲਈ ਸੀ ਅਤੇ ਡਰੋਲੀ ਜਾ ਰਖੀ ਸੀ। ਬਾਬਾ ਗੁਰਦਿਤਾ ਜੀ ਡਰੋਲੀ ਸਨ ਸਾਹਿਬਾਂ ਨੇ ਬਾਬਾ ਜੀ ਨੂੰ ਹੁਕਮ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸਤਿਗੁਰੂ ਨਾਨਕ ਦੇਵ ਜੀ ਦਾ ਰੂਪ ਸਮਝਕੇ ਪਾਲਕੀ ਵਿਚ ਰਖ ਕੇ ਸਤਿਕਾਰ ਨਾਲ ਕਰਤਾਰ ਪੁਰ ਲੈ ਜਾਣ। ਪਰਵਾਰ ਸਮੇਤ ਕਰਤਾਰ ਪੁਰ ਰਹਿਣ ਉਨ੍ਹਾਂ ਦੇ ਨਾਲ ਭਾਈ ਭਗਤੂ, ਪੈੜੇ ਤੇ ਨਿਹਾਲੇ ਵਰਗੇ ਨੇਕ ਸਿਖ ਸਾਥ ਭੇਜੇ ਜੋ ਘਰ ਦੇ ਤੇ ਬਾਹਰ ਦੇ ਕਾਰਜ ਕਰਨ ਯੋਗ ਸਨ।

ਪਰਵਾਰ ਨੂੰ ਕਰਤਾਰ ਪੁਰ ਵਲ ਤੋਰਕੇ ਆਪ ਸਤਿਗੁਰੂ ਜੀ ਮਾਲਵੇ ਵਲ ਤੁਰ ਪਏ। ਆਪ ਨੂੰ ਪਤਾ ਸੀ ਕਿ ਮੁਗਲਾਂ ਨਾਲ ਜ਼ਰੂਰ

ਮੁਠ ਭੇੜ ਹੋਵੇਗੀ। ਜਦੋਂ ਸਤਿਗੁਰੂ ਜੀ ਡਰੌਲੀ ਤੋਂ ਤੁਰਨ ਲੱਗੇ ਤਾ ਡਰੌਲੀਦੀਆਂ ਸੰਗਤਾਂ ਬਹੁਤ ਵਿਆਕੁਲ ਹੋਈਆਂ। ਉਨ੍ਹਾਂ ਨੇ ਸਤਿਗੁਰੂ ਜੀ ਪਾਸੋਂ ਕੋਈ ਨਿਸ਼ਾਨੀ ਮੰਗੀ। ਸਾਹਿਬਾਂ ਨੇ ਪੰਜ ਗੂੰਬੀ ਤੇ ਇਕ ਕਟਾਰ ਬਖਸ਼ੀ।ਹੁਕਮ ਕੀਤਾ ਕਿ ਪੋਥੀ ਨੂੰ ਸਤਿਗੁਰੂ ਨਾਨਕ ਦੇਵ ਜੀ ਦਾ ਰੂਪ ਸਮਝਣਾ ਤੇ ਸਤਿਕਾਰ ਕਰਨਾ। ਸਾਰੀਆਂ ਮੁਰਾਦਾਂ ਪੂਰੀਆਂ ਹੋਣਗੀਆਂ। ਆਖਰ ੧੩ ਸਾਉਂਣ ਸੰਮਤ ੧੬੯੮ ਬਿ: ਨੂੰ ਸਤਿਗੁਰੂ ਜੀ ਨੇ ਡਰੌਲੀ ਤੋਂ ਅੱਗੇ ਤਿਆਰੇ ਕੀਤੇ।

ਸਤਿਗੁਰੂ ਜੀ ਵਡੇ ਵਡੇ ਨਗਰਾਂ ਵਿਚ ਪੜਾਅ ਕਰਦੇ ਹੋਏ ਸਿਧਾਰ ਪੁਜੇ। ਜਿਸ ਪਿੰਡ ਨੂੰ 'ਗੁਰੂ ਸਰ ਸਿਧਾਰ' ਆਖਿਆ ਜਾਂਦਾ ਹੈ। ਸਿਧਾਰ ਦੇ ਲਾਗੇ ਹੀ ਕਾਂਗੜ ਹੈ। ਕਾਂਗੜ ਵਿਚ ਰਾਇ ਜੋਧ ਰਹਿੰਦਾ ਸੀ। ਰਾਇ ਜੋਧ ਬਹੁਤ ਬਹਾਦਰ ਤੇ ਧਨਵਾਨ ਜਗੀਰਦਾਰ ਸੀ, ਪਰ ਧਰਮ ਵਲੋਂ ਸਖੀ ਸਰਵਰ ਦਾ ਚੇਲਾ ਸੀ। ਪਰ ਉਸ ਦੀ ਧਰਮ ਪਤਨੀ ਇਕ ਗੁਰਮੁਖ ਪਿਆਰੇ ਸਤਿਗੁਰੂ ਜੀ ਦੇ ਸ਼ਰਧਾਲੂ ਸਿਖ ਦੀ ਸਪੁਤ੍ਰੀ ਸੀ। ਉਸਦਾ ਨਾਮ ਬੀਬੀ ਭਾਗਾਂ ਸੀ। ਉਸਨੇ ਜਦੋਂ ਸੁਣਿਆਂ ਕਿ ਸਤਿਗੁਰੂ ਜੀ ਸਿਧਾਰ ਆਏ ਹਨ ਤਾਂ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸਿਧਾਰ ਜਾ ਪੁਜੀ। ਉਸਦੀ ਪ੍ਰੇਰਨਾ ਨਾਲ ਰਾਇ ਜੋਧ ਵੀਸਤਿਗੁਰੂ ਜੀ ਦਾ ਸ਼ਰਧਾਲੂ ਬਣ ਚੁਕਾ ਸੀ। ਫਿਰ ਵੀ ਉਹ ਦਰਸ਼ਨ ਕਰਨ ਨਾ ਗਿਆ।

ਬੀਬੀ ਭਾਗਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ–'ਸਚੇ ਪਾਤਸ਼ਾਹ! ਆਪ ਦਇਆ ਕਰੋ ਤੇ ਮੇਰੇ ਪਤੀ ਨੂੰ ਆਪਣਾ ਸਿਖ ਬਣਾਉ ਅਤੇ ਮੇਰੇ ਘਰ ਚਰਨ ਪਾਓ।'

ਬੀਬੀ ਦੀ ਬੇਨਤੀ ਪ੍ਰਵਾਨ ਕਰਕੇ ਸਤਿਗੁਰੂ ਜੀ ਰਾਇ ਜੋਧ ਦੇ ਪਿੰਡ ਚਲੇ ਗਏ। ਰਾਇ ਜੋਧ ਨੇ ਸਤਿਗੁਰੂ ਜੀ ਦਾ ਸ੍ਵਾਗਤ ਕੀਤਾ ਤੇ ਪ੍ਰੇਮ ਨਾਲ ਸੇਵਾ ਕੀਤੀ। ਆਪ ਵੀ ਸਤਿਗੁਰੂ ਜੀ ਦਾ ਸਿਖ ਬਣ ਗਿਆ। ਅਗੇ ਚਲਕੇ ਇਸਨੇ ਗੁਰੂ ਘਰ ਦੀ ਬਹੁਤ ਸੇਵਾ ਕੀਤੀ।

੧੨. ਮਾਲਵੇ ਦੇ ਸਿਖਾਂ ਸਮੇਤ ਸਤਿਗੁਰੂ ਜੀ ਨੇ ਮੁਗਲ ਫੌਜ ਨਾਲ ਜੰਗ ਕਰਨਾ

ਸ਼ਾਹ ਜਹਾਨ ਦੇ ਹੁਕਮ ਅਨੁਸਾਰ ਸੂਬੇਦਾਰ ਲਲਾ ਬੇਗ ਨੂੰ ਸ਼ਾਹੀ ਫੌਜ ਦੇ ਕੇ ਸਤਿਗੁਰੂ ਜੀ ਦਾ ਪਿਛਾ ਕਰਨ ਵਾਸਤੇ ਮਾਲਵੇ ਨੂੰ ਤੋਰਿਆ। ਮਾਲਵੇ ਦਾ ਇਲਾਕਾ ਖੁਲ੍ਹਾ ਤੇ ਰੇਤਲਾ ਦੇਸ਼ ਹੈ। ਉਸ ਵਿਚ ਉਸ ਸਮੇਂ ਅਨੇਕਾਂ ਦੁਖ ਤਕਲੀਫਾਂ ਸਨ। ਸਭ ਤੋਂ ਸਡੀ ਔਕੜ ਪਾਣੀ ਦੀ ਸੀ। ਉਹ ਲਾਹੌਰੋਂ ਚਲ ਕੇ ਹਰੀਕੇ ਪਤਣ ਤੇ ਆਇਆ ਤੇ ਸਤਿਲਜ ਨੂੰ ਪਾਰ ਕਰਕੇ ਮੋਗੇ ਨੂੰ ਆਇਆ। ਰਾਹ ਵਿਚ ਉਸਦੇ ਨਾਲ ਮੁਸਲਮਾਨ ਰਲ ਗਏ। ਇਸ ਸ਼ਾਹੀ ਲਸ਼ਕਰ ਨੂੰ ਦੇਖਕੇ ਲੋਕਾਂ ਦੇ ਦਿਲਾਂ ਉਤੇ ਭੈ ਛਾ ਗਿਆ। ਸਾਰੇ ਦੇਸ਼ ਵਿਚ ਧੁੰਮਾ ਪੈ ਗਈਆਂ ਕਿ ਮੁਗਲ (ਸ਼ਾਹੀ) ਫੌਜ ਸਤਿਗੁਰੂ ਜੀ ਦੇ ਪਿਛੇ ਚਲੀ ਹੈ ਸਤਿਗੁਰੂ ਜੀ ਨਾਲ ਜੁਧ ਹੋਵੇਗਾ।

ਦੂਸਰੇ ਪਾਸੇ ਮਾਲਵੇ ਦੇ ਸਿਖਾਂ ਅਤੇ ਸਤਿਗੁਰੂ ਜੀ ਤਕ ਵੀ ਖਬਰਾਂ ਪਹੁੰਚ ਗਈਆਂ। ਸਤਿਗੁਰੂ ਜੀ ਨੇ ਖਿਬਾਣੇ ਦੀ ਢਾਬ ਉਤੇ ਡੇਰੇ ਲਾ ਦਿਤੇ ਸ਼ਾਹੀ ਫੌਜ ਦਾ ਮੁਕਾਬਲਾ ਕਰਨ ਵਾਸਤੇ ਤਿਆਰੀ ਕਰਨ ਲਗੇ। ਸ਼ਰਧਾਲੂ ਤੇ ਜੋਧ ਸਿਖਾਂ ਵਲ ਮਸੰਦ ਭੇਜੇ ਉਨ੍ਹਾਂ ਨੇ ਦੂਰ ਦੂਰ ਤਕ ਸਤਿਗੁਰੂ ਜੀ ਦੇ ਸਦੇਸ਼ ਪਹੁੰਚਾ ਦਿਤੇ। ਜਿਸਨੇ ਵੀ ਸਤਿਗੁਰੂ ਜੀ ਦੇ ਸੰਦੇਸ਼ ਨੂੰ ਸੁਣਿਆਂ ਓਹੋ ਹੀ ਤਿਆਰੀ ਕਰਕੇ ਸਤਿਗੁਰੂ ਜੀ ਵਲ ਤੁਰ ਪਿਆ। ਇਕ ਘੋੜਾ, ਹਥਿਆਰ ਤੇ ਲੋੜੀ ਦਾ ਸਮਾਨ ਨਾਲ ਪਿਆਇਆ। ਰਾਇ ਜੋਧ ਆਪਣੇ ਪੰਜ ਸੌ ਜੁਵਾਨਾਂ ਨੂੰ ਨਾਲ ਲੈਕੇ ਸਤਿਗੁਰੂ ਜੀ ਪਾਸ ਆ ਪੁਜਾ। ਡਰੋਲੀ ਤੋਂ ਭਾਈ ਸਾਂਈਂ ਦਾਸ ਜੀ ਵੀ ਬਹੁਤ ਸਾਰੇ ਸਿਖ ਇਕੱਤ ਕਰਕੇ ਲਿਆਏ। ਸੈਰਾੜ, ਬੇਰਾੜ, ਗਿਲ, ਧਾਲੀਵਾਲ, ਮਾਨ, ਭੁਲਰ, ਮਾਹਲ ਸਰਾ ਤੁਲਤ, ਰੰਧਾਵੇ, ਚਾਹਲ ਸਿਧੂ ਸੰਧੂ ਆਦਿਕ ਗੋਤਾਂ ਦੇ ਸੂਰਮੇ ਸਤਿਗੁਰੂ ਜੀ ਕੋਲ ਆਏ।ਸਾਰਿਆਂ ਕੋਲ ਸ਼ਸਤ੍ਰ ਸਨ।ਗੱਡਿਆਂ ਉਤੇ ਅੰਨ-ਦਾਣਾ ਰਖ ਲਿਆਏ। ਮਰਾਜ ਦੇ ਭਾਈ ਮੋਹਣ ਤੇ ਕਾਲਾ ਜੀ ਨੇ ਵੀ ਫੈਸਲਾ ਕੀਤਾ ਕਿ ਉਹ ਸ਼ਾਹੀ ਫੌਜ ਦਾ ਨਾਸ਼ ਕਰਨਗੇ। ਸਤਿਗੁਰੂ ਦੇ ਹੁਕਮ ਅਨੁਸਾਰ ਸ਼ਹੀਦੀ ਪ੍ਰਾਪਤ ਕਰਨੀ ਵੀ ਪਵੇ ਤਾਂ ਤਦ ਕੋਈ ਝਿਜਕ ਨਹੀਂ ਕਰਨਗੇ। ਸਤਿਗੁਰੂ ਜੀ ਦੀ ਮੇਹਰ ਨਾਲ ਸਿਖਾਂ ਵਲੋਂ

ਅੰਨ ਦੁਧ ਘਿਓ ਹਥਿਆਰ ਜਮਾਂ ਹੋ ਗਏ, ਦੇਗਾਂ ਚੜ੍ਹ ਗਈਆਂ, ਗੁਰੂ ਕੇ ਲੰਗਰ ਤਿਆਰ ਹੋਣ ਲੱਗੇ ਤੇ ਸਿਖ ਪ੍ਰਸੰਨ ਹੋਕੇ ਛਕਦੇ ਰਹੇ।

ਉਸ ਵੇਲੇ ਮਾਘ ਦਾ ਮਹੀਨਾ ਸੀ, ਰੇਤਲੇ ਇਲਾਕੇ ਵਿਚ ਠੰਢ ਬਹੁਤ ਸੀ। ਸ਼ਾਹੀ ਫੌਜ ਜਿਉਂ ਹੀ ਸਤਲੁਜ ਤੋਂ ਤੁਰੀ ਤਾਂ ਉਸਨੂੰ ਕਾਹਲੀ ਤੁਰਨ ਦਾ ਹੁਕਮ ਸੀ। ਉਹ ਛੇਤੀ ਛੇਤੀ ਰਾਤ ਦਿਨੇ ਤੁਰਦੇ ਹੋਏ ਥੱਕ ਗਏ ਸਨ, ਉਨ੍ਹਾਂ ਵਿਚੋਂ ਬਹੁਤੇ ਬੀਮਾਰ ਹੋ ਗਏ। ਇਲਾਕੇ ਵਿਚ ਕਈ ਥਾਂਈ ਖਾਰੇ ਪਾਣੀ ਸਨ। ਪਾਣੀ ਲਾਗ ਵੀ ਹੋ ਗਈ। ਜਿਸ ਵੇਲੇ ਫੌਜ ਬਾਈਏ ਵਿਚ ਪੁਜੀ ਤਾਂ ਲਲਾ ਬੇਗ ਨੂੰ ਪਤਾ ਲੱਗਾ ਕਿ ਜਿਸ ਥਾਂ ਸਤਿਗੁਰੂ ਦਾ ਡੇਰਾ ਹੈ ਓਥੇ ਪਾਣੀ ਹੈ। ਜਾਂ ਮਾੜੀ ਤੋਂ ਅੱਗੇ ਇਕ ਖੂਹ ਹੈ ਜਿਸਦਾ ਪਾਣੀ ਮਿੱਠਾ ਹੈ। ਇਹ ਸੋਚ ਕੇ ਉਸਨੇ ਫੌਜ ਨੂੰ ਹੁਕਮ ਦਿੱਤਾ ਕਿ ਮਾੜੀ ਦਾ ਰੁਖ ਕਰਨਾ, ਉਸ ਫੌਜ ਨੂੰ ਮਰਾਜ ਦੇ ਕੋਲੋਂ ਦੀ ਲੰਘਣਾ ਪੈਣਾ ਸੀ। ਮਰਾਜ ਵਾਲੇ ਅਗੇ ਹੀ ਉਨ੍ਹਾਂ ਨਾਲ ਲੜਨ ਨੂੰ ਤਿਆਰ ਖਲੋਤੇ ਸਨ। ਸਤਿਗੁਰੂ ਜੀ ਫੌਜੀ ਵਿਦਿਆ ਦੇ ਮਹਾਂ ਗਿਆਨੀ ਸਨ। ਆਪਨੇ ਕੁਝ ਆਪਣੀ ਸਿਖਾਈ ਹੋਈ ਸੈਨਾ ਤੇ ਬਾਕੀ ਇਲਾਕੇ ਦੇ ਸ਼ਰਧਾਲੂ ਸਿੱਖਾਂ ਦੀ ਲੋਕਾਈ–ਸੈਨਾ ਨੂੰ ਐਸੇ ਸੁਚੱਜੇ ਢੰਗ ਨਾਲ ਖੜਿਆਂ ਕੀਤਾ ਜਿਸ ਨਾਲ ਮੁਗ਼ਲ ਸੈਨਾ ਹੱਲਾ ਕਰਦੇ ਸਾਰ ਦੋਂਹ ਹਿੱਸਿਆਂ ਵਿਚ ਵੰਡੀ ਜਾਵੇ। ਸਾਹਿਬਾਂ ਤੇ ਸਿੱਖਾਂ ਨੂੰ ਮੁਗ਼ਲ ਸੈਨਾ ਕੋਲੋਂ ਕੋਈ ਭੈ ਨਹੀਂ ਸੀ ਕਿਉਂਕਿ ਦੋ ਵਾਰ ਅਗੇ ਲੜਾਈਆਂ ਲੜੀਆਂ ਜਾ ਚੁਕੀਆਂ ਸਨ। ਸਿੱਖ ਪ੍ਰੇਮ, ਸ਼ਰਧਾ, ਅਣਖ ਤੇ ਸ੍ਵੈ ਸਤਿਕਾਰ ਦੀ ਰੂਹ ਨਾਲ ਲੜਦੇ ਸਨ ਤੇ ਮੁਸਲਮਾਨ ਹਕੂਮਤ ਦੇ ਡਰ, ਤਨਖਾਹ ਦੇ ਲਾਲਚ ਅਤੇ ਲੁਟ ਦੀ ਇਛਾ ਨਾਲ ਲੜਦੇ ਸਨ। ਉਹਨਾਂ ਦੀ ਜਥੇਬੰਦੀ ਕਚੇ ਸੂਤਰਾਂ ਦੀਆਂ ਤੰਦਾਂ ਵਰਗੀ ਸੀ, ਜਿਸਦਾ ਛੇਤੀ ਟੁਟ ਜਾਣਾ ਜ਼ਰੂਰੀ ਸੀ। ਲਲਾਬੇਗ ਨੇ ਫੌਜ ਨੂੰ ਇਸਤਰਾਂ ਨਸਾਕੇ ਭੁੱਖਿਆਂ ਤ੍ਰਿਹਾਇਆਂ ਲਿਆਂਦਾ ਜਿਵੇਂ ਸ਼ੇਰ ਜਾਂ ਬਘਿਆੜ ਦੇ ਆਉਣ ਦੇ ਖਤਰੇ ਨੂੰ ਅਨੁਭਵ ਕਰਕੇ ਕੋਈ ਅਯਾਲੀ ਭੇਡਾਂ ਬਕਰੀਆਂ ਦੇ ਇੱਜੜ ਨੂੰ ਨਸਾਈ ਆਉਂਦਾ ਹੈ। ਸਿਪਾਹੀ ਲੰਮਾ ਪੰਧ ਕਰਨ ਤੇ ਥੱਕ ਟੁਟ ਗਏ ਸਨ। ਉਨ੍ਹਾਂ ਵਿਚ ਲੜਾਈ ਲੜਨ ਦੀ ਸਤਿਆ ਨਹੀਂ ਸੀ ਰਹੀ। ਉਹ ਲਲਾਬੇਗ ਨੂੰ ਬੁਰਾ ਭਲਾ ਕਹਿੰਦੇ ਸਨ, ਖੂਹਾਂਦੇ ਖਾਰੇ ਪਾਣੀ ਵੀ ਉਨ੍ਹਾਂ ਨੂੰ ਦਸਤ ਲੌਣ ਲੱਗੇ, ਤੀਸਰਾ ਸਤਿਗੁਰੂ ਜੀ ਦਾ ਮਹਾਂ ਪ੍ਰਤਾਪੀ, ਕਰਾਮਾਤੀ, ਅਤੇ ਮਹਾਂ

ਬਲੀ ਜੋਧਾ ਹੋਣਾ ਉਨ੍ਹਾਂ ਵਾਸਤੇ ਕਾਲ ਰੂਪ ਭੈ ਦਾ ਕਾਰਨ ਸੀ। ਆਖਰ ਲਲਾਬੇਗ ਨੇ ਫੌਜ ਨੂੰ ਅਗੇ ਵਧਣ ਦਾ ਹੁਕਮ ਦੇ ਦਿਤਾ। ਹਰਿਆਵਲ ਦਸਤੇ ਅਗੇ ਵਧੇ ਉਨ੍ਹਾਂ ਦੀ ਗਿਣਤੀ ਬਹੁਤ ਸੀ, ਜਦ ਉਹ ਮਾੜ੍ਹੀ ਦੇ ਨੇੜੇ ਆਏ ਤਾਂ ਸਿਖਾਂ ਨੇ ਹੱਲਾ ਬੋਲ ਦਿਤਾ।ਮਿੱਟਾਂ ਵਿਚ ਦੀ ਕਟਾ ਵਢ ਸ਼ੁਰੂ ਹੋਇ ਗਈ ਤੇ ਦੋਹਾਂ ਦਲਾ ਦੇ ਨੱਸਣ-ਭਜਣ ਅਗੇ ਪਿਛੇ ਹੋਣ ਦੇ ਨਾਲ ਐਨੀ ਧੂੜ ਉਡੀ ਕਿ ਦਿਨੇ ਹੀ ਰਾਤ ਪੈ ਗਈ। ਭੁਖ, ਤ੍ਰਿਹਾਏ ਤੇ ਥਕੇ ਹੋਏ ਮੁਸਲਮਾਨਾਂ ਸਿਪਾਹੀਆਂ ਨੂੰ ਸਿਖ ਬਕਰਿਆਂ ਵਾਂਗ ਝਟਕਉਣ ਲਗੇ, ਸਤਿਗੁਰੂ ਜੀ ਦੀ ਕ੍ਰਿਪਾ ਨਾਲ ਤਲਵਾਰ, ਬੰਦੂਕ ਤੇ ਬਰਛੀ ਦਾ ਵਾਰ ਇਕ ਦਮ ਹੋ ਗਿਆ, ਦੇਖਦਿਆਂ ਦੇਖਵਿਆਂ ਸੈਂਕੜੇ ਲੋਥਾਂ ਧਰਤੀ ਉਤੇ ਵਿਛ ਗਈਆਂ।ਸੈਂਕੜੇ ਜਵਾਨ ਜ਼ਖਮੀ ਹੋ ਕੇ ਤੜਫਨ ਲਗੇ, ਸ਼ਾਹੀ ਫੌਜ ਘਬਰਾ ਗਈ। ਤੰਬੂ ਅਜੇ ਕਿਤੇ ਗਡੇ ਨਹੀਂ ਸਨ ਇਸ ਕਰਕੇ ਉਹਨਾਂ ਦੇ ਪੈਰ ਨਾ ਜੰਮੇ ਥੋੜੀ ਦੇਰ ਲੜਨ ਦੇ ਪਿਛੋਂ ਲਲਾਬੇਗ ਨੇ ਹੁਕਮ ਕੀਤਾ ਕਿ ਪਿਛਲੀ ਫੌਜ ਵੀ ਅਗੇ ਬੁਲਾਈ ਜਾਵੇ, ਪਰ ਉਸ ਫੌਜ ਨੇ ਜਦੋਂ ਸੁਣਿਆਂ ਕਿ ਅਗੇ ਲੜਾਈ ਸ਼ੁਰੂ ਹੋ ਗਈ ਹੈ ਤਾਂ ਉਹ ਪਿਛੇ ਹੀ ਰੁਕ ਗਈ, ਅਗ ਬਾਲ ਕੇ ਸੇਕਣ ਲਗ ਪਈ, ਲਲਾਬੇਗ ਦਾ ਹੁਕਮ ਮਿਲਿਆ, ਪਰ ਉਹ ਥੱਕੀ ਹੋਈ ਤੇ ਪਾਲੇ ਠਰੀ ਫੌਜ ਅਗੇ ਆਉਣ ਤੋਂ ਅਸਮਰਥ ਸੀ। ਏਸੇ ਖਿਚੋ ਤਾਣ ਵਿਚ ਹਨੇਰਾ ਹੋ ਗਿਆ ਪਹਿਲੀ ਰਾਤ ਦਾ ਚੰਦ ਜੋ ਅਜੇ ਪੰਚਮੀ ਦਾ ਸੀ ਉਹ ਵੀ ਡੁਬ ਗਿਆ।ਮਾਰੂਥਲ ਤੇ ਜੰਗਲ ਦੇ ਟਿਬਿਆਂ ਵਾਲੀ ਉਜਾੜ ਵਿਚ ਰਾਤ ਪੈ ਗਈ।ਹਨੇਰਾ ਵੀ ਐਸਾ ਜੋ ਹਥ ਪਸਾਰਿਆ ਦਿਸਣ ਨਹੀਂ ਸੀ ਦੇਂਦਾ। ਸਿਖ ਉਨ੍ਹਾਂ ਝਾੜੀਆਂ ਤੇ ਟਿਬਿਆਂ ਦੇ ਭੇਤੀ ਸਨ। ਪਰ ਮੁਸਲਮਾਨਾਂ ਨੂੰ ਉਸ ਧਰਤੀ ਦਾ ਉੱਕਾ ਗਿਆਨ ਨਹੀਂ ਸੀ ਉਸ ਹਨੇਰੇ ਤੋਂ ਸਤਿਗੁਰੂ ਜੀ ਦੇ ਸਿਖਾਂ ਨੇ ਲਾਭ ਉਠਾਇਆ। ਉਹ ਸਾਰੇ ਹਨੇਰੇ ਵਿਚ ਹੀ ਤੁਰਕ ਸੈਨਾ ਉਪਰ ਜਾ ਟੁਟੇ ਅਤੇ ਬੜੇ ਕ੍ਰੋਧ ਨਾਲ ਤੁਰਕਾਂ ਦਾ ਅੰਤ ਕਰਨ ਲਗੇ। ਤੁਰਕ ਜਿਸ ਵੀ ਸਿਖ ਵਲ ਦੇਖਕੇ ਲੜਨ ਲਗਦੇ ਉਹ ਡਰਕੇ ਹੀ ਪਿਛੇ ਹਟ ਜਾਦੇ, ਉਨ੍ਹਾਂ ਨੂੰ ਪ੍ਰਤੱਖ ਤੇ ਸਨਮੁਖ ਸਤਿਗੁਰੂ ਜੀ ਖਲੋਤੇ ਹੋਏ ਨਜ਼ਰ ਆਉਂਦੇ।ਡਰ ਨਾਲ ਉਨ੍ਹਾਂ ਦਾ ਲਹੂ ਠੰਢਾ ਹੋ ਜਾਂਦਾ ਤੇ ਉਹ ਲੜਨ ਜੋਗੇ ਨਾ ਰਹਿੰਦੇ ਘੋਰ ਯੁਧ ਹੁੰਦਾ ਰਿਹਾ।

ਰਾਤ ਨੂੰ ਹੱਲਾ ਕਰਨ ਵਾਲੇ ਸਿਖ ਜਥਿਆਂ ਦੇ ਇਹ ਮੁਖੀ ਸਨ—ਭਾਈ ਭੱਲਣ, ਭਾਈ ਲਾਲਾ, ਭੂਰਾ, ਬੈਰਾੜ, ਕਾਲਾ, ਸੇਮਾ, ਮਰਾਝ, ਰਾਇ ਲਾਲਾ, ਗੰਗ, ਗਰੇਵਾਲ, ਸਾਧੂ, ਬਲਾਕਾ, ਘਮਾਣਾ, ਸੂਬਾ, ਸੋਧਾਨ ਮਾਨ, ਤਖਤਾ, ਚੂਹੜ ਦੂਲਟ, ਮਿਤੂ ਭਾਗ ਮਲ, ਧਾਲੀ ਵਾਲ, ਅਬਲਖੈਰ ਮੋਘੇ ਦਾ ਪੋਤਾ ਗਿਲ, ਬਘੇਰਾ, ਨਾਹਰ ਸੰਧੂ ਮਾਈ ਦਾਸ ਅਘੜੀ, ਭਗਤਾ ਆਦਿਕ ਸਨ। ਇਹ ਸਾਰੇ ਸੂਰਮੇ ਬਹਾਦਰੀ ਨਾਲ ਲੜ ਰਹੇ ਸਨ ਸਤਿਗੁਰੂ ਜੀ ਦਾ ਆਸਰਾ ਸੀ ਤੇ ਗੁਰੂ ਘਰ ਨਾਲ ਅਟੁਟ ਪ੍ਰੀਤ।

ਦੂਸਰੇ ਪਾਸੇ ਲਲਾਬੇਗ ਕੋਲ ਵੀ ਤੁਰਕ, ਪਠਾਨ ਤੇ ਮੁਗ਼ਲ ਕੌਮ ਦੇ ਚੋਣਵੇਂ ਗਭਰੂ ਸਨ, ਉਹ ਵੀ ਆਪਣੇ ਆਪ ਨੂੰ ਉਸ ਸਮੇਂ ਦੇ ਜੋਧਿਆਂ ਵਿਚ ਗਿਣਦੇ ਸਨ। ਇਸਮਾਇਲ ਖਾਂ, ਨਾਹਰ ਖਾਂ, ਜ਼ਾਲਮ ਖਾਂ, ਨਸੀਰ ਖਾਂ ਤੇ ਗਨੀ ਖਾਂ ਸਨ। ਲਲਾਬੇਗ ਨੇ ਸਾਰਿਆਂ ਨੂੰ ਸ਼ਰਾਬ ਦੀਆਂ ਸੁਰਾਹੀਆਂ ਦਿੱਤੀਆਂ ਤੇ ਅੱਠ ਹਜ਼ਾਰ ਫੌਜ ਦੇਕੇ ਆਖਿਆ—'ਮਸਾਲਾਂ ਤੇ ਮਤਾਬੀਆਂ ਦੀ ਰੋਸ਼ਨੀ ਵਿਚ ਯੁਧ ਕਰੋ, ਤੁਸਾਂ ਨੂੰ ਬਾਦਸ਼ਾਹ ਕੋਲੋਂ ਬਹੁਤ ਇਨਾਮ ਦਵਾਇਆ ਜਾਵੇਗਾ। ਇਹ ਸਮਾਂ ਇਸਲਾਮ ਦੀ ਸੇਵਾ ਕਰਨ ਦਾ ਹੈ, ਲਲਾਬੇਗ ਦੀ ਦਲੇਰੀ ਦੇਣ ਤੇ ਉਹ ਸੂਰਮੇ ਅਗੇ ਵਧੇ ਤੇ ਰਾਤ ਦੇ ਹਨੇਰੇ ਵਿਚ ਘੋਰ ਜੁਧ ਹੋਣ ਲੱਗਾ। ਉਧਰ ਪਿਆਰੇ ਸਤਿ-ਗੁਰੂ ਜੀ ਵੀ ਨਾ ਪਿਛੇ ਰਹੇ, ਉਹ ਪੰਜ ਸੌ ਸਵਾਰ ਨਾਲ ਲੈਕੇ ਆਪਣੇ ਸਿੱਖਾਂ ਦੀ ਰਾਖੀ ਕਰਨ ਵਾਸਤੇ ਮੈਦਾਨੇ-ਜੰਗ ਵਿਚ ਆ ਪੁਜੇ। ਸਾਰੀ ਰਾਤ ਲੜਾਈ ਹੁੰਦੀ ਰਹੀ, ਇਸ ਲੜਾਈ ਵਿਚ ਕਈ ਗੈਰ ਕੁਦਰਤੀ ਗਲਾਂ ਵੀ ਹੋਈਆਂ, ਹਨੇਰੀ ਆ ਗਈ, ਸੁਕੇ ਅੰਬਰ ਓਲੇ ਪੈਣੇ ਸ਼ੁਰੂ ਹੋ ਗਏ। ਅਕਾਲ ਪੁਰਖ ਨੇ ਧਰਮੀ ਦਲ (ਸਿੱਖਾਂ) ਦੀ ਸਹਾਇਤਾ ਕੀਤੀ। ਤੁਰਕ ਸਾਰੇ ਮਾਰੇ ਗਏ ਜੋ ਬਚੇ ਉਹ ਨੱਸਕੇ ਜਾਨ ਬਚਾਉਂਦੇ ਹੋਏ ਲਾਹੌਰ ਨੂੰ ਮੁੜ ਗਏ। ਇਸ ਲੜਾਈ ਵਿਚ ਤੁਰਕਾਂ ਦਾ ਬਹੁਤ ਨੁਕਸਾਨ ਹੋਇਆ। ਸਾਰੇ ਮਾਲਵੇ ਦੀਆਂ ਵੱਡੀਆਂ ਲੜਾਈਆਂ ਵਿਚੋਂ ਇਹ ਇਕ ਵਡੀ ਲੜਾਈ ਹੈ। ਸਿਖਾਂ ਦਾ ਜਾਨੀ ਨੁਕਸਾਨ ਵੀ ਸਵਾ ਬਾਰਾਂ ਸੌ ਦੇ ਲੱਗ ਪਗ ਹੋਇਆ, ਉਨ੍ਹਾਂ ਸਾਰੇ ਸ਼ਹੀਦਾਂ ਦਾ ਸਤਿਗੁਰੂ ਜੀ ਨੇ ਸਸਕਾਰ ਕਰਾਇਆ ਇਕ ਲੜਾਈ ਦੇ ਜਿੱਤਨ ਨਾਲ ਸਤਿਗੁਰੂ ਜੀ ਦਾ ਜਸ ਸਾਰੇ ਪੰਜਾਬ ਵਿਚ ਹੋਣ ਲੱਗਾ।

੧੩. ਬਾਬਾ ਬੁਢਾ ਜੀ ਦਾ ਚਲਾਣਾ ਤੇ ਸਤਿਗੁਰੂ ਜੀ ਨੇ ਡੇਹਰਾ ਬਾਬਾ ਨਾਨਕ ਜਾਣਾਂ

ਬਾਬਾ ਬਢਾ ਜੀ ਦੇ ਜੀਵਨ ਬਾਰ ਪਿਛੇ ਬਹੁਤ ਕੁਝ ਲਿਖਿਆ ਜਾ ਚੁਕਿਆ ਹੈ। ਆਯੂ ਲੰਮੇਰੀ ਹੋਣ ਕਰਕੇ ਸਰੀਰ ਬਹੁਤ ਬਿਰਧ ਹੋ ਗਿਆ। ਫਿਰ ਵੀ ਆਪ ਨੇ ਗੁਰੂ ਘਰ ਦੀ ਸੇਵਾ ਨਾ ਤਿਆਗੀ। ਬਾਬ ਦੀ ਬੀੜ ਵਿਚ ਰਹਿੰਦੇ ਰਹੇ। ਬਾਸ-ਰਕੀ ਰਹਿੰਦੇ ਸਨ ਕਿ ਦਿਲ ਵਿਚ ਉਤਸ਼ਾਹ ਆਇਆ ਕਿ ਸਤਿਗੁਰੂ ਜੀ ਦੇ ਦਰ-ਸ਼ਨ ਕਰਨ। ਆਪ ਸਤਿਗੁਰੂ ਜੀ ਨੂੰ ਹਰਿ ਗੋਬਿੰਦ ਪੁਰ ਮਿਲੇ ਤੇ ਹਰਿ ਗੋਬਿੰਦ ਪੁਰ ਤੋਂ ਆਪਣੇ ਪਿੰਡ 'ਝੰਡਾ ਰਾਮਦਾਸ' ਆਪਣੇ ਸਪੁਤ੍ਰ ਭਾਨਾ ਜੀ ਨਾਲ ਚਲ ਗਏ। ਜੀਵਨ ਦਾ ਅੰਤ ਸਮਾ ਜਾਣਕੇ ਵਾਹਿਗੁਰੂ ਦਾ ਸਿਮਰਨ ਸੁਾਸ ਸੁਾਸ ਨਾਲ ਕਰਨ ਵਿਚ ਸੁਰਤ ਜੋੜ ਬੈਠੇ।

ਸਤਿਗੁਰੂ ਜੀ ਅਜੇ ਮਾਲਵੇ ਵਿਚ ਹੀ ਸਨ ਕਿ ਰਾਮਦਾਸ ਤੋਂ ਭਾਈ ਭਾਨਾ ਜੀ ਦਾ ਭੇਜਿਆ ਹੋਇਆ ਸਿਖ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁਜਾ ਕਿ ਬਾਬਾ ਬੁਢਾ ਜੀ ਤੁਰ-ਫਿਰ ਨਹੀਂ ਸਕਦੇ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਸਤਿਗੁਰੂ ਜੀ ਬਾਬਾ ਬੁਢਾ ਜੀ ਦਾ ਬਹੁਤ ਸਤਕਾਰ ਕਰਦੇ ਸਨ ਜਦ ਉਨ੍ਹਾਂ ਨੇ ਬਾਬਾ ਜੀ ਦਾ ਸੁਨੇਹਾ ਸੁਣਿਆ ਤਾਂ ਝਟ ਤਿਆਰ ਹੋ ਪਏ। ਉਸ ਵੇਲੇ ਹੁਕਮ ਕੀਤਾ ਕਿ ਸਿਖਾਂ ਸਮੇਤ ਸਾਹਿਬ ਕਰਤਾਰ ਪੁਰ ਤੇ ਅੰਮ੍ਰਿਤਸਰ ਨੂੰ ਜਾਣਗੇ ਤੇ ਬਾਬਾ ਬੁਢਾ ਜੀ ਨੂੰ ਦਰਸ਼ਨ ਦੇਕੇ ਨਿਹਾਲ ਕਰਨਗੇ।

ਸਤਿਗੁਰੂ ਜੀ ਵਾਹੋ-ਦਾਹੀ ਕਰਤਾਰ ਪੁਰ ਪੁਜੇ, ਉਥੋਂ ਸੌ ਕੁ ਸਵਾਰ ਨਾਲ ਲਿਆ ਤੇ ਹਰਿ ਗੋਬਿੰਦ ਪੁਰ ਦੇ ਵਿਚ ਦੀ ਹੁੰਦੇ ਹੋਏ 'ਰਾਮਦਾਸ' ਪੁਜੇ, ਅਗੇ ਬਾਬਾ ਜੀ ਉਡੀਕ ਕਰ ਰਹੇ ਸਨ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਨਿਹਾਲ ਹੋਏ ਤੇ ਬਚਨ ਬਲਾਸ ਕਰਦੇ ਰਹੇ। ੧੯ ਮਘਰ ਸੰ: ੧੬੮੮ ਬਿ: ਦਾ ਸ਼ੁਭ ਦਿਹਾੜਾ ਗੁਰਮੁਖਤਾਈ ਵਾਲੀ ਆਤਮਾ ਨੇ ਵਾਹਿਗੁਰੂ ਦੀ ਜੋਤ ਨਾਲ ਮਿਲਣਾ ਸੀ, ਸਾਰਾ ਪਰਵਾਰ ਇਕੱਠਾ ਹੋਇਆ, ਸਭ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਬਾਬਾ ਜੀ ਨੇ

ਸਾਰਿਆਂ ਨੂੰ ਦੇਖਿਆ, ਸਤਿਗੁਰੂ ਜੀ ਕੋਲ ਬੈਠੇ ਸਨ ਕਿ ਬਾਬਾ ਜੀ ਨੇ ਸਤਿਗੁਰੂ ਜੀ ਨੂੰ ਅੰਤਮ ਨਮਸ਼ਕਾਰ ਕੀਤੀ। ਸਿਰ ਨਾਲ ਨਿਮਸ਼ਕਾਰ ਹੋਈ, ਹਥਾਂ ਨੇ ਸਾਥ ਨਾ ਦਿਤਾ, ਜ਼ਬਾਨ ਨਾ ਹਿਲੀ, ਉਸ ਵੇਲੇ,ਵਾਹਿਗੁਰੂ ਵਲੋਂ ਪੁਸ਼ਪ ਵਿਮਾਨ ਆ ਪੁਜਾ। ਬਾਬਾ ਜੀ ਦੀ ਆਤਮਾ ਉਸ ਵਿਮਾਨ ਵਿਚ ਬੈਠਕੇ ਬ੍ਰਹਮ ਲੋਕ ਨੂੰ ਚਲੀ ਗਈ। ਬਾਬਾ ਜੀ ਦੇ ਵਿਛੋੜੇ ਨੂੰ ਸਿਖ ਸੰਗਤਾਂ ਤੇ ਬਾਬਾ ਜੀ ਦੇ ਪਰਵਾਰ ਨੇ ਅਨੁਭਵ ਕੀਤਾ ਪਰ ਸਤਿਗੁਰੂ ਜੀ ਨੇ ਗੁਰਮਤ ਦਾ ਉਪਦੇਸ਼ ਦੇ ਕੇ ਸ਼ਾਂਤ ਕੀਤਾ।

ਬੜੀ ਧੂਮ ਧਾਮ ਨਾਲ ਬਾਬਾ ਜੀ ਦਾ ਅੰਤਮ-ਸੰਸਕਾਰ ਕੀਤਾ ਗਿਆ, ਰਾਮਦਾਸ (ਜ਼ਿਲਾ ਅੰਮ੍ਰਿਤਸਰ) ਵਿਚ ਬਾਬਾ ਜੀ ਦੀ ਅਮਰ ਯਾਦ ਕਈ ਗੁਰਦੁਵਾਰੇ ਹਨ ਤੇ ਪੁੰਨਿਆਂ ਤੋਂ ਚੌਥੇ ਦਿਨ (ਚੌਥ) ਨੂੰ ਬਾਬਾ ਜੀ ਦੀ ਯਾਦ ਵਿਚ ਪੁਰਬ ਮਨਾਇਆ ਜਾਂਦਾ ਹੈ। ਮਾਤਾ ਗੰਗਾ ਜੀ ਦੀ ਤਰ੍ਹਾਂ ਅਜੇ ਵੀਪੁਤ੍ਰ ਪ੍ਰਾਪਤੀ ਦੀ ਇਛਾ ਨਾਲ ਹਜ਼ਾਰਾਂ ਬੀਬੀਆਂ ਮਿਸੇ ਪ੍ਰਸ਼ਾਦੇ ਪਕਾ ਕੇ ਬਾਬਾ ਜੀ ਦੇ ਦਰਬਾਰ ਹਾਜ਼ਰ ਹੁੰਦੀਆਂ ਹਨ ਤੇ ਮੂੰਹੋਂ ਮੰਗੀਆਂ ਮੁਰਾਦਾਂ ਪ੍ਰਾਪਤ ਕਰਦੀਆਂ ਹਨ। ਸਤਿਗੁਰੂ ਤੇ ਕਰਤਾਰ ਦੀ ਬਹੁਤ ਮੇਹਰ ਹੈ।

ਬਾਬਾ ਬੁਢਾ ਜੀ ਦੇ ਸਪੁਤ੍ਰ ਭਾਨਾ ਜੀ ਤੇ ਹੋਰ ਪ੍ਰਵਾਰ ਨੂੰ ਸ਼ਾਂਤੀ ਤੇ ਸੁਖ ਬਖਸ਼ਕੇ ਸਤਿਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦੇ ਸ੍ਰੀ ਚੰਦ ਜੀ ਰਹਿੰਦੇ ਸਨ। ਬਾਬਾ ਸ੍ਰੀ ਚੰਦ ਜੀ ਵੀ ਬਹੁਤ ਵਡੇਰੀ ਉਮਰ ਦੇ ਹੋ ਚੁਕੇ ਸਨ, ਪਰ ਭਗਤੀ ਤੇਯੋਗ ਬਲ ਦੇ ਆਸਰੇ ਉਨ੍ਹਾਂ ਦਾ ਸਰੀਰ ਅਰੋਗ ਤੇ ਤਕੜਾ ਸੀ, ਗਿਆਨ ਇੰਦਰੇ ਕੰਮ ਕਰਦੇ ਸਨ।

ਸਤਿਗੁਰੂ ਜੀ ਨੇ ਬਾਬਾ ਜੀ ਦਾ ਬਹੁਤ ਸਤਕਾਰ ਕੀਤਾ, ਬਚਨ ਬਿਲਾਸ ਹੁੰਦੇ ਰਹੇ। ਬਾਬਾ ਜੀ ਨੇ ਸਤਿਗੁਰੂ ਜੀ ਪਾਸੋਂ ਤੁਰਕਾਂ ਨਾਲ ਹੋਏ ਯੁਧਾਂ ਦਾ ਇਤਿਹਾਸ ਸਰਵਨ ਕੀਤਾ ਤੇ ਬਹੁਤ ਪ੍ਰਸੰਨ ਹੋਏ।

ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿਤਾ ਜੀ ਦਾ ਹਥ ਫੜਕੇ ਕਿਹਾ—ਇਹ ਤੁਸਾਂ ਦਾ ਟਿਕਾ ਅਜ ਅਸਾਡਾ ਵੀ ਟਿਕਾ ਹੋਇਆ, ਇਹ ਦੀਨ ਦੁਨੀ ਦਾ ਟਿਕਾ ਰਹੇਗਾ। ਅਜ ਮੈਂ ਫਕੀਰੀ ਵੀ ਇਨ੍ਹਾਂ ਨੂੰ ਦੇਂਦਾ ਹਾਂ, ਮੀਰੀ ਤੇ ਪੀਰੀ ਅਗੇ ਆਪ ਦੇ ਕੋਲ ਹੈ। ਉਸ ਦਿਨ ਤੋਂ ਬਾਬਾ ਗੁਰਦਿੱਤਾ

ਜੀ ਨੂੰ 'ਦੀਨ ਦੁਨੀ ਦਾ ਟਿਕਾ' ਆਖਿਆ ਜਾਣ ਲੱਗਾ।

ਬਾਬਾ ਸ੍ਰੀ ਚੰਦ ਜੀ ਨੂੰ ਮਿਲਕੇ ਸਤਿਗੁਰੂ ਜੀ ਹਰਿ ਗੋਬਿੰਦ ਪੁਰ ਆ ਪੁਜੇ ਤੇ ਉਥੋਂ ਕਰਤਾਰ ਪੁਰ ਆ ਵਸੇ। ਕਰਤਾਰ ਪੁਰ ਵਿਚ ਚਵੀ ਘੰਟੇ ਰੌਣਕਾਂ ਰਹਿਣ ਲੱਗੀਆਂ।

੧. ਕਰਤਾਰ ਪੁਰ ਵਿਚ ਵੈਸਾਖੀ ਦਾ ਮੇਲਾ

ਮਾਲਵੇ ਦੀ ਜੰਗ ਨੇ ਪੰਜਾਬ ਦੇ ਰਾਜਸੀ ਵਾਯੂ-ਮੰਡਲ ਨੂੰ ਬਦਲ ਦਿੱਤਾ। ਹਿੰਦੂ ਜਨਤਾ ਦੇ ਦਿਲ ਉਤੇ ਜੋ ਤੁਰਕ ਸੈਨਾ ਦੇ ਬਲਵਾਨ ਹੋਣ ਦਾ ਭੈ ਸੀ, ਉਹ ਦੂਰ ਹੋ ਗਿਆ। ਸਿੱਖ ਜਥੇ ਬਦ ਹੌਕੇ ਫੌਜੀ ਸਿਖਿਆ ਹਾਸਲ ਕਰਨ ਲੱਗੇ, ਸਤਿ, ਗੁਰੂ ਜੀ ਦਾ ਜੱਸ ਸਾਰੇ ਪੰਜਾਬ ਵਿਚ ਸੁਗੰਧੀ ਦੀ ਤਰਾਂ ਖਿਲਰ ਗਿਆ, ਮੁਗਲ ਹਕੂਮਤ ਸਤਿਗੁਰੂ ਜੀ ਪਾਸੋਂ ਭੈ ਖਾਣ ਲੱਗੀ ਨਿੱਕੇ-ਮੋਟੇ ਹਾਕਮ ਨੂੰ ਹੌਂਸਲਾ ਨਾ ਰਿਹਾ ਕਿ ਉਹ ਗੁਰੂ ਜੀ ਨਾਲ ਮੱਥਾ ਲਾਵੇ ਸਤਿਗੁਰੂ ਜੀ ਦਾ ਧਰਮ ਸੀ ਕਿ ਆਪ ਵੈਰੀ ਉਤੇ ਹਮਲਾ ਨਹੀਂ ਸਨ ਕਰਦੇ ਤੇ ਹਮਲਾ ਕਰਕ ਆਏ ਵੈਰੀ ਨੂੰ ਕਦੀ ਖਿਮਾ ਨਹੀਂ ਸਨ ਕਰਦੇ, ਆਪਣੀ ਰਾਖੀ ਕਰਨੀ ਹਰ ਮਨੁਖ ਨੂੰ ਸਿਖਾਉਂਦੇ ਸਨ।

ਬਾਬਾ ਬੁਢਾ ਜੀ ਦੇ ਚਲਾਣੇ ਤੋਂ ਪਿਛੋਂ ਆਪ ਕਰਤਾਰ ਪੁਰ ਆ ਗਏ, ਪਰ ਕਰਤਾਰ ਪੁਰ ਬਹੁਤਾ ਚਿਰ ਨਹੀਂ ਰਹੇ ਕਿਉਂਕਿ ਅਨੇਕਾਂ ਦੁਖੀ ਆਤਮਾਵਾਂ ਹੋਰ ਥਾਵਾਂ ਤੇ ਵੀ ਤੜਪ ਰਹੀਆਂ ਸਨ। ਸਤਿਗੁਰੂ ਜੀ ਦੁਆਬੇ ਵਿਚ ਗੁਰਮਤਿ ਪ੍ਰਚਾਰ ਕਰਦੇ ਹੋਏ ਕੀਰਤਪੁਰ ਪਹੁੰਚੇ। ਪੰਜ ਮਹੀਨੇ ਓਥੇ ਰਹੇ ਅਤੇ ਫਿਰ ਕਰਤਾਰ ਪੁਰ ਆ ਪਹੁੰਚੇ। ੧੬੯੦ ਬਿ: ਦੀ ਵੈਸਾਖੀ ਆਈ। ਵੈਸਾਖੀ ਦਾ ਕੌਮੀ ਤੇ ਫਸਲੀ ਤਿਉਹਾਰ ਪੰਜਾਬ ਵਿਚ ਬਹੁਤ ਧੂਮ ਧਾਮ ਨਾਲ ਮਨਾਇਆ ਜਾਂਦਾ ਸੀ, ਵੈਸਾਖੀ ਤੋਂ ਅਗਲੇ ਦਿਨ ਕਣਕ ਦੀ ਫਸਲ ਦੀ ਕਟਾਈ ਸ਼ੁਰੂ ਹੁੰਦੀ ਸੀ। ਸਤਿਗੁਰੂ ਜੀ ਨੇ ਸਿੱਖਾਂ ਨਾਲ ਸਲਾਹ ਕਰਕ ਵੈਸਾਖੀ ਦਾ ਮੇਲਾ ਕਰਤਾਰ ਪੁਰ ਵਿਚ ਬਹੁਤ ਧੂਮ ਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ। ਸਾਹਿਬਾਂ ਨੇ ਮਸੰਦਾਂ, ਸਿੱਖਾਂ ਤੇ ਸਾਧੂ-ਸੰਤਾਂ ਵਲ ਸੱਦੇ-ਪੱਤ੍ਰ ਭੇਜੇ। ਕੁਝ ਉਸ ਵੇਲੇ ਸਿੱਖਾਂ ਵਿਚ ਬਹੁਤ ਵਾਧਾ ਹੋ ਚੁਕਾ ਸੀ, ਦੂਸਰਾ ਦੂਰ ਬੈਠੇ ਸਿੱਖਾਂ ਨੇ ਜੰਗਾਂ

ਦਾ ਹਾਲ ਸੁਣਿਆਂ ਸੀ, ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਤੇ ਲੜਾਈਆਂ ਦੇ ਪੂਰੇ ਹਾਲਾਂ ਤੋਂ ਵੀ ਜਾਣੂ ਹੋਣ ਵਾਸਤੇ ਲੋਚਦੇ ਸਨ। ਵੈਸਾਖੀ (੧ ਵੈਸਾਖ) ਤੋਂ ਚਾਰ-ਪੰਜ ਦਿਨ ਪਹਿਲਾਂ ਹੀ ਦੂਰ ਦੂਰ ਦੇ ਸਿਖ ਪ੍ਰਵਾਰਾਂ ਸਮੇਤ ਕਰਤਾਰਪੁਰ ਆ ਪੁਜੇ, ਧਰਮਸਾਲਾ ਤੇ ਨਗਰ ਦੇ ਕਈ ਕੋਠੇ ਸਭ ਮਨੁਖਾਂ ਨਾਲ ਭਰੇ ਗਏ। ਮਕਾਨਾਂ ਦੀ ਕਮੀ ਨੂੰ ਅਨਭਵ ਕਰਕੇ ਸਤਿਗੁਰੂ ਜੀ ਨੇ ਬਾਗਾਂ ਤੇ ਖੁਲੇ ਮੈਦਾਨਾਂ ਵਿਚ ਤੰਬੂਆਂ ਦਾ ਪ੍ਰਬੰਧ ਕਰ ਦਿਤਾ। ਪਰ ਹਰਇਕ ਸਿਖ ਨੂੰ ਹੁਕਮ ਸੀ ਕਿ ਉਹ ਪ੍ਰਸ਼ਾਦਾ ਗੁਰੂ ਕੇ ਲੰਗਰੋਂ ਛਕਣ। ਗੁਰੂ ਕਾ ਲੰਗਰ ਅਤੁਟ ਵਰਤਦਾ ਸੀ, ਦਾਲ ਫੁਲਕੇ ਦੇ ਨਾਲ ਖਿਚੜ ਦਿਤਾ ਜਾਂਦਾ ਸੀ, ਵੈਸਾਖੀ ਵਾਲੇ ਦਿਨ ਕੜਾਹ ਮਿਲਦਾ ਸੀ ਜੋ ਢਾਈ ਸੇਰ (ਕੱਚਾ) ਜੀ ਪ੍ਰਤੀ ਦਿਤਾ ਜਾਂਦਾ ਸੀ, ਕੋਈ ਭੁਖਾ ਨਹੀਂ ਸੀ ਰਹਿੰਦਾ, ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਣ ਵਾਸਤੇ ਧਕੇ ਨਹੀਂ ਸਨ ਖਾਣੇ ਪੈਂਦੇ। ਬੜੀ ਪ੍ਰੇਮ ਭਾਵਨਾ, ਸ਼ਰਧਾ ਤੇ ਸ਼ਾਂਤੀ ਨਾਲ ਪ੍ਰਸ਼ਾਦ ਛਕਾਇਆ ਜਾਂਦਾ ਸੀ।

ਵੈਸਾਖੀ ਵਾਲੇ ਦਿਨ ਤੋਂ ਪਹਿਲਾਂ ਦੀਵਾਨ ਕਰਨ ਵਾਸਤੇ ਉਚੇਚਾ ਪ੍ਰਬੰਧ ਕੀਤਾ ਗਿਆ।ਬਤੀ ਚੋਬਾਂ ਵਾਲਾ ਸਾਇਬਾਨ ਤਾਣਿਆਂ ਗਿਆ, ਉਸਦੇ ਹੇਠਾਂ ਇਕ ਉਚਾ ਥੜਾ ਬਣਾਕੇ ਉਪਰ ਸਤਿਗੁਰੂ ਜੀ ਦੇ ਬੈਠਣ ਵਾਸਤੇ ਆਸਣ ਰਖਿਆ ਗਿਆ। ਆਸਣ ਚੰਦਣ ਚੌਂਕੀ ਉਤੇ ਪਾਤਸ਼ਾਹੀ ਸੰਘਾਸਨ ਦੇ ਸਮਾਨ ਸੀ, ਤੁਲਾਈਆਂ ਵਛਾਕੇ ਉਪਰ ਫੁਲਕਾਰੀਆਂ ਵਛਾਈਆਂ ਗਈਆਂ ਫੁਲਕਾਰੀਆਂ ਦੇ ਉਪਰ ਮਖਮਲੀ ਗਲੀਚਾ ਸੀ। ਸਾਰੇ ਪੰਡਾਲ ਵਿਚ ਬਹੁਤ ਸਜਾਵਟ ਕੀਤੀ ਗਈ ਸੀ।

ਵੈਸਾਖੀ ਵਾਲੇ ਦਿਨ ਉਸ ਪੰਡਾਲ ਵਿਚ ਰਾਗੀਆਂ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਸ਼ੁਰੂ ਕੀਤਾ। ਸਤਿਗੁਰੂ ਜੀ ਆਪ ਪੰਡਾਲ ਵਿਚ ਆਏ ਤੇ ਸਿੰਘਾਸਨ ਉਤੇ ਬਰਾਜਮਾਨ ਹੋ ਗਏ। ਸਤਿਗੁਰੂ ਜੀ ਨੇ ਜਿਗਾ ਕਲਗੀ ਸਜਾਈ, ਅਸਤ੍ਰ-ਸ਼ਸਤ੍ਰ ਧਾਰਨ ਕੀਤੇ ਅਤੇ ਹਥ ਉਤੇ ਚਿਟਾ ਬਾਜ ਰਖਿਆ। ਪੂਰੇ ਸਚੇ ਪਾਤਸ਼ਾਹੀ ਸ਼ਾਨ ਵਿਚ ਸਨ ਚੇਹਰੇ ਉਤੇ ਅਲਾਹੀ ਨੂਰ ਸੀ ਤੇ ਨੈਣਾਂ ਵਿਚ ਪ੍ਰੇਮ ਭਗਤੀ ਦੀ ਰੋਸ਼ਨੀ ਸੀ, ਸਤਿਗੁਰੂ ਜੀ ਦੇ ਇਕ ਪਾਸੇ ਰਜੋ ਗੁਣੀ ਜੋਧੇ ਬੈਠੇ ਤੇ ਦੂਸਰੇ ਪਾਸੇ ਤਪੋ ਗੁਣੀ ਸੰਤ ਸਾਧੂ ਤੇ ਭਜਨੀਕ ਸਿੱਖ ਬੈਠੇ। ਸਾਹਮਣੇ ਆਮ ਸਿਖ ਸੰਗਤ

ਸੀ, ਉਹ ਦੀਵਾਨ ਨਹੀਂ ਸਗੋਂ ਆਪ ਪ੍ਰਮੇਸ਼ਰ ਦਾ ਲਾਇਆ ਹੋਇਆ ਦਰਬਾਰ ਸੀ ਉਥੇ ਪ੍ਰਮੇਸ਼ਰ ਹਾਜ਼ਰ ਸੀ, ਦੇਵਤਿਆਂ ਦੇ ਰੂਪ ਵਿਚ ਸਿੱਖ ਬੈਠੇ ਹੋਏ ਸਨ। ਸੇਵਾ-ਦਾਰ ਸਤਿਗੁਰੂ ਜੀ ਨੂੰ ਚੌਰ ਕਰਦਾ ਸੀ ਤੇ ਮਿਰ੍ਹਿਦ (ਸੋਬਦਾਰ) ਹਰ ਇਕ ਨੂੰ ਆਦਰ ਨਾਲ ਥਾਉਂ ਥਾਈਂ ਬੈਠਾਈ ਜਾਂਦੇ ਸਨ ਮਸੰਦ ਸਿਖਾਂ ਕੋਲੋਂ ਕਾਰ ਭਟ ਲੈਂਦੇ, ਉਸਦਾ ਅਰਦਾਸਾ ਕਰਦੇ ਤੇ ਸਿੱਖ ਦੀ ਸਤਿਗੁਰੂ ਜੀ ਨਾਲ ਜਾਣ-ਪਛਾਣ ਕਰਾਉਂਦੇ ਰਹੇ। ਸਭ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਨਿਹਾਲ ਹੋਏ।

ਸਾਹਿਬਾਂ ਨੇ ਸਾਰਿਆਂ ਨੂੰ ਸਤਿਗੁਰੂ ਨਾਨਕ ਦੇਵ ਜੀ ਤੋਂ ਪੰਜਵੇਂ ਪਾਤਸ਼ਾਹ ਤੱਕ ਸੰਖੇਪ ਗੁਰ-ਇਤਿਹਾਸ ਸੁਣਾਇਆ, ਮਾਨ ਦਾਨ ਇਸ਼ਨਾਨ ਦਾ ਵਰ ਬਖ-ਸ਼ਿਆ। ਇਹ ਪੁਰਬ ਵੈਸਾਖੀ ਤੋਂ ਚਾਰ ਦਿਨ ਪਿਛੋਂ ਤਕ ਰਿਹਾ, ਕਿਉਂ ਕਿ ਸਤਿਗੁਰੂ ਜੀ ਦੇ ਚਰਨ ਕਮਲਾਂ ਕੋਲੋਂ ਦੂਰ ਹੋਣ ਵਾਸਤੇ ਸਿੱਖਾਂ ਦਾ ਚਿਤ ਤਿਆਰ ਨਹੀਂ ਸੀ

ਇਸ ਵੈਸਾਖੀ ਦੇ ਇਕੱਠ ਦੀਆਂ ਖਬਰਾਂ ਜਾਲੰਧਰ ਦੇ ਹਾਕਮ ਨੇ ਲਾਹੌਰ ਸਰਹੰਦ ਤੇ ਦਿਲੀ ਭੇਜ ਦਿੱਤੀਆਂ। ਮੁਗਲ ਹਾਕਮਾਂ ਨੂੰ ਬਹੁਤ ਚਿੰਤਾ ਹੋਈ ਕਿ ਕਿਤੇ ਸਤਿਗੁਰੂ ਜੀ ਪੰਜਾਬ ਉਤੇ ਕਬਜ਼ਾ ਹੀ ਨਾ ਕਰ ਲੈਣ।

੨. ਬਬੇਕਸਰ ਤਿਆਰ ਹੋਣਾ

ਮਾਝੇ ਦੀ ਸੰਗਤ ਸਤਿਗੁਰੂ ਜੀ ਦੀ ਸ਼ਰਨ ਕਰਤਾਰ ਪੁਰ ਆਈ, ਮੁਖੀਆਂ ਨੇ ਬੇਨਤੀ ਕੀਤੀ–'ਸਚੇ ਪਾਤਸ਼ਾਹ! ਇਕ ਵਾਰ ਆਪ ਅੰਮ੍ਰਿਤਸਰ ਚਲੋ ਹਰਿ ਮੰਦਰ ਸਾਹਿਬ ਦੀ ਰੌਣਕ ਵਧਾਓ। ਆਪ ਤੋਂ ਬਿਨਾ ਨਗਰ ਦੀ ਸੋਭਾ ਪਤ-ਝੜ ਰੁਤ ਵਰਗੀ ਹੈ।' ਸਤਿਗੁਰੂ ਜੀ ਨੇ ਸਿੱਖਾਂ ਦੀ ਬੇਨਤੀ ਨੂੰ ਪਵਾਨ ਕੀਤਾ ਤੇ ਸਾਹਿਬ ਅੰਮ੍ਰਿਤਸਰ ਆਏ। ਅੰਮ੍ਰਿਤਸਰ ਸਚ ਮੁਚ ਰੌਣਕਾਂ ਨਹੀਂ ਸਨ ਸਤਿਗੁਰੂ ਜੀ ਦੇ ਆਉਣ ਤੇ ਮੁੜ ਸਵਰਗ ਦੇ ਇੰਦ੍ਰ ਦਰਬਾਰ ਵਰਗੀ ਰੌਣਕ ਹੋ ਗਈ, ਗੁਰੂ ਕੇ ਲੰਗਰ ਚਲੇ ਤੇ ਕਥਾ ਉਪਦੇਸ਼ ਹੋਣ ਲਗੇ। ਸ੍ਰੀ ਅੰਮ੍ਰਿਤਸਰ ਪੁਜਕੇ ਸਾਹਿਬਾਂ ਨੇ ਕੁਝ ਸਿੱਖਾਂ ਨੂੰ ਜੋ ਬਹੁਤ ਬਬੇਕੀ ਤੇ ਗਿਆਨੀ ਪੁਰਖ ਸਨ, ਉਨ੍ਹਾਂ ਨੂੰ ਹੋਰ ਗਿਆਨ ਕਰਾਉਣ ਵਾਸਤੇ ਤੇ ਆਪ ਗਿਆਨ ਦੀ ਵਿਚਾਰ ਕਰਨ ਵਾਸਤੇ ਸਾਹਿਬਾਂ ਨੇ ਹਰਿ ਮੰਦਰ ਸਾਹਿਬ ਤੋਂ ਦੂਰ ਸੁੰਦਰ ਅਸਥਾਨ ਭਾਲਿਆ, ਇਹ ਅਸਥਾਨ ਰਾਮਸਰ

ਦੇ ਨੇੜੇ ਸੀ। ਰਾਮਸਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੈਠਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਿਆਰ ਕੀਤਾ ਸੀ, ਉਸ ਅਸਥਾਨ ਤੇ ਤੰਬੂ ਲਗ ਗਏ ਤੇ ਆਤਮਕ ਗਿਆਨ ਦੀ ਵਿਚਾਰ ਹੋਣ ਦੇ ਨਾਮ ਦੇ 'ਜਪ' ਹੋਣੇ ਆਰੰਭ ਹੋਏ। ਇਕ ਦਿਨ ਸਤਿਗੁਰੂ ਜੀ ਨੇ ਸਿਖਾਂ ਨੂੰ ਹੁਕਮ ਕੀਤਾ–'ਏਥੇ ਸਰੋਵਰ ਤਿਆਰ ਕਰੋ, ਗੁਰਮਤ ਦੇ ਖੋਜੀ, ਗਿਆਨੀ, ਮਹਾਂ ਪੁਰਖ ਤੇ ਬਬੇਕੀ ਸਿਖ ਰਿਹਾ ਕਰਨਗੇ ਤੇ ਵਾਹਿਗੁਰੂ ਦੇ ਗੁਣ ਗਾਇਆ ਕਰਨਗੇ।

ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸੰਗਤ ਬਹੁਤ ਆਇਆ ਕਰਦੀ ਸੀ, ਇਸ ਵਾਸਤੇ ਛਿਆਂ ਮਹੀਨਿਆਂ ਵਿਚ ਸਰੋਵਰ ਤਿਆਰ ਹੋ ਗਿਆ, ਦੁਸਹਿਰੇ ਨੂੰ ਸ਼ੁਰੂ ਕੀਤਾ ਗਿਆ ਤੇ ਵੈਸਾਖੀ ੧੬੯੧ ਬਿਃ ਤੋਂ ਪਹਿਲਾਂ ਪਕਾ ਸਰੋਵਰ ਤਿਆਰ ਹੋ ਗਿਆ। ਸਤਿਗੁਰੂ ਜੀ ਦੀ ਅਮਰ ਯਾਦ ਇਹ ਅਜੇ ਤਕ ਕਾਇਮ ਹੈ। ਲੱਖਾਂ ਪ੍ਰਾਣੀ ਇਸ਼ਨਾਨ ਕਰਕੇ ਜੀਵਨ ਮੁਕਤੀ ਪ੍ਰਾਪਤ ਕਰ ਚੁਕੇ ਹਨ।

੩. ਕਰਤਾਰ ਪੁਰ ਦੀ ਲੜਾਈ

ਮਾਲਵੇ ਦੀ ਲੜਾਈ ਦੇ ਪਿਛੋਂ ਥੋੜਾ ਚਿਰ ਹੀ ਅਮਨ ਦਾ ਲੰਘਿਆ ਸੀ ਕਿ ਮੁੜਕੇ ਹਵਾ ਪੁਠੀ ਚਲ ਪਈ। ਲੜਾਈ ਦੇ ਧੁੰਧਲੇ ਬਦਲ ਇਕੱਤ੍ਰ ਹੋਣ ਲਗ ਪਏ। ਦਿਲੀ, ਲਾਹੌਰ ਤੇ ਜਾਲੰਧਰ ਤੋਂ ਖਬਰਾਂ ਆਉਣੀਆਂ ਸ਼ੁਰੂ ਹੋਈਆਂ ਕਿ ਬਾਦਸ਼ਾਹ ਦੇ ਹੁਕਮ ਨਾਲ ਕਰਤਾਰ ਪੁਰ ਤੇ ਹਮਲਾ ਹੋਵੇਗਾ। ਮੁਸਲਮਾਨ ਹਕੂਮਤ ਨਹੀਂ ਚਾਹੁੰਦੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਪ੍ਰਚਾਰ ਹੁਣ ਵਧੇ। ਹਕੂਮਤ ਨੂੰ ਸਿਖੀ ਵਿਚੋਂ ਬਗਾਵਤ ਦੇ ਚੰਗਿਆੜੇ ਚਮਕਦੇ ਨਜ਼ਰ ਆ ਰਹੇ ਹਨ।

ਬਾਦਸ਼ਾਹ ਸ਼ਾਹ ਜਹਾਨ ਨੇ ਦਰਬਾਰ ਵਿਚ ਪਾਨ ਬੀੜਾ ਤੇ ਤਲਵਾਰ ਰਖੀ। ਹੁਕਮ ਕੀਤਾ–'ਕੋਈ ਸੂਰਮਾ ਇਹ ਪਾਨ ਦਾ ਬੀੜਾ ਚੁਕੇ ਤੇ 'ਗੁਰੂ' ਨੂੰ ਕਰਤਾਰ ਪੁਰੋਂ ਕਢੇ।' ਬਾਦਸ਼ਾਹ ਦੇ ਇਸ ਹੁਕਮ ਨੂੰ ਸੁਣਕੇ ਕਾਲੇ ਖਾਂ ਸੂਰਮਾਂ ਅਗੇ ਆਇਆ ਤੇ ਉਸਨੇ ਪਾਨ ਦਾ ਬੀੜਾ ਮੂੰਹ ਪਾਇਆ ਤੇ ਤਲਵਾਰ ਚੁਕਕੇ ਮਿਆਨ ਵਿਚ ਰਖੀ, ਭਾਰੀ ਫੌਜ ਲੈਕੇ ਉਹ ਦਿਲੀ ਤੋਂ ਚੜ੍ਹ ਆਇਆ ਜਾਲੰਧਰ ਆ ਕੇ ਉਸਨੂੰ ਸੂਬੇਦਾਰ ਜਾਲੰਧਰ ਪਾਸੋਂ ਸਤਿਗੁਰੂ

ਜੀ ਦੀ ਸ਼ਕਤੀ ਬਾਰੇ ਬਹੁਤ ਕੁਝ ਪਤਾ ਲੱਗਾ, ਫਿਰ ਵੀ ਉਹ ਜੰਗ ਕਰਨ ਤੋਂ ਨਾ ਰੁਕਿਆ, ਉਹ ਲੜਾਈ ਕਰਨੋ ਨਾ ਰੁਕਿਆ, ਉਸਦੇ ਨਾ ਰੁਕਣ ਦਾ ਇਹ ਇਕ ਕਾਰਨ ਸੀ। ਪੈਂਦੇ ਖਾਂ ਪਹਿਲਵਾਨ, ਜਿਸਨੂੰ ਸਤਿਗੁਰੂ ਜੀ ਨੇ ਪਾਲਿਆਂ ਤੇ ਜੋਧਾ ਬਣਾਇਆ ਸੀ, ਜੋ ਸਤਿਗੁਰੂ ਜੀ ਦੇ ਵਿਰੁਧ ਹੋ ਗਿਆ ਸੀ। ਦੂਸਰਾ ਬਾਬਾ ਗੁਰ ਦਿੱਤਾ ਜੀ ਦਾ ਸਾਹਿਬ ਜਾਂਦਾ ਧੀਰ ਮਲ ਸਤਿਗੁਰੂ ਜੀ ਦੇ ਵਿਰੁਧ ਹੋਕੇ ਦੁਸ਼ਮਨ ਨਾਲ ਰਲ ਗਿਆ ਸੀ। ਬਾਬਾ ਧੀਰਮਲ ਦੀ ਆਯੂ ਅਜੇ ਮਸਾਂ ੧੬ ਸਾਲ ਦੇ ਲਗ ਪਗ ਸੀ। ਫਾਰਸੀ ਤੇ ਗੁਰਮੁਖੀ ਚੰਗੀ ਪੜ੍ਹ ਗਏ ਸਨ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਧੀਰ ਮਲ ਜੀ ਨੇ ਦੁਸ਼ਮਣ ਨੂੰ ਕਈ ਗੁਪਤ ਭੇਤ ਦਸ ਦਿਤੇ ਸਨ। ਪੈਦੇ ਖਾਂ ਤੇ ਧੀਰ ਮਲ ਸਤਿਗਰੂ ਜੀ ਦਾ ਵਿਗਾੜ ਕੁਝ ਨਹੀਂ ਸਨ ਸਕਦੇ। ਸਤਿਗੁਰੂ ਜੀ ਆਪ ਪ੍ਰਮੇਸ਼ਰ ਤੇ ਮਹਾਂ ਬਲੀ ਜੋਧੇ ਸਨ।

ਆਖਰ ਹਾੜ ਵਦੀ ੭ ਸੰਮਤ ੧੬੯੧ ਬਿ: ਨੂੰ ਕਾਲੇ ਖਾਂ ਨੇ ਆਪਣੇ ਸਾਥੀਆਂ ਤੇ ਸ਼ਾਹੀ ਫੌਜ ਸਮੇਤ ਕਰਤਾਰ ਪੁਰ ਉਤੇ ਹੱਲਾ ਬੋਲ ਦਿਤਾ, ਉਸਦੇ ਤੁਫਾਨੀ ਹੱਲੇ ਨੂੰ ਰੋਕਣ ਵਾਸਤੇ ਸਤਿਗੁਰੂ ਜੀ ਦੇ ਸਿਦਕੀ ਤੇ ਸਿਰਲੱਥ ਜੋਧੇ ਭਾਈ ਚੂਹੜ, ਭਗਤਾ, ਮੋਹਰੂ, ਕਟਾਰਾ, ਰੰਧਾਵਾ, ਤਖਤੂ ਢਿਲੋਂ ਰੂਪਾ ਬਿਲੋਲ, ਝੰਡੂ ਬੰਮਣ ਤੇ ਭਾਈ ਬਿਧੀਚੰਦ ਆਦਿਕ ਆਧਣੇ ਜਥੇ ਲੈਕੇ ਤਿਆਰ ਹੋਏ। ਉਨ੍ਹਾਂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ, ਅਕਾਲ ਪੁਰਖ ਅਗੇ ਅਰਦਾਸ ਕੀਤੀ ਅਤੇ 'ਸਤਜ' ਦੀ ਫਤਹ ਅਤੇ ਸ਼ੈਤਾਨੀ ਸ਼ਕਤੀ ਨੂੰ ਨਸ਼ਟ ਕਰਨ ਵਾਸਤੇ ਖੰਡੇ ਨੂੰ ਹੱਥ ਵਿਚ ਫੜਕੇ ਮੈਦਾਨ ਵਲ ਤੁਰੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖੀ ਦੀ ਫਲਵਾੜੀ ਨੂੰ ਬਚਾਉਣਾ ਸੀ। ਜਾਨਾਂ ਦੀ ਕੋਈ ਪ੍ਰਵਾਹ ਨਹੀਂ ਸੀ, ਅਰ ਹਿਰਦੇ ਵਿਚ ਕੋਈ ਲਾਲਚ ਤੇ ਪਾਪ ਨਹੀਂ ਸੀ, ਦੈਵੀ ਤੇ ਸਤਿਆਵਾਦੀ ਸ਼ਕਤੀਆਂ ਸਿੱਖਾਂ ਦੀ ਸਹਾਇਤਾ ਕਰਦੀਆਂ ਸਨ। ਦੋਹਾਂ ਦਲਾ ਦਾ ਮੁਕਬਲਾ ਹੋਇਆ, ਤਲਵਾਰ, ਸਰੋਹੀ, ਬਰਛੀ ਤੇ ਤੀਰਾਂ ਤੋਂ ਬਿਨਾਂ ਬੰਦੂਕ ਵੀ ਚਲਣ ਲੱਗੀ। ਲਿਖਿਆ ਹੈ ਕਿ ਇਹ ਯੁੱਧ ਸਾਰਾ ਦਿਨ ਹੁੰਦਾ ਰਿਹਾ, ਸਤਿਗੁਰੂ ਜੀ ਨੇ ਆਪ ਖੰਡਾ ਮਿਆਨੋਂ ਖਿਚਿਆ ਤੇ ਦੁਸ਼ਮਨਾਂ ਦੇ ਸਿਰ ਇਸਤਰਾਂ ਕਟੇ ਜਿਵੇਂ ਗਾਜਰਾਂ-ਮੂਲੀਆਂ ਕਟੀਦੀਆਂ ਹਨ, ਤਰਬੂਜਾਂ ਵਾਂਗ ਸਿਰ ਮੈਦਾਨ ਵਿਚ ਰਿੜ੍ਹਨ ਲਗ ਪਏ।

ਸਨ, ਗਿਆਨੀ ਗਿਆਨ ਸਿੰਘ ਜੀ ਕਵਿਤਾ ਵਿਚ ਯੁਧ ਦੀ ਇਕ ਝਾਕੀ ਇਉਂ ਬਿਆਨ ਕਰਦੇ ਹਨ:—

ਕਟਾ ਕੁਟ ਮਾਚੀ ॥ ਝੱਟਾ ਝਟ ਸਾਚੀ ॥ ਫਟਾ ਫਟ ਫਟੇ। ਸਟਾ ਸੱਟ ਸਟੇ। ਹਥਾ ਵੱਥ ਹੋਏ। ਪਬਾ ਪੱਬ ਖੋਏ। ਕਟੇ ਜੰਘ ਬਾਹਾਂ। ਰਟੇ ਹਾਇ ਹਾਹਾ। ਜਹਾਂ ਝੁੰਡ ਡੋਲੇ। ਤਹਾਂ ਮਾਰ ਗੋਲੇ। ਕਰੈਂ ਏਕ ਏਕੈਂ। ਧਰੈਂ ਛੇਕ ਛੇਕੈਂ। ਘਨੇ ਖਾਨ ਖੂਨੀ। ਬਨੇ ਗੂਨ ਗੂਨੀ। ਬਡੇ ਸਿਖ ਸੂਰੇ। ਰਰੈਂ ਬੈਂਨ ਕੂਰੇ। ਜਿਸੇ ਬਾਂਹਿ ਤੇਗੈਂ। ਕਰੈ ਪਾਰ ਬੇਗੈਂ। ਬਰੇ ਤੀਰ ਗੋਲੀ। ਮਨੋ ਮੋਂਹ ਓਲੀ। ਭਏ ਲਾਲ ਬਾਗੇ। ਮਨੋ ਖੇਲ ਫਾਗੇ। ਢਢੀ ਧੂਰ ਗੈਨਾ। ਭਏ ਮੁੰਦ ਨੈਨਾ। ਭਯੋ ਭਾਨੁ ਫੋਕਾ। ਮਨੋ ਮੇਘ ਕੋਕਾ। ਬਕੇ ਮਾਰ ਮਾਰੇ। ਬਲੀ ਜੇ ਜੁਝਾਰੇ। ਘਨੇ ਘਾਓ ਖੋਲੇ। ਭਕਾ ਭੱਕ ਬੋਲੇ। ਛੁਟੈ ਸ੍ਰੋਣ ਧਾਰੇ। ਬਹੇ ਜਿਉਂ ਪਨਾਰੇ।ਤਬੈ ਬਾਜ ਖਾਨੰ।ਭਯੋ ਅੱਗ੍ਰ ਆਨੰ।ਲਰਿਓ ਖੂਬ ਗਾਢਾ। ਧਰੇ ਧੀਰ ਆਢਾ।

ਜਦੋਂ ਇਸ ਤਰਾਂ ਘੋਰ ਯੁਧ ਹੋ ਰਿਹਾ ਸੀ ਤੇ ਤੁਰਕ ਮਹਾਂ—ਮਾਰੀ ਵਾਂਗ ਮਰ ਰਹੇ ਸਨ ਕਿ ਕਾਲੇ ਖਾਂ ਤੇ ਅਨਵਰ ਖਾਂ ਨੇ ਪੈਂਦੇ ਖਾਂ ਕੋਲ ਪੁਜਕੇ ਕਿਹਾ— 'ਤੂੰ ਤਾਂ ਕਹਿੰਦਾ ਸੀ ਮੈਂ ਗੁਰੂ ਨੂੰ ਫੜ ਲਵਾਂਗਾ ਤੇ ਜੀਉਂਦਾ ਬਾਦਸ਼ਾਹ ਦੇ ਪੇਸ਼ ਕਰਾਂਗਾ, ਹੁਣ ਫੜਦਾ ਕਿਉਂ ਨਹੀਂ? ਸਮਾਂ ਹਥੋਂ ਜਾ ਰਿਹਾ ਹੈ। ਸ਼ਾਹੀ ਸੈਨਾ ਮਰ ਰਹੀ ਹੈ। ਸਿਖ ਕਾਲ ਰੂਪ ਹੋ ਕੇ ਸੈਨਾ ਨੂੰ ਖਾਈ ਜਾ ਰਹੇ ਹਨ, ਤੇਰੇ ਭਾਰੀ ਖੰਡੇ ਨੇ ਕਦੋਂ ਕੰਮ ਕਰਨਾ ਹੈ? ਕੀ ਅਸਾਂ ਨੂੰ ਧੋਖਾ ਤਾਂ ਨਹੀਂ ਦੇ ਰਿਹਾ?'

ਕਾਲੇ ਖਾਂ ਤੇ ਅਨਵਰ ਖਾਂ ਦੇ ਬੋਲਾਂ ਨੂੰ ਸੁਣਕੇ ਪੈਂਦੇ ਖਾਂ ਨੇ ਕ੍ਰੋਧ ਨਾਲ ਸਤਿਗੁਰੂ ਜੀ ਵਲ ਘੋੜਾ ਵਧਾਇਆ, ਅਕ੍ਰਿਤਘਨ—ਨਿਮਕ ਹਰਾਮੀ ਪੈਂਦੇ ਖਾਂ ਦੀ ਮੌਤ ਆਈ ਸੀ। ਜਿਸ ਮਾਲਕ ਨੇ ਉਸਨੂੰ ਪਾਲਿਆ, ਪਹਿਲਵਾਨ ਬਣਾਇਆ ਤੇ ਵਿਆਹਿਆ, ਉਸੇ ਮਾਲਕ ਨੂੰ ਉਹ ਮਾਰਨ, ਤੇ ਫੜਨ ਵਾਸਤੇ ਆਇਆ। ਜਿਸਦਾ ਰਾਖਾ ਆਪ ਅਕਾਲ ਪੁਰਖ ਹੋਵੇ, ਉਸ ਨੂੰ ਕੋਈ ਨਾ ਮਾਰ ਸਕਦਾ ਹੈ ਨਾ ਫੜ ਸਕਦਾ ਹੈ। ਉਹਦੇ ਹਥ ਵਿਚ ਪੰਜੀ ਸੇਰ ਦਾ ਖੰਡਾ ਸੀ, ਉਸੇ ਖੰਡੇ ਨੂੰ ਘੁਮਾਉਂਦਾ ਹੋਇਆ ਉਹ ਸਤਿਗੁਰੂ ਜੀ ਵਲ ਵਧਿਆ। ਪਹਿਲਾਂ ਉਸ ਨੇ ਵਾਰ ਕੀਤਾ, ਇਕ ਨਹੀਂ ਦੋ ਨਹੀਂ

ਸਗੋਂ ਤਿੰਨ ਵਾਰ ਕੀਤੇ ਤਿੰਨੇ ਵਾਰ ਸਤਿਗੁਰੂ ਜੀ ਨੇ ਰੋਕ ਕੇ ਖੰਡੇ ਨਾਲ ਐਸਾ ਵਾਰ ਕੀਤਾ ਕਿ ਪੈਂਦੇ ਖਾਂ ਜ਼ਖਮੀ ਹੋਕੇ ਘੋੜੇ ਉਤੋਂ ਧਰਤੀ ਉਤੇ ਡਿਗ ਪਿਆ। ਜੁਧ ਤੇ ਸੂਰਮਿਆਂ ਦੇ ਧਰਮ ਅਸੂਲਾਂ ਅਨੁਸਾਰ ਸਤਿਗੁਰੂ ਜੀ ਨੇ ਧਰਤੀ ਉਤੇ ਡਿਗੇ ਤੇ ਜ਼ਖਮੀ ਹੋਏ ਪੈਂਦੇ ਖਾਂ ਉਤੇ ਵਾਰ ਕਰਨਾ ਮੁਨਾਸਬ ਨਾ ਸਮਝਿਆ।ਸਤਿਗੁਰੂ ਜੀ ਉਸਨੂੰ ਉਥੇ ਹੀ ਛੱਡਕੇ ਅਗੇ ਹੋਏ ਤੇ ਵੈਰੀਆਂ ਦੇ ਆਹੂ ਲਾਹੁਣ ਲੱਗੇ।

ਜਦ ਸਤਿਗੁਰੂ ਜੀ ਅਗੇ ਹੋਏ, ਤੇ ਉਨ੍ਹਾਂ ਦੀ ਪਿੱਠ ਪੈਂਡੇ ਖਾਂ ਵਲ ਹੋਈ ਤਾਂ ਪੈਂਦੇ ਖਾਂ ਉਠਿਆ ਤੇ ਉਸਨੇ ਵਸਾਹ ਕੇ(ਧੋਖੇ ਨਾਲ) ਸਤਿਗੁਰੂ ਜੀ ਉਪਰ ਪਿਛੋਂ ਵਾਰ ਕਰਨਾ ਚਾਹਿਆ ਪਰ ਸਤਿਗੁਰੂ ਜੀ ਸਿਆਣੇ ਜੋਧੇ ਸਨ ਉਨ੍ਹਾਂ ਦਾ ਧਿਆਨ ਪਿਛੇ ਵੀ ਸੀ। ਜਿਉਂ ਹੀ ਪੈਂਦੇ ਖਾਂ ਉਠਕੇ ਵਾਰ ਕਰਨ ਲਗਾ ਤਿਉਂ ਹੀ ਸਾਹਿਬਾਂ ਨੇ ਖੰਡੇ ਨਾਲ ਐਸਾ ਵਾਰ ਕੀਤਾ ਕਿ ਉਸਦਾ ਸਿਰ ਧੜ ਨਾਲੋਂ ਵਖਰਾ ਹੋ ਗਿਆ ਉਸ ਦੁਸ਼ਟ ਤੇ ਅਕ੍ਰਿਤਘਨ ਦੀ ਰੂਹ ਨਰਕਾਂ ਨੂੰ ਚਲੀ ਗਈ।

ਪੈਂਦੇ ਖਾਂ ਦੀ ਮੌਤ ਦੇ ਨਾਲ ਹੀ ਅਨਵਰ ਖਾਂ ਤੇ ਕਾਲੇ ਖਾਂ ਦਾ ਦਿਲ ਟੁਟ ਗਿਆ। ਸਤਿਗੁਰੂ ਜੀ ਦਾ ਸਾਹਮਣਾ ਉਹ ਕਰ ਨਹੀਂ ਸਨ ਸਕਦੇ। ਜਾਨ ਬਚਾਉਣੀ ਔਖੀ ਹੋਈ ਹੋਈ ਸੀ। ਉਨ੍ਹਾਂ ਨੇ ਲੜਾਈ ਜਿਤਨ ਦਾ ਬਹੁਤ ਯਤਨ ਕੀਤਾ ਪਰ ਜਿਤ ਨਾ ਸਕੇ। ਮੁਸਲਮਾਨਾਂ ਦੀ ਮਾਂਗਵੀ ਧਾੜ ਅਤੇ ਸ਼ਾਹੀ ਫੌਜ ਦੇ ਹਜ਼ਾਰਾਂ ਸਿਪਾਹੀ ਮਾਰੇ ਗਏ। ਆਖਰ ਤੁਰਕਾਂ ਨੂੰ ਨਸਣਾ ਪਿਆ ਉਹ ਮੈਦਾਨ ਛਡਕੇ ਭਜ ਉਠੇ। ਭਜਦੇ ਹੋਏ ਤੁਰਕਾਂ ਦਾ ਪਿੱਛਾ ਸਤਿਗੁਰੂ ਜੀ ਦੇ ਸੇਵਕਾਂ ਤੇ ਸਿਖਾਂ ਨੇ ਦੂਰ ਤਕ ਕੀਤਾ। ਨਠੇ ਜਾਂਦੇ ਬਹੁਤ ਸਾਰੇ ਪਠਾਣ ਮਾਰੇ ਗਏ, ਜਿਤ ਸਤਿਗੁਰੂ ਜੀ ਦੀ ਹੋਈ। ਸ਼ਹਿਰ ਵਾਸੀਆਂ ਨੇ ਇਸ ਜਿਤ ਦੀ ਬਹੁਤ ਖੁਸ਼ੀ ਮਨਾਈ।

ਇਸ ਲੜਾਈ ਵਿਚ ਬਹੁਤ ਸਾਰੇ ਸਿਖ ਜੋਧੇ ਵੀ ਸ਼ਹੀਦ ਹੋਏ, ਮੁਸਾਲਮਾਨਾਂ ਦੀਆਂ ਲੋਥਾਂ ਤਾਂ ਅਣਗਿਣਤ ਸਨ, ਜਿਨ੍ਹਾਂ ਦੇ ਕਠਿਆਂ ਕਰਨ ਵਿਚ ਕਈ ਦਿਨ ਲਗੇ। ਇਸ ਫਤਹ ਨੇ ਮੁਗਲ ਹਕੂਮਤ ਦੇ ਪੈਰ ਹਲਾ ਦਿਤੇ ਅਤੇ ਸਿਖਾਂ ਤੇ ਹਿੰਦੂਆਂ ਦੇ ਉਤਸ਼ਾਹ ਤੇ ਹੌਂਸਲੇ ਵਧਾਏ।

੪. ਕਰਤਾਰ ਪੁਰ ਨੂੰ ਛੱਡਣਾ ਤੇ ਅਧਕੋਹ ਪਿੰਡ ਦੂਸਰੀ ਲੜਾਈ ਹੋਣੀ

ਕਰਤਾਰ ਪੁਰ ਦੀ ਲੜਾਈ ਵਿਚ ਜੋ ਮਾਂਗਵੀ ਧਾੜ ਵਿਚ ਪਠਾਣ ਤੇ ਤੁਰਕ ਮਰੇ ਉਹ ਕਰਤਾਰ ਪੁਰ ਦੇ ਚੌਗਿਰਦੇ ਦੇ ਪਿੰਡਾਂ ਵਿਚ ਰਹਿਣ ਵਾਲੇ ਸਨ। ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਮਿਤ੍ਰਾਂ ਨੇ ਗੁਰੂ ਘਰ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿਤੀ। ਥਾਂ ਥਾਂ ਨਿਕੀਆਂ ਨਿਕੀਆਂ ਮਾੜੀਆਂ ਹਰਕਤਾਂ ਕਰਨ ਲਗੇ ਜਿਸ ਕਾਰਨ ਬਹੁਤ ਸਾਰੇ ਸਿਖ ਤੰਗ ਹੋਣ ਲਗੇ।

ਭਾਵੇਂ ਸਿਖ ਤੇ ਮੁਸਲਮਾਨ ਸ਼ਹੀਦਾਂ ਦੀਆਂ ਲੋਥਾਂ ਨੂੰ ਦਫਨਾਇਆ ਗਿਆ ਤੇ ਸਿੱਖਾਂ ਦੀਆਂ ਲੋਥਾਂ ਦਾ ਸਸਕਾਰ ਕੀਤਾ ਗਿਆ ਸੀ ਫਿਰ ਵੀ ਦੂਰ ਦੂਰ ਤਕ ਖੇਤਾਂ ਵਿਚ ਲੋਥਾਂ ਰਹਿ ਗਈਆਂ, ਉਨ੍ਹਾਂ ਦੇ ਸਾੜ ਨਾਲ ਚੌਗਿਰਦੇ ਬੀਮਾਰੀ ਖਿਲਰ ਗਈ ਸੀ ਉਸ ਬੀਮਰੀ ਨਾਲ ਜਾਨਾਂ ਦੇ ਨੁਕਸਾਨ ਹੋਣ ਦਾ ਖਤਰਾ ਸੀ।

ਜੁਧ ਹੋਣ ਦੇ ਤਿੰਨ ਚਾਰ ਦਿਨ ਪਹਿਲਾਂ ਧੀਰ ਮਲ ਦੀ ਮਾੜੀ ਨੀਤੀ ਦਾ ਸਤਿਗੁਰੂ ਜੀ ਨੂੰ ਪਤਾ ਲਗ ਗਿਆ। ਸਾਹਿਬਾਂ ਨੇ ਧੀਰ ਮਲ ਨੂੰ ਨਜ਼ਰ ਬੰਦ ਕਰ ਦਿੱਤਾ ਸੀ ਇਸ ਨਜ਼ਰਬੰਦੀ ਦੇ ਨਾਲ ਗੁਰ ਪਰਵਾਰ ਵਿਚ ਖਿਚੋ ਤਾਣ ਵਧ ਗਈ ਸੀ। ਧੀਰ ਮਲ ਅਗਿਆਨਤਾ ਦੇ ਅਸਰ ਨਾਲ ਐਸੇ ਬਚਨ ਕਰਨ ਲੱਗ ਪਿਆ ਸੀ ਜੋ ਸਤਿਗੁਰੂ ਦੇ ਸਿਖਾਂ ਵਾਸਤੇ ਅਸਹਿ ਸਨ।

ਇਨ੍ਹਾਂ ਕਾਰਨਾ ਦੇ ਕਾਰਨ ਸਿਖਾਂ ਤੇ ਸਤਿਗੁਰੂ ਜੀ ਦੇ ਪਰਵਾਰ ਨੇ ਉਨ੍ਹਾਂ ਨੂੰ ਮਜਬੂਰ ਕੀਤਾ ਕਿ ਉਹ ਕਰਤਾਰ ਪੁਰ ਨੂੰ ਛੱਡ ਜਾਣ ਤੇ ਕੀਰਤਪੁਰ ਚਲ ਵਸਣ। ਬਹੁਤ ਬੇਨਤੀਆਂ ਕਰਨ ਤੇ ਸਤਿਗੁਰੂ ਜੀ ਕਰਤਾਰ ਪੁਰ ਛੱਡਣ ਨੂੰ ਤਿਆਰ ਹੋ ਪਏ ਤੇ ਸਾਰਾ ਸਾਮਾਨ ਬੰਨ੍ਹ ਕੇ ਗੱਡਿਆਂ ਉਤੇ ਲਦਣ ਦਾ ਹੁਕਮ ਦੇ ਦਿਤਾ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ-ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਈ ਸੀ-ਉਸ ਨੂੰ ਧੀਰਮਲ ਨੇ ਇਕ ਕੋਠੇ ਵਿਚ ਬੰਦ ਕਰਕੇ ਰੱਖ ਲਿਆ ਤੇ ਕ੍ਰੋਧ ਨਾਲ ਲੜਨ ਮਰਨ ਵਾਸਤੇ ਤਿਆਰ ਹੋ ਗਿਆ। ਸਤਿਗੁਰੂ ਜੀ ਨੇ ਆਪਣੇ ਪੋਤਰੇ ਨਾਲ ਲੜਨਾ ਯੋਗ

ਨਾ ਸਮਝਿਆ ਤੇ ਬੀੜ ਕਰਤਾਰ ਪੁਰ ਹੀ ਰਹਿਣ ਦਿਤੀ। ਧੀਰਮਲ ਨੇ ਆਪਣੀ ਮਾਤਾ ਤੇ ਇਸਤ੍ਰੀ ਨੂੰ ਕਰਤਾਰ ਪੁਰ ਰਖ ਲਿਆ। ਬਾਕੀ ਦਾ ਪਰਵਾਰ ਤਿਆਰ ਹੋਕੇ ਕੀਰਤ ਪੁਰ ਨੂੰ ਤੁਰ ਪਿਆ। ਸਤਿਗੁਰਾਂ ਦੇ ਪ੍ਰਵਾਰ ਤੇ ਸਿਖਾਂ ਸਮੇਤ ਕਰਤਾਰ ਪੁਰ ਨੂੰ ਛਡਕੇ ਜਾਣ ਦੀ ਖਬਰ ਗੁਰੂ ਘਰ ਦੇ ਵੈਰੀਆਂ ਤੇਪ ਠਾਣਾਂ ਨੂੰ ਮਿਲ ਗਈ, ਉਨ੍ਹਾਂ ਨੇ ਮਿਲਕੇ ਸਤਿਗੁਰੂ ਜੀ ਨਾਲ ਲੜਾਈ ਲੜਨ ਦਾ ਫੈਸਲਾ ਕੀਤਾ। ਉਨ੍ਹਾਂ ਵੈਰੀਆਂ ਵਿਚ ਅਹਿਮਦ ਖਾਂ, ਵਲੀ ਖਾਂ, ਕੁਤਬ ਖਾਂ ਤੇ ਜਮਾਲ ਖਾਂ ਮੁਖੀ ਸਨ। ਉਹ ਸਾਰੇ ਜਾਲੰਧਰ ਇਕਠੇ ਹੋਏ ਤੇ ਲੜਾਈ ਦੀ ਵਿਉਂਤ ਸੋਚ ਸਮਝਕੇ ਸਤਿਗੁਰੂ ਜੀ ਦੇ ਪਿਛੇ ਲਗ ਤੁਰੇ। ਜਾਲੰਧਰ ਦੇ ਵਸਣ ਵਾਲੇ ਗੁਰੂ ਘਰ ਦੇ ਸ਼ਰਧਾਲੂ ਸਿਖਾਂ ਨੇ ਘੋੜਿਆਂ ਤੇ ਸਵਾਰ ਹੋਕੇ ਸਤਿਗੁਰੂ ਜੀ ਨੂੰ ਜਾ ਦਸਿਆ ਕਿ ਵੈਰੀ ਪਿਛੇ ਆ ਰਿਹਾ ਹੈ। ਜਿਸ ਸਮੇਂ ਸਤਿਗੁਰੂ ਜੀ ਨੂੰ ਇਹ ਖਬਰ ਮਿਲੀ ਉਸ ਵੇਲੇ ਸਤਿ-ਗੁਰੂ ਦੀ ਫਗਵਾੜੇ ਦੇ ਨੇੜੇ ਪਜੇ ਹੋਏ ਸਨ। ਬਾਬਾ ਗੁਰਦਿਤਾ ਜੀ ਤੇ ਹੋਰ ਢਾਈ ਕੁ ਸੌ ਸਿਖਾਂ ਨੂੰ ਗੁਰੂ ਪਰਵਾਰ ਤੇ ਘਰ ਤੇ ਗੁਰੂ ਤੇ ਲੰਗਰ ਦੀ ਭਾਜੜ ਦੇ ਰਾਖੇ ਛਡਕੇ ਆਪ ਸਤਿਗੁਰੂ ਜੀ ਸੈਨਾ ਸਾਥ ਲੈਕੇ ਪਿਛੇ ਨੂੰ ਮੁੜ ਪਏ। ਅਧ ਕੋਹ ਛਿਛ-ਰਿਆਂ ਵਾਲੀ ਦੇ ਖੁਲ੍ਹੇ ਮੈਦਾਨ ਵਿਚ ਇਕ ਪਾਸੇ ਆ ਖਲੋਤੇ ਤਾਂ ਕਿ ਦੁਸ਼ਮਨ ਨੂੰ ਰਾਹ ਵਿਚ ਹੀ ਮਾਰ ਕੇ ਪਿਛੇ ਨਸਾ ਦਿਤਾ ਜਾਵੇ।

ਕਾਲ ਦੇ ਪ੍ਰੇਰੇ ਹੋਏ ਪਠਾਨ ਵਾਹੋ ਦਾਹੀ ਫਗਵਾੜ ਨੂੰ ਜਾ ਰਹੇ ਸਨ, ਜਦੋਂ ਅਧ ਕੋਹ ਦੇ ਛਿਛਰਿਆਂ ਦੇ ਵਿਚ ਦੀ ਲੰਘਣ ਲਗੇ ਤਾਂ ਭੁਖੇ ਤੇ ਕ੍ਰੋਧੀ ਸ਼ੇਰਾਂ ਵਾਂਗ ਧਰਮ ਜੋਸ਼ ਨਾਲ ਦੀਵਾਨੇ ਹੋਕੇ ਸਿਖ ਉਨ੍ਹਾਂ ਉਪਰ ਟੁਟ ਪਏ। ਇਕ ਦਮ ਕਟਾ ਵੱਢ ਸ਼ੁਰੂ ਕਰ ਦਿਤੀ, ਹਥਿਆਰ ਸੰਭਾਲਣ ਦਾ ਮੌਕਾ ਵੀ ਨਾ ਦਿਤਾ। ਪਿਛਲੇ ਪਿਛੇ ਰਹਿ ਗਏ ਤੇ ਅਗਲੇ ਅਗੇ ਮਾਰੇ ਗਏ। ਮਾਂਗਵੀਂ ਧਾੜ ਡੱਟ ਕੇ ਨਾ ਲੜ ਸਕੀ, ਉਸਨੇ ਪਿਛੇ ਨੂੰ ਨਸਣਾ ਸ਼ੁਰੂ ਕਰ ਦਿਤਾ। ਹੌਲੀ ਹੌਲੀ ਸਾਰੇ ਹੀ ਮਾਰੇ ਗਏ ਤੇ ਥੋੜ ਜਹੇ ਜੋ ਘੜਿਆਂ ਤੇ ਸਵਾਰ ਸਨ ਉਹ ਜਾਨ ਬਚਾ ਕੇ ਨਸ ਗਏ। ਫਤਹ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਮਥਾ ਟੇਕਿਆ। ਫਤਹ ਦੀ ਖੁਸ਼ੀ ਵਿਚ ਸਿਖ ਸਤਿ ਸ੍ਰੀ ਅਕਾਲ... ਤੇ ਕਰਤਾਰ ਦੇ ਨਾਹਰੇ ਲਾਉਂਦੇ ਹੋਏ ਆਪਣੇ ਸ਼ਹੀਦਾਂ ਤੇ ਜ਼ਖਮੀ ਸਿਖਾਂ

ਨੂੰ ਹਥਿਆਰ ਤੇ ਘੋੜੇ ਜੋ ਮਾਰੇ ਤੇ ਨੱਠ ਗਏ ਮੁਸਲਮਾਨਾਂ ਦੇ ਰਹਿ ਗਏ ਸਨ, ਉਹ ਹੱਥ ਆਏ।

ਦੁਆਬੇ ਦੇ ਪਿੰਡਾਂ ਵਿਚ ਗੁਰਮਤ ਪ੍ਰਚਾਰ ਕਰਦੇ ਲੜਾਈਆਂ ਦੇ ਹਾਲ ਸੁਣਾਉਂਦੇ ਤੇ ਸਿਖ-ਸ਼ਰਧਾਲੂ ਪ੍ਰੇਮੀਆਂ ਪਾਸੋਂ ਕਾਰ ਭੇਟਾ ਲੈਂਦੇ ਹੋਏ ਸਤਿਗੁਰੂ ਜੀ ਪ੍ਰਵਾਰ ਸਮੇਤ ਕੀਰਤਪੁਰ ਜੀ ਜਾ ਪੁਜੇ।

੫. ਕੀਰਤਪੁਰ ਵਿਚ ਸਤਿਗੁਰੂ ਜੀ ਦੇ ਕੌਤਕ

੧੬੯੨ ਤੋਂ ੧੭੦੧ ਤਕ ਸਤਿਗੁਰੂ ਜੀ ਕੀਰਤਪੁਰ ਰਹੇ। ਧੀਰ ਮਲ ਕਰਤਾਰ ਪੁਰ ਰਿਹਾ ਤੇ ਕਰਤਾਰਪੁਰ ਦੀ ਜ਼ਮੀਨ ਤੋਂ ਲਾਭ ਉਠਾਉਂਦਾ ਰਿਹਾ।ਇਹ ਵੀ ਖਿਆਲ ਹੈ ਕਿ ਉਸਨੇ ਸੂਬਾ ਜਾਲੰਧਰ ਨਾਲ ਮਿਤ੍ਰਤਾ ਕਾਇਮ ਕਰ ਲਈ।

'ਜਿਥੇ ਜਾਏ ਬਹੇ ਮੇਰਾ ਸਤਿਗੁਰੂ ਸੋਈ ਥਾਨ ਸੁਹਾਵਾ ਰਾਮ ਰਾਜੇ' ਦੇ ਮਹਾਂ ਵਾਕ ਅਨੁਸਾਰ ਸਤਿਗੁਰੂ ਜੀ ਜਿਥੇ ਵੀ ਜਾ ਬੈਠਦੇ ਸਨ, ਉਥੇ ਹੀ ਰੌਣਕਾਂ ਹੋ ਜਾਂਦੀਆਂ ਸਨ। ਅੰਮ੍ਰਿਤਸਰ ਦੇ ਗੁਰਮਤ ਦੇ ਖੋਜੀ ਮਹਾਂ ਪੁਰਖਾਂ ਨੂੰ ਜਦੋਂ ਪਤਾ ਲਗਾ ਕਿ ਸਤਿਗੁਰੂ ਜੀ ਕੀਰਤਪੁਰ ਪਹੁੰਚ ਗਏ ਹਨ ਤਾਂ ਸਾਰੇ ਪਾਸਿਆਂ ਤੋਂ ਸੰਗਤਾਂ ਤੇ ਗੁਰਮੁਖ ਜਨ ਵਹੀਰਾਂ ਘਤਕੇ ਕੀਰਤਪੁਰ ਨੂੰ ਆਉਣ ਲਗੇ। ਸ੍ਰੀ ਅੰਮ੍ਰਿਤ ਸਰ, ਤਰਨ ਤਾਰਨ ਸਾਹਿਬ, ਗੋਇੰਦਵਾਲ ਸਾਹਿਬ ਤੇ ਕਰਤਾਰ ਪੁਰ ਸਾਹਿਬ ਦੇ ਧਾਰਮਕ ਅਸਥਾਨਾ ਸਮਾਨ ਕੀਰਤਪੁਰ ਵਿਚ ਦੀਵਾਨ ਲਗਨੇ ਸ਼ੁਰੂ ਹੋਏ ਤੇ ਗੁਰੂ ਕਾ ਲੰਗਰ ਲਾਇਆ ਗਿਆ, ਲੰਗਰ ਵਾਸਤੇ ਹਜ਼ਾਰਾਂ ਮਨ ਅੰਨ, ਘਿਓ, ਮਿਠਾ ਆਦਿਕ ਵਸਤੂਆਂ ਆਪਣੇ ਆਪ ਹੀ ਆਉਣ ਲੱਗੀਆਂ। ਸਤਿਗੁਰੂ ਜੀ ਸਵੇਰੇ ਤੇ ਸ਼ਾਮ ਨੂੰ ਗੁਰਮਤ ਉਪਦੇਸ਼ ਕਰਨ ਲਗੇ ਤੇ ਦੁਪਹਿਰ ਵੇਲੇ ਸਾਹਿਬ ਸ਼ਿਕਾਰ ਖੇਡਣ ਜਾਂਦੇ। ੧੬੯੨ ਬਿ: ਦੀ ਵੈਸਾਖੀ ਸਤਿਗੁਰੂ ਜੀ ਨੇ ਕੀਰਤਪੁਰ ਮਨਾਈ, ਸਾਰੇ ਦੇਸ਼ ਵਿਚੋਂ ਸ਼ਰਧਾਲੂ ਸਿਖ ਤੇ ਸਤਿਗੁਰੂ ਜੀ ਦੀਆਂ ਸਿਖ ਸੰਗਤਾਂ ਦਰਸ਼ਨ ਕਰਨ ਵਾਸਤੇ ਕੀਰਤਪੁਰ ਪੁਜੀਆਂ, ਉਸ ਵੇਲੇ ਇਹ ਰਸਤਾ ਪੈਦਲ ਹੁੰਦਾ ਸੀ, ਬਹੁਤ ਸਾਰੀਆਂ ਰਾਹ ਦੀਆਂ ਤਕਲੀਫਾਂ ਦੀ ਵੀ ਕੋਈ ਪਰਵਾਹ ਨਾ ਕੀਤੀ ਜਾਂਦੀ ਰਹੀ। ਜੋਧ ਸ਼ਾਹ ਤੇ ਉਮਰ ਸ਼ਾਹ ਇਸ ਵੈਸਾਖੀ ਦੇ ਮਹਾਂ

ਪੁਰਬ ਉਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਪਹਿਲੀ ਵਾਰ ਆਏ। ਜਦੋਂ ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਤੁਰਕਾਂ ਨਾਲ ਹੋਏ ਯੁਧਾਂ ਦੇ ਹਾਲ ਸੁਣੇ ਤਾ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਸਤਿਗੁਰੂ ਜੀ ਦੀ ਭੇਟਾ ਕਰਨ ਵਾਸਤੇ ਜੋ ਕੁਝ ਪਦਾਰਥ ਲਿਆਂਦਾ ਸੀ ਉਸਤੋਂ ਵੀ ਵਧ ਭੇਟਾ ਕੀਤਾ, ਉਸਦੇ ਬਦਲੇ ਨਾਮ ਤੇ ਸਿਖੀ ਪ੍ਰਾਪਤ ਕੀਤੀ, ਆਪਣਾ ਜੀਵਨ-ਮਰਨ ਸੁਵਾਰ ਲਿਆ।

ਇਹਨਾਂ ਹੀ ਦਿਨਾਂ ਵਿਚ ਸਤਿਗੁਰੂ ਜੀ ਕੁਝ ਸਿਖਾਂ ਨੂੰ ਸਾਥ ਲੈਕੇ ਸ਼ਿਕਾਰ ਖੇਡਣ ਗਏ। ਸਾਹਿਬ ਸ਼ਿਕਾਰ ਖੇਡਦੇ ਹੋਏ ਸਰਸਾ ਤੇ ਸਤਲੁਜ ਨੂੰ ਪਾਰ ਕਰਕੇ ਰੋਪੜ ਦੇ ਨੇੜੇ ਪਹੁੰਚ ਗਏ। ਉਧਰ ਰੋਪੜ ਦੇ ਨਵਾਬ ਰਹਿਮਤ ਖਾਂ ਫਤਹ ਖਾਂ ਆਦਿਕ ਸ਼ਿਕਾਰ ਖੇਡ ਰਹੇ ਸਨ। ਪਠਾਣਾਂ ਨੇ ਬਿਨਾਂ ਸੋਚੇ ਸਮਝੇ ਦੇ ਸਤਿਗੁਰੂ ਜੀ ਨਾਲ ਲੜਾਈ ਛੇੜ ਲਈ, ਉਸ ਲੜਾਈ ਵਿਚ ਸਿਖਾਂ ਨੇ ਬਹੁਤ ਹਿੰਮਤ ਤੇ ਬਹਾ-ਦਰੀ ਦਿਖਾਈ। ਰਹਿਮਤ ਖਾਂ ਤੇ ਫਤਹ ਖਾਂ ਸਤਿਗੁਰੂ ਜੀ ਦੇ ਤੀਰਾਂ ਤੇ ਖੰਡੇ ਦੀ ਮਾਰ ਨਾ ਸਹਿ ਸਕਿਆ। ਆਖਰ ਰਹਿਮਤ ਖਾਂ ਮਾਰਿਆ ਗਿਆ ਤੇ ਲੜਾਈ ਦਾ ਅੰਤ ਹੋਇਆ। ਸਤਿਗੁਰੂ ਜੀ ਸ਼ਿਕਾਰ ਖੇਡਦੇ ਤੇ ਤੁਰਕਾਂ ਨੂੰ ਅਕਲ ਦੀ ਸਿਖਿਆ ਦੇਂਦੇ ਹੋਏ ਵਾਪਸ ਕੀਰਤਪੁਰ ਆ ਪੁਜੇ।

ਨਾਲਾਗੜ੍ਹ ਦੇ ਰਾਜੇ ਤਾਰਾ ਚੰਦ ਦੀ ਵੀ ਸਹਾਇਤਾ ਕੀਤੀ ਤੇ ਰੋਪੜ ਦੇ ਪਠਾਣਾਂ ਕੋਲੋਂ ਉਹਦਾ ਰਾਜ ਖੋਹਕੇ ਵਾਪਸ ਦਿਵਾਇਆ। ਇਸਤਰਾਂ ਸਤਿਗੁਰੂ ਜੀ ਨੇ ਅਨੇਕਾਂ ਕੌਤਕ ਕੀਤੇ ਅਤੇ ਹਜ਼ਾਰਾਂ ਜੀਵਾਂ ਦਾ ਪਾਰ ਉਤਾਰਾ ਕੀਤਾ।

—o—

੬. ਟਿੱਕਾ ਗੁਰਦਿਤਾ ਜੀ ਦਾ ਚਲਾਣਾ

ਸਤਿਗੁਰੂ ਜੀ ਨੇ ਕੁਝ ਐਸਾ ਫੈਸਲਾ ਕਰ ਲਿਆ ਸੀ ਕਿ ਆਪ ਕੀਰਤਪੁਰ ਹੀ ਬਰਾਜੇ ਰਹਿਣਗੇ। ਇਸ ਕਰਕੇ ਆਪ ਨੇ ਚਾਰ ਖੂਹ ਲਵਾਏ। ਉਨ੍ਹਾਂ ਖੂਹਾਂ ਉਤੇ ਖੇਤੀ-ਵਾੜੀ ਦਾ ਕੰਮ ਹੋਣ ਲੱਗਾ। ਕੀਰਤਪੁਰ ਵਿਚ ਧਰਮਸਾਲਾ ਤੇ ਕਈ ਹੋਰ ਇਮਾਰਤਾਂ ਤਿਆਰ ਕਰਵਾਈਆਂ।

ਬੜਾ ਭਾਰੀ ਪੁਰਬ ਸੀ ਉਸ ਪੁਰਬ ਉਤੇ ਦੂਰ ਦੂਰ ਤੋਂ ਸੰਗਤ ਆਈ। ਸੰਗਤ ਵਿਚ ਕਲਾਨੌਰ ਦਾ ਇਕ ਭਾਈ ਗੁਰਦਿੱਤਾ ਘੋਰਾ ਨਾਮ ਦਾ ਖਤਰੀ ਪਰਵਾਰ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ, ਉਹਦੀ ਵਹੁਟੀ ਤੇ ਪੁਤ੍ਰੀ ਬਹੁਤ ਸੁੰਦਰ ਤੇ ਜੁਵਾਨ ਸੀ। ਉਹ ਅਜੇ ਕੁਵਾਰੀ ਸੀ। ਉਸਦੀ ਜੁਵਾਨੀ ਤੇ ਸੁੰਦਰਤਾ ਨੂੰ ਦੇਖਕੇ ਹਰ ਇਕ ਨੂੰ ਵਾਹਿਗੁਰੂ ਚੇਤੇ ਆਉਂਦਾ ਸੀ। ਦੀਵਾਨ ਵਿਚ ਪੁਜਕੇ ਜਦੋਂ ਉਸ ਕੰਨਿਆਂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਅਤੇ ਸਨਮੁਖ ਸੰਗਤ ਵਿਚ ਬੈਠ ਗਈ ਤਾਂ ਕੁਝ ਪਲ ਸਤਿਗੁਰੂ ਜੀ ਉਸ ਕੰਨਿਆਂ ਵਲ ਦੇਖਦੇ ਰਹੇ। ਉਸ ਦੇਖਣ ਸਮੇਂ ਭਾਈ ਘੋਰੇ ਦਾ ਖਿਆਲ ਸਤਿਗੁਰੂ ਜੀ ਦੀ ਨਿਗਾਹ ਵਲ ਪਿਆ। ਉਸਨੇ ਪਤਾ ਨਹੀਂ ਕੀ ਖਿਆਲ ਕੀਤਾ ਉਹ ਉਠਕੇ ਖਲੋ ਗਿਆ ਤੇ ਹੱਥ ਜੋੜਕੇ ਬੇਨਤੀ ਕਰਨ ਲੱਗਾ—'ਸਚੇ ਪਾਤਸ਼ਾਹ ਮੇਰੀ ਕੰਨਿਆਂ ਅਜੇ ਕੁਵਾਰੀ ਹੈ। ਇਸ ਵਾਸਤੇ ਵਰ ਦੀ ਲੋੜ ਹੈ ਆਪ ਇਸਨੂੰ ਆਪਣੇ ਚਰਨਾਂ ਦੀ ਦਾਸੀ ਬਣਾਓ।' ਇਹ ਸੁਣਕੇ ਸਤਿਗੁਰੂ ਜੀ ਮੁਸਕਰਾ ਪਏ ਤੇ ਮੁਸਕਰਾਉਂਦਿਆਂ ਹੋਇਆਂ ਸਤਿਗੁਰਾਂ ਨੇ ਬਚਨ ਕੀਤਾ—'ਭਾਈ ਘੋਰਾ ਅਗਿਆਨਤਾ ਦੇ ਕਾਰਨ ਅਸਾਂ ਦੇ ਦੇਖਣ ਦਾ ਤੈਨੂੰ ਭੁਲੇਖਾ ਲੱਗਾ ਹੈ। ਅਸੀਂ ਵਾਹਿਗੁਰੂ ਦੀ ਮਹਾਨ ਸ਼ਕਤੀ ਦਾ ਵਿਚਾਰ ਕਰ ਰਹੇ ਸਾਂ ਕਿ ਉਸਨੇ ਇਸ ਕੰਨਿਆਂ ਨੂੰ ਕੈਸੀ ਸੁੰਦਰਤਾ ਦਿਤੀ ਹੈ। ਬਾਕੀ ਸਿਖ ਦੀ ਪੁਤ੍ਰੀ ਅਸਾਡੀ ਪੁਤ੍ਰੀ ਹੈ। ਇਸ ਪਿਛਲੀ ਆਯੂ ਵਿਚ ਅਸੀਂ ਹੋਰ ਸ਼ਾਦੀ ਨਹੀਂ ਕਰ ਸਕਦੇ ਨਾ ਕੋਈ ਵਿਚਾਰ ਹੈ। ਨਾ ਹੀ ਪਿਛਲੀ ਉਮਰ ਵਿਚ ਬਾਲ-ਕੰਨਿਆਂ ਨਾਲ ਸ਼ਾਦੀ ਕਰਨੀ ਚਾਹੀਦੀ ਹੈ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਸਾਰੀ ਸੰਗਤ 'ਧੰਨ ਸਤਿਗੁਰੂ! ਧੰਨ ਸੱਚਾ ਪਾਤਸ਼ਾਹ' ਪੁਕਾਰ ਉਠੀ, ਸਭ ਨੇ ਸਤਿਗੁਰੂ ਜੀ ਦਾ ਜੱਸ ਗਾਇਆ।

ਭਾਈ ਘੋਰਾ ਨੇ ਪਰਵਾਰ ਸਮੇਤ ਸਤਗਿਰੂ ਜੀ ਪਾਸ ਰਹਿਕੇ ਗੁਰੂ ਘਰ ਦੀ ਸੇਵਾ ਕਰਨ ਦਾ ਫੈਸਲਾ ਕੀਤਾ ਸੀ ਉਸਦੀ ਉਹ ਮੁਟਿਆਰ ਤੇ ਸੁੰਦਰ ਕੰਨਿਆਂ ਵੀ ਉਨ੍ਹਾਂ ਦੇ ਨਾਲ ਗੁਰੂ ਕੇ ਲੰਗਰ ਵਿਚ ਸੰਗਤਾਂ ਦੇ ਜੋੜੇ ਝਾੜਨ ਅਤੇ ਇਮਾਰਤਾਂ ਦੀ ਉਸਾਰੀ ਵਿਚ ਸੇਵਾ ਕਰਦੀ ਸੀ। ਉਸਨੂੰ ਸੇਵਾ ਕਰਦਿਆਂ ਹੋਇਆਂ ਬਾਬਾ ਗੁਰਦਿੱਤਾ ਜੀ ਨੇ ਦੇਖ ਲਿਆ ਉਸਦੀ

ਸੁੰਦਰਤਾ ਤੇ ਜੁਆਨੀ ਉਨ੍ਹਾਂ ਦੇ ਮਨ ਨੂੰ ਭਾ ਗਈ, ਉਨ੍ਹਾਂ ਨੇ ਉਸ ਕੰਨਿਆਂ ਨਾਲ ਵਿਆਹ ਕਰਨ ਦਾ ਫੈਸਲਾ ਕਰ ਲਿਆ ਤੇ ਸਤਿਗੁਰੂ ਜੀ ਦੇ ਪੁਛੇ ਬਿਨਾ ਹੀ ਭਾਈ ਘੋਰਾ ਜੀ ਨੂੰ ਮਨਾ ਲਿਆ ਕਿ ਉਹ ਆਪਣੀ ਪੁਤ੍ਰੀ ਦਾ ਨਾਤਾ ਬਾਬਾ ਗੁਰਦਿਤਾ ਜੀ ਨਾਲ ਕਰ ਦੇਵੇ। ਭਾਈ ਘੋਰਾ ਨੇ ਬਾਬਾ ਜੀ ਦਾ ਬਚਨ ਮੰਨ ਲਿਆ।

ਇਸ ਗਲ ਦਾ ਗਿਆਨ ਬਾਬਾ ਗੁਰਦਿਤਾ ਜੀ ਦੀ ਪਹਿਲੀ ਧਰਮਪਤਨੀ ਨੂੰ ਹੋ ਗਿਆ ਉਹ ਸਤਿਗੁਰੂ ਜੀ ਪਾਸ ਆ ਕੇ ਰੋਈ ਕਿ ਉਹਦੇ ਸਿਰ ਤੇ ਸੌਂਕਣ ਆ ਰਹੀ ਹੈ। ਸਤਿਗੁਰੂ ਜੀ ਇਹ ਸ਼ਾਦੀ ਨਾ ਹੋਣ ਦੇਣ ਤਾਂ ਚੰਗਾ ਹੈ। ਸਤਿਗੁਰੂ ਜੀ ਨੇ ਉਸਦੇ ਰੋਣੇ ਨੂੰ ਸੁਣਕੇ ਬਾਬਾ ਗੁਰਦਿਤਾ ਜੀ ਨੂੰ ਪਾਸ ਸਦਿਆ ਤੇ ਪੁਛਿਆ ਕਿ ਉਹ ਸ਼ਾਦੀ ਕਿਉਂ ਕਰ ਰਿਹਾ ਹੈ। ਫਿਰ ਉਸ ਨਾਲ ਸ਼ਾਦੀ ਕਰ ਰਿਹਾ ਹੈ–'ਬੇਟਾ! ਅਸੀਂ ਭਰੀ ਸਭਾ ਵਿਚ ਇਸ ਕੰਨਿਆਂ ਨੂੰ ਆਪਣੀ ਪੁਤ੍ਰੀ ਆਖ ਚੁਕੇ ਹਾਂ। ਇਹ ਨਾਲ ਵਿਆਹ ਨਾ ਕਰਨਾ।' ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਬਾਬਾ ਗੁਰਦਿਤਾ ਜੀ ਨੇ ਸਤਿਗੁਰੂ ਜੀ ਪਾਸ ਝੂਠ ਹੀ ਆਖ ਦਿਤਾ–'ਮੈਂ ਕਿਸੇ ਨਾਲ ਵਿਆਹ ਨਹੀਂ ਕਰ ਰਿਹਾ।' ਪਰ ਤਿੰਨ ਚਾਰ ਦਿਨ ਪਿਛੋਂ ਉਸ ਘੋਰੇ ਦੀ ਕੰਨਿਆਂ ਦਇਆ ਦੇਵੀ ਨਾਲ ਵਿਆਹ ਕਰ ਲਿਆ, ਜਦ ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਸਾਹਿਬ ਬਹੁਤ ਗੁਸੇ ਹੋਏ ਤੇ ਬਚਨ ਕਰ ਦਿਤਾ–'ਅਸਾਡੇ ਮਥੇ ਨਾ ਲਗਣਾ'।

ਕੁਝ ਦਿਨ ਬਾਬਾ ਗੁਰਦਿਤਾ ਜੀ ਅੰਦਰ ਹੀ ਰਹੇ। ਆਖਰ ਇਕ ਦਿਨ ਸ਼ਿਕਾਰ ਖੇਡਣ ਚਲੇ ਗਏ। ਸ਼ਿਕਾਰ ਖੇਡਦਿਆਂ ਹੋਇਆਂ ਉਨ੍ਹਾਂ ਪਾਸੋਂ ਤੀਰ ਨਾਲ ਗਊ ਮਰ ਗਈ। ਜਿਸਨੂੰ ਹਰਨ ਸਮਝਕੇ ਤੀਰ ਮਾਰਿਆ ਸੀ। ਹਿੰਦੂ ਧਰਮ ਦੇ ਆਸ਼ੇ ਅਨੁਸਾਰ ਉਸ ਸਮੇਂ ਵਿਚ ਗਊ ਤੇ ਬਿਲੀ ਦਾ ਕਿਸ਼ੇ ਮਨੁਖ ਕੋਲੋਂ ਮਰ ਜਾਣਾ ਵੱਡੀ ਹਤਿਆ ਸਮਝੀ ਜਾਂਦੀ ਸੀ। ਗਊ ਹਤਿਆ ਤਾਂ ਬ੍ਰਹਮ-ਹੱਤਿਆ ਦੇ ਸਮਾਨਾ ਸੀ। ਬਾਬਾ ਜੀ ਪਹਿਲਾਂ ਹੀ ਸਤਿਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਕਰ ਚੁਕੇ ਸਨ ਤੇ ਦੂਸਰੀ ਭੂਲ ਗਊ ਦੇ ਮਰਨ ਦੀ ਹੋ ਗਈ। ਆਪ ਕੁਝ ਡਰ ਗਏ ਤੇ ਆਤਮਿਕ ਸ਼ਕਤੀ ਨਾਲ ਉਸ ਗਊ ਨੂੰ ਜੀਉਂਦੀ ਕਰ ਦਿਤਾ। ਮੋਈ ਗਊ ਜੀਂਉਦੀ ਕਰਨ ਦੀ ਚਰਚਾ ਇਕ ਦਮ ਸਾਰੇ ਕੀਰਤਪੁਰ ਤੇ ਲਾਗੇ ਦੇ ਪਿੰਡਾਂ ਵਿਚ ਖਿਲਰ ਗਈ। ਇਹ

ਖਬਰ ਜਾਂ ਸਤਿਗੁਰੂ ਜੀ ਨੂੰ ਮਿਲੀ ਤਾਂ ਬਹੁਤ ਕ੍ਰੋਧਵਾਨ ਹੋਏ । ਸਾਹਿਬਾਂ ਦਾ ਹੁਕਮ ਸੀ ਕਿ ਕਰਾਮਾਤ ਨਹੀਂ ਦਿਖਾਉਣੀ ਚਾਹੀਦੀ ਕਿਉਂਕਿ ਕਰਾਮਾਤ ਦਾ ਦਿਖਾਉਣਾ ਰੱਬ ਦੇ ਭਾਣੇ ਦੀ ਵਿਰੋਧਤਾ ਕਰਨੀ ਹੈ। ਜਿਵੇਂ ਬਾਬਾ ਅਟੱਲ ਜੀ ਨੂੰ ਹੁਕਮ ਕੀਤਾ ਸੀ ਕਿ ਉਹ ਸਤਿਗੁਰੂ ਜੀ ਦੇ ਮਥੇ ਨਾ ਲੱਗਣ ਤਿਵੇਂ ਬਾਬਾ ਗੁਰਦਿਤਾ ਜੀ ਨੂੰ ਹੁਕਮ ਹੋਇਆ । ਜਦੋਂ ਬਾਬਾ ਗੁਰਦਿਤਾ ਜੀ ਨੇ ਸੁਣਿਆਂ ਤਾਂ ਉਹ ਚੁਪ ਚਾਪ ਜੰਗਲ ਵਲ ਤਰ ਗਏ। ਕੀਰਤਪੁਰ ਗੁਰਦੁਆਰੇ ਦੇ ਚੜ੍ਹਦੇ ਤੇ ਦਖਣ ਵਿਚ ਉਚੀ ਪਹਾੜੀ ਦੀ ਚੋਟੀ ਉੱਤੇ ਜਾ ਪੁਜੇ, ਜਿਥੇ ਬੁਢਣ ਸ਼ਾਹ ਦੀ ਕਬਰ ਸੀ ਸਤਿਗੁਰੂ ਨਾਨਕ ਜੀ ਨੂੰ ਯਾਦ ਕਰਕੇ ਧਰਤੀ ਉਤੇ ਲੇਟ ਗਏ । ਲੇਟਣ ਦੀ ਢਿਲ ਸੀ; ਉਸੇ ਵੇਲੇ ਆਤਮਾ ਸਰੀਰ ਵਿਚੋਂ ਉਡ ਗਈ ਤੇ ਅਕਾਲ ਪੁਰਖ ਦੀ ਜੋਤ ਨਾਲ ਜੋਤ ਮਿਲ ਗਈ। ਇਹ ਦਿਹਾੜਾ ਚੇਤ੍ਰ ਸੁਦੀ ੧੦ ਸੰਮਤ ੧੬੯੫ ਬਿ: ਸੀ। ਅਜ ਉਸ ਅਸਥਾਨ ਤੇ ਬਾਬਾ ਗੁਰਦਿਤਾ ਜੀ ਦਾ ਡੇਰਾ ਨਾਮ ਦੀ ਸਮਾਧੀ ਹੈ ਤੇ ਉਸ ਅਸਥਾਨ ਦੀ ਪੂਜਾ ਹੁੰਦੀ ਹੈ। ਬਾਬਾ ਜੀ ਦੇ ਜੋਤੀ ਜੋਤ ਸਮਾਉਣ ਦੀ ਖਬਰ ਸੇਵਕਾਂ ਨੇ ਸਤਿਗੁਰੂ ਜੀ ਨੂੰ ਦਿਤੀ। ਸਤਿਗੁਰੂ ਜੀ ਤੇ ਹੋਰ ਪਰਵਾਰ ਸਿਖਾਂ ਸੇਵਕਾਂ ਸਮੇਤ ਕਾਹਲੀ ਕਾਹਲੀ ਉਸ ਅਸਥਾਨ ਤੇ ਪੁਜਾ ਸਤਿਗੁਰੂ ਜੀ ਤਾਂ ਧੀਰਜਵਾਨ ਤੇ ਵਾਹਿਗੁਰੂ ਦੇ ਭਾਣੇ ਨੂੰ ਮੰਨਣ ਵਾਲੇ ਸਨ, ਉਹ ਤਾਂ ਅਡੋਲ ਰਹੇ, ਪਰ ਬਾਕੀ ਦੇ ਪਰਵਾਰ ਨੇ ਤੇ ਕਈਆਂ ਸ਼ਰਧਾਲੂ ਸਿਖਾਂ ਨੇ ਬਹੁਤ ਸਾਰਾ ਵਿਯੋਗ ਦਾ ਵਿਰਲਾਪ ਕੀਤਾ । ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰ ਮਰਯਾਦਾ ਅਨੁਸਾਰ ਅੰਤਮ ਸੰਸਕਾਰ ਕੀਤਾ ਗਿਆ ।

ਸਤਿਗੁਰੂ ਜੀ ਨੇ ਸੇਵਕਾਂ ਨੂੰ ਕੀਰਤ ਪੁਰ ਭੇਜਿਆ ਤੇ ਧੀਰ ਮਲ ਜੀ ਨੂੰ ਸੁਨੇਹਾ ਭੇਜਿਆ ਕਿ ਇਕ ਉਹ ਆਪ ਕੀਰਤਪੁਰ ਆਉਣ ਕਿਉਂਕਿ ਉਨ੍ਹਾਂ ਦੇ ਪਿਤਾ ਜੀ ਜੋਤੀ ਜੋਤ ਸਮਾ ਗਏ ਹਨ ਅਤੇ ਦੂਸਰਾ ਆਦਿ ਸ੍ਰੀ ਗੁਰੂ ਜੀ ਦੀ ਬੀੜ ਨੂੰ ਸਿਖਾਂ ਰਾਹੀਂ ਭੇਜ ਦੇਣ । ਧੀਰ ਮਲ ਨੇ ਦੋਵੇਂ ਗੱਲਾਂ ਪ੍ਰਵਾਨ ਨਾ ਕੀਤੀਆਂ ਨਾ ਉਸ ਨੇ ਬੀੜ ਭੇਜੀ ਤੇ ਨਾ ਆਪ ਹੀ ਕੀਰਤਪੁਰ ਆਇਆ। ਐਸਾ ਹੰਕਾਰੀ ਤੇ ਮਨਮਤੀਆ ਹੋ ਗਿਆ। ਸਤਿਗੁਰੂ ਜੀ ਨੇ ਪੰਜ ਗ੍ਰੰਥੀ ਦਾ ਹੀ ਪਾਠ ਕਰਨ ਦੀ ਆਗਿਆ ਦਿਤੀ । ਪੰਜ ਗ੍ਰੰਥੀ ਦਾ ਪਾਠ ਹੀ

ਟਿੱਕਾ ਜੀ ਨਮਿੱਤ ਕੀਤਾ ਗਿਆ। ਬਾਬਾ ਜੀ ਦਾ ਚਲਾਣਾ ਸੁਣ ਕੇ ਹਜ਼ਾਰਾਂ ਸਿਖ ਦੂਰ ਦੂਰ ਤੋਂ ਕੀਰਤਪੁਰ ਆਏ।

੭. ਸਤਿਗੁਰੂ ਜੀ ਦਾ ਜੋਤੀ ਜੋਤ ਸਮਾਉਣਾ

ਬਾਬਾ ਗੁਰਦਿਤਾ ਜੀ ਦੇ ਚਲਾਣੇ ਪਿਛੋਂ ਸਤਿਗੁਰੂ ਜੀ ਸਿਰਫ ਥਨੇਸਰ ਗ੍ਰਹਿਣ ਦੇ ਮੇਲੇ ਤੇ ਗਏ ਤੇ ਗੁਰਮਤ ਦਾ ਉਪਦੇਸ਼ ਕੀਤਾ। ਉਸ ਮੇਲੇ ਤੋਂ ਪਿਛੋਂ ਸਤਿਗੁਰੂ ਜੀ ਕੀਰਤਪੁਰ ਸਾਹਿਬ ਹੀ ਰਹੇ। ਚੌਗਿਰਦੇ ਦੀਆਂ ਰਿਆਸਤਾਂ ਦੇ ਹਿੰਦੂ ਰਾਜੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਕਰਦੇ ਸਨ।

ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਪੁਜਾ। ਆਪ ਨੇ ਦੂਰ ਦੂਰ ਮਸੰਦ ਭੇਜ ਕੇ ਗੁਰਸਿਖਾਂ ਨੂੰ ਇਕੱਤ੍ਰ ਕੀਤਾ। ਇਕ ਖੁਲ੍ਹੇ ਦੀਵਾਨ ਵਿਚ ਉਪਦੇਸ਼ ਕਰ ਕੇ ਕਿਹਾ—'ਅਸਾਂ, ਪਿਛੋਂ ਹਰਿਰਾਇ ਜੀ ਗੁਰੂ ਹੋਣਗੇ, ਭਾਵੇਂ ਇਨ੍ਹਾਂ ਦੀ ਆਯੂ ਸੱਤਾਂ ਸਾਲਾਂ ਦੀ ਹੈ। ਅਗਲੇ ਦਿਨ ਫਿਰ ਸੰਗਤ ਨੂੰ ਕਿਹਾ— 'ਪਤਾਲਪੁਰੀ ਵਾਲੇ ਕੋਠੇ ਵਿਚ ਅਸੀਂ ਭਜਨ ਕਰਨ ਬੈਠਾਂਗੇ। ਪੰਜਵੇਂ ਦਿਨ ਕੋਠੇ ਦਾ ਦਰਵਾਜ਼ਾ ਖੋਹਲ ਕੇ ਦੇਖ ਲੈਣਾ। ਸਭਨਾਂ ਮਿਲਕੇ ਕੋਠੇ ਦੇ ਚੌਗਿਰਦੇ ਪੰਜੇ ਦਿਨ ਹੀ ਭਜਨ ਬੰਦਗੀ ਕਰਨਾ।' ਹੋਰ ਸਾਰੇ ਸਤਿਗੁਰੂ ਜੀ ਦੇ ਸੱਦੇ ਤੇ ਆਏ, ਪਰ ਧੀਰ ਮਲ ਫਿਰ ਵੀ ਨਹੀਂ ਆਇਆ। ਸਤਿਗੁਰੂ ਜੀ ਕੋਠੇ (ਪਤਾਲ ਪੁਰੀ) ਵਿਚ ਚਲੇ ਗਏ ਤੇ ਕੋਠੇ ਦਾ ਬੂਹਾ ਬੰਦ ਕਰ ਦਿਤਾ ਗਿਆ। ਪੰਜੇ ਦਿਨ ਸੰਗਤ ਵਾਹਿਗੁਰੂ ਨਾਮ ਦਾ ਸਿਮਰਨ ਕਰਦੀ ਰਹੀ। ਜਦੋਂ ਚਾਰ ਦਿਨ ਬੀਤ ਗਏ ਤੇ ਪੰਜਵੇਂ ਦਿਨ ਦੀ ਸਵੇਰ ਹੋਈ ਸਾਰੀ ਸੰਗਤ ਨੂੰ ਅਕਾਸ਼ ਵਿਚ ਨਿਰਾਲੀ ਰੋਸ਼ਨੀ ਦਿਸੀ। ਉਹ ਰੋਸ਼ਨੀ ਹਵਾ ਰੂਪ ਸੋਨੇ ਦੀਆਂ ਤਾਰਾਂ ਵਾਂਗ ਚਮਕਦੀ ਹੋਈ ਕੋਠੇ (ਪਤਾਲ ਪੁਰੀ) ਤੋਂ ਉਠੀ ਤੇ ਅਰਸ਼ਾਂ ਨੂੰ ਚਲੀ ਗਈ। ਭਾਈ ਭਾਨਾ ਜੀ ਦੇ ਕਹਿਣ ਤੇ ਕੋਠੇ ਦਾ ਦਰਵਾਜਾ ਖੋਹਲਿਆ ਤਾਂ ਸਤਿਗੁਰੂ ਜੀ ਦਾ ਪੰਜ ਤਤ ਦਾ ਸਰੀਰ ਤਾਂ ਕੋਠੇ ਵਿਚ ਸੀ ਤੇ ਆਤਮਾ ਮਹਾਂ ਆਤਮਾ ਨਾਲ ਜਾ ਮਿਲੀ ਸੀ। ਸਾਰੇ ਇ ਖਬਰ ਉਡ ਗਈ ਕਿ 'ਸਤਿਗੁਰੂ ਜੀ ਜੋਤੀ ਜੋਤ ਸਮਾ ਗਏ ਹਨ।' ਸਾਰੀ ਸੰਗਤ ਦੇ ਚੇਹਰਿਆਂ ਉਤੇ ਉਦਾਸੀ ਛਾ ਗਈ। ਸਤਿਗੁਰੂ ਜੀ

ਦਾ ਵਿਛੋੜਾ ਸਭ ਨੇ ਅਨਭਵ ਕੀਤਾ। ਇਹ ਦਿਹਾੜਾ ਚੇਤ ਸੁਦੀ ੫ (ਪੰਚਮੀ) ਸ਼ੁਕਰਵਾਰ (ਮਲ ਮਾਸ ਦੀ) ਸੰਮਤ ੧੭੦੦ (੧੭੦੧ ਚੰਦ੍ਰ ਬਰਸ) ਸੀ। ਇਸ ਹਿਸਾਬ ਨਾਲ ਜੋਤੀ ਜੋਤ ਸਮਾਉਣ ਸਮੇਂ ਸਤਿਗੁਰੂ ਜੀ ਦੀ ਸਾਰੀ ਆਯੂ ੪੮ ਸਾਲ ੮ ਮਹੀਨੇ ੧੫ ਦਿਨ ਬਣਦੀ ਹੈ। ਜਦੋਂ ਸਾਰੇ ਗੁਰ ਪਰਵਾਰ ਅਤੇ ਸਾਰੀ ਸਿਖ ਸੰਗਤ ਵਿਰਲਾਪ ਕਰਨ ਲੱਗੀ ਤਾਂ ਭਾਈ ਭਾਨਾ ਜੀ (ਸਪੁਤ੍ਰ ਬਾਬਾ ਬੁਢਾਜੀ) (ਗੁਰੂ) ਹਰਿ ਰਾਇ ਜੀ ਤੇ ਹੋਰ ਬਜ਼ੁਰਗ ਸਿਖਾਂ ਨੇ ਸੰਗਤ ਨੂੰ ਹੌਂਸਲਾ ਦਿਤਾ ਤੇ ਭਾਣਾ ਮੰਨਣ ਵਾਸਤੇ ਪ੍ਰੇਰਨਾ ਕੀਤੀ, ਚੰਦਨ ਤੇ ਢਾਕ ਦੀਆਂ ਲਕੜਾਂ ਦਾ ਅੰਗੀਠਾ ਤਿਆਰ ਕੀਤਾ ਗਿਆ, ਉਸ ਅੰਗੀਠੇ ਉਤੇ ਸਤਿਗੁਰੂ ਜੀ ਦਾ ਪਵਿਤ੍ਰ ਤੇ ਪੂਜਨੀਕ ਤਨ ਰੱਖਕੇ ਸਾਰਿਆਂ ਨੇ ਵਾਰੀ ਵਾਰੀ ਮੱਥਾ ਟੇਕਿਆ। ਭਾਈ ਭਾਨੇ ਜੀ ਨੇ (ਗੁਰੂ) ਹਰਿਰਾਇ ਜੀ ਪਾਸੋਂ ਲੰਬੂ ਦਿਵਾਇਆ ਤੇ ਪੰਜ ਭੌਤਕ ਸਰੀਰ ਦਾ ਗੁਰਮਰਯਾਦਾ ਅਨੁਸਾਰ ਸਸਕਾਰ ਕੀਤਾ ਗਿਆ, ਜਿਵੇਂ ਜਿਵੇਂ ਕਰਤਾਰ ਦਾ ਭਾਣਾ ਸੀ ਤਿਵੇਂ ਤਿਵੇਂ ਹੋਇਆ, ਸਤਿਗੁਰੂ ਜੀ ਦੀ ਮਹਾਨ ਆਤਮਾ ਬ੍ਰਹਮਲੋਕ ਵਿਚ ਸਤਿਗੁਰੂ ਨਾਨਕ ਦੇਵ ਜੀ ਦੀ ਆਤਮਾ ਕੋਲ ਜਾ ਪੁਜੀ।

ਸਤਿਗੁਰੂ ਹਰਿ ਗੋਬਿੰਦ ਸਾਹਿਬ ਨੇ ੩੭ ਸਾਲ ੧੦ ਮਹੀਨੇ ਤਿੰਨ ਦਿਨ ਗੁਰਿਆਈ ਕੀਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਛੋਂ ਆਪ ਦੂਸਰੇ ਗੁਰੂ ਹਨ। ਜਿਨ੍ਹਾਂ ਨੇ ਪੰਜਾਬ ਤੇ ਪੰਜਾਬੋਂ ਬਾਹਰ ਗੁਰਮਤ ਦਾ ਪ੍ਰਚਾਰ ਬਹੁਤ ਸਫਰ ਕਰਕੇ ਕੀਤਾ ਤੇ ਗੁਰੂ ਨਾਨਕ ਜੀ ਵਾਂਗ ਆਪ ਦੀ ਯਾਦਗਾਰ ਵਿਚ ਕਸ਼ਮੀਰ, ਪੰਜਾਬ ਤੇ ਰਾਜਪੂਤਾਨੇ ਵਿਚ ਅਨਗਿਣਤ ਗੁਰਦਵਾਰੇ ਹਨ। ਮਾਲਵੇ ਵਿਚ ਸਭਤੋਂ ਬਹੁਤੇ ਗੁਰ-ਦਵਾਰੇ ਹਨ। ਆਪ ਦੇ ਪੰਜ ਸਾਹਿਬਜ਼ਾਦੇ ਸਨ—ਬਾਬਾਗੁਰਦਿਤਾ ਜੀ, ਸੂਰਜ ਮਲ ਜੀ, ਅਣੀ ਰਾਇ ਜੀ, ਅਟਲ ਰਾਇ ਜੀ ਤੇ 'ਗੁਰੂ' ਤੇਗ ਬਹਾਦਰ ਜੀ। ਬੀਬੀ ਵੀਰੋ ਜੀ ਇਕ ਕੰਨਿਆਂ ਸੀ। ਆਪ ਦਾ ਵੰਸ਼ ਅਜੇ ਤਕ ਕਾਇਮ ਹੈ ਤੇ ਸਾਰੇ ਪੰਜਾਬ ਵਿਚ 'ਸੋਢੀ ਖਾਨਦਾਨ' ਦੇ ਨਾਮ ਨਾਲ ਪ੍ਰਸਿਧ ਹੈ।

ਸਤਿਗੁਰੂ ਜੀ ਵਿਦਵਾਨਾਂ ਦੀ ਕਦਰ ਬਹੁਤ ਕਰਦੇ ਰਹੇ। ਭਜਨ ਬੰਦਗੀ ਕਰਨ ਦੇ ਨਾਲ ਗੁਰਮਤ ਦਾ ਉਪਦੇਸ਼ ਵੀ ਕੀਤਾ। ਪਰ ਆਪ ਨੇ ਬਾਣੀ ਨਹੀਂ ਉਚਾਰੀ, ਤੁਰਕਾਂ ਨਾਲ ਚਾਰ ਵਡੀਆਂ ਲੜਾਈਆਂ ਕੀਤੀਆਂ

ਤੇ ਭਾਰਤ ਦੀ ਗੁਲਾਮ ਹਿੰਦੂ ਜਾਤੀ ਵਿਚ ਅਣਖ, ਬਹਾਦਰੀ ਤੇ ਸ੍ਵੈ-ਸਤਕਾਰ ਦੀ ਰੂਹ ਭਰੀ। ਪੰਜਾਬੀਆਂ ਨੂੰ ਨਵਾਂ ਜੀਵਨ ਬਖਸ਼ਿਆ। ਸ੍ਰੀ ਅਕਾਲ ਤਖਤ ਸਾਹਿਬ (ਅੰਮ੍ਰਿਤਸਰ) ਆਪ ਦੀ ਇਕ ਐਸੀ ਨਿਸ਼ਾਨੀ ਹੈ ਜਿਥੋਂ ਦੇ ਦਰਸ਼ਨ ਕਰਕੇ ਮੋਈਆਂ ਆਤਮਾਵਾਂ ਵੀ ਦਲੇਰ ਤੇ ਸੁਰਜੀਤ ਹੋ ਜਾਂਦੀਆਂ ਹਨ। ਧਰਮ, ਕੌਮ ਤੇ ਦੇਸ਼ ਵਾਸਤੇ ਕੁਝ ਕਰਕੇ ਸ਼ਹੀਦੀ ਪ੍ਰਾਪਤ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ। ਸਤਿਗੁਰੂ ਜੀ ਨੇ ਭਗਤੀ ਤੇ ਸ਼ਕਤੀ ਦਾ ਮਿਲਵਾਂ ਪ੍ਰਚਾਰ ਕੀਤਾ ਹੈ। ਪਹਿਲਾਂ ਜੋ ਭਗਤੀ ਦਾ ਪ੍ਰਚਾਰ ਕਰਦਾ ਸੀ, ਉਹ ਸ਼ਕਤੀ (ਤਲਵਾਰ ਦੀ ਵਰਤੋਂ) ਦੀ ਵਿਰੋਧਤਾ ਕਰਦਾ ਸੀ ਅਤੇ ਜੋ ਸ਼ਕਤੀਦਾ ਪੁਜਾਰੀ ਸੀ ਉਹ ਭਗਤੀ ਨੂੰ ਨੇੜੇ ਨਹੀਂਸੀ ਆਉਣ ਦੇਂਦਾ ਤੇ ਨਿਰੀ ਸ਼ਕਤੀ ਦੀ ਵਰਤੋਂ ਕਰਕੇ ਆਪ ਸੰਸਾਰ ਦਾ ਜੇਤੂ ਬਨਣ ਦਾ ਚਾਹਵਾਨ ਰਹਿੰਦਾ ਸੀ। ਪਹਿਲੇ ਦੀ ਭਗਤੀ ਤੇ ਦੂਸਰੇ ਦੀ ਸ਼ਕਤੀ ਤੋਂ ਜਨਤਾ ਨੂੰ ਕੋਈ ਲਾਭ ਨਹੀਂ ਸੀ ਹੁੰਦਾ। ਭਗਤੀ ਤੇ ਸ਼ਕਤੀ ਮਿਲਕੇ ਹੀ ਜਨਤਾ ਦੀ ਸੇਵਾ ਕਰ ਸਕਦੀਆਂ ਹਨ। ਭਗਤੀ ਬ੍ਰਹਮ ਲੋਕ ਵਿਚ ਪੁਜਣ ਤੇ ਜੀਵਨ ਸੁਧਾਰਨ ਵਾਸਤੇ ਅਤੇ ਸ਼ਕਤੀ ਧਰਮ ਦੇਸ਼ ਤੇ ਸ੍ਵੈ-ਸਤਕਾਰ ਦੀ ਰਾਖੀ ਕਰਨ ਵਾਸਤੇ ਜ਼ਰੂਰੀ ਹੈ। ਕੋਈ ਧਰਮ ਸ਼ਕਤੀ ਤੋਂ ਬਿਨਾ ਜੀਉਂਦਾ ਨਹੀਂ ਰਹਿ ਸਕਦਾ।

੧ ੴ ਸਤਿਗੁਰਪ੍ਰਸਾਦਿ ॥

ਸ੍ਰੀ ਗੁਰੂ

ਹਰਿਰਾਇ ਸਾਹਿਬ ਜੀ

(੧੬੩੯ ਤੋਂ ੧੬੬੧ ਈਸਵੀ ਤਕ)

ਕਰੇ ਰੰਕ ਤੇ ਰਾਵ ਗਨ,
ਸ੍ਰੀ ਮੁਖ ਤੇ ਕਹਿ ਬੈਨ ॥
ਸ੍ਰੀ ਸਤਿਗੁਰ ਹਰਿਰਾਇ ਜੀ,
ਸਿਮਰੇ ਜਿਨ ਜਮ ਭੈ ਨ ॥
(ਭਾਈ ਸੰਤੋਖ ਸਿੰਘ ਜੀ)


ੴ ਸਤਿਗੁਰ ਪ੍ਰਸਾਦਿ ॥

ਸਭ ਤੋਂ ਪੁਰਾਤਨ ਲਿਖਤੀ ਖਰੜੇ ਅਨੁਸਾਰ

ਪਾਤਸ਼ਾਹੀ ਦਸਵੀਂ ਮੁਕੰਮਲ

ਸੌ ਸਾਖੀ

ਜੋ ਗੁਰਸਿੱਖ ਇਸ ਪੁਸਤਕ ਨੂੰ ਪੜ੍ਹੇ ਸੁਣੇਗਾ ਉਹਦੀ ਮੁਕਤੀ ਹੋਵੇਗੀ।
ਗੁਰਸਿੱਖੀ ਅਤੇ ਰਹਿਤ ਮਰਯਾਦਾ ਦੀ ਸਭ ਤੋਂ ਪੁਰਾਤਨ ਪੁਸਤਕ ਹੈ।



ਇਸ ਪੁਰਾਤਨ ਗ੍ਰੰਥ ਵਿਚ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਦੇ ਮੁਖਾਰਬਿੰਦ ਤੋਂ ਉਚਾਰੇ ਗਏ ਭਵਿਖਤ ਵਾਕ ਅਤੇ ਸੌ ਸਾਖੀ ਦਰਜ ਹੈ।

ਇਹ ਗ੍ਰੰਥ ੧੦੮ ਸੰਤ ਬਾਬਾ ਸੰਤੋਖ ਸਿੰਘ ਜੀ ਪਿੰਡ ਬਾਬਾ ਸੁਖਾ ਸਿੰਘ ਸ਼ਹੀਦ (ਮਾੜੀ ਕੰਬੋਕੇ,
ਸੇਵਕ ਗੁਰਬਖਸ਼ ਸਿੰਘ ਜੀ ਭੈਣੀ ਮੱਸਾ ਸਿੰਘ ਦੇ ਉਤਸ਼ਾਹ ਨਾਲ ਛਾਪਿਆ।

ਪ੍ਰਕਾਸ਼ਕ–ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ
ਪੁਸਤਕਾਂ ਵਾਲੇ, [illegible] ਰੋਡ, ਅੰਮ੍ਰਿਤਸਰ

੧. ਅਵਤਾਰ ਧਾਰਨਾ ਤੇ ਗੁਰਿਆਈ ਮਿਲਣੀ

(ਗੁਰੂ) ਹਰਿਰਾਇ ਸਾਹਿਬ ਜੀ ਨੇ ੧੩ ਮਾਘ ਸੰਮਤ ੧੬੯੬ ਬਿ: ਨੂੰ ਮਾਤਾ ਦਇਆ ਦੇਈ ਦੀ ਕੁਖੋਂ ਬਾਬਾ ਗੁਰਦਿਤਾ ਜੀ ਦੇ ਘਰ ਅਵਤਾਰ ਧਾਰਿਆ *। ਜਿਸ ਵੇਲੇ ਆਪ ਨੇ ਕੀਰਤਪੁਰ ਵਿਚ ਅਵਤਾਰ ਧਾਰਿਆ ਉਸ ਵੇਲੇ ਬਾਬਾ ਗੁਰਦਿੱਤਾ ਜੀ ਪ੍ਰਲੋਕ ਗਮਨ ਕਰ ਚੁਕੇ ਸਨ ਅਤੇ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ (ਆਪ ਦੇ ਬਾਬੇ) ਕੀਰਤਪੁਰ ਰਹਿੰਦੇ ਸਨ। ਆਪ ਜਨਮ ਤੋਂਹੀਸਤੋਗੁਣੀਸੰਤੋਖੀ ਤੇ ਸਾਧੂ ਸੁਭਾਵ ਸਨ। ਅਜੇ ਸਾਲ ਦੀ ਉਮਰ ਨਹੀਂ ਸੀ ਹੋਈ ਕਿ ਆਪਪ੍ਰਮੇਸਰਦਾ ਭਜਨ ਕਰਨ ਲਗ ਪਏ ਸਨ। ਸਦਾ ਛੇਵੇਂ ਸਤਿਗੁਰੂ ਜੀ ਦੀ ਸਰਨ ਵਿਚ ਹੀਨਿਵਾਸ ਕਰਦੇ ਸਨ। ਜਦੋਂ ਤਿੰਨ ਸਾਲ ਦੇ ਹੋਏ ਤਾਂ ਸਿਆਣਿਆਂ ਵਾਂਗ ਬਚਨ ਬਿਲਾਸ ਕਰਨ ਲਗ ਪਏ ਸਨ। ਸਿੱਖਾਂ ਸੇਵਕਾਂ ਨਾਲ ਦੂਰ ਦੂਰ ਤਕ ਫਿਰਨ ਤੁਰਨ ਚਲੇ

---

*ਏਥੇ ਇਹ ਦਸਣਾ ਜ਼ਰੂਰੀ ਹੈ ਕਿ ਗਿਆਨੀ ਗਿਆਨ ਸਿੰਘ ਜੀ ਕਰਤਾ ਤਵਾਰੀਖ ਗੁਰੂ ਖਾਲਸਾ ਗੁਰੂ ਹਰਿਰਾਇ ਸਾਹਿਬ ਜੀ ਦਾ ਅਵਤਾਰ ਧਾਰਨਾ ੧੬੮੬ ਬਿ: ਵਿਚ ਮੰਨਦੇ ਹਨ, ਬਹੁਤ ਸਾਰੀਆਂ ਗੁਰ-ਪਰਨਾਲੀਆਂ ਵਿਚ ਵੀ ੧੬੮੬ ਹੀ ਲਿਖਿਆ ਹੈ, ਇਹ ਠੀਕ ਨਹੀਂ। ਮਾਤਾ ਜੀ ਦਾ ਨਾਮ ਵੀ ਨਿਹਾਲ ਕੌਰ ਲਿਖਿਆ ਹੈ ਪਰ ਇਤਿਹਾਸ ਦੇ ਵਰਤਮਾਨ ਖੋਜੀਆਂ ਨੇ ਸਿੱਧ ਕੀਤਾ ਹੈ ਕਿ ਗੁਰੂ ਜੀ ਦਾ ਜਨਮ ੧੬੯੬ ਵਿਚ ਹੋਇਆ ਸੀ ਤੇ ਸਤਿਗੁਰੂ ਜੀ ਦੀ ਮਾਤਾ ਜੀ ਦਾ ਨਾਮ ਦਇਆ ਦੇਈ ਜੀ ਸੀ। ਸਿੱਖ ਹਿਸਟਰੀ ਸੋਸਾਇਟੀ ਅੰਮ੍ਰਿਤਸਰ ਨੇ "ਗੁਰ ਪ੍ਰਣਾਲੀਆਂ" ਨਾਮ ਦੀ ਪੁਸਤਕ ਛਾਪੀ ਹੈ ਉਸ ਦੇ ਸਫਾ ੧੦੬ ਉਤੇ ਫੁਟ ਨੋਟ ਵਿਚ ਭਾਈ ਰਣਧੀਰ ਸਿੰਘ ਜੀ (ਜੋ ਸੋਸਾਇਟੀ ਦੇ ਐਡੀਟਰਤੇ ਖੋਜੀ, ਅਤੇ ਸਿਖ ਰੈਫਰੈਂਸ ਲਾਇਬਰੇਰੀ' ਦੇ ਲਾਇਬਰੇਰੀਅਨ ਹਨ) ਲਿਖਦੇ ਹਨ–

"ਸਤਵੇਂ ਪਾਤਸ਼ਾਹ ਦੇ ਜਨਮ ਸੰਮਤ ਵਿਚ ਸਾਖੀ ਲੇਖਕਾਂ ਨੇ ਦਸਾਂ ਵਰ੍ਹਿਆਂ ਦਾ ਫਰਕ ਪਾ ਦਿਤਾ ਹੈ। ਇਹ ਭੁਲੇਖਾ ਬਾਬਾ ਗੁਰਦਿਤਾ ਜੀ ਦੇ ਦੋ ਦੀ ਥਾਂ ਇਕ ਮਹਿਲ ਮੰਨਣ ਵਾਲਿਆਂ ਨੇ ਪਾਇਆ ਹੈ। **ਸਹੀ ਗਲ ਇਹ ਹੈ** ਕਿ ਬਾਬਾ ਨੇ ਭਾਈ ਗੁਰਦਿਤਾ 'ਘੋਰਾ' ਦੀ ਕੰਨਿਆਂ ਦਇਆ ਦੇਈ ਦਾ ਡੋਲਾ ਗੁਰੂ-ਪਿਤਾ ਨੂੰ ਦਸੇ ਪੁਛੇ ਬਿਨਾਂ ਪ੍ਰਵਾਨ ਕਰ ਲਿਆ ਸੀ। ਸਤਿਗੁਰਾਂ ਦੀ ਸ਼ੁਭ-ਸੀਸ ਇਸ ਸੰਜੋਗ ਸਬੰਧੀ ਪ੍ਰਾਪਤ ਨਾ ਹੋ ਸਕੀ। ਇਸ ਕਰਕੇ ਬਾਬਾ ਜੀ ਸ਼ਾਦੀ ਤੋਂ ਕੁਝ ਦਿਨ ਬਾਦ ਹੀ ਸੰਮਤ ੧੬੯੫ ਚੇਤਰ ਸੁਦੀ ੧੦ ਨੂੰ ਚੋਲਾ ਤਿਆਗ ਗਏ ਪਰ **ਉਸ ਮੌਕੇ ਨਵੀਂ ਵਿਆਹੀ ਬੀਬੀ ਦਾ ਪੈਰ ਭਾਰਾਹੋਚੁਕਾਸੀ।** ਛੇਵੇਂ ਪਾਤਸ਼ਾਹ ਪਾਸ ਅਰਦਾਸ ਕਰਕੇ ਇਸ ਬੀਬੀ ਨੇ ਉਦਰ ਨਿਵਾਸੀ ਬਾਲਕ ਵਾਸਤੇ ਸ਼ੁਭ ਬਚਨ ਲੈ ਲਏ ਸਨ। ਇਹੋ ਗੁਰ ਬਚਨ ਬਾਲ-ਗੁਰੂ ਨੂੰ ਤਿੰਨ ਵਰ੍ਹੇ ਪਹਿਲੋਂ ਗੁਰਿਆਈ ਦਾ ਟਿਕਾ ਦੇਣਾ ਸੀ ਜੋ ਆਮ ਸਾਖੀਆਂ ਤੇ ਗੁਰ-ਪ੍ਰਣਾਲੀਆਂ ਵਿਚ ਲਿਖਿਆ ਹੈ ਜਿਨ੍ਹਾਂ ਸਦਕੇ ਉਸੇ ਮਾਤਾ ਦਇਆ ਦੇਈ ਦੀ ਕੁਖੋਂ ਸ੍ਰੀ ਗੁਰੂ ਹਰਿ ਰਾਇ ਜੀ **ਸੰਮਤ ੧੬੯੬ ਮਾਘ ਪ੍ਰਵਿਸ਼ਟਾ ੧੩ ਨੂੰ ਪ੍ਰਗਟ ਹੋਏ।'**

ਜਾਂਦੇ ਤੇ ਤੜਕੇ ਉਠ ਕੇ ਵਾਹਿਗੁਰੂ ਦਾ ਸਿਮਰਨ ਸਮਾਧੀ ਲਾ ਕੇ ਕਰਿਆ ਕਰਦੇ ਸਨ। ਆਪ ਦੇ ਸਤੋਗੁਣਾ ਨੂੰ ਦੇਖਕੇ ਛੇਵੇਂ ਪਾਤਸ਼ਾਹ ਜੀ ਬਹੁਤ ਪ੍ਰਸੰਨ ਹੁੰਦੇ ਸਨ।

ਆਪ ਦੀ ਗੁਰਿਆਈ ਦੀ ਅਸਚਰਜ ਕਥਾ ਹੈ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਤਿੰਨ ਸਾਹਿਬਜ਼ਾਦੇ ਹੋਰ ਵੀ ਸਨ, ਪਰ ਗੁਰਾਂ ਨੇ ਆਪਣੇ ਸਾਹਿਬ-ਜ਼ਾਦਿਆਂ ਨੂੰ ਗੁਰਿਆਈ ਦੇਣ ਦਾ ਖਿਆਲ ਨਹੀਂ ਕੀਤਾ। ਸ਼ਾਇਦ ਇਸ ਕਰਕੇ ਨਹੀਂ ਕੀਤਾ ਕਿ ਪਹਿਲਾਂ ਬਾਬਾ ਗੁਰਦਿਤਾ ਜੀ 'ਟਿਕਾ' ਸਮਝ ਜਾਂ ਮਿਥ ਚੁਕੇ ਸਨ। ਪਾਤਸ਼ਾਹੀ 'ਰਾਜਸੀ ਪਾਤਸ਼ਾਹੀ' ਦੇ ਵਿਚਾਰ ਨਾਲ ਗਦੀ ਦਾ ਹਕ ਟਿਕੇ ਦਾ ਪੁਤ੍ਰ ਹੀ ਰਖਦਾ ਸੀ ਪਰ ਏਥੇ ਦੁਨੀਆਂ ਦਾਰੀ ਦੀ ਰਾਸੀ ਗੱਦੀ ਦਾ ਮਾਮਲਾ ਨਹੀਂ ਸੀ, ਏਥੇ ਤਾਂ ਕਰਤਾਰ ਦੇ ਭਾਣੇ, ਭਗਤੀ ਤੇ ਸੇਵਾ ਦਾ ਸਵਾਲ ਸੀ, ਧੁਰੋਂ ਸੰਜੋਗ ਤੇ ਕਚਰਤਾਰ ਦੀ ਕ੍ਰਿਪਾ ਦਾ ਫਲ ਸੀ।

ਇਕ ਗਲ ਇਹ ਵੀ ਹੈ ਕਿ ਬਾਬਾ ਗੁਰਦਿਤਾ ਜੀ ਦੇ ਚਲਾਣੇ ਪਿਛੋਂ ਮਾਤਾ ਦਇਆ ਦੇਈ, ਜਿਸ ਦੀ ਸ਼ਾਦੀ ਹੋਈ ਨੂੰ ਥੋੜੇ ਦਿਨ ਹੋਏ ਸਨ ਤੇ ਜੋ ਸਤਾਰਾਂ ਅਠਾਰਾਂ ਸਾਲ ਤੋਂ ਵਧ ਆਯੂ ਦੀ ਨਹੀਂ ਸੀ, ਨੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿਚ ਬੇਨਤੀਆਂ ਕੀਤੀਆਂ ਸਨ ਕਿ ਉਸਦਾ ਕੀ ਬਣੇਗਾ ? ਉਸ ਨਾਲ ਕਰਤਾਰ ਨੇ ਕੀ ਭਾਣਾ ਵਰਤਾਇਆ ਹੈ, ਜੋ ਉਸਨੂੰ ਵਿਧਵਾ ਬਣਾ ਦਿਤਾ ? ਉਸਦੇ ਵਿਰਲਾਪ ਤੇ ਤਰਲਿਆਂ ਉਤੇ ਸਤਿਗੁਰੂ ਜੀ ਨੂੰ ਦਇਆ ਆਈ ਤੇ ਬਚਨ ਕਰ ਦਿਤਾ—'ਵਾਹਿਗੁਰੂ ਵਲ ਧਿਆਨ ਕਰ, ਤੇਰੀ ਕੁਖੋਂ ਸਤੋਗੁਣੀ ਤੇ ਸੰਤੋਖੀ ਲੜਕਾ ਜਨਮ ਲਵੇਗਾ, ਉਸਨੂੰ ਗੁਰ ਗੱਦੀ ਦਿਤੀ ਜਾਵੇਗੀ। ਜਗਤ ਤੇਰੀ ਪੂਜਾ ਕਰੇਗਾ।' ਉਨ੍ਹਾਂ ਬਚਨਾਂ ਦੇ ਕਾਰਨ 'ਗੁਰੂ' ਹਰਿਰਾਇ ਜੀ ਨੂੰ ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਪਿਛੋਂ ਸੰਮਤ ੧੭੦੧ ਬਿਃ ਵਿਚ ਗੁਰ-ਗਦੀ ਤੇ ਬੈਠਾਇਆ ਗਿਆ। ਆਪ ਨੂੰ ਗੁਰਿਆਈ ਦਾ ਤਿਲਕ ਭਾਈ ਭਾਨਾ ਜੀ ਨੇ ਲਾਇਆ ਸੀ, ਜੋ ਬਾਬਾ ਬੁਢਾ ਜੀ ਦੇ ਸਾਹਿਬਜ਼ਾਦੇ ਸਨ। ਜੋ ਮਰਯਾਦਾ ਗੁਰੂ ਘਰ ਵਿਚ ਚਲੀ ਆਉਂਦੀ ਸੀ ਉਸਨੂੰ ਅਟਲ ਰਖਿਆ ਗਿਆ, ਗੁਰਿਆਈ ਪੁਰਬ 'ਸਮਾਗਮ' ਵੈਸਾਖ ੧੭੦੧ ਬਿਃ ਮੁਤਾਬਿਕ ੧੬੪੪ ਈਸਵੀ ਨੂੰ ਮਨਾਇਆ ਗਿਆ।

੨. ਸਤਿਗੁਰੂ ਜੀ ਦੀਆਂ ਸ਼ਾਦੀਆਂ

ਪਸਰੂਰ (ਜ਼ਿਲਾ ਸਿਆਲ ਕੋਟ) ਦਾ ਰਹਿਣ ਵਾਲਾ ਦਇਆ ਰਾਮ ਖਤ੍ਰੀ ਅਨੂਪ ਸ਼ਹਿਰ ਦੁਕਾਨ ਕਰਿਆ ਕਰਦਾ ਸੀ, ਦੁਕਾਨਦਾਰੀ ਵਿਚ ਚੰਗੀ ਕਮਾਈ ਕੀਤੀ ਸੀ ਤੇ ਬਹੁਤ ਸਾਰਾ ਧਨ ਕਮਾਇਆ ਸੀ ਕੁਝ ਸੁਭਾ ਭਗਤੀ ਭਾਵ ਤੇ ਵਾਹਿਗੁਰੂ ਭੈ ਵਾਲਾ ਹੋਣ ਕਰਕੇ ਉਹ ਗੁਰੂ ਘਰ ਦਾ ਬਹੁਤ ਸ਼ਰਧਾਲੂ ਸੀ ਸਤਿਗੁਰਾਂ ਦੀ ਮੇਹਰ ਨਾਲ ਉਹਦੇ ਘਰ ਕਿਸੇ ਗਲ ਦਾ ਘਾਟਾ ਨਹੀਂ ਸੀ। ਸਮੇਂ ਦੇ ਰਵਾਜ ਅਨੁਸਾਰ ਉਹਦੇ ਘਰ ਤਿੰਨ ਇਸਤ੍ਰੀਆਂ ਸਨ। ਅਨੰਤੀ, ਜੁਵਾਲਾ, ਤੇ ਗੌਰਜਾ, ਤਿੰਨਾ ਹੀ ਇਸਤ੍ਰੀਆਂ ਦੀਆਂ ਕੁਖਾਂ ਵਿਚੋਂ ਲੜਕੀਆਂ ਨੇ ਜਨਮ ਲਿਆ, ਲੜਕਾ ਕੋਈ ਨਾ ਹੋਇਆ ਵਾਹਿਗੁਰੂ ਦੇ ਭਾਣੇ ਨਾਲ ਤਿੰਨਾਂ ਇਸਤ੍ਰੀਆਂ ਦੀਆਂ ਸਤ ਲੜਕੀਆਂ ਸਨ। ਅਤੇ ਇਕ ਲੜਕੀ ਉਨ੍ਹਾਂ ਕੋਲ ਪਾਲਤੂ ਸੀ, ਉਸ ਦਾਸੀ ਜਾਂ ਪਾਲਤੂ ਕੰਨਿਆਂ ਦਾ ਨਾਮ ਕੋਟ ਕਲਿਆਣੀ ਸੀ ਪਰ ਉਹ ਸੁੰਦਰ ਤੇ ਚਤ੍ਰ ਉਨ੍ਹਾਂ ਦੀਆਂ ਬਾਕੀ ਲੜਕੀਆਂ ਵਾਂਗ ਸੀ ਅੱਠਾਂ ਲੜਕੀਆਂ ਨੂੰ ਦੇਖ ਦੇਖਕੇ ਭਾਈ ਦਇਆ ਰਾਮ ਜੀ ਕਈ ਤਰਾਂ ਦੇ ਵਿਚਾਰ ਕਰਿਆ ਕਰਦੇ ਸਨ। ਕਦੀ ਉਨ੍ਹਾਂ ਦਾ ਹਿਰਦਾ ਸ਼ਾਂਤ ਹੋ ਜਾਂਦਾ ਤੇ ਕਦੀ ਉਦਾਸ, ਉਨ੍ਹਾਂ ਤਿੰਨ ਵਿਆਹ ਪੁਤ੍ਰ ਪ੍ਰਾਪਤੀ ਵਾਸਤੇ ਕੀਤੇ ਸਨ, ਪਰ ਪੁਤ੍ਰ ਨੇ ਉਹਦੇ ਘਰ ਜਨਮ ਨਹੀਂ ਸੀ ਲਿਆ।

ਭਾਈ ਦਇਆ ਰਾਮ ਦੀਆਂ ਸੱਤਾਂ ਲੜਕੀਆਂ ਦਾ ਵੇਰਵਾ ਇਸ ਤਰ੍ਹਾਂ ਸੀ—

ਅਨੰਤੀ ਦੀਆਂ ਪੁਤ੍ਰੀਆਂ—ਕਿਸ਼ਨ ਕੌਰ ਤੇ ਤੋਖੀ ਸੀ।

ਜੁਵਾਲਾ ਦੀਆਂ ਦੋ ਪੁਤ੍ਰੀਆਂ—ਚੰਦ ਕੌਰ ਤੇ ਲਡਿਕੀ ਸੀ।

ਗੌਰਜਾ ਦੀਆਂ ਤਿੰਨ ਲੜਕੀਆਂ ਸਨ—ਪ੍ਰੇਮ ਕੌਰ, ਰਾਮ ਕੌਰ ਤੇ ਅਨੋਖੀ॥

ਇਨ੍ਹਾਂ ਸਾਰੀਆਂ ਲੜਕੀਆਂ ਵਿਚ ਕ੍ਰਿਸ਼ਨ ਕੌਰ ਤੇ ਕੋਟ ਕਲਿਆਣੀ ਜੀ ਆਯੂ ਵਿਚ ਵਡੀਆਂ ਸਨ।

ਗੁਰਿਆਈ ਦੇ ਪੁਰਬ ਸਮੇਂ ਭਾਈ ਦਇਆ ਰਾਮ ਜੀ ਸਾਰੇ ਪ੍ਰਵਾਰ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਕੀਰਤਪੁਰ ਆਏ, ਸਤਿਗੁਰੂ ਜੀ ਦਾ ਸੁੰਦਰ ਸਰੂਪ, ਪ੍ਰਤਾਪ, ਪੂਜਾ ਅਤੇ ਪਾਤਸ਼ਾਹੀ ਸਿਲਸਲਾ ਦੇਖਕੇ

ਉਹ 'ਭਾਈ ਦਇਆ ਰਾਮ' ਬਹੁਤ ਪ੍ਰਸੰਨ ਹੋਇਆ। ਉਸਨੇ ਆਪਣੀਆਂ ਇਸ-ਤ੍ਰੀਆਂ ਨਾਲ ਸਲਾਹ ਕਰਕੇ ਸਾਰੀਆਂ ਹੀ ਲੜਕੀਆਂ ਦਾ ਅਨੰਦ ਕਾਰਜ ਸਤਿ-ਗੁਰੂ ਜੀ ਨਾਲ ਕਰਨ ਦਾ ਪੱਕਾ ਫੈਸਲਾ ਕਰ ਲਿਆ ਤੇ ਸਤਿਗੁਰੂ ਜੀ ਅਗੇ ਬੇਨਤੀ ਕਰ ਦਿਤੀ। ਉਸਦਾ ਪ੍ਰੇਮ ਦੇਖਕੇ ਗੁਰੂ ਜੀ ਦੀ ਮਾਤਾ ਜੀ, ਬਜ਼ੁਰਗ ਸਿਖਾਂ ਤੇ ਸਤਿਗੁਰੂ ਜੀਨੇ ਆਪ ਭਾਈ ਦਇਆ ਰਾਮ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਲਿਖਿਆ ਹੈ ਕਿ ਚਾਰ ਲੜਕੀਆਂ ਦਾ ਅਨੰਦ ਕਾਰਜ ਕੀਤਾ ਗਿਆ ਤੇ ਇਕ ਇਕ ਲੜਕੀ ਦਾਸੀ ਦੇ ਰੂਪ ਵਿਚ ਭੇਜੀ ਗਈ ਜੋ ਵੇਰਵਾ ਇਸ ਪ੍ਰਕਾਰ ਹੈ।

੧. ਮਾਤਾ ਕ੍ਰਿਸ਼ਨ ਕੌਰ ਜੀ ਪਾਸ ਦਾਸੀ ਕੋਟ ਕਲਿਆਣੀ ਜੀ।

੨. ਮਾਤਾ ਚੰਦ ਕੌਰ ਜੀ ਪਾਸ ਦਾਸੀ ਤੋਖੀ ਜੀ।

੩. ਮਾਤਾ ਪ੍ਰੇਮ ਕੌਰ ਜੀ ਪਾਸ ਦਾਸੀ ਅਣੋਖੀ ਜੀ।

੪. ਮਾਤਾ ਰਾਮ ਕੌਰ ਪਾਸ ਦਾਸੀ ਲਡਿਕੀ ਜੀ।

ਸੋ ਇਸ ਤਰਾਂ ਸੱਤਵੇਂ ਪਾਤਸ਼ਾਹ ਜੀ ਦੇ ਚਾਰ ਮਹਲ ਤੇ ਚਾਰ ਮਹਲਾਂ ਦੀਆਂ ਦਾਸੀਆਂ ਸਨ।

੩. ਸਤਿਗੁਰੂ ਜੀ ਪਿਆਰ ਦੇ ਅਵਤਾਰ

ਸਤਿਗੁਰੂ ਹਰਿ ਰਾਇ ਸਾਹਿਬ ਪਿਆਰ ਦੇ ਅਵਤਾਰ ਸਨ। ਆਪ ਮਨੁਖ ਪਸ਼ੂ ਤੇ ਪੰਛੀਆਂ ਨਾਲ ਵੀ ਪਿਆਰ ਕਰਦੇ ਸਨ। ਆਪ ਦਾ ਗਿਆਨ ਕੋਮਲ ਤੇ ਦਇਆਵਾਨ ਹਿਰਦਾ ਫੁਲ ਬੂਟਿਆਂ ਦੇ ਹਿਰਦੇ ਵੀ ਨਹੀਂ ਸੀ ਦੁਖਾਉਣਾ ਚਾਹੁੰਦਾ। ਆਪ ਸ਼ਿਕਾਰ ਨੂੰ ਜਾਂਦੇ ਪਰ ਜਾਨਵਰਾਂ ਨੂੰ ਮਾਰਦੇ ਨਹੀਂ ਸਨ ਸਗੋਂ ਘੇਰ ਕੇ ਫੜ ਲੈਂਦੇ ਤੇ ਕੀਰਤਪੁਰ ਲਿਆਕੇ ਰਖਦੇ। ਆਪ ਨੇ ਇਕ ਸੁੰਦਰ ਚਿੜੀਆ-ਘਰ ਤਿਆਰ ਕਰਵਾਇਆ ਸੀ ਉਸ ਵਿਚ ਹਰ ਪ੍ਰਕਾਰ ਦੇ ਪੰਛੀ ਤੇ ਜਾਨਵਰ ਰਖੇ ਜਿਨ੍ਹਾਂ ਨੂੰ ਪੂਰੀ ਖੁਰਾਕ ਦਿਤੀ ਜਾਂਦੀ। ਲੋਕ ਦੂਰ ਦੂਰ ਤੋਂ ਇਨ੍ਹਾਂ ਪੰਛੀਆਂ ਤੇ ਜਾਨਵਰਾਂ ਨੂੰ ਦੇਖਣ ਵਾਸਤੇ ਆਇਆ ਕਰਦੇ ਸਨ।

ਸਤਿਗੁਰੂ ਹਰਿ ਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਗੁਰੂ-ਘਰ ਦੀ ਮਰਯਾਦਾ ਵਿਚ ਥੋੜੀ ਤਬਦੀਲੀ ਆਈ, ਉਹ ਤਬਦੀਲੀ

ਇਹ ਕਿ ਸਤਿਗੁਰੂ ਹਰਿਰਾਇ ਸਾਹਿਬ ਨੇ ੨੨ ਸੌ ਸਿੱਖ ਫੌਜੀ ਜੁਆਨ ਕੋਲ ਰੱਖ ਕੇ ਬਾਕੀ ਸਾਰਿਆਂ ਨੂੰ ਘਰੋ ਘਰੀਂ ਤੋਰ ਦਿਤਾ ਤੇ ਯੁਧ ਕਰਨ ਦਾ ਵਿਚਾਰ ਛਡ ਦਿਤਾ। ਭਾਵੇਂ ਪਹਿਲੇ ਗੁਰੂ ਸਾਹਿਬ ਵੀ ਲੜਾਈ ਵਲ ਪਹਿਲਾਂ ਨਹੀਂ ਸਨ ਵਧਦੇ, ਸਗੋਂ ਦੁਸ਼ਮਨ ਉਨ੍ਹਾਂ ਤੇ ਚੜ੍ਹਾਈ ਕਰਕੇ ਆਉਂਦਾ ਸੀ ਤਾਂ ਮੁਕਾਬਲਾ ਕਰਦੇ ਸਨ। ਪਰ ਗੁਰੂ ਹਰਿਰਾਇ ਸਾਹਿਬ ਦਾ ਵਿਚਾਰ ਸੀ ਕਿ ਪ੍ਰੇਮ ਨਾਲ ਸਾਰੇ ਜਗਤ ਨੂੰ ਫਤਹ ਕੀਤਾ ਜਾਵੇ। ਦੇਸੀ ਰਾਜਿਆਂ ਅਤੇ ਮੁਗ਼ਲ ਬਾਦਸ਼ਾਹਾਂ ਦੇ ਜ਼ੁਲਮਾਂ ਦਾ ਸਤਾਇਆ ਹੋਇਆ ਜੇ ਕੋਈ ਫੌਜੀ ਜਾਂ ਹੋਰ ਸਿਵਾਲ ਦਾ ਅਫਸਰ ਨੱਸ ਕੇ ਸਤਿਗੁਰੂ ਜੀ ਦੀ ਸ਼ਰਨ ਆ ਜਾਂਦਾ ਤਾਂ ਉਸਦੀ ਪੂਰੀ ਰਾਖੀ ਕਰਦੇ ਤੇ ਸਤਿਕਾਰ ਬਖਸ਼ਦੇ। ਲਿਖਿਆ ਹੈ ਕਿ ਨਾਲਾ ਗੜ੍ਹੀਏ ਰਾਜੇ ਤਾਰਾ ਚੰਦ ਦੇ ਪੁਤ੍ਰ ਦੀਪ ਚੰਦ ਦਾ ਦੀਵਾਨ ਸੋਹਣ, ਰਾਜੇ ਦੀਪ ਚੰਦ ਨਾਲ ਗੁਸੇ ਹੋਕੇ ਰਾਜ ਵਿਚੋਂ ਨਸ ਕੇ ਕੀਰ-ਤਪੁਰ ਆ ਗਿਆ। ਰਾਜੇ ਦੀਪ ਚੰਦ ਨੂੰ ਜਦੋਂ ਪਤਾ ਲਗਾ ਤਾਂ ਉਸ ਨੇ ਆਪਣੇ ਆਦਮੀ ਸਤਿਗੁਰੂ ਜੀ ਪਾਸ ਭੇਜੇ ਉਨ੍ਹਾਂ ਆਦਮੀਆਂ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—"ਸਚੇ ਪਾਤਸ਼ਾਹ ! ਰਾਜਾ ਦੀਪ ਚੰਦ ਜੀ ਨੇ ਬੇਨਤੀਕੀਤੀ ਹੈ ਕਿ ਉਨ੍ਹਾਂ ਦਾ ਚੋਰ ਤੇ ਦੋਸ਼ੀ ਦੀਵਾਨ ਸੋਹਣ ਆਪ ਦੇ ਕੋਲ ਆ ਗਿਆ ਹੈ ਉਸ ਨੂੰ ਵਾਪਸ ਦੇ ਦੇਵੋ। ਉਹ ਰਾਜ ਦਾ ਦੋਸ਼ੀ ਹੈ ਉਸ ਨੂੰ ਡੰਨ ਦਿਤਾ ਜਾਵੇਗਾ।"

ਉਨ੍ਹਾਂ ਆਦਮੀਆਂ ਦੀ ਜ਼ਬਾਨੋਂ ਇਹ ਸੁਣਕੇ ਸਤਿਗੁਰੂ ਜੀ ਨੇ ਇਹ ਉੱਤਰ ਦਿਤਾ—"ਸਤਿਗੁਰੂ ਨਾਨਕ ਦੇਵ ਜੀ ਦਾ ਘਰ ਸਾਰਿਆਂ ਵਾਸਤੇ ਸਾਂਝਾ ਹੈ, ਏਥੇ ਜੋ ਆ ਜਾਵੇ, ਉਸ ਨੂੰ ਕਿਸੇ ਦੇ ਹਵਾਲੇ ਨਹੀਂ ਕੀਤਾ ਜਾਂਦਾ ਕਿਉਂਕਿ ਉਹ ਕਰਤਾਰ ਦੇ ਹਵਾਲੇ ਹੋ ਚੁਕਿਆ ਹੁੰਦਾ ਹੈ। ਉਹ ਏਥੇ ਕਰਤਾਰ ਦਾ ਭਜਨ ਕਰੇਗਾ। ਜੇ ਉਸ ਨੇ ਕੋਈ ਕੁਕਰਮ ਕੀਤਾ ਹੈ ਤਾਂ ਉਸਦਾ ਪਸਚਾਤਾਪ ਕਰੇਗਾ।" ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਆਦਮੀ ਮੁੜ ਗਏ। ਇਸ ਤਰਾਂ ਅਨੇਕਾਂ ਹੀ ਗਰੀਬ ਤੇ ਅਮੀਰ ਸਤਿਗੁਰੂ ਜੀ ਦੀ ਸ਼ਰਨ ਆਉਂਦੇ ਸਨ।

ਇਕ ਦਿਨ ਸਤਿਗੁਰੂ ਜੀ ਬਾਗ ਵਿਚ ਫਿਰ ਰਹੇ ਸਨ, ਆਪ ਦਾ ਜਾਮਾ ਬਹੁਤੀਆਂ ਕਲੀਆਂ ਵਾਲਾ ਸੀ। ਬਾਗ ਦੀ ਫੁਲਵਾੜੀ ਵਿਚ ਟਹਿਲਦਿਆਂ ਹੋਇਆਂ ਸਤਿਗੁਰੂ ਜੀ ਦੇ ਜਾਮੇਂ ਨਾਲ ਅੜਕੇ ਗੁਲਾਬ ਦੇ

ਫੁਲ ਟੁਟ ਗਏ। ਫੁਲਾਂ ਦੇ ਟਾਹਣੀ ਨਾਲੋਂ ਟੁਟਣ ਨੂੰ ਸਤਿਗੁਰੂ ਜੀ ਨੇ ਇਸਤਰਾਂ ਅਨਭਵ ਕੀਤਾ ਜਿਵੇਂ ਮਾਂ ਦੇ ਹਿਰਦੇ ਨਾਲੋਂ ਬਚੇ ਦੇ ਟੁਟ ਜਾਣ ਦਾ ਦੁਖ ਕਿਸੇ ਪ੍ਰਾਣੀ ਨੂੰ ਹੁੰਦਾ ਹੈ। ਕਿੰਨਾ ਚਿਰ ਫੁਲ ਵਲ ਵੇਖਦੇ ਰਹੇ ਆਖਰ ਇਹ ਫੈਸਲਾ ਕੀਤਾ ਕਿ ਅਗੇ ਤੋਂ ਆਪ ਕਦੀ ਵੀ ਜਾਮੇ ਨੂੰ ਖੁਲ੍ਹਾ ਛੱਡਕੇ ਬਾਗ ਵਿਚ ਨਹੀਂ ਟਹਿਲਣਗੇ। ਇਸ ਫੈਸਲੇ ਨੂੰ ਆਪ ਨੇ ਸਾਰੀ ਉਮਰ ਨਿਬਾਹਿਆ। ਫੁਲਾਂ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਆਖਦੇ ਫੁਲ ਤੇ ਬਚੇ ਵਾਹਿਗੁਰੂ ਦੀ ਸੁੰਦਰ ਕਿਰਤ ਤੇ ਉਹਦੀ ਕੋਮਲਤਾ ਤੇ ਮਹਾਨ ਸ਼ਕਤੀ ਦਾ ਪ੍ਰਗਟ ਰੂਪ ਹਨ। ਏਸੇ ਵਿਚਾਰ ਅਨੁਸਾਰ ਸਤਿਗੁਰੂ ਜੀ ਬਚਿਆਂ ਨਾਲ ਬਹੁਤ ਪਿਆਰ ਕਰਦੇ ਸਨ।

ਪਹਿਲੇ ਸਤਿਗੁਰੂ ਜੀ ਵਾਂਗ ਆਪ ਵੀ ਦਿਨ ਵਿਚ ਦੋ ਵਾਰ ਦੀਵਾਨ ਸਜਾਉਂਦੇ। ਗੁਰਬਾਣੀ ਦਾ ਕੀਰਤਨ ਹੁੰਦਾ ਤੇ ਆਈ ਸੰਗਤ ਨੂੰ ਗੁਰਮਤ ਦਾ ਉਪ-ਦੇਸ਼ ਦਿਤਾ ਜਾਂਦਾ। ਕਾਰ ਭਟਾ ਚੜ੍ਹਦੀ ਤੇ ਨਾਮ ਦਾਨ ਦੀ ਬਖਸ਼ਸ਼ ਹੁੰਦੀ।

ਸਤਿਗੁਰੂ ਜੀ ਜਿਥੇ ਆਤਮਕ ਸ਼ਕਤੀ ਤੇ ਵਾਹਿਗੁਰੂ ਦੇ ਨਾਮ ਸਿਮਰਨ ਨਾਲ ਆਤਮਕ ਰੋਗੀਆਂ ਦੇ ਰੋਗ ਦੂਰ ਕਰਦੇ ਸਨ ਉਥੇ ਸਰੀਰਾਂ ਦੇ ਰੋਗ ਦੂਰ ਕਰਨ ਵਾਸਤੇ ਆਪ ਨੇ ਇਕ ਔਸ਼ਧਾਲਿਆ (ਦਵਾਈ ਖਾਨਾ) ਖੁਲਵਾਇਆ ਤੇ ਦੋ ਯੋਗ ਵੈਦ ਰਖੇ। ਕੀਰਤਪੁਰ ਤੇ ਚੌਗਿਰਦੇ ਦੇ ਪਹਾੜੀ ਤੇ ਮੈਦਾਨੀ ਪਿੰਡਾਂ ਦੇ ਵਸਨੀਕ ਰੋਗਾਂ ਨੂੰ ਦੂਰ ਕਰਨ ਵਾਸਤੇ ਮੁਫਤ ਦਵਾਈ ਪ੍ਰਾਪਤ ਕਰਨ ਲਗੇ। ਸੈਂਕੜ ਹੀ ਰੋਗੀਆਂ ਦੇ ਰੋਗ ਦੂਰ ਹੋਣ ਲਗੇ। ਸਤਿਗੁਰੂ ਜੀ ਦੇ ਇਸ ਦਵਾਈ ਖਾਨੇ ਦੀ ਚਰਚਾ ਦੂਰ ਦੂਰ ਤਕ ਹੋਣ ਲਗੀ। ਏਥੋਂ ਤਕ ਕਿ ਦਿੱਲੀ ਦੇ ਮੁਗਲ ਸਮਰਾਟ ਸ਼ਾਹ ਜਹਾਨ ਨੇ ਵੀ ਆਪਣੇ ਪੁਤ੍ਰ ਦਾਰਾਸ਼ਕੋਹ ਨੂੰ ਰਾਜੀ ਕਰਨ ਵਾਸਤੇ ਏਸੇ ਦਵਾਈ ਖਾਨੇ ਵਿਚੋਂ ਮੋਟੀਆਂ ਹਰੜਾਂ ਤੇ ਮੋਟੇ ਲੌਂਗ ਮੰਗਵਾਏ ਸਨ, ਜੋ ਸਾਰੇ ਦੇਸ਼ ਦੇ ਕਿਸੇ ਦਵਾਈ ਖਾਨੇ ਵਿਚੋਂ ਨਹੀਂ ਸਨ ਮਿਲੇ। ਪਰਬਤਾਂ ਦੀਆਂ ਚੋਟੀਆਂ ਤੇ ਜੰਗਲਾਂ ਵਿਚੋਂ ਜੜੀ ਬੂਟੀਆਂ ਇਕਤ੍ਰ ਕਰਵਾਈਆਂ ਜਾਂਦੀਆਂ ਸਨ, ਹਰ ਕੰਮ ਪ੍ਰੇਮ ਤੇ ਭਗਤੀ ਆਸਰੇ ਹੁੰਦਾ ਸੀ।

੪. ਦੇਸ਼ ਦਾ ਰਾਜਸੀ-ਵਾਯੂ ਮੰਡਲ

ਸਤਿਗੁਰੂ ਹਰਿਰਾਇ ਸਾਹਿਬ ਸੰ: ੧੬੪੪ ਈਸਵੀ ਵਿਚ ਗੁਰਗਦੀ ਉਤੇ ਬੈਠੇ। ਉਹ ਦਿਨ ਮੁਗਲ ਸਮਰਾਟ ਸ਼ਾਹ ਜਹਾਨ ਦੇ ਰਾਜ ਦੇ ਸੁਨਹਿਰੀ ਦਿਨ ਸਨ, ਉਹ ਸਾਰੇ ਹਿੰਦੁਸਤਾਨ ਦਾ ਬਾਦਸ਼ਾਹ ਸੀ ਤੇ ਬਲਖ ਬੁਖਾਰੇ ਤੇ ਕਾਬਲ ਤਕ ਮੁਗਲ ਰਾਜ ਨੂੰ ਚੌੜਾ ਕਰਨ ਦੇ ਸੁਪਨੇ ਲੈ ਰਿਹਾ ਸੀ। ਉਹਦੇ ਚਾਰੇ ਪੁਤ੍ਰ ਦਾਰਾ-ਸ਼ਿਕੋਹ, ਸ਼ੁਜਾਹ, ਔਰੰਗਜ਼ੇਬ ਤੇ ਮੁਰਾਦ ਸਿਆਣੇ ਫੌਜੀ ਸਨ ਤੇ ਦੋਹਾਂ ਸੂਬਿਆਂ ਦੇ ਗਵਰਨਰ ਸਨ। ਸ਼ਾਹਜ਼ਹਾਨ ਆਗਰੇ ਤੇ ਦਿੱਲੀ ਵਿਚ ਨਵੀਆਂ ਇਮਾਰਤਾਂ ਬਣਾ-ਉਣ ਵਿਚ ਰੁਝਾ ਹੋਇਆ ਸੀ। ਤਾਜ ਮਹਲ ਆਗਰਾ, ਜਾਮਾ ਮਸਜਦ ਤੇ ਲਾਲ ਕਿਲਾ ਦਿਲੀ ਦੀ ਉਸਾਰੀ ਜੋਰਾਂ ਉਤੇ ਸੀ। ਲਾਲ ਕਿਲੇ ਵਿਚ ਸਵਰਗ ਦੀ ਨਹਿਰ,ਰੰਗ ਮਹਿਲ ਤੇ ਦੀਵਾਨੇ ਖਾਸ ਬਣ ਰਿਹਾ ਸੀ। ਦੀਵਾਨੇ ਖਾਸ ਵਿਚ ਤਖਤੇ ਤਾਊਸ (ਹੀਰਿਆਂ, ਲਾਲਾਂ ਸੋਨੇ ਤੇ ਚਾਂਦੀ ਜੜਤ ਮੋਰ ਵਰਗਾ ਤਖਤ ਤੇ ਹੇਠਾਂ ਸੰਗੇਮਰਮਰ ਦੀ ਕੁਰਸੀ) ਤਿਆਰ ਕੀਤਾ ਜਾ ਰਿਹਾ ਸੀ। ਜਿਸ ਇਕੱਲੇ ਤਖਤ ਉਤੇ ਪੌਣੇ ਅੱਠ ਕਰੋੜ ਰੁਪਿਆ ਖਰਚ ਆਇਆ ਸੀ। ਹਿੰਦੂਆਂ ਨੂੰ ਤੰਗ ਕਰਨ ਦਾ ਬਹੁਤਾ ਦੌਰ ਦੌਰਾ ਨਹੀਂ ਸੀ।

ਸੰਨ ੧੬੩੯ ਈਸਵੀ ਦੇ ਨੇੜੇ ਪੰਜਾਬ ਦੇ ਰਾਜਸੀ ਤੇ ਸਰਕਾਰੀ ਪ੍ਰਬੰਧ ਦੇ ਹਾਲਾਤ ਬਹੁਤ ਖਰਾਬ ਹੋ ਗਏ ਸਨ। ਪੰਜਾਬ ਵਿਚ ਸਤਿਗੁਰੂ ਜੀ ਦੀ ਸਿਖੀ ਬਹੁਤ ਸੀ ਪਰ ਹਾਕਮ ਸਿੱਖੀ ਦਾ ਵਾਧਾ ਨਹੀਂ ਸਨ ਚਾਹੁੰਦੇ,ਉਹ ਸਿਖੀ ਦਾਪ੍ਰਚਾਰ ਇਸਲਾਮ ਵਾਸਤੇ ਖਤਰਾ ਅਨੁਭਵ ਕਰਦੇ ਸਨ। ਸਤਿਗੁਰੂ ਜੀ ਨੇ ਸ਼ਾਹੀ ਫੌਜਾਂ ਨੂੰ ਹਾਰ ਦਿਤੀ। ਹਾਲਾਤ ਵਿਗੜੇ ਦੇਖਕੇ ਸ਼ਾਹ ਜਹਾਨ ਨੇ ਆਪਣੇ ਪੁਤ੍ਰ ਦਾਰਾ ਸ਼ਿਕੋਹ ਨੂੰ ਲਾਹੌਰ ਦਾ ਗਵਰਨਰ ਮੁਕਰਰ ਕਰ ਦਿਤਾ। ਦਾਰਾ ਸ਼ਿਕੋਹ ਬਾਦਸ਼ਾਹ ਸ਼ਾਹ-ਜਹਾਨ ਦਾ ਵਡਾ ਪੁਤ੍ਰ ਸੀ, ਉਸ ਸਮੇਂ ਇਹਦੀ ਉਮਰ ੨੬-੨੭ ਸਾਲ ਸੀ ਇਹ ਫਕੀਰੀ ਤੇ ਸੰਤ-ਮਤ ਵਿਚਾਰਾਂ ਵਾਲਾ ਸੀ। ਲਾਹੌਰ ਦੇ ਸੂਫੀ ਫਕੀਰ ਮੀਆਂ ਮੀਰ ਦਾ ਚੇਲਾ ਸੀ। ਇਸਨੇਵੇਦ, ਪੁਰਾਣ, ਉਪਨਿਸ਼ਦ, ਰਾਮਾਇਣ ਤੇ ਗੀਤਾ ਆਦਿਕ ਹਿੰਦੂ ਗ੍ਰੰਥਾਂ ਨੂੰ ਪੜ੍ਹਿਆ ਤੇ ਸੁਣਿਆਂ ਸੀ। ਕੁਰਾਨ ਤੇ ਇੰਜੀਲ ਦਾ ਹਾਫਜ਼ ਸੀ।

ਇਹ ਅਕਬਰ ਵਾਂਗ ਸਭ ਨਾਲ ਪਿਆਰ ਰਖਣਾ ਚਾਹੁੰਦਾ ਸੀ, ਪਰ ਇਸ ਦਾ ਛੋਟਾ ਭਰਾ ਇਸ ਨੂੰ ਕਾਫਰ ਕਰਾਰ ਦੇ ਕੇ ਸੁਨੀ ਮੁਨਲਮਾਨਾਂ ਨੂੰ ਇਸ ਦੇ ਵਿਰੁਧ ਭੜ-ਕਾਉਂਦਾ ਸੀ। ਅਗੇ ਜਾਕੇ ਦਸਿਆ ਜਾਵੇਗਾ ਕਿ ਇਹਦੀ ਮੌਤ ਵੇਲੇ ਵੀ ਔਰੰਗ-ਜ਼ੇਬ ਨੇ ਇਹਦੇ ਸੂਫੀਪਨ ਤੋਂ ਲਾਭ ਉਠਾਇਆ ਸੀ। ਦਾਰਾ ਸ਼ਿਕੋਹ ਗੁਰੂ ਘਰ ਦਾ ਸ਼ਰਧਾਲੂ ਸੀ, ਲਾਹੌਰ ਦਾ ਗਵਰਨਰ ਬਣਦੇ ਸਾਰ ਉਸਨੇ ਹੁਕਮ ਜਾਰੀ ਕੀਤਾ ਕਿ ਕਿਸੇ ਸਾਧੂ, ਸੰਤ ਨੂੰ ਦੁਖੀ ਨਾ ਕੀਤਾ ਜਾਵੇ। ਸ਼ਾਇਦ ਉਸਦੀ ਅਮਨ ਦੀ ਪਾਲਸੀ ਦਾ ਵਿਚਾਰ ਕਰਕੇ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਫੌਜੀ ਸ਼ਕਤੀ ਘਟ ਕਰ ਦਿੱਤੀ ਸੀ। ਦਾਰਾ ਸ਼ਿਕੋਹ ਦੇ ਸ਼ਰਧਾਲੂ ਹੋਣ ਦਾ ਇਕ ਹੋਰ ਵੀ ਕਾਰਨ ਹੈ ਉਹ ਇਹ ਕਿ ਦਾਰਾ ਸ਼ਿਕੋਹ ਨੂੰ ਉਹਦੇ ਭਰਾ ਔਰੰਗਜ਼ੇਬ ਨੇ ਸ਼ੇਰ ਦੀ ਮੁਛ ਦਾ ਵਾਲ ਖੁਵਾ ਦਿਤਾ ਸੀ। ਸ਼ੇਰ ਦੀ ਮੁਛ ਦਾ ਵਾਲ ਇਸ ਵਾਸਤੇ ਖੁਆਇਆ ਸੀ ਕਿ ਦਾਰਾ ਸ਼ਿਕੋਹ ਘੁਲ ਘੁਲ ਕੇ ਮਰ ਜਾਵੇ ਤੇ ਰਾਜ ਤਖਤ ਉਤੇ ਨਾ ਬੈਠੇ। ਵੈਦਾਂ ਤੇ ਹਕੀਮਾਂ ਨੂੰ ਪਤਾ ਤਾਂ ਲਗਾ ਪਰ ਇਲਾਜ ਨਾ ਕਰ ਸਕੇ। ਇਕ ਹਕੀਮ ਨੇ ਕਿਹਾ ਕਿ ਜੇ ਦਸ ਤੋਲੇ ਦੀ ਹਰੜ ਤੇ ਇਕ ਮਾਸੇ ਦਾ ਲੌਂਗ ਲਭੇ ਤਾਂ ਦਾਰਾ ਸ਼ਿਕੋਹ ਰਾਜੀ ਹੋ ਸਕਦਾ ਹੈ। ਸਾਰੇ ਦੇਸ਼ ਵਿਚੋਂ ਇਸ ਵਸਤੂ ਦੀ ਖੋਜ ਕੀਤੀ ਗਈ, ਪਰ ਕਿਤਿਓਂ ਨਾ ਲਭੀ। ਆਖਰ ਪੀਰ ਹਸਨ ਅਲੀ ਚਿਸ਼ਤੀ ਨੇ ਬਾਦਸ਼ਾਹ ਨੂੰ ਦਸਿਆ ਕਿ ਗੁਰੂ ਹਰਿ ਰਾਇ ਸਾਹਿਬ ਜੀ ਦੇ ਦੁਵਾਈ ਖਾਨੇ ਵਿਚ ਦੋਵੇਂ ਚੀਜ਼ਾਂ ਹਨ। ਬਾਦਸ਼ਾਹ ਨੇ ਸੁਣਦੇ ਸਾਰ ਦੋ ਆਦਮੀ ਕੀਰਤਪੁਰ ਭੇਜੇ, ਉਨ੍ਹਾਂ ਨੇ ਹਰੜ ਤੇ ਲੌਂਗ ਵਾਸਤੇ ਸਤਿਗੂਰੂ ਜੀ ਅਗੇ ਬੇਨਤੀ ਕੀਤੀ। ਪ੍ਰੇਮ ਦੇ ਸਾਗਰ ਤੇ ਦਇਆ ਤੇ ਘਰ ਨਿਰਭਉ ਨਿਰਵੈਰ ਸਤਿਗਰੂ ਜੀ ਨੇ ਦੋਵੇਂ ਚੀਜ਼ਾਂ ਦੇ ਦਿਤੀਆਂ। ਦਾਰਾ ਸ਼ਿਕੋਹ ਰਾਜੀ ਹੋ ਗਿਆ। ਸੰਮਤ ੧੭੦੭ ਬਿ: ਵਿਚ ਉਹ ਲਾਹੌਰ ਨੂੰ ਜਾਂਦਾ ਹੋਇਆ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਕੀਰਤਪੁਰ ਪੁਜਾ। ਉਸਦਾ ਵਿਚਾਰ ਸੀ ਇਕ ਤਾਂ ਉਹ ਸਤਿਗੁਰੂ ਜੀ ਦਾ ਧੰਨਵਾਦ ਕਰੇ ਦੂਸਰਾ ਗੁਰੂ ਨਾਨਕ ਦੇਵ ਜੀ ਦੇ ਭੰਡਾਰ ਵਿਚੋਂ ਗੁਰਬਾਣੀ ਰੂਪ ਅਮੋਲਕ ਰਤਨਾਂ (ਬਚਨਾਂ) ਨੂੰ ਸਰਵਨ) ਕਰੇ। ਜਦ ਉਹ ਕੀਰਤਪੁਰ ਪੁਜਾ ਤਾਂ ਸਤਿਗੁਰੂ ਜੀ ਦੇ ਸਿੱਖਾਂ ਗੁਰੂ ਘਰ ਦੇ ਮਸੰਦਾ ਨੇ ਜੀ ਆਇਆ ਆਖਿਆ। ਇਕ ਨਵੇਕਲੀ ਥਾਂ ਡੇਰਾ ਕਰਵਾ ਕੇ

ਸਤਕਾਰ ਕੀਤਾ। ਜਦ ਉਸਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਬਹੁਤ ਨਿਹਾਲ ਹੋਇਆ। ਛੋਟੀ ਆਯੂ ਵਿਚ ਹੀ ਸਤਿਗੁਰੂ ਜੀ ਬਹੁਤ ਆਤਮਿਕ ਸ਼ਕਤੀ ਵਾਲੇ ਸਨ। ਦਾਰਾ ਸ਼ਿਕੋਹ ਨੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਿਆ। ਉਸਨੇ ਗਵਰਨਰ ਲਾਹੌਰ ਹੋਣ ਦੀ ਹੈਸੀਅਤ ਵਿਚ ਗੁਰੂ ਕੇ ਲੰਗਰ ਦੇ ਨਾਮ ਜਗੀਰ ਲਾਉਣੀ ਚਾਹੀ ਪਰ ਸਤਿਗੁਰੂ ਜੀ ਨੇ ਪ੍ਰਵਾਨ ਨਾ ਕੀਤੀ ਤੇ ਉਸਨੂੰ ਕਿਹਾ ਕਿ ਗੁਰੂ ਕੇ ਲੰਗਰ ਵਾਸਤੇ ਕਿਸੇ ਰਾਜੇ ਦੀ ਜਗੀਰ ਦੀ ਲੋੜ ਨਹੀਂ ਅਕਾਲ ਪੁਰਖ ਆਪ ਹੀ ਲੰਗਰ ਚਲਾਵੇਗਾ। ਸਤਿਗੁਰੂ ਜੀ ਨੇ ਦਾਰਾ ਸ਼ਿਕੋਹ ਨੂੰ ਸਿਰੋ ਪਾਓ ਬਖਸ਼ਿਆ। ਉਹ ਬਹੁਤ ਪ੍ਰਸੰਨ ਹੋਕੇ ਲਾਹੌਰ ਨੂੰ ਚਲਿਆ ਗਿਆ।

੫. ਰੂਮ ਦੇ ਸੈਲਾਨੀਨੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ

ਸਤਾਰਵੀਂ ਸਦੀ ਦੇ ਸ਼ੁਰੂ ਵਿਚ ਯੂਰਪੀਅਣ ਲੋਕ ਹਿੰਦੁਸਤਾਨ ਆਉਣੇ ਸ਼ੁਰੂ ਹੋਏ ਸਨ। ਕੋਈ ਸੁਦਾਗਰ ਦੇ ਰੂਪ ਵਿਚ ਆਉਂਦਾ ਸੀ ਤੇ ਕੋਈ ਸੈਲਾਨੀ ਦੇ, ਜਾਂ ਧਾਰਮਕ ਮੁਖੀਆਂ ਦੇ ਰੂਪ ਵਿਚ ਹਿੰਦ ਆ ਵੜਦਾ ਸੀ। ਅਸਲ ਵਿਚ ਪਛਮੀ ਕੌਮਾਂ ਨੇ ਹਿੰਦ ਦੀ ਸੋਭਾ ਸੁਣੀ ਸੀ। ਹਿੰਦ ਦੀਆਂ ਵਸਤੂਆਂ ਤੇ ਹਿੰਦ ਦੀ ਦੌਲਤ ਵਲ ਉਨ੍ਹਾਂ ਦਾ ਧਿਆਨ ਹੋਇਆ ਸੀ। ਉਹ ਲੋਕ ਹਿੰਦ ਵਿਚ ਅੱਡੇ ਕਾਇਮ ਕਰਨਾ ਚਾਹੁੰਦੇ ਸਨ। ਇਟਲੀ ਦੀ ਰਾਜਧਾਨੀ ਰੂਮ ਸ਼ਹਿਰ ਸੀ, ਰੂਮ ਰਾਜ ਉਸ ਵੇਲੇ ਬੜਾ ਇਕਬਾਲੀ ਰਾਜ ਸੀ, ਈਸਾਈ ਮਤ ਦਾ ਕੇਂਦਰ ਸੀ, ਈਸਾਈ ਬਾਦਸ਼ਾਹ ਸੀ। ਈਸਾਈ ਮਤ ਦੇ ਪ੍ਰਚਾਰ ਵਾਸਤੇ ਈਸਾਈ ਬਾਦਸ਼ਾਹ ਦਾ ਭੇਜਿਆ ਹੋਇਆ ਇਕ ਵਕੀਲ (ਸੈਲਾਨੀ ਦੇ ਭੇਸ ਵਿਚ) ਹਿੰਦ ਆਇਆ। ਉਸਨੇ ਕਾਬਲ ਤੋਂ ਰਾਸਕੁਮਾਰੀ ਤੇ ਕਲਕਤੇ ਤੋਂ ਸਿੰਧ ਤਕ ਅਤੇ ਪਵਿਤ੍ਰ ਹਿਮਾਲੀਆ ਪਰਬਤ ਦੇ ਇਲਾਕੇ ਦੀ ਸੈਰ ਕੀਤੀ। ਏਥੋਂ ਦੇ ਰਾਜਸੀ, ਧਾਰਮਿਕ ਤੇ ਸਮਾਜਕ ਮਹੌਲ ਨੂੰ ਚੰਗੀ ਤਰ੍ਹਾਂ ਸਮਝਿਆ। ਉਸ ਸਮੇਂ ਦੇ ਫ਼ਕੀਰਾਂ ਵਿਦਵਾਨ ਪੰਡਤਾਂ ਤੇ ਸੰਤਾਂ ਮਹਾਤਮਾਂ ਨੂੰ ਮਿਲਿਆ। ਜਦੋਂ ਉਹ

ਹਰਦੁਆਰ ਵਲੋਂ ਪੰਜਾਬ ਨੂੰ ਮੁੜਿਆ ਤਾਂ ਉਸਨੂੰ ਸਤਿਗੁਰੂ ਜੀ ਦੀ ਖਬਰ ਮਿਲੀ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਕੀਰਤਪੁਰ ਆ ਪੁਜਾ।

ਜਦੋਂ ਉਸ ਨੇ ਸਤਿਗੁਰੂ ਜੀ ਦੇ ਰੱਬੀ ਨੂਰ ਵਾਲੇ ਪ੍ਰਭਾਵਸ਼ਾਲੀ ਚੇਹਰੇ ਨੂੰ ਦੇਖਿਆ ਤਾਂ ਦੰਗ ਰਹਿ ਗਿਆ। ਉਸਨੇ ਮਸੰਦਾਂ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਸਾਰਾ ਗੁਰ-ਇਤਿਹਾਸ ਸਰਵਨ ਕੀਤਾ। ਵਾਹਿਗੁਰੂ ਦੀ ਅਪਾਰ ਸ਼ਕਤੀ ਦਾ ਜਲਵਾ ਉਸਦੇ ਜੀਵਨ ਨੂੰ ਪਲਟਨ ਵਾਲਾ ਸੀ। ਉਸਨੇ ਸਤਿਗੁਰਾਂ ਦੀ ਬਾਣੀ ਸਰਵਨ ਕੀਤੀ ਤੇ ਉਸਦਾ ਭਾਵ ਸਿਆਣੇ ਬੰਦਿਆਂ ਪਾਸੋਂ ਸਮਝਣ ਦਾ ਯਤਨ ਕੀਤਾ। ਉਸਨੇ ਸਤਿਗੁਰੂ ਜੀ ਅਗੇ ਸੁਵਾਲ ਕੀਤਾ—'ਸਚੇ ਪਾਤਸ਼ਾਹ! ਅਵਤਾਰ ਤੇ ਪੈਗੰਬਰ ਬਹੁਤ ਹੋਏ ਹਨ। ਹਿੰਦ ਦੇ ਸ੍ਰੀ ਕ੍ਰਿਸ਼ਨ, ਸ੍ਰੀ ਰਾਮ ਚੰਦ੍ਰ, ਪਛਮ ਦੇ ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਈਸਾ ਮਸੀਹ ਅਤੇ ਮੂਸਾ ਆਦਿਕ ਅਤੇ ਆਪ ਦੇ ਗੁਰੂ (ਸ੍ਰੀ ਗੁਰੂ) ਨਾਨਕ ਦੇਵ ਜੀ, ਦਸੋ ਇਨ੍ਹਾਂ ਵਿਚੋਂ ਕੇਹੜਾ ਚੰਗਾ ਹੈ, ਜੋ ਦਰਗਾਹੇ ਮਨੁਖ ਦੀ ਸਹਾਇਤਾ ਕਰ ਸਕਦਾ ਹੈ?' ਇਸ ਸੁਵਾਲ ਦੇ ਜੁਵਾਬ ਵਿਚ ਸਤਿਗੁਰੂ ਜੀ ਨੇ ਫੁਰਮਾਇਆ—'ਅਵਤਾਰ ਤੇ ਪੈਗੰਬਰ ਮਨੁਖ ਨੂੰ ਗਿਆਨ ਦੀ ਰੋਸ਼ਨੀ ਬਖਸ਼ਦੇ ਹਨ। ਉਹ ਵਾਹਿਗੁਰੂ ਦੀ ਜਾਣ-ਪਛਾਣ ਕਰਾਉਂਦੇ ਤੇ ਉਹਦੇ ਨਾਲ ਮਿਲਣ ਤੇ ਨਰਕਾਂ ਤੋਂ ਬਚਨ ਦਾ ਰਾਹ ਦਸਦੇ ਹਨ। ਦਰਗਾਹੇ ਸਹਾਈ ਹੁੰਦੇ ਨੇ ਮਨੁਖ ਦੇ ਚੰਗੇ ਕਰਮ ਤੇ ਵਾਹਿਗੁਰੂ ਦੀ ਭਗਤੀ।'

ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥
ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥
ਭਜੁ ਸਾਧ ਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥

(ਆਸਾ ਮ: ੫)

(ਤਿਸਦਾ ਪ੍ਰਮਾਰਥ—ਚੰਗੇ ਕੰਮ ਕਰੀਏ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੀਏ ਤਾਂ ਨਰਕਾਂ ਨੂੰ ਕਦੀ ਨਹੀਂ ਜਾਈਦਾ। ਹਰੀ ਦਾ ਸਿਮਰਨ ਅੱਠੇ ਪਹਿਰ ਸੁਵਾਸ ਸੁਵਾਸ ਨਾਲ ਜਪਣਾ ਚਾਹੀਦਾ ਹੈ। ਓਹੋ ਹੀ ਦਰਗਾਹੇ ਜਾਵੇਗਾ ਤੇ ਧਰਮਰਾਜ ਕੋਲ ਗੁਵਾਹੀ ਦੇਵੇਗਾ। ਸਾਧ ਸੰਗਤ ਵਿਚ ਬੈਠ

ਸਿਮਰਨ ਕਰ ਤੇ ਸੁਣ ਤਾਂ ਜੋ ਮਾੜੇ ਕਰਮਾਂ ਦੀ ਜੋ ਮੈਲ ਹੈ ਉਹ ਵੀ ਉਤਰਜਾਵੇਗੀ।

'ਹਰਿ ਏਕ ਬਿਨੁ ਕਛੁ ਅਵਰ ਨਾਹੀ ਭਾਉ ਦੁਤੀਆ ਜਾਈਐ।'

ਇਕਲੇ ਹਰੀ ਤੋਂ ਬਿਨਾ ਕੋਈ ਨਹੀਂ ਜੋ ਦੂਸਰੇ ਡਰ ਨੂੰ ਦੂਰ ਕਰੇ। ਜੋ ਮਨੁਖ ਕਰਮ ਤਾਂ ਮਾੜੇ ਕਰੇ, ਵਾਹਿਗੁਰੂ ਦੇ ਨਾਮ ਦਾ ਸਿਮਰਨ ਨਾ ਕਰੇ, ਤੇ ਸਿਰਫ ਇਹ ਕਹੇ—'ਉਹ ਈਸਾ, ਹਜ਼ਰਤ ਮੁਹੰਮਦ ਜਾਂ ਸ੍ਰੀ ਕ੍ਰਿਸ਼ਨ ਜੀ ਦਾ ਭਗਤ ਹੈ' ਉਹ ਕਦੀ ਨਰਕਾਂ ਤੋਂ ਨਹੀਂ ਬਚ ਸਕਦਾ। ਕਰਮਾਂ ਦਾ ਫਲ ਜੀਵ ਭੁਗਤਦਾ ਹੈ। ਸਿਖੀ ਜੀਵਨ ਕਰਮ ਦਸਦਾ ਹੈ। ਅਮਲਾਂ ਦੇ ਨਬੇੜੇ ਹੁੰਦੇ ਹਨ।'

ਸਤਿਗੁਰੂ ਜੀ ਦੇ ਉਤਰ ਨੂੰ ਸੁਣਕੇ ਰੂਮ ਦਾ ਵਕੀਲ ਬਹੁਤ ਪ੍ਰਸੰਨਹੋਇਆ, ਉਸਨੇ ਸਤਿਗੁਰੂ ਜੀ ਨੂੰ ਨਿਮਸ਼ਕਾਰ ਕੀਤੀ ਤੇ ਆਪਣੇ ਸਫਰਨਾਮੇ ਵਿਚ ਸਤਿਗੁਰੂ ਜੀ ਦੀ ਬਹੁਤ ਉਸਤਤ ਲਿਖੀ।

੬. ਪਹਾੜੀ ਰਾਜਿਆਂ ਦਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਣਾ

ਕੀਰਤਪੁਰ ਤੇ ਅਨੰਦ ਪੁਰ ਦੇ ਉਤਰ ਤੇ ਚੜ੍ਹਦੇ ਵਲ ਪਹਾੜ ਹਨ, ਇਨ੍ਹਾਂ ਪਹਾੜਾਂ ਵਿਚ ਛੋਟੇ ਵਡੇ ਬਾਈ ਹਿੰਦੂ ਰਾਜੇ ਸਨ ਜਿਨ੍ਹਾਂ ਨੂੰ 'ਬਾਈ ਧਾਰ' ਦੇ ਰਾਜੇ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਰਾਜਿਆਂ ਵਿਚੋਂ ਕਹਿਲੂਰ, ਬਿਲਾਸਪੁਰ ਹੰਡੂਰ, ਚੰਬਾ ਤੇ ਮੰਡੀ ਆਦਿਕ ਵਡੇ ਰਾਜੇ ਸਨ ਜੋ ਮੁਗਲ ਹਕੂਮਤ ਤੋਂ ਬਹੁਤ ਡਰਦੇ ਸਨ। ਮੁਸਲਮਾਨਾਂ ਦੇ ਜ਼ੁਲਮਾਂ ਤੋਂ ਡਰਦਿਆਂ ਮਾਰਿਆਂ ਨੇ ਦੇਵੀ ਦੇਵਤਿਆਂ ਦੇ ਮੰਦਰ ਵੀ ਬਹੁਤ ਉੱਚੀ ਥਾਂ ਪਹਾੜਾਂ ਦੀਆਂ ਚੋਟੀਆਂ ਉਤੇ ਬਣਾਏ ਹੋਏ ਸਨ।

ਜਦੋਂ ਇਨ੍ਹਾਂ ਰਾਜਿਆਂ ਨੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਜੰਗਾਂ ਦਾ ਹਾਲ ਸੁਣਿਆਂ ਤੇ ਗੁਰੂ ਹਰਿਰਾਇ ਸਾਹਿਬ ਜੀ ਦੀ ਵਡਿਆਈ ਸੁਣੀ ਤਾ ਕੁਝ ਰਾਜੇ ਇਕੱਠੇ ਹੋਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆ ਗਏ। ਰਾਜਾ ਬਿਲਾਸ ਪੁਰ ਤੇ ਹੰਡੂਰ ਉਨ੍ਹਾਂ ਰਾਜਿਆਂ ਦੇ ਮੁਖੀ ਸੀ।

ਰਾਜਿਆਂ ਨੇ ਰਾਹ ਵਿਚ ਸਲਾਹ ਕੀਤੀ ਕਿ ਦੇਖੀਏ ਗੁਰੂ ਜੀ ਕੋਈ ਸ਼ਕਤੀ ਵੀ ਰਖਦੇ ਹਨ ? ਉਨ੍ਹਾਂ ਚਿਤ ਵਿਚ ਸੋਚਿਆ ਜੇ ਗੁਰੂ ਜੀ ਸਚ ਮੁਚ

ਅਵਤਾਰ ਹਨ ਤਾਂ ਅਸਾਂ ਨੂੰ ਗਰਮ ਗਰਮ ਕੜਾਹ ਪ੍ਰਸ਼ਾਦ ਖਵਾਉਣ, ਅਸਾਂ ਇਹ ਸਲਾਹ ਕੀਤੀ ਹੈ ਇਹ ਦਸਣ। ਇਹ ਵਿਚਾਰਕੇ ਉਹ ਕੀਰਤਪੁਰ ਆ ਪੁਜੇ। ਮਸੰਦਾਂ ਤੇ ਸਿੱਖਾਂ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਬਾਉਂ ਬਾਈਂ ਸਤਕਾਰ ਨਾਲ ਡੇਰੇ ਲਵਾਏ ਗਏ। ਜਦ ਉਹ ਤੰਬੂ ਲਾ ਕੇ ਬੈਠ ਗਏ ਤਾਂ ਮਸੰਦਾਂ ਨੇ ਅੱਡੋ ਅੱਡੀ ਸਭ ਨੂੰ ਸੁਨੇਹਾ ਦਿਤਾ 'ਕਿ ਸਤਿਗੁਰੂ ਜੀ ਨੇ ਆਪ ਲੋਕਾਂ ਵਾਸਤੇ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਹੈ ਉਹ ਗਰਮ ਗਰਸ ਛਕਣ ਵਾਸਤੇ ਗੁਰੂ ਕੇ ਲੰਗਰ ਵਿਚ ਚਲੋ ਗੁਰੂ ਜੀ ਦਾ ਹੁਕਮ ਹੈ।'

ਸਾਰੇ ਰਾਜੇ ਇਕੱਠੇ ਹੋਕੇ ਗੁਰੂ ਕੇ ਲੰਗਰ ਵਿਚ ਜਾ ਬੈਠੇ ਲੰਗਰ ਦੀ ਇਮਾਰਤ ਬਹੁਤ ਸਾਫ ਸੁਥਰੀ ਸੀ ਛੋਟੇ ਛੋਟੇ ਮੂਹੜੇ ਬੈਠਣ ਵਾਸਤੇ ਸਨ ਪਿਤਲ ਤੇ ਕੈਂਹ ਦੇ ਬਰਤਨਾ ਵਿਚ ਗਰਮ ਗਰਮ ਕੜਾਹ ਪ੍ਰਸ਼ਾਦ ਛਕਾਇਆ ਗਿਆ। ਉਸ ਪ੍ਰਸ਼ਾਦ ਵਿਚ ਸਵਾਦ ਤੇ ਰਸ ਨਿਰਾਲਾ ਸੀ, ਜਿਉਂ੨ ਰਾਜੇ ਛਕਦੇ ਜਾਂਦੇ ਸਨ ਤਿਉਂ ਤਿਉਂ ਉਨ੍ਹਾਂ ਦੇ ਮਨਾਂ ਵਿਚੋਂ ਹੰਕਾਰ ਨਸ਼ਟ ਹੁੰਦਾ ਜਾਂਦਾ ਸੀ, ਸੁਤੇਸਿਧ ਹੀ ਗਿਆਨ ਹੋ ਰਿਹਾ ਸੀ "ਘਟ ਘਟ ਦੀ ਜਾਨਣ ਹਾਰ ਦਾਤਾਰ, ਸਚੇ ਸਤਿਗੁਰੂ ਜੀ ਹਨ" ਉਨ੍ਹਾ ਦੀਆਂ ਜ਼ਬਾਨਾਂ ਆਖਣ ਲਗ ਪਈਆਂ ਸਨ।

ਰਾਜੇ ਅਜੇ ਪ੍ਰਸ਼ਾਦ ਛਕ ਹੀ ਰਹੇ ਸਨ ਕਿ ਸਤਿਗੁਰੂ ਜੀ ਨੇ ਗੁਰੂ ਕੇ ਲੰਗਰ ਵਿਚ ਆ ਚਰਨ ਪਾਏ। ਸਤਿਗੁਰੂ ਜੀ ਨੇ ਰਾਜਿਆਂ ਨੂੰ ਪਛਿਆ—'ਸੁਣਾਓ ਰਾਜਨ! ਮਨ ਦੀ ਇਛਾ ਪੂਰਨ ਹੋਈ? ਗਰਮ ਗਰਮ ਕੜਾਹ ਪ੍ਰਸ਼ਾਦ ਖਾਣ ਦਾ ਵਿਚਾਰ ਕੀਤਾ ਸੀ ਪੂਰਾ ਹੋ ਗਿਆ?'

'ਹੋ ਗਿਆ! ਅਸਾਂ ਨੂੰ ਖਿਮਾਂ ਬਖਸ਼ਣੀ, ਅਸਾਂ ਅਗਿਆਨੀ ਪੁਰਖਾਂ ਨੇ ਆਪ ਨੂੰ ਪਰਖਣ ਦਾ ਵਿਚਾਰ ਚਿਤ ਵਿਚ ਚਿਤਵਿਆ" ਰਾਜਿਆਂ ਦਾ ਉਤਰ ਸੀ।

ਇਸ ਦੇ ਪਿਛੋਂ ਰਾਜਿਆਂ ਨੇ ਸਤਿਗੁਰੂ ਜੀ ਦੇ ਖੁਲੇ ਦਰਸ਼ਨ ਕੀਤੇ ਤੇ ਗੁਰਮਤ ਦਾ ਉਪਦੇਸ਼ ਸਰਵਨ ਕੀਤਾ। ਬਹੁਤ ਸਾਰਾ ਪਦਾਰਥ ਗੁਰੂ ਜੀ ਜੀ ਭੇਟਾ ਕਰਕੇ ਜਨਮ ਸਫਲਾ ਕੀਤਾ।

★

੭. ਭਾਈ ਗੋਂਦੇ ਦੀ ਗੁਰ ਚਰਨਾਂ ਨਾਲ ਪ੍ਰੀਤ

"ਚਰਣ ਕਮਲ ਸਿਉ ਲਾਗੋ ਮਾਨੁ ॥ ਸਤਿਗੁਰਿ ਤੂਠੈ ਕੀਨੋ ਦਾਨ ॥"
(ਆਸਾ ਮ: ੫)

ਬਿਕ੍ਰਮੀ ਦੀ ਅਠਾਰਵੀਂ ਸਦੀ ਦੇ ਆਦਿ ਵਿਚ ਸਤਿਗੁਰੂ ਜੀ ਭਗਤੀ ਤੇ ਪ੍ਰੇਮ ਦੇ ਵਡੇ ਅਵਤਾਰ ਹੋਏ ਹਨ। ਆਪ ਦੇ ਪ੍ਰੇਮ ਦੀਆਂ ਅਨੇਕਾਂ ਸਾਖੀਆਂ ਹਨ। ਜੋ ਗੁਪਤ ਤੇ ਦੂਰ ਦੀਆਂ ਖਬਰਾਂ ਪ੍ਰੇਮ ਦੀ ਲਗਨ (ਲਿਵ) ਪਹੁੰਚਾ ਸਕਦੀ ਹੈ ਸੋ ਸ਼ਾਇਦ ਟੈਲੀਵੇਜਨ ਵੀ ਨਾ ਪਹੁੰਚਾ ਸਕਦਾ ਹੋਵੇ। ਕਾਬਲ ਦੇ ਲਾਗਿਓਂਦੀਨਿਰ-ਮਲ ਤੇ ਸੀਤਲ ਜਲ ਦੀ ਨਦੀ ਵਗਦੀ ਸੀ। ਉਸਦੇ ਸੋਹਾਵਣੇ ਕਿਨਾਰੇ ਇਕ ਸਿਲ ਦੇ ਉਤੇ ਸਤਿਗੁਰੂ ਜੀ ਦਾ ਸ਼ਰਧਾਲੂ ਤੇ ਸਿਦਕੀ ਸਿਖ ਬੈਠਾ ਸੀ। ਉਹ ਸੁਦਾਗਰੀ ਕਰਿਆ ਕਰਦਾ ਸੀ ਗੁਰ- ਦਰਸ਼ਨ ਕੀਤਿਆਂ ਬਹੁਤ ਚਿਰ ਹੋਗਿਆ ਸੀ,ਨਦੀ ਵਿਚੋਂ ਇਸ਼ਨਾਨ ਕੀਤਾ, ਇਸ਼ਨਾਨ ਕਰਕੇ 'ਜਪੁਜੀ ਸਾਹਿਬ' ਦਾ ਪਾਠ ਕੀਤਾ ਤਾਂ ਗੁਰ ਚਰਨਾਂ ਨਾਲ ਲਿਵ ਜੁੜ ਗਈ। ਐਸੀ ਲਿਵ ਜੁੜੀ ਕਿ ਉਸਨੂੰ ਸਚ ਮੁਚ ਅਨੁਭਵ ਹੋਇਆ ਕਿ ਉਸਨੇ ਸਤਿਗੁਰੂ ਜੀ ਦੇ ਚਰਨ ਫੜੇ ਹੋਏ ਹਨ। ਉਹ ਸਤਿਗੁਰੂ ਹਰਿ ਰਾਇ ਜੀ ਦੇ ਚਰਨ ਫੜਕੇ ਐਸਾ ਬੈਠਾ ਕਿ ਉਸਦਾ ਚਿਤ ਹੀ ਨਾ ਕਰੇ ਚਰਣ ਕਮਲਾਂ ਨੂੰ ਛੱਡਣ ਦਾ। "ਚਰਣ ਕਮਲ ਸਿਉ ਲਾਗੋ ਮਾਨੁ। ਸਤਿਗੁਰ ਤੂਠੈ ਕੀਨੋ ਦਾਨ।' ਦੇ ਮਹਾਂ ਵਾਕ ਅਨੁਸਾਰ ਉਧਰ ਗੁਰੂ ਜੀ, ਜੋ ਘਟ ਘਟ ਦੇ ਜਾਨਣ ਹਾਰ ਸਨ ਜੋ ਸਾਰੇ ਸਿਖਾਂ ਦੇ ਮਨਾਂ ਦੇ ਵਲਵਲਿਆਂ ਨੂੰ ਸੁਣਦੇ ਸਨ, ਭਾਈ ਗੋਂਦੇ ਦਾ ਪਿਆਰ ਦੇਖਕੇ, ਉਸਦੇ ਸਿਦਕ ਨੂੰ ਤਕਕੇ ਆਸਣ ਉਤੇ ਬੈਠ ਗਏ। ਸਮਾਧੀ ਲੱਗ ਗਈ, ਗੁਰੂ ਤੇ ਸਿਖ ਦੀ ਆਤਮਾ ਇਕ ਦੂਸਰੇ ਦੇ ਨੇੜੇ ਪੁਜ ਗਈ ਸਚੇ ਪ੍ਰੇਮ ਦੀ ਤਾਰ ਨੇ ਦੋਹਾਂ ਦਾ ਆਤਮਕ ਮੇਲ ਕਰਾ ਦਿਤਾ। ਸਤਿਗੁਰੂ ਜੀ ਦੀ ਸਮਾਧੀ ਘੜੀ ਪਲ ਵਾਸਤੇ ਨਹੀਂ ਸਗੋਂ ਸਿੰਘਾਸਨ ਤੇ ਸਾਰਾ ਦਿਨ ਦੀ ਸਮਾਧੀ ਲਗ ਗਈ, ਸਿੱਖ ਦੇਖਕੇ ਬਹੁਤ ਹੈਰਾਨ ਹੋਏ। ਜਲ-ਪਾਨ ਦਾ ਵੇਲਾਲੰਘ ਗਿਆ, ਜਲ-ਪਾਨ ਨਾ ਕੀਤਾ, ਦੁਪਹਿਰ ਹੋ ਗਈ, ਗੁਰੂ ਕਾ ਲੰਗਰ ਤਿਆਰ ਹੋ ਗਿਆ ਆਪ ਨੇ ਭੋਗ ਲਾਉਣਾ ਸੀ ਤੇ ਫਿਰ ਸੀਤ ਪ੍ਰਸਾਦਿ ਸੰਗਤਾਂ ਨੇ ਛਕਣਾ ਸੀ,

ਸੰਗਤ ਉਡੀਕਦੀ ਰਹੀ ਗੁਰੂ ਜੀ ਦੀ ਸਮਾਧੀ ਨਾ ਟੁਟੀ, ਆਖਰ ਲੰਮੀ ਉਡੀਕ ਪਿਛੋਂ ਭਾਈ ਭਾਨਾ ਜੀ ਅਗੇ ਹੋਏ। ਦੋਵੇਂ ਹਥ ਜੋੜਕੇ ਬੇਨਤੀ ਕੀਤੀ—'ਹੇ ਦਾਤਾ! ਸਚੇ ਪਾਤਸ਼ਾਹ! ਗੁਰੂ ਕਾ ਲੰਗਰ ਤਿਆਰ ਹੈ। ਹੁਕਮ ਹੋਵੇ ਤਾਂ ਵਰਤਾਇਆ ਜਾਵੇ ਸਿੱਖ ਸੰਗਤਾਂ ਭੁਖੀਆਂ ਹਨ। ਦਇਆ ਕਰੋ, ਕੁਝ ਮੇਹਰ ਕਰੋ, ਅਸਾਂ ਪਾਪੀਆਂ ਜੀਵਾਂ ਨੂੰ ਭਵ ਸਾਗਰ ਤੋਂ ਪਾਰ ਕਰੋ।' ਜਦੋਂ ਭਾਈ ਭਾਨਾ ਜੀਨੇ ਇਸ ਤਰਾਂ ਅਰਦਾਸ ਕੀਤੀ ਤਾਂ ਦਇਆ ਦੇ ਸਾਗਰ ਸਤਿਗੁਰੂ ਜੀ ਨੇ ਕਮਲ ਨੈਣਾਂ ਨੂੰ ਖੋਲ੍ਹਿਆ, ਮੇਹਰ ਦੀ ਨਿਗਾਹ ਨਾਲ ਤਕਿਆ ਤੇ ਮੁਸਕਰਾਏ, ਉਸ ਨਿਰਾਲੀ ਮੁਸਕਰਾਹਟ ਨਾਲ ਸਾਹਿਬਾਂ ਨੇ ਬਚਨ ਕੀਤਾ—'ਅਸੀਂ ਕੀ ਕਰੀਏ ਗੋਂਦੇ ਨੇ ਪ੍ਰੇਮ ਦੀ ਜਫੀ ਵਿਚ ਅਸਾਂ ਦੇ ਪੈਰ ਫੜੇ ਹੋਏ ਹਨ, ਜੇ ਉਠਦੇ ਹਾਂ ਤਾਂ ਉਹਦਾ ਦਿਲ ਟੁਟਦਾ ਹੈ।'

ਨਵੇਂ ਸਿੱਖ ਨੇ ਕਿਹਾ—'ਸਚੇ ਪਾਤਸ਼ਾਹ! ਆਪ ਦੇ ਨੇੜੇ ਤਾਂ ਕੋਈ ਨਹੀਂ।' ਉਸ ਭੋਲੇ ਸਿੱਖ ਦਾ ਬਚਨ ਸੁਣਕੇ ਦੂਸਰੇ ਸਿੱਖ ਮੁਸਕਰਾ ਪਏ। ਉਨ੍ਹਾਂ ਵਿਚੋਂ ਇਕ ਨੇ ਕਿਹਾ—'ਤੇਰੇ ਅਜੇ ਗਿਆਨ ਦੇ ਨੇਤ੍ਰ ਨਹੀਂ ਖੁਲੇ। ਮਹਾਰਾਜ ਦੇ ਕੌਤਕ ਮਹਾਰਾਜ ਹੀ ਜਾਣਦੇ ਹਨ।'

'ਭਾਈ ਗੋਂਦਾ ਕਾਬਲ ਦੀ ਨਦੀ ਕਿਨਾਰੇ ਹੈ।' ਸਤਿਗੁਰੂ ਜੀ ਮੁਸਕ੍ਰਾਏ।

ਦੁਪਹਿਰ ਹੋ ਗਈ ਤੇ ਢਲ ਗਈ, ਸਤਿਗੁਰੂ ਜੀ ਸਿੰਘਾਸਨ ਤੋਂ ਨਾ ਉਠੇ ਸਮਾਧੀ ਲਾਕੇ ਬੈਠੇ ਰਹੇ। ਦੁਪਹਿਰ ਪਿਛੋਂ ਸਾਹਿਬਾਂ ਨੇ ਇਕ ਵਾਰ ਹਥ ਉੱਚਾ ਕੀਤਾ ਤੇ ਆਖਿਆ—'ਸਿੱਖਾ ਨਿਹਾਲ!' ਇਸ ਦੇ ਪਿਛੋਂ ਸਿੰਘਾਸਨ ਤੋਂ ਉਠ ਬੈਠੇ। ਉਠਕੇ ਜਲ ਛਕਿਆ ਤੇ ਉਸ ਦਿਨ ਸਵੇਰ ਦਾ ਪ੍ਰਸ਼ਾਦ ਛਕਿਆ ਹੀ ਨਹੀਂ ਸੀ।

ਦਿਵਾਲੀ ਦੇ ਪਰਬ ਉਤੇ ਕਾਬਲ ਦੀ ਸੰਗਤ ਗੁਰ ਦਰਸ਼ਨ ਵਾਸਤੇ ਆਈ। ਭਾਈ ਗੋਂਦਾ ਜੀ ਨਾਲ ਸਨ। ਸੱਚ ਮੁਚ ਹੀ ਨਿਹਾਲ ਹੋ ਚੁਕੇ ਸੀ, ਉਹ ਮੋਹ ਮਾਇਆ ਤੇ ਕਾਮ ਕ੍ਰੋਧ ਆਦਿਕ ਪੰਜਾਂ ਦੂਤਾਂ ਨੂੰ ਫਤਹ ਕਰ ਚੁਕੇ ਸਨ। ਉਹ ਦੀਵਾਨੇ ਹੋਕੇ ਗੁਰੂ ਜਸ ਕਰੀ ਜਾਂਦੇ ਸਨ। ਕਾਬਲ ਦੀ ਨਦੀ ਵਾਲੀ ਸਾਖੀ ਕਾਬਲ ਦੇ ਸਿੱਖਾਂ ਨੇ ਆਪ ਹੀ ਸੁਣਾ ਦਿਤੀ, ਸਾਰੀ ਸੰਗਤ ਸਾਖੀ ਸੁਣਕੇ ਬਹੁਤ ਪ੍ਰਸੰਨ ਹੋਈ ਤੇ 'ਧੰਨ ਸਤਿਗੁਰੂ ਜੀ ਮਹਾਰਾਜ' ਹਰ ਇਕ ਦੇ ਬੁਲ੍ਹਾਂ ਤੋਂ ਅਵਾਜ਼ਾਂ ਨਿਕਲੀਆਂ!

੮. ਇਕ ਮਾਈ ਦੀਆਂ ਪ੍ਰੇਮ ਰੋਟੀਆਂ ਖਾਧੀਆਂ

ਦੇਸਾਂ ਦੇਸਾਂ ਦੀ ਸੰਗਤ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਣ ਲਗੀ, ਹਰ ਰੋਜ ਕੀਰਤਪੁਰ ਜੀ ਮੇਲੇ ਵਾਂਗ ਭੀੜ ਰਹਿਣ ਲੱਗੀ। ਹਰ ਇਕ ਸ਼ਰਧਾਲੂ ਤੇ ਸਿੱਖ ਆਪਣੇ ਸਤਿਗੁਰੂਵਾਸਤੇ ਕਿਸੇ ਨਾਕਿਸੇ ਵਸਤੂਦੀਭੇਟਾਲਿਆਉਂਦੇ ਪਰਲਿਆ-ਉਂਦੇ ਆਪਣੀ ਪਹੁੰਚ ਅਨੁਸਾਰ।ਸਤਿਗੁਰੂ ਜੀ ਹਰ ਵਸਤੂ ਪ੍ਰਵਾਨ ਕਰਦੇ ਤੇ ਸਿੱਖ ਦਾ ਜਨਮ ਮਰਨ ਸਵਾਰਦੇ। ਸ੍ਰੀ ਕੀਰਤਪੁਰ ਦੇ ਨੇੜੇ ਦੇ ਇਕ ਪਿੰਡ ਦੀ ਬੁਢੜੀ ਮਾਈ ਤਾਬੋ ਸੀ। ਉਸਦਾ ਪਤੀ, ਪੁਤਰ ਪੋਤ੍ਰੇ ਅਤੇ ਨੂੰਹਾਂ ਸਭ ਅਗੇ ਤੁਰ ਗਏ ਸਨ। ਦਰਿਆ ਕਿਨਾਰੇ ਰੁਖੜਾ ਵਾਂਗ ਉਹ ਮਾਈ ਘਰ ਵਿਚ ਇਕੱਲੀ ਸੀ, ਮੌਤ ਨੇ ਉਹਦੇ ਨਾਲ ਧਕਾ ਕੀਤਾ ਸੀ, ਉਹਦੇ ਘਰ ਦੀਆਂ ਰੌਣਕਾਂ ਲੁਟ ਲਈਆਂ ਸਨ ਤੇ ਡੰਗੋਰੀ ਫੜਨ ਦਾ ਆਸਰਾ ਵੀ ਨਹੀਂ ਸੀ ਰਹਿਣ ਦਿਤਾ, ਪਰ ਉਹਦੀਆਂ ਅੱਖਾਂ ਦੀ ਰੋਸ਼ਨੀ ਕਾਇਮ ਸੀ, ਉਹ ਵਾਹਿਗੁਰੂ ਨੇ ਸ਼ਾਇਦ ਏਸੇ ਕਰਕੇ ਰੱਖੀ ਸੀ ਕਿ ਉਹਦਾ ਆਸਰਾ ਹੋਰ ਕੋਈ ਨਹੀਂ ਸੀ ਰਹਿਣ ਦੇਣਾ। ਮਾਈ ਤਾਬੋ ਨੇ ਸਤਿਗੁਰੂ ਜੀ ਦਾ ਜਸ ਸੁਣਿਆਂ, ਇਹ ਵੀ ਸੁਣਿਆਂ ਸਾਹਿਬ ਭਵ ਸਾਗਰ ਤੋਂ ਪਾਰ ਕਰਦੇ ਹਨ। ਚਿਤ ਵਿਚ ਸੱਧਰ ਆਈ ਕਿ ਉਠਕੇ ਸਤਿਗੁਰੂ ਜੀ ਦੇ ਦਰਬਾਰ ਹਾਜ਼ਰ ਹੋਵੇ, ਪਰ ਸਚੇ ਪਾਤਸ਼ਾਹ ਦੇ ਦਰਬਾਰ ਖਾਲੀ ਹਥ ਹਾਜ਼ਰ ਹੋਣਾ ਚੰਗਾ ਨਹੀਂ, ਪਰ ਉਸਦੇ ਕੋਲ ਧਨ ਵੀ ਕੋਈ ਨਹੀਂ ਆਖਰ ਉਸਨੇ ਚਰਖਾ ਕਤਨਾ ਸ਼ੁਰੂ ਕੀਤਾ। ਸੁੰਦਰ ਸੂਤਰ ਬਰੀਕ ਕਤਕੇ ਕਪੜਾ ਉਣਾਇਆ ਤੇ ਤਿੰਨ ਪਟੀ ਚਾਦਰ ਆਪ ਸੀਤੀ, ਉਹ ਚਾਦਰ ਸਤਿਗੁਰੂ ਜੀ ਦੀ ਭੇਟਾ ਕਰਨ ਦੀ ਸਲਾਹ ਹੋਈ। ਗੁਰੂ ਦਰਬਾਰ ਵਲ ਤੁਰਨ ਲਗੀ ਨੂੰ ਖਿਆਲ ਆਇਆ ਕਿ ਸਤਿਗੁਰੂ ਜੀ ਨੂੰ ਪ੍ਰਸ਼ਾਦ ਛਕਾਉਣਾ ਚਾਹੀਦਾ ਹੈ। ਉਸਨੇ ਦੋ ਰੋਟੀਆਂ (ਦੌੜਾਂ) ਪਕਾਈਆਂ, ਕੌਲੇ ਵਿਚ ਖੰਡ ਘਿਓ ਰਲਾਇਆ, ਸਭ ਕੁਝ ਬੰਨ੍ਹਕੇ ਗੁਰੂ ਦਰਬਾਰ ਨੂੰ ਤੁਰ ਪਈ, ਸਾਰੇ ਰਾਹ ਏਹੋ ਸੋਚਦੀ ਗਈ ਕਿ ਕੀ ਉਸਦੀ ਇਹ ਮਾਮੂਲੀ ਭੇਟਾ ਸਤਿਗੁਰੂ ਜੀ ਪ੍ਰਵਾਨ ਕਰ ਲੈਣਗੇ ? ਇਹ ਭਰਮ ਹਿਰਦੇ ਨੂੰ ਰੋਗ ਜੇਹਾ ਲਗ ਗਿਆ,ਉਹਦਾ ਹਿਰਦਾ ਕੰਬਣ ਲਗ ਪਿਆ, ਉਹਦਾ ਸਰੀਰ ਅਗੇ ਹੀ ਬਹੁਤ ਨਿਰਬਲ ਸੀ। ਸਮੇਂ ਦੀ ਕ੍ਰੋਪੀ ਨਾਲ ਉਹਦੇ ਤਨ

ਦਾ ਗੋਰਾ ਮਾਸ ਸੁਕ ਸੁਕ ਕੇ ਕਾਲਾ ਸੋ ਚੁਕਾ ਸੀ, ਅਜ ਜਿਸ ਮਾਈ ਨੂੰ ਕੋਈ ਦੇਖਣਾ ਨਹੀਂ ਸੀ ਚਾਹੁੰਦਾ, ਕਦੀ ਉਹ ਵੀ ਸੁੰਦਰ ਤੇ ਜੋਬਨ ਮਤੀ ਮੁਟਿਆਰ ਸੀ, ਉਸ ਜਵਾਨੀ ਤੇ ਸੁੰਦਰਤਾ ਦੇ ਨਸ਼ੇ ਵਿਚ ਹੀ ਉਸਨੂੰ ਵਾਹਿਗੁਰੂ ਭੁਲਿਆ ਸੀ, ਉਸਨੇ ਕਈ ਪਾਪ ਕੀਤੇ ਸਨ। ਵਡਾ ਪਾਪ ਇਹ ਕੀਤਾ ਸੀ 'ਦੋ ਕੰਨਿਆਂ, ਮਾਰੀਆਂ ਸਨ। ਮਾਸੂਮ ਕੰਨਿਆਂ ਦੀ ਹਤਿਆ ਦੇ ਕਾਰਨ ਉਹਦੀ ਸਾਰੀ ਉਲਾਦ ਵਾਹਿਗੁਰੂ ਨੇ ਉਹਦੇ ਕੋਲੋਂ ਖੋਹ ਲਈ ਸੀ, ਜਿਸ ਰੂਪ ਉਤੇ ਮਾਣ ਸੀ ਉਹ ਰੂਪ ਨਾ ਰਿਹਾ, ਜਵਾਨੀ ਨਾ ਰਹੀ, ਪਤੀ ਨਾ ਰਿਹਾ, ਰਹਿ ਗਈ ਉਹ ਇਕੱਲੀ ਦੁਖ ਦੇਖਣ ਵਾਸਤੇ ਕੀਤੇ ਪਾਪਾਂ ਦਾ ਪ੍ਰਾਸਚਿਤ ਕਰਨ ਵਾਸਤੇ ਅੱਜ ਉਸਨੂੰ ਪਤਾ ਲਗਾ ਸੀ ਕਿ ਜਗਤ ਵਿਚ ਜਿੰਨਾ ਉਸਦਾ ਜੀਵਨ ਹਨੇਰੇ ਵਿਚ ਹੈ, ਉਸਤੋਂ ਵੀ ਬਹੁਤ ਹਨੇਰਾ ਤੇ ਦੁਖ-ਦਾਈ ਜੀਵਨ ਅਗਲੇ ਲੋਕ ਦਾ ਆਉਣਾ ਹੈ ਜਿਥੇ ਜੀਵਨ-ਕਰਮ ਦਾ ਹਿਸਾਬ ਹੋਣਾ ਹੈ ਜਮ ਦੇ ਭੈ ਨੇ ਉਹਦੇ ਕਲੇਜੇ ਨੂੰ ਕੰਬਾ ਦਿਤਾ ਸੀ। ਮਾਈ ਤਾਬੋ ਕੀਰਤਪੁਰ ਜਾ ਪੁਜੀ ਕੀਰਤਪੁਰ ਦੀ ਸਾਰੀ ਧਰਤੀ, ਹਵਾ, ਪਾਣੀ, ਅੱਗ, ਪੰਛੀ ਅਤੇ ਮਨੁਖ 'ਸਤਿਨਾਮ, ਵਾਹਿਗੁਰੂ !' ਦਾ ਜਾਪ ਜਪ ਰਹੇ ਸਨ। ਜਿਸ ਤਾਬੋ ਨੇ ਜਵਾਨੀ ਵਿਚ ਧਰਮਸਾਲਾ ਮਥਾ ਨਹੀਂ ਸੀ ਟੇਕਿਆ। ਨਿੰਦਾ, ਚੁਗਲੀ ਵਿਚ ਜੀਵਨ ਬਤੀਤ ਕੀਤਾ ਸੀ ਉਸ ਤਾਬੋ ਦੀ ਜ਼ਬਾਨੋਂ ਸੁਤੇ ਸਿੱਧ ਨਿਕਲਿਆ—'ਵਾਹਿਗੁਰੂ! ਵਾਹਿਗੁਰੂ!' ਤੇ ਧਿਆਨ ਜੁੜ ਗਿਆ ਸਤਿਗੁਰੂ ਜੀ ਦੇ ਚਰਨਾਂ ਨਾਲ।

ਦਰਬਾਰ ਦੇ ਨੇੜ ਪੁਜੀ ਦਰਬਾਰ ਦੀ ਸ਼ਾਨ ਦੇਖਕੇ ਅੱਖਾਂ ਚੁੰਧਲਾ ਗਈਆਂ। ਰਾਜੇ, ਮਹਾਰਾਜੇ, ਸ਼ਾਹੂਕਾਰ ਅਤੇ ਜੋਧੇ ਫਿਰਦੇ ਦੇਖਕੇ ਘਾਬਰ ਗਈ, ਪਿਛੇ ਖਲੋ ਗਈ। ਰੋਟੀਆਂ ਤੇ ਰਜਾ ਹਥ ਉਤੇ ਸੀ, ਦੂਰ ਖਲੋਤੀ ਹੀ ਸਤਿਗੁਰੂ ਜੀ ਨੂੰ ਧਿਆਉਣ ਲਗੀ ਉਸ ਨੇ ਸ਼ੁਧ ਹਿਰਦੇ ਨਾਲ ਬੇਨਤੀ ਕੀਤੀ ਉਸ ਦੀ ਬੇਨਤੀ ਪ੍ਰਵਾਨ ਹੋ ਗਈ, ਸਤਿਗੁਰੂ ਜੀ ਸਿੰਘਾਸਨ ਤੋਂ ਉਠੇ ਸਿੱਖਾਂ ਨੂੰ ਹੁਕਮ ਦਿਤਾ —'ਘੋੜਾ ਲਿਆਂਓ, ਅਸਾਂ ਨੇ ਜਾਣਾ ਹੈ।' ਘੋੜਾ ਆ ਗਿਆ ਘੋੜੇ ਤ ਸਵਾਰ ਹੋਕੇ ਦੂਰ ਖਲੋਤੀ ਮਾਈ ਤਾਬੋ ਕੋਲ ਜਾ ਖਲੋਤੇ—'ਮਾਤਾ ! ਬਹੁਤ ਭੁਖ ਲਗੀ ਹੈ ਅਸਾਂ ਸ਼ਿਕਾਰ ਨੂੰ ਜਾਣਾ ਹੈ ਲਿਆਓ ਰੋਟੀਆਂ, ਖੰਡ ਘਿਓ !'

ਅੰਤ੍ਰਯਾਮੀ, ਮਹਾਂ ਪ੍ਰਤਾਪੀ ਸਤਿਗੁਰੂ ਜੀ ਦੇ ਬਚਨ ਸੁਣਕੇ ਅਤੇ

ਦਰਸ਼ਨ ਕਰਕੇ ਮਾਈ ਦੇ ਜਨਮ ਜਨਮ ਦੇ ਬੱਜਰ ਪਾਪ ਕਟੇ ਗਏ, ਨਿਹਾਲ ਹੋ ਗਈ। ਹਿਰਦੇ ਦੇ ਸਾਰੇ ਭਰਮ ਦੂਰ ਹੋ ਗਏ। ਕਾਹਲੀ ਕਾਹਲੀ ਰੋਟੀਆਂ ਖੋਹ-ਲੀਆਂ ਤੇ ਸਤਿਗੁਰੂ ਜੀ ਨੂੰ ਫੜਾ ਦਿਤੀਆਂ। ਸੋਨੇ ਤੇ ਚਾਂਦੀ ਦੇ ਬਰਤਨਾਂ ਵਿਚ ਭੋਜਨ ਕਰਨ ਵਾਲੇ ਸਤਿਗੁਰੂ ਜੀ ਹਥ ਉਤੇ ਰੋਟੀਆਂ ਰੱਖਕੇ ਉਪਰ ਘਿਓ ਵਾਲੀ ਖੰਡ ਰੱਖ ਕੇ ਛੇਤੀ ਛੇਤੀ ਛਕਣ ਲਗ ਪਏ। ਜਿਉਂ ਜਿਉਂ ਪ੍ਰੇਮ ਨਾਲ ਰੋਟੀਆਂ ਛਕਦੇ ਗਏ ਤਿਉਂ ਤਿਉਂ ਮਾਈ ਤਾਬੋ ਦੇ ਪਾਪ ਖੰਡਨ ਹੁੰਦੇ ਗਏ।

ਰੋਟੀਆਂ ਖਾਕੇ ਪ੍ਰਸੰਨ ਹੋ ਗਏ ਤਾਂ ਮਾਈ ਤਾਬੋ ਨੇ ਚਾਦਰ ਸਤਿਗੁਰੂ ਜੀ ਦੀ ਭੇਟਾ ਕਰ ਦਿਤੀ। ਚਾਦਰ ਭੇਟਾ ਕਰਕੇ ਸਿਰਫ ਏਹੋ ਕਿਹਾ—'ਮੇਰੇ ਪੜਦੇ ਕਜੋ! ਨਰਕ ਦਾ ਭੈ ਲਹੂ ਪੀ ਰਿਹਾ ਹੈ।' 'ਹੇ ਮਾਤਾ! ਤੂੰ ਨਿਹਾਲ ਹੋਈ! ਵਾਹਿਗੁਰੂ! ਵਾਹਿਗੁਰੂ! ਜਪੋ, ਸੇਵਾ ਕਰੋ।' ਇਹ ਆਖਕੇ ਸਤਿਗੁਰੂ ਜੀ ਘੋੜੇ ਤੇ ਸਵਾਰ ਅਗੇ ਚਲੇ ਗਏ। ਮਾਈ ਤਾਬੋ ਸਤਿਸੰਗ ਵਿਚ ਜਾ ਬੈਠੀ ਉਹ ਨਿਹਾਲ ਹੋ ਗਈ।

੯. ਕੁਠਾੜ ਵਾਲੇ ਰਾਣੇ ਨੂੰ ਅਰੋਗਤਾ ਬਖਸ਼ਣੀ

ਕੁਠਾੜ ਛੋਟੀ ਜਹੀ ਪਹਾੜੀ ਰਿਆਸਤ ਸੀ ਉਸਦਾ ਮਾਲਕ ਰਾਣਾ ਰਣ-ਜੀਤ ਦੇਵ ਬੀਮਾਰ ਸੀ, ਉਸ ਨੂੰ ਝੋਲਾ ਹੋ ਗਿਆ ਸੀ। ਵੈਦਾਂ ਨੇ ਬਹੁਤ ਇਲਾਜ ਕੀਤੇ, ਪਰ ਰੋਗ ਹਟਣ ਦੀ ਥਾਂ ਬਹੁਤਾ ਵਧਦਾ ਗਿਆ। ਰਾਣਾ ਰੋਗ ਤੋਂ ਬਚਣ ਵਾਸਤੇ ਸੋਨੇ ਚਾਂਦੀ ਨੂੰ ਪਾਣੀ ਵਾਂਗ ਗੁਵਾ ਰਿਹਾ ਸੀ। ਰਾਜ ਤੇ ਦੌਲਤ ਨਾਲੋਂ ਉਹ ਜੀਵਨ ਨੂੰ ਕੀਮਤੀ ਸਮਝਦਾ ਸੀ।

ਇਕ ਦਿਨ ਉਸ ਨੂੰ ਪਤਾ ਲਗਾ ਕਿ ਕੀਰਤਪੁਰ ਵਿਚ ਐਸੇ ਗੁਰੂ ਅਵਤਾਰ ਹਨ ਜੋ ਰੋਗੀਆਂ ਦੇ ਰੋਗ ਦੂਰ ਕਰਨ ਦੇ ਨਾਲ ਨਰਕਾਂ ਦੇ ਦੁਖਾਂ ਤੋਂ ਵੀ ਬਚਾ-ਉਂਦੇ ਹਨ। ਉਸ ਨੇ ਹੋਰ ਸੁਣਿਆਂ ਕਿ ਕੀਰਤਪੁਰ ਵਿਚ ਬਹੁਤ ਵੱਡਾ ਔਸ਼ਧਾ-ਲਿਆ ਖੁਲ੍ਹਾ ਹੋਇਆ ਹੈ, ਜਿਸ ਵਿਚ ਕੀਮਤੀ ਦਵਾਈਆਂ ਹਨ—'ਪੂਰਨ ਆਸ ਹੈ ਕਿ ਕੀਰਤਪੁਰ ਤੋਂ ਆਪਨੂੰ ਅਰੋਗਤਾ ਪ੍ਰਾਪਤ ਹੋਵੇਗੀ।' ਦਸਣ ਵਾਲੇ ਨੇ ਰਾਣੇ ਨੂੰ ਭਰੋਸਾ ਦਿਵਾਇਆ ਸੀ।

ਰਾਣੇ ਨੇ ਉਸੇ ਵੇਲੇ ਆਪਣੀ ਇਸਤ੍ਰੀ ਨੂੰ ਆਖਿਆ—'ਮੈਨੂੰ ਕੀਰਤਪੁਰ

ਲੈ ਚਲੋ ਮੈਂ ਸੁਣਿਆ ਹੈ ਉਥੇ ਰਿਧੀਆਂ ਸਿਧੀਆਂ ਤੇ ਮਹਾਂ-ਸ਼ਕਤੀਆਂ ਵਾਲੇ ਅਵ-ਤਾਰ ਹਨ ਉਨ੍ਹਾਂ ਨੂੰ "ਸਤਿਗੁਰੂ ਜੀ ਕਿਹਾ ਜਾਂਦਾ ਹੈ। ਮੈਂ ਜ਼ਰੂਰ ਰਾਜ਼ੀ ਹੋ ਜਾਵਾਂਗਾ। ਤੇਰੀਆਂ ਮੁਰਾਦਾ ਵੀ ਸ਼ਾਇਦਾ ਪੂਰੀਆਂ ਹੋ ਜਾਣ।"

ਰਾਣੇ ਰਣਜੀਤ ਦੇਵ ਦੀ ਨਾਰੀ ਅਜੇ ਛੋਟੀ ਉਮਰ ਦੀ ਸੀ ਪਰ ਰਾਣੇ ਦੀ ਉਮਰ ਉਸ ਵੇਲੇ ਸੱਠ ਸਾਲ ਤੋਂ ਉਪਰ ਸੀ ਰਾਣੇ ਨੇ ਇਹ ਸ਼ਾਦੀ ਇਸ ਕਰਕੇ ਕਰਵਾਈ ਸੀ ਕਿ ਉਹਦੇ ਘਰ ਪੁਤ੍ਰ ਹੋ ਜਾਵੇ ਜੋ ਰਿਆਸਤ ਦਾ ਵਾਰਸ ਬਣੇ। ਪਰ ਵਿਆਹ ਦੇ ਥੋੜੇ ਸਮੇਂ ਪਿਛੋਂ ਝੋਲਾ ਹੋ ਗਿਆ ਸੀ।

ਰਾਣੇ ਦੀ ਸਲਾਹ ਸੁਣਕੇ ਉਹਦੀ ਨਾਰੀ ਬਹੁਤ ਪ੍ਰਸੰਨ ਹੋਈ ਉਸ ਨੇ ਉਸੇ ਵੇਲੇ ਪਾਲਕੀਆਂ ਦਾ ਪ੍ਰਬੰਧ ਕੀਤਾ। ਇਕ ਪਾਲਕੀ ਵਿਚ ਰਾਣੇ ਨੂੰ ਬੈਠਾਇਆ ਤੇ ਦੂਸਰੀ ਪਾਲਕੀ ਵਿਚ ਆਪ ਬੈਠੀ। ਸੇਵਕ ਤੇ ਦਾਸੀਆਂ ਸਾਥ ਤੁਰੇ, ਦੌਲਤ ਤੇ ਲੀੜਿਆਂ ਦਾ ਭਾਰ ਵੀ ਸਾਥ ਲੈ ਉਹ ਵੀ ਪਤੀ ਤੋਂ ਸਭ ਕੁਝ ਵਾਰਨ ਨੂੰ ਤਿਆਰ ਸੀ।

ਕੀਰਤਪੁਰ ਪੁਜਕੇ ਇਕ ਪਾਸੇ ਤੰਬੂ ਲਾ ਦਿਤੇ ਗਏ ਡੇਰੇ ਦਾ ਪ੍ਰਬੰਧ ਕਰਕੇ ਰਾਣੇ ਨੂੰ ਪਾਲਕੀ ਵਿਚ ਚੁਕਵਾ ਲਿਆ ਤੇ ਆਪ ਨੰਗੀ ਪੈਰੀਂ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜਰ ਹੋਈ ਦੋਵੇਂ ਹਥ ਜੋੜ ਕੇ ਡੰਡਵਤ ਹੋਕੇ ਸਤਿਗੁਰੂ ਜੀ ਨੂੰ ਨਿਮਸ਼ਕਾਰ ਕੀਤੀ ਅਤੇ ਪਾਲਕੀ ਵਲ ਇਸ਼ਾਰਾ ਕਰਕੇ ਇਉਂ ਬੇਨਤੀ ਕਰਨ ਲਗੀ—'ਹੇ ਦਾਤਾ ! ਮੇਰੇ ਤੇ ਮੇਹਰ ਕਰੋ ! ਮੇਰਾ ਸੁਹਾਗ ਭਾਗ ਕਾਇਮ ਰਹੇ, ਇਸ ਦਾ ਰੋਗ ਹਟਾਓ। ਮੈਂ ਤੁਸਾਂ ਦੀ ਸੋਭਾ ਸੁਣ ਕੇ ਆਈ ਹਾਂ। ਗੁਰੂ ਨਾਨਕ ਜੀ ਦੇ ਦਰਬਾਰ ਤੋਂ ਕਦੀ ਕੋਈ ਨਿਰਾਸ ਨਹੀਂ ਮੁੜਿਆ। ਦਇਆ ਕਰੋ ! ਮੇਹਰ ਕਰੋ ! ਹੇ ਦਾਤਾਰ ਦਿਆਲ ! ਮੈਂ ਪਾਪਣ ਉਤੇ ਤਰਸ ਕਰੋ।'

'ਤੇਰੇ ਸੁਹਾਗ ਭਾਗ ਨੂੰ ਕੀ ਹੋਇਆ ਹੈ ?' ਸਤਿਗੁਰੂ ਜੀ ਨੇ ਪੁਛਿਆ।

'ਝੋਲੇ ਦਾ ਰੋਗ ਲਗ ਗਿਆ ਹੈ ਬਹੁਤ ਦੁਖੀ ਹਨ ਤੁਰ ਫਿਰ ਨਹੀਂ ਸਕਦੇ ਨਾ ਬੈਠ ਸਕਦੇ ਸਨ। ਮੈਂ ਬਹੁਤ ਦੁਖੀ ਹਾਂ।' ਰਾਣੀ ਦਾ ਉਤਰ ਸੀ।

'ਸਤਿਗੁਰੂ ਨਾਨਕ ਦੇਵ ਜੀ ਕ੍ਰਿਪਾ ਕਰਨਗੇ, ਦਵਾਈ ਖਾਨੇ ਵਿਚ ਲੈ ਜਾਵੋ।' ਸਤਿਗੁਰੂ ਜੀ ਨੇ ਬਚਨ ਕੀਤਾ।

ਰਾਣੀ ਨੇ ਜੋ ਪਦਾਰਥ ਸਤਿਗੁਰੂ ਜੀ ਦੀ ਭੇਟ ਕਰਨ ਵਾਸਤੇ ਲਿਆਂਦੇ

ਸਨ, ਉਹ ਸਤਿਗੁਰੂ ਜੀ ਦੀ ਭੇਟਾ ਕਰ ਦਿਤੇ, ਮਸੰਦਾਂ ਨੇ ਰਾਣੀ ਦੀ ਪਾਲਕੀ ਚੁਕਵਾ ਕੇ ਹਸਪਤਾਲ (ਦਵਾਈ ਖਾਨੇ) ਵਿਚ ਜਾ ਰੱਖੀ। ਵੈਦਾਂ ਨੂੰ ਹੁਕਮ ਹੋਇਆ ਕਿ ਉਹ ਇਲਾਜ ਕਰਨ ਤੇ ਰਾਣੀ ਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਉਹ ਉਨੇ ਦਿਨ ਗੁਰੂ ਕੇ ਲੰਗਰ ਵਿਚ ਸੰਗਤ ਦੇ ਜੂਠੇ ਭਾਂਡੇ ਮਾਂਜੇ, ਜੋੜਿਆਂ ਦੀ ਸੇਵਾ ਕਰੇ, ਉਹਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ।

ਰਾਣੀ ਨੇ ਸਾਰੇ ਅਭਮਾਨ ਛੱਡੇ, ਗੁਰੂ ਕੇ ਲੰਗਰ ਵਿਚ ਪੁਜੀ ਤੇ ਸੰਗਤ ਦੇ ਜੂਠੇ ਭਾਂਡੇ ਸਾਫ ਕਰਦੀ ਹੋਈ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਨ ਲਗੀ। ਜਿਉਂ ਜਿਉਂ ਉਹ ਸੇਵਾ ਕਰਦੀ ਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੀ ਰਹੀ ਤਿਉਂ ਤਿਉਂ ਰਾਣੇ ਦਾ ਰੋਗ ਘਟਦਾ ਗਿਆ, ਉਹਦੇ ਸਰੀਰ ਵਿਚ ਅਰੋਗ ਲਹੂ ਉਤਪਨ ਹੋਣਾ ਸ਼ੁਰੂ ਹੋਗਿਆ। ਪੂਰੇ ਦਸਾਂ ਦਿਨਾਂ ਪਿਛੋਂ ਇਸ਼ਨਾਨ ਕਰਕੇ ਤੇ ਨਵੇਂ ਬਸਤ੍ਰ ਪਹਿਣ ਕੇ ਰਾਣੀ ਦੇ ਨਾਲ ਰਾਣਾ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ, ਉਸਨੂੰ ਪੂਰੀ ਅਰੋਗਤਾ ਪ੍ਰਾਪਤ ਹੋ ਗਈ ਸੀ, ਉਸਨੇ ਡੰਡਵਤ ਨਿਮਸ਼ਕਾਰ ਕੀਤੀ ਤੇ ਦਸ ਮਿੰਟ ਤਕ ਸਤਿਗੁਰੂ ਜੀ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਦਾ ਰਿਹਾ, ਦਸ ਦਿਨ ਆਪ ਰਾਣੇ ਨੇ ਗੁਰੂ ਕੇ ਲੰਗਰ ਵਿਚ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕੀਤੀ।

ਗੁਰੂ ਜੀ ਕੋਲੋਂ ਖੁਸ਼ੀਆਂ ਪ੍ਰਾਪਤ ਕਰਕੇ ਰਾਣਾ ਆਪਣੇ ਰਾਜ ਘਰ ਕੁਠਾੜ ਵਿਚ ਚਲਿਆ ਗਿਆ, ਦੋ ਸਾਲ ਪਿਛੋਂ ਉਸਦੇ ਘਰ ਪੁਤ੍ਰ ਹੋਇਆ, ਉਸ ਪੁਤ੍ਰ ਨੂੰ ਵੀ ਮਥਾ ਟਿਕਾਉਣ ਬਦਲੇ ਰਾਣੀ ਕੀਰਤਪੁਰ ਸਤਿਗੁਰੂ ਜੀ ਦੀ ਸ਼ਰਨ ਵਿਚ ਲੈਕੇ ਆਈ, ਰਾਣੇ ਦਾ ਪ੍ਰਵਾਰ ਤੇ ਰਾਜ ਸਤਿਗੁਰੂ ਜੀ ਦਾ ਜਸ ਕਰਨ ਲਗਾ।

—:o:—

੧੦. ਪਹਾੜੀ ਰਾਜਿਆਂ ਦੀ ਖੋਟੀ ਨੀਤ

ਦੇਸ਼ ਵਿਚ ਅਮਨ ਸੀ ਰਾਜਾ ਸ਼ਿਕੋਹ ਦੀ ਗਵਰਨਰੀ ਹੇਠਾਂ ਪੰਜਾਬ ਦੇ ਵਸਨੀਕਾਂ ਨੂੰ ਸੁਖ ਦਾ ਸਾਹ ਮਿਲਿਆ ਸੀ ਹਿੰਦੂ ਧਰਮ ਵਲ ਮੁੜੇ ਸਨ। ਸਤਿਗੁਰੂ ਜੀ ਦੇ ਸਿਖਾਂ ਨੂੰ ਕਿਰਤ ਕਰਨ ਤੇ ਏਧਰ ਉਧਰ ਫਿਰਨ

ਦੀ ਖੁਲ੍ਹ ਮਿਲੀ ਸੀ ਰਸਤਿਆਂ ਦੇ ਡਰ ਦੂਰ ਹੋ ਗਏ ਸਨ। ਦੂਰ ਦੂਰ ਦੇ ਸਿੱਖ ਤੇ ਸ਼ਰਧਾਲੂ ਲੋਕ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲਗੇ। ਗਹਿਣੇ, ਕਪੜੇ, ਨਗਦੀ, ਘੋੜੇ, ਗਊਆਂ ਤੇ ਬੈਲ ਆਦਿਕ ਭੇਟਾ ਚੜ੍ਹਾਉਂਦੇ ਸਨ। ਮੇਵੜੇ ਹਰ ਇਕ ਅਰਦਾਸ ਕਰਦੇ ਸਨ। ਉਹ ਸਾਰੀ ਸੰਗਤ ਵਿਚ ਭੇਟਾ ਚੜ੍ਹਾਉਣ ਵਾਲੇ ਦਾ ਨਾਮ ਲੈਂਦੇ ਸਨ। ਵਾਹਿਗੁਰੂ ਦੀ ਅਪਾਰ ਕ੍ਰਿਪਾ ਹੋਈ ਕਿ ਸਚਮੁਚ ਹੀ ਸਤਿਗੁਰੂ ਜੀ ਦੇ ਘਰ ਨੌ ਨਿਧਾਂ ਤੇ ਬਾਰਾਂ ਸਿਧਾਂ ਹਾਜ਼ਰ ਸਨ।

ਰਾਜਾ ਬਾਜ ਬਹਾਦਰ ਜੀ ਸਤਿਗੁਰੂ ਜੀ ਦੇ ਦਰਬਾਰ ਆਏ ਉਨ੍ਹਾਂ ਨੇ ਇਕ ਹਾਥੀ ਭੇਟਾ ਕੀਤਾ ਜਿਸ ਦਾ ਹੌਦਾ ਚਾਂਦੀ ਦਾ ਸੀ, ਉਸ ਹਾਥੀ ਨੂੰ ਜਿਸ ਵੀ ਦੇਖਿਆ ਉਹ ਹੀ ਅਸਚਰਜਾ ਨਾਲ ਵਾਹ ਵਾਹ ਕਰ ਉਠਿਆ ਉਸ ਹਾਥੀ ਦੀ ਚਰਚਾ ਦੂਰ ਦੂਰ ਤਕ ਖਿਲਰੀ। ਕਹਿਲੂਰੀਏ ਰਾਜੇ ਦੀਪ ਚੰਦ ਤੇ ਹੰਡੂਰੀਏ ਰਾਜਾ ਗਜੇ ਸਿੰਘ ਨੇ ਜਦੋਂ ਹਾਥੀ ਦੀ ਉਪਮਾ ਸੁਣੀ ਤਾਂ ਉਨ੍ਹਾਂ ਦੀ ਨੀਤ ਖੋਟੀ ਹੋ ਗਈ। ਉਨ੍ਹਾਂ ਨੇ ਸਲਾਹ ਕੀਤੀ ਕਿ ਸਤਿਗੁਰੂ ਜੀ ਪਾਸੋਂ ਹਾਥੀ ਮੰਗ ਲਈਏ ਮੁੜ ਵਾਪਸ ਨਾ ਕਰੀਏ। ਜੇ ਮੰਗਿਆਂ ਵੀ ਨਾ ਦੇਣ ਤਾਂ ਫੌਜ ਦੇ ਬਲ ਨਾਲ ਜੁਧ ਕਰਕੇ ਖੋਹ ਲਈਏ ਤੇ ਕੀਰਤ ਪੁਰ ਤੋਂ ਡੇਰਾ ਚੁਕਵਾ ਦਈਏ, ਆਖਰ ਹੈ ਤਾਂ ਇਹ ਇਕ ਸਾਧੂ। ਮੁਗਲ ਸਮਰਾਟ ਪਾਸੋਂ ਅਸਾਂ ਨੂੰ ਸਹਾਇਤਾ ਮਿਲ ਹੀ ਜਾਵੇਗੀ। ਇਹ ਮਾੜੀ ਵਿਉਂਤ ਸੋਚ ਕੇ ਖੋਟੇ ਮਨ ਦੋਵੇਂ ਰਾਜੇ ਆਪਣੇ ਨਾਲ ਫੌਜੀ ਦਸਤੇ ਲੈ ਕੇ ਕੀਰਤ-ਪੁਰ ਆ ਪੁਜੇ ਸਤਿਗੁਰੂ ਜੀ ਦੇ ਮਹਿਲਾ ਤੇ ਦਰਬਾਰ ਤੋਂ ਹਟਵੇਂ ਡੇਰੇ ਲਾ ਦਿਤੇ। ਜਦੋਂ ਡੇਰਿਆਂ ਦੇ ਤੰਬੂ ਲਗ ਗਏ ਤੇ ਹੋਰ ਕੰਮਾਂ ਤੋਂ ਵੇਹਲੇ ਹੋ ਗਏ ਤਾਂ ਦੋਵੇਂ ਬਗਲੇ-ਭਗਤ ਸਤਿਗੁਰੂ ਜੀ ਦੇ ਦਰਬਾਰ ਵਿਚ ਆ ਹਾਜਰ ਹੋਏ।

ਅੰਤਰਯਾਮੀ ਸਤਿਗੁਰੂ ਜੀ ਉਨ੍ਹਾਂ ਦੀ ਖੋਟੀ ਨੀਤ ਨੂੰ ਪਹਿਲਾਂ ਹੀ ਜਾਣ ਗਏ ਸਨ ਉਨ੍ਹਾਂ ਦੇ ਬੈਠ ਜਾਣ ਪਿਛੋਂ ਸਤਿਗੁਰੂ ਜੀ ਨੇ ਕੁਟਲ ਨੀਤੀ ਦਾ ਪ੍ਰਸੰਗ ਸੰਗਤ ਨੂੰ ਸੁਣਾਉਣਾ ਸ਼ੁਰੂ ਕਰ ਦਿਤਾ ਜਿਸ ਨੂੰ ਸੁਣ ਕੇ ਰਾਜਿਆਂ ਦੇ ਚੇਹਰਿਆਂ ਦਾ ਰੰਗ ਬਦਲ ਗਿਆ। ਉਨ੍ਹਾ ਦੇ ਪਾਪ ਨੇ ਉਨ੍ਹਾ ਨੂੰ ਲਾਹਨਤਾਂ ਪਾਈਆਂ ਉਹ ਮਥਾ ਟੇਕਕੇ ਦਰਬਾਰ ਵਿਚੋਂ ਉਠਕੇ ਬਾਹਰ ਚਲੇ ਗਏ। ਡੇਰਿਆਂ । ਵਿਚ ਪਹੁੰਚਕੇ ਉਨ੍ਹਾਂ ਨੂੰ ਕੀਰਤਪੁਰ ਰਹਿਣ ਦਾ

ਹੌਂਸਲਾ ਨ ਪਿਆ। ਆਪੋ ਆਪਣੇ ਰਾਜਾਂ ਵਲ ਚਲੇ ਗਏ ਮੁੜ ਕਦੀ ਉਨ੍ਹਾਂ ਨੇ ਮਾੜਾ ਨਹੀਂ ਸੋਚਿਆ।

੧੧. ਭਗਤ ਭਗਵਾਨ ਜੀ

ਜਿਵੇਂ ਪਿਛੇ ਲਿਖਿਆ ਜਾ ਚੁਕਾ ਹੈ ਕਿ ਸਤਿਗੁਰੂ ਸਾਹਿਬਾਨ ਦਾ ਸਮਾ ਭਗਤੀ ਲਹਿਰ ਦਾ ਸਮਾ ਸੀ। ਪੜ੍ਹਿਆ ਤੇ ਅਨਪੜ੍ਹ ਪੁਰਖ ਗੁਰੂ ਤੇ ਆਤਮਿਕ ਖੋਜ ਵਲ ਮੁੜਿਆ ਹੋਇਆ ਸੀ। ਮੰਦਰਾਂ, ਤੀਰਥਾਂ ਤੇ ਸੰਤਾਂ ਮਹੰਤਾਂ ਤੇ ਫਕੀਰ ਦੇ ਦਰਸ਼ਨਾਂ ਵਾਸਤੇ ਲੋਕ ਆਉਂਦੇ ਜਾਂਦੇ ਸਨ। ਬੋਧ ਗਯਾ ਦਾ ਇਕ ਭਜਨੀਕ ਗਿਰ ਹੋਇਆ ਹੈ ਉਸ ਨੂੰ ਗਯਾ ਵਾਲੇ 'ਭਗਤ ਗਿਰ ਗੁਸਾਈਂ' ਆਖਕੇ ਉਹਦਾ ਸਤਕਾਰ ਕਰਦੇ ਸਨ। ਉਹ ਹਰ ਸਾਲ ਕਿਸੇ ਤੀਰਥ ਜਾਂ ਮੰਦਰ ਦੀ ਯਾਤਰਾ ਜਾਇਆ ਕਰਦੇ ਸਨ। ਸੰਮਤ ੧੭੦੭ ਬਿ: ਵਿਚ ਉਹ ਜਵਾਲਾ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਜਦੋਂ ਉਹ ਕੀਰਤਪੁਰ ਦੇ ਲਾਗਿਓਂ ਦੀ ਜਾਣ ਲਗਾ ਅਤੇ ਪੰਜਾਬ ਵਿਚ ਜਿਥੇ ਵੀ ਠਹਿਰਿਆ ਉਥੇ ਹੀ ਉਸ ਨੇ ਲੋਕਾਂ ਦੀ ਜ਼ਬਾਨੀ ਸਤਿਗੁਰੂ ਜੀ ਦਾ ਜਸ ਸਰਵਨ ਕੀਤਾ। ਅਨੇਕਾਂ ਸਾਖੀਆਂ ਸੁਣੀਆਂ ਜਿਨ੍ਹਾਂ ਵਿਚ ਬਹੁਤ ਸਾਰੇ ਅਸਚਰਜ ਕੌਤਕ ਬਿਆਨ ਕੀਤੇ ਗਏ ਸਨ। ਸਭ ਕੁਝ ਸੁਣਕੇ ਉਸ ਨੇ ਵਿਚਾਰ ਕੀਤੀ ਕਿ ਐਸੇ ਸਤਿਗੁਰੂ ਜੀ ਦੇ ਦਰਸ਼ਨ ਜ਼ਰੂਰ ਕਰ ਜਾਵੇ। ਜਦੋਂ ਕੀਰਤਪੁਰ ਦੇ ਨੇੜੇ ਪੁਜਾ ਤਾਂ ਮਨ ਵਿਚ ਉਸ ਨੇ ਧਾਰਿਆ—'ਜੇ ਸਚ ਮੁਚ ਹੀ ਗੁਰੂ ਜੀ ਅਵਤਾਰ ਹਨ ਤਾਂ ਉਸਨੂੰ ਵਿਸ਼ਨੂੰ ਰੂਪ ਧਾਰਨ ਕਰਕੇ ਦਰਸ਼ਨ ਦੇਣ ਫਿਰ ਮੈਂ ਭਰੋਸਾ ਕਰਾਂਗਾ ਕਿ ਆਪ ਸਚ ਮੁਚ ਅਵਤਾਰ ਹਨ ਭਗਵਾਨ ਦਾ ਰੂਪ ਹੀ ਨਹੀਂ ਪ੍ਰਤੱਖ ਭਗਵਾਨ ਸਮਝਾਂਗਾ ਤੇ ਸੇਵਾ ਕਰਾਂਗਾ।'

ਸਵੇਰੇ ਅੰਮ੍ਰਿਤ ਵੇਲਾ ਸੀ ਸਤਿਗੁਰੂ ਜੀ ਸਮਾਧੀ ਲਾਕੇ ਸਿੰਘਾਸਨ ਉਤੇ ਬਰਾਜੇ ਹੋਏ ਸਨ ਅਤੇ ਰਾਗੀ ਜਥਾ ਆਸਾ ਦੀ ਵਾਰ ਦਾ ਕੀਰਤਨ ਕਰ ਰਿਹਾ ਸੀ। ਪਰੇਮੀ ਤੇ ਸ਼ਰਧਾਲੂ ਸਿੱਖ ਅਤੇ ਗੁਰਮੁਖ ਪਿਆਰੇ ਚੌਂਕੜੇ ਮਾਰਕੇ ਬੈਠੇ ਹੋਏ ਅੰਮ੍ਰਿਤ ਰੂਪ ਬਾਣੀ ਦੇ ਕੀਰਤਨ ਦਾ ਰਸ ਲੈ ਰਹੇ ਸਨ।

ਉਸ ਸਮੇਂ ਭਗਤ ਗਿਰ ਗੁਸਾਈਂ ਸਤਿਗੁਰੂ ਜੀ ਦੇ ਦਰਸ਼ਨ ਵਾਸਤੇ ਦਰਬਾਰ ਵਿਚ ਪੁਜਾ, ਦਰਬਾਰ ਵਿਚ ਪੈਰ ਰਖਦੇ ਸਾਰ ਜਦੋਂ ਉਸ ਨੇ ਸਾਹਮਣੇ ਦੇਖਿਆ ਤਾਂ ਉਸ ਨੂੰ ਸਤਿਗੁਰੂ ਜੀ ਦੇ ਸਿੰਘਾਸਨ ਉਤੇ ਬੈਠੇ ਹੋਏ ਪਰਤਖ ਵਿਸ਼ਨੂੰ ਰੂਪ ਦਿਖਾਈ ਦਿਤੇ। ਉਹ ਜਿਉਂ ਜਿਉਂ ਅਗੇ ਗਿਆ ਤਿਉਂ ਤਿਉਂ ਉਹਦੇ ਮਨ ਦਾ ਭਰਮ ਦੂਰ ਹੁੰਦਾ ਗਿਆ। ਉਸ ਨੇ ਅੱਖਾਂ ਵਲਕੇ ਤਕਿਆ ਤਾਂ ਉਸ ਨੂੰ ਗੁਰੂ ਜੀ ਵਿਸ਼ਨੂੰ ਰੂਪ ਹੀ ਦਿਖਾਈ ਦਿਤੇ। ਅਗੇ ਵਧਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਕੇ ਬੈਠਾ ਤਾਂ ਸਤਿਗੁਰੂ ਜੀ ਨੇ ਨੇਤ੍ਰ ਝਮਕਕੇ ਗੁਸਾਈਂ ਵਲ ਤਕਿਆ, ਉਸ ਦੇਖਣੀ ਨੇ ਗੁਸਾਈਂ ਦੇ ਸਾਰੇ ਭਰਮ ਦੂਰ ਕਰ ਦਿਤੇ, ਉਹ ਚੁਪ ਕਰਕੇ ਸਤਿ-ਗੁਰੂ ਜੀ ਵਲ ਤਕੀ ਗਿਆ।

ਕੀਰਤਨ ਦਾ ਭੋਗ ਪਿਆ ਭੋਗ ਦੇ ਪਿਛੋਂ ਅਰਦਾਸ ਹੋਈ ਤੇ ਪ੍ਰਸ਼ਾਦ ਵੰਡਿਆ ਗਿਆ। ਗਰਮ ਗਰਮ ਕੜਾਹ ਪ੍ਰਸ਼ਾਦ ਖਾਕੇ ਗੁਸਾਈਂ ਦੇ ਗਿਆਨ ਇੰਦ੍ਰੇ ਵਿਸਮਾਦ ਦੀ ਹਾਲਤ ਵਿਚ ਪਹੁੰਚ ਗਏ। ਸਤਿਗੁਰੂ ਜੀ ਨੇ ਗੁਸਾਈਂ ਨੂੰ ਸੰਬੋਧਨ ਕਰਕੇ ਆਖਿਆ—'ਕਿਉਂ ਭਗਤ ਜੀ! ਕੁਝ ਹੋਰ ਚਾਹੀਏ?' ਸਤਿਗੁਰੂ ਜੀ ਦੇ ਇਸ ਬਚਨ ਤੋਂ ਭਾਵ ਸੀ ਕਿ ਅਸੀਂ ਵਿਸ਼ਨੂੰ ਰੂਪ ਵੀ ਤੈਨੂੰ ਦਿਸੇ ਤੇ ਗਰਮ ਗਰਮ ਕੜਾਹ ਪ੍ਰਸ਼ਾਦ ਵੀ ਖਵਾ ਦਿਤਾ, ਹੁਣ ਹੋਰ ਕੀ ਕੌਤਕ ਸਤਿਗੁਰੂ ਨਾਨਕ ਦੇਵ ਜੀ ਦੇ ਆਤਮਿਕ ਭੰਡਾਰੇ ਵਿਚੋਂ ਦੇਖਣਾ ਹੈ?'

ਗੁਸਾਈਂ ਨੇ ਹਥ ਜੋੜੇ ਤੇ ਸਿਰਫ ਇਹੋ ਕਿਹਾ—'ਬਸ ਜੀ! ਮੈਂ ਪਾ ਲਿਆ! ਹੁਣ ਏਥੋਂ ਜੋਗਾ ਹੋ ਗਿਆ। ਜੋ ਲਭਦਾ ਸਾਂ ਸੋ ਮਿਲ ਗਿਆ, ਜਨਮ ਜਨਮ ਦੀਆਂ ਲੋੜਾਂ ਤੇ ਮੰਗਾਂ ਪੂਰੀਆਂ ਹੋ ਗਈਆਂ ਹਨ। ਬਸ ਮੈਨੂੰ ਆਪਣਾ ਸਿਖ ਬਣਾਓ! ਮੈਂ ਗੁਰੂ ਘਰ ਵਿਚੋਂ ਬਾਹਰ ਨਹੀਂ ਜਾ ਸਕਦਾ।'

ਉਸ ਦੀ ਸ਼ਰਧਾ ਦੇਖ ਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਭਗਤ ਭਗ ਵਾਨ ਦਰਗਹਿ ਪਰਵਾਨ।" ਉਸ ਦਿਨ ਤੋਂ ਉਸ ਨੂੰ ਸਾਰੇ 'ਭਗਤ ਭਗਵਾਨ' ਆਖਣ ਲਗ ਪਦੇ ਉਸ ਨੇ ਸੂਬਾ ਬਿਹਾਰ ਵਿਚ ਗੁਰਮਤ ਦਾ ਬਹੁਤ ਪ੍ਰਚਾਰ ਕੀਤਾ।

★

੧. ਸਤਿਗੁਰੂ ਜੀ ਦਾ ਕਰਤਾਰ ਪੁਰ ਨੂੰ ਜਾਣਾ ਤੇ ਰਾਹ ਵਿਚ ਜੀਵਾਂ ਨੂੰ ਭਵ ਸਾਗਰ ਤੋਂ ਪਾਰ ਕਰਨਾ

ਕੀਰਤਪੁਰ ਸਤਿਗੁਰੂ ਜੀ ਦਾ ਜਸ ਹੁੰਦਾ ਦੇਖਕੇ ਧੀਰ ਮਲ ਕਰਤਾਰ ਪੁਰ ਬੈਠਾ ਹੋਇਆ ਬਹੁਤ ਘਬਰਾਉਣ ਲਗਾ। ਉਸਨੇ ਗੁਰੂ ਬਨਣ ਦੇ ਬਹੁਤ ਯਤਨ ਕੀਤੇ, ਪਰ ਉਹਦੀ ਦਾਲ ਨਾ ਗਲੀ। ਉਹ ਨਿਰਾਸ ਜੇਹਾ ਹੋ ਕੇ ਬੈਠ ਗਿਆ। ਗੁਰੂ ਕੇ ਖੂਹਾਂ ਦੀ ਆਮਦਨ ਆ ਜਾਂਦੀ। ਉਸ ਨਾਲ ਹੀ ਗੁਜ਼ਾਰਾ ਕਰਦਾ। ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਵੀ ਪੂਜਾ ਨਾ ਹੋ ਸਕੀ।

ਆਖਰ ਕਿਸੇ ਸਿਆਣੇ ਨੇ ਉਸਨੂੰ ਨੇਕ ਸਲਾਹ ਦਿਤੀ ਕਿ ਉਹ ਇਕ ਵਾਰ ਸਤਿਗੁਰੂ ਹਰਿਰਾਇ ਜੀ ਜੋ ਉਨ੍ਹਾਂ ਦੇ ਸਕੇ ਭਰਾ ਹਨ ਨੂੰ ਕਰਤਾਰ ਪੁਰ ਸਦੇ, ਉਨਾਂ ਦੇ ਆਉਣ ਨਾਲ ਜ਼ਰੂਰ ਹੀ ਕਰਤਾਰ ਪੁਰ ਦੀ ਰੌਣਕ ਵਧ ਜਾਵੇਗੀ।ਨਾਲੇਦੇਸ਼ ਦੇ ਹਾਲਾਤ ਬਹੁਤ ਚੰਗੇ ਹਨ। ਮਰਦਾ ਕੀ ਨਹੀਂ ਕਰਦਾ ਦੀ ਅਖੌਤ ਅਨੁਸਾਰ ਧੀਰ ਮਲ ਨੇ ਉਸੇ ਵੇਲੇ ਸਤਿਗੁਰੂ ਜੀ ਵਲ ਆਪਣੇ ਆਦਮੀ ਭੇਜੇ, ਉਨ੍ਹਾਂ ਨੇ ਕੀਰਤ-ਪੁਰ ਪੁਜ ਕੇ ਬਹੁਤ ਨਿੰਮਰਤਾ ਨਾਲ ਸਤਿਗੁਰੂ ਜੀ ਅਗੇ ਬੇਨਤੀਆਂ ਕੀਤੀਆਂ ਤੇ ਆਖਿਆ—'ਸਚੇ ਪਾਤਸ਼ਾਹ ! ਆਪ ਦਾ ਵਡਾ ਭਾਈ ਆਪ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਉਹ ਖਿਮਾ ਮੰਗਦਾ ਹੈ ਕਿ ਕੁਝ ਕਾਰਨ ਕਰਕੇ ਉਹ ਪਿਤਾ ਜੀ ਦੇ (ਬਾਬਾ ਗੁਰਦਿਤਾ ਜੀ) ਤੇ ਬਾਬਾ ਜੀ (ਸਤਿਗੁਰੂ ਹਰਿਗੋਬਿੰਦ ਸਾਹਿਬ) ਦੇ ਜੋਤੀ ਜੋਤ ਸਮਾਉਣ ਸਮੇਂ ਕੀਰਤਪੁਰ ਨਹੀਂ ਆ ਸਕਿਆ। ਇਹ ਉਸਦੀ ਭੁਲ ਬਖਸ਼ ਦਿਤੀ ਜਾਵੇ।' ਸਤਿਗੁਰੂ ਹਰਿ ਰਾਏ ਜੀ ਦਇਆ ਤੇ ਪ੍ਰੇਮ ਦੇ ਘਰ ਸਨ। ਸ਼ਾਂਤ ਪੁੰਜ ਤੇ ਨਿਰਵੈਰ ਸੁਭਾ ਦੇ ਕਾਰਨ ਨਾਂਹ ਨਾ ਕਰ ਸਕੇ। ਕਰਤਾਰ ਦਾ ਭਾਣਾ ਸਮ-ਝਕੇ ਧੀਰ ਮਲ ਦੇ ਆਦਮੀਆਂ ਨੂੰ ਸਤਿਗੁਰੂ ਜੀ ਨੇ ਬਚਨ ਕਰ ਦਿਤਾ—'ਬਹੁਤ ਹਛਾ ! ਜੇ ਕਰਤਾਰ ਨੂੰ ਏਹੋ ਮਨਜ਼ੂਰ ਹੈ ਤਾਂ ਅਸੀਂ ਜਰੂਰ ਕਰਤਾਰਪੁਰ ਨੂੰ ਚਲਦੇ ਹਾਂ, ਤੁਸੀਂ ਚਲੋ ਅਸੀਂ ਡੇਰੇ ਦੇ ਨਾਲ ਆਉਂਦੇ ਹਾਂ। ਅਸਾਂ ਦਾ ਵੀ ਚਿਤ ਕਰਦਾ ਹੈ ਕਿ ਕਰਤਾਰਪੁਰ ਤੇ ਅੰਮ੍ਰਿਤਸਰ ਦੇ ਦਰਸ਼ਨ ਕਰੀਏ।'

ਸਤਿਗੁਰੂ ਜੀ ਨੇ ਧੀਰ ਮਲ ਦੇ ਆਦਮੀਆਂ ਨੂੰ ਤਾਂ ਵਿਦਾ ਕੇਰ

ਦਿਤਾ ਤੇ ਆਪਤਿਆਰੀ ਕਰਨ ਲੱਗੇ। ਗੁਰੂ ਜੀ ਨੇ ਫੈਸਲਾ ਕੀਤਾ ਕਿ ਪਰਵਾਰ ਸਮੇਤ ਹੀ ਸਤਿਗੁਰੂ ਜੀ ਤੀਰਥਾਂ ਦੀ ਯਾਤਰਾ ਨੂੰ ਜਾਣ। ਸੰਮਤ ੧੭੦੯ ਬਿ: ਵਿਚ ਸਤਿਗੁਰੂ ਜੀ ਕੀਰਤਪੁਰ ਤੋਂ ਤਿਆਰ ਹੋਏ। ੨੨ ਸੌ ਸੁਵਾਰਾਂ ਵਿਚੋਂ ਅੱਧੇ ਸੁਵਾਰ ਨਾਲ ਲੈ ਲਏ ਤੇ ਅਧਿਆਂ ਨੂੰ ਕੀਰਤਪੁਰ ਹੀ ਛੱਡ ਦਿਤਾ। ਸਤਲੁਜ ਨੂੰ ਪਾਰ ਕਰਕੇ ਸਾਹਿਬਾਂ ਨੇ ਦੁਆਬੇ ਦੇਸ ਵਿਚ ਚਰਨ ਪਾਏ।

ਪਹਿਲਾ ਪੜਾਹ ਸਤਿਗੁਰੂ ਜੀ ਨੇ ਬਹਿਲੀ ਪਿੰਡ ਕੀਤਾ ਏਥੋਂ ਦੀ ਸਿੱਖ ਸੰਗਤ ਨੇ ਬੜਾ ਉਤਸ਼ਾਹ ਦਿਖਾਖਿਆ। ਰਾਤ ਨੂੰ ਦੀਵਾਨ ਲਗਾ ਤੇਂ ਸਤਿਗੁਰੂ ਜੀ ਨੇ ਗੁਰਮਤ ਦਾ ਉਪਦੇਸ਼ ਕੀਤਾ। ਸਾਹਿਬਾਂ ਨੇ ਜੀਵਾਂ ਦੇ ਤਾਰਨ ਵਾਸਤੇ ਗੁਰਬਾਣੀ ਦੇ ਇਕ ਸ਼ਬਦ ਦੀ ਵਿਆਖਿਆ ਕਰਕੇ ਸੁਣਾਈ–

ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਈ॥ ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥ ਰਹਾਉ॥ ਤੇਰਾ ਕੀਆ ਮੀਠਾ ਲਾਗੈ॥ ਹਰਿਨਾਮੁ ਪਦਾਰਥੁ ਨਾਨਕੁ ਮਾਗੈ॥ (ਆਸਾ ਮ: ੫)

ਤਿਸ ਦਾ ਪ੍ਰਮਾਰਥ–ਹਰਿ (ਵਾਹਿਗੁਰੂ) ਦਾ ਸਿਮਰਨ ਕਰਕੇ ਉਹਦੇ ਨਾਮੁ ਨੂੰ ਹਿਰਦੇ (ਦਿਲ) ਵਿਚ ਵਸਾਉਣਾ ਚਾਹੀਦਾ ਹੈ ਤੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ। ਨਾਮ ਜਪਣ ਵਾਲੇ ਇਕੱਲੇ ਹੀ ਨਹੀਂ ਤਰਦੇ ਸਗੋਂ ਆਪਣੇ ਮਿਤ੍ਰਾਂ ਤੇ ਸੰਬੰਧੀਆਂ ਨੂੰ ਵੀ ਸਾਥ ਤਾਰ ਲੈਂਦੇ ਹਨ। ਜਿਵੇਂ ਰਾਜੇ ਹਰੀ ਚੰਦ ਇਕੱਲੇ ਨੂੰ ਹਰਿ ਦਾ ਨਾਮ ਜਪਿਆ ਸੀ, ਸਵਰਗ ਨੂੰ ਜਾਣ ਲਗਾ ਸਾਰੀ ਨਗਰੀ ਨੂੰ ਹੀ ਨਾਲ ਲੈ ਗਿਆ ਸੀ ਹਰੀ ਦੇ ਭਗਤ ਵਿਚ ਐਸੀ ਸ਼ਕਤੀ ਹੁੰਦੀ ਹੈ। ਗੁਰੂ ਮੇਰੇ ਸਾਥ ਸੰਗ ਹੈ। ਗੁਰੂ ਜੀ ਦੀ ਕ੍ਰਿਪਾ ਨਾਲ ਵਾਹਿਗੁਰੂ ਨੂੰ ਬਹੁਤ ਸਿਮਰਿਆ, ਤੇਰਾ ਕੀਤਾ ਹੋਇਆ ਵਾਹਿਗੁਰੂ ਮਿੱਠਾ ਲਗਦਾ ਹੈ। ਦਾਤਾ ਤੇਰੇ ਕੋਲੋਂ ਏਹੋ ਦਾਤ ਮੰਗਦੇ ਹਾਂ ਕਿ ਆਪ ਨਾਮ ਦਾਨ ਬਖਸ਼ੋ। ਹੇ ਗੁਰਮੁਖ ਤੇ ਪ੍ਰੇਮੀ ਜਨੋਂ ਜਿਵੇਂ ਸਤਿ-ਗੁਰੂ ਜੀ ਫੁਰਮਾਉਂਦੇ ਹਨ ਤਿਵੇਂ ਹਰ ਜੀਵ ਨੂੰ ਭਵ ਸਾਗਰ ਤੋਂ ਪਾਰ ਹੋਣ ਵਾਸਤੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਹਰ ਨਾਲ ਕਰਦੇ ਰਹਿਣਾ ਚਾਹੀਦਾ ਹੈ। ਜਦੋਂ ਵੀ ਵਾਹਿਗੁਰੂ ਅਗੇ ਅਰਦਾਸ ਕਰੋ ਤਦੋਂ ਨਾਮ ਦਾਨ ਦੀ ਮੰਗ ਕਰੋ। ਇਸ ਤਰਾਂ ਸਤਿਗੁਰੂ ਜੀ ਗੁਰੂ ਘਰ ਦੀਆਂ ਸਾਖੀਆਂ

ਅਤੇ ਗੁਰਮਤ ਦੀ ਮਰਯਾਦਾ ਨੂੰ ਪ੍ਰਚਾਰਦੇ ਰਹੇ । ਉੱਨੀ ਦਿਨੀ ਦਾਰਾ ਸ਼ਿਕੋਹ ਵੀ ਦੌਰੇ ਉਤੇ ਸਨ ਉਨ੍ਹਾਂ ਨੇ ਜਦੋਂ ਸੁਣਿਆ ਕਿ ਸਤਿਗੁਰੂ ਜੀ ਬਹਿਲੀ ਆਏ ਹਨ ਤਾਂ ਉਸ ਨੇ ਆਪਣੇ ਸਲਾਹਕਾਰਾਂ ਨੂੰ ਸਤਿਗੁਰੂ ਜੀ ਵਲ ਭੇਜਿਆ । ਸਤਿਗੁਰੂ ਜੀ ਦੀ ਭੇਟਾ ਵਾਸਤੇ ਇਕ ਘੋੜਾ ਸਮੇਤ ਚਾਂਦੀ ਦੀ ਵਧੀਆ ਕਾਠੀ ਦੇ ਅਤੇ ਉਪਰ ਦੁਸ਼ਾਲਾ ਇਕ ਮੋਤੀਆਂ ਦੀ ਮਾਲਾ ਤੇ ਹੋਰ ਬਹੁਤ ਸਾਰੀਆਂ ਕੀਮਤੀ ਵਸਤੂ ਭੇਜੀਆਂ ਉਨ੍ਹਾਂ ਸਾਰੀਆਂ ਵਸਤੂਆਂ ਨੂੰ ਭੇਟਾ ਕਰਕੇ ਦਾਰਾ ਸ਼ਕੋਹ ਦੇ ਆਦਮੀਆਂ ਨੇ ਸਤਿ-ਗੁਰੂ ਜੀ ਅਗੇ ਬੇਨਤੀ ਕੀਤੀ—'ਦਾਤਾ ! ਦਾਰਾ ਸ਼ਿਕੋਹ ਨੇ ਅਰਜ ਕੀਤੀ ਹੈ, ਸਤਿ-ਗੁਰੂ ਜੀ ! ਆਪ ਖੁਦਾ ਦਾ ਰੂਪ ਹੋ ਆਪ ਦੀ ਮੇਹਰ ਨਾਲ ਮੇਰੀ ਜਾਨ ਬਚੀ ਸੀ । ਮੈਂ ਆਪ ਦਾ ਉਹ ਅਹਿਸਾਨ ਅਗਲੇ ਜਨਮ ਵੀ ਨਹੀਂ ਭੁਲ ਸਕਦਾ । ਹੁਣ ਦਿਲੀ ਦੇ ਤਖਤ ਦਾ ਮਾਮਲਾ ਹੈ ਮੇਰਾ ਛੋਟਾ ਭਰਾ ਔਰੰਗਜ਼ੇਬ ਕਿਸੇ ਹੋਰ ਸੁਭਾ ਦਾ ਹੈ ਉਹ ਮੇਰਾ ਹਕ ਮਾਰਨ ਨੂੰ ਫਿਰ ਰਿਹਾ ਹੈ । ਮੈਂ ਬਾਦਸ਼ਾਹ ਦਾ ਵਡਾ ਪੁਤ੍ਰ ਹਾਂ, ਇਸ ਕਰਕੇ ਤਖਤ ਉਤੇ ਮੇਰਾ ਹਕ ਹੈ ਮੈਂ ਬਾਦਸ਼ਾਹ ਬਣਾਂ । ਇਹ ਮੈਨੂੰ ਸ਼ੁਭ ਅਸ਼ੀਰਵਾਦ ਦੇਵੋ । ਆਪ ਦੀ ਮੇਹਰ ਹੋਵੇ ਤਾਂ ਮੈਂ ਦਿਲੀ ਦਾ ਬਾਦਸ਼ਾਹ ਬਣ ਸਕਾਂ ।' ਦਾਰਾ ਸ਼ਿਕੋਹ ਸੰਤ ਆਦਮੀ ਹੈ ਉਹ ਸਾਰੇ ਧਰਮਾਂ ਨੂੰ ਚੰਗਾ ਜਾਣਦਾ ਹੈ, ਇਸ ਕਰਕੇ ਉਸ ਉਤੇ ਦਇਆ ਕਰੋ ।'

ਦਾਰਾਸ਼ਕੋਹ ਦੇ ਵਕੀਲਾਂ ਦੇ ਰਾਹੀਂ ਦਾਰੇ ਦੀ ਬੇਨਤੀ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਅਸੀਂ ਦਾਰਾ ਸ਼ਿਕੋਹ ਨੂੰ ਚੰਗਾ ਪੁਰਖ ਸਮਝਦੇ ਹਾਂ ਉਹਦੇ ਰਾਜ ਵਿਚ ਪਰਜਾ ਸੁਖੀ ਹੈ, ਹਿੰਦੂ ਮੁਸਲਮਾਨ ਵੀਰਾਂ ਵਾਂਗ ਮਿਲਕੇ ਵਸਦੇ ਹਨ । ਅਸੀਂ ਚਾਹੁੰਦੇ ਹਾਂ ਦਾਰਾ ਸ਼ਿਕੋਹ ਬਾਦਸ਼ਾਹ ਬਣੇ ਅਸਾਡੀ ਹਰਦਰਦੀ ਇਸ ਦੇ ਨਾਲ ਹੈ ਪਰ ਹੋਣਾ ਉਹ ਕੁਝ ਹੈ ਜੋ ਪ੍ਰਮੇਸ਼ਰ ਨੂੰ ਭਾਉਂਦਾ ਹੈ । ਪ੍ਰਮੇਸ਼ਰਦੀ ਕੀਤੀਨੂੰ ਮੋੜਨ ਵਾਲਾ ਕੋਈ ਨਹੀਂ । ਪ੍ਰਮੇਸ਼ਰ ਦਾ ਸਿਮਰਨ ਕਰੇ ਪ੍ਰਮੇਸ਼ਰ ਉਸ ਦੀ ਸਹਾਇਤਾ ਕਰੇਗਾ । ਜਗਤ ਵਿਚ ਧਰਮ ਤੇ ਸ਼ੈਤਾਨ ਦੀ ਜੰਗ ਹੋ ਰਹੀ ਹੈ । ਕੁਝ ਵਾਹਿਗੁਰੂ ਆਪ ਵੀ ਚੋਜ ਕਰਕੇ ਦੇਖਦਾ ਹੈ । ਇਸ ਵਾਸਤੇ ਉਹਦੇ ਚੋਜ ਬਾਦਸ਼ਾਹ ਤੇ ਬੰਦੇ ਨੂੰ ਮਜਬੂਰਨ ਦੇਖਣੇ ਪੈਂਦੇ ਹਨ, ਭਾਵੇਂ ਖੁਸ਼ੀ ਨਾਲ ਦੇਖੇ ਤੇ ਭਾਵੇ ਨਰਾਜ਼ਗੀ ਨਾਲ। ਅਸੀਂ ਦਾਰਾ ਦੇ ਸਹਾਇਕ ਹਾਂ ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਦਾਰਾ ਸ਼ਿਕੋਹ ਦੇ ਵਕੀਲ ਪ੍ਰਸੰਨਤਾ ਨਾਲ ਵਾਪਸ ਚਲੇ ਗਏ ਤੇ ਸਤਿਗੁਰੂ ਜੀ ਨੇ ਡੇਰੇ ਨੂੰ ਅਗੇ ਤੁਰਨ ਦਾ ਹੁਕਮ ਦਿਤਾ।

੨. ਸਤਿਗੁਰੂ ਜੀ ਦਾ ਧੀਰਮਲ ਨੂੰ ਮਿਲਣਾ

ਸਤਿਗੁਰੂ ਜੀ ਜਦੋਂ ਕਰਤਾਰਪੁਰ ਨੂੰ ਤੁਰੇ ਜਾ ਰਹੇ ਸਨ ਤਦੋਂ ਉਨ੍ਹਾਂ ਦਾ ਡੇਰਾ ਸਾਥ ਸੀ ਸਿੱਖ ਸੈਨਿਕ ਘੋੜਿਆਂ ਤੇ ਸਵਾਰ ਸਨ ਸਤਿਗੁਰੂ ਜੀ ਆਪ ਘੋੜੇ ਉਤੇ ਸਵਾਰ ਉਨ੍ਹਾਂ ਦੇ ਪਿਛੇ ਚੌਰ ਕਰਨ ਵਾਲਾ ਸੇਵਕ ਸੀ। ਸਤਿਗੁਰੂ ਜੀ ਦੇ ਮਹਿਲ ਪਾਲਕੀਆਂ ਵਿਚ ਸਨ। ਕੀਰਤਨੀਏ, ਕਵੀ ਅਤੇ ਸੇਵਾਦਾਰ 'ਧੰਨ ਸਤਿਗੁਰੂ ਜੀ, ਵਾਹਿਗੁਰੂ ਸਤਿਨਾਮ!' ਆਦਿਕ ਦੀ ਧੁਨੀ ਗਾਉਂਦੇ ਹੋਏ ਤੁਰੇ ਜਾਂਦੇ ਸਨ। ਤੁਰਿਆ ਜਾਂਦਾ ਡੇਰਾ ਬਾਦਸ਼ਾਹੀ ਡੇਰੇ ਨਾਲੋਂ ਬਹੁਤ ਪਰਤਾਪੀ ਤੇ ਸ਼ੋਭਾ ਵਾਲਾ ਸੀ।

ਦਸਵੇਂ ਦਿਨ ਸਤਿਗੁਰੂ ਜੀ ਕਰਤਾਰ ਪੁਰ ਪੁਜੇ ਸ਼ਹਿਰੋਂ ਬਾਹਰ ਟਾਹਲੀ ਹੇਠਾ ਡੇਰਾ ਲਾ ਦਿਤਾ। ਸਬਬ ਨਾਲ ਉਥੇ ਫਕੀਰ ਦਾ ਮੇਲਾ ਸੀ ਚੌਗਿਰਦੇ ਤੋਂ ਲੋਕ ਆਏ ਹੋਏ ਸਨ। ਸਤਿਗੁਰੂ ਜੀ ਦਾ ਸ਼ਾਹੀ ਠਾਠ ਦੇਖਕੇ ਲੋਕ ਉਸ ਪਾਸੇ ਵਲ ਉਲਟ ਗਏ। ਸਤਿਗੁਰੂ ਜੀ ਦੇ ਚੌਗਿਰਦੇ ਭੀੜ ਲਗ ਗਈ। ਹਰ ਕੋਈ ਪੁਛਨ ਲਗਾ—'ਇਹ ਕੌਣ ਹਨ?' ਮੇਵੜ ਤੇ ਮਸੰਦਾਂ ਨੇ ਦਸਿਆ ਕਿ ਆਪ ਸਤਿਗੁਰੂ ਜੀ ਹਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਤੇ ਬਾਬਾ ਗੁਰਦਿਤਾ ਜੀ ਦੇ ਛੋਟੇ ਸਾਹਿਬਜ਼ਾਦੇ ਹਨ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਬਰਕਤਾਂ ਆਪ ਦੇ ਪਾਸ ਹਨ। ਦੁਖੀ ਜੀਵ ਸੁਖੀ ਹੁੰਦੇ ਹਨ, ਲੋਕ-ਪ੍ਰਲੋਕ ਵਿਚ ਸਹਾਈ ਹੋਣ ਵਾਲੇ ਹਨ।

ਜਦੋਂ ਲੋਕਾਂ ਨੇ ਇਹ ਸੁਣਿਆਂ ਤਾਂ ਬੜੀ ਪ੍ਰਸੰਨਤਾ ਨਾਲ ਲੋਕ ਦਰਸ਼ਨ ਕਰ ਕਰਕੇ ਨਿਮਸ਼ਕਾਰ ਕਰਨ ਲਗੇ। ਮਸੰਦਾਂ ਨੇ ਲੋਕਾਂ ਨੂੰ ਬੈਠਾ ਦਿਤਾ ਅਤੇ ਸਤਿਗੁਰੂ ਜੀ ਉਪਦੇਸ਼ ਕਰਨ ਲਗੇ। ਪਹਿਲਾਂ ਸਤਿਗਰੂ ਜੀ ਨੇ ਪਹਿਲੀ ਪਾਤਸ਼ਾਹੀ ਤੋਂ ਛੇਵੀਂ ਪਾਤਸ਼ਾਹੀ ਤਕ ਸਤਿਗੁਰਾਂ ਦਾ ਜੀਵਨ ਇਤਿਹਾਸ ਸੁਣਾਇਆ। ਫਿਰ ਸਿਖੀ ਦੇ ਗਾਡੀ ਰਾਹ ਨੂੰ ਵਿਸਥਾਰ ਨਾਲ ਦਸਿਆ ਸਤਿਗੁਰੂ ਜੀ ਦਾ ਉਪਦੇਸ਼ ਸੁਣ ਲੋਕ 'ਧੰਨ ਸਤਿਗੁਰੂ

ਜੀ ਧੰਨ ਸਤਿਗੁਰੂ ਜੀ' ਆਖਣ ਲਗ ਪਏ। ਜਦੋਂ ਸ਼ਹਿਰ ਵਾਲਿਆਂ ਨੇ ਸੁਣਿਆਂ ਕਿ ਸਤਿਗੁਰੂ ਜੀ ਆਏ ਹਨ ਤਾਂ ਉਹ ਘਰ ਦੇ ਸਾਰੇ ਧੰਦੇ ਛੱਡਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਣ ਲਗੇ। ਸਤਿਗੁਰੂ ਜੀ ਦੇ ਭਾਈ ਧੀਰਮਲ ਨੂੰ ਵੀ ਪਤਾ ਲਗ ਗਿਆ ਉਹ ਵੀ ਛੇਤੀ ਨਾਲ ਘਰੋਂ ਉਠਕੇ ਸਤਿਗੁਰੂ ਜੀ ਦੇ ਦਰ-ਸ਼ਨਾਂ ਵਾਸਤੇ ਆਇਆ। ਸਤਿਗੁਰੂ ਜੀ ਨੇ ਧੀਰਮਲ ਨੂੰ ਆਪਣਾ ਵਡਾ ਭਰਾ ਜਾਣਕੇ ਉਠਕੇ ਸਤਿਕਾਰ ਕੀਤਾ, ਦੋਵੇਂ ਭਰਾ ਮਿਲਕੇ ਪ੍ਰਸੰਨ ਹੋਏ।

ਦੀਵਾਲੀ ਆਉਣ ਵਾਲੀ ਸੀ,ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਜੀ ਪੁਜਣ ਵਾਸਤੇ ਸਤਿਗੁਰੂ ਜੀ ਨੇ ਸਲਾਹ ਕੀਤੀ, ਸਿਰਫ ਪੰਦਰਾਂ ਦਿਨ ਧੀਰਮਲ ਕੋਲ ਸਤਿਗੁਰੂ ਜੀ ਰਹੇ। ਪੰਦਰਾਂ ਦਿਨ ਹੀ ਧੀਰਮਲ ਤੇ ਸਤਿਗੁਰੂ ਜੀ ਦੇ ਵਿਚਾਲੇ ਬਚਨ ਬਲਾਸ ਹੁੰਦੇ ਰਹੇ। ਇਹ ਖਿਆਲ ਕਰਕੇ ਕਿ ਲਾਹੌਰ ਦਾ ਗਵਰਨਰ ਦਾਰਾ ਸ਼ਕੋਹ ਸਤਿਗੁਰੂ ਜੀ ਦਾ ਚੇਲਾ ਹੈ, ਧੀਰ ਮਲ ਨੇ ਉਚੀ ਨੀਵੀਂ ਗਲ ਨਹੀਂ ਕੀਤੀ, ਹਿਰਦੇ ਵਿਚ ਭਾਵੇਂ ਈਰਖਾ ਦੀ ਅੱਗ ਸੀ ਕਿ ਉਸ ਨੂੰ ਗੁਰਿਆਈ ਨਹੀਂ ਸੀ ਮਿਲੀ ਫਿਰ ਵੀ ਉਹ ਉਪਰਲੇ ਮਨੋ ਪਿਆਰ ਜਤਾਉਂਦਾ ਰਿਹਾ। ਪੰਦਰਾਂ ਦਿਨ ਜੋ ਵੀ ਕਾਰ ਭੇਟ ਆਈ, ਉਹ ਸਤਿਗੁਰੂ ਜੀ ਨੇ ਧੀਰਮਲ ਦੇ ਹਵਾਲੇ ਕਰ ਦਿਤੀ। ਇਹ ਦੇਖਕੇ ਧੀਰਮਲ ਦੇ ਪ੍ਰਵਾਰ ਨੂੰ ਬਹੁਤ ਪ੍ਰਸੰਨਤਾ ਹੋਈ ਪੰਦਰਾਂ ਦਿਨ ਕਰਤਾਰ ਪੁਰ ਬਸਰਾਮ ਕਰਕੇ ਦੀਨ ਦਿਆਲ ਆਪ ਪ੍ਰਭੂ ਨੇ ਸ੍ਰੀ ਅੰਮ੍ਰਿਤਸਰ ਜੀ ਵਲ ਤਿਆਰੇ ਕੀਤੇ।

੩. ਸ੍ਰੀ ਅੰਮ੍ਰਿਤਸਰ ਦੀਵਾਲੀ ਦਾ ਪੂਰਬ

ਅੰਮ੍ਰਿਤਸਰ ਸਿਫਤੀ ਦਾ ਘਰ ਸੀ ਗੁਰਾਂ ਦੀ ਨਗਰੀ ਸਤਿਗੁਰਾਂ ਨਾਲ ਹੀ ਸ਼ੋਭਾ ਦੇਂਦੀ ਸੀ। ਬਾਰਾਂ ਸਾਲ ਪਿਛੋਂ ਅੰਮ੍ਰਿਤਸਰ ਦੀਆਂ ਰੌਣਕਾਂ ਵਿਚ ਨਵਾਂ ਇਨਕਲਾਬ ਆਇਆ। ਜਿਵੇਂ ਪਤਝੜ ਰੁਤ ਆਉਣ ਤੇ ਬਨਾਸਪਤੀ ਘਬਰਾ ਜਾਂਦੀ ਹੈ, ਜਿਵੇਂ ਪਤੀ ਪ੍ਰਦੇਸ ਜਾਣ ਤੇ ਇਸਤ੍ਰੀ ਦੁਖ ਉਠਾਉਂਦੀ ਹੈ ਤੇ ਉਸਨੂੰ ਹਾਰ ਸ਼ਿੰਗਾਰ ਕਰਨਾ ਭੁਲ ਜਾਂਦਾ ਹੈ, ਤਿਵੇਂ ਸਤਿਗੁਰੂ ਹਰਿ ਗੋਬਿੰਦ ਸਾਹਿਬ ਦੇ ਜਾਣ ਪਿਛੋਂ ਅੰਮ੍ਰਿਤਸਰ ਨਗਰੀ ਦੀ

ਉਦਾਸ ਦਸ਼ਾ ਹੋ ਗਈ ਸੀ । ਤੁਰਕਾਂ ਨੇ ਇਸ ਦੇ ਬਾਗ ਉਜਾੜ ਸੁਟੇ ਸਨ ਸ੍ਰੀ, ਹਰਿ ਮੰਦਰ ਸਾਹਿਬ ਵਿਚ ਐਸੇ ਮਸੰਦ ਸਨ, ਜਿਨਾਂ ਦੇ ਵਿਚਾਰ ਤੁਰਕਾਂ ਨਾਲ ਮਿਲਦੇ ਜੁਲਦੇ ਸਨ । ਸੋਢੀ ਮੇਹਰਬਾਨ ਤੇ ਹੋਰ ਗੁਰੂ ਘਰ ਦੇ ਦੋਖੀ ਗੁਰੂ ਜੀ ਦੇ ਪਿਆਰਿਆਂ ਨੂੰ ਮਖੌਲ ਤੇ ਟਿਚਕਰਾਂ ਕਰਦੇ ਸਨ । ਬਹੁਤ ਸਾਰੀਆਂ ਸੰਗਤਾਂ ਗੁਰੂ ਧਾਮ ਤੇ ਪਵਿਤ੍ਰ ਤੀਰਥ ਦੇ ਦਰਸ਼ਨ ਕਰਨ ਆਉਣੋਂ ਰੁਕ ਗਏ ਸਨ।

ਗੋਇੰਦਵਾਲ ਦੇ ਪਤਨ ਤੋਂ ਸਤਿਗੁਰੂ ਹਰਿਰਾਇ ਜੀ ਨੇ ਸਿੱਖਾਂ ਤੇ ਗੁਰੂ ਮਹਿਲਾਂ ਸਮੇਤ ਦਰਿਆ ਬਿਆਸਾ ਨੂੰ ਪਾਰ ਕੀਤਾ । ਪਹਿਲਾਂ ਗੁਰਦਵਾਰਾ ਗੋਇੰਦ-ਵਾਲ ਸਾਹਿਬ ਦੇ ਦਰਸ਼ਨ ਕੀਤੇ । ਪਿਆਰੇ ਸਤਿਗੁਰਾਂ ਦੀਆਂ ਪਿਆਰੀਆਂ ਯਾਦਾਂ ਦੇਖੀਆਂ ਤੇ ਹਰ ਇਕ ਯਾਦਗਾਰ ਉਤੇ ਨਿਮਸ਼ਕਾਰ ਕੀਤਾ। ਕੜਾਹ ਪ੍ਰਸ਼ਾਦ ਦੀਆਂ ਦੇਗਾਂ ਵੰਡੀਆਂ, ਲੰਗਰ ਕੀਤੇ ਤ ਗੋਇੰਦਵਾਲ ਤੋਂ ਖਡੂਰ ਸਾਹਿਬ ਪੁਜੇ। ਖਡੂਰ ਸਾਹਿਬ ਪਜਕੇ ਸਤਿਗੁਰੂ ਜੀ ਤੇ ਸਿਖਾਂ ਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਉਹ ਸਤਿਗੁਰੂ ਅੰਗਦ ਦੇਵ ਜੀ ਦੀ ਗੋਦ ਵਿਚ ਬਰਾਜ ਰਹੇ ਸਨ, ਸਤਿਗੁਰੂ ਜੀ ਉਨ੍ਹਾਂ ਉਤੇ ਕ੍ਰਿਪਾ ਕਰਕੇ ਉਨ੍ਹਾਂ ਨੂੰ ਨਿਹਾਲ ਕਰ ਰਹੇ ਸਨ।

ਖਡੂਰ ਸਾਹਿਬ ਦੇ ਦਰਸ਼ਨ ਕਰਕੇ ਸਤਿਗੁਰ ਜੀ ਤਰਨ ਤਾਰਨ ਸਾਹਿਬ ਆਏ ਤੇ ਤਰਨ ਤਾਰਨ ਤੋਂ ਸ੍ਰੀ ਅੰਮ੍ਰਿਤਸਰ ਜੀ ਪੁਜੇ।

ਬਿਆਸਾ ਪਾਰ ਕਰਨ ਤੇ ਹੀ ਪਿੰਡ ਪਿੰਡ ਖ਼ਬਰਾਂ ਪੁਜ ਗਈਆਂ ਸਨ ਕਿ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਆ ਰਹੇ ਹਨ। ਮਾਝੇ ਦੇ ਸਾਰੇ ਸ਼ਰਧਾਲੂ ਤੇ ਪ੍ਰੇਮੀ ਸਿਖਾਂ ਨੇ ਜਿਉਂ ਹੀ ਸੁਣਿਆਂ ਤਿਉਂ ਹੀ ਅੰਮ੍ਰਿਤਸਰ ਜੀ ਵਲ ਜਥਿਆਂ ਦੀ ਸੂਰਤ ਵਿੱਚ ਵਹੀਰਾਂ ਘਤ ਤੁਰੇ। ਕਈ ਕਈ ਸਾਲ ਬਤੀਤ ਹੋ ਚੁਕੇ ਸਨ ਸਤਿਗੁਰੂ ਜੀ ਦੇ ਦਰਸ਼ਨ ਕੀਤਿਆਂ। ਆਖਰ ਪਿਆਰੇ ਪ੍ਰੀਤਮ ਦਾ ਸਤਵੇਂ ਰੂਪ ਵਿਚ ਆਉਣਾ ਸੁਣਿਆਂ ਤਾਂ ਬਹੁਤ ਪ੍ਰਸੰਨ ਹੋਏ। ਸ੍ਰੀ ਅੰਮ੍ਰਿਤਸਰ ਪੁਜਕੇ ਸਤਿਗੁਰੂ ਜੀ ਨੇ ਗੁਰੂ ਮਹਿਲਾਂ ਵਿਚ ਡੇਰਾ ਕੀਤਾ। ਸ੍ਰੀ ਅਕਾਲ ਬੁੰਗੇ ਦੇ ਤੇ ਹਰਿਮੰਦਰ ਸਾਹਿਬ ਦੇ ਦਰ-ਸ਼ਨ ਕੀਤੇ ਦੁਖੀ ਭੰਜਨੀ ਬੇਰੀ ਹੇਠ ਬੈਠਕੇ ਸਰੋਵਰ ਵਿਚ ਇਸ਼ਨਾਨ ਕੀਤਾ। ਕੌਲਸਰ, ਰਾਮਸਰ, ਬਬੇਕਸਰ ਤੇ ਸੰਤੋਖ ਸਰ ਸਰੋਵਰ ਦੀ ਵੀ ਯਾਤਰਾ ਕੀਤੀ, ਰਾਗੀ ਸਿਖਾਂ ਨੂੰ ਹੁਕਮ ਹੋਇਆ ਕਿ ਉਹ ਸਾਰਾ ਦਿਨ ਹਰਿ ਮੰਦਰ ਸਾਹਿਬ ਵਿਚ

ਕੀਰਤਨ ਕਰਨ। ਆਪ ਸਾਹਿਬ ਅਕਾਲ ਬੁੰਗੇ ਵਿਚ ਬੈਠਕੇ ਸਚੇ ਪਾਤਸ਼ਾਹ ਦੇ ਰੂਪ ਵਿਚ ਧਰਮ ਦਾ ਨਿਆਏ ਕਰਨ ਲਗੇ।

ਸਤਿਗੁਰੂ ਜੀ ਨੇ ਮਸੰਦ ਸਾਰੇ ਮਾਝੇ ਵਿਚ ਭੇਜੇ ਉਨ੍ਹਾਂ ਨੇ ਨਗਰ ਨਗਰ ਖਬਰਾਂ ਕਰ ਦਿਤੀਆਂ ਕਿ ਦੀਵਾਲੀ ਤੇ ਸੰਗਤਾਂ ਹੁਮ-ਹੁਮਾ ਕੇ ਪੁਜਣ, ਸਤਿਗੁਰੂ ਜੀ ਸ੍ਰੀ ਹਰਿ ਮੰਦਰ ਸਾਹਿਬ ਆਏ ਹਨ ਤੇ ਦੀਪਮਾਲਾ ਕੀਤੀ ਜਾਵੇਗੀ। ਗੁਰ ਚਰਨਾਂ ਦੀ ਸੁਗੰਧੀ ਤੇ ਮਿਠਾਸ ਦੇ ਭੌਰੇ ਚਾਹਵਾਨ ਪ੍ਰੇਮੀ ਸਿਖ ਅਤੇ ਦਰਸ਼ਨ ਅਭਿਲਾਖੀ ਚਾਤ੍ਰਿਕ ਸਤਿਗੁਰੂ ਜੀ ਦਾ ਸੁਨੇਹਾ ਸੁਣਕੇ ਵਾਹੋ ਦਾਹੀ ਧਾ ਆਏ। ਸਾਰੇ ਘਰ ਦੇ ਧੰਦੇ ਭੁਲ ਗਏ, ਦਰਸ਼ਨਾਂ ਦੀ ਭੀੜ ਲਗ ਗਈ। ਅੰਮ੍ਰਿਤਸਰ ਦੀਆਂ ਗਲੀਆਂ ਤੇ ਬਜ਼ਾਰ ਚਿਰਾਂ ਪਿਛੋਂ ਆਦਮੀਆਂ ਨਾਲ ਭਰੇ। ਕਈ ਹਜ਼ਾਰ ਸਿਖਾਂ ਨੇ ਦਰਸ਼ਨ ਕੀਤੇ ਤੇ ਨਿਹਾਲ ਹੋਏ। ਦੀਵਾਲੀ ਵਾਲੀ ਰਾਤ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਦੀਪਮਾਲਾ ਕੀਤੀ ਗਈ। ਸੈਂਕੜੇ ਰੁਪਿਆਂ ਦੀ ਅਸਤ-ਬਾਜੀ ਚਲੀ। ਸਤਿਗੁਰੂ ਜੀ ਛੇ ਮਹੀਨੇ ਅੰਮ੍ਰਿਤਸਰ ਜੀ ਰਹੇ।

੩. ਭਾਈ ਭਗਤੂ ਦਾ ਚਲਾਣਾ ਤੇ ਕਰਤਾਰ ਪੁਰ ਦੀ ਵੈਸਾਖੀ

ਤਕਰੀਬਨ ਛੇ ਮਹੀਨੇ ਸਤਿਗੁਰੂ ਜੀ ਅੰਮ੍ਰਿਤਸਰ ਰਹੇ। ਮਾਝੇ ਤੇ ਰਿਆ-ੜਕੀ ਦੀਆਂ ਸਾਰੀਆਂ ਸੰਗਤਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰ ਲਏ। ਵੈਸਾਖੀ ਦਾ ਤਿਉਹਾਰ ਨੇੜੇ ਆਇਆ ਸੀ। ਧੀਰਮਲ ਆਪ ਸਤਿਗੁਰੂ ਜੀ ਦੇ ਪਾਸ ਗਿਆ ਤੇ ਬੇਨਤੀ ਕੀਤੀ ਕਿ ਵੈਸਾਖੀ ਵਾਲੇ ਦਿਨ ਸਤਿਗੁਰੂ ਜੀ ਕਰਤਾਰ ਪੁਰ ਰਹਿਣ। ਉਸਦਾ ਮਨੋਰਥ ਚੜ੍ਹਾਵਾ ਲੈਣਾ ਸੀ। ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਤੇ ਵੈਸਾਖੀ ਤੋਂ ਅਠ ਦਿਨ ਪਹਿਲਾਂ ਸਾਹਿਬ ਕਰਤਾਰਪੁਰ ਪਹੁੰਚ ਗਏ।

ਮਾਲਵੇ ਦੇਸ ਦੀ ਸੰਗਤ ਨੂੰ ਪਤਾ ਲਗਾ ਕਿ ਸਤਿਗੁਰੂ ਜੀ ਕਰਤਾਰ ਪੁਰ ਵੈਸਾਖੀ ਮਨਾ ਰਹੇ ਹਨ ਉਹ ਜਥਿਆਂ ਦੇ ਰੂਪ ਵਿਚ ਕਰਤਾਰ ਪੁਰ ਨੂੰ ਧਾਈ ਕਰ ਆਏ। ਵੈਸਾਖੀ ਤੋਂ ਪੰਜ ਦਿਨ ਪਹਿਲਾਂ ਹੀ ਬਹੁਤ ਭੀੜ ਹੋ ਗਈ। ਬਹੁਤ ਸਾਰਾ ਪਦਾਰਥ ਸੰਗਤਾਂ ਨੇ ਸਤਿਗੁਰੂ ਜੀ ਦੀ ਭੇਟਾ ਕੀਤਾ

ਸਤਿਗੁਰੂ ਜੀ ਨੇ ਉਹ ਸਾਰੇ ਪਦਾਰਥ ਧੀਰ ਮਲ ਜੀ ਦੇ ਹਵਾਲੇ ਕਰ ਦਿਤੇ। ਪਦਾ-ਰਥਾਂ ਨੂੰ ਪ੍ਰਾਪਤ ਕਰਕੇ ਉਹ ਬਹੁਤ ਖੁਸ਼ ਹੋਇਆ ਉਹਦੀਆਂ ਸਾਰੀਆਂ ਮਨੋ ਕਾਮਨਾ ਪੂਰੀਆਂ ਹੋ ਗਈਆਂ।

ਭਾਈ ਭਗਤੂ ਮਾਲਵੇ ਦਾ ਮਸੰਦ ਸੀ, ਇਹ ਬਹੁਤ ਹੀ ਭਜਨੀਕ ਤੇ ਵਾਹਿ-ਗੁਰੂ ਦੇ ਭੈ ਵਾਲਾ ਬੰਦਾ ਸੀ ਗੁਰੂ ਘਰ ਨਾਲ ਅਤੁਟ ਪ੍ਰੀਤ ਰਖਦਾ ਸੀ, ਉਹ ਸੰਗਤਾਂ ਨੂੰ ਨਾਲ ਲੈਕੇ ਕਰਤਾਰ ਪੁਰ ਦਰਸ਼ਨ ਕਰਨ ਵਾਸਤੇ ਆਇਆ। ਭਾਣਾ ਕਰਤਾਰ ਦਾ ਵੈਸਾਖੀ ਤੋਂ ਅਗਲੇ ਦਿਨ ਭਾਈ ਭਗਤੂ ਚਲਾਣਾ ਕਰ ਗਿਆ। ਉਸ ਦਾ ਸਸਕਾਰ ਕਰਨ ਵਾਸਤੇ ਸਤਿਗੁਰੂ ਜੀ ਅਰਥੀ ਦੇ ਨਾਲ ਗਏ ਤੇ ਆਪ ਲੰਬੂ ਲਾਕੇ ਸਸਕਾਰ ਕੀਤਾ। ਭਾਈ ਭਗਤੂ ਦਾ ਪੁਤ੍ਰ ਭਾਈ ਜੀਊਣਾ ਸੀ ਜੀਊਣੇ ਨੂੰ ਸਤਿਗੁਰੂ ਜੀ ਨੇ ਭਾਈ ਭਗਤੂ ਦੀ ਥਾਂ ਮਾਲਵੇ ਦਾ ਮਸੰਦ ਮੁਕਰਰ ਕੀਤਾ। ਇਕ ਪੱਗ ਤੇ ਦੁਸ਼ਾਲਾ ਬਖਸ਼ਿਆ।

੪. ਨੂਰ ਮਹਿਲ ਵਿਚ ਸਤਿਗੁਰੂ ਜੀ ਦੇ ਕੌਤਕ

ਵੈਸਾਖੀ ਦੇ ਮੇਲੇ ਉਤੇ ਕਰਤਾਰਪੁਰ ਮਾਲਵੇ ਦੀ ਬਹੁਤ ਸੰਗਤ ਆਈ ਹੋਈ ਸੀ। ਸਾਰੀ ਸੰਗਤ ਨੇ ਮਿਲਕੇ ਸਤਿਗੁਰੂ ਜੀ ਅਗੇ ਬੇਨਤੀ ਕੀਤਾ—'ਹੇ ਸਚੇ ਪਾਤਸ਼ਾਹ! ਕ੍ਰਿਪਾ ਕਰਕੇ ਮਾਲਵੇ ਦੇਸ ਵਿਚ ਚਰਨ ਪਾਕੇ ਉਸ ਜੰਗਲ ਦੇਸ ਨੂੰ ਪਵਿਤ੍ਰ ਕਰੋ। ਪਹਿਲੇ ਸਤਿਗੁਰੂ ਜੀ ਗਏ ਸਨ, ਸਿਖੀ ਦਾ ਬੀਜ, ਬੀਜ ਆਏ ਸਨ, ਹੁਣ ਲੋੜ ਹੈ ਉਸ ਸਿਖੀ ਦੇ ਬੂਟੇ ਨੂੰ ਅੰਮ੍ਰਿਤ ਰੂਪੀ ਬਾਣੀ ਦਾ ਜਲ ਬਖਸ਼ਿਆ ਜਾਵੇ। ਅਨੇਕਾਂ ਜੀਵ ਹਨ ਜੋ ਦਰਸ਼ਨ ਦੀਦਾਰੇ ਚਾਹੁੰਦੇ ਹਨਪ ਰ ਦੂਰ ਦਾ ਪੰਧ ਕਰਕੇ ਨਹੀਂ ਆ ਸਕਦੇ। ਸਾਰੇ ਜੀਊੜਿਆਂ ਨੂੰ ਦਰਸ਼ਨ ਬਖਸ਼ੋ।

ਸਤਿਗੁਰੂ ਜੀ ਨੇ ਮਾਲਵੇ ਦੇ ਸਿਖਾਂ ਦੀ ਬੇਨਤੀ ਨੂੰ ਪਵਾਨ ਕਰ ਲਿਆ। ਧੀਰਮਲ ਨੂੰ ਧੀਰਜ ਦੇਕੇ ਸਿੱਖ ਸੰਗਤਾਂ ਨੂੰ ਨਿਹਾਲ ਕਰਕੇ ਅਤੇ ਗੁਰੂ ਜੀ ਨੇ ਕਰ-ਤਾਰ ਪੁਰ ਤੋਂ ਡੇਰੇ ਨੂੰ ਅਗੇ ਚਲਣ ਦਾ ਹੁਕਮ ਦਿਤਾ।

ਨੂਰ ਮਹਿਲ ਦੁਆਬੇ ਵਿਚ ਇਕ ਵਡਾ ਕਸਬਾ ਹੈ ਇਹ ਇਤਹਾਸਕ ਤੇ ਪੁਰਾਣਾ ਸ਼ਹਿਰ ਹੈ, ਇਸ ਦੇ ਬਾਹਰ ਇਕ ਅਮੀਰ ਬ੍ਰਾਹਮਣ ਦੀਵਾਨ

ਭਵਾਂਗਿਰ ਦਾ ਬਾਗ ਸੀ ਉਸ ਵਿਚ ਸਤਿਗੁਰੂ ਜੀ ਨੇ ਜਾ ਡੇਰੇ ਲਾਏ ਸਤਿਗੁਰੂ ਜੀ ਨੇ ਇਕ ਮਸੰਦ ਨੂੰ ਦੀਵਾਨ ਵਲ ਭੇਜਿਆ ਕਿ ਉਹ ਆਵੇ ਪਰ ਦੀਵਾਨ ਡਰ ਗਿਆ। ਇਕ ਤਾਂ ਇਸ ਗਲੋਂ ਡਰਿਆ ਕਿ ਪਹਿਲੇ ਗੁਰੂ (ਛੇਵੇਂ ਪਾਤਸ਼ਾਹ) ਤੁਰਕ ਨਾਲ ਜੁਧ ਕਰਦੇ ਰਹੇ ਸਨ, ਸ਼ਾਇਦ ਅਜੇ ਵੀ ਇਹ ਸਤਿਗੁਰੂ ਤੁਰਕ ਹਕੂਮਤ ਦੇ ਬਾਗੀ ਹੋਣ ਇਸ ਕਰਕੇ ਚੰਗਾ ਹੈ ਕਿ ਆਦਰ ਸਤਕਾਰ ਨਾ ਕੀਤਾ ਜਾਵੇ। ਉਹ ਹਕੂਮਤ ਪਾਸੋਂ ਡਰਦਾ ਸੀ। ਜਦੋਂ ਮਸੰਦ ਦੀਵਾਨ ਦੇ ਘਰ ਗਿਆ ਤਾ ਦੀਵਾਨ ਨੇ ਅਗੋਂ ਨੌਕਰ ਨੂੰ ਆਖਿਆ ਕਿ ਉਨ੍ਹਾਂ ਨੂੰ ਆਖ ਦੀਵਾਨ ਸਾਹਿਬ ਸੁਤੇ ਹੋਏ ਹਨ। ਨੌਕਰ ਨੇ ਉਸੇ ਤਰਾਂ ਹੀ ਆਖ ਦਿਤਾ—'ਦੀਵਾਨ ਸਾਹਿਬ ਸੁਤੇ ਹੋਏ ਹਨ।'

ਮਸੰਦ ਸਤਿਗੁਰੂ ਜੀ ਦੇ ਪਾਸ ਪੁਜਾ ਉਸਨੇ ਨੇ ਸਤਿਗੁਰੂ ਜੀ ਨੂੰ ਨਿਮਸ਼ਕਾਰ ਕਰਕੇ ਆਖਿਆ—'ਸਚੇ ਪਾਤਸ਼ਾਹ! ਅੰਦਰੋਂ ਸੇਵਕ ਨੇ ਕਿਹਾ ਹੈ ਦੀਵਾਨ ਸਾਹਿਬ ਸੁਤੇ ਹਨ।'

ਇਹ ਸੁਣਕੇ ਸਤਿਗੁਰੂ ਜੀ ਦੇ ਪਵਿਤ੍ਰ ਬੁਲ੍ਹਾਂ ਤੋਂ ਸੁਭਾਵਿਕ ਹੀ ਨਿਕਲ ਗਿਆ—'ਹਛਾ! ਜੇ ਸੁਤੇ ਹਨ ਤਾਂ ਸੁਤੇ ਹੀ ਰਹਿਣ।' ਇਹ ਬਚਨ ਕਰਨ ਦੀ ਢਿਲ ਸੀ ਕਿ ਕਾਲ ਸਪ ਦਾ ਰੂਪ ਧਾਰਨ ਕਰਕੇ ਦੀਵਾਨ ਸਾਹਿਬ ਦੇ ਮੰਜੇ ਕੋਲ ਪੁਜਾ ਤੇ ਉਸਨੂੰ ਡੰਗ ਮਾਰਕੇ ਸਚਮੁਚ ਹੀ ਸੌਂਆ ਦਿਤਾ। ਉਸੇ ਵੇਲੇ ਰੋਣ ਪਿਟਣ ਦਾ ਸ਼ੋਰ ਮਚ ਗਿਆ। ਸਾਰੇ ਸ਼ਹਿਰ ਵਿਚ ਹੜਤਾਲ ਹੋ ਗਈ 'ਦੀਵਾਨ ਭਵਾਂਗਿਰ ਮਰ ਗਿਆ।' ਕਿਸੇ ਆਤਮਕ ਖੋਜੀ ਨੇ ਇਹ ਵੀ ਆਖ ਦਿਤਾ—'ਪੂਰੇ ਸਤਿਗੁਰੂ ਜੀ ਉਹਦੇ ਬਾਗ ਵਿਚ ਆਏ ਹਨ ਉਸ ਨੇ ਝੂਠ ਬੋਲਿਆ! ਗੁਰ ਨਿੰਦਕ ਨੂੰ ਝੂਠ ਦਾ ਫਲ ਮਿਲਿਆ ਹੈ। ਜੋ ਮਹਾਂ ਪੁਰਖ ਆਏ ਹਨ ਉਹ ਮਹਾਨ ਕਰਨੀ ਵਾਲੇ ਤੇਕਰਾ-ਮਾਤੀ ਹਨ। ਪ੍ਰਤੱਖ ਪ੍ਰਮੇਸ਼ਰ ਦਾ ਰੂਪ ਹਨ।' ਸ਼ਹਿਰ ਵਿਚ ਹਾ ਹਾ ਕਰ ਮਚ ਗਈ। ਸਿਆਣੇ ਪੁਰਖ ਇਕਠੇ ਹੋਏ ਉਨ੍ਹਾਂ ਨੇ ਵਿਚਾਰ ਕੀਤਾ—'ਕਿਤੇ ਸ਼ਹਿਰ ਨਾ ਗਰਕ ਹੋ ਜਾਵੇ। ਮਹਾਂ ਪੁਰਖਾਂ ਦੇ ਬਚਨ ਬਿਰਥਾ ਨਹੀਂ ਜਾਂਦੇ।'

ਉਥੇ ਇਕ ਮੁਸਲਮਾਨ ਫਕੀਰ ਸੀ ਉਸ ਨੂੰ ਔਲੀਆ ਆਖਦੇ ਸਨ ਉਸ ਨੇ ਇਕ ਰੋੜੀ ਗੁੜ, ਸਵਾ ਰੁਪਿਆ ਤੇ ਰੇਜਾ ਰਖ ਕੇ ਸਤਿਗੁਰੂ ਜੀ ਵਲ ਤੁਰ ਪਏ। ਉਸਦੇ ਨਾਲ ਨਗਰ ਦੇ ਮੁਖੀਏ ਸਨ।

ਸਤਿਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕ ਕੇ ਫਕੀਰ ਜੀ ਨੇ ਬੇਨਤੀ ਕੀਤੀ 'ਹੇ ਖੁਦਾ ਦੇ ਰੂਪ ਸਤਿਗੁਰੂ ਜੀ ! ਨਗਰ ਉਤੇ ਮੇਹਰ ਰਖੋਂ। ਅਸੀਂ ਹਥ ਬੰਦੀ ਗੁਲਾਮ ਹਾਂ। ਸੇਵਾ ਕਰਨ ਨੂੰ ਹਾਜ਼ਰ ਹਾਂ।'

ਸਤਿਗੁਰੂ ਨਾਨਕ ਦੇਵ ਜੀ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ। ਇਹ ਨਿਰਵੈਰਾਂ ਤੇ ਨਿਰਭੈਤਾ ਵਾਲਿਆਂ ਦਾ ਘਰ ਹੈ। ਕਰਤਾਰ ਭਲੀ ਕਰੇਗਾ।' ਸਤਿ-ਗੁਰੂ ਜੀ ਨੇ ਬਚਨ ਕੀਤਾਃ—ਮੁਸਲਮਾਨ ਫਕੀਰ ਫਤਹ ਸ਼ਾਹ ਸੁਣਕੇ ਪ੍ਰਸੰਨ ਹੋਇਆ ਤੇ ਆਤਮਿਕ ਜਗਤ ਦੀਆਂ ਗੱਲਾਂ ਕਰਨ ਲਗਾ।

ਉਸੇ ਵੇਲੇ ਨਗਰ ਵਿਚੋਂ ਆਟਾ, ਘਿਓ, ਮਿਠਾ, ਚਾਵਲ, ਨਕਦੀ, ਕਪੜਾ ਤੇ ਘੋੜਿਆਂ ਵਾਸਤੇ ਘਾਹ ਆਦਿਕ ਵਸਤੂਆਂ ਆਉਣ ਲਗ ਪਈਆਂ। ਬਾਗ ਵਿਚ ਮੇਲਾ ਲਗ ਗਿਆ।

੫. ਚੌਧਰੀ ਸੂਦ ਦੇ ਘਰ ਪੁਤ੍ਰ ਹੋਣਾ

ਨੂਰ ਮਹਿਲ ਵਿਚ ਹੀ ਇਕ ਚੌਧਰੀ ਸੂਦ ਰਹਿੰਦਾ ਸੀ। ਉਹ ਰੱਜਿਆ ਪੁਜਿਆ ਜਿਮੀਂਦਾਰ ਸੀ, ਪਰ ਉਹਦੇ ਘਰ ਪੁਤ੍ਰ ਕੋਈ ਨਹੀਂ ਸੀ। ਉਹ ਇਸਤ੍ਰੀ ਸਮੇਤ ਸਤਿਗੁਰੂ ਜੀ ਦੀ ਸ਼ਰਨ ਆਇਆ, ਧਨ ਤੇ ਲੀੜਿਆਂ ਦੀ ਭੇਟ ਚੜ੍ਹਾਈ ਉਸਦੀ ਇਸਤ੍ਰੀ ਨੇ ਗੁਰ-ਚਰਨਾਂ ਵਿਚ ਬੈਠਕ ਅਰਦਾਸ ਕੀਤੀਃ—ਸਚੇ ਪਾਤਸ਼ਾਹੋ ! ਤੁਸੀਂ ਲੋਕ ਪ੍ਰਲੋਕ ਵਿਚ ਸਹਾਈ ਹੁੰਦੇ ਹੋ, ਹਜਾਰਾਂ ਪਾਪੀਆਂ ਦਾ ਪਾਪਾਂ ਰੂਪੀ ਰੋਗਾਂ ਨੂੰ ਕਟਿਆ ਹੈ। ਅਨਕਾ ਮਾਵਾਂ ਦੀਆਂ ਗੋਦਾਂ ਹਰੀਆਂ ਕੀਤੀਆਂ ਹਨ, ਮੇਰੇ ਉਤੇ ਵੀ ਮੇਹਰ ਕਰੋ। ਪ੍ਰਭੂ ! ਮੈਂ ਇਕ ਮਾਂ ਦਾ ਹਿਰਦਾ ਰਖਦੀ ਹਾਂ, ਪਰ ਮਾਂ ਬਣ ਨਹੀਂ ਸਕੀ, ਅਨੇਕਾਂ ਪੀਰ ਫਕੀਰ ਮਨਾ ਚੁਕੀ ਹਾਂ। ਚੂਰਮੇ ਖੁਵਾਏ ਹਨ, ਕੁਝ ਭਲਾ ਕਰੋ, ਦਇਆ ਕਰੋ, ਨਪੁਤੀ ਨਾ ਮਰਾਂ।'

ਏਸੇ ਤਰਾਂ ਚੌਧਰੀ ਸੂਦ ਨੇ ਵੀ ਅਰਦਾਸਾਂ ਕੀਤੀਆਂ, ਸਤਿਗੁਰੂ ਜੀ ਨੇ ਉਹਨਾ ਦੀਆਂ ਅਰਦਾਸਾਂ ਸੁਣਕੇ ਬਚਨ ਕੀਤਾ—"ਵਾਹਿਗੁਰੂ ਦੇ ਘਰ ਕਿਸੇ ਗਲ ਦਾ ਘਾਟਾ ਨਹੀਂ, ਸ਼ੁਧ ਹਿਰਦੇ ਨਾਲ ਇਕ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕਰੋ। ਗਰੀਬਾਂ ਦੀ ਸਹਾਇਤਾ ਕਰੋ, ਲੰਗਰ ਚਲਾਓ ਤੇ ਹੱਥੀਂ ਸੇਵਾ ਕਰੋ, ਜ਼ਰੂਰ ਤੁਸਾਂ ਘਰ ਪੁਤਰ ਹੋਵੇਗਾ। ਵਾਹਿਗੁਰੂ

ਦੇ ਸਿਮਰਨ ਕਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ। ਘਾਟਿਆਂ ਨੂੰ ਪੂਰਿਆਂ ਕਰਨ ਵਾਲਾ ਓਹੋ ਆਪ ਮਾਲਕ ਹੈ।

ਪ੍ਰਭੁ ਮੇਰਾ ਬੇਅੰਤ ਹੈ ਅੰਤੁ ਕਿਨੈ ਨ ਲਖਨੀ ॥
ਸਤਿਗੁਰੂ ਚਰਣੀ ਲਗਿਆ ਹਰਿਨਾਮੁ ਨਿਤ ਜਪਨੀ ॥
ਜੋ ਇਛੈ ਸੋ ਫਲ ਪਾਇਸੀ ਸਭ ਘਰੈ ਵਿਚਿ ਜਚਨੀ ॥

(ਸੂਹੀ ਵਾਰ ਮ: ੧)

= = = = = = = = =

ਚਰਣ ਕਮਲ ਪ੍ਰਭ ਹਿਰਦੈ ਧਿਆਏ ॥ ਰੋਗ ਗਏ ਸਗਲੇ ਸੁਖ ਪਾਏ ॥

(ਬਿਲਾਵਲ ਮ: ੫)

ਇਸ ਤਰ੍ਹਾਂ ਉਪਦੇਸ਼ ਕਰਕੇ ਸਤਿਗੁਰੂ ਜੀ ਨੇ ਚੌਧਰੀ ਨੂੰ ਨਿਹਾਲ ਕੀਤਾ ਤੇ ਉਹ ਗੁਰੂ ਘਰ ਤੇ ਸਿਖ ਸੰਗਤਾਂ ਦੀ ਸੇਵਾ ਕਰਨ ਲਗਾ, ਪੂਰੇ ਸਾਲ ਪਿਛੋਂ ਉਸਦੇ ਘਰ ਪੁਤ੍ਰ ਨੇ ਜਨਮ ਲਿਆ, ਪੁਤ੍ਰ ਦਾ ਮੁਖੜਾ ਦੇਖ ਕੇ ਉਹ ਬਹੁਤ ਪ੍ਰਸੰਨ ਹੋਇਆ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਿਆ ਉਸ ਪੁਤ੍ਰ ਤੋਂ ਚੌਧਰੀ ਦੀ ਵੇਲ ਵਧੀ ਤੇ ਜਗ ਪੀੜੀ ਚਲੀ।

੬. ਸਤਿਗੁਰੂ ਜੀ ਨੇ ਡਰੌਲੀ ਪੁਜਣਾ

ਨੂਰ ਮਹਿਲ ਵਿਚ ਜੀਵਾਂ ਦੀ ਕਲਿਆਣ ਕਰਕੇ ਅਨੇਕਾਂ ਦੁਖੀ ਜੀਵਾਂ ਨੂੰ ਸੁਖ ਬਖਸ਼ਕੇ ਸਤਿਗੁਰੂ ਜੀ ਦਰਿਆ ਸਤਿਲੁਜ ਤੋਂ ਪਾਰ ਹੋਏ। ਮੰਜ਼ਲੋ ਮੰਜ਼ਲੀ ਪ੍ਰਚਾਰ ਕਰਦੇ ਹੋਏ ਸਤਿਗੁਰੂ ਜੀ ਡਰੌਲੀ ਜਾ ਪੁਜੇ, ਡਰੌਲੀ ਦੀਆਂ ਸਿਖ ਸੰਗਤਾਂ ਸਤਿਗੁਰੂ ਜੀ ਜਾ ਆਉਣਾ ਸੁਣਕੇ ਬਹੁਤ ਪ੍ਰਸੰਨ ਹੋਈਆਂ। ਉਸ ਇਲਾਕੇ ਦੇ ਜੋ ਮਸੰਦ ਸਨ ਉਹ ਸਤਿਗੁਰੂ ਜੀ ਦੀ ਸ਼ਰਨ ਪਹਿਲਾਂ ਆਪ ਗਏ ਤੇ ਮੁੜ ਸੰਗਤਾਂ ਨੂੰ ਪ੍ਰੇਰਕੇ ਲਿਆਏ। ਦੂਰ ਦੂਰ ਤੋਂ ਸ਼ਰਧਾਲੂ ਸਿਖ ਮਾਈ ਭਾਈ ਸਮੇਤ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਤੇ ਮਨ-ਚਿੰਦਿਆ ਫਲ ਪ੍ਰਾਪਤ ਕਰਦੇ ਗਏ। ਗੁਰੂ ਘਰ ਦਾ ਦਸਵੰਧ ਜੋ ਇਕੱਠਾ ਕੀਤਾ ਹੋਇਆ ਸੀ, ਉਹ ਸਤਿਗੁਰੂ ਜੀ ਦੇ ਚਰਨ ਕਵਲਾਂ ਵਿਚ ਲਿਆ ਰਖਿਆ, ਕਈਆਂ ਰੋਗੀਆਂ ਦੇ ਰੋਗ ਦੂਰ ਕੀਤੇ।

ਡਰੌਲੀ ਵਿਚ ਰਹਿਕੇ ਸਤਿਗੁਰੂ ਜੀ ਨੇ ਉਹ ਸਾਰੇ ਕੰਮ ਸਿਦੇ

ਚੜ੍ਹਾਏ ਜੋ ਛੇਵੇਂ ਪਾਤਸ਼ਾਹ ਦੇ ਕੀਰਤਪੁਰ ਚਲੇ ਜਾਣ ਤੇ ਜੋਤੀ ਜੋਤ ਸਮਾਉਣ ਪਿਛੋਂ ਅਧੂਰੇ ਪਏ ਸਨ ਮਾਤਾ ਦਮੋਦਰੀ ਜੀਦੀਸਮਾਧੀ ਤਿਆਰ ਕਰਵਾਈ ਤੇ ਜੋਖੂਹ ਸਤਿਗੁਰੂ ਜੀ (ਛੇਵੇਂ ਪਾਤਸ਼ਾਹ) ਆਰੰਭ ਕਰ ਸਨ ਉਹ ਪੂਰੇ ਕਰਵਾਏ, ਇਨਾਂ ਕਾਰਜਾਂ ਦੇ ਕਾਰਨ ਸਤਿਗੁਰੂ ਜੀ ਨੂੰ ਦੋ ਮਹੀਨੇ ਡਰੋਲੀ ਰਹਿਣਾ ਪਿਆ। ਦੋ ਮਹੀਨੇ ਹੀ ਦੋਵੇਂ ਵੇਲੇ ਸਤਿ-ਸੰਗ ਹੁੰਦਾ ਰਿਹਾ।

੭. ਜ਼ੀਰੇ ਤੇ ਹੋਰ ਪਿੰਡਾਂ ਵਿਚ ਜਾਣਾ

ਉਸ ਵੇਲੇ ਚੇਤ ਦਾ ਮਹੀਨਾ ਸੀ। ਇਸ ਮਹੀਨੇ ਵਿਚ ਮਾਲਵੇ ਦਾ ਸਾਰਾ ਦੇਸ਼ ਭਾਗੇ ਭਰਿਆ ਹੁੰਦਾ ਹੈ। ਹਰ ਉੱਚੀ ਨੀਵੀਂ ਰੇਤਲੀ ਜਾਂ ਰੋਹੀ ਦੀ ਧਰਤੀ ਉਤੇ ਹਰਿਆਵਲ ਹੀ ਹਰਿਆਵਲ ਨਜ਼ਰ ਆਉਂਦੀ ਹੈ? ਗਰਮੀ ਸਤਾਉਂਦੀ ਨਹੀਂ ਅਤੇ ਠੰਢ ਹੁੰਦੀ ਨਹੀਂ, ਬਹਾਰ ਦੀਰੁਤਹੁੰਦੀ ਹੈ, ਐਸੀ ਸੁੰਦਰ ਰੁਤ ਜਾਣਕੇ ਮਾਲਵੇ ਦੇ ਮਸੰਦਾਂ, ਭਾਈ ਗੁਰਦਾਸ, ਤਾਰਾ, ਭੂੰਦੜ ਦੇ ਪੁਤ੍ਰ ਬਿਹਾਰੀ ਆਦਿਕ ਨੇ ਸਚੇ ਪਾਤਸ਼ਾਹ ਕੋਲ ਬੇਨਤੀ ਕੀਤੀ—"ਹੇ ਦਾਤਾਰ! ਮਾਲਵੇ ਦੇ ਘੁਘ ਵਸਦੇ ਨਗਰਾਂ ਵਿਚ ਚਰਨ ਪਾਕੇ ਸਿੱਖ ਸੰਗਤਾਂ ਨੂੰ ਨਿਹਾਲ ਕਰੋ ਤੇ ਜੋ ਦੁਖੀ ਜੀਵ ਹਨ ਉਨ੍ਹਾਂ ਦੇ ਦਖ ਤੇ ਪਾਪ ਨਸ਼ਟ ਕਰੋ।" ਪਹਿਲੇ ਸਤਿਗੁਰੂ ਜੀ ਮਾਲਵੇ ਵਿਚ ਸਿਖੀ ਦਾ ਬੀਜ ਖਿਲਾਰ ਗਏ ਸਨ, ਹੁਣ ਬੀਜ ਇਕ ਬੂਟਾ ਬਣਿਆ ਹੈ ਉਸ ਬੂਟੇ ਨੂੰ ਫਲਣ ਤੇ ਫੁਲਣ ਤੋਂ ਪਹਿਲਾਂ ਦੇਖਣਾ ਜ਼ਰੂਰੀ ਹੈ। ਮਨਮਤੀਏ ਤੇ ਅਨਮਤੀਏ ਸਿੱਖਾਂ ਨੂੰ ਤੰਗ ਕਰਦੇ ਹਨ, ਆਪ ਦੇ ਜਾਣ ਨਾਲ ਦੁਸ਼ਟਾਂ ਦੇ ਹਿਰਦੇ ਭੈ ਭੀਤ ਹੋ ਜਾਣਗੇ। ਉਹ ਸਿਧੇ ਰਾਹ ਤੁਰਨਗੇ!' ਸਤਿਗੁਰੂ ਜੀ ਨੇ ਮਸੰਦਾਂ ਦੀ ਬੇਨਤੀ ਨੂੰ ਪ੍ਰਵਾਨ ਕੀਤਾ ਤੇ ਜ਼ੀਰੇ ਦੀ ਸਿੱਖ ਸੰਗਤ ਸਤਿਗੁਰੂ ਜੀ ਨੂੰ ਡਰੋਲੀ ਤੋਂ ਜ਼ੀਰੇ ਲੈ ਗਈ। ਸਤਿਗੁਰੂ ਜੀ ਦੇ ਸਾਥ ਉਸ ਵੇਲੇ ਹਜ਼ਾਰ ਦੇ ਕਰੀਬ ਸਿੱਖ ਸੈਨਿਕ ਤੇ ਹੋਰ ਸੇਵਾਦਾਰ ਸਨ। ਸਤਿਗੁਰੂ ਜੀ ਦਾ ਠਾਠ ਸ਼ਾਹੀ ਠਾਠ ਸੀ। ਮਨਮਤੀਏ ਤੇ ਅਨਮਤੀਏ ਗੁਰ-ਪ੍ਰਤਾਪ ਨੂੰ ਦੇਖਕੇ ਅਸਚਰਜ ਰਹਿ ਗਏ। ਉਨ੍ਹਾਂ ਨੇ ਸਤਿਗੁਰੂ ਜੀ ਦੇ ਬਚਨਾਂ ਨੂੰ ਸੁਣਨਾ ਪ੍ਰਵਾਨ ਕੀਤਾ, ਉਹ ਨੇੜੇ ਨੇੜੇ ਆਕੇ ਬੈਠ ਗਏ। ਸਤਿਗੁਰੂ ਜੀ ਦੇ ਉਪਦੇਸ਼ ਨੇ ਉਨ੍ਹਾਂ ਦੇ ਹਿਰਦੇ ਦੇ ਹਨੇਰੇ ਨੂੰ ਦੂਰ ਕੀਤਾ,

ਉਨ੍ਹਾਂ ਨੂੰ ਆਪਣੇ ਕੁਕਰਮਾਂ, ਆਪਣੀਆਂ ਭੁਲਾਂ ਦਾ ਗਿਆਨ ਹੋਇਆ। ਸਤਿਗੁਰੂ ਜੀ ਦੇ ਜ਼ੀਰੇ ਜਾਣ ਤੇ ਬਹੁਤ ਸਾਰੇ ਨਵੇਂ ਮਨਮਤੀਏ ਸਿਖ ਧਰਮ ਵਿਚ ਦਾਖਲ ਹੋਏ। ਉਨ੍ਹਾਂ ਨੇ ਸਿਖੀ ਦੇ ਗਾਡੀ ਰਾਹ ਨੂੰ ਅਪਨਾਇਆ। 'ਸਤਿਨਾਮ ਵਾਹਿਗੁਰੂ' ਦਾ ਸਿਮਰਨ ਕਰਨ ਲਗੇ।

ਜ਼ੀਰੇ ਤੋਂ ਅਗਲੇ ਨਗਰ ਦੀ ਸਿਖ ਸੰਗਤ ਆਪ ਆਕੇ ਸਤਿਗੁਰੂ ਜੀ ਨੂੰ ਨਾਲ ਲੈ ਗਈ, ਨਿਉਤੇ ਵਰਜੇ, ਨਕਦੀ, ਥਾਨ ਲੀੜਿਆਂ ਦੇ, ਕੰਬਲ, ਭੂਰੇ ਗਊਆਂ ਘੋੜੇ ਅਰਪਣ ਕੀਤੇ, ਯਥਾ ਸ਼ਕਤਿ ਜੋ ਵੀ ਕੋਈ ਸੇਵਾ ਕਰ ਸਕਦਾ ਸੀ ਉਸਨੇ ਹਸਕੇ ਸੇਵਾ ਕੀਤੀ, ਬਹੁਤ ਪ੍ਰੇਮ ਤੇ ਉਤਸ਼ਾਹ ਜਤਾਇਆ। ਉਸ ਸਮੇਂ ਸਤਿਗੁਰੂ ਜੀ ਪਾਸ ਚੰਗੇ ਰਾਗੀ ਤੇ ਰਬਾਬੀ ਭਾਈ ਸੇਵਾ ਰਤਾ, ਚਤਰ ਤੇ ਨਥੂ ਸਨ। ਉਹ ਦੋਵੇਂ ਵੇਲੇ ਗੁਰਬਾਣੀ ਦਾ ਕੀਰਤਨ ਕਰਦੇ ਤੇ ਗੁਰੂ ਜਸ ਦੀਆਂ ਵਾਰਾਂ ਗਾਉਂਦੇ ਸਨ। ਬਸ ਏਸੇ ਤਰ੍ਹਾਂ ਚਲਦੇ ਚਲਦੇ ਸਤਿਗੁਰੂ ਜੀ ਮਰਾੜ ਪਿੰਡ ਚਲੇ ਗਏ।

੮. ਫੂਲ ਨੂੰ ਰਾਜੇ ਹੋਣ ਦਾ ਵਰ ਦੇਣਾ

ਮਰਾੜ (ਮਰਾਜ) ਪਿੰਡ ਨੂੰ ਛੇਵੇਂ ਪਾਤਸ਼ਾਹ ਦੇ ਹੁਕਮ ਨਾਲ ਕਾਲੇ ਨੇ ਬੰਨਿਆਂ ਸੀ, ਇਸ ਪਿੰਡ ਬਦਲੇ ਸਤਿਗੁਰੂ ਜੀ ਨੂੰ ਜੁਧ ਕਰਨਾ ਪਿਆ ਸੀ, ਏਥੇ ਹੀ ਮੁਗਲਾਂ ਦੀ ਸ਼ਾਹੀ ਫੌਜ ਨੂੰ ਸਤਿਗੁਰੂ ਜੀ ਨੇ ਹਾਰ ਦਿਤੀ ਸੀ ਉਸ ਪਿੰਡ ਦੇ ਵਿਚ ਤੇ ਪਿੰਡ ਦੇ ਚੌਗਿਰਦੇ ਸਤਿਗੁਰੂ ਜੀ ਤੇ ਗੁਰੂ ਘਰ ਦਾ ਜਸ ਬਹੁਤ ਖਿਲ-ਰਿਆ ਹੋਇਆ ਸੀ, ਜਿਸ ਵੇਲੇ ਸਤਿਗੁਰੂ ਹਰਿਰਾਇ ਸਾਹਿਬ ਮਰਾੜ ਪੁਜੇ ਤਾਂ ਸਤਿਗੁਰੂ ਜੀ ਦਾ ਆਉਣਾ ਸੁਣਕੇ ਸਿਖ ਸੰਗਤਾਂ ਤੇ ਨਵੇਂ ਜੀਉੜੇ ਜਿਨ੍ਹਾਂ ਨੇ ਸਤਿ-ਗੁਰੂ ਜੀ ਦੇ ਦਰਸ਼ਨ ਨਹੀਂ ਸੀ ਕੀਤੇ, ਪਰ ਮਹਿਮਾਂ ਸੁਣੀ ਸੀ, ਦਰਸ਼ਨ ਕਰਨ ਵਾਸਤੇ ਆਏ।

ਚੌਧਰੀ ਮੋਹਨ ਦਾ ਪੁਤਰ ਕਾਲਾ ਮਰਾੜ ਪਿੰਡ ਦਾ ਚੌਧਰੀ ਸੀ। ਉਹ ਬਲ ਵਾਲਾ ਸੀ ਅਤੇ ਸਤਿਗੁਰੂ ਜੀ ਦੇ ਬਲ ਗਿਆਨ ਦਾ ਗਿਆਤਾ ਸੀ। ਉਸ ਨੇ ਜਦੋਂ ਸੁਣਿਆ ਕਿ ਸਤਿਗੁਰੂ ਜੀ ਆਏ ਹਨ ਤਾਂ ਉਹ ਅਗੇ ਹੋ ਕੇ ਸਵਾਗਤ ਵਾਸਤੇ ਮਿਲਣ ਆਇਆ। ਉਸਦੇ ਨਾਲ ਉਹਦੇ ਭਰਾ ਦੇ ਪੁਤਰ ਸਨ। ਫੂਲ ਤੇ ਸੰਦਲੀ, ਉਨ੍ਹਾਂ ਦੇ

ਪੇਟ ਨੰਗੇ ਸਨ, ਕਿਉਂ ਕਿ ਬਹੁਤ ਗਰੀਬ ਸਨ। ਫੂਲ ਤੇ ਸੰਦਲੀ ਨੇ ਅਚਾਨਕ ਹੀ ਆਪਣੇ ਢਿੱਡ ਵਜਾਏ। ਉਨ੍ਹਾਂ ਨੂੰ ਢਿਡ ਵਜਾਉਂਦਿਆਂ ਹੋਇਆਂ ਦੇਖਕੇ ਅੰਤ੍ਰਜਾਮੀ ਸਤਿਗੁਰੂ ਜੀ ਨੇ ਪੁਛਿਆ, "ਕਿਉਂ ਭਾਈ ਕਾਲੇ! ਇਹ ਬੱਚੇ ਕੀ ਆਖਦੇ ਹਨ?"

ਸਿਆਣੇ ਭਾਈ ਕਾਲਾ ਜੀ ਨੇ ਸੋਚ ਸਮਝਕੇ ਉੱਤਰ ਦਿਤਾ—"ਸਚੇ ਪਾਤਸ਼ਾਹ! ਇਹ ਫੂਲ ਤੇ ਸੰਦਲੀ ਮੇਰੇ ਭਰਾ ਦੇ ਪੁਤਰ ਹਨ। ਇਨ੍ਹਾਂ ਦਾ ਪਿਤਾ ਜੁਧ ਵਿਚ ਸ਼ਹੀਦ ਹੋ ਗਿਆ ਹੈ। ਯਤੀਮ ਤੇ ਗਰੀਬ ਹਨ, ਪੇਟ ਵਾਸਤੇ ਅੰਨ ਤੇ ਤਨ ਵਾਸਤੇ ਕਪੜੇ ਮੰਗਦੇ ਹਨ। ਇਨ੍ਹਾਂ ਤੇ ਦਇਆ ਕਰੋ।' ਭਾਈ ਕਾਲੇ ਦੇ ਬਚਨ ਸੁਣਕੇ ਸਤਿਗੁਰੂ ਜੀ ਮੇਹਰ ਦੇ ਘਰ ਆਏ। ਉਨ੍ਹਾਂ ਨੇ ਬਚਨ ਕਰ ਦਿਤਾ—"ਭਾਈ ਕਾਲੇ! ਫਿਕਰ ਨਾ ਕਰ, ਇਹ ਤਾਂ ਮਾਲਵੇ ਦੇ ਰਾਜੇ ਹੋਣਗੇ, ਬਾਦਸ਼ਾਹੀ ਕਰਨਗੇ। ਇਨ੍ਹਾਂ ਦੇ ਹਾਥੀ ਤੇ ਘੋੜੇ ਦੂਰ ਦੂਰ ਤਕ ਫਿਰਨਗੇ। ਅੰਨ ਤੇ ਕਪੜੇ ਦਾ ਦਾਨ ਕਰਨਗੇ, ਇਨ੍ਹਾਂ ਦੇ ਭੰਡਾਰੇ ਭਰਪੂਰ ਰਹਿਣਗੇ।" ਸਤਿਗੁਰੂ ਜੀ ਨੇ ਬਚਨ ਕਰ ਦਿਤਾ। ਇਕ ਪਲ ਵਿਚ ਹੀ ਫੂਲ ਤੇ ਸੰਦਲੀ ਦੇ ਭਾਗਾਂ ਨੂੰ ਪਲਟ ਦਿਤਾ। ਭਾਈ ਕਾਲਾ ਵਰ ਲੈ ਘਰ ਨੂੰ ਚਲਿਆ ਗਿਆ।

ਭਾਈ ਕਾਲੇ ਦੀ ਘਰ ਵਾਲੀ ਮੂੰਹ ਚੜ੍ਹ, ਬੜਬੋਲੀ ਤੇ ਈਰਖਾ ਕਰਨ ਵਾਲੀ ਸੀ। ਉਸਨੇ ਜਦੋਂ ਸੁਣਿਆਂ ਕਿ ਉਹਦੇ ਦਿਉਰ ਦੇ ਪੁਤਰਾਂ ਨੂੰ ਰਾਜ ਭਾਗ ਮਿਲਣ ਦਾ ਵਰ ਮਿਲ ਗਿਆ ਹੈ, ਤਾਂ ਉਹ ਲਾਲ ਪੀਲੀ ਹੋਕੇ ਆਪਨੇ ਪੀਤੀ ਕਾਲੇ ਨੂੰ ਕਹਿਣ ਲਗੀ-'ਭਰਾ ਦੇ ਪੁਤਰਾਂ ਨੂੰ ਰਾਜ ਭਾਗ ਦਿਵਾ ਲਿਆਇਆ ਹੈਂ, ਕੀ ਮੇਰੇ ਪੁਤਰ ਕਲ ਨੂੰ ਇਨਾਂ ਦੀਆਂ ਜੁਤੀਆਂ ਖਾਣਗੇ। ਹੈਨ ਤਾਂ ਸ਼ਰੀਕ। ਬਹੁਤ ਮਾੜਾ ਕਰ ਆਇਆ ਹੈ ਇਨ੍ਹਾਂ ਨੂੰ ਨਾਲ ਲੈ ਜਾ ਤੇ ਇਨਾਂ ਨੂੰ ਵੀ ਵਰ ਦਿਵਾ ਕੇ ਲਿਆ।

ਵਹੁਟੀ ਦੇ ਆਖੇ ਲਗ ਕੇ ਉਹ ਆਪਣੇ ਪੁਤਰਾਂ ਨੂੰ ਨਾਲ ਲੈਕੇ ਕਾਲਾ ਸਤਿਗੁਰੂ ਜੀ ਦੇ ਹਜ਼ੂਰ ਜਾਂ ਪੁਜਾ। ਜਿਵੇਂ ਬਚਿਆਂ ਨੂੰ ਸਿਖਾਇਆ ਹੋਇਆ ਸੀ ਤਿਵੇਂ ਉਹ ਬਚੇ ਢਿਡ ਵਜਾਉਣ ਲੱਗ ਪਏ। ਉਹਨਾਂ ਨੂੰ ਢਿਡ ਵਜਾਉਂਦਿਆਂ ਨੂੰ ਦੇਖਕੇ ਸਤਿਗੁਰੂ ਜੀ ਨੇ ਪੁਛਿਆਂ—'ਭਾਈ ਕਾਲੇ! ਇਹ ਬਚੇ ਕੀ ਮੰਗਦੇ ਹਨ?"

'ਸਚੇ ਪਾਤਸ਼ਾਹ! ਗਰੀਬ ਆਦਮੀ ਹਨ ਪੇਟ ਵਾਸਤੇ ਰੋਟੀਆਂ ਮੰਗਦੇ ਹਨ।' ਕਾਲੇ ਨੇ ਉਤਰ ਦਿਤਾ।

'ਭਾਈ ਕਾਲੇ ! ਜੋ ਕੁਝ ਹੋਣਾ ਸੀ, ਸੋ ਹੋ ਗਿਆ । ਰਾਜ ਤਾਂ ਫੂਲ ਤੇ ਸੰਦਲੀ ਨੂੰ ਮਿਲੇਗਾ, ਪਰ ਇਹ ਮਾਮਲਾ ਕਿਸੇ ਨੂੰ ਨਹੀਂ ਦੇਣਗੇ, ਆਪਣੀ ਕਰਨਗੇ ਤੇ ਆਪ ਖਾਣਗੇ। ਫੂਲ ਤੇ ਸੰਦਲੀ ਤਾਂ ਰਾਜੇ ਬਣੇ, ਪਟਿਆਲਾ, ਨਾਭਾ ਤੇ ਜੀਂਦ ਆਦਿਕ ਤੇ ਕਾਲੇ ਦੇ ਪੁਤਰਾਂ ਦੀ ਵੰਸ਼ ਬਾਹੀਏ ਵਿਚ ਵਸਦੀ ਹੈ ਤੇ ਮਾਮਲਾ ਕਿਸੇ ਨੂੰ ਨਹੀਂ ਦੇਂਦੇ ਰਹੇ ਤੇ ਨਾ ਅਜੇ ਦੇਂਦੇ ਹਨ। ਇਸਤਰਾਂ ਸਤਿਗੁਰੂ ਜੀ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਮਾਲਵੇ ਦੇ ਹੋਰ ਪਿੰਡਾਂ ਵਿਚ ਫਿਰਦੇ ਰਹੇ।

੯. ਭਾਈ ਗੋਰੇ ਦੇ ਸਰਾਪ ਦਾ ਪ੍ਰਸੰਗ

ਭਾਈ ਗੋਰਾ ਮਾਲਵੇ ਦਾ ਬਹਾਦਰ ਜੋਧਾ ਸੀ । ਉਹ ਢਾਈ ਤਿੰਨ ਸੌ ਸੁਵਾਰ ਸਦਾ ਕੋਲ ਰਖਿਆ ਕਰਦਾ ਸੀ। ਉਹ ਮਾਲਵੇ ਦੇ ਮਸੰਦ ਭਾਈ ਭਗਤੂ ਦਾ ਸਪੁਤ੍ਰ ਸੀ।

ਉਸਨੂੰ ਸਤਿਗੁਰੂ ਜੀ ਨੇ ਇਕ ਸਰਾਪ ਦਿਤਾ ਸੀ ਤੇ ਸਰਾਪ ਦਾ ਕਾਰਨ ਇਹ ਸੀ। ਕਹਿੰਦੇ ਹਨ ਕਿ ਭਾਈ ਭਗਤੂ ਨੇ ਇਕ ਵਿਆਹ ਕਰਾਇਆ ਸੀ। ਵਿਆਹ ਵੀ ਅਚਰਜ ਢੰਗ ਦਾ ਸੀ। ਭਾਈ ਭਗਤੂ, ਕਰਤਾਰ ਪੁਰ ਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆ ਰਿਹਾ ਸੀ, ਰਾਹ ਵਿਚ ਇਕ ਛਲੀਆਂ ਦਾ ਖੇਤ ਸੀ। ਖੇਤ ਦੀ ਇਕ ਨੁਕਰੇ ਮਣਾ ਸੀ। ਉਸ ਮਣੇ ਉਪਰ ਇਕ ਮੁਟਿਆਰ ਕੁੜੀ ਮਕਈ ਦੀ ਰਾਖੀ ਕਰ ਰਹੀ ਸੀ ਭਾਈ ਭਗਤੂ ਨੇ ਮਣੇ ਦੇ ਚੌਗਿਰਦੇ ਚਾਰ ਲਾਵਾਂ ਲਈਆਂ ਤੇ ਉਚੀ ਸਾਰੀ ਆਖਿਆ–'ਮੈਂ ਤੇਰੇ ਨਾਲ ਵਿਆਹ ਕੀਤਾ ਹੈ। ਹਵਾ, ਪੰਛੀ, ਦਸੇ ਦਿਸ਼ਾਵਾਂ ਨੂੰ ਗੁਵਾਹ ਬਣਾ ਦਿਤਾ ।' ਵਿਆਹ ਕਰਕੇ ਕਰਤਾਰ ਪੁਰ ਆ ਗਿਆ ਤੇ ਕਰਤਾਰਪੁਰ ਉਸਦੀ ਮੌਤ ਹੋ ਗਈ। ਉਸਦੀ ਮੌਤ ਸਮੇਂ ਸਤਿਗੁਰੂ ਜੀ ਹਾਜ਼ਰ ਸਨ ।

ਭਾਈ ਭਗਤੂ ਮਰ ਗਿਆ। ਉਹਦੇ ਮਰਨ ਤੇ ਜੀਊਂਣ ਦਾ ਉਸ ਕੰਨਿਆਂ ਨੂੰ ਕੋਈ ਪਤਾ ਨਹੀਂ ਲਗਾ। ਉਸਨੇ ਭਾਈ ਭਗਤੂ ਦੇ ਬਚਨ ਸੁਣੇ ਸਨ। ਉਸਨੇ ਘਰ ਜਾਕੇ ਆਪਣੇ ਮਾਂ ਬਾਪ ਨੂੰ ਸਾਰੀ ਕਹਾਣੀ ਸੁਣਾ ਦਿੱਤੀ । ਘਰ ਦਿਆਂ ਨੇ ਕੋਈ ਪਰਵਾਹ ਨਾ ਕੀਤੀ ਪਰ ਜਦੋਂ ਉਸ ਕੰਨਿਆਂ ਦਾ ਵਿਆਹ ਕਰਨ ਲਗੇ ਤਾਂ

ਲੜਕੀ ਨੇ ਸਾਫ਼ ਜੁਵਾਬ ਦੇ ਦਿਤਾ ਕਿ ਉਹ ਵਿਆਹ ਨਹੀਂ ਕਰਾਵੇਗੀ, ਉਹ ਵਿਆਹੀ ਹੋਈ ਹੈ। ਆਖਰ ਮਾਪਿਆਂ ਨੂੰ ਸ਼ਰਤ ਮੰਨਣੀ ਪਈ । ਉਨ੍ਹਾਂ ਨੇ ਉਸ ਲੜਕੀ ਦਾ ਵਿਆਹ ਨਾ ਕੀਤਾ।

ਉਸ ਲੜਕੀ ਦੇ ਬਾਪ ਨੇ ਪਤਾ ਕੀਤਾ ਕਿ ਭਗਤੂ ਹੈ ਵੀ ਕਿ ਨਹੀਂ। ਜਦ ਉਹ ਪੁਛਦੇ ਪਛਾਉਂਦੇ ਬਠਿੰਡੇ ਗੋਰੇ ਕੋਲ ਪੁਜੇ ਤਾਂ ਗੋਰੇ ਨੂੰ ਮਿਲਕੇ ਉਸਨੇ ਗੋਰੇ ਨੂੰ ਭਗਤੂ ਦੇ ਵਿਆਹ ਦੀ ਸਾਰੀ ਕਥਾ ਕਹਿ ਸੁਣਾਈ। ਆਖਰ ਬੇਨਤੀ ਕੀਤੀ ਕਿ ਉਸਦੀ ਕੰਨਿਆਂ ਨੂੰ ਘਰ ਲੈ ਆਓ। ਉਹ ਤੁਸਾਂ ਦੀ ਮਾਈ ਲਗਦੀ ਹੈ। ਗੋਰੇ ਨੇ ਉਸਦੀ ਬੇਨਤੀ ਮੰਨ ਲਈ, ਉਸਦੀ ਲੜਕੀ ਨੂੰ ਗੋਰਾ ਘਰ ਲੈ ਆਇਆ।

ਗੋਰਾ ਬਹਾਦਰ ਤੇ ਜਵਾਨ ਸੀ ਪਰ ਉਹ ਧਰਮੀ ਤੇ ਸਤਿਆਵਾਦੀ ਸੀ ਉਸਨੇ ਸਚ ਮੁਚ ਹੀ ਉਸ ਕੰਨਿਆਂ ਨੂੰ ਆਪਣੀ ਧਰਮ ਦੀ ਮਾਂ ਸਮਝਿਆ, ਉਸਦਾ ਸਤਿਕਾਰ ਕਰਨ ਲਗੇ ਤੇ ਉਹ ਵੀ ਭਜਨ ਬੰਦਗੀ ਕਰਦੀ ਹੋਈ ਸਤਯ-ਧਰਮ ਵਿਚ ਰਹਿਣ ਲੱਗੀ।

ਸਤਿਗੁਰੂ ਜੀ ਭੂਖੜੀ ਪਿੰਡ ਵਿਚ ਸਨ ਭਾਈ ਗੋਰਾ ਵੀ ਉਥੇ ਆਇਆ ਹੋਇਆ ਸੀ, ਉਸਦੀ ਧਰਮ ਮਾਤਾ ਵੀ ਨਾਲ ਸੀ ਸਤਿਗੁਰੂ ਦੇ ਹਜ਼ੂਰ ਜਸਾ ਨਾਮ ਦਾ ਸਿਖ ਸੀ ਉਹ ਸਤਿਗੁਰੂ ਜੀ ਨੂੰ ਚੌਰ ਕਰਦਾ ਰਹਿੰਦਾ ਤੇ ਗੁਰੂ ਘਰ ਦੀ ਬਹੁਤ ਸੇਵਾ ਕਰਿਆ ਕਰਦਾ ਸੀ ਹੈ ਸੀ ਮਖੌਲੀਆ ਇਕ ਦਿਨ ਗੋਰੇ ਦੇ ਹੁੰਦਿਆ ਗੋਰੇ ਦੀ ਧਰਮ ਮਾਤਾ ਦੀ ਵਾਰਤਾ ਚਲ ਪਈ, ਜਸੇ ਨੇ ਕਿਹਾ—'ਭਗਤੂ ਮੇਰਾ ਗੁਰ ਭਾਈ ਸੀ। ਇਸ ਵਾਸਤੇ ਭਗਤੂ ਦੀ ਨਾਰੀ ਜੇ ਮੈਨੂੰ ਦਿਤੀ ਜਾਵੇ ਤਾਂ ਮੈਂ ਉਸ ਤੋਂ ਉਲਾਦ ਪੈਦਾ ਕਰਾਂ। ਮੁਟਿਆਰ ਨਾਰੀ ਦਾ ਇਸਤਰਾਂ ਰਹਿਣਾ ਚੰਗਾ ਨਹੀਂ। ਲੋਕ ਸੌ ਸੌ ਗਲਾਂ ਕਰਦੇ ਹੋਣਗੇ।'

ਇਹ ਗਲ ਗੋਰੇ ਨੇ ਆਪਣੀ ਕੰਨੀ ਸੁਣੀ, ਜਿਵੇਂ ਲੋਹੇ ਦੀ ਤਾਰ ਸਾਬਨ ਦਾ ਸੀਨਾ ਚੀਰ ਜਾਂਦੀ ਹੈ, ਤਿਵੇਂ ਉਹ ਟਿਚਕਰ ਗੋਰੇ ਦਾ ਦਿਲ ਚੀਰ ਗਈ, ਪਰ ਗੋਰਾ ਸਤਿਗੁਰੂ ਜੀ ਤੋਂ ਡਰਦਾ ਹੋਇਆ ਕੁਝ ਨਾ ਬੋਲਿਆ। ਗੁਰੂ ਕੇ ਦੀਵਾਨ ਵਿਚੋ ਉਠਕੇ ਬਾਹਰ ਚਲਿਆ ਗਿਆ। ਉਸਨੇ ਸਾਰੀ ਗਲ ਆਪਣੇ ਆਦਮੀਆਂ ਨਾਲ ਕੀਤੀ ਆਦਮੀ ਬਹੁਤ

ਗੁਸੇ ਵਿਚ ਆਏ ਉਨਾਂ ਫੈਸਲਾ ਕੀਤਾ ਕਿ ਉਹ ਜਸੇ ਨੂੰ ਮਾਰ ਸੁਟਣਗੇ, ਪਰ ਮਾਰ-ਨਗੇ ਉਸ ਵੇਲੇ ਜਦੋਂ ਉਹ ਇਕੱਲਾ ਬਾਹਰ ਮਿਲੇਗਾ।ਸਬਬ ਨਾਲ ਅਗਲੇ ਦਿਨ ਜੱਸਾ ਗੋਰੇ ਦੇ ਆਦਮੀਆਂ ਨੂੰ ਬਾਹਰ ਇਕੱਲਾ ਮਿਲ ਗਿਆ ਉਨ੍ਹਾਂ ਨੇ ਜਸੇ ਨੂੰ ਗੋਲੀ ਮਾਰਕੇ ਮਾਰ ਦਿਤਾ, ਜਦ ਉਸਦੇ ਮਾਰਨ ਦੀ ਖਬਰ ਸਤਿਗੁਰੂ ਜੀ ਨੂੰ ਲਗੀ ਸਾਹਿਬ ਬਹੁਤ ਕ੍ਰੋਧਵਾਨ ਹੋਏ। ਉਹਨਾਂ ਨੇ ਗੋਰੇ ਨੂੰ ਸਰਾਪ ਦੇ ਦਿਤਾ ਤੇ ਇਹ ਵੀ ਬਚਨ ਕੀਤਾ ਕਿ 'ਉਹ ਸਤਿਗੁਰੂ ਜੀ ਦੇ ਮਥੇ ਨਾ ਲਗੇ।' ਇਸ ਸਰਾਪ ਦਾ ਗੋਰੇ ਨੂੰ ਬਹੁਤ ਦੁਖ ਹੋਇਆ।

ਗੋਰੇ ਦਾ ਸਤਿਗੁਰੂ ਜੀ ਨਾਲ ਬਹੁਤ ਪਿਆਰ ਸੀ, ਉਸਨੇ ਸਤਿਗੁਰੂ ਜੀ ਦਾ ਪਿਛਾ ਨਾ ਛੱਡਿਆ। ਉਹ ਕੋਹ ਸਵਾ ਕੋਹ ਸਤਿਗੁਰੂ ਜੀ ਦੇ ਪਿਛੇ ਰਹਿੰਦਾ। ਜਿਥੇ ਸਤਿਗੁਰੂ ਜੀ ਡੇਰਾ ਲਾਉਂਦੇ ਉਥੇ ਹੀ ਉਹ ਜਾ ਰਹਿੰਦਾ। ਗੁਰੂ ਜੀ ਦੇ ਘੋੜਿਆਂ ਵਾਸਤੇ ਘਾਹ ਭੇਜਦਾ ਆਟਾ ਦਾਣਾ ਜੋ ਵੀ ਹਥ ਆਉਂਦਾ, ਓਹੋ ਕੁਝ ਭੇਜ ਦੇਂਦਾ। ਉਹਦੇ ਆਦਮੀ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ। ਮਾਲਵੇ ਦਾ ਦੌਰਾ ਕਰਦੇ ਹੋਏ ਸਤਿਗੁਰੂ ਜੀ ਕੀਰਤਪੁਰ ਪਹੁੰਚ ਗਏ।

ਸਤਿਗੁਰੂ ਜੀ ਕੀਰਤਪੁਰ ਰਹਿੰਦੇ ਸਨ ਕਿ ਕਰਤਾਰਪੁਰ ਤੋਂ ਧੀਰਮਲ ਨੇ ਆਦਮੀ ਸਤਿਗੁਰੂ ਜੀ ਪਾਸ ਭੇਜੇ। ਉਨ੍ਹਾਂ ਨੇ ਸੁਨੇਹਾ ਦਿਤਾ—'ਸਤਿਗੁਰੂ ਜੀ ਆਪ ਦੇ ਵਡੇ ਭਾਈ ਦੇ ਪੁਤ੍ਰ ਦਾ ਵਿਆਹ ਹੈ। ਕ੍ਰਿਪਾ ਕਰਕੇ ਪ੍ਰਵਾਰ ਸਮੇਤ ਕਰਤਾਰਪੁਰ ਚਲੀਏ।'ਸਤਿਗੁਰੂ ਜੀਨੇ ਉਨਾਂ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਤੇ ਮਹਿਲਾਂ ਨੂੰ ਪਾਲਕੀਆਂ ਵਿਚ ਬੈਠਾਕੇ ਤੋਰ ਦਿਤਾ। ਬਹੁਤ ਸਾਰੇ ਸਿੱਖ ਸੇਵਕ ਵੀ ਨਾਲ ਸਨ। ਹਾਥੀ ਘੋੜੇ ਤੇ ਬਹੁਤ ਸਾਰਾ ਸਾਮਾਨ ਸਾਥ ਸੀ। ਇਹ ਵਹੀਰ ਰੋਪੜ ਨੂੰ ਆ ਰਿਹਾ ਸੀ ਕਿ ਮੁਹੰਮਦ ਯਾਰ ਦਿੱਲੀ ਨੂੰ ਜਾਂਦਾ ਹੋਇਆ ਰਾਹ ਵਿਚ ਉਤਰਿਆ ਹੋਇਆ ਸੀ ਉਸਦੇ ਨਾਲ ਹਜ਼ਾਰ ਕੁ ਆਦਮੀ ਸਨ। ਉਸਨੂੰ ਜਦੋਂ ਪਤਾ ਲਗਾ ਕਿ ਸਤਿ-ਗੁਰੂ ਜੀ ਦਾ ਡੇਰਾ ਜਾ ਰਿਹਾ ਹੈ ਤਾਂ ਉਹਦੇ ਮੂੰਹ ਪਾਣੀ ਭਰ ਆਇਆ। ਉਸਨੇ ਜਾਤਾ ਕਿ ਜ਼ਰੂਰ ਹੀ ਧਨ ਤੇ ਕੀਮਤੀ ਪਦਾਰਥ ਬਹੁਤ ਹੋਵੇਗਾ ਕਿਉਂ ਨਾ ਡੇਰੇ ਨੂੰ ਲੁਟਿਆ ਜਾਵੇ। ਬਹੁਤ ਸੁੰਦਰ ਰਥ, ਘੋੜੇ ਤੇ ਹਾਥੀ ਨਾਲ ਸਨ। ਖਜ਼ਾਨਾ ਵੀ ਸੀ। ਸਬਬ ਨਾਲ ਸਤਿਗੁਰੂ ਜੀ ਦੂਸਰੇ ਰਸਤੇ ਅਗੇ ਨਿਕਲ ਗਏ

ਸਨ। ਖਿਆਲ ਸੀ ਕਿ ਸਤਲੁਜ ਦੇ ਪਤਨ ਉਤੇ ਮੇਲ ਹੋ ਜਾਵੇਗਾ।

ਜਦ ਤੁਰਕ ਨੇ ਇਹ ਮਾੜੀ ਨੀਤ ਧਾਰੀ ਤਦੋਂ ਗੋਰਾ ਵੀ ਸਤਿਗੁਰੂ ਜੀ ਦੇ ਡੇਰੇ ਦੇ ਨਾਲ ਜਾ ਰਿਹਾ ਸੀ। ਗੋਰੇ ਦੇ ਆਦਮੀਆਂ ਨੇ ਮੁਹੰਮਦ ਯਾਰ ਖਾਂ ਦੇ ਆਦ-ਮੀਆ ਦੀ ਖੋਟੀ ਨੀਤ ਨਾਲ ਸਤਿਗੁਰੂ ਜੀ ਦੇ ਵਹੀਰ ਵਲ ਆਉਂਦਿਆਂ ਦੇਖ ਲਿਆ ਅਤੇ ਉਨ੍ਹਾਂ ਨੇ ਦਲੇਰੀ ਨਾਲ ਤੁਰਕਾਂ ਨੂੰ ਲਲਕਾਰਿਆ ਤੇ ਰਾਹ ਵਿਚ ਰੋਕਿਆ। ਦੋਹਾਂ ਦੀ ਲੜਾਈ ਹੋਣ ਲਗ ਪਈ। ਗੋਰੇ ਦੇ ਆਦਮੀ ਤੁਰਕਾਂ ਨਾਲੋਂ ਤਕੜੇ ਸਨ। ਰਾਤ ਦੇ ਹਨੇਰੇ ਤਕ ਲੜਦੇ ਰਹੇ। ਵਹੀਰ ਸਹੀ ਸਲਾਮਤ ਸਤਲੁਜ ਦਰਿਆ ਤੇ ਪਹੁੰਚ ਗਿਆ ਜਿਥੇ ਸਤਿਗੁਰੂ ਜੀ ਪਹੁੰਚੇ ਹੋਏ ਸਨ। ਸਾਰੇ ਮਾਮਲੇ ਦਾ ਪਤਾ ਸਤਿਗੁਰੂ ਜੀ ਨੂੰ ਲਗ ਗਿਆ। ਉਸ ਵੇਲੇ ਸਤਿਗੁਰੂ ਜੀ ਨੇ ਗੋਰੇ ਵਲ ਆਦਮੀ ਭੇਜੇ ਕਿ ਗੋਰੇ ਨੂੰ ਸਤਿਗੁਰੂ ਜੀ ਪਾਸ ਲੈ ਆਓ। ਗੋਰਾ ਆਇਆ ਤਾਂ ਸਤਿਗੁਰੂ ਜੀ ਨੇ ਪ੍ਰਸੰਨ ਹੋਕੇ ਵਰ ਦੇ ਦਿਤੇ। ਸਤਿਗੁਰੂ ਜੀ ਗੋਰੇ ਦੀ ਨਿਮਰਤਾ, ਦਲੇਰੀ ਤੇ ਸੇਵਾ ਉਤੇ ਖੁਸ਼ ਸਨ। ਬਹੁਤ ਸਾਰਾ ਪਦਾਰਥ ਤੇ ਸਿਰੋਪਾਉ ਦੇ ਕੇ ਤੋਰਿਆ। ਏਸੇ ਭਾਈ ਗੋਰੇ ਦੀ ਵੰਸ ਵਿਚੋਂ ਕੈਂਬਲ ਵਾਲੇ ਰਾਜੇ ਹੋਏ ਹਨ, ਜੋ ਗੁਰੂ ਘਰ ਨਾਲ ਬਹੁਤ ਪ੍ਰੇਮ ਕਰਦੇ ਰਹੇ ਸਨ।

੧੦. ਬ੍ਰਾਹਮਣ ਦੇ ਪੁਤ੍ਰ ਦਾ ਪ੍ਰਸੰਗ

ਸਤਿਗੁਰੂ ਜੀ ਕਰਤਾਰ ਪੁਰ ਰਹੇ, ਧੀਰਮਲ ਦੇ ਸਪੁਤ੍ਰ ਦਾ ਵਿਆਹ ਕਰਕੇ ਬਹੁਤ ਸਾਰੀ ਸਿਖ ਸੰਗਤ ਦੂਰੋਂ ਦੂਰੋਂ ਆਈ ਹੋਈ ਸੀ ਉਸ ਵੇਲੇ ਪੰਜਾਬ ਦੇ ਮਸ਼-ਹੂਰ ਮੇਲੇ ਸਨ ਮਾਘੀ, ਬਸੰਤ, ਵੈਸਾਖੀ, ਸਾਵੇਂ ਤੇ ਦੀਵਾਲੀ। ਕਰਤਾਰਪੁਰ ਵਿਚ ਹਰ ਸੰਗ੍ਰਾਂਦ ਨੂੰ ਵੀ ਸਿਖ ਸੰਗਤ ਦਾ ਭਾਰੀ ਇਕੱਠ ਹੋ ਜਾਂਦਾ ਸੀ। ਧੀਰਮਲ ਦੇ ਸਪੁਤ੍ਰ ਦਾ ਵਿਆਹ ੧੩ ਮਘਰ ਸੰ: ੧੭੧੧ ਬਿ: ਨੂੰ ਹੋ ਗਿਆ, ਪਰ ਸਿਖ ਸੰਗਤ ਤੇ ਰਿਸ਼ਤੇਦਾਰ ਅਜੇ ਕਰਤਾਰ ਪੁਰ ਵਿਚ ਹੀ ਸਨ। ਸਤਿਗੁਰੂ ਜੀ ਦੇ ਹਜ਼ੂਰ ਬਹੁਤ ਭੀੜ ਰਹਿੰਦੀ ਸੀ।

ਇਕ ਦਿਨ ਇਕ ਬ੍ਰਾਹਮਨ ਦਾ ਜਵਾਨ ਪੁਤ੍ਰ ਮਰ ਗਿਆ ਉਹ ਬ੍ਰਾਹਮਣ ਤੇ ਉਹਦੀ ਬ੍ਰਾਹਮਣੀ ਪੁਤਰ ਦੀ ਲੋਥ ਨੂੰ ਚੁਕ ਕੇ ਉਸ ਥਾਂ ਲੈ ਆਏ,

ਜਿਥੇ ਸਤਿਗੁਰੂ ਜੀ ਦਾ ਡੇਰਾ ਸੀ, ਮਸੰਦਾਂ ਤੇ ਮੇਵੜਿਆਂ ਨੇ ਬਹੁਤ ਰੋਕਿਆ ਕਿ ਮੁਰਦਾ ਸਤਿਗੁਰੂ ਜੀ ਦੇ ਨੇੜੇ ਨਹੀਂ ਆਉਣਾ ਚਾਹੀਦਾ। ਜੋ ਜੀਵ ਮਰਦਾ ਹੈ ਉਹ ਕਰਤਾਰ ਦੇ ਹੁਕਮ ਨਾਲ ਮਰਦਾ ਹੈ। ਕਰਤਾਰ ਦੇ ਮਾਰੇ ਹੋਏ ਨੂੰ ਜੀਊਂਦਿਆਂ ਨਹੀਂ ਕਰਨਾ ਚਾਹੀਦਾ। ਛੇਵੇਂ ਪਾਤਸ਼ਾਹ ਜੀ ਵੀ ਵਾਹਿਗੁਰੂ ਦੇ ਭਾਣੇ ਦੇ ਉਲਟ ਨਹੀਂ ਸਨ ਕਰਦੇ। ਜੋ ਵਾਹਿਗੁਰੂ ਕਰਦਾ ਹੈ ਸੋ ਠੀਕ ਕਰਦਾ ਹੈ। ਪਰ ਬ੍ਰਾਹਮਣ-ਬ੍ਰਾਹਮਣੀ ਨਾ ਮੰਨੇ। ਉਨ੍ਹਾਂ ਨੇ ਮਲੋ ਮਲੀ ਮੁਰਦਾ ਰੂਪ ਵਿਚ ਪੁਤ੍ਰਲਿਆ ਰਖਿਆ।

ਮਸੰਦ ਬਹੁਤ ਡਰ ਗਏ ਉਨ੍ਹਾਂ ਸੋਚਿਆ, ਜੇ ਸਤਿਗੁਰੂ ਜੀ ਨੇ ਬ੍ਰਾਹਮਣ ਦੇ ਪੁਤ੍ਰ ਨੂੰ ਜੀਊਂਦਿਆਂ ਕੀਤਾ ਤਾਂ ਲੋਕ ਹਰ ਰੋਜ ਮੁਰਦੇ ਚੁਕਕੇ ਸਤਿਗੁਰੂ ਜੀ ਪਾਸ ਆਉਣ ਲਗ ਪੈਣਗੇ। ਜੇ ਜੀਊਂਦਾ ਨਾ ਕੀਤਾ ਤਾਂ ਲੋਕ ਉਲਟਾ ਪ੍ਰਚਾਰ ਕਰਨਗੇ ਕਿ ਗੁਰੂ ਸਮਰਥਾ ਵਾਲਾ ਨਹੀਂ, ਕਰਾਮਾਤ ਤੇ ਰਿਧੀਆਂ ਸਿਧੀਆਂ ਤੋਂ ਖਾਲੀ ਹੈ। ਮਾਮਲਾ ਬਹੁਤ ਹੀ ਟੇਢਾ ਸੀ। ਮਸੰਦ ਤਾਂ ਕੁਝ ਨਾ ਸੋਚ ਸਕੇ ਕਿ ਕੀ ਕੀਤਾ ਜਾਵੇ, ਪਰ ਸਤਿਗੁਰੂ ਜੀ ਭੀੜ ਨੂੰ ਚੀਰ ਕੇ ਅਗੇ ਆਏ, ਬ੍ਰਾਹਮਣ ਦੇ ਪੁਤਰ ਨੂੰ ਦੇਖਿਆ, ਬ੍ਰਾਹਮਣ ਤੇ ਬ੍ਰਾਹਮਣੀ ਵਲ ਤੱਕਿਆ, ਸਾਹਿਬਾਂ ਨੇ ਲੋਕਾਂ ਵਲ ਨਿਗਾਹ ਮਾਰੀ ਤਾਂ ਬਚਨ ਕੀਤਾ—'ਧਰਮਰਾਜ ਨੇ ਇਸ ਦੀ ਜਾਨ ਲਈ ਹੈ। ਧਰਮਰਾਜ ਦਾ ਕੀਤਾ ਕਰਮ ਨਹੀਂ ਮਿਟ ਸਕਦਾ। ਹਾਂ, ਜੇ ਇਸ ਨੂੰ ਜੀਊਂਦਾ ਕਰਨਾ ਹੈ ਤਾਂ ਇਸਦੀ ਥਾਂ ਕਿਸੇ ਨੂੰ ਪ੍ਰਾਣ ਦਾਨ ਦੇਣਾ ਪਵੇਗਾ। ਦਸੋ ਕੌਣ ਇਹਦੀ ਥਾਂ ਮਰਦਾ ਹੈ?' ਇਸ ਬਚਨ ਨੂੰ ਕਰਦਿਆਂ ਹੋਇਆਂ ਸਤਿਗੁਰੂ ਜੀ ਨੇ ਬ੍ਰਾਹਮਣ ਬ੍ਰਾਹਮਣੀ ਵਲ ਤਕਿਆ ਸੀ, ਪਰ ਉਨਾਂ ਨੇ ਹਾਂ ਨਾ ਕੀਤੀ, ਉਹ ਪੁਤਰ ਦੀ ਥਾਂ ਮਰਨਾ ਨਹੀਂ ਸਨ ਚਾਹੁੰਦੇ। ਉਨ੍ਹਾਂ ਨੂੰ ਆਪਣੀ ਜਾਨ ਪਿਆਰੀ ਸੀ। ਰਿਸ਼ਤੇਦਾਰਾਂ ਵਲ ਦੇਖਿਆ, ਤਾਂ ਉਨ੍ਹਾਂ ਵੀ ਹਾਂ ਨਾ ਕੀਤੀ ਤੇ ਨਾ ਸੰਗਤ ਵਿਚੋਂ ਹੀ ਕਿਸੇ ਨੇ ਕਿਹਾ ਕਿ ਉਹ ਬ੍ਰਾਹਮਣ ਪੁਤ੍ਰ ਵਾਸਤੇ ਪ੍ਰਾਣ ਦਾਨ ਦੇਣ ਵਾਸਤੇ ਤਿਆਰ ਹੈ।

ਸਤਿਗੁਰੂ ਜੀ ਨੇ ਫਿਰ ਬਚਨ ਕੀਤਾ—'ਦਸੋ! ਕੋਈ ਪ੍ਰਾਣ ਦਾਨ ਦੇਣ ਨੂੰ ਤਿਆਰ ਹੈ? ਧਰਮਰਾਜ ਨੇ ਇਹਦੀ ਥਾਂ ਗਿਣਤੀ ਪੂਰੀ ਕਰਨੀ ਹੈ।' ਜਦ ਸਤਿਗੁਰੂ ਜੀ ਨੇ ਇਹ ਬਚਨ ਕੀਤਾ ਤਾਂ ਭਾਈ ਭਗਤੂ ਦਾ ਛੋਟਾ ਪੁਤਰ ਜੀਊਂਣਾ ਅਗੇ ਵਧਿਆ। ਉਸਨੇ ਹਥ ਜੋੜਕੇ ਬੇਨਤੀ ਕੀਤੀ—'ਸਚੇ ਪਾਤਸ਼ਾਹ! ਆਪ ਦੀ

ਆਗਿਆ ਪਾਲਨ ਕਰਨ ਵਾਸਤੇ ਤੇ ਪਰਉਪਕਾਰ ਕਰਨ ਵਾਸਤੇ ਮੈਂ ਹਾਜ਼ਰ ਹਾਂ, ਹੁਕਮ ਕਰੋ ?' 'ਭਾਈ ਜੀਂਉਣ ! ਜੇ ਤੂੰ ਹਾਜ਼ਰ ਹੈਂ ਤਾਂ ਠੀਕ ਹੈ । ਇਹ ਘਾਲਨਾਂ ਬਹੁਤ ਕੱਠਨ ਹੈ। ਕਿਸੇ ਦੀ ਖਾਤਰ ਆਪਣੇ ਪ੍ਰਾਣਦਾਨ ਦੇਣੇ। ਸਤਿਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਵਿਚ ਹੀ ਸਿਫਤਾਂ ਹਨ ਕਿ ਉਹ ਐਸੀਆਂ ਕੁਰਬਾਨੀਆਂ ਕਰ ਸਕਦੇ ਹਨ। ਹਛਾ ਭਾਈ ਜੀਊਂਣਿਆਂ ਤੇਰਾ ਨਾਮ ਸਦਾ ਜੀਊਂਦਾ ਰਹੇਗਾ।'

ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਭਾਈ ਜੀਉਂਣਾ ਬਾਹਰ ਨੂੰ ਚਲਿਆ ਗਿਆ। ਉਸੇ ਥਾਂ ਜਾ ਪਹੁੰਚਾ ਜਿਥੇ ਉਸਦੇ ਪਿਤਾ ਦੀ ਸਮਾਧ ਸੀ, ਉਹਦੇ ਲਾਗੇ ਚਾਦਰ ਤਾਣਕੇ ਸੌਂ ਗਿਆ। ਸੌਣ ਦੀ ਢਿਲ ਸੀ ਕਿ ਉਹਦੇ ਪ੍ਰਾਣ ਪੰਖੇਰੂ ਸਰੀਰ ਰੂਪੀ ਘਰ ਨੂੰ ਛੱਡ ਗਏ। ਜਿਉਂ ਹੀ ਭਾਈ ਜੀਊਂਣੇ ਨੇ ਪ੍ਰਾਣ ਤਿਆਗੇ ਤਿਉਂ ਹੀ ਬ੍ਰਾਹਮਣ ਦਾ ਪੁਤਰ ਜੀਊਂਦਾ ਹੋਗਿਆ, ਇਸਤਰਾਂ ਉਠਿਆ ਜਿਵੇਂ ਕੋਈ ਲੰਮੀ ਨੀਂਦ ਤੋਂ ਸੁਤਾ ਉਠਦਾ ਹੈ ਉਸਦੇ ਉਠਣ ਤੇ ਬ੍ਰਾਹਮਣ ਬ੍ਰਾਹਮਣੀ ਪ੍ਰਸੰਨ ਹੋ ਗਏ, ਲੋਕ 'ਧੰਨ ਸਤਿਗੁਰੂ ਜੀ' ਆਖਕੇ ਸਤਿਗਰੂ ਜੀ ਦਾ ਜਸ ਕਰਨ ਲਗੇ, ਸਤਿ-ਗੁਰੂ ਜੀ ਨੇ ਭਾਈ ਜੀਉਂਣੇ ਦਾ ਸਸਕਾਰ ਕਰਾ ਦਿਤਾ।

ਇਸ ਘਟਣਾ ਨੇ ਸਾਰੇ ਪੰਜਾਬ ਵਿਚ ਧੁਮ ਮਚਾ ਦਿਤੀ ਕਿ ਸਤਿਗੁਰੂ ਜੀ ਜੀ ਬਹੁਤ ਵਡੀ ਕਰਨੀ ਵਾਲੇ ਹਨ। ਸਤਿਗੁਰੂ ਜੀ ਦਾ ਜਸ ਘਰ ਹੋਣ ਲਗਾ। ਸਿਖ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਨ ਕਣਨ ਵਾਸਤੇ ਆਉਣ ਲਗੀਆਂ।

੧੧.੧੭੧੨ ਬਿਕ੍ਰਮੀ ਦੀ ਵੈਸਾਖੀ

ਜਿਸ ਵੈਸਾਖੀ ਤੇ ਸਤਿਗੁਰੂ ਜੀ ਨੇ ਬ੍ਰਾਹਮਣ ਦਾ ਪਤਰ ਜੀਊਂਦਾ ਕੀਤਾ ਸੀ, ਉਹ ੧੭੧੨ ਬਿ: ਦੀ ਵੈਸਾਖੀ ਸੀ, ਇਹ ਵੈਸਾਖੀ ਅਮਨ ਸਮੇਂ ਦੀ ਸਭ ਤੋਂ ਵਡੀ ਵੈਸਾਖੀ ਸੀ ਤੇ ਇਸ ਵੈਸਾਖੀ ਦੇ ਪੁਰਬ ਉਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਤਕਰੀਬਨ ਸਾਰੇ ਹਿੰਦੁਸਤਾਨ ਤੇ ਕਾਬਲ ਕੰਧਾਰ ਦੇ ਸਿੱਖ ਆਏ ਸਨ। ਯਥਾ ਸ਼ਕਤ ਸਭ ਨੇ ਸਤਿਗੁਰੂ ਜੀ ਵਾਸਤੇ

ਕਾਰ ਭੇਟ ਲਿਆਂਦੀ ਸੀ। ਮਸੰਦਾਂ ਦੀਆਂ ਪੁਰਾਣੀਆਂ ਗੱਦੀਆਂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਪਹਿਲੇ ਗੁਰੂ ਸਾਹਿਬਾਂ ਦੇ ਸਮੇਂ ਕਾਇਮ ਹੋਈਆਂ ਸਨ, ਉਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈਆਂ। ਹਰ ਮਸੰਦ ਆਪਣੇ ਨਾਲ ਸਿੱਖ ਸੰਗਤ ਲਿਆਇਆ। ਆਟੇ, ਦਾਣੇ, ਕਪੜੇ, ਸੋਨੇ ਚਾਂਦੀ ਤੇ ਮਿਠੇ ਘਿਓ ਆਦਿਕ ਦਾ ਅੰਤ ਨਾ ਰਿਹਾ। ਸੰਗਤ ਬਹੁਤੀ ਸੀ, ਪੰਜ ਗੁਰੂ ਕੇ ਲੰਗਰ ਲਾਏ ਗਏ। ਬੀਬੀਆਂ ਤੇ ਪੁਰਖ ਆਪੇ ਹੀ ਲੰਗਰ ਦੀ ਸੇਵਾ ਕਰਕੇ ਖਾਈ ਜਾਂਦੇ ਸਨ।

ਇਸ ਪੁਰਬ ਉਤੇ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸ਼ਾਹੀ ਦਰਬਾਰ ਲਗਾ, ਐਸਾ ਦਰਬਾਰ ਸ਼ਹਿਨਸ਼ਾਹ ਦਿਲੀ ਦਾ ਵੀ ਨਹੀਂ ਸੀ ਸੁੰਦਰ ਸਿੰਘਾਸਨ ਉਤੇ ਸਤਿਗੁਰੂ ਜੀ ਬਰਾਜਮਾਨ ਹੋਏ, ਉਨ੍ਹਾਂ ਦੇ ਸੀਸ ਉਤੇ ਕਲਗੀ ਸੀ ਤੇ ਗਲ ਸੁਚੇ ਮੋਤੀਆਂ ਦੀ ਮਾਲਾ ਜੋ ਜੋ ਮਨ ਵਿਚ ਚਿਤਵ ਕੇ ਕੋਈ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਦਾ ਸੀ, ਸੋ ਸੋ ਮੁਰਾਦ ਪ੍ਰਾਪਤ ਕਰਦਾ ਸੀ। ਨਾਮ ਦਾਨ ਗੁਰ ਦਰਸ਼ਨ ਦੁਧ ਪੁਤ ਅਤੇ ਇਜਤ ਦੇ ਵਰ ਮਿਲਦੇ ਜਾਂਦੇ ਸਨ। ਕਾਰ ਭੇਟ ਮੇਵੜੇ ਤੇ ਮਸੰਦ ਲੈਂਦੇ ਸਨ, ਸਿਖਾਂ ਦੀ ਅਰਦਾਸ ਹੁੰਦੀ ਸੀ, ਬੇਅੰਤ ਮਾਯਾ ਨਾਲ ਖਜ਼ਾਨੇ ਭਰਦੇ ਜਾਂਦੇ ਸਨ।

ਸਭ ਤੋਂ ਮਹਾਨ ਘਟਨਾ ਜੋ ਇਸ ਇਤਿਹਾਸਕ ਵੈਸਾਖੀ ਦੇ ਮੇਲੇ ਤੇ ਹੋਈ ਉਹ ਇਹ ਕਿ ਸਤਿਗੁਰੂ ਜੀ ਦਾ ਧੀਰਮਲ ਨਾਲ ਪਿਆਰ, ਇਕ ਭਰਾ ਨਾਲ ਭਰਾ ਕਿਵੇਂ ਪਿਆਰ ਕਰੇ ਇਹ ਸਤਿਗੁਰੂ ਜੀ ਨੇ ਕਰਕੇ ਦਿਖਾਇਆ। ਧੀਰਮਲ ਵਡੇ ਸਤਿਗੁਰੂ ਜੀ (ਛੇਵੇਂ ਪਾਤਸ਼ਾਹ) ਨਾਲ ਨਰਾਜ ਰਿਹਾ, ਨਰਾਜ ਵੀ ਐਸਾ ਕਿ ਤੁਰਕਾਂ ਨਾਲ ਰਲ ਗਿਆ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਾ ਦਿੱਤੀ ਅਤੇ ਬਾਬਾ ਗੁਰਦਿੱਤਾ ਜੀ ਦਾ ਚਲਾਣਾ ਸੁਣਕੇ ਕੀਰਤਪੁਰ ਨਾ ਗਿਆ, ਗੁਰ ਗੱਦੀ ਬਾਰੇ ਈਰਖਾ ਕਰਦਾ ਰਿਹਾ। ਗੁਰੂ ਘਰ ਨਾਲ ਰੱਜਕੇ ਈਰਖਾ ਕੀਤੀ। ਪਰ ਸਤਿ-ਗੁਰੂ ਹਰਿਰਾਇ ਸਾਹਿਬ ਹੁਰਾਂ ਉਸਨੂੰ ਵਡਾ ਭਰਾ ਸਮਝਕੇ ਉਸਦਾ ਸਤਿਕਾਰ ਕੀਤਾ, ਸਾਰੇ ਵੈਰ ਵਿਰੋਧ ਭੁਲਾ ਦਿਤੇ, ਵਡੇ ਭਰਾ ਨੇ ਭੁਲਾਂ ਕੀਤੀਆਂ ਸਨ ਤਾਂ ਛੋਟੇ ਨੇ ਚਤਾਰੀਆਂ ਨਹੀਂ। ਭਾਰਤ ਦੀ ਸਭਿਅਤਾ ਅਨੁਸਾਰ ਵਡਾ ਭਰਾ ਪਿਤਾ ਤੇ ਗੁਰੂ ਸਮਾਨ ਹੁੰਦਾ ਹੈ। ਸਤਿਗੁਰੂ ਜੀ ਨੇ ਐਸਾ ਸਚਾ ਪਿਆਰ ਕਰਕੇ

ਵਿਖਾ ਦਿਤਾ।

ਸਤਿਗੁਰੂ ਜੀ ਨੇ ਕਰਤਾਰਪੁਰ ਵਿਚ ਪਹਿਲਾਂਵੀ ਵੈਸਾਖੀ ਦੇ ਦੋ ਮੇਲੇਕੀਤੇ ਚੜ੍ਹਾਵਾ ਚੜ੍ਹਿਆ ਤੇ ਜੋ ਆਟਾ ਮਿਠਾ ਤੇ ਘਿਓ ਲੰਗਰਾਂ ਵਿਚੋਂ ਬਚਿਆ ਉਹ ਸਾਰਾ ਦਾ ਸਾਰਾ ਹੀ ਧੀਰਮਲ ਦੀ ਝੋਲੀ ਪਾ ਦਿਤਾ। ਉਹਦੇ ਕੋਠੇ ਭਰ ਦਿਤੇ ਸੋਨੇ ਚਾਂਦੀ ਦਾ ਅੰਤ ਨਾ ਰਹਿਣ ਦਿਤਾ। ਕੇਹੜਾ ਭਰਾ ਹੈ ਜੋ ਇਕ ਵੈਰੀ ਭਰਾ ਨਾਲ ਐਨਾ ਹਿਤ ਕਰੇ ? ਤਿਆਗ ਤੇ ਪਿਆਰ ਦੀ ਹਦ ਹੈ। ਸਤਿਗੁਰੂ ਜੀ ਦਾ ਭਰੋਸਾਸੀਕਿ ਪਿਆਰ ਨਾਲ ਵੀ ਕਿਸੇ ਦੀ ਕਠੋਰ ਆਤਮਾ ਜਿਤੀ ਜਾ ਸਕਦੀ ਹੈ ਇਸ ਤਿਆਗਨੇ ਵੀ ਸਤਿਗੁਰੂ ਜੀ ਦੀ ਬਹੁਤ ਮਹਿਮਾ ਵਧਾਈ।

ਪੰਜਵੇਂ ਦਿਨ ਸਿਖ ਸੰਗਤਾਂ ਸਤਿਗੁਰੂ ਜੀ ਪਾਸੋਂ ਆਗਿਆ ਲੈਕੇ ਤੇ ਚਰਨ ਧੂੜ ਪ੍ਰਾਪਤ ਕਰਕੇ ਆਪੋ ਆਪਣੇ ਘਰਾਂ ਨੂੰ ਰਵਾਨਾਂ ਹੋਈਆਂ।

੧੨. ਦਿਲੀ ਦੇ ਤਖਤ ਵਾਸਤੇ ਸ਼ਾਹ ਜਹਾਨ ਦੇ ਪੁਤ੍ਰਾਂ ਦੀ ਲੜਾਈ ਤੇ ਔਰੰਗਜੇਬ ਦਾ ਬਾਦਸ਼ਾਹ ਬਣਨਾ

ਸਤਿਗੁਰਾਂ ਦੇ ਇਤਿਹਾਸ ਨਾਲ ਮੁਗਲ ਬਾਦਸ਼ਾਹੀ ਦਾ ਬਹੁਤ ਸਬੰਧ ਹੈ, ਇਸ ਵਾਸਤੇ ਨਾਲ ਨਾਲ ਉਸ ਸਮੇਂ ਦੇ ਮੁਗਲ ਇਤਿਹਾਸ ਦਾ ਦਖਣਾ ਵੀ ਜ਼ਰੂਰੀ ਹੈ। ਜੈਸਾ ਕਿ ਪਿਛੇ ਲਿਖਿਆ ਜਾ ਚੁਕਾ ਹੈ ਕਿ ਜਹਾਂਗੀਰ ਦੇ ਮੌਤ ਦੇ ਪਿਛੋਂ ੬ ਫਰਵਰੀ ੧੬੨੮ ਈ: ਨੂੰ ਸ਼ਾਹਜਹਾਨ ਦਿਲੀ (ਹਿੰਦੁਸਤਾਨ) ਦਾ ਬਾਦਸ਼ਾਹ ਬਣਿਆ ਸੀ, ਇਸਨੇ ਆਪਣੇ ਭਰਾਵਾਂ ਨੂੰ ਮਾਰਕੇ ਤੇ ਕੈਦ ਕਰਕੇ ਰਾਜ ਪ੍ਰਾਪਤ ਕੀਤਾ ਸੀ, ਇਸ ਵਾਸਤੇ ਇਹਦੇ ਪੁਤ੍ਰਾਂ ਨੇ ਵੀ ਇਹਦੇ ਹੀ ਪੈਰ-ਚਿੰਨਾ ਉਤੇ ਚਲਣਾ ਚੰਗਾ ਸਮਝਿਆ।

ਸ਼ਾਹਜਹਾਨ ਦੇ ਚਾਰ ਪੁਤਰ ਸਨ ਦਾਰਾ ਸ਼ਕੋਹ, ਔਰੰਗਜ਼ੇਬ ਸੁਹਜਾ ਅਤੇ ਮੁਰਾਦ ਜਿਵੇਂ ਕਿ ਪਿਛੇ ਦਸਿਆ ਦਸਿਆ ਜਾ ਚੁਕਾ ਹੈ। ਰਾਜ ਤਖਤ ਉਤੇ ਬੈਠਣ ਦਾ ਅਸਲ ਹੱਕ ਦਾਰਾ ਸ਼ਿਕੋਹ ਦਾ ਸੀ ਕਿਉਂਕਿ ਉਹ ਬਾਦਸ਼ਾਹ ਦਾ ਵਡਾ ਪੁਤਰ ਸੀ, ਪਰ ਰਾਜ ਤਖਤ ਪਰਾਪਤ ਕਰਨ ਵਾਸਤੇ ਔਰੰਜਜੇਬ ਯਤਨ ਕਰਨ ਲਗਾ। ਔਰੰਗਜੇਬ ਨੇ ਇਸਲਾਮ ਦਾ ਵਾਸਤਾ ਪਾਇਆ ਤੇ

ਸੁੰਨੀ ਮੁਸਲਮਾਨਾਂ ਨੂੰ ਹਥਾਂ ਤੇ ਚੜ੍ਹਾ ਲਿਆ।

ਸੰਨ ੧੬੫੭ ਈਸਵੀ ਵਿਚ ਸ਼ਾਹਜਹਾਨ ਬੀਮਾਰ ਹੋ ਗਿਆ ਉਹਦੇ ਪੁਤ੍ਰਾਂ ਨੇ ਖਿਆਲ ਕੀਤਾ ਕਿ ਸ਼ਾਹਜਹਾਨ ਕਿਤੇ ਮਰ ਨਾ ਜਾਵੇ, ਇਹ ਵੀ ਪਤਾ ਨਹੀਂ ਮਰਦਾ ਹੋਇਆ ਕਿਸਨੂੰ ਤਖਤ ਦੇ ਜਾਵੇ, ਇਸ ਕਰਕੇ ਉਹਦੇ ਜੀਉਂਦੇ ਜੀ ਹੀ ਤਖਤ ਵਾਸਤੇ ਲੜਾਈ ਸ਼ੁਰੂ ਹੋ ਗਈ। ਪਹਿਲਾਂ ਸਾਰੇ ਭਰਾ ਵਖੋ ਵਖਰਾ ਯਤਨ ਕਰਨ ਲਗੇ, ਪਰ ਫਿਰ ਮੁਰਾਦ ਤੇ ਔਰੰਗਜ਼ੇਬ ਇਕ ਪਾਸੇ ਹੋ ਗਏ। ਆਖਰ ਔਰੰ-ਗਜ਼ੇਬ ਨੇ ਧੋਖੇ ਨਾਲ ਮੁਰਾਦ ਨੂੰ ਕੈਦ ਕਰ ਲਿਆ ਤੇ ਪਿਛੋਂ ਗੁਵਾਲੀਅਰ ਦੇ ਕਿਲੇ ਵਿਚ ਕਤਲਾ ਕਰਵਾ ਦਿਤਾ, ਇਨ੍ਹਾਂ ਦੀਆਂ ਲੜਾਈਆਂ ਵਿਚ ਰਾਜਪੂਤ ਵੀ ਸ਼ਾਮਲ ਸਨ। ਆਗਰੇ ਦੇ ਲਾਗੇ ਸਾਮੂ ਗੜ੍ਹ ੨੯ ਮਈ ੧੬੫੮ ਈਸਵੀ ਨੂੰ ਦਾਰਾ ਸ਼ਿਕੋਹ ਤੇ ਔਰੰਗਜ਼ੇਬ ਦੀਆਂ ਫੌਜਾਂ ਵਿਚ ਘੋਰ ਯੁਧ ਹੋਇਆ। ਇਸ ਯੁਧ ਵਿਚ ਔਰੰਗਜ਼ੇਬ ਨੂੰ ਹਾਰ ਹੋਣੀ ਸੀ, ਪਰ ਦਿਲੀ ਦੇ ਗਵਰਨਰ ਖਲੀਲ-ਉਲਖਾਂ ਨੇ ਦਾਰਾ ਸ਼ਕੋਹ ਨੂੰ ਧੋਖਾ ਦਿਤਾ। ਜਿਸ ਕਾਰਨ ਉਸਦੀ ਮੌਤ ਤਾਂ ਨਾ ਹੋਈ ਤੇ ਉਹ ਵੈਰੀ ਦੇ ਹਥ ਵੀ ਨਾ ਆਇਆ, ਪਰ ਉਹ ਮੈਦਾਨ ਹਾਰ ਗਿਆ। ਔਰੰਗਜ਼ੇਬ ਨੇ ਆਗਰੇ ਉਤੇ ਕਬਜ਼ਾ ਕਰ ਲਿਆ ਤੇ ਆਪਣੇ ਬਾਪ ਸ਼ਾਹਜਹਾਨ ਨੂੰ ਕੈਦ ਕਰ ਲਿਆ, ਹਿੰਦੁਸਤਾਨ ਦਾ ਬਾਦਸ਼ਾਹ ਸ਼ਾਹ ਜਹਾਨ ਜੀਉਂਦੇ ਜੀ ਕੈਦੀ ਬਣ ਗਿਆ ਸਕਾ ਪੁਤ੍ਰ ਹੀ ਉਹਦਾ ਵੈਰੀ ਬਣਿਆਂ।

ਆਗਰੇ ਨੂੰ ਫਤਹ ਕਰਕੇ ੫ ਜੁਲਾਈ ੧੬੫੭ ਈਸਵੀ ਨੂੰ ਔਰੰਗਜ਼ੇਬ ਦਿਲੀ ਪਹੁੰਚਾ। ਲਾਲ ਕਿਲੇ ਉਤੇ ਕਬਜ਼ਾ ਕਰਕੇ ੨੧ ਜੁਲਾਈ ਨੂੰ ਬਾਦਸ਼ਾਹ ਬਣ ਬੈਠਾ। ਬਾਦਸ਼ਾਹ ਬਣਨ ਪਿਛੋਂ ੨੭ ਜੁਲਾਈ ਨੂੰ ਉਸਨੇ ਦਾਰਾ ਸ਼ਿਕੋਹ ਦਾ ਪਿੱਛਾ ਕਰਨਾ ਸ਼ੁਰੂ ਕੀਤਾ, ਜੇਹੜਾ ਉਸ ਸਮੇਂ ਪੰਜਾਬ ਨੂੰ ਨਸ ਆਇਆ ਸੀ।

ਦਾਰਾ ਸ਼ਿਕੋਹ ਪੰਜਾਬ ਵਲ ਆਇਆ, ਪੰਜਾਬ ਵਿਚ ਵੀ ਉਸਦੇ ਪੈਰ ਨਾ ਲਗੇ, ਉਹ ਸਿੰਧ ਨੂੰ ਚਲਿਆ ਗਿਆ ਥੋੜੀ ਬਹੁਤੀ ਉਸਨੇ ਫੌਜ ਇਕੱਠੀ ਕੀਤੀ ਤੇ ੧੨ ਅਪ੍ਰੈਲ ੧੬੫੯ ਈਸਵੀ ਨੂੰ ਅਜਮੇਰ ਦੇ ਲਾਗੇ ਉਸਨੇ ਔਰੰਗਜ਼ੇਬ ਦੀਆਂ ਫੌਜਾਂ ਨਾਲ ਟੱਕਰ ਲਈ। ਪਰ ਜੀਵਨ ਖਾਨ ਵਰਗੇ ਗਦਾਰਾਂ ਤੇ ਧੋਖੇ ਬਾਜਾਂ ਨੇ ਉਹਦੇ ਨਾਲ ਧੋਖਾ ਕੀਤਾ, ਉਸਨੂੰ ਹਾਰ ਦੇਕੇ

ਕੈਦ ਕਰਾ ਦਿਤੀ। ਦਾਰਾ ਸ਼ਿਕੋਹ ਛੋਟੇ ਜ਼ਾਲਮ ਭਰਾ ਔਰੰਗਜ਼ੇਬ ਦੇ ਫੂਲਾਦੀ ਪੰਜੇ ਵਿਚ ਆ ਗਿਆ।

ਔਰੰਗਜ਼ੇਬ ਨੇ ਜ਼ੁਲਮ ਕਰਨਾ ਘਰੋਂ ਸਿਖਿਆ ਤੇ ਉਹਦੇ ਜ਼ੁਲਮ ਦੇ ਪਹਿਲੇ ਸ਼ਿਕਾਰ ਉਸਦੇ ਭਾਈ ਉਹਦਾਂ ਬਾਪ ਹੀ ਹੋਏ। ਮੁਰਾਦ ਨੂੰ ਮਾਰ ਦਿਤਾ, ਦਾਰਾ ਫੜਿਆ ਗਿਆ, ਫੜਿਆ ਹੋਇਆ ਉਹ ਦਿਲੀ ਲਿਆਂਦਾ ਗਿਆ, ਦਿਲੀ ਵਿਚ ਜੁਲਾਈ ਦੀ ਗਰਮੀ ਬਹੁਤ ਭਿਆਨਕ ਗਰਮੀ ਹੁੰਦੀ ਹੈ। ਕੈਦੀ ਦੀ ਹੈਸੀਅਤ ਵਿਚ ਦਾਰਾ ਸ਼ਿਕੋਹ ਦਾ ਜਲੂਸ ਕਢਿਆ ਗਿਆ, ਉਸਨੂੰ ਹਾਥੀ ਉਤੇ ਬੈਠਾਇਆ ਹੋਇਆ ਸੀ ਉਹਦੇ ਲੀੜੇ ਪਾਟੇ ਹੋਏ ਸਨ ਤੇ ਰਾਹ ਦੀ ਧੂੜ ਉਸਦੇ ਸਿਰ, ਮਥੇ ਮੂੰਹ ਉਤੇ ਸੀ ਹਥਾਂ ਤੇ ਪੈਰਾਂ ਨੂੰ ਸੰਗਲ ਵਜੇ ਹੋਏ ਸਨ ਉਹ ਨੀਵੀਂ ਪਾਕੇ ਬੈਠਾ ਹੋਇਆ ਸੀ।

ਰਾਤ ਨੂੰ ਔਰੰਗਜ਼ੇਰ ਨੇ ਲਾਲ ਕਿਲੇ ਦੇ ਦੀਵਾਨੇ-ਆਮ ਵਿਚ ਮੁਸਲਮਾਨ ਮੌਲਵੀਆਂ ਨੂੰ ਸਦਿਆ ਤੇ ਦਾਰਾ ਸ਼ਿਕੋਹ ਦੇ ਕਾਫਰ ਹੋਣ ਦਾ ਫਤਵਾ ਲਵਾ ਦਿਤਾ। ਇਹ ਕਿਹਾ ਕਿ ਹਿੰਦੂਆਂ ਦਾ ਸਾਥੀ, ਸੂਫੀ ਫਕੀਰ ਤੇ ਇਸਲਾਮ ਦਾ ਦੁਸ਼ਮਨ ਹੈ, ਇਸ ਨੂੰ ਸਜਾਏ ਮੌਤ ਦਿੱਤੀ ਜਾਵੇ। ਸਜ਼ਾਏ ਮੌਤ ਦਾ ਹੁਕਮ ਦੇਕੇ ਬੰਦੀਖਾਨੇ ਵਿਚ ਸੁਟ ਦਿੱਤਾ। ਪਰ ਰਾਤ ਦੇ ਨੌ ਵਜੇ ਉਹਦੇ ਬੰਦੀ ਖਾਨੇ ਵਿਚ ਸੀਪੀਹਰ ਸ਼ਿਕੋਹ ਨੇ ਦਾਰਾ ਸ਼ਿਕੋਹ ਨੂੰ ਛੁਰਾ ਮਾਰਕੇ ਮਾਰ ਦਿਤਾ। ਇਸਤਰਾਂ ਦਾਰਾ ਸ਼ਿਕੋਹ ਦਾ ਅੰਤ ਹੋ ਗਿਆ ਬਾਕੀ ਦੇ ਆਦਮੀਆਂ ਨੂੰ ਮਾਰਕੇ ਅਤੇ ਆਪ ਸ਼ਾਹ ਜਹਾਨ ਨੂੰ ਕੈਦ ਕਰਕੇ ਔਰੰਗਜ਼ੇਬ ਦਿਲੀ ਦਾ ਬਾਦਸ਼ਾਹ ਬਣ ਗਿਆ, ਇਹ ਦੀ ਬਾਦਸ਼ਾਹੀ ਵਿਚ ਹਿੰਦੂਆਂ ਉਤੇ ਕਿੰਨੇ ਜ਼ੁਲਮ ਹੋਏ ? ਸਿਖ ਸਤਿਗੁਰੂ ਸਾਹਿਬਾਨ ਨਾਲ ਕਿਵੇਂ ਸਲੂਕ ਕੀਤਾ ? ਇਹ ਸਾਰ ਤੇ ਪੂਰੇ ਹਾਲ ਹੁਣ ਅਗੇ ਪੜ੍ਹੋ।

★

੧੩.ਔਰੰਗਜ਼ੇਬ ਦੇ ਜ਼ੁਲਮ

ਔਰੰਗਜ਼ੇਬ ਦੇ ਤਖਤ ਉਤੇ ਬੈਠਦੇ ਸਾਰ ਹੀ 'ਇਸਲਾਸ ਦੇ ਦੁਸ਼ਮਨਾ' ਨੂੰ ਸੋਧਨ ਦਾ ਨਾਹਰਾ ਲਾਇਆ। ਉਸ ਨਾਹਰੇ ਦੇ ਕਾਰਨ ਮੌਲਵੀ ਉਸਦੇ ਆ ਉਦਾਲੇ ਇਕੱਠੇ ਹੋਏ। ਫਤਵੇ ਤੇ ਫਤਵਾ ਲਗਣ ਲਗਾ ਪਹਿਲਾਂ ਤਾਂ ਦਾਰਾ ਸ਼ਿਕੋਹ ਦੇ ਮਿਤ੍ਰਾਂ ਤੇ ਹਮਦਰਦੀਆਂ ਨੂੰ ਕਤਲ ਕਰਨਾ ਸ਼ੁਰੂ ਕੀਤਾ। ਇਸ ਕਤਲੇ-ਆਮ ਵਿਚ ਬਹੁਤ ਸਾਰੇ ਸੰਤ ਤੇ ਫਕੀਰ ਕਤਲ ਹੋ ਗਏ।

ਪੰਜਾਬ ਦੇ ਗੁਰੂ ਘਰ ਦੇ ਦੋਖੀਆਂ ਨੇ ਔਰੰਗਜੇਬ ਨੂੰ ਚੁਕਿਆ ਕਿ ਪੰਜਾਬ ਵਿਚ ਇਕ ਗੁਰੂ ਨਾਨਕ ਦੇਵ ਜੀ ਦੀ ਗਦੀ ਹੈ। ਉਸ ਗੁਰ ਗੱਦੀ ਉਤੇ ਸਤਵੇਂ ਗੁਰੂ ਹਰਿਰਾਇ ਸਾਹਿਬ ਹਨ। ਉਨ੍ਹਾਂ ਨੇ ਦਾਰਾ ਸ਼ਿਕੋਹ ਨੂੰ ਬਹੁਤ ਮਦਦ ਦਿਤੀ ਸੀ,ਇਹ ਵੀ ਕਿਹਾ ਗਿਆ ਕਿ ਜਦੋਂ ਦਾਰਾ ਸ਼ਿਕੋਹ ਬੀਮਾਰ ਸੀ ਤਾਂ ਉਨ੍ਹਾਂ ਹੀ ਰਾਜੀ ਕੀਤਾ ਸੀ, ਉਹ ਸਦਾ ਦਾਰਾ ਸ਼ਿਕੋਹ ਦਾ ਪੱਖ ਲੈਂਦੇ ਰਹੇ ਹਨ। ਦੂਸਰਾ ਉਹ ਇਸਲਾਮ ਦੇ ਦੁਸ਼ਮਨ ਹਨ, ਉਹ ਇਸਲਾਮ ਦੇ ਵਿਰੁਧ ਪ੍ਰਚਾਰ ਕਰਦੇ ਹਨ ਉਨ੍ਹਾਂ ਦੀ ਬਾਣੀ ਕਹਿੰਦੀ ਹੈ–'ਮਿਟੀ ਮੁਸਲਮਾਨ ਦੀ ਪੇੜੇ ਪਈ ਘੁਮਿਆਰ' ਇਸਦਾ ਮਤਲਬ ਹੈ ਕਿ ਮੁਸਲਮਾਨ ਦੀਆਂ ਕਬਰਾਂ ਦੀ ਮਿਟੀ ਘੁਮਿਆਰ ਲਿਆਕੇ ਭਾਂਡੇ ਬਣਾਉਂਦੇ ਹਨ। ਸਾਰੇ ਮੁਸਲਮਾਨਾਂ ਨੂੰ ਮਾੜਿਆਂ ਗਿਣਿਆਂ ਗਿਆ ਹੈ। ਇਸ ਵਾਸਤੇ ਉਸਨੂੰ ਦਿਲੀ ਸਦਣਾ ਚਾਹੀਦਾ ਹੈ। ਨਾਲੇ ਉਹ ਕਰਾਮਾਤਾਂ ਦਿਖਾਉਂਦਾ ਹੈ ਉਸ ਦੀਆਂ ਕਰਾਮਾਤਾਂ ਦੇਖਣੀਆਂ ਚਾਹੀਦੀਆਂ ਹਨ।

ਇਸ ਤਰਾਂ ਔਰੰਗਜ਼ੇਬ ਨੂੰ ਚੁਕਿਆ ਗਿਆ ਤੇ ਉਸਨੇ ਮੌਲਵੀਆਂ ਦੇ ਆਖੇ ਲਗਕੇ (ਔਰੰਗਜ਼ੇਬ ਨੇ) ਸਤਿਗੁਰੂ ਜੀ ਵਲ ਹਲਕਾਰੇ ਭੇਜ ਦਿਤੇ ਕਿਦਿਲੀ ਉਸਦੇ ਅਗੇ ਪੇਸ਼ ਹੋਣ। ਸ਼ਾਹੀ ਹਲਕਾਰੇ ਕੀਰਤਪੁਰ ਪੁਜੇ, ਉਨ੍ਹਾਂ ਨੇ ਬਾਦਸ਼ਾਹ ਦਾ ਹੁਕਮ ਸਤਿਗੁਰੂ ਜੀ ਨੂੰ ਸੁਣਾ ਦਿਤਾ।

੧੪. ਸਤਿਗੁਰੂ ਜੀ ਨੇ ਮੁਖੀਆਂ ਦੀ ਇਕਤ੍ਰਤਾ ਕਰਨੀ

ਸਤਿਗੁਰੂ ਜੀ ਦਾ ਫੈਸਲਾ ਸੀ ਕਿ ਉਹ ਸਵਾ ਪਹਿਰ ਦਿਨ ਚੜ੍ਹੇ ਕਰ ਕਿਸੇ ਤੁਰਕ (ਮਲੇਛ ਦੇ ਮਥੇ ਨਹੀਂ ਸਨ ਲਗਦੇ। ਬਾਦਸ਼ਾਹ ਦਾ ਹੁਕਮ ਸੁਣਿਆਂ ਤਾਂ ਸਤਿਗੁਰੂ ਜੀ ਨੇ ਗੁਰੂ ਘਰ ਨਾਲ ਸਬੰਧ ਰੱਖਣ ਵਾਲੇ ਮੋਹੀਆਂ, ਬੇਦੀਆਂ ਅਤੇ ਭਲਿਆਂ ਮੁਖੀਆਂ ਨੂੰ ਸਦਕੇ ਬਚਨ ਕੀਤਾ—'ਕੋਈ ਮੁਖੀਆ ਦਿਲੀ ਜਾਵੇ ਤੇ ਔਰੰਗਜ਼ੇਬ ਬਾਦਸ਼ਾਹ ਦੇ ਪੁਛੇ ਸਵਾਲਾਂ ਦਾ ਉੱਤਰ ਦੇਵੇ। ਗੁਰੂ ਘਰ ਵਿਚ ਕੋਈ ਘਾਟਾ ਨਹੀਂ ਸਤਿਗੁਰੂ ਨਾਨਕ ਦੇਵ ਜੀ ਦੀਆਂ ਸ਼ਕਤੀਆਂ ਉਹਦਾ ਸਾਥ ਦੇਣ-ਗੀਆਂ। ਕਰਾਮਾਤਾਂ ਦਾ ਘਾਟਾ ਨਹੀਂ, 'ਕੋਈ ਹਿੰਮਤ ਕਰੇ।'

ਜਦੋਂ ਮੁਖੀਆਂ ਨੇ ਸਤਿਗੁਰੂ ਜੀ ਦੇ ਬਚਨ ਸੁਣੇ ਤਾਂ ਉਨ੍ਹਾਂ ਦੇ ਲਹੂ ਠੰਡੇ ਹੋ ਗਏ। ਉਹ ਇਕ ਦੂਸਰੇ ਵਲ ਦੇਖਣ ਲਗੇ। ਉਨ੍ਹਾਂ ਦੀਆਂ ਅਖਾਂ ਸਾਮ੍ਹਣੇਹਨੇਰਾ ਛਾ ਗਿਆ ਤੇ ਸਤਿਗੁਰੂ ਅਰਜਨ ਦੇਵ ਜੀ ਸ਼ਹੀਦੀ ਯਾਦ ਆਈ, ਉਹ ਹੈਰਾਨ ਸਨ ਕਿ ਜਵਾਬ ਦੇਣ ? ਔਰੰਗਜ਼ੇਬ ਦੇ ਕੋਲ ਜਾਣ ਦਾ ਮਤਲਬ ਮੌਤ ਨੂੰ ਆਪ ਆਵਾਜ਼ ਮਾਰਨਾ ਹੈ। ਔਰੰਗਜ਼ੇਬ ਬਾਦਸ਼ਾਹ ਨਹੀਂ ਸਗੋ ਕਾਲ ਦਾ ਰੂਪ ਹੈ। ਸਾਰਿਆਂ ਵਿਚੋਂ ਕਿਸੇ ਨੇ ਦਿਲੀ ਜਾਣ ਵਾਸਤੇ ਹਾਂ ਨਾ ਕੀਤੀ, ਸਾਰੇ ਏਧਰ ਉਧਰ ਦੀਆਂ ਗਲਾਂ ਕਰਦੇ ਹੋਏ ਖਿਸਕ ਗਏ। ਸਤਿਗੁਰੂ ਜੀ ਨੇ ਜਾਣ ਲਿਆ ਕਿ ਸਭ ਡਰਦੇ ਹਨ। ਅੰਤ ਉਨ੍ਹਾਂ ਨੇ ਆਪਣੇ ਸਾਹਿਬਜ਼ਾਦ ਰਾਮਰਾਇ ਜੀ ਨੂੰ ਬਚਨ ਕੀਤਾ—'ਬੇਟਾ ! ਤੁਸੀਂ ਦਿਲੀ ਜਾਓ, ਸਤਿਗੁਰੂ ਜੀ ਦੀਆਂ ਬਰਕਤਾਂ ਅਤੇ ਵਾਹਿਗੁਰੂ ਜੀ ਦੀ ਸ਼ਕਤੀ ਤੁਸਾਂ ਦੇ ਅੰਗ ਸੰਗ ਰਹੇਗੀ, ਇਸ ਵਾਸਤੇ ਦਲੇਰੀ ਨਾਲ ਦਿਲੀਜਾਓ। ਜੋ ਜੋ ਬਾਦਸ਼ਾਹ ਸਵਾਲ ਪੁਛੇ ਉਨ੍ਹਾਂ ਦੇ ਉੱਤਰ ਦੇਣੇ।'

ਸਾਹਿਬਜ਼ਾਦੇ ਰਾਮਰਾਇ ਜੀ ਦੀ ਆਯੂ ਉਸ ਵੇਲੇ ਛੋਟੀ ਸੀ, ਪਿਤਾ ਜੀ ਦਾ ਹੁਕਮ ਮੰਨਕੇ ਰਾਮਰਾਇ ਦਿਲੀ ਜਾਣ ਵਾਸਤੇ ਤਿਆਰ ਹੋਏ। ਵੈਸਾਖੀ ਦੇ ਦਿਹਾੜ ਸਾਹਿਬਜ਼ਾਦਾ ਜੀ ਨੂੰ ਕੁਝ ਸਿੱਖਾਂ ਦੇ ਸਾਥ ਦਿਲੀ ਵਲ ਨੂੰ ਤੋਰਿਆਗਿਆ, ਕੀਰਤਪੁਰ ਤੋਂ ਰੋਪੜ ਤੇ ਰੋਪੜ ਤੋਂ ਅਗਲ ਪਿੰਡਾਂ ਰਾਹੀਂ ਹੁੰਦੇ ਹੋਏ ਸਾਹਿਬਜ਼ਾਦੇ ਦਿਲੀ ਪਹੁੰਚ ਗਏ।

੧੫. ਸਾਹਿਬਜ਼ਾਦੇ ਰਾਮਰਾਇ ਜੀ ਦੀ ਔਰੰਗਜ਼ੇਬ ਨਾਲ ਮੁਲਾਕਾਤ

ਰਾਮਰਾਇ ਜੀ, ਸਤਿਗੁਰੂ ਜੀ ਦੇ ਵਡੇ ਸਾਹਿਬਜ਼ਾਦੇ ਸਨ। ਆਪ ਬਹੁਤ ਹੀ ਸੁੰਦਰ ਅਤੇ ਗਿਆਨੀ ਪੁਰਖ ਸਨ। ਚੇਹਰੇ ਦੇ ਉਤੇ ਰਬੀ ਨੂਰ ਸੀ, ਆਪ ਦਿਲੀ ਪਹੁੰਚੇ ਅਤੇ ਮਜਨੂੰ ਦੇ ਟਿਲੇ ਡੇਰਾ ਜਾ ਕੀਤਾ। ਦਿਲੀ ਦੇ ਗੁਰੂ ਘਰ ਦੇ ਪ੍ਰੇਮੀਆਂ ਨੇ ਜਦੋਂ ਸੁਣਿਆਂ ਕਿ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਆਏ ਹਨ ਤਾਂ ਉਹ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਰਾਮਰਾਇ ਜੀ ਦੇ ਦਰਸ਼ਨ ਕਰਨ ਵਾਸਤੇ ਆਉਣਾ ਸ਼ੁਰੂ ਕੀਤਾ, ਨਾਲ ਹੀ ਕਾਰ ਭੇਟਾ ਲਿਆਏ। ਸ਼ਿਵਦਿਆਲ ਦੇ ਰਾਹੀਂ ਔਰੰਗਜ਼ੇਬ ਨੇ ਰਾਮਰਾਇ ਜੀ ਨੂੰ ਆਪਣੇ ਸ਼ਾਹੀ ਦਰਬਾਰ ਵਿਚ ਸਦਿਆ। ਰਾਮਰਾਇ ਜੀ ਦਾ ਚੇਹਰਾ ਦੇਖਕੇ ਔਰੰਗਜ਼ੇਬ ਬਹੁਤ ਹੈਰਾਨ ਹੋਇਆ, ਉਸਦਾ ਅੱਧਾ ਕ੍ਰੋਧ ਮਠਾ ਹੋ ਗਿਆ, ਉਸ ਨੇ ਬਹੁਤ ਸਾਰੀਆਂ ਗਲਾਂ ਕਰਨ ਪਿਛੋਂ ਰਾਮਰਾਇ ਜੀ ਨੂੰ ਪੁਛਿਆ— 'ਮੈਂ ਸੁਣਿਆਂ ਹੈ ਤੁਸਾਂ ਦੇ ਪਿਤਾ ਜੀ ਤੇ ਪਹਿਲੇ ਗੁਰੂ ਬਹੁਤ ਕਰਾਮਾਤਾਂ ਰਖਦੇ ਹਨ, ਕੀ ਕੋਈ ਕਰਾਮਾਤ ਮੈਨੂੰ ਦਿਖਾ ਸਕਦੇ ਹੋ ?' ਭਾਈ ਸੰਤੋਖ ਸਿੰਘ ਜੀ ਤੇ ਗਿਆਨੀ ਗਿਆਨ ਸਿੰਘ ਜੀ ਨੇ (ਸੂਰਜ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ ਵਿਚ) ਲਿਖਿਆ ਹੈ ਕਿ ਰਾਮਰਾਇ ਜੀ ਨੇ ਔਰੰਗਜ਼ੇਬ ਤੇ ਮੌਲਵੀਆਂ ਨੂੰ ੭੨ ਕਰਾਮਾਤਾਂ ਦਿਖਾਈਆਂ। ਜਿਨ੍ਹਾਂ ਦਾ ਵਿਸਥਾਰ ਵੀ ਬਹੁਤ ਲਿਖਿਆ ਹੋਇਆ ਹੈ। ਉਨ੍ਹਾਂ ਕਰਾਮਤਾਂ ਨੂੰ ਦੇਖਕੇ ਬਾਦਸ਼ਾਹ ਬਹੁਤ ਪ੍ਰਸੰਨ ਹੋ ਗਿਆ, ਉਸਨੇ ਜੋ ਰਾਮਰਾਇ ਨੂੰ ਕਸ਼ਟ ਦੇਣੇ ਸਨ, ਜਾਂ ਗੁਰੂ ਘਰ ਨੂੰ ਨੁਕਸਾਨ ਪਹੁੰਚਾਉਣ ਦਾ ਕੂੜਾ ਯਤਨ ਕਰਨਾ ਸੀ, ਉਹ ਨਾ ਕੀਤਾ, ਬਹੁਤ ਸਾਰਾ ਆਦਰ ਪਰੇਮ ਕੀਤਾ। ਰਾਮਰਾਇ ਜੀ ਦੀਆਂ ਕਰਾਮਾਤਾਂ ਨੂੰ ਦੇਖਣ ਵਾਸਤੇ ਕਈ ਮੁਸਲਾਮਾਨ ਫਕੀਰ ਤੇ ਮੌਲਵੀ ਕਾਜ਼ੀ ਆਇਆ ਕਰਦੇ ਸਨ। ਔਰੰਗਜ਼ੇਬ ਨੇ ਇਕ ਦਿਨ ਰਾਮਰਾਇ ਜੀ ਨੂੰ ਦਰਬਾਰੇ ਆਮ ਵਿਚ ਸਦਿਆ। ਉਸ ਦਿਨ ਸ਼ਾਹੀ ਦਰਬਾਰ ਵਿਚ ਇਸਲਾਮ ਮਤ ਦੀ ਉਚਤਾ ਤੇ ਵਿਸ਼ੇਸ਼ਤਾ ਉਤੇ ਚਰਚਾ ਸੀ। ਗਲਾਂ ਬਾਤਾਂ ਵਿਚ ਹੀ ਇਕ ਮੌਲਵੀ ਨੇ ਰਾਮਰਾਇ ਜੀ ਪਾਸੋਂ ਪੁਛਿਆ—ਦੇਖੋ ! 'ਤੁਸਾਂ ਦੇ ਬਜ਼ੁਰਗਾਂ ਨੇ ਜੋ ਕਲਾਮ ਉਚਾਰੀ ਹੈ, ਉਸ ਵਿਚੋਂ

ਬਹੁਤ ਸਾਰੇ ਸ਼ਬਦ ਮੁਸਲਮਾਨਾਂ ਬਾਰੇ ਹਨ। ਇਕ ਸ਼ਬਦ ਇਹ ਵੀ ਹੈ—'ਮਿਟੀ ਮੁਸਲਮਾਨ ਕੀ ਪੇੜੇ ਪਈ ਘੁਮਿਆਰ ॥ ਘੜ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ।'

'ਹਾਂ ਜੀ! ਆਸਾ ਦੀ ਵਾਰ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ।' ਰਾਮਰਾਇ ਜੀ ਨੇ ਉੱਤਰ ਦਿਤਾ।

'ਇਸ ਦਾ ਕੀ ਅਰਥ ਹੈ?' ਮੌਲਵੀ ਦਾ ਦੂਸਰਾ ਸਵਾਲ ਸੀ।

ਰਾਮਰਾਇ ਇਹ ਸੁਣਕੇ ਘਾਬਰ ਗਿਆ, ਉਸਨੇ ਸਤਿਗੁਰੂ ਜੀ ਦੀ ਮਹਾਨ ਸ਼ਕਤੀ ਨੂੰ ਭੁਲਾ ਦਿਤਾਂ, ਉਹ ਥੋੜਾ ਚਿਰ ਸੋਚਕੇ ਬੋਲਿਆ—'ਅਸਲ ਗਲ ਇਹ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਤਾਂ ਉਚਾਰਿਆ ਸੀ, 'ਮਿਟੀ ਬੇਈਮਾਨ ਕੀ! ਪਰ ਪਿਛੋਂ ਲਿਖਾਰੀਆਂ ਨੇ ਮੁਸਲਮਾਨ ਕੀ' ਕਰ ਦਿੱਤਾ।

ਰਾਮਰਾਇ ਜੀ ਦੇ ਉਸ ਉੱਤਰ ਨੇ ਮੌਲਵੀ ਤੇ ਔਰੰਗਜ਼ੇਬ ਨੂੰ ਤਾਂ ਖੁਸ਼ ਕਰ ਦਿਤਾ, ਪਰ ਸੁਣਨ ਵਾਲੇ ਸਿੱਖ ਸ਼ਰਧਾਲੂਆਂ ਨੂੰ ਬਹੁਤ ਬੁਰਾ ਅਨੁਭਵ ਹੋਇਆ। ਉਹ ਸਾਰੇ ਹੈਰਾਨ ਹੋਏ ਕਿ ਸਤਿਗੁਰੂ ਜੀ ਦੀ ਬਾਣੀ ਨੂੰ ਕਿਉਂ ਉਲਟ ਪੁਲਟ ਕੀਤਾ ਹੈ? ਇਹ ਸਤਿਗੁਰੂ ਜੀ ਦੀ ਰਬੀ ਬਾਣੀ ਦਾ ਨਿਰਾਦਰ ਹੈ। ਉਨ੍ਹਾਂ ਨੇ ਉਸੇ ਵੇਲੇ ਇਕ ਸਿਖ ਨੂੰ ਕੀਰਤਪੁਰ ਵਲ ਤੋਰਿਆ।

ਉਸ ਸਿੱਖ ਨੇ ਕੀਰਤਪੁਰ ਪੁਜਕੇ ਸਤਿਗੁਰੂ ਜੀ ਨੂੰ ਸਭ ਗਲ ਦਸ ਦਿਤੀ, 'ਮਿਟੀ ਬੇਈਮਾਨ ਕੀ' ਸ਼ਬਦ ਨੂੰ ਸੁਣਕੇ ਸਤਿਗੁਰੂ ਜੀ ਬਹੁਤ ਕ੍ਰੋਧ ਵਾਨ ਹੋਏ। ਉਨ੍ਹਾਂ ਨੇ ਉਸੇ ਵੇਲੇ ਹੁਕਮ ਕੀਤਾ, 'ਰਾਮਰਾਇ ਨੇ ਸਤਿਗੁਰੂ ਜੀ ਦੇ ਬਚਨ (ਬਾਣੀ) ਨੂੰ ਬਦਲਿਆ ਹੈ। ਇਸ ਕਰਕੇ ਉਹ ਆਪਣਾ ਮੂੰਹ ਅਸਾਂ ਨੂੰ ਨਾ ਦਿਖਾਵੇ, ਐਸੇ ਕਮੀਨੇ ਤੇ ਡਰਪਕ ਦੇ ਅਸੀਂ ਮਥੇ ਨਹੀਂ ਲਗਣਾ।' ਸਤਿਗੁਰੂ ਜੀ ਨੇ ਇਹੋ ਹੁਕਮ ਦਿਲੀ ਰਾਮਰਾਇ ਜੀ ਨੂੰ ਭਜ ਦਿਤਾ।

ਰਾਮਰਾਇ ਜੀ ਨੇ ਜਦੋਂ ਸਤਿਗੁਰੂ ਜੀ ਦਾ ਹੁਕਮ ਸੁਣਿਆਂ ਤਾਂ ਬਹੁਤ ਹੈਰਾਨ ਹੋਇਆ, ਖਿਮਾ ਮੰਗਣ ਦੀ ਥਾਂ ਸਗੋਂ ਉਲਟ ਹੀ ਸੋਚਣ ਲਗ ਪਿਆ ਕਿ ਗੁਰੂ ਜੀ ਦਾ ਵਿਚਾਰ ਹੈ ਕਿ ਉਹ ਗੁਰਿਆਈ ਮੈਨੂੰ ਨਹੀਂ ਦੇਣਾ ਚਾਹੁੰਦੇ। ਇਸ ਕਰਕੇ ਇਸ ਮਾਮੂਲੀ ਬਾਤ ਨੂੰ ਜਾਣਕੇ ਵਧਾਇਆ ਹੈ।

ਸਤਿਗੁਰੂ ਜੀ ਨੇ ਰਾਮ ਰਾਇ ਨੂੰ ਮੂੰਹ ਨਾ ਲਾਇਆ

ਰਾਮਰਾਇ ਦਿਲੀ ਤੋਂ ਕੀਰਤਪੁਰ ਚਲੇ ਗਏ। ਜਦੋਂ ਸਤਿਗੁਰੂ ਜੀ ਨੇ ਸੁਣਿਆਂ ਕਿ ਉਨ੍ਹਾਂ ਦੇ ਸਾਹਿਬਜ਼ਾਦੇ ਆ ਗਏ ਹਨ ਤਾਂ ਉਨ੍ਹਾਂ ਫਿਰ ਕਰੜਾ ਹੁਕਮ ਦਿੱਤਾ ਕਿ ਓਹ (ਰਾਮਰਾਇ ਜੀ) ਸਤਿਗੁਰਾਂ ਦੇ ਸਨਮੁਖ ਨਾ ਆਉਣ ਤੇ ਕੀਰਤਪੁਰ ਛੱਡਕੇ ਕਿਤੇ ਚਲੇ ਜਾਣ। ਸਤਿਗੁਰੂ ਜੀ ਨੇ ਆਪਣੀ ਕੁਟੀਆ ਦੇ ਕੁਵਾੜ (ਬੂਹੇ) ਬੰਦ ਕਰ ਲਏ, ਬੂਹੇ ਅਗੇ ਆਕੇ ਰਾਮਰਾਇ ਜੀ ਨੇ ਬਹੁਤ ਤਰਲੇ ਕੀਤੇ, ਪਰ ਸਤਿਗੁਰੂ ਜੀ ਨੇ ਉਸਨੂੰ ਖਿਮਾ ਨਾ ਬਖਸ਼ੀ ਉਸਨੇ ਪੁਛਿਆ—'ਫਿਰ ਦਸੋ ਮੈਂ ਕਿਧਰ ਜਾਵਾਂ?'

'ਜਿਧਰ ਮੂੰਹ ਹੈ!' ਸਤਿਗੁਰੂ ਜੀ ਦਾ ਹੁਕਮ ਸੀ।

ਉਸੇ ਵੇਲੇ ਰਾਮਰਾਇ ਜੀ ਨੇ ਕੀਰਤਪੁਰ ਛੱਡ ਦਿੱਤਾ। ਦੁਆਬੇ ਵਿਚ ਚਲਾ ਗਿਆ ਤੇ ਰੁੜਕੇ ਪਿੰਡ ਵਿਚ ਜਾ ਬੈਠਾ।

ਸਤਿਗੁਰੂ ਜੀ ਨੇ ਰਾਮਰਾਇ ਜੀ ਦੇ ਜਾਣ ਉਤੇ ਹੀ ਮਾਮਲੇ ਨੂੰ ਖਤਮ ਨਾ ਕੀਤਾ,ਸਗੋਂ ਸਿਖ ਸੰਗਤਾਂ ਵਲ ਹੁਕਮ ਨਾਮੇ ਭੇਜੇ ਕਿ ਰਾਮਰਾਇ ਜੀ ਨਾਲ ਕੋਈ ਮਿਲ ਵਰਤਨ ਨਾ ਕਰੇ। ਜੋ ਮਿਲ ਵਰਤਨ ਕਰੇਗਾ ਉਹ 'ਗੁਰੂ ਕਾ ਸਿਖ ਨਹੀਂ ਰਹੇਗਾ।' ਮਸੰਦਾਂ ਨੇ ਸਾਰੇ ਦੇਸ਼ ਵਿਚ ਸਤਿਗੁਰੂ ਜੀ ਦਾ ਹੁਕਮ ਨਾਮਾ ਸੁਣਾ ਦਿਤਾ।

ਇਸਦਾ ਫਲ ਇਹ ਹੋਇਆ ਕਿ ਜਿਸ ਥਾਂ ਵੀ ਰਾਮਰਾਇ ਜੀ ਜਾਂਦੇ ਸਨ, ਉਥੇ ਹੀ ਸਿਖ ਸੰਗਤਾਂ ਉਨ੍ਹਾਂ ਨੂੰ ਮੂੰਹ ਨਹੀਂ ਸਨ ਲਾਉਂਦੀਆਂ। ਸਗੋਂ ਕਈ ਥਾਈਂ ਤਾਂ ਸਿਖ ਸੰਗਤਾਂ ਨਗਰ ਵਿਚ ਹੀ ਨਾ ਰਹਿਣ ਦੇਂਦੀਆਂ ਇਸ ਤਰਾਂ ਉਹ ਦੇਸ਼ ਦੇ ਵਿਚ ਥਾਂ ਥਾਂ ਫਿਰਦੇ ਰਹੇ ਤੇ ਆਖਰ ਲਾਹੌਰ ਮੁਗਲਪੁਰੇ ਦੇ ਨੇੜੇ ਜਾ ਪੁਜੇ। ਜਿਥੇ ਚੁਬਚਾ ਸਾਹਿਬ ਡੇਰਾ ਸੀ ਏਥੇ ਰਹਿੰਦੇ ਰਹੇ। ਆਪਣੇ ਆਪ ਨੂੰ ਗੁਰੂ ਅਖਵਾਉਣ ਲਗੇ, ਆਯੂ ਛੋਟੀ ਸੀ, ਕਰਾਮਾਤਾਂ ਤੇ ਭਗਤੀ ਵੀ ਕੋਲ ਸੀ, ਪਰ ਜੋ ਭੁਲ ਕੀਤੀ ਸੀ ਉਹ ਕਦੀ ਨਹੀਂ ਬਖਸ਼ਣ ਵਾਲੀ ਸੀ।

—:o:—

੧੭. ਸੁਥਰੇ ਸ਼ਾਹ ਨੇ ਦਿਲੀ ਜਾਣਾ

ਸੁਥਰੇ ਸ਼ਾਹ ਇਕ ਮਖੌਲੀਆ, ਪਰ ਕਰਣੀ ਵਾਲਾ ਸਿੱਖ ਸੀ। ਉਸਦੇ ਜਨਮਦੀ ਕਥਾ ਵੀ ਨਿਰਾਲੀ ਹੈ। ਗੁਰਦਾਸ ਪੁਰ ਵਿਚ ਬਹਿਰਾਮਪੁਰ ਨਗਰ ਹੈ, ਇਸ ਨਗਰ ਨੰਦਾ ਨਾਮ ਦਾ ਖਤਰੀ ਰਹਿੰਦੀ ਸੀ, ਉਸ ਖੱਤ੍ਰੀ ਦੇ ਘਰ ਬਾਲਕ ਨੇ ਜਨਮ ਲਿਆ, ਜਦ ਜਨਮ ਸਮੇਂ ਦਾਈ ਨੇ ਬਾਲਕ ਦੇ ਮੂੰਹ ਵਿਚ ਉਂਗਲੀ ਪਾਈ ਕਿ ਮੂੰਹ ਵਿਚੋਂ ਜਾਲਾ ਕਢੇ ਤਾਂ ਉਸਦੀ ਉਂਗਲੀ ਨੂੰ ਬਾਲਕ ਦੇ ਦੰਦ ਚੁਭੇ, ਜੰਮਦੇ ਬਚੇ ਦੇ ਦੰਦ ਹੋਣੇ ਬਹੁਤ ਹੀ ਅਚੰਭੇ ਦੀ ਗਲ ਸੀ। ਦਾਈ ਡਰ ਗਈ, ਉਸਨੇ ਖਿਆਲ ਕੀਤਾ ਕਿ ਇਹ ਬੱਚਾ ਨਹੀਂ ਸਗੋਂ ਕੋਈ ਬਲਾ ਪ੍ਰਗਟ ਹੋਈ ਹੈ ਜੋ ਪਰਵਾਰ ਨੂੰ ਖਾ ਜਾਵੇਗੀ, ਅਜੇ ਉਹ ਐਸਾ ਖਿਆਲ ਕਰ ਰਹੀ ਸੀ ਕਿ ਉਹ ਬਚਾ ਰੋਣ ਦੀ ਥਾਂ ਹੱਸ ਪਿਆ ਉਸਨੂੰ ਹਸਦਾ ਦੇਖ ਤਾਂ ਉਸਦੇ ਜਿਨ-ਭੂਤ ਹੋਣ ਦਾ ਪੱਕਾ ਸਬੂਤ ਹੋ ਗਿਆ ਦਾਈ ਨੇ ਬਚੇ ਦੇ ਬਾਪ ਨੂੰ ਆਖਕੇ ਟਾਕੀਆਂ ਵਿਚ ਵਲ੍ਹੇਟ ਕੇ ਰਾਤ ਦੇ ਹਨੇਰੇ ਵਿਚ ਬਾਹਰ ਸੁਟਵਾ ਦਿਤਾ। ਜੋ ਜਨਮ ਲੈਂਦਾ ਹੈ, ਉਸਦਾ ਰਾਖਾ ਆਪ ਕਰਤਾਰ ਹੁੰਦਾ ਹੈ ਸਬਬ ਨਾਲ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਉਧਰ ਦੀ ਕਿਤੇ ਜਾ ਰਹੇ ਸਨ। ਜਦੋਂ ਸਤਿਗੁਰੂ ਜੀ ਦਾ ਘੋੜਾ ਉਸ ਰੂੜੀ ਦੀ ਬਰੋਬਰ ਤੇ ਗਿਆ, ਜਿਥੇ ਸੁਥਰਾ ਪਿਆ ਸੀ ਤਾਂ ਉਹ ਬਾਲਕ ਸੁਥਰਾ ਰੋਣ ਲਗ ਪਿਆ, ਬਹੁਤ ਜ਼ੋਰ ਨਾਲ ਰੋਇਆ, ਉਸਦੇ ਰੋਣੇ ਨੂੰ ਸੁਣ ਕੇ ਸਤਿਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਬਾਲਕ ਨੂੰ ਫੜੋ, ਜਾਂ ਸਿਖਾਂ ਨੇ ਅਗੇ ਹੋਕੇ ਦੇਖਿਆ ਤਾਂ ਬਹੁਤ ਹੈਰਾਨ ਹੋਏ ਤੇ ਕਹਿਣ ਲਗੇ-'ਸਚੇ ਪਾਤਸ਼ਾਹ! ਇਹ ਬਾਲਕ ਤਾਂ ਬਹੁਤ ਕੋਝਰਾ ਤੇ ਗੰਦਾ ਜੇਹਾ ਹੈ, ਹੈ ਜੀਉਂਦਾ।' 'ਚੁਕ ਲਵੋ ਆਪੇ ਸੁਥਰਾ ਹੋ ਜਾਵੇਗਾ।' ਸਤਿਗੁਰੂ ਜੀ ਨੇ ਹੁਕਮ ਦਿਤਾ, ਸਤਿਗੁਰੂ ਜੀ ਦਾ ਹੁਕਮ ਪਾਕੇ ਸਿੱਖਾਂ ਨੇ ਉਸ ਬਾਲਕ ਨੂੰ ਚੁਕ ਲਿਆ ਤੇ ਸਾਫ ਕਰਕੇ ਨਵੇਂ ਕਪੜੇ ਵਿਚ ਵਲ੍ਹੇਟਿਆ, ਸਤਿਗੁਰੂ ਜੀ ਨੇ ਇਕ ਸਿਖ ਨੂੰ ਕਿਹਾ-'ਇਸ ਬਾਲਕ ਨੂੰ ਪਾਲਣਾ ਤੇ ਜਵਾਨ ਕਰਨਾ। ਗੁਰੂ ਘਰ ਵਿਚੋਂ ਲੋੜੀਦੀ ਵਸਤੂ ਮਿਲੇਗੀ।' ਉਸ ਸਿੱਖ ਨੇ ਸਤਿਗੁਰੂ ਜੀ ਦੇ ਹੁਕਮ ਅਗੇ ਸਿਰ ਨੀਵਾਂ ਕਰ ਦਿਤਾ ਉਸ ਬਾਲਕ ਦਾ ਨਾਮ 'ਸੁਥਰੇਸ਼ਾਹ' ਹੋ ਗਿਆ।

ਸੁਥਰੇ ਸ਼ਾਹ ਜਵਾਨ ਹੋਇਆ ਤਾਂ ਉਹ ਬਹੁਤ ਹਸਾਉਣੀਆਂ ਗਲਾਂ ਕਰਿਆ

ਕਰਦਾ ਸੀ, ਸਤਿਗੁਰੂ ਜੀ ਦੀ ਪ੍ਰਸੰਨਤਾ ਤੇ ਪੂਰਬਲੇ ਚੰਗੇ ਕਰਮਾਂ ਦੇ ਕਾਰਨ ਉਸ ਦੇ ਕੋਲ ਬਰਕਤਾਂ ਵੀ ਬਹੁਤ ਸਨ ਉਸਦੀਆਂ ਬਰਕਤਾਂ ਤੇ ਹਸਾਉਣੀਆਂ ਗੱਲਾਂ ਦੀਆਂ ਬਹੁਤ ਸਾਰੀਆਂ ਲੰਮੀਆਂ ਕਹਾਣੀਆਂ ਹਨ ਪਰ ਏਥੇ ਅਸੀਂ ਸੁਥਰੇ ਸ਼ਾਹ ਦੇ ਦਿਲੀ ਜਾਣਦੀ ਕਥਾ ਲਿਖਦੇ ਹਾਂ।

ਰਾਮਰਾਇ ਜੀ ਨੇ ਦਿਲੀ ਵਿੱਚ ਕਰਾਮਾਤਾਂ ਤਾਂ ਬਹੁਤ ਦਿਖਾਈਆਂ ਮੁਸਲ-ਮਾਨਾਂ ਨੂੰ ਸਮਝਾਇਆ ਵੀ, ਪਰ ਮੁਸਲਮਾਨਾਂ ਨੇ ਹਿੰਦੂਆਂ ਉਤੇ ਜ਼ੁਲਮ ਕਰਨੇ ਘਟ ਨਾ ਕੀਤੇ। ਬਾਦਸ਼ਾਹ ਦੀ ਨੀਤੀ ਦੇਖਕੇ ਆਮ ਮੁਸਲਮਾਨ ਵੀ ਭੂਤਰ ਗਿਆ, ਰਾਹ ਜਾਂਦੇ ਹਿੰਦੂਆਂ ਦੀ ਨਿਰਾਦਰੀ ਹੋਣ ਲੱਗੀ,ਹਿੰਦੂਆਂ ਦੇ ਘਰ ਲੁਟੇ ਜਾਣ ਲਗੇ। ਭਾਰੀ ਟੈਕਸ ਲਾ ਦਿੱਤੇ ਗਏ, ਕਿਸੇ ਹਿੰਦੂ ਦੇ ਮੁਕਦਮੇ ਦੀ ਸੁਣਾਈ ਨਾ ਹੁੰਦੀ, ਹਿੰਦੂਆਂ ਦੀਆਂ ਸੁੰਦਰ ਤੇ ਜਵਾਨ ਬਹੁ ਬੇਟੀਆਂ ਦੀ ਇੱਜ਼ਤ ਖਤਰੇ ਵਿਚ ਰਹਿਣ ਲੱਗੀ, ਹਿੰਦੂ ਦੀ ਨਿਸ਼ਾਨੀ ਇਹ ਹੁੰਦੀ ਸੀ ਕਿ ਉਹ ਲੰਮੇ ਤਿਲਕ ਲਾਉਂਦੇ ਸਨ। ਮੁਸਲ-ਮਾਨ ਉਨ੍ਹਾਂ ਦੇ ਤਿਲਕ ਚਟ ਲੈਂਦੇ ਤੇ ਤਿਲਕ ਚਟਕੇ ਰੌਲਾ ਪਾਂ ਦੇਂਦੇ ਕਿ ਹੁਣ ਹਿੰਦੂ, ਹਿੰਦੂ ਨਹੀਂ ਰਿਹਾ ਸਗੋਂ ਮੁਸਲਮਾਨ ਹੋ ਗਿਆ ਹੈ। ਹਿੰਦੂ ਵੀ ਆਪਣੇ ਧਰਮ ਨੂੰ ਧਾਗੇ ਦੇ ਕਚੇ ਤੰਦ ਵਾਂਗ ਸਮਝਦੇ ਸਨ। ਹਿੰਦੂ ਬਹੁਤ ਤੰਗ ਹੋਏ ਉਹ ਤਿਲਕ ਲਾਕੇ ਬਜ਼ਾਰ ਵਿੱਚ ਫਿਰਨੋ ਹਟ ਗਏ ਸਨ।

ਮੁਸਲਮਾਨਾਂ ਦੀਆਂ ਐਸੀਆਂ ਹਰਕਤਾਂ ਦੀਆਂ ਖਬਰਾਂ ਸਤਿਗੁਰੂ ਜੀ ਦੇ ਦਰਬਾਰ ਵਿਚ ਆਈਆਂ। ਗਲੋ ਗਲੀ ਸੁਥਰੇ ਸ਼ਾਹ ਨੂੰ ਖਬਰ ਹੋ ਗਈ, ਉਸਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ 'ਹੇ ਦਾਤਾ! ਜਿਵੇਂ ਹੋਵੇ ਮੈਨੂੰ ਦਿਲੀ ਭੇਜੋ! ਆਪ ਦੀਆਂ ਬਰਕਤਾਂ ਮੇਰੇ ਨਾਲ ਹੋਣੀਆਂ ਚਾਹੀਦੀਆਂ ਹਨ। ਹਿੰਦੂ ਧਰਮ ਦੀ ਰਾਖੀ ਬਦਲੇ ਮੈਂ ਬਹੁਤ ਕੁਝ ਕਰਨ ਨੂੰ ਤਿਆਰ ਹਾਂ, ਮੈਨੂੰ ਆਗਿਆ ਬਖਸ਼ੋ।'

ਅੰਤਰਜਾਮੀ ਸਤਿਗੁਰੂ ਜੀ ਨੇ ਸੁਥਰੇ ਸ਼ਾਹ ਨੂੰ ਦਿਲੀ ਜਾਣ ਦੀ ਖੁਲ ਦੇ ਦਿਤੀ। ਸੁਥਰਾ ਛੋਟੇ ਡੰਡੇ ਹੱਥ ਵਿਚ ਰਖਿਆ ਕਰਦਾ ਸੀ, ਉਨ੍ਹਾਂ ਡੰਡਿਆਂ ਨੂੰ ਵਜਾਉਂਦਾ ਹੋਇਆ ਸਤਿਗੁਰੂ ਜੀ ਦਾ ਜਸ ਕਰਿਆ ਕਰਦਾ ਸੀ। ਉਹਦੇ ਨਾਲ ਤਿੰਨ ਚਾਰ ਉਸਦੇ ਚੇਲੇ ਰਿਹਾ ਕਰਦੇ ਸਨ। ਉਨ੍ਹਾਂ ਚੇਲਿਆਂ ਦੇ ਨਾਲ ਸੁਥਰੇ ਸ਼ਾਹ ਦਿਲੀ ਨੂੰ ਰਵਾਨਾਂ ਹੋ ਗਿਆ।

੧੯. ਦਿਲੀ ਵਿਚ ਸੁਥਰੇ ਸ਼ਾਹ ਦੇ ਕੌਤਕ

ਦਿਲੀ ਪਜਕੇ ਆਪਣੇ ਚੇਲਿਆ ਸਮੇਤ ਸੁਥਰੇ ਸ਼ਾਹ ਨੇ ਦਿਲੀ ਦੇ ਸਾਰੇ ਬਾਜ਼ਾਰਾਂ ਵਿੱਚ ਫਿਰਕੇ ਲੋਕਾਂ ਦੀ ਮਾੜੀ ਦਸ਼ਾ ਦੇਖੀ, ਆਖਰ ਉਸਨੇ ਫੈਸਲਾ ਕੀਤਾ ਕਿ ਉਹ ਮੈਲੇ (ਗੰਦਗੀ) ਦਾ ਟਿਕਾ ਲਾ ਕੇ ਦਿਲੀ ਸ਼ਹਿਰ ਵਿਚ ਫਿਰੇਗਾ ਤੇ ਦੇਖੇਗਾ ਕਿ ਕੌਣ ਮੁਸਲਮਾਨ ਹੈ ਜੋ ਉਸਦੇ ਟਿਕੇ ਨੂੰ ਚਟਕੇ ਉਸਨੂੰ ਮੁਸਲਮਾਨ ਕਰਦਾ ਹੈ ਉਸਦੀ ਇਹ ਸਲਾਹ ਨਿਰੀ ਸਲਾਹ ਨਾ ਰਹੀ ਸਗੋਂ ਅਮਲ ਵਿੱਚ ਆ ਗਈ। ਸੁਥਰੇ ਸ਼ਾਹ ਨੇ ਮੈਲੇ ਦਾ ਟਿੱਕਾ (ਤਿਲਕ) ਲਾ ਲਿਆ ਤੇ ਜ਼ਬਾਨੋਂ ਰਾਮ ਜਸ ਤੇ ਸਤਿਗੁਰੂ ਜੀ ਦੀ ਉਸਤਤੀ ਦੇ ਸ਼ਬਦ ਪੜ੍ਹਦਾ ਹੋਇਆ ਦਿਲੀ ਦੀ ਸ਼ਾਹੀ ਮਸੀਤ ਦੇ ਅਗੋਂ ਦੀ ਫਿਰਦਾ ਹੋਇਆ ਦਿਲੀ ਦੇ ਬਾਜ਼ਾਰਾਂ ਵਿੱਚ ਫਿਰਨ ਲੱਗਾ। ਉਸਨੇ ਹੋਕਾ ਦਿੱਤਾ–'ਮੈਂ ਹਿੰਦੂ ਹਾਂ, ਮਥੇ ਤਿਲਕ ਲਾਕੇ ਫਿਰ ਰਿਹਾ ਹਾਂ, ਕੋਈ ਮਾਈ ਦਾ ਲਾਲ ਮੁਸਲਮਾਨ ਮੈਦਾਨ ਵਿੱਚ ਨਿਤਰੇ ਤੇ ਮੇਰੇ ਤਿਲਕ ਨੂੰ ਚਟਕੇ ਮੈਨੂੰ ਮੁਸਲਮਾਨ ਕਰੇ। ਐਸੇ ਮੁਸਲਮਾਨ ਨੂੰ ਮੈਂ ਦੇਖਣਾ ਚਾਹੁੰਦਾ ਹਾਂ। ਆਓ ਦੀਨ ਇਸਲਾਮ ਦੇ ਹਮਦਰਦੀਓ ਮੇਰੇ ਕੋਲ ਆਓ ਦੇਖੋ ਮੇਰੇ ਵਲ!' ਇਸ ਤਰਾਂ ਕਹਿੰਦਾ ਹੋਇਆ ਉਹ ਸਾਰੀ ਦਿਲੀ ਵਿੱਚ ਫਿਰਿਆ, ਕਿਸੇ ਮੁਸਲਮਾਨ ਨੇ ਉਹਦੇ ਤਿਲਕ ਨੂੰ ਨਾ ਚਟਿਆ, ਮੁਸਲਾਮਨ ਬਹੁਤ ਸ਼ਰਮਿੰਦੇ ਹੋਏ, ਜੋ ਮੂਰਖ ਸਨ ਉਹ ਕ੍ਰੋਧਵਾਨ ਹੋਏ ਤੇ ਉਸਨੂੰ ਬੁਰਾ ਭਲਾ ਕਹਿੰਦੇ ਹੋਏ ਔਰੰਗਜ਼ੇਬ ਤੇ ਕੋਤਵਾਲ ਕੋਲ ਪੁਜੇ ਤੇ ਸ਼ਕਾਇਤਾਂ ਕਰਨ ਲਗੇ, ਪਰ ਸਥਰੇ ਨੂੰ ਹੱਥ ਪਾਉਣ ਦਾ ਕਿਸੇ ਨੂੰ ਹੌਂਸਲਾ ਨਹੀਂ ਸੀ, ਜਦੋਂ ਇਹ ਚਾਲ ਸੁਥਰੇ ਦੀ ਕਾਮਯਾਬ ਹੋ ਗਈ ਤਾਂ ਉਸਨੇ ਮੁਸਲਮਾਨਾਂ ਨੂੰ ਜ਼ਲੀਲ ਕਰਨ ਵਾਸਤੇ ਹੋਰ ਚਾਲ ਚਲੀ।

ਐਸੇ ਨੂੰ ਤੈਸਾ ਹੋਕੇ ਕੋਈ ਟਕਰੇ ਤਾਂ ਹੀ ਜ਼ਾਲਮ ਦਾ ਦਿਲ ਦਿਮਾਗ ਟਿਕਾਉਣੇ ਆਉਂਦਾ ਹੈ। ਸੁਥਰੇ ਨੇ ਆਪਣੇ ਸਤਿਗੁਰੂ ਜੀ ਤੇ ਵਾਹਿਗੁਰੂ ਤੇ ਭਰੋਸਾ ਕਰਕੇ ਸਵਾ ਗਜ਼ ਲੰਮੇ ਜੂਤੇ (ਜੁਤੀ ਦੇ ਦੋ ਛਿਤ੍ਰ) ਤਿਆਰ ਕਰਵਾਕੇ, ਇਕ ਮਿਟੀ ਦੀ ਹਾਂਡੀ ਵਿੱਚ ਸਹਿਤ ਤੇ ਵਿਸ਼ਟਾ ਮਿਲਾ ਕੇ ਹਾਂਡੀ ਚੁਕ ਲਈ, ਵੀਰਵਾਰ ਦੀ ਰਾਤ ਨੂੰ ਮੁਸਲਮਾਨਾਂ ਪਾਸੋਂ ਅੱਖ ਬਚਾਕੇ ਹਾਂਡੀ ਤੇ ਜੁਤੀ ਦਾ ਇਕ ਛਿਤ੍ਰ ਸ਼ਾਹੀ

ਮਸੀਤ ਵਿਚ ਰਖ ਆਇਆ। ਸਵੇਰੇ ਜੁੰਮਾ ਸੀ ਜੁੰਮੇ ਦੀ ਨਮਾਜ਼ ਪੜ੍ਹਨ ਵਾਸਤੇ ਮੁਸਲਮਾਨਾਂ ਆਉਣਾ ਸੀ। ਮੁਸਲਮਾਨਾਂ ਦੇ ਆਉਂਣ ਤੋਂ ਪਹਿਲਾਂ ਹੀ ਸੁਥਰਾ ਮੁਸਲਮਾਨਾਂ ਦਾ ਭੇਸ ਧਾਰਕੇ ਮਸੀਤ ਵਿਚ ਜਾ ਵੜਿਆ ਤੇ ਰੌਲਾ ਪਾ ਦਿੱਤਾ ਕਿ ਰਾਤ ਨੂੰ ਖੁਦਾ ਮਸੀਤ ਵਿਚ ਨਮਾਜ਼ ਪੜ੍ਹਨ ਆਇਆ ਹੈ ਤੇ ਆਪਣੀਆਂ ਦੋ ਨਿਸ਼ਾਨੀਆਂ ਮਸੀਤ ਵਿਚ ਛੱਡ ਗਿਆ ਹੈ!

ਗਲੋ ਗਲੀ ਇਹ ਗਲ ਸਭ ਨੇ ਸੁਣ ਲਈ ਤੇ ਸੱਚ ਮੰਨ ਲਿਆ। ਉਨ੍ਹਾਂ ਨੇ ਵਾਰੀ ਵਾਰੀ ਛਿਤ੍ਰ ਨੂੰ ਦੇਖਣਾ ਆਰੰਭਿਆ ਅਤੇ ਹਾਂਡੀ ਵਿਚੋਂ ਸ਼ਹਿਤ ਨੂੰ ਉਂਗਲੀ ਲਾਕੇ ਚਟਣਾ ਸ਼ੁਰੂ ਕੀਤਾ। ਕੁਦਰਤ ਦੇ ਰੰਗ ਉਨ੍ਹਾਂ ਨੂੰ ਵਿਸ਼ਟੇ ਦੀ ਬਦਬੋ ਨਹੀਂ ਆਈ। ਬਾਦਸ਼ਾਹ ਤੇ ਬੇਗਮਾ, ਅਮੀਰ ਤੇ ਗਰੀਬ ਸਾਰਾ ਦਿਨ ਛਿਤ੍ਰ ਦੇ ਦਰਸ਼ਨ ਦੀਦਾਰੇ ਕਰਦੇ ਰਹੇ। ਦੋ ਦਿਨ ਇਸਤਰਾਂ ਹੀ ਬੀਤ ਗਏ।

ਤੀਸਰੇ ਦਿਨ ਸੁਥਰੇ ਨੇ ਦੂਸਰਾ ਛਿਤ੍ਰ ਸੋਟੇ ਵਿਚ ਟੰਗ ਲਿਆ ਤੇ ਦਿਲੀ ਦੇ ਬਾਜ਼ਾਰਾਂ ਵਿਚ ਹੋਕਾ ਦੇਣਾ ਸ਼ੁਰੂ ਕੀਤਾ। "ਕਿਸੇ ਪ੍ਰੇਮੀ ਨੇ ਮੇਰੀ ਜੁਤੀ ਦਾ ਇਕ ਪੈਰ (ਛਿੱਤ੍ਰ) ਚੁਕ ਲਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਉਹ ਮੇਰਾ ਪੈਰ ਵਾਪਸ ਦੇ ਦੇਵੇ। ਇਕ ਨਾਲ ਪਾਖਾਨਾ ਫਿਰਨ ਵਾਲੀ ਹਾਂਡੀ ਸੀ, ਉਹ ਹਾਂਡੀ ਵੀ ਚੁਕਲਈਹੈ। ਦੋਵੇਂ ਚੀਜਾਂ ਵਾਪਸ ਕਰ ਦੇਵੇ ਨਹੀਂ ਤੇ ਮੈਂ ਦਿੱਲੀ ਦੇ ਸ਼ਹਿਨਸ਼ਾਹ ਔਰੰਗਜ਼ੇਬ ਕੋਲ ਸ਼ਕਾਇਤ ਕਰਾਂਗਾ। ਸੁਣ ਲੋ ਲੋਕੋ! ਮੇਰੀਆਂ ਚੀਜ਼ਾਂ ਵਾਪਸ ਕਰੋ।

ਮੁਸਲਮਾਨਾਂ ਨੇ ਜਦੋਂ ਸੁਥਰੇ ਦਾ ਇਹ ਐਲਾਨ ਸੁਣਿਆਂ ਤਾਂ ਬਹੁਤ ਸ਼ਰ ਮਿੰਦੇ ਹੋਏ ਤੇ ਕ੍ਰੋਧ ਨਾਲ ਲੋਹੇ ਲਾਖੇ ਹੋ ਗਏ। ਉਨ੍ਹਾਂ ਨੇ ਮਨਹੀ ਮਨ ਵਿਚ ਕਿਹਾ— 'ਇਸ ਕੰਬਖਤ ਨੇ ਬਹੁਤ ਤੰਗ ਕੀਤਾ ਹੈ। ਸਾਰਿਆਂ ਨੂੰ ਜ਼ਲੀਲ ਕੀਤਾ ਹੈ ਇਸਨੂੰ ਸਜ਼ਾ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਬਾਦਸ਼ਾਹ ਪਾਸ ਜਾ ਸ਼ਕਾਇਤ ਕੀਤੀ, ਬਾਦਸ਼ਾਹ ਨੇ ਉਸੇ ਵੇਲੇ ਕੋਤਵਾਲ ਵਲ ਸੁਨੇਹਾ ਭੇਜਿਆ ਕਿ ਐਸੇ ਬੇਸ਼ਰਮ ਆਦਮੀ ਨੂੰ ਫੜਕੇ ਮੇਰੇ ਪੇਸ਼ ਕਰੋ। ਬਾਦਸ਼ਾਹ ਦੇ ਹੁਕਮ ਮਿਲਣ ਦੀ ਢਿਲਸੀ ਕਿ ਕੋਤਵਾਲ ਨੇਸੁਥਰੇਨੂੰ ਉਹਦੇ ਚੇਲਿਆਂ ਸਮੇਤ ਗ੍ਰਿਫਤਾਰ ਕਰ ਲਿਆ। ਲਾਲ ਕਿਲੇ ਵਿਚ ਬਾਦਸ਼ਾਹ ਦੇ ਸਾਹਮਣੇ ਪੇਸ਼ ਕੀਤਾ।

ਕਿਲ੍ਹੇ ਅੰਦਰ ਦਾਖਲ ਹੁੰਦੇ ਸਾਰ ਸੁਥਰੇ ਸ਼ਾਹ ਨੇ ਆਪਣੇ ਸਤਿਗੁਰੂ

ਜੀ ਨੂੰ ਯਾਦ ਕੀਤਾ ਤੇ ਅਰਦਾਸ ਬੇਨਤੀ ਕੀਤੀ ਕਿ ਸਤਿਗੁਰੂ ਜੀ ਅੰਗ-ਸੰਗਸਹਾਈ ਹੋਣ। ਜਿਸ ਵੇਲੇ ਬਾਦਸ਼ਾਹ ਦੇ ਪੇਸ਼ ਹੋਏ ਤਾਂ ਬਾਦਸ਼ਾਹ ਨੇ ਪੁਛਿਆ:-

"ਕੀ ਇਹ ਸੱਚ ਹੈ ਕਿ ਤੂੰ ਮਾੜੀਆਂ ਹਰਕਤਾਂ ਕਰਦਾ ਹੈਂ ? ਕੀ ਤੂੰ ਆਪਣੇ ਮੱਥੇ ਵਿਸ਼ਟਾ ਦਾ ਤਿਲਕ ਲਾਇਆ ਸੀ ? ਕੀ ਮਸੀਤ ਵਿਚ ਜੋ ਵੱਡਾ ਛਿੱਤ੍ਰ ਪਿਆ ਸੀ ਉਹ ਤੇਰਾ ਹੈ ?'

ਸੁਥਰੇ ਸ਼ਾਹ ਨੇ ਉੱਤਰ ਦਿੱਤਾ-'ਬਾਦਸ਼ਾਹ ਸਲਾਮਤ ਨੇ ਜੋ ਕੁਝ ਮੇਰੇ ਕੋਲੋਂ ਪੁਛਿਆ ਹੈ ਸਭ ਸਤ ਹੈ। ਮਸੀਤ ਵਾਲਾ ਛਿੱਤ੍ਰ ਮੇਰਾ ਹੈ ਤੇ ਬਾਦਸ਼ਾਹ ਸਲਾਮਤ ਦੇ ਰਾਜ ਵਿਚ ਕਿਸੇ ਨੇ ਚੋਰੀ ਚੁਕਿਆ ਹੈ।"

ਮੌਲਵੀਆਂ ਨੇ ਹੌਲਾ ਪਾ ਦਿਤਾ-"ਕਿ ਉਹ ਛਿੱਤਰ ਇਸਦਾ ਨਹੀਂ ਨਾ ਇਹ ਇਸਦਾ ਹੈ ਪੈਰੀਂ ਪਵਾਕੇ ਦੇਖਿਆ ਜਾਵੇ।"

ਮੌਲਵੀਆਂ ਦੀ ਗਲ ਸੁਣ ਕੇ ਬਾਦਸ਼ਾਹ ਨੇ ਹੁਕਮ ਦਿੱਤਾ-"ਇਹ ਜੁਤੀ ਦਾ ਪੈਰ ਆਪਣੇ ਪੈਰੀਂ ਪਾਕੇ ਦਿਖਾ, ਕੀ ਤੇਰੇ ਮੇਚ ਆਉਂਦਾ ਹੈ ?"

ਸੁਥਰੇ ਸ਼ਾਹ ਨੇ ਕਰਤਾਰ ਨੂੰ ਯਾਦ ਕਰਕੇ ਅਤੇ ਸਤਿਗੁਰੂ ਜੀ ਦਾ ਆਸਰਾ ਲੈਕੇ ਉਸ ਇੱਕ ਛਿੱਤਰ ਨੂੰ ਪੈਰੀਂ ਪਾਇਆ, ਸੁਥਰੇ ਦਾ ਪੈਰ ਸਵਾ ਗਜ਼ ਲੰਮਾ ਹੋ ਗਿਆ ਤੇ ਉਹ ਛਿਤ੍ਰ ਫਸਕੇ ਉਹਦੇ ਪੈਰ ਪਿਆ ਇਹ ਕੌਤਕ ਦੇਖਕੇ ਸਾਰੇ ਹੈਰਾਨ ਹੋਏ। ਬਾਦਸ਼ਾਹ ਦੰਗ ਰਹਿ ਗਿਆ ਸਭ ਦੇ ਚਿਤ ਵਿਚ ਵਿਚਾਰ ਫੁਰਿਆ ਕਿ ਇਹ ਬੰਦਾ (ਸੁਥਰੇ ਸ਼ਾਹ) ਜ਼ਰੂਰ ਕੋਈ ਕਰਾਮਾਤੀ ਫਕੀਰ (ਸਾਧੂ) ਹੈ। ਸਾਰੇ ਭੈ ਭੀਤ ਹੋ ਗਏ, ਉਨ੍ਹਾਂ ਨੂੰ ਸਹਿਮੇ ਤੇ ਸ਼ਰਮਿੰਦੇ ਹੋਇਆਂ ਦੇਖਕੇ ਸੁਥਰੇ ਸ਼ਾਹ ਨੇ ਦਲੇਰੀ ਨਾਲ ਆਖਿਆ-'ਐ ਬਾਦਸ਼ਾਹ ਸਲਾਮਤ! ਅਤੇ ਮੌਲਵੀਓ ਤੇ ਦਰਬਾਰੀਓ! ਇਸਲਾਮ ਦੇ ਨਾਂ ਉਤੇ ਜ਼ੁਲਮ ਨਾ ਕਰੋ, ਸਾਰੇ ਬੰਦੇ ਖੁਦਾ ਦੇ ਹਨ। ਕੀ ਮੁਸਲਮਾਨ ਤੇ ਕੀ ਹਿੰਦੂ, ਸਭ ਉਸਨੇ ਬਣਾਏ ਹਨ। ਅੱਲਾ, ਖੁਦਾ, ਭਗਵਾਨ, ਰਾਮ, ਵਾਹਿਗੁਰੂ ਜਾਂ ਪ੍ਰਮਾਤਮਾਂ ਉਸਦੇ ਨਾਮ ਹਨ। ਉਹ ਮਹਾਨ ਸ਼ਕਤੀ ਇੱਕ ਹੈ ਉਹ ਮਾੜੇ ਚੰਗ ਬੰਦੇ ਨੂੰ ਦੇਖਦਾ ਰਹਿੰਦਾ ਹੈ ਤੇ ਅੰਤ ਤੇ ਹਿਸਾਬ ਲਵੇਗਾ। ਰਾਜ ਦੇ ਨਸ਼ੇ ਵਿੱਚ ਜ਼ੁਲਮ ਨਾ ਕਰੋ, ਇਹ ਜ਼ੁਲਮ ਹੀ ਤੁਹਾਡਾ ਬੇੜਾ ਗ਼ਰਕ ਕਰੇਗਾ।'

ਇਹ ਸੁਣਕੇ ਬਾਦਸ਼ਾਹ ਚੁਪ ਹੋ ਗਿਆ, ਉਸਨੇ ਕਿਹਾ-'ਖੁਦਾ ਦੇ

ਬੰਦੇ ਕੋਈ ਕਾਜੀ ਕਿਸੇ ਹਿੰਦੂ ਦਾ ਤਿਲਕ ਨਹੀਂ ਚਟੇਗਾ, ਤੈਨੂੰ ਇਕ ਪੈਸਾ ਹਰ ਦੁਕਾਨ ਤੋਂ ਤੇ ਅੱਠ ਆਨੇ ਵਿਆਹ ਸਮੇਂ ਲਾਗ ਮਿਲਿਆ ਕਰੇਗਾ।'

ਸੁਥਰਿਆਂ ਨੂੰ ਪੈਸੇ ਮਿਲਣ ਦੀ ਸ਼ਰਤ ਤਾਂ ਕਾਇਮ ਰਹੀ ਪਰ ਹਿੰਦੂਆਂ ਨੂੰ ਤੰਗ ਨਾ ਕਰਨ ਦੀ ਸ਼ਰਤ ਨੂੰ ਔਰੰਗਜੇਬ ਥੋੜੇ ਦਿਨਾਂ ਪਿਛੋਂ ਹੀ ਭੁਲ ਗਿਆ।

---

੧੯. ਭਾਈ ਫੇਰੂ ਜੀ ਦਾ ਪ੍ਰਸੰਗ

ਕੀਰਤਪੁਰ ਦੇ ਬਾਹਰ ਸਤਿਗੁਰੂ ਜੀ ਨੇ ਇਕ ਸੁੰਦਰ ਬਾਗ ਲਗਾਇਆ ਸੀ, ਉਸ ਬਾਗ ਦੇ ਵਿਚ ਕਾਮੇ (ਸੇਵਾਦਾਰ) ਸੇਵਾ ਕਰਿਆ ਕਰਦੇ ਸਨ। ਭਾਈ ਭਗਤੂ ਉਨਾਂ ਨੂੰ ਪ੍ਰਸਾਦੇ ਛਕਾਉਣ ਵਾਸਤੇ ਜਾਇਆ ਕਰਦਾ ਸੀ, ਉਹ ਬਹੁਤ ਭਗਤ ਤੇ ਨਾਮ-ਸਿਮਰਨ ਵਾਲਾ ਸੱਚਾ ਮਹਾਂ ਪੁਰਖ ਸੀ। ਇਕ ਦਿਨ ਕਾਮਿਆਂ ਨੇ ਇੱਛਾ ਪ੍ਰਗਟ ਕੀਤੀ ਕਿ ਭਾਈ ਭਗਤੂ ਉਨਾਂ ਨੂੰ ਘਿਉ ਖਵਾਏ।

ਭਾਈ ਫੇਰੂ ਘਿਉ ਵੇਚਣ ਵਾਲਾ ਉਧਰ ਆ ਨਿਕਲਿਆ। ਭਾਈ ਭਗਤੂ ਨੇ ਉਸਨੂੰ ਬੇਨਤੀ ਕੀਤੀ—'ਭਾਈ ਫੇਰੂ ਜੀ! ਘਿਉ ਦਾ ਇੱਕੂ ਕੁਜਾ ਅਸਾਂ ਨੂੰ ਦੇ ਜਾਵੋ, ਕਲ ਸਵਾਇਆ ਘਿਉ ਲੈ ਲੈਣਾ।' ਭਾਈ ਫੇਰੂ ਨੇ ਬਚਨ ਮੰਨ ਲਿਆ। ਉਸਨੇ ਇਕ ਘਿਉ ਦਾ ਕੁਜਾ ਭਾਈ ਭਗਤੂ ਦੇ ਕਹਿਣ ਤੇ ਸਿੱਖ ਸੇਵਾਦਾਰਾਂ ਨੂੰ ਖੁਵਾ ਦਿੱਤਾ ਤੇ ਆਪਣੇ ਘਰ ਨੂੰ ਚਲਿਆ ਗਿਆ। ਘਰ ਜਾਕੇ ਘਿਉ ਵਾਲਾ ਕੁਜਾ ਕਿਲੀ ਨਾਲ ਟੰਗ ਦਿੱਤਾ, ਜਦ ਸਵੇਰੇ ਉਠਕੇ ਕੁਜਾ ਦੇਖਿਆ ਤਾਂ ਉਹ ਘਿਉ ਨਾਲ ਭਰਿਆ ਹੋਇਆ ਸੀ, ਉਸ ਘਿਉ ਨੂੰ ਦੇਖਕੇ ਭਾਈ ਫੇਰੂ ਸੋਚਾਂ ਵਿਚ ਪੈ ਗਿਆ ਉਸਨੇ ਸੋਚਿਆ—ਸਤਿਗੁਰੂ ਜੀ ਤੇ ਉਨ੍ਹਾਂ ਦੇ ਸਿਖ ਕਰਨੀ ਵਾਲੇ ਹਨ। ਮੈਂ ਵੀ ਸੇਵਾ ਕਰਕੇ ਜੀਵਨ ਸੁਧਾਰ ਲਵਾਂ ਮੈਂ ਕੀ ਲੈਣਾ ਹੈ, ਦੁਨੀਆਂ ਦਾਰੀ ਵਿਚੋਂ ਕੀ ਲਾਭ ਹੋਣਾ ਹੈ।

ਭਾਈ ਫੇਰੂ ਉਹ ਘਿਉ ਦਾ ਕੁਜਾ ਲੈਕੇ ਸਤਿਗੁਰੂ ਜੀ ਦੇ ਲੰਗਰ ਵਿੱਚ ਚਲਿਆ ਗਿਆ, ਸਾਰਾ ਘਿਉ ਲੰਗਰ ਵਿੱਚ ਦੇ ਦਿੱਤਾ ਤੇ ਆਪ ਸੇਵਾ ਕਰਨ ਲੱਗ ਪਿਆ, ਉਸਦੀ ਸੇਵਾ ਤੇ ਭਗਤੀ ਭਾਵਨਾ ਨੂੰ ਦੇਖਕੇ ਸਤਿਗੁਰੂ

ਜੀ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੇ ਲਾਹੌਰ ਦੀ ਤਹਿਸੀਲ ਚੂਹਣੀਆਂ ਦਾਮਸੰਦ ਬਣਾ ਦਿੱਤਾ ਤੇ ਹੁਕਮ ਕੀਤਾ ਕਿ ਗੁਰੂ ਕਾ ਲੰਗਰ ਚਲਾ ਤੇ ਨਾਮ ਬਾਣੀ ਦਾ ਪ੍ਰਚਾਰ ਕਰ। ਉਹ ਏਸੇ ਤਰ੍ਹਾਂ ਹੀ ਕਰਦਾ ਰਿਹਾਂ।

—o—

੨੦. ਭਾਈ ਪੁੰਗਰ ਜੀ ਦੀ ਸਾਖੀ

ਭਾਈ ਪੁੰਗਰ ਜੀ ਤਿਆਗੀ ਮਹਾਂ ਪੁਰਖ ਸੀ ਉਹ ਦਸਾਂ ਨਹੁੰਆਂ ਦੀ ਕਮਾਈ ਕਰਕੇ ਝਟ ਟਪਾਉਂਦਾ ਸੀ, ਉਹ ਐਨਾ ਤਿਆਗੀ ਤੇ ਨੇਕ ਪੁਰਸ਼ ਸੀ ਕਿ ਆਪਣੇ ਮਾਲ ਡੰਗਰ ਨੂੰ ਵੀ ਬਗਾਨੀ ਪੈਲੀ ਵਿੱਚ ਪੈਣ ਨਹੀਂ ਸੀ ਦੇਂਦਾ, ਆਪਣੀ ਕਿਰਤ ਵਿਚੋਂ ਦਸਵੰਧ ਕੱਢਦਾ ਤੇ ਗੁਰੂ ਕੇ ਲੰਗਰ ਵਿਚ ਭੇਜਦਾ।

ਇਕ ਦਿਨ ਉਹਦੇ ਪਾਸ ਇਕ ਸੰਤ ਆ ਗਿਆ ਉਹ ਸੰਤ ਰਸਾਇਨੀ ਗਿਆਨ ਦਾ ਪੰਡਤ ਸੀ ਉਸਨੂੰ ਭਾਈ ਪੁੰਗਰ ਨੇ ਪ੍ਰਸਾਦ ਛਕਾਇਆ ਉਹਦੀ ਸੇਵਾ ਕੀਤੀ।ਉਹ ਸੰਤਭਾਈਪੁੰਗਰ ਦੀ ਭਗਤੀ ਤੇ ਸੇਵਾ ਉਤੇ ਬਹੁਤ ਪ੍ਰਸੰਨਹੋਇਆ।ਉਸਨੇ ਭਾਈ ਪੁੰਗਰ ਜੀ ਨੂੰ ਕਿਹਾ ਮੇਰੇ ਪਾਸ ਰਸਾਇਣ ਹੈ। ਉਸਦੀ ਵਰਤੋਂ ਸਿਖ ਲੈ ਤੇ ਸੋਨਾ ਬਣਾ ਲਿਆ ਕਰ, ਉਸ ਸੋਨੇ ਨਾਲ ਬਹੁਤ ਸਾਰੀ ਸੇਵਾ ਕਰ ਸਕਦਾ ਹੈਂ।

ਭਾਈ ਪੁੰਗਰ ਸੰਤ ਜੀ ਮਹਾਰਾਜ ਦੇ ਲਾਲਚੀ ਸੁਭਾ ਨੂੰ ਤਾੜ ਲਿਆ ਉਸਦੇ ਦਿਲ ਨੂੰ ਸਾਫ ਕਰਨ ਖਾਤਰ ਭਾਈ ਪੁੰਗਰ ਨੇ ਸੰਤ ਨੂੰ ਨਾਲ ਲਿਆ ਤੇ ਆਪਣੇ ਖੇਤਾਂ ਵਿਚ ਲੈ ਗਿਆ। ਖੇਤਾਂ ਵਿਚ ਲਿਜਾਕੇ ਕਹਿਣ ਲੱਗਾਂ—'ਸੰਤ ਜੀ ਮਹਾਰਾਜ ਏਧਰ ਧਿਆਨ ਮਾਰੋ ਤੇ ਏਥੋਂ ਥਾਂ ਪੁਟੋ।'

ਸੰਤ ਜੀ ਨੇ ਥਾ ਪੁਟੀ ਤੇ ਗੌਹ ਨਾਲ ਦੇਖਿਆ ਤਾਂ ਉਸਨੂੰ ਪਤਾ ਲੱਗਾ ਕਿ ਭਾਈ ਪੁੰਗਰ ਦੇ ਖੇਤਾਂ ਵਿਚ ਸ਼ਾਹੀ ਖਜ਼ਾਨਾਂ ਹੈ। ਉਹ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ—'ਭਾਈਪੁੰਗਰ ਦੇ ਖੇਤਾਂ ਵਿਚਸ਼ਾਹੀ ਖਜਾਨਾਹੈਕਿਉਂਨਹੀਂ ਪੁਟਦਾ?'

ਇਸ ਵਾਸਤੇ ਨਹੀਂ ਪੁੱਟਦਾ ਕਿ ਇਹ ਮੇਰਾ ਨਹੀਂ, ਮੈਂ ਪਰਾਏ ਧਨ ਨੂੰ ਨਹੀਂ ਖਰਚਦਾ ਇਹ ਮੇਰੇ ਵਾਸਤੇ ਮਿਟੀ ਹੈ।'

ਭਾਈ ਪੁੰਗਰ ਦਾ ਤਿਆਗ ਦੇਖਕੇ ਸੰਤ ਨੂੰ ਬ੍ਰਹਮ ਗਿਆਨ ਹੋ ਗਿਆ, ਉਹ

ਭਾਈ ਪੁੰਗਰ ਦਾ ਚੇਲਾ ਬਣਕੇ ਵਾਹਿਗੁਰੂ ਦਾ ਸਿਮਰਨ ਕਰਨ ਲਗ ਪਿਆ।

***

੨੧. ਭਾਈ ਬਿਧੀ ਚੰਦ ਬ੍ਰਾਹਮਨ ਦਾ ਪ੍ਰਸੰਗ

ਇਕ ਬਿਧੀਚੰਦ ਨਾਮ ਦਾ ਬ੍ਰਾਹਮਣ ਸੀ,ਇਹ ਮਾਲਵੇ ਦੇ ਡਰੌਲੀਪਰਗਣੇ ਦੇ ਸੋਸਨ ਪਿੰਡ ਦਾ ਵਾਸੀ ਸੀ, ਉਹ ਹਰ ਸਾਲ ਜੁਵਾਲਾ ਜੀ ਜਾਇਆ ਕਰਦਾ ਸੀ। ਇਕ ਵਾਰ ਉਹ ਕੀਰਤਪੁਰ ਅਟਕ ਗਿਆ ਤੇ ਦੋ ਦਿਨ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੇ ਨਾਲ ਨਾਲ ਗੁਰਬਾਣੀ ਦਾ ਅਖੰਡ ਕੀਰਤਨ ਵੀ ਸਰਵਨ ਕਰਦਾ ਰਿਹਾ। ਸਤਿਗੁਰੂ ਜੀ ਦੇ ਦਰਸ਼ਨਾਂ, ਬਾਣੀ ਦੇ ਰਸ ਅਤੇ ਸਤਿ-ਸੰਗਤ ਦੀ ਮਹਿਮਾ ਨੇ ਉਹਦੇ ਮਨ ਨੂੰ ਐਸਾ ਮੋੜਿਆ ਕਿ ਉਹ ਸਦਾ ਵਾਸਤੇ ਗੁਰੂ ਘਰ ਜੋਗਾ ਹੋ ਗਿਆ। ਉਸਨੂੰ ਦੇਵੀ ਦੇ ਪ੍ਰਤੱਖ ਦਰਸ਼ਨ ਸਤਿਗੁਰੂ ਜੀ ਦੀ ਸਿੱਖ ਸੰਗਤ ਵਿਚ ਹੀ ਹੋ ਗਏ। ਉਹ ਸੇਵਾ ਕਰਦੀ ਫਿਰਦੀ ਸੀ, ਉਹ ਸਤਿਨਾਮ ਦਾ ਸਿਮਰਨ, ਗੁਰੂ ਕੇ ਲੰਗਰ ਦੀ ਸੇਵਾ ਕਰਨ। ਲੱਗਾਉਸ ਦੀ ਭਗਤੀ ਤੇ ਸੇਵਾ ਉਤੇ ਸਤਿਗੁਰੂਜੀ ਬਹੁਤ ਪ੍ਰਸੰਨ ਹੋਏ, ਈਸ਼੍ਵਰੀ ਸ਼ਕਤੀ ਤੇ ਬ੍ਰਹਮ ਵਿਦਿਆ ਦਾ ਦਾਨ ਬਖਸ਼ਿਆ।

ਏਸੇ ਭਾਈ ਬਿਧੀ ਚੰਦ ਦੇ ਪੁਤ੍ਰ ਮਹਾ ਨੰਦ ਜੀ ਨੂੰ ਨਾਵੇਂ ਸਤਿਗੁਰੂ ਜੀ ਨੇ ਮੰਜੀ ਬਖਸ਼ੀ ਸੀ, ਜਿਸਦੀ ਸਿਖੀ ਸੇਵਕੀ ਅਜੇ ਤਕ ਚਲੀ ਆ ਰਹੀ ਹੈ। ਭਾਵੇਂ ਅਜ ਉਹ ਪਖੰਡ ਤੇ ਬਹੁਤਾਂ ਭਰੋਸਾ ਰੱਖਦੇ ਹਨ। ਫਿਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਜ਼ਰੂਰ ਕਰਦੇ ਹਨ।

ਏਸੇ ਤਰਾਂ ਸਤਿਗੁਰੂ ਜੀ ਦੇ ਤਾਰਿਆਂ ਦਾ ਅੰਤ ਨਹੀਂ ਆਉਂਦਾ ਪ੍ਰੇਮ, ਦਇਆ ਤੇ ਬਰਕਤਾਂ ਦੇ ਭੰਡਾਰੇ ਸਨ, ਮੇਰੇ ਦਾਤੇ ਸਤਿਗੁਰੂ ਜੀ॥

੨੨. ਸਾਹਿਬਜ਼ਾਦੇ ਹਰਿ ਕ੍ਰਿਸ਼ਨ ਜੀ ਨੂੰ ਗੁਰਿਆਈ ਬਖਸ਼ਣੀ

ਸਤਿਗੁਰੂ ਹਰਿਰਾਇ ਜੀ ਦੇ ਦੋ ਸਾਹਿਬਜ਼ਾਦੇ ਸਨ, ਸਹਿਬਜ਼ਾਦਾ ਰਾਮ ਰਾਇ ਜੀ ਤੇ ਸਾਹਿਬਜ਼ਾਦਾ ਹਰਿ ਕ੍ਰਿਸ਼ਨ ਜੀ, ਰਾਮਰਾਇ ਜੀ ਵਡੇ ਸਨ ਪਰ ਔਰੰਗਜ਼ੇਬ ਜੀ ਦੇ ਦਰਬਾਰ ਵਿੱਚ ਗੁਰਬਾਣੀ ਦੀ ਤੁਕ ਉਲਟਾਉਣ ਦੇ ਦੋਸ਼

ਵਿਚ ਸਿਖੀ ਤੋਂ ਖਾਰਜ ਕਰ ਦਿੱਤਾ ਸੀ, ਛੋਟੇ ਸਾਸਿਬਜ਼ਾਦੇ ਹਰਿ ਕ੍ਰਿਸ਼ਨ ਸਾਹਿਬ ਜੀ ਆਯੂ ਵਿੱਚ ਛੋਟੇ ਸਨ। ਅਜੇ ਪੰਜ ਸਾਲ ਦੀ ਆਯੂ ਸੀ ਕਿ ਕਰਤਾਰ ਦਾ ਹੁਕਮ ਹੋ ਗਿਆ ਕਿ ਉਨ੍ਹਾਂ ਨੂੰ ਗੁਰਿਆਈ ਦਿੱਤੀ ਜਾਵੇ।

ਸਤਿਗੁਰੂ ਹਾਰਿਰਾਇ ਸਾਹਿਬ ਨੇ ਸਾਰੇ ਮਸੰਦਾਂ ਗੁਰਮੁਖ, ਸੋਢੀਆਂ ਬੇਦੀਆਂ ਅਤੇ ਭਾਈ ਭਾਨਾ ਜੀ (ਰਾਮਦਾਸ ਵਾਲੇ) ਨੂੰ ਕੀਰਤਪੁਰ ਸਦਵਾ ਲਿਆ ਤਾਂ ਕਿ ਗੁਰਿਆਈ ਤਿਲਕ ਦਾ ਪੁਰਬ ਧੂਮ ਧਾਮ ਨਾਲ ਮਨਾਂਇਆ ਜਾਵੇ, ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿੱਚ ਲਿਖਦੇ ਸਨ—

ਸਕਲ ਦੇਸ ਕੇ ਧਨੀ ਮਸੰਦ। ਸਭ ਇਕਠੇ ਬਿਚ ਸਭਾ ਬਿਲੰਦ॥
ਲਿਖੇ ਹੁਕਮ ਨਾਵੇਂ ਜਹ ਜਹਾਂ। ਸੁਨ ਸੁਨ ਆਨ ਪਹੂਚੇ ਤਹਾਂ॥

—o—

ਲਘੁ ਸੁਤ ਸ੍ਰੀ ਹਰਿ ਕ੍ਰਿਸ਼ਨ ਬਿਚਾਰਾ। ਸਰਬ ਸਹਾਰਹਿ ਗਰਤਾ ਭਾਰਾ॥
ਅਵਿਚ ਲਛਮਾ ਮਨਹੁ ਮਨ ਛੌਨੀ। ਮਿਰਦੁਲ ਰਿਦਾ ਬਰਬਾਨੀ ਲੋਨੀ॥
ਕਮਲ ਸਮਾਨ ਪ੍ਰਫੁਲਤ ਅਨਾਨ। ਸੁਭ ਗੁਨ ਪੂਰਨ ਜਿਨ ਸਮ ਆਨਨ॥

ਇਸਤਰਾਂ ਸਤਿਗੁਰੂ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿ ਕ੍ਰਿਸ਼ਨਜੀ ਨੂੰ ਬਾਲਕ ਰੂਪ ਵਿੱਚ ਵਿੱਚ ਹੀ ਗੁਰਿਆਈ ਦੇ ਯੋਗ ਤੇ ਸਮਰਥ ਸਮਝਕੇ ਗੁਰਿਆਈ ਦੇਣ ਦਾ ਫੈਸਲਾ ਕੀਤਾ। ਜਦ ਸਾਰੇ ਆ ਪਹੁੰਚੇ ਤਾਂ ਸਤਿਗੁਰੂ ਜੀ ਦੇ ਹੁਕਮ ਨਾਲ ਇੱਕ ਬੜਾ ਵੱਡਾ ਦਰਬਾਰ ਲਾਇਆ, ਉਸ ਦਰਬਾਰ ਦੇ ਵਿੱਚ ਸ਼ਾਨਦਾਰ ਤਖਤ (ਸੰਘਾਸਨ) ਤਿਆਰ ਕਰਵਾਇਆ ਤੇ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਸਤਿਗੁਰੂ ਜੀ ਨੇ ਗੁਰੂ ਘਰ ਦੀ ਚਲੀ ਆਉਂਦੀ ਮਰਯਾਦਾ ਅਨੁਸਾਰ ਬਾਬਾ ਬੁਢਾ ਜੀ ਦੇ ਸਪੁਤ੍ਰ ਭਾਈ ਭਾਨਾ ਜੀ ਨੂੰ ਸਦਕੇ ਕਿਹਾ—'ਮਰਯਾਦਾ ਪੂਰੀ ਕਰਕੇ ਗੁਰਿਆਈ ਦਾ ਤਿਲਕ ਲਾਵੋ।'

ਬਾਬਾ ਭਾਨਾ ਜੀ ਨੇ 'ਤਖਤ ਗੁਰੂ ਹਰਿ ਕ੍ਰਿਸ਼ਨ ਬਠਾਏ॥' ਗੁਰੂ ਹਰਿ ਕ੍ਰਿਸ਼ਨ ਜੀ ਤਖਤ (ਸਿੰਘਾਸਨ) ਉਤੇ ਬੈਠਾ ਕੇ ਗਰਿਆਈ ਦਾ ਤਿਲਕ ਲਾਇਆ, ਪੰਜ ਪੈਸੇ ਤ ਨਾਰੀਅਲ ਅਗੇ ਰੱਖਕੇ ਮੱਥਾ ਟੇਕਿਆ ਬਾਬਾ ਭਾਨਾ ਜੀ ਨੇ ਮੱਥਾ ਟੇਕਿਆ ਤੇ ਨਜ਼ਰਾਨੇ (ਕਾਰ ਭੇਟਾ) ਅਗੇ ਰਖੀਆਂ

ਉਸੇ ਵੇਲੇ ਖੁਸ਼ੀਆਂ ਮਨਾਈਆਂ ਗਈਆਂ। ਭੇਟਾਂ, ਰਾਗੀਆਂ ਤੇ ਢਾਡੀਆਂ ਨੇ ਸਤਿਗੁਰੂ ਜੀ ਦਾ ਜਸ ਵਰਨਣ ਕੀਤਾ । ਸ਼ੁਭ ਦਿਹਾੜਾ ਅਸੂ ਸੁਦੀ ੧੦ ਸੰਮਤ ੧੭੧੮ ਬਿ: ਸੀ।

੨੩ ਸਤਿਗੁਰੂ ਹਰਿਰਾਇ ਸਾਹਿਬ ਦਾ ਜੋਤੀ ਜੋਤ ਸਮਾਉਣਾ

ਸਤਿਗੁਰੂ ਜੀ ਨੇ ਜਵਾਨੀ ਉਮਰ ਵਿੱਚ ਹੀ ਆਪਣੇ ਛੋਟੇ ਸਾਹਿਬਜ਼ਾਦੇ (ਸ੍ਰੀ ਗੁਰੂ) ਹਰਿ ਕ੍ਰਿਸ਼ਨ ਜੀ ਨੂੰ ਗੁਰ-ਗੱਦੀ ਸੌਂਪ ਦਿੱਤੀ ਤਾਂ ਸਾਰੀ ਸੰਗਤ ਇਹ ਸਮਝ ਗਈ ਕਿ ਜ਼ਰੂਰ ਕੋਈ ਨਾ ਕੋਈ ਭਾਣਾ ਵਰਤਣ ਵਾਲਾ ਹੈ। ਸਤਿਗੁਰੂ ਜੀ ਦਾ ਪੰਜ ਭੌਤਿਕ ਸਰੀਰ ਅਰੋਗ ਸੀ, ਚੇਹਰੇ ਉਤੇ ਨੂਰ ਹੀ ਨੂਰ ਸੀ, ਪਰ ਸਾਹਿਬਾਂ ਨੇ ਹੁਕਮ ਕੀਤਾ ਕਿ ਆਪ ਬੈਕੁੰਠ ਧਾਮ ਨੂੰ ਜਾ ਰਹੇ ਹਨ। ਪ੍ਰੇਮੀ ਤੇ ਸ਼ਰਧਾਲੂ ਸਿੱਖਾਂ ਵਿਚ ਉਦਾਸੀ ਛਾ ਗਈ, ਉਹ ਸਤਿਗੁਰੂ ਜੀ ਦੇ ਵਿਛੋੜੇ ਨੂੰ ਅਨੁਭਵ ਕਰਕੇ ਪਹਿਲਾਂ ਹੀ ਘਬਰਾਏ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਤੇ ਭਾਣਾ ਮੰਨਣ ਦਾ ਬਲ ਬਖਸ਼ਿਆ ।

ਕਤਿਕ ਵਦੀ ੯ ਸੰਮਤ ੧੭੧੮ ਬਿ: ਦਾ ਦਿਹਾੜਾ ਆ ਗਿਆ, ਜਿਸ ਦਿਨ ਸਤਿਗੁਰੂ ਜੀ ਨੇ ਜੋਤੀ ਜੋਤ ਸਮਾਉਣਾ ਸੀ, ਸਾਹਿਬ ਅਰੋਗ ਹੀ ਬਰਾਜੇ ਤੇ ਵਾਹਿਗੁਰੂ ਦੀ ਜੋਤ ਨਾਲ ਜੋਤ ਮਿਲਾਕੇ ਬੈਠੇ ਸਨ ਕਿ ਵਾਹਿਗੁਰੂ ਨੇ ਪੰਜ ਭੌਤਿਕ ਸਰੀਰ ਦਾ ਤਿਆਗ ਕਰਨ ਦਾ ਹੁਕਮ ਦੇ ਦਿੱਤਾ।ਸਾਰੀ ਸੰਗਤ ਨੇ ਦਰਸ਼ਨ ਕੀਤੇ ਅੰਤ ਵਿਚ ਪਤਾਲ ਪੁਰੀ ਚੰਦਨ ਦੀ ਚਿਖਾ ਤਿਆਰ ਕੀਤੀ ਤੇ ਅਗਨ ਨੂੰ ਲਾਕੇ ਸਰੀਰ ਦੀ ਹਰ ਇੱਕ ਨਿਸ਼ਾਨੀ ਨੂੰ ਭਸਮ ਕੀਤਾ ਗਿਆ, ਭਸਮ ਤੇ ਫੁਲ ਸਤਲੁਜ ਦੇ ਵਿਚ ਜਲ-ਪਰਵਾਹ ਕੀਤਾ । ਪੋਥੀ ਦਾ ਪਾਠ ਕੀਤਾ ਗਿਆ, ਰਾਗੀਆਂ ਨੇ ਕੀਰਤਨ ਕੀਤਾ। ਪ੍ਰਸ਼ਾਦ ਵਰਤਾਇਆ ਗਿਆ, ਸਤਿਗੁਰੂ ਹਰਿ ਕ੍ਰਿਸ਼ਨ ਜੀ ਨੇ ਸੰਗਤਾਂ ਨੂੰ ਉਪਦੇਸ਼ ਦੇ ਕੇ ਧੀਰਜ ਬੰਧਾਈ। ਕਈ ਦਿਨ ਗੁਰੂ ਜਸ ਹੁੰਦਾ ਰਿਹਾ। ਰਾਜਾ ਭੂਪ ਸਿੰਘ ਰੋਪੜੀਏ ਨੇ ਸਮਾਧੀ ਤਿਆਰ ਕਰਵਾਈ।

★★

ਤਵਾਰੀਖ

ਗੁਰੂ ਖਾਲਸਾ ਪੰਥ

ਮੁਕੰਮਲ ੩ ਭਾਗ

ਪਹਿਲੇ ਭਾਗ ਵਿਚ ਸ੍ਰੀ ਗੁਰੂ ਨਾਨਕ ਜੀ ਦੇਵ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹਾਲ ਹੈ, ਦੂਜੇ ਭਾਗ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੋਂ ਲੈ ਕੇ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘਜੀ ਦਾ ਹਾਲ ਹੈ। ਤੀਜੇ ਭਾਗ ਵਿਚ ਬੰਦਾ ਬਹਾਦੁਰ ਅਤੇ ਉਸ ਤੋਂ ਬਾਅਦ ਦਾ ਹਾਲ ਦਰਜ ਹੈ। ਖਾਸ ਵਾਧਾ ਇਹ ਹੈ ਕਿ ਹਰ ਇਕ ਗੁਰੂ ਸਾਹਿਬ ਦੇ ਹਾਲ ਦੇ ਨਾਲ ਉਹਨਾਂ ਦੇ ਇਤਿਹਾਸਕ ਗੁਰੂ ਧਾਮਾਂ ਦੀਆਂ ਤਸਵੀਰਾਂ ਦਿਤੀਆਂ ਗਈਆਂ ਹਨ ਗੁਰੂ ਸਾਹਿਬ ਅਤੇ ਸਿਖਾਂ ਦੇ ਇਤਿਹਾਸ ਜਾਨਣ ਲਈ ਇਸ ਤੋਂ ਚੰਗੀ ਪੁਸਤਕ ਆਪ ਨੂੰ ਕੋਈ ਨਹੀਂ ਮਿਲੇਗੀ।

ਭੇਟਾ ਤਿੰਨ ਹਿਸੇ 125)

ਪਤਾ—

੧ ੴ ਸਤਿਗੁਰਪ੍ਰਸਾਦਿ ॥

ਸ੍ਰੀ ਗੁਰੂ

ਹਰਿ ਕ੍ਰਿਸ਼ਨ ਸਾਹਿਬ ਜੀ

(੧੬੫੬ ਈਸਵੀ ਤੋਂ ੧੬੬੪ ਈਸਵੀ ਤਕ)

ਗੁਰੂ ਹਰਿ ਕ੍ਰਿਸ਼ਨ ਅਠਵੇਂ ਮਹਲ, ਹਰਿ ਸਮ ਸੁੰਦਰ ਰੂਪ ॥
ਸਭੈ ਪੁੰਨ ਅਸੀਸ ਵੈ, ਰਵਿ ਸਮ ਤੇਜ ਅਨੂਪ ॥
ਸੋਢੀ ਗੁਰੂ ਹਰਿ ਰਾਇ ਜੀ ਪਿਤਾ ਸੁਲੱਖਣੀ ਮਾਤ ॥
ਕ੍ਰਿਸ਼ਨ ਰੂਪ ਹਰਿ ਕ੍ਰਿਸ਼ਨ ਗੁਰੂ, ਜਪੋ ਤਾਸੁ ਦਿਨੁ ਰਾਤ ॥
ਬਰਖ ਦੋਇ ਅਰੁ ਮਾਸ ਪਾਂਚ, ਊੱਨੀ ਦਿਨ ਸੁਭ ਜੋਇ ॥
ਕੀਯੋ ਰਾਜ ਹਰਿ ਕ੍ਰਿਸ਼ਨ ਗੁਰੁ, ਬਾਲ ਅਵਸਥਾ ਹੋਇ ॥
ਸਤਾਰਾਂ ਸੈ ਇੱਕੀ ਬਰਖ ਸੰਮਤ ਸ਼ੁਕਰਵਾਰ ॥
ਚੌਦੇਂ ਥਿਤਿ ਚੇਤਰ ਸੁਦੀ, ਪੁਨਿ ਹਰਿ ਕ੍ਰਿਸ਼ਨ ਸਿਧਾਰਿ ॥

(ਗੁਰ-ਪ੍ਰਣਾਲੀ ਕ੍ਰਿਤ ਕਵਿ ਸੌਂਧਾ ਜੀ)

ਇਤਿਹਾਸਕ ਗ੍ਰੰਥ

ਸੂਰਜ ਪ੍ਰਕਾਸ਼

ਜਿਸ ਵਿੱਚ ਦਸਾਂ ਪਾਤਸ਼ਾਹੀਆਂ ਦਾ ਜੀਵਨ ਬ੍ਰਿਤਾਂਤ
ਬਹੁਤ ਸੁਖੈਨ ਦਸਿਆ ਗਿਆ ਹੈ ।



ਪ੍ਰਸਿੱਧ ਇਤਿਹਾਸਕਾਰ ਗਿਆਨੀ ਤਿਰਲੋਕ ਸਿੰਘ ਜੀ

ਪ੍ਰਕਾਸ਼ਕ : ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ । ਸਾਦਾ ਜਿਲਦ 70/- ਕਪੜਾ ਜਿਲਦ

੨੪. ਜਨਮ ਤੇ ਮੁਢਲੇ ਹਾਲ

ਸਤਿਗੁਰੂ ਹਰਿ ਕ੍ਰਿਸ਼ਨ ਸਾਹਿਬ ਸਾਵਣ ਵਦੀ ੧੦ ਸੰਮਤ ੧੭੧੩ ਬਿ: ਨੂੰ ਸਤਿਗੁਰੂ ਹਰਿ ਰਾਇ ਸਾਹਿਬ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੇ ਉਦਰ ਤੋਂ ਪ੍ਰਗਟੇ। ਜਦ ਸਤਿਗੁਰੂ ਜੀ ਨੇ ਅਵਤਾਰ ਧਾਰਿਆ ਸੀ, ਤਦੋਂ ਸਤਿਗੁਰੂ ਹਰਿ ਰਾਇ ਸਾਹਿਬ ਕੀਰਤਪੁਰ ਰਹਿੰਦੇ ਸਨ। ਸਤਿਗੁਰੂ ਜੀ ਦਾ ਬਚਪਨ ਬਹੁਤ ਸੁੰਦਰ ਤੇ ਸੁਖਾਂ ਭਰਿਆ ਸੀ, ਸਾਰੇ ਮਹਿਲ ਸਤਿਗੁਰੂ ਜੀ ਨਾਲ ਪ੍ਰੇਮ ਕਰਿਆ ਕਰਦੇ ਸਨ ਸਤਿਗੁਰੂ ਜੀ ਦੀਆਂ ਬਹੁਤ ਮੇਹਰਾਂ ਸਨ।

ਜਿਸ ਦਿਨ ਸਤਿਗੁਰੂ ਜੀ ਨੂੰ ਗੁਰਿਆਈ ਬਖਸ਼ੀ ਸੀ ਤਦੋਂ ਸਤਿਗੁਰੂ ਜੀ ਦੀ ਆਯੂ ਪੰਜ ਸਾਲ ਦੀ ਸੀ, ਪਰ ਪੰਜਾਂ ਸਾਲਾਂ ਦੀ ਆਯੂ ਵਿਚ ਬਹੁਤ ਸਮਝਦਾਰ, ਸ਼ਕਤੀਵਾਨ, ਬ੍ਰਹਮ ਗਿਆਨੀ ਅਤੇ ਮਹਾਂ ਕਰਾਮਾਤੀ ਸਨ। ਆਪ ਦੀ ਨਿਗਾਹ ਦੀ ਸ਼ਕਤੀ ਐਸੀ ਸੀ ਕਿ ਜਿਸ ਪਾਸੇ ਆਪ ਨਿਗਾਹ ਕਰਦੇ ਉਧਰ ਹੀ ਮੇਹਰਾਂ ਦੀ ਬਰਖਾ ਹੋ ਜਾਂਦੀ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਬਾਲ ਗੁਰੂ ਸਨ, ਸਤਿਗੁਰੂ ਨਾਨਕ ਦੇਵ ਜੀ ਦੇ ਆਤਮਿਕ ਤੇ ਰਬੀ ਖਜ਼ਾਨੇ ਦੇ ਮਾਲਕ ਸਨ। ਸਿੱਖ ਸੰਗਤਾਂ ਆਉਣ ਲੱਗੀਆਂ, ਬਾਕੀ ਕਾਰਜਾਂ ਦੀ ਦੇਖ ਭਾਲ ਤਾਂ ਮਾਤਾ ਕ੍ਰਿਸ਼ਨ ਕੌਰ ਜੀ ਕਰਦੇ ਅਤੇ ਆਪ ਸਿੰਘਾਸਨ ਉਤੇ ਬੈਠਦੇ ਤੇ ਉਪਦੇਸ਼ ਕਰਦੇ। ਆਪ ਦੇ ਸਾਰੇ ਬਚਨ ਸਤਯ ਹੁੰਦੇ। ਦੂਧ, ਪੁੱਤ, ਦੌਲਤ ਤੇ ਸੁਖਾਂ ਦੀ ਮੰਗਣਾਂ ਮੰਗਣ ਵਾਲੇ ਆਉਂਦੇ ਤੇ ਮੁਰਾਦਾਂ ਪ੍ਰਾਪਤ ਕਰਕੇ ਜਾਂਦੇ। ਕਈ ਰਾਜੇ ਤੇ ਕਈ ਹਿੰਦੂ ਵਿਦਵਾਨ ਸਿਰਫ ਇਸ ਖਿਆਲ ਨਾਲ ਦਰਸ਼ਨ ਕਰਨ ਆਉਂਦੇ ਕਿ ਉਹ ਦੇਖਣ, 'ਪੰਜ ਸਾਲ ਦੀ ਆਯੂ ਦਾ ਬਾਲਕ ਕਿਵੇਂ ਗੁਰਿਆਈ ਦੇ ਧਰਮ ਨੂੰ ਨਿਭਾਉਂਦਾ ਹੈ ?' ਜੋ ਆਉਂਦਾ ਉਹ ਭਗਤੀ ਭਾਵ ਲੈਕੇ ਜਾਂਦਾ। ਦਾਤਾਰ ਐਸੇ ਰਸੀਲੇ ਤੇ ਸਿਆਣੇ ਬਚਨਾਂ ਨਾਲ ਉਪਦੇਸ਼ ਕਰਦੇ ਜਿਵੇਂ ਪਹਿਲੇ ਸਤਿਗੁਰੂ ਸਾਹਿਬਾਨ ਕਰਿਆ ਕਰਦੇ ਸਨ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪੂਰਾ ਸ਼ਬਦ ਤੇ ਅਰਥ ਬੋਧ ਸੀ।

੨੫. ਰਾਮਰਾਇ ਜੀ ਦੀ ਵਿਰੋਧਤਾ

ਰਾਮਰਾਇ ਜੀ ਨੂੰ ਗੁਰਿਆਈ ਨਾ ਮਿਲੀ, ਉਸਨੇ ਡੀਂਗ ਮਾਰੀ ਕਿ ਉਹ ਆਪ ਗੁਰੂ ਬਣ ਜਾਵੇਗਾ, ਉਸ ਕੋਲ ਸਾਰੀਆਂ ਬਰਕਤਾਂ ਹਨ, ਕਰਾਮਾਤਾਂ ਦਿਖਾ ਸਕਦਾ ਹੈ। ਉਸਨੇ ਮਸੰਦ ਰਖ ਲਏ ਤੇ ਮਸੰਦਾਂ ਰਾਹੀਂ ਪ੍ਰਚਾਰ ਕਰਨ ਲੱਗਾ ਕਿ ਉਹ ਗੁਰੂ ਹੈ ਪਰ ਸਿੱਖ ਸੰਗਤਾਂ ਉਸੇ ਨੂੰ ਗੁਰੂ ਮੰਨਦੀਆਂ ਸਨ ਜਿਸਨੂੰ ਪਹਿਲੇ ਸਤਿ-ਗੁਰੂ ਜੀ ਆਪ ਗੁਰਿਆਈ ਤਿਲਕ ਲਾ ਜਾਂਦੇ ਸਨ ਲੱਖ ਯਤਨ ਕਰਨ ਤੇ ਵੀ ਧੀਰਮਲ ਵਾਂਗੂ ਰਾਮਰਾਇ ਜੀ ਮੁਕਾਬਲੇ ਤੇ ਗੁਰੂ ਨਾ ਬਣ ਸਕੇ।

ਜਦੋਂ ਉਨ੍ਹਾਂ ਦੀ ਕੋਈ ਪਸ਼ ਨਾ ਗਈ ਤਾਂ ਉਹ ਦਿਲੀ ਜਾ ਪੁਜੇ, ਕਰਾਮਾਤਾਂ ਦਿਖਾਉਣ ਦੇ ਕਾਰਨ ਰਾਮਰਾਇ ਜੀ ਦਾ ਦਿਲੀ ਬਹੁਤ ਸਤਕਾਰ ਸੀ, ਮੁਗਲ ਸਮਰਾਟ ਤੇ ਉਹਦੇ ਦਰਬਾਰੀ ਭੈ ਖਾਂਦੇ ਸਨ। ਉਸ ਨੇ ਔਰੰਗਜ਼ੇਬ ਅਗੇ ਜਾ ਅਰਜੀ ਪਰਚਾ ਰਖਿਆ। ਅਰਜੀ ਪਰਚੇ ਵਿਚ ਲਿਖਿਆ—'ਮੇਰੇ ਪਿਤਾ ਜੀ (ਸਤਿਗੁਰੂ ਹਰਿਰਾਇ ਸਾਹਿਬ) ਨੇ ਗੁਰ ਗੱਦੀ ਮੇਰੇ ਛੋਟੇ ਭਰਾ ਨੂੰ ਦੇ ਦਿੱਤੀ ਹੈ, ਜਦ ਕਿ ਗੁਰ-ਆਈ ਦਾ ਹੱਕ ਮੇਰਾ ਹੈ ਕਿਉਂਕਿ ਮੈਂ ਉਨ੍ਹਾਂ ਦਾ ਵੱਡਾ ਸਪੁਤ੍ਰ ਹਾਂ। ਬਾਦਸ਼ਾਹ ਸਲਾਮਤ ਦਖਲ ਦੇਕੇ ਅਤੇ ਮੇਰੇ ਛੋਟੇ ਭਰਾ ਨੂੰ ਦਿਲੀ ਸਦ ਕੇ ਮੇਰਾ ਮੁਕੱਦਮਾ ਸੁਣੇ। ਮੇਰਾ ਜੋ ਹੱਕ ਖੁਸ ਗਿਆ ਹੈ ਉਹ ਮੈਨੂੰ ਵਾਪਸ ਮਿਲੇ।'

ਔਰੰਗਜ਼ੇਬ ਚਲਾਕ ਤੇ ਮਕਾਰ ਬਾਦਸ਼ਾਹ ਸੀ। ਉਸ ਨੇ ਇਸ ਅਰਜੀ ਦੀ ਆੜ ਲੈਕੇ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ ਉਤੇ ਵਾਰ ਕਰਨਾ ਚਾਹਿਆ, ਉਸ ਨੇ ਇਹ ਵੀ ਫੈਸਲਾ ਕਰ ਲਿਆ ਕਿ ਹੁਣ ਉਹ ਗੁਰਬਾਣੀ ਵਿਚ ਇਸਲਾਮ ਦੀ ਵਡਿਆਈ ਦੀਆਂ ਤੁਕਾਂ ਲਿਖਵਾ ਲਵੇਗਾ, ਜਿਥੇ 'ਮਿਟੀ ਮੁਸਲਮਾਨ ਕੀ' ਹੈ ਉਥੇ 'ਮਿਟੀ ਬੇਈ ਮਾਨ ਦੀ' ਕਰਵਾਏਗਾ। ਜੇ ਬਾਲ-ਗੁਰੂ ਇਹ ਕੁਝ ਕਰਨ ਤੋਂ ਨਾਂਹ ਨੁਕਰ ਕਰੇਗਾ ਤਾਂ ਉਹਨਾਂ ਨੂੰ ਮੌਤ ਦਾ ਭੈ ਦੇਵੇਗਾ। ਇਸੇ ਅਰਜੀ ਦੀ ਆੜ ਵਿਚ ਸਜ਼ਾ ਦੇ ਦੇਵਗਾ ਉਸਨੂੰ ਮੌਕਾ ਹਥਲੱਗਾ ਹੈ, ਇਸਲਾਮ ਦੀ ਸੇਵਾ ਕਰਨ ਦਾ।

ਮੁਗਲ ਬਾਦਸ਼ਾਹਾਂ ਦੇ ਕੋਲ ਹਿੰਦੂ ਦੀਵਾਨ ਵੀ ਹੁੰਦੇ ਸੀ। ਉਹ ਬਹੁਤਾ ਤਾਂ ਹਿੰਦੂਆਂ ਦਾ ਬੁਰਾ ਕਰਦੇ ਸਨ, ਪਰ ਕਿਸੇ ਨਾ ਕਿਸੇ ਵੇਲੇ ਮਲੋ ਮਲੀ ਉਹਨਾਂ ਕੋਲੋਂ

ਨੇਕੀ ਵੀ ਹੋ ਜਾਂਦੀ ਸੀ। ਔਰੰਗਜ਼ੇਬ ਕੋਲ ਵੀ ਹਿੰਦੂ ਦੀਵਾਨ ਸਨ। ਤਿੰਨ ਚਾਰ ਹਿੰਦੂ ਰਾਜੇ ਵੀ ਦਰਬਾਰ ਦੀਆਂ ਹੀ ਪ੍ਰਕਰਮਾਂ ਲੈਂਦੇ ਰਹਿੰਦੇ ਸਨ। ਜਿਨਾਂ ਵਿਚੋਂ ਪਰਸ ਰਾਮ ਮੁਖੀ ਦੀਵਾਨ ਸੀ। ਔਰੰਗਜ਼ੇਬ ਨੇ ਪਰਸ ਰਾਮ ਨੂੰ ਸਦਿਆ ਤੇ ਕਿਹਾ— 'ਤੁਸੀਂ ਝੱਟ ਪਟ ਪੰਜਾਬ ਜਾਓ, ਕੀਰਤਪੁਰ ਪੁਜ ਕੇ ਸਤਿਗੁਰੂ ਨਾਨਕ ਜੀ ਦੀ ਗੱਦੀ ਉਤੇ ਜੋ ਗੁਰੂ ਬੈਠਾ ਹੈ ਉਸ ਨੂੰ ਨਾਲ ਦਿਲੀ ਲੈ ਆਓ। ਉਹਨਾਂ ਦੇ ਬਰਖਲਾਫ ਮੁਕੱਦਮਾ ਆਇਆ ਹੈ।'

ਪਰਸ ਰਾਮ ਗੁਰੂ ਘਰ ਦੀ ਮਹਿਮਾ ਸਰਵਨ ਕਰ ਚੁਕਿਆ ਸੀ। ਉਸਨੇ ਡਰਦਿਆਂ ਡਰਦਿਆਂ ਔਰੰਗਜ਼ੇਬ ਨੂੰ ਉੱਤਰ ਦਿਤਾ, 'ਸ਼ਹਿਨਸ਼ਾਹ ਸਲਾਮਤ! ਸਤਿਗੁਰੂ ਨਾਨਕ ਦੇਵ ਜੀ ਪੀਰੇ-ਆਲਮ ਸਨ। ਉਹਨਾਂ ਦੀਆਂ ਕਰਾਮਾਤਾਂ, ਰਬੀ ਸ਼ਕਤੀਆਂ ਦੀ ਚਰਚਾ ਮਸ਼ਹੂਰ ਹੈ। ਐਸੇ ਵਲੀਆਂ ਦੀ ਗੁਰ-ਗੱਦੀ ਤੇ ਜੋ ਬੈਠਾ ਹੈ ਉਸ ਕੋਲ ਜ਼ਰੂਰ ਰਬੀ ਬਰਕਤਾਂ ਹੋਣਗੀਆਂ। ਜੇ ਉਹ (ਸਤਿਗੁਰੂ ਜੀ) ਕ੍ਰੋਪ ਹੋ ਗਏ ਤਾਂ ਸ਼ਹਿਨਸ਼ਾਹ ਆਲਮ ਨੂੰ ਕੋਈ ਕਸ਼ਟ ਪੁਜੇਗਾ। ਪੀਰਾਂ ਫਕੀਰਾਂ ਦੇ ਮਾਮ-ਲਿਆਂ ਵਿਚ ਆਪ ਨੂੰ ਦਖਲ ਨਹੀਂ ਦੇਣਾ ਚਾਹੀਦਾ।'

ਪਰਸ ਰਾਮ ਦੀ ਇਹ ਨੇਕ ਸਲਾਹ ਸੁਣ ਕੇ ਔਰੰਗਜ਼ੇਬ ਸਗੋਂ ਗਰਮ ਹੋ ਗਿਆ। ਉਸ ਨੇ ਬੜੇ ਗੁਸੇ ਨਾਲ ਗਰਜ ਕੇ ਆਖਿਆ—'ਆਪਣਾ ਬੁਰਾ ਭਲਾ ਮੈਂ ਆਪ ਜਾਣਦਾ ਹਾਂ ਤੂੰ ਛੇਤੀ ਨਾਲ ਕੀਰਤਪੁਰ ਪੁਜ ਤੇ ਮੇਰੇ ਹੁਕਮ ਨੂੰ ਪੂਰਿਆਂ ਕਰ। ਐਸੇ ਮਾਮਲਿਆਂ ਵਿਚ ਕੋਈ ਸਲਾਹ ਦੇਣ ਦੀ ਲੋੜ ਨਹੀਂ ਮੈਂ ਸਮਝਦਾ ਹਾਂ ਕਿ ਰਾਮਰਾਇ ਜੀ ਦੀ ਅਰਜੀ ਠੀਕ ਹੈ। ਗੁਰਿਆਈ ਦਾ ਹੱਕ ਉਸੇ ਦਾ ਹੀ ਹੈ। ਜਾਓ ਦੇਰ ਨਾ ਕਰੋ।'

ਔਰੰਗਜ਼ੇਬ ਅਗੇ ਨਾਂਹ ਕਰਨ ਦਾ ਜਾਂ ਉਸ ਨੂੰ ਕੋਈ ਨੇਕ ਸਲਾਹ ਦੇਣ ਦਾ ਸਿੱਧਾ ਮਤਲਬ ਸੀ ਕਿ ਮੌਤ ਨੂੰ ਆਪ ਅਵਾਜ਼ ਮਾਰਨਾ। ਪਰਸ ਰਾਮ ਚੁਪ ਕਰਕੇ ਅਤੇ ਔਰੰਗਜ਼ੇਬ ਦੇ ਹੁਕਮ ਅਗੇ ਸਿਰ ਨਿਵਾ ਕੇ ਦਰਬਾਰ ਵਿਚੋਂ ਬਾਹਰ ਆ ਗਿਆ ਤੇ ਘਰ ਆਕੇ ਸਤਿਗੁਰੂ ਜੀ ਵਲ ਚਲਣ ਦੀ ਤਿਆਰੀ ਕਰਨ ਲੱਗਾ।

੨੬. ਸਤਿਗੁਰੂ ਜੀ ਨੇ ਕੁਸ਼ਟੀ ਨੂੰ ਰਾਜੀ ਕਰਨਾ

ਸਤਿਗੁਰੂ ਜੀ ਪੂਰਨ ਯੋਗੀ ਤੇ ਬ੍ਰਹਮ ਗਿਆਨੀ ਸਨ। ਇਕ ਦਿਨ ਸਾਹਿਬ ਪਾਲਕੀ ਵਿਚ ਸਵਾਰ ਹੋਕੇ ਬਾਹਰ ਨੂੰ ਚਲੇ। ਸਿੱਖਸੇਵਕ ਸਾਥ ਸਨ, ਚੌਰ ਹੋ ਰਿਹਾ ਸੀ, ਜੋ ਦਰਸ਼ਨ ਕਰਦਾ ਸੀ ਓਹੋ ਹੀ ਗੁਰਚਰਨਾਂ ਉਪਰ ਮੱਥਾ ਟੇਕਦਾ ਸੀ। ਮੱਥਾ ਟੇਕਦਾ ਹੋਇਆ ਜੀਵ ਆਤਮਾ ਜੋ ਇਛਾ ਕਰਦਾ ਸੀ ਜੋ ਵਸਤੂ ਪ੍ਰਾਪਤ ਕਰਦਾ ਸੀ। ਦੁਧ, ਪੁਤ ਤੇ ਧਨ ਪ੍ਰਾਪਤੀ ਦੀ ਮੰਗ ਕਰਨ ਵਾਲਿਆਂ ਤੋਂ ਬਿਨਾਂ ਐਸੇ ਵੀ ਸਨ ਜੋ ਸਿਰਫ ਏਹੋ ਮੰਗ ਕਰਦੇ ਸਨ ਕਿ ਉਨ੍ਹਾਂ ਦੀ ਕਲਿਆਣ ਹੋਵੇ। ਉਹ ਮੁਕਤੀ ਦੀ ਹੀ ਮੰਗ ਕਰਦੇ ਹਨ। ਐਸੇ ਗੁਰਮੁਖਾਂ ਦੀ ਗਿਣਤੀ ਵੀ ਬਹੁਤ ਸੀ।

ਮੇਹਰਾਂ ਦੇ ਦਾਤੇ ਕ੍ਰਿਪਾ ਸਾਗਰ ਅਜੇ ਜਾ ਹੀ ਰਹੇ ਸਨ ਤਾਂ ਇਕ ਕੁਸ਼ਟੀ ਨੇ ਦੂਰੋਂ ਹੀ ਰੋਕੇ ਪੁਕਾਰ ਕੀਤੀ–"ਦਾਤਾ! ਮੇਰੇ ਉਤੇ ਮੇਹਰ ਕਰੋ। ਦਇਆ ਕਰੋ! ਹੇ ਦੀਨ ਦਿਆਲ! ਜਗਤ ਦੇ ਕਰਤਾ ਹਰਤਾ! ਮੇਰੀਆਂ ਜਨਮ ਜਨਮ ਦੀਆਂ ਭੁਲਾਂ ਨੂੰ ਬਖਸ਼ ਦੇਵੋ, ਮੈਥੋਂ ਇਹ ਕਸ਼ਟ ਨਹੀਂ ਝਲਿਆ ਜਾਂਦਾ। ਇਹ ਨਿਰਾਦਰੀ ਦਾ ਜੀਵਨ ਹੁਣ ਮੈਂ ਨਹੀਂ ਜੀ ਸਕਦਾ, ਦਇਆ ਕਰੋ। ਦਾਤਾ! ਮੈਂ ਕੋਹੜੀ ਹਾਂ ਮੇਰੇ ਕੋਹੜ ਨੂੰ ਦੂਰ ਕਰੋ। ਕੀ ਪਤਾ ਮੈਂ ਪੂਰਬਲੇ ਜਨਮ ਵਿਚ ਕੇਹੜੇ ਪਾਪ ਕੀਤੇ ਹਨ, ਜਿਨ੍ਹਾਂ ਕਰਕੇ ਮੇਰੇ ਸਰੀਰ ਨੂੰ ਕਸ਼ਟ ਪਹੁੰਚ ਰਿਹਾ ਹੈ, ਕੋਈ ਮੇਰੇ ਵਲ ਝਾਕਦਾ ਨਹੀਂ, ਕੋਈ ਮੈਨੂੰ ਨੇੜੇ ਨਹੀਂ ਲਗਣ ਦੇਂਦਾ ਕੋਈ ਮੈਨੂੰ ਆਪਣਾ ਨਹੀਂ ਬਣਾਉਂਦਾ। ਹੇ ਦਾਤਾ! ਜਾਂ ਮੇਰਾ ਕਸ਼ਟ ਦੂਰ ਕਰੋ ਜਾਂ ਮੇਰੇ ਜੀਵਨ ਦਾ ਅੰਤ ਕਰੋ। ਸਤਿਗੁਰੂ ਜੀ ਸਤਿਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੀ ਸੋਭਾ ਸੁਣਕੇ ਆਇਆ ਹਾਂ। ਮੇਰੇ ਤਨ-ਮਨ ਦੇ ਦੁਖ ਦੂਖ ਕਰੋ। ਮੈਂ ਜੀਵਨ ਭਰ ਗੁਣ ਗਾਵਾਂਗਾ।'

ਸਤਿਗੁਰੂ ਜੀ ਨੇ ਕੁਸ਼ਟੀ ਦੇ ਰੋਣੇ ਨੂੰ ਸੁਣਿਆਂ ਅਤੇ ਮੇਹਰ ਦੀ ਨਿਗਾਹ ਭਰਕੇ ਉਹਦੇ ਵਲ ਦਇਆ ਦ੍ਰਿਸ਼ਟੀ ਕੀਤੀ ਅਰ ਨਾਲ ਹੀ ਬਚਨ ਕੀਤਾ–"ਸਤਿ ਗੁਰੂ ਨਾਨਕ ਦੇਵ ਜੀ ਦਇਆ ਕਰ ਰਹੇ ਹਨ। ਉਰੇ ਆ, ਬਹੁਤ ਨੇੜੇ ਉਰੇ। ਇਹ ਰੁਮਾਲ ਲੈ ਤੇ ਆਪਣੇ ਸਾਰੇ ਸਰੀਰ ਉਤੇ ਫੇਰ ਲੈ। ਰੁਮਾਲ ਨੂੰ ਤਨ ਉਤੇ ਫੇਰਦਾ ਹੋਇਆ ਕਹੁ 'ਸਤਿਨਾਮ ਸ੍ਰੀ ਵਾਹਿਗੁਰੂ! ਧੰਨ ਸਤਿਗੁਰ ਨਾਨਕ ਦੇਵ ਜੀ।'

ਸਤਿਗੁਰੂ ਜੀ ਦੇ ਬਚਨ ਸੁਣਕੇ ਕੁਸ਼ਟੀ ਨੂੰ ਚਾਅ ਚੜ੍ਹ ਗਏ, ਉਹ ਉੱਛ-ਲਕੇ ਅੱਗੇ ਵਧਿਆ ਅਤੇ ਉਸਨੇ ਪਹਿਲਾਂ ਸਤਿਗੁਰੂ ਜੀਨੂੰ ਨਮਸਕਾਰਕੀਤੀ ਤੇ ਫਿਰ ਸਤਿਗੁਰੂ ਜੀ ਦੇ ਹੱਥੋਂ ਉਸਨੇ ਰੁਮਾਲ ਫੜ ਲਿਆ। ਜ਼ਬਾਨੋਂ 'ਸਤਿਨਾਮ ਵਾਹਿ-ਗੁਰੂ ! ਧੰਨ ਸਤਿਗੁਰੂ ਨਾਨਕ ਦੇਵ ਜੀ' ਦਾ ਜਾਪੁ ਕਰਦਾ ਹੋਇਆ ਕਾਹਲੀ ੨ ਆਪਣੇ ਸਰੀਰ ਉਤੇ ਰੁਮਾਲ ਫੇਰੀ ਗਿਆ। ਜਿਉਂ ਜਿਉਂ ਰੁਮਾਲ ਫੇਰੀ ਗਿਆ ਤਿਉਂ ਤਿਉਂ ਉਹਦੇ ਤਨ ਨੂੰ ਅਰਾਮ ਆਉਂਦਾ ਗਿਆ। ਉਹਦਾ ਗਲਿਆ ਸੜਿਆ ਸਰੀਰ ਅਰੋਗ ਕੁੰਦਰ ਵਰਗਾ ਹੁੰਦਾ ਗਿਆ। ਉਹ ਆਪਣੇ ਸਰੀਰ ਨੂੰ ਦੇਖ ਦੇਖਕੇ ਪ੍ਰਸੰਨ ਹੁੰਦਾ ਰਿਹਾ। ਦੇਖਦਿਆਂ ਦੇਖਦਿਆਂ ਕੁਸ਼ਟੀ ਦਾ ਸਾਰਾ ਕੁਸ਼ਟ ਦੂਰ ਹੋ ਗਿਆ। ਉਹਦੀ ਆਤਮਾ ਜੋ ਦਰਦਾਂ ਨਾਲ ਤੜਪਦੀ ਸੀ ਉਹ ਸ਼ਾਂਤ ਹੋ ਗਈ ਉਸਨੇ ਸਤਿਗੁਰੂ ਜੀ ਦਾ ਜੱਸ ਕਰਨਾ ਸ਼ੁਰੂ ਕਰ ਦਿੱਤਾ। ਸਤਿਗੁਰੂ ਜੀ ਦੀ ਇਹ ਸ਼ਕਤੀ ਦੇਖਕੇ ਸਾਰੇ ਅਸਚਰਜਤਾ ਨਾਲ ਸਤਿਗੁਰੂ ਜੀ ਦੀ ਮਹਿਮਾਂ ਦਾ ਵਰਨਣ ਕਰਨ ਲਗੇ।

੨੭. ਦੀਵਾਨ ਪਰਸਰਾਮ ਨੇ ਕੀਰਤਪੁਰ ਆਉਣਾ ਤੇ ਬਾਦਸ਼ਾਹ ਦਾ ਹੁਕਮ ਸੁਣਾਉਣਾ

ਰਾਮਰਾਇ ਨੇ ਆਖਰ ਕਹਿਰ ਕਮਾਇਆ, ਬਾਲ ਸਤਿਗੁਰੂ ਜੀ ਦੇ ਦਿਲੀ ਸਦਵਾਉਣ ਬਾਰੇ ਬਾਦਸ਼ਾਹ ਔਰੰਗਜ਼ੇਬ ਜੀ ਪਾਸੋਂ ਹੁਕਮ ਲਿਖਵਾ ਹੀ ਲਿਆ, ਪਰ ਜਦੋਂ ਇਹ ਬਹਿਸ ਹੋਈ ਕਿ ਸਤਿਗੁਰੂ ਜੀ ਨੂੰ ਕੌਣ ਲਿਆਵੇ ਤਾਂ ਕੁਝ ਸਿਆਣੇ ਰਾਜਪੂਤਾਂ ਨੇ ਸਲਾਹ ਦਿੱਤੀ ਕਿ ਕੋਈ ਹਿੰਦੂ ਜਾਣਾ ਚਾਹੀਦਾ ਹੈ ਤੇ ਆਦਰ ਨਾਲ ਸਦਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਸਤਿਗੁਰੂ ਜੀ ਦੇ ਸਿੱਖ ਗੁਸੇ ਹੋਕੇ ਬਾਗੀ ਹੋ ਜਾਣ ਤੇ ਜਾਂ ਸਤਿਗੁਰੂ ਜੀ ਬਾਦਸ਼ਾਹ ਸਲਾਮਤ ਨੂੰ ਕੋਈ ਸਰਾਪ ਦੇ ਦੇਣ। ਪਰ ਔਰੰਗਜ਼ੇਬ ਨੂੰ ਜਿਸ ਨੇ ਵੀ ਸਲਾਹ ਦਿੱਤੀ ਉਸੇ ਨੂੰ ਝਾੜ ਪਈ।

ਔਰੰਗਜ਼ੇਬ ਦੇ ਪਾਸ ਮਿਰਜਾ ਜੈ ਸਿੰਘ ਸੀ* । ਜੈ ਸਿੰਘ ਰਾਜਾ ਸੀ ਤੇ ਔਰੰਗ-ਜ਼ੇਬ ਦੀ ਈਨ ਪ੍ਰਵਾਨ ਕਰਕੇ ਬਹੁਤਾ ਦਿਲੀ ਰਹਿੰਦਾ ਸੀ, ਜਦੋਂ ਉਸ ਨਾਲ ਗਲ ਬਾਤ ਹੋਈ ਤਾਂ ਉਸਨੇ ਕਿਹਾ—'ਮੇਰਾ ਦੀਵਾਨ ਪਰਸਰਾਮ, ਕੀਰਤਪੁਰ ਜਾਵੇਗਾ ਤੇ ਬੜੇ ਸਤਕਾਰ ਨਾਲ ਸਤਿਗੁਰੂ ਜੀ ਨੂੰ ਦਿਲੀ ਲੈਆਵੇਗਾ, ਐਸੇ ਮਹਾਂ ਪੁਰਖਾਂ ਸੰਤਾਂ, ਵਲੀ ਫਕੀਰਾਂ ਨੂੰ ਸਤਿਕਾਰ ਨਾਲ ਲਿਆਉਣਾ ਯੋਗ ਹੈ। ਉਸ ਨੇ ਉਸ ਵੇਲੇ ਪਰਸਰਾਮ ਨੂੰ ਸਦਕੇ ਸਮਝਾਇਆ ਤੇ ਸਤਿਗੁਰੂ ਜੀ ਵਲ ਜਾਣ ਦਾ ਹੁਕਮ ਦਿੱਤਾ ਜਿਵੇਂ ਪਿਛੇ ਲਿਖ ਆਏ ਹਾਂ । ਉਹ ਮੰਜ਼ਲੋ ਮੰਜ਼ਲੀ ਕੀਰਤਪੁਰ ਪੁਜ । ਅਗਲੇ ਦਿਨ ਸਤਿਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਤੇ ਬਾਦਸ਼ਾਹ ਦਾ ਹੁਕਮ ਪੜ੍ਹਕੇ ਸੁਣਾ ਦਿੱਤਾ ।

ਮਸੰਦਾਂ, ਮੇਵੜਿਆਂ ਅਤੇ ਚੰਗੇ ਸਿਆਣੇ ਸਿੱਖਾਂ ਨੇ ਪਰਸ ਰਾਮ ਪਾਸੋਂ ਸਾਰੀ ਹਕੀਕਤ ਪੁਛੀ । ਉਸਨੇ ਸਾਫ ਦਸ ਦਿੱਤਾ—'ਰਾਮਰਾਇ ਜੀ ਨੇ ਗੁਰ ਗੱਦੀ ਦਾ ਦਾਵਾ ਕੀਤਾ ਹੈ। ਬਾਦਸ਼ਾਹ ਸਲਾਮਤ ਕੋਈ ਫੈਸਲਾ ਦੇਣ ਤੋਂ ਪਹਿਲਾਂ ਸਤਿ-ਗੁਰੂ ਜੀ ਦਾ ਬਿਆਨ ਲੈਣਾ ਚਾਹੁੰਦੇ ਹਨ । ਕੋਈ ਡਰ ਵਾਲੀ ਗਲ ਨਹੀਂ।ਮਿਰਜਾ ਜੈ ਸਿੰਘ ਜੈਸੇ ਨੇਕ ਰਾਜੇ ਹਨ । ਉਹ ਰਾਖੀ ਕਰਨਗੇ ।

ਮਾਤਾ ਕ੍ਰਿਸ਼ਨ ਕੌਰ ਜੀ ਨੇ ਜਦੋਂ ਸੁਣਿਆਂ ਕਿ ਸ਼ਾਹੀ ਫੁਰਨੰ ਆਇਆ ਹੈ ਤਾਂ ਮਾਤਾ ਜੀ ਬਹੁਤ ਘਬਰਾਏ । ਉਨ੍ਹਾ ਨੇ ਜਾਤਾ ਕਾ ਸ਼ਾਇਦ ਤੁਰਕ ਉਹਦੇ ਨੌ ਨਿਹਾਲ ਨੂੰ ਕਸ਼ਟ ਨਾ ਦੇਣ। ਪਰ ਜਦੋਂ ਉਸਨੇ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਕਤੀ, ਗੁਰੂ ਘਰ ਦੀਆਂ ਬਰਕਤਾਂ ਤੇ ਬਾਲ ਗੁਰੂ ਜੀ ਦੀ ਬ੍ਰਹਮ ਸ਼ਕਤੀ ਨੂੰ ਅਨੁ-ਭਵ ਕੀਤਾ ਤਾਂ ਉਸਨੂੰ ਕੁਝ ਹੌਂਸਲਾ ਹੋਇਆ । ਜਿਵੇਂ ਵਾਹਿਗੁਰੂ ਦਾ ਹੁਕਮ ਤਿਵੇਂ ਹੀ ਹੋਵੇਗਾ, ਵਾਹਿਗੁਰੂ ਤੇ ਭਰੋਸਾ ਰਖਣਾ ਹੀ ਚੰਗਾ ਹੈ ।'

ਜਦੋਂ ਬਾਦਸ਼ਾਹ ਦਾ ਫੁਰਮਾਨ ਪੁਜਾ ਤਦੋਂ ਬਸੰਤ ਪੰਚਮੀ ਦਾ ਤਿਉਹਾਰ ਸੀ । ਦੂਰ ਦੂਰ ਤੋਂ ਸੰਗਤ ਆਈ ਹੋਈ ਸੀ, ਸਕਿਗੁਰੂ ਜੀ ਦੇ ਹੁਕਮ ਅਨੁਸਾਰ ਉਹ ਬਸੰਤ ਪੰਚਮੀ (੧੭੨੦ ਬਿ:) ਬਹੁਤ ਉਤਸ਼ਾਹ ਨਾਲ ਵਡੇ ਯੋਗ ਕਰਕੇ

*ਕਈਆਂ ਇਤਿਹਾਸ ਕਾਰਾਂ ਨਰਾਜਾ ਜੈ ਸਿੰਘ ਜੈਪੁਰੀਆ ਲਿਖਿਆ ਹੈ ਉਹ ਠੀਕ ਨਹੀਂ ਔਰੰਗਜੇਬ ਦੇ ਕੋਲ ਮਿਰਜਾ ਜੈ ਸਿੰਘ ਸੀ ।

ਮਨਾਈ ਗਈ।

੨੮. ਸਤਿਗੁਰ ਜੀ ਦਾ ਦਿੱਲੀ ਵਲ ਤੁਰਨਾ ਤੇ ਸੰਗਤਾਂ ਦਾ ਵੈਰਾਗ

ਬਾਲ-ਗੁਰੂ ਜੀ ਬਹੁਤ ਸੁੰਦਰ ਮਨਮੋਹਣੇ ਸਨ। ਜਦੋਂ ਸਿੱਖ ਸੰਗਤਾਂ ਨੇ ਸੁਣਿਆਂ ਕਿ ਸਾਹਿਬ ਦਿਲੀ ਨੂੰ ਜਾ ਰਹੇ ਹਨ ਤਾਂ ਸੰਗਤਾਂ ਵੈਰਾਗੀ ਹੋ ਗਈਆਂ। ਵੈਰਾਗ ਠਲਿਆ ਨਹੀਂ ਸੀ ਰਹਿੰਦਾ। ਸਭ ਦੇ ਨੈਣ ਸਜਲ ਹੋ ਗਏ ਸਨ ਤੇ ਪਲ ਪਲ ਪਿੱਛੋਂ ਸਾਹਿਬਾਂ ਦੇ ਦਰਸ਼ਨ ਕਰਨ ਆਉਂਦੇ ਸਨ ਪਰ ਸਾਹਿਬਾਂ ਨੇ ਮਾਤਾ ਕ੍ਰਿਸ਼ਨ ਕੌਰ ਜੀ ਨੂੰ ਆਗਿਆ ਕੀਤੀ ਕਿ ਉਹ ਦਿੱਲੀ ਨੂੰ ਚਲਣ ਦੀ ਤਿਆਰੀ ਕਰਨ। ਭਾਈ ਭਗਤੇ ਮਸੰਦ ਨੂੰ ਤਾਂ ਹੁਕਮ ਕੀਤਾ ਕਿ ਉਹ ਕੀਰਤਪੁਰ ਰਹਿਣ। ਗੁਰਦੁਵਾਰੇ, ਲੰਗਰ ਗੁਰੂ ਕੀ ਜ਼ਮੀਨ, ਬਾਗ, ਸਮਾਧਾਂ ਦਾ ਖਿਆਲ ਰੱਖਣ ਅਤੇ ਆਏ ਗਏ ਗੁਰੂ ਕੇ ਸਿਖਾਂ ਦੀ ਸੇਵਾ ਕਰਨ।

ਸਤਿਗੁਰੂ ਜੀ ਨੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਸਲਾਹ ਨਾਲ ਭਾਈ ਸੰਤ ਰਾਮ, ਭਾਈ ਗੁਰਬਖਸ਼, ਪੰਜਾਬਾ ਮਸੰਦ, ਮੁਨਸ਼ੀ ਜੀ ਆਦਿਕ ਅੱਠਾਂ ਮਸੰਦਾਂ ਤੇ ਚਾਰ ਪੰਜ ਮੋਵੜਿਆਂ ਨੂੰ ਹੁਕਮ ਕੀਤਾ ਕਿ ਉਹ ਨਾਲ ਦਿੱਲੀ ਨੂੰ ਚਲਣ। ਲੋੜੀ ਦਾ ਸਮਾਨ ਗੱਡਿਆਂ ਉਤੇ ਰਖਿਆ ਗਿਆ। ਗੁਰੂ ਘਰ ਦੇ ਕੀਰਤਨੀਏ ਸਾਜਾਂ ਸਮੇਤ ਨਾਲ ਜਾਣ ਵਾਸਤੇ ਤਿਆਰ ਹੋਏ। ਸਤਿਗੁਰੂ ਜੀ ਦੀ ਸੁਵਾਰੀ ਵਾਸਤੇ ਰੱਥ ਤਿਆਰ ਕੀਤਾ ਗਿਆ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਉਸੇ ਰੱਥ ਵਿਚ ਬੈਠੇ। ਪੰਜਾਹ ਹਥਿਆਰ ਬੰਦ ਪਿਆਦੇ ਸਤਿਗੁਰੂ ਜੀ ਦੇ ਨਾਲ ਸਨ। ਜਿਨ੍ਹਾਂ ਦੇ ਚੇਹਰਿਆਂ ਦਾ ਰੋਹਬ ਝਲਿਆ ਨਹੀਂ ਸੀ ਜਾਂਦਾ। ਉਹਨਾਂ ਦੇ ਕੋਲ ਬੰਦੂਕ, ਤਲਵਾਰ, ਨੇਜਾ, ਖੰਜਰ, ਸਿਰੋਹੀ ਆਦਿਕ ਸ਼ਸਤ੍ਰ ਸਨ।

ਬਸੰਤ ਪੰਚਮੀ ਦੇ ਅਗਲੇ ਦਿਨ ੧੭੨੦ ਬਿ: ਵਿਚ ਕੀਰਤਪੁਰ ਤੋਂ ਸਤਿਗੁਰੂ ਜੀ ਤੁਰੇ। ਉਹਨਾਂ ਦੇ ਨਾਲ ਸਾਰਾ ਸ਼ਹਿਰ ਤੁਰ ਪਿਆ। ਉਸੇ ਤਰਾਂ ਸ਼ਹਿਰ ਵਾਸੀ ਵੈਰਾਗ ਨਾਲ ਵਿਆਕੁਲ ਹੋਕੇ ਨਾਲ ਤੁਰੇ ਜਿਵੇਂ ਸ੍ਰੀ

ਰਾਮਚੰਦ੍ਰ ਜੀ ਦੇ ਬਨਬਾਸ ਤੁਰਨ ਵੇਲੇ ਅਜੁਧਿਆ ਨਗਰੀ ਦੇ ਵਾਸੀ ਵਿਆਕੁਲ ਹੋਕੇ ਬਹੁਤ ਦੂਰ ਤਕ ਸਾਥ ਗਏ ਸਨ। ਸਤਿਗੁਰੂ ਜੀ ਦਾ ਤੁਰਨਾ ਸੁਣਕੇ ਹੀ ਕੀਰਤਪੁਰ ਦੇ ਵਾਸੀਆਂ ਨੇ ਚੁਲੇ ਅਗ ਨਹੀਂ ਸੀ ਬਾਲੀ। ਕਿਸੇ ਨੂੰ ਖਾਣ-ਪੀਣ ਦਾ ਖਿਆਲ ਨਹੀਂ ਸੀ। ਸਾਰੇ ਉਦਾਸੀ ਛਾ ਗਈ। ਲੋਕ ਘਰਾਂ ਦੇ ਕੰਮਾਂ ਨੂੰ ਛਡਕੇ ਸਤਿਗੁਰੂ ਜੀ ਦੇ ਨਾਲ ਹੋ ਤੁਰੇ। ਚਲਦੇ ਚਲਦੇ ਸਰਸਾ ਕਿਨਾਰੇ ਆਏ, ਉਸ ਥਾਂ ਪੁਜ ਕੇ ਸਤਿਗੁਰੂ ਜੀ ਖਲੋ ਗਏ ਤੇ ਹੁਕਮ ਕੀਤਾ—'ਇਸ ਤੋਂ ਅਗੇ ਉਹੋ ਜੀ ਜਾਣ ਜਿਨਾਂ ਨੇ ਅਸਾਂ ਨਾਲ ਜਾਣਾ ਹੈ, ਹੋਰ ਕੋਈ ਸਿੱਖ ਅਗੇ ਨਾ ਵਧੇ। ਜੋ ਅਗੇ ਵਧੇਗਾ ਉਹ ਸਤਿਗੁਰੂ ਜੀ ਦਾ ਸਿੱਖ ਨਹੀਂ ਹੋਵੇਗਾ, ਹੌਂਸਲੇ ਨਾਲ ਘਰ ਜਾ ਕੇ ਬੈਠੋ, ਕਾਰਜ ਕਰਦੇ ਹੋਏ ਨਾਮ ਬਾਨੀ ਦਾ ਸਿਮਰਨ ਤੇ ਪਾਠ ਕਰੋ, ਸਤਿਗੁਰੂ ਜੀ ਤੁਸਾਂ ਦੇ ਅੰਗ ਸੰਗ ਰਹਿਣਗੇ। ਜੋ ਬਾਣੀ ਦਾ ਪਾਠ ਕਰਕੇ ਸ਼ੁਧ ਹਿਰਦੇ ਨਾਲ ਬੈਠੇਗਾ ਤੇ ਧਰਮ ਦੀ ਕਿਰਤ ਕਰੇਗਾ, ਉਸਨੂੰ ਅਸਾਂ ਦੇ ਨਿਤ ਦਰਸ਼ਨ ਹੋਣਗੇ।

ਸਤਿਗੁਰੂ ਜੀ ਦਾ ਬਚਨ ਸੁਣਕੇ ਸਾਰੇ ਖਲੋ ਗਏ ਕਿਸੇ ਨੂੰ ਅਗੇ ਵਧਨ ਦਾ ਹੌਂਸਲਾ ਨਾ ਪਿਆ ਕਿ ਸਤਿਗੁਰੂ ਜੀ ਦਾ ਵਰ ਸਰਾਪ ਦਾ ਰੂਪ ਧਾਰਨ ਨਾ ਕਰ ਜਾਵੇ। ਹੁਕਮ ਮੰਨਣਾ ਹੀ ਚੰਗਾ ਹੈ। ਦੁਖੀ ਹਿਰਦੇ ਨਾਲ ਹੁਕਮ ਮੰਨਦੇ ਹੋਏ ਸਿੱਖ ਉਸੇ ਥਾਂ ਖਲੋਤੇ ਰਹੇ। ਉਨ੍ਹਾਂ ਚਿਰ ਖਲੋਤੇ ਰਹੇ ਜਿਨਾਂ ਚਿਰ ਤੁਰੇ ਜਾਂਦੇ ਸਤਿਗੁਰੂ ਦੇ ਹੱਥ, ਸਿੱਖ ਤੇ ਗਡੇ ਆਦਿਕ ਦਿਸਦੇ ਰਹੇ ਜਦੋਂ ਨਜ਼ਰ ਆਉਣੋਂ ਹਟ ਗਏ ਤਾਂ ਹਿਰਦਿਆਂ ਵਿਚ ਯਾਦ ਦੀ ਸੂਰਤ ਵਿਚ ਦਰਸ਼ਨ ਕਰਦੇ ਹੋਏ ਤੇ ਗੁਰਬਾਣੀ ਦੇ ਸ਼ਬਦ ਪੜ੍ਹਦੇ ਹੋਏ ਸਾਰੇ ਵਾਪਸ ਕੀਰਤਪੁਰ ਆ ਪੁਜੇ।

੨੯. ਕੁਰਖੇਤ੍ਰ ਦੇ ਪੰਡਤ ਲਾਲੂ ਨੂੰ ਉਪਦੇਸ਼

ਸਰਸਾ ਨੂੰ ਪਾਰ ਕਰਕੇ ਸਤਿਗੁਰੂ ਜੀ ਰੋਪੜ ਪੁਜੇ, ਰੋਪੜ ਰਾਜਾ ਭੂਪ ਸਿੰਘ ਨੇ ਸਤਿਗੁਰੂ ਜੀ ਦਾ ਸ੍ਵਾਗਤ ਕੀਤਾ, ਸਾਰੇ ਡੇਰੇ ਨੂੰ ਸੰਗਤ ਸਮੇਤ ਪ੍ਰਸ਼ਾਦ ਛਕਾਇਆ, ਇੱਕ ਦਿਨ ਗੁਰੂ ਘਰ ਦਾ ਜਸ ਤੇ ਗੁਰਬਾਣੀ ਦਾ ਕੀਰਤਨ ਸੁਣਿਆਂ। ਰੋਪੜ ਤੋਂ ਸਤਿਗੁਰੂ ਜੀ ਅਗੇ ਤੁਰੇ ਤੇ ਮੰਜ਼ਲੋ ਮੰਜ਼ਲੀ ਥਨੇਸਰ ਪਹੁੰਚ ਗਏ। ਥਨੇਸਰ ਸ਼ਹਿਰ ਦੇ ਨਾਲ ਹੀ ਕੁਰਖੇਤ੍ਰ ਦਾ ਤੀਰਥ ਹੈ। ਇਹ ਤੀਰਥ ਮਹਾਂ ਭਾਰਤ ਦੇ ਯੁਧ

ਦੀ ਯਾਦਗਾਰ ਹੈ।ਇਸ ਤੀਰਥ ਤੇ ਪੰਡਤ ਲਾਲੂਜਾਂਲਾਲ ਰਹਿੰਦਾ ਸੀ ਜੋ ਵਿਦਵਾਨ ਹੋਣ ਦੇ ਨਾਲ ਹੰਕਾਰੀ ਸੀ, ਉਹ ਗੀਤਾ ਦੇ ਸ਼ਬਦ ਤੇ ਭਾਵ-ਅਰਥ ਕਰਿਆ ਕਰਦਾ ਸੀ, ਗਿਆਨ ਚਰਚਾ ਕਰਨ ਵਿਚ ਆਪਣੇ ਆਪ ਨੂੰ ਬੜਾ ਉਸਤਾਦ ਸਮਝਦਾ ਸੀ।

ਸਤਿਗੁਰੂ ਜੀ ਦਾ ਡੇਰਾ ਥਨੇਸਰ ਦੇ ਬਾਹਰ ਲੱਗਾ, ਮਾਤਾ ਕ੍ਰਿਸ਼ਨ ਕੌਰ ਜੀ ਤੇ ਬਾਕੀ ਦੀ ਸਿੱਖ ਸੰਗਤ ਨੇ ਥਨੇਸਰ ਨੂੰ ਦੇਖਿਆ ਤੇ ਤੀਰਥ ਕੁਰਖੇਤ੍ਰ ਦੇ ਦਰਸ਼ਨ ਕੀਤੇ ਸਤਿਗੁਰਾਂ ਦੇ ਡੇਰੇ ਨੂੰ ਦੇਖਕੇ ਪੰਡਤ ਲਾਲੂ ਨੇ ਪਤਾ ਕੀਤਾ ਕਿ ਇਸ ਡੇਰੇ ਦਾ ਮਾਲਕ (ਮੁਖੀ) ਕੋਈ ਰਾਜ ਕੁਮਾਰ ਹੈ ? ਉਸਨੂੰ ਦਸਣ ਵਾਲੇ ਨੇ ਦਸਿਆ ਰਾਜ਼ ਕੁਮਾਰ ਨਹੀਂ ਸਗੋਂ ਸਚੇ ਪਾਤਸ਼ਾਹ, ਭਗਵਾਨ ਦਾ ਰੂਪ ਅਵਤਾਰ ਹਨ। ਨਾਮ ਸ੍ਰੀ ਹਰਿ ਕ੍ਰਿਸ਼ਨ ਜੀ ਹੈ, ਦੀਨ ਤੇ ਦੁਨੀ ਦੇ ਮਾਲਕ ਹਨ। ਭਵ ਸਾਗਰ ਤੋਂ ਪਾਰ ਕਰਦੇ ਹੋਏ ਏਥੋਂ ਦੇ ਦੁਖਾਂ ਨੂੰ ਵੀ ਸੁਖਾਂ ਵਿੱਚ ਪਲਟ ਦੇਂਦੇ ਹਨ।

ਇਹ ਸੁਣਕੇ ਪੰਡਤ ਲਾਲੂ ਹੱਸ ਪਿਆ। ਹਸਦਿਆਂ ਹੋਇਆਂ ਉਸਨੇ ਆਖਿਆ—'ਹੂੰ ! ਨਿਰਾ ਨਾਮਹੀ ਹਰਿ ਕ੍ਰਿਸ਼ਨ ਸ੍ਰੀ ਕ੍ਰਿਸ਼ਨ ਜੀ ਜੋ ਹੋ ਚੁਕੇ ਹਨ ਨਾਮ ਰਖਾ ਲਿਆ ਹੈ। ਇਹ ਨਹੀਂ ਹੋ ਸਕਦਾ ਪਹਿਲੇ ਸ੍ਰੀ ਕ੍ਰਿਸ਼ਨ ਵਰਗਾ ਇਨਾਂ ਨੂੰ ਗਿਆਨ ਹੋਵੇ। ਜੇ ਬ੍ਰਹਮ ਗਿਆਨੀ ਅਤੇ ਰਿਧੀਆਂ ਸਿਧੀਆਂ ਦੇ ਮਾਲਕ ਜਨਮ ਤੋਂ ਹਨ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਉਚਾਰੀ ਹੋਈ ਗੀਤਾ ਦੇ ਅਰਥ ਸੁਣਾਉਣ। ਆਪੇ ਪਤਾ ਲਗ ਜਾਵੇਗਾ ਅਵਤਾਰ ਹਨ ਜਾਂ ਜਗਤ ਨੂੰ ਲੁਟਣ ਵਾਸਤੇ ਕਿਸੇ ਦੇ ਬਣਾਏ ਹੋਏ ਅਵਤਾਰ ਹਨ ? ਜਿੰਨਾ ਚਿਰ ਕੋਈ ਕਰਾਮਾਤ ਜਾਂ ਕੌਤਕ ਨਾ ਦਿਖਾਉਣ ਉਨ੍ਹਾਂ ਚਿਰ ਮੈਂ ਤਾਂ ਅਵਤਾਰ ਮੰਨਣ ਨੂੰ ਤਿਆਰ ਨਹੀਂ।'

ਪੰਡਤ ਲਾਲੂ ਦੇ ਬੋਲੇ ਹੋਏ ਇਕ ਇਕ ਸ਼ਬਦ ਨੂੰ ਉਸੇ ਤਰਾਂ ਮਸੰਦ ਨੇ ਸਤਿਗੁਰੂ ਜੀ ਦੇ ਅਗੇ ਬਿਆਨ ਕਰ ਦਿੱਤਾ। ਇਹ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਬਚਨ ਕੀਤਾ—'ਹੱਛਾ ! ਪੰਡਤ ਨੂੰ ਅਸਾਂ ਦੇ ਕੋਲ ਸਦੋ, ਅਸੀਂ ਉਨ੍ਹਾਂ ਨਾਲ ਬਚਨ ਕਰਨਾ ਚਾਹੁੰਦੇ ਹਾਂ।'

ਉਸੇ ਵੇਲੇ ਸਿੱਖ ਪੰਡਤ ਦੇ ਪਾਸ ਪੁਜਾ, ਉਸਨੂੰ ਜਾਕੇ ਕਿਹਾ—'ਸਤਿਗੁਰੂ ਆਪ ਨੂੰ ਬੁਲਾਉਂਦੇ ਹਨ। ਚਲੋ ਤੇ ਗੀਤਾ ਦੇ ਅਰਥ ਸੁਣ ਲਵੋ।

ਪੰਡਤ ਲਾਲੂ ਬਹੁਤ ਹੰਕਾਰੀ ਪੁਰਖ ਸੀ, ਉਸਨੇ ਸਦੇ ਨੂੰ ਮੰਨਿਲਿਆ ਤੇ ਉਸੇ

ਵੇਲੇ ਹੋਰ ਪੰਡਤਾਂਨੂੰਨਾਲਲੈਕੇ ਸਤਿਗੁਰੂ ਜੀ ਵਲ ਤੁਰਿਆ, ਉਸ ਨੇ ਮਥੇ ਉਤੇ ਬਹੁਤ ਸਾਰ ਤਿਲਕ ਲਾਏਹੋਏ ਸਨ। ਕੁਝ ਗ੍ਰੰਥ ਚੁਕੇ ਤੇ ਗੀਤਾ ਹੱਥ ਫੜੀ ਹੋਈ ਸੀ, ਉਹ ਵਿਦਿਆ ਦੇ ਹੰਕਾਰੀ ਸੇਕ ਨਾਲ ਗਰਮ ਹੋਇਆ ਹੋਇਆ ਛੇਤੀ ਛੇਤੀ ਤੁਰਨਲੱਗਾ, ਉਸਨੂੰ ਦੇਖਕੇ ਬਹੁਤ ਸਾਰੇ ਦਰਸ਼ਕ ਵੀ ਉਹਦੇ ਨਾਲ ਹੋ ਤੁਰੇ। ਦਰਸ਼ਕਾਂ ਵਿੱਚ ਕੁਝ ਗਿਆਨ ਦੇ ਸ਼ਹੋਤੇਸਨਤੇ ਕੁਝ ਤਮਾਸ਼ਾਂ ਦੇਖਣ ਵਾਲੇ ਇੱਕ ਜਲੂਸ ਦੀ ਸ਼ਕਲ ਵਿੱਚ ਪੰਡਤ ਲਾਲੂ ਸਤਿਗੁਰੂ ਜੀ ਦੇ ਪਾਸ ਪੁਜਾ। ਉਸਨੇ ਹੰਕਾਰ ਵਿੱਚ ਆਕੇ ਸਤਿ-ਗੁਰੂ ਜੀ ਨੂੰ ਨਮਸ਼ਕਾਰ ਨਹੀਂ ਕੀਤੀ। ਉਹ ਇਸ ਕਰਕੇ ਕਿ ਮਾਸੂਮ ਬਾਲਕ ਗੁਰੂ ਨਹੀਂ ਬਣ ਸਕਦਾ।

ਸਤਿਗੁਰੂ ਜੀ ਨੇ ਉਸਦੀ ਅਗਿਆਨਤਾ ਤੇ ਹੰਕਾਰ ਉਤੇ ਗੁਸਾ ਨਹੀਂ ਕੀਤਾ। ਸਾਹਿਬਾਂ ਨੇ ਧੀਰਜ ਨਾਲ ਮਿਠੇ ਸ਼ਬਦਾਂ ਵਿੱਚ ਕਿਹਾ—'ਪੰਡਤ ਜੀ! ਕੀ ਆਪ ਗੀਤਾ ਦੇ ਅਰਥ ਸੁਨਣਾ ਚਾਹੁੰਦੇ ਹੋ।'

ਪੰਡਤ-ਹਾ ਜੀ! ਮੈਂ ਗੀਤਾ ਦੇ ਅਰਥ ਸੁਨਣਾ ਚਾਹੁੰਦਾ ਹਾਂ ਕਿਉਂਕਿ ਤੁਸੀ ਸ੍ਰੀ ਹਰਿ ਕ੍ਰਿਸ਼ਨ ਜੀ ਅਖਵਾਉਂਦੇ ਹੋ ਤੇ ਗੀਤਾ ਸ੍ਰੀ ਕ੍ਰਿਸ਼ਨ ਜੀ ਨੇ ਉਚਾਰੀ ਹੈ। ਜੇ ਤੁਸੀਂ ਅਵਤਾਰ ਤੇ ਬ੍ਰਹਮ ਗਿਆਨ ਦੇ ਗਿਆਤਾ ਹੋ ਤਾਂ ਸੰਸਕ੍ਰਿਤ ਗੀਤਾ ਦੇ ਭਾਖਾ ਵਿਚ ਸ਼ਬਦ ਤੇ ਭਾਵ ਅਰਥ ਕਰੋ।'

ਸਤਿਗੁਰੂ ਜੀ-'ਪੰਡਤ ਜੀ! ਜੇ ਗੀਤਾ ਦੇ ਸ਼ਬਦ ਤੇ ਭਾਵ ਅਰਥ ਅਸਾਂਕਰ ਕੇ ਸੁਣਾਏ ਤਾਂ ਕਹੋਗੇ ਕਿ ਕਿਸੇ ਪੰਡਤ ਨੇ ਸ਼ਾਇਦ ਯਾਦ ਕਰਾਏ ਹੋਣੇ ਹਨ ਇਸ ਵਾਸਤੇ ਚੰਗਾ ਤਾਂ ਇਹ ਹੈ ਕਿ ਤੁਸੀਂ ਸਤਿਗੁਰੂ ਨਾਨਕ ਦੇਵ ਜੀ ਦੀ ਗਰਗੱਦੀ ਨੂੰ ਪਰਖਣਾ ਹੀ ਚਾਹੁੰਦੇ ਹੋ ਤਾਂ ਆਪਣੇ ਸ਼ਹਿਰ ਵਿਚੋ ਕੋਈ ਐਸਾ ਪੁਰਖ ਲਭੋ ਜੋ ਅਨਪੜ ਤੇ ਅਗਿਆਨੀ ਹੋਵੇ, ਸਤਿਗੁਰੂ ਜੀ ਦੀ ਕ੍ਰਿਪਾ ਨਾਲ ਗੀਤਾ ਦੇ ਅਰਥ ਉਹ ਕਰ ਦੇਵੇਗਾ।'

ਪੰਡਤ ਲਾਲੂ ਹੈਰਾਨ ਹੋਕੇ ਕਹਿਣ ਲੱਗਾ 'ਕੀ ਮੈਂ ਅਨਪੜ੍ਹ ਨੂੰ ਲਭਾਂ! ਉਹ ਸੰਸ਼ਕ੍ਰਿਤ ਦੇ ਸਲੋਕਾਂ ਨੂੰ ਸਮਝ ਲਵੇਗਾ ?'

ਸਤਿਗੁਰੂ ਜੀ—'ਤੁਸੀਂ ਲੈ ਆਓ! ਤੁਸਾਂ ਤਾਂ ਫੈਸਲਾ ਕੀਤਾ ਹੈ ਨਾ ਸਤਿਗੁਰੂ ਨਾਨਕ ਦੇਵ ਜੀ ਦੇ ਘਰ ਨੂੰ ਦੇਖਣਾ ਹੈ। ਝਿਜਕਦੇ ਕਿਉਂ ਹੋ।'

ਪੰਡਤ ਲਾਲੂ ਉਠਿਆ ਤੇ ਸਤਿਗੁਰੂ ਜੀ ਦੇ ਦਰਬਾਰ ਵਿਚੋਂ ਵਾਹੋ ਦਾਹੀ ਬਾਹਰ ਚਲਿਆ ਗਿਆ ਦਰਸ਼ਕ ਹੈਰਾਨ ਹੋ ਕੇ ਬੈਠੇ ਰਹੇ। ਉਹ ਸ਼ਾਂਤੀ ਤੇ ਹੰਕਾਰ ਦਾ ਮੁਕਾਬਲਾ ਹੁੰਦਾ ਦੇਖਣਾ ਚਾਹੁੰਦੇ ਸਨ।

ਅਧੇ ਘੰਟੇ ਦੇ ਅੰਦਰ ਅੰਦਰ ਪੰਡਤ ਲਾਲੂ ਮੁੜ ਆਇਆ ਤੇ ਉਹਦੇ ਨਾਲ ਛਜੂ ਰਾਮ ਝੀਵਰ ਸੀ, ਥਨੇਸਰ ਦੇ ਵਸਨੀਕ ਅਤੇ ਕੁਰਖੇਤ੍ਰ ਤੀਰਥ ਦੇ ਬ੍ਰਾਹਮਣ ਹੋਰ ਅਸਚਰਜਤਾ ਦੇ ਵਹਿਣ ਵਿਚ ਰੁੜ ਗਏ। ਕਿਉਂਕਿ ਛਜੂ ਰਾਮ ਇਕ ਤਾਂ ਗੁੰਗਾ ਸੀ ਤੇ ਦੂਸਰਾ ਅਨਪੜ੍ਹ ਤੇ ਲੋਕਾਂ ਦੇ ਵਿਚਾਰ ਵਿੱਚ ਮਹਾਂ ਪੂਰਖ ਸੀ। ਕਈ ਵਿਦਵਾਨ ਇਹ ਵੀ ਸੋਚ ਰਹੇ ਸਨ ਕਿ ਜੇ ਸਤਿਗੁਰੂ ਜੀ ਨੇ ਆਪਣੀ ਸ਼ਕਤੀ ਨਾਲ ਗੁੰਗੇ ਪਾਸੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਾ ਦਿਤੇ ਤਾਂ ਲਾਲੂ ਦੀ ਬਹੁਤ ਮੰਦੀ ਦਸ਼ਾ ਹੋਵੇਗੀ। ਚੰਗਾ ਮੌਜੂ ਬਣੇਗਾ, ਉਹ ਐਸੇ ਵਿਚਾਰ ਕਰਦੇ ਹੋਏ ਬੈਠੇ ਛਜੂਰਾਮ ਪੰਡਤ ਲਾਲੂ ਤੇ ਸਤਿਗੁਰੂ ਜੀ ਵਲ ਦੇਖਦੇ ਰਹੇ।

ਛਜੂਰਾਮ ਨੂੰ ਸਤਿਗੁਰਾਂ ਨੇ ਆਪਣੇ ਨੇੜੇ ਬਿਠਾ ਲਿਆ ਅਤੇ ਉਹਦੇ ਲਾਗੇ ਹੀ ਪੰਡਤ ਲਾਲੂ ਜੀ ਬੈਠ ਗਏ। ਸਤਿਗੁਰੂ ਜੀ ਦੇ ਹੱਥਲੀ ਸੋਟੀ ਸਿਰ ਨਾਲ ਛੂਹਣ ਦੀ ਢਿਲ ਸੀ ਕਿ ਛਜੂ ਰਾਮ ਨੂੰ ਪੂਰਾ ਗਿਆਨ ਹੋ ਗਿਆ ਉਹਦਾ ਗੁੰਗਾਪਨ ਜਾਂਦਾ ਰਿਹਾ ਤੇ ਉਹ ਸਾਫ ਗਲ ਕਰਨ ਲਗ ਪਿਆ।

ਸਤਿਗੁਰੂ ਜੀ ਨੇ ਪੰਡਤ ਨੂੰ ਕਿਹਾ—ਪੰਡਤ ਜੀ ਬੋਲੋ ਸਲੋਕ ਤੇ ਛਜੂ ਰਾਮ ਅਰਥ ਕਰਨਗੇ।'

ਪੰਡਤ ਲਾਲੂ ਨੇ ਗੀਤਾ ਦਾ ਸਲੋਕ ਪੜ੍ਹਿਆ, ਛਜੂਰਾਮ ਪਹਿਲਾਂ ਸ਼ਬਦ ਅਰਥ ਕੀਤਾ ਤੇ ਫਿਰ ਭਾਵ ਅਰਥ ਦੀ ਵਿਆਖਿਆ ਕੀਤੀ ਇਹ ਕੌਤਕ ਦੇਖਕੇ ਪੰਡਤ ਲਾਲੂ ਸਤਿਗੁਰੂ ਜੀ ਦੇ ਚਰਨੀਂ ਡਿਗ ਪਿਆ, ਉਸ ਨੂੰ ਭਰੋਸਾ ਹੋ ਗਿਆ ਕਿ ਸੱਚ ਮੁਚ ਸਤਿਗੁਰੂ ਜੀ ਅਵਤਾਰ ਹਨ, ਸ੍ਰੀ ਕ੍ਰਿਸ਼ਨ ਦਾ ਰੂਪ ਹੀ ਹਨ। ਉਠਕੇ ਚਰਨਾਂ ਉਤੋਂ ਸਿਰ ਚੁਕਣ ਤੋਂ ਪਹਿਲਾਂ ਕਿਹਾ—'ਦਾਤਾ! ਮੈਨੂੰ ਬਖਸ਼ ਲਵੋ, ਮੈਂ ਪਾਪੀ ਹਾਂ, ਮੈਂ ਹੰਕਾਰੀ ਤੇ ਮੂਰਖ ਹਾਂ, ਮੈਂ ਭਗਵਾਨ ਨੂੰ ਪਰਖਣ ਦਾ ਕੂੜਾ ਯਤਨ ਕੀਤਾ। ਨਰਕ ਦਾ ਭਾਗੀ ਨਾ ਹੋਵਾਂ, ਦਇਆ ਕਰੋ, ਹੇ ਦੀਨ ਦਿਆਲ, ਕ੍ਰਿਪਾਲ, ਮੁਰਾਰੀ! ਮੈਂ ਮੂਰਖ ਹਾਂ।'

ਸਤਿਗੁਰੂ ਜੀ ਨੇ ਬਚਨ ਕੀਤਾ—'ਵਾਹਿਗੁਰੂ ਦੇ ਸਿਮਰਨ ਨਾਲ ਮਨ ਦੀ ਮੈਲ ਧੋਵੈ, ਸੇਵਾ ਕਰੋ, ਹੰਕਾਰ ਤੇ ਮੋਹ ਨੂੰ ਛਡੋ ?'

ਪੰਡਤ ਲਾਲੂ ਦੇ ਡਿਗਣ ਨਾਲ ਸਾਰੇ ਬਨੇਸਰ ਵਾਸੀਆਂ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ, ਛਜੂਰਾਮ ਤਾਂ ਗੁਰੂ ਘਰ ਜੋਗਾ ਹੀ ਹੋ ਗਿਆ, ਉਸਨੂੰ ਨਾ ਭੱਠੀ ਯਾਦ ਰਹੀ ਨਾ ਘਰ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਉਹ ਬ੍ਰਹਮ ਗਿਆਨੀ ਹੋ ਗਿਆ ਉਹ ਕਰਤਾਰ ਦਾ ਭਜਨ ਕਰਨ ਲੱਗਾ।

੩੦. ਸਤਿਗੁਰੂ ਜੀ ਦਾ ਦਿਲੀ ਪੁਜਣਾ ਤੇ ਮਿਰਜਾ ਜੈ ਸਿੰਘ ਦੀ ਰਾਣੀ ਦੀ ਭਾਵਨਾਂ

ਬਨੇਸਰ ਤੋਂ ਸਤਿਗੁਰੂ ਜੀ ਮੰਜ਼ਲੋ ਮੰਜ਼ਲੀ ਦਿਲੀ ਪਹੁੰਚ ਗਏ। ਪਰਸਰਾਮ ਦੇ ਕਹਿਣ ਅਨੁਸਾਰ ਸਤਿਗੁਰੂ ਜੀ ਮਿਰਜਾ ਜੈ ਸਿੰਘ ਦੇ ਰਾਜ ਭਵਨ ਵਿੱਚ ਜਾ ਪਹੁੰਚੇ, ਰਾਜੇ ਨੇ ਸ੍ਵਾਗਤ ਕੀਤਾ, ਚੰਗਾ ਅਸਥਾਨ ਰਹਿਣ ਨੂੰ ਦਿੱਤਾ ਤੇ ਗੁਰੂ ਕੇ ਲੰਗਰ ਵਾਸਤੇ ਰਸਦਾਂ ਦਿੱਤੀਆਂ। ਦਿਲੀ ਦੀ ਸੰਗਤ ਨੂੰ ਪਤਾ ਲੱਗ ਗਿਆ ਕਿ ਸਤਿਗੁਰੂ ਜੀ ਆਏ ਹਨ। ਉਹ ਵਹੀਰਾਂ ਘਤਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆ ਪੁੱਜੇ। ਕਹਿੰਦੇ ਹਨ ਕਿ ਜੈ ਸਿੰਘ ਪਾਸੋਂ ਸਤਿਗੁਰੂ ਜੀ ਦਾ ਆਉਣਾ ਸੁਣਕੇ ਬਾਦਸ਼ਾਹ ਨੇ ਗੁਰੂ ਕੇ ਲੰਗਰ ਵਾਸਤੇ ਰਾਸ਼ਨ ਭੇਜਿਆ, ਸਤਿਗੁਰੂ ਜੀ ਨੇ ਬਚਨ ਕੀਤਾ—'ਅਸਾ ਤੁਰਕ ਦਾ ਅੰਨ ਨਹੀਂ ਛਕਣਾ, ਗਰੀਬਾਂ ਨੂੰ ਛਕਾ ਦੇਵੋ।' ਮਸੰਦਾਂ ਨੇ ਓਸੇ ਤਰਾਂ ਹੀ ਕੀਤਾ।

ਮਿਰਜਾ ਜੈ ਸਿੰਘ ਦੇ ਘਰ ਪੁਤ੍ਰ ਧੀ ਕੋਈ ਨਹੀਂ ਸੀ, ਉਹਦੀਆਂ ਸਾਰੀਆਂ ਰਾਣੀਆਂ ਬਾਲ ਖਿਡਾਉਣ ਨੂੰ ਤਰਸਦੀਆਂ ਸਨ। ਰਾਣੀਆਂ ਦੇ ਕਹਿਣ ਤੇ ਮਿਰਜਾ ਜੈ ਸਿੰਘ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਪ੍ਰਸ਼ਾਦ ਰਾਜੇ ਦੇ ਮਹਿਲਾਂ ਵਿਚ ਛਕਣ। ਨਾਲ ਹੀ ਰਾਣੀਆਂ ਦਰਸ਼ਨ ਕਰਨਾ ਚਾਹੁੰਦੀਆਂ ਹਨ। ਸਤਿਗੁਰੂ ਜੀ ਨੇ ਰਾਜੇ ਦੀ ਸ਼ਰਧਾ ਪੂਰੀ ਕਰਨ ਵਾਸਤੇ ਹਾਂ ਕਰ ਦਿੱਤੀ, ਰਾਜਾ ਪ੍ਰਸੰਨ ਚਿਤ ਹੋਕੇ ਰਾਜ ਭਵਨ ਵਿਚ ਗਿਆ ਤੇ ਰਾਣੀਆਂ ਸਮੇਤ ਸਤਿਗੁਰੂ ਜੀ ਦੇ ਸਵਾਗਤ ਤੇ ਸਤਕਾਰ ਵਾਸਤੇ ਪੂਰਾ ਪਬੰਧ ਕਰਨ ਲਗਾ।

ਮਿਰਜਾ ਜੈ ਸਿੰਘ ਦੀਆਂ ਚਾਰ ਰਾਣੀਆਂ ਸਨ ਤੇ ਇਕ ਪਟਰਾਣੀ ਸੀਉਸ ਪਟਰਾਣੀ ਨੇ ਸਤਿਗੁਰੂਜੀ ਦੀ ਸ਼ਕਤੀ ਨੂੰ ਦੇਖਣ ਵਾਸਤੇ ਇਕ ਵਿਉਂਤ ਸੋਚੀ, ਉਹ ਵਿਉਂਤ ਸੀ ਉਸਨੇ ਛੋਟੀਆਂ ਰਾਣੀਆਂ ਤੇ ਦਾਸੀਆਂ ਨੂੰ ਚੰਗੇ ਕਪੜੇ ਪਵਾਦਿਤੇਅਤੇ ਆਪ ਮਾਮੂਲੀ ਦਾਸੀਆਂ ਵਰਗੇ ਲੀੜੇ ਪਾਏ ਤੇਦਿਲਵਿਚ ਸੋਚਿਆ'ਸਤਿਗੁਰੂਜੀਮੈਨੂੰ ਪਟਰਾਣੀ ਸਮਝਕੇ ਮੇਰੇਕੋਲ ਆਉਣ ਤੇ ਮੇਰੀ ਮੁਰਾਦ ਪੂਰੀ ਕਰਨ,ਆਪੇਮੈਨੂੰਲੱਭਣ।'

ਜਦੋਂ ਸਾਰਾ ਪ੍ਰਬੰਧ ਹੋ ਗਿਆ ਤਾਂ ਰਾਜਾ ਸਤਿਗੁਰੂ ਜੀ, ਸਿੱਖਾਂ ਤੇ ਮਾਤਾਵਾਂ ਨੂੰ ਰਾਜ ਭਵਨ ਵਿਚ ਲੈਜਾਣ ਵਾਸਤੇ ਆਇਆ। ਨਿਮਰਤਾ ਨਾਲ ਬੇਨਤੀ ਕੀਤੀ। ਸਤਿਗੁਰੂ ਜੀ ਰਾਜੇ ਦੇ ਨਾਲ ਤੁਰ ਪਏਪਿਛੇ ਪਿਛੇ ਬਾਕੀ ਦੀ ਸਿਖ ਸੰਗਤ ਸੀ'ਜਦੋਂ ਜ਼ਨਾਨੇ ਭਵਨ ਵਿਚ ਪੁਜੇ ਤਾਂ ਰਾਜੇ ਨੇ ਸਿਰਫ ਸਤਿਗੁਰੂ ਜੀ ਨੂੰ ਸਾਥ ਲਿਆ ਤੇ ਆਪਣੀਆਂ ਰਾਣੀਆਂ ਪਾਸ ਲੈ ਗਿਆ।

ਸਤਿਗੁਰੂ ਜੀ ਨੇ ਦਇਆ ਦ੍ਰਿਸ਼ਟੀ ਨਾਲ ਸਾਰੀਆਂ ਰਾਣੀਆਂ ਵਲਦੇਖਿਆ। ਪਟਰਾਣੀ (ਵਡੀ ਰਾਣੀ) ਦੀ ਮੁਰਾਦ ਪੂਰੀ ਕਰਨ ਵਾਸਤੇ ਤੇ ਉਹਦੇ ਦਿਲਦੇਭਰਮ ਨੂੰ ਦੂਰ ਕਰਨ ਵਾਸਤੇ ਸਤਿਗੁਰੂ ਜੀ ਨੇ ਹਰ ਇਕ ਰਾਣੀ ਨੂੰ ਸੋਟੀ ਛੁਹਾ ਛੁਹਾ ਕੇ ਕਹਿਣਾ ਸ਼ੁਰੂ ਕੀਤਾ, 'ਇਹ ਵੀ ਰਾਣੀ ਨਹੀਂ', ਇਹ ਵੀ ਰਾਣੀ ਨਹੀਂ।' ਏਸੇ ਤਰਾਂ ਬਚਨ ਕਰਦੇ ਹੋਏ ਰਾਣੀਆਂ ਤੇ ਦਾਸੀਆਂ ਨੂੰ ਪਿਛੇ ਛੱਡ ਕੇ ਉਸ ਥਾਂ ਜਾ ਪੁਜੇ ਜਿਥੇ ਪਟਰਾਣੀ ਸੀ। ਉਸ ਦੇ ਕੋਲ ਜਾ ਕੇ ਗੋਦ ਵਿਚ ਬੈਠਦੇ ਹੋਏ ਕਹਿਣ ਲੱਗੇ, 'ਏਹੋ ਹੈ।' ਇਹ ਕੁਝ ਦੇਖ ਸੁਣਕੇ ਮਿਰਜਾ ਜੈ ਸਿੰਘ ਦੀ ਵਡੀ ਰਾਣੀ ਬਹੁਤ ਪ੍ਰਸੰਨ ਹੋਈ। ਵਾਹਿਗੁਰੂ ਨੇ ਉਸ ਦੇ ਹਿਰਦੇ ਦੀਆਂ ਸੁਣ ਲਈਆਂ। ਉਸਦਾ ਜਨਮ ਮਰਨ ਕਟਿਆ ਗਿਆ। ਉਹਦੀ ਗੋਦ ਹਰੀ ਹੋਣ ਦੀ ਆਸ ਹੋ ਗਈ। ਉਸਨੇ ਬੇਨਤੀ ਕੀਤੀ,'ਹੇ ਭਗਵਾਨ! ਮੈਂ ਇਕ ਬਾਲਕ ਦਾ ਮੁਖੜਾ ਦੇਖਣਾ ਚਾਹੁੰਦੀ ਹਾਂ ਮੇਰੀ ਗੋਦ ਹਰੀ ਹੋਵੇ। ਮੇਰੀ ਗੋਦ ਹਰੀ ਹੋਵੇ। ਮੇਰੀਆਂ ਮੁਰਾਦਾਂ ਪੂਰੀਆਂ ਹੋ ਜਾਣ ਮੈਂ ਸਪੁਤੀ ਹੋਣਾ ਚਾਹੁੰਦੀ ਹਾਂ ਕ੍ਰਿਪਾ ਦ੍ਰਿਸ਼ਟੀ ਕਰੋ ਆਪ ਦਇਆ ਦੇ ਸਾਗਰ ਹੋ।'

'ਵਾਹਿਗੁਰੂ ਤੇਰੀਆਂ ਸਾਰੀਆਂ ਆਸਾਂ ਪੂਰੀਆਂ ਕਰਨਗੇ।' ਸਤਿਗੁਰੂਜੀ ਦਾ ਬਚਨ ਸੀ ਬਚਨ ਹੀ ਨਹੀਂ ਸਤਿਆਵਾਦੀ ਵਰ ਦਿੱਤਾ ਗਿਆ ਜੋ ਜ਼ਰੂਰ ਪੂਰਾ ਹੋ ਜਾਵੇਗਾ। ਇਕ ਦਿਨ ਰਾਣੀ ਸੁੰਦਰ ਬਾਲਕ ਨੂੰ ਗੋਦ ਖਿਡਾਵੇਗੀ। ਉਸ ਦੀਆਂ

ਦਿਲੀ ਮੁਰਾਦਾਂ ਪੂਰੀਆਂ ਹੋ ਜਾਣਗੀਆਂ, ਓਹ ਮਿਠੇ ਤੇ ਪ੍ਰੇਮ ਭਰੇ ਅਭਿਮਾਨ ਨਾਲ ਉਛਲੀ ਤੇ ਦੀਵਾਨੀ ਹੋਈ ਤੁਰੀ ਫਿਰੇਗੀ ਕਿਉਂਕਿ ਉਸ ਨੂੰ ਵਰ ਦੇਣ ਵਾਲੇ ਸਤਿਗੁਰੂ ਹਰਿ ਕ੍ਰਿਸ਼ਨ ਜੀ ਬਾਲਕ ਰੂਪ ਆਪ ਖੁਦ ਵਾਹਿਗੁਰੂ ਸਨ ਉਸ ਨੂੰ ਵਰ ਦੇ ਰਹੇ ਸਨ। ਕਿਸੇ ਇਸਤ੍ਰੀ ਵਾਸਤੇ ਪੁਤ੍ਰ ਦਾ ਵਰ ਮਿਲ ਜਾਣਾ ਉਸਨੂੰ ਸੰਸਾਰ ਦੀ ਪਾਤਸ਼ਾਹੀ ਮਿਲਣ ਦੇ ਸਮਾਨ ਹੈ । ਇਹ ਸੁਣ ਕੇ ਰਾਣੀ ਦੀਆਂ ਆਂਦਰਾਂ ਮੰਗਲਾਚਾਰ ਕਰਨ ਲੱਗੀਆਂ। ਉਸ ਨੇ ਦਾਸੀਆਂ ਨੂੰ ਹੁਕਮ ਦੇਣਾ ਚੰਗਾ ਨ ਸਮਝਿਆ ਸਗੋਂ ਆਪ ਛੇਤੀ ਨਾਲ ਜਾਕੇ ਕਈ ਪ੍ਰਕਾਰ ਦੇ ਭੋਜਨ ਤੇ ਪਦਾਰਥ ਚੁਕ ਲਿਆਈ। ਓਹ ਸਤਿਗੁਰੂ ਜੀ ਨੂੰ ਸੋਹਣੇ ਮਿਠੇ ਤੇ ਸਲੋਨੇ ਭੋਜਨ ਛਕਾਉਣੇ ਚਾਹੁੰਦੀ ਸੀ। ਓਹ ਹੀਰ ਮੋਤੀ ਤੇ ਰਤਨ, ਸੋਨੇ ਚਾਂਦੀ ਦੇ ਗਹਿਣੇ ਤੇ ਦੁਸ਼ਾਲੇ ਅਰਪਨ ਕਰਨਾ ਚਾਹੁੰਦੀ ਸੀ ਉਸਨੇ ਪ੍ਰਸੰਨਤਾ ਤੇ ਜੋਸ਼ ਵਿਚ ਸਤਿਗੁਰੂ ਜੀ ਤੇ ਸਾਧ ਸੰਗਤ ਦੀ ਸੇਵਾ ਕੀਤੀ। ਉਸ ਨੇ ਪ੍ਰੇਮਾ ਭਗਤੀ ਵਿਚ ਦੀਵਾਨੀ ਹੋਕੇ ਸਾਧ ਸੰਗਤ ਦੇ ਜੂਠੇ ਬਰਤਨ ਮਾਂਜੇ। ਸਤਿਗੁਰੂ ਜੀ ਦੇ ਜੋੜੇ ਦੀ ਧੂੜ ਮੱਥੇ ਉਤੇ ਲਾਈ। ਕੋਮਲ ਹੱਥਾਂ ਨਾਲ ਪੱਖਾ ਝਲਿਆ। ਤਨ ਮਨ ਨੂੰ ਸ਼ਾਂਤ ਕੀਤਾ। ਪ੍ਰਮਾਤਮਾਂ ਰੂਪ ਬਾਲਕ ਗੁਰੂ ਦੇ ਦਰਸ਼ਨ ਕਰਕੇ ਰਾਣੀ ਨਿਹਾਲ ਹੋ ਗਈ।

ਮਿਰਜਾ ਜੈ ਸਿੰਘ ਔਰੰਗਜ਼ੇਬ ਕੋਲ ਗਿਆ। ਉਸ ਨੇ ਬਾਦਸ਼ਾਹ ਕੋਲ ਸਤਿਗੁਰੂ ਜੀ ਦੀ ਬਹੁਤ ਉਪਮਾ ਕੀਤੀ। ਉਪਮਾ ਸੁਣ ਕੇ ਉਸ ਨੇ ਆਪਣੇ ਵਡੇ ਪੁਤ੍ਰ ਸ਼ਾਹਜ਼ਾਦਾ ਮੁਅੱਜ਼ਮ ਸ਼ਾਹ ਨੂੰ ਸਤਿਗੁਰੂ ਜੀ ਵਲ ਭੇਜਿਆ ਓਹ ਵੀ ਸਤਿਗੁਰੂਜੀ ਦੇ ਦਰਸ਼ਨ ਕਰਕੇ ਨਿਹਾਲ ਹੋਇਆ । ਕਹਿੰਦੇ ਨੇ ਉਸ ਦੇ ਵੀ ਸਤਿਗੁਰੂ ਜੀ ਦੇ ਆਤਮਕ ਗਿਆਨ ਨੂੰ ਜਾਨਣ ਵਾਸਤੇ ਕੁਝ ਸਵਾਲ ਕੀਤੇ ਉਹਨਾਂ ਸੁਵਾਲਾਂ ਦੇ ਉੱਤਰ ਸਤਿਗੁਰੂ ਜੀ ਨੇ ਐਸੀ ਸੂਝ ਬੂਝ ਨਾਲ ਦਿਤੇ ਕਿ ਸ਼ਾਹਜ਼ਾਦਾ ਸੁਣਕੇ ਦੰਗ ਰਹਿ ਗਿਆ। ਉਸਨੇ ਸਤਿਗੁਰੂ ਜੀ ਨੂੰ ਨਿਮਸ਼ਕਾਰ ਕੀਤੀ ਤੇ ਚਲਿਆ ਗਿਆ।

੩੧. ਰਾਮ ਰਾਇ ਜੀ ਦੀ ਵਿਰੋਧਤਾ

ਕਿਉਂਕਿ ਸਤਿਗੁਰੂ ਹਰਿਕ੍ਰਿਸ਼ਨ ਜੀ ਨੂੰ ਦਿਲੀ ਇਸ ਵਾਸਤੇ ਜਾਣਾ ਪਿਆ ਸੀ ਕਿ ਉਹਨਾਂ ਦੇ ਭਾਈ ਰਾਮਰਾਇ ਜੀਨੇ ਜਾਇਦਾਦ ਤੇ ਗੁਰਿਆਈ ਦਾ ਮੁਕੱਦਮਾ ਕੀਤਾ ਸੀ ਇਸ ਵਾਸਤੇ ਰਾਮਰਾਇ ਦੀ ਦਿਲੀ ਸਨ। ਛੋਟੇ ਵੀਰ ਦੀਆਂ ਬ੍ਰਹਮ ਸ਼ਕਤੀਆਂ ਦੇਖ ਕੇ ਖੁਸ਼ ਹੋਣ ਦੀ ਥਾਂ ਈਰਖਾ ਦੀ ਭਿਆਨਕ ਜੁਵਾਲਾ ਨਾਲ ਜਲ ਉਠੇ। ਕ੍ਰੋਧ ਤੇ ਹੰਕਾਰ ਤੇ ਉਹਨਾਂ ਨੂੰ ਇਹਵੀ ਭੁਲਾਂ ਦਿਤਾ ਕਿ ਉਹ ਇਕ ਪਿਤਾ ਦੇ ਸਪੁਤ੍ਰ ਹਨ।ਸਤਿਗੁਰੂ ਜੀ ਦੀਆਂ ਬ੍ਰਹਮ ਸ਼ਕਤੀਆਂ ਦੀ ਚਰਚਾ ਘਰ ਘਰ ਹੋਣ ਲੱਗੀ। ਹਜ਼ਾਰਾਂ ਦੀ ਗਿਣਤੀ ਵਿਚ ਨਾਰੀ ਪੁਰਖ ਬਾਲਾਂ ਸਮੇਤ ਦਰਸ਼ਨ ਕਰਨ ਆਉਣ ਲੱਗੇ।ਸਤਿਗੁਰੂ ਜੀ ਦੀ ਦਇਆ ਦ੍ਰਿਸ਼ਟੀ ਨਾਲ ਸਾਰਿਆ ਦੀਆਂ ਮਨੋ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ।

ਕਰਤਾਰ ਦੀ ਲੀਲ੍ਹਾ ਨੂੰ ਕਰਤਾਰ ਹੀ ਜਾਣਦਾ ਹੈ। ਉਹ ਆਪ ਹੀ ਜੀਵਾਂ ਨੂੰ ਮਾਰਦਾ ਤੇ ਆਪ ਹੀ ਜਨਮ ਦੇਂਦਾ ਹੈ।ਕਰਤਾਰ ਨੇ ਆਪਣੀ ਖੇਡ ਰਚੀ।ਹਜ਼ਾਰਾਂ ਰੂਹਾਂ ਨੂੰ ਵਾਪਸ ਸੱਦਣ ਦਾ ਉਸਨੇ ਇਕ ਵਸੀਲਾ ਵਰਤਿਆ ਕਿ ਹੈਜ਼ੇ ਤੇ ਚੀਚਕ ਦੀਆਂ ਬੀਮਾਰੀਆਂ ਨੂੰ ਦਿੱਲੀ ਸ਼ਹਿਰ ਤੇ ਓਹਦੇ ਚੋਗਿਰਦੇ ਮੈਦਾਨਾਂ ਵਿਚ ਭੇਜ ਦਿੱਤਾ। ਪਹਿਲਾਂ ਹੈਜ਼ਾ ਆਇਆ ਉਸਨੇ ਘਰਾਂ ਦੇ ਘਰ ਖਾਲੀ ਕਰਨੇ ਸ਼ੁਰੂ ਕਰ ਦਿਤੇ। ਹਾਹਾਕਾਰ ਮਚ ਗਈ। ਇਕ ਪ੍ਰਾਣੀ ਨੂੰ ਸਾੜਕੇ ਜਾਂ ਦੱਬਕੇ ਆਉਂਦੇ ਤਾਂ ਘਰ ਆਉਂਦਿਆਂ ਨੂੰ ਦੂਸਰਾ ਮਰਿਆ ਹੋਇਆ ਹੁੰਦਾ। ਪੀਰਾਂ, ਫਕੀਰਾਂ ਕੋਲ ਤੇ ਮੰਦਰਾਂ ਤੇ ਮਸੀਤਾਂ ਵਿਚ ਜਾਕੇ ਦੁਖੀ ਲੋਕ ਅਰਦਾਸਾਂ ਕਰਨ ਲੱਗੇ । ਜੀਵਾਂ ਨੂੰ ਬਚਾਉਨ ਵਾਸਤੇ ਲੋਕ ਸੁਖਣਾ ਸੁਖਣ ਲੱਗੇ। ਸਾਰੀ ਲੋਕਾਈ ਘਬਰਾ ਗਈ। ਹਜ਼ਾਰਾਂ ਲੋਕ ਦਿਲੀ ਸ਼ਹਿਰ ਛਡਕੇ ਨਸ ਗਏ।

ਉਸ ਮਹਾਂ ਪਰਲੋ ਦੇ ਸਮੇਂ ਸਿਦਕੀ ਸਿੱਖਾਂ ਨੇ ਸਤਿਗੁਰੂ ਜੀ ਦਾ ਚਰਨਾ-ਮ੍ਰਿਤ ਲੈਕੇ ਰੋਗੀਆਂ ਨੂੰ ਪਲਾਉਣਾ ਆਰੰਭ ਕੀਤਾ। ਜੋ ਪੀਂਦਾ ਓਹ ਹੀ ਅਰੋਗ ਹੋ ਜਾਂਦਾ।ਦਾਤੇ ਦੀਆਂ ਐਸੀਆਂ ਮੇਹਰਾਂ ਹੋਈਆਂ ਕਿ ਬੀਮਾਰ ਹੋਰ ਪੀਰਾਂ,ਸੰਤਾਂ, ਫਕੀਰਾਂ ਤੇ ਵੈਦਾਂ ਹਕੀਮਾਂ ਨੂੰ ਛੱਡ ਕੇ ਓਧਰ ਆਉਂਣ ਲਗੇ। ਜੇਹੜੇ ਰਾਜੀ ਹੁੰਦੇ ਓਹ ਸਤਿ-ਗੁਰੂ ਜੀ ਦਾ ਜੱਸ ਕੋਠੇ ਚੜ੍ਹਕੇ ਕਰਦੇ।

ਰਾਮਰਾਇ ਜੀ ਨੂੰ ਇਸ ਬ੍ਰਹਮ ਸ਼ਕਤੀ ਦਾ ਪਤਾ ਲੱਗ ਗਿਆ। ਓਹ ਸਤਿਗੁਰੂ ਜੀ ਦਾ ਜੱਸਕੰਨੀ ਨਾ ਸੁਣ ਸਕਿਆ। ਉਹ ਨਹੀਂ ਸੀ ਚਾਹੁੰਦਾ ਕਿ ਲੋਕੀਂ ਆਖਣ ਕਿ ਰਾਮਰਾਇ ਜੀ ਨਾਲੋਂ ਵੀ ਵਡਾ ਕਈ ਕਰਾਮਾਤੀ ਹੈ। ਈਰਖਾ ਦੀ ਅੱਗ ਨੇ ਉਹਦੇ ਹਿਰਦੇ ਨੂੰ ਕੋਲੇ ਕਰ ਦਿੱਤਾ। ਉਸ ਨੇ ਗੁਸੇ ਨਾਲ ਮੂੰਹੋਂ ਬਚਨ ਕੀਤਾ— 'ਲੋਕਾਂ ਦੇ ਰੋਗ ਦੂਰ ਕਰਨ ਵਾਲਾ ਆਪ ਚੀਚਕ ਦਾ ਸ਼ਿਕਾਰ ਹੋ ਜਾਵੇਗਾ।' ਭਾਈ ਨੂੰ ਭਾਈ ਨੇ ਸਰਾਪ ਦਿਤਾ। ਭਾਈ ਤੋਂ ਵੀ ਵਧ ਜਗਤ ਨੂੰ ਭਲਾ ਐਸੈ ਪੁਰਸ਼ ਦਾ ਕਿਸ ਜੁਗ ਭਲਾ ਹੋਵੇਗਾ? ਮਿਰਜ਼ਾ ਜੈ ਸਿੰਘ ਤੇ ਹੋਰ ਨੇਕ ਆਦਮੀ ਰਾਮਰਾਇ ਜੀ ਦੇ ਕੌੜੇ ਤੇ ਮਾੜੇ ਬਚਨ ਸੁਣ ਕੇ ਹੈਰਾਨ ਹੋਏ। ਉਹਨਾਂ ਮਨ ਹੀ ਮਨ ਕ੍ਰੋਧ ਕੀਤਾ, ਪਰ ਆਖ ਕੁਝ ਨਹੀਂ ਸਨ ਸਕਦੇ, ਇਕ ਤਾਂ ਉਹ ਰਾਮਰਾਇ ਜੀ ਦੀਆਂ ਕਰਾਮਾਤਾਂ ਤੋਂ ਡਰਦੇ ਸਨ, ਦੂਸਰਾ ਰਾਮਰਾਇ ਜੀ ਉਸ ਸਮੇਂ ਔਰੰਗਜ਼ੇਬ ਦੇ ਦਰਬਾਰ ਵਿਚ ਬੈਠੇ ਸਨ। ਮਿਰਜਾ ਜੈ ਸਿੰਘ ਗੁਸੇ ਨਾਲ ਭਰਿਆ ਪੀਤਾ ਦਰਬਾਰ ਵਿਚੋਂ ਉਠਕੇ ਉਸ ਅਸਥਾਨ ਤੇ ਆ ਪੁਜਾ ਜਿਥੇ ਸਤਿਗੁਰੂ ਜੀ ਸਨ।

ਮਿਰਜਾ ਜੈ ਸਿੰਘ ਨੇ ਬੜੇ ਉਦਾਸ ਚਿਤ ਹੋਕੇ ਸਤਿਗੁਰੂ ਜੀ ਦੇ ਸਨਮੁਖ ਸਾਰੀ ਕਥਾ ਬਿਆਨ ਕਰ ਦਿੱਤੀ। ਓਹ ਬਚਨ ਵੀ ਸੁਣਾ ਦਿਤੇ ਜੋ ਰਾਮਰਾਇ ਜੀ ਨੇ ਸਤਿਗੁਰੂ ਜੀ ਦੇ ਸਰੀਰਕ ਅੰਤ ਬਾਰੇ ਕਹੇ ਸਨ। ਸਭ ਕੁਝ ਸੁਣਨ ਪਿਛੋਂ ਸਤਿਗੁਰੂ ਜੀ ਨੇ ਬਚਨ ਕੀਤਾ—'ਜੋ ਕਰਤਾਰ ਦਾ ਭਾਣਾ ਹੈ, ਓਹ ਵਰਤਕੇ ਰਹੇਗਾ, ਪਰ ਜਿਸ ਵਸਤੂ ਦੇ ਲਾਲਚ ਬਦਲੇ ਰਾਮਰਾਇ ਜੀ ਹੰਕਾਰ ਕਰ ਰਹੇ ਹਨ, ਓਹ ਵਸਤੂ ਉਹਨਾਂ ਦੇ ਹੱਥ ਨਹੀਂ ਆਵੇਗੀ।ਅੰਤ ਇਨ੍ਹਾਂ ਦਾ ਵੀ ਮਾੜਾ ਹੋਵੇਗਾ। ਜੀਉਂਦੇ ਚਿਖਾ ਵਿਚ ਪੈਣਗੇ।'

੩੨. ਅਠਵੇਂ ਸਤਿਗੁਰੂ ਜੀ ਦਾ ਜੋਤੀ ਜੋਤ ਸਮੌਣਾ

ਹੈਜ਼ੇ ਦੇ ਪਿੱਛੋਂ ਚੀਚਕ (ਸੀਤਲਾ) ਦਾ ਜ਼ੋਰ ਪੈ ਗਿਆ। ਉਹ ਚੀਚਕ ਸਤਿਗੁਰ ਜੀ ਦੇ ਤਨ ਨੂੰ ਵੀ ਆ ਚਮੜੀ। ਸਾਹਿਬਾਂ ਨੇ ਕਰਤਾਰ ਦੇ ਭਾਣੇ ਨੂੰ ਜੀਅ ਆਇਆ ਆਖਿਆ। ਜਿਵੇਂ ਕਰਤਾਰ ਦਾ ਹੁਕਮ ਸੀ ਤਿਵੇਂ ਸਾਹਿਬਾਂ ਨੂੰ ਕਰਨਾ ਪੈਣਾ ਸੀ।

ਇਕ ਇਸਤ੍ਰੀ ਭਾਵੇਂ ਉਹ ਕਿਸੇ ਰਾਜੇ, ਮਹਾਂ ਬਲੀ,ਜਾਂ ਅਵਤਾਰ ਗੁਰੂ ਦੀ ਮਾਤਾ ਹੈ, ਉਹ ਮਾਤਾ ਹੈ, ਮਾਤਾ ਪੁਤ੍ਰ ਦੇ ਦੁਖ ਨੂੰ ਦੇਖਕੇ ਹੌਂਸਲੇ ਵਿਚ ਨਹੀਂ ਰਹਿ ਸਕਦੀ। ਏਸੇ ਤਰ੍ਹਾਂ ਮਾਤਾ ਕ੍ਰਿਸ਼ਨ ਕੌਰ ਜੀ ਸਤਿਗੁਰੂ ਜੀ ਦੀ ਇਹ ਹਾਲਤ ਦੇਖ ਕੇ ਬਹੁਤ ਵੈਰਾਗ ਵਾਨ ਹੋਏ। ਉਹਨਾਂ ਨੇ ਦੁਖ ਨੂੰ ਅਨਭਵ ਕੀਤਾ ਤੇ ਸਤਿਗੁਰਾਂ ਅਤੇ ਅਕਾਲ ਪੁਰਖ ਜੀ ਅਗੇ ਬਹੁਤ ਅਰਦਾਸਾਂ, ਬੇਨਤੀਆਂ ਕੀਤੀਆਂ ਕਿ ਗੁਰੂ ਜੀ ਅਰੋਗ ਹੋ ਜਾਣ। ਸਤਿਗੁਰੂ ਅਰੋਗ ਸਨ, ਉਨ੍ਹਾਂ ਦੀ ਆਤਮਾ ਨੂੰ ਕੋਈ ਦੁਖ ਨਹੀਂ ਸੀ। ਤਨ ਦਾ ਦੁਖ ਮਨ ਉਤੇ ਅਸਰ ਨਹੀਂ ਸੀ ਕਰਦਾ। ਅਕਾਲ ਪੁਰਖ ਦੇ ਸੱਦੇ ਨੂੰ ਟਾਲਣਾ ਚੰਗਾ ਨਹੀਂ ਸੀ ਜਾਤਾ।

ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਪਾਲਕੀ ਵਿਚ ਬੈਠਾ ਕੇ ਜਮਨਾ ਕਿਨਾਰੇ ਲੈ ਚਲੋ। ਉਸ ਖੁਲ੍ਹੀ ਤੇ ਸੁਹਾਵਣੀ ਥਾਂ ਉਤੇ ਜਿੱਥੇ ਮਿਰਜਾ ਜੈ ਸਿੰਘ ਦੀਆਂ ਫੌਜਾਂ ਰਹਿੰਦੀਆਂ ਸਨ। ਜਿਥੇ ਇਕਾਂਤ, ਸ਼ਾਂਤੀ ਤੇ ਨਿਰਵੈਰਤਾ ਦਾ ਰਾਜ ਸੀ, ਸਾਹਿਬਾਂ ਦੇ ਹੁਕਮ ਨੂੰ ਕਿਸੇ ਨਾ ਮੋੜਿਆ ਤੇ ਉਸ ਵੇਲੇ ਪਾਲਕੀ ਵਿਚ ਬੈਠਾ ਕੇ ਜਮਨਾ ਕਿਨਾਰੇ ਜਾ ਤੰਬੂ ਲਾਏ ਇਕ ਤੰਬੂ ਵਿਚ ਸੁੰਦਰ ਪਲੰਘ ਰਖਿਆ ਗਿਆ ਤੇ ਉਸ ਪਲੰਘ ਉਤੇ ਪ੍ਰਮੇਸ਼ਰ ਰੂਪ ਸਤਿਗੁਰੂ ਜੀ ਲੇਟ ਗਏ।

ਸਤਿਗੁਰੂ ਜੀ ਦੇ ਚਰਨ-ਕਮਲਾਂ ਦੇ ਭੌਰੇ ਸਿਦਕੀ ਸ਼ਰਧਾਲੂ, ਪ੍ਰੇਮੀ ਮਿਰਜਾ ਜੈ ਸਿੰਘ ਤੇ ਉਸ ਦੇ ਪ੍ਰਵਾਰ ਨੂੰ ਬਹੁਤ ਕਸ਼ਟ ਹੋਇਆ ਉਹ ਬਹੁਤ ਘਬਰਾ ਗਏ। ਉਸ ਵੇਲੇ ਮਿਰਜਾ ਸਾਹਿਬ ਬਾਦਸ਼ਾਹ ਕੋਲ ਪੁਜੇ ਤੇ ਜਾ ਦਸਿਆ ਕਿ ਸਤਿਗੁਰੂ ਜੀ ਦੇ ਪੰਜ ਭੂਤਕ ਸਰੀਰ ਨੂੰ ਚੀਚਕ ਨੇ ਘੇਰ ਲਿਆ ਹੈ ਤੇ ਸਾਹਿਬ ਸ਼ਹਿਰੋਂ ਬਾਹਰ ਚਲੇ ਗਏ ਹਨ। ਸ਼ਾਹੀ ਹਕੀਮ ਭੇਜੇ ਜਾਣ ਜੋ ਬਾਲਕ ਰੂਪ ਸਤਿਗੁਰੂ ਜੀ ਦੇ ਪੰਜ ਭੌਤਿਕ ਸਰੀਰ ਨੂੰ ਅਰੋਗ ਤੇ ਤੰਦਰੁਸਤ ਕਰਨ।

ਬਾਦਸ਼ਾਹ ਔਰੰਗਜ਼ੇਬ ਕੋਈ ਧਰਮੀ ਜਾਂ ਸ਼ਰਧਾ ਭਗਤੀ ਵਾਲਾ ਬੰਦਾ ਨਹੀਂ ਸੀ। ਉਸਦੀਆਂ ਅੱਖਾਂ ਵਿਚ ਤੁਅੱਸਬ ਦਾ ਸੁਰਮਾ ਪਿਆ ਹੋਇਆ ਸੀ। ਉਹ ਮੁਸਲਮਾਨਾਂ ਤੋਂ ਬਿਨਾਂ ਕਿਸੇ ਨੂੰ ਚੰਗਾ ਨਹੀਂ ਸੀ ਸਮਝਦਾ ਉਸ ਨੇ ਕੋਈ ਪਰਵਾਹ ਨਾ ਕੀਤੀ, ਉਹ ਤਾਂ ਪਿਉ ਦਾਦੇ ਵਾਂਗ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਵੈਰੀ ਸੀ, ਉਸ ਨੇ ਕੋਈ ਹਕੀਮ

ਨਾ ਭੇਜਿਆ ਨਾ ਹੀ ਸਤਿਗੁਰੂ ਜੀ ਕਿਸੇ ਤੁਰਕ ਦੇ ਹੱਥੋਂ ਦਵਾਈ ਖਾਣੀ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਧੁਰੋਂ ਸੱਦਾ ਆਇਆ ਸੀ ਉਹ ਪਾਰਬ੍ਰਹਮ ਜੀ ਪਾਸ ਛੇਤੀ ਤੋਂ ਛੇਤੀ ਪੁਜਣਾ ਚਾਹੁੰਦੇ ਸਨ। ਸਤਿਗੁਰੂ ਜੀ ਨੇ ਮਿਰਜਾ ਜੈ ਸਿੰਘ ਤੇ ਉਸਦੀਆਂ ਰਾਣੀਆਂ, ਮਾਤਾ ਕ੍ਰਿਸ਼ਨ ਕੌਰ ਜੀ ਅਤੇ ਹੋਰ ਸਿੱਖਾਂ ਸੇਵਕਾਂ ਨੂੰ ਧੀਰਜ ਦਿਤੀ। ਆਤਮਾ ਦੇ ਅਮਰ ਹੋਣ ਬਾਰੇ ਗੁਰਬਾਣੀ ਰਾਹੀਂ ਉਪਦੇਸ਼ ਕੀਤਾ। ਉਪਦੇਸ਼ ਨੂੰ ਸੁਣਕੇ ਸਾਰਿਆਂ ਨੇ ਹੌਂਸਲੇ ਕੀਤੇ।

ਜਿਵੇਂ ਜੰਗਲ ਦੀ ਅੱਗ ਹਵਾ ਦੇ ਬੁਲੇ ਨਾਲ ਸਾਰੇ ਜੰਗਲ ਵਿਚ ਖਿਲਰਨ ਲਗੀ ਦੇਰ ਨਹੀਂ ਲਾਉਂਦੀ ਤਿਵੇਂ ਸਤਿਗੁਰੂ ਜੀ ਦੇ ਬੀਮਾਰ ਹੋਣ ਦੀ ਖਬਰ ਸਾਰੇ ਦਿੱਲੀ ਸ਼ਹਿਰ ਵਿਚ ਸੁਣੀ ਗਈ। ਸਤਿਗੁਰਾਂ ਦੇ ਸਿੱਖ, ਸਹਿਜਧਾਰੀ ਪ੍ਰੇਮੀ ਤੇ ਗੁਰੂ ਘਰ ਦੇ ਪ੍ਰੇਮੀ ਸਭ ਕੰਮ ਛੱਡਕੇ ਬੱਚਿਆਂ ਤੇ ਪ੍ਰਵਾਰਾਂ ਸਮੇਤ ਸਤਿਗੁਰੂ ਜੀ ਦੇ ਤੰਬੂ ਅਗੇ ਪਹੁੰਚ ਗਏ। ਹਜ਼ਾਰਾਂ ਦੀ ਗਿਣਤੀ ਵਿਚ ਲੋਕ-ਇਕੱਠੇ ਹੋ ਗਏ। ਸਭ ਸਤਿ-ਗੁਰੂ ਜੀ ਦੇ ਦਰਸ਼ਨਾਂ ਦੇ ਭੁਖੇ ਸਨ। ਹਰ ਇਕ ਨੇ ਤਰਲੇ ਲਏ ਕਿ ਉਹ ਸਤਿਗੁਰੂ ਜੀ ਦੇ ਦਰਸ਼ਨ ਕਰ ਸਕੇ।

ਮਸੰਦਾਂ ਨੇ ਪੰਜ ਪੰਜ ਸਿੱਖਾਂ ਦੇ ਜੱਥੇ ਬਣਾਕੇ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਖੁਲ੍ਹ ਦਿਤੀ। ਪੰਜ ਸਿੱਖ ਤੰਬੂ ਵਿਚ ਦਖਲ ਹੁੰਦੇ ਤੇ ਦਰਸ਼ਨ ਕਰਕੇ ਬਾਹਰ ਆ ਜਾਂਦੇ, ਇਸੇ ਤਰਾਂ ਕਈ ਦਿਨ ਦਰਸ਼ਨ ਹੁੰਦੇ ਰਹੇ। ਤਨ ਦਾ ਰੋਗ ਮੱਠਾ ਹੋਣ ਦੀ ਥਾਂ ਵਧਦਾ ਹੀ ਗਿਆ।

ਮਸੰਦਾਂ ਤੇ ਸਿਆਣੇ ਸਿੱਖਾ ਦੀ ਵਿਚਾਰ ਨਾਲ ਗੁਰੂ ਘਰ ਦੇ ਕੀਰਤਨੀਆਂ ਨੇ ਅੰਮ੍ਰਿਤ ਰੂਪ ਬਾਣੀ ਦਾ ਅਖੰਡ ਕੀਰਤਨ ਕਰਨਾ ਅਰੰਭ ਕਰ ਦਿਤਾ, ਕਈ ਸਿੱਖ ਹੋਰ ਬਾਣੀਆਂ ਦੇ ਪਾਠ ਕਰਨ ਲਗੇ "ਧੰਨ ਸਤਿਗੁਰੂ ਜੀ! ਸਤਿਨਾਮ ਵਾਹਿਗੁਰੂ!" ਇਹ ਤਾਂ ਹਰ ਜ਼ਬਾਨ ਉਚਾਰ ਰਹੀ ਸੀ। 'ਸਤਿਨਾਮ ਵਾਹਿਗੁਰੂ!' ਦੀ ਧੁੰਨ ਨਾਲ ਸਾਰਾ ਵਾਯੂ ਮੰਡਲ ਗੂੰਜ ਰਿਹਾ ਸੀ। ਹਰ ਪਾਸੇ ਸ਼ਾਂਤੀ ਤੇ ਵੈਰਾਗ ਸੀ।

ਵਾਹਿਗੁਰੂ ਦਾ ਭਾਣਾ ਹਰ ਇਕ ਨੂੰ ਮੰਨਣਾ ਪੈਂਦਾ ਹੈ, ਭਾਣੇ ਅੰਦਰ ਸਭ ਸੰਸਾਰ ਹੈ। ਰਾਤ ਪੈ ਗਈ ਜਦੋਂ ਰਾਤ ਡੇਢ ਪਹਿਰ ਰਹਿ ਗਈ ਤਾਂ ਸਾਹਿਬਾ ਨੂੰ ਸਿਆਣੇ ਸਿਖਾਂ ਤੇ ਮਸੰਦਾਂ ਨੇ ਦੇਖਿਆ ਕਿ ਸਤਿਗੁਰੂ ਜੀ ਜੋਤੀ ਜੋਤ ਸਮਾ ਰਹੇ

ਹਨ ਅਤੇ ਪਹਿਲੇ ਸਤਿਗੁਰੂ ਸਾਹਿਬਾਨ ਦੀ ਤਰਾਂ ਅਗਲਾ ਗੁਰੂ ਨਹੀਂ ਬਿਰਾਜਮਾਨ ਕਰ ਗਏ। ਸਾਹਿਬਾਂ ਦੇ ਪਿਛੋਂ ਕਿਸ ਨੂੰ ਸਤਿਗੁਰੂ ਮੰਨਿਆਂ ਜਾਵੇਗਾ ? ਐਸੇ ਭਰਮ ਨੂੰ ਦੂਰ ਕਰਨ ਵਾਸਤੇ ਇਕ ਮਸੰਦ ਨੇ ਦੋਵੇਂ ਹੱਥ ਜੋੜ ਕੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ—'ਹੇ ਦਾਤਾ ! ਅਗੇ ਗੁਰੂ ਜੀ ਕੌਣ ਹੋਵੇਗਾ ?'

ਸਤਿਗੁਰੂ ਜੀ ਨੇ ਸਹਿਜ ਸੁਭਾ ਉੱਤਰ ਦਿਤਾ—'ਬਾਬਾ ਬਕਾਲੇ' ਇਨ੍ਹਾਂਆਖ ਕੇ ਸਾਹਿਬ ਸ਼ਾਂਤ ਚਿੱਤ ਰਹੇ।

ਵਾਹਿਗੁਰੂ ਦਾ ਭਾਣਾ ਹਰ ਇਕ ਨੂੰ ਮੰਨਣਾ ਪੈਂਦਾ ਹੈ। ਭਾਣੇ ਅੰਦਰ ਸਾਰਾ ਸੰਸਾਰ ਹੈ। ਰਾਤ ਪਈ, ਜਦੋਂ ਰਾਤ ਡੇਢ ਪਹਿਰ ਰਹਿ ਗਈ ਤਾਂ ਸਤਿਗੁਰੂ ਜੀ ਦੀ ਨਿਰਮਲ ਆਤਮਾ ਨੇ ਪੰਜ ਭੌਤਿਕ ਸਰੀਰ ਦਾ ਤਿਆਗ ਕਰ ਦਿਤਾ। ਜਦੋਂ ਆਤਮਾਂ ਅਰਸ਼ਾਂ (ਬ੍ਰਹਮ ਲੋਕ) ਨੂੰ ਗਈ ਤਾਂ ਅਰਸ਼ਾਂ ਵਿਚ ਬਹੁਤ ਤੇਜ ਪ੍ਰਕਾਸ਼ ਹੋਇਆ ਐਸਾ ਪ੍ਰਕਾਸ਼ ਕਿ ਜਿਸ ਨੂੰ ਰਾਤ ਸਮੇਂ ਕਿਸੇ ਨੇ ਕਦੀ ਨਹੀਂ ਸੀ ਦੇਖਿਆ।

ਅਗਲੇ ਦਿਨ ਸੂਰਜ ਚੜ੍ਹਿਆ। ਓਹਦਾ ਚੇਹਰਾ ਲਾਲ ਨਹੀਂ ਸੀ ਸਗੋਂ ਉਦਾਸ ਪੀਲਾ ਸੀ। ਪ੍ਰੇਮੀ ਜਨ ਹੰਝੂ ਵਹਾ ਰਹੇ ਸਨ। ਸਤਿਗੁਰੂ ਜੀ ਦੇ ਵਿਛੋੜੇ ਨੂੰ ਅਨਭਵ ਕਰਦੇ ਹੋਏ ਮਸੰਦ ਤੇ ਸਿਖ ਇਸ ਤਰਾਂ ਵਿਆਕੁਲ ਸਨ ਜਿਵੇਂ ਮਛਲੀ ਨੀਰ ਤੋਂ ਵਿਛੜ ਕੇ ਵਿਆਕੁਲ ਹੁੰਦੀ ਹੈ। ਮਾਤਾ ਕ੍ਰਿਸ਼ਨ ਕੌਰ ਜੀ ਬਹੁਤੇ ਵਿਆਕੁਲ ਸਨ। ਚੰਦਨ ਦੀ ਚਿਖਾ ਚਿਣਕੇ ਸਤਿਗੁਰੂ ਜੀ ਦੇ ਸਰੀਰਕ ਚੋਲੇ ਦਾ ਦਾਹ ਸੰਸਕਾਰ ਗੁਰ ਮਰਯਾਦਾ ਅਨੁਸਾਰ ਕੀਤਾ ਗਿਆ। ਸਾਹਿਬਾਂ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਚੇਤਰ ਸੁਦੀ ੧੪ ਸੰਮਤ ੧੭੨੧ ਬਿ: ਸੀ।

ਸਤਿਗੁਰੂ ਜੀ ਬਚਪਨ ਵਿਚ ਬਹੁਤ ਉਦਾਰ ਚਿਤ, ਸੰਤ ਸੁਭਾਵ, ਮਿਠ ਬੋਲੜੇ ਅਤੇ ਪ੍ਰਤਾਪੀ ਪੂਰਨ ਅਵਤਾਰ ਸਨ। ਆਪ ੧੭੧੩ ਬਿ: ਸੌਣ ਵਦੀ ੧੦ ਨੂੰ ਪ੍ਰਗਟੇ ਤੇ ੫ ਸਾਲ ਤੇ ਦੋ ਮਹੀਨੇ ੧੬ ਦਿਨ ਦੇ ਸਨ ਜਦੋਂ ਗੁਰੂ—ਗੱਦੀ ਉਤੇ ਬਿਰਾਜਮਾਨ ਹੋਏ। ਦੋ ਸਾਲ ਤੇ ਦੋ ਦਿਨ ਗੁਰਿਆਈ ਕੀਤੀ। ਸਾਰੀ ਆਯੂ ੭ ਸਾਲ ੮ ਮਹੀਨੇ ਤੇ ੧੯ ਦਿਨ ਬਤੀਤ ਕਰਕੇ ਜੋਤੀ ਜੋਤ ਸਮਾਏ।

ਸਤਿਗੁਰੂ ਜੀ ਦੀ ਅਮਰ ਯਾਦ ਦੇ ਦੋ ਗੁਰਦੁਆਰੇ ਅਜੇ ਤਕ ਕਾਇਮ

ਹਨ। ਇਕ ਗੁਰਦੁਵਾਰਾ 'ਬਾਲਾ ਸਾਹਿਬ' ਜਿਥੇ ਸਾਹਿਬਾਂ ਦੀ ਦੇਰ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ ਤੇ ਦੂਸਰਾ ਗੁਰਦੁਵਾਰਾ 'ਬੰਗਲਾ ਸਾਹਿਬ' ਹੈ ਜਿਥੇ ਸਾਹਿਬ ਰਹੇ ਤੇ ਸੰਗਤਾਂ ਨੂੰ ਉਪਦੇਸ਼ ਕਰਦੇ ਰਹੇ ਸਨ।

ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਸਾਰੇ ਸਿੱਖ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਵਾਪਸ ਕੀਰਤਪੁਰ ਆ ਗਏ ਜਿਥੇ ਆਪਨੇ ਸਾਰਾ ਜੀਵਨ ਬਤੀਤ ਕੀਤਾ।

ਗੁਰੂ ਹਰਿ ਕ੍ਰਿਸ਼ਨ ਅਠਵੇਂ ਮਹਲ, ਹਰਿ ਸਮ ਸੁੰਦਰ ਰੂਪ।
ਸਭੇ ਪੁੰਨ ਅਸੰਸ ਵੈ ਰਵਿ ਸਮ ਤੇਜ ਅਨੂਪ।

ੴ ਸਤਿਗੁਰਪ੍ਰਸਾਦਿ ॥

ਸ੍ਰੀ ਗੁਰੂ

ਤੇਗ ਬਹਾਦਰ ਸਾਹਿਬ

(੧੬੨੧ ਈਸਵੀ ਤੋਂ ੧੬੭੫ ਈਸਵੀ ਤਕ)

ਦੋਹਿਰਾ–ਤੇਗ ਬਹਾਦੁਰ ਸਦਨ-ਸੁਖ, ਸੰਕਟ–ਸਮਨ ਸਹਾਇ ॥
ਸੁਨੋ ਸੁਖਦ ਸਾਨੀ ਸੁਧਾ, ਸਰ ਸਿਜਿ ਸੀਸ ਨਜਾਇ ॥

= = = = = = = =

ਤ੍ਰਿਭੰਗੀ ਛੰਦ–

ਆਪ ਦੋਖਨ ਭੂਰਨ, ਦੈਕਰ ਚੂਰਨ, ਕਰ ਹੈ ਚਰਿਨ ਮਦਨ ਕਦਨ ॥
ਸਿਵ, ਬਿਧਿ, ਸੇਨਾਨੀ, ਪੂਜ ਭਵਾਨੀ, ਬਿਨ ਅਭਿਮਾਨੀ ਗੁਨਹਿ ਸਦਨ ॥
ਬਿਨ ਘਨ ਨਭ ਨਿਰਮਲ ਸੇ ਗਨ ਅਘ ਦਲ, ਦੇਵੈ ਸੁਭ ਫਲ ਰਮ ਕਰਦਨ ॥
ਗੁਰੁ ਤੇਗ ਬਹਾਦਰ, ਦਿਖ ਦੂਰ ਕਾਦਰ, ਸੇਵੈ ਸਾਦਰ, ਬਜਾਲ–ਬਚਨ ॥
(ਗੁਰ ਪ੍ਰਣਾਲੀਆਂ)

੧. ਅਵਤਾਰ ਧਾਰਨਾ ਤੇ ਬਚਪਨ

(ਸ੍ਰੀ ਗੁਰੂ) ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਸਨ। ਆਪ ਦਾ ਜਨਮ ਮਾਤਾ ਨਾਨਕੀ ਜੀ ਦੀ ਕੁਖੋਂ ੧੯ ਮਘਰਸੁ: ੨ ਸੰਮਤ ੧੬੭੮ ਬਿ: ਨੂੰ ਸ੍ਰੀ ਅੰਮ੍ਰਿਤਸਰ ਜੀ ਹੋਇਆ। ਜਦੋਂ ਆਪ ਨੇ ਅਵਤਾਰ ਧਾਰਿਆ ਤਦੋਂ ਸ਼ਾਹਜਹਾਨ ਦਾ ਰਾਜ ਸੀ। ਸ਼ਾਹਜਹਾਨ ਹਿੰਦੂ ਧਰਮ ਦਾ ਵੈਰੀ ਬਣ ਚੁਕਾ ਸੀ ਤੇ ਭਾਰਤ ਦੀ ਕਲਚਰ (ਸਭਿਅਤਾ) ਨੂੰ ਨਸ਼ਟ ਕਰ ਰਿਹਾ ਸੀ।

(ਸਤਿਗੁਰੂ) ਤੇਗ ਬਹਾਦਰ ਜੀ ਬਚਪਨ ਵਿਚ ਸਾਧੂ ਸੁਭਾ ਸਨ। ਸੰਤਾਂ ਵਾਂਗ ਚੌਂਕੜਾ ਮਾਰਕੇ ਬੈਠੇ ਰਹਿੰਦੇ ਤੇ ਭਜਨ ਕਰਦੇ ਰਹਿੰਦੇ ਸਨ। ਹਾਣੀ ਲੜਕਿਆਂ ਨਾਲ ਬਹੁਤ ਘਟ ਖੇਡਦੇ, ਕਿਸੇ ਨਾਲ ਗੁਸੇ ਨਾ ਹੁੰਦੇ ਤੇ ਨਾ ਮੱਥੇ ਵਟ ਪਾਉਂਦੇ। ਇਕਾਂਤ ਜੀਵਨ ਨੂੰ ਪਸੰਦ ਕਰਦੇ ਸਨ।

ਇਕ ਦਿਨ ਛੇਵੇਂ ਪਾਤਸ਼ਾਹ ਸਹਿਜ ਸੁਭਾ ਬੈਠੇ ਹੋਏ ਬਚਨ ਬਿਲਾਸ ਕਰ ਰਹੇ ਸਨ ਕਿ ਸਾਹਿਬਜ਼ਾਦੇ ਤੇਗ ਬਹਾਦਰ ਜੀ ਖਿੜੇ ਮੱਥੇ, ਨਿੱਕੇ ਨਿੱਕੇ ਚਰਨਾਂ ਨਾਲ ਛੋਟੇ ਛੋਟੇ ਕਦਮ ਪੁਟਦੇ ਹੋਏ ਸਤਿਗੁਰੂ (ਛੇਵੇਂ ਪਾਤਸ਼ਾਹ) ਜੀ ਦੇ ਪਾਸ ਪੁਜ ਗਏ। ਸਾਹਿਬਾਂ ਨੇ ਆਪ ਨੂੰ ਚੁਕ ਲਿਆ ਤੇ ਬਚਨ ਕੀਤਾ—"ਸਤਿਗੁਰੂ ਨਾਨਕ ਜੀ ਦੀਆਂ ਰੱਖਾਂ ਮੇਰਾ ਲਾਲ ਇਕ ਵੱਡਾ ਸੰਤ, ਗੁਰਮੁਖ, ਬ੍ਰਹਮ ਗਿਆਨੀ ਤੇ ਹਿੰਦੂ ਧਰਮ ਦੀ ਰਾਖੀ ਕਰਨ ਵਾਲਾ ਵੱਡਾ ਬਲੀ ਜੋਧਾ ਹੋਵੇਗਾ। ਆਪਣੇ ਆਪ ਦੀ ਬਲੀ ਦੇਕੇ ਹਿੰਦੂ ਧਰਮ ਦੀ ਰਾਖੀ ਕਰੇਗਾ !ਮੁਗ਼ਲ ਰਾਜ ਦੀਆਂ ਜੜ੍ਹਾਂ ਪੋਲੀਆਂ ਹੋ ਜਾਣਗੀਆਂ। ਆਪਣੇ ਬਾਬੇ (ਸਤਿਗੁਰੂ ਅਰਜਨ ਦੇਵ ਜੀ ਮਹਾਰਾਜ) ਵਾਂਗ ਪੰਜ-ਭੌਤਿਕ ਸਰੀਰ ਉਤੇ ਅਨੇਕਾਂ ਪ੍ਰਕਾਰ ਦੇ ਕਸ਼ਟ ਝਲੇਗਾ।'

ਸਤਿਗੁਰੂ (ਤੇਗ ਬਹਾਦਰ)ਜੀ ਦਾ ਬਚਪਨ ਸ੍ਰੀ ਅੰਮ੍ਰਿਤਸਰ,ਗੋਇੰਦਵਾਲ, ਕਰਤਾਰਪੁਰ ਤੇ ਬਾਬੇ ਬਕਾਲੇ ਨਗਰ ਵਿਤ ਬੀਤਿਆ। ਆਪਦੇ ਅਵਤਾਰ ਧਾਰਨ ਪਿੱਛੋਂ ਛੇਵੇਂ ਪਾਤਸ਼ਾਹ ਜੀ ਨੂੰ ਮੁਗਲ ਸੈਨਾ ਨਾਲ ਜੁਧ ਕਰਨੇ ਪਏ ਅਤੇ ਪੰਜਾਬ ਵਿਚ ਫਿਰਕੇ ਗੁਰਮਤ ਦਾ ਪ੍ਰਚਾਰ ਵੀ ਕਰਨਾ ਪਿਆ ਸੀ, ਪਰ ਮਹਿਲ ਮਾਤਾ ਨਾਨਕੀ ਜੀ ਸਤਿਗੁਰੂ ਜੀ ਦੇ ਨਾਲ ਬਾਹਰ ਨਹੀਂ ਸਨ ਵਿਚਰਦੇ ਰਹੇ। ਮਾਤਾ ਜੀ

ਨੇ ਸਾਹਿਬਜ਼ਾਦੇ ਦਾ ਪਾਲਨ ਪੋਸ਼ਨ ਬਹੁਤ ਲਾਡ–ਪ੍ਰੇਮ ਤੇ ਧਿਆਨ ਨਾਲ ਕੀਤਾ ਸੀ, ਗੁਰਮੁਖੀ ਅੱਖਰ ਪੜ੍ਹਾਉਣ ਦੇ ਨਾਲ ਗੁਰਬਾਣੀ ਦਾ ਪਾਠ ਵੀ ਕਰਾਇਆ ਸੀ ਕਿਉਂਕਿ ਸਾਹਿਬ ਜਨਮ ਤੋਂ ਹੀ ਵੈਰਾਗ ਮਈ ਸੁਭਾ ਦੇ ਸਨ ਇਸ ਵਾਸਤੇ ਆਪ ਸਤਿਗੁਰਾਂ ਦੀ ਬਾਣੀ ਨੂੰ ਬਹੁਤ ਸ਼ਰਧਾ ਪ੍ਰੇਮ ਤੇ ਰਸਦਾਇਕ ਲੈ ਵਿਚ ਪੜ੍ਹਦੇ ਸਨ।

੨. ਸਤਿਗੁਰੂ ਜੀ ਦਾ ਵਿਆਹ

ਉਸ ਸਮੇਂ ਦੇ ਸਮਾਜ ਦਾ ਰਵਾਜ ਸੀ ਕਿ ਅਮੀਰਾਂ, ਰਾਜਿਆਂ, ਗੁਰੂ ਸਾਹਿਬਾਂ ਤੇ ਵਿਦਵਾਨਾਂ ਦੇ ਧੀਆਂ ਪੁਤ੍ਰ ਛੋਟੀ ਉਮਰ ਵਿਚ ਹੀ ਵਿਆਹੇ ਜਾਂਦੇ ਸਨ। ਕੰਨਿਆਂ ਨੂੰ ਛੋਟੀ ਉਮਰ ਵਿਚ ਵਿਆਉਣ ਦਾ ਫਲ ਚੰਗਾ ਸਮਝਿਆ ਜਾਂਦਾ ਸੀ, ਉਸ ਰਵਾਜ ਤੋਂ ਸਤਿਗੁਰੂ ਜੀਵੀ ਨਾ ਬਚ ਸਕੇ ਕਿਉਂਕਿ ਆਪ ਸਮਾਜ ਵਿਚ ਰਹਿੰਦੇ ਤੇ ਜੀਊਂਦੇ ਸਨ। ਸਤਿਗੁਰੂ ਸਾਹਿਬਾ ਨੇ ਜੋਗੀਆਂ, ਸਾਧੂਆਂ ਤੇ ਸੰਨਿਆਸੀਆਂ ਵਾਂਗ ਨਾ ਗ੍ਰਹਿਸਤ ਦਾ ਤਿਆਗ ਕੀਤਾ ਸੀ ਤੇ ਨਾ ਭਾਈਚਾਰੇ ਸਮਾਜ ਦਾ। ਆਪ ਜਲ ਰੂਪ ਜਗਤ ਵਿਚ ਰਹਿੰਦੇ ਹੋਕੇ ਕੰਵਲ ਫੂਲ ਵਾਂਗ ਨਿਰਲੇਪ ਸਨ।

ਮਾਤਾ ਨਾਨਕੀ ਜੀ, ਸਿੱਖਾਂ ਸੇਵਕਾਂ ਤੇ ਸਬੰਧੀਆਂ ਦੇ ਕਹਿਣ ਤੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਾਹਿਬਜ਼ਾਦੇ (ਤੇਗ ਬਹਾਦਰ) ਜੀ ਦਾ ਵਿਆਹ ੧੫ ਅਸੂ ਸੰਮਤ ੧੬੮੬ ਬਿ: ਵਿਚ ਕਰਤਾਰਪੁਰ ਦੇ ਖਤ੍ਰੀ ਲਾਲ ਚੰਦ ਜੀ ਦੀ ਸਪੁਤ੍ਰੀ ਗੂਜਰੀ ਜੀ ਨਾਲ ਕਰ ਦਿੱਤਾ। ਇਹ ਵਿਆਹ ਬਹੁਤ ਧੂਮ-ਧਾਮ ਨਾਲ ਹੋਇਆ।

ਵਿਆਹ ਦੇ ਪਿੱਛੋਂ ਸਾਹਿਬਜ਼ਾਦੇ ਦੇ ਸੰਤ ਸੁਭਾ ਤੇ ਭਗਤੀ ਵਿਚਾਰ ਵਿਚ ਕੋਈ ਫਰਕ ਨਹੀਂ ਆਇਆ ਸੀ, ਆਪ ਸਦਾ ਨਿਤਨੇਮ ਵਿਚ ਰਝੇ ਰਹਿੰਦ। ਸਵੇਰੇ ਸ਼ਾਮ ਨੂੰ ਤੇ ਦੁਪਹਿਰੇ ਸਮਾਧੀ ਲਾਕੇ ਬੈਠੇ ਰਹਿੰਦੇ।

ਛੇਵੇਂ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਧੀਰਮਲ ਨੇ ਜਦੋਂ ਗੁਰਿਆਈ ਪ੍ਰਾਪਤ ਕਰਨ ਖਾਤਰ ਗੁਰੂ ਘਰ ਦੀ ਵਿਰੋਧਤਾ ਕਰਨੀ

ਸ਼ੁਰੂ ਕਰ ਦਿੱਤੀ ਤਾਂ ਮਾਤਾ ਨਾਨਕੀ ਜੀ ਸਾਹਿਬਜ਼ਾਦੇ ਨੂੰ ਨਾਲ ਲੈਕੇ 'ਬਕਾਲੇ' ਨਗਰ ਵਿੱਚ ਆਪਣੇ ਪੇਕੇ ਜਾ ਰਹੇ, ਓਥੇ ਆਪ ਸੰਤਾਂ ਵਾਂਗ ਜੀਵਨ ਬਤੀਤ ਕਰਦੇ ਰਹੇ। ਸੰਮਤ ੧੭੨੧ ਬਿ: ਤਕ ਆਪ ਓਥੇ ਰਹੇ ਜਦੋਂ ਕਿ ਆਪ ਦੀ ਆਯੂ ੪੩ ਸਾਲ ਦੀ ਹੋ ਗਈ। ਜੁਵਾਨੀ ਦੇ ਸੁਨਹਿਰੀ ਦਿਨ ਆਪ ਨੇ ਭਗਤੀ ਤੇ ਨਾਮ ਸਿਮਰਨ ਵਿਚ ਬਤੀਤ ਕੀਤੇ। ਆਪ ਨੇ ਇਕ ਨੀਵੇਂ ਕੋਠੇ ਵਿੱਚ ਆਸਣ ਲਾਇਆ ਹੋਇਆ ਸੀ। ਚਵੀ ਘੰਟੇ ਓਥੇ ਸਮਾਧੀ ਲਾਕੇ ਬੈਠੇ ਰਹਿੰਦੇ ਸਨ ਸਵੇਰੇ ਤੇ ਸ਼ਾਮ ਨੂੰ ਜੰਗਲ-ਪਾਣੀ ਵਾਸਤੇ ਬਾਹਰ ਜਾਂਦੇ। ਕਿਸੇ ਨਾਲ ਵਧ ਘਟ ਸ਼ਬਦ ਨਾ ਬੋਲਦੇ। ਬਸ ਹਰ ਸੁਵਾਸ ਸੁਵਾਸ ਨਾਲ 'ਵਾਹਿਗੁਰੂ ! ਸਤਿਨਾਮ ਵਾਹਿਗੁਰੂ !' ਦਾ ਜਾਪ ਜਪਦੇ ਰਹਿੰਦੇ ਸਨ। ਆਪਣੀ ਰਚਨਾ ਦਾ ਇਕ ਸ਼ਬਦ ਆਪ ਪੜ੍ਹਦੇ ਰਹਿੰਦੇ:—

> ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾਤੇ ਅਹਿਨਿਸਿ ਭਾਗਉ॥੧॥ਰਹਾਉ ॥ ਸੁਖੁ ਦੁਖੁ ਦੋਨੋਂ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤ ਪਛਾਨਾ ॥੧॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂ ਗੁਰਮੁਖਿ ਜਾਨਾ ॥ (ਗਉੜੀ ਮਃ ੯)

੩. ਬਾਬੇ ਬਕਾਲੇ ਵਿੱਚ ਬਾਈ ਝੂਠੇ ਗੁਰੂ

ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਜਦੋਂ ਜੋਤੀ ਜੋਤ ਸਮਾਉਣ ਲੱਗੇ ਤਾਂ ਉਹਨਾਂ ਨੇ ਬਚਨ ਕੀਤਾ—'ਬਾਬੇ ਬਕਾਲੇ'। ਇਹ ਬਚਨ ਸਾਰੀ ਸੰਗਤ ਦੇ ਕੰਨਾਂ ਤਕ ਪੁਜ ਗਿਆ। ਉਸ ਸਮੇਂ ਸਤਿਗੁਰੂ ਤੋਂ ਬਿਨਾਂ ਸਿੱਖ ਸੰਗਤ ਤੇ ਲੋਕਾਈ ਵਿਆ-ਕੁਲ ਹੋ ਜਾਂਦੀ ਸੀ। ਕਈ ਜੀਊੜੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਬਿਨਾ ਅੰਨ-ਜਲ ਨੂੰ ਮੂੰਹ ਨਹੀਂ ਸਨ ਲਾਉਂਦੇ।ਸਤਿਗੁਰੂ ਜੀ ਦੇ ਦਿਲੀ ਵਿਚ ਜੋਤੀ ਜੋਤਸਮਾਉਣ ਪਿਛੋਂ ਸੰਗਤ ਦਿਲੀਓਂ ਵਾਪਸ ਪੰਜਾਬ ਨੂੰ ਆ ਗਈ। ਬਹੁਤ ਸਾਰੇ ਪ੍ਰੇਮੀ ਸਿੱਖ ਗੁਰ ਧਾਮਾਂ ਦੇ ਦਰਸ਼ਨ ਦੀਦਾਰੇ ਕਰਦੇ ਹੋਏ ਸਚੇ ਸਤਿਗੁਰੂ ਦੀ ਟੋਲ ਕਰਨ ਲੱਗੇ। ਪਹਿਲੇ ਸਤਿਗੁਰਾਂ ਦੀਆਂ ਨਿਸ਼ਾਨੀਆਂ ਨੂੰ ਪੂਜਣ ਲੱਗੇ। ਬਿਨਾਂ ਸਤਿਗੁਰੂ ਜੀ ਦੇ ਵਿਆਕੁਲ ਹੋਈ ਲੋਕਾਈ ਏਧਰ ਓਧਰ ਫਿਰ ਰਹੀ ਸੀ। ਬਗਲੇ ਭਗਤ, ਪਖੰਡੀ

ਗੁਰੂ ਤੇ ਲਾਲਚੀ ਠੱਗ ਤਾਂ ਬੇਅੰਤ ਮਿਲਦੇ ਸਨ, ਪਰ ਦਿਲ ਦੇ ਦੁਖਾਂ ਨੂੰ ਅਨਭਵ ਕਰਨ ਤੇ ਭਵਸਾਗਰ ਤੋਂ ਪਾਰ ਕਰਨ ਵਾਲਾ ਕੋਈ ਨਹੀਂ ਸੀ।

ਪਹਿਲੇ ਅੱਠਾਂ ਸਤਿਗੁਰੂ ਸਾਹਿਬਾਂ ਦਾ ਪ੍ਰਤਾਪ ਬਹੁਤ ਸੀ। ਸੋਨਾ, ਚਾਂਦੀ, ਹੀਰੇ ਮੋਤੀ ਤੇ ਪਦਾਰਥ ਅਤੇ ਸੇਵਕ ਉਹਨਾਂ ਦੇ ਚਰਨਾਂ ਵਿਚ ਰਹਿੰਦੇ ਸਨ। ਇਹ ਦੇਖਕੇ ਲਾਲਚੀ ਪੁਰਖ ਗੁਰੂ ਘਰ ਨਾਲ ਈਰਖਾ ਕਰਦੇ ਸਨ। ਉਹ ਵੀ ਚਾਹੁੰਦੇ ਸਨ ਉਹਨਾਂ ਕੋਲ ਬਹੁ ਮੁਲੇ ਪਦਾਰਥ ਆਉਣ ਤੇ ਉਹਨਾਂ ਦੀ ਪੂਜਾ ਹੋਵੇ। ਜਦੋਂ ਪਤਾ ਲੱਗਾ ਕਿ ਅਠਵੇਂ ਪਾਤਸ਼ਾਹ ਗੁਰਿਆਈ ਤਿਲਕ ਕਿਸੇ ਨੂੰ ਨਹੀਂ ਦੇ ਗਏ ਤੇ ਜਾਂਦੇ ਹੋਏ ਸਿਰਫ ਏਹੋ ਆਖ ਗਏ ਹਨ, 'ਬਾਬਾ ਬਕਾਲੇ' ਤਾਂ ਸੋਢੀ ਤੇ ਬੇਦੀ ਝੱਟ ਆਪੋ ਆਪਣੇ ਪਿੰਡਾਂ ਦੇ ਘਰਾਂ ਨੂੰ ਛਡਕੇ 'ਬਕਾਲੇ' ਆ ਪੁਜੇ। ਬਾਈ ਮੰਜੀਆਂ ਡਹਿ ਗਈਆਂ। ਸਿਖ ਸੰਗਤ ਇਕ ਗੁਰੂ ਨੂੰ ਭਾਲਦੀ ਸੀ, ਏਥੇ ਬਾਈ ਗੁਰੂ ਆ ਬੈਠੇ। ਆਪਣੇ ਆਪ ਨੂੰ ਗੁਰੂ ਪ੍ਰਗਟ ਕਰਨ ਵਾਸਤੇ ਉਹਨਾਂ ਨੇ ਅਨਕਾਂ ਪ੍ਰਕਾਰ ਦੇ ਪਖੰਡ ਕਰਨੇ ਆਰੰਭ ਕਰ ਦਿਤੇ। ਕਈਆਂ ਨੇ ਮਸੰਦ ਰਖ ਲਏ। ਜੋ ਪੁਰਾਣੇ ਗੁਰੂ ਘਰ ਦੇ ਮਸੰਦ ਸਨ, ਉਹਨਾਂ ਨੂੰ ਆਪਣੇ ਵਲ ਖਿਚਣ ਵਾਸਤੇ ਲਾਲਚ ਦੇਣੇ ਸ਼ੁਰੂ ਕੀਤੇ। ਕਿਉਂਕਿ ਇਲਾਕਿਆਂ ਵਿਚੋਂ ਸੰਗਤ ਨੂੰ ਮਸੰਦ ਹੀ ਲਿਆਉਂਦੇ ਤੇ ਸਤਿਗੁਰੂ ਜੀ ਦੇ ਚਰਨੀਂ ਪਵਾਉਂਦੇ ਸਨ। ਭੋਲੀ ਭਾਲੀ ਸੰਗਤ ਮਸੰਦ ਦੇ ਆਖੇ ਲਗਦੀ ਤੇ ਮਸੰਦ ਨੂੰ ਸਤਿਗੁਰੂ ਤੋਂ ਹੇਠਾਂ ਦੂਸਰ ਦਰਜੇ ਦਾ ਸਤਕਾਰ ਯੋਗ ਪੁਰਖ ਸਮਝਦੀ ਸੀ।

ਨਿਰਾਲੀ ਦਸ਼ਾ ਸੀ ਪਖੰਡੀ ਗੁਰੂਆਂ ਦੀ। ਉਹ ਪਰ ਆਉਂਦੇ ਜਾਂਦੇ ਮਾਈ ਭਾਈ ਵਲ ਨਾਹਰੀ ਅੱਖ ਦੇਖਦੇ। ਚੌਂਕੜੇ ਮਾਰਦੇ, ਅੱਖਾਂ ਬੰਦ ਕਰਕੇ ਬੈਠਦੇ, ਝੂਠ ਮੂਠ ਸਮਾਧੀ ਲਾਉਂਦੇ, ਕਈ ਵਾਰ ਸ਼ਬਦ ਚੌਂਕੀ ਕਰਦੇ ਤੇ ਰਬਾਬੀਆਂ ਨੂੰ ਸਨਮੁਖ ਬੈਠਾ ਕੇ ਕੀਰਤਨ ਕਰਾਉਂਦੇ। ਨਵੀਂ ਤੋਂ ਨਵੀਂ ਤੇ ਕੀਮਤੀ ਪਸ਼ਾਕ ਪਹਿਨਦੇ। ਲੱਡੂ, ਮਠਿਆਈ, ਪਤਾਸੇ ਅਤੇ ਲੌਂਗ ਲਾਚੀਆਂ ਆਦਿਕ ਆਪ ਲੋਕਾਂ ਵਿਚ ਵੰਡਦੇ ਕਿ ਕਿਵੇਂ ਲੋਕ ਉਹਨਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਦੀ ਜੋਤ ਸਤਿ-ਗੁਰੂ ਮੰਨ ਲੈਣ। ਉਹਨਾਂ ਝੂਠਿਆਂ ਦੇ ਮਸੰਦ ਵੀ ਝੂਠ ਤੇ ਚਲਾਕ ਸਨ। ਉਹ ਜਾਲ ਤਾਣਦੇ ਅਤੇ ਗੱਲਾਂ ਨਾਲ ਭੋਲੇ ਭਾਲੇ ਸਿਖਾਂ ਨੂੰ ਭਰਮਾਉਂਦੇ। ਉਹਨਾਂ ਨੂੰ ਹਿੱਸਾ ਪਤੀ ਮਿਲਦੀ ਸੀ।

ਧੀਰ ਮਲ ਨੂੰ ਵੀ ਸੁਨਿਹਰੀ ਮੌਕਾ ਮਿਲ ਗਿਆ, ਗੁਰੂ ਬਣਨ ਦਾ। ਉਹ ਵੀ ਕਰਤਾਰ ਪੁਰੋਂ ਚਲਕੇ ਬਕਾਲੇ ਆ ਪੁੱਜਾ। ਉਸਦੇ ਕੋਲ ਮਸੰਦ, ਘੋੜੇ, ਤੰਬੂ ਤੇ ਲੀੜੇ,ਕਪੜੇ ਬਹੁਤੇ ਸਨ ਕਿਉਂਕਿ ਸਤਿਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਉਨ੍ਹਾਂ ਨੂੰ ਬਹੁਤ ਸਾਰਾ ਧਨ-ਪਦਾਰਥ ਹੱਥ ਲੱਗਾ ਸੀ, ਉਸ ਨੇ ਬਕਾਲੇ ਵਿਚ ਪੁੱਜ ਕੇ ਧਰਤੀ ਪੁਟਣੀ ਸ਼ੁਰੂ ਕੀਤੀ। ਉਹ ਤਾਂ ਫਨੀਅਰ ਨਾਗ ਵਾਂਗ ਫੁਨਕਾਰੇ ਮਾਰਦਾ ਹੋਇਆ ਬਾਕੀ ਦੇ ਗੁਰੂਆਂ ਨੂੰ ਡਰਾਉਣ ਲੱਗਾ। "ਮੈਂ ਗੁਰੂ ਹਾਂ, ਗੁਰਿਆਈ ਦਾ ਹੱਕ ਮੇਰਾ ਹੈ।" ਉਸਦਾ ਨਾਹਰਾ-ਹੱਕ ਸੀ। 'ਸਭ ਬਕਾਲੇ ਵਿਚੋਂ ਚਲੇ ਜਾਵੋ ਨਹੀਂ ਤੇ ਮੈਂ ਬੁਰੀ ਕਰਾਂਗਾ।" ਉਸਦੀ ਧਮਕੀ ਸੀ, ਸੋਢੀਆਂ ਤੇ ਬੇਦੀਆਂ ਨਾਲ ਉਸਦੀ ਲੜਾਈ ਵੀ ਹੋ ਪਈ। ਦੁਕਾਨਾਂ ਖੂਬ ਸਜਾਈਆਂ ਗਈਆਂ ਪਰ 'ਹਰਿਨਾਮ' ਦਾ ਸੌਦਾ ਕਿਸੇ ਪਾਸ ਨਹੀਂ ਸੀ। ਸਤਿਗੁਰੂ ਨਾਨਕ ਦੇਵ ਜੀ ਵਾਲੀ ਦਾਤ, ਨੌ ਨਿਧ ਤੇ ਬਾਰਾਂ ਸਿਧ ਵਾਲੀ ਕੋਈ ਗੱਲ ਨਹੀਂ ਸੀ ਰਖਦਾ। ਕੋਈ ਘਟ ਘਟ ਦੀ ਜਾਨਣ ਹਾਰ ਨਹੀਂ ਸੀ। ਸੱਚੇ ਸਿੱਖ ਸੱਚੇ ਸਤਿਗੁਰੂ ਦੀ ਭਾਲ ਵਿਚ ਬਕਾਲੇ ਆਉਂਦੇ ਸਨ ਤੇ ਨਿਰਾਸ ਤੁਰ ਜਾਂਦੇ ਸਨ। ਉਹਨਾਂ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਨਹੀਂ ਸਨ ਹੁੰਦੀਆਂ। ਇਸਤਰ੍ਹਾਂ ਵਾਹਵਾ ਦਿਨ ਬੀਤ ਗਏ। ਬਕਾਲਾ ਨਗਰ ਵਿਚ ਹਰ ਰੋਜ਼ ਮੇਲਾ ਲਗਾ ਰਹਿਣ ਲੱਗਾ।

੪. ਮਖਣ ਸ਼ਾਹ ਲਿਬਾਣੇ ਦਾ ਪ੍ਰਸੰਗ

"ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥
ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ॥

ਇਸ ਮਹਾਵਾਕ ਅਨੁਸਾਰ ਜੋ ਸਤਿਗੁਰੂ ਦੀ ਮੰਨਤਾ ਕਰਦੇ ਹਨ, ਜਿਨ੍ਹਾਂ ਸਤਿਗੁਰੂ ਦੀ ਸੇਵਾ ਕੀਤੀ ਹੈ ਉਹ ਸਦਾ ਸੁਖੀ ਹੁੰਦੇ ਹਨ ਤੇ ਉਨ੍ਹਾਂ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਸਤਿਗੁਰੂ ਦੀ ਮੰਨਤ, ਸੇਵਾ ਤੇ ਦਰਸ਼ਨ ਪਾਪੀ ਜੀਵ ਤੇ ਪਾਪਾਂ ਨੂੰ ਨਸ਼ਟ ਕਰਕੇ ਚੌਰਾਸੀ ਦੇ ਸੰਗਲਾਂ ਨੂੰ ਤੋੜਦੇ ਹਨ। ਉਹ ਜੀਵ ਧਨ ਹਨ, ਜਿਨ੍ਹਾਂ ਨੇ ਸਚੇ ਸਤਿਗੁਰੂ ਦੇ ਚਰਨ ਕਮਲਾਂ ਨੂੰ ਪਰਸਿਆ ਹੈ।

ਮੱਖਣ ਸ਼ਾਹ ਲਿਬਾਣਾ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ। ਉਹ ਅਮੀਰ ਸੁਦਾਗਰ ਸੀ। ਸੁਦਾਗਰੀ ਕਰਨ ਵਾਸਤੇ ਦੂਰ ਦੂਰ ਜਾਂਦਾ। ਜਿਵੇਂ

ਸੁਦਾਗਰੀ ਦਾ ਮਾਲ ਘੋੜਿਆਂ, ਖੋਤਿਆਂ ਤੇ ਲੱਦ ਕੇ ਇਕ ਦੂਸਰੇ ਸ਼ਹਿਰ ਲਿਜਾਇਆ ਜਾਂਦਾ ਸੀ ਤਿਵੇਂ ਉਸ ਸਮੇਂ ਬੇੜੀਆਂ ਤੇ ਵਡੇ ਬੇੜਿਆਂ (ਜਹਾਜ਼ਾਂ) ਦਾ ਵੀ ਰਵਾਜ ਸੀ। ਇਹ ਜਹਾਜ਼ ਅਜ ਵਰਗੇ ਨਹੀਂ ਸਨ ਹੁੰਦੇ। ਹਵਾ ਨਾਲ ਚਲਦੇ ਤੇ ਮਲਾਹ ਆਪਣੇ ਬਲ ਨਾਲ ਕਾਬੂ ਵਿਚ ਰਖਦੇ।

ਮਖਨ ਸ਼ਾਹ ਕੋਲ ਬੇੜਾ ਸੀ। ਉਸ ਬੇੜੇ ਵਿਚ ਹਜ਼ਾਰਾਂ ਮਣ ਅਨਾਜ ਤੇ ਹੋਰ ਕੀਮਤੀ ਵਸਤੂਆਂ ਰਖਕੇ ਦੂਸਰੇ ਸ਼ਹਿਰਾਂ ਨੂੰ ਜਾਂਦਾ ਤੇ ਮਾਲ ਵੇਚਕੇ ਲਾਭ ਪ੍ਰਾਪਤ ਕਰਦਾ ਸੀ। ਆਪਣੀ ਕਿਰਤ ਕਮਾਈ ਵਿਚੋਂ ਉਹ ਧਰਮ ਕਾਰਜਾਂ ਤੇ ਵੀ ਰਕਮ ਖਰਚਦਾ ਤੇ ਗਰੀਬਾਂ ਵਾਸਤੇ ਲੰਗਰ ਲਵਾਉਂਦਾ ਸੀ।

ਭਾਣਾ ਕਰਤਾਰ ਦਾ ਇਕ ਦਿਨ ਐਸਾ ਸਬੱਬ ਬਣਿਆ ਕਿ ਉਹਦਾ ਜਹਾਜ਼ ਬਰੇਤੇ ਉਤੇ ਚੜ੍ਹ ਗਿਆ। ਉਹ ਤੁਰਨ ਤੋਂ ਅਸਮਰਥ ਹੋ ਗਿਆ ਮਲਾਹ ਜ਼ੋਰ ਲਾ ਥਕੇ। ਹਵਾ ਦਾ ਰੁਖ ਵੀ ਚੰਗਾ ਸੀ; ਪਰ ਜਹਾਜ਼ (ਬੇੜਾ) ਬਰੇਤੇ ਤੋਂ ਨਾ ਹਿਲਿਆ। ਮਲਾਹ ਲੋਕ ਰਬੀ ਸ਼ਕਤੀਆਂ ਤੇ ਰਬ ਉਤੇ ਬਹੁਤ ਭਰੋਸਾ ਰਖਦੇ ਹਨ। ਉਹ ਹਰ ਖਤਰੇ ਦੀ ਘੜੀ ਵੇਲੇ ਭਗਵਾਨ ਨੂੰ ਯਾਦ ਕਰਦੇ ਹਨ। ਜਦੋਂ ਮਖਣ ਸ਼ਾਹ ਦਾ ਬੇੜਾ ਅੜ ਗਿਆ ਤਾਂ ਉਹਦੇ ਸਾਥੀ ਮਲਾਹਾਂ ਨੇ ਖੁਵਾਜ਼ੇ ਖਿਜ਼ਰ ਤੇ ਹੋਰ ਪੀਰਾਂ ਫਕੀਰਾਂ ਤੇ ਦੇਵੀ ਦੇਵਤਿਆਂ ਦੀਆਂ ਸੁਖਣਾ ਸੁਖੀਆਂ। ਸਭ ਕੁਝ ਕਰਨ ਦੇ ਬਾ-ਵਜੂਦ ਵੀ ਬੇੜਾ ਨਾ ਹਿਲਿਆ। ਆਖਰ ਮੱਖਣ ਸ਼ਾਹ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਦਾ ਧਿਆਨ ਧਰਕੇ ਨਿਰਮਲ ਹਿਰਦੇ ਨਾਲ ਅਰਦਾਸ ਬੇਨਤੀ ਕੀਤੀ। ਉਸ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਨਾਮ ਲੈਕੇ ਕਿਹਾ—'ਹੇ ਦਾਤਾ! ਹੇ ਕ੍ਰਿਪਾਲੂ! ਮੇਰਾ ਬੇੜਾ ਤੁਰ ਪਵੇ ਤੇ ਮੈਂ ਸੋਨੇ ਦੀ ਪੰਜ ਸੌ ਮੋਹਰ ਗੁਰੂ ਘਰ ਦੀ ਸੇਵਾ ਵਾਸਤੇ ਗੁਰ ਚਰਨਾਂ ਤੇ ਭੇਟ ਕਰਾਂਗਾ। ਮੇਰੀਆਂ ਭੁਲਾਂ ਮੈਨੂੰ ਬਖਸ਼ੀਆਂ ਜਾਣ ਮੈਂ ਗਰੀਬ ਸ਼ਰਨ ਆ ਕੇ ਬੇਨਤੀ ਕਰਾਂ।'

ਮੱਖਣ ਸ਼ਾਹ ਦੀ ਬੇਨਤੀ ਕਰਨ ਪਿਛੋਂ ਜਲ ਵਿਚ ਇਕ ਦਮ ਜ਼ੋਰ ਦਾ ਤੂਫਾਨ ਆ ਗਿਆ। ਉਸ ਤੂਫਾਨ ਨਾਲ ਜਲ ਉਚਾ ਹੋਇਆ ਤੇ ਜਹਾਜ਼ (ਬੇੜਾ) ਤੁਰ ਪਿਆ ਤਰਕੇ ਬੇੜਾ ਅਗੇ ਤੁਰਨ ਲਗਾ ਤਾਂ ਸਿਖ ਨੇ ਬਹੁਤ ਖੁਸ਼ੀ ਮਨਾਈ ਤੇ ਸਤਿਗੁਰੂ ਦੀ ਸ਼ਕਤੀ ਦੀ ਉਪਮਾ ਕੀਤੀ।

ਮੱਖਣਸ਼ਾਹ ਜਿਲਾ ਜੇਹਲਮ ਦਾ ਰਹਿਣ ਵਾਲਾ ਸੀ। ਘਰ ਪੁਜਿਆ ਘਰ ਪੁਜਕੇ ਉਸ ਨੇ ਪੰਜ ਸੌ ਸੋਨੇ ਦੀ ਮੋਹਰ ਪਲੇ ਬੰਨ੍ਹੀ, ਪਰਵਾਰ ਨੂੰ ਨਾਲ ਲੈਕੇ ਉਹ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਦੀ ਢੂੰਡ ਕਰਨ ਚੜ੍ਹਿਆ ਉਹ ਸ੍ਰੀ ਅੰਮ੍ਰਿਤਸਰ ਪੁਜਾ। ਸ੍ਰੀ ਅੰਮ੍ਰਿਤਸਰ ਵਿਚ ਰਹਿਣ ਵਾਲੇ ਸਿਖਾਂ ਸੇਵਕਾਂ ਤੋਂ ਪਤਾ ਲੱਗਾ ਕਿ ਸਤਿਗੁਰੂ ਹਰਿ ਕ੍ਰਿਸ਼ਨ ਜੀ ਤਾਂ ਜੋਤੀ ਜੋਤ ਸਮਾ ਗਏ ਹਨ, ਸਤਿਗੁਰਾਂ ਦੇ ਬਚਨਾਂ ਅਨੁਸਾਰ 'ਗੁਰੂ ਬਕਾਲੇ' ਹੈ, ਪਰ ਅਜੇ ਨਾਵੇਂ ਸਤਿਗੁਰੂ ਪ੍ਰਗਟ ਨਹੀਂ ਹੋਏ। ਉਹਨਾਂ ਸਿਖਾਂ ਇਹ ਵੀ ਸਲਾਹ ਦਿਤੀ ਕਿ ਮੱਖਣ ਸ਼ਾਹ, ਬਕਾਲੇ ਨਗਰ ਹੀ ਪੁਜੇ, ਸ਼ਾਇਦ ਸਚੇ ਸਤਿਗੁਰਾਂ ਦੇ ਉਸ ਨੂੰ ਦਰਸ਼ਨ ਹੋ ਜਾਣ। ਸਤਿਗੁਰੂ ਜੀ ਦੇ ਦਰਸ਼ਨਾਂ ਦਾ ਪਿਆਸਾ ਭਾਈ ਮੱਖਣ ਸ਼ਾਹ ਬਕਾਲੇ ਨੂੰ ਤੁਰ ਪਿਆ। ਇੱਕੋ ਮੰਜ਼ਲ ਕਰਕੇ ਉਹ ਬਕਾਲੇ ਪੁੱਜਾ। ਪਿੰਡੋਂ ਬਾਹਰ ਤੰਬੂ ਲਾ ਦਿੱਤੇ। ਜਦੋਂ ਉਸਦੇ ਤੰਬੂ ਲਗਣੇ ਆਰੰਭ ਹੋਏ ਤਾਂ 'ਝੂਠੇ ਗੁਰੂਆਂ' ਦੇ ਮਸੰਦਾਂ ਨੂੰ ਪਤਾ ਲੱਗ ਗਿਆ ਕਿ ਕੋਈ ਅਮੀਰ ਸਿੱਖ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਹੈ। ਬਹੁਤ ਸਾਰਾਧਨਕਾਰ ਭੇਟ ਚੜ੍ਹਾਉਣ ਵਾਸਤੇ ਲਿਆਇਆ ਹੈ।

ਝੂਠੇ ਗੁਰੂਆਂ ਦੇ ਝੂਠੇ ਮਸੰਦ ਮਖਣ ਸ਼ਾਹ ਵਲ ਚਲੇ ਗਏ। ਹਰ ਇਕ ਨੇ ਆਪਣੇ ਗੁਰੂ ਦੀ ਉਪਮਾ ਕੀਤੀ। ਦੂਸਰੇ ਗੁਰੂ ਦੇ ਔਗੁਣ ਪ੍ਰਗਟ ਕੀਤੇ। ਮਖਣ ਸ਼ਾਹ ਇਹ ਕੁਝ ਸੁਣਕੇ ਘਬਰਾ ਗਿਆ। ਉਹ ਸੋਚਾਂ ਵਿਚ ਡੁਬਾ ਕਿ ਏਥੇ ਤਾਂ ੨੨ ਗੁਰੂ ਹਨ, ਉਹ ਕਿਸ ਗੁਰੂ ਨੂੰ ਸੱਚਾ ਤੇ ਉਹਦਾ ਬੇੜਾ ਤਾਰਨ ਵਾਲਾ ਮੰਨੇ? ਗੁਰੂ ਦਰ ਤੋਂ ਨਿਰਾਸ ਮੁੜਨਾ ਵੀ ਔਖਾ ਹੈ। ਅੰਤ ਉਸਨੇ ਸਾਰੇ ਮਸੰਦਾਂ ਨੂੰ ਕਿਹਾ—'ਮੈਂ ਸਾਰੇ ਗੁਰੂਆਂ ਪਾਸ ਜਾਵਾਂਗਾ, ਸਭ ਦਾ ਸਤਿਕਾਰ ਕਰਾਂਗਾ, ਪਰ ਜੋ ਸੱਚਾ ਸਤਿਗੁਰੂ ਹੋਵੇਗਾ ਉਹ ਆਪੇ ਮੇਰੇ ਮਨ ਦੀਆਂ ਬੁਝ ਲਵੇਗਾ ਤੇ ਆਪਣੀ ਪੂਰੀ ਅਮਾਨਤ ਮੇਰੇ ਕੋਲੋਂ ਮੰਗ ਲਵੇਗਾ। ਤੁਸੀਂ ਸਾਰੇ ਜਾਓ ਤੇ ਆਪੋ ਆਪਣੇ ਡੇਰੇ ਬੈਠੋ। ਕਰਤਾਰ ਦਾ ਜੋ ਭਾਣਾ ਹੈ, ਓਹੋ ਹੋ ਕੇ ਰਹੇਗਾ।

ਮਖਣ ਸ਼ਾਹ ਦੇ ਬਚਨਾਂ ਨੂੰ ਸੁਣਕੇ ਮਸੰਦ ਵਾਪਸ ਆ ਗਏ। ਉਹ ਆਪੋ ਆਪਣੇ ਗੁਰੂ ਕੋਲ ਬੈਠਕੇ ਬਹੁਤ ਬੇ-ਸਬਰੀ ਨਾਲ ਮਖਣ ਸ਼ਾਹ ਦੀ ਉਡੀਕ ਕਰਨ ਲੱਗੇ। ਆਖਰ ਮਖਣ ਸ਼ਾਹ ਬਕਾਲੇ ਦੀਆਂ ਗਲੀਆਂ ਵਿਚ ਆ ਗਿਆ। ਉਸਨੇ

ਦੇਖਿਆ ਥਾਂ ਥਾਂ ਮੰਜੀਆਂ ਡਿਠੀਆਂ ਹਨ, ਤੇ ਉਨ੍ਹਾਂ ਉਤੇ ਗੁਰੂ ਬਣਕੇ ਸੋਢੀ ਬੈਠੇ ਹਨ। ਹਰ ਇਕ ਅੱਖਾਂ ਝਮਕ ਰਿਹਾ ਹੈ, ਕੋਈ ਬਗਲੇ ਵਾਂਗ ਸਮਾਧੀ ਲਾਕੇ ਬੈਠਾ ਹੈ। ਮਸੰਦ ਤੇ ਚੇਲੇ ਉਸਤਤ ਕਰਦੇ ਨਹੀਂ ਥੱਕਦੇ।

ਮਖਣ ਸ਼ਾਹ ਨੇ ਹਰ ਇਕ ਸੋਢੀ (ਝੂਠੇ ਗੁਰੂ) ਦੇ ਅਗੇ ਦੋ ਦੋ ਮੋਹਰਾਂ ਰਖਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਜਦ ਯਾਰਵੇਂ ਗੁਰੂ ਕੋਲ ਪੁਜੇ ਤਾਂ ਉਹ ਧੀਰਮਲ ਸੀ। ਉਸਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਪ੍ਰਕਾਸ਼ ਕੀਤਾ ਹੋਇਆ ਸੀ, ਜਿਸਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਤੇ ਸਤਿਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ ਸੀ। ਮਖਣ ਸ਼ਾਹ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ ਤੇ ਪੰਜ ਮੋਹਰਾਂ ਭੇਟਾ ਕਰਕੇ ਮੱਥਾ ਟੇਕਿਆ। ਧੀਰ ਮਲ ਜੋ ਆਪਣੇ ਆਪ ਨੂੰ ਸਤਿਗੁਰੂ ਅਖਵਾਉਂਦਾ ਸੀ ਉਸਨੇ ਵੀ ਮਖਣ ਸ਼ਾਹ ਦੇ ਮਨ ਦੀ ਨਾ ਜਾਣੀ। ਉਸ ਵੀ ਪੰਜ ਸੌ ਮੋਹਰ ਸੁਖਣਾ ਦੀ ਨਾ ਮੰਗੀ। ਮਖਣਸ਼ਾਹ ਨਿਰਾਸ ਹੋਕੇ ਅੱਗੇ ਹੋਇਆ ਤੇ ਰਹਿੰਦੇ ਗੁਰੂਆਂ ਨੂੰ ਵੀ ਮੱਥਾ ਟੇਕ ਗਿਆ। ਮੱਥਾ ਟੇਕਣ ਪਿਛੋਂ ਉਹ ਹੈਰਾਨ ਹੋਇਆ ਕਿ ਕਿਸੇ ਵੀ ਉਸ ਕੋਲੋਂ ਸੁਖਣਾ ਦੀ ਭਾਰੀ ਰਕਮ ਨਹੀਂ ਮੰਗੀ ਕੀ ਬਕਾਲੇ ਵਿਚ ਗੁਰੂ ਕੋਈ ਨਹੀਂ ? ਉਸਨੇ ਇਕ ਨੂੰ ਪੁਛਿਆ—"ਕੀ ਗੁਰੂ ਵੰਸ਼ ਵਿਚੋਂ ਹੋਰ ਹੀ ਕੋਈ ਇਸ ਨਗਰ ਵਿਚ ਵਸਦਾ ਹੈ ?"

"ਆਹੋ ਜੀ! ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਰਹਿੰਦੇ ਹਨ। ਉਨ੍ਹਾਂ ਨੂੰ 'ਤੇਗਾ' 'ਤੇਗਾ' ਆਖਦੇ ਹਨ। ਉਹ ਚੁਪ ਜਿਹੇ ਰਹਿੰਦੇ ਹਨ।" ਮਖਣ ਸ਼ਾਹ ਨੂੰ ਉੱਤਰ ਮਿਲਿਆ।

"ਕੀ ਤੂੰ ਮੈਨੂੰ ਉਨ੍ਹਾਂ ਪਾਸ ਲੈ ਚਲਦਾ ਹੈਂ ?" ਮਖਣ ਸ਼ਾਹ ਨੇ ਨਿੰਮਰਤਾ ਨਾਲ ਬੇਨਤੀ ਕੀਤੀ।

"ਜ਼ਰੂਰ! ਉਸ ਸ਼ਰਧਾਲੂ ਨੇ ਉੱਤਰ ਦਿਤਾ ਤੇ ਅਗੇ ਅਗੇ ਤੁਰ ਪਿਆ। ਉਸਦੇ ਪਿੱਛੇ ਪਿੱਛੇ ਮਖਣ ਸ਼ਾਹ ਤੇ ਉਹਦਾ ਪ੍ਰਵਾਰ ਸੀ ਜੋ ਮਹਾਨ ਮਹਾ ਬ੍ਰਹਮਾ ਦੀ ਸ਼ਕਤੀ ਨੂੰ ਦੇਖਣ ਜਾ ਰਿਹਾ ਸੀ ਜੋ ਸ਼ਕਤੀ ਗੁਪਤ ਰਹਿਣਾ ਚੰਗਾ ਸਮਝਦੀ ਸੀ। ਜੋ ਆਤਮਾ ਭਗਤੀ ਤੇ ਤਪਸਿਆ ਕਰਕੇ ਨਿਰਵੈਰ ਤੇ ਨਿਰਲੇਪ ਹੋ ਚੁਕੀ ਸੀ। ਜਿਸਦੇ ਦਰਸ਼ਨ ਕਰਨ ਤੇ ਜਨਮ ਮਰਨ ਕਟੇ ਜਾਂਦੇ ਸਨ। ਮਖਨ ਸ਼ਾਹ ਕਦੋ ਕਠੇ

ਦੇ ਬੂਹੇ ਅਗੇ ਜਾ ਖਲੋਤਾ, ਅਵਾਜ਼ ਮਾਰੀ:-"ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ। ਗਰੀਬ ਜਿਹਾ ਸਿੱਖ ਹਾਂ। ਕ੍ਰਿਪਾ ਕਰਕੇ ਦਰਸ਼ਨ ਬਖਸ਼ੋ।"

ਮਖਣ ਸ਼ਾਹ ਦੀ ਬੇਨਤੀ ਪਰਵਾਨ ਹੋਈ, ਕੱਚੇ ਕੋਠੇ ਦਾ ਦਰਵਾਜ਼ਾ ਖੁਲ੍ਹਿਆ। ਸਤਿਗੁਰੂ (ਤੇਗ ਬਹਾਦਰ) ਜੀ ਦੇ ਦਰਸ਼ਨ ਕਰਨ ਸਾਰ ਮਖਣ ਸ਼ਾਹ ਦਾ ਹਿਰਦਾ ਸ਼ਾਂਤ ਹੋ ਗਿਆ। ਉਸਨੇ ਦੇਖਿਆ ਕਿ ਲੰਮੇ ਦਾਹੜੇ ਵਾਲਾ ਜੋਗੀ ਬੈਠਾ ਹੈ। ਚਿਤ ਕਰਤਾਰ ਚਰਨਾਂ ਨਾਲ ਜੁੜਿਆ ਹੈ। ਨੈਣ ਅੱਧੇ ਮੁੰਦੇ ਤੇ ਅੱਧੇ ਖੁਲ੍ਹੇ ਹਨ। ਮਨ ਮੋਹਨੀ ਭਗਤੀ ਦੀ ਮੂਰਤੀ ਦੇਖਕੇ ਵੀ ਮਖਣ ਸ਼ਾਹ ਨੂੰ ਭਰੋਸਾ ਨਹੀਂ ਆਇਆ। ਉਸਨੇ ਪੰਜ ਮੋਹਰਾਂ ਅਗੇ ਰਖਕੇ ਮੱਥਾ ਟੇਕ ਦਿੱਤਾ। ਜਦੋਂ ਸਿਰ ਚਰਨਾਂ ਤੋਂ ਉਪਰ ਚੁਕਕੇ ਸਤਿਗੁਰੂ ਜੀ ਦੇ ਚੇਹਰੇ ਵਲ ਤਕਿਆ ਤਾਂ ਹੈਰਾਨ ਹੋਇਆ। ਸਤਿਗੁਰੂ ਜੀ ਮੁਸਕਰਾ ਰਹੇ ਸਨ। ਜੀਵਨ ਦਾਨ ਬਖਸ਼ਣ ਵਾਲੀ ਮੁਸਕਰਾਹਟ ਦੇ ਨਾਲ ਹੀ ਸਾਹਿਬਾਂ ਨੇ ਬਚਨ ਕੀਤਾ-"ਮਖਣ ਸ਼ਾਹ! ਪੰਜ ਸੌ ਮੋਹਰ ਸੁਖਣਾ ਸੁਖਕੇ ਹੁਣ ਪੰਜ ਕਿਉਂ ?"

"ਓ ਦਾਤਾ ! ਕ੍ਰਿਪਾ ਸਾਗਰ ਸੱਚੇ ਪਾਤਸ਼ਾਹ ! ਹਨੇਰੇ ਵਿਚ ਏਹੋ ਤਾਂ ਮੈਂ ਰੋਸ਼ਨੀ ਚਾਹੁੰਦਾ ਸਾਂ। ਪੰਜ ਸੌ ਲੋ ਪੰਜ ਸੌ ਮੋਹਰਾਂ ਇਨ੍ਹਾਂ ਮੋਹਰਾਂ ਦੇ ਨਾਲ ਤਨ, ਮਨ ਤੇ ਧਨ ਵੀ ਅਰਪਣ ਕਰਦਾ ਹਾਂ।" ਮਖਣ ਸ਼ਾਹ ਨੇ ਖੁਸ਼ੀ ਨਾਲ ਉਛਲਕੇ ਆਖਿਆ-ਸਤਿਗੁਰੂ ਜੀ ਦੇ ਚਰਨਾਂ ਉਪਰ ਦੁਬਾਰਾ ਮੱਥਾ ਟੇਕਿਆ, ਮੱਥਾ ਟੇਕਕੇ ਕੋਠੇ ਉਤੇ ਜਾ ਚੜ੍ਹਿਆ। ਸਚੇ ਸਤਿਗੁਰੂ ਦੇ ਲਭਣ ਦਾ ਢੰਢੋਰਾ ਜਾ ਦਿੱਤਾ-"ਭੁਲੇ ਲੋਕੋ ਆਓ ! ਸੱਚਾ ਸਤਿਗੁਰੂ ਏਥੇ ਹੈ।" ਮੱਖਣ ਸ਼ਾਹ ਦੀ ਅਵਾਜ਼ ਸੀ । ਇਨ੍ਹਾਂ ਝੂਠੇ, ਪਖੰਡੀ ਤੇ ਠੱਗ ਗੁਰੂਆਂ ਨੂੰ ਛੱਡੋ। ਘਟ ਘਟ ਦੀ ਜਾਨਣਹਾਰ, ਬੇੜੇ ਬੰਨੇ ਲਾਉਣ ਵਾਲੇ ਅਤੇ ਭਵ ਸਾਗਰ ਤੋਂ ਪਾਰ ਕਰਨ ਵਾਲੇ ਸਤਿਗੁਰੂ ਏਥੇ ਹਨ। ਸਚੇ ਪਾਤਸ਼ਾਹ ਨੂੰ "ਭੋਲਾ ਤੇ ਸ਼ੁਦਾਈ ਤੇਗਾ" ਆਖਣ ਵਾਲੇ ਪਾਪੀਓ! ਅਗਿਆਨੀਓਂ ਆਕੇ ਭੁਲ ਬਖਸ਼ਾਓ ! ਬਾਬਾ ਸੱਚ ਮੁਚ ਬਕਾਲੇ ਹੈ। ਭਗਤੀ ਤੇ ਤਪਸਿਆ ਕਰਕੇ ਜਗਤ ਦੇ ਭਲੇ ਦੀਆਂ ਸੋਚ ਰਹੇ ਹਨ। ਆਓ ! ਮੱਥਾ ਟੇਕੋ ! ਵਰ ਮੰਗੋ । ਮੇਰੇ ਬੇੜੇ ਵਾਂਗ ਤੁਸਾਂ ਦੇ ਵੀ ਬੇੜੇ ਪਾਰ ਹੋ ਜਾਣਗੇ।"

ਗੁਰ ਦਰਸ਼ਨਾਂ ਦੀ ਭੁਖੀ-ਪਿਆਸੀ ਲੋਕਾਈ ਨੇ ਜਦ ਸੁਣਿਆਂ ਕਿ ਮਖਣ

ਸ਼ਾਹ ਨੇ ਸੱਚੇ ਪਾਤਸ਼ਾਹ ਨੂੰ ਲਭ ਲਿਆ ਹੈ ਉਹ ਪਖੰਡੀ ਗੁਰੂਆਂ ਨੂੰ ਛੱਡਕੇ (ਸਤਿਗੁਰੂ) ਤੇਗ ਬਹਾਦਰ ਜੀ ਵਲ ਨੱਠ ਉਠੇ। ਕਈਆਂ ਨੇ ਆਪਣੀ ਉਹ ਕਾਰ ਭੇਟਾ ਵੀ ਮੁੜਕੇ ਚੁਕ ਲਈ ਜੋ ਪਖੰਡੀ ਗੁਰੂਆਂ ਅਗੇ ਭੁਲੇਖੇ ਨਾਲ ਰੱਖੀ ਸੀ। ਝੂਠੇ ਗੁਰੂ ਮੂੰਹ ਦੇਖਦੇ ਹੀ ਰਹਿ ਗਏ।

ਜਿਸ ਘਰ ਵਿਚ ਇਕਲੌਤਾ ਰਹਿੰਦਾ ਸੀ, ਜਿਧਰ ਕੋਈ ਆਉਂਦਾ ਨਹੀਂ ਸੀ, ਉਧਰ ਹੁਣ ਸਾਰੇ ਲੋਕ ਮੁੜ ਆਏ। ਖੂਬ ਗਹਿਮਾ-ਗਹਿਮ ਹੋ ਗਈ। ਸਤਿਗੁਰੂ ਜੀ ਦੇ ਸਨਮੁਖ ਮਾਯਾ ਹੀ ਮਾਯਾ ਦਿਸਣ ਲੱਗੀ ਮਾਤਾ ਨਾਨਕੀ ਜੀ ਖੁਸ਼ ਹੋ ਗਏ। ਸਤਿਗੁਰੂ ਜੀ ਦੇ ਮਹਿਲ ਮਾਤਾ ਗੁਜਰੀ ਜੀ ਅਨੰਦ ਚਿਤ ਸਨ ਉਹ ਵੀ ਅਕਾਲ ਪੁਰਖ ਦਾ ਧੰਨਵਾਦ ਕਰਨ ਲੱਗੇ। ਉਸ ਵੇਲੇ ਗੁਰੂ ਨਾਨਕ ਦੇਵ ਜੀ ਦਾ ਲੰਗਰ ਪਕਣਾ ਸ਼ੁਰੂ ਹੋ ਗਿਆ। ਮਖਣ ਸ਼ਾਹ ਸਾਰੇ ਨਗਰ ਵਿਚ ਫਿਰ ਨਿਕਲਿਆ ਉਸਨੇ ਜੀ ਜੀ ਨੂੰ ਦਸ ਦਿੱਤਾ—"ਨਾਵੇਂ ਸਤਿਗੁਰੂ ਜੀ ਬਾਬੇ ਬਕਾਲੇ ਵਿਚ ਪ੍ਰਗਟ ਹੋਗਏ।"

੫. ਧੀਰ ਮਲ ਦੀ ਮੂਰਖਤਾ

ਸਿੱਖਾਂ ਤੇ ਸ਼ਰਧਾਲੂ ਜੀਊੜਿਆਂ ਨੇ ਸਾਰ ਫਿਰਕੇ ਖਬਰਾਂ ਦੇ ਦਿੱਤੀਆਂ ਕਿ ਨਾਵੇਂ ਸਤਿਗੁਰੂ ਜੀ ਪ੍ਰਗਟ ਹੋ ਗਏ ਹਨ। ਇਹ ਸੁਣਕੇ ਸਿਆਣੇ ਸਿੱਖ 'ਬਾਬੇ ਬਕਾਲੇ' ਪੁਜੇ ਅਤੇ ਰਾਮਦਾਸ ਤੋਂ ਬਾਬਾ ਜੀ ਦੀ ਵੰਸ਼ ਵੀ ਬਾਬੇ ਬਕਾਲੇ ਗਈ। ਮਸੰਦ ਆ ਪੁਜੇ, ਸਭ ਨੇ ਮਿਲਕੇ ਗੁਰਿਆਈ ਦੀ ਰਸਮ ਨੂੰ ਪੂਰਿਆਂ ਕਰਨ ਵਾਸਤੇ ੮ ਵੈਸਾਖ ਵਦੀ ੧੩ ਸੰਮਤ ੧੭੨੧ ਬਿ: ਦਾ ਦਿਨ ਮਿਥਿਆ। ਮਸੰਦਾਂ ਨੇ ਸਾਰੇ ਸਦੇ ਭੇਜ ਦਿਤੇ। ੮ ਵੈਸਾਖ ਨੂੰ ਬਹੁਤ ਰੌਣਕ ਹੋ ਗਈ ਅਤੇ ਇਕ ਭਾਰੀ ਮੇਲਾ ਲੱਗ ਗਿਆ। ਸਿੱਖਾਂ ਪ੍ਰੇਮੀਆਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਸਤਿਗੁਰੂ ਜੀ ਨੂੰ ਗੁਰ-ਗੱਦੀ ਉਤੇ ਬੈਠਾ ਦਿਤਾ। ਉਸ ਸਮੇਂ ਮਖਣ ਸ਼ਾਹ ਨੇ ਸਵਾ ਸੌ ਮੋਹਰ ਹੋਰ ਸਤਿਗੁਰੂ ਜੀ ਦੇ ਚਰਨਾਂ ਉਪਰ ਰੱਖੀ।

ਗੁਰਿਆਈ ਤਿਲਕ ਮਿਲ ਜਾਣ ਪਿਛੋਂ ਝੂਠੇ ਗੁਰੂਆਂ ਨੇ ਆਪਣੇ ਬਿਸਤ੍ਰੇ ਗੋਲ ਕਰ ਲਏ ਉਹ ਇਕ ਇਕ ਕਰਕੇ ਰਾਤ ਦੇ ਹਨੇਰੇ ਵਿਚ ਬਕਾਲਾ ਨਗਰ ਨੂੰ ਛੱਡ ਗਏ। ਕਿਸੇ ਨੇ ਮੁੜਕੇ ਨਹੀਂ ਦੇਖਿਆ ਕਿ ਉਹਦੇ ਸਾਥੀ ਉਹਦੇ ਨਾਲ ਹੈਨ ਕਿ ਨਹੀਂ। ਧੀਰ ਮਲ ਨੇ ਵੀ ਸ਼ਰਮਿੰਦਾ ਹੋ ਕੇ ਆਪਣਾ ਸਿੰਘਾਸਨ ਵਲ੍ਹੇਟ

ਲਿਆ। ਮੰਜੇ ਦਾ ਬਿਸਤ੍ਰਾ ਇਕਠਾ ਕਰਨ ਵੇਲੇ ਉਸਨੂੰ ਬਹੁਤ ਦੁਖ ਹੋਇਆ। ਉਹਦੇ ਮਨ ਦੀ ਦੁਖੀ ਅਵਸਥਾ ਨੂੰ ਦੇਖਕੇ ਉਹਦੇ ਚੇਲੇ ਚਾਟੜੇ ਉਸ ਨੂੰ ਮੰਦੀ ਸਲਾਹ ਦੇਣ ਲੱਗੇ—ਸ਼ੀਂਹੇ ਮਸੰਦਾਂ ਨੇ ਆਪਣੀ ਮੂਰਖਤਾ ਇਉਂ ਪ੍ਰਗਟ ਕੀਤੀ— "ਜੇਹੜਾ ਗੁਰੂ ਬਣ ਬੈਠਾ ਹੈ, ਉਹਦੇ ਕੋਲ ਕੇਹੜੀਆਂ ਫੌਜਾਂ ਹਨ। ਬੰਦੂਕ ਮੇਰੇ ਕੋਲ ਹੈ ਉਸਨੂੰ ਮਾਰਕੇ ਧਨ ਪਦਾਰਥ ਲੁਟ ਲਿਆਉਂਦੇ ਹਾਂ। ਉਸਦੇ ਮਰਨ ਪਿਛੋਂ ਜ਼ਰੂਰ ਤੁਸਾਂ ਨੂੰ ਲੋਕ ਗੁਰੂ ਮੰਨਣਗੇ। ਬਸ ਸਾਰੀਆਂ ਚਿੰਤਾਵਾਂ ਛੱਡੋ ਤੇ ਮੇਰੇ ਨਾਲ ਪੰਜ ਆਦਮੀ ਤੋਰੋ ਅਸੀਂ ਹੁਣੇ ਕੰਮ ਪੂਰਾ ਕਰਕੇ ਆਉਂਦੇ ਹਾਂ।"

ਦੂਸਰੇ ਦੁਸ਼ਟ ਸਾਥੀਆਂ ਨੇ ਵੀ ਸ਼ੀਂਹੇ ਦੀ ਸਲਾਹ ਦੀ ਪ੍ਰੋੜਤਾ ਕੀਤੀ, ਬੰਦੂਕ ਲੈਕੇ ਸ਼ੀਹਾਂ ਸਤਿਗੁਰੂ ਜੀ ਵਲ ਤੁਰ ਪਿਆ। ਕੁਦਰਤ ਨਾਲ ਉਸ ਵੇਲੇ ਘਰ ਵਿਚ ਮਾਤਾ ਨਾਨਕੀ ਜੀ ਤੇ ਸਤਿਗੁਰੂ ਜੀ ਇਕੱਲੇ ਸਨ । ਬਾਕੀ ਸਿੱਖ ਸੇਵਕ ਬਾਹਰ ਗਏ ਹੋਏ ਸਨ। ਦੁਸ਼ਟ ਸ਼ੀਹਾਂ ਆਪਣੇ ਆਦਮੀਆਂ ਨਾਲ ਘਰ ਜਾ ਵੜਿਆ। ਸਤਿਗੁਰੂ ਜੀ ਸਮਾਧੀ ਲਾਕੇ ਬੈਠੇ ਸਨ, ਉਨ੍ਹਾਂ ਦੀ ਸੁਰਤ ਵਾਹਿਗੁਰੂ ਦੇ ਚਰਨਾਂ ਨਾਲ ਜੁੜੀ ਹੋਈ ਸੀ ਨੈਣ ਮੁੰਦੇ ਹੋਏ ਸਨ। ਦੁਸ਼ਟ ਸ਼ੀਂਹੇ ਨੇ ਬੰਦੂਕ ਚਲਾ ਦਿੱਤੀ ਪਰ ਜਿਨ੍ਹਾਂ ਦਾ ਵਾਹਿਗੁਰੂ ਰਾਖਾ ਹੋਵੇ ਜੋ ਆਪ ਵਾਹਿਗੁਰੂ ਰੂਪ ਹੋਣ, ਉਨ੍ਹਾਂ ਨੂੰ ਭਲਾ ਕੌਣ ਮਾਰ ਸਕੇ? ਗੋਲੀ ਸਤਿਗੁਰੂ ਜੀ ਦੇ ਮਸਤਕ ਨਾਲ ਛੋਹਕੇ ਅਗੇ ਲੰਘ ਗਈ। ਮਾਤਾ ਨਾਨਕੀ ਜੀ ਆ ਪੁਜੇ, ਸਾਹਿਬਾਂ ਨੇ ਨੈਣ ਖੋਲ੍ਹੇ ਪਰ ਸ਼ੀਂਹੇ ਤੇ ਹੋਰ ਆਦਮੀਆਂ ਨੂੰ ਕੁਝ ਨਹੀਂ ਕਿਹਾ। ਦੁਸ਼ਟ ਸਾਰਾ ਧਨ ਪਦਾਰਥ ਚੁਕਕੇ ਤੁਰ ਪਏ। ਮਾਤਾ ਨਾਨਕੀ ਜੀ ਨੇ ਰੌਲਾ ਪਾਇਆ, ਆਂਢ-ਗੁਵਾਂਢ ਇਕੱਠੇ ਹੋ ਗਏ ਪਰ ਸ਼ੀਹਾਂ ਤੇ ਉਹਦੇ ਆਦਮੀ ਮਾਲ ਲੈਕੇ ਬਾਹਰ ਚਲੇ ਗਏ।

ਜਦੋਂ ਉਹ ਧੀਰਮਲ ਦੇ ਕੋਲ ਪੁਜ ਗਏ ਤਾਂ ਮਖਣਸ਼ਾਹ ਤੇ ਮਾਮੇ ਕ੍ਰਿਪਾਲ ਚੰਦ ਜੀ ਆਦਿਕ ਸ਼ਰਧਾਲੂਆਂ ਨੂੰ ਉਨ੍ਹਾਂ ਮਸੰਦਾਂ ਦੀ ਕਾਲੀ ਕਰਤੂਤ ਦਾ ਗਿਆਨ ਹੋ ਗਿਆ ਉਹ ਹੋਰ ਸਿੱਖਾਂ ਨੂੰ ਨਾਲ ਲੈਕੇ ਅਤੇ ਲੜਾਈ ਦਾ ਸਾਮਾਨ (ਹਥਿਆਰ) ਚੁਕਕੇ ਲੜਨ ਵਾਸਤੇ ਗਏ। ਲੜਾਈ ਹੋਈ, ਸ਼ੀਹੇਂ ਤੇ ਹੋਰ ਲੁਟੇਰਿਆਂ ਨੂੰ ਖੂਬ ਕੁਟਿਆ ਗਿਆ, ਧੀਰ ਮਲ ਸਾਰੀ ਭਾਜੜ, ਧਨ ਪਦਾਰਥ ਛੱਡਕੇ ਜਾਨ ਬਚਾਕੇ ਨਿਕਲ ਗਿਆ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਪਿੱਛੇ ਰਹਿ ਗਿਆ। ਸ੍ਰੀ ਗੁਰੂ ਗ੍ਰੰਥ

ਸਾਹਿਬ ਅਤੇ ਸਾਰੇ ਪਦਾਰਥ ਨੂੰ ਸਤਕਾਰ ਨਾਲ ਚੁਕਕੇ ਸਿੱਖ ਸਤਿਗੁਰੂ ਜੀ ਦੇ ਪਾਸ ਆ ਪੁਜੇ। ਸਾਰਾ ਹਾਲ ਵੀ ਦਸਿਆ ਤਾਂ ਸਤਿਗੁਰੂ ਜੀ ਨੇ ਮੁਸਕਰਾਕੇ ਉੱਤਰ ਦਿੱਤਾ—ਉਹ ਮਾਯਾ ਨਾਲ ਪਿਆਰ ਕਰਦਾ ਹੈ, ਉਸਨੂੰ ਧਨ-ਪਦਾਰਥ ਮੋੜ ਦੇਵੋ। ਇਸ ਧਨ ਪਦਾਰਥ ਦੀ ਅਸਾਂ ਨੂੰ ਲੋੜ ਨਹੀਂ ਫਿਰ ਵੀ ਧੀਰ ਮਲ ਅਸਾਡੇ ਵਡੇ ਭਾਈ ਦਾ ਪੁਤ੍ਰ ਹੈ। ਜੋ ਜੈਸਾ ਕਰਮ ਕਰੇਗਾ, ਸੋ ਵੈਸਾ ਫਲ ਪਾਏਗਾ। ਮਾਯਾ ਨਾਲ ਪਿਆਰ ਕਰਨ ਵਾਲੇ ਵਾਹਿਗੁਰੂ ਨਾਲ ਪਿਆਰ ਨਹੀਂ ਕਰਦੇ।

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ॥
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥
(ਦੇਵ ਗੰਧਾਰੀ ਮ: ੯)

ਹੁਣ ਇਹ ਧਨ ਪਦਾਰਥ ਨਾ ਅਸਾਂ ਖਰਚਣਾ ਹੈ ਨਾ ਸਿਖਾਂ ਨੂੰ ਖਰਚਣ ਦੇਣਾ ਹੈ ਕਿਉਂਕਿ ਲਾਲਚੀ ਤੇ ਅਕ੍ਰਿਤਘਣ ਦੀ ਨਿਗਾਹ ਚੜ੍ਹ ਗਿਆ ਹੈ।

ਸਿਖਾਂ ਨੇ ਸਤਿਗੁਰੂ ਜੀ ਦੇ ਬਚਨਾਂ ਨੂੰ ਮੰਨਿਆਂ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰਖ ਕੇ ਬਾਕੀ ਸਾਰਾ ਪਦਾਰਥ ਮੋੜ ਦਿੱਤਾ। ਧੀਰ ਮਲ ਲੈ ਗਿਆ ਪਰ ਸਤਿਗੁਰੂ ਜੀ ਦੇ ਭੰਡਾਰੇ ਫਿਰ ਭਰਪੂਰ ਹੋ ਗਏ। ਕਿਸੇ ਗਲ ਦਾ ਘਾਟਾ ਨਾ ਰਿਹਾ। ਗੁਰੂ ਦਾ ਲੰਗਰ ਪੂਰੀ ਸ਼ਾਨ ਨਾਲ ਚਲਣ ਲੱਗਾ, ਗਰੀਬ ਤੇ ਲੋੜਵੰਦ ਭੋਜਨ ਛਕਣ ਲੱਗੇ। ਰਬਾਬੀ ਆ ਗਏ, ਦੋਵੇਂ ਵੇਲੇ ਦੀਵਾਨ ਲੱਗਣ ਲੱਗਾ ਤੇ ਗੁਰਬਾਣੀ ਦਾ ਕੀਰਤਨ ਹੋਣ ਲੱਗਾ। ਸਿੱਖਾਂ ਦੀ ਆਵਾ ਜਾਈ ਆਰੰਭ ਹੋ ਗਈ। ਜਿਸ ਛੋਟੇ ਜਹੇ ਪਿੰਡ ਬਕਾਲੇ ਨੂੰ ਕੋਈ ਨਹੀਂ ਸੀ ਜਾਣਦਾ ਉਹ ਪਿੰਡ ਚੌਂਹ ਪਾਸੀਂ ਪ੍ਰਸਿਧ ਹੋ ਗਿਆ। ਉਹਦਾ ਨਾਮ ਹੀ 'ਬਾਬਾ ਬਕਾਲਾ' ਪੈ ਗਿਆ। ਜੋ ਅਜ ਤਕ ਮਸ਼ਹੂਰ ਹੈ ਤੇ ਸਤਿਗੁਰੂ ਤੇਗ ਬਹਾਦਰ ਜੀ ਦੇ ਸੁੰਦਰ ਗੁਰਦੁਵਾਰ ਹਨ।

੯. ਗੁਰਦੁਵਾਰਿਆਂ ਦੇ ਦਰਸ਼ਨ ਕਰਨੇ

ਸਤਿਗੁਰੂ ਜੀ ਪ੍ਰਗਟ ਹੋ ਗਏ। ਸਿਆਣੇ ਸਿਖ ਜੋ ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਹਰਿਰਾਇ ਜੀ ਸਾਹਿਬ ਤੇ ਸ੍ਰੀ ਹਰਿ ਕ੍ਰਿਸ਼ਨ ਜੀ ਸਮੇਂ ਗੁਰੂ ਘਰ ਦੀ ਸੇਵਾ ਕਰਦੇ ਰਹੇ ਸਨ, ਉਹ ਸਤਿਗੁਰੂ ਜੀ ਪਾਸ ਆਏ ਅਤੇ ਉਹਨਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ, ਜੋ ਗੁਰੂ ਕੀ ਨਗਰੀ ਹੈ ਓਥੇ ਜਾਕੇ ਰਹਿਣ ਤੇ ਸੰਗਤਾਂ ਨੂੰ ਤਾਰਨ। ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਮੱਖਣ ਸ਼ਾਹ ਨੇ ਵੀ ਏਹੋ ਸਲਾਹ ਦਿੱਤੀ। ਸਤਿਗੁਰੂ ਜੀ ਜ਼ਿਲਾ ਅੰਮ੍ਰਿਤਸਰ ਦੇ ਤੀਰਥਾਂ ਦੀ ਯਾਤਰਾ ਕਰਨ ਵਾਸਤੇ ਤਿਆਰ ਹੋ ਪਏ। ਪਹਿਲੇ ਸਤਿਗੁਰਾਂ ਵਾਂਗ ਸਾਹਿਬਾਂ ਦੀ ਸਵਾਰੀ, ਸ਼ਾਨ ਤੇ ਸੁਾਗਤੀ ਸਤਕਾਰ ਦਾ ਪੂਰਾ ਪ੍ਰਬੰਧ ਕੀਤਾ ਗਿਆ। ਮਾਤਾ ਨਾਨਕੀ ਜੀ ਤੇ ਸਤਿ-ਗੁਰ ਮਹਿਲਾਂ ਵਾਸਤੇ ਪਾਲਕੀਆਂ ਤਿਆਰ ਕੀਤੀਆਂ ਗਈਆਂ। ਜਿਵੇਂ ਸੂਰਜ ਚੜ੍ਹਦਾ ਹੈ ਤੇ ਸਾਰੇ ਜੀਵ ਤੇ ਮਨੁੱਖ ਕਿਰਤ ਕਰਮ ਵਿਚ ਰੁਝਦੇ ਅਤੇ ਹਨੇਰੇ ਦੇ ਦੂਰ ਹੋਣ ਦੀ ਖੁਸ਼ੀ ਮਨਾਉਂਦੇ ਹਨ, ਤਿਵੇਂ ਸਤਿਗੁਰੂ ਜੀ ਦੇ ਬਕਾਲਿਓਂ ਤੁਰਨ ਨਾਲ ਸ਼ਰਧਾਲੂ ਸਿਖ ਅਤੇ ਪਾਪ ਜ਼ੁਲਮ ਦੇ ਭਾਰ ਨਾਲ ਦੁਖੀ ਹੋਈ ਧਰਤੀ ਬਹੁਤ ਪ੍ਰਸੰਨ ਹੋਈ। ਚਾਰ ਚੁਫੇਰੇ ਬਨਾਸਪਤੀ ਮੌਲ ਉਠੀ ਪਰ ਜਿਵੇਂ ਸੂਰਜ ਚੜ੍ਹਨ ਦੇ ਨਾਲ ਉਲੂਆਂ ਤੇ ਚੰਮਗਿਦੜਾਂ ਨੂੰ ਸੋਗ ਪੈ ਜਾਂਦਾ ਹੈ, ਤਿਵੇਂ ਗੁਰੂ ਘਰ ਦੇ ਵਿਰੋਧੀਆਂ, ਮਾੜੇ ਮਸੰਦਾਂ, ਪਾਪੀਆਂ ਤੇ ਲਾਲਚੀ ਹਾਕਮਾਂ ਦੇ ਹਿਰਦੇ ਡਰ ਨਾਲ ਕੰਬੇ। ਉਹਨਾਂ ਦੇ ਘਰੀਂ ਸੋਗ ਦੀ ਸਫਾ ਵਿਛ ਗਈ।

ਬਾਬੇ ਬਕਾਲੇ ਤੋਂ ਚਲਕੇ ਸਤਿਗੁਰੂ ਜੀ ਪਹਿਲਾਂ ਗੋਇੰਦਵਾਲ ਨੂੰ ਗਏ। ਗੋਇੰਦਵਾਲ ਸਾਹਿਬ ਪਹੁੰਚ ਕੇ ਸਤਿਗੁਰੂ ਜੀ ਨੇ ਬੌਲੀ ਵਿਚੋਂ ਇਸ਼ਨਾਨ ਕੀਤਾ, ਪ੍ਰਸ਼ਾਦ ਕਰਾਇਆ ਤੇ ਦੀਵਾਨ ਲਾਕੇ ਸੰਗਤਾਂ ਨੂੰ ਉਪਦੇਸ਼ ਦਿੱਤਾ। ਸਤਿਗੁਰੂ ਜੀ ਦਾ ਆਉਣਾ ਸੁਣ ਕੇ ਦੂਰ ਦੂਰ ਤੋਂ ਸੰਗਤਾਂ ਦਰਸ਼ਨ ਕਰਨ ਵਾਸਤੇ ਆਈਆਂ। ਕਾਰ ਭੇਟ ਚੜ੍ਹੀ ਤੇ ਨਾਮ ਦਾਨ ਇਸ਼ਨਾਨ ਦੀਆਂ ਖੁਲ੍ਹੀਆਂ ਬਖਸ਼ਸ਼ਾਂ ਹੋਈਆਂ।

ਗੋਇੰਦਵਾਲ ਤੋਂ ਖਡੂਰ ਸਾਹਿਬ ਤੇ ਖਡੂਰ ਹਾਹਿਬ ਤੋਂ ਸ੍ਰੀ ਤਰਨ ਤਾਰਨ ਸਾਹਿਬ ਸਤਿਗੁਰੂ ਜੀ ਪੁਜੇ। ਜਦੋਂ ਸਤਿਗੁਰੂ ਜੀ ਸ੍ਰੀ ਤਰਨ ਤਾਰਨ ਸਾਹਿਬ ਸਨ ਤਾਂ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ

ਅਸਥਾਨਾਂ ਦੇ ਪੁਜਾਰੀਆਂ ਤੇ ਮਸੰਦਾਂ ਨੂੰ ਪਤਾ ਲੱਗ ਗਿਆ ਕਿ ਨਾਵੇਂ ਪਾਤਸ਼ਾਹ ਆ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਉਹ ਸਤਿਗੁਰੂ ਜੀ ਦਾ ਆਉਣਾ ਸੁਣਕੇ ਪ੍ਰਸੰਨ ਹੁੰਦੇ ਅਤੇ ਸਤਿਗੁਰੂ ਜੀ ਦਾ ਸਤਿਕਾਰ ਕਰਦੇ ਪਰ ਉਹਨਾਂ ਦੇ ਮਨ ਡੋਲ ਗਏ। ਉਹ ਲਾਲਚ ਵਿਚ ਆ ਗਏ। ਉਹਨਾਂ ਨੇ ਫੈਸਲਾ ਕੀਤਾ, ਕਿ ਨਾ ਸਤਿਗੁਰੂ ਜੀ ਦਾ ਸਵਾਗਤ-ਸਤਕਾਰ ਕੀਤਾ ਜਾਵੇ ਤੇ ਨਾ ਸ੍ਰੀ ਹਰਿਮੰਦਰ ਸਾਹਿਬ ਅੰਦਰ ਦਾਖਲ ਹੋਣ ਦਿੱਤਾ ਜਾਵੇ। ਹੋ ਸਕਦਾ ਹੈ ਕਿ ਸਤਿਗੁਰੂ ਜੀ ਗੁਰਦੁਵਾਰੇ ਤੇ ਗੁਰੂ ਕੇ ਮਹਿਲਾ ਜਾਂ ਖੂਹਾਂ ਉਤੇ ਕਬਜਾਂ ਨਾ ਕਰ ਲੈਣ। ਪੂਜਾ ਦਾ ਧਾਨ ਖਾ ਖਾ ਕ ਮਸੰਦਾਂ ਤੇ ਪੁਜਾਰੀਆਂ ਦੀ ਮਤ ਮਾਰੀ ਗਈ ਸੀ। ਉਹ ਗੁਰੂ ਪ੍ਰਤਾਪ ਤੇ ਗੁਰੂ ਘਰ ਦੀ ਉਚਤਾ, ਮਹਾਨਤਾ ਤੇ ਵਸ਼ੇਸ਼ਤਾ ਨੂੰ ਭੁਲ ਗਏ ਸਨ। ਉਹਨਾਂ ਨੇ ਪੱਕਾ ਫੈਸਲਾ ਕਰ ਲਿਆ ਕਿ ਜਦੋਂ ਸਤਿਗੁਰੂ ਜੀ ਚਾਟੀਵਿੰਡ ਕੋਲ ਆਉਣ ਤਦੋਂ ਗੁਰਦੁਵਾਰਿਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ।

ਸਤਿਗੁਰੂ ਜੀ ਸ੍ਰੀ ਤਰਨ ਤਾਰਨ ਤੋਂ ਸ੍ਰੀ ਅੰਮ੍ਰਿਤਸਰ ਜੀ ਵਲ ਤੁਰ, ਰਾਹ ਵਿਚ ਸਿਖ ਸੰਗਤਾਂ ਨੇ ਸਵਾਗਤ ਕੀਤਾ, ਪਰ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਅਗੇ ਪੁਜੇ ਤਾਂ ਇਹ ਦੇਖਕੇ ਬਹੁਤ ਹੈਰਾਨ ਹੋਏ ਕਿ ਦਰਸ਼ਨੀ ਡਿਉੜੀ ਦਾ ਦਰਵਾਜ਼ਾ ਬੰਦ ਹੈ ਸ੍ਰੀ ਅਕਾਲ ਤਖਤ ਉਪਰ ਕੋਈ ਜੀ ਨਹੀਂ ਸੀ। ਕੋਈ ਪੁਜਾਰੀ ਜਾਂ ਮਸੰਦ ਕਿਤੇ ਨਜ਼ਰ ਨਹੀਂ ਸੀ ਆਉਂਦਾ। ਸਰੋਵਰ ਵਿਚ ਤਿੰਨ ਚਾਰ ਯਾਤਰੂ ਇਸ਼ਨਾਨ ਕਰ ਰਹੇ ਸਨ। ਉਹਨਾਂ ਕੋਲੋਂ ਸਤਿਗੁਰੂ ਜੀ ਦੇ ਸੇਵਕਾਂ ਨੇ ਪੁਛਿਆ: 'ਕਿਉਂ ਭਾਈ! ਕੁਝ ਪਤਾ ਕਿ ਪੁਜਾਰੀ ਕਿਧਰ ਗਏ ਸਨ ?'

'ਹੋਰ ਤਾਂ ਕੁਝ ਪਤਾ ਨਹੀਂ ਇਹ ਸੁਣਦੇ ਹਾਂ ਸਵੇਰ ਦੇ ਦਰਬਾਰ ਨੂੰ ਜਿੰਦਰੇ ਮਾਰਕੇ ਕਿਤੇ ਚਲੇ ਗਏ ਹਨ।' ਇਸ਼ਨਾਨ ਕਰਨ ਵਾਲਿਆਂ ਨੇ ਸਵਕਾਂ ਨੂੰ ਉੱਤਰ ਦਿੱਤਾ। ਸ਼ਾਂਤੀ ਦੇ ਸਾਗਰ, ਪਿਆਰ ਦੇ ਭੰਡਾਰੇ ਸੱਚੇ ਪਾਤਸ਼ਾਹ ਮੁਸਕਰਾ ਪਏ। ਓਹ ਘਟ ਘਟ ਦੀ ਜਾਨਣ ਹਾਰ ਅੰਤਰਜਾਮੀ ਤੇ ਸਰਬ ਕਲਾ ਸਮਰਥ ਸਨ। ਓਹ ਮਸਦਾਂ ਦੇ ਹਿਰਦੇ ਦੀ ਮਲੀਨਤਾ ਨੂੰ ਤਾੜ ਗਏ। ਅੰਮ੍ਰਿਤ ਸਰੋਵਰ ਵਿਚੋਂ ਇਸ਼ਨਾਨ ਕਰਕੇ ਥੜਾ ਸਾਹਿਬ ਜਾ ਬਰਾਜੇ। ਪਾਰਬ੍ਰਹਮ ਦੇ ਨਾਲ ਮਨ-ਬ੍ਰਿਤੀ ਨੂੰ ਜੋੜ ਕੇ ਸਮਾਧੀ ਲਾਈ ਬਹੁਤ ਚਿਰ ਬਰਾਜੇ ਰਹੇ। ਸਤਿਗੁਰੂ ਜੀ ਦੇ ਸੇਵਕਾਂ ਨੂੰ

ਪੁਜਾਰੀਆਂ ਨੂੰ ਲੱਭਣ ਦਾ ਯਤਨ ਕੀਤਾ ਪਰ ਉਹ ਕਿਤੇ ਨਾ ਲੱਭੇ, ਲੁਕ ਗਏ। ਦਰਗਾਹੋਂ ਫਟਕਾਰੇ ਤੇ ਧ੍ਰਿਕਾਰੇ ਗਏ। ਸਤਿਗੁਰੂ ਜੀ ਪਾਸੋਂ ਨਹੀਂ ਲੁਕੇ ਓਹ ਤਾਂ ਮਾਨੋਂ ਪਾਰਬ੍ਰਹਮ ਪਾਸੋਂ ਲੁਕ ਗਏ।

ਸਾਹਿਬਾਂ ਨੇ ਜਦੋਂ ਦੇਖਿਆ ਕਿ ਪੁਜਾਰੀ ਨਹੀਂ ਆਉਂਦੇ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਨਹੀਂ ਹੋ ਸਕਦੇ ਤਾਂ ਸਾਹਿਬਾਂ ਨੇ ਮੁਸਕਰਾ ਕੇ ਸਹਿਜ ਸੁਭਾ ਕਿਹਾ—'ਅੰਮ੍ਰਿਤਸਰੀਏ ਅੰਦਰ ਸੜੀਏ' ਇਹ ਬਚਨ ਕਰਕੇ ਥੜੇ ਸਾਹਿਬ ਤੋਂ ਹੀ ਹਰਿਮੰਦਰ ਸਾਹਿਬ ਨੂੰ ਨਿਮਸ਼ਕਾਰ ਕਰਕੇ ਹੌਲੀ ਹੌਲੀ ਸਤਿਗੁਰੂ ਜੀ ਪੂਰਬ ਦਿਸ਼ਾਨੂੰ ਤੁਰ ਪਏ।ਚਲਦੇ ਚਲਦੇ ਸਾਹਿਬ ਸ਼ਹਿਰੋਂ ਬਾਹਰ ਚਲੇ ਗਏ। ਵਰਤਮਾਨ ਮਾਲ ਮੰਡੀ ਤੋਂ ਅਗੇ ਇਕ ਪਿੱਪਲ ਹੇਠਾਂ ਜਾਂ ਬਰਾਜੇ। ਓਥੇ ਜਾਕੇ ਦਮ ਲਿਆ, ਉਸ ਅਸਥਾਨ ਦਾ ਨਾਮ 'ਦਮਦਮਾ ਸਾਹਿਬ' ਹੈ। ਉਸ ਅਸਥਾਨ ਤੋਂ ਚਲਕੇ ਸਾਹਿਬ 'ਵਲੇ' ਪਿੰਡ ਚਲੇ ਗਏ। ਓਥੋਂ ਦੇ ਵਾਸੀਆਂ ਨੇ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ। ਸਤਿਕਾਰ ਕੀਤਾ, ਆਸਣ ਦੇ ਕੇ ਬੈਠਾਇਆ ਤੇ ਜਲ-ਪਾਣੀ ਦੀ ਸੇਵਾ ਕੀਤੀ। ਉਹਨਾਂ ਦੀ ਪ੍ਰੇਮ-ਭਾਵਣਾ ਦੇਖਕੇ ਸਾਹਿਬ ਬਹੁਤ ਪ੍ਰਸੰਨ ਹੋਏ।

ਓਧਰ ਸ਼ਹਿਰ ਅੰਮ੍ਰਿਤਸਰ ਦੇ ਵਾਸੀਆਂ ਨੂੰ ਮਸੰਦਾਂ ਤੇ ਪੁਜਾਰੀਆਂ ਦੀ ਕਾਲੀ ਕਰਤੂਤ ਦਾ ਗਿਆਨ ਹੋ ਗਿਆ। ਇਹ ਵੀ ਪਤਾ ਲੱਗਾ ਕਿ ਸ਼ਹਿਰ ਵਾਸੀਆਂ ਨੂੰ ਸਤਿਗੁਰੂ ਜੀ 'ਅੰਮ੍ਰਿਤ ਸਰੀਏ ਤੇ ਅੰਦਰ ਸੜੀਏ' ਆਖ ਗਏ ਹਨ। ਇਹ ਸੁਣਦੇ ਸਾਰ ਸਾਰੇ ਸ਼ਹਿਰ ਵਾਸੀ ਭੈ ਭੀਤ ਹੋ ਗਏ । ਉਹਨਾਂ ਨੇ ਪੁਜਾਰੀਆਂ ਨੂੰ ਲਾਹਨਤਾਂ ਪਾਈਆਂ।

ਮਹਾਂ ਪੁਰਖਾਂ ਦੇ ਬਚਨਾਂ ਤੋਂ ਇਸਤ੍ਰੀ ਜਾਤੀ ਬਹੁਤ ਭੈ ਖਾਂਦੀ ਹੈ। ਕਿਉਂਕਿ ਉਸ ਨੂੰ ਭੈਣ-ਭਾਈ, ਪਤੀ, ਪੁਤ੍ਰ ਪੋਤ੍ਰੇ ਬਹੁਤ ਪਿਆਰੇ ਹੁੰਦੇ ਹਨ। ਉਹ ਸਾਰੇ ਪਰਵਾਰ ਦੀ ਸੁਖਣਾ ਮੰਗਦੀ ਹੈ। ਇਸ ਕਾਰਨ ਸ਼ਹਿਰ ਦੀਆਂ ਬਹੁਤ ਸਾਰੀਆਂ ਸਿਆਣੀਆਂ ਇਸਤ੍ਰੀਆਂ ਇਕੱਤ੍ਰ ਹੋਈਆਂ ਤੇ ਉਹਨਾਂ ਨੇ ਫੈਸਲਾ ਕੀਤਾ ਕਿ ਸਤਿਗੁਰੂ ਜੀ ਅਗੇ ਬੇਨਤੀ ਕਰਕੇ ਭੁਲ ਬਖਸ਼ਾਉਣ ਦਾ ਯਤਨ ਕਰਨ ਤਾਂ ਕਿ ਸ਼ਹਿਰ ਵਿਚ ਸੁਖ ਤੇ ਸ਼ਾਂਤੀ ਦਾ ਰਾਜ ਰਹੇ। ਕਿਸੇ ਪ੍ਰਕਾਰ ਦੇ ਦੁਖ ਨਾ ਉਠਾਉਣੇ ਪੈਣ। ਇਹ ਸੋਚ ਕੇ ਸ਼ਹਿਰ ਦੀਆਂ ਬੀਬੀਆਂ ਨੇ ਬੜੇ ਪ੍ਰੇਮ ਤੇ ਸ਼ਰਧਾ ਨਾਲ ਪ੍ਰਸ਼ਾਦੇ ਪਕਾਏ ਤੇ ਪੈਦਲ

ਤੁਰ ਕੇ ਵਲੇ ਪੁੱਜੀਆਂ। ਅਗੇ ਸਤਿਗੁਰੂ ਜੀ ਰੁਖਾਂ ਦੀ ਛਾਵੇਂ ਬੈਠੇ ਸਨ, ਉਹਨਾ ਦੇ ਕੋਲ ਸੰਗਤ ਬੈਠੀ ਹੋਈ ਗੁਰਮਤਿ ਦਾ ਉਪਦੇਸ਼ ਸੁਣ ਰਹੀ ਸੀ। ਮਾਈਆਂ ਬੀਬੀਆਂ ਨੇ ਜਾਕੇ ਸਤਿਗੁਰੂ ਜੀ ਦੇ ਚਰਨਾ ਉਪਰ ਮੱਥਾ ਟੇਕਿਆ ਤੇ ਬੇਨਤੀ ਕੀਤੀਃ—'ਸੱਚੇ ਪਾਤਸ਼ਾਹੋ ! ਦੀਨ-ਦੁਨੀ ਦੇ ਮਾਲਕੋ ! ਅਸੀਂ ਅੰਮ੍ਰਿਤਸਰ ਗੁਰੂ ਕੀ ਨਗਰੀ ਤੋਂ ਆਈਆਂ ਹਾਂ। ਮਹਾਰਾਜ ! ਪੁਜਾਰੀਆਂ ਭੁਲ ਕੀਤੀ ਹੈ। ਉਹਨਾਂ ਨੇ ਤੁਸਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਨਹੀਂ ਕਰਨ ਦਿੱਤੇ। ਅਸਾਂ ਸ਼ਹਿਰ ਵਾਸੀਆਂ ਦਾ ਤਾਂ ਕੋਈ ਦੋਸ਼ ਨਹੀਂ, ਆਪ ਜੋ ਬਚਨ ਕਰ ਆਏ ਹੈ, ਉਸ ਬਾਰੇ ਖਿਮਾ ਕਰੋ, ਮੇਹਰ ਕਰੋ। ਹੇ ਦਾਤਾ ! ਜੀਵ ਭੁਲਣਹਾਰ ਹੈ। ਮਾਯਾ ਦਾ ਮਤਵਾਲਾ ਜੀਵ ਭੁਲਾਂ ਕਰਦਾ ਹੈ, ਪਾਪੀਆਂ ਦੀਆਂ ਭੁਲਾਂ ਨਹੀਂ ਚਤਾਰਨੀਆਂ ਚਾਹੀਦੀਆਂ। ਬਖਸ਼ੋ ! ਖਿਮਾ ਕਰੋ।' ਇਸ ਤਰਾਂ ਵਾਰੀ ਵਾਰੀ ਸਾਰੀਆਂ ਬੀਬੀਆਂ ਨੇ ਸਤਿਗੁਰੂ ਜੀ ਅਗੇ ਅਰਦਾਸ ਬੇਨਤੀਆਂ ਕੀਤੀਆਂ।

ਬੀਬੀਆਂ ਦੀ ਸ਼ਰਧਾ, ਪ੍ਰੇਮਾ ਭਗਤੀ ਵੇਖਕੇ ਸਤਿਗੁਰੂ ਜੀ ਦਇਆ ਦੇ ਘਰ ਆਏ। ਉਹਨਾਂ ਨੇ ਬਚਨ ਕੀਤਾ—'ਮਾਈਆਂ ਗੁਰੂ ਰਜਾਈਆਂ ਭਗਤੀ ਲਾਈਆਂ।' ਇਸ ਬਚਨ ਨੂੰ ਸੁਣਕੇ ਬੀਬੀਆਂ ਪ੍ਰਸੰਨ ਹੋ ਗਈਆਂ। ਪੁਜਾਰੀਆਂ ਦੀ ਕੀਤੀ ਦਾ ਫਲ ਆਮ ਲੋਕਾਂ ਨੂੰ ਨਾ ਭੁਗਤਣਾ ਪਿਆ।

ਇਸਦੇ ਪਿਛੋਂ ਸ਼ਹਿਰੀਏ ਮਰਦ ਵੀ ਹਾਜ਼ਰ ਹੋਏ, ਇਕ ਸੰਗਤ ਦੇ ਰੂਪ ਵਿਚ ਸਾਰੀਆਂ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਉਹ ਸ੍ਰੀ ਅੰਮ੍ਰਿਤਸਰ ਜੀ ਵਾਪਸ ਚਲਣ ਤੇ ਗੁਰੂ ਕੇ ਮਹਿਲਾਂ ਵਿਚ ਜਾਕੇ ਰਹਿਣ। ਪੁਜ਼ਾਰੀਆਂ ਕੋਲੋਂ ਉਨ੍ਹਾਂ ਨੂੰ ਕਬਜ਼ਾ ਲੈ ਦਿੱਤਾ ਜਾਵੇਗਾ। ਸਾਰੀ ਜਾਇਦਾਦ ਵਾਪਸ ਕਰਾ ਦਿੱਤੀ ਜਾਵੇਗੀ ਪਰ ਤਿਆਗੀ ਸਤਿਗੁਰੂ ਜੀ ਨੇ ਇਉਂ ਉੱਤਰ ਦਿਤਾ—"ਅਕਾਲ ਪੁਰਖ ਦਾ ਹੋਰ ਹੀ ਹੁਕਮ ਹੈ। ਅਸੀਂ ਇਕ ਥਾਂ ਬੈਠਕੇ ਨਿਰੀ ਪੂਜਾ ਕਰਾਉਣ ਤੇ ਪੂਜਾ ਦਾ ਧਾਨ ਖਾਣਤੇਨਹੀਂ ਰਹਿ ਸਕਦੇ, ਪ੍ਰਮੇਸ਼ਰ ਮਾਲਕ ਵਲੋਂ ਜੋਜੋਸੇਵਾ-ਕਰਮ ਕਰਨ ਦੇਹੁਕਮ ਹਨ ਉਹ ਕਰਨੇ ਹਨ। ਦੂਰ ਦੇਸਾਂ ਵਿਚ ਜਾਣਾ ਹੈ, ਦੁਖੀ ਜੀਵ 'ਸਤਿਨਾਮ ਵਾਹਿਗੁਰੂ ਦਾ ਸ਼ਬਦਸਰਵਨ ਕਰਨਵਾਸਤੇ ਤੜਪ ਰਹੇ ਹਨ, ਪੁਜਾਰੀਆਂਭੁਲ ਕੀਤੀ, ਹੈ ਉਸਦਾ ਫਲ ਉਹ ਭੁਗਤਣਗੇ ਤੇ ਸ਼ਹਿਰ ਵਾਸੀ ਸੁਖੀ ਵਸਣਗੇ, ਸ਼ਹਿਰ ਦੀ ਵਸੋਂ ਵਧੇਗੀ।"

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਅੰਮ੍ਰਿਤਸਰ ਵਾਸੀਆਂ ਨੂੰ ਬਹੁਤ ਪ੍ਰਸੰਨਤਾ ਹੋਈ। ਦੋ ਦਿਨ ਸਤਿਗੁਰੂ ਜੀ ਪਿੰਡ ਵਲੇ ਰਹੇ ਤੇ ਸੰਗਤਾਂ ਨੂੰ ਨਾਮਦਾਨ ਬਖਸ਼ਕੇ ਨਿਹਾਲ ਕਰਦੇ ਰਹੇ।

ਸਤਿਗੁਰੂ ਜੀ ਨੇ ਕੀਰਤਪੁਰ ਜਾਣਾ

'ਵਲੇ' ਨਗਰ ਵਿਚ ਸਤਿਗੁਰੂ ਜੀ ਦੋ ਦਿਨ ਰਹੇ। ਉਨ੍ਹਾਂ ਦੀ ਯਾਦ ਵਿਚ ਗੁਰਦੁਵਾਰਾ ਤੇ ਖੂਹ ਅਜੇ ਤਕ ਕਾਇਮ ਹੈ।'ਕੋਠੇ ਦਾ ਮੇਲਾ' ਸਾਲ ਪਿਛੋਂ ਲਗਦਾ ਹੈ ਤੇ ਹਰ ਮਹੀਨੇ ਦੀ ਮੱਸਿਆ ਨੂੰ ਸਿੱਖ ਸੰਗਤਾਂ ਗੁਰਦੁਵਾਰੇ ਦੇ ਦਰਸ਼ਨ ਕਰਨ ਜਾਂਦੀਆਂ ਹਨ।

ਵਲੇ ਤੋਂ ਸਤਿਗੁਰੂ ਜੀ ਬਕਾਲੇ ਵਾਪਸ ਚਲੇ ਗਏ। ਬਕਾਲੇ ਵਿਚ ਰਹਿੰਦਿਆਂ ਹੋਇਆਂ ਥੋੜੇ ਦਿਨ ਹੀ ਹੋਏ ਸਨ ਕਿ ਮਾਤਾ ਕ੍ਰਿਸ਼ਨ ਕੌਰ ਜੀ ਵਲੋਂ ਭਾਈ ਗੁਰਬਖਸ਼ ਨਾਮ ਦਾ ਸੇਵਕ ਸਤਿਗੁਰੂ ਜੀ ਪਾਸ ਆਇਆ ਤੇ ਬੇਨਤੀ ਕੀਤੀ– "ਹੇਦਾਤਾ! ਮਾਤਾ ਕ੍ਰਿਸ਼ਨ ਕੌਰ ਜੀ (ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ਦੀ ਮਾਤਾ ਜੀ) ਨੇ ਆਗਿਆ ਕੀਤੀ ਹੈ ਕਿ ਆਪ ਪ੍ਰਵਾਰ ਸਮੇਤ ਸ੍ਰੀ ਕੀਰਤਪੁਰ ਆ ਕੇ ਵਸੋ ਤੇ ਸਤਿਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਪ੍ਰਚਾਰੋ।"

ਮਾਤਾ ਕ੍ਰਿਸ਼ਨ ਕੌਰ ਜੀ ਨੇ ਇਸ ਕਰਕੇ ਬਕਾਲੇ ਨੂੰ ਆਦਮੀ ਭੇਜਿਆ ਸੀ ਕਿ ਉਹ ਮਸੰਦਾਂ ਪਾਸੋਂ ਬਹੁਤ ਤੰਗ ਸਨ ਕਿਉਂਕਿ ਮਸੰਦਾਂ ਨੇ ਲਾਲਚ ਵਿਚ ਆਕੇ ਧੀਰ ਮਲ, ਰਾਮ ਰਾਇ ਤੇ ਸੂਰਜ ਮਲ ਆਦਿਕ ਨੂੰ 'ਗੁਰੂ' ਪ੍ਰਗਟ ਕਰਨਾ ਸ਼ੁਰੂਕਰ ਦਿੱਤਾ ਸੀ। ਗੁਰ-ਧਾਮ ਕੀਰਤਪੁਰ ਦੀ ਆਮਦਨ ਬਹੁਤ ਘਟ ਗਈ ਸੀ। ਟਾਵਾਂ ਟਾਵਾਂ ਸਿੱਖ ਉਥੇ ਦਰਸ਼ਨ ਕਰਨ ਜਾਂਦਾ ਸੀ। ਜਦ ਮਾਤਾ ਜੀ ਨੂੰ ਪਤਾ ਲੱਗਾ ਕਿ ਨਾਵੇਂ ਪਾਤਸ਼ਾਹ ਬਕਾਲੇ ਵਿਚ ਪ੍ਰਗਟ ਹੋ ਗਏ ਹਨ ਤਾਂ ਉਨ੍ਹਾਂ ਨੇ ਉਸੇ ਵੇਲੇ ਭਾਈ ਗੁਰਬਖਸ਼ ਜੀ ਨੂੰ ਬਾਬੇ ਬਕਾਲੇ ਵਲ ਤੋਰ ਦਿੱਤਾ। ਭਾਈ ਗੁਰਬਖਸ਼ ਬਹੁਤ ਸਿਆਣਾ, ਧਰਮੀ ਤੇ ਗੁਰੂ ਘਰ ਦਾ ਪ੍ਰੇਮੀ ਸਿੱਖ ਸੀ। ਉਸਨੇ ਚਿੱਠੀ ਦੇ ਨਾਲ ਜ਼ਬਾਨੀ ਸਾਰਾ ਹਾਲ ਦਸਿਆ ਤੇ ਸਤਿਗੁਰੂ ਜੀ ਅਗੇ ਪ੍ਰਾਰਥਨਾ ਕੀਤੀ ਕਿ ਸਤਿਗੁਰੂ ਜੀ ਜ਼ਰੂਰ ਕੀਰਤਪੁਰ ਚਲਕੇ ਵਸਣ।

ਮਾਤਾ ਜੀ ਦੀ ਪੱਤ੍ਰਕਾ ਪੜ੍ਹਕੇ ਅਤੇ ਭਾਈ ਗੁਰਬਖਸ਼ ਦੀ ਬੇਨਤੀ ਨੂੰ

ਪਰਵਾਨ ਕਰਕੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਘਰ ਦੀ ਭਾਜੜ ਬੰਨ੍ਹ ਲਈ ਜਾਵੇ ਤੇ ਮਾਤਾ ਨਾਨਕੀ ਜੀ ਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਗੁਜਰੀ ਵੀ ਸਾਥ ਚਲਣ। ਕੀਰਤਪੁਰ ਜਾਕੇ ਰਿਹਾ ਰਿਹਾ ਜਾਵੇਗਾ।

ਸਾਵਣ ਦਾ ਮਹੀਨਾ ਸੀ, ਦਰਿਆ ਬਿਆਸਾ ਠਾਠਾਂ ਮਾਰ ਰਿਹਾ ਸੀ। ਕਦੀ ਦੋ ਦਿਨ ਤੇ ਕਦੀ ਤਿੰਨ ਦਿਨ ਮੀਂਹ ਲਗਾਤਾਰ ਵਰ੍ਹਦਾ ਰਹਿੰਦਾ ਸੀ। ਐਸੇ ਖਰਾਬ ਮੌਸਮ ਵਿਚ ਹੀ ਸਤਿਗੁਰੂ ਜੀ ਵਹੀਰ ਸਮੇਤ ਕੀਰਤਪੁਰ ਨੂੰ ਚਲ ਪਏ। ਦਰਿਆ ਬਿਆਸਾਂ ਤੋਂ ਪਾਰ ਹੋਣ ਲਗੇ ਤਾ ਭਾਈ ਚਰਨ ਦਾਸ ਸਾਧੂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸਤਿਗੁਰੂ ਜੀ ਪਾਸ ਲੈ ਆਏ। ਸਤਿਗੁਰੂ ਜੀ ਨੇ ਪੁਛਿਆਃ—'ਭਾਈ ਪੰਡਤਾ ਇਹ ਕੀ ਹੈ?'

ਸਾਧੂ—"ਮਹਾਰਾਜ! ਇਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੈ ਜੋ ਧੀਰ ਮਲ ਪਾਸੋਂ ਮਾਮੇ ਕ੍ਰਿਪਾਲ ਜੀ ਤੇ ਹੋਰ ਸਿਖਾਂ ਨੇ ਬਕਾਲੇ ਖੋਹੀ ਸੀ। ਇਸਨੂੰ ਆਪਣੇ ਕੋਲ ਰਖੋ, ਪ੍ਰਕਾਸ਼ ਕਰੋ।"

ਚਰਨ ਦਾਸ ਜੀ ਕੋਲੋਂ ਇਹ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ ਕਿ "ਇਸ ਬੀੜ ਨੂੰ ਅਸਾਂ ਕੋਲ ਨਹੀਂ ਰਖਣਾ। ਇਸ ਨੂੰ ਧੀਰਮਲ ਦੇ ਹਵਾਲੇ ਕਰ ਦੇਵੋ। ਓਹੋ ਹੀ ਇਸ ਦੀ ਪੂਜਾ ਪ੍ਰਾਪਤ ਕਰਦਾ ਰਹੇ।'

ਜੋ ਬਚਨ ਸਤਿਗੁਰੂ ਜੀ ਇਕ ਵਾਰ ਕਰ ਦੇਣ ਉਹ ਸਿੱਖਾਂ ਨੂੰ ਮੰਨਣੇ ਪੈਂਦੇ ਸਨ। ਸਾਹਿਬਾਂ ਦਾ ਬਚਨ ਅਟੱਲ ਰਹਿੰਦਾ ਸੀ। ਓਸੇ ਵੇਲੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਧੀਰ ਮਲ ਵਲ ਭੇਜ ਦਿੱਤੀ ਗਈ* ਜੋ ਅਜੇ ਤਕ ਕਰਤਾਰਪੁਰ ਸੋਢੀ ਨਿਹਾਲ ਸਿੰਘ ਜੀ ਦੇ ਵੰਸ਼ ਕੋਲ ਹੈ।

ਸਤਿਗੁਰੂ ਜੀ ਆਪ ਧੀਰ ਮਲ ਦੇ ਮੱਥੇ ਨਹੀਂ ਲੱਗੇ। ਕਰਤਾਰ ਪੁਰ ਤੋਂ ਪਾਸੇ ਪਾਸੇ ਹੀ ਵਹੀਰ ਲੰਘ ਗਿਆ। ਕਰਤਾਰ ਪੁਰ ਤੋਂ ਜਲੰਧਰ ਤੇ ਜਲੰਧਰ ਤੋਂ ਫਗਵਾੜੇ ਰਾਹੀਂ ਦੁਆਬੇ ਦੇਸ਼ ਵਿਚ ਦੀ ਵਿਚਰਦੇ ਹੋਏ ਸਤਿਗੁਰੂ ਜੀ ਸਤਿਲੁਜ ਦੇ ਕਿਨਾਰੇ ਪਹੁੰਚ ਗਏ। ਸਤਲੁਜ ਨੂੰ ਪਾਰ ਕੀਤਾ ਤਾਂ ਕੀਰਤ ਪੁਰ ਆ ਗਿਆ।

---

੦ ਪੋਥੀਆ ਵਿਚ ਇਹ ਵੀ ਲਿਖਿਆ ਹੈ ਕਿ ਸਾਰੇ ਸਿੱਖਾਂ ਨੇ ਧੀਰਮਲ ਦੇ ਮੱਥੇ ਲਗਣਾ ਮੁਨਾਸਬ ਨ ਸਮਝਿਆ। ਸਤਿਗੁਰੂ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਰਿਆ ਬਿਆਸਾ ਵਿਚ ਅਮਾਨਤ ਰੱਖ ਦਿਤੀ ਤੇ ਧੀਰ ਮਲ ਨੂੰ ਸੁਨੇਹਾ ਭੇਜ ਦਿਤਾ ਕਿ ਉਹ ਦਰਿਆ ਬਿਆਸਾ ਕੋਲੋਂ ਬੀੜ ਨੂੰ ਲੈ ਜਾਵੇ।

ਕੀਰਤਪੁਰ ਵਿਚ ਬੈਠੇ ਮਾਤਾ ਕ੍ਰਿਸ਼ਨ ਕੌਰ ਜੀ ਤੇ ਸਿੱਖਾਂ ਸੇਵਕਾਂ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਆ ਪੁਜੇ ਹਨ ਤਾਂ ਉਹ ਸਵਾਗਤ ਵਾਸਤੇ ਅਗੇ ਆਏ। ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਮਾਤਾ ਕ੍ਰਿਸ਼ਨ ਕੌਰ ਜੀ ਨੂੰ ਮਿਲੇ ਤੇ ਬਹੁਤ ਵੈਰਾਗ ਦੀਆਂ ਗੱਲਾਂ ਕੀਤੀਆਂ। ਓਧਰੋ ਓਧਰੀ ਇਕ ਦੂਸਰੇ ਦੀ ਸੁਖ ਸਾਂਦ ਪੁਛੀ।

੯. ਸਤਿਗੁਰੂ ਜੀ ਨੇ ਅਨੰਦ ਪੁਰ ਵਸਾਉਣਾ

ਕੀਰਤਪੁਰ ਰਹਿੰਦਿਆਂ ਹੋਇਆਂ ਸਤਿਗੁਰੂ ਜੀ ਨੂੰ ਥੋੜਾ ਸਮਾਂ ਹੀ ਹੋਇਆ ਸੀ ਕਿ ਲਾਲਚੀਆਂ ਅਤੇ ਗੁਰੂ ਘਰ ਦੇ ਦੁਸ਼ਮਨਾਂ ਨੇ ਈਰਖਾ ਦੀ ਅੱਗ ਧੁਖਾ ਦਿੱਤੀ। ਭਾਵੇਂ ਸਤਿਗੁਰੂ ਜੀ ਨੇ ਆਪਣੇ ਤਿਆਗੀ ਸੁਭਾ ਦੇ ਅਨੁਸਾਰ ਸਾਰਾ ਧਨ-ਪਦਾਰਥ ਮਾਤਾ ਕ੍ਰਿਸ਼ਨ ਕੌਰ ਜੀ ਦੇ ਸਪੁਰਦ ਕਰ ਦਿਤਾ ਸੀ ਫਿਰ ਵੀ ਧੀਰ ਮਲ ਤੇ ਰਾਮਰਾਇ ਦੇ ਏਜੰਟਾਂ ਨੇ ਮਾਤਾ ਕ੍ਰਿਸ਼ਨ ਕੌਰ ਜੀ ਨੂੰ ਸਤਿਗੁਰੂ ਜੀ ਤੇ ਮਾਤਾ ਗੁਜਰੀ ਜੀ ਨਾਲ ਲੜਾ ਦਿੱਤਾ। ਪ੍ਰੇਮ ਬਚਨਾ ਦੀ ਥਾਂ ਕੌੜੇ ਬਚਨ ਬੋਲੇ ਜਾਣੇ ਸ਼ੁਰੂ ਹੋਏ ਇਕ ਦੂਸਰੇ ਨਾਲ ਹੱਜਕੇ ਮਿਲਣ ਦੀ ਥਾਂ ਮਾਤਾ ਕ੍ਰਿਸ਼ਨ ਕੌਰ ਜੀ ਮੱਥੇ ਤੇ ਵੱਟ ਪਾਉਣ ਲੱਗੇ।

ਪਰ ਸਤਿਗੁਰੂ ਜੀ ਮਹਾ ਤਿਆਗੀ ਤੇ ਸ਼ਾਂਤੀ ਸਰੂਪ ਸਨ। ਉਹ ਤਾਂ ਨਾ ਕਿਸੇ ਨੂੰ ਡਰ ਦੇਂਦੇ ਤੇ ਨਾ ਕਿਸੇ ਨਾਲ ਵੈਰ ਭਾਵ ਰਖਦੇ ਸਨ। ਉਹਨਾਂ ਦੇ ਜੀਵਨ ਵਿਚ ਤਾਂ ਭਗਤੀ ਤੇ ਪ੍ਰੇਮ ਸੀ।ਉਹ ਭਲਾ ਈਰਖਾ ਦੀ ਅੱਗ ਨੂੰ ਕਿਵੇਂ ਦੇਖ ਸਕਦੇ? ਕਿਵੇਂ ਲਾਲਚੀ ਤੇ ਈਰਖਾ ਵਾਲੇ ਵਾਯੂ ਮੰਡਲ ਵਿਚ ਰਹਿ ਸਕਦੇ? ਉਹਨਾਂ ਨੇ ਝੱਟ ਪੱਟ ਫੈਸਲਾ ਕਰ ਦਿੱਤਾ ਕਿ ਉਹ ਕੀਰਤਪੁਰ ਨਹੀਂ ਰਹਿਣਗੇ। ਕਿਸੇ ਦੇ ਮਕਾਨਾਂ,ਕਿਸੇ ਦੇ ਪੂਜਨੀਕ ਅਸਥਾਨ ਉਤੇ ਬੈਠ ਕੇ ਪੂਜਾ ਕਰਾਉਣ ਦੀ ਉਹਨਾਂ ਨੂੰ ਲੋੜ ਨਹੀਂ। ਉਹ ਤਾਂ ਸੁਤੰਤ੍ਰ ਅਤੇ ਸ਼ਾਂਤੀ ਦਾ ਜੀਵਨ ਕੱਟਣਾ ਚਾਹੁੰਦੇ ਹਨ। ਜਗਤ ਦੇ ਭਲੇ ਵਾਸਤੇ ਉਹਨਾਂ ਨੇ ਬਹੁਤ ਕੁਝ ਕਰਨਾ ਹੈ।

ਕੀਰਤਪੁਰ ਪੁਜਦੇ ਸਾਰ ਮਸੰਦਾਂ ਰਾਹੀਂ ਸਾਰੇ ਭਾਰਤ, ਕਾਬਲ ਤੇ ਕੰਧਾਰ ਦੇ ਗੁਰੂ-ਘਰ ਦੇ ਪ੍ਰੇਮੀਆਂ ਨੂੰ ਗਿਆਨ ਹੋ ਗਿਆ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਉਤੇ ਨਾਵੇਂ ਪਾਤਸ਼ਾਹ ਦੇ ਸਰੂਪ ਵਿਚ ਸਤਿਗੁਰੂ ਤੇਗ ਬਹਾਦਰ ਜੀ ਬਰਾਜਮਾਨ ਹਨ। ਇਹ ਖਬਰ ਸੁਣਦੇ ਸਾਰ ਗੁਰੂ ਘਰ ਦੇ ਪ੍ਰੇਮੀ ਵਹੀਰਾਂ ਘੱਤ

ਕੇ ਕੀਰਤਪੁਰ ਆਉਣ ਲੱਗ ਪਏ ਸਨ। ਸੋਨੇ, ਚਾਂਦੀ, ਕਪੜੇ ਅਤੇ ਅੰਨ ਦਾ ਘਾਟਾ ਨਹੀਂ ਸੀ ਰਿਹਾ। ਭੰਡਾਰੇ ਭਰਪੂਰ ਹੋ ਗਏ ਸਨ। ਸਤਿਗੁਰੂ ਜੀ ਨੇ ਹੁਕਮ ਕੀਤਾ ਸੀ ਕਿ ਸਾਰਾ ਦਿਨ ਗੁਰੂ ਕਾ ਲੰਗਰ ਚਲਦਾ ਰਹੇ। ਜਿਸ ਵੇਲੇ ਕੋਈ ਲੋੜਵੰਦ ਪ੍ਰਸ਼ਾਦਾ ਮੰਗੇ ਉਸੇ ਵੇਲੇ ਹੀ ਉਸ ਨੂੰ ਪ੍ਰਸ਼ਾਦਾ ਮਿਲੇ। ਦੁਧ ਦੀਆਂ ਨਹਿਰਾਂ ਵਗਣ ਲਗ ਪਈਆਂ ਸਨ, ਗਊਆਂ ਇੰਞ ਸਤਲੁਜ ਦੇ ਕਿਨਾਰੇ ਫਿਰਦੀਆਂ ਸਨ ਜਿਵੇਂ ਸ੍ਰੀ ਕ੍ਰਿਸ਼ਨ ਜੀ ਸਮੇਂ ਜਮਨਾ ਕਿਨਾਰੇ ਗਊਆਂ ਦੇ ਵਗ ਫਿਰਿਆ ਕਰਦੇ ਸਨ। ਜੋ ਗਰੀਬ ਤੇ ਲੋੜਵੰਦ ਜੇਹੜੀ ਮਨੋ-ਕਾਮਨਾ ਪੂਰੀ ਕਰਨ ਦੀ ਇੱਛਾ ਧਾਰ ਕੇ ਆਉਂਦਾ ਉਸ ਦੀ ਉਹੋ ਇੱਛਾ ਪੂਰਨ ਹੁੰਦੀ, ਨਾਮਦਾਨ ਤੇ ਰਿਧੀਆਂ ਸਿਧੀਆਂ ਪ੍ਰਾਪਤ ਕਰਕੇ ਕਲਜੁਗੀ ਜੀਵ ਪ੍ਰਸੰਨ ਹੁੰਦੇ। ਅਨੇਕਾਂ ਪਾਪੀ ਜੀਵ ਆਤਮਾ ਦੀ ਸ਼ੁਧੀ ਵਾਸਤੇ ਆਉਂਦੇ, ਸਤਿਗੁਰੂ ਜੀ ਅਗੇ ਅਰਦਾਸ ਬੇਨਤੀਆਂ ਕਰਦੇ, ਸਤਿਗੁਰੂ ਜੀ ਭੁਲੇ ਜੀਵਾਂ ਨੂੰ ਕਹਿੰਦੇ ਕਿ ਇਸ ਤਰ੍ਹਾਂ ਵਾਹਿਗੁਰੂ ਅਗੇ ਅਰਦਾਸ ਕਰਿਆ ਕਰੋ—

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨ ਗਹੀ ਕਿਰਪਾ ਨਿਧਿ ਤੇਰੀ॥ਰਹਾਉ॥
ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਨਿ ਤਿਹ ਚਿੰਤਾ ਤਨੁ ਜਾਰਾ ॥੧॥
ਕੀਏ ਉਪਾਵ ਮੁਕਤਿ ਕੇ ਕਾਰਨਿ ਦਹਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨ ਤਾ ਕੋ ਮਰਮੁ ਨ ਪਾਇਆ ॥੨॥
ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥
ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ॥(ਜੈਤਸਰੀ ਮਃ ੯)

ਤਿਸਦਾ ਪ੍ਰਮਾਰਥ—ਹੇ ਵਾਹਿਗੁਰੂ ! ਮੇਰੀ ਇੱਜ਼ਤ ਰਖਣੀ। ਮੇਰੇ ਹਿਰਦੇ (ਦਿਲ) ਵਿਚ ਜਮਾਂ ਦਾ ਡਰ ਹੈ। ਉਹ ਡਰ ਭੈ ਭੀਤ ਕਰ ਰਿਹਾ ਹੈ, ਏਸੇ ਵਾਸਤੇ ਦਇਆ ਦੇ ਸਾਗਰ ਤੇ ਕ੍ਰਿਪਾਲੂ ਮਾਲਕ ਮੈਂ ਤੇਰੇ ਪਾਸ ਆਇਆ ਹਾਂ। ਤੇਰੀ ਸ਼ਰਨ ਦਾ ਆਸਰਾ ਲਿਆ ਹੈ ਮੇਰੇ ਤੇ ਕ੍ਰਿਪਾ ਕਰੋ।

ਮੈਂ ਵੱਡਾ ਮੰਦ ਕਰਮੀ, ਮੂਰਖ, ਲਾਲਚੀ ਅਤੇ ਪਾਪ ਕਰਮ ਕਰਦਾ ਕਰਦਾ ਹਾਰ ਗਿਆ ਹਾਂ। ਮੌਤ ਦਾ ਭੈ ਖਤਮ ਨਹੀਂ ਹੁੰਦਾ ਅਤੇ ਇਸ ਭੈ ਨੇ ਮੇਰੇ ਸਰੀਰ ਨੂੰ

ਸਾੜਕੇ ਸੁਵਾਹ ਕਰ ਦਿੱਤਾ ਹੈ। ਮੁਕਤੀ (ਕਲਿਆਣ) ਪ੍ਰਾਪਤੀ ਵਾਸਤੇ ਮੈਂ ਬਹੁਤ ਯਤਨ ਕੀਤੇ। ਚਾਰੇ ਪਾਸੇ ਤੁਰਿਆ ਫਿਰਿਆ ਤੇ ਅਨੇਕਾਂ ਕਰਮ ਕਰਦਾ ਕਰਦਾ ਹਾਰ ਗਿਆ। ਨਾ ਕਿਤਿਓਂ ਮੁਕਤੀ ਮਿਲੀ ਤੇ ਨਾ ਮੁਕਤੀ ਦਾ ਕਿਸੇ ਰਾਹ ਦਸਿਆ। (ਹੁਣ ਸਤਿਗੁਰੂ ਰਾਹੀਂ ਪਤਾ ਲੱਗਾ ਹੈ) ਕਿ ਹਿਰਦੇ ਦੇ ਅੰਦਰ ਹੀ ਪ੍ਰਮਾਤਮਾ ਦਾ ਵਾਸਾ ਹੈ ਪਰ ਮੈਂ ਇਸ ਭੇਤ ਨੂੰ ਪਹਿਲਾਂ ਨਹੀਂ ਸੀ ਜਾਣਿਆ, ਮੇਰੇ ਵਿਚ ਨਾ ਕੋਈ ਗੁਣ ਹੈ ਨਾ ਜਪ ਤੇ ਤਪ ਕੀਤਾ ਹੁਣ ਦਸੋ ਮੈਂ ਕੇਹੜਾ ਕੰਮ ਕਰਾਂ ? ਹੇ ਵਾਹਿਗੁਰੂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਮੁਕਤੀ ਰੂਪ ਦਾਨ ਬਖਸ਼ੋ। ਹੇ ਦਾਤਾ ! ਸਦਾ ਤੇਰਾ ਨਾਮ ਚਿਤ ਆਵੇ। ਤੈਨੂੰ ਪਾਪੀ ਜੀਵ ਨਾ ਭੁਲੇ।"

ਸਤਿਗੁਰੂ ਜੀ ਸਦਾ ਨਿਰਵੈਰਤਾ, ਨਿਰਭੈਤਾ, ਪਵਿਤ੍ਰਤਾ ਤੇ ਕਲਿਆਣ ਰੂਪ ਉਪਦੇਸ਼ ਸਿਖ ਸੰਗਤ ਨੂੰ ਕਰਦੇ ਆਪ ਬਾਣੀ ਰਾਹੀਂ ਫੁਰਮਾਉਂਦੇ ਹਨ—

> ਨਰ ਅਚੇਤ ਪਾਪ ਤੇ ਡਰੁ ਰੇ ॥ ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥ ਰਹਾਉ ॥ ਬੇਦ ਪੁਰਾਨ ਜਾਸ ਗੁਨ ਗਾਵਤ ਤਾਕੋ ਨਾਮੁ ਹੀਐ ਮੋ ਧਰੁ ਰੇ ॥ ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥ ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥ ਨਾਨਕ ਕਹਤ ਗਾਇ ਕਰੁ ਨਾਮੈ ਭਵਸਾਗਰ ਕੈ ਪਾਰਿ ਉਤਰੁ ਰੇ ॥ (ਗਉੜੀ ਮਃ ੯)

ਤਿਸਦਾ ਪ੍ਰਮਾਰਥ—ਹੇ ਮਨੁੱਖ ਪਾਪ ਤੋਂ ਡਰ (ਕਦੀ ਪਾਪ ਕਰਮ ਨਾ ਕਰ ਤੇ ਨਾ ਆਪਣੀ ਆਤਮਾ ਨੂੰ ਦੁਖੀ ਕਰ ਤੇ ਨਾ ਕਿਸੇ ਦੀ ਆਤਮਾ ਨੂੰ) ਗਰੀਬਾਂ ਤੇ ਨਿਰਬਲਾਂ ਉਤੇ ਦਇਆ ਕਰਨ ਵਾਲੇ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੇ ਵਾਹਿਗੁਰੂ ਦੀ ਸ਼ਰਨ ਪਉ। ਜਿਸ ਵਾਹਿਗੁਰੂ ਦੇ ਨਾਮ ਨੂੰ ਵੇਦ ਤੇ ਪੁਰਾਣ ਜਪਦੇ ਹਨ, ਐਸੇ ਵਾਹਿਗੁਰੂ ਦੇ ਨਾਮ ਦਾ ਜਾਪ ਕਰ ਉਸ ਨੂੰ ਹਿਰਦੇ ਵਿਚ ਵਸਾ। ਸੰਸਾਰ ਵਿਚ ਇਕ ਨਾਮ ਹੀ ਹੈ ਜੋ ਜੀਵਨ ਦਾ ਉਧਾਰ ਕਰ ਸਕੇ। ਜੋ ਵਾਹਿਗੁਰੂ ਦਾ ਨਾਮ ਜਪਦੇ ਹਨ, ਉਹਨਾਂ ਦੇ ਪਾਪ ਸਭ ਨਾਸ਼ ਹੁੰਦੇ ਹਨ। ਹੇ ਜੀਵ ! ਰਤਾ ਸੋਚ, ਕਈ ਜਨਮ ਕੀੜੇ, ਮਕੌੜੇ ਤੇ ਪਸ਼ੂ ਰਹਿਣ ਪਿਛੋਂ ਮਨੁਖ ਜਨਮ ਮਿਲਿਆ ਹੈ। ਇਹ ਮੁੜ ਕੇ ਛੇਤੀ ਪ੍ਰਾਪਤ ਨਹੀਂ ਹੋਣਾ ਇਸ ਵਾਸਤੇ ਛੇਤੀ ਤੋਂ ਛੇਤੀ ਨਾਮ ਸਿਮਰਨ ਕਰਕੇ

ਆਪਣੇ ਆਪ ਦਾ ਉਧਾਰ ਕਰ ਲੈ। ਮਨੁਖਾ ਜਨਮ ਨਾਮ ਸਿਮਰਨ ਵਾਸਤੇ ਹੀ ਮਿਲਿਆ ਹੈ। ਐਸੇ ਦਇਆ ਦੇ ਘਰ, ਨਿਰਵੈਰ ਸਤਿਗੁਰੂ ਜੀ ਨਹੀਂ ਸਨ ਚਾਹੁੰਦੇ ਕਿ ਅਸ਼ਾਂਤ, ਵੈਰ ਤੇ ਈਰਖਾ ਵਾਲੇ ਵਾਯੂ ਮੰਡਲ ਵਿਚ ਰਹਿਣ ਉਹਨਾਂ ਨੇ ਆਪਣੇ ਸੇਵਕਾਂ ਨੂੰ ਹੁਕਮ ਕੀਤਾ—'ਸਤਿਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਪ੍ਰਚਾਰਨ ਵਾਸਤੇ ਕਿਸੇ ਹੋਰ ਥਾਂ 'ਧਰਮਸਾਲਾ' ਕਾਇਮ ਕਰਨੀ ਹੈ। ਥਾਂ (ਧਰਤੀ) ਖੁਲ੍ਹੀ, ਜਲ, ਹਰੇ ਬ੍ਰਿਛਾਂ ਵਾਲੀ ਹੋਵੇ। ਜਿਥੇ ਇਕਾਂਤ, ਸ਼ਾਂਤੀ, ਸੀਤਲ ਤੇ ਨਿਰਮਲ ਹਵਾ ਹੋਵੇ। ਐਸੀ ਥਾਂ ਲਭੋ, ਮੁਫਤ ਲੈਣ ਦੀ ਲੋੜ ਨਹੀਂ ਮੁਲ ਖਰੀਦੀ ਜਾਵੇ। ਜੋ ਮਾਇਆ ਆਈ ਹੈ ਉਸ ਨੂੰ ਧਰਮਸਾਲਾ ਕਾਇਮ ਕਰਨ ਵਿਚ ਖਰਚ ਕੀਤਾ ਜਾਵੇ। ਏਥੇ ਨਹੀਂ ਰਹਿਣਾ। ਨਾ ਕਿਸੇ ਨਾਲ ਲੜਨਾ ਹੈ ਤੇ ਨਾ 'ਆਪਣੇ ਹੱਕ' ਦੀ ਅਵਾਜ਼ ਦੇਕੇ ਕਿਸੇ ਵਸਤੂ ਦੀ ਵੰਡ ਕਰਨੀ ਹੈ। ਮਨੁਖ ਨੂੰ ਸਦਾ ਆਪਣੇ ਘਰ ਰਹਿਣਾ ਚਾਹੀਦਾ ਹੈ। ਓਪਰੇ ਘਰ ਸੁਤੰਤ੍ਰਤਾ ਨਹੀਂ ਹੁੰਦੀ। ਮਾਯਾ ਦਾ ਲਾਲਚ ਤੇ ਈਰਖਾ ਹੰਕਾਰ ਮਨੁੱਖ ਦਾ ਪਿੱਛਾ ਨਹੀਂ ਛੱਡਦੇ। ਇਸ ਵਾਸਤੇ ਮਾਯਾ ਲੈ ਜਾਵੋ ਤੇ ਕੋਈ ਚਾਰਾ ਕਰੋ।'

ਸਤਿਗੁਰੂ ਜੀ ਦਾ ਹੁਕਮ ਪਾਕੇ ਉਸੇ ਵੇਲੇ ਦੋ ਸਿੱਖ ਤੇ ਦੋ ਮਸੰਦ ਸਤਲੁਜ ਦੇ ਉਤਰੀ ਕਿਨਾਰੇ ਵਲ ਤੁਰ ਪਏ। ਨੈਨਾਂ ਦੇਵੀ ਪਰਬਤ ਦੇ ਹੇਠਾਂ ਮਾਖੋਵਾਲ ਪਿੰਡ ਦੀ ਥਾਂ ਉਨ੍ਹਾਂ ਨੂੰ ਬਹੁਤ ਪਸੰਦ ਆਈ, ਨਿੱਕੀ ਪਹਾੜੀ, ਹਰਿਆਵਲ, ਉੱਤਰ ਵਲ ਉੱਚੇ ਪਰਬਤ ਤੇ ਦਖਣ ਵਲ ਸਤਲੁਜ ਦਰਿਆ ਵਗ ਰਿਹਾ ਸੀ। ਇਕ ਦੋ ਛੋਟੀਆਂ ਨਦੀਆਂ ਵੀ ਸਨ ਉਸ ਥਾਂ ਨੂੰ ਵੇਖਕੇ ਚੋਹਾਂ ਨੇ ਸਲਾਹ ਕੀਤੀ ਕਿ ਬਸ ਏਸੇ ਥਾਂ ਤੇ ਨਵਾਂ ਨਗਰ ਵਸਾਉਣਾ ਚਾਹੀਦਾ ਹੈ। ਉਹ ਪਿੰਡ ਉਜੜਿਆ ਪਿਆ ਸੀ ਇਹ ਵੇਖਕੇ ਉਹ ਹੈਰਾਨ ਹੋਏ ਕਿ ਐਸੀ ਸੁੰਦਰ ਥਾਂ ਉੱਜੜੀ ਕਿਉਂ ਹੈ। ਉਥੋਂ ਦੋ ਮੀਲ ਪੱਛਮ ਵਿਚ ਇਕ ਹੋਰ ਪਿੰਡ ਵਸਦਾ ਸੀ ਉਸ ਪਿੰਡ ਪੁਜਕੇ ਉਨ੍ਹਾਂ ਨੇ ਪੜਤਾਲ ਕੀਤੀ ਕਿ ਮਾਖੋਵਾਲ ਉੱਜੜਿਆ ਕਿਉਂ ਹੈ? ਕੀ ਉਥੋਂ ਦਾ ਜਲ-ਵਾਯੂ ਠੀਕ ਨਹੀਂ?

ਪਿੰਡ ਦੇ ਮੁਖੀਏ ਨੇ ਉੱਤਰ ਦਿੱਤਾ—ਇਸ ਪਿੰਡ ਦਾ ਨਾਮ ਮਾਖੋਵਾਲ ਹੈ। ਕਦੀ ਏਥੇ ਮਾਖੋ ਦੈਂਤ ਰਹਿੰਦਾ ਸੀ। ਉਹ ਦੈਂਤ ਮਰ ਗਿਆ, ਮਰਕੇ ਵੀ ਉਦੀਸ

ਰੂਹ ਕਿਤੇ ਨਾ ਗਈ ਸਗੋਂ ਪਿੰਡ ਵਿਚਾਲੇ ਦੇ ਪਿੱਪਲ ਉਤੇ ਵਾਸ ਕਰਦੀ ਹੈ। ਜਦੋਂ ਵੀ ਕਦੀ ਇਸ ਪਿੰਡ ਨੂੰ ਵਸਾਉਣ ਦਾ ਯਤਨ ਕੀਤਾ ਗਿਆ ਤਦੋਂ ਹੀ ਉਸ ਦੈਂਤ ਨੇ ਪਿੰਡ ਨੂੰ ਉਜਾੜ ਦਿੱਤਾ। ਉਹ ਆਦਮੀਆਂ ਨੂੰ ਮਾਰਦਾ ਤੇ ਡੰਗਰਾਂ ਦਾ ਲਹੂ ਪੀ ਜਾਂਦਾ। ਮਕਾਨਾਂ ਨੂੰ ਢਾਹ ਦੇਂਦਾ ਰਿਹਾ। ਹੁਣ ਹਾਰਕੇ ਇਸ ਪਿੰਡ ਨੂੰ ਵਸਾਉਣ ਦਾ ਹੀ ਖਿਆਲ ਛੱਡ ਦਿੱਤਾ ਹੈ। ਦੁਪਹਿਰੇ ਤੇ ਰਾਤ ਨੂੰ ਇਸ ਪਿੰਡ ਦੀ ਜੂਹ ਵਿਚ ਵੀ ਕੋਈ ਨਹੀਂ ਜਾਂਦਾ।' ਸਤਿਗੁਰੂ ਜੀ ਦੇ ਸਿੱਖਾਂ ਨੇ ਹੋਰ ਪੁਛਿਆ– 'ਇਸ ਪਿੰਡ ਦਾ ਮਾਲਕ ਕੌਣ ਹੈ ?'

'ਰਾਜਾ ਦੀਪ ਚੰਦ ਕਹਲੂਰੀਆ' ਪਿੰਡ ਵਾਲਿਆਂ ਦਾ ਉੱਤਰ ਸੀ।

ਸਿਖ ਉਸੇ ਵੇਲੇ ਕਹਲੂਰ ਪਹੁੰਚੇ। ਭਾ ਕਰਕੇ ਪਿੰਡ ਨੂੰ ਮੁਲ ਖਰੀਦਲਿਆ। ਰਾਜੇ ਨੇ ਵੀ ਸਮਝਿਆ ਜੋ ਮਿਲਦਾ ਹੈ ਸੋ ਵਸੂਲ ਕਰੋ,ਏਥੇ ਰਹਿੰਦਾ ਤਾਂ ਕੋਈ ਨਹੀਂ। ਸਿਖ ਪਟਾ ਲਿਖਵਾਕੇ ਤੇ ਰਕਮ ਤਾਰ ਕੇ ਸਤਿਗੁਰੂ ਜੀ ਪਾਸ ਆ ਪੁਜੇ । ਪਿੰਡ ਦੇ ਵਸਣ ਤੇ ਉਜੜਨ ਦੀ ਕਥਾ ਵੀ ਆਖ ਸੁਣਾਈ । ਉਹਨਾਂ ਦੀ ਗੱਲ ਸੁਣ ਕੇ ਸਤਿਗੁਰੂ ਜੀ ਨੇ ਮੁਸਕਰਾਕੇ ਕਿਹਾ–'ਕੋਈ ਚਿੰਤਾ ਨਾ ਕਰੋ। 'ਵਾਹਿਗੁਰੂ ਸਤਿਨਾਮ' ਅਤੇ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਕੀਰਤਨ ਸੁਣਕੇ ਮਾਖੋ ਦੈਂਤ ਦੀ ਰੂਹ ਨਿਰਬਲ ਹੋਕੇ ਆਪੇ ਕਿਧਰੇ ਤੁਰ ਜਾਵੇਗੀ, ਉਹ ਨੁਕਸਾਨ ਨਹੀਂ ਪਹੁੰਚਾ ਸਕਦੀ। ਪਿੰਡ ਵਸੇਗਾ। ਪਿੰਡ ਦਾ ਨਾਮ ਰਖਣਾ ਹੈ 'ਅਨੰਦ ਪੁਰ' ਅਨੰਦ ਤੇ ਸ਼ਾਂਤੀ ਦੀ ਪੁਰੀ ਏਥੇ ਸਦਾ ਮੇਲੇ ਲੱਗਣਗੇ ਤੇ ਇਹ ਅਸਥਾਨ ਸਾਰੇ ਸੰਸਾਰ ਉਤੇ ਰੋਸ਼ਨ ਹੋਵੇਗਾ। ਵਾਹਿਗੁਰੂ ਤੇ ਭਰੋਸਾ ਰੱਖ ਕੇ ਕੋਠੇ ਛੱਤਣੇ ਆਰੰਭ ਕਰੋ।'

ਸਤਿਗੁਰੂ ਜੀ ਦੇ ਹੁਕਮ ਨਾਲ ੧੭੨੧ ਬਿਕ੍ਰਮੀ ਵਿਚ ਅਨੰਦ ਪੁਰ ਦੀ ਨੀਂਹ ਰਖੀ ਗਈ। ਧਰਮਸਾਲਾ ਤੇ ਗੁਰੂ ਕੇ ਮਹਿਲ ਤਿਆਰ ਹੋਣ ਲੱਗੇ। ਸਿਖਾਂ ਸੇਵਕਾਂ ਨੇ ਓਸੇ ਵੇਲੇ ਤਨ, ਮਨ ਤੇ ਧਨ ਨਾਲ ਸੇਵਾ ਕਰਕੇ ਜੀਵਨ ਸਫਲ ਕਰਨਾ ਸ਼ੁਰੂ ਕੀਤਾ। ਥੋੜੀ ਇਮਾਰਤ ਤਿਆਰ ਹੋ ਜਾਣ ਤੇ ਸਤਿਗੁਰੂ ਜੀ ਪਰਵਾਰ ਸਮੇਤ ਕੀਰਤਪੁਰ ਨੂੰ ਛੱਡ ਕੇ ਅਨੰਦਪੁਰ ਆ ਵਸੇ। ਸਤਿਗੁਰੂ ਜੀ ਦੇ ਕੀਰਤਪੁਰ ਛੱਡਣ ਪਿਛੋਂ ਕੀਰਤਪੁਰ ਵਿਚ ਸੁੰਞਤਾ ਵਰਤ ਗਈ। ਮਾਤਾ ਕ੍ਰਿਸ਼ਨ ਕੌਰ ਜੀ ਆਪਣੀ ਭੁਲ ਨੂੰ ਚੇਤੇ ਕਰਕੇ ਪਛਤਾਉਣ ਲੱਗੇ।

੯. ਮਾਖੋ ਦੈਂਤ ਦੀ ਰੂਹ

ਸੈਂਕੜਿਆਂ ਦੀ ਗਿਣਤੀਵਿਚ ਸਿੱਖਮਾਖੋਵਾਲ ਦੇ ਟਿਬੇ ਉਤੇ ਆ ਪੁੱਜੇ। ਸਾਰੇ ਨਗਰ ਦੀ ਚੱਪਾ-ਚਪਾ ਜ਼ਮੀਨ ਤੋਂ "ਸਤਿਨਾਮ ਵਾਹਿਗੁਰੂ!......

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥" ਆਦਿਕ ਮੂਲ ਮੰਤ੍ਰ ਦੇ ਪਾਠ ਕਰਨ ਦੀ ਧੁਨੀ ਉਤਪਨ ਹੋਣ ਲੱਗੀ। ਰਾਗੀ ਤੇ ਢਾਡੀ ਗੁਰਬਾਨੀ ਦਾ ਕੀਰਤਨ ਕਰਨ ਲੱਗੇ। ਗੁਰਬਾਣੀ ਕੀਰਤਨ ਨਾਲ ਸ਼ੈਤਾਨੀ ਸ਼ਕਤੀ ਮਾਖੋ ਦੈਂਤ ਦੀ ਰੂਹ ਤੜਪ ਉਠੀ। ਉਸਨੇ ਬਣ ਰਹੀਆਂ ਇਮਾਰਤਾਂ ਨੂੰ ਢਾਹ ਢੇਰੀ ਕਰਣ ਦਾ ਯਤਨ ਕੀਤਾ ਪਰ ਉਸ ਕੋਲੋਂ ਇਕ ਇੱਟ ਨਾ ਹਿਲੀ, ਅਤੇ ਉਸ ਕੋਲੋਂ ਕੋਈ ਸਿੱਖ ਨਾ ਡਰਿਆ। ਕਿਸੇ ਦੇ ਪਸ਼ੂ ਦਾ ਨੁਕਸਾਨ ਨਾ ਹੋਇਆ। ਦੈਂਤ ਦੀ ਰੂਹ ਘਾਬਰ ਗਈ, ਉਹ ਵਿਆਕੁਲ ਹੋਕੇ ਦੈਵੀ ਸ਼ਕਤੀ ਨਾਲ ਪੁਰਖ ਰੂਪ ਵਿਚ ਹੋਕੇ ਇਕ ਦਿਨ ਸਤਿਗੁਰੂ ਜੀ ਪਾਸ ਆਇਆ। ਉਸਨੇ ਸਤਿਗੁਰੂ ਜੀ ਦੇ ਸਨਮੁਖ ਹੋਕੇ ਬੇਨਤੀ ਕੀਤੀ—"ਮੈਂ ਬਹੁਤ ਦੁੱਖੀ ਹਾਂ। ਮੇਰੇ ਪਿੰਡ ਵਿਚੋਂ ਚਲੇ ਜਾਵੋ। ਮੇਰਾ ਅੰਗ ਅੰਗ ਦੁੱਖ ਰਿਹਾ ਹੈ। ਮੈਂ ਕਈ ਦਿਨ ਤੋਂ ਭੁਖਾ ਹਾਂ। ਦਸੋ ਮੈਂ ਕੀ ਕਰਾਂ?"

"ਬਸ! ਏਥੇ ਸਤਿਗੁਰ ਨਾਨਕ ਦੇਵ ਜੀ ਦੀ ਬਾਣੀ ਤੇ ਸਿੱਖੀਵਸੇਗੀ। ਏਥੋਂ ਕਿਤੇ ਦੂਰ ਚਲਿਆ ਜਾਹ।" ਸਤਿਗੁਰੂ ਜੀ ਨੇ ਬਚਨ ਕੀਤਾ—"ਜੇ ਏਥੇ ਰਹਿਣਾ ਹੈ ਤਾਂ ਸਬਰ ਸੰਤੋਖ ਨਾਲ ਏਥੇ ਰਹੋ। ਜੋ ਕੋਈ ਗੁਰੂ ਦਾ ਪ੍ਰਸਾਦਿ ਕਰਕੇ ਵੰਡੇਗਾ, ਸੋ ਤੈਨੂੰ ਪੁਜੇਗਾ, ਜੇ ਸਤਿਗੁਰੂ ਜੀ ਦੇ ਕਿਸੇ ਸਿਖ ਨੂੰ ਕੁਝ ਆਖੇਂਗਾ ਤਾਂ ਕੀਤੇ ਦਾ ਫਲ ਪਾਵੇਂਗਾ।"

ਮਾਖੋ ਦੈਂਤ ਨੇ ਸਤਿਗੁਰੂ ਜੀਦੇ ਚਰਨਾਂ ਉਪਰ ਮੱਥਾ ਟੇਕਿਆਤੇ ਪਿਛਲੇ ਕਰਮ ਦੀ ਖਿਮਾਂ ਮੰਗ ਕੇ ਬੇਨਤੀਕੀਤੀ—"ਦਾਤਾ! ਮੈਨੂੰ ਅਗੇ ਨੂੰ ਸੁਮਤ ਬਖਸ਼ੋ ਮੈਨੂੰ ਇਸ ਚੰਦ੍ਰੀ ਰੂਹ ਦੇ ਜਨਮ ਵਿਚੋਂ ਸੁਤੰਤ੍ਰ ਕਰੋ। ਮੈਨੂੰ ਭਵ ਸਾਗਰ ਤੋਂ ਪਾਰ ਕਰੋ। ਮੈਂ ਵੱਡਾ ਪਾਪੀ ਹਾਂ। ਮੇਰੀਆਂ ਭੁਲਾਂ ਨਾ ਚਿਤਾਰੋ।" ਜੋ ਕੋਈ ਸ਼ਰਨ ਆਵੇ ਤਿਸਨੂੰ ਗੁਰੂ ਜੀ ਤਾਰਦੇ ਸਨ। ਇਹ ਅਸੂਲ ਅਨੁਸਾਰ ਮਾਖੋ ਦੈਂਤ ਦੀ ਰੂਹ ਨੂੰ ਭੂਤ ਜੀਵਨ ਵਿਚੋਂ ਸੁਤੰਤ੍ਰ ਕੀਤਾ ਉਹ ਮੁਕਤ ਹੋ ਗਈ, ਸਾਰੀ ਨਗਰੀ ਸੱਚ ਮੁੱਚ

ਅਨੰਦ ਦੀ ਪੁਰੀ ਬਣ ਗਈ ਜੋ ਅਜੇ ਤਕ ਵਸਦੀ ਹੈ।ਅੱਜ ਭਾਖੜਾ ਨੰਗਲ ਸਕੀਮ ਨਾਲ ਅਨੰਦਪੁਰੀ ਦੀ ਸ਼ੋਭਾ ਅਗੇ ਨਾਲੋਂ ਕਈ ਗੁਣਾ ਵਧ ਗਈ ਹੈ। ਮੇਲੇ ਲਗਦੇ ਹਨ ਤੇ ਗੁਰਬਾਣੀ ਦਾ ਕੀਰਤਨ ਅੱਠੇ ਪਹਿਰ ਹੁੰਦਾ ਰਹਿੰਦਾ ਹੈ। ਧੰਨ ਧੰਨ ਮੇਰਾ ਸੱਚਾ ਪਾਤਸ਼ਾਹ ਸਤਿਗੁਰੂ।

੧੦. ਮੌਲੇ ਸ਼ਾਹ ਫਕੀਰ ਦਾ ਭਰਮ ਦੂਰ ਕਰਨਾ

ਰੋਪੜ ਸ਼ਹਿਰ ਦਾ ਰਹਿਣ ਵਾਲਾ ਮੁਸਲਮਾਨ ਪੀਰ ਮੌਲੇਸ਼ਾਹ ਸੀ। ਉਹ ਮਸ਼ਹੂਰ ਤਿਆਗੀ ਸੂਫੀ ਫਕੀਰ ਸੀ,ਪਰ ਉਸ ਨੂੰ ਸੰਤ ਮਾਰਗ ਦਾ ਸੱਚਾ ਗਿਆਨ ਪ੍ਰਾਪਤ ਨਹੀਂ ਸੀ। ਉਸ ਨੇ ਜੀਵਨ ਦਾ ਗਿਆਨ ਪ੍ਰਾਪਤ ਨਹੀਂ ਸੀ ਕੀਤਾ। ਇਕ ਦਿਨ ਉਹ ਅਨੰਦਪੁਰ ਆ ਪੁਜਾ। ਉਸ ਦੇ ਨਾਲ ਉਹਦੇ ਚੇਲੇ ਸਨ। ਉਸ ਨੇ ਦੇਖਿਆ ਮਾਖੋਵਾਲ ਦੇ ਟਿਬੇ ਉਤੇ ਧਰਮਸਾਲਾ ਤਿਆਰ ਹੋ ਰਹੀ ਹੈ। ਰਹੈਸ਼ ਵਾਸਤੇ ਉੱਚੀਆਂ ਪੱਕੀਆਂ ਅਟਾਰੀਆਂ ਉਸਾਰੀਆਂ ਜਾ ਰਹੀਆਂ ਹਨ। ਖੂਹ ਪੁਟੇ ਜਾ ਰਹੇ ਸੀ। ਗਲੀਆਂ ਤੇ ਬਾਜ਼ਾਰਾਂ ਦੀਆਂ ਵਿਉਂਤਾਂ ਸੋਚੀਆਂ ਜਾ ਰਹੀਆਂ ਸਨ। ਇਹ ਸਭ ਕੁਝ ਦੇਖਕੇ ਮੌਲੇ ਸ਼ਾਹ ਸਿੱਖਾਂ ਨੂੰ ਕਹਿਣ ਲੱਗੇ—'ਇਹ ਸਭ ਕੁਝ ਮੈਂ ਕੀ ਦੇਖ ਰਿਹਾ ਹਾਂ ! ਇਕ ਹਿੰਦੂ ਪੀਰ ਜੋ ਜਗਤ ਨੂੰ ਥਿਰ ਨਹੀਂ ਸਮਝਦਾ, ਜੋ ਵੈਰਾਗ ਦਾ ਉਪਦੇਸ਼ ਦੇਂਦਾ ਹੈ, ਉਹ ਉੱਚੇ ਮੰਦਰ ਉਸਾਰ ਰਿਹਾ ਤੇ ਪਿੰਡ ਬਣਾ ਰਿਹਾ ਹੈ, ਆਖਰ ਇਹ ਕਿਉਂ ?ਸੁਣਿਆ ਹੈ ਪੀਰ ਨਾਨਕ ਜੀ ਵੀ ਜਗਤ ਨੂੰ ਮਾਯਾ ਰੂਪ ਸਮਝਦੇ ਸਨ।'

ਪੀਰ ਮੌਲੇ ਸ਼ਾਹ ਇਉਂ ਸੋਚਦੇ ਹੋਏ ਕੁਝ ਹੈਰਾਨੀਤੇ ਕੁਝ ਮਖੌਲ ਦੇ ਲਹਿਜੇ ਵਿਚ ਸਿੱਖਾਂ ਨਾਲ ਬਚਨ ਕਰ ਰਹੇ ਸਨ ਕਿ ਸਬੱਬ ਨਾਲ ਸਤਿਗੁਰੂ ਜੀ ਓਥੇ ਆ ਪੁਜੇ। ਸਤਿਗੁਰੂ ਜੀ ਨੇ ਪੀਰ ਜੀ ਨੂੰ ਜੀ ਆਇਆਂ ਆਖਿਆ ਤੇ ਸੁਖ ਸਾਂਦ ਪੁਛਣ ਪਿਛੋਂ ਰੋਟੀ ਤੇ ਜਲ-ਪਾਣੀ ਦੀ ਸੇਵਾ ਪੁਛੀ, ਬੈਠਣ ਵਾਸਤੇ ਆਖਿਆ।

ਪੀਰ ਦੇ ਨਾਲ ਉਹਦੇ ਚੇਲੇ ਸਨ। ਰੋਪੜ ਦੇ ਚੌਗਿਰਦੇ ਤੀਹ ਤੀਹ ਮੀਲ ਤਕ ਪੀਰ ਦੀ ਪੂਜਾ ਹੁੰਦੀ ਸੀ। ਬੜੀ ਵਡੀ ਵਡਿਆਈ ਪ੍ਰਾਪਤ ਕਰ ਚੁਕਾ ਸੀ, ਚੇਲਿਆਂ ਉਤੇ ਰੋਹਬ ਪਾਉਣ ਵਾਸਤੇ ਉਹ ਸਤਿਗੁਰੂ ਜੀ ਨਾਲ ਗਿਆਨ ਚਰਚਾ ਕਰਨਾ ਚਾਹੁੰਦਾ ਸੀ। ਉਹ ਦੇ ਮਨ ਦੀ ਮੁਰਾਦ ਪੂਰੀ ਹੋ ਗਈ। ਸਤਿਗੁਰੂ ਜੀ ਨੇ

ਆਪ ਹੀ ਸਤਕਾਰ ਦੇਕੇ ਬੈਠਨ ਵਾਸਤੇ ਕਿਹਾ।

ਸਤਿਗੁਰੂ ਜੀ ਨੇ ਪਹਿਲਾਂ ਕਾਨਿਆਂ ਦਾ ਛੱਪਰ ਪਵਾਕੇ ਬਹੁਤ ਵਡਾ ਦੀਵਾਨ ਅਸਥਾਨ ਬਣਵਾਇਆਸੀ।ਉਸ ਦੀਵਾਨ ਅਸਥਾਨਵਿਚਬੈਠਕੇਦੋਵੇਂ ਵੇਲੇ ਸੰਗਤਾਂ ਨੂੰ ਉਪਦੇਸ਼ ਕਰਿਆ ਕਰਦੇ ਸਨ। ਪੀਰ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੀਵਾਨ ਅਸਥਾਨ ਤੇ ਆ ਪੁਜੇ। ਪੀਰ ਨੇ ਓਹੋ ਸਵਾਲ ਸਤਿਗੁਰੂ ਜੀ ਅਗੇ ਰਖਿਆ—'ਪੀਰ ਨਾਨਕ ਜੀਦੀ ਬਾਨੀ ਕਹਿੰਦੀਹੈ ਕਿ ਇਹ ਜਗਤ ਮਿਥਿਆਹੈ। ਜੀਵ ਪ੍ਰਭੂਭਗਤੀ ਵਾਸਤੇ ਜਗਤ ਵਿਚ ਆਉਂਦਾਹੈ।ਐਨੇ ਝ ਮੇਲਿਆਂਵਿਚਜੀਵ ਨੂੰ ਨਹੀਂ ਪੈਣਾਚਾਹੀਦਾ ਜੋ ਫਿਰਆਪ ਨਵਾਂਸ਼ਹਿਰਕਿਉਂ ਵਸਾ ਰਹੇਹੋ?ਆਪਣੇ ਵਾਸਤੇ ਪੱਕੇ ਮਹਿਲ, ਖੂਹ, ਬਉਲੀਆਂ ਕਿਉਂ ਤਿਆਰ ਹੋ ਰਹੀਆਂ ਹਨ।"

ਸਤਿਗੁਰੂ ਜੀ ਨੇ ਬਚਨ ਕੀਤਾ—"ਪੀਰ ਸਾਹਿਬ ! ਇਹ ਸਭ ਕੁਝ ਠੀਕ ਹੈ। ਧੁਰ ਕੀ ਬਾਣੀ ਕਹਿੰਦੀ ਹੈ:—

ਰਾਜੇ ਰਯਤਿ ਸਿਕਦਾਰ ਕੋਈ ਨ ਰਹਸੀਓ ॥ ਹਟ ਬਟਣ ਬਾਜਾਰ ਹੁਕਮੀ ਢਹਸੀਓ ॥ ਪਕੇ ਬੰਕ ਦੁਆਰ ਮੂਰਖ ਜਾਣੈ ਆਪਣੇ ॥ ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥ ਤਾਜੀ ਰਥ ਤੁਖਾਰ ਹਾਥੀ ਪਾਖਰੇ ॥ ਬਾਗ ਮਿਲਖ ਘਰ ਬਾਰ ਕਿਥੈ ਸਿਆਪਣੇ ॥ ਤੰਬੂ ਪਲੰਘ ਨਿਵਾਰ ਸਰਾਇ ਚੇਲਾਲਤੀ॥ਨਾਨਕ ਸਚ ਦਾਤਾਰੁਸਿਨਾਖਤੁਕੁਦਰਤੀ॥ਮਾਝ ਕੀਵਾਰ ਮਃ੧)

ਸਤਿਗੁਰੂ ਜੀ ਫੁਰਮਾਉਂਦੇ ਹਨ, ਰਾਜਾ, ਪਰਜਾ, ਸਰਦਾਰਇਹ ਕਿਸੇ ਨਹੀਂ ਰਹਿਣਾ। ਹਟੀਆਂ,ਮੰਡੀਆਂ,ਬਾਜ਼ਾਰ ਆਦਿਕਵਾਹਿਗੁਰੂ ਦੇ ਹੁਕਮ ਨਾਲ ਸਾਰੇ ਢਹਿ ਢੇਰੀ ਹੋ ਜਾਣੇ ਹਨ। ਪੱਕੇ ਮਹਿਲਾਂ ਨੂੰ ਮੂਰਖ'ਆਪਣੇ' ਸਮਝ ਰਿਹਾ ਹੈ, ਅਸਲ ਵਿਚ ਇਹਦੇ ਆਪਣੇ ਨਹੀਂ। ਦੌਲਤ ਨਾਲ ਭਰੇ ਹੋਏ ਖਜ਼ਾਨੇ ਇਹ ਵੀ ਇਕ ਪਲ ਵਿਚ ਖਤਮ ਹੋ ਜਾਣੇ ਹਨ। ਘੋੜੇ, ਰਥ, ਕਾਠੀਆਂ ਹਾਥੀ ਆਦਿਕ ਬਾਗ, ਜਗੀਰ, ਘਰ ਆਦਿਕ ਵੀ ਨਹੀਂ ਰਹਿਣੇ। ਤੰਬੂ, ਕਨਾਤਾਂ ਨਿਵਾਰੀ ਮੰਜੇ ਇਹ ਸਭ ਚਲਾਏਮਾਨ—ਨਾਸ਼ ਹੋਣ ਵਾਲੇ ਹਨ। ਉਹ ਸਚਾ ਵਾਹਿਗੁਰੂ ਹੀ ਹੈ ਜੋ ਥਿਰਰਹਿੰਦਾਹੈ ਤੇ ਕੁਦਰਤ ਨਾਲ ਸਾਰੇ ਕਾਰਜ ਕਰਦਾ ਹੈ।'

ਪੀਰ ਮੌਲੇ ਸ਼ਾਹ ਇਤਨਾ ਗਿਆਨ ਹੁੰਦਿਆਂ ਹੋਇਆਂ ਵੀ ਆਪ ਕਿਉਂ

ਇਹ ਅਡੰਬਰ ਰਚ ਰਹੇ ਹੋ ?'

ਸਤਿਗੁਰੂ ਜੀ—ਅਸਾਂ ਤੋਂ ਪਹਿਲੇ ਸਤਿਗੁਰਾਂ ਅਸਾਡੇ ਵਡਿਆਂ ਨੇ ਵੀ ਸ਼ਹਿਰ ਵਸਾਏ, ਖੂਹ, ਤਾਲਾਬ ਲਵਾਏ, ਮਹਿਲ ਪਵਾਏ ਤੇ ਬਾਗ਼ ਲਗਾਏ, ਪਰ ਕਿਸੇ ਥਾਂ ਕਬਜ਼ਾ ਨਹੀਂ ਕੀਤਾ। ਸਭ ਨੂੰ 'ਆਪਣੇ ਨਹੀਂ ਆਖਿਆ' ਉਹਨਾਂ ਦੇ ਤਿਆਗਣ ਤੇ ਸੋਗ ਨਹੀਂ ਮਨਾਇਆ ਸਭ ਕੁਝ ਲੋਕ ਭਲਾਈ ਤੇ ਸੰਗਤ ਵਾਸਤੇ ਕੀਤਾ। ਬਾਗਾਂ ਵਿਚ ਪੰਛੀ ਅਨੰਦ ਲੈਂਦੇ ਹਨ ਤੇ ਸੰਤ, ਸਾਧੂ ਤੇ ਫਕੀਰ ਵਾਹਿਗੁਰੂ ਨੂੰ ਚੇਤੇ ਕਰਦੇ ਹੋਏ ਉਹਦਾ ਜਸ ਗਾਂਉਂਦੇ ਹਨ। ਅਸਾਡਾ ਦੇਸ਼ ਗਰਮ ਦੇਸ਼ ਹੈ। ਏਥੇ ਮਨੁਖ, ਪਸ਼ੂ ਤੇ ਪੰਛੀਆਂ ਵਾਸਤੇ ਸੀਤਲ ਜਲ ਦੀ ਲੋੜ ਹੈ । ਜਲ ਵਾਸਤੇ ਤਾਲਾਬ ਪੁਟਾਉਣੇ ਤੇ ਖੂਹ ਬਾਉਲੀਆਂ ਤਿਆਰ ਕਰਵਾਉਣੀਆਂ ਜ਼ਰੂਰੀ ਹਨ। ਇਹ ਸਚੀ ਲੋਕ ਸੇਵਾ ਹੈ। ਵਡਾ ਨੇਕ ਕਰਮ ਹੈ। ਖੁਦਾ ਐਸੇ ਕੰਮਾਂ ਦਾ ਫਲ ਚੰਗਾ ਦੇਂਦਾ ਹੈ।

ਪੀਰ ਸਾਹਿਬ ! ਏਥੇ ਜੋ ਕੁਝ ਤਿਆਰ ਹੋ ਰਿਹਾ ਹੈ ਇਹ ਅਸਾਡਾ ਨਹੀਂ ਖੁਦਾ ਦਾ ਤੇ ਖੁਦਾ ਦੇ ਬੰਦਿਆਂ ਦਾ ਹੈ। ਸਰਾਂ ਦੀ ਤਰਾਂ ਜੀਵਾਂ ਨੂੰ ਇਸ ਜਗਤ ਵਿਚ ਹਰ ਚੀਜ਼ ਦੀ ਲੋੜ ਹੈ, ਜਿਵੇਂ ਰਾਹੀ (ਮੁਸਾਫਰ) ਨੂੰ ਰਸਤੇ ਵਿਚ ਰਾਤ ਕਟਣ ਵਾਸਤੇ ਸਰਾਂ ਦੀ ਲੋੜ ਹੈ। ਪਰ ਉਸ ਸਰਾਂ ਨੂੰ ਜੋ ਆਪਣਾ ਘਰ ਅਤੇ ਆਪਣੀ ਮਾਲਕੀ ਸਮਝਣ ਲੱਗ ਪੈਂਦਾ ਹੈ, ਉਹ ਮੂਰਖ ਜਾਂ ਅਗਿਆਨੀ ਹੈ। ਜੀਵ ਨੇ ਜਗਤ ਵਿਚ ਮੁਸਾਫਰੀ ਦੀ ਤਰਾਂ ਜੀਵਨ ਰਾਤ ਨੂੰ ਗੁਜਾਰਨਾ ਹੈ । ਜਿਵੇਂ ਦਸਿਆ ਹੈ— ਸਤਿਗੁਰੂ ਨਾਨਕ ਦੇਵ ਜੀ ਨੇ ਕਰਤਾਰ ਪੁਰ ਵਸਾਇਆ ਸਤਿਗੁਰੂ ਅੰਗਦ ਦੇਵ ਜੀ ਨੇ ਖਡੂਰ ਨਗਰ ਵਿਚ ਧਰਮਸਾਲਾ ਕਾਇਮ ਕੀਤੀ, ਸਤਿਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਪੱਕੇ ਮੰਦਰ ਤਿਆਰ ਕਰਵਾਏ । ਸਤਿਗੁਰੂ ਰਾਮਦਾਸ ਜੀ, ਸਤਿਗੁਰੂ ਅਰਜਨ ਦੇਵ ਜੀ ਅਤੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੰਮ੍ਰਿਤਸਰ ਤਰਨ ਤਾਰਨ, ਕਰਤਾਰ ਪੁਰ (ਜਲੰਧਰ) ਹਰਿਗੋਬਿੰਦ ਪੁਰਾ ਅਤੇ ਕੀਰਤਪੁਰ ਸ਼ਹਿਰ ਵਸਾਏ, ਪਰ ਉਹਨਾਂ ਸਾਰਿਆਂ ਨੂੰ ਅਸੀਂ ਆਪਣੀ ਵਿਰਸੇ ਦੀ ਜਾਇਦਾਦ ਨਹੀਂ ਸਮਝਦੇ। ਸੰਗਤ ਦੀ ਸੇਵਾ ਨਾਲ ਤਿਆਰ ਹੋਏ ਤੇ ਸੰਗਤ ਹੀ ਵਸ ਰਹੀ ਹੈ। ਏਸੇ ਤਰਾਂ ਇਸ ਖੁਸ਼ਕ ਪਰਬਤਾਂ ਦੀ ਵਾਦੀ ਵਿਚ ਇਹ ਨਵਾਂ ਨਗਰ 'ਅਨੰਦ ਪੁਰ'

ਸਿੱਖ ਸੰਗਤਾਂ ਵਾਸਤੇ ਇਕ ਸੁਖ ਦੇਣ ਵਾਲਾ ਅਸਥਾਨ ਹੋਵੇਗਾ। ਪੀਰ ਜੀ! ਜੇ ਅਸਾਂ ਆਪਣੇ ਵਾਸਤੇ ਮਹਿਲ ਬਣਾਉਣੇ ਹੋਣ ਤਾਂ ਪਹਿਲਾਂ ਹੀ ਬਹੁਤ ਬਣੇ ਹੋਏ ਹਨ ਤੇ ਪ੍ਰਾਪਤ ਕਰਨ ਦਾ 'ਹੱਕ' ਅਸਾਂ ਕੋਲ ਹੈ। ਅਸੀਂ ਪ੍ਰਾਪਤ ਕਰਕੇ ਸੁਖ ਨਾਲ ਵੱਸ ਸਕਦੇ ਹਾਂ।'

ਸਤਿਗੁਰੂ ਜੀ ਦੇ ਇਨ੍ਹਾਂ ਬਚਨਾਂ ਨੇ ਪੀਰ ਦੀ ਨਿਸ਼ਾ ਕਰ ਦਿੱਤੀ। ਉਸ ਦੇ ਮਨ ਦਾ ਭਰਮ ਦੂਰ ਹੋ ਗਿਆ। ਉਸ ਨੂੰ ਭਰੋਸਾ ਹੋ ਗਿਆ ਕਿ ਸਤਿਗੁਰੂ ਜੀ ਮਹਾਂ ਤਿਆਗੀ ਤੇ ਵਾਹਿਗੁਰੂ ਦੇ ਵੈਰਾਗੀ ਹਨ। ਲੋਕ ਸੇਵਾ ਦਾ ਬਹੁਤ ਚਾਅ ਹੈ।

ਪੀਰ ਜੀ ਸਤਿਗੁਰੂ ਜੀ ਪਾਸ ਰਹੇ। ਉਹਨਾਂ ਨੂੰ ਰਾਤ ਗੁਰੂ ਕੇ ਲੰਗਰ ਦਾ ਪ੍ਰਸ਼ਾਦ ਛਕਾਇਆ ਗਿਆ। ਜਿਸ ਨੂੰ ਛਕ ਕੇ ਉਸ ਨੂੰ ਇੰਞ ਪ੍ਰਤੀਤ ਹੋਇਆ ਜਿਵੇਂ ਉਸ ਨੇ ਅੰਮ੍ਰਿਤ ਰੂਪ ਖੁਰਾਕ ਖਾਧੀ ਹੈ ਤੇ ਓਹਦੇ ਜੀਵਨ ਨੂੰ ਪਲਟ ਦਿੱਤਾ ਹੈ। ਓਹ ਬਹੁਤ ਸ਼ਾਂਤ ਚਿਤ ਰਾਤ ਕੱਟਣ ਵਾਸਤੇ ਬਿਸਤਰੇ ਉਤੇ ਲੇਟ ਗਿਆ। ਲੇਟੇ ਹੋਏ ਨੂੰ ਨੀਂਦ ਆਈ ਤੇ ਨੀਂਦ ਦੇ ਵਿਚ ਉਸ ਨੂੰ ਸੁਪਨਾ ਆਇਆ ਉਹ ਸੁਪਨਾ ਆਇਆ ਉਹ ਸੁਪਨਾ ਉਹਦੇ ਜੀਵਨ ਵਿਚ ਮਹਾਨ ਇਨਕਲਾਬ ਲਿਆਉਣ ਵਾਲਾ ਸੀ। ਉਹ ਸੁਪਨਾ ਇਹ ਸੀ।

ਉਸ ਪੀਰ (ਮੌਲੇ ਸ਼ਾਹ) ਸਵਰਗ ਵਿਚ ਗਿਆ। ਸੁਰਗ ਦੇ ਸਾਰੇ ਸੁੱਖ ਆਰਾਮ ਉਸ ਨੂੰ ਨਸੀਬ ਹੋਏ। ਅਛੱਪਰਾਂ ਤੇ ਦੇਵਤੇ ਉਹਦੇ ਅੱਗੇ ਪਿੱਛੇ ਫਿਰਨ ਲੱਗੇ ਪਰ ਉਥੇ ਉਸਨੇ ਦੇਖਿਆ ਇਕ ਮਹਾਂ ਪੁਰਖ ਐਸਾ ਸੀ ਜਿਸਦਾ ਸਤਕਾਰ ਸਾਰਿਆਂ ਨਾਲੋਂ ਬਹੁਤ ਹੋ ਰਿਹਾ ਸੀ। ਪੀਰ ਉਸਦੇ ਕੋਲ ਚਲਿਆ ਗਿਆ ਤੇ ਉਸਨੂੰ ਪੁੱਛਣ ਲੱਗਾ : "ਹੇ ਮਹਾਂ ਪੁਰਖ ! ਇਹ ਤਾਂ ਦਸੋ ਤੁਸਾਂ ਕੇਹੜਾ ਪੁੰਨ ਜਾਂ ਨੇਕ-ਕਰਮ ਮਾਤ ਲੋਕ ਵਿਚ ਕੀਤਾ ਸੀ ਜਿਸ ਕਾਰਨ ਤੁਸਾਂ ਨੂੰ ਐਸਾ ਵੱਡਾ ਮਰਾਤਬਾ ਮਿਲਿਆ ਹੈ?" ਉਸ ਮਹਾਂ ਪੁਰਖ ਨੇ ਉੱਤਰ ਦਿੱਤਾ "ਜਗਤ ਕਰਤਾ ਵਾਹਿਗੁਰੂ ਨੇ ਹੀ ਢੋ ਬਣਾ ਦਿੱਤਾ ਜੋ ਮੈਂ ਸਵਰਗ ਵਿਚ ਆ ਪੁੱਜਾ–ਮਾਤ ਲੋਕ ਵਿਚ ਮੈਂ ਸ਼ੇਰ ਦੀ ਜੂਨ ਵਿਚ ਸਾਂ।"

'ਹੈਂ! ਸ਼ੇਰ ਦੀ ਜੂਨ ਵਿੱਚ! ਸ਼ੇਰ ਵੀ ਸੁਰਗ ਵਿਚ ਆ ਸਕਦਾ ਹੈ?' ਪੀਰ ਨੇ ਹੈਰਾਨੀ ਨਾਲ ਪੁਛਿਆ, ਮਹਾਤਮਾ ਨੂੰ ਪੂਰੀ ਗਲ ਵੀ ਨਾ ਕਰਨ ਦਿੱਤੀ।

"ਸੁਣੋ!" ਮਹਾਤਮਾ ਕਹਿਣ ਲਗਾ—"ਮੈਂ ਸ਼ੇਰ ਸਾਂ। ਸਾਰੀ ਉਮਰ ਮਨੁਖਾਂ, ਪਸ਼ੂਆਂ ਤੇ ਜਾਨਵਰਾਂ ਨੂੰ ਮਾਰਕੇ ਖਾਂਦਾ ਰਿਹਾ। ਮਾਸ ਤੋਂ ਬਿਨਾਂ ਹੋਰ ਕੁਝ ਨਹੀਂ ਸਾਂ ਖਾਂਦਾ ਪਰ ਮੈਂ ਆਪਣੇ ਰਹਿਣ ਵਾਸਤੇ ਪਹਾੜ ਦੀ ਖੁੱਡ ਵਿਚ ਸੁੰਦਰ ਘੁਰਨਾ ਬਣਾਇਆ ਹੋਇਆ ਸੀ ਉਸ ਵਿਚ ਅਰਾਮ ਨਾਲ ਰਾਤ ਨੂੰ ਤੇ ਠੰਡੇ ਤਤੇ ਵੇਲੇ ਲੇਟਿਆ ਰਹਿੰਦਾ ਸਾਂ। ਇਕ ਦਿਨ ਮੈਂ ਬਾਹਰ ਗਿਆ ਹੋਇਆ ਸਾਂ ਜਾਂ ਸ਼ਾਮ ਨੂੰ ਮੁੜਿਆ ਤਾਂ ਮੀਂਹ ਵਰ੍ਹਨ ਲੱਗ ਪਿਆ, ਉਹ ਦਿਨ ਵੀ ਸਿਆਲ ਦੇ ਸਨ। ਠੰਡ ਬਹੁਤ ਪੈ ਰਹੀ ਸੀ, ਉਸ ਵੇਲੇ ਕਿਤੇ ਸਾਧੂਆਂ ਦੀ ਟੋਲੀ ਉਧਰ ਆ ਨਿਕਲੀ। ਮੇਰੇ ਘੁਰਨੇ ਨੂੰ ਚੰਗੀ ਥਾਂ ਦੇਖਕੇ ਉਸ ਵਿਚ ਆਰਾਮ ਕਰਨ ਲੱਗ ਪਈ, ਮੀਂਹ ਵਰ੍ਹਦਾ ਰਿਹਾ, ਸਾਧੂ ਬੈਠੇ ਰਹੇ। ਮੈਂ ਆਇਆ ਤਾਂ ਸਾਧੂਆਂ ਨੂੰ ਦੇਖਕੇ ਮੈਨੂੰ ਤਰਸ ਆ ਗਿਆ, ਮੈਨੂੰ ਹੌਂਸਲਾ ਨਾ ਪਿਆ ਕਿ ਮੈਂ ਉਨ੍ਹਾਂ ਨੂੰ ਡਰਾਵਾਂ ਤੇ ਉਸ ਪਰਲੋ ਦੇ ਸਮੇਂ ਘਰ ਵਿਚੋਂ ਨਿਕਲ ਜਾਣ ਵਾਸਤੇ ਮਜਬੂਰ ਕਰਾਂ। ਜਾਂ ਉਨ੍ਹਾਂ ਵਿਚੋਂ ਕਿਸੇ ਨੂੰ ਮਾਰਕੇ ਖਾ ਜਾਵਾਂ। ਮੈਂ ਸਾਧੂਆਂ ਨੂੰ ਦੇਖਦੇ ਸਾਰ ਵਾਪਸ ਮੁੜ ਪਿਆ ਅਤੇ ਸਾਰੀ ਰਾਤ ਠੰਡ, ਬਾਰਸ਼ ਤੇ ਹਨੇਰੀ ਵਿਚ ਖਲੋਤਾ ਰਿਹਾ, ਖਲੋਤੇ ਖਲੋਤੇ ਦੀ ਠੰਡ ਨਾਲ ਜਾਨ ਨਿਕਲ ਗਈ। ਸ਼ੇਰ ਦੀ ਦੇਹ ਛੱਡਣ ਸਾਰ ਦੇਵਤੇ ਆ ਪੁਜੇ ਤੇ ਮੈਨੂੰ ਫੁਲਾਂ ਦੇ ਵਿਮਾਨ ਵਿਚ ਬੈਠਾਕੇ ਸਵਰਗਾਂ ਵਿਚ ਲੈ ਆਏ।"

ਉਸ ਮਹਾਤਮਾਂ ਦੀ ਜ਼ਬਾਨੀ ਉਸਦੀ ਕਥਾ ਸੁਣਦੇ ਸਾਰ ਪੀਰ ਮੌਲੇ ਸ਼ਾਹ ਦੀ ਨੀਂਦ ਖੁਲ੍ਹ ਗਈ। ਉਹ ਉਠਕੇ ਮੰਜੀ ਉਤੇ ਬੈਠ ਗਿਆ ਤੇ ਹੇਠਾਂ ਉਤੇ ਵੇਖਣ ਲੱਗਾ। ਸੁਪਨੇ ਵਿਚ ਸਵਰਗ ਦਾ ਨਜ਼ਾਰਾ ਦੇਖਕੇ ਉਸਨੂੰ ਸਤਿਗੁਰੂ ਜੀ ਦੇ ਸਾਰੇ ਬਚਨ ਯਾਦ ਆਏ ਤੇ ਉਹ ਸੱਚ ਹੀ ਸੱਚ ਪ੍ਰਤੀਤ ਹੋਏ। ਉਸ ਵੇਲੇ ਤੜਕਾ ਹੋ ਚੁਕਾ ਸੀ, ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ, ਪੀਰ ਜੀ ਵੀ ਉਠਕੇ ਇਸ਼ਨਾਨ ਕਰਨ ਵਾਸਤੇ ਚਲੇ ਗਏ।

ਦਿਨ ਚੜ੍ਹੇ ਸਤਿਗੁਰੂ ਜੀ ਨੂੰ ਪੀਰ ਮੌਲੇ ਸ਼ਾਹ ਮਿਲਿਆ ਤੇ ਹੱਥ ਜੋੜਕੇ ਕਿਹਾ—"ਪੀਰ ਗੁਰ ਨਾਨਕ ਜੀ ਦੀ ਗੁਰਗੱਦੀ ਸਾਰੀਆਂ ਬਰਕਤਾਂ ਦਾ ਖਜ਼ਾਨ ਹੈ। ਮੈਂ ਸੁਵਰਗ ਵੇਖ ਲਿਆ। ਆਪ ਜੇਹੜੇ ਮਕਾਨ ਤਿਆਰ ਕਰਵਾ ਰਹੇ ਹੋ, ਸੋ ਚੰਗਾ ਕਰ ਰਹੇ ਹੋ, ਮੇਰੇ ਸਾਰੇ ਭਰਮ ਦੂਰ ਹੋ ਗਏ।"

੧੧. ਧੀਰਮਲ-ਰਾਮਰਾਇ ਦੀ ਕਾਨਫ੍ਰੰਸ

'ਜਿਥੇ ਜਾਇ ਬਹਿ ਮੇਰਾ ਸਤਿਗੁਰੂ ਸੋਈ ਥਾਨ ਸੁਹਾਵਾ ਰਾਮਰਾਜੇ' ਦੇ ਮਹਾਂ ਵਾਕ ਅਨੁਸਾਰ ਦਸਾਂ ਹੀ ਸਤਿਗੁਰੂਸਾਹਿਬਾਂ ਵਿਚੋਂ ਜੇਹੜਾ ਵੀ ਸਤਿਗੁਰੂ ਜਿਸ ਅਸਥਾਨ ਉਤੇ ਬਰਾਜਮਾਨ ਹੋਇਆ ਓਹੋ ਹੀ ਅਸਥਾਨ ਪੂਜਨੀਕ ਤੇ ਰੌਣਕ ਵਾਲਾ ਹੋਗਿਆ ਭਾਵੇਂ ਉਹਪਹਿਲਾਂ ਜੰਗਲਬੀਆਬਾਨ, ਰੋੜਾਂ ਦਾ ਟਿੱਬਾ ਜਾਂਕੋਈਉਜੜਿਆਪੁਜੜਿਆਪਿੰਡਸੀ। ਸਤਿਗੁਰੂਨਾਨਕਦੇਵਜੀਤੋਂ ਕਲਗੀਧਰ ਪਿਤਾ ਜੀ ਤਕ ਜਿਥੇਜਿਥੇ ਸਤਿਗੁਰੂ ਬਰਾਜਮਾਨ ਹੋਏ ਓਥੇਓਥੇ ਹੀ ਅਜ ਅਸੀਂ ਸੁੰਦਰ ਸ਼ਹਿਰ, ਕਸਬੇ ਤੇ ਸੁਨਹਿਰੀ ਕਲਸਾਂ ਵਾਲੇ ਗੁਰਧਾਮ ਦੇਖ ਰਹੇ ਹਾਂ।

ਮਾਖੋਵਾਲ ਦਾ ਟਿੱਬਾ ਜੋ ਚੰਦ੍ਰੀਆਂ ਰੂਹਾਂ ਦਾ ਉਜਾੜਿਆ ਹੋਇਆ ਸੀ ਅਤੇ ਜਿਸ ਦੇ ਲਾਗਿਓਂ ਦੀ ਦੁਪਹਿਰੇ ਤੇ ਰਾਤ ਨੂੰ ਕੋਈ ਮਨੁਖ ਨਹੀਂ ਸੀ ਲੰਘਦਾ ਉਸ ਟਿੱਬੇ ਉਤੇ ਰੌਣਕਾਂ ਹੋ ਗਈਆਂ। ਦੀਵਾਲੀ ਤੇ ਵਿਸਾਖੀ ਦੇ ਮੇਲੇ ਲੱਗਣ ਲੱਗੇ। ਸਾਰੇ ਦੇਸ਼ ਵਿਚੋਂ ਸੰਗਤਾਂ ਟੋਲੀਆਂ ਦੇ ਰੂਪ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਉਣ ਲੱਗੀਆਂ। ਅੰਨ, ਕਪੜਾ, ਘਿਓ ਧਨ ਅਤੇ ਸੇਵਕਾਂ ਦਾ ਇਕੱਠ ਬੇਅੰਤ ਹੋ ਗਿਆ। ਸਤਿਗੁਰੂ ਜੀ ਸਚੇ ਪਾਤਸ਼ਾਹ ਪਾਤਸ਼ਾਹੀ ਪ੍ਰਤਾਪ ਤੇ ਸ਼ਾਨ ਵਿਚ ਰਹਿੰਦੇ ਹੋਏ ਵੀ ਹਰ ਵਕਤ ਵਾਹਿਗੁਰੂ ਦਾ ਸਿਮਰਨ ਕਰਨ ਲੱਗੇ। ਸਿੱਖ ਸੰਗਤਾਂ ਨੂੰ ਗੁਰਮਤਿ ਦਾ ਉਪਦੇਸ਼ ਦੇਂਦੇ ਰਹੇ।

ਜਿਉਂ ਜਿਉਂ ਸਤਿਗੁਰੂ ਜੀ ਦਾ ਪ੍ਰਤਾਪ ਵਧਦਾ ਗਿਆ ਤਿਉਂ ਤਿਉਂ ਸੂਰਜ ਮਲ, ਧੀਰ ਮਲ ਤੇ ਰਾਮਰਾਇ ਦੀ ਆਮਦਨ ਘਟਦੀ ਗਈ। ਨਾ ਕੋਈ ਸਿੱਖ ਕਰਤਾਰ ਪੁਰ ਜਾਂਦਾ ਤੇ ਨਾ ਕੀਰਤਪੁਰ ਆਉਂਦਾ। ਜੋ ਮਸੰਦ ਰਖੇ ਸਨ, ਉਹਨਾਂ ਨੂੰ ਸਿਖ ਸੰਗਤਾਂ ਨੇ ਮੂੰਹ ਨਾ ਲਾਇਆ। ਉਹ ਮੁੜ ਘਰੀਂ ਆ ਬੈਠੇ, ਤੇ ਕੁਝ ਸਚੇ ਸਤਿਗੁਰੂ ਜੀ ਦੀ ਸ਼ਰਨ ਆ ਗਏ। ਗੁਰੂ ਘਰ ਦੇ ਦੋਖੀਆਂ ਦੀਆਂ ਦੁਕਾਨਾਂ ਬੰਦ ਹੋ ਗਈਆਂ। ਓਹ ਬਹੁਤ ਤੜਪੇ ਤੇ ਕੁਰਲਾਏ ਉਹਨਾਂ ਨੇ ਏਧਰ ਓਧਰ ਹੱਥ ਮਾਰਨੇ ਸ਼ੁਰੂ ਕੀਤੇ ਕਿ ਕਿਵੇਂ ਉਹ ਜੀਂਦੇ ਰਹਿਣ ਸਕਣ।

ਧੀਰਮਲ ਦੇ ਮਸੰਦਾਂ ਨੇ ਉਸਨੂੰ ਸਲਾਹਦਿੱਤੀ ਕਿ ਉਹ ਰਾਮਰਾਇਅਤੇ

ਹੋਰ ਸੋਢੀਆਂ ਨੂੰ ਕਰਤਾਰ ਪੁਰ ਇਕੱਤ੍ਰ ਕਰਨ ਤੇ ਕੋਈ ਨਵੀਂ ਸਕੀਮ ਤਿਆਰ ਕਰਨ ਜਿਸ ਨਾਲ ਸਤਿਗੁਰੂ ਤੇਗ ਬਹਾਦਰ ਜੀ ਪਾਸੋਂ ਗੁਰ ਗੱਦੀ ਖੋਹੀ ਜਾਵੇ। ਮਾੜੇ ਮਸੰਦਾਂ ਦੀਆਂ ਐਸੀਆਂ ਵਿਉਂਤਾਂ ਸੁਣਕੇ ਧੀਰਮਲ ਦੀ ਈਰਖਾ ਵਾਲੀ ਆਤਮਾ ਜਾਗ ਪਈ। ਉਸ ਨੇ ਉਸੇ ਵੇਲੇ ਰਾਮਰਾਇ ਨੂੰ ਦਿਲੀ ਤੋਂ ਬੁਲਾਇਆ। ਉਸ ਦੇ ਆਉਣ ਤੇ ਹੋਰ ਵੀ ਬਹੁਤ ਸਾਰੇ ਗੁਰੂ ਘਰ ਦੇ ਦੋਖੀ ਕਰਤਾਰਪੁਰ ਪੁਜ ਪਏ। ਸਾਰਿਆਂ ਦਾ ਇਕ ਇਕੱਠ ਹੋਇਆ ਜੋ ਸਤਿਗੁਰਾਂ ਦੇ ਵਿਰੁਧ ਸਭ ਤੋਂ ਵਡੀ ਸਾਂਝੀ ਕਾਨਫ੍ਰੰਸ ਸੀ। ਉਸ ਕਾਨਫ੍ਰੰਸ ਨੂੰ ਧੀਰਮਲ ਰਾਮਰਾਇ ਦੀ ਕਾਨਫ੍ਰੰਸ ਦਾ ਵੀ ਨਾਮ ਦਿੱਤਾ ਜਾਂਦਾ ਹੈ। ਜਿਸ ਦੇ ਹੋਣ ਦੀ ਤਰੀਕ ਦਾ ਤਾਂ ਕੁਝ ਪਤਾ ਨਹੀਂ, ਪਰ ੧੭੨੩ ਦੇ ਮੱਧ ਵਿਚ ਹੋਈ ਪ੍ਰਤੀਤ ਹੁੰਦੀ ਹੈ।

ਧੀਰਮਲ ਦੇ ਘਰ ਕਾਨਫ੍ਰੰਸ ਸ਼ੁਰੂ ਹੋਈ, ਰਾਮਰਾਇ ਓਹਦੇ ਪ੍ਰਧਾਨ ਬਣੇ ਤੇ ਹਾਜ਼ਰੀ ਸੌ ਤੋਂ ਵਧ ਸੀ। ਸੋਢੀਆਂ ਦੇ ਗੁਰੂ ਅੰਗ ਵਿਚੋਂ ਤਾਂ ਥੋੜੇ ਆਦਮੀ ਸਨ ਪਰ ਮਸੰਦ ਤੇ ਮੁਫਤ ਦੀਆਂ ਰੋਟੀਆਂ ਖਾਨ ਵਾਲੇ ਬਹੁਤ ਸਨ । ਓਹ ਸਾਰੇ ਗੁਰੂ ਘਰ ਵਿਚ ਲੜਾਈ ਪਵਾ ਕੇ ਖੁਸ਼ ਹੁੰਦੇ ਸਨ । ਐਸੇ ਚੰਦ੍ਰੇ ਬੰਦਿਆਂ ਵਿਚੋਂ ਇਕ ਧੀਰਮਲ ਦਾ ਬੁੱਢਾ ਮਸੰਦ ਉਠਿਆ। ਉਹ ਗੱਲਾਂ ਕਰਨ ਵਿਚ ਬੜਾ ਸਿਆਣਾ ਸੀ ਤੇ ਉਸ ਗੁਰ-ਨਿੰਦਕ ਦਾ ਨਾਮ ਵੀਰੂ ਸੀ, ਧੀਰਮਲ ਬਹੁਤਾ ਉਸੇ ਦੇ ਆਖੇ ਲਗਿਆ ਕਰਦਾ ਸੀ। ਵੀਰੂ ਨੇ ਰਾਮਰਾਇ ਨੂੰ ਸੰਬੋਧਨ ਕਰਕੇ ਆਖਿਆ—ਪੂਜਨਾਕ ਤੇ ਬਰਕਤਾਂ ਦੇ ਮਾਲਕ ਸਤਿਗੁਰੂ ਰਾਮਰਾਇ ਜੀ ! ਸਾਰੇ ਸੋਢੀਆਂ ਦੇ ਵਿਚੋਂ ਆਪ ਰਿੱਧੀਆਂ-ਸਿੱਧੀਆਂ ਦੇ ਮਾਲਕ ਹੋ। ਆਪਦੀਆਂ ਕਰਾਮਾਤਾਂ ਨੂੰ ਦੇਖਕੇ ਮੁਗਲ ਸਮਰਾਟ ਔਰੰਗਜ਼ੇਬ ਵੀ ਦੰਗ ਰਹਿ ਗਿਆ ਤੇ ਆਪ ਦਾ ਚੇਲਾ ਬਣ ਗਿਆ ਹੈ। ਉਹ ਹੁਣ ਆਪਦੇ ਆਖੇ ਲਗਦਾ ਹੈ, ਨਹੀਂ ਇਹੋ ਹੀ ਨਹੀਂ ਸਗੋਂ ਸਾਰੀ ਮੁਗਲ ਬਾਦਸ਼ਾਹੀ ਆਪਦੇ ਇਕ ਇਸ਼ਾਰੇ ਉਤੇ ਨੱਚਣ ਨੂੰ ਤਿਆਰ ਹੈ। ਇਸ ਵਾਸਤੇ ਮੈਂ ਇਹ ਸਲਾਹ ਦੇਂਦਾ ਹਾਂ ਕਿ ਜੇਹੜਾ (ਸਤਿਗੁਰੂ) ਤੇਗ ਬਹਾਦਰ (ਜੀ) ਆਪਣੇ ਆਪ ਗੁਰੂ ਬਣ ਬੈਠਾ ਹੈ ਉਸਦੇ ਵਿਰੁਧ ਅਰਜੀ ਦਿਤੀ ਜਾਵੇ । ਇਸ ਮਾਮਲੇ ਉਤੇ ਸਾਰੇ ਵਿਚਾਰ ਕਰੋ।"

ਇਹ ਚਵਾਤੀ ਬਾਲਕੇ ਵੀਰੂ ਬੈਠ ਗਿਆ ਉਹਦਾ ਹੀ ਇਕ ਹੋਰ ਗੁਰ-

ਭਾਈਸੁਖੂ ਉਠਿਆ'ਉਸਨੇ ਉਠਦੇ ਸਾਰ ਇਉਂ ਬੋਲਣਾਆਰੰਭਕੀਤਾ''...ਦੇਖੋ ਨਾ ਕਿੰਨਾ ਹਨੇਰ ਹੈ। ਇਕ ਮਾਮੂਲੀ ਬੰਦੇ ਮਖਣਸ਼ਾਹਨੂੰ ਪ੍ਰੇਰਕੇ ਉਸ ਕੋਲੋਂ ਰੌਲਾ ਪਵਾ ਦਿੱਤਾ ਕਿ(ਸਤਿਗੁਰੂ)ਤੇਗ ਬਹਾਦਰ(ਸਾਹਿਬ) ਹੀਗੁਰੂ ਹੈ। ਬੇੜੇ ਦੇ ਬਰੇਤੇ ਉਤੇ ਚੜ੍ਹਨ ਤੇ ਮੁੜ ਤਰਨ ਦੀ ਕਹਾਣੀ ਵੀ ਝੂਠੀ ਘੜੀ। ਫਿਰ ਇਹ ਵੀ ਕੂੜ ਹੈ ਕਿ ਉਸਨੇ ਪੰਜ ਸੌ ਮੋਹਰ ਸੁਖ ਲਈ। ਕਿਸੇ ਨੇ ਉਸਦੇ ਮਨ ਦੇ ਭੇਤ ਨੂੰ ਨਾ ਜਾਣਿਆਂ ਤੇ ਸਿਰਫਇਕੱਲੇ(ਸਤਿਗੁਰੂ) ਤੇਗ ਬਹਾਦਰ (ਸਾਹਿਬ)ਨੇਹੀਉਹਦੇ ਮਨ ਦੀ ਗਲ ਨੂੰ ਬੁਝ ਲਿਆ ਤੇ ਪੰਜ ਸੌ ਮੋਹਰ ਮੰਗਲਈ।ਜੇਕਰ ਇਹ ਸਾਰੀਆਂ ਗਲਾਂ ਸੱਚੀਆਂ ਵੀ ਮੰਨੀਆਂ ਜਾਣ ਤਾਂ ਵੀ ਚਾਹੀਦਾ ਸੀ ਕਿ ਬ੍ਰਾਦਰੀ ਇਕੱਤ੍ਰ ਹੁੰਦੀ। ਸਾਰਿਆਂ ਦੇ ਸਲਾਹ ਮਸ਼ਵਰੇ ਨਾਲ ਕਿਸੇਨੂੰ ਗੁਰਗੱਦੀ ਉਤੇ ਬਿਠਾਇਆ ਜਾਂਦਾ । (ਸਤਿਗੁਰੂ) ਹਰਿਕ੍ਰਿਸ਼ਨ ਜੀ ਦੇ ਪਿਛੋਂ ਗੁਰਿਆਈ ਦਾ ਹੱਕ ਆਪਦਾ (ਰਾਮਰਾਇ) ਹੈ। ਕਿਉਂਕਿ ਆਪ ਦੇ ਛੋਟੇ ਭਾਈ ਸਨ। ਕਦੀ ਇਹ ਵੀ ਹੋ ਸਕਦਾ ਹੈ ਕਿ ਭਾਈ ਦਾ ਹੱਕ ਕਿਸੇ ਹੋਰ ਨੂੰ ਦਿੱਤਾ ਜਾਵੇ। ਫਿਰ ਇਸ ਗਲ ਦਾ ਕੀ ਸਬੂਤ ਹੈ ਕਿ (ਸਤਿਗੁਰੂ) ਹਰਿਕ੍ਰਿਸ਼ਨ ਜੀ ਬਾਲਕ ਨੇ ਇਹ ਕਿਹਾ 'ਬਾਬਾ ਬਕਾਲੇ' ਮੈਂ ਆਖਦਾ ਹਾਂ ਸਭ ਮਨ ਘੜਤ ਗੱਲਾਂ ਹਨ। ਬਸ ਅੱਜ ਕੋਈ ਠੋਸ ਵਿਚਾਰ ਕਰੋ ਜਿਸ ਨਾਲ ਗੁਰ ਗੱਦੀ ਉਤੇ ਕਬਜ਼ਾ ਕੀਤਾ ਜਾਵੇ।''

ਇਸ ਗੁਰ ਨਿੰਦਕ ਦੇ ਚੁਪਕਰਕੇ ਬੈਠਜਾਣ ਤੇ ਧੀਰਮਲਖੁਦਉਠਿਆ। ਉਸਨੇ ਵੀ ਰਾਮਰਾਇਦੀਬਹੁਤ ਉਪਮਾਕੀਤੀਹਾਲਾਂ ਕਿ ਰਾਮਰਾਇਉਸਦੇਭਰਾ ਦਾ ਪੁਤ੍ਰ ਸੀ।ਸਿੱਧਾ ਆਖ ਦਿੱਤਾ–'ਔਰੰਗਜੇਬਨੂੰਗਰਮ ਕਰੋ ਉਸ ਨੂੰ ਕਰਾਮਾਤਾਂ ਦਿਖਾਕੇ ਆਖੋ ਮੇਰਾ ਹੱਕ ਮੈਨੂੰ ਦਿਵਾ ਦਿੱਤਾ ਜਾਵੇ। ਨਾਲ ਹੀ ਤੁਸਾਂ ਨੂੰ ਪਤਾ ਹੈ ਕਿ (ਸਤਿਗੁਰੂ) ਤੇਗ ਬਹਾਦਰਜੀ ਬਹੁਤ ਡਰੂ ਹੈ।ਮੈਂ ਸੱਚ ਆਖਦਾ ਹਾਂ ਕਿ ਰਤਾ ਗਰਮ ਹੋਣ ਦੀ ਦੇਰ ਹੈ–ਔਰੰਗਜ਼ੇਬ ਦਾ ਇਕ ਆਦਮੀ ਵੀ ਆ ਗਿਆ ਤਾਂ ਉਹ ਸਭ ਕੁਝ ਛੱਡਕੇਪਹਾੜਾਂ ਜਾਂ ਤੀਰਥਾਂਵਲ ਤੁਰਜਾਵੇਗਾ।ਉਹਬਲ ਦਾ ਮੁਕਾਬਲਾ ਨਹੀਂਕਰਸਕਦਾ।ਇਸਵਾਸਤੇਯਤਨਕਰੋਕਿ ਔਰੰਗਜ਼ੇਬਇਨ੍ਹਾਂਨੂੰਦਿੱਲੀਸਦੇ।''

ਏਸੇ ਤਰਾਂ ਹੋਰ ਅਨੇਕਾਂ ਉਠੇ ਤੇ ਸਭ ਨੇ ਰਾਮਰਾਇਨੂੰਏਹੋਸਲਾਹ ਦਿਤੀ ਕਿ ਉਹ ਛੇਤੀ ਤੋਂ ਛੇਤੀ ਔਰੰਗਜ਼ੇਬ ਪਾਸ ਪੁਜੇ ਸਤਿਗੁਰੂ ਜੀ ਵਿਰੁਧ ਅਰਜੀ-

ਪਰਚਾ ਦੇਵੇ। ਸਿਆਣਿਆਂ ਦਾ ਕੌਲ ਹੈ ਕਿ ਊਣਾ ਘੜਾ ਬਹੁਤਾ ਉਛਲਦਾ ਹੈ ਤੇ ਭਰਿਆ ਹੋਇਆ ਉਛਲਦਾ ਹੀ ਨਹੀਂ। ਰਾਮਰਾਇ ਨੇ ਜਦੋਂ ਆਪ ਤੋਂ ਵਡਿਆਂ ਕੋਲੋਂ ਆਪਣੀ ਉਪਮਾ ਸੁਣੀ ਤਾਂ ਉਹ ਖੁਸ਼ੀ ਨਾਲ ਆਪੇ ਤੋਂ ਬਾਹਰ ਹੋ ਗਿਆ। ਊਣੇ ਘੜੇ ਦੀ ਤਰ੍ਹਾਂ ਉਹ ਥੋੜੀਆਂ ਜਿਹੀਆਂ ਬਰਕਤਾਂ ਦੇ ਹੋਣ ਕਰਦੇ ਬਹੁਤਾ ਹੰਕਾਰੀ ਹੋ ਗਿਆ। ਹੰਕਾਰ ਵਿਚ ਉਸਨੇ ਕਿਹਾ—"ਹਛਾ ਤਾਇਆ ਜੀ ਹੁਣ ਮੈਂ ਹੱਕ ਲੈਕੇ ਰਹਾਂਗਾ। ਕੋਈ ਚਿੰਤਾ ਨਾ ਕਰੋ। ਆਪ ਜਿਹੇ ਬਜ਼ੁਰਗਾਂ ਦਾ ਮੇਰੇ ਸਿਰ ਉਤੇ ਹੱਥ ਹੋਣਾ ਚਾਹੀਦਾ ਹੈ। ਔਰੰਗਜ਼ੇਬ ਉਸਦੇ ਸੈਨਾਪਤੀ ਤੇ ਵਜ਼ੀਰ ਸਾਰੇ ਮੇਰਾ ਪਾਣੀ ਭਰਦੇ ਹਨ। ਰਤਾ ਮੂੰਹੋਂ ਕੱਢਣ ਦੀ ਗਲ ਹੈ, ਉਸੇ ਵੇਲੇ ਸਭ ਕੁਝ ਠੀਕ ਹੋ ਜਾਵੇਗਾ। ਬਸ ਤੁਸੀਂ ਲੋਕਾਂ ਨੂੰ ਇਨ੍ਹਾਂ (ਸਤਿਗੁਰੂ ਜੀ) ਦੇ ਵਿਰੁਧ ਕਰਨ ਦਾ ਯਤਨ ਕਰੋ। ਝੂਠੇ ਸੱਚੇ ਦਸ ਗੁਵਾਹਾਂ ਦੀ ਲੋੜ ਹੈ (ਸਾਹਮਣੇ ਬੈਠਿਆਂ ਵਿਚੋਂ ਕਈ ਮਸੰਦ ਬੋਲ ਪਏ ਅਸੀਂ ਗੁਵਾਹੀਆਂ ਦੇਵਾਂਗੇ। ਜੋ ਆਖੋਗੇ ਸੋ ਕਹਾਂਗੇ) ਬਸ ਠੀਕ ਹੈ। ਫਿਰ ਸਮਝੋ ਸਾਰੇ ਕੰਮ ਰਾਸ ਹੋ ਜਾਣਗੇ।'

ਰਾਮਰਾਇ ਪ੍ਰਧਾਨ ਦੇ ਇਨ੍ਹਾਂ ਮਾੜੇ ਬਚਨਾਂ ਨਾਲ ਉਹ ਕਾਨਫ੍ਰੰਸ ਖਤਮ ਹੋਈ। ਰਾਮਰਾਇ ਅੱਠ ਸੱਤ ਦਿਨ ਕਰਤਾਰ ਪੁਰ ਰਿਹਾ ਤੇ ਉਹ ਦੇ ਪਿਛੋਂ ਓਹ ਦਿੱਲੀ ਚਲਿਆ ਗਿਆ।

੧੨. ਸਤਿਗੁਰੂ ਜੀ ਦੀ ਵੈਰਾਗੀ ਆਤਮਾ

ਕਰਤਾਰਪੁਰ ਦੀ ਕਾਨਫ੍ਰੰਸ ਦੀ ਸਾਰੀ ਕਾਰਵਾਈ ਲੁਕੀ ਨਾ ਰਹੀ। ਉਹ ਉਸੇ ਤਰਾਂ ਪ੍ਰਗਟ ਹੋ ਗਈ ਜਿਵੇਂ ਲਸਨ ਭਾਵੇਂ ਕਿਤੇ ਲੁਕਾਕੇ ਰਖਿਆ ਹੋਇਆ ਹੋਵੇ ਉਹ ਜਰੂਰ ਪ੍ਰਗਟ ਹੋ ਜਾਂਦਾ ਹੈ ਸਤਿਗੁਰੂ ਜੀ ਦੇ ਮਸੰਦਾਂ ਨੇ ਸਾਰੀ ਵਾਰਤਾ ਤੇ ਕਾਰਵਾਈ ਜਾਣ ਲਈ। ਥੋੜੇ ਦਿਲ ਵਾਲੇ ਮਸੰਦ ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਪਾਸ ਜਾ ਗੱਲਾਂ ਕਰਨ ਲੱਗੇ। ਮਾਤਾ ਨਾਨਕੀ ਜੀ ਬਹੁਤ ਨਰਮ ਦਿਲ ਸਨ। ਭਾਵੇਂ ਸਤਿਗੁਰੂ ਜੀ ਦੀ ਵਡੇਰੀ ਉਮਰ ਹੋ ਗਈ ਸੀ ਫਿਰ ਵੀ ਉਹ (ਸਤਿਗੁਰੂ ਜੀ) ਨੂੰ ਪੁਤ੍ਰ ਸਮਝਦੇ ਹੋਏ ਛੋਟੀ ਆਯੂ ਵਾਲਾ ਸਮਝਦੇ ਤੇ ਪਿਆਰਦੇ ਸਨ। ਉਹ ਨਹੀਂ ਸਨ ਚਾਹੁੰਦੇ ਉਹਨਾਂ ਦੇ ਸਪੁਤ੍ਰ ਨੂੰ ਕੋਈ ਦੁਖ ਪੁਜੇ।

ਸਤਿਗੁਰੂ ਜੀ ਦੇ ਮਹਿਲ (ਮਾਤਾ) ਗੁਜਰੀ ਜੀ ਭੀ ਬਹੁਤ ਨਰਮ ਦਿਲ

ਸਨ। ਜਦੋਂ ਉਹਨਾਂ ਨੇ ਸੁਣਿਆਂ ਕਿ ਰਾਮਰਾਇ ਔਰੰਗਜ਼ੇਬ ਕੋਲ ਅਰਜ਼ੀ ਦੇਣ ਲੱਗਾ ਹੈ ਤਾਂ ਉਹਨਾਂ ਨੂੰ ਪਿਛਲੇ ਸਤਿਗੁਰੂ ਸਾਹਿਬਾਂ ਦੇ ਜੀਵਨ ਯਾਦ ਆ ਗਏ। ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦਾਂ ਦੀ ਝਾਕੀ ਦੇਖਕੇ ਤਾਂ ਉਹਨਾਂ ਦਾ ਹਿਰਦਾ ਡੋਲ ਗਿਆ। ਉਹਨਾਂ ਨੇ ਮਾਤਾ ਨਾਨਕੀ ਜੀ ਪਾਸ ਜਾਕੇ ਮਨੋ ਭਾਵਾਂ ਨੂੰ ਪ੍ਰਗਟ ਕੀਤਾ ਕੀ ਪੰਜਾਬ ਵਿਚੋਂ ਬਾਹਰ ਜਾਣਾ ਚਾਹੀਦਾ ਹੈ। ਲੜਾਈ ਝਗੜੇ ਵਿਚ ਨਹੀਂ ਪੈਣਾ ਚਾਹੀਦਾ। ਸਤਿਗੁਰੂ ਜੀ ਪਾਸ ਮਸੰਦਾਂ ਨੇ ਗੱਲਾਂ ਕੀਤੀਆਂ। ਇਹ ਕਿਹਾ–'ਸਚੇ ਪਾਤਸ਼ਾਹੇ! ਇਹ ਚਰਚਾ ਸਾਰੇ ਦੇਸ਼ ਵਿਚ ਹੋ ਰਹੀ ਹੈ ਕਿ ਰਾਮਰਾਇ ਔਰੰਗਜ਼ੇਬ ਕੋਲ ਅਰਜ਼ੀ ਦੇਣ ਗਿਆ ਹੈ। ਔਰੰਗਜ਼ੇਬ ਨੇ ਕਦੀ ਰੁਕਣਾ ਨਹੀਂ। ਕਿਉਂਕਿ ਉਹ ਰਾਮਰਾਇ ਦੀਆਂ ਕਰਾਮਾਤਾਂ ਦਾ ਕਾਇਲ ਹੈ। ਬਚਾਵਾ ਕੋਈ ਢੰਗ ਸੋਚਣਾ ਚਾਹੀਦਾਹੈ।' ਮਸੰਦਾਂ ਦੀ ਜ਼ਬਾਨੋਂ ਐਸੇ ਬਚਨ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਕਹਿਣ ਲਗੇ–ਵਾਹਿਗੁਰੂ ਤੇ ਭਰੋਸਾ ਰਖੋ! ਵਾਹਿਗੁਰੂ ਜੋ ਕੁਝ ਕਰਦਾ ਹੈ ਚੰਗਾ ਕਰਦਾ ਹੈ। ਕਿਸੇ ਨਾਲ ਈਰਖਾ ਨਹੀਂ ਕਰਨੀਚਾਹੀਦੀ।ਔਰੰਗਜ਼ੇਬ ਪਾਸਜਾਣ ਦਾ ਜੇ ਵਾਹਿਗੁਰੂ ਵਲੋਂ ਹੁਕਮ ਹੋਵੇਗਾ ਤਾਂ ਓਥੇ ਵੀ ਚਲੇ ਜਾਵਾਂਗੇ ਕਿਸੇ ਦੀਆਂ ਗੱਲਾਂ ਸੁਣਕੇ ਆਪਣੀ ਆਤਮਾਂ ਤੇ ਈਰਖਾ, ਪਾਪ, ਹੰਕਾਰ ਤੇ ਲਾਲਚ ਦਾ ਭਾਰ ਨਾ ਪਾਵੋ। ਤੁਸੀਂ ਨੇਕੀ ਕਰੀ ਚਲੋ। ਮਨ ਦਾ ਹੰਕਾਰ ਤਿਆਗੀ ਜਾਵੋ। ਫਿਰ ਵਾਹਿਗੁਰੂ ਤੁਸਾਂ ਦੇ ਵਿਗੜੇ ਕੰਮ ਸੁਵਾਰੇਗਾ–'ਤਜਿ ਅਭਿਮਾਨੁ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥ਨਾਨਕ ਕਹਤ ਮੁਕਤਿ ਪੰਥਇਹੁ ਗੁਰਮੁਖਿ ਹੋਇ ਤੁਮ ਪਾਵਉ॥'

ਇਸ ਤਰਾਂ ਉਪਦੇਸ਼ ਦੇਕੇ ਸਤਿਗੁਰੂ ਜੀ ਨੇ ਮਸੰਦਾਂ ਦੇ ਹਿਰਦਿਆਂ ਨੂੰ ਸ਼ਾਂਤ ਕੀਤਾ। ਸ੍ਰੀ ਅਨੰਦ ਪੁਰ ਦੇ ਸਾਰੇ ਕਾਰਜ ਸਹੀ ਸਲਾਮਤ ਹੁੰਦੇ ਰਹੇ। ਸਿੱਖ ਸੰਗਤਾਂ ਆਉਂਦੀਆਂ ਰਹੀਆਂ ਤੇ ਸਤਿਗੁਰੂਜੀ ਗੁਰਮਤਿ ਦਾ ਉਪਦੇਸ਼ ਦੇਂਦੇਰਹੇ।

ਓਹਨੀ ਦਿਨੀਂ ਰਾਜਾ ਦੀਪ ਚੰਦ ਕਹਿਲੂਰੀਆ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਉਸ ਨੇ ਮੱਥਾ ਟੇਕਿਆ ਤੇ ਨਾਮ ਦਾਨ ਦੀ ਮੰਗ ਕੀਤੀ। ਸਤਿਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਓਹ ਗੁਰੂ ਕਾ ਲੰਗਰ, ਸਾਧ ਸੰਗਤ, ਇਮਾਰਤਾਂ ਤੇ ਰੌਣਕਾਂ ਦੇਖ ਕੇ ਬਹੁਤ ਪ੍ਰਸੰਨ ਹੋਇਆ।

੧੩. ਸਤਿਗੁਰੂ ਜੀ ਦਾ ਤੀਰਥ ਯਾਤਰਾ ਨੂੰ ਜਾਣਾ

ਬਿਰਥਾ ਕਹਉ ਕਉਨ ਸਿਉ ਮਨ ਕੀ॥ ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ॥ ਸੁਖ ਕੇ ਹੇਤ ਬਹੁਤੁ ਦੂਖੁ ਪਾਵਤ ਸੇਵ ਕਰਤ ਜਨ ਜਨ ਕੀ॥ ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥ ੧ ॥ ਮਾਨਸ ਜਨਮੁ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥ (ਆਸਾ ਮਃ ੯)

ਦਿਲ ਦੀ ਹਾਲਤ ਕਿਸ ਨੂੰ ਦਸੀਏ ? ਲੋਭ ਦਾ ਪਾਗਲ ਕੀਤਾ ਹੋਇਆ ਜੀਵ ਦਸੋ ਪਾਸੇ ਨਸਾ ਫਿਰਦਾ ਹੈ। ਇਸ ਨੂੰ ਧਨ ਇਕੱਠਾ ਕਰਨ ਦੀ ਲਗਨ ਲੱਗੀ ਹੈ। ਦੌਲਤ ਰਾਹੀਂ ਸੁਖਾਂ ਨੂੰ ਪ੍ਰਾਪਤ ਕਰਨ ਦੀ ਧੁਨ ਵਿਚ ਬਹੁਤ ਦੁਖ ਉਠਾਉਂਦਾ ਹੈ ਤੇ ਜੀ ਜੀ ਦੀ ਸੇਵਾ ਕਰਦਾ ਫਿਰਦਾ ਹੈ। ਜੀਵ ਇਸ ਤਰਾਂ ਨੱਸਾ ਫਿਰਦਾ ਹੈ ਜਿਵੇਂ ਕੁਤਾ ਬੁਰਕੀ ਟੁਕ ਬਦਲੇ ਨਸਿਆ ਫਿਰਦਾ ਹੈ। ਘਬਰਾਏ ਜੀਵ ਆਤਮਾਂ ਨੂੰ ਰਾਮ ਭਜਨ ਦੀ ਬਿਲਕੁਲ ਸੂਝ ਨਹੀਂ। ਜੀਵ ਆਤਮਾ ਨੂੰ ਮਨੁਖਾ ਜਨਮ ਪ੍ਰਾਪਤ ਹੋਇਆ ਸੀ,ਰਾਮ ਭਜਨ ਕਰਨ ਵਾਸਤੇ ਪਰ ਉਹ ਮਾਯਾ ਦੇ ਲਾਲਚ ਵਿਚ ਬਿਅਰਥ ਗੁਵਾ ਰਿਹਾ ਹੈ। ਓ ਜੀਵ!ਕਿਉਂ ਰਾਮ ਦਾ ਭਜਨ ਨਹੀਂ ਕਰਦਾ ? ਜੇ ਰਾਮ ਦਾ ਭਜਨ ਕਰੇ ਤਾਂ ਦੁਰਮਤਿ ਦੂਰ ਹੋ ਜਾਵੇ, ਤਨ ਨਿਰਮਲ ਹੋ ਜਾਵੇ।

ਐਸੇ ਨੇਕੀ ਤੇ ਧਰਮ ਮੁਕਤੀ ਦਾ ਉਪਦੇਸ਼ ਦੇਣ ਵਾਲੇ ਤਿਆਗੀ ਤੇ ਵੈਰਾਗੀ ਸਤਿਗੁਰੂ ਜੀ ਨੇ ਫੈਸਲਾ ਕਰ ਲਿਆ ਕਿ ਉਹ ਸਾਰੇ ਭਾਰਤ ਦਾ ਦੌਰਾ ਕਰਨ। ਦੌਰਾ ਕਰਨ ਦੇ ਦੋ ਮਨੋਰਥ ਸਨ(੧) ਤੀਰਥਾਂ ਦੀ ਯਾਤਰਾ।(੨) ਭੁਲੜ ਜੀਵਾਂਨੂੰ ਗੁਰਮਤਿ ਦਾ ਉਪਦੇਸ਼ ਦੇਕੇ ਜੀਵਨ ਮੁਕਤੀ ਦਾਸਿੱਧਾਸਾਦਾਰਸਤਾਦਸਣਾ।

ਸਤਿਗੁਰੂ ਜੀ ਦੇ ਅਨੰਦਪੁਰੋਂ ਜਾਣ ਨੂੰ ਕਈਆਂ ਨੇ ਇਹ ਜਾਤਾ ਹੈ ਕਿ ਸਤਿਗੁਰੂ ਜੀ ਧੀਰਮਲ-ਰਾਮਰਾਇ ਦੇ ਇਕੱਠ ਤੇ ਦੋਹਾਂ ਦੀਆਂ ਸਾਜ਼ਸ਼ਾਂ ਤੋਂ ਡਰਕੇ ਅਨੰਦਪੁਰ ਨੂੰ ਛੱਡ ਗਏ ਸਨ। ਉਹ ਵੈਰਾਗੀ ਤੇ ਤਿਆਗੀ ਆਤਮਾ ਨਹੀਂ ਸਨ ਚਾਹੁੰਦੇ ਕਿ ਕਿਸੇ ਤਰਾਂ ਦੇ ਝਗੜੇ ਵਿਚ ਪੈਣ ਪਰ ਡਰਨ ਦਾ ਦੋਸ਼ ਸਤਿਗੁਰਾਂ ਦੇ

ਉਤੇ ਨਹੀਂ ਲਗ ਸਕਦਾ ਕਿਉਂਕਿ ਆਪ ਨਾ ਕਿਸੇ ਨੂੰ ਭੈ ਦੇਂਦੇ ਸਨ ਤੇ ਨਾ ਕਿਸੇ ਦੇ ਭੈ ਹੇਠ ਆਉਂਦੇ ਸਨ। ਆਪ ਦੀ ਆਤਮਾ ਨਿਰਭੈ ਤੇ ਨਿਰਵੈਰ ਸੀ।

੨੫ ਅਸੂ ਸੰਮਤ ੧੭੨੩ ਬਿ: ਨੂੰ ਸਤਿਗੁਰੂ ਜੀ ਨੇ ਆਪਣੇ ਮਹਿਲ ਮਾਤਾ ਗੁਜਰੀ ਜੀ ਤੇ ਆਪਣੀ ਪੂਜਯ ਮਾਤਾ, ਮਾਤਾ ਨਾਨਕੀ ਜੀ ਸਮੇਤ ਤੀਰਥਾਂ ਦੀ-ਯਾਤਰਾ ਕਰਨ ਵਾਸਤੇ ਤਿਆਰੀ ਕਰ ਦਿੱਤੀ, ਲੋੜੀਂਦਾ ਸਾਰਾ ਸਾਮਾਨ ਨਾਲ ਲਿਆ। ਤੰਬੂ ਕਨਾਤ, ਸਾਏਬਾਨ, ਫਰਸ਼ ਦਾ ਸਮਾਨ, ਲੰਗਰ ਦੇ ਬਰਤਨ ਆਦਿਕ ਸਭ ਕੁਝ ਗੱਡਿਆਂ ਉਤੇ ਰਖਾ ਲਿਆ। ਮਾਤਾ ਨਾਨਕੀ ਜੀ ਦੀ ਸਵਾਰੀ ਵਾਸਤੇ ਰੱਥ ਅਤੇ ਮਾਤਾ ਗੁਜਰੀ ਜੀ ਵਾਸਤੇ ਡੋਲੇ ਦਾ ਪ੍ਰਬੰਧ ਕੀਤਾ ਗਿਆ।

ਅਨੰਦਪੁਰ ਨੂੰ ਛੱਡਣ ਸਮੇਂ ਉਸ ਦੇ ਪ੍ਰਬੰਧ ਵਲ ਵੀ ਪੂਰਾ ਧਿਆਨ ਦਿਤਾ। ਸਿਦਕੀ ਤੇ ਗੁਰੂ ਘਰ ਨਾਲ ਪ੍ਰੇਮ ਰਖਣ ਵਾਲੇ ਸਿੱਖਾਂ ਨੂੰ ਅਨੰਦਪੁਰ ਦਾ ਪ੍ਰਬੰਧ ਸੌਂਪ ਦਿੱਤਾ, ਉਨ੍ਹਾਂ ਵਿਚ ਇਹ ਮਸ਼ਹੂਰ ਹਸਤੀਆਂ ਸਨ, ਭਾਈ ਭਾਗੂ ਚੂਹੜੀਆਂ, ਰਾਮਾ ਸੰਧੂ ਮੁਲਤਾਨੀ, ਬਹਿਲੋ ਦੇਸ ਰਾਜ ਤੇ ਭਾਈ ਘੁੱਗਾ ਆਦਿਕ।

ਸਤਿਗੁਰੂ ਜੀ ਨੇ ਤਿੰਨ ਸਾਲ ਦਾ ਪ੍ਰੋਗਰਾਮ ਬਣਾਇਆ ਸੀ, ਸਾਰੇ ਸਿੱਖਾਂ ਨੂੰ ਕਿਹਾ ਕਿ ਤਿੰਨਾਂ ਸਾਲਾਂ ਪਿਛੋਂ ਅਸੀਂ ਵਾਪਸ ਅਨੰਦਪੁਰ ਫਿਰ ਮੁੜ ਆਵਾਂਗੇ।

ਸ੍ਰੀ ਰਾਮ-ਲਛਮਣ ਤੇ ਸੀਤਾ ਜੀ ਦੇ ਅਜੁਧਿਆ ਤੋਂ ਤੁਰਨ ਵੇਲੇ ਅਜੁ-ਧਿਆ ਦੇ ਵਾਸੀ ਤੇ ਰਾਜ ਦੇ ਵਸਨੀਕ ਵਿਆਕੁਲ ਹੋਏ ਸਨ ਤਿਵੇਂ ਅਨੰਦਪੁਰੀ ਤੇ ਚੌਗਿਰਦੇ ਦੇ ਨਗਰਾਂ ਦੇ ਵਸਨੀਕ ਵਿਆਕੁਲ ਬਹੁਤ ਹੋਏ। ਸਭ ਨੇ ਅੱਖਾਂ ਵਿਚੋਂ ਹੰਝੂ ਕੇਰ ਕੇਰ ਕੇ ਸਤਿਗੁਰੂ ਜੀ ਅੱਗੇ ਤਰਲੇ ਕੀਤੇ ਕਿ ਉਹ ਕਿਉਂ ਉਹਨਾਂ ਨੂੰ ਛੱਡ ਕੇ ਜਾ ਰਹੇ ਹਨ। ਸਤਿਗੁਰੂ ਜੀ ਨੇ ਸਾਰਿਆਂ ਨੂੰ ਉਪਦੇਸ਼ ਕੀਤਾ।

ਦੋ ਮੀਲ ਤਕ ਸਾਰੇ ਨਗਰ ਵਾਸੀ ਸਤਿਗੁਰੂ ਜੀ ਨਾਲ ਗਏ। ਤਿੱਥੋਂ ਸਤਿਗੁਰੂ ਜੀ ਨੇ ਸਭ ਨੂੰ ਵਾਪਸ ਕਰ ਦਿਤਾ। ਆਪ ਅੱਗੇ ਤੁਰ ਪਏ। ਵੈਰਾਗ ਮਈ ਤੇ ਉਦਾਸੀ ਦੀ ਰੰਗਣ ਵਿਚ ਰੰਗੇ ਹੋਏ ਨਗਰ ਵਾਸੀ ਵਾਪਸ ਅਨੰਦਪੁਰ ਮੁੜ ਆਏ।

੧੪. ਮਾਲਵੇ ਵਿਚ ਧਰਮ ਪ੍ਰਚਾਰ

ਸਤਿਗੁਰੂ ਜੀ ਦੂਸਰੇ ਦਿਨ ਰੋਪੜ ਪਹੁੰਚੇ। ਪੀਰ ਮੌਲੇ ਸ਼ਾਹ ਨੇ ਸਤਿਗੁਰੂ ਜੀ ਤੇ ਸਿੱਖਾਂ ਸੇਵਕਾਂ ਦਾ ਬਹੁਤ ਸਤਕਾਰ ਕੀਤਾ। ਇਕ ਦਿਨ ਡੇਰੇ ਨੂੰ ਰੋਕਿਆ ਤੇ ਲੰਗਰ ਦੀ ਸੇਵਾ ਕੀਤੀ। ਗਿਆਨ ਚਰਚਾ ਕਰਕੇ ਧਰਮ ਉਪਦੇਸ਼ ਆਪ ਸਰਵਨ ਕੀਤਾ ਤੇ ਹੋਰਨਾਂ ਜੀਵਾਂ ਨੂੰ ਸਰਵਨ ਕਰਾਇਆ। ਅਗਲੇ ਦਿਨ ਡੇਰਾ ਅਗੇ ਤੁਰਿਆ ਰਾਹ ਵਿਚ ਬੇਅੰਤ ਜੀਵਾਂ ਦਾ ਉਧਾਰ ਕਰਦੇ ਹੋਏ ਸਾਹਿਬ ਮੂਲੋਵਾਲ ਜਾ ਪੁਜੇ।

ਉਸ ਨਗਰ ਵਿਚ ਸਾਰੇ ਖੂਹਾਂ ਦਾ ਪਾਣੀ ਖਾਰਾ ਸੀ। ਪਿੰਡ ਵਾਲਿਆਂ ਨੂੰ ਦੂਸਰੇ ਪਿੰਡ ਦੇ ਖੂਹ ਉਤੋਂ ਪਾਣੀ ਲਿਆਉਣਾ ਪੈਂਦਾ ਸੀ। ਸਤਿਗੁਰੂ ਜੀ ਨਗਰ ਵਿਚ ਜਾ ਬੈਠੇ। ਡੇਰਾ ਲਾ ਦਿੱਤਾ ਗਿਆ। ਜਦੋਂ ਗੁਰੂ ਕੇ ਲੰਗਰ ਨੂੰ ਤਿਆਰ ਕਰਨ ਵਾਸਤੇ ਸੇਵਕਾਂ ਨੇ ਪਿੰਡ ਵਾਸੀਆਂ ਨੂੰ ਪੁਛਿਆ ਕਿ ਜਲ ਕਿਸ ਖੂਹ ਉਤੋਂ ਲਿਆਂਦਾ ਜਾਵੇ ਤਾਂ ਪਿੰਡ ਵਾਲਿਆਂ ਨਿਰਾਸਤਾ ਨਾਲ ਉੱਤਰ ਦਿੱਤਾ–'ਕੀ ਦਸੀਏ! ਮਹਾਰਾਜ ਅਸਾਂ ਦੇ ਖੂਹਾਂ ਦਾ ਪਾਣੀ ਖਾਰਾ ਹੈ। ਦੂਸਰੇ ਪਿੰਡ ਦੇ ਖੂਹ ਉਤੋਂ ਪਾਣੀ ਲਿਆਕੇ ਪੀਣਾ ਪਵੇਗਾ। ਕੁਦਰਤ ਦੇ ਰੰਗ ਹਨ, ਅਸੀਂ ਕਈ ਬਾਈਂ ਨਵੇਂ ਟੱਪ ਲਾ ਬਕੇ ਹਾਂ, ਪਰ ਇਸ ਸਾਰੀ ਧਰਤੀ ਵਿਚੋਂ ਮਿੱਠਾ ਪਾਣੀ ਅਸਾਂ ਨੂੰ ਹੱਥ ਨਹੀਂ ਲੱਗਾ।'

ਪਿੰਡ ਵਾਲਿਆਂ ਪਾਸੋਂ ਇਹ ਗੱਲ ਸੁਣ ਕੇ ਸੇਵਾਦਾਰ ਸਤਿਗੁਰੂ ਜੀ ਪਾਸ ਪੁਜੇ ਤੇ ਬੇਨਤੀ ਕੀਤੀ–'ਸਚੇ ਪਾਤਸ਼ਾਹੋ! ਡੇਰਾ ਅਗਲੇ ਪਿੰਡ ਲਾਉਂਦੇ ਤਾਂ ਚੰਗਾ ਹੁੰਦਾ। ਕਿਉਂਕਿ ਏਥੋਂ ਦੇ ਖੂਹਾਂ ਦਾ ਪਾਣੀ ਖਾਰਾ ਹੈ ਇਸ ਲਈ ਦੂਰੋਂ ਪਾਣੀ ਲਿਆ ਕੇ ਗੁਰੂ ਕਾ ਲੰਗਰ ਤਿਆਰ ਕਰਨਾ ਵੀ ਕਠਣ ਹੈ, ਇਹ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ–"ਕਿਸੇ ਖੂਹ ਦਾ ਪਾਣੀ ਖਾਰਾ ਨਹੀਂ। ਜਿਸ ਖੂਹ ਵਿਚੋਂ ਜੀ ਕਰੇ ਪਾਣੀ ਭਰਕੇ ਗੁਰੂ ਕੇ ਲੰਗਰ ਵਿਚ ਵਰਤੋ। ਧਰਤੀ ਸਭ ਦੀ ਮਾਤਾ ਹੈ। ਉਹਦਾ ਜਲ ਨਿਰਮਲ ਮਿੱਠਾ ਤੇ ਸੀਤਲ ਹੈ।"

ਸਤਿਗੁਰੂ ਜੀ ਦਾ ਹੁਕਮ ਪਾਕੇ ਸੇਵਕ ਉਸੇ ਵੇਲੇ ਨੇੜੇ ਦੇ ਖੂਹ ਉਤੇ ਪੁਜੇ ਤੇ ਪਾਣੀ ਭਰਨ ਲਗੇ ਜਦੋਂ ਪਾਣੀ ਖੂਹ ਵਿਚੋਂ ਬਾਹਰ ਖਿਚਿਆ ਅਤੇ ਪੀਕੇ ਦੇਖਿਆ ਤਾਂ ਉਹ ਮਿੱਠਾ ਸੀ। ਉਸੇ ਵੇਲੇ ਪਿੰਡ ਵਾਲਿਆਂ ਨੂੰ ਪਤਾ ਲੱਗ ਗਿਆ ਕਿ ਮਹਾਂ ਪੁਰਖਾਂ ਦੇ ਨਗਰ ਵਿਚ ਚਰਨ ਪਾਉਣ ਸਾਰ ਸਾਰੇ ਨਗਰ ਦੇ ਖੂਹਾਂ ਦਾ

ਪਾਣੀ ਮਿੱਠਾ ਹੋ ਗਿਆ ਹੈ। ਸਾਰੇ ਮਹਾਤਮਾਂ ਨੂੰ ਸਤਿਗੁਰੂ ਜੀ ਸੱਚੇ ਪਾਤਸ਼ਾਹ ਆਖਕੇ ਬੁਲਾਉਂਦੇ ਹਨ। ਆਪ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਤੇ ਨਾਵੇਂ ਪਾਤਸ਼ਾਹਹਨ ਤੇ ਛੇਵੇਂ ਪਾਤਸ਼ਾਹ ਹਰਿਗੋਬਿੰਦਸਾਹਿਬ ਦੇ ਛੋਟੇ ਸਾਹਿਬ-ਜ਼ਾਦੇ ਹਨ।ਬਹੁਤ ਭਜਨੀਕ ਕਰਨੀ ਵਾਲੇ ਕਲਜੁਗੀ ਜੀਵਾਂਨੂੰਤਾਰਨਹਾਰ ਹਨ।

ਸਤਿਗੁਰੂ ਜੀ ਦਾ ਜਸ ਫੁਲਾਂ ਦੀ ਸੁਗੰਧੀ ਵਾਂਗ ਸਾਰੇ ਨਗਰ ਦੇ ਘਰ ਘਰ ਪਹੁੰਚ ਗਿਆ। ਉਸ ਸੁਗੰਧੀ ਦੇ ਕੀਲੇ ਹੋਏ ਜੀਵ ਭੌਰਿਆਂ ਦੀ ਤਰਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚਲੇ ਆਏ।

ਉਸ ਨਗਰ ਦੇ ਦੋ ਪੈਂਚ ਮਾਈਆਂ ਤੇ ਗੋਂਦਾ ਸਨ। ਦੋਵੇਂ ਹੀ ਸਤਿਗੁਰੂ ਜੀ ਦਾ ਜਸ ਸੁਣਕੇ ਘਰਾਂ ਤੋਂ ਰਾਸ਼ਨ ਲੈਕੇ ਹਾਜ਼ਰ ਹੋਏ। ਅੰਨ,ਕਪੜਾ ਤੇ ਧਨ ਦੀ ਕਾਰ ਭੇਟ ਕੀਤੀ,ਰਜਕੇ ਦੋ ਦਿਨ ਸੇਵਾਕੀਤੀ ਤੇ ਕਲਿਆਣਵਾਸਤੇ ਬੇਨਤੀ ਕੀਤੀ, ਉਹਨਾਂ ਦੇ ਹਿਰਦੇ ਦਾ ਸੇਵਾ ਭਾਵ ਦੇਖਕੇ ਸਤਿਗੁਰੂ ਜੀਨੇ ਵਰ ਦਿੱਤਾ–'ਤੁਸੀਂ ਨਿਹਾਲ!' ਸਤਿਗੁਰੂ ਜੀ ਦੇ ਬਚਨ ਸੱਚੇ ਹੋਏ। ਹੁਣ ਤਕ ਉਨ੍ਹਾਂ ਦੀ ਵੰਸ਼ ਕੋਲ ਨੰਬਰਦਾਰੀ ਹੈ। ਉਥੋਂ ਦਾ ਗੁਰਦੁਵਾਰਾ ਰਾਜਾ ਕਰਮ ਸਿੰਘ ਪਟਿਆਲੇ ਵਾਲੇ ਨੇ ਤਿਆਰ ਕਰਵਾਇਆ ਸੀ। ਉਸ ਗੁਰਦੁਵਾਰੇ ਦੇ ਨਾਮ ਜਗੀਰ ਹੈ। ਜਿਸ ਖੂਹ ਵਿਚੋਂ ਗੁਰੂ ਜੀ ਦੇ ਲੰਗਰ ਵਾਸਤੇ ਜਲ ਆਇਆ ਸੀ ਉਸਦਾ ਜਲ ਹੁਣ ਤਨ ਤੇ ਮਨ ਦੇ ਰੋਗ ਕਟਦਾ ਹੈ। ਮੇਲੇ ਲਗਦੇ ਹਨ।

ਪਿੰਡ ਵਾਲਿਆਂ ਦੇ ਪ੍ਰੇਮ ਦੇ ਕਾਰਨ ਸਤਿਗੁਰੂਜੀ ਦੋ ਦਿਨ ਓਥੇ ਰਹੇ ਤੇ ਮੁੜ ਅਗੇ ਤੁਰੇ।ਚਲ ਤੇ ਚਲ ਪੇ ਸੇਖੇ ਪਿੰਡ ਆ ਪੁਜੇ। ਸੇਖੇ ਦਾ ਚੋਧਰੀ ਮਲੂਕਾ ਬਾਈ-ਤੇਈ ਪਿੰਡਾਂ ਦਾ ਮਾਲਕ ਸੀ। ਓਹ ਸ਼ਾਹੀ ਬਾਜ ਗੁਜਾਰ ਸੀ।ਧਰਮ ਦੇ ਤੌਰ ਉਹ ਕੰਠੀਬਧ ਬੈਰਾਗੀ ਦਾ ਚੇਲਾ ਸੀ।ਉਹ ਬੈਰਾਗੀ ਸਾਧੂ ਨੇਕ ਪੁਰਖ ਤੇ ਭਗਤੀ ਭਾਵ ਵਾਲਾਸੀ।ਓਹ ਕਿਸੇ ਨਾਲ ਉੱਚੀਨੀਵੀਂ ਗੱਲਨਹੀਂਸੀ ਕਰਦਾ। ਪਰ ਮਲੂਕੇ ਕੋਲ ਹੰਕਾਰ ਤੇ ਜਗੀਰਦਾਰੀ ਦੀ ਫੂ-ਫਾਂ ਬਹੁਤ ਸੀ। ਉਸ ਨੂੰ ਜਦੋਂ ਪਤਾ ਲੱਗਾ ਕਿ ਓਹਦੇ ਪਿੰਡ ਵਿਚ ਸਤਿਗੁਰੂਜੀਨੇ ਡੇਰਾ ਲਾਇਆ ਹੈ ਤਾਂ ਓਹ ਬਹੁਤ ਕ੍ਰੋਧਵਾਨ ਹੋਕੇ ਡੇਰੇ ਕੋਲ ਪੁਜਾ ਤੇ ਸੇਵਾਦਾਰਾਂਨੂੰਕਹਿਣ ਲੱਗਾ–'ਏਥੋਂ ਡੇਰਾ ਚੁਕ ਲਵੋ,ਕਿਸੇ ਹੋਰ ਪਿੰਡ ਚਲੇਜਾਵੋ ਮੇਰੇ ਪਿੰਡਾਂ ਵਿਚ ਨਾ ਤੁਸੀ ਜੋਗੀ

ਰਸਦ ਹੈ ਤੇ ਨਾ ਮਾਲ ਡੰਗਰ ਵਾਸਤੇ ਪੱਠੇ।" ਇਹ ਬਚਨ ਤਾਂ ਸਿੱਖਾਂ ਨੇ ਸਹਿ ਲਿਆ ਪਰ ਜਦੋਂ ਬਹੁਤੀ ਹਮਕੀ ਤਮਕੀ ਕਰਨ ਲੱਗਾ ਤਾਂ ਸਿੱਖਾਂ ਨੇ ਗੁਸੇ ਨੂੰ ਪ੍ਰਗਟ ਕੀਤਾ। ਇਸ ਖਿਆਲ ਨਾਲ ਕਿ ਸਿੱਖ ਮਾਰ-ਕਟਾਈ ਨਾ ਕਰਨ ਉਹ ਖਿਸਕ ਗਿਆ। ਜਿਥੇ ਸਤਿਗੁਰੂ ਜੀ ਬੈਠੇ ਸਨ ਉਥੋਂ ਦੀ ਦੋ ਤਿੰਨ ਵਾਰ ਉਹ ਏਧਰ ਉਧਰ ਗਿਆ। ਉਸਦੀ ਹੰਕਾਰੀ ਤਬੀਅਤ ਨੂੰ ਦੇਖਕੇ ਸੁਭਾਵਕ ਹੀ ਸਤਿਗੁਰੂ ਜੀ ਨੇ ਬਚਨ ਕਰ ਦਿੱਤਾ—"ਜਵੰਦੇ ਅਕਲ ਦੇ ਅੰਧੇ,ਇਨ੍ਹਾਂ ਦੀਆਂ ਬਾਈਆਂ ਤੇਈਆਂ ਹੋਸਨ ਬੇਹੀਆਂ ਬੇਹੀਆਂ।" ਇਸ ਬਚਨ ਦਾ ਪਤਾ ਮਲੂਕੇ ਨੂੰ ਲੱਗਾ। ਪਿੰਡ ਦੇ ਵਾਸੀਆਂ ਅਤੇ ਮਲੂਕੇ ਦੀ ਇਸਤ੍ਰੀ ਤੇ ਓਹਦੇ ਪ੍ਰਵਾਰ ਨੂੰ ਸਰਾਪ ਦਾ ਪਤਾ ਲੱਗਾ ਤਾਂ ਓਹ ਸਾਰੇ ਕੁਰਲਾ ਉਠੇ। ਮਲੂਕੇ ਦੇ ਉਦਾਲੇ ਇਕੱਠੇ ਹੋਕੇ ਕਹਿਣ ਲੱਗੇ—'ਬਹੁਤ ਬੁਰਾ ਕੀਤਾ ਜੋ ਰਬ ਦੇ ਪ੍ਰੇਮੀਆਂ ਦੀ ਨਿਰਾਦਰੀ ਕੀਤੀ। ਉਹਨਾਂ ਕ੍ਰੋਧਵਾਨ ਹੋ ਕੇ ਸਰਾਪ ਦੇ ਦਿੱਤਾ ਹੈ। ਸਾਧ ਬਚਨ ਕਦੀ ਨਹੀਂ ਟਲਦਾ ਉਹ ਜ਼ਰੂਰ ਪੂਰਾ ਹੋਕੇ ਰਹਿੰਦਾ ਹੈ ਕੋਈ ਚਾਰਾ ਕਰ ਸਤਿਗੁਰੂ ਜੀ ਦੇ ਪੈਰੀਂ ਜਾ ਪਉ। ਬੜੇ ਕਰਨੀ ਵਾਲੇ ਸੁਣੀਦੇ ਹਨ।'

ਪਰਵਾਰ ਤੇ ਲੋਕਾਂ ਦੀ ਇਸ ਬੇਨਤੀ ਵਲ ਹੰਕਾਰੀ ਮਲੂਕੇ ਨੇ ਕੋਈ ਧਿਆਨ ਨਾ ਦਿੱਤਾ। ਉਹ ਸਿੱਧਾ ਆਪਣੇ ਬੈਰਾਗੀ ਗੁਰੂ ਕੋਲ ਜਾ ਪੁਜਾ। ਉਸ ਨੂੰ ਸਾਰੀ ਗੱਲ ਦਸੀ। ਉਸ ਦੇ ਬੈਰਾਗੀ ਗੁਰੂ ਨੇ ਜਦੋਂ ਸੁਣਿਆ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਨਾਵੇਂ ਸਰੂਪ ਨਗਰ ਵਿਚ ਆਏ ਹਨ ਤਾਂ ਉਹ ਬਹੁਤ ਪ੍ਰਸੰਨ ਹੋਇਆ। ਉਸ ਨੇ ਮਲੂਕੇ ਨੂੰ ਕਿਹਾ—'ਚੌਧਰੀ! ਬਹੁਤ ਮਾੜਾ ਕੀਤੋ ਈ। ਸਤਿਗੁਰੂ ਜੀ ਦੇ ਬਚਨ ਤਿਖੇ ਤੀਰਾਂ ਸਮਾਨ ਹਨ। ਸਤਿਗੁਰੂ ਜੀ ਦੀ ਸੇਵਾ ਕਰਨੀ ਚਾਹੀਦੀ ਸੀ। ਅਜੇ ਵੀ ਵੇਲਾ ਹੈ, ਪਰਵਾਰ ਸਮੇਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁਜ ਕੇ ਚਰਨ ਫੜ ਲੈ'ਖਿਮਾਂ ਮੰਗ ਨੱਕ ਮੂੰਹ ਰਗੜ ਭਲਾ ਜੇ ਤੇਰਾ ਵੰਸ ਬਰਬਾਦੀਤੋਂਬਚ ਜਾਵੇ।'

'ਗੁਰੂ ਜੀ! ਆਪ ਵੀ ਮੇਰੇ ਨਾਲ ਚਲੋ।' ਮਲੂਕੇ ਨੇ ਬੈਰਾਗੀ ਨੂੰ ਕਿਹਾ। ਬੈਰਾਗੀ ਵੀ ਓਸੇ ਵੇਲੇ ਉਠਕੇ ਮਲੂਕੇ ਦੇ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਤੁਰ ਪਿਆ।

ਘਰ ਆਕੇ ਮਲੂਕੇ ਨੇ ਗੁੜ ਦੀ ਰੋੜੀ, ਰੇਜਾ ਤੇ ਇਕ ਰੁਪਿਆ ਲਿਆ

ਜੇਹੜਾ ਉਸ ਵੇਲੇ ਸਾਧੂ ਸੰਤਾਂ ਦੇ ਦਰਸ਼ਨ ਕਰਨ ਗਿਆ ਆਦਰ ਸਤਕਾਰ ਦਾ ਰਵਾਜ ਸੀ। ਇਨ੍ਹਾਂ ਵਸਤੂਆਂ ਦੇ ਨਾਲ ਆਪਣੇ ਪਰਵਾਰ ਨੂੰ ਸਾਥ ਤੋਰਿਆ, ਪਿੰਡ ਦੇ ਮੁਖੀਏ ਵੀ ਨਾਲ ਲਏ ਸਤਿਗੁਰੂ ਜੀ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ। ਰੇਜ਼ਾ, ਗੁੜ ਦੀ ਰੋੜੀ ਤੇ ਰੁਪਿਆ ਅਗੇ ਰਖਕੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕਿਆ। ਨਾਲ ਹੀ ਦੋਵੇਂ ਹੱਥ ਜੋੜ ਕੇ ਸ਼ੁਧ ਹਿਰਦੇ ਨਾਲ ਤਰਲਾ ਕੀਤਾ—'ਹੇ ਦਾਤਾ! ਮੇਹਰ ਕਰੋ।ਦਿਆਲੂ ਕ੍ਰਿਪਾਲੂ ਸਤਿਗੁਰੋ ਦਇਆਕਰੋ ਪਾਪੀ ਜੀਵ ਸਦਾ ਭੁਲਣਹਾਰ ਹਨ। ਅਸਾਂ ਪਾਪੀਆਂ ਦੀਆਂ ਭੁਲਾਂ ਨਾ ਚਤਾਰੋ ਬਖਸ਼ੋ ਬਖਸ਼ੋ!' ਚੌਧਰੀ ਮਲੂਕੇ ਦੀ ਇਹ ਦਸ਼ਾ ਵੇਖਕੇ ਸਤਿਗੁਰੂ ਜੀਨੂੰ ਦਇਆ ਆਈ। ਸਾਹਿਬਾਂ ਨੇ ਬਚਨ ਕੀਤਾ—'ਏਥੇ ਪੌਣੇ ਹੋਰ ਥਾਂ ਚੌਣੇ' ਇਹ ਬਚਨ ਸੁਣਕੇ ਮਲੂਕਾ ਪ੍ਰਸੰਨ ਹੋ ਗਿਆ। ਉਸ ਨੇ ਸਤਿਗੁਰੂ ਜੀ ਦੇ ਚਰਨਾਂ ਉੱਪਰ ਫਿਰ ਮੱਥਾ ਟੇਕਿਆ। ਸਤਿਗੁਰੂ ਜੀ ਦਾ ਬਚਨ ਸੱਚ ਹੋਇਆ ਇਕ ਸਮੇਂ ਰਹੇਲਿਆਂ ਹਥੋਂ ਜਵੰਦੇ ਜੱਟ ਉੱਜੜ ਗਏ ਤੇ ਦਿਲੀ ਤੋਂ ਪਰੇ (ਪੂਰਬ ਵਲ) ਚੌਣੇ ਹੋਕੇ ਵਸੇ। ਅਜੇ ਤਕ ਜਵੰਦੇ ਜੱਟਾਂ ਦਾ ਵੰਸ਼ ਸੁਖ ਨਾਲ ਵਸ ਰਿਹਾ ਹੈ। ਸਮੇਂ ਦੀ ਰੌ ਨਾਲ ਸਿੱਖੀਨੂੰਭੁਲ ਗਏ ਹਨ।ਸਤਿਗੁਰੂਜੀਨੇ ਬੈਰਾਗੀਦੇਹੁੰਦਿਆਂਹੋਇਆਂ ਮਲੂਕੇ ਤੇ ਹੋਰ ਸਜਣਾ ਨੂੰ ਹੰਕਾਰ ਤਿਆਗਣ ਦਾ ਇਉਂ ਉਪਦੇਸ਼ ਦਿੱਤਾ:—

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥ ੧ ॥ ਰਹਾਉ ॥ ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥ ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ ਦੇਖਿ ਤਾਸਿ ਉਠਿ ਧਾਵੈ॥ ੧ ॥ ਭੁਗਤਿ ਮੁਕਤਿ ਕਾ ਕਾਰਨ ਸੁਆਮੀ ਮੂੜ ਤਾਹਿ ਬਿਸਰਾਵੈ ॥ ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥ (ਗਉੜੀ ਮਹਲਾ ੯)

ਤਿਸਦਾ ਪ੍ਰਮਾਰਥ—ਹੇ ਕਲ ਜੁਗ ਦੇ ਜੀਵ! ਤੂੰ ਅਗਿਆਨਤਾ ਦੇ ਕਾਰਨ ਭੁਲੇਖੇ ਵਿਚ ਮਾਇਆ ਦੇ ਰੰਗ ਤਮਾਸ਼ੇ ਵੇਖਦਾ ਫਿਰਦਾਹੈਂ।ਤੂੰ ਹਰੀ(ਵਾਹਿਗੁਰੂ) ਦੇ ਗੁਣ ਕਿਉਂ ਨਹੀਂ ਗਾਉਂਦਾ,ਜਿਸ ਵਾਹਿਗੁਰੂ ਨੇ ਤੈਨੂੰਮਾਤਾ ਦੇ ਗਰਭ ਵਿਚ ਰੋਜ਼ੀ ਪਹੁੰਚਾਈ ਤੇ ਅੱਗ ਤੋਂ ਸੜਨੋਂ ਬਚਾਇਆ, ਜਗਤ ਦੀਆਂ ਸਾਰੀਆਂ

ਦਾਤਾਂ ਉਸ ਵਾਹਿਗੁਰੂ ਦਾਤੇ ਦੀਆਂ ਹਨ ਤੂੰ ਦਾਤੇ ਨੂੰ ਭੁਲਕੇ ਦਾਤਾਂ ਨਾਲ ਕਿਉਂ ਪ੍ਰੀਤ ਪਾਉਂਦਾ ਹੈਂ ? ਰਾਤ ਦਿਨੇ ਹੀ ਮਾਇਆ ਦੇ ਤਮਾਸ਼ਿਆਂ ਵਿਚ ਰਹਿੰਦਾ ਹੈਂ ਤੇ ਭਗਵਾਨ ਦਾ ਖਿਆਲ ਨਹੀਂ ਆਉਂਦਾ, ਜੇ ਕੋਈ ਸਾਧੂ ਗੁਰਮੁਖ ਨਾਮ ਜਪਣ ਵਾਲਾ ਲਾਉਣ ਦਾ ਯਤਨ ਕਰਦਾ ਹੈ ਤਾਂ ਆਖ ਦੇਂਦਾ ਹੈਂ-"ਕੀ ਕਰਾਂ ਜੀ ! ਘਰ ਦੇ ਧੰਧਿਆਂ ਵਿਚੋਂ ਵੇਹਲ ਹੀ ਨਹੀਂ ਮਿਲਦਾ।" ਇਸਤਰਾਂ ਪੁਤ੍ਰ-ਧੀਆਂ, ਮਿਤ੍ਰਾਂ, ਮਾਇਆ ਤੇ ਲਾਲਚਾਂ ਵਿਚ ਆਪਣੇ ਆਪ ਨੂੰ ਕੈਦ ਕਰਾ ਛੱਡਿਆ ਹੈ। ਇਹ ਜਗਤ ਤਾਂ ਮਿਰਗ ਦੀ ਤ੍ਰਿਸ਼ਨਾ ਨਿਆਈਂ ਝੂਠਾ ਹੈ, ਦੇਖਕੇ ਭੁਲਣਾਂ ਨਹੀਂ ਚਾਹੀਦਾ। ਭਗਤੀ ਤੇ ਮੁਕਤੀ ਦਾ ਮੂਲ ਵਾਹਿਗੁਰੂ ਹੈ,ਉਸਨੂੰ ਮੂਰਖ ਵਿਸਾਰ ਛੱਡਦਾ ਹੈ। ਗੁਰੂ ਜੀ ਕਹਿੰਦੇ ਹਨ, ਹਜ਼ਾਰਾਂ ਵਿਚੋਂ ਕੋਈ ਇੱਕ ਹੈ ਜੋ ਵਾਹਿਗੁਰੂ ਦਾ ਭਜਨ ਕਰਕੇ ਸੁਖ ਪਾਉਂਦਾ ਹੈ ਪਰ ਸਾਰਿਆਂ ਨੂੰ ਇਸ ਸੁੱਖ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਰਾਮ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ।'

ਸਾਹਿਬਾਂ ਨੇ ਮਲੂਕੇ ਨੂੰ ਸੰਬੋਧਨ ਕਰਕੇ ਬਚਨ ਕੀਤਾ-"ਹੰਕਾਰ ਦਾ ਤਿਆਗ ਕਰਕੇ ਆਏ ਗਏ ਸਾਧੂ ਸੰਤਾਂ ਦੀ ਸੇਵਾ ਕਰਨੀ ਚਾਹੀਏ। ਸਾਰੇ ਜੀਵ ਵਾਹਿਗੁਰੂ ਦੇ ਪੁੱਤ੍ਰ ਹਨ। ਗਰੀਬਾਂ ਦੀ ਤੇ ਸਾਧੂਆਂ ਦੀ ਸੇਵਾ ਵਾਹਿਗੁਰੂ ਦੀ ਸੇਵਾ ਹੈ। ਰਾਮ ਨਾਮ ਦਾ ਸਿਮਰਨ ਕਰਦਾ ਰਹੁ। ਨੌ-ਨਿੱਧਾਂ ਤੇ ਬਾਰਾਂ ਸਿੱਧਾਂ ਕੋਲ ਰਹਿਣਗੀਆਂ ਕਿਸੇ ਗਲ ਦਾ ਟੋਟਾ ਨਹੀਂ ਆਵੇਗਾ।"

ਮਲੂਕੇ ਤੇ ਉਸਦੇ ਭਾਈਆਂ ਜਵੰਦੇ ਜਟਾਂ ਨੇ ਕਈ ਦਿਨ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ।

੧੫. ਗੁਰੂ ਸਰ ਤੇ ਭਾਈ ਦੇਸੂ ਦਾ ਪ੍ਰਸੰਗ

ਚੌਧਰੀ ਮਲੂਕੇ ਦਾ ਸੁਧਾਰ ਕਰਕੇ ਦਇਆ ਦੇ ਸਾਗਰ ਸੱਚੇ ਪਾਤਸ਼ਾਹ ਸਤਿਗੁਰੂ ਜੀ ਅਗੇ ਤੁਰੇ। ਪੈਰ ਪੈਰ ਤੇ ਪਿੰਡ ਪਿੰਡ ਦੁੱਖੀ ਜੀਵਾਂ ਨੂੰ ਤਾਰੀ ਜਾਂਦੇ ਸਨ। ਮੰਜ਼ਲੋ ਮੰਜ਼ਲੀ ਚਲਦੇ ਹੋਏ ਸਾਹਿਬ ਹੰਡਿਆਏ ਨਗਰ ਜਾ ਪੁਜੇ, ਇਹ ਪਿੰਡ ਵੀ ਸੁਲਤਾਨੀਆਂ ਦਾ ਸੀ,ਸਾਧੂ ਮਹਾਤਮਾਂ ਦੀ ਕਦਰ ਨਹੀਂ ਸਨ ਕਰਦੇ। ਸਾਹਿਬਾਂ ਦੇ ਹੁਕਮ ਨਾਲ ਬਾਹਰ ਡੇਰਾ ਲੱਗ ਗਿਆ। ਜੋ ਰਸਦਾਂ ਪਾਸ ਸਨ, ਉਹਨਾਂ ਵਿਚੋਂ ਗੁਰੂ ਕਾ ਲੰਗਰ ਤਿਆਰ ਹੋਣਾ ਸ਼ੁਰੂ ਹੋਇਆ,ਪਿੰਡ ਵਾਲਿਆਂ ਨੇ ਕੋਈ ਧਿਆਨਨਾ ਦਿੱਤਾ।

ਜਿਨ੍ਹਾਂ ਜੀਵਾਂ ਨੂੰ ਵਾਹਿਗੁਰੂ ਨੇ ਨਾਮਦਾਨ ਬਖਸ਼ਣਾ ਹੋਵੇ ਕੋਈ ਨਾ ਕੋਈ ਬਹਾਨਾ ਬਣਾ ਕੇ ਉਨ੍ਹਾਂ ਦਾ ਉਧਾਰ ਕਰ ਦੇਂਦੇ ਹਨ। ਸਭ ਵਾਹਿਗੁਰੂ ਦੇ ਹੱਥ ਖੇਡ ਹੈ, ਵਾਹਿਗੁਰੂ ਵਲੋਂ ਢੋਅ ਐਸਾ ਬਣਿਆਂ ਕਿ ਪਿੰਡ ਦੇ ਪੈਂਚ ਦੇ ਮੁੰਡੇ ਨੂੰ ਤਾਪ ਚੜ੍ਹਿਆ ਹੋਇਆ ਸੀ, ਉਹ ਖੇਤਾਂ ਵਲੋਂ ਆਇਆ। ਸਤਿਗੁਰੂ ਜੀ ਦੇ ਨੂਰੀ ਚੇਹਰੇ ਨੂੰ ਤਕ ਕੇ ਉਨ੍ਹਾਂ ਦੇ ਕੋਲ ਚਲਿਆ ਗਿਆ। ਉਸ ਨੇ ਮਨ ਹੀ ਮਨ ਵਿਚ ਸੋਚਿਆ ਕੋਈ ਵਡੇ ਸਾਧੂ ਹਨ, ਸ਼ਾਇਦ ਕੋਈ ਦਵਾ ਦਾਰੂ ਦੇਣ ਤੇ ਮੇਰਾ ਤਾਪ ਉਤਰ ਜਾਵੇ। ਉਸਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਦੋਵੇਂ ਹੱਥ ਜੋੜੇ ਤੇ ਬੇਨਤੀ ਕੀਤੀ—"ਭਗਵਾਨ ਦੇ ਪਿਆਰੇ! ਮਹਾਂ ਪੁਰਖੋ! ਮੈਨੂੰ ਕੋਈ ਦਵਾਈ ਬਖਸ਼ੋ ਮੈਂ ਤਾਪ ਨਾਲ ਬਹੁਤ ਦੁਖੀ ਹੋ ਰਿਹਾ ਹਾਂ ਮੇਰਾ ਤਨ ਮਨ ਤਤੀ ਲੋਹ ਵਾਂਗ ਤਪ ਰਿਹਾ ਹੈ, ਸਿਰ ਨੂੰ ਦਰਦ ਅਤੇ ਅੱਖਾਂ ਅਗੇ ਭੰਬਰ ਤਾਰੇ ਆ ਰਹੇ ਹਨ।"

ਉਸ ਲੜਕੇ ਦੀ ਬੇਨਤੀ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ। "ਕਾਕਾ! ਉਹ ਸਾਹਮਣੇ ਸਰੋਵਰ ਹੈ ਉਸ ਵਿਚ ਇਸ਼ਨਾਨ ਕਰ ਤੇਰਾ ਤਾਪ ਟੁਟ ਜਾਵੇਗਾ, ਤੂੰ ਨੌ-ਬਰ ਨੌਂ ਹੋ ਜਾਵੇਂਗਾ।"

ਜਿਸ ਸਰੋਵਰ ਵਲ ਸਤਿਗੁਰੂ ਜੀ ਨੇ ਇਸ਼ਾਰਾ ਕੀਤਾ ਸੀ, ਓਹ ਅਸਲ ਵਿਚ ਕੱਚਾ ਪਾਣੀ ਦਾ ਟੋਭਾ ਸੀ। ਉਸਦੇ ਇਕ ਪਾਸਿਓਂ ਮਾਲ ਪਾਣੀ ਪੀਂਦਾ ਸੀ ਤੇ ਦੂਸਰੇ ਪਾਸੇ ਲੀੜੇ ਧੋਤੇ ਜਾਂਦੇ ਸਨ। ਉਸ ਟੋਬੇ ਵਿਚੋਂ ਤਾਂ ਉਹ ਲੜਕਾ ਕਈ ਵਾਰ ਨਹਾ ਚੁਕਾ ਸੀ। ਪਹਿਲਾਂ ਤਾਂ ਓਹ (ਮੁੰਡਾ) ਘਬਰਾਇਆ ਕਿ ਸ਼ਾਇਦ ਸਤਿਗੁਰੂ ਜੀ ਨੇ ਉਸ ਨੂੰ ਮਖੌਲ ਕੀਤਾ ਹੈ, ਪਰ ਜਦੋਂ ਦੁਬਾਰਾ ਸਤਿਗੁਰੂ ਜੀ ਨੇ ਬਚਨ ਕੀਤਾ ਤੇ ਨਾਲ ਹੀ ਦਸਿਆ ਕਿ ਉਹ 'ਸਤਿਨਾਮ ਵਾਹਿਗੁਰੂ' ਦਾ ਜਾਪ ਜਪਦਾ ਹੋਇਆ ਇਸ਼ਨਾਨ ਕਰੇ ਤਾਂ ਉਸ ਲੜਕੇ ਓਸੇ ਤਰਾਂ ਕੀਤਾ। ਸਤਿਗੁਰੂ ਜੀ ਦੇ ਹੁਕਮ ਨੂੰ ਮੰਨਿਆਂ। ਸਤਿਨਾਮ ਵਾਹਿਗੁਰੂ ਦਾ ਜਾਪ ਜਪਦਾ ਹੋਇਆ ਓਹ ਟੋਭੇ ਵਿਚ ਜਾ ਵੜਿਆ ਪਹਿਲਾ ਚੁਭਾ ਲਾਇਆ ਤਾਂ ਉਹਦੇ ਹਿਰਦੇ ਨੂੰ ਸ਼ਾਂਤੀ ਹੋਈ। ਦੂਸਰੀ ਵਾਰ ਤਾਪ ਟੁਟ ਗਿਆ ਤੇ ਤੀਸਰੀ ਵਾਰ ਉਹ ਅਰੋਗ ਹੋ ਗਿਆ। ਉਸ ਨੇ ਪੰਜ ਚੁਭੇ ਲਾਕੇ ਇਸ਼ਨਾਨ ਕਰ ਲਿਆ।

ਸਤਿਗੁਰੂ ਜੀ ਦੇ ਬਚਨ ਸਤਿ ਹੋਏ। ਓਹਦਾ ਤਾਪ ਟੁਟ ਗਿਆ। ਹਿਰਦੇ

ਨੂੰ ਸ਼ਾਂਤੀ ਪ੍ਰਾਪਤ ਹੋਈ ਤੇ ਸਿਰ ਦਰਦ ਕਰਨੋਂ ਤੇ ਚਕਰੌਣੋਂ ਹੱਟ ਗਿਆ। ਲੀੜੇ ਪਾਕੇ ਉਹ ਖੁਸ਼ੀ ਖੁਸ਼ੀ ਸਤਿਗੁਰੂ ਜੀ ਦੇ ਪਾਸ ਮੁੜ ਕੇ ਪੁਜਾ ਤੇ ਚਰਨਾ ਉੱਪਰ ਮੱਥਾ ਟੇਕਦਾ ਹੋਇਆ ਸਤਿਗੁਰੂ ਜੀ ਦਾ ਜੱਸ ਕਰਦਾ ਹੋਇਆ ਆਪਣੇ ਘਰ ਨੂੰ ਚਲਿਆ ਗਿਆ। ਉਹ ਰਜੇ ਪੁਜੇ ਪੈਂਚ ਦਾ ਇਲੌਕਤਾ ਪੁਤ੍ਰ ਸੀ। ਉਸ ਨੂੰ ਅਰੋਗ ਦੇਖਕੇ ਉਹਦੀ ਮਾਤਾਂ ਬਹੁਤ ਪ੍ਰਸੰਨ ਹੋਈ। ਉਸ ਨੇ ਪੁਤ੍ਰ ਦਾ ਮੱਥਾ ਚੁੰਮਦਿਆਂ ਹੋਇਆਂ ਪੁਛਿਆ 'ਮੇਰੇ ਲਾਲ ਤੇਰਾ ਕਿਵੇਂ ਤਾਪ ਟੁਟਾ ? ਤੇਰੇ ਤਾਂ ਚੇਹਰੇ ਦਾ ਰੰਗ ਹੀ ਹੋਰ ਦਾ ਹੋਰ ਹੋ ਗਿਆ। ਮੈਂ ਵਾਰੀ ਜਾਵਾਂ ਘੋਲੀ ਜਾਵਾਂ ਮੇਰੇ ਲਾਲ ਨੂੰ ਜਿਸ ਨੇ ਰਾਜੀ ਕੀਤਾ ਹੈ ਉਹ ਕਿੰਨਾ ਚੰਗਾ ਹੈ।'

'ਮਾਂ ! ਟੋਭੇ ਦੇ ਲਾਗੇ ਇਕ ਮਹਾਤਮਾ ਆਏ ਹਨ। ਉਹਦੇ ਸਾਥੀ ਉਸ ਨੂੰ 'ਸਤਿਗੁਰੂ ਜੀ' ਆਖਦੇ ਹਨ । ਬੜੀ ਉਹਨਾਂ ਦੀ ਸ਼ਾਨ ਹੈ, ਵਡੇ ਪ੍ਰਤਾਪ ਵਾਲੇ ਹਨ। ਗੱਡੇ, ਘੋੜੇ, ਰੱਥ ਤੇ ਸੇਵਾਦਾਰ ਨਾਲ ਹਨ। ਉਹਨਾਂ ਦੇ ਬਚਨ ਨਾਲ ਮੇਰਾ ਤਾਪ ਟੁਟਾ ਹੈ। ਮਾਂ ਉਹ ਬਹੁਤ ਚੰਗੇ ਹਨ, ਮੈਂ ਉਹਨਾਂ ਦੀ ਸੇਵਾ ਕਰਨਾ ਚਾਹੁੰਦਾ ਹਾਂ।' ਇਸ ਦੇ ਨਾਲ ਹੀ ਮੁੰਡੇ ਨੇ ਟੋਭੇ ਵਿਚ ਇਸ਼ਨਾਨ ਕਰਨ ਦੀ ਵਾਰਤਾ ਦਸ ਦਿਤੀ।

ਮੁੰਡੇ ਦੀ ਮਾਤਾ ਨੰਬਰਦਾਰਨੀ ਖੁਸ਼ੀ ਵਿਚ ਆਪੇ ਤੋਂ ਬਾਹਰ ਹੋ ਗਈ। ਉਹ ਓਸੇ ਵੇਲੇ ਹੋਰ ਇਸਤ੍ਰੀਆਂ ਨੂੰ ਦਸਣ ਲੱਗੀ ਕਿ ਓਹਦੇ ਪੁਤ੍ਰ ਦਾ ਤਾਪ ਕਿਵੇਂ ਟੁਟਾ ਹੈ। ਉਸ ਦੇ ਕੋਲੋਂ ਕਥਾ ਸੁਣ ਕੇ ਜਿਨਾਂ ਇਸਤ੍ਰੀਆਂ ਦੇ ਪੁਤ੍ਰਾਂ, ਭਰਾਵਾਂ, ਪਤੀਆਂ, ਲੜਕੀਆਂ, ਨੂੰਹਾਂ ਨੂੰ ਤਾਪ ਚੜ੍ਹਿਆ ਹੋਇਆ ਸੀ ਓਹ ਸਭ ਨੂੰ ਨਾਲ ਲੈਕੇ ਟੋਭੇ ਵਲ ਤੁਰ ਪਈਆਂ। ਟੋਭੇ ਦੇ ਉਤੇ ਮੇਲਾ ਲੱਗ ਗਿਆ। ਸਤਿਗੁਰੂ ਜੀ ਦੀ ਮੇਹਰ ਨਾਲ ਜਿਸ ਜਿਸਨੇ ਇਸ਼ਨਾਨ ਕੀਤਾ ਓਸੇ ਓਸੇ ਦਾ ਤਾਪ ਦੂਰ ਹੋਗਿਆ।

ਇਸ ਸ਼ਕਤੀ ਨੂੰ ਦੇਖਕੇ ਨਗਰ ਦੇ ਸਾਰੇ ਪੱਗ ਬੰਨ੍ਹ ਮਰਦ ਤੇ ਇਸਤ੍ਰੀਆਂ ਸਤਿਗੁਰੂ ਜੀ ਦੇ ਚਰਨੀ ਆ ਲੱਗੇ।ਸਾਹਿਬਾਂ ਨੇ ਸਾਰਿਆਂ ਨੂੰ ਨਾਮ ਦਾਨ ਇਸ਼ਨਾਨ ਬਖਸ਼ਿਆ ਬਾਣੀ ਸੁਣਾਕੇ ਇਕ ਤਾਂ ਗੁਰਮਤਿ ਦਾ ਉਪਦੇਸ਼ ਦਿਤਾ ਦੂਸਰਾ ਉਹਨਾਂ ਨੂੰ ਭਵਸਾਗਰ ਤੋਂ ਪਾਰ ਕੀਤਾ। ਓਹੋ ਟੋਭਾ 'ਗੁਰੂ ਸਰ' ਹੋ ਗਿਆ। ਅਜੇ ਤਕ ਰੋਗੀ ਉਸ ਵਿਚੋਂ ਇਸ਼ਨਾਨ ਕਰਕੇ ਤਨ ਤੇ ਮਨ ਦੇ ਰੋਗ ਦੂਰ ਕਰਦੇ ਹਨ। ਸਾਰੇ ਨਗਰ

ਵਾਸੀਆਂ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ।

ਦੋ ਦਿਨ ਓਥੇ ਰਹਿ ਕੇ ਸਤਿਗੁਰੂ ਜੀ ਅਗੇ ਤੁਰ ਪਏ। ਕਈਆਂ ਪਿੰਡਾਂ ਦੇ ਵਿਚੋਂ ਦੀ ਲੰਘਦੇਹੋਏ ਭੀਖੀ ਦੀ ਢਾਬ ਕਿਨਾਰੇ ਜਾ ਪੁਜੇ।ਭੀਖੀ ਵਡਾ ਪਿੰਡ ਸੀ। ਓਥੋਂ ਦਾ ਦੇਸੂ ਚਾਹਲ ਜੱਟ ਵਡਾ ਜਿਮੀਂਦਾਰ ਤੇ ਚਾਲੀਪਿੰਡਾਂ ਦਾ ਮਾਲਕ ਸੀ। ਓਹਦੇ ਚਾਲੀ ਦੇ ਚਾਲੀ ਪਿੰਡ ਸੁਲਤਾਨੀਏ ਸਨ। ਸਾਰੇ ਨਗਾਹੇ ਜਾਂਦੇ ਤੇ ਮੁਸਲਮਾਨ ਫਕੀਰਾਂ ਦੀ ਪੂਜਾ ਕਰਦੇ। ਹੁਕਾ ਪੀਂਦੇ ਅਤੇ ਹੋਰ ਜੀਵਨ ਨਸ਼ਟ ਕਰਨ ਵਾਲੇ ਕਰਮ ਕਰਦੇ ਸਨ। ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾ ਆਏ।

ਪਰ ਸਬੱਬ ਐਸਾਬਣਿਆ ਕਿ ਪਸ਼ੌਰਤੇਕਾਬਲ ਦੀ ਸੰਗਤ,(ਜੋ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸ੍ਰੀਅਨੰਦਪੁਰ ਆਈ ਸੀ ਤੇ ਪਤਾ ਲੱਗਣ ਤੇ ਕਿ ਸਤਿਗੁਰੂਜੀ ਤੀਰਥਾਂ ਨੂੰ ਚਲੇ ਗਏਹਨ,ਪਿਛੇ ਆ ਗਈ ਸੀ,ਕਿਉਂਕਿ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਮਨ ਇਛਾ ਤੇ ਸੱਧਰ ਸੀ) ਭੀਖੀ ਦੇ ਪੜਾ ਉਤੇ ਆ ਪੁਜੀ। ਸੰਗਤ ਦੀ ਗਿਣਤੀ ਚੋਖੀ ਸੀ।ਸਾਰੀ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਕਾਰ ਭੇਟ ਚੜ੍ਹਾਈ। ਸਤਿਗੁਰੂ ਜੀ ਪਾਸੋਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਗੁਰੂ ਕਾ ਲੰਗਰ ਤਿਆਰ ਹੋਣਾ ਆਰੰਭ ਹੋ ਗਿਆ। ਰਬਾਬੀਆਂ ਨੇ ਕੀਰਤਨ ਕਰਨਾ ਸ਼ੁਰੂ ਕੀਤਾ। ਜੰਗਲ ਵਿਚ ਮੰਗਲ ਲੱਗ ਗਿਆ 'ਸਤਿ ਨਾਮ ਵਾਹਿਗੁਰੂ !ਧੰਨ ਸਤਿਗੁਰੂਨਾਨਕ ਦੇਵਜੀ'ਦੀ ਧੁਨ ਨਾਲ ਸਾਰਾ ਵਾਯੂ ਮੰਡਲ ਗੂੰਜਣ ਲੱਗਾ। ਪੰਛੀ, ਬਨਾਸਪਤੀ, ਪਸ਼ੂ ਤੇ ਹੋਰ ਜੀਵ ਜੰਤੂ ਨਾਮ ਨੂੰ ਸਰਵਨ ਕਰਨ ਲੱਗੇ ਨਾਮ ਹੀ ਜੀਵਨ ਦੇ ਉਧਾਰ ਦਾ ਆਸਰਾ ਹੈ। ਭੀਖੀ ਦੀ ਢਾਬ ਸੁਵਰਗ ਦਾ ਰੂਪ ਬਣ ਗਈ।ਸਤਿਗੁਰੂਜੀ ਪਾਰਬ੍ਰਹਮ ਦਾ ਪ੍ਰਤੱਖ ਰੂਪ ਬੈਠੇ ਸਨ।

ਚਾਹਲਾਂ ਦਾ ਸਰਦਾਰਦੇਸੂ ਇਸ ਰੌਣਕਨੂੰਦੇਖਕੇਦੂਰ ਨਾ ਰਹਿਸਕਿਆ ਉਹ ਹੌਲੀ ਹੌਲੀ ਤੁਰਦਾ ਹੋਇਆ ਸੰਗਤ ਵਿਚ ਆ ਬੈਠਾ ਤੇ ਉਪਦੇਸ਼ ਸਰਵਨ ਕਰਨ ਲੱਗਾ। ਉਸ ਵੇਲੇ ਸਬੱਬ ਨਾਲ ਸਤਿਗੁਰੂ ਜੀ ਦਸ ਰਹੇ ਸਨ ਕਿ ਜੀਵ ਦੇ ਜਗਤ ਉਤੇ ਆਉਣ ਦਾ ਜੀਵਨ-ਮਨੋਰਥ ਕੀ ਹੈ ਤੇ ਇਸ ਦੀ ਕਿਵੇਂ ਕਲਿਆਣ ਹੋ ਸਕਦੀ ਹੈ?ਸਤਿਗੁਰੂਨਾਨਕ ਦੇਵ ਜੀਦੇ ਚਲਾਏ ਹੋਏ ਗੁਰਮਤਿਦੇ ਗਾਡੀਰਾਹ ਤੋਂ ਬਿਨਾ ਮਨੁਖ ਦੀ ਕਦੀ ਕਲਿਆਣ ਨਹੀਂ ਹੋ ਸਕਦੀ।ਇਸ ਵਾਸਤੇ ਸਿਖੀ ਨੂੰ

ਧਾਰਨ ਕਰਕੇ ਸੇਵਾ, ਭਗਤੀ, ਦਾਨ, ਨਾਮ ਆਦਿਕ ਕਰਨਾ ਚਾਹੀਦਾ ਹੈ।

ਐਸੀ ਸਿਖਿਆ ਸੁਣਕੇ ਭਾਈ ਦੇਸੂ ਹੈਰਾਨ ਹੋਇਆ। ਉਸ ਨੂੰ ਨਵਾਂ ਜੀਵਨ ਗਿਆਨ ਹੋਇਆ। ਓਹਦਾ ਹਿਰਦਾ ਕੰਬਿਆ। ਮੈਂ ਪਾਪੀ ਤੇ ਭੁਲੜ ਹਾਂ, ਮੂਰਖ ਹਾਂ।' ਇਉਂ ਸੋਚਦਾ ਹੋਇਆ ਉਹ ਛੇਤੀ ਨਾਲ ਉਠਿਆ ਤੇ ਸਤਿਗੁਰੂ ਜੀ ਦੀ ਚਰਨੀ ਜਾ ਡਿੱਗਾ। ਰੋ ਰੋ ਕੇ ਉਸ ਨੇ ਆਤਮਾਂ ਦੇ ਉਪਰੋਂ ਪਾਪਾਂ ਤੇ ਕੁਕਰਮਾਂ ਦੀ ਜਨਮ ਜਨਮ ਦੀ ਮੈਲ ਧੋਤੀ। ਓਹ ਕੁਰਲਾਕੇ ਕਹਿਣ ਲੱਗਾ–'ਦਾਤਾ!ਬਖਸ਼ੋ ! ਮੈਂ ਪਾਪੀ ਹਾਂ।'ਮੈਂ ਪਾਪੀ ਹਾਂ। ਜਿਧਰ ਨਜ਼ਰ ਮਾਰਦਾ ਹਾਂ ਹਨੇਰਾ ਹੀ ਦਿਸ ਰਿਹਾ ਹੈ। ਰੋਸ਼ਨੀ ਦਿਖਾਓ ! ਭਵ ਸਾਗਰ ਦੇ ਕਪਰ ਡਰਾ ਰਹੇ ਹਨ। ਮੌਤ ! ਮੌਤ !'

ਸਤਿਗੁਰੂ ਜੀ ਨੇ ਉਸਦਾ ਵਿਰਲਾਪ ਸੁਣਿਆਂ। ਦਇਆ ਆਈ ਕਿਹਾ– "ਦੇਸ ਰਾਜ ! ਵਾਹਿਗੁਰੂ ਕਹੋ ਤੇ ਮਨਮਤਿ ਦਾ ਤਿਆਗ ਕਰ। ਸਾਧ-ਸੰਗਤ ਦੀ ਸੇਵਾ ਕਰਨ ਤੇ ਤੇਰੀ ਕਲਿਆਣ ਹੋਵੇਗੀ। ਸੁਲਤਾਨੀਏ ਪੀਰ ਦੀ ਖੂੰਡੀ ਤੇ ਉਹਦਾ ਮੁੱਸਲਾ ਪਰੇ ਸੁਟ !"

ਇਹ ਸੁਣ ਕੇ ਭਾਈ ਦੇਸੂ ਨੇ ਖੂੰਡੀ ਤੇ ਮੁਸਲਾ ਢਾਬ ਵਿਚ ਸੁਟ ਦਿਤਾ। ਜਬਾਨੋਂ "ਵਾਹਿਗੁਰੂ ! ਵਾਹਿਗੁਰੂ !"ਦਾ ਜਾਪ ਕਰਨ ਲੱਗਾ। ਏਸੇ ਤਰ੍ਹਾ ਵਹਿਗੁਰੂ ਦਾ ਜਾਪ ਕਰਦਾ ਹੋਇਆ ਘਰ ਚਲਿਆ ਗਿਆ। ਉਸਨੂੰ ਜਾਂਦਿਆਂ ਹੋਇਆਂਸਤਿ-ਗੁਰੂ ਜੀ ਨੇ ਪੰਜ ਤੀਰ ਬਖਸ਼ੇ। ਬਚਨ ਕੀਤਾ–"ਭ ਈ ਦੇਸ ਰਾਜ ! ਇਹ ਤੀਰਪੰਜ ਬੀਰ ਹਨ। ਜਦੋਂ ਕਦੀ ਤੈਨੂੰ ਭੀੜ ਬਣੇ ਤਦੋਂ ਇਨ੍ਹਾਂ ਤੋਂ ਸਹਾਇਤਾ ਪ੍ਰਾਪਤ ਕਰ ਲਿਆ ਕਰੀਂ ਪਰ ਗੁਗਾ, ਮੜ੍ਹੀ ਸੁਲਤਾਨ ਤੇ ਮਸਾਣ ਨੂੰ ਨਾ ਮੰਨੀਂ। ਬਸ ਤੇਰਾ ਰਾਜ ਭਾਗ ਬਣਿਆਂ ਰਹੇਗਾ, ਘਰ ਆਏ ਸਾਧੂ ਸੰਤ ਦੀ ਸੇਵਾ ਕਰਨੀ ਧਰਮ ਕਿਰਤ ਕਰਨੀ ਅਤੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ, ਬਸ ਨੌ ਨਿਧਾਂ ਤੇ ਬਾਰਾਂ ਸਿੱਧਾਂ ਪ੍ਰਾਪਤ ਹੋਣਗੀਆਂ ਪਰ ਜੇ ਕਿਤੇ ਤੀਰਾਂ ਦੀ ਨਿਰਾਦਰੀ ਕੀਤੀ ਤਾਂ ਸਾਰਾ ਰਾਜ ਭਾਗ ਨਸ਼ਟ ਹੋ ਜਾਵੇਗਾ।"

ਸਤਿਗੁਰੂ ਜੀ ਪਾਸੋਂ ਵਰ ਲੈਕੇ ਭਾਈ ਦੇਸੂ ਘਰ ਚਲਿਆ ਗਿਆ। ਦਸ ਦਿਨ ਸਤਿਗੁਰੂ ਜੀ ਉਥੇ ਰਹੇ। ਦਸੇ ਦਿਨ ਹੀ ਭਾਈ ਦੇਸੂ ਸਤਿਗੁਰੂ ਜੀ ਦੀ ਸੇਵਾ ਕਰਦਾ ਰਿਹਾ ਤੇ ਨਿਹਾਲ ਹੁੰਦਾ ਰਿਹਾ।

੧੬. ਭੂਤਾਂ ਦੇ ਜੰਡ ਦਾ ਸੁਧਾਰ

ਦੇਸੂ ਨੂੰ ਸੁਲਤਾਨੀਏ ਦੀ ਪੂਜਾ ਤੋਂ ਹਟਾਕੇ ਸਤਿਗੁਰੂ ਜੀ ਦਲੇਉ ਪਿੰਡ ਆਏ। ਉਸ ਪਿੰਡ ਦੀ ਝਿੜੀ ਵਿਚ ਇਕ ਬੁਢਾ ਜੋਗੀ ਰਾਜ ਰਹਿੰਦਾ ਸੀ। ਉਹ ਛੇਵੀਂ ਪਾਤਸ਼ਾਹੀ ਦਾ ਸਿਖ ਸੀ ਤੇ ਓਹਦੀ ਚਿਰ ਦੀ ਸੱਧਰ ਸੀ ਕਿ ਸਤਿਗੁਰੂ ਜੀ ਅੰਤਮ ਸਮੇਂ ਉਸ ਨੂੰ ਦਰਸ਼ਨ ਦੇਣ ਭਾਵੇਂ ਕਿਸੇ ਰੂਪ ਵਿਚ ਦਰਸ਼ਨ ਦੇਣ। ਬਾਈ ਸਾਲ ਪਿਛੋਂ ਨਾਵੇਂ ਪਾਤਸ਼ਾਹ ਉਸ ਨੂੰ ਜਾ ਮਿਲੇ। ਓਹ ਪੂਰੇ ਬਾਈ ਸਾਲ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਉਡੀਕ ਪਪੀਹੇ ਦੇ ਸਮਾਨ ਕਰਦਾ ਰਿਹਾ। ਜਿਸ ਵੇਲੇ ਸਤਿਗੁਰੂ ਜੀ ਉਸ ਦੇ ਕੋਲ ਅਪੜੇ ਤਾਂ ਉਸਨੇ ਨੈਣ ਖੋਹਲੇ। ਉਸ ਨੂੰ ਸਤਿਗੁਰੂਜੀ ਛੇਵੇਂ ਰੂਪ ਵਿਚ ਹੀ ਦਿਖਾਈ ਦਿਤੇ। ਓਹੋ ਰੂਪ, ਓਹੋ ਜੋਤ ਤੇ ਉਸੇ ਤਰ੍ਹਾਂ ਦੀ ਸਿਖਸੰਗਤ ਨਾਲ ਸੀ।ਜੋਗੀ ਨੇ ਦਰਸ਼ਨ ਕੀਤੇ, ਚਰਨਾਂ ਤੇ ਮੱਥਾ ਟੇਕਿਆ। ਜਿਉਂ ਹੀ ਚਰਨ ਧੂੜ ਲੈਕੇ ਮੱਥੇ ਨੂੰ ਲਾਈ ਤਾਂ ਜੋਗੀ ਦੇ ਪ੍ਰਾਣ ਪੰਖੇਰੂ ਹਵਾ ਰੂਪ ਹੋਕੇ ਪੰਜ ਭੌਤਿਕ ਸਰੀਰ ਵਿਚੋਂ ਉਡਾਰੀ ਮਾਰ ਗਏ।

ਸਤਿਗੁਰੂ ਜੀ ਨੇ ਉਹਦੇ ਪੰਜ ਭੌਤਿਕ ਸਰੀਰ ਦਾ ਅੰਤਮ ਸੰਸਕਾਰ ਕਰਵਾਇਆ ਤੇ ਜੋ ਸਾਧੂ ਤੇ ਸੰਗਤ ਜੋਗੀ ਦੇ ਡੇਰੇ ਸੀ ਉਸਨੂੰ ਗੁਰਮਤ ਦਾ ਉਪਦੇਸ਼ ਦਿੱਤਾ। ਸਾਹਿਬਾਂ ਦਾ ਉਪਦੇਸ਼ ਸੁਣਕੇ ਸਾਰੇ ਨਿਹਾਲ ਹੋਏ ਅਗੇ ਅਲੀਸ਼ੇਰ ਆਏ ਤੇ ਅਲੀਸ਼ੇਰ ਤੋਂ ਜੋਗੇ, ਜੋਗੇ ਵਸਨੀਕ ਅਨਮਤੀਏ ਅਤੇ ਸੁਲਤਾਨੀਏ ਸਨ। ਉਨ੍ਹਾਂ ਨੇ ਸਤਿਗੁਰੂ ਜੀ ਦੀ ਸੇਵਾ ਨਾ ਕੀਤੀ। ਜੋਗੇ ਤੋਂ ਭੂਪਾਲ ਤੇ ਭੂਪਾਲ ਤੋਂ ਖਿਆਲੇ ਆਏ। ਖਿਆਲੇ ਦੇ ਗੰਗਾ ਰਾਮ ਬ੍ਰਾਹਮਣ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ, ਉਸ ਬ੍ਰਾਹਮਣ ਨੇ ਸਾਧ ਸੰਗਤ ਦੀ ਵੀ ਬਹੁਤ ਸੇਵਾ ਕੀਤੀ, ਗੰਗਾ ਰਾਮ ਪਰਉਪਕਾਰੀ ਜੀਉੜਾ ਸੀ ਉਸਨੇ ਦੋਵੇਂ ਹੱਥ ਜੋੜ ਕੇ ਨਿੰਮ੍ਰਤਾ ਨਾਲ ਸਤਿਗੁਰੂ ਜੀ ਅਗੇ ਬੇਨਤੀ ਕੀਤੀ—"ਸਚੇ ਪਾਤਸ਼ਾਹੋ! ਇਹ ਦਇਆ ਕਰੋ ਕਿ ਏਥੋਂ ਦੇ ਜੱਟਾਂ ਨੂੰ ਅਕਲ ਆਵੇ। ਸਾਧੂ ਸੰਤਾਂ ਦੀ ਸੇਵਾ ਕਰਨੀ ਸਿੱਖਣ। ਇਹ ਆਏ ਗਏ ਸਾਧੂ ਮੁਸਾਫ਼ਰ ਨੂੰ ਟਿਚਕਰਾਂ ਕਰਦੇ ਹਨ।ਦੇਖ ਸੁਣਕੇ ਬਹੁਤ ਦੁਖ ਹੁੰਦਾ ਹੈ। ਕ੍ਰਿਪਾ ਕਰੋ ਕ੍ਰਿਪਾ ਸਾਗਰ। ਪਤਿਤ ਪਾਵਨ ਭਗਤ ਵਛਲ ਦਾਤਾਰ ਸਤਿਗੁਰੂਜੀ ਸੁਮਤ ਬਖਸ਼ੋ।"

ਗੰਗਾ ਰਾਮ ਦੇ ਨਿਰਮਲ ਹਿਰਦੇ ਵਿਚੋਂ ਨਿਕਲੀ ਹੋਈ ਬੇਨਤੀ ਸਤਿਗੁਰੂ ਜੀ ਨੇ ਪ੍ਰਵਾਨ ਕਰ ਲਈ ਤੇ ਬਚਨ ਕੀਤਾ—"ਜਦੋਂ ਨਗਰ ਵਿਚ ਖੂਹ ਤੇ ਬੋਹੜ ਦਾ ਬ੍ਰਿਛ ਲਗੇਗਾ ਤਾਂ ਇਹਨਾਂ ਦੀ ਬੁਧੀ ਠੀਕ ਹੋ ਜਾਵੇਗੀ। ਫਿਰ ਧਰਮ ਕਰਮ ਤੇ ਸਾਧੂ ਸੰਤ ਦੀ ਸੇਵਾ ਕਰਿਆ ਕਰਨਗੇ।" ਇਹ ਬਚਨ ਕਰਕੇ ਸਤਿਗੁਰੂ ਜੀ ਤਾਂ ਮੌੜੀ ਪਿੰਡ ਆ ਗਏ ਪਰ ਕੁਝ ਦਿਨ ਪਾਕੇ ਗੰਗਾ ਰਾਮ ਦੀ ਹਿੰਮਤ ਨਾਲ ਖੂਹ ਨਵਾਂ ਲੱਗ ਗਿਆ ਤੇ ਬੋਹੜ ਦਾ ਬ੍ਰਿਛ ਵੀ ਵੱਡਾ ਹੋ ਗਿਆ। ਇਹਨਾਂ ਦੋਹਾਂ ਚੀਜ਼ਾਂ ਦੇ ਹੋਣ ਨਾਲ ਪਿੰਡ ਦੇ ਜਟ ਵੀ ਸੁਧਰ ਗਏ। ਉਹ ਆਏ ਗਏ ਸਾਧੂ-ਸੰਤ ਦੀ ਸੇਵਾ ਕਰਨ ਲਗ ਪਏ।

ਅਠਾਹਰਵੀਂ ਸਦੀ ਵਿਚ ਲੋਕਾਂ ਦੀ ਆਤਮਿਕ ਤੇ ਦਿਮਾਗ਼ੀ ਦਸ਼ਾ ਬੜੀ ਤਰਸ ਯੋਗ ਸੀ, ਭਰਮ ਤੇ ਵਹਿਮ ਉਨ੍ਹਾਂ ਦੀ ਆਤਮਾ ਤੇ ਦਿਮਾਗ਼ ਉਤੇ ਪੱਥਰ ਰੂਪ ਹੋਕੇ ਭਾਰ ਪਾਈ ਰੱਖਦੇ ਸਨ। ਮਨੁੱਖਾਂ ਦੀ ਕਮਜ਼ੋਰੀ, ਅਗਿਆਨਤਾ ਅਤੇ ਧਾਰਮਿਕ ਵਿਸ਼ਵਾਸ਼ ਦੀ ਕਮੀ ਦੇ ਕਾਰਨ ਕਈ ਗੁਪਤ ਰੂਹਾਂ ਉਨ੍ਹਾਂ ਨੂੰ ਤੰਗ ਕਰਦੀਆਂ ਸਨ। ਲੁਟਣ ਵਾਲੇ ਲੁਟੀ ਵੀ ਜਾਂਦੇ ਸਨ। ਬਹੁਤ ਹੀ ਨਿਰਾਲੀ ਦਸ਼ਾ ਸੀ। ਸਤਿਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਪਿਛੋਂ ਦਸੇ ਗੁਰੂ ਸਾਹਿਬ ਜੇਕਰ ਦੋ ਸੌ ਸਾਲ ਜਨਤਾ ਵਿਚ ਸੱਚੇ ਧਰਮ ਤੇ ਭਰੋਸੇ ਦਾ ਪ੍ਰਚਾਰ ਨਾ ਕਰਦੇ ਤਾਂ ਜਿਸ ਪੰਜਾਬ ਨੂੰ ਅੱਜ ਦੇਖ ਰਹੇ ਹਾਂ ਇਸਦੀ ਕੋਈ ਹੋਰ ਹੀ ਸ਼ਕਲ ਸੂਰਤ ਹੁੰਦੀ ਤੇ ਅਸੀਂ ਇਹ ਕੁਝਨਾ ਦੇਖ ਸਕਦੇ।

ਮੌੜਾਂ ਦੇ ਲਾਗੇ ਇਕ ਬਹੁਤ ਵੇਸ਼ਾਲ ਛਤੜੀਦਾਰ ਜੰਡ ਸੀ, ਉਸ ਜੰਡ ਦੀ ਛਾਂ ਹੇਠਾਂ ਕੋਈ ਰਾਤ ਤੇ ਦੁਪਹਿਰ ਨਹੀਂ ਸੀ ਕਟਦਾ, ਉਸਦੇ ਲਾਗੇ ਦੇ ਰੁੱਖਾਂ ਹੇਠਾਂ ਲੋਕ ਬੈਠਦੇ ਸਨ ਪਰ ਸਤਿਗੁਰੂ ਜੀ ਦੇ ਹੁਕਮ ਨਾਲ ਸੇਵਾਦਾਰਾਂ ਨੇ ਉਸ ਜੰਡ ਹੇਠਾਂ ਸਤਿਗੁਰੂ ਦਾ ਤੰਬੂ ਲਾ ਦਿੱਤਾ। ਉਸੇ ਜੰਡ ਦੀ ਛਾਂ ਹੇਠਾਂ ਤੇ ਆਸ ਪਾਸ ਗੱਡੇ, ਘੋੜੇ ਬੰਨ੍ਹ ਦਿਤੇ ਗਏ। ਗੁਰੂ ਕੇ ਲੰਗਰ ਵਾਸਤੇ ਚੁਲੇ ਪੁਟੇ ਜਾਣ ਲਗੇ ਅਤੇ ਸਾਹਿਬਾਂ ਦੇ ਬਿਰਾਜਮਾਨ ਵਾਸਤੇ ਦੀਵਾਨ ਆਸਣ ਦਾ ਪ੍ਰਬੰਧ ਹੋਣ ਲੱਗਾ। ਕਿਸੇ ਸਿੱਖ ਸੇਵਾ-ਦਾਰ ਨੂੰ ਨਾ ਕਿਸੇ ਤਰਾਂ ਦੇ ਡਰ ਦਾ ਭਰਮ ਸੀ ਤੇ ਨਾ ਉਹ ਡਰਦੇ ਸਨ।

ਪਿੰਡ ਮੌੜ ਦੇ ਲੋਕ ਨੱਸੇ ਹੋਏ ਸਿਖਾਂ ਤੇ ਸਤਿਗੁਰੂ ਜੀ ਪਾਸ ਆਏ ਤੇ ਕਹਿਣ ਲੱਗੇ—"ਮਹਾਂ ਪੁਰਖੋ! ਏਥੇ ਡੇਰਾ ਨਾ ਲਾਵੋ। ਰਾਤ ਦੇ ਹਨੇਰੇ ਤੋਂ ਪਹਿਲਾਂ

ਪਹਿਲਾਂ ਏਥੋਂ ਡੇਰਾ ਚੁਕ ਲਵੋ ਤੇ ਦੂਸਰੀ ਕਿਸੇ ਥਾਂ ਡੇਰਾ ਲਾ ਲਵੋ। ਅਸੀਂ ਆਪ ਦੀ ਸੇਵਾ ਕਰਾਂਗੇ, ਇਹ ਜੰਡ-ਖੂਨੀ ਜੰਡ ਹੈ। ਇਸ ਉਤੇ ਰੂਹਾਂ, ਭੂਤਾਂ ਦਾ ਵਾਸਾ ਹੈ। ਉਹ ਰੂਹਾਂ ਰਾਤ ਨੂੰ ਏਥੇ ਨੰਗਾ ਨਾਚ ਕਰਦੀਆਂ ਹਨ ਜੋ ਸਜਣ ਰਾਤ ਨੂੰ ਇਸ ਜੰਡ ਦੇ ਹੇਠਾਂ ਰਹੇ ਉਸ ਨੂੰ ਰੂਹਾਂ ਮਾਰਦੀਆਂ ਤੇ ਤੰਗ ਕਰਕੇ ਏਥੋਂ ਉਠਾ ਦੇਂਦੀਆਂ ਹਨ। ਅਨੇਕਾਂ ਮਹਾਤਮਾਂ, ਸੰਤ ਅਤੇ ਬਹਾਦਰ ਇਸ ਜੰਡ ਹੇਠੋਂ ਮਾਰ ਖਾ ਚੁਕੇ ਹਨ ਇਸ ਵਾਸਤੇ ਬੇਨਤੀ ਕਰਦੇ ਹਾਂ ਕਿ ਏਥੋਂ ਡੇਰਾ ਚੁਕੋ ਤੇ ਪਿੰਡ ਦੀ ਕਿਸੇ ਹੋਰ ਥਾਂ ਡੇਰਾ ਲਾ ਲਵੋ।"

ਸਤਿਗੁਰੂਜੀ ਜ਼ਿਮੀਂਦਾਰਾਂ ਦੀ ਇਹ ਗਲਸੁਣਕੇ ਮੁਸਕਰਾਏ ਤੇਸਾਹਿਬ ਕਮਲ ਫੁਲ ਦੇ ਖਿੜਨ ਵਾਂਗ ਨੈਣਾਂ ਨੂੰ ਖੋਹਲਦੇਹੋਏ ਪਿੰਡ ਵਾਲਿਆਂ ਨੂੰ ਕਹਿਣ ਲੱਗੇ—"ਸਤਿਗੁਰੂ ਨਾਨਕ ਦੇਵ ਜੀ ਆਪਣੇ ਸੇਵਕਾਂ ਦੇ ਆਪ ਰਾਖੇ ਹਨ। ਅਸਾਂ ਕੋਲ ਨਾਮ ਰੂਪੀ ਐਸੀ ਸ਼ਕਤੀ ਹੈ ਜੋ ਕਿਸੇ ਐਸੀ ਚੰਦ੍ਰੀ ਸ਼ਕਤੀ ਨੂੰ ਅਸਾਡੇ ਕੋਲ ਨਹੀਂ ਆਉਣ ਦੇਂਦੀ, ਅਸੀਂ ਰਾਤ ਏਥੇ ਰਹਾਂਗੇ। ਉਹ ਚੰਦ੍ਰੀਆਂ ਸ਼ਕਤੀਆਂ ਜੋ ਨਾਮ ਤੋਂ ਭੁਲੀਆਂ ਹੋਈਆਂ ਜਨਮ ਜਨਮ ਦੀਆਂ ਮਾਰਾਂ ਖਾ ਰਹੀਆਂ ਹਨ ਆਪੇ ਹੀ ਤੁਰ ਜਾਣਗੀਆਂ। ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਹੋ ਜਾਣਦਿਓ।"

ਇਹ ਬਚਨ ਕਰਕੇ ਸਾਹਿਬਾਂ ਨੇ ਬੇਨਤੀ ਦਾ ਸ਼ਬਦ ਪੜ੍ਹਿਆ—

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰ ਅਪਨਾ ਧਿਆਇਆ ॥
ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥ ੧ ॥
ਠਾਕੁਰੁ ਹੋਏ ਆਪਿ ਦਇਆਲ ॥
ਭਈ ਕਲਿਆਣ ਅਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ ॥੧॥ ਰਹਾਉ॥
ਮਿਲਿ ਨਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥
ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥

(ਗੂਜਰੀ ਮਃ ੫)

ਹੇ ਭਾਈ ਸਿੱਖੋ! ਜਾਓ ਘਰੀਂ ਜਾਕੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ ਜੋ ਹੋਵੇਗਾ ਸੋ ਵੇਖਿਆ ਜਾਵੇਗਾ। ਸਤਿਗੁਰੂ ਜੀ ਦੀ ਨਿਰਭੈਤਾ ਤੇ ਵਾਹਿਗੁਰੂ ਉਪਰ ਭਰੋਸਾ ਦੇਖਕੇ ਉਹ ਥੋੜੀ ਬੁੱਧੀਵਾਲੇ ਪੁਰਸ਼ ਬਹੁਤ ਹੈਰਾਨ ਹੋਏ। ਉਹਨਾਂ

ਵਿਚੋਂ ਬਹੁਤੇ ਕੌਤਕ ਦੇਖਣ ਵਾਸਤੇ ਉਥੇ ਰਹੇ ਤੇ ਬਾਕੀ ਦੇ ਡਰਦੇ ਹੋਏ ਆਪਣੇ ਘਰਾਂ ਨੂੰ ਤੁਰ ਆਏ । ਘਰਾਂ ਵਿਚ ਪੁਜਕੇ ਵੀ ਉਹ ਸਤਿਗੁਰੂ ਜੀ ਦਾ ਹੀ ਖਿਆਲ ਕਰਦੇ ਰਹੇ ਕਿ ਚੰਦ੍ਰੇ ਭੂਤ ਸਤਿਗੁਰੂ ਜੀ ਨੂੰ ਨੁਕਸਾਨ ਨਾ ਪਹੁੰਚਾਉਣ ।

ਰਾਤ ਦੇ ਬਾਰਾਂ ਵਜ ਗਏ, ਪਿੰਡ ਵਾਸੀਆਂ ਦੀ ਗਲ ਸਚੀ ਹੋਈ, ਜੰਡ ਦੇ ਉਪਰ ਰੌਲਾ ਪੈਣ ਲੱਗ ਪਿਆ।ਰੌਲਾ ਬਹੁਤ ਜੋਰ ਦਾ ਹੋਣ ਕਰਕੇ ਕਈਆਂਨਵਿਆਂ ਸਿੱਖਾਂ ਦੇ ਤਾਂ ਮਨ ਡੋਲ ਗਏ ਪਰ ਸਿਦਕੀ ਸਿੱਖਾਂ ਦੇ ਹਿਰਦੇ ਮਜ਼ਬੂਤ ਰਹੇ । ਉਹ ਕੌਤਕ ਦੇਖਦੇ ਹੋਏ "ਸਤਿਨਾਮ ਵਾਹਿਗੁਰੂ ਦਾ ਜਾਪ ਕਰੀ ਗਏ ।

ਰੌਲਾ ਪਾਉਂਦੇ ਹੋਏ ਭੂਤ ਤੇ ਦਿਉ ਜੰਡ ਤੋਂ ਉਤਰੇ। ਉਤਰਦੇ ਹੋਏ ਉਹ ਸਤਿਗੁਰੂ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਦਿੱਸੇ । ਉਨਾਂ ਦੀਆਂ ਸੂਰਤਾਂ ਡਰਾ-ਉਣੀਆਂ ਸਨ ਤੇ ਕਦ ਬਹੁਤ ਉੱਚੇ ਸਨ ਜਿਉਂ ਜਿਉਂ ਨਿਰਮਲਹਿਰਦੇ'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਦੇ ਸਨ ਤਿਉਂ ਤਿਉਂ ਭੂਤਾਂ ਤੇ ਦਿਉਆਂ ਨੂੰ ਇਉਂ ਦਰਦ ਹੁੰਦੀ ਸੀ ਜਿਵੇਂ ਕੋਈ ਉਨ੍ਹਾਂ ਨੂੰ ਨੇਜੇ ਚੋਬਦਾ ਹੈ । ਉਹਨਾਂ ਦੀ ਇਹ ਦਸ਼ਾ ਹੁੰਦੀ ਸਤਿਗੁਰੂ ਜੀ ਨੇ ਆਪ ਦੇਖੀ ।

ਉਹ ਭੂਤ ਤੇ ਦਿਉ ਹੱਥ ਜੋੜਕੇ ਸਤਿਗੁਰੂ ਜੀ ਅਗੇ ਬੇਨਤੀ ਕਰਨ ਲਗੇ– "ਅਸਾਂ ਨੂੰ ਹੁਕਮ ਕਰੋ ਮਾਲਕ ! ਅਸੀਂ ਕੀ ਕਰੀਏ ? ਅਸੀਂ ਆਪ ਦੇ ਦਾਸ ਹਾਂ ਅਸਾਂ ਨੂੰ ਦੁਖੀ ਨਾ ਕੀਤਾ ਜਾਵੇ । ਸੇਵਾ ਕਰਨ ਨੂੰ ਹਾਜ਼ਰ ਹਾਂ ।"

"ਸੁਣੋ !" ਸਤਿਗੁਰੂ ਜੀ ਨੇ ਬਚਨ ਕੀਤਾ--"ਜੇ ਤੁਸੀਂ ਅਸਾਡੇ ਦਾਸ ਹੋ ਤਾਂ ਇਕ ਦਮ ਏਥੋਂ ਦੂਰ ਕਿਤੇ ਚਲੇ ਜਾਵੋ । ਏਥੇ ਹੁਣ ਅਸੀਂ ਰਹਾਂਗੇ ਬਸ ਇਸ ਤੋਂ ਵਧ ਕਿਸੇ ਹੋਰ ਸੇਵਾ ਦੀ ਲੋੜ ਨਹੀਂ ।'

'ਬਹੁਤ ਹੱਛਾ ! ਅਸੀਂ ਆਪ ਦਾ ਬਚਨ ਮੰਨਦੇ ਹਾਂ । ਕਈ ਸਾਲਾਂ ਤੋਂ ਇਹ ਅਸਾਂ ਦਾ ਪੁਰਾਣਾ ਘਰ ਸੀ । ਕਿਸੇ ਮਹਾਂ ਸ਼ਕਤੀ ਨੇ ਅਸਾਂ ਨੂੰ ਏਥੇ ਸਰਾਪ ਦੇ ਕੇ ਕੀਲਿਆ ਹੋਇਆ ਸੀ । ਇਸ ਬ੍ਰਿਛ ਤੋਂ ਪਰੇ ਉਰੇ ਅਸੀਂ ਨਹੀਂ ਸਾਂ ਜਾ ਸਕਦੇ । ਏਥੇ ਜਦੋਂ ਕੋਈ ਆਉਂਦਾ ਸੀ ਉਸ ਦਾ ਲਹੂ ਪੀਕੇ ਬੈਠ ਰਹਿੰਦੇ ਸਾਂ ।' ਭੂਤਾਂ ਦਾ ਉੱਤਰ ਸੀ ।

'ਜਾਓ ! ਸੁਤੰਤ੍ਰ ਫਿਰੋ ਤੁਸਾਂ ਦੀ ਕਲਿਆਣ ਹੋਵੇਗੀ' ਸਾਹਿਬਾਂ ਦਾ ਬਚਨ

ਸੁਣਦੇ ਸਾਰ ਉਹ ਸਾਰੇ ਭੂਤ ਤੇ ਦਿਓ ਜੰਡ ਨੂੰ ਛੱਡਕੇ ਉੱਤਰ ਵਲ ਤੁਰ ਪਏ। ਜਾਂਦੇ ਹੋਏ ਰਾਹ ਵਿਚ ਦਰਖਤਾਂ ਨੂੰ ਪੁਟਦੇ ਤੇ ਉਨ੍ਹਾਂ ਦੇ ਟਾਹਣ ਭੰਨਦੇ ਹੋਏ ਆਪਣੇ ਜਾਣ ਨੂੰ ਪ੍ਰਗਟਾਉਂਦੇ ਗਏ।

ਸਵੇਰ ਹੋਈ ਲੋਕਾਂ ਨੇ ਦਰਖਤ ਟੁਟੇ ਹੋਏ ਦੇਖੇ ਤਾਂ ਭੂਤਾਂ ਦੇ ਜਾਣ ਦੀ ਕਥਾ ਸਤਿਗੁਰੂ ਜੀ ਨੇ ਸਭ ਨੂੰ ਸੁਣਾਈ।ਉਹ ਸੁਣਕੇ ਬਹੁਤ ਪ੍ਰਸੰਨ ਹੋਏ। ਨਾਲੇ ਉਹਨਾਂ ਦੇਖਿਆ ਕਿ ਕਿਸੇ ਵੀ ਸਿੱਖ ਦਾ ਰਤਾ ਜਿੰਨਾ ਨੁਕਸਾਨ ਨਹੀਂ ਹੋਇਆ। ਸਾਰੇ ਪ੍ਰਸੰਨ ਚਿਤ'ਵਾਹਿਗੁਰੂ ਵਾਹਿਗੁਰੂ'ਦਾ ਸਿਮਰਨ ਕਰ ਰਹੇ ਹਨ।ਸਤਿਗੁਰੂ ਜੀਦੀ ਇਸ ਮਹਾਨ ਤੇ ਬ੍ਰਹਮਸ਼ਕਤੀਨੂੰਦੇਖਕੇ ਪਿੰਡਵਾਲੇਸਤਿਗੁਰੂਜੀਦੇਚਰਨੀ ਲੱਗ ਗਏ।ਸਤਿਗੁਰੂਜੀ ਨੇ ਸਭ ਨੂੰ ਸਿਖਬਣਾਇਆ ਤੇ ਨਾਮ ਦਾਨ ਬਖਸ਼ਿਆ।

ਪਸ਼ਾਵਰ ਤੇ ਕਾਬਲ ਦੀ ਸੰਗਤ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਏਥੋਂ ਆਪਣੇ ਵਤਨ ਨੂੰ ਚਲੀ ਗਈ ਤੇ ਸਤਿਗੁਰੂ ਜੀ ਜੰਡ ਨੂੰ ਵਰ ਦੇਕੇ(ਜੋ ਅਜ ਕਲ ਜੰਡ ਸਰ ਹੈ) ਆਪ ਸਾਬੋ ਕੀ ਤਲਵੰਡੀ(ਦਮਦਮਾ ਸਾਹਿਬ)ਵਲ ਚਲੇ ਗਏ।

੧੭. ਸਾਬੋ ਕੀ ਤਲਵੰਡੀ ਨੂੰ ਵਰ

ਉਥੋਂ ਚਲਕੇ ਸਤਿਗੁਰੂ ਜੀ ਸਾਬੋ ਕੀ ਤਲਵੰਡੀ ਪੁਜੇ। ਇਹ ਨਗਰ ਬਹੁਤ ਹੀ ਘੁਘਵਸਦਾ ਤੇ ਧਰਮੀ ਪੁਰਖਾਂ ਦਾ ਸੀ,ਉਹਨਾਂ ਨੇ ਸਤਿਗੁਰੂ ਜੀਦੀ ਬਹੁਤ ਸੇਵਾਕੀਤੀ,ਉਥੇ ਸਤਿਗੁਰੂ ਜੀਨੇ ਇਕ ਸੁੰਦਰ ਜਲ ਵਾਲੀ ਥਾਂ ਨੂੰ ਵਰ ਦੇ ਕੇ ਸਤਿਗੁਰੂ ਜੀ ਨੇ ਆਪ ਟੱਕ ਲਾਇਆ ਤੇ ਸਰੋਵਰ ਬਣਾ ਦਿੱਤਾ। ਸਰੋਵਰ ਦੀ ਪੁਟਾਈ ਆਰੰਭ ਹੋ ਗਈ, ਨੇੜੇ ਤੇੜੇ ਦੇ ਨਗਰ ਵਾਸੀ ਸੇਵਾ ਕਰਨ ਲਗੇ।

ਸਤਿਗੁਰੂ ਜੀ ਪਾਸ ਸੁੰਦਰ ਘੋੜਾ ਸੀ।ਉਸ ਘੋੜੇ ਦੀ ਪਿੱਠ ਤੇ ਸਤਿਗੁਰੂ ਜੀ ਸਵਾਰ ਹੋਇਆਕਰਦੇਸਨ।ਇਕ ਅਕਲਹੀਨ ਤੇ ਅਸਮਝਪੁਰਖਨੇਸਤਿਗੁਰੂ ਜੀ ਦਾ ਘੋੜਾ ਚੁਰਾ ਲਿਆ,ਘੋੜੇ ਦੇ ਚੋਰੀਹੋਣ ਦੀ ਚਰਚਾਬਹੁਤ ਖਿਲਰ ਗਈ। ਸਿਦਕੀ ਤੇ ਪ੍ਰੇਮੀ ਸਿੱਖ ਘੋੜੇਨੂੰ ਲਭਣ ਚੜ੍ਹਪਏ।ਸਤਿਗੁਰੂ ਜੀਦੀ ਮੇਹਰ ਨਾਲ ਘੋੜਾ ਚੋਰ ਦੇ ਆਖੇ ਨਾ ਲੱਗਾ।ਤਲਵੰਡੀ ਦੇ ਚੋਗਿਰਦ ਤਿੰਨਮੀਲਘੁਮਦਾਰਿਹਾ। ਚੋਰ ਬਹੁਤ ਤੰਗ ਹੋਇਆ।ਘਬਰਾਹਟ ਨਾਲ ਉਸਨੂੰ ਪਿਆਸ ਲੱਗਗਈ।ਘੋੜੇ ਤੋਂ ਉਤਰਕੇ ਉਹ ਢਾਬ ਵਿਚੋਂ ਪਾਣੀਪੀਣ ਲੱਗਪਿਆ।ਘੋੜੇ ਨੇ ਪਾਣੀ ਨਹੀਂ

ਪੀਤਾ। ਘੋੜਾ ਤਾਂ ਸਤਿਗੁਰੂ ਜੀ ਦੇ ਵਿਛੋੜੇ ਨੂੰ ਅਨਭਵ ਕਰਕੇ ਦੁੱਖੀ ਹੋ ਰਿਹਾ ਸੀ, ਉਸਨੂੰ ਸਤਿਗੁਰੂ ਜੀ ਦੇ ਦਰਸ਼ਨਾਂ ਤੇ ਸੇਵਾ ਕਰਨ ਦੀ ਪਿਆਸ ਸੀ, ਚੋਰ ਨੇ ਬਹੁਤ ਯਤਨ ਕੀਤਾ ਕਿ ਘੋੜਾ ਪਾਣੀ ਪੀਵੇ ਪਰ ਘੋੜੇ ਨੇ ਜਲ ਨੂੰ ਮੂੰਹ ਨਾ ਲਾਇਆ।

ਚੋਰ ਪਾਣੀ ਪੀ ਰਿਹਾ ਸੀ, ਉਸਨੂੰ ਪਾਣੀ ਪੀਂਦੇ ਨੂੰ ਸਤਿਗੁਰੂ ਜੀ ਦੇ ਸਿੱਖਾਂ ਨੇ ਜਾ ਫੜਿਆ। ਘੋੜਾ ਕਬਜ਼ੇ ਕਰਕੇ ਚੋਰ ਦੀਆਂ ਮੁਸ਼ਕਾਂ ਕਸ ਲਈਆਂ ਅਤੇ ਉਹ ਘੋੜੇ ਤੇ ਚੋਰ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਏ। ਜਿਉਂ ਜਿਉਂ ਚੋਰ ਸਤਿਗੁਰੂ ਜੀ ਨੇੜੇ ਪੁਜਦਾ ਜਾਂਦਾ ਸੀ ਤਿਉਂ ਤਿਉਂ ਉਸਦੀ ਆਤਮਾ ਡੋਲਦੀ ਜਾਂਦੀ ਸੀ। ਸਿੱਖ ਚੋਰ ਵਲ ਗੁਸੇ ਦੀ ਨਜ਼ਰ ਕਰਕੇ ਤਕ ਰਹੇ ਸਨ। ਕਈਆਂ ਸਿੱਖਾਂ ਨੇ ਜੋਸ਼ ਵਿਚ ਆਕੇ ਆਖ ਵੀ ਦਿੱਤਾ—"ਪਾਪੀ ! ਸਤਿਗੁਰੂ ਜੀ ਦਾ ਘੋੜਾ ਚੋਰੀ ਕਰਨ ਆ ਗਿਆ। ਐਸੇ ਦੁਸ਼ਟ ਦੇ ਦਰਸ਼ਨ ਕਰਨੇ ਚੰਗੇ ਨਹੀਂ ।" ਚੋਰ ਨੇ ਇਹ ਸਭ ਕੁਝ ਸੁਣਿਆਂ ਤੇ ਸ਼ਰਮਿੰਦਾ ਹੋਇਆ, ਉਸਦੀਆਂ ਅੱਖਾਂ ਉਹਦੇ ਆਪਣੇ ਪੈਰ ਦੇਖ ਰਹੀਆਂ ਸਨ।

ਸਤਿਗੁਰੂ ਜੀ ਦੇ ਕੋਲ ਜਾਕੇ ਉਹ ਦੜ ਕਰਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਜਾ ਡਿੱਗਾ। ਉਸਨੇ ਮੂੰਹੋ ਕੋਈ ਸ਼ਬਦ ਨਹੀਂ ਕਿਹਾ-ਬਸ ਰੋਈ ਗਿਆ, ਦਸ ਕੁ ਮਿੰਟ ਰੋਣ ਪਿਛੋਂ ਉਠਿਆ ਤੇ ਪਿੱਛੇ ਨੂੰ ਮੁੜ ਪਿਆ। ਸਿੱਖ ਉਸਨੂੰ ਰੋਕਣ ਦਾ ਯਤਨ ਕਰਨ ਲਗੇ ਤਾਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਰੋਕ ਦਿੱਤਾ ਤੇ ਬਚਨ ਕੀਤਾ— "ਇਸਨੂੰ ਜਾਣ ਦਿਓ ਜਿਧਰ ਜਾਂਦਾ ਹੈ।" ਸਤਿਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਸਿੱਖਾਂ ਨੇ ਚੋਰ ਨੂੰ ਨਾ ਰੋਕਿਆ। ਸਤਿਗੁਰੂ ਜੀ ਨੇ ਕਿਉਂ ਜਾਣ ਦੀ ਖੁਲ੍ਹ ਦਿੱਤੀ ? ਇਸ ਗੁਪਤ ਭੇਤ ਨੂੰ ਦਾਤਾਰ ਆਪ ਹੀ ਜਾਣਦੇ ਸਨ।

ਚੋਰ ਦੂਰ ਚਲਿਆ ਗਿਆ। ਉਸਦੇ ਪਿੱਛੇ ਕੋਈ ਨਹੀਂ ਗਿਆ, ਉਸਨੇ ਇਕ ਰੁਖ ਨਾਲ ਫਾਹਾ ਲੈ ਲਿਆ ਤੇ ਆਪਣੇ ਆਪਦਾ ਅੰਤ ਕਰ ਦਿੱਤਾ। ਮਰਨ ਤੋਂ ਪਹਿਲਾਂ ਉਸਨੇ ਆਖਿਆ—"ਹੇ ਅਸਮਾਨ ! ਸੂਰਜ ਬਨਾਸਪਤੀ, ਪੰਛੀਓ ! ਮੈਂ ਹੁਣ ਮਰਨ ਲੱਗਾ ਹਾਂ ਕਿਉਂਕਿ ਮੈਨੂੰ ਬਚਪਨ ਤੋਂ ਚੋਰੀ ਦੀ ਆਦਤ ਹੈ, ਮੈਂ ਚੋਰੀ ਕੀਤੇ ਬਿਨਾ ਨਹੀਂ ਰਹਿ ਸਕਦਾ। ਇਸ ਡੈਣ ਵਾਲੇ ਝਸ (ਆਦਤ) ਨੇ ਹੀ ਮੈਨੂੰ ਐਸੇ ਮਹਾਤਮਾ ਭਗਵਾਨ ਰੂਪ ਸਤਿਗੁਰੂ ਜੀ ਦੇ ਘੋੜੇ ਦੀ ਚੋਰੀ ਕਰਨ ਵਾਸਤੇ

ਮਜਬੂਰ ਕੀਤਾ। ਇਹ ਚੋਰੀ ਦੀ ਆਦਤ ਮੇਰਾ ਪਿੱਛਾ ਨਹੀਂ ਛਡਦੀ। ਮੈਂ ਮੰਦਰਾਂ ਵਿਚ ਸੁਗੰਧਾਂ ਖਾਦੀਆਂ, ਕੰਨ ਫੜੇ ਪਰ ਇਹ ਚੰਦਰੀ ਵਾਦੀ ਮੇਰੇ ਪਿਛੋਂ ਨਾ ਲੱਥੀ। ਬੱਸ ਮੈਂ ਮਰ ਜਾਵਾਂ ਤਾਂ ਚੰਗਾ ਹੈ। ਇਸ ਚੋਰ ਜੀਵਨ ਦਾ ਜਗਤ ਵਿਚ ਕੀ ਲਾਭ।'

ਉਸ ਦੀ ਮੌਤ ਦੀ ਖਬਰ ਸਤਿਗੁਰੂ ਜੀ ਪਾਸ ਪੁਜ ਗਈ। ਸਤਿਗੁਰੂ ਜੀ ਨੇ ਓਹਦਾ ਅੰਤਮ ਸੰਸਕਾਰ ਕਰਵਾਇਆ ਤੇ ਵਰ ਦਿੱਤਾ ਕਿ ਜੋ ਇਸ ਅਸਥਾਨ (ਸੂਲੀਸਰ ਗੁਰਦੁਵਾਰੇ) ਆਵੇਗਾ, ਸੋ ਮੰਦੀਆਂ ਵਾਸ਼ਨਾ ਦਾ ਤਿਆਗ ਕਰੇਗਾ। ਉਸਦੀ ਚੋਰੀ ਦੀ ਆਦਿਤ ਹੱਟ ਜਾਵੇਗੀ। ਉਹ ਨੇਕੀ ਤੇ ਸੇਵਾ ਕਰਨਾ ਸਿਖੇਗਾ।' ਸਤਿਗੁਰੂ ਜੀ ਦੇ ਬਚਨ ਅਟੱਲ ਹਨ। ਅਜ ਵੀ ਜੋ ਸੂਲੀਸਰ ਜਾਂਦਾ ਹੈ, ਸੋ ਨੇਕ ਬਣਦਾ ਹੈ।

ਸਾਬੋ ਕੀ ਤਲਵੰਡੀ ਵਿਚ ਜੋ ਸਰੋਵਰ ਸਤਿਗੁਰੂ ਜੀ ਨੇ ਆਪ ਪੁਟਣਾ ਸ਼ੁਰੂ ਕੀਤਾ ਸੀ ਉਸਦੀ ਮਹਾਨਤਾ ਦਸਦਿਆਂ ਹੋਇਆਂ ਬਚਨ ਕੀਤਾ ਸੀ 'ਇਹ ਨਗਰ ਪਵਿਤ੍ਰ ਹੋਇਆ। ਏਥੇ ਵਿਦਿਆ ਪੜ੍ਹਾਈ ਜਾਵੇਗੀ। ਇਹ ਭਗਤੀ, ਬਹਾਦਰੀ, ਵਿਦਿਆ ਤੇ ਪਿਆਰ ਦੀ ਕਾਂਸ਼ੀ ਹੈ। ਏਥੋਂ ਇਹ ਦਾਤਾਂ ਮਨੁਖਤਾ ਨੂੰ ਵੰਡੀਆਂ ਜਾਣਗੀਆਂ। ਰੌਣਕਾਂ ਹੋਣਗੀਆਂ ਤੇ ਵਿਸਾਖੀ ਦੇ ਮੇਲੇ ਲੱਗਣਗੇ। ਜੋ ਕੋਈ ਸੁਧ ਹਿਰਦੇ ਨਾਲ ਇਸ਼ਨਾਨ ਕਰੇਗਾ ਸੋ ਮੁਕਤੀ, ਜੁਗਤੀ ਤੇ ਭਗਤੀ ਨੂੰ ਪ੍ਰਾਪਤ ਕਰਕੇ ਵੀ ਮਾਤਲੋਕ ਵਿਚ ਸੁਖ ਪ੍ਰਾਪਤ ਕਰੇਗਾ।'

੧੯. ਭਾਈ ਦਗੋ ਚੌਧਰੀ ਤੇ ਮੇਂਹ ਦੀ ਸਾਖੀ

ਮਾਲਵੇ ਦੇਸ਼ ਵਿਚ ਵਿਚਰ ਕੇ ਸਤਿਗੁਰੂ ਜੀ ਜੀਵਾਂ ਨੂੰ ਭਵਸਾਗਰ ਤੋਂ ਤਾਰਦੇ ਹੋਏ ਬਾਂਗਰ ਦੇਸ਼ ਵਲ ਨੂੰ ਹੋ ਤੁਰੇ। ਬਾਂਗਰ ਦੇਸ਼ ਰਿਆਸਤ ਪਟਿਆਲਾ ਦੇ ਪੂਰਬੀ ਪਾਸੇ ਦਰਿਆ ਘਘਰ ਤੋਂ ਪਾਰ ਅਤੇ ਅੰਬਾਲੇ ਤੋਂ ਦਿਲੀ ਨੂੰ ਜਾਣ ਵਾਲੀ ਪੱਕੀ ਸੜਕ ਦੇ ਦਖਣ ਵਲ ਹੈ। ਥਨੇਸਰ ਤੇ ਕੈਂਥਲ ਬਾਂਗਰ ਦੇ ਸ਼ਹਿਰ ਹਨ।

ਮਕਰੋੜ ਦੇ ਪੱਤਣ ਤੋਂ ਦਰਿਆ ਘੱਘਰ ਨੂੰ ਪਾਰ ਕਰਕੇ ਵਹੀਰ ਸਮੇਤ ਸਤਿਗੁਰੂ ਜੀ ਨੇ ਬਾਂਗਰ ਦੇਸ਼ ਵਿਚ ਪ੍ਰਵੇਸ਼ ਕੀਤਾ। ਬਾਂਗਰ ਦੇ ਲੋਕ ਮੋਟੀ ਬੁਧੀ ਵਾਲੇ ਸਨ। ਪਰ ਦੇਵੀ ਦੇ ਭਗਤਿਆਂ ਤੇ ਸੰਤਾਂ ਫਕੀਰਾਂ ਪਾਸੋਂ ਬਹੁਤ ਭੈ ਖਾਂਦੇ ਸਨ।

ਉਹਨਾਂ ਨੂੰ ਡੰਗਰਾਂ ਦੀ ਚੋਰੀ ਕਰਨ ਦਾ ਝੱਸ ਡੈਨ ਵਰਗਾ ਸੀ ਇਕ ਦੂਸਰੇ ਦੀਆਂ ਲਵੇਰੀਆਂ ਚੋਰੀ ਕਰਕੇ ਏਧਰ ਓਧਰ ਪਹੁੰਚਾਉਂਦੇ ਰਹਿੰਦੇ ਸਨ।

ਲਵੇਰੀਆਂ ਮੱਝਾਂ ਗਊਆਂ ਦਾ ਰੱਸਾ ਫੜਨ ਵਾਲਾ (ਚੋਰੀ ਦਾ ਮਾਲ ਸੰਭਾਲਣ ਵਾਲਾ) ਚੌਧਰੀ ਦੱਗੋ ਸੀ। ਉਹ ਚੋਰੀ ਦਾ ਮਾਲ ਸੰਭਾਲਦਾ। ਪੈਸੇ ਵਾਲਾ ਹੋਣ ਦੇ ਨਾਲ ਓਹਦੇ ਆਦਮੀ ਬਹੁਤ ਸਨ।ਮਾੜਾਮੋਟਾ ਆਦਮੀ ਨਾ ਓਹਦੇ ਗੱਲ ਪੈ ਸਕਦਾ ਤੇ ਨਾ ਓਹਦੇ ਕੋਲੋਂ ਮਾਲ ਵਾਪਸ ਲੈਂਦਾ।

ਪਰ ਦੱਗੋ ਆਏ ਗਏ ਸਾਧੂ ਸੰਤ ਦੀ ਸੇਵਾ ਕਰਦਾ।ਸ਼ਾਇਦ ਇਸਵਿਚਾਰ ਨਾਲ ਕਿ ਜੋ ਉਹ ਬੁਰਾ ਕੰਮ ਕਰਦਾ ਹੈ, ਉਸ ਦੀ ਉਸ ਨੂੰ ਖਿਮਾਂ ਮਿਲਦੀ ਰਹੇ ਜਾਂ ਲੋਕ ਕਹਿਣ ਕਿ ਚੌਧਰੀ ਦੱਗੋ ਚੰਗਾ ਨੇਕ ਤੇ ਧਰਮੀ ਪੁਰਸ਼ ਹੈ। ਇਸ ਤਰਾਂ ਉਹਦੇ ਪਾਪ ਪ੍ਰਗਟ ਨਹੀਂ ਹੋਣਗੇ, ਉਹ ਚੋਰੀ ਦੀਆਂ ਮੱਝਾਂ ਦਾ ਦੁਧ ਚੋ ਕੇ ਸਾਧੂ-ਮਹਾਤਮਾਂ ਦੇ ਡੇਰੇ ਗਾਗਰ ਭਰਕੇ ਲੈ ਜਾਂਦਾ ਤੇ ਉਨ੍ਹਾਂ ਨੂੰ ਪਲਾਕੇ ਸੇਵਾ ਕਰਦਾ।

ਸਤਿਗੁਰੂ ਜੀ ਧਮਧਾਨ ਪਿੰਡ ਦੇ ਇਤਿਹਾਸਕ ਤਾਲ(ਸਰੋਵਰ) ਦੇ ਕਿਨਾਰੇ ਜਾ ਬਰਾਜੇ। ਉਹ ਸਰੋਵਰ ਆਖਦੇ ਹਨ ਸ੍ਰੀ ਰਾਮਚੰਦ੍ਰ ਜੀ ਦੇ ਸਪੁਤ੍ਰਾਂ ਲਵ ਤੇ ਕੁਸ਼ ਨੇ ਤਿਆਰ ਕਰਾਇਆ ਸੀ, ਜਦੋਂ ਉਹ ਰਿਖੀ ਬਾਲਮੀਕ ਦੇ ਕੋਲ ਉਤਰੀ ਹਿੰਦ ਦੇ ਜੰਗਲਾਂ ਵਿਚ ਆਪਣਾ ਬਚਪਨ ਗੁਜਾਰ ਰਹੇ ਸਨ। ਇਹ ਬਹੁਤ ਚੌੜਾ ਤਲਾ ਸੀ ਤੇ ਉਹਦੇ ਚਾਰ ਚੌਫੇਰੇ ਪਿੱਪਲ ਤੇ ਬੋਹੜ ਲੱਗੇ ਹੋਏ ਸਨ। ਉਹਨਾਂ ਪਿੱਪਲ ਤੇ ਬੋਹੜਾਂ ਦੀ ਛਾਂ ਹੇਠਾਂ ਸਾਧ ਮਹਾਤਮਾਂ ਦੇਸ਼ਵਿਚ ਵਿਚਰਦੇ ਹੋਏਆਪਣੇ ਚੇਲਿਆਂ ਸਮੇਤ ਆ ਬੈਠਦੇ ਤੇ ਰਾਤ ਕੱਟ ਕੇ ਤੁਰ ਜਾਇਆ ਕਰਦੇ ਸਨ।

ਸਤਿਗੁਰੂ ਜੀ ਵਹੀਰ ਸਮੇਤ ਜਦੋਂ ਤਾਲ ਕਿਨਾਰੇ ਡੇਰਾ ਲਾ ਬੈਠੇ ਤਾਂ ਸਤਿਗੁਰੂ ਜੀ ਦੇ ਪ੍ਰਤਾਪ ਦੀ ਚਰਚਾ ਨੇੜੇ ਨੇੜੇ ਦੇ ਸਾਰੇ ਨਗਰਾਂ ਵਿਚ ਸੁਗੰਧੀ ਦੀ ਭਾਂਤ ਖਿਲਰ ਗਈ।ਚੌਧਰੀ ਦੱਗੋ ਸਤਿਗੁਰੂ ਜੀ ਦਾ ਜੱਸ ਸੁਣਕੇ ਭਾਰੀ ਗਾਗਰ ਦੁਧ ਦੀ ਸਾਥ ਲੈਕੇ ਸਤਿਗੁਰੂ ਜੀ ਪਾਸ ਆ ਪੁਜਾ। ਦਰਸ਼ਨ ਕੀਤੇ ਨਿਹਾਲ ਹੋਇਆ ਦੁਧ ਦੀ ਗਾਗਰ ਅਗੇ ਰਖਕੇ ਉਸ ਨੇ ਆਪਣੇ ਸੁਭਾ ਅਨੁਸਾਰ ਬੇਨਤੀ ਕੀਤੀ-'ਹੇ ਮਹਾਂ ਪੁਰਖੋ! ਆਪ ਪ੍ਰਮੇਸ਼ਰ ਦਾ ਰੂਪ ਮੈਨੂੰ ਦਿਸਦੇ ਹੋ, ਮੇਰੀ ਬੇਨਤੀ ਪ੍ਰਵਾਨ ਕਰਦੇ ਹੋਏ ਇਹ ਦੁਧ ਦੀ ਗਾਗਰ ਸਵੀਕਾਰ ਕਰੋ।'

'ਚੋਧਰੀ!' ਸਤਿਗੁਰੂ ਜੀ ਨੇ ਬਚਨ ਕੀਤਾ—'ਤੇਰਾ ਦੁੱਧ ਨਾ ਅਸੀਂ ਪੀ ਸਕਦੇ ਹਾਂ ਤੇ ਨਾ ਆਪਣੇ ਸਿੱਖਾਂ ਨੂੰ ਪੀਣ ਦੀ ਖੁਲ੍ਹ ਦੇਂਦੇ ਹਾਂ।'

ਚੋਧਰੀ ਦੱਗੋ ਇਹ ਬਚਨ ਸੁਣਕੇ ਬਹੁਤ ਹੈਰਾਨ ਹੋਇਆ। ਪਹਿਲਾਂ ਉਸਨੂੰ ਕਿਸੇ ਸਾਧੂ ਸੰਤ ਨੇ ਕੁਝ ਨਹੀਂ ਸੀ ਕਿਹਾ, ਉਹ ਸਾਰੇ ਚੁਪ-ਚਾਪ ਪ੍ਰਸੰਨਤਾ ਨਾਲ ਉਹਦੇ ਦੁਧਨੂੰਪੀ ਜਾਂਦੇ ਅਤੇ ਅਸੀਸਾਂ ਦੇ ਜਾਇਆ ਕਰਦੇਸਨ। ਚੌਧਰੀ ਨੇ ਹੈਰਾਨਹੋਕੇਪੁਛਿਆ—"ਹੇਮਹਾਤਮਾਜੀ! ਮੈਂ ਇਹਨਹੀਂ ਸਮਝਸਕਿਆ ਕਿ ਇਹ ਭੇਟ ਕੀਤਾ ਹੋਇਆ ਮੇਰਾ ਦੁਧ ਆਪ ਕਿਉਂ ਨਹੀਂ ਪ੍ਰਵਾਨ ਕਰਦੇ?"

"ਚੋਧਰੀ! ਸੱਚ ਮਿਰਚਾਂ ਤੇ ਝੂਠ ਗੁੜ ਹੁੰਦਾ ਹੈ।' ਸਤਿਗੁਰੂ ਜੀ ਨੇ ਫੁਰਮਾਇਆ—'ਇਹ ਦੁਧ ਜਿਨ੍ਹਾਂ ਮੱਝਾਂ ਤੇ ਗਊਆਂ ਦਾ ਤੂੰ ਲਿਆਇਆ ਹੈਂ, ਉਹ ਮੱਝਾਂ ਤੇ ਗਊਆਂ ਤੇਰੀਆਂ ਨਹੀਂ। ਉਹ ਸਾਰੀਆਂ ਚੋਰੀ ਦੀਆਂ ਹਨ ਦੂਸਰਾ ਉਹਨਾਂ ਚੋਰੀ ਦੀਆਂ ਮੱਝਾਂ ਨਾਲ ਉਨ੍ਹਾਂ ਦੇ ਬੱਚੇ (ਕੱਟੇ-ਕੱਟੀਆਂ ਤੇ ਵੱਛੇ ਵੱਛੀਆਂ) ਸਾਥ ਨਹੀਂ ਆਉਂਦੇ। ਉਹ ਆਪਣੀਆਂ ਮਾਵਾਂ ਨੂੰ ਲਭਦੇ ਹੋਏ ਕੁਰਲਾ ਕੁਰਲਾ ਕੇ ਭੁਖੇ ਤ੍ਰਿਹਾਏ ਮਰ ਜਾਂਦੇ ਹਨ। ਉਹ ਨਿਰਦੋਸ਼ੇ ਬੇ-ਜ਼ਬਾਨ ਪਸ਼ੂ ਆਪਣੇ ਹਿਰਦੇ ਦੀ ਵੇਦਨਾ ਨਹੀਂ ਦਸ ਸਕਦੇ। ਮੱਝਾਂ ਨੂੰ ਮੂੜਾ ਦੇਕੇ ਚੋਂਦੇ ਹੋ, ਇਹ ਪਾਪ ਕਰਮ ਹੈ, ਮੱਝਾਂ ਦੁਖੀ ਹੋਕੇ ਦੁਧ ਦੇਂਦੀਆਂ ਹਨ। ਐਸਾ ਦੁਧ ਅਸੀਂ ਨਹੀਂ ਪੀ ਸਕਦੇ, ਜੇ ਤੂੰ ਆਪਣੀਆਂ ਮੱਝਾਂ ਦਾ ਦੁਧ ਲਿਆਉਂਦੋਂ ਜਿਨ੍ਹਾਂ ਦੀਆਂ ਕੱਟੀਆਂ ਕੱਟੇ ਉਨ੍ਹਾਂ ਦੇ ਕੋਲ ਹੁੰਦੇ ਤੇ ਉਹ ਪ੍ਰਸੰਨਤਾ ਨਾਲ ਦੁਧ ਚੁਵਾਉਂਦੀਆਂ ਤਾਂ ਜ਼ਰੂਰ ਅਸੀਂ ਦੁਧ ਪੀ ਲੈਂਦੇ।"

ਸਤਿਗੁਰੂ ਜੀ ਪਾਸੋਂ ਸੱਚ ਨੂੰ ਸੁਣਕੇ ਚੌਧਰੀ ਦੱਗੋ ਦੇ ਪੈਰ ਹਿਲ ਗਏ। ਉਸ ਦਾ ਹਿਰਦਾ ਕੰਬਣ ਲੱਗ ਪਿਆ। ਉਹ ਹੈਰਾਨ ਹੋਕੇ ਮਨ ਹੀ ਮਨ ਸੋਚਣ ਲੱਗਾ' ਇਹ ਮਹਾਤਮਾਂ ਪੂਰੇ ਕਰਾਮਾਤੀ ਹਨ।ਹਰ ਇਕ ਦੇ ਮਨ ਦੀਆਂ ਜਾਨਣ ਵਾਲੇ ਹਨ...ਮੈਂ ਸਚ ਮੁਚ ਚੋਰ ਹਾਂ, ਚੋਰਾਂ ਨੂੰ ਆਸਰਾ ਦੇਂਦਾ ਹਾਂ ਤੇ ਇਹ ਦੁਧ ਚੋਰੀ ਦੀਆਂ ਗਊਆਂ ਮੱਝਾਂ ਦਾ ਹੈ, ਪਰ...ਕੀ ਕਰਾਂ? ਕੁਝ ਪਲ ਇਸ ਤਰਾਂ ਘਬਰਾਕੇ ਸੋਚਣ ਪਿਛੋਂ ਉਹ ਛੇਤੀ ਨਾਲ ਸਤਿਗੁਰੂ ਜੀ ਦੇ ਚਰਨੀ ਡਿੱਗਾ ਤੇ ਉਸਨੇ ਬੇਨਤੀਆਂ ਕਰਨੀਆਂ ਆਰੰਭ ਕੀਤੀਆਂ—'ਹੇ ਮਾਲਕ! ਮੈਨੂੰ ਬਖਸ਼ੋ! ਤੁਸੀਂ ਪੂਰਨ ਸੰਤ ਹੋ!

ਆਪ ਪ੍ਰਮੇਸ਼ਰ ਹੋ ! ਮੈਂ ਸੱਚ-ਮੁਚ ਪਾਪੀ, ਚੋਰ ਹਾਂ । ਮੈਂ ਇਹ ਦੁੱਧ ਵਾਪਸ ਲੈ ਜਾਂਦਾ ਹਾਂ । ਉਨ੍ਹਾਂ ਮੱਝਾਂ ਨੂੰ ਹੀ ਮੁੜਕੇ ਪਲਾ ਦੇਵਾਂਗਾ । ਉਹ ਮੱਝਾਂ ਘਰ ਨਹੀਂ ਰਖਾਂਗਾ ਮੈਨੂੰ ਗਿਆਨ ਹੋ ਗਿਆ । ਮੈਂ ਜੋ ਭੁਲਾਂ ਕਰਦਾ ਰਿਹਾ ਹਾਂ ਉਹ ਨਹੀਂ ਕਰਾਂਗਾ, ਮੇਰੇ ਉਤੇ ਦਇਆ ਕਰੋ, ਬਖਸ਼ਣਹਾਰ ਦਾਤਾਰ, ਭਗਤ ਵਛਲ ਦਾਤਾ ! ਪਤਤ ਪਾਵਨ ਹੇ ਮਾਲਕ ਮੈਂ ਪਾਪੀ ! ਪਾਪੀ ਹਾਂ ।"

ਦੱਗੋ ਰੋ ਪਿਆ । ਉਹ ਉਪਰਲੇ ਮਨੋ ਨਹੀਂ ਰੋਇਆ ਸਗੋਂ ਦਿਲੋਂ ਰੋਇਆ। ਉਸਦਾ ਰੋਣਾ ਉਹਦੇ ਪਾਪੀ ਮਨ ਦੇ ਸ਼ੀਸ਼ੇ ਨੂੰ ਸਾਫ ਕਰੀ ਜਾਣ ਲੱਗਾ । ਆਤਮਾ ਉਤੇ ਜੰਗਾਲ ਵਾਂਗ ਜੰਮੇਂ ਹੋਏ ਪਾਪਾਂ ਨੂੰ ਉਹ ਧੋਣਾ ਚਾਹੁੰਦਾ ਸੀ। ਦਇਆ ਤੇ ਸ਼ਾਂਤੀ ਦੇ ਸਾਗਰ ਨੂੰ ਦਇਆ ਆਈ, ਉਨ੍ਹਾਂ ਨੇ ਦੱਗੋ ਨੂੰ ਚੁਕ ਕੇ ਕਿਹਾ—"ਉਠ ਦੱਗੋ ! ਵਾਹਿਗੁਰੂ ਕਹੋ ਦੱਗੋ ਤੇਰੇ ਸਾਰੇ ਪਾਪ ਧੋਤੇ ਜਾਣਗੇ । ਤੂੰ ਚੌਧਰੀ ਹੈਂ, ਸੱਚ ਮੁਚ ਧਰਮ, ਨੇਕ ਕਰਮ, ਸੇਵਾ,ਲੋਕ ਭਲਾਈ ਤੇ ਭਗਤੀ ਕਰਨ ਦਾ ਚੌਧਰੀ ਬਣ ।"

ਦੱਗੋ ਉਠਿਆ, ਨੈਣਾਂ ਦਾ ਹੰਕਾਰ ਹੰਝੂ ਬਣ ਚੁਕਾ ਸੀ, ਚੇਹਰੇ ਉਤੇ ਜੋ ਬਾਹੂ ਬਲ ਤੇ ਕੁਲ ਅਭਿਮਾਨ ਸੀ ਉਹ ਪੀਲਾ ਹੋ ਚੁਕਾ ਸੀ ਜੇਹੜੇ ਹੱਥ ਕਿਸੇ ਅਗੇ ਨਹੀਂ ਸਨ ਜੁੜੇ ਉਹ ਦੋਵੇਂ ਜੁੜੇ ਹੋਏ ਭਿਖਿਆ ਮੰਗ ਰਹੇ ਸਨ ।"ਮੇਰੇ ਉਤੇਦਇਆ ਹੋਵੇ ! ਮੈਂ ਗਰੀਬ ਮਾੜਾ ਹਾਂ ॥" ਦੱਗੋ ਦੀ ਜ਼ਬਾਨ ਆਖ ਰਹੀ ਸੀ ।

'ਭਾਈ ਦੱਗੋ ! ਵਾਹਿਗੁਰੂ ਕਹੋ ਰਗੋਂ !' ਸਤਿਗੁਰੂ ਜੀ ਨੇ ਮੁੜ ਬਚਨ ਕੀਤਾ, ਉਸੇ ਵੇਲੇ ਦੱਗੋ 'ਵਾਹਿਗੁਰੂ ! ਵਾਹਿਗੁਰੂ !' ਜਪਣ ਲੱਗ ਪਿਆ ਉਹਦੀ ਜ਼ਬਾਨ ਹੀ ਨਹੀਂ ਸਗੋਂ ਉਹਦਾ ਲੂੰ ਲੂੰ 'ਵਾਹਿਗੁਰੂ ! ਵਾਹਿਗੁਰੂ' ਕਹਿਣ ਲਗਾ ॥ ਉਹ ਇਕ ਪਲ ਵਿਚ ਹੀ ਨਿਹਾਲ ਹੋ ਗਿਆ ।

ਦੱਗੋ ਦੀਆਂ ਬਹੁਤ ਹਵੇਲੀਆਂ ਸਨ ਉਹਦੇ ਘਰ ਕਿਸੇ ਗਲ ਦਾ ਘਾਟਾ ਨਹੀਂ ਸੀ ਉਸਨੇ ਉਸੇ ਵੇਲੇ ਬੇਨਤੀ ਕੀਤੀ—"ਹੇ ਦਾਤਾ ! ਜਿਥੇ ਮੇਰੇ ਜੀਵਨ ਵਿਚ ਪਲਟਾ ਲਿਆਂਦਾ ਹੈ, ਉਥੇ ਮੇਰੇ ਤੇ ਇਹ ਮੇਹਰ ਵੀ ਕਰੋ ਕਿ ਮੇਰੇ ਘਰ ਚਲਕੇ ਮੇਰੇ ਘਰ ਨੂੰ ਪਵਿਤ੍ਰ ਕਰੋ, ਮੈਂ ਪਰਵਾਰ ਸਮੇਤ ਆਪਦੀ ਤੇ ਸਿੱਖ ਸੰਗਤ ਦੀ ਸੇਵਾ ਕਰਾਂ।'

ਸ਼ੁਧ ਮਨ ਨਾਲ ਕੀਤੀ ਹੋਈ ਅਰਦਾਸ ਕਦੀ ਬਿਰਥਾ ਨਹੀਂ ਜਾਂਦੀ,

ਸਿੱਖ ਦੀ ਬੇਨਤੀ ਸਤਿਗੁਰੂ ਜੀਨੂੰ ਪ੍ਰਵਾਨ ਕਰਨੀ ਪੈਂਦੀਹੈ। ਸਤਿਗੁਰੂਜੀਨੇ ਦਗੋ ਨੂੰ ਨਿਹਾਲ ਕੀਤਾ ਉਸੇ ਵੇਲੇ ਰੱਥ, ਘੋੜੇ, ਡੇਰਾ ਦਗੋ ਦੀਆਂ ਹਵੇਲੀਆਂ ਵਿਚ ਢਲਿਆ ਗਿਆ।ਲੰਗਰ ਤਿਆਰ ਹੋਣੇ ਸ਼ੁਰੂ ਹੋ ਗਏ।'ਵਾਹਿਗੁਰੂ' ਨਾਮ ਬਦਲੇ ਉਸਨੇ ਸਾਰਾ ਧਨ ਮਾਲ ਲੁਟਾਉਣਾ ਸ਼ੁਰੂ ਕਰ ਦਿਤਾ,ਆਪ ਪਖਾ ਝਲਣ ਲਗ ਪਿਆ ਘਰ ਦਾ ਪਰਵਾਰ ਲੰਗਰ ਦੀ ਸੇਵਾ ਕਰਨ ਲਗਾ। ਉਹਦੇ ਸਰੀਕ ਵੀ ਸਤਿਗੁਰੂ ਜੀ ਦੀ ਬਾਣੀ ਸੁਣਨ ਲਗੇ ਉਹ ਤਰ ਗਿਆ,ਭਵ ਸਾਗਰ ਤੋਂ ਪਾਰ ਹੋ ਗਿਆ, ਸਜਣ ਠਗ ਵਾਂਗ ਸਚਮੁਚ ਗਰੀਬਾਂ ਤੇ ਸੰਤਾਂ ਦਾ ਸਜਣ ਬਣ ਗਿਆ।

ਸੋਨਾ ਅਗ ਵਿਚ ਪਵੇ ਤਾਂ ਹੀ ਪਰਖਿਆ ਜਾਂਦਾ ਹੈ। ਉਸਦੀ ਪਰਖ ਹੋਣ ਲਗੀ, ਵਾਹਿਗੁਰੂ ਨੇ ਐਸਾ ਢੋ ਲਾਇਆ ਕਿ ਪੋਠੋਹਾਰ ਦੀ ਸੰਗਤ ਸਤਿਗੁਰੂ ਜੀ ਦੀ ਭਾਲ ਕਰਦੀ ਹੋਈ ਚੋਧਰੀ ਦਗੋ ਦੀ ਹਵੇਲੀ ਵਿਚ ਆ ਪੁਜੀ,ਸੰਗਤ ਦੀ ਗਿਣਤੀ ਹਜ਼ਾਰ ਜੀਵਾਂ ਤੋਂ ਉਪਰ ਸੀ, ਸੰਗਤ ਦੇ ਲੰਗਰ ਦਾ ਪ੍ਰਬੰਧ ਵੀ ਦਗੋ ਦੇ ਘਰੋਂ ਹੋਇਆ–'ਮੇਰੇ,ਹੁੰਦਿਆਂ ਮੇਰੇ ਘਰੋਂ ਹੀ ਖਰਚਹੋਵੇਗਾ,ਭਾਵੇਂ ਸੰਗਤਕਿੰਨੀ ਆਵੇ॥ ਦਗੋ ਦੀ ਬੇਨਤੀ ਸੀ॥ ਬਸ ਲੰਗਰ ਅਟੁਟ ਚਲਦਾ ਰਿਹਾ, ਸਤਿਗੁਰੂ ਜੀ ਨੇ ਫੈਸਲਾ ਕਰ ਲਿਆ ਕਿ ਸਾਹਿਬ ਕੁਝ ਦਿਨ ਏਥੇ ਰਹਿਣਗੇ॥

ਸਤਿਗੁਰੂ ਜੀ ਦੀ ਇਸ ਯਾਤਰਾ ਵਿਚ ਭਾਈ ਮੇਂਹ ਸੀ,ਉਹਸਿਦਕੀਸਿਖ ਭਾਈ ਨੰਦ ਲਾਲ ਸੋਹਨੂ ਦਾ ਪੁਤ੍ਰ ਸੀ ਉਹ ਜਲ ਦੀ ਸੇਵਾ ਕਰਦਾ ਸੀ,ਪਿਤਲ ਦੀ ਗਾਗਰ ਉਸਦੇ ਹਥ ਰਾਤ ਦਿਨੇ ਰਹਿੰਦੀ,ਲੀੜੇ ਭਿਜੇ ਰਹਿੰਦੇ। ਸਿਰ ਉਪਰ ਮੜਾਸਾ ਮਾਰਿਆ ਹੋਇਆਰਹਿੰਦਾਜੋ ਦਸਤਾਰਉਸਨੂੰਮਿਲਦੀ ਉਹਪਹਿਲੀਦੇ ਉਪਰ ਬੰਨ੍ਹ ਲੈਂਦਾ 'ਸਤਿਨਾਮ ਵਾਹਿਗੁਰੂ! ਦਾ ਜਾਪ ਜਪਦਾ ਹੋਇਆ ਸੇਵਾ ਕਰੀ ਜਾਂਦਾ ਸੀ,ਉਸਦੀ ਸੇਵਾਨੂੰਦੇਖਕੇ ਸਤਿਗੁਰੂ ਜੀ ਨੇ ਉਸਨੂੰ ਨਿਹਾਲ ਕੀਤਾ ਤੇ ਰਿਧੀਆਂ ਸਿਧੀਆਂ ਬਖਸ਼ੀਆਂ। ਇਸ਼ਨਾਨ ਕਰਾਕੇ ਉਸਦੇ ਪਹਿਲੇ ਬਸਤ੍ਰ ਬਦਲਾਏ ਤੇ ਨਵੇਂ ਪਹਿਨਾਏ ਪਰਉਸਨੇ ਜਲ ਦੀਸੇਵਾ ਦਾ ਤਿਆਗ ਨਾਕੀਤਾ, ਉਹ ਵਡਾ ਗੁਰਮੁਖ ਹੋ ਗਿਆ ਉਸਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ–'ਭਾਈ ਮੀਹਾਂ! ਤੂੰ ਸਿਧਾ ਜੋਗੀ ਹੋਇਆ, ਤੂੰ ਘਰ ਦਾ ਮਸੰਦ, ਇਕ ਨਗਾਰਾ ਤੇ ਇਕ ਝੰਡਾ ਲੈ,ਨਗਾਰਾ ਬੈਲ ਉਪਰ ਰਖਕੇ ਪਿੰਡਪਿੰਡ ਤੇ ਸ਼ਹਿਰਸ਼ਹਿਰ 'ਸਤਿਨਾਮ'

ਦਾ ਢੰਡੋਰਾ ਦੇਂਦਾ ਫਿਰ। ਤੂੰ ਮਹੰਤਾਂ ਦਾ ਮਹੰਤ ਹੋਇਆ।' ਉਸੇ ਦਿਨ ਧਮਧਾਨ ਤੋਂ ਹੀ ਸਤਿਗੁਰੂ ਜੀ ਨੇ ਭਾਈ ਮੇਂਹ ਨੂੰ ਪੂਰਬ ਵਲ ਤੋਰ ਦਿਤਾ। ਮੁਰਾਦਾਬਾਦ, ਲਖਨਊ, ਬਾਰਾਬੰਕੀ, ਨਵਾਬਗੰਜ ਆਦਿਕ ਜ਼ਿਲਿਆਂ ਵਿਚ ਆਪ ਜੀ ਦੀ ਸਿੱਖੀ ਦੀਆਂ ਨਿਸ਼ਾਨੀਆਂ ਹਨ ਅਤੇ ਬਹੁਤ ਸਾਰੇ ਉਦਾਸੀ ਸੰਤਾਂ ਦੇ ਡੇਰੇ ਹਨ, ਭਾਈ ਮੇਂਹ ਦੀ ਸੰਪਰਦਾ ਹੈ।

ਕੁਝ ਦਿਨ ਧਮਧਾਨ ਨਗਰ ਚੌਧਰੀ ਦਗੋ ਕੋਲ ਰਹਿਕੇ ਸਤਿਗੁਰੂ ਜੀ ਅਗੇ ਚਲਣ ਵਾਸਤੇ ਤਿਆਰ ਹੋਏ। ਚੌਧਰੀ ਦਗੋ ਨੂੰ ਵਰ ਦਿੱਤਾ, ਧਮਧਾਨ ਦੀ ਧਰਤੀ ਨੂੰ ਭਾਗ ਲਗਣ ਦਾ ਵਰ ਦਿੱਤਾ। ਖੂਹ, ਬਾਗ, ਧਰਮਸਾਲਾ ਤਿਆਰ ਹੋਣਗੀਆਂ, ਸਤਿਗੁਰੂ ਜੀ ਦੇ ਬਚਨ ਸੱਚੇ ਹੋਏ, ਇਹ ਸਾਰੀਆਂ ਚੀਜ਼ਾਂ ਤਿਆਰ ਹੋਈਆਂ, ਹੁਣ ਤਕ ਮੇਲੇ ਲਗਦੇ ਹਨ ਤੇ ਗੁਰਦੁਵਾਰੇ ਕਾਇਮ ਹਨ।

੧੯. ਬੁਰਿਆਂ ਨਾਲ ਭਲਾ ਕਰਨਾ

ਧਮਧਾਨ ਤੋਂ ਕੂਚ ਕਰਕੇ ਸਾਹਿਬ ਅਗਲੇ ਨਗਰਾਂ ਦੇ ਜੀਵਾਂਨੂੰ ਭਵਸਾਗਰ ਤੋਂ ਪਾਰ ਕਰਦੇ ਹੋਏ ਖਟਕੜ ਨਗਰ ਵਿਚ ਜਾ ਪੁਜੇ, ਉਥੇ ਜੜ ਪੁਰਖ ਰਹਿੰਦੇ ਸਨ ਜਿਨ੍ਹਾਂ ਨੂੰ ਸੰਤ-ਸੇਵਾ ਦਾ ਗਿਆਨ ਨਹੀਂ ਸੀ, ਮਨਮੁਤੀਏ ਤੇ ਮੂਰਖ ਚੋਰ ਸਨ ਉਨ੍ਹਾਂ ਨੇ ਸਤਿਗੁਰੂ ਜੀ ਦੀ ਸੇਵਾ ਨਹੀਂ ਕੀਤੀ,ਦਰਸ਼ਨ ਕਰਨ ਵੀ ਨਾ ਆਏਸਤਿ-ਗੁਰੂ ਜੀ ਦੇ ਸੇਵਕਾਂ ਨੇ ਕੋਲੋਂ ਭੰਡਾਰਾ ਤਿਆਰ ਕਰਵਾਇਆ ਪਰ ਜਦੋਂ ਰਾਤ ਪਈ ਤਾਂ ਪਿੰਡ ਦੇ ਪੱਗ ਬੰਨ੍ਹ ਗਭਰੂ ਸਤਿਗੁਰੂ ਜੀ ਦੇ ਘੋੜੇ ਖੋਹਲਣ ਵਾਸਤੇ ਆ ਪਏ ਜਿਸ ਵੇਲੇ ਘੋੜਿਆਂ ਦੇ ਰਸਿਆਂ ਨੂੰ ਹੱਥ ਲਾਇਆ ਤਾਂ ਅੰਨ੍ਹੇ ਹੋ ਗਏ। ਅੰਨ੍ਹੇਹੋਣ ਦੀ ਡੇਰ ਸੀ ਘਬਰਾਕੇ ਪਿਛੇ ਮੁੜ ਪਏ। ਕਈ ਕਿਲਿਆਂ ਨਾਲ ਅੜਕੇ ਡਿਗੇ ਤੇ ਸੱਟਾਂ ਲੱਗੀਆਂ,ਜਦੋਂ ਡੇਰੇ ਦੀ ਹੱਦ ਤੋਂ ਬਾਹਰ ਹੋਏ ਤਾਂ ਫਿਰ ਸੁਜਾਖੇ ਹੋ ਗਏ।

ਜਦੋਂ ਫਿਰ ਦਿਸਣ ਲੱਗ ਪਿਆ, ਫਿਰ ਵੀ ਮੂਰਖਾਂ ਨਹੀਂ ਸੋਚਿਆ ਕਿ ਐਸੇ ਕਰਣੀ ਵਾਲੇ ਡੇਰਿਆਂ ਵਿਚੋਂ ਅਸੀਂ ਘੋੜਿਆਂ ਦੀ ਚੋਰੀ ਕਰਏ, ਮਤਾ ਇਹ ਸੌਦਾ ਅਸਾਂ ਨੂੰ ਮਹਿੰਗਾ ਪਵੇਗਾ,ਉਹ ਭੁਲੜ ਤੇ ਅਗਿਆਨੀ ਪੁਰਖ ਮੁੜ ਡੇਰੇ ਵਲ ਹੀ ਮੁੜ ਪਏਸਤਿਗੁਰੂ ਜੀ ਦੇ ਘੋੜਿਆਂ ਦੀ ਸੁੰਦਰਤਾ ਨੇ ਉਹਨਾਂ ਨੂੰ ਘਰਾਂ ਨੂੰ ਨਾ

ਜਾਣ ਦਿਤਾ ਅਤੇ ਉਹਨਾਂ ਨੇ ਪੱਕਾ ਫੈਸਲਾ ਕਰ ਲਿਆ ਕਿ ਭਾਵੇਂ ਕੁਝ ਵੀ ਹੋਵੇ ਉਹ ਜ਼ਰੂਰ ਘੋੜੇ ਚੋਰੀ ਕਰਨਗੇ, ਉਹਨਾਂ ਦੀ ਮਤ ਮਾਰੀ ਗਈ ਉਹ ਡੇਰੇ ਵਿਚ ਜਾ ਵੜੇ, ਡੇਰੇ ਵਿਚ ਪੈਰ ਰਖਦੇ ਸਾਰ ਫਿਰ ਅੰਨ੍ਹੇ ਹੋ ਗਏ।

ਦੂਸਰੀ ਵਾਰ ਅੰਨ੍ਹੇ ਹੋਕੇ ਪਿਛੇ ਮੁੜਨ ਦੀ ਥਾਂ ਹੋਰ ਅਗੇ ਹੋਏ ਕਿ ਅੰਨ੍ਹੇ ਹੋਏ ਹੋਏ ਹੀ ਘੋੜੇ ਖੋਹਲਕੇ ਲੈ ਜਾਣ। ਭਾਣਾ ਕਰਤਾਰ ਦਾ ਉਨ੍ਹਾਂ ਨੂੰ ਘੋੜੇ ਨਾ ਲਭੇ, ਉਨ੍ਹਾਂ ਦਾ ਮੂੰਹ ਆਪਣੇ ਆਪ ਪਿੰਡ ਵਲ ਹੋ ਗਿਆ, ਉਹ ਘੋੜੇ ਲਭਦੇ ਲਭਦੇ ਸਤਿਗੁਰੂ ਜੀ ਦੇ ਡੇਰੇ ਨੂੰ ਪਿਛੇ ਛੱਡਕੇ ਆਪਣੇ ਪਿੰਡ ਆ ਪੁਜੇ। ਘਰਾਂ ਵਿਚ ਚਲੇ ਗਏ ਅੱਖਾਂ ਤੋਂ ਅੰਨ੍ਹੇ ਹੀ ਰਹੇ।

ਉਨ੍ਹਾਂ ਦੇ ਘਰਦਿਆਂ ਨੇ ਦੇਖਿਆ ਅਤੇ ਉਹਨਾਂ ਨੂੰ ਭਰੋਸਾ ਹੋ ਗਿਆ ਹੁਣ ਅੱਖੀਂ ਨਹੀਂ ਦਿਸੇਗਾ ਤਾਂ ਸਾਰੀ ਗਲ ਪ੍ਰਗਟ ਕਰ ਦਿੱਤੀ, ਘਰਾਂ ਦੀਆਂ ਜਨਾਨੀਆਂ ਤੇ ਸਿਆਣੇ ਮਰਦ ਇਕੱਤ੍ਰ ਹੋਏ, ਇਕੱਤ੍ਰ ਹੋਕੇ ਫੈਸਲਾ ਕੀਤਾ ਕਿ ਜੋ ਸੰਤ ਬਾਹਰ ਆਏ ਹਨ ਉਨ੍ਹਾਂ ਦੇ ਪੈਰੀਂ ਪੈਕੇ ਭੁਲ ਬਖਸ਼ਾਈ ਜਾਵੇ ਜੋ ਗਭਰੂ ਅੰਨ੍ਹੇ ਹੋ ਗਏ ਹਨ ਇਨ੍ਹਾਂ ਦੀ ਨਿਗਾਹ ਨੂੰ ਵਾਪਸ ਲਿਆ ਜਾਵੇ।'

ਗੁੜ, ਰੋਜੇ ਤੇ ਰੋਜਿਆਂ ਉਤੇ ਇਕ ਇਕ ਰੁਪਿਆ ਰਖਕੇ ਪਿੰਡ ਦੇ ਮੁਖੀ ਸਤਿਗੁਰੂ ਜੀ ਪਾਸ ਪੁਜੇ, ਉਹਨਾਂ ਦੇ ਨਾਲ ਉਹ ਸੱਤੇ ਚੋਰ ਵੀ ਸਨ ਜੋ ਘੋੜੇ ਚੋਰੀ ਕਰਨ ਆਏ ਤੇ ਅੰਨੇ ਹੋ ਚੁਕੇ ਸਨ। ਸਾਰਿਆਂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ, ਕਾਰ-ਭੇਟਾ ਸਤਿਗੁਰੂ ਜੀ ਦੇ ਮੋਹਰੇ ਰਖਕੇ ਇਕ ਮੁਖੀ ਏਨੇ ਇਉਂ ਬੇਨਤੀ ਕੀਤੀ—"ਮਹਾਰਾਜ! ਅਸਾਂ ਭੁਲਿਆਂ ਮੂਰਖਾਂ ਨੂੰ ਸੁਮਤ ਬਖਸ਼ੋ, ਅਸਾਂ ਦੇ ਪਾਪ ਨਾ ਚਿਤਾਰੋ ਤੇ ਇਹ ਜੋ ਗਭਰੂ ਆਪ ਦੇ ਘੋੜੇ ਚੋਰੀ ਕਰਨ ਆਏ ਸਨ ਅੰਨੇ ਹੋ ਗਏ ਹਨ ਇਹ ਅੰਨੇ ਆਪ ਦੀ ਸ਼ਕਤੀ ਨਾਲ ਹੋਏ ਹਨ ਆਪ ਹੀ ਦਇਆ ਕਰੋ ਤੇ ਇਨ੍ਹਾਂ ਨੂੰ ਚਾਨਣ ਬਖਸ਼ੋ, ਅਗੇ ਨੂੰ ਇਹ ਕਦੀ ਚੋਰੀ ਨਹੀਂ ਕਰਨਗੇ ਦਇਆ ਕਰੋ ਦਇਆ ਦੇ ਸਾਗਰ! ਹੇ ਦੀਨ ਦਿਆਲ ਕ੍ਰਿਪਾਲੂ ਦਇਆ ਕਰੋ।'

ਸਤਿਗੁਰੂ ਜੀ ਚੰਦਨ ਬ੍ਰਿਛ ਵਾਂਗ ਸਨ, ਜੋ ਕਟਣ ਵਾਲੇ ਨੂੰ ਵੀ ਸੁਗੰਧੀ ਬਖਸ਼ਦਾ ਹੈ ਸਤਿਗੁਰੂ ਜੀ ਨੇ ਬਚਨ ਕੀਤਾ—'ਉਨ੍ਹਾਂ ਘੋੜਿਆਂ ਦੀ ਸੇਵਾ ਕਰਨਾ ਬੱਸ ਅਖੀਂ ਦਿਸਣ ਲਗ ਪਵੇਗਾ। ਸਾਧਸੰਗਤ ਦੇ ਘੋੜੇ ਹਨ ਜੇ ਇਨ੍ਹਾਂ ਦੀ ਸੇਵਾ

ਹਨ ਜੋ ਇਨ੍ਹਾਂ ਦੀ ਸੇਵਾ ਕਰੇ ਜੋ ਮੂੰਹੋਂ ਮੰਗਿਆ ਫਲ ਪਾਵੇ। ਦੂਸਰਾ ਵਾਹਿਗੁਰੂ ਦਾ ਨਾਮ ਜਪਣ ਅਤੇ ਅਗੇ ਨੂੰ ਚੋਰੀ ਦਾ ਤਿਆਗ ਕਰਨ। ਸਾਧ-ਸੰਗਤ, ਗਰੀਬ ਨਿਆਸਰੇ ਦੀ ਸੇਵਾ ਕਰਨ ਦਾ ਬਚਨ ਦੇਣ।"

'ਮਰਦਾ ਕੀ ਨਹੀਂ ਕਰਦਾ' ਦੀ ਅਖੌਤ ਅਨੁਸਾਰ ਚੋਰਾਂ ਨੇ ਸਤਿਗੁਰੂ ਜੀ ਦੇ ਬਚਨ ਮੰਨ ਲਏ। ਨੱਕ ਨਾਲ ਲਕੀਰਾਂ ਕੱਢੀਆਂ, ਭੁਲ ਬਖਸ਼ਾਈ ਤੇ ਸਤਿਗੁਰੂ ਜੀ ਦੇ ਚਰਨਾਂ ਉਪਰ ਸਿਰ ਰਖਿਆ। ਉਹਨਾਂ ਦੀ ਇਹ ਹਾਲਤ ਦੇਖਕੇ ਦਾਤੇ ਨੇ ਮੇਹਰ ਕਰ ਦਿੱਤੀ, ਚੋਰ ਜਾਕੇ ਘੋੜਿਆਂ ਦੀ ਸੇਵਾ ਕਰਨ ਲਗੇ ਤਾਂ ਉਹਨਾਂ ਦੀਆਂ ਅੱਖਾਂ ਠੀਕ ਹੋ ਗਈਆਂ, 'ਧੰਨ ਸਤਿਗੁਰੂ ਜੀ ! ਧੰਨ ਸਤਿਗੁਰੂ ਜੀ !' ਦੇ ਸ਼ਬਦ ਉਨ੍ਹਾਂ ਦੇ ਮੂੰਹੋਂ ਮਲੋ ਮਲੀ ਨਿਕਲ ਗਏ। ਸਾਰਾ ਨਗਰ ਸ਼ਤਿਗੁਰੂ ਜੀ ਦਾ ਸੇਵਕ ਹੋ ਗਿਆ ਅਤੇ ਉਸ ਪਿੰਡ ਦਾ ਪਾਣੀ ਵੀ ਮਿੱਠਾ ਕੀਤਾ।

੨੦. ਸੂਰਜ ਗ੍ਰਹਿਣ ਸਮੇਂ ਕਰਛੇਤ੍ਰ ਤੀਰਥ ਉਤੇ ਸਾਧੂਆਂ ਨਾਲ ਗਿਆਨ ਚਰਚਾ

ਉਥੋਂ ਚਲਕੇ ਸਤਿਗੁਰੂ ਜੀ ਜੀਂਦ, ਬਹਰਜਖ ਤੇ ਕੈਥਲਚਲੇ ਗਏ। ਕੈਥਲ ਵਿਚ ਕੁਝ ਦਿਨ ਰਹੇ, ਨਾਮਦਾਨ ਇਸ਼ਨਾਨ ਜੀਵਾਂ ਨੂੰ ਬਖਸ਼ਕੇ ਸਤਿਗੁਰੂ ਜੀ ਬਾਨੇਸਰ ਸ਼ਹਿਰ ਆ ਪੁਜੇ। ਬਾਨੇਸਰ ਸ਼ਹਿਰ ਕਰੂਛੇਤ੍ਰ ਦੇ ਸਰੋਵਰਾਂ ਦੇ ਕਿਨਾਰੇ ਹੈ, ਮਹਾਂ ਭਾਰਤ ਦੀ ਲੜਾਈ ਦੇ ਪਿਛੋਂ ਇਸ ਤੀਰਥ ਉਤੇ ਸੂਰਜ ਗ੍ਰਹਿਣ ਦਾ ਮੇਲਾ ਲਗਦਾ ਹੈ ਜੋ ਹੁਣ ਤਕ ਵੀ ਲਗਦਾ ਹੈ ਤੇ ਲੱਖਾਂ ਦੀ ਗਿਣਤੀ ਵਿਚ ਨਰ ਨਾਰੀ ਪੁਜਦੇ ਤੇ ਤੀਰਥ ਇਸ਼ਨਾਨ ਕਰਦੇ ਹੋਏ ਪੂਜਾ ਦਾਨ ਕਰਦੇ ਹਨ। ਸਤਿਗੁਰੂ ਨਾਨਕ ਦੇਵ ਜੀ ਵੀ ਇਸ ਤੀਰਥ ਦੇ ਮੇਲੇ ਉਪਰ ਪੁਜੇ ਸਨ।

ਇਕ ਪਾਸੇ ਡੇਰਾ ਕਰ ਦਿੱਤਾ, ਭਾਰਤ ਦੇ ਹਰ ਸੂਬੇ ਤੇ ਜ਼ਿਲੇ ਵਿਚੋਂ ਯਾਤਰੂ ਅਤੇ ਸਾਰੇ ਡੇਰਿਆਂ ਤੇ ਤੀਰਥਾਂ ਦੇ ਸਾਧੂ ਆਏ ਹੋਏ ਸਨ। ਉਸ ਸਮੇਂ ਦੇ ਰਵਾਜ ਅਨੁਸਾਰ ਸਾਧੂਆਂ ਦੀਆਂ ਮੰਡਲੀਆਂ ਵਿਚ ਗਿਆਨ ਚਰਚਾ ਬਹੁਤ ਹੋਇਆ ਕਰਦੀ ਸੀ, ਉਸ ਗਿਆਨ ਚਰਚਾ ਦਾ ਅੰਤ 'ਜਿੱਤ-ਹਾਰ' ਦੇ ਫੈਸਲੇ ਤੇ ਹੀ ਹੁੰਦਾ ਸੀ।

ਸਤਿਗੁਰੂ ਜੀ ਜਦੋਂ ਡੇਰਾ ਲਾਕੇ ਸ਼ਾਮਿਆਨੇ ਹੇਠ ਬੈਠਕੇ ਸੰਗਤਾਂ ਨੂੰ ਉਪ-

ਦੇਸ਼ ਕਰਨ ਲਗੇ ਤਾਂ ਬਹੁਤ ਸਾਰੇ ਸਾਧੂਆਂ ਦੇ ਮਹਾਂ ਮੰਡਲਾਂ ਵਲੋਂ ਸੰਦੇਸ਼ ਆਏ ਕਿ ਉਹਨਾਂ ਦੇ ਗੁਰੂ (ਮਹੰਤ) ਸਤਿਗੁਰੂ ਜੀ ਨਾਲ ਗਿਆਨ ਚਰਚਾ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਸਮਾਂ ਦਿੱਤਾ ਜਾਵੇ।

ਸਤਿਗੁਰੂ ਜੀ ਗਿਆਨ-ਚਰਚਾ ਕਰਨ ਤੋਂ ਨਹੀਂ ਘਬਰਾਉਂਦੇ ਸਨ, ਪਰ ਉਹ ਕਿਸੇ ਨਾਲ ਲੜਨਾ ਵੀ ਨਹੀਂ ਸਨ ਚਾਹੁੰਦੇ ਉਹ ਤਾਂ ਸ਼ਾਂਤ ਤੇ ਵੈਰਾਗ ਮਨ ਵਾਲੇ ਸਨ, ਆਖਰ ਸਾਹਿਬਾਂ ਨੇ ਗਿਆਨ ਚਰਚਾ ਕਰਨ ਦਾ ਸਮਾਂ ਸੰਤ-ਮਹੰਤਾਂ ਨੂੰ ਬਖਸ਼ ਹੀ ਦਿੱਤਾ ਬਹੁਤ ਸਾਰੀ ਤਿਆਰੀ ਕਰਕੇ ਉਹ ਸਤਿਗੁਰੂ ਜੀ ਨਾਲ ਗਿਆਨ ਚਰਚਾ ਕਰਨ ਵਾਸਤੇ ਆਏ।

ਸਤਿਗੁਰੂ ਜੀ ਉਪਰ ਵਾਹਿਗੁਰੂ ਅਤੇ ਸਤਿਗੁਰੂ ਨਾਨਕ ਦੇਵ ਜੀ ਦੀ ਬਹੁਤ ਮੇਹਰ ਸੀ। ਗਿਆਨ ਦੇ ਭੰਡਾਰੇ ਭਰੇ ਸਨ, ਸਾਹਿਬਾਂ ਨੇ ਹਰ ਇਕ ਨੂੰ ਐਸਾ ਗਿਆਨ ਦਾ ਤੀਰ ਮਾਰਿਆ ਕਿ ਹਿਰਦਾ ਵਿੰਨ ਕੇ ਰੱਖ ਦਿੱਤਾ।

ਉਸ ਸਮੇਂ ਸਾਧੂਆਂਦੀ ਹਾਲਤ ਬਹੁਤ ਤਰਸਜੋਗਸੀ,ਉਹਭੁਲੇਖੇ ਵਿਚ ਸਨ, ਗਿਆਨ ਤੇ ਕਰਮ ਦੀ ਸੂਝ-ਬੂਝ ਘਟ ਸੀ,ਜੇ ਕਿਸੇਨੂੰ ਹੈ ਸੀ ਤਾਂ ਉਹ ਉਸ ਦੀ ਦੁਸ਼ਮਣ ਸੀ,ਜੋ ਬ੍ਰਹਮਗਿਆਨੀ ਅਖਵਾਉਂਦੇਸਨ ਉਹ ਘਰਘਾਟ ਤਿਆਗ ਆਏ। ਜੰਗਲਾਂ,ਪਹਾੜਾਂ, ਦਰਿਆਵਾਂ ਤੇ ਬੈਠਕੇ ਤਪਸਿਆ ਕਰਦੇ ਰਹਿੰਦੇਸਨ ਪਰ ਸ਼ਾਂਤੀ ਦੀ ਪ੍ਰਾਪਤੀ ਨਹੀਂ ਸੀ ਹੁੰਦੀ । ਵਾਸ਼ਨਾ ਦਾ ਅੰਤ ਨਹੀਂ ਸੀ ਹੁੰਦਾ। ਕਾਮ, ਕ੍ਰੋਧ ਤੇ ਲਾਲਚ ਉਸੇ ਵੇਲੇ ਸਤਾਉਣ ਲੱਗ ਪੈਂਦੇ ਸਨ ਜਿਸ ਵੇਲੇ ਉਹ ਇਕਾਂਤ ਨੂੰ ਛੱਡਕੇ ਦੁਨੀਆਂਵਿਚ ਆਉਂਦੇ ਸਨ।"ਮੈਂ ਵੱਡਾ ਜੋਗੀ,ਸੰਨਿਆਸੀ ਜਾਂ ਬ੍ਰਹਮ ਗਿਆਨੀ ਹਾਂ!ਮੇਰੇ ਤੁਲ ਕੋਈ ਨਹੀਂ।"ਇਉਂ ਵਿਦਿਆ ਤੇ ਗਿਆਨ ਤਪਸਿਆ ਦਾ ਹੰਕਾਰ ਹੋ ਜਾਂਦਾ ਸੀ, ਨਾਰੀ ਰੂਪ ਤੇ ਦੌਲਤ ਉਨ੍ਹਾਂ ਦੇ ਮਨਾਂ ਨੂੰ ਮੋਹ ਲੈਂਦੇਸਨ।ਇਸਤਰਾਂ ਨਾ ਉਹ ਮੁਕਤੀਪ੍ਰਾਪਤਕਰਦੇ ਤੇ ਨਾ ਗ੍ਰਹਿਸਤਜਗਤ ਵਿਚ ਰਹਿਕੇ ਜਗਤਨੂੰ ਸੁਖੀ ਬਨਾਉਣ ਦਾ ਕੋਈ ਜਤਨ ਕਰਦੇ,ਅੱਜ ਵੀ ਲੱਖਾਂ ਦੀ ਗਿਣਤੀ ਵਿਚ ਸਾਧੂ ਸੰਤ ਹਨ ਜੋ ਕਿਰਤ ਕਮਾਈ ਕੋਈ ਨਹੀਂ ਕਰਦੇ ਬਸ ਸਾਧੂ ਭੇਖ ਕਰਕੇ ਲੋਕਾਂ ਸਿਰ ਭਾਰ ਹਨ। ਅਨੇਕਾਂ ਖਰਾਬੀਆਂ ਦਾ ਮੂਲ ਹਨ।

ਸਤਿਗੁਰੂ ਜੀ ਨੇ ਸਾਰਿਆਂ ਨੂੰ ਭਗਤੀ ਤੇ ਜੀਵਨ ਦਾ ਸਹੀ ਮਾਰਗ

ਦਸਿਆ। ਭਗਤੀ, ਜੁਗਤੀ ਤੇ ਸ਼ਕਤੀ ਦੀ ਮਹਾਨਤਾ ਦਸਦਿਆਂ ਹੋਇਆਂ ਕਿਹਾ— ਹੇ ਸਾਧੋ ! ਮਨ ਦਾ ਹੰਕਾਰ ਮਾਰੋ ! ਹੱਥਾਂ ਨਾਲ ਕਿਰਤ ਕਰਕੇ ਜੀਵਨ ਬਤੀਤ ਕਰੋ। ਅੰਨ ਤੇ ਕਪੜੇ ਬਦਲੇ ਕਿਸੇ ਦੇ ਦਾਸ ਨਾ ਹੋਵੋ, ਵਾਸ਼ਨਾ ਦਾ ਅੰਤ ਕਰੋ। ਵਾਹਿਗੁਰੂ ਦਾ ਸਿਮਰਨ ਰਾਤ ਦਿਨੇ ਕਰੋ। ਸੇਵਾ, ਸਿਮਰਨ ਹੀ ਤਪਸਿਆ ਹੈ। ਬਰਫਾਨੀ ਪਹਾੜਾਂ ਦੀਆਂ ਘਾਟੀਆਂ ਵਿਚ ਬੈਠਕੇ ਤਨ ਨੂੰ ਸਾੜਨ ਤੇ ਸੁਕਾਉਣ ਨਾਲ ਕਦੀ ਮੁਕਤੀ ਤੇ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਇਹ ਤਾਂ ਆਤਮਘਾਤ ਕਰਨਾ ਹੈ। ਅਰੋਗ ਤਨ ਆਤਮਾਂ ਦਾ ਰਖਵਾਲਾ ਹੈ ਜੇਕਰ ਤਨ ਅਰੋਗ ਹੈ ਤਾਂ ਮਨ ਬਲ-ਵਾਨ ਹੋਵੇਗਾ ਜੇ ਤਨ ਨਿਰਮਲ ਹੋਵੇ ਤਾਂ ਮਨ ਕੁਦਰਤੀ ਤੌਰ ਤੇ ਨਿਰਮਲ ਹੋ ਜਾਂਦਾ ਹੈ। ਨਿਰਬਲ ਤਨ ਤੇ ਮਨ ਵਾਲਾ ਪੁਰਖ ਜਗਤ ਵਿਚ ਕੁਝ ਨਹੀਂ ਕਰ ਸਕਦਾ। ਦੇਸ਼ ਦੇ ਵਿਚ ਜਹਾਲਤ, ਕਮਜ਼ੋਰੀ, ਪਾਪ, ਜ਼ੁਲਮ ਦੇ ਵਧਣ ਦਾ ਕਾਰਨ, ਸਾਧੂ ਮਨ ਦੀ ਕਮਜ਼ੋਰੀ ਹੈ। ਇਹ ਸੁਤੰਤ੍ਰਤਾ ਨਾਲ ਲੋਕਾਂ ਨੂੰ ਜੀਵਨ ਸਿਖਿਆ ਨਹੀਂ ਦੇ ਸਕਦੇ, ਪ੍ਰਦੇਸੀ ਜਰਵਾਨਿਆਂ ਪਾਸੋਂ ਡਰਦੇ ਹਨ।"

੨੧. ਸਤਿਗੁਰੂ ਜੀ ਦਾ ਮਥਰਾ ਤੇ ਆਗਰੇ ਜਾਣਾ

ਥਾਨੇਸਰ ਦੇ ਨੇੜੇ ਕੜਾ ਮਾਣਕ ਅਸਥਾਨ ਹੈ, ਏਥੇ ਸਤਿਗੁਰੂ ਜੀ ਨੇ ਮਲੂਕਦਾਸ ਸਾਧੂ ਨੂੰ ਨਿਹਾਲ ਕੀਤਾ ਸੀ, ਮਲੂਕਦਾਸ ਗੁਰੂ ਘਰ ਤੋਂ ਜਾਣੂ ਸੀ ਪਰ ਉਸਨੂੰ ਕਿਸੇ ਸਤਿਗੁਰੂ ਜੀ ਦੇ ਅਜੇ ਦਰਸ਼ਨ ਨਹੀਂ ਸਨ ਹੋਏ, ਉਹ ਦਿਨੇ ਰਾਤ ਦਰਸ਼ਨ ਕਰਨ ਵਾਸਤੇ ਤੜਪਦਾ ਰਹਿੰਦਾ ਸੀ ਉਹਦੇ ਭਾਗ ਜਾਗੇ,ਕਰਤਾਰ ਨੇ ਮੇਹਰ ਕੀਤੀ ਜੋ ਸਤਿਗੁਰੂ ਜੀ ਜਗਤ ਜੀਵਾਂ ਨੂੰ ਤਾਰਨ ਵਾਸਤੇ ਉਹਦੇ ਨੇੜੇ ਆ ਪੁਜੇ।

ਅੰਤਰਜਾਮੀ ਦਾਤੇ ਨੇ ਸੇਵਕਾਂ ਨੂੰ ਹੁਕਮ ਦਿੱਤਾ—'ਚਲੋ ਕੜਾ ਮਾਣਕ' ਉਸੇ ਵੇਲੇ ਹੁਕਮ ਦੀ ਪਾਲਨਾ ਹੋਈ, ਥਾਨੇਸਰ ਦੇ ਮੇਲੇ ਵਿਚੋਂ ਨਿਕਲਕੇ ਸਾਹਿਬ ਮਲੂਕ ਦਾਸ ਦੇ ਡੇਰੇ ਜਾ ਪੁਜੇ। ਉਸਨੂੰ ਪਹਿਲਾਂ ਪਤਾ ਲਗ ਗਿਆ ਕਿ ਸਤਿਗੁਰੂ ਜੀ ਆ ਰਹੇ ਹਨ ਉਹ ਆਸਣ ਛੱਡਕੇ ਨੰਗੀ ਪੈਰੀਂ ਨੱਠ ਉੱਠਿਆ। ਰਾਹ ਵਿਚ ਹੀ ਪੁਜਕੇ ਉਸਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਸਿਰ ਰੱਖ ਦਿੱਤਾ। ਚਰਨ ਧੂੜ ਲੈਕੇ ਮੱਥੇ ਤੇ ਨੈਨਾਂ ਨੂੰ ਲਾਈ। ਹਿਰਦਾ ਸ਼ਾਂਤ ਹੋਇਆ,ਸਤਿਗੁਰੂ ਜੀ ਦੇ ਘੋੜੇ ਦੇ ਨਾਲ ਨਾਲ

ਤੁਰਦਾ ਹੋਇਆ ਡੇਰੇ ਆਇਆ।

ਮਲੂਕ ਦਾਸਨੇ ਵਹੀਰ ਸਮੇਤ ਸਤਿਗੁਰੂਜੀਦੀ ਸੇਵਾਕੀਤੀ,ਸੰਗਤਵਿਚ ਬੈਠਕੇ ਉਪਦੇਸ਼ਸੁਣਿਆਂ।ਸਾਹਿਬਾਂ ਨੇ ਇਹਸ਼ਬਦਪੜ੍ਹਕੇ ਗਿਆਨਬਖਸ਼ਿਆ—

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥
ਜਿਹ ਸਿਮਰਤਿ ਗਨਕਾ ਸੀ ਉਧਰੀ ਤਾਕੋ ਜਸੁ ਉਰਧਾਰੋ॥ ੧ ॥ ਰਹਾਉ ॥
ਅਟਲੁ ਭਇਓ ਧ੍ਰੂਅ ਜਾਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜੁ ਗ੍ਰਾਹ ਤੇ ਛੂਟਾ॥
ਮਹਿਮਾ ਨਾਮ ਕਹਾ ਲਉ ਬਰਨਉ ਰਾਮੁ ਕਹਤ ਬੰਧਨੁ ਤਿਹ ਤੂਟਾ॥੨॥
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕੁ ਕਹਤੁ ਚੇਤਿ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥ (ਸੋਰਠ ਮਃ ੯)

ਤਿਸਦਾ ਪ੍ਰਮਾਰਥ—ਹੇ ਜੀਵ-ਆਤਮਾਂ! ਪ੍ਰਭੂ ਦੀ ਸ਼ਰਨ ਵਿਚ ਰਹਿਣ ਦਾ ਵਿਚਾਰ ਕਰ ਅਤੇ ਪ੍ਰਭੂ ਦਾ ਨਾਮ ਜਪ। ਪ੍ਰਭੂ (ਵਾਹਿਗੁਰੂ) ਦੇ ਨਾਮ ਦਾ ਸਿਮਰਨ ਕਰਨਾ ਅਤੇ ਉਨ੍ਹਾਂ ਦੇ ਚਰਨਾਂ ਵਿਚ ਲਿਵ ਲਾਈ ਰਖਣਾ ਐਸਾ ਪਵਿਤ੍ਰ ਹੈ ਕਿ ਗਨਕਾ (ਵੇਸਵਾ) ਵੀ ਸੁਰਗ ਲੋਕ ਨੂੰ ਚਲੀ ਗਈ। ਐਸੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਕੇ ਹੀ ਧ੍ਰੂਹ ਭਗਤ ਤਰ ਗਿਆ ਸੀ ਤੇ ਸਦੀਵੀ ਕਾਲ ਵਾਸਤੇ ਅਮਰ ਹੋ ਗਿਆ। ਐਸੇ ਆਸਣ ਉਤੇ ਜਾ ਬਿਰਾਜਮਾਨ ਹੋਇਆ ਕਿ ਜਿਥੇ ਕਿਸੇ ਕਿਸਮ ਦਾ ਕੋਈ ਖਤਰਾ ਨਹੀਂ। ਵਾਹਿਗੁਰੂ ਇਸਤਰਾਂ ਦੁਖਾਂ ਨੂੰ ਨਾਸ਼ ਕਰਨ ਵਾਲਾ ਹੈ। ਫਿਰ ਜੀਵ ਆਤਮਾ ਤੂੰ ਕਿਉਂ ਵਿਸਾਰਿਆ ਹੋਇਆ ਹੈ? ਕਿਉਂ ਉਸਨੂੰ ਯਾਦ ਨਹੀਂ ਕਰਤਾ?

ਗਜ (ਹਾਥੀ) ਪਿਛਲੇ ਜਨਮ ਵਿਚ ਗੰਧਰਬਸੀ,ਉਸਨੂੰ ਕਿਸੀ ਰਿਖੀ ਨੇ ਸਰਾਪ ਦੇ ਦਿੱਤਾ ਕਿ ਤੂੰ ਮਾਤ ਲੋਕ ਵਿਚ ਜਾਕੇ ਹਾਥੀ ਬਣੇ। ਉਹ ਹਾਥੀ ਵਰਣ ਦੇਵਤਾ ਦੇ ਤਾਲਾਬ ਵਿਚ ਜਾ ਵੜਿਆ। ਵਰਣ ਦੀ ਸ਼ਕਤੀ ਰਖਣ ਵਾਲੇ ਤੰਦੂਏ ਨੇ ਉਸਨੂੰ ਆਪਣੀਆਂ ਤੰਦਾਂ ਵਿਚ ਜਕੜ ਲਿਆ, ਜਿਸ ਕਾਰਨ ਹਾਥੀ ਬਹੁਤ ਦੁਖੀ ਹੋਇਆ, ਉਸ ਵੇਲੇ ਹਾਥੀ ਨੇ ਵਾਹਿਗੁਰੂ ਦੇ ਨਾਮ ਦਾ ਜਾਪ ਕੀਤਾ ਤਾਂ

ਤੰਦੂਏ ਦੀਆਂ ਸਾਰੀਆਂ ਤੰਦਾਂ ਟੁਟ ਗਈਆਂ ਹਾਥੀ ਬਚ ਗਿਆ । ਸਤਿਗੁਰੂ ਜੀ ਫੁਰਮਾਉਂਦੇ ਹਨ ਐਸੇ ਸ਼ਕਤੀ ਵਾਲੇ ਪ੍ਰਭੂ ਦੇ ਨਾਮ ਦਾ ਸਿਮਰਨ ਜਰੂਰ ਕਰੋ। ਉਸ (ਹਾਥੀ) ਨੇ ਵੀ ਤਾਂ ਪ੍ਰਭੂ ਦਾ ਜਸ ਗਾਇਆ ਸੀ। ਅਜਾਮਲ ਪਾਪੀ (ਇਕ ਹੋਰ ਕਥਾ ਦਸਦੇ ਹਨ) ਨੂੰ ਸਾਰਾ ਜਗਤ ਜਾਣਦਾ ਸੀ, ਉਹ ਵੀ ਵਾਹਿਗੁਰੂ ਦਾ ਨਾਮ ਸਿਮਰਨ ਦੇ ਕਾਰਨ ਇਕ ਪਲ ਵਿਚ ਤਰ ਗਿਆ ਗੁਰੂ ਜੀ ਕਹਿੰਦੇ ਹਨ ਹੇ ਜੀਵ ਆਤਮਾ ਐਸੇ ਵਾਹਿਗੁਰੂ ਨੂੰ ਤੂੰ ਵੀ ਯਾਦ ਕਰ।

ਸੰਤ ਮਲੂਕਦਾਸ ਜੀ ਪਾਸ ਸਤਿਗੁਰੂ ਜੀ ਪੰਜ ਦਿਨ ਰਹੇ ਤੇ ਫਿਰ ਅਗੇ ਤੁਰ ਪਏ।

ਸਤਿਗੁਰੂ ਜੀ ਦਾ ਇਹ ਦੌਰਾ ਇਕ ਪ੍ਰਕਾਰ ਦਾ ਧਰਮ ਪ੍ਰਚਾਰ ਦਾ ਦੌਰਾ ਸੀ। ਸਤਿਗੁਰੂ ਨਾਨਕ ਦੇਵ ਜੀ ਜਿਨ੍ਹਾਂ ਧਰਮ ਦੇ ਬੂਟਿਆਂ ਨੂੰ ਲਾ ਆਏ ਸਨ ਉਨ੍ਹਾਂ ਦੀ ਦੇਖ ਭਾਲ ਕਰਨੀ ਬਹੁਤ ਜ਼ਰੂਰੀ ਸੀ, ਬਹੁਤੀਆਂ ਥਾਵਾਂ ਤੇ ਬੂਟੇ ਕਮਲਾ ਵੀ ਗਏ ਸਨ। ਸਤਿਗੁਰੂ ਨਾਨਕ ਦੇਵ ਜੀ ਦੇ ਪਿਛੋਂ ਨਾਵੇਂ ਸਤਿਗੁਰੂ ਜੀ ਨੇ ਲੰਮੀ ਪ੍ਰਚਾਰ ਫੇਰੀ ਕੀਤੀ ਹੈ ਜਿਨ੍ਹਾਂ ੨ ਅਸਥਾਨਾਂ ਤੇ ਸਤਿਗੁਰੂ ਨਾਨਕ ਦੇਵ ਜੀ ਪੁਜੇ ਸਨ, ਪੂਰਬ ਵਿਚ ਉਨ੍ਹਾਂ ਅਸਥਾਨਾਂ ਤੇ ਨਾਵੇਂ ਪਾਤਸ਼ਾਹ ਪੁਜੇ । ਕਈ ਨਵੀਆਂ ਥਾਵਾਂ ਤੇ ਵੀ ਗਏ ਜਿਥੇ ਅਜੇ ਤਕ ਗੁਰਦੁਵਾਰੇ ਕਾਇਮ ਹਨ ਤੇ ਉਨ੍ਹਾਂ ਦੇ ਸੁਨਹਿਰੀ ਕਲਸ ਦੂਰੋਂ ਦਿਖਾਈ ਦੇਂਦੇ ਹਨ।

ਮਲੂਕਦਾਸ ਨੂੰ ਨਿਹਾਲ ਕਰਕੇ ਸਤਿਗੁਰੂ ਜੀ ਬਿੰਦਰਾ ਬਨ-ਗੋਕਲ ਜਮਨਾ ਕਿਨਾਰੇ ਜਾ ਪੁਜੇ। ਸਤਿਗੁਰੂ ਜੀ ਸਾਥ ਤਕੜਾ ਵਹੀਰ ਸੀ, ਗੁਰ ਸਿਖਾਂ ਤੋਂ ਬਿਨਾਂ ਬਹੁਤ ਸਾਰੇ ਸਾਧੂ ਆਪਦੇ ਸਾਥ ਹੋ ਤੁਰੇ ਸਨ। ਹਰ ਅਸਥਾਨ ਤੇ ਜਿਥੇ ਵੀ ਸਾਹਿਬ ਡੇਰਾ ਕਰਦੇ ਉਥੇ ਹੀ ਗਿਆਨ ਵਿਚਾਰ, ਗੁਰਬਾਣੀ ਕੀਰਤਨ ਤੇ ਸੰਤ ਸੰਗ ਹੁੰਦਾ।

ਬਿੰਦਰਾ ਬਨ ਗੋਕਲ ਉਹ ਪਵਿਤ੍ਰ ਰੰਗ ਭੂਮੀ ਹੈ ਜਿਥੇ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਆਤਮਕ ਜੀਵਨ ਦਾ ਨਾਟਕ ਖੇਡਿਆ ਤੇ ਜੀਵਾਂ ਦੇ ਕਲਿਆਣ ਹਿਤ ਆਪਣੇ ਢੰਗ ਨਾਲ ਉਪਦੇਸ਼ ਕੀਤਾ। ਸ੍ਰੀ ਕ੍ਰਿਸ਼ਨ ਜੀ ਦੀਆਂ ਸੈਂਕੜੇ ਅਮਰ ਯਾਦਗਾਰਾਂ ਦੋਹਾਂ ਅਸਥਾਨਾਂ ਉਤੇ ਹਨ। ਬਿੰਦਰਾਬਨ ਦੀ ਧਰਤੀ ਤੇ ਬਨਾਸਪਤੀ ਵਿਚੋਂ ਅਜੇ ਪ੍ਰੀਤ ਤੇ ਗਿਆਨ ਰਸ ਵਾਲੀ ਬੰਸਰੀ ਦੀ ਮਿੱਠੀ ਧੁਨ ਉਤਪਨ ਹੁੰਦੀ

ਹੋਈ ਭਗਤਜਨਾਂ ਨੂੰ ਸੁਣਾਈ ਦੇਂਦੀ ਹੈ। ਸ੍ਰੀ ਮਦ ਭਾਗਵਤ ਗੀਤਾ ਦਾ ਇਕ ਇਕ ਸ਼ਲੋਕ ਬਨਾਸਪਤੀ ਦੇ ਪੱਤੇ ਪੱਤੇ ਉਤੇ ਉਕਰਿਆ ਹੋਇਆ ਗੁਰਮੁਖਾਂ ਨੂੰ ਦਿਖਾਈ ਦੇਂਦਾ ਹੈ।

ਸਤਿਗੁਰੂ ਜੀ ਨੇ ਸਾਥੀਆਂ ਸਮੇਤ ਸਾਰੇ ਮੰਦਰਾਂ ਤੇ ਤੀਰਥਾਂ ਦੀ ਯਾਤਰਾ ਕੀਤੀ, ਸਤਿਗੁਰੂ ਨਾਨਕ ਦੇਵ ਜੀ ਦੀ ਤਰਾਂ ਸੰਸਾਰੀ ਜੀਵਾਂ ਨੂੰ ਭੁਲੇਖੇ ਤੇ ਅਗਿਆਨਤਾ ਦਾ ਸ਼ਿਕਾਰ ਹੋਇਆ ਦੇਖਕੇ ਸਾਹਿਬਾਂ ਨੇ ਸੱਚੇ ਭਗਤੀਮਾਰਗ ਦਾ ਉਪਦੇਸ਼ਦਿੱਤਾ,ਅਨੇਕਜੀਵਾਂਨੂੰਨਾਮਦਾਨਬਖਸ਼ਿਆਮਥਰਾ ਵਿਚ ਸਤਿਗੁਰੂ ਜੀ ਤਿੰਨ ਦਿਨਰਹੇ ਅਤੇ ਇਸਦੇ ਪਿਛੋਂ ਆਗਰੇ ਵਲ ਤੁਰ ਪਏ।

੨੨. ਆਗਰੇ ਵਿਚ ਉਪਦੇਸ਼

ਆਗਰਾ ਉਸ ਸਮੇਂ ਹਿੰਦੁਸਤਾਨ ਦੀ ਰਾਜਧਾਨੀ ਸੀ, ਔਰੰਗਜ਼ੇਬ ਨੇ ਭਾਵੇਂ ਦਿਲੀ ਵਿਚ ਆ ਡੇਰੇ ਲਾਏ ਸਨ ਪਰ ਜੋ ਮਹਾਨਤਾ ਆਗਰੇ ਨੂੰ ਪ੍ਰਾਪਤ ਸੀ ਉਹ ਦਿਲੀ ਨੂੰ ਪ੍ਰਾਪਤ ਨਹੀਂ ਸੀ ਹੋਈ, ਮੁਸਲਮਾਨਾਂ ਦੀ ਵਸੋਂ ਦੇ ਨਾਲ ਹਿੰਦੂ ਵਸੋਂ ਬਹੁਤ ਸੀ ਇਸਲਾਮ ਤੇ ਹਿੰਦੂ ਮਤ ਦਾ ਵੱਡਾ ਕੇਂਦਰ ਸੀ।

ਤੀਸਰੀ ਪਾਤਸ਼ਾਹੀ ਤੋਂ ਛੇਵੀਂ ਪਾਤਸ਼ਾਹੀ ਤਕ ਆਗਰਾ ਸਿੱਖ ਧਰਮ ਦਾ ਵੀ ਕੇਂਦਰਸੀ, ਭਾਈ ਗੁਰਦਾਸ ਜੀਨੇ ਆਪਣੀ ਵਿਦਵਤਾ ਅਤੇ ਸਤਿਗੁਰੂ ਜੀ ਦੀ ਕ੍ਰਿਪਾਲਤਾ ਨਾਲ ਅਨੇਕਾਂ ਪੰਡਤਾਂ ਨੂੰ ਗੁਰੂ ਘਰ ਦੇ ਸ਼ਰਧਾਲੂ ਬਣਾਇਆ ਹੋਇਆ ਸੀ। ਸ਼ਾਹਜਹਾਨ ਦੀ ਕੈਦ, ਮੌਤ ਅਤੇ ਔਰੰਗਜ਼ੇਬ ਦੀ ਤੁਅਸਬੀ ਤਬੀਅਤ ਨੇ ਹਿੰਦੂਆਂ ਨੂੰ ਭੈ ਭੀਤ ਕਰ ਦਿਤਾ ਸੀ ਉਹ ਗੁਰੂ ਘਰ ਦੀ ਸ਼ਰਧਾ ਹਿਰਦਿਆਂ ਵਿਚ ਤਾਂ ਰਖਦੇ ਸਨ ਪਰ ਪ੍ਰਗਟ ਨਹੀਂ ਸਨ ਕਰਦੇ। ਸਿੱਖੀ ਸ਼ਰਧਾ ਘਟਦੀ ਜਾਂਦੀ ਸੀ ਉਸ ਵੇਲੇ ਸਤਿਗੁਰੂ ਜੀ ਦਾ ਆਗਰੇ ਵਿਚ ਜਾਣਾ ਉਸੇ ਤਰਾਂ ਜਾਣਾ ਠੀਕ ਸੀ ਜਿਵੇਂ ਬਹੁਤ ਸਾਰੇ ਰੋਗੀਆਂ ਵਿਚ ਵੈਦ ਦਾ ਜਾਣਾ ਅਤੀ ਲਾਭਵੰਦ ਹੁੰਦਾਹੈ, ਅਕਾਲ ਪੁਰਖ ਦੇ ਹੁਕਮ ਨਾਲ ਸਤਿਗੁਰੂ ਜੀ ਆਗਰੇ ਸ਼ਹਿਰ ਜਾ ਪੁਜੇ। 'ਮਾਈ ਥਾਨ' ਦੇ ਲਾਗੇ ਡੇਰਾ ਲਾ ਦਿੱਤਾ।

ਸਤਿਗੁਰੂ ਜੀ ਦਾ ਆਉਣਾਸੁਣਕੇ ਸਿੱਖਾਂ ਅਤੇ ਗੁਰੂ ਘਰ ਦੇ ਸ਼ਰਧਾਲੂਆਂ ਨੂੰ ਪਤਾ ਲਗ ਗਿਆ ਉਹ ਉਸੇ ਵੇਲੇ ਹੱਥਲੇ ਸਾਰੇ ਕੰਮ ਛਡਕੇ ਸਤਿਗੁਰੂ ਜੀ ਦੇ

ਦਰਸ਼ਨਾਂ ਵਾਸਤੇ ਵਹੀਰਾਂ ਘੱਤ ਆਇ।ਸਭ ਨੂੰ ਚਾਅ ਚੜ੍ਹ ਗਏ, ਉਹਨਾਂ ਦੀ ਆਤਮਾ ਮੁੜ ਸੁਰਜੀਤ ਹੋਈ। ਮੁਸਲਮਾਨਾਂ ਦੇ ਜ਼ੁਲਮਾਂ ਦਾ ਭੈ ਦੂਰ ਹੋ ਗਿਆ।

ਹਰ ਇਕ ਪ੍ਰਾਣੀ ਨੇ ਸਤਿਗੁਰ ਜੀ ਦੇ ਚਰਨ ਕਮਲਾਂ ਉਪਰ ਮੱਥਾ ਟੇਕਿਆ, ਚਰਨ ਧੂੜ ਲੈਕੇ ਮੱਥੇ ਨੂੰ ਲਾਈ, ਸਤਿਗੁਰੂ ਜੀ ਨੇ ਸਭ ਦੀ ਸੁਖ ਸਾਂਦ ਪੁਛੀ, ਸਭ ਨੂੰ ਨਾਮਦਾਨ ਤੇ ਮੇਹਰ ਦੀ ਨਿਗਾਹ ਨਾਲ ਨਿਹਾਲ ਕੀਤਾ।

ਗੁਰੂ ਦੇ ਸਿੱਖਾਂ ਦਾ ਆਪਣਾ ਕੁਝ ਨਹੀਂ ਹੁੰਦਾ ਉਹ ਤਾਂ ਤਨ, ਮਨ ਤੇ ਧਨ ਸਭ ਕੁਝ ਹੀ ਸਤਿਗੁਰੂ ਜੀ ਦੇ ਅਰਪਣ ਕਰ ਦੇਂਦੇ ਹਨ, ਗੁਰ ਸਿੱਖਾਂ ਤੇ ਸ਼ਰਧਾਲੂ ਜਨਾਂ ਨੇ ਸਾਹਿਬਾਂ ਦੇ ਲੰਗਰ ਵਾਸਤੇ ਵਸਤੂਆਂ ਭੇਟ ਕੀਤੀਆਂ। ਗੁਰੂ ਕਾ ਲੰਗਰ ਜਾਰੀ ਹੋਗਿਆ,ਹਿੰਦੂ,ਮੁਸਲਮਾਨ ਜਾਂ ਕੋਈ ਅਛੂਤ ਗੁਰੂ ਕੇ ਲੰਗਰ ਵਿਚ ਆਇਆ ਉਹੋ ਹੀ ਪੇਟ ਭਰਕੇ ਖਾਂਦਾ ਗਿਆ। ਸਤਿਗੁਰੂ ਜੀ ਦਾ ਹੁਕਮ ਸੀ–"ਸਾਰੇ ਮਨੁਖ ਹਨ ਸਭ ਦੀ ਆਤਮਾ ਤੇ ਸਰੀਰ ਇਕ ਜੈਸਾ ਹੈ ਕਿਸੇ ਨਾਲ ਘਿਰਨਾ ਤੇ ਈਰਖਾ ਨਾ ਕਰੋ।"

ਸਾਹਿਬਾਂ ਨੇ ਦੀਵਾਨ ਕੀਤਾ, ਦੀਵਾਨ ਵਿਚ ਬਹੁਤ ਸੰਗਤ ਹਾਜ਼ਰ ਹੋਈ। ਮੌਲਵੀ, ਫਕੀਰ ਤੇ ਹਿੰਦੂ ਸੰਤ ਮਹੰਤ ਤੇ ਪੰਡਤ ਵੀ ਸਤਿਗੁਰੂ ਜੀ ਦਾ ਉਪਦੇਸ਼ ਸੁਣਨ ਵਾਸਤੇ ਆਏ। ਸਾਹਿਬਾਂ ਨੇ ਕਲਜੁਗੀ ਜੀਵ ਨੂੰ ਸੰਬੋਧਨ ਕਰਕੇ ਸ਼ਬਦ ਉਚਾਰਿਆ:–

ਯਹ ਮਨੁ ਨੈਕ ਨ ਕਹਿਓ ਕਰੈ॥ਸੀਖ ਸਿਖਾਇ ਰਹਿਓ ਅਪਨੀ ਸੀ ਦੁਰ-
ਮਤਿ ਤੇ ਨ ਟਰੈ॥੧॥ਰਹਾਉ॥ ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ
ਨਹ ਉਚਰੈ ॥ ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥ਕਹੁ ਨਾਨਕ ਭਜੁ
ਰਾਮ ਨਾਮੁ ਨਿਤ ਜਾ ਤੇ ਕਾਜੁ ਸਰੈ॥੨॥੧॥ (ਦੇਵ ਗੰਧਾਰੀ ਮ: ੯)

"ਹੇ ਸਿਖੋ ਤੇ ਗੁਰਮੁਖ ਜਨੋ ! ਮਨ ਉਤੇ ਕਾਬੂ ਪਾਉਣਾ ਚਾਹੀਦਾ ਹੈ ਮਨ ਐਸਾ ਹੈ ਕਿ ਇਹ ਚੰਗੀ ਸਿਖਿਆ ਤੇ ਲਗਦਾ ਨਹੀਂ ਤੇ ਕਿਸੇ ਦਾ ਆਖਾ ਸੁਣਦਾ ਹੈ। ਆਪਣੀ ਅਕਲ ਪਿਛੇ ਤੁਰਦਾ ਹੈ। ਬੁਰੀ ਮਤ ਦਾ ਤਿਆਗ ਨਹੀਂ ਕਰਦਾ, ਇਸ ਮਨ ਨੂੰ ਮਾਯਾ ਚੰਗੀ ਲਗਦੀ ਹੈ ਉਸੇ ਦੇ ਨਸ਼ੇ ਵਿਚ ਮਸਤ ਰਹਿੰਦਾ

ਹੈ, ਕਦੀ ਹਰੀ ਜਸ ਨਹੀਂ ਗਾਉਂਦਾ, ਕਦੀ ਉਸ ਦਾਤੇ ਨੂੰ ਚੇਤੇ ਨਹੀਂ ਕਰਦਾ, ਜਿਸਨੇ ਇਸਨੂੰ ਜਨਮ ਦਿੱਤਾ ਹੈ। ਅਨੇਕਾਂ ਪਰਕਾਰ ਦੇ ਪਰਪੰਚ ਕਰਕੇ ਮਾਇਆ ਨੂੰ ਇਕੱਤ੍ਰ ਕਰਦਾ ਕੇ ਹਾਥੀ ਵਤ ਹੰਕਾਰ ਦੇ ਨਸ਼ੇ ਨਾਲ ਮਸਤ ਹੋਇਆ ਹੋਇਆ ਲੋਕਾਂ ਨੂੰ ਡਰੌਂਦਾ ਹੈ ਤੇ ਪੇਟ ਭਰੀ ਰਖਦਾ ਹੈ। ਮਨ ਅਮੋੜ ਦੀ ਐਸੀ ਹਾਲਤ ਹੈ ਕਿ ਇਹ ਕੁਤੇ ਦੀ ਪੂਛ ਵਾਂਗ ਅਮੋੜ ਹੀ ਰਹਿੰਦਾ ਹੈ, ਜਿਵੇਂ ਉਹ ਬਾਰਾਂ ਸਾਲ ਬਾਂਸ ਵਿਚ ਪਈ ਹੋਈ ਕਦੀ ਸਿੱਧੀ ਨਹੀਂ ਹੁੰਦੀ, ਉਹ ਟੇਢੀ ਦੀ ਟੇਢੀ ਰਹਿੰਦੀ ਹੈ। ਆਖਰ ਐਸਾ ਮਨ ਨਰਕਾਂ ਨੂੰ ਜਾਂਦਾ ਹੈ। ਜੀਵ ਨੂੰ ਚਾਹੀਦਾ ਹੈ ਕਿ ਉਹ ਗੁਰੂ ਦੇ ਆਖੇ ਲਗਕੇ ਰਾਮ ਨਾਮ ਦਾ ਭਜਨ ਕਰੇ, ਜਿਸ ਨਾਲ ਉਹਦੇ ਕੰਮ ਸਾਰੇ ਸਰ ਜਾਣ। ਕਿਉਂ ਵਾਹਿਗੁਰੂ (ਰਾਮ ਨਾਮ) ਤੋਂ ਬਿਨਾ ਮਨ (ਜੀਵ ਆਤਮਾ) ਦਾ ਕੋਈ ਸਹਾਇਕ ਨਹੀਂ ਹੁੰਦਾ।

ਇਸਤਰਾਂ ਸਤਿਗੁਰੂ ਜੀ ਦੀ ਪ੍ਰੇਮ ਤੇ ਵੈਰਾਗ ਮਈ ਬਾਣੀ ਸੁਣਕੇ ਬੜੇ ਬੜੇ ਪੱਥਰ ਦਿਲ ਪਿਘਲ ਗਏ। ਸਭ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਸਿੱਖੀ, ਨਾਮ, ਦਾਨ ਤੇ ਜਪ ਆਦਿਕ ਦਾ ਗੁਰਮੰਤ੍ਰ ਪ੍ਰਾਪਤ ਕੀਤਾ। ਕਈ ਦਿਨ ਸਤਿਗੁਰੂ ਜੀ ਨੂੰ ਰੱਜਕੇ ਰੱਜਕੇ ਸੇਵਾ ਤੇ ਦਰਸ਼ਨ ਕੀਤੇ। ਸਤਿਗੁਰੂ ਜੀ ਨੇ ਦਇਆ ਕਰਕੇ ਹਜ਼ਾਰਾਂ ਦੁਖੀ ਜੀਵਾਂ ਨੂੰ ਤਾਰਿਆ ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਲਾਏ ਸਿੱਖੀ ਬਾਗ਼ ਦੇ ਬੂਟੇ ਨੂੰ ਪ੍ਰਫੁਲਤ ਕੀਤਾ।

੨੩. ਅਹੀਆ ਪੁਰ ਵਿਚ ਸਤਿਗੁਰੂ ਜੀ

ਵਰਤਮਾਨ ਅਲਾਹਬਾਦ ਦਾ ਨਾਮ ਪਰਾਗ ਸੀ। ਮੁਸਲਮਾਨ ਹਾਕਮਾਂ ਨੇ ਜਿਥੇ ਹਿੰਦੂ ਨਾਰੀ ਪੁਰਖਾਂ ਨੂੰ ਧੱਕੇ ਨਾਲ ਇਸਲਾਮ ਵਿਚ ਦਾਖਲ ਕਰਕੇ ਉਨ੍ਹਾਂ ਦੇ ਨਾਮ ਤੇ ਸੁਭਾ ਬਦਲ ਦਿਤੇ, ਏਸੇ ਤਰਾਂ ਸ਼ਹਿਰ ਦੇ ਨਾਮ ਵੀ ਬਦਲ ਸੁਟੇ। ਪਰਾਗ ਭਗਵਾਨ ਦਾ ਘਰ ਸੀ ਉਸਦਾ ਨਾਮ ਅਲਾਹਬਾਦ (ਅੱਲਾ ਵਸਦਾ ਜਾਂ ਅੱਲਾ ਨੇ ਵਸਾਇਆ) ਰਖਿਆ।

ਪਰਾਗ ਸ਼ਹਿਰ ਦੇ ਵਿਚ ਅਹੀਆਪੁਰ ਇਕ ਮਹੱਲਾ ਸੀ ਸਤਿਗੁਰੂ ਜੀ ਉਥੇ ਜਾ ਰਹੇ। ਆਗਰੇ ਤੋਂ ਤੁਰਕੇ ਸਤਿਗੁਰੂ ਜੀ ਰਾਹ ਵਿਚ ਵੀ ਜੀਵਾਂ ਨੂੰ ਤਾਰਦੇ ਗਏ

ਅਟਾਵੇ ਤੇ ਕਾਹਨਪੁਰ ਅਜੇ ਵੀ ਸਤਿਗੁਰੂ ਜੀ ਦੀ ਯਾਦ ਦੇ ਗੁਰਦੁਵਾਰੇ ਹਨ ।

ਪਰਾਗ (ਅਲਾਹਬਾਦ) ਦੇ ਪੂਰਬ ਵਲ ਕੋਈ ਤਿੰਨ ਕੁ ਮੀਲ ਤੇ ਤ੍ਰਿਬੇਣੀ ਸੰਗਮ ਤੀਰਥ ਹੈ। ਏਥੇ ਤਿੰਨੇ ਪਵਿਤ੍ਰ ਨਦੀਆਂ ਇਕ ਦੂਸਰੀ ਨਦੀ ਨਾਲ ਮਿਲ-ਦੀਆਂ ਹਨ। ਇਸ ਤੀਰਥ ਉਤੇ ਇਸ਼ਨਾਨ ਕਰਨ ਦਾ ਵੱਡਾ ਮਹਾਤਮ ਹੈ।

ਸਤਿਗੁਰੂ ਜੀ ਦੇ ਬਿਰਧ ਮਾਤਾ ਨਾਨਕੀ ਜੀ ਦੀ ਤੀਬਰ ਇੱਛਾ ਸੀ ਕਿ ਉਹ ਪੋਤਰੇ ਦਾ ਮੂੰਹ ਦੇਖਣ। ਬਾਲਕ ਘਰ ਦਾ ਸ਼ਿੰਗਾਰ ਹੁੰਦਾ ਹੈ। ਇਸ ਖਿਆਲ ਨਾਲ ਮਾਤਾ ਨਾਨਕੀ ਜੀ ਨੇ ਆਪਣੀ ਨੂੰਹ (ਮਾਤਾ) ਗੁਜਰੀ ਜੀ ਹੱਥੋਂ ਬਹੁਤ ਪੁੰਨਦਾਨ ਕਰਵਾਏ। ਸਚੇ ਹਿਰਦੇ ਨਾਲ ਵਾਹਿਗੁਰੂ ਕੋਲ ਅਰਦਾਸ ਬੇਨਤੀ ਕਰ-ਵਾਈ ਕਿ ਉਨ੍ਹਾਂ ਦੇ ਗ੍ਰਹਿ ਵਿਖੇ ਐਸਾ ਬਾਲਕ ਆਵੇ ਜੋ ਦੁਖੀਆਂ, ਨਿਥਾਵਿਆਂ ਦਾ ਸਹਾਰਾ ਬਣੇ। ਜੋ ਇਕ ਮਹਾਂਬਲੀ ਹੋਵੇ ਤੇ ਧਰਮ ਹਿਤ ਜੁੱਧ ਕਰੇ। ਮਾਤਾ ਨਾਨਕੀ ਜੀ ਦੀਆਂ ਅਰਦਾਸਾਂ ਵਾਹਿਗੁਰੂ ਨੇ ਪਰਵਾਨ ਕਰ ਲਈਆਂ। (ਮਾਤਾ) ਗੁਜਰੀ ਜੀ ਦੀ ਕੁੱਖ ਹਰੀ ਹੋ ਗਈ।

ਸਤਿਗੁਰੂ ਜੀ ਪਰਾਗ ਤੀਰਥ ਉਤੇ ਪੰਦਰਾਂ ਦਿਨ ਰਹੇ, ਪੰਦਰਾਂ ਦਿਨ ਹੀ ਸ੍ਰੀ ਵਾਹਿਗੁਰੂ ਦਾ ਜਸ ਹੁੰਦਾ ਰਿਹਾ। ਉਸ ਥਾਂ ਨੂੰ'ਪੱਕੀ ਸੰਗਤ'ਨਾਮ ਦਾ ਅਸਥਾਨ ਆਖਦੇ ਹਨ। ਯਾਤਰਾ ਕਰਨ ਬਹੁਤ ਲੋਕ ਦੇਸ਼ ਦੇ ਸਾਰਿਆਂ ਹਿੱਸਿਆ ਵਿਚੋਂ ਆਏ ਹੋਏ ਸਨ, ਸਾਰੇ ਸਤਿਗੁਰੂ ਜੀ ਦੇ ਚਰਨੀ ਲਗੇ।

ਜਿਸ ਵੇਲੇ ਸਤਿਗੁਰੂ ਜੀ ਨਦੀ ਤੋਂ ਪਾਰ ਹੋਕੇ ਅਗੇ ਚਲਣ ਲਗੇ ਤਾਂ ਸੰਗਤ ਬਹੁਤ ਵਿਆਕੁਲ ਹੋਈ, ਸਾਰੀ ਸੰਗਤ ਨੂੰ ਧੀਰਜ ਦੇਕੇ ਸਤਿਗੁਰੂ ਜੀ ਘੋੜੇ ਉਤੇ ਸਵਾਰ ਹੋ ਅਗੇ ਨੂੰ ਚਲੇ। ਵੱਡੇਵੱਡੇ ਕਸਬਿਆਂ,ਪਿੰਡਾਂ ਵਿਚ ਉਪਦੇਸ਼ ਕਰਦੇ ਹੋਏ ਸਤਿਗੁਰੂ ਜੀ ਕਾਂਸ਼ੀ ਪਹੁੰਚ ਗਏ।

ਕਾਂਸ਼ੀ (ਬਨਾਰਸ) ਹਿੰਦੂ ਧਰਮ ਤੇ ਆਰੀਆ ਸਭਿਅਤਾ ਦੇ ਕੇਂਦਰ ਹੈ। ਇਸ ਵਿਚ ਵੱਡੇ ਵੱਡੇ ਵਿਦਵਾਨ,ਭਗਤ, ਸੰਤ ਹੋਏ ਹਨ। ਜੇਹੜੇ ਆਪਣੇ ਆਪਣੇ ਜੀਵਨ ਨਿਸ਼ਾਨੇ ਆਸਰੇ ਧਰਮ ਦਾ ਪ੍ਰਚਾਰ ਕਰਦੇ ਰਹੇ ਹਨ। ਗੰਗਾ ਜੀਦੇ ਕਿਨਾਰੇ ਬਹੁਤ ਸਾਰੇ ਮੰਦਰ ਹਨ ਉਨ੍ਹਾਂ ਮੰਦਰਾਂ, ਆਸ਼੍ਰਮਾਂ ਵਿਚ ਗਿਆਨ ਚਰਚਾ ਹੁੰਦੀ ਰਹਿੰਦੀ ਸੀ।

ਸਤਿਗੁਰੂਜੀਦੇ ਕਾਂਸ਼ੀਪੁੱਜਣਤੇਸਾਰੇ ਮੰਦਰਾਂ,ਮੱਠਾਂ,ਆਸ਼੍ਰਮਾਂ ਵਿਚਚਰਚਾ ਚਲ ਪਈ ਕਿ ਸਤਿਗੁਰੂ ਨਾਨਕ ਦੇਵ ਜੀਦੀ ਗੱਦੀ ਦੇ ਨਾਵੇਂ ਪਾਤਸ਼ਾਹ ਆਏ ਹਨ ਜੋ ਗ੍ਰਹਿਸਤੀ ਹੋਣ ਦੇ ਨਾਲ ਬ੍ਰਹਮ ਗਿਆਨੀ ਤੇ ਜੋਗੀ ਸੰਤ ਵੀ ਹਨ।

ਸਤਿਗੁਰੂ ਜੀ ਕਾਂਸ਼ੀ ਸ਼ਹਿਰ ਵਿਚ ਨਹੀਂ ਸਨ ਦਾਖਲ ਹੋਏ ਬਾਗ਼ ਵਿਚ ਡੇਰਾ ਸੀ, ਬਾਗ ਵਿਚ ਹੀ ਸਿੱਖ ਅਤੇ ਗੁਰੂ ਘਰ ਦੇ ਸ਼ਰਧਾਲੂ ਆਕੇ ਦਰਸ਼ਨ ਕਰਨ ਲਗੇ ਕਿਉਂਕਿ ਭਾਈ ਗੁਰਦਾਸ ਜੀ ਕੁਝ ਚਿਰ ਕਾਂਸ਼ੀ ਵਿਚ ਰਹਿਕੇ ਸਤਿਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਪ੍ਰਚਾਰ ਕਰ ਗਏ ਸਨ। ਇਕ ਮੰਜੀ ਵੀ ਕਾਇਮ ਸੀ ਤੇ ਮਸੰਦ ਰਹਿੰਦਾ ਸੀ।

ਉਹ ਮਸੰਦ ਭਾਈ ਵੀਰੂ ਬਹੁਤ ਹੀ ਗੁਰਮੁਖ ਪੁਰਸ਼ ਸੀ। ਉਸ ਦੇ ਕਹਿਣ ਤੇ ਸ਼ਹਿਰ ਵਾਸੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸਨ ਤੇ ਓਸੇ ਨੇ ਹੀ ਗੁਰਸਿਖੀਨੂੰਕਾਂਸ਼ੀ ਵਰਗੇ ਸ਼ਹਿਰ ਵਿਚ ਸੁਰਜੀਤ ਰਖਿਆ ਹੋਇਆ ਸੀ।

ਭਾਈ ਵੀਰੂ ਤੇ ਸ਼ਹਿਰ ਵਾਸੀਆਂ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—'ਦਾਤਾ! ਕ੍ਰਿਪਾ ਕਰਕੇ ਆਪ ਸ਼ਹਿਰ ਵਿਚ ਚਰਨ ਪਾਓ।'

ਸਤਿਗੁਰੂ ਜੀ ਨੇ ਸੰਗਤ ਦੀ ਬੇਨਤੀ ਨੂੰ ਪ੍ਰਵਾਨ ਕੀਤਾ ਅਤੇ ਡੇਰਾ ਸ਼ਹਿਰ ਦੇ ਮਹਲੇ ਰੇਸ਼ਮ ਵਿਚ ਲੈ ਗਏ। ਜਿਥੇ ਆਪ ਪੰਦਰਾਂ ਦਿਨ ਰਹੇ। ਪੰਦਰਾਂ ਦਿਨ ਹੀ ਗਿਆਨ ਚਰਚਾ ਹੁੰਦੀ ਰਹੀ। ਪੰਡਤਾਂ ਤੇ ਸੰਤਾਂ ਮਹੰਤਾਂ ਨੇ ਆਪਣੇ ਮਨਾਂ ਦੇ ਭਰਮਾਂ ਨੂੰ ਦੂਰ ਕੀਤਾ।

ਨਾਮ ਰੂਪੀ ਅੰਮ੍ਰਿਤ ਬਾਣੀ ਰਾਹੀਂ ਕਈ ਦਿਨ ਵੰਡੀਦਾ ਰਿਹਾ। ਪਾਪੀ, ਹੰਕਾਰੀ ਤੇ ਅਗਿਆਨੀ ਜੀਵ ਉਸ ਅੰਮ੍ਰਿਤ ਦੇ ਘੁਟ ਭਰ ਕੇ ਜੀਵਨ ਸਫਲ ਕਰਦੇ ਰਹੇ। ਹਜਾਰਾਂ ਜੀਵਾਂ ਦਾ ਪਾਰ ਉਤਾਰਾ ਕੀਤਾ।

ਪੰਦਰਾਂ ਦਿਨ ਕਾਂਸ਼ੀ ਰਹਿਣ ਪਿਛੋਂ ਸਤਿਗੁਰੂ ਜੀ ਆਪਣੇ ਮਿਥੇ ਕਰਮ ਨੇਮ ਅਨੁਸਾਰ ਅਗੇ ਚਲਣ ਵਾਸਤੇ ਤਿਆਰ ਹੋਏ। ਜਦੋਂ ਸੰਗਤਾਂ ਨੂੰ ਪਤਾ ਲੱਗਾ ਕਿ ਦਾਤਾ ਜੀ ਜਾ ਰਹੇ ਹਨ ਤਾਂ ਸਾਰੀ ਸਿੱਖ ਸੰਗਤ ਬਹੁਤ ਵਿਆਕੁਲ ਹੋਈ। ਸੰਗਤ ਵਿਚੋਂ ਮੁਖੀਆਂ ਪੁਰਸ਼ਾਂ ਨੇ ਬੇਨਤੀ ਕੀਤੀ'ਸਤਿਗੁਰੋ! ਅਸੀਂ ਰਜ ਕੇ ਦਰਸ਼ਨ ਕਰ ਲਈਏ।'

'ਅਸੀਂ ਰੁਕ ਨਹੀਂ ਸਕਦੇ, ਹਾਂ ਤੁਸਾਂ ਨੂੰ ਆਪਣੀ ਨਿਸ਼ਾਨੀ ਦੇ ਜਾਂਦੇ ਹਾਂ, ਉਸ ਦੇ ਦਰਸ਼ਨ ਕਰ ਲਿਆ ਕਰਨੇ, ਬੱਸ ਤੁਸਾਂ ਨੂੰ ਅਸਾਂ (ਸਤਿਗੁਰੂ ਜੀ) ਦੇ ਦਰਸ਼ਨ ਹੋ ਜਾਇਆ ਕਰਨਗੇ।' ਇਹ ਆਖਕੇ ਸਤਿਗੁਰੂ ਜੀ ਨੇ ਇਕ ਪੁਸ਼ਾਕ ਤੇ ਇਕ ਪੋਥੀ ਮੁਖੀਆਂ ਨੂੰ ਬਖਸ਼ੀ ਉਹ ਪੋਥੀ ਤੇ ਸਤਿਗੁਰੂ ਜੀ ਦੀ ਪੁਸ਼ਾਕ ਗੁਰਦੁਵਾਰਾ ਰੇਸ਼ਮ ਮਹਲਾ ਵਿਚ ਅਜੇ ਤਕ ਅਮਰ ਹੈ ਤੇ ਬਨਾਰਸ ਦੀ ਸੰਗਤ ਦਰਸ਼ਨ ਕਰਕੇ ਨਿਹਾਲ ਹੁੰਦੀ ਹੈ।

੨੪. ਭਾਈ ਫੱਗੋ ਮਸੰਦ ਨੂੰ ਨਿਹਾਲ ਕਰਨਾ

ਕਾਂਸ਼ੀ ਦੇ ਪੂਰਬ ਵਿਚ ਤੀਹ ਕੋਹ ਦੂਰ ਸੁਸਰਾਮ ਸ਼ਹਿਰ ਹੈ। ਇਹ ਕਦੀ ਛੋਟਾ ਜੇਹਾ ਕਸਬਾ ਹੁੰਦਾ ਸੀ ਪਰ ਸ਼ੇਰ ਸ਼ਾਹ ਸੂਰੀ ਦੇ ਇਸ ਪਿੰਡ ਵਿਚ ਜਨਮਲੈਣ ਦੇ ਕਾਰਨ ਇਹ ਪਿੰਡ ਕਸਬਾ ਬਣਿਆਂ ਤੇ ਕਸਬੇ ਤੋਂ ਸ਼ਹਿਰ। ਸਤਿਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਸ ਸ਼ਹਿਰ ਵਿਚ ਭਾਈ ਫੱਗੋ ਮਸੰਦ ਰਹਿੰਦਾ ਸੀ।ਸੁਸਰਾਮ ਦੇ ਚੌਗਿਰਦੇ ਤੇ ਬਿਹਾਰ ਵਿਚ ਆਪ ਸਿਖੀ ਦਾ ਰਖਵਾਲਾ ਸੀ। ਉਸਦੀ ਗੁਰ-ਮੁਖਤਾਈ ਮਸ਼ਹੂਰ ਸੀ।

ਕਾਂਸ਼ੀ ਤੋਂ ਤੁਰਕੇ ਸਤਿਗੁਰੂ ਜੀ ਸੁਸਰਾਮ ਪੁਜੇ,ਸੁਸਰਾਮ ਜਾਕੇ ਭਾਈ ਫੱਗੋ ਦੇ ਘਰ ਪਹੁੰਚੇ। ਉਸਨੇ ਜਦੋਂ ਸੁਣਿਆਂ ਦੀਨ-ਦੁਨੀ ਦਾ ਵਾਲੀ ਆਇਆ ਹੈ,ਉਸਨੂੰ ਖੁਸ਼ੀਆਂ ਚੜ੍ਹ ਗਈਆਂ। ਉਸਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ, ਉਮਾਹ ਤੇ ਪਿਆਰ ਭਰੇ ਦਿਲ ਨਾਲ ਸਤਿਗੁਰੂ ਜੀ ਦੀ ਸੇਵਾ ਕਰਨ ਲੱਗਾ। ਸ਼ਹਿਰ ਦੀ ਸੰਗਤ ਸੱਦੀ, ਬਾਹਰ ਖਬਰਾਂ ਭੇਜੀਆਂ ਕਿ ਆਓ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜਨਮ ਸਫਲ ਕਰੋ।

ਭਾਈ ਫੱਗੋ ਦੇ ਪਿਆਰ ਦੀ ਹਾਲਤ ਨਿਰਾਲੀ ਸੀ। ਉਸ ਗੁਰੂ-ਘਰ ਦੇ ਪ੍ਰੇਮੀਆਂ ਤੇ ਨੇਕ ਪੁਰਸ਼ਾਂ ਦੀ ਸਹਾਇਤਾ ਨਾਲ ਇਕ ਬਾਗ ਲਵਾ ਛੱਡਿਆ ਸੀ, ਅਰਦਾਸ ਇਹ ਕੀਤੀ ਹੋਈ ਸੀਕਿ ਜਦ ਸਤਿਗੁਰੂ ਜੀ ਸੁਸਰਾਮ ਆਉਣਗੇਤਦੋਂ ਇਸ ਬਾਗ ਨੂੰ ਪਵਿਤ੍ਰ ਕਰਨਗੇ,ਉਸ ਬਾਗ ਦਾ ਨਾਮ ਹੀ 'ਗੁਰੂ ਕਾ ਬਾਗ' ਰਖਿਆ ਸੀ।

ਭਾਈ ਫੱਗੋ ਨੇ ਸਤਿਗੁਰੂ ਜੀ ਦੀਆਂ ਪ੍ਰਕਰਮਾਂ ਕਰਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਬਾਗ ਵਿਚ ਚਲਕੇ ਬਰਾਜਨ। ਭਾਈ ਜੀ ਦੀ ਬੇਨਤੀ ਨੂੰ ਪ੍ਰਵਾਨ

ਕਰਕੇਸਤਿਗੁਰੂਜੀ ਬਾਗਵਿਚ ਜਾ ਬਿਰਾਜੇ ਤੇ ਸਿੱਖਸੰਗਤਨੂੰਨਿਹਾਲਕਰਦੇਰਹੇ।

ਭਾਈ ਫੱਗੋ ਜੀ ਨੇ ਜੋ ਕਾਰ ਭੇਟ ਇਕਤ੍ਰ ਕੀਤੀ ਹੋਈ ਸੀ ਉਹ ਸਤਿਗੁਰੂ ਜੀ ਦੇ ਅਗੇ ਅਰਪਨ ਕਰ ਦਿਤੀ। ਸਤਿਗੁਰੂ ਜੀ ਨੇ ਹਰ ਇਕ ਜੀਵ ਨੂੰ ਨਾਮਦਾਨ ਤੇ ਸਿੱਖੀ ਦਾਨ ਬਖਸ਼ਿਆ।

ਭਾਈ ਫੱਗੋ ਜੀ ਦੀ ਉਲਾਦ ਕਲਕਤੇ ਜਾ ਵਸੀ ਜੋ ਬਹੁਤ ਅਮੀਰ ਹੋ ਗਈ ਤੇ ਉਨ੍ਹਾਂ ਨੇ ਗੁਰੂ ਘਰ ਨਾਲ ਪਿਆਰ ਕਰਦਿਆਂ ਹੋਇਆਂ ਕਲਕਤੇ ਵਿਚ 'ਬੜੀ ਸੰਗਤ' ਗੁਰਦੁਵਾਰਾ ਬਣਾਇਆ ਤੇ ਗੁਰੂ ਕਾ ਲੰਗਰ ਜਾਰੀ ਕੀਤਾ। ਜੋ ਲੰਗਰ ਅਜੇ ਤਕ ਚਲਦਾ ਹੈ।

੨੫.ਗਯਾ ਤੀਰਥ ਤੇ ਪੰਡਤਾਂ ਨਾਲ ਗਿਆਨਚਰਚਾ

ਪਟਨੇ ਦੇ ਦਖਣ ਵਲ ਗਯਾ ਤੀਰਥ ਹੈ ਇਸ ਨੂੰ 'ਬੁਧ ਮਹਾਤਮਾਂ ਦੀ ਗਯਾ' ਵੀ ਆਖਿਆ ਜਾਂਦਾ ਹੈ। ਇਹ ਪ੍ਰਾਚੀਨ ਤੀਰਥ ਹੈ ਏਥੇ ਹੀ ਮਹਾਤਮਾਂ ਬੁਧ ਨੂੰ ਗਿਆਨ ਹੋਇਆ ਸੀ ਪਰ ਸਮੇਂ ਦੇ ਚਕਰ ਨਾਲ ਗਯਾ ਵਿਚ ਬ੍ਰਾਹਮਣਾਂ ਦਾ ਰਾਜ ਹੋ ਗਿਆ। ਸਤਿਗੁਰੂ ਜੀ ਸੁਸਰਾਮ ਤੋਂ ਚਲਦੇ ਚਲਦੇ ਗਯਾ ਤੀਰਥ ਤੇ ਪਹੁੰਚ ਗਏ। ਆਪ ਨੇ ਫਲਗੂ ਘਾਟ ਤੇ ਡੇਰਾ ਲਾਯਾ। ਜਦੋਂ ਡੇਰਾ ਲਾਕੇ ਬਰਾਜਮਾਨ ਹੋ ਗਏ ਤਾਂ ਉਥੋਂ ਦੇ ਪੰਡੇ ਸਤਿਗੁਰੂ ਜੀ ਨੂੰ ਕਿਸੇ ਦੇਸ਼ ਦਾ ਮਹਾਰਾਜਾ ਜਾਣਕੇ ਕੋਲ ਆਏ ਤੇ ਕਹਿਣ ਲਗੇ-"ਸ੍ਰਕਾਰ ! ਜੰਞੂ ਪਾਓ ਤੇ ਪਿੰਡ ਭਰਾਓ ! ਇਹ ਤੀਰਥ ਵੱਡਾ ਹੈ।"

ਪੰਡਿਆਂ ਦੀ ਇਹ ਗੱਲ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਬਚਨ ਕੀਤਾ-"ਪੰਡਤ ਜੀ! ਇਹ ਕੱਚੇ ਧਾਗੇ ਦਾ ਜੰਞੂ ਹਵਾ ਨਾਲ ਟੁਟਜਾਂਦਾਹੈ, ਪਾਣੀ ਨਾਲ ਗਲਕੇ ਵੀ ਟੁਟ ਸਕਦਾ ਹੈ। ਦੂਸਰਾ ਇਹ ਧਾਗਾ ਆਤਮਾ ਤੇ ਸਰੀਰ ਦੀ ਰਾਖੀ ਨਹੀਂ ਕਰ ਸਕਦਾ। ਅਸਾਂ ਇਹ ਜੰਞੂ ਨਹੀਂ ਪਾਉਣਾ ਅਸੀਂ ਤਾਂ ਵਾਹਿਗੁਰੂ ਦੇ ਸੱਚੇ ਨਾਮ ਦਾ ਜੰਞੂ ਨਹੀਂ ਪਾ ਚੁਕੇ ਹਾਂ ਜੋ ਅਸਾਂ ਦੀ ਰਾਖੀ ਕਰਦਾ ਹੈ ?

'ਬਾਕੀ ਰਹੀ ਗਲ ਪਿੰਡਭਰਾਉਣ ਦੀ' ਸਤਿਗੁਰੂ ਜੀ ਬਚਨ ਕਰੀਗਏ, ਪਿੰਡ ਭਰੇ ਜਾਂਦੇ ਹਨ ਕਿ ਉਨ੍ਹਾਂ ਪਿਤਰਾਂ ਦੇ ਹਿਰਦੇ ਸ਼ਾਂਤ ਕਰਨ ਵਾਸਤੇ ਜੋ ਇਸ ਸੰਸਾਰ ਤੋਂ ਕੂਚ ਕਰ ਗਏਹਨ ਅਤੇ ਆਪਣੇ ਮਾੜੇਕਰਮਾਂਦੇ ਕਾਰਨਭੂਤ-ਪ੍ਰੇਤਜਾਂ

ਨਰਕਾਂ ਦੇ ਵਾਸੀ ਹੋਣ ਪਰ ਅਸਾਂ ਦੇ ਬਜ਼ੁਰਗ ਤਾਂ ਪਹਿਲਾਂ ਹੀ ਬ੍ਰਹਮ ਲੋਕ (ਸਵਰਗ) ਵਿਚ ਹਨ। ਉਹ ਪ੍ਰਮਾਤਮਾਂ ਦੇ ਰੂਪ ਨਾਲ ਅਰੂਪ ਹੋ ਚੁਕੇ ਹਨ। ਇਸ ਵਾਸਤੇ ਅਸਾਂ ਨੂੰ ਪਿੰਡ ਭਰਾਉਣ ਦੀ ਲੋੜ ਨਹੀਂ। ਵਾਹਿਗੁਰੂ ਦਾ ਸਿਮਰਨ, ਸੇਵਾ ਦਾਨ ਤੇ ਨੇਕ ਕਰਮ ਹੀ ਦਰਗਾਹੇ ਸਾਥ ਦੇਂਦੇ ਹਨ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਪੰਡੇ ਹੈਰਾਨ ਹੋ ਗਏ, ਉਹ ਇਕ ਦੂਸਰੇ ਵਲ ਦੇਖਦੇ ਹੋਏ ਹੱਥ ਮਲਣ ਲਗੇ। ਉਹ ਮਨ ਹੀ ਮਨ ਵਿਚ ਕਹਿਣ ਲਗੇ—"ਇਹ ਕੈਸਾ ਮਹਾਂ ਪੁਰਖ ਹੈ ਜੋ ਮਾਤ ਲੋਕ ਵਿਚ ਬੈਠਾ ਹੋਇਆ ਹੀ ਕਹਿ ਰਿਹਾ ਹੈ ਕਿ ਉਹਦੇ ਵੱਡੇ ਸੁਰਗਾਂ ਵਿਚ ਹਨ। ਇਸ ਗਲ ਦਾ ਸਾਨੂੰ ਪਤਾ ਨਹੀਂ ਜੇਹੜੇ ਅਸੀਂ ਪੂਜਾ ਪਾਠ ਕਰਾਉਂਦੇ ਹਾਂ ਕਿ ਅਸਾਡੇ ਵੱਡੇ ਨਰਕਾਂ ਵਿਚ ਹਨ ਜਾਂ ਸਵਰਗਾਂ ਵਿਚ। ਰਾਜੇ ਤੇ ਅਮੀਰ ਤਾਂ ਨਰਕ ਤੋਂ ਡਰਦੇ ਹਨ, ਹਜ਼ਾਰਾਂ ਏਥੇ ਆਕੇ ਪਿੰਡ ਭਰਾ ਗਏ ਤੇ ਬੇਅੰਤ ਧਨ ਪੁੰਨ ਦਾਨ ਰਾਹੀਂ ਖਰਚ ਗਏ।

ਇਕ ਪੰਡੇ ਨੇ ਸਤਿਗੁਰੂ ਜੀ ਨੂੰ ਕਿਹਾ—"ਅਸੀਂ ਤੁਸਾਂ ਦੀਆਂ ਗਲਾਂ ਸੁਣਕੇ ਬਹੁਤ ਹੈਰਾਨ ਹੋਏ ਹਾਂ ਇਸਦਾ ਕੀ ਸਬੂਤ ਹੈ ਕਿ ਤੁਸਾਂ ਦੇ ਵੱਡੇ ਵਡੇਰੇ ਸਵਰਗਾਂ ਵਿਚ ਹਨ? ਜਾਂ ਤਾਂ ਸਿੱਧ ਕਰੋ ਨਹੀਂ ਤੇ ਰਾਜੇ ਪਾਸ ਫਰਿਆਦ ਕੀਤੀ ਜਾਵੇਗੀ, ਤੁਸੀਂ ਝੂਠ ਆਖਕੇ ਤੀਰਥਾਂ ਧਾਰਮਿਕ ਗ੍ਰੰਥਾਂ ਦੀ ਕਾਇਮ ਕੀਤੀ ਹੋਈ ਮਰਯਾਦਾ ਨੂੰ ਨਸ਼ਟ ਕਰ ਰਹੇ ਹੋ।"

ਸਤਿਗੁਰੂ ਜੀ ਆਪਣੇ ਨਿਰਭੈਤਾ ਤੇ ਸ਼ਾਂਤੀ ਭਰੇ ਸੁਭਾ ਅਨੁਸਾਰ ਬੋਲੇ— "ਝੂਠ ਉਥੇ ਬੋਲਿਆ ਜਾਂਦਾ ਹੈ ਜਿਥੇ ਡਰ ਜਾਂ ਲਾਲਚ ਹੋਵੇ। ਅਸਾਂ ਨੂੰ ਨਾ ਡਰ ਹੈ ਤੇ ਨਾ ਲਾਲਚ। ਇਸ ਵਾਸਤੇ ਝੂਠ ਨਹੀਂ ਕਹਿੰਦੇ, ਇਹ ਆਖਦੇ ਹਾਂ ਕਿ ਸੱਚ ਪਾਸੋਂ ਤੁਸਾਂ ਨੂੰ ਭੈ ਹੈ। ਸੱਚ ਮਿਰਚਾਂ ਤੇ ਝੂਠ ਗੁੜ ਹੁੰਦਾ ਹੈ। ਭਲਾ ਇਹ ਦਸੋ ਕਿ ਕੀ ਸਬੂਤ ਹੈ ਕਿ ਤੁਸਾਂ ਦੇ ਵਡੇਰੇ ਸਵਰਗਾਂ ਵਿਚ ਹਨ? ਅਸੀਂ ਕਹਿੰਦੇ ਹਾਂ ਕਿ ਤੁਸਾਂ ਦੇ ਵਡੇਰੇ ਨਰਕਾਂ ਵਿਚ ਨਹੀਂ ਬਲਕਿ ਏਥੇ ਹੀ ਪ੍ਰੇਤ ਜੂਨ ਵਿਚ ਫਿਰ ਰਹੇ ਹਨ। ਜੇ ਚਾਹੋ ਤਾਂ ਅਸੀਂ ਦਿਖਾ ਦੇਂਦੇ ਹਾਂ।"

ਅਮਲ ਦੇ ਜੀਵਨ ਤੋਂ ਕੋਰੇ, ਹੰਕਾਰੀ ਪੰਡੇ ਗਰਮ ਹੋ ਪਏ। ਉਨ੍ਹਾਂ ਵਿਚੋਂ ਇਕ ਨੇ ਕਿਹਾ—'ਮੇਰਾ ਪਿਤਾ ਤੇ ਬਾਬਾ ਥੋੜੇ ਥੋੜੇ ਸਮੇਂ ਦੀ ਵਿਥ ਤੇ ਪ੍ਰਲੋਕ ਗਮਨ

ਕਰਕੇ ਗਏ ਹਨ ਉਨ੍ਹਾਂ ਦੇ ਮੈਂ ਪਿੰਡ ਭਰਾਏ, ਬਾਕੀ ਕਿਰਿਆ-ਕਰਮ ਕਰਾਏ ਹਨ ਦਸੋ, ਭਲਾ ਉਹ ਕਿਥੇ ਹਨ ? ਕੀ ਮੈਨੂੰ ਦਿਖਾ ਸਕਦੇ ਹੋ ?'

ਸਤਿਗੁਰੂ ਜੀ ਮੁਸਕਰਾ ਪਏ। ਉਨ੍ਹਾਂ ਨੇ ਬਚਨ ਕੀਤਾ—'ਸਤਿਗੁਰੂ ਨਾਨਕ ਦੇਵ ਜੀ ਦੀ ਦਇਆ ਆਸਰੇ ਤੁਸਾਂ ਨੂੰ ਤੁਸਾਂ ਦੇ ਬਾਬੇ ਤੇ ਪਿਤਾ ਦੇ ਦਰਸ਼ਨ ਹੋ ਸਕਦੇ ਹਨ ਕੋਈ ਵੱਡੀ ਗਲ ਨਹੀਂ, ਪਰ ਨਾਂ ਦਰਸ਼ਨ ਕਰੋ ਤਾਂ ਚੰਗੇ ਰਹੋਗੇ, ਨਹੀਂ ਤਾਂ ਐਵੇਂ ਪਾਜ ਖੁਲ੍ਹ ਜਾਵੇਗਾ। ਤੁਸਾਂ ਦੀ ਝੂਠ ਦੀ ਦੁਕਾਨ ਚਲਦੀ ਹੈ ਚਲਾਈ ਜਾਵੋ।"

ਅਗਿਆਨੀ ਪੰਡੇ ਨਾ ਰੁਕੇ, ਉਨ੍ਹਾਂ ਨੇ ਸਤਿਗੁਰੂ ਜੀ ਨੂੰ ਮਜਬੂਰ ਕੀਤਾ ਕਿ ਸਾਹਿਬ ਪੰਡਿਆਂ ਨੂੰ ਗਿਆਨ ਕਰਾਉਣ। ਉਨ੍ਹਾਂ ਦੀ ਜ਼ਿੱਦ ਦੇਖਕੇ ਸਤਿਗੁਰੂ ਜੀ ਨੇ ਫੁਰਮਾਇਆ—'ਹੇ ਪੰਡਤ ਰਾਮ ਸ਼ਰਨ, ਰਤਾ ਉਰੇ ਹੋਕੇ ਬੈਠ।'

ਉਹ ਪੰਡਤ ਆਪਣਾ ਨਾਮ ਸੁਣਕੇ ਬਹੁਤ ਹੈਰਾਨ ਹੋਇਆ, ਛੇਤੀ ਨਾਲ ਅਗੇ ਸਰਕ ਕੇ ਬੈਠ ਗਿਆ। ਸਤਿਗੁਰੂ ਜੀ ਨੇ ਉਹਦੇ ਸਿਰ ਉਪਰ ਆਪਣਾ ਹੱਥ ਰਖਿਆ, ਨਾਲ ਹੀ ਉਸਨੂੰ ਕਿਹਾ ਕਿ ਉਹ ਅੱਖਾਂ ਮੀਟੇ। ਜਦੋਂ ਪੰਡਤ ਰਾਮ ਸ਼ਰਨ ਨੇ ਅੱਖਾਂ ਮੀਟੀਆਂ ਤਾਂ ਉਸਨੂੰ ਇਉਂ ਪ੍ਰਤੀਤ ਹੋਇਆ ਕਿ ਉਹ ਇਕ ਰਾਹੀ (ਮੁਸਾਫਰ) ਦੇ ਰੂਪ ਵਿਚ ਛੋਟੀ ਜਿਹੀ ਗਠੜੀ ਬੰਨ੍ਹਕੇ ਗਯਾ ਸ਼ਹਿਰ ਤੋਂ ਦਸ ਮੀਲ ਦੂਰ ਉਜਾੜ ਦੇ ਵਿਚ ਤੁਰਿਆ ਜਾ ਰਿਹਾ ਸੀ ਕਿ ਅਚਾਨਕ ਉਸਨੂੰ ਦੋ ਬਘਿਆੜ ਮਿਲੇ। ਉਹ ਬਘਿਆੜ ਉਸਦਾ ਰਾਹ ਰੋਕਕੇ ਖਲੋ ਗਏ ਉਹ ਡਰ ਗਿਆ ਕਿ ਮੈਨੂੰ ਖਾ ਜਾਣਗੇ, ਉਹ ਠਠੰਬਰਕੇ ਖਲੋ ਗਿਆ, ਬਘਿਆੜ ਨੇੜੇ ਆ ਗਏ, ਉਹਨਾਂ ਨੇ ਰਾਮ ਸ਼ਰਨ ਨੂੰ ਆਖਿਆ ਕੁਝ ਨਹੀਂ ਕੋਲ ਆ ਖਲੋਤੇ। ਉਹਦੇ ਦੇਖਦੇ ਦੇਖਦੇ ਦੋਵੇਂ ਬਘਿਆੜ ਪੁਰਖ ਰੂਪ ਹੋ ਗਏ। ਜਦੋਂ ਪੁਰਖ ਰੂਪ ਹੋਏ ਤਾਂ ਪੰਡਤ ਨੇ ਪਛਾਣ ਲਿਆ ਕਿ ਬਘਿਆੜ ਦਾ ਜਾਮਾ ਪਹਿਨਣ ਵਾਲੇ ਉਹਦੇ ਹੀ ਬੰਦੇ ਸਨ। ਇਕ ਬਾਪ ਸੀ ਤੇ ਦੂਸਰਾ ਉਹਦਾ ਬਾਬਾ।

ਉਹ ਦੋਵੇਂ ਹੀ ਇਕ ਜ਼ਬਾਨ ਬੋਲੇ—'ਆ ਪੁਤ੍ਰ ! ਰਾਜ਼ੀ ਹੈਂ ! ਅਸਾਂ ਨੂੰ ਮਿਲ ਘੁਟਕੇ ਗਲ ਲੱਗਕੇ ਮਿਲ।' ਇਹ ਆਖਕੇ ਦੋਵੇਂ ਹੀ ਪੰਡਤ ਦੇ ਗਲ ਚਿਮੜ ਗਏ। ਜਦੋਂ ਉਹ ਮਿਲ ਚੁਕੇ ਤਾਂ ਪੰਡਤ ਰਾਮ ਸ਼ਰਨ ਨੇ ਉਨ੍ਹਾਂ ਨੂੰ ਪੁਛਿਆ—

'ਤੁਸੀਂ ਸਵਰਗਾਂ ਵਿਚੋਂ ਕਦੋਂ ਆਏ ਹੋ ?'

'ਅਸੀਂ ਸਵਰਗਾਂ ਵਿਚ ਗਏ ਕਦੋਂ ਸੀ ?'

'ਫਿਰ ਕਿੱਥੇ ਰਹੇ ਹੋ ?'

'ਪ੍ਰੇਤ ਜੂਨੀ ਵਿੱਚ। ਗਯਾ ਦੇ ਚੌਗਿਰਦੇ ਘੁੰਮਦੇ ਫਿਰਦੇ ਰਹਿੰਦੇ ਹਾਂ। ਜਦੋਂ ਕਦੀ ਦਿਲ ਕਰੇ ਫਿਰਨ ਤੁਰਨ ਦਾ ਤਦੋਂ ਬਘਿਆੜ, ਖੋਤਾ, ਰਿਛ,ਦੀ ਜੂਨ ਧਾਰਨ ਕਰਦੇ ਫਿਰਦੇ ਰਹਿੰਦੇ ਹਾਂ। ਤੂੰ ਆ ਗਿਆ। ਅਸੀਂ ਤੈਨੂੰ ਜਾਣਨਹੀਂ ਦੇਣਾ'

ਅੰਤਰਯਾਮੀ ਸਤਿਗੁਰੂ ਜੀ ਨੇ ਉਸੇ ਵੇਲੇ ਰਾਮ ਸ਼ਰਨ ਦੇ ਸਿਰ ਤੋਂ ਹੱਥ ਚੁਕ ਲਿਆ। ਜਦੋਂ ਹੱਥ ਚੁਕਿਆ ਤਾਂ ਉਹਦੀਆਂ ਅੱਖਾਂ ਆਪਣੇ ਆਪ ਖੁਲ੍ਹ ਗਈਆਂ, ਉਹ ਹੈਰਾਨ ਹੋਕੇ ਚੌਗਿਰਦੇ ਮੁੜਕੇ ਦੇਖਣ ਲੱਗਾ ਕਿ ਉਹ ਕਿੱਥੇ ਹੈ। ਉਹਦੇ ਚੇਹਰੇ ਦਾ ਰੰਗ ਉੱਡਿਆ ਹੋਇਆ ਸੀ।

ਸਤਿਗੁਰੂ ਜੀ ਨੇ ਉਸ ਕੋਲੋਂ ਪੁਛਿਆ—"ਕਿਉਂ ਪੰਡਤ ਜੀ ! ਆਪਣੇਪਿਤਾ ਤੇ ਬਾਬੇ ਦੇ ਦਰਸ਼ਨ ਕੀਤੇ ਹਨ ? ਕੀ ਉਹ ਸਵਰਗਾਂ ਵਿਚ ਹਨ ?"

"ਖਿਮਾਂ ਕਰਨਾ ! ਆਪ ਸੱਚੇ ਜੋ ਮੈਂ ਝੂਠਾ,ਮੇਰੀ ਭੁਲ ਮੈਨੂੰ ਬਖਸ਼ੋ ! ਭੁਲੇ ਨੂੰ ਰਾਹ ਪਾਓ।" ਪੰਡਾ ਰਾਮਸ਼ਰਨ ਇਹ ਆਖਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਿਆ। ਸਤ-ਮਾਰਗ ਦਾ ਰਾਹੀ ਬਣਿਆਂ। ਸਤਿਗੁਰੂ ਜੀ ਨੇ ਨਾਮ ਦਾਨ ਤੇ ਇਸ਼ਨਾਨ ਦੀ ਜੁਗਤੀ ਤੇ ਸੱਚੀ ਭਗਤੀ ਦਾ ਉਪਦੇਸ਼ ਦਿਤਾ।

ਗਯਾ ਵੱਡਾ ਤੀਰਥ ਸੀ,ਇਸ ਕਰਕੇ ਹਰ ਰੋਜ਼ ਹਜ਼ਾਰਾਂ ਹੀ ਯਾਤਰੂਆਉਂਦੇ ਸਨ। ਯਾਤਰੂ ਆਉਂਦੇ ਵੀ ਸਨ ਦੇਸ਼ ਦੀ ਹਰ ਨੁਕਰ ਵਿਚੋਂ, ਇਸ ਕਰਕੇ ਸਤਿਗੁਰੂ ਜੀ ਕੁਝ ਦਿਨ ਵਾਸਤੇ ਉਥੇ ਅਟਕ ਗਏ।

੨੬. ਰਾਜਾ ਬਿਸ਼ਨ ਸਿੰਘ ਨਾਲ ਮੇਲ

ਰਿਆਸਤ ਜੈਪੁਰ ਵਡੀ ਤੇ ਪੁਰਾਣੀ ਰਿਆਸਤ ਹੈ। ਔਰੰਗਜ਼ੇਬ ਤੋਂ ਪਹਿਲਾਂ ਅਕਬਰ ਦੇ ਸਮੇਂ ਇਸਦਾ ਨਾਮ ਅੰਬਰ ਸੀ। ਵਰਤਮਾਨ ਜੈ ਪੁਰ ਸ਼ਹਿਰ ਦੇ ਪੱਛਮ ਵਲ ਇਕ ਪਹਾੜੀ ਦੇ ਉਪਰ ਅੰਬਰ ਕਿਲ੍ਹਾ ਹੈ। ਉਸ ਕਿਲੇ ਨੂੰ ਰਾਜਾ ਮਾਨ ਸਿੰਘ ਨੇ ਤਿਆਰ ਕਰਵਾਇਆ ਸੀ ਜੋ ਮੁਗਲਾਂ ਦੇ ਕਿਲ੍ਹਿਆਂ ਦੇ ਢੰਗ ਤੇ ਬਣਿਆ ਹੋਇਆ ਹੈ।

ਰਾਜਾ ਮਾਨਸਿੰਘ ਮੁਗਲ ਸ਼ਕਤੀ ਪਾਸੋਂ ਡਰ ਗਿਆ ਸੀ। ਉਸਨੇ ਆਪਣੀ ਭੈਣ ਨੂੰ ਅਕਬਰ ਬਾਦਸ਼ਾਹ ਨਾਲ ਵਿਆਹ ਦਿੱਤਾ ਸੀ। ਏਹੋ ਰਾਜਪੂਤਨੀ ਜਹਾਂਗੀਰ ਦੀ ਮਾਤਾ ਸੀ, ਅਕਬਰ ਦੀਆਂ ਬਹੁਤ ਸਾਰੀਆਂ ਜਿੱਤਾਂ ਦਾ ਸੇਹਰਾ ਮਾਨ ਸਿੰਘ ਦੇ ਸਿਰ ਸੀ। ਮਾਨ ਸਿੰਘ ਬੰਗਾਲ ਨੂੰ ਫਤਹ ਕਰਦਾ ਹੋਇਆ ਮਾਰਿਆ ਗਿਆ ਸੀ ਉਸਦੇ ਪਿਛੋਂ ਉਹਦੇ ਪੁਤ੍ਰ ਜੈ ਸਿੰਘ ਨੇ ਵੀ ਲੜਾਈਆਂ ਲੜੀਆਂ ਤੇ ਮੁਗਲ ਬਾਦਸ਼ਾਹ ਨਾਲ ਮਿਤ੍ਰਤਾ ਰੱਖੀ। ਰਾਜਾ ਜਸਵੰਤ ਸਿੰਘ ਵੀ ਔਰੰਗਜ਼ੇਬ ਦਾ ਮਦਦੀ ਸੀ, ਇਹ ਜਮਰੋਦ ਦੀ ਲੜਾਈ ਵਿਚ ਮਾਰਿਆ ਗਿਆ। ਜੈਪੁਰ ਤੇ ਜੋਧਪੁਰ ਵਾਲੇ ਰਾਜੇ ਮੁਗ਼ਲਾਂ ਪਾਸੋਂ ਡਰਦੇ ਹੋਏ ਉਨ੍ਹਾਂ ਦੇ ਗੁਲਾਮ ਰਹੇ ਪਰ ਉਦੈਪੁਰ ਤੇ ਚਤੌੜ ਆਦਿਕ ਦੇ ਅਣਖੀਲੇ ਧਰਮੀ ਤੇ ਦੇਸ਼ ਭਗਤ ਹਿੰਦੂ ਰਾਜੇ ਰਾਣਾ ਰਾਮ ਸਿੰਘ ਵਰਗੇ ਮੁਗਲਾਂ ਨਾਲ ਡਟਕੇ ਯੁੱਧ ਕਰਦੇ ਰਹੇ। ਰਾਜਾ ਬਿਸ਼ਨ ਸਿੰਘ ਅੰਬਰਪਤੀ (ਜੈ ਪੁਰੀਆ) ਔਰੰਗਜ਼ੇਬ ਦਾ ਸਮਕਾਲੀ ਹੋਇਆ ਹੈ। ਵੱਡੀਆਂ ਵੱਡੀਆਂ ਮੁਹਿੰਮਾਂ ਉਤੇ ਔਰੰਗਜ਼ੇਬ ਇਸਨੂੰ ਭੇਜਿਆ ਕਰਦਾ ਸੀ। ਮਥਰਾ ਤੇ ਆਗਰਾ ਦੇ ਜੱਟਾਂ ਦੀਆਂ ਬਗਾਵਤਾਂ ਨੂੰ ਇਹ ਦਬਾਉਣ ਦਾ ਯਤਨ ਕਰਦਾ ਰਿਹਾ। ਸੰਮਤ ੧੭੨੫ ਬਿ: ਵਿਚ ਔਰੰਗਜ਼ੇਬ ਨੇ ਇਸਨੂੰ ਬਿਹਾਰ, ਬੰਗਾਲ ਤੇ ਆਸਾਮ (ਕਾਮ ਰੂਪ ਦੇਸ਼) ਫਤਹ ਕਰਨ ਵਾਸਤੇ ਭੇਜਿਆ।

ਉਸ ਸਮੇਂ ਆਸਾਮ ਤੇ ਬੰਗਾਲ ਵਿਚ ਜਾਦੂ-ਵਿਦਿਆ ਦਾ ਬਹੁਤ ਜ਼ੋਰ ਸੀ, ਰਾਜੇ, ਸਰਦਾਰ ਤੇ ਆਮ ਲੋਕ ਜਾਦੂਗਰਾਂ ਦੇ ਗੁਲਾਮ ਸਨ। ਹਰ ਇਕ ਰਾਜੇ ਤੇ ਸਰਦਾਰ (ਜ਼ਿਮੀਂਦਾਰ) ਪਾਸ ਇਕ ਨਾ ਇਕ ਵੱਡਾ ਜਾਦੂਗਰ ਜ਼ਰੂਰ ਸੀ। ਆਮ ਕਾਰੋਬਾਰੀ ਕੰਮਾਂ ਅਤੇ ਲੜਾਈਆਂ ਸਮੇਂ ਜਾਦੂਗਰ ਅਪਣੇ ਮਾਲਕ ਜਾਂ ਸੇਵਕ ਦੀ ਸਹਾਇਤਾ ਕਰਦੇ ਸਨ। ਦਿੱਲੀ ਦਾ ਕੋਈ ਮੁਗਲ ਸੈਨਾਪਤੀ ਉਸ ਪਾਸੇ ਜਾਣ ਦਾ ਹੋਂਸਲਾ ਨਹੀਂ ਸੀ ਕਰਦਾ। ਸਤਿਗੁਰੂ ਨਾਨਕ ਦੇਵ ਜੀ ਜਦੋਂ ਕਾਮਰੂਪ ਦੇਸ਼ ਗਏ ਸਨ ਤਦੋਂ ਉਥੋਂ ਦੀ ਇਕ ਰਾਣੀ ਨੇ ਭਾਈ ਮਰਦਾਨੇ ਨੂੰ ਛਤਰਾ ਬਣਾ ਲਿਆ ਸੀ। ਮਾਨਸਿੰਘ ਤੇ ਹੋਰ ਮੁਗਲ ਸੈਨਿਕ ਤੇ ਸੈਨਾਪਤੀ ਜਾਦੂਆਂ ਨਾਲ ਕੀਲਕੇ ਹੀ ਮਾਰ ਦਿਤੇ ਗਏ ਸਨ। ਦੂਸਰਾ ਆਸਾਮ ਤੇ ਬੰਗਾਲ ਜੰਗਲੀ ਇਲਾਕਾ ਸੀ, ਬੇਅੰਤ ਜਾਂਗਲੀ ਕੌਮਾਂ ਰਹਿੰਦੀਆਂ ਸਨ ਉਨ੍ਹਾਂ ਨੂੰ ਫਤਹ ਕਰਨਾ ਸੌਖਾ ਨਹੀਂ ਸੀ। ਉਹ

ਛਾਪਾਮਾਰ ਲੜਾਈਆਂ ਲੜਦੇ ਸਨ। ਉਨ੍ਹਾਂ ਦਾ ਮੁਕਾਬਲਾ ਮੁਗ਼ਲ ਨਹੀਂ ਸਨ ਕਰ ਸਕਦੇ ਕਿਉਂਕਿ ਇਹ ਸੁਖ ਰਹਿਣੇ ਤੇ ਅਮੀਰ ਸੁਭਾ ਦੇ ਹੋ ਚੁਕੇ ਸਨ। ਆਸਾਮ ਦੇ ਜਾਂਗਲੀ,ਦਲ ਦਲ ਵਾਲੇ ਮੱਛਰ ਤੇ ਸੱਪਾਂ ਭਰੇ ਇਲਾਕਿਆਂ ਵਿਚ ਲੜਾਈਆਂ ਕਰਨੀਆਂ ਉਨ੍ਹਾਂ ਵਾਸਤੇ ਕਠਨ ਸਨ। ਉਹ ਤਾਂ ਮੈਦਾਨੀ ਇਲਾਕਿਆਂ ਵਿਚ ਤਲਵਾਰ ਚਲਾ ਸਕਦੇ ਸਨ, ਪਟਨੇ ਤੋਂ ਪੂਰਬ ਤੇ ਉੱਤਰ ਵਲ ਸਾਰੇ ਰਾਜੇ ਆਕੀ ਹੋ ਬੈਠੇ। ਔਰੰਗਜ਼ੇਬ ਨੂੰ ਇਹ ਗਲ ਬਹੁਤ ਬੁਰੀ ਤਰਾਂ ਅਨਭਵ ਹੋਈ, ਉਸਨੇ ਸਾਰੇ ਸੈਨਾਪਤੀਆਂ ਨੂੰ ਕਿਹਾ ਕਿ ਕੋਈ ਮਾਈ ਦਾ ਲਾਲ ਹਿੰਮਤ ਕਰੇ ਤੇ ਆਸਾਮ ਬੰਗਾਲ ਨੂੰ ਫਤਹ ਕਰਕੇ ਮੁਗ਼ਲ ਰਾਜ ਨਾਲ ਸ਼ਾਮਲ ਕਰੇ। ਜਦੋਂ ਕਿਸੇ ਨੇ ਹੌਂਸਲਾ ਨਾ ਕੀਤਾ ਤਾਂ ਔਰੰਗਜ਼ੇਬ ਨੇ ਰਾਜਾ ਬਿਸ਼ਨ ਸਿੰਘ ਨੂੰ ਹੁਕਮ ਦਿਤਾ।

ਰਾਜਾ ਬਿਸ਼ਨ ਸਿੰਘ ਉਸ ਸਮੇਂ ਚੜ੍ਹਦੀ ਜਵਾਨੀ ਵਿਚ ਸੀ। ਇਸਦੇਬਾਗੀ ਹੋਣ ਦਾ ਵੀ ਖਤਰਾ ਸੀ। ਔਰੰਗਜ਼ੇਬ ਨੇ ਇਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੇ। ਉਸ ਦੀ ਮਨੋ-ਨੀਤ ਇਹ ਸੀ ਕਿ ਹੋ ਸਕਦਾ ਹੈ ਕਿ ਆਸਾਮ ਵਿਚ ਬਿਸ਼ਨ ਸਿੰਘ ਦੁਸ਼ਮਣਾਂ ਦੇ ਹਥੋਂ ਮਾਰਿਆ ਜਾਵੇ, ਜਦੋਂ ਮਰ ਜਾਵੇਗਾ ਤਦੋਂ ਇਸਦੇ ਬਾਗੀ ਹੋਣ ਦਾ ਖਤਰਾ ਸਦਾ ਵਾਸਤੇ ਟਲ ਜਾਵੇਗਾ। ਜੇ ਫਤਹ ਕਰਕੇ ਆ ਗਿਆ ਤਾਂ ਮੁਗ਼ਲ ਰਾਜ ਦੀਆਂ ਹੱਦਾਂ ਚੌੜੀਆਂ ਹੋ ਜਾਣਗੀਆਂ। ਇਸਨੂੰ ਇਨਾਮ ਦੇਕੇ ਗੁਲਾਮ ਕਰ ਲਵਾਂਗੇ ਨਹੀਂ ਤੇ ਮਾਰਨ ਤੇ ਗੁਲਾਮ ਰਖਣ ਵਾਸਤੇ ਕੋਈ ਹੋਰ ਢੰਗ ਸੋਚਿਆ ਜਾਵੇਗਾ।

ਰਾਜਾ ਬਿਸ਼ਨ ਸਿੰਘ ਚੜ੍ਹਦੀ ਜਵਾਨੀ ਵਿਚ ਗਭਰੂ ਤੇ ਮਾਤਾ ਦਾ ਪਿਆਰਾ ਪੁਤ੍ਰ ਸੀ, ਜਦੋਂ ਉਸਦੀ ਮਾਤਾ ਨੇ ਸੁਣਿਆਂ ਕਿ ਉਹਦਾ ਪੁਤ੍ਰ ਕਾਮ ਰੂਪ ਦੇਸ਼ ਵਲ ਜਾ ਰਿਹਾ ਹੈ ਤਾਂ ਉਹ ਬਹੁਤ ਘਬਰਾ ਗਈ,ਉਸਨੇ ਬਹੁਤ ਯਤਨ ਕੀਤਾ ਕਿ ਉਹਦਾ ਪੁਤ੍ਰ ਕਾਮ ਰੂਪ ਦੇਸ਼ ਵਲ ਨਾ ਜਾਵੇ। ਉਥੋਂ ਦੀਆਂ ਜਾਦੂਗਰਨੀਆਂ ਬਹੁਤ ਬੁਰੀਆਂ ਹਨ ਪਰ ਔਰੰਗਜ਼ੇਬ ਦਾ ਹੁਕਮ ਨਾ ਮੰਨਣਾ ਵੀ ਮੌਤ ਨੂੰ ਅਵਾਜ਼ਦੇਣਾ ਸੀ। ਆਖਰ ਹਿੱਕ ਤੇ ਪੱਥਰ ਰਖਕੇ ਉਸਨੂੰ ਪੁਤ੍ਰ ਤੋਰਨਾ ਹੀ ਪਿਆ।

ਭਾਰੀ ਸੈਨਾ ਲੈਕੇ ਰਾਜਾ ਬਿਸ਼ਨ ਸਿੰਘ ਨੇ ਦਿੱਲੀ ਤੋਂ ਚੜ੍ਹਾਈ ਕੀਤੀ ਅਤੇ ਮੰਜ਼ਲੋ ਮੰਜ਼ਲੀ ਉਹ ਵੀ ਗਯਾ ਪਹੁੰਚ ਗਿਆ। ਗਯਾ ਵਿਚ ਸਤਿਗੁਰੂ ਜੀ ਦਾ ਸ਼ਾਹੀ

ਠਾਠ ਬਾਠ ਦੇਖਕੇ ਉਸਨੇ ਪੁਛਿਆ—"ਐਸੇ ਮਹਾਂ ਪੁਰਖ ਕੌਣ ਹਨ? ਕੀ ਸਾਧੂ ਹਨ ਜਾਂ ਰਾਜੇ?" ਦਸਣ ਵਾਲੇ ਨੇ ਉਸਨੂੰ ਬਹੁਤ ਪ੍ਰੇਮ ਤੇ ਸ਼ਰਧਾ ਨਾਲ ਦਸਿਆ ਕਿ ਇਹ ਸਤਿਗੁਰੂ ਤੇਗ ਬਹਾਦਰ ਜੀ ਪੰਜਾਬ ਦੇ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਤੇ ਨਾਵੇਂ ਗੁਰੂ ਹਨ ਤੇ ਛੇਵੇਂ ਪਾਤਸ਼ਾਹ ਮਹਾਂਬਲੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਹਨ। ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨਾਮ ਸਾਰੇ ਰਾਜਪੂਤਾਂ ਨੇ ਸੁਣਿਆਂ ਹੋਇਆ ਸੀ ਕਿਉਂਕਿ ਸਾਹਿਬਾਂ ਨੇ ਹਿੰਦੂ ਰਾਜਪੂਤ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਆਜ਼ਾਦ ਕਰਾਇਆ ਸੀ। ਇਸ ਤਰਾਂ ਸਾਰਾ ਹਾਲ ਸੁਣਕੇ ਰਾਜਾ ਬਿਸ਼ਨ ਸਿੰਘ ਸੋਚਾਂ ਵਿਚ ਗੁੰਮ ਹੋ ਗਿਆ। ਉਸਨੂੰ ਰਾਤੀਂ ਨੀਂਦ ਨਾ ਆਈ। ਉਹ ਸਾਰੀ ਰਾਤ ਇਸਤਰਾਂ ਮਨ ਨਾਲ ਸਲਾਹੀਂ ਕਰਦਾ ਰਿਹਾ—"ਮਹਾਤਮਾ ਤੇ ਕਰਣੀ ਵਾਲੇ ਸਾਧੂ-ਫਕੀਰ ਰੱਬ ਦਾ ਰੂਪ ਹੁੰਦੇ ਹਨ। ਫਿਰ ਸਤਿਗੁਰੂ ਨਾਨਕ ਦੇਵ ਜੀ ਤਾਂ ਸੁਣਿਆਂ ਹੈ ਹਿੰਦ ਦੇ ਪੀਰ, ਜਗਤ-ਗੁਰੂ ਤੇ ਰਧੀਆਂ ਸਿਧੀਆਂ ਦੇ ਮਾਲਕ ਸਨ। ਕਾਮ ਰੂਪ ਦੇ ਜਾਦੂਗਰਾਂ ਨੂੰ ਵੀ ਆਪ ਨੇ ਜਿੱਤਿਆ ਸੀ, ਮੈਂ ਕਿਉਂ ਨਾ ਇਨ੍ਹਾਂ (ਸਤਿਗੁਰੂ ਜੀ) ਦੇ ਚਰਨੀ ਲੱਗਾਂ। ਮੇਰੇ ਭਾਗ ਜਾਗ ਪੈਣਗੇ ਜੇ ਸਤਿਗੁਰੂ ਜੀ ਮੇਹਰ ਦੀ ਨਿਗਾਹ ਕਰ ਦੇਣਗੇ। ਰਾਤ ਮੁਕੇ ਤਾਂ ਮੈਂ ਜਾਵਾਂ, ਉਨ੍ਹਾਂ ਦੇ ਚਰਨ ਫੜਾਂ, ਬੇਨਤੀ ਕਰਕੇ ਆਜਿਜ਼ਾਂ ਵਾਂਗ ਸਹਾਇਤਾ ਮੰਗਾਂ।" ਇਸਤਰਾਂ ਸਾਰੀ ਰਾਤ ਉਹ ਮਨ ਨਾਲ ਪੱਕੀਆਂ ਪਕੌਂਦਾ ਰਿਹਾ।

ਸਵੇਰ ਹੋਈ, ਆਪਣੇ ਸੇਵਾਦਾਰਾਂ ਨੂੰ ਨਾਲ ਲੈਕੇ ਰਾਜਾ ਬਿਸ਼ਨ ਸਿੰਘ ਸਤਿਗੁਰੂ ਜੀ ਦੀ ਸ਼ਰਨ ਵਿਚ ਜਾ ਪੁਜਾ। ਅਗੇ ਸਤਿਗੁਰੂ ਜੀ ਸਵੇਰ ਦੇ ਦੀਵਾਨ ਵਿਚ ਸਿੰਘਾਸਨ ਉਤੇ ਬਿਰਾਜਮਾਨ ਸਨ। ਕੀਰਤਨੀਏ ਰਬਾਬੀ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਦੀਵਾਨ ਵਿਚ ਸਵਰਗ ਵਰਗੀ ਸ਼ਾਂਤੀ ਸੀ। ਨਾਮ-ਬਾਣੀ ਸਰਵਨ ਕਰਨ ਵਾਲੇ ਪ੍ਰੇਮੀ ਗੁਰ ਸਿੱਖ ਦੇਵਤਿਆਂ ਤੇ ਰਿਖੀਆਂ, ਮੁਨੀਆਂ ਵਾਂਗ ਚੌਂਕੜੇ ਮਾਰਕੇ ਬੈਠੇ ਹੋਏ ਨਜ਼ਰ ਆ ਰਹੇ ਸਨ। ਪਾਰਬ੍ਰਹਮ ਰੂਪ ਸਤਿਗੁਰੂ ਜੀ ਨੇ ਸਮਾਧੀ ਲਾਈ ਹੋਈ ਸੀ, ਲਿਵ ਵਾਹਿਗੁਰੂ ਚਰਨਾਂ ਨਾਲ ਜੁੜੀ ਹੋਈ ਸੀ, ਨੈਨ ਅੱਧ-ਮੁੰਧੇ ਸਨ। ਵਾਹਿਗੁਰੂ ਨਾਮ ਸਿਮਰਨ ਕਰਦੇ ਹੋਏ ਬੁਲ੍ਹ ਹਿਲੀ ਜਾਂਦੇ ਹਨ। ਉਸ ਵੇਲੇ ਰਬਾਬੀ ਸ਼ਬਦ ਪੜ੍ਹ ਰਹੇ ਸਨ।

ਰਾਖਿ ਲੀਏ ਅਪਨੇ ਜਨ ਆਪ ॥ ਕਰਿ ਕਿਰਪਾ ਹਰਿ ਹਰਿਨਾਮੁ ਦੀਨੋ ਬਿਨਸਿ ਗਏ
ਸਭ ਸੋਗ ਸੰਤਾਪ ॥ ੧ ॥ ਰਹਾਉ ॥ ਗੁਣ ਗੋਵਿੰਦ ਗਾਵਹੁ ਸਭਿ ਹਰਿਜਨ ਰਾਗ ਰਤਨ
ਰਸਨਾ ਆਲਾਪ॥ ਕੋਟਿ ਜਨਮ ਕੀ ਤ੍ਰਿਸਨਾ ਨਿਵਾਰੀ ਰਾਮ ਰਸਾਇਣ ਆਤਮ ਧ੍ਰਾਪ
॥੧॥ ਚਰਣ ਗਹੇ ਸਰਣਿ ਸੁਖ ਦਾਤੇ ਗੁਰ ਕੈ ਬਚਨਿ ਜਪੇ ਜਰਿਜਾਪ ॥ ਸਾਗਰ ਤਰੇ
ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ ॥ (ਬਿਲਾਵਲੁ ਮ: ੫)

ਸਤਿਗੁਰ ਚਰਨ ਕਮਲਾਂ ਉਪਰ ਮੱਥਾ ਟੇਕਕੇ ਰਾਜਾ ਬਿਸ਼ਨ ਸਿੰਘ ਸਤਿਗੁਰੂ ਜੀ ਦੇ ਸਨਮੁੱਖ ਸੰਗਤ ਵਿਚ ਬੈਠ ਗਿਆ। ਜਦੋਂ ਕੀਰਤਨ ਦੀ ਸਮਾਪਤੀ ਹੋਈ ਤਾਂ ਸਤਿਗੁਰੂ ਜੀ ਨੇ ਨੇਤ੍ਰ ਇਸਤਰ੍ਹਾਂ ਖੋਹਲੇ ਜਿਵੇਂ ਸੂਰਜ ਦੇ ਚੜ੍ਹਨ ਨਾਲ ਕਮਲ ਫੁਲ ਤੇ ਸੂਰਜ ਮੁਖੀ ਫੁਲ ਖਿੜ ਜਾਂਦੇ ਹਨ। ਉਸ ਵੇਲੇ ਸਾਰੀ ਸੰਗਤ ਦੇ ਸਿਰ ਝੁਕ ਗਏ। 'ਧੰਨ ਸਤਿਗੁਰੂ ਜੀ, ਸੱਚੇ ਪਾਤਸ਼ਾਹ ਜੀ, ਸਚੇ ਪਾਤਸ਼ਾਹ ਲੋਕ ਪ੍ਰਲੋਕ ਦੇ ਸਹਾਇਕ' ਇਸ ਵਾਕ ਦੀ ਧੁਨ ਨਾਲ ਸਾਰਾ ਸ਼ਾਂਤ ਵਾਯੂ ਮੰਡਲ ਗੂੰਜ ਉਠਿਆ। ਉਸ ਸਮੇਂ ਸੁਨਹਿਰੀ ਸਮਾਂ ਤਾੜਕੇ ਰਾਜਾ ਬਿਸ਼ਨ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਫਿਰ ਮੱਥਾ ਟੇਕਿਆ ਤੇ ਹੱਥ ਜੋੜਕੇ ਬੈਠ ਗਿਆ।

ਸਤਿਗੁਰੂ ਜੀ ਨੇ ਰਾਜਾ ਬਿਸ਼ਨ ਸਿੰਘ ਵਲ ਗੌਹ ਨਾਲ ਤਕਿਆ। ਉਹ ਤੱਕਣੀ ਪ੍ਰੇਮ ਭਰੀ ਸੀ। ਹੰਕਾਰ, ਈਰਖਾ, ਲਾਲਚ ਤੇ ਮੰਦ-ਬੁੱਧੀ ਨੂੰ ਨਸ਼ਟ ਕਰਨ ਵਾਲੀ ਸੀ। ਦਇਆ ਦੇ ਸਾਗਰ, ਦੁਖੀ ਦੀਨਾਂ ਦੇ ਸੱਚੇ ਮਿਤ੍ਰ ਅਤੇ ਘਟ ਘਟ ਦੀ ਜਾਨਣਹਾਰ ਸਤਿਗੁਰੂ ਜੀ ਨੇ ਪੁਛਿਆ—"ਆਓ ਰਾਜਨ ! ਸਤਿਗੁਰੂ ਨਾਨਕ ਦੇਵ ਜੀ ਦੇ ਦਰ ਤੇ ਜੋ ਕੋਈ ਜੈਸੀ ਭਾਵਨਾ ਕਰਕੇ ਔਂਦਾ ਹੈ, ਤੈਸੀ ਮੁਰਾਦ ਪਾਉਂਦਾ ਹੈ। ਕਹੋ ਕੀ ਸੇਵਾ ਕਰੀਏ ? ਮਨ ਵਿਚ ਕੀ ਇੱਛਾ ਹੈ,ਜਿਸਨੂੰ ਪ੍ਰਗਟ ਕਰਨ ਆਏ ਹੋ? ਮਨ ਦੀ ਵੇਦਨਾ ਨੂੰ ਪ੍ਰਗਟ ਕਰਨਾ ਹੀ ਚੰਗਾ ਹੈ।"

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਰਾਜਾਬਿਸ਼ਨ ਸਿੰਘ ਜੀ ਨੇ ਜੋ ਉੱਤਰ ਦਿੱਤਾ ਉਹ ਭਾਈ ਸੰਤੋਖ ਸਿੰਘ ਜੀ ਕਰਤਾ 'ਸੂਰਜ ਪ੍ਰਕਾਸ਼' ਦੇ ਮਿੱਠੇ ਵਾਕਾਂ ਵਿਚ ਇਸਤਰਾਂ ਹੈ:—

ਹਾਥ ਜੋਰ ਬੋਲਿਓ ਨ੍ਰਿਪ ਭਾਰੀ ॥ ਪ੍ਰਭ ਜੀ ਸਭ ਸੁਖ ਕ੍ਰਿਪਾ ਤੁਮਾਰੀ ॥
ਦੇਸ ਕਾਮ ਰੂਪ ਮੰਤ੍ਰ ਕਰਾਲਾ ॥ ਦੇਖ ਦੇਖ ਮਨ ਬਿਸਮ ਬਿਸਾਲਾ॥
ਇਸਤ੍ਰੀ ਗਨ ਲਸਕਰ ਵਿਗ ਆਵਤ ॥ ਕਰਟਾ ਮਨ ਕੋ ਭਟਨ ਡਰਾਵਤ ॥
ਸਭਹਨ ਕੇ ਉਰ ਧੀਰਜ ਹਾਰੀ ॥ ਤਿਨ ਪਰ ਚਲਤ ਨ ਕੋਊ ਪਚਾਰੀ॥

ਤੋਪ ਤੁਪਕ ਜੰਜੈਲ਼ ਚਲਾਵੈਂ ॥ ਉਲਟ ਆਇਹ ਮਰੇ ਭਟਘਾਵੈਂ ॥
ਬ੍ਰਿਛ ਉਡਾਵਤ ਭੀਤ ਭਜਾਵੈਂ ॥ ਮੁਖ ਤੇ ਅਗਨ ਲਾਟ ਨਿਕਸਾਵੈਂ ॥
ਗਹੀ ਨ ਜਾਇ ਨਿਕਟਿ ਨਹਿ ਆਵੈਂ॥ਲਸਕਰ ਕੇ ਊਪਰਿ ਫਿਰ ਜਾਵੈਂ ॥
ਸਭ ਜੋਧਾ ਬਿਸਮਤਿ ਚਿਤਹੋਇ ॥ ਡਰਤ ਰਹਿਤ ਬਲ ਚਲਤ ਨ ਕੋਇ ॥
ਮੈ ਤੁਮਰੇ ਪਰ ਕਰ ਬਿਸਵਾਸ ॥ ਚਢ ਆਯਹੁ ਧਰ ਚਰਨਨ ਆਸ ॥
ਨਾਹਿਤ ਮੌਤ ਕਿਮ ਬਨਿ ਆਵਹਿ ॥ ਮਾਨ ਸਿਘ ਜੇ ਜਹਿ ਮਰ ਜਾਵਹਿ॥
ਕਾਰਜ ਕਠਨ ਬਨਹਿ ਅਬ ਕੈਸੇ ॥ ਨਿਕਟ ਆਪ ਕੇ ਬੂਝੈ ਤੈਸੇ ॥

— — — — —

ਨਿਸ ਦਿਨ ਇਹ ਚਿੰਤਾ ਚਿਤ ਮੇਰੇ ॥ ਸਾਧੋ ਦੇਸ ਉਪਾਇਨ ਹੇਰੇ ॥
ਏਕ ਜਤਨ ਮੈ ਦਿਢ ਕਰ ਰਾਖਯੋ ॥ ਤਾਵ ਚਰਨ ਸ਼ਰਨ ਅਭਿਲਾਖਯੋ ॥
ਬਾਹਿ ਗਹੇ ਕੀ ਲਾਜ ਬਿਚਾਰੋ ॥ ਚਿੰਤਾ ਸਲਤਾ ਪਾਰ ਉਤਾਰੋ ॥

ਤਿਸਦਾ ਪ੍ਰਮਾਰਥ–ਹੱਥ ਜੋੜਕੇ(ਉਹ)ਵੱਡਾ ਰਾਜਾ ਆਖਣ ਲੱਗਾ "ਹੇ ਪ੍ਰਭੂ ! ਤੁਸਾਂ ਦੀ ਕ੍ਰਿਪਾ ਨਾਲ ਹੋਰ ਤਾਂ ਸਭ ਸੁਖ ਸਾਂਦ ਹੈ(ਪਰ ਮੈਂ ਕਾਮ ਰੂਪ ਦੇਸ਼ ਵਲ ਚੜ੍ਹਾਈ ਕੀਤੀ ਹੈ) ਉਹ ਕਾਮ ਰੂਪ ਦੇਸ਼ ਜ਼ਾਦੂ-ਮੰਤ੍ਰਾਂ ਦਾ ਭਾਰੀ ਗੜ੍ਹ ਹੈ। ਇਹ ਕੁਝ ਦੇਖ ਸੁਣਕੇ ਚਿਤ ਘਬਰਾ ਰਿਹਾਹੈ।ਸੁਣਿਆਂ ਤੇ ਦੇਖਿਆ ਹੈਕਿ ਸੁੰਦਰ ਨਾਰੀਆਂ ਫੌਜ ਦੇ ਕੋਲ ਆਉਂਦੀਆਂ ਹਨ ਅਤੇ ਕਈ ਤਰਾਂ ਦੇ ਨਾਟਕ ਤਮਾਸ਼ੇ ਕਰਕੇ ਭਰਮਾਉਂਦੀਆਂਤੇਡਰਾਉਂਦੀਆਂਹਨ। ਸਾਰੀਸੈਨਾਹੌਂਸਲਾਢਾਹਬੈਠਦੀ ਹੈ।ਉਨ੍ਹਾਂ ਜਾਦੂਗਰਨੀਆਂ ਨਾਰੀਆਂ ਉਤੇ ਕੋਈ ਵਾਰ ਨਹੀਂ ਚਲਦਾ।ਤੋਪ,ਬੰਦੂਕ ਤੇ ਤੀਰ ਨੇਜਾ ਵੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਉਹ ਚਲਾਏ ਹੋਏ ਹਥਿਆਰ ਸਗੋਂ ਉਲਟੇ ਚਲਾਉਣ ਵਾਲੇਨੂੰਹੀ ਮੁੜ ਆ ਵਜਦੇ ਹਨ।ਜਾਦੂਗਰ ਤੇ ਜਾਦੂਗਰਨੀਆਂ ਐਸੀਆਂ ਪਰਬਲ ਸ਼ਕਤੀ ਵਾਲੀਆਂ ਹਨ ਕਿ ਰੁਖਾਂ ਨੂੰ ਪੁਟ ਪੁਟ ਕੇ ਹਵਾ ਵਿਚ ਉਡਾ ਉਡਾ ਕੇ ਡਰਾਉਂਦੀਆਂ ਤੇ ਸੁਟਦੀਆਂ ਹਨ। ਕਈਆਂ ਦੇ ਮੂੰਹ ਵਿਚੋਂ ਅੱਗ ਨਿਕਲਣ ਲਗ ਪੈਂਦੀ ਹੈ। ਉਹ ਭੂਤਨੀਆਂ ਨਾ ਫੜੀਆਂ ਜਾਂਦੀਆਂ ਹਨ ਤੇ ਨਾ ਨੇੜੇ ਢੁਕਦੀਆਂਹਨ।ਸਾਰੀ ਫੌਜ ਉਤੋਂ ਦੀ ਇਸਤਰਾਂਫਿਰ ਜਾਂਦੀਆਂ ਹਨ ਜਿਵੇਂ ਪੰਛੀ ਫਿਰ ਜਾਂਦੇ ਹਨ। ਸਾਰੇ ਬਹਾਦਰ ਡਰ ਨਾਲ ਭੈ ਭੀਤ ਹੋ ਚੁਕੇ ਹਨ ਕਿ ਐਸੇ ਲੋਕਾਂ ਵਿਚ ਕਿਵੇਂ ਯੁਧ ਹੋਵੇਗਾ ਪਰ ਬਾਦਸ਼ਾਹ ਦਾ ਹੁਕਮ ਮੰਨਣਾ ਵੀ ਜ਼ਰੂਰੀ ਹੈ।ਹੇ ਸਤਿਗੁਰੋ ! ਮੈਂ ਤਾਂ ਤੁਸਾਂ ਦੇ ਚਰਨਾਂ ਦਾ ਭਰੋਸਾ ਕਰਕੇ ਇਹ ਬੀੜਾ ਉਠਾਇਆ ਹੈ। ਏਥੇ ਮਾਨ ਸਿੰਘ ਵਰਗੇ ਮਰ ਚੁਕੇ ਹਨ ਹੋਰ ਕਿਸੇ

ਦੀ ਕੀ ਗਲ ਕਰਨੀ ਹੈ। ਬਸ ਆਪ ਹੀ ਹਿਰਦੇ ਦੀ ਚਿੰਤਾ ਨੂੰ ਦੂਰ ਕਰ ਸਕਦੇ ਹੋ, ਸ਼ਰਨ ਆਇਆਂ ਦੀ ਲਾਜ ਪਾਲੋ। ਚਿੰਤਾ ਰੂਪ ਨਦੀ ਠਾਠਾਂ ਮਾਰ ਰਹੀ ਹੈ। ਆਪਦੇ ਚਰਨਾਂ ਦਾ ਸੇਵਕ ਗੋਤੇ ਖਾ ਰਿਹਾ ਹੈ ਦਇਆ ਕਰੋ ਦਾਤਾਰ ?'

ਰਾਜੇ ਬਿਸ਼ਨ ਸਿੰਘ ਦੀ ਬੇਨਤੀ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ– "ਹੇ ਰਾਜਨ ! ਇਹ ਠੀਕ ਹੈ ਕਿ ਤੈਨੂੰ ਕੁਟਲ ਨੀਤੀ ਨਾਲ ਭੇਜਿਆ ਜਾ ਰਿਹਾ ਹੈ ਪਰ ਤੇਰੀ ਮਦਦ ਕਰਨੀ, ਲੜਾਈ ਵਿਚ ਤਾਂ ਕਠਣ ਹੈ,ਅਸੀਂ ਨਹੀਂ ਚਾਹੁੰਦੇ ਰਾਜ ਪ੍ਰਾਪਤ ਕਰਨ ਦੀ ਭੁੱਖ ਨਾਲ ਹਜ਼ਾਰਾਂ ਲੋਕਾਂ ਦਾ ਲਹੂ ਡੁਲ੍ਹੇ। ਹਾਂ ਤੁਸਾਂ ਦੇ ਨਾਲ ਜਾਕੇ ਸਮਝੌਤਾ ਕਰਾਇਆ ਜਾ ਸਕਦਾ ਹੈ ਤਾਂ ਕਿ ਤੇਰੀ ਵੀ ਇੱਜ਼ਤ ਰਹਿ ਜਾਵੇ। ਇਹ ਰਾਜ-ਵਾਂਗ ਸਭ ਚਾਰ ਦਿਨ ਦੇ ਮੇਲੇ ਹਨ, ਕੂੜ ਹਨ। ਵਾਹਿਗੁਰੂ ਦੇ ਨਾਮ ਸਿਮਰਨ ਤੋਂ ਬਿਨਾਂ ਕੋਈ ਵਸਤੂ ਜੀਵ ਆਤਮਾ ਦੇ ਸਾਥ ਨਹੀਂ ਜਾਣੀ। ਐਵੇਂ ਮਨੁੱਖ ਪਾਪਾਂ ਦਾ ਸ਼ਿਕਾਰ ਹੋਕੇ ਜਿੱਤ ਹਾਰ, ਦੌਲਤ ਤੇ ਸ਼ਾਨ ਦੇ ਪਿੱਛੇ ਨੱਸਾ ਭੱਜਾ ਫਿਰਦਾ ਹੈ। ਰੂਪ ਜਵਾਨੀ ਅਤੇ ਧਨ ਦੌਲਤ ਚਾਰ ਦਿਨ ਦੀ ਚਾਨਣੀ ਹੈ। ਕਾਲ ਰੂਪੀ ਬਘਿਆੜ ਹੌਲੀ ਹੌਲੀ ਇਨ੍ਹਾਂ ਨੂੰ ਖਾਈ ਜਾਂਦਾ ਹੈ। ਮਨੁੱਖ ਜਗਤ ਵਿਚ ਆਇਆ ਹੈ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ, ਸੇਵਾ ਅਤੇ ਜਗਤ ਨੂੰ ਸਤਿਆਵਾਦੀ ਬਨਾਉਣ ਵਾਸਤੇ ਪਰ ਮਾਂ ਦੇ ਪੇਟ ਤੋਂ ਬਾਹਰ ਆਉਣ ਤੇ ਸਾਰੀਆਂ ਗਲਾਂ ਭੁਲਕੇ ਮਾਯਾ ਦੇ ਰੂਪ ਨਖਰੇ ਵਿਚ ਮੋਹਿਆ ਗਿਆ ਹੈ।"

ਇਸਤਰਾਂ ਦਾ ਉਪਦੇਸ਼ ਸੁਣਕੇ ਰਾਜਾ ਬਿਸ਼ਨ ਸਿੰਘ ਜੀ ਨੂੰ ਹੌਂਸਲਾ ਹੋ ਗਿਆ ਕਿ ਜ਼ਰੂਰ ਉਸਦੀ ਸਹਾਇਤਾ ਹੋ ਜਾਵੇਗੀ ਤੇ ਉਹਦੀ ਜਾਨ ਨੂੰ ਵੀ ਕੋਈ ਖਤਰਾ ਨਹੀਂ ਹੋਵੇਗਾ। ਉਹ ਗੁਰੂ ਘਰ ਦੀ ਸੇਵਾ ਕਰਨ ਲੱਗਾ। ਗੁਰੂ ਕੇ ਲੰਗਰ ਵਾਸਤੇ ਰਾਸ਼ਨ ਦੇਣ ਦਾ ਹੁਕਮ ਕਰ ਦਿੱਤਾ। ਗਯਾ ਦੇ ਤੀਰਥ ਤੇ ਸਭ ਤੋਂ ਵੱਡਾ, ਪਹਿਲਾ ਤੇ ਜਾਤ ਪਾਤ ਦੇ ਵਿਤਕਰੇ ਤੋਂ ਬਿਨਾਂ ਸੱਚਾ ਭਗਵਾਨ ਦਾ ਭੰਡਾਰਾ ਗੁਰੂ ਕਾ ਲੰਗਰ ਚਲਿਆ। ਰਾਜਾ ਅਮੀਰ,ਕੰਗਾਲ,ਦੁਕਾਨਦਾਰ,ਸਾਧੂ ਤੇ ਅਛੂਤ ਕ੍ਰਿਸਾਨ ਇਕ ਪੰਗਤ ਵਿਚ ਬੈਠਕੇ ਭੰਡਾਰਾ ਖਾ ਰਹੇ ਸਨ। ਕੋਈ ਕਿਸੇ ਨਾਲ ਨਾ ਘਿਰਨਾ ਕਰਦਾ ਸੀ ਤੇ ਨਾ ਕਿਸੇ ਨੂੰ ਕੋਈ ਪਰੇ ਹੋਕੇ ਬੈਠਣ ਦਾ ਉਪਦੇਸ਼ ਦੇਂਦਾ ਸੀ। ਇਸ ਤਰਾਂ ਗਯਾ ਦੇ ਤੀਰਥ ਤੇ ਕਈ ਦਿਨ ਗੁਰੂ ਜਸ ਹੁੰਦਾ ਰਿਹਾ।

੨੭. ਸਤਿਗੁਰੂ ਜੀ ਦਾ ਪਟਨੇ ਜਾਣਾ

ਸਤਿਗੁਰੂ ਜੀ ਗਯਾ ਤੋਂ ਚਲਕੇ ਪਟਨੇ ਆ ਪੁਜੇ। ਪਟਨੇ ਵਿਚ ਸਾਲਸ ਰਾਏ ਜੌਹਰੀ ਦੀ ਬਣਾਈ ਹੋਈ ਧਰਮਸਾਲਾ ਪ੍ਰਸਿੱਧ ਸੀ। ਉਸ ਧਰਮਸਾਲਾ ਵਿਚ ਸਤਿਗੁਰੂ ਜੀਨੇ ਡੇਰਾ ਲਾ ਦਿੱਤਾ।ਪਟਨੇ ਵਿਚ ਗੁਰੂ ਘਰ ਦੇ ਮਸੰਦ ਰਹਿੰਦੇ ਸਨ।ਸਾਲਸ ਰਾਇ ਦੇ ਪਰਵਾਰ ਦੇ ਪ੍ਰੇਮ ਕਰਕੇ ਸਿੱਖੀ ਦਾ ਚੰਗਾ ਪਰਚਾਰ ਹੋਇਆ ਹੋਇਆ ਸੀ। ਸਤਿਗੁਰੂ ਜੀਦਾ ਆਉਣਾ ਸੁਣਕੇ ਗੁਰੂ ਘਰ ਦੇ ਪ੍ਰੇਮੀ, ਭਗਤੀ ਮਾਰਗ ਵਾਲੇ ਸੰਤ ਅਤੇ ਸਿੱਖ ਇਕ ਦਮ ਸਾਰੇ ਕੰਮ ਛੱਡਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆ ਗਏ। ਸਤਿਗੁਰੂ ਨਾਨਕ ਦੇਵ ਜੀ ਦੇ ਪਿਛੋਂ ਕੋਈ ਸਤਿਗੁਰੂ ਪਟਨੇ ਤਕ ਨਹੀਂ ਸੀ ਪੁਜਾ। ਦੂਰ ਰਹਿਣ ਕਰਕੇ ਉਹ ਸ੍ਰੀ ਅੰਮ੍ਰਿਤਸਰ ਜੀ ਆਕੇ ਵੀ ਦਰਸ਼ਨ ਨਹੀਂ ਸਨ ਕਰ ਸਕੇ, ਇਸ ਵਾਸਤੇ ਉਨ੍ਹਾਂ ਦੇ ਹਿਰਦਿਆਂ ਵਿਚ ਸਤਿਗੁਰ ਦਰਸ਼ਨ ਦੀ ਬੜੀ ਖਿੱਚ ਤੇ ਤੜਪ ਸੀ। ਬਹੁਤ ਸਾਰੇ ਪ੍ਰੇਮੀ-ਜੀਉੜੇ ਦਰਸ਼ਨਾਂ ਨੂੰ ਤਰਸਦੇ ਹੀ ਪ੍ਰਲੋਕ ਗਮਨ ਕਰ ਗਏ ਸਨ, ਉਨ੍ਹਾਂ ਨੂੰ ਬ੍ਰਹਮ ਲੋਕ ਵਿਚ ਸਤਿਗੁਰੂ ਜੀਦੇ ਦਰਸ਼ਨ ਹੋਏ ਸਨ। ਬਹੁਤ ਸਾਰੇ ਪ੍ਰੇਮੀਆਂ ਨੇ ਬੜੀਆਂ ਰੀਝਾਂ ਤੇ ਸੱਧਰਾਂ ਨਾਲ ਕਈ ਪ੍ਰਕਾਰ ਦੀਆਂ ਵਸਤੂਆਂ ਤਿਆਰ ਕਰਕੇ ਰੱਖੀਆਂ ਹੋਈਆਂ ਸਨ ਕਿ ਜਦੋਂ ਸਤਿਗੁਰੂ ਜੀ ਆਉਣਗੇ ਤਦੋਂ ਉਹ ਭੇਟਾ ਕਰਨਗੇ ਉਹ ਆਪੋ ਆਪਣੇ ਘਰਾਂ ਤੋਂ ਉਹ ਵਸਤੂਆਂ ਵੀ ਸਾਥ ਲੈ ਆਏ।ਸਤਿਗੁਰੂ ਜੀ ਦੀ ਸ਼ਰਨ ਰੱਖਕੇ ਹਿਰਦੇ ਸ਼ਾਂਤ ਕੀਤੇ। ਸਤਿਗੁਰੂ ਜੀ ਦੀਆਂ ਮੇਹਰਾਂ ਪ੍ਰਾਪਤ ਕਰਕੇ ਬੜੇ ਨਿਹਾਲ ਹੋਏ ਤੇ ਗੁਰੂ ਕੇ ਲੰਗਰ ਵਿਚ ਸੇਵਾ ਕਰਨ ਲੱਗੇ।

ਸਤਿਗੁਰੂ ਜੀ ਨੇ ਰਾਜਾ ਬਿਸ਼ਨ ਸਿੰਘ ਜੀਨੂੰ ਬਚਨ ਦਿੱਤਾ ਸੀ ਉਸਦੇ ਨਾਲ ਸਾਹਿਬ ਕਾਮਰੂਪ ਦੇਸ ਨੂੰ ਚਲਨਗੇ ਪਰ ਮਾਤਾ ਨਾਨਕੀ ਜੀ ਤੇ ਸਤਿਗੁਰੂ ਜੀ ਦੇ ਮਹਿਲ (ਮਾਤਾ) ਗੁਜਰੀ ਜੀਦਾ ਅਗੇ ਜਾਣਾ ਕਠਨ ਸੀ। ਮਾਤਾ ਨਾਨਕੀ ਜੀ ਨੇ ਸਲਾਹ ਦਿੱਤੀ ਕਿ ਉਹ ਪਟਨੇ ਵਿਚ ਹੀ ਰਹਿਣਗੀਆਂ। ਸਤਿਗੁਰੂ ਜੀ ਇਕੱਲੇ ਅਗੇ ਚਲੇ ਜਾਣ। ਮਾਤਾ ਗੁਜ਼ਰੀ ਜੀ ਨਾਲ ਤਾਂ ਖਤਰੇ ਵਾਲੀਆਂ ਥਾਵਾਂ ਤੇ ਵੈਸੇ ਹੀ ਨਹੀਂ ਸਨ ਜਾ ਸਕਦੇ ਕਿਉਂਕਿ ਅਕਾਲ ਪੁਰਖ ਦੀ ਕ੍ਰਿਪਾ ਨਾਲ ਉਹ ਇਕ

ਸੁੰਦਰ ਬਾਲਕ ਦੀ ਮਾਤਾ ਬਣਨ ਵਾਲੀ ਸੀ। ਨਾਰੀ ਮਾਂ ਬਣਨ ਦੀ ਖਾਤਰ ਸਾਰੇ ਸੁਖ ਕੁਰਬਾਨ ਕਰ ਦੇਂਦੀ ਹੈ।

ਸਤਿਗੁਰੂ ਜੀ ਨੇ ਪਟਨੇ ਸ਼ਹਿਰ ਨੂੰ ਰੌਣਕ ਵਾਲਾ ਸੁੰਦਰ ਸ਼ਹਿਰ ਦੇਖਕੇ ਅਤੇ ਸਿੱਖ ਸੰਗਤ ਦਾ ਬੇਅੰਤ ਪ੍ਰੇਮ ਅਨਭਵ ਕਰਕੇ ਸਤਿਗੁਰੂ ਜੀ ਨੇ ਮਾਤਾ ਨਾਨਕੀ ਜੀ ਤੇ ਮਹਿਲ ਗੁਜਰੀ ਜੀ ਨੂੰ ਪਟਨੇ ਹੀ ਰਹਿਣ ਵਾਸਤੇ ਆਗਿਆ ਦੇ ਦਿੱਤੀ। ਉਹਨਾਂ ਦੀ ਸਹਾਇਤਾ ਵਾਸਤੇ ਭਾਈ ਕ੍ਰਿਪਾਲ ਚੰਦ,ਮੁਨਸ਼ੀ ਸਾਹਿਬ ਚੰਦ, ਦੀਵਾਨ ਮਤੀ ਰਾਮ,ਸਤੀ ਰਾਮ ਤੇ ਚਰਨਦਾਸ ਆਦਿਕ ਗੁਰੂ ਘਰ ਦੇ ਸੇਵਾਦਾਰਾਂ ਨੂੰ ਪਟਨੇ ਹੀ ਰਹਿਣ ਦਾ ਹੁਕਮ ਦਿੱਤਾ, ਇਸ ਹੁਕਮ ਨੂੰ ਸੁਣਕੇ ਪਟਨੇ ਦੀ ਸੰਗਤ ਬਹੁਤ ਪ੍ਰਸੰਨ ਹੋਈ।

੨੯. ਕਾਮ ਰੂਪ ਦੇਸ਼ ਦੀ ਯਾਤਰਾ

ਸਤਿਗੁਰੂ ਜੀ ਪਟਨੇ ਤੋਂ ਚਲ ਪਏ। ਉਨ੍ਹਾਂ ਦੇ ਨਾਲ ਸਾਧੂ ਤੇ ਸ਼ਰਧਾਲੂ ਸਿੱਖ ਬਹੁਤ ਤੁਰੇ। ਰਾਜੇ ਬਿਸ਼ਨ ਸਿੰਘ ਜੀ ਦੀ ਮੁਗਲ ਸੈਨਾ ਅਗੇ ਅਗੇ ਤੁਰੀਗਈ। ਪਿਛੇ ਪਿਛੇ ਸਤਿਗੁਰੂ ਜੀ ਦਾ ਡੇਰਾ ਸੀ, ਸਤਿਗੁਰੂ ਜੀ ਥਾਂ ਥਾਂ ਅਟਕ ਕੇ ਪਾਪੀ ਤੇ ਕਲਜੁਗੀ ਜੀਵਾਂ ਨੂੰ ਜੀਵਨ ਦਾਨ ਦੇਂਦੇ ਜਾਂਦੇ ਸਨ।

ਸਤਿਗੁਰੂ ਜੀ ਤਾਂ ਬਿਹਾਰ ਤੇ ਆਸਾਮ, ਬੰਗਾਲ ਦਾ ਦੌਰਾ ਉਹਨਾਂ ਹੀ ਰਾਹਾਂ ਰਾਹੀਂ ਸੀ ਜਿਧਰ ਦੀ ਸਤਿਗੁਰੂ ਨਾਨਕ ਦੇਵ ਜੀ ਦੌਰਾ ਕਰਦੇ ਗਏ ਸਨ। ਸਾਹਿਬ ਗੰਜ, ਭਾਗਲਪੁਰ, ਰਾਜ ਮਹਲ ਕਹਿਲ ਗਾਉਂ, ਕੁੰਤਲ ਨਗਰ ਅਤੇ ਨਲਹੱਟੀ ਤੋਂ ਹੁੰਦੇ ਹੋਏ ਢਾਕੇ ਸ਼ਹਿਰ ਜਾ ਪੁਜੇ।

ਢਾਕਾ ਕਲਕਤੇ ਵਾਂਗ ਉਸ ਸਮੇਂ ਬਹੁਤ ਵੱਡਾ ਤੇ ਮਸ਼ਹੂਰ ਦਸਤਕਾਰੀ ਵਾਲਾ ਸ਼ਹਿਰ ਸੀ। ਢਾਕੇ ਦੀ ਮਲਮਲ ਬਹੁਤ ਪ੍ਰਸਿੱਧ ਸੀ। ਸਤਿਗੁਰੂ ਜੀ ਉਸੇ ਅਸਥਾਨ ਤੇ ਉਤਰੇ ਜਿਥੇ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਧਰਮਸਾਲਾ ਬਣੀ ਹੋਈ ਸੀ ਤੇ ਬੁਲਾਕੀ ਦਾਸ ਮਸੰਦ ਰਹਿੰਦਾ ਸੀ। ਬਲਾਕੀ ਦਾਸ ਨੇ ਸਾਰੇ ਗੁਰ ਸਿਖਾਂ ਤੇ ਸ਼ਰਧਾਲੂਆਂ ਨੂੰ ਪ੍ਰੇਮ-ਸੰਦੇਸ਼ਾ ਦੇ ਦਿੱਤਾ, ਸਤਿਗੁਰੂ ਜੀ ਆਏ ਹਨ ਆਕੇ ਦਰਸ਼ਨ ਕਰ ਲਵੋ।" ਇਹ ਸੰਦੇਸ਼ਾ ਸੁਣਕੇ ਗੁਰੂ ਘਰ ਦੇ ਪ੍ਰੇਮੀ ਸਤਿਗੁਰੂ ਜੀ

ਦੇ ਪਾਸ ਆ ਪੁਜੇ ਤੇ ਦਰਸ਼ਨ ਕਰਕੇ ਨਿਹਾਲ ਹੋਏ।

ਬਲਾਕੀ ਦਾਸ ਗੁਰੂ ਘਰ ਦਾ ਸੱਚਾ ਸੇਵਕ ਸੀ, ਉਸਨੇ ਇਕ ਪਲੰਘ ਤਿਆਰ ਕਰਵਾਕੇ ਉਸਦੇ ਉਪਰ ਕੋਰਾ ਬਿਸਤਰਾ ਵਿਛਾਕੇ ਰਖਿਆ ਹੋਇਆ ਸੀ ਕਿ ਜਦ ਵੀ ਕਦੀ ਸਤਿਗੁਰੂ ਜੀ ਆਉਣਗੇ ਤਦੋਂ ਹੀ ਉਹ ਸਾਹਿਬਾਂ ਨੂੰ ਉਸ ਪਲੰਘ ਉਤੇ ਬੈਠਾਵੇਗਾ।ਉਸ ਪਲੰਘ ਤਿਆਰ ਹੋਏ ਨੂੰ ਲਗ-ਪਗ ਅੱਠ ਸਾਲ ਹੋ ਗਏ ਸਨ। ਉਸ ਸਵੇਰੇ ਤੇ ਸ਼ਾਮ ਨੂੰ ਉਸ ਪਲੰਘ ਦੀ ਪੂਜਾ ਕਰਦਾ ਤੇ ਅਰਦਾਸ ਕਰਦਾ ਕਿ ਸਾਹਿਬ ਦਰਸ਼ਨ ਜ਼ਰੂਰ ਦੇਣ।ਬਲਾਕੀ ਦਾਸ ਦੀ ਬਿਰਧ ਮਾਤਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਤੜਪ ਰਹੀ ਸੀ।ਉਸਨੇ ਅਰਦਾਸ ਕੀਤੀ ਹੋਈ ਸੀ ਕਿ ਸਤਿਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਉਸਦੇ ਪ੍ਰਾਣ ਨਾ ਨਿਕਲਣ। ਉਹ ਚਵੀ ਘੰਟੇ ਹੀ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੀ ਰਹਿੰਦੀ। ਉਹਦੇ ਲੂੰ ਲੂੰ ਵਿਚੋਂ 'ਵਾਹਿਗੁਰੂ' ਸ਼ਬਦ ਦੀ ਅਵਾਜ਼ ਆ ਰਹੀ ਸੀ।

ਬਲਾਕੀ ਦਾਸ ਨੇ ਜਾਕੇ ਉਸਨੂੰ ਦਸਿਆ—"ਮਾਤਾ ! ਮੇਰੀ ਚੰਗੀ ਮਾਤਾ ! ਚਲ ਦਰਸ਼ਨ ਕਰ ਸਤਿਗੁਰੂ ਜੀ ਆ ਪੁਜੇ।ਤੇਰੇ ਮਨ ਦੀਆ ਮੁਰਾਦਾਂ ਪੂਰੀਆਂ ਹੋ ਗਈਆਂ। ਆਪ ਪ੍ਰਮੇਸ਼ਰ ਤੇਰੇ ਘਰ ਚਲ ਆਏ ਹਨ।"

ਇਹ ਸੁਣਦੇ ਸਾਰ ਬਿਰਧ ਮਾਤਾ ਜੀ ਉਮਾਹ ਨਾਲ ਉਠੇ। ਉਹਨਾਂ ਦੇ ਅੰਗ ਅੰਗ ਵਿਚ ਨਵਾਂ ਲਹੂ ਆ ਗਿਆ, ਅੱਖਾਂ ਦੀ ਜੋਤਨਾ ਤੇਜ ਹੋ ਗਈ— "ਆ ਗਏ!ਮੇਰੇ ਸਤਿਗੁਰੂ ਜੀ ਆ ਗਏ! ਮੈਂ ਬਲਿਹਾਰੀ ਜਾਵਾਂ! ਵੇ ਪੁਤ੍ਰਾ ਮੈਂ ਤੇਰੇ ਉਤੋਂ ਘੋਲੀ ਵਾਰੀ ਜਾਵਾਂ, ਤੇਰੇ ਮੂੰਹ ਸ਼ੱਕਰ ਪਾਵਾਂ! ਮੇਰੇ ਸਤਿਗੁਰੂ ਜੀ ਆ ਗਏ। ਮੈਂ ਹੁਣ ਸੌਖੀ ਮਰਾਂਗੀ।" ਇਹ ਆਖਦੀ ਹੋਈ ਉਹ ਉਠੀ। ਅਗੇ ਉਹ ਸੋਟੀ ਆਸਰੇ ਤੁਰਿਆ ਕਰਦੀ ਸੀ ਫਿਰ ਸੋਟੀ ਫੜਨ ਦਾ ਵੀ ਖਿਆਲ ਨਾ ਰਿਹਾ। "ਸਤਿਗੁਰੂ ਜੀ ਆ ਪੁਜੇ ! ਵਾਹਿਗੁਰੂ ਸਤਨਾਮ ਵਾਹਿਗੁਰੂ" ਆਖਦੀ ਹੋਈ ਕਾਹਲੀ ਕਾਹਲੀ ਅਥਾਹ ਜੋਸ਼ ਨਾਲ ਸਤਿਗੁਰੂ ਜੀ ਦੀ ਸ਼ਰਨ ਵਿਚ ਜਾ ਪੁਜੀ।

ਸਤਿਗੁਰੂ ਜੀ ਦੇ ਚਰਨਾਂ ਉਪਰ ਸਿਰ ਸੁਟ ਦਿਤਾ।ਚਰਨ ਧੂੜ ਮੱਥੇ ਨੂੰ ਲਾਈ। ਮਾਤਾ ਜੀ ਦਾ ਪ੍ਰੇਮ ਤੇ ਭਗਤੀ ਭਾਵ ਦੇਖਕੇ ਸਤਿਗੁਰੂ ਜੀ ਨੇ ਆਪਣੇ ਕੋਮਲ ਕਮਲ ਰੂਪ ਹੱਥਾਂ ਨੂੰ ਅਗੇ ਵਧਾਇਆ ਤੇ ਮਾਤਾ ਜੀ ਦਾ ਸਿਰ ਚੁਕਕੇ

ਬਚਨ ਕੀਤਾ—"ਨਿਹਾਲ ! ਮਾਤਾ ਜੀ ਨਿਹਾਲ ਹੋਏ !"

ਮਾਤਾ ਜੀ ਸਤਿਗੁਰੂ ਜੀ ਦੀ ਸੇਵਾ ਕਰਨ ਲੱਗੀ,ਆਸਣ ਦੇਕੇ ਬੈਠਾਇਆ, ਚਰਨ ਧੋਕੇ ਚਰਨਾਮ੍ਰਿਤ ਪੀਤਾ, ਸੁਕੇ ਤੇ ਹਰੇ ਫਲ ਛਕਾਏ, ਪ੍ਰਸ਼ਾਦ ਛਕਾਇਆ, ਸੀਤ ਪ੍ਰਸ਼ਾਦ ਛਕਕੇ ਆਪ ਨਿਹਾਲ ਹੋਈ, ਹੱਥੀਂ ਸੂਤਰ ਕਤਕੇ ਕਪੜਾ ਉਣਾਕੇ ਰਖਿਆ ਹੋਇਆ ਸੀ ਉਸ ਕਪੜੇ ਦਾ ਚੋਗਾ ਦਿੱਤਾ। ਉਸ ਚੋਗੇ ਨੂੰ ਪਹਿਨਕੇ ਸਤਿ-ਗੁਰੂ ਜੀ ਬਹੁਤ ਦਇਆ ਤੇ ਪ੍ਰਸੰਨਤਾ ਦੇ ਘਰ ਆਏ। ਮਾਤਾ ਜੀ ਨੂੰ ਬੈਕੁੰਠ ਧਾਮ ਵਿਚ ਪੁਜਣ ਦਾ ਵਰ ਦੇ ਦਿੱਤਾ।

ਸਿੱਖ ਸੰਗਤ ਦਰਸ਼ਨ ਕਰਨ ਆਈ ਤੇ ਸਿੱਖੀ ਨਾਮਦਾਨ ਪ੍ਰਾਪਤ ਕਰਕੇ ਨਿਹਾਲ ਹੁੰਦੀ ਰਹੀ। ਗੁਰੂ ਜਸ ਅਟੁਟ ਹੁੰਦਾ ਰਿਹਾ।

੨੯. ਸਤਿਗੁਰੂ ਜੀ ਦਾ ਮਦਰਾ ਪੁਰ ਜਾਣਾ

ਢਾਕੇ ਦੇ ਅਗਲੇ ਪਾਸੇ ਬ੍ਰਹਮਪੁਤਰ ਦਰਿਆ ਵਲ ਸਾਰੇ ਇਲਾਕੇ ਵਿਚ ਉਸ ਸਮੇਂ ਲੋਕ 'ਬਾ ਮਾਰਗੀਏ'ਸਨ ਜੋ ਕੁਮਖਜਾ ਦੇਵੀ ਦੀ ਮੂਰਤੀ ਦੇ ਲਿੰਗ(ਭਗ) ਨੂੰ ਪੂਜਦੇ ਸਨ। ਉਨ੍ਹਾਂ ਦੇ ਰਸਮੋ ਰਵਾਜ ਬਹੁਤ ਹੀ ਭੈੜੇ ਤੇ ਮਨੁਖਤਾ ਦੇ ਚੰਗੇ ਅਸੂਲਾਂ ਤੋਂ ਬਹੁਤ ਦੂਰ ਸਨ। ਚਾਵਲ, ਸ਼ਰਾਬ ਤੇ ਮਾਸ ਨਾਲ ਪੂਜਾ ਹੁੰਦੀ ਸੀ ਪਰ—ਨਾਰੀ ਨਾਲ ਮੇਲ ਕਰਨਾ ਬੁਰਾ ਨਹੀਂ ਸੀ ਸਮਝਿਆ ਜਾਂਦਾ। ਦੁਰਾਚਾਰੀ ਤੇ ਕੁਕਰਮ ਵਿਚ ਰਾਤ ਦਿਨੇ ਡੁਬੇ ਰਹਿੰਦੇ ਸਨ। ਉਨ੍ਹਾਂ ਦੇ ਮਹੰਤ, ਉਨ੍ਹਾਂ ਦੇ ਅਗਿਆਨੀ ਤੇ ਮਨਮਤੀਏ ਮਨ ਨੂੰ ਆਪਣੇ ਵਸ ਕਰੀ ਰਖਦੇ ਸਨ।

ਐਸੇ ਬਾ ਮਾਰਗ ਦਾ ਕੇਂਦਰ ਮਦਰਾਪੁਰ ਵਿਚ ਸੀ ਸਤਿਗੁਰੂ ਜੀ ਢਾਕੇ ਤੋਂ ਚਲਕੇ ਮਧਰਾਪੁਰ ਪੁਜੇ। ਸਤਿਗੁਰੂ ਜੀ ਦਾ ਸ਼ਾਹੀ ਪ੍ਰਤਾਪ ਅਤੇ ਸਾਧੂਆਂ ਦੀ ਭਾਰੀ ਟੋਲੀ ਸਾਥ ਦੇਖਕੇ ਉਥੋਂ ਦੇ ਲੋਕ ਬਹੁਤ ਹੈਰਾਨ ਹੋਏ। ਉਨ੍ਹਾਂ ਨੇ ਸਤਿਗੁਰੂ ਜੀ ਦੇ ਚੇਲਿਆਂ ਪਾਸੋਂ ਸਤਿਗੁਰੂ ਜੀ ਬਾਬਤ ਪੁਛ ਗਿਛ ਕੀਤੀ, ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਆਪ ਵੀ ਭਗਵਾਨ ਦੇ ਪਿਆਰੇ ਹਨ ਤੇ ਮਨ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਕਰਦੇ ਹਨ ਤਾਂ ਉਹ ਸਾਰੇ ਇਕਠੇ ਹੋਕੇ ਆ ਪੁਜੇ। ਜਿਵੇਂ ਜਿਵੇਂ ਮਸੰਦਾਂ ਨੇ ਉਨ੍ਹਾਂ ਨੂੰ ਦਸਿਆ ਤਿਵੇਂ ਤਿਵੇਂ ਉਹ ਸਤਿਗੁਰੂ ਜੀ ਦਾ ਸਤਿਕਾਰ ਕਰੀ ਗਏ।

ਸਾਰਿਆਂ ਨੂੰ ਇਕ ਥਾਂ ਬਿਠਾਕੇ ਸਤਿਗੁਰੂ ਜੀ ਨੇ ਸਤਿਗੁਰੂ ਨਾਨਕ ਦੇਵ

ਜੀ ਦੇ ਸਿੱਖੀ ਮਾਰਗ ਦਾ ਪ੍ਰਚਾਰ ਕੀਤਾ,ਸਾਹਿਬਾਂ ਦਾ ਪ੍ਰਚਾਰ ਤੇ ਸਾਹਿਬਾਂ ਦੀ ਮੇਹਰ ਦੀ ਤਕਣੀ ਦੇ ਕਾਰਨ ਉਹ ਲੋਕਇਸਤਰਾਂਕੀਲੇਗਏ ਜਿਵੇਂ ਨਾਦਨਾਲ ਸੱਪ ਤੇ ਹਰਨ ਕੀਲਿਆ ਜਾਂਦਾ ਹੈ। ਸਾਹਿਬਾਂ ਨੇ ਚੰਗੇ ਜੀਵਨ ਦੀ ਸਿੱਖਿਆ ਦਿਤੀ। ਸ਼ਰਾਬ, ਮਾਸ ਤੇ ਪਰ–ਨਾਰੀ ਦੇ ਮੇਲਨੂੰਬੁਰਾ ਕਿਹਾ–'ਕੁਰਖਜਾ ਦੇਵੀ' ਦੀ ਪੂਜਾ ਨੂੰ ਛੱਡਣ ਦੀ ਪ੍ਰੇਰਨਾ ਕੀਤੀ। ਜਦੋਂ ਦੇਖਿਆ ਕਿ ਕਰਤਾਰ ਦੀ ਮੇਹਰ ਨਾਲ ਉਹ ਕੁਝ ਸਿੱਧੇ ਰਾਹ ਆ ਗਏ ਹਨ ਤਾਂ ਸਤਿਗੁਰੂ ਜੀ ਨੇ ਉਹਨਾਂਨੂੰਬਚਨ ਕੀਤਾ–"ਸਾਰੇ ਹੀ ਹੱਥ ਜੋੜੋ।ਅੱਖਾਂਮੀਟਕੇ ਕੁਝ ਚਿਰ ਬੈਠ ਕੇ ਚਿਤ ਵਿਚਧਾਰਨ ਕਰੋ ਕਿ ਜੋ ਜੋ ਤੁਸਾਂ ਦੀ ਲੋੜ ਹੈ,ਤੁਸਾਂ ਦੀਆਂ ਸਾਰੀਆਂ ਲੋੜਾਂ ਪੂਰਨਕੀਤੀਆਂ ਜਾਣਗੀਆਂ। ਤੁਸਾਂ ਉਤੇ ਸਤਿਗੁਰੂ (ਨਾਨਕ)ਜੀ ਕ੍ਰਿਪਾਲਤਾ ਕਰ ਰਹੇ ਹਨ।

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਸਾਰੇ ਹੀ ਅੱਖਾਂ ਮੀਟਕੇ ਬੈਠ ਗਏ। ਕਿਸੇ ਨੇ ਦੁੱਧ ਤੇ ਪੁੱਤ ਮੰਗਿਆ, ਕਿਸੇ ਪੁਰਖ ਨੇ ਨਾਰੀ ਮੰਗੀ ਤੇ ਤੇ ਕਿਸੇ ਧਨ-ਪਦਾਰਥ ਦੀ ਮੰਗ ਕੀਤੀ। ਉਹ ਥੋੜੇ ਸਨ ਜਿਨ੍ਹਾਂ ਨੇ ਮੁਕਤੀ ਮੰਗੀ। ਸਤਿਗੁਰੂ ਜੀ ਨੇਤ੍ਰ ਮੂੰਦ ਕੇ ਅੰਤ੍ਰ ਧਿਆਨ ਹੋ ਬੈਠੇ। ਉਹਨਾਂ ਨੇ ਦਰਗਾਹੋਂ ਸਾਰੀਆਂ ਵਸਤੂਆਂ ਮੰਗਕੇ ਸਭ ਨੂੰ ਬਖ਼ਸ਼ੀਆਂ।

ਜਦੋਂ ਸਾਰਿਆਂ ਨੂੰ ਨਿਹਾਲ ਕਰਕੇ ਸਤਿਗੁਰੂ ਜੀ ਅਗੇ ਚਲਣ ਲਗੇ ਤਾਂ ਸਾਰੇ ਲੋਕਾਂ ਨੇ ਬੇਨਤੀ ਕੀਤੀ–"ਹੇ ਦਾਤਾ ! ਅਸੀਂ ਆਪਦੇ ਦਰਸ਼ਨ ਕਿਵੇਂ ਕਰਾਂਗੇ ? ਮੁਰਾਦਾਂ ਕਿਥੋਂ ਮੰਗਿਆ ਕਰਾਂਗੇ?ਦੇਵੀ ਦੇਵਤਿਆਂ ਦੀ ਪੂਜਾ ਛੱਡੀ, ਹੁਣ ਕਿਸਦੀ ਕਿਸਤਰਾਂ ਪੂਜਾ ਕਰਾਂਗੇ ਕੁਝ ਤਾਂ ਦਸ ਜਾਵੋ।"

ਸਤਿਗੁਰੂ ਜੀ ਨੇ ਉਸੇ ਵੇਲੇ ਉੱਤਰ ਦਿੱਤਾ–ਪੂਜਾ ਅਕਾਲ ਪੁਰਖ ਦੀ ਕਰਨੀ। ਇਕ ਪੋਥੀ ਤੁਸਾਂ ਨੂੰ ਦੇਂਦੇ ਹਾਂ, ਇਸ ਪੋਥੀ ਨੂੰ ਸਾਂਭਕੇ ਰਖਿਓ।ਇਸ ਦੇ ਸਨਮੁਖ ਖਲੋਕੇ ਜਦੋਂ ਅਰਦਾਸਕਰੋਗੇ ਤਾਂ ਤੁਸਾਂ ਦੀਆਂ ਸਾਰੀਆਂ ਮਨੋ ਕਾਮਨਾ ਪੂਰੀਆਂ ਹੋ ਜਾਣਗੀਆਂ। ਵਾਹਿਗੁਰੂ ਤੇ ਸਦਾ ਭਰੋਸਾ ਰਖਣਾ। ਪੱਥਰ ਪੂਜਾ ਨਾ ਕਰਨੀ।" ਇਹ ਬਚਨ ਕਰਕੇ ਸਤਿਗੁਰੂ ਜੀ ਨੇ ਗੁਰਬਾਣੀ ਦੀ ਪੋਥੀ ਉਹਨਾਂਨੂੰ ਦਿਤੀ,ਪੋਥੀ ਅਜੇ ਤਕ ਪੂਜੀ ਜਾ ਰਹੀ ਹੈ।ਗੁਰਦਵਾਰਾ ਕਾਇਮਹੈ ਤੇ ਲੱਖਾਂ ਜੀਵ ਅਰਦਾਸਾਂ ਕਰ ਕਰ ਕੇ ਜੀਵਨ ਸਫਲ ਕਰਨ ਦੇ ਨਾਲ ਮੁਰਾਦਾਂ ਵੀ ਪੂਰੀਆਂ

ਕਰਦੇ ਰਹੇ ਹਨ।

੩੦. ਸਤਿਗੁਰੂ ਜੀ ਲੜਾਈ ਦੇ ਮੈਦਾਨ ਵਿਚ

ਰਾਜਾ ਬਿਸ਼ਨ ਸਿੰਘ ਆਪ ਸਤਿਗੁਰੂ ਜੀ ਦੇ ਪਾਸ ਆ ਮਿਲਿਆ। ਉਸਨੇ ਦੋਵੇਂ ਹੱਥ ਜੋੜਕੇ ਬੇਨਤੀ ਕੀਤੀ—"ਸਤਿਗੁਰੂ ਜੀ ਛੇਤੀ ਚਲੋ, ਮੇਰੀ ਫੌਜ ਦਰਿਆ ਬ੍ਰਹਮ ਪੁਤ੍ਰ ਦੇ ਕਿਨਾਰੇ ਜਾ ਪੁਜੀ ਹੈ। ਅਗੋਂ ਰਾਜੇ ਦੀ ਸੈਨਾ ਵੀ ਆ ਪੁਜੀ ਹੈ।ਖਤਰਾ ਹੈ ਕਿਤੇ ਜਾਦੂ ਦੀ ਲੜਾਈ ਸ਼ੁਰੂ ਨਾ ਹੋ ਜਾਵੇ।ਜਾਦੂਗਰਾਂ ਦੇ ਆਉਣ ਦਾ ਡਰ ਹੈ। ਆਪ ਛੇਤੀ ਚਲੋ।"

ਸਤਿਗੁਰੂ ਜੀ ਰਾਜੇ ਬਿਸ਼ਨ ਸਿੰਘ ਦੀ ਬੇਨਤੀ ਪ੍ਰਵਾਨ ਕਰਕੇ ਉਸਦੇ ਨਾਲ ਦਰਿਆ ਬ੍ਰਹਮ ਪੁਤਰ ਦੇ ਪੱਛਮੀ ਕਿਨਾਰੇ ਜਾ ਪੁਜੇ। ਉਥੇ ਮੁਗਲ ਫੌਜ ਡੇਰਾ ਲਾਈ ਬੈਠੀ ਸੀ। ਬੜੇ ਉੱਚੇ ਟਿੱਬੇ ਤੇ ਸਤਿਗੁਰੂ ਜੀ ਦਾ ਤੰਬੂ ਲਗਾ ਦਿਤਾ।

ਅੰਤਰਯਾਮੀ ਸਤਿਗੁਰੂ ਜੀ ਨੇ ਬ੍ਰਹਨ ਸ਼ਕਤੀ ਨਾਲ ਅਨੁਭਵ ਕੀਤਾ ਕਿ ਕਾਮਰੂਪ ਦਾ ਰਾਜਾ ਰਾਮ ਆਪਣੇ ਲਸ਼ਕਰ ਸਮੇਤ ਜੋ ਦਰਿਆ ਦੇ ਪੂਰਬੀ ਪਾਸੇ ਆ ਬੈਠਾ ਹੈ, ਉਹ ਵੱਡੇ ਵੱਡੇ ਜਾਦੂਗਰਾਂ ਨੂੰ ਸੱਦਕੇ ਹੋਮ ਯੱਗ ਕਰਵਾ ਰਿਹਾ ਹੈ। ਜਦੋਂ ਅੱਧੀ ਰਾਤ ਹੋਵੇਗੀ ਤਾਂ ਜ਼ਰੂਰ ਕੋਈ ਨਾ ਕੋਈ ਕਾਰਾ ਹੋ ਜਾਵੇਗਾ, ਇਸ ਵਾਸਤੇ ਬਚਣਾ ਚਾਹੀਦਾ ਹੈ। ਸਾਹਿਬਾਂ ਨੇ ਬਿਸ਼ਨ ਸਿੰਘ ਨੂੰ ਸੱਦਕੇ ਆਖਿਆ—"ਹੇ ਰਾਜਨ! ਦੁਸ਼ਮਨ ਦੇ ਹਰ ਵਾਰ ਤੋਂ ਬਚਣਾ ਨੀਤੀ ਹੈ। ਦੁਸ਼ਮਣ ਤੁਸਾਂ ਦੇ ਮਾਰਨ ਵਾਸਤੇ ਯਤਨ ਕਰ ਰਿਹਾ ਹੈ। ਰਾਤ ਦੇ ਬਾਰਾਂ ਵਜੇ ਪਿਛੋਂ ਦਰਿਆ ਵਿਚਹੜ੍ਹ ਆ ਜਾਵੇਗਾ ਉਸ ਹੜ੍ਹ ਨਾਲ ਤੁਸਾਂ ਦੀ ਸੈਨਾ ਨੂੰ ਖਤਰਾ ਹੈ। ਇਸ ਵਾਸਤੇਉੱਚੀਥਾਂ ਲੈ ਜਾਵੋ"

ਰਾਜਾ ਬਿਸ਼ਨ ਸਿੰਘ ਸਤਿਗੁਰੂ ਜੀ ਦੇ ਇੱਕ ਇੱਕ ਬਚਨ ਨੂੰ ਰੱਬੀ ਬਚਨ ਮੰਨਣ ਲੱਗ ਪਿਆ ਸੀ। ਉਸਨੇ ਉਸੇ ਵੇਲੇ ਫੌਜ ਨੂੰ ਹੁਕਮ ਦਿੱਤਾ ਕਿ ਪਿੱਛੇ ਹਟਕੇ ਉੱਚੀ ਚਟਾਨ ਤੇ ਡੇਰਾ ਕੀਤਾ ਜਾਵੇ। ਹੋਰ ਸਾਰੀ ਫੌਜ ਨੇ ਰਾਜਾ ਬਿਸ਼ਨ ਸਿੰਘ ਦਾ ਹੁਕਮ ਮੰਨਿਆਂ, ਪਰ ਕੁਝ ਕੁ ਮੁਗਲ ਸੈਨਕਾਂ ਨੇ ਇਸ ਵਿਚਾਰ ਨੂੰ ਇਕ ਕੂੜਾ ਵਹਿਮ ਜਾਣਕੇ ਮਖੌਲ ਕਰ ਛੱਡਿਆ ਤੇ ਆਪਣੀ ਥਾਂ ਤੋਂ ਨਾ ਹਿਲੇ। ਉਨ੍ਹਾਂ ਵਿਚੋਂ

ਇਕ ਨੇ ਕਿਹਾ—ਦਰਿਆ ਦਾ ਪਾਣੀ ਏਥੋਂ ਬਹੁਤ ਨੀਵਾ ਤੇ ਰੋਹੜੂ ਹੈ, ਕਿੰਨਾ ਵੀ ਹੜ ਆਵੇ ਕਦੀ ਪਾਣੀ ਨਹੀਂ ਚੜ੍ਹ ਸਕਦਾ। ਦੇਖੀ ਜਾਵੇਗੀ, ਅਸੀਂ ਮੁਕਾਬਲਾ ਕਰਾਂਗੇ।"

ਹੰਕਾਰ ਦਾ ਸਦਾ ਸਿਰ ਨੀਵਾਂ ਹੁੰਦਾ ਹੈ। ਅੰਤ੍ਰਯਾਮੀ ਸਤਿਗੁਰੂ ਜੀ ਕੁਝ ਲੀਲ੍ਹਾ ਦੇਖ ਰਹੇ ਸਨ। ਠੀਕ ਅੱਧੀ ਰਾਤ ਬੀਤੀ ਤਾਂ ਇਕ ਗਰਜ ਉਠੀ, ਉਹ ਗਰਜ ਬਦਲ ਦੇ ਗੱਜਣ ਵਾਂਗ ਸੀ, ਉਸਦੇ ਨਾਲ ਹੀ ਦਰਿਆ ਉਛਲਿਆ ਤੇ ਆਪਣੇ ਕਿਨਾਰਿਆਂ ਤੋਂ ਬਹੁਤ ਉੱਚਾ ਹੋ ਗਿਆ। ਸਤਿਗੁਰੂ ਜੀ ਦਾ ਬਚਨ ਸਤ ਹੋਇਆ। ਜੇਹੜੇ ਮੁਗਲ ਸੈਨਕਾਂ ਨੇ ਸਤਿਗੁਰੂ ਜੀ ਦੇ ਬਚਨ ਨੂੰ ਨਹੀਂ ਸੀ ਮੰਨਿਆਂ ਤੇ ਨੀਵੇਂ ਥਾਂ ਡੇਰਾ ਰੱਖਿਆ ਸੀ, ਉਹ ਸਾਰੇ ਰੁੜ੍ਹ ਗਏ। ਉਨ੍ਹਾਂ ਦਾ ਸਫਾਇਆ ਹੋਇਆ ਦੇਖਕੇ ਸਾਰੀ ਸੈਨਾ ਭੈ ਭੀਤ ਹੋ ਗਈ। ਜਰਨੈਲ ਤੇ ਨਿੱਕੇ ਵੱਡੇ ਅਫਸਰ ਸਭ ਡਰ ਕੇ ਰਾਜਾ ਬਿਸ਼ਨ ਸਿੰਘ ਪਾਸ ਆਏ। ਉਨ੍ਹਾਂ ਦੇ ਮੁਖੀ ਨੇ ਰਾਜੇ ਨੂੰ ਕਿਹਾ—"ਰਾਜਾ ਸਾਹਿਬ! ਜਿਸ ਰਾਜੇ ਕੋਲ ਐਸੇ ਜਾਦੂਗਰ ਹਨ ਜੋ ਦਰਿਆ ਨੂੰ ਕੀਲਕੇ ਉਪਰ ਉਛਾਲ ਸਕਦੇ ਹਨ, ਤਾਂ ਕੀ ਉਹ ਮੈਦਾਨੇ ਜੰਗ ਵਿਚ ਸਾਰਿਆਂ ਨੂੰ ਮਾਰ ਨਾ ਸੁਟਣਗੇ ? ਚੰਗਾ ਤਾਂ ਏਹੋ ਹੈ ਕਿ ਇਹ ਦੇਸ਼ ਫਤਹ ਕਰਨ ਦਾ ਖਿਆਲ ਹੀ ਛੱਡ ਜਾਈਏ। ਮਨੁੱਖਾਂ ਨਾਲ ਲੜਿਆ ਜਾ ਸਕਦਾ ਹੈ ਪਰ ਖੁਦਾਈ ਸ਼ਕਤੀਆਂ ਨਾਲ ਲੜਨਾ ਕਠਨ ਹੈ। ਬਾਦਸ਼ਾਹ ਵੀ ਗੁਸੇ ਨਹੀਂ ਹੋਵੇਗਾ, ਅਗੇ ਅਨੇਕਾਂ ਜਰਨੈਲ ਮਾਰੇ ਗਏ ਹਨ।"

ਫੌਜੀ ਜਰਨੈਲਾਂ ਦਾ ਦਮ ਟੁਟਾ ਦੇਖਕੇ ਰਾਜਾ ਬਿਸ਼ਨ ਸਿੰਘ ਝਟ ਸਤਿਗੁਰੂ ਜੀ ਪਾਸ ਆਇਆ ਉਸ ਨੇ ਡਡੋਲਿਕੇ ਹੋਕੇ ਸਾਹਿਬਾਂ ਨੂੰ ਕਿਹਾ—"ਹੇ ਦਾਤਾ! ਬਖਸ਼ੋ! ਅਸਾਂ ਦੀਆਂ ਭੁਲਾਂ ਨਾ ਚਿਤਾਰੋ! ਸੈਨਾਂ ਦਾ ਬਹੁਤ ਸਾਰਾ ਹਿੱਸਾ ਰੁੜ੍ਹ ਗਿਆ ! ਅਸਾਨੂੰ ਬਚਾਓ! ਸਾਰੀ ਸੈਨਾ ਬਾਗੀ ਹੋ ਗਈ ਹੈ ਜੇ ਸੈਨਾ ਦੇਸ਼ ਫਤਹ ਕਰਨ ਤੋਂ ਬਿਨਾਂ ਵਾਪਸ ਦਿੱਲੀ ਚਲੀ ਗਈ ਤਾਂ ਮੈਂ ਮਾਰਿਆ ਜਾਵਾਂਗਾ। ਨਹੀਂ ! ਨਹੀਂ ! ਮੈਂ ਜੀਉਂਦਾ ਏਥੋਂ ਨਹੀਂ ਜਾ ਸਕਦਾ, ਔਰੰਗਜ਼ੇਬ ਬਹੁਤ ਕ੍ਰੋਧੀ ਤੇ ਜ਼ੁਲਮੀ ਸੁਭਾ ਦਾ ਬੰਦਾ ਹੈ। ਉਹ ਮੈਨੂੰ ਮਰਵਾ ਦੇਵੇਗਾ, ਉਸ ਨੇ ਸਕੇ ਬਾਪ ਨਾਲ ਭਲਾ ਨਹੀਂ ਕੀਤਾ, ਉਸ ਨੂੰ ਮਰਵਾ ਦਿੱਤਾ, ਮੈਨੂੰ ਕਦੋਂ ਜੀਉਂਦਾ ਛੱਡਣ ਲੱਗਾ ਹੈ? ਦਇਆ ਕਰੋ,

ਦਿਆਲੂ ਕ੍ਰਿਪਾਲੂ ਭਗਵਾਨ ! ਦਇਆ ਕਰੋ ! ਮੈਂ ਬੱਚਿਆਂ ਵਤ ਬੇਨਤੀਆਂ ਕਰਦਾ ਹਾਂ ।'

ਰਾਜਾ ਬਿਸ਼ਨ ਸਿੰਘ ਦਾ ਤਰਲਾ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ, "ਜੋ ਮਰੇ ਹਨ, ਉਹ ਹੰਕਾਰੀ ਸਨ ।ਹੇ ਰਾਜਨ! ਤੇਰੇ ਅੰਦਰੋਂ ਹੰਕਾਰ ਦਾ ਅੰਤ ਹੋ ਗਿਆ ਹੈ, ਤੇਰਾ ਵਾਲ ਵਿੰਗਾ ਨਹੀਂ ਹੋਵੇਗਾ, ਕੋਈ ਚਿੰਤਾ ਨਾ ਕਰ । ਦੇਖ ਕਰਤਾਰ ਦੇ ਰੰਗ ।"

ਕਰਤਾਰ ਦੇ ਰੰਗ ਸ਼ਬਦ ਅਜੇ ਸਤਿਗੁਰੂ ਜੀ ਦੇ ਪਵਿਤ੍ਰ ਬੁਲ੍ਹਾਂ ਉਤੇ ਹੀ ਸੀ ਕਿ ਪੂਰਬ ਵਲੋਂ ਭਿਆਨਕ ਅਵਾਜ਼ਾਂ ਆਉਣ ਲਗ ਪਈਆਂ । ਜਾਂ ਰਾਜੇ ਨੇ ਤੰਬੂ ਵਿਚੋਂ ਬਾਹਰ ਨਿਕਲਕੇ ਦੇਖਿਆ ਤਾਂ ਉਹਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ । ਅਸਮਾਨ ਵਿਚ ਨਾਰੀਆਂ ਉੱਡ ਰਹੀਆਂ ਸਨ । ਕਿਸੇ ਦੇ ਹੱਥ ਵਿਚ ਦਰਖਤ ਸਨ ਤੇ ਕਿਸੇ ਨੇ ਪੱਥਰ ਚੁਕੇ ਹੋਏ ਸਨ ਤੇ ਕਿਸੇ ਦੇ ਮੂੰਹ ਵਿਚੋਂ ਅੱਗ ਦੇ ਭਾਂਬੜ ਨਿਕਲ ਰਹੇ ਸਨ ਉਹ ਨਾਰੀਆਂ ਜਾਦੂ ਦੇ ਬਲ ਨਾਲ ਅਸਮਾਨ ਵਿਚ ਉਡੀਆਂ ਸਨ ਕਿ ਮੁਗਲ ਫੌਜ ਭੈ-ਭੀਤ ਹੋਕੇ ਜਿਧਰੋਂ ਆਈ ਹੈ ਉਧਰੇ ਹੀ ਚਲੀ ਜਾਵੇ ।

ਰਾਜਾ ਬਿਸ਼ਨ ਸਿੰਘ ਇਹ ਨਜ਼ਾਰਾ ਦੇਖਕੇ ਸਤਿਗੁਰੂ ਜੀ ਪਾਸ ਆਇਆ ਤੇ ਆਕੇ ਕਹਿਣ ਲੱਗਾ--"ਮਹਾਰਾਜ ! ਹੋਰ ਚੜੇਲਾਂ ਸਿਰ ਤੇ ਆ ਗਈਆਂ । ਹੁਣ ਉਹ ਜ਼ਰੂਰ ਹੀ ਕਿਸੇ ਨੂੰ ਜੀਊਂਦਾ ਨਹੀਂ ਛਡਣਗੀਆਂ, ਸਹਾਇਤਾ ਕਰੋ !"

ਉਸੇ ਵੇਲੇ ਸਤਿਗੁਰੂ ਜੀ ਨੇ ਇਕ ਸ਼ਬਦ ਲਿਖਕੇ ਦਿਤਾ ਤੇ ਨਾਲ ਹੀ ਰਾਜੇ ਨੂੰ ਬਚਨ ਕੀਤਾ--"ਹੇ ਰਾਜਨ ! ਇਸ ਕਾਗਜ਼ ਨੂੰ ਲੈ ਜਾਹ ਤੇ ਤੋਪ ਦੇ ਮੂੰਹ ਵਿਚ ਰਖਕੇ ਤੋਪ ਚਲਾ ਦੇਹ । ਜਿਥੋਂ ਤਕ ਤੋਪ ਦੀ ਅਵਾਜ਼ (ਗੂੰਜ) ਜਾਵੇਗੀ, ਉਥੋਂ ਤਕ ਕੋਈ ਜਾਦੂਗਰ ਫਤੂਰ ਪਾਉਂਦਾ ਹੋਇਆ ਨਜ਼ਰ ਨਹੀਂ ਆਵੇਗਾ ।"

ਰਾਜਾ ਬਿਸ਼ਨ ਸਿੰਘ ਕਾਗਜ਼ ਦਾ ਟੁਕੜਾ ਲੈਕੇ ਸੈਨਾ ਵਲ ਚਲਿਆ ਗਿਆ । ਅਸਮਾਨ ਤੇ ਨਾਰੀਆਂ ਸ਼ੋਰ ਮਚਾ ਰਹੀਆਂ ਸਨ । ਸੈਨਾ ਡਰ ਨਾਲ ਪੀਲੀ ਹੋ ਰਹੀ ਸੀ, ਰਾਜੇ ਜਾਂਦਿਆਂ ਹੀ ਤੋਪ ਵਿਚ ਕਾਗਜ਼ ਰੱਖਕੇ ਜਾਂ ਤੋਪ ਦਾ ਗੋਲਾ ਛੱਡਿਆ ਤਾਂ ਸਤਿਗੁਰੂ ਜੀ ਦੇ ਬਚਨ ਸਤ ਹੋਏ, ਅਸਮਾਨ ਵਿਚ ਉਡ ਰਹੀਆਂ ਨਾਰੀਆਂ ਦੀ ਜਾਦੂ ਸ਼ਕਤੀ ਖਤਮ ਹੋ ਗਈ, ਉਹ ਚੱਕਰ ਖਾ ਖਾ ਕੇ ਨਾਰੀ ਰੂਪ ਵਿਚ ਹੇਠਾਂ ਧਰਤ ਉਤੇ ਆ ਗਈਆਂ । ਜੋ ਜਾਦੂਗਰ ਪਿੱਛੇ ਸਮਾਧੀ ਲਾਕੇ ਜਾਰੀ ਖੇਡ ਕਰ ਰਿਹਾ

ਸੀ ਉਸਦਾ ਧਿਆਨ ਪਾਸੇ ਹੋ ਗਿਆ। ਉਹ ਬਹੁਤ ਹੈਰਾਨ ਹੋਇਆ। ਮੁਗਲ ਸੈਨਾਂ ਨੂੰ ਖੁਸ਼ੀ ਚੜ ਗਈ।

ਇਹ ਕੌਤਕ ਦੇਖਕੇ ਰਾਜਾ ਬਹੁਤ ਹੈਰਾਨ ਹੋਇਆ ਉਸਨੇ ਮੁਖੀਂ ਜਾਦੂਗਰ ਪਾਸੋਂ ਪੁਛਿਆ—ਇਹ ਕੀ ਮਾਮਲਾ ਹੈ। ਜਾਦੂ ਚਲਿਆ ਕਿਉਂ ਨਹੀਂ ? ਸਾਰੀਆਂ ਨਾਰੀਆਂ ਅਚਾਨਕ ਇਕ ਦਮ ਹੇਠਾਂਕਿਉਂ ਆ ਗਈਆਂ?"

'ਹੇ ਰਾਜਨ !' ਜਾਗੂਗਰ ਨੇ ਆਖਿਆ—"ਇਉਂ ਪ੍ਰਤੀਤ ਹੁੰਦਾ ਹੈ ਕਿ ਕੋਈ ਮਹਾਂ ਜੋਗੀ, ਵੱਡਾ ਜਾਦੂਗਰ ਦੁਸ਼ਮਨਾਂ ਦੀ ਸੈਨਾ ਵਿਚ ਹੈ।ਇਹ ਜੋ ਤੋਪ ਚਲਾਈ ਗਈਹੈ ਇਸਦੀ ਅਵਾਜ਼ਜਿਥੋਂ ਤਕ ਗਈਹੈ।ਉਥੋਂਤਕ(ਉਤਨੇ ਵਾਯੂ ਮੰਡਲ ਵਿਚ) ਕੋਈ ਜਾਦੂ ਅਸਰ ਨਹੀਂਕਰੇਗਾ। ਇਸ ਵਾਸਤੇ ਹੁਣ ਕੋਈ ਹੋਰ ਯਤਨਕਰੋ,ਲੜਾਈ ਕਰਨੀ ਤਾਂ ਚੰਗੀ ਨਹੀਂ,ਏਹੋਚੰਗਾਹੈਕਿ ਸੁਲਾਹਕਰਲਵੋ।'

ਰਾਜਾ ਰਾਮ ਨੂੰ ਆਪਣੀ ਸੈਨਾ ਉਤੇ ਬਹੁਤਾ ਮਾਣ ਨਹੀਂ ਸੀ ਕਿਉਂਕਿ ਉਹ ਛੋਟੀਰਿਆਸਤ ਦਾ ਮਾਲਕਸੀ ਤੇ ਫੌਜ ਬਹੁਤ ਥੋੜੀਸੀ ਉਹ ਜਾਦੂਗਰਾਂ ਉਤੇ ਭਰੋਸਾ ਰਖਦਾ ਤੇ ਉਨ੍ਹਾਂ ਆਸਰੇ ਹੀ ਰਾਜ ਕਰਦਾ ਸੀ। ਜਦੋਂ ਉਨ੍ਹਾਂ ਨੇ ਜਵਾਬ ਦੇ ਦਿੱਤਾ ਤਾਂ ਉਹ ਚੁਪ ਹੋਗਿਆ ਉਸਨੇਕਿਹਾ ਕਿਵੇਂ ਨਾ ਕਿਵੇਂ ਪਤਾ ਕਰੋ ਉਹ ਜਾਦੂਗਰ ਕੌਣਹੈ ਜੋ ਬਾਹਰੋਂ ਦੁਸ਼ਮਨ ਦੀ ਸਹਾਇਤਾ ਕਰ ਰਿਹਾਹੈ।

ਉਸੇ ਵੇਲੇ ਮੁਖੀ ਜਾਦੂਗਰਨੇ ਕਬੂਤਰ ਦਾ ਰੂਪ ਧਾਰਨ ਕੀਤਾ ਤੇ ਉਡਕੇ ਉਸ ਅਸਥਾਨ ਤੇ ਆ ਪੁਜਾ ਜਿਥੇ ਸਤਿਗੁਰੂ ਜੀਦਾ ਤੰਬੂਸੀ,ਉਸ ਸਮੇਂਸਤਿਗੁਰੂ ਜੀ ਤੰਬੂਤੋਂ ਬਾਹਰਖਲੋਤੇ ਸਨ ਅੰਤਰਯਾਮੀਸਤਿਗੁਰੂਜੀ ਕਬੂਤਰ ਦਾ ਰੂਪਧਾਰੀ ਜਾਦੂਵਲ ਵਲ ਵੇਖਕੇ ਮੁਸਕਰਾ ਪਏ। ਸਾਹਿਬਾਂ ਨੇ ਉਸਦਾ ਨਾਮ ਲੈਕੇ ਕਿਹਾ—ਨਗੀਨੇ (ਜਾਦੂਗਰ ਦਾ ਨਾਮ ਸੀ) ਕਿਵੇਂ ਆਇਆ ਹੈਂ ? ਜਾਹ ਜਾਕੇ 'ਸਤਿ ਕਰਤਾਰ' ਦਾ ਸਿਮਰਨ ਕਰ। ਇਹ ਨਾਟਕ-ਚੇਟਕ ਤੇ ਇਹ ਹੰਕਾਰ ਰੂਪੀ ਖੇਡਾਂ ਤੇਰੀ ਕਲਿਆਣ ਨਹੀਂ ਕਰਨਗੀਆਂ, ਸਗੋਂ ਦੁਖੀ ਹੋਵੇਂਗਾ। ਜੀਵਨ ਨੂੰ ਸੁਖੀ ਤੇ ਕਲਿਆਨ ਪ੍ਰਾਪਤ ਕਰਨ ਵਾਸਤੇ'ਸਤਿ-ਕਰਤਾਰ' ਦਾ ਸਿਮਰਨ ਹੀ ਚੰਗਾ ਹੈ।

ਕਬੂਤਰ ਰੂਪ ਜਾਦੂਗਰ ਨਗੀਨੇ ਨੇ ਸਤਿਗੁਰੂ ਜੀ ਅਗੇ ਸੀਸ ਨਿਵਾਇਆ ਤੇ ਤੁਰ ਗਿਆ।

੩੧. ਰਾਜਾ ਬਿਸ਼ਨ ਸਿੰਘ ਤੇ ਰਾਜਾ ਰਾਮ ਦੀ ਮੁਲਾਕਤ ਹੋਣ

ਨਗੀਨੇ ਜਾਦੂਗਰ ਨੇ ਰਾਜੇ ਰਾਮ ਪਾਸ ਜਾਕੇ ਸਾਰਾ ਹਾਲ ਦਸਿਆ। ਉਸ ਨੇ ਕਿਹਾ—'ਸਤਿਗੁਰ ਨਾਨਕ ਜੀ ਨਿਰੰਕਾਰੀ' ਦੀ ਗੱਦੀ ਦੇ ਨਾਵੇਂ ਗੁਰੂ ਆਏ ਹਨ। ਉਹਨਾਂ ਦੇ ਹੁੰਦਿਆਂ ਲੜਾਈ ਨਹੀਂ ਹੋ ਸਕਦੀ।'

'ਮੈਂ ਬੜਾ ਹੈਰਾਨ ਹਾਂ।' ਰਾਜਾ ਰਾਮ ਬੋਲਿਆ-'ਮੈਂ ਤਾਂ ਸੁਣਿਆਂ ਹੈ ਕਿ ਸਤਿਗੁਰੂ ਨਾਨਕ ਜੀ ਨਿਰੰਕਾਰੀ ਧਰਮ ਦੇ ਰਾਖੇ ਸਨ ਫਿਰ ਤੁਰਕਾਂ ਦੀ ਸਹਾਇਤਾ ਕਿਉਂ ਕਰਦੇ ਹਨ ? ਮੈਂ ਨਹੀਂ ਮੰਨਦਾ। ਮੈਂ ਆਪਣੇ ਇਸ਼ਟ ਦੇਵ ਕੁਮੱਖਜਾ ਦੇਵੀ ਦੇ ਮੰਦਰ ਵਿਚ ਜਾਵਾਂਗਾ ! ਉਸਦੇ ਅਗੇ ਨੱਕ ਗੋਡਾ ਰਗੜਾਂਗਾ, ਉਹ ਜ਼ਰੂਰ ਮੇਰੀ ਸਹਾਇਤਾ ਕਰੇਗੀ। ਮੇਰਾ ਧਰਮ ਹੈ ਕਿ ਮੈਂ ਕਿਸੇ ਤੁਰਕ ਦੇ ਮੱਥੇ ਨਹੀਂ ਲਗਣਾ।'

ਇਉਂ ਆਖਦਾ ਹੋਇਆ ਰਾਜਾ ਕੁਮੱਖਜਾ ਦੇਵੀ ਦੇ ਮੰਦਰ ਚਲਿਆ ਗਿਆ। ਉਸਦੀ ਪੂਜਾ ਕੀਤੀ, ਮਾਸ ਤੇ ਸ਼ਰਾਬ ਦਾ ਹਵਨ ਕੀਤਾ, ਕੁਦਰਤ ਨਾਲ ਰਾਜੇ ਨੂੰ ਇਉਂ ਅਨਭਵ ਹੋਇਆ ਜਿਵੇਂ ਦੇਵੀ ਆਖ ਰਹੀ ਸੀ "ਰਾਜਨ ਸਮਝੌਤਾ ਕਰ ਲੈ, ਤਾਂ ਹੀ ਸੁਖ ਪਾਵੇਂਗਾ। ਲੜਾਈ ਨਾਲੋਂ ਸੁਲਾਹ ਚੰਗੀ ਹੈ।' ਰਾਜਾ ਰਾਮ ਹੈਰਾਨ ਤੇ ਨਿਰਾਸ ਹੋਕੇ ਮੰਦਰ ਤੋਂ ਬਾਹਰ ਆ ਗਿਆ। ਉਸਨੇ ਆਪਣੇ ਵਜ਼ੀਰਾਂ ਨੂੰ ਕਿਹਾ—'ਸਤਿਗੁਰੂ ਜੀ ਪਾਸ ਜਾਵੋ ! ਮੈਂ ਸੁਲਾਹ ਕਰਨ ਵਾਸਤੇ ਤਿਆਰ ਹਾਂ।'

ਉਸੇ ਵੇਲੇ ਜਾਦੂਗਰ ਨਗੀਨਾ ਤੇ ਇਕ ਵਜ਼ੀਰ ਬੇੜੀਆਂ ਰਾਹੀਂ ਦਰਿਆ ਨੂੰ ਪਾਰ ਕਰਕੇ ਸਤਿਗੁਰੂ ਜੀ ਪਾਸ ਪਹੁੰਚੇ ਤੇ ਰਾਜੇ ਰਾਮ ਵਲੋਂ ਬੇਨਤੀ ਕੀਤੀ—"ਮਹਾਂ ਪੁਰਖੋ ! ਅਸਾਂ ਦਾ ਰਾਜਾ ਰਾਮ, ਹਿੰਦੂ ਰਾਜਾ ਹੈ । ਉਸਨੇ ਧਰਮ ਧਾਰਨ ਕੀਤਾ ਹੋਇਆ ਹੈ ਕਿ ਉਹ ਕਿਸੇ ਤੁਰਕ ਹਾਕਮ ਦੇ ਮੱਥੇ ਨਹੀਂ ਲੱਗੇਗਾ। ਤੁਸੀਂ ਦਸੋ ਤੁਸਾਂ ਨਾਲ ਤੁਰਕ ਸੈਨਾ ਹੈ ਜਾਂ ਹਿੰਦੂ ? ਕਿਉਂ ਚੜ੍ਹਾਈ ਕੀਤੀ ਗਈ ਹੈ ? ਜੇ ਸੁਲਾਹ ਕੀਤੀ ਜਾਵੇ ਤਾਂ ਕੀ ਕੀ ਸ਼ਰਤ ਹੈ ?'

ਸਤਿਗੁਰੂ ਜੀ ਨੇ ਫੁਰਮਾਇਆ—'ਇਹ ਸੈਨਾ ਮੁਗ਼ਲ(ਤੁਰਕ)ਸੈਨਾ ਹੈ।ਹਿੰਦ

ਦੇ ਬਾਦਸ਼ਾਹ ਔਰੰਗਜ਼ੇਬ ਨੇ ਕਾਮ ਰੂਪ ਦੇਸ ਨੂੰ ਫਤਹ ਕਰਨ ਵਾਸਤੇ ਭੇਜੀਹੈ ਪਰ ਇਸਦੇ ਸੈਨਾਪਤੀ ਰਾਜਾ ਬਿਸ਼ਨ ਸਿੰਘ ਰਾਜਪੂਤ ਹਨ।ਰਾਜਪੂਤ ਜਵਾਨ ਵੀ ਸਾਥ ਹਨ। ਅਸੀਂ ਤੁਰਕ ਦੀ ਸਹਾਇਤਾ ਨਹੀਂ ਕਰ ਰਹੇ ਅਸਾਂ ਤਾਂ ਉਸ ਖਤਰੇ ਨੂੰ ਟਾਲਿਆ ਹੈ ਜਿਸ ਨਾਲ ਹਜ਼ਾਰਾਂ ਨਰ ਨਾਰੀਆਂ ਦੀਆਂ ਮੌਤਾ ਹੋਣੀਆਂ ਸਨ। ਧਰਤੀ ਨੇ ਮਨੁਖ ਦੇ ਲਹੂ ਨਾਲ ਰੰਗੀ ਜਾਣਾ ਸੀ। ਰਾਜਾ ਬਿਸ਼ਨ ਸਿੰਘ ਵੀ ਨਹੀਂ ਚਾਹੁੰਦਾ ਕਿ ਯੁੱਧ ਹੋਵੇ ਉਹ ਵੀ ਔਰੰਗਜ਼ੇਬ ਦੇ ਡਰ ਕਾਰਨ ਹੀ ਚੜ੍ਹਾਈ ਕਰਕੇ ਆਇਆ ਹੈ। ਅਸੀਂ ਅਮਨ ਦੇ ਹੱਕ ਵਿਚ ਹਾਂ, ਲੜਾਈ ਦੇ ਹੱਕ ਵਿਚ ਨਹੀਂ ਬੈਠ ਅਸੀਂ ਹੁਣੇ ਹੀ ਰਾਜਾ ਬਿਸ਼ਨ ਸਿੰਘ ਨਾਲ ਤੁਸਾਂ ਦਾ ਮੇਲ ਕਰਾ ਦੇਂਦੇ ਹਾਂ।'

ਸਤਿਗੁਰੂ ਜੀ ਨੇ ਉਸੇ ਵੇਲੇ ਆਪਣੇ ਸੇਵਾਦਾਰ ਨੂੰ ਭੇਜਕੇ ਰਾਜੇ ਬਿਸ਼ਨ ਸਿੰਘ ਨੂੰ ਬੁਲਾ ਲਿਆ ਤੇ ਵਜ਼ੀਰ ਨਾਲ ਮੁਲਕਾਤ ਕਰਾ ਦਿੱਤੀ। ਇਹ ਫੈਸਲਾ ਹੋਇਆ ਕਿ ਰਾਜਾ ਬਿਸ਼ਨ ਸਿੰਘ ਕੁਝ ਰਾਜਪੂਤ ਸੈਨਿਕ ਨਾਲ ਲੈਕੇ ਦਰਿਆ ਤੋਂ ਪਾਰ ਰਾਜਾ ਰਾਮ ਦੀ ਰਾਜਧਾਨੀ ਵਿਚ ਰਾਜਾ ਰਾਮ ਨੂੰ ਮਿਲਣ ਤੇ ਸੁਲਾਹ ਕਰਾ ਦਿੱਤੀ ਜਾਵੇਗੀ।

ਸਤਿਗੁਰੂ ਜੀ, ਰਾਜਾ ਬਿਸ਼ਨ ਸਿੰਘ ਕੁਝ ਸੈਨਕਾਂ ਤੇ ਸੇਵਾਦਾਰਾਂ ਨੂੰ ਨਾਲ ਲੈਕੇ ਵਜ਼ੀਰ ਤੇ ਨਗੀਨਾ ਕਾਮ ਰੂਪ ਰਾਜ ਦੀ ਰਾਜਧਾਨੀ ਵਿਚ ਪੁਜੇ ਤੇ ਰਾਜ ਮਹਿਲਾਂ ਵਿਚ ਖਬਰਾਂ ਜਾ ਦਿੱਤੀਆਂ।

ਰਾਜਾ ਰਾਮ ਨੇ ਸਤਿਗੁਰੂ ਜੀ ਦਾ ਸਵਾਗਤ ਕੀਤਾ, ਚਰਨਾਂ ਉਤੇ ਮੱਥਾ ਟੇਕ ਕੇ ਕਾਰ ਭੇਟ ਚੜ੍ਹਾਈ। ਰਾਜਾ ਬਿਸ਼ਨ ਸਿੰਘ ਦਾ ਸਤਕਾਰ ਕਰਕੇ ਉਹਦੇ ਜੁਵਾਨਾਂ ਦੇ ਤੰਬੂ ਇਕ ਚੰਗੀ ਥਾਂ ਲਵਾਏ ਤੇ ਰਾਸ਼ਨ ਸ਼ਾਹੀ ਭੰਡਾਰੇ ਵਿਚੋਂ ਦਿਵਾਇਆ। ਅਗਲੇ ਦਿਨ ਦਰਬਾਰ ਕੀਤਾ ਗਿਆ ਉਸ ਦਰਬਾਰ ਵਿਚ ਸੁਲਾਹਹੋਗਈ।ਦੋਹਾਂ ਰਾਜਿਆਂ ਨੇ ਉਧਰੋਂ ਓਧਰੀ ਇਕ ਦੂਸਰੇ ਨੂੰ ਖਿਲਤਾਂ ਪੇਸ਼ ਕੀਤੀਆਂ,ਤੇ ਧਰਮ ਦੇ ਭਾਈ ਬਣਨਵਾਸਤੇ ਪੱਗਾਂ ਦਾ ਵਟਾਂਦਰਾ ਕੀਤਾ। ਸਾਰੀ ਰਸਮ ਹੋਣ ਦੇ ਪਿਛੋਂ ਸਾਰੇਰਾਜ ਵਿਚ ਖੁਸ਼ੀਮਨਾਉਣ ਦਾ ਹੁਕਮਦਿੱਤਾਗਿਆ।

੩੨. ਸਤਿਗੁਰੂ ਜੀ ਨੂੰ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦਾ ਸੰਦੇਸ਼ ਮਿਲਣਾ

ਜਿਸ ਵੇਲੇ ਦੋਹਾਂ ਰਾਜਿਆਂ ਦੀ ਸੁਲਾਹ ਹੋਣ ਤੇ ਖੁਸ਼ੀ ਮਨਾਈ ਜਾ ਰਹੀ ਸੀ। ਸ਼ਹਿਰ ਵਿਚ ਦੀਪਮਾਲਾ ਕੀਤੀ ਜਾ ਰਹੀ ਸੀ, ਨਾਚ ਹੋ ਰਹੇ ਸਨ ਤੇ ਲੰਗਰ ਵਰਤ ਰਿਹਾ ਸੀ। ਗਰੀਬਾਂ ਤੇ ਸਾਧੂਆਂ ਨੂੰ ਅੰਨ,ਕਪੜਾ ਖੁਲ੍ਹੇ ਦਿਲ ਨਾਲ ਵੰਡਿਆ ਜਾ ਰਿਹਾ ਸੀ ਤਦੋਂ ਇਕ ਸਿਖ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁੱਜਾ। ਉਹ ਪਟਨੇ ਤੋਂ ਗਿਆ ਸੀ ਉਸਨੇ ਹੱਥ ਜੋੜਕੇ ਬੇਨਤੀ ਕੀਤੀ–'ਸੱਚੇ ਪਾਤਸ਼ਾਹੋ ਆਪਦੇ ਗ੍ਰਹਿ ਵਿਖੇ ਸੁੰਦਰ ਬਾਲਕ ਨੇ ਜਨਮ ਲਿਆ ਹੈ,ਮਾਤਾਜੀ ਨੇ ਮੈਨੂੰ ਆਪ ਪਾਸ ਭੇਜਿਆ ਹੈ'

'ਅਕਾਲ ਪੁਰਖ ਦਾ ਕੋਟਨ ਕੋਟ ਧੰਨਵਾਦ! ਦੁਸ਼ਟ ਦਮਨ,ਧਰਮ ਰੱਖਜਕ ਬਾਲਕ ਭੇਜਿਆ ਸੂ।' ਇਸਤਰਾਂ ਬਚਨ ਕਰਦਿਆਂ ਹੋਇਆਂ ਸਾਹਿਬਾਂ ਦੀ ਸਮਾਧੀ ਲਗ ਗਈ, ਦਸ-ਪੰਦਰਾਂ ਮਿੰਟ ਪਿਛੋਂ ਸਮਾਧੀ ਖੁਲ੍ਹੀ ਤਾਂ ਹੁਕਮ ਕੀਤਾ-"ਰੱਜ ਕੇ ਖੁਸ਼ੀਆਂ ਕੀਤੀਆਂ ਜਾਣ। ਵਾਹਿਗੁਰੂ ਦਾ ਜਸ ਗਾਇਆ ਜਾਵੇ, ਗਰੀਬਾਂ ਤੇ ਲੋੜ ਵੰਦਾਂ ਨੂੰ ਅੰਨ, ਕਪੜਾ ਵੰਡਿਆ ਜਾਵੇ ਅਸੀਂ ਵੀ ਛੇਤੀ ਹੀ ਪਟਨੇ ਆਉਂਦੇ ਹਾਂ।' ਇਹ ਬਚਨ ਸਿਖ ਨੂੰ ਸੰਬੋਧਨ ਕਰਕੇ ਆਖੇ ਗਏ ਸਨ ਪਰ ਉਸੇ ਵੇਲੇ ਰਾਜੇ ਬਿਸ਼ਨ ਸਿੰਘ ਤੇ ਰਾਜਾ ਰਾਮ ਨੇ ਆਪੋ ਆਪਣੇ ਆਦਮੀਆਂ ਨੂੰ ਹੁਕਮ ਦਿਤਾ ਕਿ ਉਹ ਤੋਪਾਂ ਚਲਾਉਣ, ਸਾਹਿਬਜ਼ਾਦੇ ਦੇ ਅਵਤਾਰ ਧਾਰਨ ਦੀ ਖੁਸ਼ੀ ਮਨਾਉਣ। ਉਸੇ ਵੇਲੇ ਪਹਿਲੀਆਂ ਖੁਸ਼ੀਆਂ ਵਿਚ ਹੋਰ ਵਾਧਾ ਹੋ ਗਿਆ, ਬਹੁਤ ਸਾਰੇ ਕੀਮਤੀ ਦੁਸ਼ਾਲੇ ਤੇ ਸੋਨਾ ਚਾਂਦੀ ਤੇ ਹੀਰੇ ਮੋਤੀਆਂ ਦੇ ਗਹਿਣੇ ਸਤਿਗੁਰੂ ਜੀ ਦੀ ਭੇਟਾ ਕੀਤੇ ਗਏ, ਇਸ ਤਰਾਂ ਇਕ ਹਫਤਾ ਖੁਸੀਆਂ ਤੇ ਮੰਗਲਾ-ਚਾਰ ਹੁੰਦੇ ਰਹੇ।

੩੩. ਰਾਜਾ ਰਾਮ ਨੂੰ ਪੁਤ੍ਰ ਵਰ ਬਖਸ਼ਣਾ

ਅਨੰਦ ਖੁਸ਼ੀਆਂ ਦੇ ਮੰਗਲਾਚਾਰ ਪਿਛੋਂ ਰਾਜਾ ਬਿਸ਼ਨ ਸਿੰਘ ਜੀ ਨੇ ਸਤਿ-ਗੁਰੂ ਜੀ ਤੇ ਰਾਜਾ ਰਾਮ ਪਾਸ ਅਰਜ ਕੀਤੀ ਕਿ ਉਹ ਹੁਣ ਦਿੱਲੀ ਨੂੰ ਮੁੜ ਜਾਣਾ ਚਾਹੁੰਦਾ ਹੈ। ਸਤਿਗੁਰੂ ਜੀ ਨੇ ਬਚਨ ਕੀਤਾ—"ਜਿਸ ਉੱਚੇ ਟਿਲੇ ਉੱਪਰ ਅਸੀਂ ਬੈਠੇ ਸਾਂ, ਉਸ ਦੇ ਉਪਰ ਤੁਸਾਂ ਦੇ ਸਾਰੇ ਸਿਪਾਹੀ ਇਕ ਇਕ ਢਾਲ ਮਿੱਟੀ ਦੀ

ਸੁਟੇ ਤਾਂ ਕਿ ਦਮਦਮਾ ਉੱਚਾ ਹੋ ਜਾਵੇ ਤੇ ਇਸ ਅਮਨ ਦੇ ਸਮਝੋਤੇ ਦੀ ਯਾਦਗਾਰ ਕਾਇਮ ਹੋ ਜਾਵੇ। ਸਭ ਤੋਂ ਪਹਿਲਾਂ ਰਾਜਾ ਬਿਸ਼ਨ ਸਿੰਘ ਨੇ ਤਿੰਨ ਢਾਲਾਂ ਮਿੱਟੀ ਸੁਟੀ। ਉਸ ਦੇ ਪਿਛੋਂ ਸਾਰੀ ਫੌਜ ਨੇ। ਉਹ 'ਦਮਦਮਾ' ਇਕ ਅਮਰ ਯਾਦ ਕਾਇਮ ਹੋ ਗਿਆ ਜੋ ਅਜੇ ਤਕ ਗੁਰਦੁਵਾਰੇ ਦੇ ਰੂਪ ਵਿਚ ਕਾਇਮ ਹੈ ਤੇ ਉਦਾਸੀ ਸਾਧੂ ਸੇਵਾ ਕਰਦੇ ਆਏ ਹਨ। ਪਿਛੋਂ ਰਾਜਾ ਰਾਮ (ਰਾਮ ਰਾਜੇ) ਨੇ ਇਕ ਪਿੰਡ ਇਸ ਗੁਰਦੁਵਾਰੇ ਦੇ ਨਾਮ ਲਾਇਆ ਸੀ।

ਵਾਪਸ ਆਉਣ ਲੱਗੀ ਰਾਜਪੂਤ ਤੇ ਮੁਗਲ ਸੈਨਾ ਨੇ ਸਤਿਗੁਰੂ ਜੀ ਦਾ ਬਹੁਤ ਸਤਕਾਰ ਕੀਤਾ। ਬੇਅੰਤ ਧਨ ਚੜ੍ਹਾਇਆ (ਕਾਰ ਭੇਟ) ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਭਾਵੇਂ ਸਤਿਗੁਰੂ ਜੀ ਦੀ ਇੱਛਾ ਸੀ ਕਿ ਉਹ ਰਾਜਾ ਬਿਸ਼ਨ ਸਿੰਘ ਦੇ ਨਾਲ ਹੀ ਵਾਪਸ ਪਟਨੇ ਨੂੰ ਮੁੜ ਆਉਂਦੇ ਪਰ ਰਾਜਾ ਰਾਮ ਦੇ ਪਿਆਰ ਨੇ ਮੁੜਨ ਨਾ ਦਿੱਤਾ।ਸਤਿਗੁਰੂ ਜੀ ਕੁਝ ਦਿਨ ਹੋਰ ਰਹਿਨ ਵਾਸਤੇ ਅਟਕ ਗਏ।

ਜਿਵੇਂ ਪਹਿਲੇ ਲਿਖਿਆ ਗਿਆ ਹੈ, ਕਿ ਕਾਮ ਰੂਪ ਦੇਸ਼ ਦੇ ਲੋਕ ਬਾ ਮਾਰਗੀਏ ਸਨ।ਬਾ ਮਾਰਗ ਚੰਗਾ ਧਰਮ ਨਹੀਂ ਹੈ।ਸਤਿਗੁਰੂ ਜੀ ਦੇ ਆਉਣ ਦੀ ਚਰਚਾ ਦੂਰਦੂਰ ਤਕ ਖਿਲਰ ਗਈ ਤਾਂ ਲੋਕ ਸਤਿਗੁਰੂ ਜੀ ਪਾਸ ਆਉਣਲਗੇ। ਵਾਹਿਗੁਰੂ ਦੀ ਕ੍ਰਿਪਾ ਨਾਲ ਹਰ ਇਕ ਨੂੰ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ। ਸਤਿਗੁਰੂ ਜੀ ਨੇ ਸਾਰਿਆਂ ਨੂੰ ਪੱਥਰ ਪੂਜਾ ਛੱਡਣ ਦਾ ਉਪਦੇਸ਼ ਦਿਤਾ।

ਇਕ ਦਿਨ ਰਾਜਾ ਰਾਮ ਦੀ ਰਾਣੀ ਅਤੇ ਰਾਜਾ ਰਾਮ ਸਤਿਗੁਰੂ ਜੀ ਪਾਸ ਇਕਾਂਤ ਵਿਚ ਆਏ। ਉਸ ਵੇਲੇ ਸਾਹਿਬ ਵਾਹਿਗੁਰੂ ਨਾਲ ਸੁਰਤ ਜੋੜੀ ਬੈਠੇ ਸਨ। ਜਦੋਂ ਨੇਤ੍ਰ ਖੁਲ੍ਹੇ ਤਾਂ ਰਾਣੀ ਨੇ ਦੋਵੇਂ ਹੱਥ ਜੋੜਕੇ ਇਉਂ ਅਰਜ਼ ਕੀਤੀ—'ਹੇ ਕ੍ਰਿਪਾਲੂ! ਅਸਾਂ ਤੇ ਦਇਆ ਕਰੋ,ਇਕ ਪੁਤ੍ਰ ਤੋਂ ਬਿਨਾਂ ਇਹ ਰਾਜ ਭਾਗ ਅਤੇ ਵੈਸ਼ਾਲ ਰਾਜ ਕਵਨ ਸੁੰਞਾਂ ਤੇ ਡਰਾਉਣਾ ਦਿਸਦਾ ਹੈ। ਬੱਧ ਇਹ ਮੇਹਰ ਕਰੋ ਕਿ ਇਕਪੁਤ੍ਰ ਵਾਸਤੇ ਵਾਹਿਗੁਰੂ ਅਗੇ ਅਰਦਾਸ ਕਰੋ।ਮੇਰੇ ਜੀਵਨ ਦੀ ਵੱਡੀ ਸੱਧਰ ਹੈ। ਮਹਾਰਾਜ ਨਪੁਤੇ ਚਲਾਣਾ ਕਰਕੇ ਅਧੋਗਤੀ ਨੂੰ ਨਾ ਜਾਣ। ਦਇਆ ਕਰੋ ਦਾਤਾ! ਦਇਆ ਕਰੋ। ਝੋਲੀ ਅੱਡ ਕੇ ਖੈਰ ਮੰਗ ਰਹੀ ਹਾਂ।'

ਰਾਣੀ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਦਇਆ ਦੇ ਘਰ ਵਿਚ ਆਏ। ਉਹਨਾਂ ਨੇ ਉਸੇ ਵੇਲੇ ਆਪਣੀ ਮੋਹਰ ਕਡੀ ਤੇ ਰਾਜੇ ਰਾਮ ਦੇ ਮੱਥੇ ਤੇ ਲਾ ਦਿਤੀ। ਨਾਲ ਹੀ ਬਚਨ ਕੀਤਾ--'ਹੇ ਰਾਜਨ ! ਤੇਰੇ ਘਰ ਬਲੀ ਪੁਤ੍ਰ ਹੋਵੇਗਾ। ਉਸ ਦੇ ਮਸਤਕ ਵਿਚ ਅਸਾਂ ਦੀ ਮੋਹਰ ਹੋਵੇਗੀ ਉਹ ਲੰਮੀ ਆਯੂ ਵਾਲਾ ਹੋਵੇਗਾ ਤੇਰਾ ਵੰਸ਼ ਚਲੇਗਾ। ਗੁਰ ਸਿਖੀ ਨਾਲ ਪ੍ਰੇਮ ਰਖਣਾ।'

ਇਹ ਬਚਨ ਸੁਣ ਕੇ ਰਾਣੀ ਪ੍ਰਸੰਨ ਹੋ ਗਈ। ਉਸ ਨੇ ਸਤਿਗੁਰੂ ਜੀ ਦੇ ਚਰਨਾ ਉੱਪਰ ਮੱਥਾ ਟੇਕਿਆ। ਉਸੇ ਵੇਲੇ ਉਠ ਕੇ ਰਾਜ ਭਵਨ ਵਿਚ ਚਲੀ ਗਈ ਤੇ ਜਾ ਕੇ ਗਰੀਬਾਂ ਨੂੰ ਪਦਾਰਥ ਵੰਡਣੇ ਆਰੰਭ ਕਰ ਦਿਤੇ। ਇਕ ਮਹੀਨਾ ਸਤਿਗੁਰੂ ਜੀ ਨੂੰ ਆਪਣੇ ਰਾਜ ਭਵਨ ਵਿਚ ਰਖਿਆ ਅਤੇ ਰੱਜਕੇ ਸੇਵਾ ਕੀਤੀ।

੩੪. ਕਲਕਤੇ ਤੇ ਪੂਰਬੀ ਹਿੰਦ ਦੀ ਯਾਤਰਾ

ਰਾਜ ਰਾਮ ਤੇ ਉਹਦੀ ਰਾਣੀ ਦਾ ਮਨ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਾ ਰੱਜਿਆ, ਉਹ ਚਾਹੁੰਦੇ ਸਨ ਸਤਿਗੁਰੂ ਜੀ ਸਦੀਵੀ ਕਾਲ ਵਾਸਤੇ ਉਨ੍ਹਾਂ ਪਾਸ ਰਹਿਣ ਪਰ ਵਾਹਿਗੁਰੂ ਦੇ ਭਾਣੇ ਅਨੁਸਾਰ ਸਤਿਗੁਰੂ ਜੀ ਨੇ ਧੀਰਜ ਦਿੱਤੀ ਤੇ ਨਿਹਾਲ ਕਰਾਕੇ ਆਪਣੇ ਸਾਧੂ ਸੰਗੀਆਂ ਸਮੇਤ ਬਲਵਾ ਕੁੰਡ ਵਲ ਤੁਰ ਆਏ।

ਬਲਵਾ ਕੁੰਡ ਵਾਹਿਗੁਰੂ ਦੀ ਅਪਾਰ ਸ਼ਕਤੀ ਦਾ ਇਕ ਅਚਰਜ ਨਜ਼ਾਰਾ ਸੀ। ਉਸ ਦੇ ਵਿਚੋਂ ਅੱਗ ਤੇ ਪਾਣੀ ਇਕੱਠੇ ਨਿਕਲਦੇ ਸਨ। ਨਾਲ ਹੀ ਸੀਤਲ ਜਲ ਦਾ ਵੀ ਝਰਨਾ ਸੀ,ਉਸ ਵਿਚ ਇਸ਼ਨਾਨ ਕਰਨ ਵਾਲੇ ਨੂੰ ਕਦੀ ਚਮੜੀ ਰੋਗ ਨਹੀਂ ਸੀ ਲੱਗਦਾ। ਉਸ ਕੁੰਡ ਦੇ ਦਰਸ਼ਨ ਕਰਕੇ ਸਤਿਗੁਰੂ ਜੀ ਚਲਦੇ ਚਲਦੇ ਕਾਲੀਕਟ ਆ ਪੁਜੇ। ਇਹ ਕਲੀਕਾਟ ਦਰਿਆ ਹੁਗਲੀ ਦੇ ਪੂਰਬੀ ਕਿਨਾਰੇ ਕਾਲੀ ਦੇਵੀ ਦੇ ਮੰਦਰ ਵਾਲਾ ਛੋਟਾ ਜੇਹਾ ਪਿੰਡ ਸੀ ਜੋ ਅੱਜ ਸੰਸਾਰ ਵਿਚ 'ਕਲਕਤਾ' ਸ਼ਹਿਰ ਦੇ ਨਾਮ ਨਾਲ ਮਸ਼ਹੂਰ ਹੈ ।ਏਥੋਂ ਦਾ ਜ਼ਿਮੀਂਦਾਰ ਹਜ਼ੂਰੀ ਸਿੰਘ ਸੀ।ਗੁਰੂ ਘਰ ਦੇ ਸੇਵਕ ਤੇ ਮਸੰਦ ਦਾ ਲੜਕਾ ਸੀ,ਜੋ ਗੁਰੂ ਘਰ ਦੀ ਸੇਵਾ ਕਰਨ ਨਾਲ ਹੀ ਪ੍ਰਤਾਪੀ ਬਣ ਗਿਆ ਸੀ। ਸਤਿਗੁਰੂ ਜੀ ਨੇ ਉਸ ਦੇ ਘਰ ਜਾ ਕੇ ਡੇਰਾ ਕੀਤਾ।ਉਸ ਅਸਥਾਨ ਤੇ ਜਿਥੇ ਅਜ ਵਡੀ ਸੰਗਤ ਗੁਰਦੁਆਰਾ ਹੈ।

ਸਤਿਗੁਰੂ ਜੀ ਦੇ ਦਰਸ਼ਨ ਕਰਕੇ ਉਸ ਨੂੰ ਚਾਅ ਚੜ੍ਹ ਗਿਆ। ਉਹ ਐਨਾ ਪ੍ਰਸੰਨ ਹੋਇਆ ਜਿਵੇਂ ਕਿ ਉਸਨੂੰ ਸਤਾਂ ਦੇਸਾਂ ਦੀ ਪਾਤਸ਼ਾਹੀ ਪ੍ਰਾਪਤ ਹੋ ਗਈ ਸੀ, ਉਸਨੇ ਵੇਲੇ ਖਜ਼ਾਨੇ ਦਾ ਮੂੰਹ ਖੋਲ੍ਹ ਦਿਤਾ। ਗੁਰੂ ਕਾ ਲੰਗਰ ਚਲਣ ਲੱਗਾ ਤੇ ਤੰਬੂ ਸਾਇਬਾਨ ਲਾਕੇ ਸਤਿਗੁਰੂ ਜੀ ਦੇ ਵਾਸਤੇ ਸਿੰਘਾਸਨ ਤਿਆਰ ਕਰਵਾਇਆ, ਜਿਥੇ ਸਤਿਗੁਰੂ ਜੀ ਦੀਵਾਨ ਲਾਕੇ ਕਲਜੁਗੀ ਜੀਵਾਂ ਨੂੰ ਉਪਦੇਸ਼ ਕਰਨ। ਸਾਰੇ ਪਿੰਡ ਵਿਚ ਖਬਰ ਕਰ ਦਿਤੀ। ਉਚੀ ਢੰਡੋਰਾ ਦਿਤਾ--'ਐ ਕਲਜੁਗ ਦੇ ਜੀਵੋ ! ਆਓ ਸਤਿਗੁਰੂ ਜੀ ਦੇ ਦਰਸ਼ਨ ਕਰੋ। ਸਤਿਗੁਰੂ ਮਹਾਰਾਜ ਲੋਕ ਤੇ ਪ੍ਰਲੋਕ ਦੇ ਮਾਲਕ ਹਨ। ਮੈਨੂੰ ਇਨ੍ਹਾਂ ਨੇ ਭਵਸਾਗਰ ਤੋਂ ਪਾਰ ਹੋਣ ਦਾ ਰਸਤਾ ਦਸਿਆ ਹੈ। ਤੁਸੀਂ ਵੀ ਲਾਭ ਪ੍ਰਾਪਤ ਕਰੋ। ਸਿਧੀਆਂ ਸਿਦੀਆਂ, ਜੀਵਨ ਜੁਗਤੀ, ਮੁਕਤੀ ਦਾ ਢੰਗ ਦਸਦੇ ਹਨ। ਦਰਸ਼ਨ ਕਰਕੇ ਨਿਹਾਲ ਹੋਵੋ,ਉਪਦੇਸ਼ ਸੁਣਕੇ ਜਨਮਮਰਨ ਦੇ ਬੰਧਨ ਕਟੋ'

ਇਸ ਤੋਂ ਪਹਿਲਾਂ ਵੀ ਹਜ਼ੂਰੀ ਸਿੰਘ ਜਦੋਂ ਸਤਿਗੁਰੂ ਜੀ ਦੀ ਬਾਣੀ ਪੜ੍ਹਦਾ ਤੇ ਸੁਣਨ ਵਾਲਾ ਉਸ ਨੂੰ ਜੇ ਕਦੀ ਪੁਛ ਲੈਂਦਾ ਕਿ ਉਹ ਕਿਸਦੀ ਬਾਣੀ ਪੜ੍ਹਦਾ ਹੈ ਤਾਂ ਉਸੇ ਵੇਲੇ ਉਹ ਸਤਿਗੁਰੂ ਨਾਨਕ ਦੇਵ ਜੀ ਤੋਂ ਨਾਵੇਂ ਪਾਤਸ਼ਾਹ ਤਕ ਦਾ ਸਾਰਾ ਗੁਰੂ ਘਰ ਦਾ ਇਤਿਹਾਸ ਸੁਣਾ ਦੇਂਦਾ,ਇਸ ਤਰਾਂ ਵੀ ਬਹੁਤ ਸਾਰੇ ਲੋਕ ਗੁਰੂ ਘਰ ਦੇ ਸ਼ਰਧਾਲੂ ਬਣੇ ਹੋਏ ਸਨ। ਕਾਲੀ ਦੇਵੀ ਦੇ ਪੁਜਾਰੀ ਪੰਡਤ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਤੇ ਉਹਨਾਂ ਨੇ ਗਿਆਨ ਚਰਚਾ ਵੀ ਕੀਤੀ। ਸਤਿਗੁਰੂ ਜੀ ਨੇ ਉਹਨਾਂ ਨੂੰ ਕਿਹਾ--'ਜਿਨ੍ਹਾਂ ਜੀਵਾਂ (ਪਸ਼ੂਆਂ ਤੇ ਇਨਸਾਨਾਂ) ਦੀ ਬਲੀ ਦੇਕੇ ਮੁਕਤੀ ਪਦਾਰਥ ਪ੍ਰਾਪਤ ਕਰਨ ਦੀ ਇਛਾ ਰਖਦੇ ਹੋ, ਓਹ ਤੁਸਾਂ ਨੂੰ ਕਦੀ ਨਹੀਂ ਮਿਲਣਗੇ। ਕਿਉਂਕਿ ਤੁਸੀਂ ਤਾਂ ਕਰਤਾਰ ਦੇ ਰਚੇ ਜੀਵਾਂ ਦਾ ਖੂਨ ਕਰਕੇ ਪਾਪ ਤੇ ਕੁਕਰਮ ਕਰਕੇ ਦੋਸ਼ੀ ਬਣਦੇ ਹੋ। ਤੁਸਾਂ ਦਾ ਵਾਸਾ ਨਰਕਾਂ ਵਿਚ ਹੋਵੇਗਾ। ਵਾਹਿਗੁਰੂ ਤਾਂ ਹਰ ਹਿਰਦੇ ਵਿਚ ਵਸਦਾ ਹੈ। ਐਸੇ ਚੰਗੇ ਵਾਹਿਗੁਰੂ ਦੇ ਜੀਵਾਂ ਨੂੰ ਕਦੀ ਦੁਖੀ ਨਹੀਂ ਕਰਨਾ ਚਾਹੀਦਾ। ਫਿਰ ਬਲੀ ਪੱਥਰ ਦੀ ਮੂਰਤੀ ਅੱਗੇ ਦੇਂਦੇ ਹੋ ਜਿਸ ਨੂੰ ਕੁਝ ਗਿਆਨ ਨਹੀਂ ਉਹ ਨਾ ਲਹੂ ਪੀ ਸਕਦੀ ਹੈ ਨਾ ਮਾਸ ਖਾ ਸਕਦੀ ਹੈ।'

ਐਸੇ ਉਪਦੇਸ਼ ਕਰਕੇ ਪੰਡਤਾਂ ਤੇ ਪੁਜਾਰੀਆਂ ਦੇ ਭਰਮ ਦੂਰ ਕੀਤੇ ਅਤੇ ਕੁਝ ਦਿਨ ਕਲੀਕਟ (ਕਲਕਤੇ) ਰਹਿਣ ਪਿਛੋਂ ਸਮੁੰਦਰ ਦੇ ਕਿਨਾਰੇ ਕਿਨਾਰੇ ਜਗਨ ਨਾਥ ਪੁਰੀ ਵਲ ਨੂੰ ਚਲ ਪਏ।

ਜਗਨ ਨਾਥ ਪੁਰੀ ਦੇ ਤੀਰਥ ਬਾਰੇ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਵਿਚ ਬਹੁਤ ਕੁਝ ਲਿਖ ਆਏ ਹਾਂ। ਪਾਠਕ ਜਨ 'ਨਿਰੰਕਾਰੀ ਦਰਸ਼ਨ' ਮੰਗਵਾ ਕੇ ਪੜ੍ਹਨ। ਜਗਨ ਨਾਥ ਪੁਰੀ ਦੀ ਯਾਤਰਾ ਕਰਕੇ ਉੜੀਸਾ ਦੇ ਵਿਚਾਲੋਂ ਦੀ ਸਤਿਗੁਰੂ ਜੀ ਪਟਨੇ ਆ ਪੁਜੇ ਤੇ ਸਾਹਿਬਜ਼ਾਦੇ (ਸਤਿਗੁਰੂ ਗੋਬਿੰਦ ਸਿੰਘ ਜੀ) ਦੇ ਬਾਲਕ ਰੂਪ ਵਿਚ ਦਰਸ਼ਨ ਕੀਤੇ। ਲੰਮੀਂ ਯਾਤਰਾ ਪਿਛੋਂ ਸਤਿਗੁਰੂ ਜੀ ਦੇ ਪਟਨੇ ਆਉਣ ਤੇ ਪਟਨੇ ਵਾਸੀਆਂ ਨੇ ਬਹੁਤ ਖੁਸ਼ੀ ਮਨਾਈ।

੩੫. ਸਤਿਗੁਰੂ ਜੀ ਦਾ ਅਨੰਦਪੁਰ ਵਾਪਸ ਆਉਣਾ

ਅਨੰਦ ਪੁਰ ਤੋਂ ਬਹੁਤ ਸਾਰੇ ਸੁਨੇਹੇ ਪੁਜੇ ਕਿ ਸਤਿਗੁਰੂ ਜੀ ਛੇਤੀ ਪੰਜਾਬ ਆਉਣ, ਕਿਉਂਕਿ ਪੰਜਾਬ ਦੀ ਸਿੱਖ-ਸੰਗਤ ਦਰਸ਼ਨਾਂ ਵਾਸਤੇ ਮੱਛੀ ਵਾਂਗ ਤੜਪ ਰਹੀ ਸੀ ਇਸ ਵਾਸਤੇ ਤਿੰਨ ਮਹੀਨੇ ਪਟਨੇ ਰਹਿਕੇ ਸਤਿਗੁਰੂ ਜੀ ਵਾਪਸ ਪੰਜਾਬ ਨੂੰ ਤੁਰ ਪਏ, ਪਰ ਮਾਤਾ ਨਾਨਕੀ ਜੀ, ਗੁਜਰੀ ਜੀ ਤੇ ਸਾਹਿਬਜ਼ਾਦੇ ਨੂੰ ਸਾਥ ਨਹੀਂ ਲਿਆ। ਉਹਨਾਂ ਨੂੰ ਆਗਿਆ ਕੀਤੀ ਕਿ ਉਹ ਪਟਨੇ ਹੀ ਰਹਿਣ ਜਦੋਂ ਸਦਿਆ ਜਾਵੇ ਤਦੋਂ ਆਉਣ। ਪਟਨੇ ਤੋਂ ਚਲਕੇ ਸਤਿਗੁਰੂ ਜੀ ਉਤਰਾ ਪ੍ਰਦੇਸ਼ ਦੇ ਮਧ ਵਿਚ ਦੀ ਵਾਪਸ ਆਏ ਸਨ। ਆਰੇ ਤੇ ਛਪਰੇ ਆਦਿਕ ਸ਼ਹਿਰਾਂ ਵਿਚ ਦੀ ਕਾਂਸ਼ੀ ਪੁਜੇ ਸਨ। ਕਾਂਸ਼ੀ ਦੀਆਂ ਰਹੀਆਂ ਥਾਵਾਂ ਨੂੰ ਮੁੜ ਕੇ ਦੇਖਿਆ ਸੀ। ਲਖਨਊ, ਫਰਖਾ ਬਾਦ, ਮੁਰਾਦਾਬਾਦ, ਗੜ੍ਹ ਗੰਗਾ ਆਦਿਕ ਸ਼ਹਿਰਾਂ ਵਿਚ ਦੀ ਘੋੜੇ ਤੇ ਸੁਵਾਰ ਚਲੇ ਆਏ। ਸਤਿਗੁਰੂ ਜੀ ਦੇ ਸਿਦਕੀ ਸਿੱਖ ਪੈਦਲ ਹੀ ਤੁਰੇ ਆਏ,ਹਜ਼ਾਰਾਂ ਮੀਲ ਲੰਮਾਂ ਪੰਧ, ਜੰਗਲ ਦਾ ਰਸਤਾ, ਪਰ ਸਤਿਗੁਰੂ ਜੀ ਦੀ ਮੇਹਰ ਨਾਲ ਉਹਨਾਂ ਨੂੰ ਥਕੇਂਵਾਂ ਮਲੂਮ ਨਹੀਂ ਸੀ ਹੋਇਆ। 'ਵਾਹਿਗੁਰੂ ! ਸਤਿਨਾਮ ਵਾਹਿਗੁਰੂ' ਦਾ ਜਾਪ ਜਪਦੇ ਹੋਏ ਤੁਰੇ ਆਏ।

ਸਤਿਗੁਰੂ ਜੀ ਅਜੇ ਕੀਰਤਪੁਰ ਹੀ ਪਹੁੰਚੇ ਸਨ ਕਿ ਅਨੰਦਪੁਰ ਦੀ ਸੰਗਤ ਨੂੰ ਖਬਰਾਂ ਮਿਲ ਗਈਆਂ ਕਿ ਸਤਿਗੁਰੂ ਜੀ ਆਏ ਹਨ। ਸਾਰੀ ਸੰਗਤ, ਮਸੰਦ ਤੇ

ਸੇਵਾਦਾਰ ਨੱਠ ਉਠੇ, ਸੱਤ ਮੀਲ ਤੱਕ ਨੱਠੇ ਹੀ ਗਏ ਤੇ ਜਾਕੇ ਸਤਿਗੁਰੂ ਜੀ ਦੇ ਦਰਨਾਂ ਉਪਰ ਮੱਥਾ ਟੇਕੀ ਗਏ। ਦਰਸ਼ਨ ਕਰਕੇ ਨਿਹਾਲ ਹੁੰਦੇ ਗਏ। ਖੁਸ਼ੀ ਨਾਲ ਮੰਗਲਾਚਾਰ ਕਰਦੇ ਹੋਏ ਇਕ ਵਡੇ ਜਲੂਸ ਦੀ ਸ਼ਕਲ ਵਿਚ ਸਤਿਗੁਰੂ ਜੀ ਨੂੰ ਵਾਪਸ ਅਨੰਦਪੁਰ ਲਿਆਏ।

ਸਤਿਗੁਰੂ ਜੀ ਦੇ ਆਉਣ ਤੇ ਅਨੰਦਪੁਰੀ ਦੀ ਸੋਭਾ ਇੰਦ੍ਰ ਪੁਰੀ ਸਮਾਨ ਵਧ ਗਈ। ਲੋਕ ਪੰਛੀ, ਪਸ਼ੂ, ਕੋਠਿਆਂ ਦੀਆਂ ਕੰਧਾਂ ਅਤੇ ਬ੍ਰਿਛ ਆਦਿਕ ਸਭ ਪ੍ਰਸੰਨ ਹੋ ਗਏ ਸਨ। ਸਵੇਰੇ ਤੇ ਸ਼ਾਮ ਨੂੰ ਸਤਿਗੁਰੂ ਜੀ ਦਾ ਦਰਬਾਰ ਲੱਗਣਾ ਆਰੰਭ ਹੋ ਗਿਆ ਸੀ ਤੇ ਹਜ਼ਾਰਾਂ ਪ੍ਰਾਣੀ ਨਾਮ ਦਾਨ ਇਸ਼ਨਾਨ ਦੀ ਦਾਤ ਪ੍ਰਾਪਤ ਕਰਨ ਲੱਗ ਪਏ ਸਨ। ਪੰਜਾਬ ਵਿਚ ਖਬਰਾਂ ਪੁਜ ਗਈਆਂ ਕਿ ਸਤਿਗੁਰੂ ਜੀ ਆ ਗਏ ਹਨ। ਸਾਰੇ ਪੰਜਾਬ ਵਿਚੋਂ ਸਿੱਖ ਸੰਗਤ ਆਉਣੀ ਸ਼ੁਰੂ ਹੋ ਗਈ। ਇਸ ਤਰਾਂ ਰੌਣਕਾਂ ਵਧ ਗਈਆਂ ਸਨ।

ਸਤਿਗੁਰੂ ਜੀ ਦੇ ਜਾਣ ਪਿਛੋਂ ਧੀਰਮਲੀਏ ਸੋਢੀ ਸਿੱਖਸੰਗਤ ਨੂੰ ਬਹੁਤ ਪ੍ਰੇਰਦੇ ਰਹੇ ਕਿ ਸਿੱਖ ਸੰਗਤ ਉਹਨਾਂ ਵਲ ਮੁੜ ਪਵੇ, ਪਰ ਸੂਰਜ ਦੇ ਹੁੰਦਿਆਂ ਦੀਵੇ ਦੀ ਪੂਜਾ ਕੌਣ ਕਰੇ ? ਇਕ ਵੀ ਸਿਖ ਉਹਨਾਂ ਦੇ ਆਖੇ ਨਾ ਲੱਗਾ। ਸਤਿਗੁਰੂ ਜੀ ਦਾ ਆਉਣਾ ਸੁਣਕੇ ਸਿਖ ਤੇ ਗੁਰੂ ਘਰ ਦੇ ਪ੍ਰੇਮੀ ਵਹੀਰਾਂ ਘੱਤ ਕੇ ਆਉਣ ਲੱਗੇ। ਤਿੰਨ ਚਾਰ ਸਾਲ ਦੀ ਜੋ ਕਾਰ ਭੇਟ (ਧਰਮ ਅਰਥ ਕਮਾਈ ਵਿਚੋਂ) ਇਕੱਠੀ ਕੀਤੀ ਹੋਈ ਸੀ ਉਹ ਵੀ ਗੱਡਿਆਂ ਉਤੇ ਲੱਦੀ ਹੋਈ ਅਨੰਦਪੁਰ ਨੂੰ ਆਉਣ ਲੱਗੀ। ਜਦੋਂ ਸੋਢੀਆਂ ਨੂੰ ਪਤਾ ਲੱਗਾ ਤਾਂ ਉਹ ਈਰਖਾ ਦੀ ਅੱਗ ਨਾਲ ਸੜਕੇ ਕੋਲੇ ਹੋਣ ਲੱਗੇ।

+ +

੧. ਔਰੰਗਜ਼ੇਬ ਬਾਦਸ਼ਾਹ ਦੇ ਜ਼ੁਲਮ

੬੭੧ ਈ: ਵਿਚ ਤਕਰੀਬਨ ਸਾਰਾ ਹਿੰਦੁਸਤਾਨ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਕਬਜ਼ੇ ਹੋ ਚੁਕਾ ਸੀ। ਹਿੰਦੁਸਤਾਨ ਦੇ ਹਿੰਦੂ ਰਾਜਪੂਤ ਕੁਝ ਕੁ ਐਸੇ ਸਨ ਜੋ ਔਰੰਗ-ਜ਼ੇਬ ਦਾ ਗੁਲਾਮ ਹੋਣ ਨਾਲੋਂ ਮਰਨਾ ਚੰਗਾ ਸਮਝਦੇ ਸਨ। ਉਹਨਾਂ ਵਿਚੋਂ ਰਾਜਾ ਰਾਮਸਿੰਘ ਉਦੈਪੁਰ ਜੈਸੇ ਬੀਰਾਂ ਨੇ ਡਟਕੇ ਲੜਾਈ ਕੀਤੀ। ਪਰ ਸ਼ਹੀਦ ਹੋ ਗਏ।

ਬਨਾਰਸ, ਮਥਰਾ ਤੇ ਆਗਰਾ ਦੇ ਮੰਦਰਾਂ ਨੂੰ ਢਾਹ ਢੇਰੀ ਕਰਨ ਤੇ ਪੂਰਬ ਦੇ ਜਾਟ ਉਠੇ,ਪਰ ਉਹਨਾਂ ਦੀ ਬਗਾਵਤ ਨੂੰ ਵੀ ਸਖਤੀ ਨਾਲ ਦਬਾ ਦਿਤਾ ਗਿਆ। ਮੁਗਲ ਸਮਰਾਟ ਦੀ ਅੰਨ੍ਹੀ ਤਲਵਾਰ ਅਗੇ ਕੋਈ ਨਾ ਅੜਿਆ।

ਮੌਲਵੀਆਂ ਤੇ ਕਾਜ਼ੀਆਂ ਦੇ ਆਖੇ ਲੱਗਕੇ ਔਰੰਗਜ਼ੇਬ ਨੇ ਇਹ ਪੱਕਾ ਫੈਸਲਾ ਕਰ ਲਿਆ ਸੀ ਕਿ ਉਹ ਸਾਰੇ ਹਿੰਦੁਸਤਾਨ ਦੇ ਵਾਸੀਆਂ ਨੂੰ ਮੁਸਲਮਾਨ ਬਣਾ ਕੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੇ। ਮੌਲਵੀਆਂ ਨੇ ਉਸ ਨੂੰ ਇਸ ਪੁਠੀ ਮੱਤ ਤੇ ਵੀ ਲਾ ਲਿਆ ਕਿ ਕਾਫਰਾ (ਹਿੰਦੂਆਂ ਜਾਂ ਗੈਰਮੁਸਲ-ਮਾਨਾਂ)ਨੂੰ ਮਾਰਨ,ਉਜਾੜਨ ਵਿਚ ਸੁਆਬ ਮਿਲਦਾ ਹੈ। ਬਹਿਸ਼ਤ ਵਿਚ ਖੁਦਾ ਜੀ ਆਇਆਂ ਨੂੰ ਆਖਦਾ ਹੈ। ਕਾਫਰਾਂ ਨੇ ਧਰਤੀ ਨੂੰ ਗੁਨਾਹੀਂ ਬਣਾਇਆ ਹੈ, ਧਰਤੀ ਕਾਫਰਾਂ ਦੇ ਲਹੂ ਨਾਲ ਧੋਕੇ ਹੀ ਪਵਿਤ੍ਰ ਕੀਤੀ ਜਾ ਸਕਦੀ ਹੈ। ਐਸੇ ਵਿਚਾਰਾਂ ਦੇ ਕਾਰਨ ਔਰੰਗਜ਼ੇਬ ਵੱਡਾ ਮਜ਼ੂਬੀ ਤੁਅੱਸਬੀ ਤੇ ਕੁਰਾਨ ਮਜੀਦ ਦੀਆਂ ਸ਼ਰਾਤੇਚਲਣ ਵਾਲਾ ਹੋ ਗਿਆ ਸੀ। ਅਗਿਆਨਤਾ ਅਤੇ ਇਸਲਾਮ ਦੇ ਜੋਸ਼ ਕਾਰਨ ਉਹ ਜ਼ੁਲਮ (ਪਾਪ)ਕਰਨ ਲੱਗ ਪਿਆ ਸੀ। ਮਾਸੂਮਾਂ ਦੀਆਂ ਆਹੀਂ, ਨਾਰੀਆਂ ਦੀ ਨਿਰਾਦਰੀ, ਮੰਦਰਾਂ ਦੀ ਬੇਅਦਬੀ ਅਤੇ ਨਿਰਦੋਸ਼ੀਆਂ ਦਾ ਖੂਨ ਉਸ ਦੇ ਸਿਰ ਹੈ।' ਉਹ ਮਰਕੇ ਜ਼ਰੂਰ ਬਹਿਸ਼ਤ ਦੀ ਥਾਂ ਦੋਜ਼ਕ ਵਿਚ ਪੁਜਾ ਹੋਵੇਗਾ ਤੇ ਦੋਜ਼ਕ ਦੀ ਅੱਗ ਨੇ ਅਜੇ ਤਕ ਉਸ ਨੂੰ ਨਹੀਂ ਸਾੜਿਆ ਹੋਵੇਗਾ।

ਔਰੰਗਜ਼ੇਬ ਨੇ ਫੁਰਮਾਨ ਜਾਰੀ ਕੀਤਾ ਸੀ ਕਿ ਹਿੰਦੂ ਮੰਦਰਾਂ ਵਿਚ ਬੁੱਤ ਬਣਾਏ ਹੋਏ ਹਨ। ਖੁਦਾ ਇਕ ਹੈ, ਉਸਦਾ ਸ਼ਰੀਕ ਕੋਈ ਨਹੀਂ ਇਹ ਖੁਦਾ ਦੇ ਸ਼ਰੀਕ ਪੱਥਰਾਂ ਦੇ ਬਣਾਕੇ ਉਨ੍ਹਾਂ ਨੂੰ ਭਗਵਾਨ (ਖੁਦਾ) ਆਖਦੇ ਹਨ, ਇਸ ਵਾਸਤੇ ਸਾਰੇ ਮੰਦਰਾਂ ਵਿਚੋਂ ਬੁਤ ਤੋੜ ਦਿਤੇ ਜਾਣ। ਇਨ੍ਹਾਂ ਮੰਦਰਾਂ ਦੀਆਂ ਖੁਲ੍ਹੀਆਂਇਮਾ-ਰਤਾਂ ਹਨ, ਉਨ੍ਹਾਂ ਨੂੰ ਮਸੀਤਾਂ ਵਿਚ ਬਦਲ ਦਿਤਾ ਜਾਵੇ। ਕੋਈ ਹਿੰਦੂ ਨਾ ਗੀਤਾ, ਨਾ ਪੁਰਾਣ, ਨਾ ਵੇਦ ਪੜ੍ਹੇ ਤੇ ਨਾ ਬੁੱਤਾਂ ਦੀ ਪੂਜਾ ਕਰੇ। ਕਿਸੇ ਹਿੰਦੂ ਨੂੰ ਮੁਗਲ ਫੌਜ ਦਾ ਵੱਡਾ ਅਫਸਰ ਨਾ ਬਣਾਇਆ ਜਾਵੇ ਨਾ ਮੁਗਲ ਰਾਜ ਵਿਚ ਨੌਕਰੀਆਂ ਦਿਤੀਆਂ ਜਾਣ। ਜੇਹੜੇ ਹਿੰਦੂ ਪਹਿਲਾਂ ਨੌਕਰੀਆਂ ਵਿਚ ਹਨ ਉਹਨਾਂ ਨੂੰ ਮੁਸਲ-ਮਾਨ ਬਣਾ ਲਿਆ ਜਾਵੇ ਜੇ ਖੁਸ਼ੀ ਨਾਲ ਮੁਸਲਮਾਨ ਨਾ ਹੋਣ ਤਾਂ ਕਤਲ ਕਰ

ਦਿੱਤਾ ਜਾਵੇ। ਹਿੰਦੂਆਂ ਉਪਰ ਜੇਜ਼ੀਆ (ਟੈਕਸ) ਬਹੁਤਾ ਲਾਇਆ ਜਾਵੇ। ਜਗੀਰਾਂ, ਜ਼ਬਤ ਕਰ ਲਈਆਂ ਜਾਣ ਤੇ ਜੇਹੜੇ ਮੁਸਲਮਾਨ ਨਾ ਬਣਨ ਉਹਨਾਂ ਜ਼ਮੀਨਾਂ ਖੋਹ ਕੇ ਉਹਨਾਂ ਲੋਕਾਂ ਨੂੰ ਦਿਤੀਆਂ ਜਾਣ ਜੋ ਮੁਸਲਮਾਨ ਹੋ ਜਾਣ ਤੇ ਜਿਨ੍ਹਾਂ ਕੋਲ ਕੋਈ ਮਰਲਾ ਜ਼ਮੀਨ ਨਾ ਹੋਵੇ। ਬਾਦਸ਼ਾਹ ਦੇ ਹੁਕਮ ਨੂੰ ਖੁਦਾ ਦਾ ਹੁਕਮ ਸਮਝਕੇ ਇਸ ਤੇ ਅਮਲ ਕੀਤਾ ਜਾਵੇ।

ਇਸ ਫੁਰਮਾਨ ਦੇ ਪੜ੍ਹਨ ਸਾਰ ਮੁਗਲ ਸੈਨਿਕ ਮੌਲਵੀ ਤੇ ਮੁਸਲਮਾਨ ਚੌਧਰੀ ਇਕ ਦਮ ਜੋਸ਼ ਵਿਚ ਆ ਏ ਗਏ। ਸੋਮਨਾਥ, ਮਥਰਾ, ਬਨਾਰਸ, ਉਜੈਨ ਅਤੇ ਕਸ਼ਮੀਰ ਵਿਚ ਮੰਦਰਾਂ ਵਿਚੋਂ ਬੁਤ ਤੋੜਨੇ ਸ਼ੁਰੂ ਕਰ ਦਿਤੇ। ਮਥਰਾ ਵਿਚ 'ਕੇਸਵ ਰਾਏ' ਦਾ ਬੜਾ ਵਡਾ ਮੰਦਰ ਸੀ। ਉਸ ਨੂੰ ਢਾਹ ਢੇਰੀ ਕੀਤਾ ਗਿਆ। ਬਨਾਰਸ ਦੇ ਵਡੇ ਮੰਦਰਾਂ ਦੀਆਂ ਮੂਰਤੀਆਂ ਮੰਦਰਾਂ ਵਿਚੋਂ ਚੁਕ ਕੇ ਦਰਿਆ ਗੰਗਾ ਵਿਚ ਸੁਟਾਈਆਂ। 'ਕੇਸਵ ਰਾਏ' ਦੇ ਮੰਦਰ ਨੂੰ ਮਸੀਤ ਦੀ ਸ਼ਕਲ ਦਿਤੀ ਗਈ। ਧਾਰਮਿਕ ਅਸਥਾਨ ਦੀ ਇਸ ਨਿਰਾਦਰੀ ਨੂੰ ਗੋਕਲ ਅਣਖੀਲਾ ਸੂਰਮਾਂ ਨਾ ਸਹਿ ਸਕਿਆ। ਉਸ ਨੇ ਜੱਟਾਂ ਨੂੰ ਨਾਲ ਲੈਕੇ ਧਰਮ ਯੁਧ ਕੀਤਾ ਪਰ ਉਹ ਹਾਰ ਗਿਆ ਤੇ ਫੜਿਆ ਗਿਆ। ਆਖਰ ਬਾਦਸ਼ਾਹ ਦੇ ਹੁਕਮ ਨਾਲ ਉਸਨੂੰ ਮਾਰ ਗਿਆ ਗਿਆ। ਏਸੇ ਤਰਾਂ ਸਤਨਾਮੀ ਉਠੇ ਪਰ ਉਹ ਵੀ ਕਾਮਯਾਬ ਨਾ ਹੋਏ। ਸੇਵਾ ਜੀ ਮਰਹਟੇ ਨੇ ਸੁਤੰਤ੍ਰਤਾ, ਧਰਮ ਤੇ ਅਣਖ ਦੀਆਂ ਲੜਾਈਆਂ ਲੜੀਆਂ। ਜ਼ੁਲਮ ਵਦਦਾ ਗਿਆ. ਹਿੰਦੂ ਮੰਦਰ ਮਸੀਤਾਂ ਦਾ ਰੂਪ ਧਾਰਦੇ ਗਏ ਅਤੇ ਔਰਤਾਂ ਦੀ ਬਹੁਤ ਨਿਰਾਦਰੀ ਕੀਤੀ ਗਈ। ਪੱਛਮੀ ਪੰਜਾਬ ਦੇ ਵਸਨੀਕ ਟਵਾਨੇ, ਘਬੇ, ਸਿਆਲ ਜੋ ਹਿੰਦੂ ਜੱਟ ਸਨ ਇਹ ਸਾਰੇ ਡਰਦੇ ਮਾਰੇ ਮੁਸਲਮਾਨ ਹੋ ਗਏ ਹਿੰਦੂਆਂ ਨੂੰ ਭਾਰੇ ਟੈਕਸ (ਜੇਜ਼ੀਏ) ਲਾਏ ਗਏ। ਉਹਨਾਂ ਟੈਕਸਾਂ ਦੀਆਂ ਵਸੂਲੀਆਂ ਕਰਨ ਦੇ ਬਹਾਨੇ ਹਿੰਦੂਆਂ ਦੇ ਘਰਾਂ ਵਿਚੋਂ ਸੋਨਾ, ਚਾਂਦੀ, ਭਾਂਡੇ, ਰੇਸ਼ਮੀ ਲੀੜੇ ਅਤੇ ਸੁੰਦਰ ਮੁਟਿਆਰ ਨਾਰੀਆਂ ਨੂੰ ਮਲੋ ਮਲੀ ਖੋਹ ਲਿਆ ਗਿਆ। ਹਜ਼ਾਰਾਂ ਹਿੰਦੂ ਕਤਲ ਕੀਤੇ ਗਏ ਤੇ ਲੱਖਾਂ ਨੂੰ ਕਰੜੀਆਂ ਸਜ਼ਾਵਾਂ ਦੇਕੇ ਮੁਸਲਮਾਨ ਕਰ ਲਿਆ ਗਿਆ। ਪੰਜਾਬ ਦਾ ਮੁਸਲਮਾਨ ਨੱਬੇ ਫੀ ਸਦੀ ਉਸ ਸਮੇਂ ਦੇ ਹਿੰਦੂਆਂ ਵਿਚੋਂ ਬਣਿਆਂ ਹੋਇਆ ਮੁਸਲਮਾਨ ਹੈ।

ਹਿੰਦੂ ਜਨਤਾ ਮਰਦੀ, ਲੁਟੀਂਦੀ ਅਤੇ ਮੁਸਲਮਾਨ ਹੁੰਦੀ ਗਈ, ਪਰ

ਕਿਸੇ ਦੇਵੀ ਦੇਵਤੇ, ਸੰਤ ਸਾਧੂ ਨੇ ਉਸ ਦੀ ਸਹਾਇਤਾ ਨਾ ਕੀਤੀ। ਪੰਡਤ, ਸੰਤ ਮਹਾਤਮਾਂ ਪਹਾੜਾਂ ਦੀਆਂ ਕੰਦਰਾਂ ਵਿਚ ਜਾ ਛੁਪੇ, ਦੇਵੀਆਂ ਦੀਆਂ ਮੂਰਤੀਆਂ ਪਹਾੜਾਂ ਵਿਚ ਲੁਕਾਈਆਂ ਗਈਆਂ। ਸਾਰੇ ਦੇਸ਼ ਵਿਚ ਹਾਹਾਕਾਰ ਮਚ ਗਈ। ਲੁਕ ਲੁਕ ਕੇ ਲੋਕ ਦੇਵਤਿਆਂ ਅਗੇ ਪ੍ਰਾਰਥਨਾ ਕਰਨ ਲਗੇ ਅਤੇ ਹਵਨ ਵੀ ਹੁੰਦੇ ਰਹੇ, ਪਰ ਕੋਈ ਸ਼ਕਤੀ ਇਕ ਦਮ ਪ੍ਰਗਟ ਨਾ ਹੋਈ ਜੋ ਮੁਗਲਾਂ ਨੂੰ ਜ਼ੁਲਮ ਤੋਂ ਰੋਕਦੀ। ਹਿੰਦੂ ਵਜ਼ੀਰ ਅਮੀਰ ਜੋ ਮੁਗਲਾਂ ਦੇ ਨੌਕਰ ਸਨ ਉਹ ਵੀ ਉਹਨਾਂ ਵਰਗੇ ਹੋ ਗਏ।

ਪਰਬਤਾਂ ਦੇ ਬਾਈਧਾਰ ਰਾਜੇ ਮੁਗਲਾਂ ਦੀ ਈਨ ਮੰਨ ਚੁਕੇ ਸਨ ਉਹ ਵੀ ਨਹੀਂ ਸੀ ਹਿਲਦੇ। ਉਨ੍ਹਾਂ ਦਾ ਲਹੂ ਠੰਢਾ ਹੋ ਚੁਕਾ ਸੀ ਅਤੇ ਅਣਖ ਮਰਗਈ ਸੀ। ਰਾਹ ਜਾਂਦੇ ਮੁਸਲਮਾਨ ਹਿੰਦੂਆਂ ਦੇ ਜੰਞੂ ਤੋੜ ਸੁਟਦੇ ਤੇ ਟਿੱਕੇ (ਤਿਲਕ) ਮੇਟ ਦੇਂਦੇ ਸਨ। ਬੋਦੀਆਂ ਕਟ ਸੁਟਦੇ ਸਨ। ਸਾਰੇ ਰਾਜ ਵਿਚ ਜ਼ੁਲਮ ਦਾ ਹੜ੍ਹ ਆ ਗਿਆ ਸੀ।

੨. ਕਸ਼ਮੀਰੀ ਪੰਡਤਾਂ ਦਾ ਸਤਿਗੁਰੂ ਜੀ ਪਾਸ ਔਣਾ

ਕਸ਼ਮੀਰ ਸੰਸਾਰ ਉਤੇ ਜੀਊਂਦਾ ਸੁਰਗ ਹੈ। ਇਸਦੀ ਪਵਿਤ੍ਰ ਧਰਤੀ ਤੇ ਬ੍ਰਾਹਮਣ ਤੇ ਖਤਰੀ ਵਸਦੇ ਸਨ ਪਰ ਮੁਗ਼ਲਾਂ ਦੇ ਹੱਲਿਆਂ ਨੇ ਉਨ੍ਹਾਂ ਨੂੰ ਧਰਮ ਤੋਂ ਡੇਗਣਾ ਸ਼ੁਰੂ ਕਰ ਦਿੱਤਾ। ਔਰੰਗਜ਼ੇਬ ਦਾ ਹੁਕਮ ਸੁਣਕੇ ਕਸ਼ਮੀਰ ਦੇ ਫੌਜਦਾਰ ਨੇ ਤਾਂ ਅਸਲੋਂ ਹੀ ਹਿੰਦੂ ਧਰਮ ਤੇ ਬ੍ਰਾਹਮਣਾਂ ਦਾ ਖਾਤਮਾ ਕਰਨ ਦਾ ਫੈਸਲਾ ਕਰ ਲਿਆ। ਉਸਨੇ ਐਸੇ ਫੁਰਮਾਨ ਜਾਰੀ ਕੀਤੇ ਜਿਨ੍ਹਾਂ ਨੂੰ ਸੁਣਕੇ ਅੱਜ ਵੀ ਹਰ ਇਕ ਹਿੰਦੂ ਦਾ ਹਿਰਦਾ ਕੰਬਣ ਲਗ ਪੈਂਦਾ ਹੈ। ਇਹ ਕਿਹਾ ਕਿ ਜੇਕਰ ਕਿਸੇ ਹਿੰਦੂ ਦੇ ਘਰ ਕੋਈ ਡੰਗਰ (ਗਊ, ਬੈਲ ਮੱਝ ਆਦਿਕ) ਮਰਨ ਲਗੇ ਜਾਂ ਮਰ ਜਾਵੇ ਤਾਂ ਉਸ ਘਰ ਵਾਲੇ ਹਿੰਦੂ ਦਾ ਪਹਿਲਾ ਫਰਜ਼ ਹੈ ਕਿ ਉਹ ਮੌਲਵੀ ਜਾਂ ਕਾਜੀ ਦੇ ਘਰ ਇਤ-ਲਾਹ ਦੇਵੇ। ਇਸ ਵਾਸਤੇ ਕਿ ਉਸ ਡੰਗਰ ਦੇ ਗਲ ਉਤੇ ਛੁਰੀ ਫੇਰਕੇ ਉਸਨੂੰ ਹਲਾਲ ਕੀਤਾ ਜਾਵੇ ਤੇ ਉਹਦੀ ਖਲ ਵੀ ਹਿੰਦੂ ਦੇ ਘਰ ਹੀ ਉਤਾਰੀ ਜਾਵੇ। ਉਥੋਂ ਮਾਸ ਕਟਕੇ ਮੁਸਲਮਾਨ ਘਰਾਂ ਨੂੰ ਲੈ ਜਾਣ ਤੇ ਹੱਡੀਆਂ ਜਾਂ ਮਰੇ ਡੰਗਰ ਦਾ ਬਾਕੀ ਦਾ ਹਿੱਸਾ ਹਿੰਦੂ ਆਪ ਬਾਹਰ ਸੁਟਕੇ ਆਉਣ। ਜੇਕਰ ਉਹ ਐਸੀ ਗਲ ਤੋਂ ਬਚਣਾ

ਚਾਹੁਣ ਤਾਂ ਫੌਰਨ ਮੁਸਲਮਾਨ ਹੋਜਾਨ, ਮੰਦਰ ਢਾਹ ਸੁਟੇ ਠਾਕੁਰ ਦੁਵਾਰਿਆਂ ਵਿਚੋਂ ਪੰਡਤਾਂ ਨੂੰ ਫੜ ਲਿਆ ਗਿਆ ਅਤੇ ਹਿੰਦੂਆਂ ਦੀਆਂ ਇਸਤ੍ਰੀਆਂ ਦੀ ਨਿਰਾਦਰੀ ਕੀਤੀ ਗਈ। ਕਈਆਂ ਸੁੰਦਰ ਕੁੜੀਆ ਨੂੰ ਮੁਸਲਮਾਨਾਂ ਨੇ ਘਰੀਂ ਪਾ ਲਿਆ। ਕਸ਼ਮੀਰ ਦੀ ਬ੍ਰਾਹਮਣ ਤੇ ਖੱਤਰੀ ਜਾਤੀ ਕੰਬ ਉਠੀ। ਬਹੁਤ ਸਾਰੇ ਖਾਨਦਾਨ ਮੁਸਲਮਾਨ ਹੋ ਗਏ ਜੋ ਹੁਣ ਤਕ 'ਖੱਬੇ ਬੱਬੇ' ਦੇ ਨਾਮ ਨਾਲ ਮਸ਼ਹੂਰ ਹਨ।

ਕਸ਼ਮੀਰ ਦੇ ਵਿਦਵਾਨ ਪੰਡਤ ਪੋ ਬ੍ਰਾਹਮਣ ਸਾਰੇ ਮੰਦਰਾਂ ਵਿਚੋਂ ਨਿਕਲ ਕੇ 'ਅਮਰ ਨਾਥ' ਦੇ ਮੰਦਰ ਕੋਲ ਚਲੇ ਗਏ। ਓਥੇ ਜਾਕੇ ਵਰਤ ਰਖਕੇ ਪੂਜਾ ਕਰਨੀ ਸ਼ੁਰੂ ਕਰ ਦਿਤਾ,ਓਥੋਂ ਵੀ ਕੋਈ ਦੇਵਤਾ ਪ੍ਰਗਟ ਨਾ ਹੋਇਆ।ਕਿਸੇ ਨੇ ਮੁਸਲਮਾਨਾਂ ਹਾਕਮਾਂ ਨੂੰ ਜ਼ੁਲਮ ਕਰਨ ਤੋਂ ਨਾ ਰੋਕਿਆ ਤੇ ਨਾ ਕੋਈ ਹਾਕਮ ਮਰਿਆ। ਓਥੋਂ ਵੀ ਨਿਰਾਸ ਹੋਕੇ ਉਹ ਉਠ ਬੈਠੇ। ਓਧਰ ਕਿਸੇ ਗੁਰੂ ਦੇ ਸਿੱਖ ਨੇ ਸਲਾਹ ਦਿਤੀ ਕਿ ਉਹ ਸਤਿਗੁਰੂ ਨਾਨਕ ਦੇਵ ਜੀ ਦੇ ਤਖਤ ਉਤੇ ਬੈਠੇ ਨਾਵੇਂ ਪਾਤਸ਼ਾਹ ਕੋਲ ਜਾਣ ਤਾਂ ਉਹ ਹਿੰਦੂ ਧਰਮ ਨੂੰ ਬਚਾ ਸਕਦੇ ਹਨ।ਪਹਿਲੇ ਸਤਿਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਪਾਈ ਤਾਂ ਜ਼ੁਲਮ ਦੇ ਬੱਦਲ ਖਿਲਰ ਗਏ ਫਿਰ ਸਤਿਗੁਰੂ ਹਰਿ-ਗੋਬਿੰਦ ਸਾਹਿਬ ਜੀਨੇ ਤਲਵਾਰ ਚਲਾਈਤਾਂ ਇਸਲਾਮਦਾ ਪ੍ਰਚਾਰ ਮੱਠਾ ਹੋਇਆ। ਹੁਣ ਤੇਜ ਪ੍ਰਤਾਪ ਵਾਲੇ ਸਤਿਗੁਰੂ ਤੇਗ ਬਹਾਦਰ ਜੀ ਹਨ ਉਨ੍ਹਾਂ ਅਗੇ ਤਰਲਾਕਰੋ।"

ਸਤਿਗੁਰੂ ਜੀ ਦਾ ਪਤਾ ਦਸਣ ਵਾਲੇ ਸਿੱਖ ਨੂੰ ਨਾਲ ਲੈਕੇ ਪੰਡਤਕਸ਼ਮੀਰੋਂ ਅਨੰਦਪੁਰ ਵਲ ਨੂੰ ਤੁਰ ਪਏ। ਚਲਦੇ ਚਲਦੇ ਆਨੰਦਪੁਰ ਪੁਜੇ ਪਰ ਬਹੁਤ ਹੀ ਲੁਕਦੇ ਹੋਏ ਕਿ ਜੇ ਮੁਸਲਮਾਨਾਂ ਨੂੰ ਪਤਾ ਲਗ ਗਿਆ ਤਾ ਉਹ ਰਾਹ ਵਿਚ ਹੀ ਮਾਰ ਸੁਟਣਗੇ। ਪਹਾੜਾਂ ਰਸਤੇ ਰਾਹੀਂ ਕਈਆਂ ਦਿਨਾਂ ਪਿਛੋਂ ਪੁਜੇ। ਅਗੇ ਸਤਿਗੁਰੂ ਜੀ ਆਨੰਦਪੁਰ ਵਿਚ ਹੀ ਸਨ ਪਰ ਜਾਂਦਿਆਂ ਹੀ ਉਹਨਾਂ ਨੂੰ ਸਤਿਗੁਰੂ ਜੀ ਦੇ ਦਰਸ਼ਨ ਨਾ ਹੋਏ।

੩. ਸਤਿਗੁਰੂਜੀ ਅਗੇ ਕਸ਼ਮੀਰੀ ਪੰਡਤਾਂ ਦੀ ਬੇਨਤੀ

ਜ਼ੁਲਮ ਤੇ ਨਿਰਾਦਰੀ ਦੇ ਪੱਛੇ ਹੋਏ ਕਸ਼ਮੀਰੀ ਪੰਡਤ ਆਨੰਦਪੁਰ ਪੁਜੇ ਅਨੰਦਪੁਰ ਸੱਚਮੁਚ ਹੀ ਅਨੰਦ ਦੀ ਪੁਰੀ। ਉਹਦੇ ਕਈ ਕਈ ਕੋਹ ਤਕ ਅਮਨ ਸੀ, ਕੋਈ ਤੁਰਕ ਕਿਸ ਹਿੰਦੂ ਨੂੰ ਸਤਾਉਂਦਾ ਨਹੀਂ ਸੀ। ਕਿਸੇ ਹਿੰਦੂ ਦੇ ਘਰ ਪਸੂ

ਮਰੇ ਦਾ ਪੋਸ਼ ਨਹੀਂ ਸੀ ਉਤਾਰਿਆ ਜਾਂਦਾ । ਜਿਧਰ ਦੇਖਦੇ ਸੀ ਉਧਰ ਹੀ ਲੋਕ ਖੁਸ਼ੀ ਅਨੰਦ ਨਾਲ ਵਸ ਰਹੇ ਸਨ । ਚਾਵਾਂ ਭਰਿਆ ਜੀਵਨ ਬਤੀਤ ਹੋ ਰਿਹਾ ਸੀ । ਕੋਈ ਕਿਸੇ ਨਾਲ ਈਰਖਾ ਨਹੀਂ ਸੀ ਕਰਦਾ ।

ਦੀਵਾਨ ਲੱਗਾ ਹੋਇਆ ਸੀ । ਰਬਾਬੀ ਕੀਰਤਨ ਕਰ ਰਹੇ ਸਨ । ਨਾਮ ਰਸੀਏ ਗੁਰਮੁਖ ਪਿਆਰੇ ਸੰਤ-ਸਿਪਾਹੀ ਸਿੱਖ ਸਮਾਧੀਆਂ ਲਾਕੇ ਬੈਠੇ ਹੋਏ'ਵਾਹਿਗੁਰੂ ਵਾਹਿਗੁਰੂ' ਰਸਨਾ ਨਾਲ ਜਪਦੇ ਹੋਏ ਗੁਰਬਾਣੀ ਦਾ ਕੀਰਤਨ ਸੁਣ ਰਹੇ ਸਨ । ਉਸ ਸਮੇਂ ਕਸ਼ਮੀਰੀ ਪੰਡਤ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ । ਉਹ ਸਤਿ-ਗੁਰੂ ਜੀ ਦਾ ਦਰਬਾਰ, ਚੇਹਰੇ ਦਾ ਰਬੀ ਨੂਰ, ਸ਼ਾਂਤ ਚਿਤ ਬੈਠੇ ਗੁਰੂ ਦੇ ਸਿਖਾਂ ਵਲ ਦੇਖਕੇ ਬਹੁਤ ਹੈਰਾਨ ਹੋਏ । ਸਤਿਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਟੇਕਣ ਲਗੇ ਤਾਂ ਉਹਨਾਂ ਦੀਆਂ ਭੁਬਾਂ (ਧਾਹੀਂ)ਨਿਕਲ ਗਈਆਂ, ਉਹਨਾਂ ਦਾ ਦੁਖਾਂ ਵਿੰਨ੍ਹਿਆਂ ਹਿਰਦਾ ਸ਼ਾਂਤ ਨਾ ਰਹਿ ਸਕਿਆ, ਉਹਨਾਂ ਨੇ ਸਮੇਂ ਦੀ ਉਡੀਕ ਨਾ ਕੀਤੀ । ਇਕ ਮੱਥਾ ਟੇਕ ਕੇ ਉਠਦਾ ਤੇ ਰੋਂਦਾ ਹੋਇਆ ਪਾਸੇ ਹੋ ਜਾਂਦਾ ਫਿਰ ਦੂਸਰਾ ਚਰਨਾਂ ਤੇ ਸਿਰ ਰੱਖਣ ਲੱਗਦਾ ਤਾਂ ਉਸਦੀਆਂ ਡਾਡਾਂ ਨਿਕਲ ਜਾਂਦੀਆਂ, ਉਹਨਾਂ ਦੀਆਂ ਭੁਬਾਂ ਨੇ ਸਤਿਗੁਰੂ ਜੀ ਦੀ ਸਮਾਧੀ ਤੋੜ ਦਿਤੀ, ਰਬਾਬੀ ਕੀਰਤਨ ਕਰਨੋਂ ਰੁਕ ਗਏ ਅਤੇ ਗੁਰ ਸਿੱਖਾਂ ਦਾ ਧਿਆਨ ਉਹਨਾਂ ਪੰਡਤਾਂ ਵਲ ਹੋ ਗਿਆ ਸਾਰੇ ਪੰਡਤ ਭੁਬੀਂ ਭੁਬੀਂ ਰੋਂਦੇ ਹੋਏ ਇਕ ਕਤਾਰ ਵਿਚ ਖਲੋ ਗਏ । ਉਹਨਾਂ ਨੇ ਹੱਥ ਜੋੜੇ,ਪਰ ਜ਼ਬਾਨ ਨਾਲ ਗੱਲ ਕੋਈ ਨਾ ਕਰ ਸਕੇ, ਉਹਨਾਂ ਦਾ ਦੁਖੀ ਹਿਰਦਾ ਮੂੰਹ ਨੂੰ ਆ ਰਿਹਾ ਸੀ, ਗਲਾਂ ਤੇ ਬੁਲ੍ਹ ਖੁਸ਼ਕ ਹੋ ਗਏ ਸਨ । ਉਹਨਾਂ ਕੋਲੋਂ ਰੋਇਆ ਵੀ ਨਹੀਂ ਸੀ ਜਾਂਦਾ ਕਿਉਂਕਿ ਰੋ ਰੋ ਕੇ ਉਹ ਥੱਕ-ਟੁੱਟ ਚੁਕੇ ਸਨ

ਦਰਬਾਰ ਵਿਚ ਕਰੁਣਾ ਰਸ ਛਾ ਗਿਆ । ਸਾਰੀ ਸੰਗਤ ਸਹਿਮ ਗਈ ਕਿ ਚੰਦਨ ਦੇ ਤਿਲਕ ਤੇ ਲੰਮੇਂ ਲੰਮੇਂ ਜੰਞੂਆਂ ਵਾਲੇ ਪੰਡਤ ਸਾਹਿਬਾਂ ਦੇ ਦਰਬਾਰ ਵਿਚ ਪੁਜਕੇ ਰੋਣ ਕਿਉਂ ਲੱਗ ਪਏ । ਘਟ ਘਟ ਦੇ ਜਾਨਣਹਾਰ ਸਤਿਗੁਰੂ ਜੀ ਨੇ ਉਹਨਾਂ ਨੂੰ ਪੁਛਿਆ—'ਹੇ ਗੁਰਮੁਖ ਜਨੋ ! ਇਹ ਤਾਂ ਦਸੋ, ਆਪ ਕੌਣ ਸਜਣ ਹੋ ਤੇ ਤੁਸਾਂ ਨੂੰ ਕੀ ਦੁਖ ਹੈ ?'

ਉਹਨਾਂ ਕਸ਼ਮੀਰੀ ਪੰਡਤਾਂ ਵਿਚ ਇਕ ਪੰਡਤ ਹਰਿ ਸ਼ਰਨ ਦਾਸ ਮੁਖੀ ਤੇ

ਹੌਂਸਲੇ ਵਾਲਾ ਪੰਡਤ ਸੀ। ਸਤਿਗੁਰੂ ਜੀ ਦੇ ਬਚਨ ਸੁਣ ਕੇ ਓਹ ਹੱਥ ਜੋੜਕੇ ਇਉਂ ਬੇਨਤੀ ਕਰਨ ਲੱਗਾ—'ਹੇ ਦਿਆਲੂ ਕ੍ਰਿਪਾਲੂ ਭਗਵਾਨ ! ਅਸੀਂ ਕਸ਼ਮੀਰ ਦੇ ਪੰਡਤ ਹਾਂ, ਸਾਰੇ ਦੇ ਸਾਰੇ ਉਚ ਕੁਲ ਦੇ ਹਾਂ, ਤੁਰਕਾਂ ਦੇ ਸਤਾਏ ਹੋਏ ਆਪ ਦੀ ਸ਼ਰਨ ਆਏ ਹਾਂ, ਜੇ ਆਗਿਆ ਬਖਸ਼ੋ ਤਾਂ ਅਸੀਂ ਆਪ ਨੂੰ ਆਪਣੇ ਦੁਖੜੇ ਸੁਣਾਈਏ।

ਸਤਿਗੁਰੂ ਜੀ ਨੇ ਫੁਰਮਾਇਆ—'ਹਾਂ ! ਹਾਂ ਦਸੋ ! ਕੀ ਤੁਸਾਂ ਨੂੰ ਦੁਖ ਹੈ ? ਅਸੀਂ ਕੀ ਸੇਵਾ ਕਰ ਸਕਦੇ ਹਾਂ।'

'ਹੇ ਸਤਿਗੁਰੋ ! ਔਰੰਗਜ਼ੇਬ ਬਾਦਸ਼ਾਹ ਵਲੋਂ ਫੁਰਮਾਨ ਜਾਰੀ ਹੋਇਆ ਹੈ ਕਿ ਹਿੰਦੂਆਂ ਨੂੰ ਮੁਸਲਮਾਨ ਕੀਤਾ ਜਾਵੇ, ਮੰਦਰਾਂ ਵਿਚੋਂ ਦੇਵ ਮੂਰਤੀਆਂ ਤੋੜ ਸੁਟੀਆਂ ਜਾਣ। ਇਸ ਹੁਕਮ ਦਾ ਆਸਰਾ ਲੈਕੇ ਕਸ਼ਮੀਰ ਦਾ ਫੌਜਦਾਰ ਓਹਦੇ ਆਦਮੀ ਤੇ ਕਸ਼ਮੀਰ ਦੇ ਬਾਕੀ ਮੁਸਲਮਾਨ ਅਸਾਂ ਹਿੰਦੂਆਂ ਨਾਲ ਜੋ ਜੋ ਜ਼ੁਲਮ ਕਰ ਰਹੇ ਹਨ, ਉਹ ਬਿਆਨ ਨਹੀਂ ਹੋ ਸਕਦੇ।ਇਹ ਮੇਰੇ ਭਾਈ ਹਰੀ ਦਾਸ ਹਨ (ਲਾਗੇ ਖਲੋਤੇ ਵਲ ਉਂਗਲ ਕਰਕੇ) ਇਨ੍ਹਾਂ ਦਾ ਘਰ ਸਾੜ ਕੇ ਸੁਵਾਹ ਕਰ ਦਿੱਤਾ। ਇਨ੍ਹਾਂ ਦੇ ਘਰੋ ਇਸਤ੍ਰੀ ਨੂੰ ਮਾਰਕੇ ਕਬਰ ਵਿਚ ਦੱਬ ਦਿਤਾ ਹੈ ਤੇ ਕਿਸੇ ਨੂੰ ਪੁਟਕੇ ਸਾੜਨ ਨਹੀਂ ਦੇਂਦੇ। ਇਨ੍ਹਾਂ ਦੀ ਜਵਾਨ ਲੜਕੀ ਨੂੰ ਧੱਕੇ ਨਾਲ ਮੁਸਲਮਾਨੀ ਕਰਕੇ ਇਕ ਕਸਾਈ ਮੁੰਡੇ ਦੇ ਘਰ ਬੈਠਾ ਦਿਤਾ ਹੈ। ਉਹ ਰੋ ਰੋ ਕੇ ਦਿਨ ਕੱਟ ਰਹੀ। ਹਿੰਦੂ ਧਰਮ ਨੂੰ ਨਸ਼ਟ ਕਰਨ ਵਾਸਤੇ ਉਸ ਨੂੰ ਹਲਾਲ ਤੇ ਮੋਟਾ (ਡੰਗਰ ਦਾ ਮਾਸ) ਖੁਵਾਇਆ ਗਿਆ ਹੈ। ਕਈ ਦੇਵੀਆਂ ਆਤਮ ਘਾਤ ਕਰ ਗਈਆਂ ਹਨ ਕਿਸੇ ਪਾਸ ਕੋਈ ਕੌਡੀ ਨਹੀਂ ਰਹੀ। ਜਰ, ਜੋਰੂ ਤੇ ਜ਼ਮੀਨ ਸਭ ਖੁਸ ਗਈ ਹੈ। ਹਜ਼ਾਰਾਂ ਮੁਸਲਮਾਨ ਹੋ ਗਏ ਹਨ ਤੇ ਹਜ਼ਾਰਾਂ ਕਤਲ ਕੀਤੇ ਗਏ ਹਨ। ਕੁਝ ਪਤਾ ਨਹੀਂ ਲੱਗਦਾ ਕੀ ਕਰੀਏ। ਦੇਵਤੇ, ਦੇਵੀਆਂ ਨੂੰ ਪੂਜਿਆ, ਹਵਨ ਕੀਤੇ ਪਰ ਕਿਤਿਓਂ ਸਹਾਇਤਾ ਨਹੀਂ ਮਿਲੀ। ਅਮਰ ਨਾਥ ਵਿਚੋਂ ਵੀ ਏਹੋ ਸੱਦ ਆਈ ਹੈ ਕਿ ਪੰਜਾਬ ਵਲ ਜਾਓ! ਹਿੰਦੂ ਧਰਮ ਨੂੰ ਬਚਾਓ ! ਧਰਮ ਦੀ ਰਾਖੀ ਕਰੋ। ਵੇਦ, ਜੰਞੂ, ਤਿਲਕ ਦਾ ਨਾਮ ਨਹੀਂ ਰਹੇਗਾ। ਹੇ ਦਾਤਾ ! ਸਤਿਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਰਖਿਆ ਵਾਸਤੇ ਹੀ ਅਵਤਾਰ ਧਾਰਿਆ ਸੀ। ਜਾਂ ਹੋਰ ਕੋਈ ਦਰ ਦਸੋ ਕਿਥੇ ਜਾਈਏ ? ਅਸੀਂ ਧਰਮ ਨਹੀਂ ਛੱਡ ਸਕਦੇ ਜਾਨ ਨਾਲੋਂ ਧਰਮ ਬਹੁਤਾ ਪਿਆਰਾ ਹੈ।'

ਪੰਡਤ ਜੀ ਦੀ ਜ਼ਬਾਨੋਂ ਉਹਨਾਂ ਦੇ ਦੁਖਾਂ ਦੀ ਅਧੂਰੀ ਕਹਾਣੀਸੁਣਕੇਸਤਿ-ਗੁਰੂ ਜੀ ਸ਼ਾਂਤ ਚਿਤ ਤੇ ਅਡੋਲ ਬੈਠੇ ਹੋਏ ਕੁਝ ਸੋਚਣ ਲੱਗ ਪਏ। ਸਿੱਖ ਸੰਗਤ ਦੁਖੜੇ ਸੁਣਕੇ ਹੈਰਾਨ ਹੀ ਨਾ ਹੋਈ ਸਗੋਂ ਭੈ ਭੀਤ ਹੋ ਗਈ। ਪੰਡਤਾਂ ਦਾ ਰੋਣਾਬੰਦ ਨਹੀਂ ਸੀ ਹੋਇਆ। ਸਤਿਗੁਰੂ ਜੀ ਨੇ ਨੇਤ੍ਰ ਖੋਹਲੇ ਤੇ ਪੰਡਤਾਂ ਵਲ ਕ੍ਰਿਪਾ ਦ੍ਰਿਸ਼ਟੀ ਨਾਲ ਦੇਖਿਆ। ਕੁਝ ਚਿਰ ਦੇਖਕੇ ਬਚਨ ਕੀਤਾ—ਹੇ ਗੁਰਮੁਖ ਜਨੋ! ਸ਼ਾਂਤੀ ਕਰੋ। ਧੀਰਜ ਧਾਰਨ ਕਰੋ, ਐਨਾ ਵੈਰਾਗ ਤੇ ਵਿਰਲਾਪ ਕਰਨ ਦੀ ਲੋੜ ਨਹੀਂ। ਜ਼ੁਲਮ ਦਾ ਟਾਕਰਾ ਰੋਣੇ ਨਾਲ ਨਹੀਂ ਹੋ ਸਕਦਾ ਸਗੋਂ ਬਲ ਨਾਲ ਹੁੰਦਾ ਹੈ। ਜੋ ਕੁਝ ਹੋ ਰਿਹਾ ਹੈ ਉਹ ਕੁਝ ਤੁਰਕ ਰਾਜ ਦਾ ਅੰਤ ਕਰਨ ਵਾਲਾ ਹੈ। ਪਾਪੀ ਦੇ ਮਾਰਨ ਵਾਸਤੇ ਪਾਪ ਹੀ ਮਹਾਂ ਬਲੀ ਹੁੰਦਾ ਹੈ।

"ਮਹਾਰਾਜ! ਅਸਾਂ ਕੋਲੋਂ ਧੀਰਜ ਨਹੀਂ ਹੁੰਦੀ। ਵਾਲ ਵਾਲ ਦੁਖੀ ਹੈ। ਹਿੰਦੂ ਧਰਮ ਖਤਰੇ ਵਿਚ ਹੈ। ਅਸਾਂ ਨੂੰ ਕੋਈ ਬਚਨ ਦਾ ਰਾਹ ਦਸੋ।"

ਸਤਿਗੁਰੂ ਜੀ ਸ਼ਾਂਤ ਚਿਤ ਹੋ ਗਏ। ਉਹ ਸ਼ਾਇਦ ਆਤਮਾ ਤੇ ਪ੍ਰਮਾਤਮਾ ਨਾਲ ਸਲਾਹ ਕਰਨ ਲਗੇ। ਹੌਲੀ ਹੌਲੀ ਸਾਹਿਬਾਂ ਦੇ ਨੇਤ੍ਰ ਮੁੰਦੇ ਗਏ। ਸਮਾਧੀ ਲੱਗ ਗਈ, ਉਸ ਸਮਾਧੀ ਵਿਚ ਸ਼ਾਇਦ ਸਤਿਗੁਰੂ ਜੀ ਨੇ ਆਪਣੇ ਮਾਲਕ ਪਾਰ ਬ੍ਰਹਮ (ਵਾਹਿਗੁਰੂ) ਕੋਲੋਂ ਪੁਛਿਆ ਕਿ ਪਾਰਬ੍ਰਹਮ ਦਾ ਕੀ ਹੁਕਮ ਹੈ?ਕਿਵੇਂ ਸਾਹਿਬ ਦੁਖੀ ਲੋਕਾਂ ਦੀ ਸੇਵਾ ਕਰ ਸਕਣ। ਪਾਰਬ੍ਰਹਮ ਨਾਲ ਸੁਰਤ ਜੁੜ ਗਈ, ਕਿੰਨਾ ਚਿਰ ਗਲਾਂ ਹੁੰਦੀਆਂ ਰਹੀਆਂ। ਜਦੋਂ ਪੂਰਾ ਹੁਕਮ ਪ੍ਰਾਪਤ ਕਰ ਲਿਆ ਤਾਂ ਸਾਹਿਬਾਂ ਨੇ ਨੇਤ੍ਰ ਖੋਹਲੇ। ਉਸ ਸਮੇਂ ਨੇਤ੍ਰਾਂ ਵਿਚ ਨਵੀਂ ਚਮਕ ਸੀ ਅਤੇ ਚੇਹਰੇ ਉਤੇ ਬਹੁਤ ਪ੍ਰਭਾਵ ਸ਼ਾਲੀ ਨੂਰ ਸੀ।

ਉਸ ਸਮੇਂ ਦਸ਼ਮੇਸ਼ ਗੁਰੂ ਜੀ ਬਾਲਕ ਰੂਪ ਵਿਚ ਸਨ। ਮਸਾਂ ਯਾਰਾਂ ਕੁ ਸਾਲ ਦੀ ਆਯੂ ਸੀ। ਹੱਸਦੇ ਮੁਸਕਰਾਂਦੇ ਹੋਏ ਸਤਿਗੁਰੂ ਜੀ ਦੇ ਪਾਸ ਆ ਪੁਜੇ। ਸਾਹਿਬਾਂ ਨੂੰ ਗੰਭੀਰ ਹੋਇਆਂ ਦੇਖਕੇ ਪੁਛਣ ਲੱਗੇ—'ਪਿਤਾ ਜੀ! ਅੱਜ ਆਪ ਚੁਪ ਕਿਉਂ ਹੋ? ਇਹ ਸਾਹਮਣੇ ਬੈਠੇ ਰੋਣ ਵਾਲੇ ਕੌਣ ਹਨ?'

'ਲਾਲ ਇਹ ਕਸ਼ਮੀਰ ਦੇ ਪੰਡਤ ਹਨ?' ਸਤਿਗੁਰੂ ਜੀ ਨੇ ਉੱਤਰ ਦਿਤਾ।

'ਇਨ੍ਹਾਂ ਨੂੰ ਕੀ ਦੁਖ ਹੈ?' (ਗੁਰੂ) ਗੋਬਿੰਦ ਰਾਇ ਜੀ ਨੇ ਸਤਿਗੁਰੂ ਜੀ

ਪਾਸੋਂ ਪੁਛਿਆ।

'ਬੇਟਾ ! ਤੁਰਕ ਹਾਕਮ ਇਨ੍ਹਾਂ ਨੂੰ ਸਤਾਉਂਦੇ ਹਨ। ਹਿੰਦੂ ਧਰਮ ਨਸ਼ਟ ਕਰਦੇ ਹਨ ਤੇ ਕਤਲ ਕਰੀ ਜਾਂਦੇ ਹਨ। ਜ਼ੁਲਮ ਦੀ ਹਨੇਰੀ ਜ਼ੋਰਾਂ ਉਤੇ ਹੈ, ਇਹ ਜ਼ੁਲਮ ਦੇ ਸਤਾਏ ਹੋਏ ਰੋ ਕੁਰਲਾ ਰਹੇ ਹਨ, ਕੋਈ ਇਨ੍ਹਾਂ ਦੀ ਦਾਦ ਫਰਿਆਦ ਨਹੀਂ ਸੁਣਦਾ। ਹਿੰਦੂ ਰਾਜੇ, ਮੰਦਰਾਂ ਦੇ ਦੇਵੀ ਦੇ ਵਲ ਸਭ ਮੂੰਹ ਮੋੜ ਬੈਠੇ ਹਨ।'

'ਫਿਰ ਇਨ੍ਹਾਂ ਦਾ ਦੁਖ ਦੂਰ ਕਿਵੇਂ ਹੋ ਵੀ ਸਕਦਾ ਹੈ ?'

'ਹਾਂ, ਪੁਤ੍ਰ ਹੋ ਸਕਦਾ ਹੈ !'

'ਕਿਸ ਤਰਾਂ ਪਿਤਾ ਜੀ ?'

'ਐਸੇ ਮਹਾਂ ਪੁਰਖ ਦੀ ਲੋੜ ਹੈ, ਜੇਹੜਾ ਭਗਤੀ ਭਾਵ, ਭਜਨ ਕਰਨ ਵਾਲਾ' ਨਿਰਮਲ ਆਤਮਾ, ਬ੍ਰਹਮ ਗਿਆਨੀ ਅਤੇ ਜਗਤ ਨਾਲ ਮੋਹ ਨਾ ਕਰਨ ਵਾਲਾ ਹੋਵੇ ਤੇ ਉਹ ਬਲੀਦਾਨ ਦੇਵੇ ਤਾਂ ਇਨ੍ਹਾਂ ਦੇ ਦੁਖ ਦੂਰ ਹੋ ਸਕਦੇ ਹਨ। ਖੂਨ ਹੜ ਦੇ ਨੂੰ ਰੋਕਣ ਵਾਸਤੇ ਪਵਿਤ੍ਰ ਆਤਮਾਂ ਦੇ ਖੂਨ ਦੀ ਲੋੜ ਹੈ। ਜੇਕਰ ਕਿਸੇ ਨਿਰਮਲ ਆਤਮਾਂ ਨੇ ਬਲੀਦਾਨ ਨਾ ਦਿਤਾ ਤਾਂ ਹਿੰਦੂ ਧਰਮ ਨਸ਼ਟ ਹੋ ਜਾਵੇਗਾ, ਵੇਦ ਤੇ ਦੇਵ ਪੂਜਾ ਨਹੀਂ ਰਹੇਗੀ। ਤੀਰਥਾਂ ਉਤੇ ਜੋ ਮੰਦਰ ਹਨ, ਉਹ ਮਸੀਤਾਂ ਹੋ ਜਾਣਗ। ਸੰਖ, ਟਲ ਤੇ ਢੋਲਕ ਦੀ ਅਵਾਜ਼ ਦੀ ਥਾਂ ਬਾਂਗ ਦਿਤੀ ਜਾਵੇਗੀ। ਹੋਮ ਯੱਗ ਨਹੀਂ ਹੋਵੇਗਾ, ਨਿਰਬਲ ਹੋਕੇ ਭਾਰਤ ਰਸਾਤਲ ਨੂੰ ਜਾਵੇਗਾ।'

ਕਸ਼ਮੀਰੀ ਪੰਡਤ, ਮਸੰਦ ਅਤੇ ਗੁਰ ਸਿੱਖ ਸਤਿਗੁਰੂ ਜੀ ਤੇ ਸਾਹਿਬ ਜ਼ਾਦੇ ਵਲ ਧਿਆਨ ਨਾਲ ਦੇਖ ਰਹੇ ਸਨ ਸਭ ਨੇ ਦੇਖਿਆ ਉਸ ਵੇਲੇ ਸਾਹਿਬ ਜ਼ਾਦੇ ਦੇ ਚੇਹਰੇ ਤੋਂ ਹਾਸਾ ਉਡ ਗਿਆ। ਹਾਸੇ ਦੀ ਥਾਂ ਗੰਭੀਰਤਾ ਆਈ। ਸਿਆਣਿਆਂ ਦੀ ਤਰਾਂ ਯਾਰਾਂ ਸਾਲ ਦੀ ਆਯੂ ਵਾਲੇ ਸਾਹਿਬਜ਼ਾਦੇ ਨੇ ਆਪਣੇ ਪਿਤਾ ਜੀ ਨੂੰ ਆਖਿਆ-

'ਪਿਤਾ ਜੀ ! ਤੁਸਾਂ ਨਾਲੋਂ ਹੋਰ ਕੇਹੜਾ ਵਡਾ ਤਿਆਗੀ, ਵੈਰਾਗੀ, ਭਜਨੀਕ ਅਤੇ ਨਿਰਮਲ ਆਤਮਾਂ ਹੈ। ਤੁਸੀਂ ਹੀ ਆਪਣੇ ਆਪ ਦਾ ਬਲੀਦਾਨ ਦੇਕੇ ਹਿੰਦ ਦੀ ਚਾਦਰ ਬਣੋ ! ਹਿੰਦੂ ਧਰਮ ਨੂੰ ਸੁਰਜੀਤ ਰਖੋ।'

ਦੇਖਣ ਸੁਣਨ ਵਾਲਿਆਂ ਦੇ ਦੰਦ ਜੁੜ ਗਏ। ਉਹ ਬਹੁਤ ਹੈਰਾਨ ਹੋਏ, ਕਈ ਤਾਂ ਵਿਸਮਾਦ ਦੀ ਹਾਲਤ ਵਿਚ ਗੁੰਮ ਹੋਕੇ ਆਪਣੇ ਆਪ ਵਲ ਦੇਖਣ ਲਗੇ

ਕਿ ਕੀ ਉਹ ਜਾਗਦੇ ਹਨ ਜਾਂ ਸੁਤੇ ਹੋਏ ? ਕੀ ਉਹ ਸੁਪਨਾ ਦੇਖ ਰਹੇ ਹਨ ਜਾਂ ਸੱਤ ? ਇਕ ਯਾਰਾਂ ਸਾਲ ਦਾ ਮਾਸੂਮ ਬੱਚਾ ਆਪਣੇ ਪਿਤਾ ਨੂੰ ਕਿਵੇਂ ਕਹਿ ਸਕਦਾ ਹੈ ਕਿ ਉਹਦਾ ਪਿਆਰਾ ਪਿਤਾ ਸ਼ਹੀਦ ਹੋ ਜਾਵੇ। ਪਿਤਾ ਤਾਂ ਦਸ ਮਿੰਟ ਵਿਛੜੇ ਤਾਂ ਪੁਤ੍ਰ ਦੇ ਭਾ ਦਾ ਹਨੇਰ ਛਾ ਜਾਂਦਾ ਹੈ। ਪਰ ਏਥੇ ਮਾਸੂਮ ਪੁਤ੍ਰ ਆਪਣੇ ਪਿਆਰੇ ਪਿਤਾ ਨੂੰ ਆਖ ਰਿਹਾ ਸੀ ਧਰਮ ਤੇ ਮਨੁਖਤਾ ਦੇ ਬਦਲੇ ਬਲੀਦਾਨ ਦੇਵੇ।

ਪਰ ਮਸੰਦ, ਸਿਖ ਤੇ ਆਮ ਆਦਮੀ ਨਹੀਂ ਸਨ ਜਾਣਦੇ ਕਿ ਸਾਹਿਬਜ਼ਾਦੇ ਤਾਂ ਵਾਹਿਗੁਰੂ ਦੇ ਭੇਜੇ ਹੋਏ ਜਗਤ ਵਿਚ ਧਰਮ ਦੀ ਰਖਿਆ ਕਰਨ ਵਾਸਤੇ ਉਸੇ ਤਰਾਂ ਆਏ ਸਨ ਜਿਵੇਂ ਰਾਵਣ ਦਾ ਅੰਤ ਕਰਨ ਵਾਸਤੇ ਸ੍ਰੀ ਰਾਮਚੰਦ੍ਰ ਜੀ ਨੇ ਅਵਤਾਰ ਧਾਰਿਆ ਸੀ। ਬ੍ਰਹਮ ਗਿਆਨੀ ਬਚਪਨ, ਜੁਵਾਨੀ ਤੇ ਬੁਢੇਪੇ ਵਿਚ (ਤ੍ਰੈਕਾਲ ਹੀ) ਇਕ ਸਮਾਨ ਰਹਿੰਦੇ ਹਨ। ਉਨ੍ਹਾਂ ਦੇ ਮਨ ਉਤੇ ਮੋਹ, ਪਿਆਰ ਤੇ ਹੰਕਾਰ ਅਸਰ ਨਹੀਂ ਪਾਉਂਦਾ।

ਸਤਿਗੁਰੂ ਤੇਗ ਬਹਾਦਰ ਜੀ ਆਪਣੇ ਸ਼ਾਹਿਬਜ਼ਾਦੇ ਦੀ ਜ਼ਬਾਨੋਂ ਉਪਰੋਕਤ ਬਚਨ ਸੁਣਕੇ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਵਾਹਿਗੁਰੂ ਅਗੇ ਅਰਦਾਸ ਕੀਤੀ। ਅਰਦਾਸ ਕਰਨ ਪਿਛੋਂ ਕਸ਼ਮੀਰੀ ਪੰਡਤਾਂ ਨੂੰ ਸੰਬੋਧਨ ਕਰਕੇ ਬਚਨ ਕੀਤਾ—'ਹੇ ਪੁਰਖੋ ! ਲਾਹੌਰ ਦੇ ਸੂਬੇਦਾਰ ਤੇ ਕਸ਼ਮੀਰ ਦੇ ਫੌਜਦਾਰ ਨੂੰ ਜਾ ਆਖੋ ਕਿ ਜੇਕਰ (ਸਤਿਗੁਰੂ) ਤੇਗ ਬਹਾਦਰ ਨੂੰ ਮੁਸਲਮਾਨ ਕਰ ਲਵੇ ਤਾਂ ਅਸੀਂ ਸਾਰੇ ਮੁਸਲਮਾਨ ਹੋ ਜਾਵਾਂਗੇ ਉਹ (ਸਤਿਗੁਰੂ ਜੀ) ਅਸਾਂ ਦੇ ਪੀਰ (ਗੁਰੂ) ਹਨ। ਉਸ ਸਮੇਂ ਹਾਕਮ ਅਸਾਂ ਨੂੰ ਸੱਦਣਗੇ ਤਾਂ ਅਸੀਂ ਦਿਲੀ ਜਾ ਕੇ ਬਾਦਸ਼ਾਹ ਨਾਲ ਬਚਨ ਬਿਲਾਸ ਕਰਾਂਗੇ। ਅਸੀਂ ਸਮਝਦੇ ਹਾਂ ਕਿ ਭਾਣਾ ਵਰਤੇ ਬਿਨਾ ਕੁਝ ਚਾਰਾ ਨਹੀਂ ਚਲਣਾ। ਇਸ ਜ਼ੁਲਮ ਕਰਨ ਵਾਲੀ ਬਾਦਸ਼ਾਹੀ ਦਾ ਅੰਤ ਨੇੜੇ ਆ ਪੁਜਾ ਹੈ। ਜਾਓ ! ਫੌਜ ਦਾਰਾਂ, ਸੂਬੇਦਾਰਾਂ ਤੇ ਬਾਦਸ਼ਾਹ ਦੇ ਮੌਲਵੀਆਂ-ਕਾਜ਼ੀਆਂ ਨੂੰ ਆਖ ਦੇਵੋ। ਅਸੀਂ ਇਹ ਵੀ ਆਖਦੇ ਹਾਂ ਕਿ ਜ਼ੁਲਮ ਦੇ ਹੜ੍ਹ ਨੂੰ ਰੋਕਣ ਵਿਚ ਜੋ ਕਮੀਂ ਅਸਾਂ ਕੋਲੋਂ ਰਹਿ ਜਾਵੇਗੀ, ਉਹ ਅਸਾਂ ਦਾ ਸਾਹਿਬਜ਼ਾਦਾ ਪੂਰੀ ਕਰੇਗਾ। ਇਸ ਦੇਵਤਿਆਂ ਦੀ ਧਰਤੀ ਭਾਰਤ ਵਿਚੋਂ ਮਲੇਸ਼ਾਂ ਦੇ ਜ਼ੁਲਮ ਦਾ ਸਦੀਵੀ ਕਾਲ ਲਈ ਅੰਤ ਹੋਜਾਵੇਗਾ। ਕੋਈ ਚਿੰਤਾ ਨਾ ਕਰੋ। ਧਰਮ ਵਿਚ ਪੱਕੇ ਰਹੋ। ਧਰਮ ਤਿਆਗਕੇ ਜੀਉਂਦੇ ਰਹਿਣਾ

ਪਾਪ ਹੈ। ਧਰਮ ਬਦਲੇ ਮੌਤ ਮਿਲੇ ਤਾਂ ਪ੍ਰਮਾਤਮਾ ਮਿਲਦਾ। ਅਰ ਹਰ ਜੀਵ ਨੇ ਜਾਣਾ ਹੈ, ਇਹ ਜਗ ਧੂੰਏਂ ਦਾ ਘਰ ਤੇ ਕਦੀ ਥਿਰ ਨਾ ਰਹਿਣ ਵਾਲੀ ਵਸਤੂ ਹੈ।

"ਇਹੁ ਤਨੁ ਹੋਈ ਖਾਕ ਨਿਮਾਣੀ ਗੋਰ ਘਰੇ ॥ ੧ ॥
"ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥
ਝੂਠੀ ਦੁਨੀਆਂ ਲਗਿ ਨ ਆਪੁ ਵਞਾਈਐ ॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥

ਤਨ ਨੇ ਨਾਸ਼ ਜ਼ਰੂਰ ਹੋ ਜਾਣਾ ਹੈ, ਜੀਵ ਆਤਮਾਂ ਅਮਰ। ਉਸ ਨੂੰ ਨਾ ਅੱਗ ਸਾੜ ਸਕਦੀ ਹੈ ਨਾ ਤਲਵਾਰ ਕੱਟ ਸਕਦੀ ਹੈ। ਜਦੋਂ ਆਤਮ ਅਮਰ ਹੈ ਤਾਂ ਮੌਤ ਤੋਂ ਡਰ ਕਿਸ ਗੱਲ ਦਾ? ਮੌਤ ਤੋਂ ਡਰ ਕੇ ਧਰਮ, ਧੱਚ ਤੇ ਹੱਕ ਦਾ ਤਿਆਗ ਕਰਕੇ ਝੂਠੇ ਤੇ ਕੂੜੇ ਸਰੀਰਕ ਜੀਵਨ ਨੂੰ ਬਚਾਉਣ ਦਾ ਧੋਖਾ ਕਿਓਂ ਖਾਧਾ ਜਾਵੇ? ਅਸੀਂ ਜ਼ੁਲਮ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਹਾਂ।'

ਸਤਿਗੁਰੂ ਜੀ ਦੇ ਬਚਨ ਸੁਣ ਕੇ ਕਸ਼ਮੀਰੀ ਪੰਡਤਾਂ ਨੂੰ ਹੌਂਸਲਾ ਹੋ ਗਿਆ। ਉਹਨਾਂ ਦੇ ਚੇਹਰਿਆਂ ਉਤੇ ਰੌਣਕ ਆਈ। ਉਹਨਾਂ ਨੇ ਵਾਰੀ ਵਾਰੀ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਸਤਿਗੁਰੂ ਜੀ ਪਾਸੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਰੋਂਦੇ ਆਏ ਸੀ ਚੁਪ ਕਰਕੇ ਆਨੰਦ ਪੁਰੋਂ ਤੁਰੇ।

ਕਸ਼ਮੀਰੀ ਪੰਡਤ ਤਾਂ ਸਤਿਗੁਰੂ ਜੀ ਪਾਸੋਂ ਬਚਨ ਲੈਕੇ ਤੁਰ ਗਏ, ਪਰ ਸਿੱਖ ਸੰਗਤ, ਮਸੰਦਾਂ ਅਤੇ ਗੁਰੂ ਮਹਿਲਾਂ ਵਿਚ ਉਦਾਸੀ ਛਾ ਗਈ। ਉਸ ਸਮੇਂ ਸਾਰੇ ਮੁਗਲ ਹਾਕਮਾਂ ਪਾਸੋਂ ਭੈ ਖਾਂਦੇ ਸਨ। ਪਰ ਸਤਿਗੁਰੂ ਤੇ ਸਾਹਿਬਜ਼ਾਦੇ(ਗੁਰੂ)ਗੋਬਿੰਦ ਰਾਇ ਜੀ ਪ੍ਰਸੰਨ ਸਨ। ਆਪ ਵਾਹਿਗੁਰੂ ਅਗੇ ਅਰਦਾਸਾਂ ਕਰਦੇ ਸਨ ਕਿ ਧਰਮ ਤੇ ਲੋਕ ਸੇਵਾ ਬਦਲੇ ਉਹਨਾਂ ਦਾ ਤਨ, ਮਨ ਤੇ ਧਨ ਅਰਪਨ ਹੋਵੇ। ਜਗਤ ਦੇ ਭਲੇ ਵਾਸਤੇ ਹੀ ਜਗਤ ਵਿਚ ਆਏ ਸਨ।

ਗਿਆਨੀ ਗਿਆਨ ਸਿੰਘ ਜੀ (ਕਰਤਾ ਤਵਾਰੀਖ ਗੁਰੂ ਖਾਲਸਾ) ਦੀ ਲਿਖਤ ਅਨੁਸਾਰ ਇਹ ਵੀ ਵਿਚਾਰ ਹੈ ਕਿ ਕਸ਼ਮੀਰੋਂ ਪੰਡਤਾਂ ਨੂੰ ਸੋਢੀਆਂ ਨੇ ਪ੍ਰੇਰ ਕੇ ਅਨੰਦਪੁਰ ਭੇਜਿਆ ਸੀ। ਸੋਢੀਆਂ ਦਾ ਵਿਚਾਰ ਸੀ ਕਿ ਸਤਿਗੁਰੂ ਜੀ ਨੇ ਬ੍ਰਾਹਮਣਾਂ ਨੂੰ ਨਾਂਹ ਨਹੀਂ ਕਰਨੀ ਜੇ ਨਾਹ ਕਰਨਗੇ ਤਾਂ ਰੌਲਾ ਪਾਵਾਂਗੇ ਕਿ ਸਤਿਗੁਰੂ ਜੀ

ਐਵੇਂ ਧਰਮ ਦਾ ਨਾਹਰਾ ਲਾ ਰਹੇ ਸਨ,ਪਰ ਧਰਮ ਬਦਲੇ ਕੁਰਬਾਨੀ ਨਹੀਂ ਕਰਦੇ, ਜੇਕਰ ਹਾਂ ਕਰਕੇ ਬਾਦਸ਼ਾਹ ਦੇ ਪਾਸ ਚਲੇ ਗਏ ਤਾਂ ਬਾਦਸ਼ਾਹ ਨੇ ਜ਼ਰੂਰ ਕਤਲ ਕਰਵਾ ਦੇਣਾ ਹੈ, ਜਦੋਂ ਕਤਲ ਕੀਤੇ ਜਾਣਗੇ ਤਾਂ ਗੁਰ-ਗੱਦੀ ਤੇ ਕਬਜ਼ਾ ਕਰ ਲਵਾਂਗੇ।ਕਸ਼ਮੀਰ ਵਿਚ ਜਾਕੇ ਪੰਡਤਾਂ ਨੂੰ ਪ੍ਰੇਰਿਆ ਗਿਆ ਸੀ।ਦੂਸਰੇ ਪਾਸੇ ਸੂਬੇਦਾਰ ਲਾਹੌਰ ਨੂੰ ਵੀ ਮਿਲੇ ਸਨ। ਕਿਉਂਕਿ ਰਾਮ ਰਾਏ ਸਰਕਾਰੀ ਅਫਸਰਾਂ ਵਿਚ ਚੰਗਾ ਸਤਕਾਰ ਪ੍ਰਾਪਤ ਕਰ ਚੁਕਾ ਸੀ। ਉਸ ਨੇ ਔਰੰਗਜ਼ੇਬ ਪਾਸ ਜਾਕੇ ਵੀ ਸਤਿਗੁਰੂ ਜੀ ਦੇ ਵਿਰੁਧ ਬਹੁਤ ਸਾਰੀਆਂ ਅਰਜ਼ੀਆਂ ਪੇਸ਼ ਕੀਤੀਆਂ ਸਨ। ਹੋ ਸਕਦਾ ਇਹ ਸਾਰੀਆਂ ਗੱਲਾਂ ਸਚੀਆਂ ਹੋਣ।

੪. ਸਰਕਾਰੀ ਅਹਿਦੀਏ ਦਾ ਅਨੰਦ ਪੁਰ ਆਉਣਾ

"ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੇ ਹਾਥ ਮੈ ਤੁਮਹੀ ਹੋਤ ਸਹਾਇ॥
(ਸਲੋਕ ਮ: ੯)

ਕਸ਼ਮੀਰੀ ਪੰਡਤ ਲਾਹੌਰ ਚਲੇ ਗਏ। ਉਨ੍ਹਾਂ ਨੇ ਲਿਖਕੇ ਅਰਜੀ ਸੂਬੇਦਾਰ ਲਾਹੌਰ ਦੇ ਪੇਸ਼ ਕਰ ਦਿੱਤੀ। ਜ਼ਬਾਨੀ ਵੀ ਇਹ ਕਿਹਾ ਕਿ ਅਸਾਂ ਦੇ ਸਤਿਗੁਰੂ ਜੀ ਗੁਰੂ ਤੇਗ਼ ਬਹਾਦਰ ਜੀ ਹਨ, ਜੇਕਰ ਉਹ ਮੁਸਲਮਾਨ ਹੋਣਾ ਪਰਵਾਨ ਕਰ ਲੈਣ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ ਉਨ੍ਹਾਂ ਨੂੰ ਪੁਛ ਲਵੋ।

ਪੰਡਤਾਂ ਕੋਲੋਂ ਸੂਬੇਦਾਰ ਨੇ ਅਰਜ਼ੀ ਵਸੂਲ ਕਰ ਲਈ। ਬਾਦਸ਼ਾਹ ਵਲੋਂ ਪਹਿਲਾਂ ਹੀ ਹੁਕਮ ਆਇਆ ਹੋਇਆ ਸੀ ਕਿ ਹਿੰਦੂ ਤੇ ਹਿੰਦੂ ਧਰਮ ਨਾਲ ਸਬੰਧ ਰਖਣ ਵਾਲੇ ਸਾਰੇ ਫਿਰਕਿਆਂ ਦਾ ਅੰਤ ਕੀਤਾ ਜਾਵੇ। ਉਸ ਹੁਕਮ ਵਿਚ ਗੁਰਧਾਮਾਂ ਨੂੰ ਢਾਹ ਢੇਰੀ ਕਰਨ ਦੀ ਵੀ ਖੁਲ੍ਹ ਸੀ। ਪੰਡਤਾਂ ਦੀ ਅਰਜੀ ਨੇ ਸੂਬੇਦਾਰ ਨੂੰ ਸੁਨਹਿਰੀ ਮੌਕਾ ਦਿਤਾ ਕਿ ਉਹ ਜੀ ਭਰਕੇ ਗੁਰੂ ਘਰ ਦੇ ਵਿਰੁਧ ਜ਼ਹਿਰ ਉਗਲ ਲਵੇ। ਉਸਨੇ ਉਸ ਅਰਜ਼ੀ ਦੇ ਨਾਲ ਇਕ ਚਿਠੀ ਹੋਰ ਲਿਖਕੇ ਦਿੱਲੀ ਨੂੰ ਭੇਜ ਦਿਤੀ। ਉਹ ਅਰਜ਼ੀ ਜਾਂ ਔਰੰਗਜ਼ੇਬ ਪਾਸ ਪੁਜੀ ਤਾਂ ਚਿਠੀ ਨੂੰ ਸੁਣਕੇ ਔਰੰਗਜ਼ੇਬ ਕਪੜਿਆਂ ਤੋਂ ਬਾਹਰ ਹੋ ਗਿਆ। ਉਸਨੇ ਉਸੇ ਵੇਲੇ ਹੁਕਮ ਦਿੱਤਾ ਕਿ ਅਹਿਦੀਆ ਭੇਜਕੇ ਅਨੰਦਪੁਰ ਤੋਂ (ਸਤਿਗੁਰੂ) ਤੇਗ਼ ਬਹਾਦਰ (ਜੀ) ਨੂੰ ਛੇਤੀ ਤੋਂ ਛੇਤੀ ਮੰਗ-

ਵਾਇਆ ਜਾਵੇ।ਮੈਂ ਉਸਨੂੰ ਜ਼ਰੂਰ ਮੁਸਲਮਾਨ ਬਣਾਕੇ ਸਾਰੇ ਭਾਰਤ ਨੂੰ ਮੁਸਲਮਾਨ ਬਣਾ ਦੇਵਾਂਗਾ ।'

ਬਾਦਸ਼ਾਹ ਦਾ ਹੁਕਮ ਰਬੀ ਹੁਕਮ ਸੀ । ਉਸੇ ਵੇਲੇ ਅਹਿਦੀਆਪੰਜਾਬਵਲ ਤੋਰ ਦਿੱਤਾ । ਉਹ ਊਠਣੀ ਤੇ ਸਵਾਰ ਹੋਕੇ ਮੰਜ਼ਲੋ ਮੰਜ਼ਲੀ ਅਨਦਪੁਰ ਆ ਪੁਜਾ।

ਅਹਿਦੀਏ ਨੇ ਅਨੰਦ ਪੁਰ ਦੇ ਬਾਹਰ ਡੇਰਾ ਲਾਇਆ ਉਸ ਦੇ ਨਾਲ ਵੀਹ ਤੋਂ ਵਧ ਆਦਮੀਂ ਸਨ ਉਹ ਇਕ ਕਿਸਮ ਦੇ ਵਰੰਟ ਗ੍ਰਿਫਤਾਰੀ ਲੈਕੇ ਆਇਆ ਸੀ, ਪਰ ਜਦੋਂ ਉਸ ਨੇ ਸਤਿਗੁਰੂ ਜੀ ਦੇ ਪ੍ਰਤਾਪ ਤੇ ਆਤਮਿਕ ਬਲ ਦੀ ਕਥਾ ਸੁਣੀ ਤਾਂ ਉਹ ਕੁਝ ਠਠੰਬਰ ਗਿਆ। ਉਸ ਨੂੰ ਉਸ ਢੰਗ ਨਾਲ ਕਾਰਵਾਈ ਕਰਨ ਦਾ ਹੌਂਸਲਾ ਨਾ ਪਿਆ, ਜਿਸ ਢੰਗ ਨਾਲ ਕਾਰਵਾਈ ਕਰਨ ਵਾਸਤੇ ਔਰੰਗਜ਼ੇਬਨੇ ਉਸ ਨੂੰ ਹੁਕਮ ਦਿਤਾ ਸੀ ।

ਮਸੰਦਾਂ, ਸਤਿਗੁਰੂ ਦੇ ਸਿਖਾਂ ਤੇ ਸੇਵਾਦਾਰਾਂ ਨੂੰ ਸੂਹ ਮਿਲ ਗਈ ਕਿ ਅਹਿ-ਦੀਆ ਆਇਆ ਹੈ ਤੇ ਉਸ ਦੇ ਕੋਲ ਬਾਦਸ਼ਾਹ ਦਾ ਫਰਮਾਨ ਹੈ, ਜਿਸ ਫਰਮਾਨ ਰਾਹੀਂ ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਦਿੱਲੀ ਸਦਿਆ। ਪੰਡਤਾਂ ਨੇ ਅਰਜ਼ੀ ਜਾ ਦਿਤੀ ਹੈ ਤੇ ਨਾਲ ਹੀ ਸੋਢੀਆਂ ਤੇ ਪੰਜਾਬ ਦੇ ਸੂਬੇਦਾਰ ਨੇ ਵਿਰੁਧਰੀ ਪੋਰਟ ਲਿਖੀ ਹੈ। ਹੁਣ ਸਤਿਗੁਰੂ ਜੀ ਨੂੰ ਦਿੱਲੀ ਜਾਣਾ ਪਵੇਗਾ ।

ਇਸ ਖਬਰ ਨੇ ਸਿਖਾਂ ਤੇ ਮਸੰਦਾਂ ਨੂੰ ਘਬਰ ਦਿਤਾ । ਉਹਨਾਂ ਨੂੰ ਸਤਿਗੁਰੂ ਅਰਜਨ ਦੇਵ ਦਾ ਲਾਹੌਰ ਜਾਣਾ ਸਤਿਗੁਰੂ ਹਰਿਗੋਬਿੰਦਸਾਹਿਬਦਾ ਦਿੱਲੀ ਆਗਰੇ ਜਾਣਾ ਤੇ ਗੁਵਾਲੀਅਰ ਵਿਚ ਬੰਦੀਖਾਨੇ ਰਹਿਣਾ, ਅੱਠਵੀਂ ਪਾਤਸ਼ਾਹੀ ਦਾ ਦਿੱਲੀ ਜਾਕੇ ਪ੍ਰਲੋਕ ਗਮਨ ਕਰਨਾ ਯਾਦ ਆਇਆ ਤਾਂ ਉਹਨਾ ਦਾ ਸਰੀਰ ਲੂੰਈਂ ਕੰਡੇ ਹੋ ਗਏ । ਉਹਨਾਂ ਨੂੰ ਸਹਿਮ ਪੈ ਗਿਆ ਕਿ ਜ਼ਰੂਰ ਕੋਈ ਨਾ ਕੋਈ ਖਤਰਾ ਇਕ ਹਨੇਰੀ ਬਣਕੇ ਆਵੇਗਾ। ਮਸੰਦ ਮਾਤਾ ਜੀ ਪਾਸ ਪੁਜੇ । ਮਾਤਾ ਜੀ ਖਬਰ ਸੁਣਕੇ ਘਬਰਾ ਗਏ।ਉਹ ਝੱਟ ਪੱਟ ਸਤਿਗੁਰੂ ਜੀ ਪਾਸ ਆਏ ਤੇ ਸਤਿਗੁਰੂ ਜੀ ਨੂੰ ਕਹਿਣ ਲੱਗੇ- 'ਸਚੇ ਪਾਤਸ਼ਾਹੋ! ਇਹ ਕੀ ਭਾਣਾ ਵਰਤਨ ਲੱਗਾ ਹੈ । ਕੀ ਜੋ ਕੁਝ ਮੈਂ ਸੁਣ ਰਹੀ ਹਾਂ ਉਹ ਸਭ ਕੁਝ ਠੀਕ ਹੈ? ਜੇ ਠੀਕ ਹੈ ਤਾਂ ਅਸਾ ਤੇ ਸਾਹਿਬਜ਼ਾਦੇ ਦਾ ਕੀ ਬਣੇਗਾ ? ਔਰੰਗਜ਼ੇਬ ਜ਼ਾਲਮ ਬਾਦਸਾਹ ਹੈ। ਉਹ ਕਿਸੇ ਤੇ ਤਰਸ ਨਹੀਂ ਕਰਦਾ

ਓਹ ਜ਼ਰੂਰ.........!' ਇਸ ਤੋਂ ਅਗੇ ਮਾਤਾ ਜੀ ਬੋਲ ਨਾ ਸਕੇ।

ਆਪਣੇ ਮਹਿਲਾਂ (ਮਾਤਾ ਗੁਜਰੀ ਜੀ) ਦੇ ਪਾਸੋਂ ਉਪਰੋਕਤ ਬਚਨ ਸੁਣਕੇ ਸਤਿਗੁਰੂ ਜੀ ਨੇ ਮੁਸਕਰਾਕੇ ਬਚਨ ਕੀਤਾ—'ਧੀਰਜ ਕਰੋ। ਜੋ ਵਾਹਿਗੁਰੂ ਦਾ ਹੁਕਮ ਹੈ, ਸੋ ਹੋਕੇ ਰਹੇਗਾ ਅਸੀਂ ਵਾਹਿਗੁਰੂ ਦੇ ਸੇਵਾਦਾਰ ਹਾਂ। ਉਹ ਆਪ ਹੀ ਅਸਾਂ ਨੂੰ ਕਾਰੇ ਲਾਉਂਦਾ ਹੈ। ਚਿੰਤਾ ਤੇ ਉਦਾਸੀ ਫਿਕਰ ਦੀ ਲੋੜ ਨਹੀਂ। ਉਹ ਦਾਤਾ ਸਦਾ ਸਾਥ ਰਹਿੰਦਾ ਹੈ:—

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥ ॥ (ਸਲੋਕ ਮ: ੯)

ਉਹ ਵਾਹਿਗੁਰੂ ਪਾਪੀਆਂ ਦੇ ਪਾਪ ਖੰਡਨ ਕਰਨ ਵਾਲੇ ਤੇ ਸਾਰੇ ਡਰਾਂ ਨੂੰ ਦੂਰ ਕਰਨ ਵਾਲੇ ਹਨ ਤੇ ਉਹ ਵਾਹਿਗੁਰੂ ਸਾਰੇ ਅਨਾਥਾਂ ਨੂੰ ਆਸਰਾ ਦੇਣ ਵਾਲੇ ਹਨ। ਉਹ ਸਦਾ ਅਸਾਂ ਦੇ ਸਾਥ ਰਹਿੰਦੇ ਹਨ। ਅਸੀਂ ਦਿਲੀ ਜਾਵਾਂਗੇ। ਬਾਦਸ਼ਾਹ ਦੇ ਸਨਮੁਖ ਹੋਕੇ ਉਸ ਨਾਲ ਗਲਾਂ ਕਰਾਂਗੇ। ਉਸ ਨੂੰ ਸਮਝਾਵਾਂਗੇ ਕਿ ਉਹ ਜੁਲਮ ਤੋਂ ਬਾਜ਼ ਆ ਜਾਵੇ,ਜੇ ਉਹ ਨਾ ਸਮਝਿਆ ਤਾਂ ਅਸੀਂ ਆਪਣੇ ਆਪ ਦਾ ਬਲੀਦਾਨ ਦੇ ਜਾਵਾਂਗੇ। ਸਵੇਰੇ ਦੀਵਾਨ ਕਰਕੇ ਗੁਰਿਆਈ ਦਾ ਤਿਲਕ ਸਾਹਿਬਜ਼ਾਦੇ ਗੋਬਿੰਦ ਰਾਏ ਨੂੰ ਲਾ ਦਿੱਤਾ ਜਾਵੇਗਾ। ਵਾਹਿਗੁਰੂ ਦੇ ਭਾਣੇ ਨੂੰ ਮੰਨਣਾ ਅਸਾਂ ਵਾਸਤੇ ਧਰਮ ਹੈ ਵਾਹਿਗੁਰੂ ਨੇ ਅਸਾਂ ਨੂੰ ਹੁਕਮ ਕੀਤਾ ਹੈ।"

ਇਸ ਤਰ੍ਹਾਂ ਬਚਨ ਬਿਲਾਸ ਹੋ ਹੀ ਰਹੇ ਸਨ ਕਿ ਸਾਹਿਬਜਾਦੇ ਗੋਬਿੰਦਰਾਏ ਜੀ ਉਥੇ ਆ ਗਏ। ਆਉਂਦੇ ਹੀ ਸਤਿਗੁਰੂ ਜੀ ਦੀ ਗੋਦ ਵਿਚ ਬਰਾਜ ਗਏ। ਉਹਨਾਂ ਦੇ ਮੁਖੜੇ ਵਲ ਵੇਖਦਿਆਂ ਹੋਇਆਂ ਸਤਿਗੁਰੂ ਜੀ ਨੇ ਬਚਨ ਕੀਤਾ—'ਬੇਟਾ! ਲੌ ਅਸੀਂ ਹੁਣ ਚਲੇ ਹਾਂ। ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਸਿਖੀ ਮਾਰਗ ਨੂੰ ਤੁਸਾਂ ਚਲਾਈ ਜਾਣਾ ਹੈ।ਧਰਮ ਦੀ ਖਾਤਰ ਕੁਰਬਾਨੀ ਕਰਨ ਤੋਂ ਨਾਂ ਝਿਜਕਣਾ। ਸਵੇਰੇ ਤੁਸਾਂ ਨੂੰ ਗੁਰਿਆਈ ਤਿਲਕ ਦਿਤਾ ਜਾਵੇਗਾ।'

ਆਪਣੇ ਪਿਤਾ ਕੋਲੋਂ ਇਹ ਬਚਨ ਸੁਨ ਕੇ ਸਾਹਿਬਜਾਦੇ ਜੀ ਨੇ ਤੋਤਲੀ ਜ਼ਬਾਨ ਵਿਚ ਉੱਤਰਦਿੱਤਾ—'ਪਿਤਾ ਜੀ ! ਆਪ ਜਾਓ ਦਿਲੀ! ਮੈਂ ਵਡਾ ਹੋਕੇ ਸੈਨਾਂ ਤਿਆਰ ਕਰਾਂਗਾ। ਜੋ ਧਰਮ ਦੇ ਵੈਰੀ ਹਨ, ਉਹਨਾਂ ਦਾ ਨਾਸ਼ ਕਰਾਂਗਾ। ਮੈਂ ਖੁਦਾ

ਧਰਮ ਦੇ ਵੈਰੀਆਂ ਨਾਲ ਲੜਾਂਗਾ, ਮੈਂ ਕਿਸੇ ਕੋਲੋਂ ਨਹੀਂ ਡਰਦਾ। ਮੈਨੂੰ ਡਰ ਨਹੀਂ ਆਉਂਦਾ ਪਿਤਾ ਜੀ।

ਜਿਸ ਤਰਾਂ ਦੇ ਬਚਨ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਪਿਆਰ ਦੇਕੇ ਸਾਹਿਬਜਾਦੇ ਨੂੰ ਨਿਹਾਲ ਕੀਤਾ ਤੇ ਮਾਤਾ ਜੀ ਨੂੰ ਧੀਰਜ ਦਿੱਤੀ ਕਿ ਉਹ ਕੋਈ ਚਿੰਤਾ ਜਾਂ ਵੈਰਾਗ ਨਾ ਕਰਨ ਵਾਹਿਗੁਰੂ ਦਾ ਭਾਣਾ ਮੰਨਣਾ ਜ਼ਰੂਰੀ ਹੈ।

ਘਰੋਂ ਉਠ ਕੇ ਸਤਿਗੁਰੂ ਜੀ ਦੀਵਾਨ ਹਾਲ ਵਿਚ ਪੁਜੇ। ਅਗੇ ਦੀਵਾਨ ਲੱਗਾ ਹੋਇਆ ਸੀ। ਸਤਿਗੁਰੂ ਜੀ ਆਸਣ ਉਤੇ ਜਾ ਬਰਾਜੇ। ਉਹਨਾਂ ਦੇ ਬਰਾਜਣ ਦੇ ਕੁਝ ਪਲ ਪਿਛੋਂ ਸਰਕਾਰੀ ਅਹਿਦੀਆ ਦੀਵਾਨ ਵਿਚ ਹਾਜ਼ਰ ਹੋਇਆ ਤੇ ਉਸਨੇ ਸਤਿਗੁਰੂ ਜੀ ਨੂੰ ਸ਼ਾਹੀ ਫੁਰਮਾਨ ਪੜ੍ਹਕੇ ਸੁਣਾਇਆ ਸ ਰੇ ਫਰਮਾਨ ਨੂੰ ਸੁਣਕੇ ਸਤਿਗੁਰੂ ਜੀ ਨੇ ਹੁਕਮ ਕੀਤਾ—'ਹੇ ਭਾਈ ਅਹਿਦੀਆ! ਤੁਸੀਂ ਦਿਲੀ ਨੂੰ ਮੁੜਜਾਓ ਅਸੀਂ ਆਪ ਹੀ ਬਾਦਸ਼ਾਹ ਨੂੰ ਮਿਲਣ ਜਾ ਰਹੇ ਹਾਂ। ਵਾਹਿਗੁਰੂ ਵਲੋਂ ਹੁਕਮ ਹੋਇਆ ਹੈ। ਇਸ ਗੱਲ ਦਾ ਫਿਕਰ ਨਾ ਕਰੀ ਕਿ ਅਸੀਂ ਕਿਤੇ ਨੱਸ ਜਾਂ ਲੁਕ ਜਾਵਾਂਗੇ। ਅਸਾਂ ਨਾਲ ਹੌਲੀ ਹੌਲੀ ਦੇਸ਼ ਦੀ ਸੈਰ ਕਰਦਿਆਂ ਹੋਇਆਂ ਆਉਣਾ ਹੈ। ਅਸਾਂ ਨਾਲ ਕੁਝ ਸਿੱਖ ਵੀ ਹੋਣਗੇ। ਜੇ ਤੁਸਾਂ ਨਾਲ ਚਲਣਾ ਹੈ ਤਾਂ ਤੁਸਾਂ ਦੀ ਮਰਜੀ, ਸਾਥ ਸਾਥ ਚਲੇ ਜਾਣਾ, ਕਿਸੇ ਦੀ ਚੁਕਣਾ ਵਿਚ ਨਾ ਆਉਣਾ। ਗੁਰੂ ਘਰ ਦੇ ਨਿੰਦਕ ਐਵੇਂ ਨਿੰਦਿਆ ਕਰਦੇ ਰਹਿੰਦੇ ਹਨ। ਅਸੀਂ ਤਾਂ ਸੱਚ ਪਿਛੇ ਚਲਦੇ ਹਾ ਸੱਚ ਅਸਾਂ ਦਾ ਆਸਰਾ ਹੈ।'

ਅਹਿਦੀਆ ਬੜਾ ਸਮਝਦਾਰ ਸੀ ਸਤਿਗੁਰੂ ਜੀ ਦਾ ਪ੍ਰਤਾਪ ਦੇਖ ਕੇ ਉਹ ਦੇ ਵਿਚਾਰ ਬਦਲ ਗਏ ਸਨ। ਉਹ ਤਾਂ ਗੁਰੂ ਘਰ ਦਾ ਸ਼ਰਧਾਲੂ ਹੋ ਗਿਆ ਸੀ। ਉਸ ਨੇ ਦੇਖਿਆ ਕਿ ਗੁਰੂ ਜੀ ਦੀ ਨਗਰੀ ਵਿਚ ਪਿਆਰ, ਸ਼ਾਂਤੀ ਅਤੇ ਦਇਆ ਦਾ ਵਾਸ ਹੈ। ਗਰੀਬ ਅਮੀਰ, ਹਿੰਦੂ ਤੇ ਤੁਰਕ, ਉਚ ਤੇ ਨੀਚ ਸਾਰਿਆਂ ਨਾਲ ਇਕੋ ਜੇਹਾ ਸਲੂਕ ਹੁੰਦਾ ਹੈ। ਕੋਈ ਕਿਸੇ ਨੂੰ ਦੁਰਕਾਰਦਾ ਨਹੀਂ। ਸਾਰੇ ਵੀਰ ਵੀਰ ਬਣਕੇ ਰਹਿੰਦੇ ਹਨ। ਉਸ ਨੂੰ ਸਤਿਗੁਰੂ ਜੀ ਦੇ ਬਚਨ ਚੰਗੇ ਲਗੇ, ਉਸ ਨੇ ਹੱਥ ਜੋੜ ਕੇ ਕਿਹਾ—'ਹਛਾ ਜੀ' ਜਿਵੇਂ ਆਪ ਦੀ ਇੱਛਾ, ਅਸੀਂ ਵਾਪਸ ਮੁੜ ਜਾਂਦੇ ਹਾਂ। ਆਪਨੇ ਛੇਤੀ ਦਿਲੀ ਪਹੁੰਚ ਜਾਣਾ। ਅਸਾਂ ਨੂੰ ਬਾਦਸ਼ਾਹੀ ਕ੍ਰੋਪੀ ਦਾ ਸ਼ਿਕਾਰ ਨਾ ਹੋਣ ਪਵੇ।

ਅਸੀਂ ਗਰੀਬ ਬੰਦੇ ਹਾਂ।'

ਸਤਿਗੁਰੂ ਜੀ ਦੀ ਉੱਚੀ ਸੁਚੀ ਸ਼ਖਸੀਅਤ ਦੇ ਪ੍ਰਭਾਵ ਕਰਕੇ ਅਹਿਦੀਏਨੇ ਉਪਰਲੇ ਸ਼ਬਦ ਆਖ ਤਾਂ ਦਿਤੇ, ਪਰ ਔਰੰਗਜ਼ੇਬ ਦੀ ਪੱਥਰ ਦਿੱਲੀ ਨੇ ਓਹਦੇ ਦਿਲ ਨੂੰ ਸੱਟ ਮਾਰੀ, ਓਹਦੇ ਦਿਮਾਗ ਨੂੰ ਹਲੂਣਿਆਂ ਕਿ ਉਹ ਪਾਗਲਪਨ ਕਰ ਰਿਹਾ ਹੈ। ਉਹ ਸਰਕਾਰੀ ਅਹਿਦੀਆ ਹੈ। ਉਸ ਨੂੰ ਆਖਿਆ ਗਿਆ ਹੈ ਕਿ ਉਹ ਜਿੰਨੀ ਛੇਤੀ ਹੋਵੇ (ਸਤਿਗੁਰੂ) ਤੇਗ ਬਹਾਦਰ (ਜੀ) ਨੂੰ ਨਾਲ ਲੈਕੇ ਦਿੱਲੀ ਪੁਜੇ। ਉਸਦੇ ਪਾਸ ਤਾਂ ਵਰੰਟ ਗ੍ਰਿਫਤਾਰੀ ਹਨ। ਕਿਵੇਂ ਹੋ ਸਕਦਾ ਹੈ ਕਿ ਉਹ ਖਾਲੀ ਹੱਥ ਜਾਵੇ ਤੇ ਫਿਰ ਓਹਦੀ ਜਾਨ ਬਚ ਜਾਵੇ? ਦਸ ਪੰਦਰਾਂ ਮਿੰਟ ਸੋਚ ਕੇ ਉਸ ਨੇ ਮੁੜ ਕੇ ਬੇਨਤੀ ਕੀਤੀ—'ਖੁਦਾ ਨਾਲ ਸਚੀ ਮੁਹਬਤ ਕਰਨ ਵਾਲੇ ਪੀਰੇ ਹਿੰਦ! ਮੈਂ ਆਪ ਪਾਸੋਂ ਵਿਛੜ ਨਹੀਂ ਸਕਦਾ। ਮੈਂ ਆਪ ਦੇ ਸਾਥ ਹੀ ਚਲਾਂਗਾ। ਹੋ ਸਕਦਾ ਹੈ ਆਪ ਦੀ ਸੰਗਤ ਵਿਚ ਬੈਠਿਆਂ ਹੋਇਆਂ ਮੇਰਾ ਵੀ ਪਾਰ ਉਤਾਰਾ ਹੋ ਜਾਵੇ।ਮੇਹਰ ਰਖਣੀ!ਮੈਂ ਤਾਂ ਗੁਲਾਮ ਬੰਦਾ ਪੇਟ ਦੀ ਖਾਤਰ ਬਾਦਸ਼ਾਹ ਦਾ ਹੁਕਮ ਪੂਰਾ ਕਰਨ ਆਇਆ ਹਾਂ। ਮੇਰਾ ਕੋਈ ਗੁਨਾਹ ਨਹੀਂ, ਪੇਟ ਦੀ ਖਾਤਰ ਬੰਦੇ ਨੂੰ ਕਈ ਵਾਰ ਉਹ ਕੁਝ ਵੀ ਕਰਨਾ ਪੈਂਦਾ ਹੈ ਜੋ ਕੁਝ ਕਰਨ ਵਾਸਤੇ ਉਸ ਦੀ ਆਤਮਾਂ ਤਿਆਰ ਨਹੀਂ ਹੁੰਦੀ।'

ਅੰਤਰਯਾਮੀ ਤੇ ਘਟ ਘਟ ਦੀ ਜਾਨਣ ਹਾਰ ਸਤਿਗੁਰੂ ਜੀ ਝੱਟ ਅਨਭਵ ਕਰ ਗਏ ਕਿ ਔਰੰਗਜ਼ੇਬ ਦੇ ਜ਼ੁਲਮੀਂ ਸੁਭਾ ਨੂੰ ਚੇਤੇ ਕਰਕੇ ਅਹੀਦੀਏ ਦੀ ਆਤਮਾ ਡੋਲ ਗਈ ਹੈ। ਇਹ ਸਤਿਗੁਰੂ ਜੀ ਨੂੰ ਛੱਡ ਕੇ ਜਾਣ ਨੂੰ ਤਿਆਰ ਨਹੀਂ।ਤਾਂਸਾਹਿਬਾਂ ਨੇ ਬਚਨ ਕੀਤਾ—'ਹੱਛਾ ਭਾਈ! ਰਹੋ! ਕਲ ਏਥੋਂ ਤੁਰਾਂਗੇ। ਅਸਾਂ ਦੇ ਨਾਲ ਨਾਲ ਹੀ ਤੁਸਾਂ ਜਾਣਾ ਹੈ।'

ਇਸ ਦੇ ਪਿਛੋਂ ਸਤਿਗੁਰੂ ਜੀ ਨੇ ਮੁਖੀ ਮੁਖੀ ਸਿਖਾਂ ਤੇ ਮਸੰਦਾਂ ਨੂੰ ਕਿਹਾ ਕਿ ਉਹ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਗੁਰਿਆਈ ਤਿਲਕ ਦੇਣ ਦੀ ਤਿਆਰੀ ਕਰਨ। ਅੱਜ ਹੀ ਸਾਰੀ ਮਰਯਾਦਾ ਸੰਪੂਰਨ ਕੀਤੀ ਜਾਵੇਗੀ। ਓਸੇ ਵੇਲੇ ਮਸੰਦ ਤੇ ਮੁਖੀ ਸਿੱਖ ਤਿਲਕ ਮਰਯਾਦਾ ਨੂੰ ਪੂਰਿਆਂ ਕਰਨ ਵਾਸਤੇ ਸਮਗਰੀ ਇਕੱਤਰ ਕਰਨ ਵਾਸਤੇ ਚਲੇ ਗਏ ਤੇ ਕੁਝ ਸਿਖਾਂ ਨੇ ਸਤਿਗੁਰੂ ਜੀ ਅਗੇ ਬੇਨਤੀਆਂ ਕੀਤੀਆਂ

ਕਿ ਉਹ ਕੋਈ ਉਪਦੇਸ਼ ਕਰਨ। ਉਸ ਸਮੇਂ ਸਿਖਾਂ ਦੇ ਮਨਾਂ ਨੂੰ ਵੈਰਾਗੀ ਵੇਖਕ ਸਤਿਗੁਰੂ ਜੀ ਨੇ ਇਉਂ ਉਪਦੇਸ ਕੀਤਾ—

ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ॥ ਜਾਕੈ ਗ੍ਰਿਹਿ ਹਰਿ ਨਾਹੁ ਸੁ ਸਦ ਹੀ ਰਾਵਏ॥ ਅਨਿਵਾਸੀ ਅਵਿਗਤ ਸੋ ਪ੍ਰਭੁ ਸਦਾ ਨਵ ਤਨੁ ਨਿਰਮਲਾ॥ਨਹ ਦੂਰਿ ਸਦਾ ਹਦੂਰਿਠਾਕੁਰੁਦਹਦਿਸਪੂਰਨੁਸਦਸਦਾ॥ਪ੍ਰਾਨ ਪਤਿਗਤਿਮਤਿ ਜਾ ਤੇ ਪ੍ਰਿਅ ਪ੍ਰੀਤਿ ਪ੍ਰੀਤਮ ਭਾਵਏ॥੧। ਜਾਕਉ ਰਾਮਭਤਾਰੁ ਤਾਕੈ ਅਨਦੁ ਘਣਾ॥ ਸੁਖਵੰਤੀ ਨਾਰਿ ਸੋਭਾ ਪੂਰਿ ਬਣਾ॥ (ਆਸਾ ਮਃ ੫)

ਤਿਸਦਾ ਪ੍ਰਮਾਰਥ-ਸਤਿਗੁਰੂ ਜੀ ਨੇ ਫਰਮਾਇਆ ਹੇ ਜਗਿਆਸੂ ਤੇ ਸੰਤ ਜਨੋ! ਤੁਸੀਂ ਇਹ ਵਿਚਾਰ ਕਰ ਰਹੇ ਹੋ ਤੇ ਤੁਸਾਂ ਦੀ ਆਤਮਾਵਾਂ ਵਿਚ ਇਹ ਸ਼ੰਕਾ ਹੈ ਕਿ ਅਸਾਂ (ਸਤਿਗੁਰੂ ਜੀ) ਦੇ ਦਿੱਲੀ ਜਾਣ ਤੇ ਸ਼ਾਇਦ ਕੋਈ ਅਨੋਖੀ ਘਟਨਾ ਨਾ ਵਾਪਰ ਜਾਵੇ। ਸ਼ਾਇਦ ਸਚਮੁਚ ਹੀ ਅਸਾਂ ਨੂੰ ਆਪਣੇ ਆਪ ਦਾ ਬਲੀ ਦਾਨ ਨਾ ਦੇਣਾ ਪਵੇ? ਇਹ ਸਭ ਕੁਝ ਹੋ ਵੀ ਜਾਵੇ। ਅਸੀਂ ਸ਼ਹੀਦੀ ਪ੍ਰਾਪਤ ਕਰ ਵੀ ਜਾਈਏ ਤਾ ਕੀ ਅਸਾਂ ਦਾ ਨਾਸ਼ ਹੋ ਜਾਵੇਗਾ? ਕੀ ਸੰਤ ਜਨ ਜੋ ਵਾਹਿਗੁਰੂ ਪਤੀ ਦੀਆਂ ਇਸਤ੍ਰੀਆਂ ਹਨ ਜੋ ਸਤਿਸੰਗਤ ਵਿਚ ਬੈਠਕੇ ਪ੍ਰਭੂ ਦੇ ਗੁਣ ਗਾਉਂਦੀਆਂ ਹਨ ਉਹ ਵਿਧਵਾ ਹੋ ਜਾਣਗੀਆਂ? ਨਹੀਂ ਕੁਝ ਨਹੀਂ ਹੋਵੇਗਾ, ਸੰਤਾਂ ਦਾ ਸਹਾਗ ਤਾਂ ਸਦਾ ਅਟੱਲ ਹੈ, ਉਹ ਤਾਂ ਕਦੀ ਮਰਦਾ ਨਹੀਂ, ਚਿੰਤਾ ਨਾ ਕਰੋ। ਅਸਾਂ ਸਾਰਿਆਂ ਦਾ ਰਾਖਾ ਪਤੀ, ਰੋਜ਼ੀ ਦੇਣ ਵਾਲਾ ਭੰਡਾਰੀ ਸਭ ਕੁਝ ਵਾਹਿਗੁਰੂ ਹੈ। ਅਸਾਂ ਰਾਹ ਦਸਿਆ ਜਿਵੇਂ ਅਸਾਂ ਨੂੰ ਹੁਕਮ ਸੀ, ਹੁਣ ਹੁਕਮ ਹੋਇਆ ਹੈ ਤਨ ਦਾ ਬਲੀਦਾਨ ਕਰਕੇ ਲੋਕ ਸੇਵਾ ਕਰਨ ਦਾ, ਧਰਮਤੇ ਸੱਤਜਦੀ ਰਾਖੀ ਕਰਨ ਦਾ, ਇਸ ਵਾਸਤੇ ਸਭ ਨੂੰ ਖੁਸ਼ੀ ਕਰਨੀ ਚਾਹੀਦੀ ਹੈ। ਜਿਨ੍ਹਾਂ ਦੇ ਹਿਰਦੇ ਰੂਪ ਘਰ ਵਿਚ ਪਿਆਰ ਹੁੰਦਾ ਹੈ ਉਹ ਸਦਾ ਸੁਖ ਮਾਣਦੇ ਹਨ, ਉਹ ਸਦਾ ਪਿਆਰੇ ਕੋਲ ਬੈਠ ਕੇ ਪਿਆਰ ਦੀਆਂ ਗਲਾਂ ਕਰਦੇ ਹਨ। ਅਸਾਂ ਦੇ ਪਿਛੋਂ ਉਸ ਵਾਹਿਗੁਰੂ ਪਤੀ ਨੂੰ ਚੇਤੇ ਰਖਣਾ ਜੋ ਸਦਾ ਜੁਵਾਨ ਤੇ ਨਵੇਂ ਜੋਸ਼ ਵਾਲਾ ਹੁੰਦਾ। ਇਹ ਗਲ ਹਿਰਦੇ ਵਿਚ ਬੈਠਾਲਵੇ ਕਿ ਵਾਹਿਗੁਰੂ ਦੂਰ ਨਹੀਂ। ਉਹ ਤਾਂ ਹਰ ਥਾਂ ਹਰ ਪਾਸੇ ਅਤੇ ਹਰ ਹਿਰਦੇ ਵਿਚ ਵਸ ਰਿਹਾ ਹੈ। ਕੇਵਲ ਚੇਤੇ ਕਰਨ ਦੀ ਲੋੜ ਹੈ। ਉਸੇ ਪਿਆਰੇ ਨਾਲ ਪ੍ਰੇਮ ਕਰਦੇ ਰਹਿਣਾ।'

ਬਾਕੀ ਰਹੀ ਗਲ ਵਿਛੋੜੇ ਦੀ, ਵਿਛੋੜਾ ਅਮਰ ਹੈ। ਮਨੁਖ ਇਕੱਲੀ ਸਰੀਰਕ ਰੂਪ ਧਾਰਨ ਕਰਕੇ ਆਉਂਦਾ ਹੈ ਤੇ ਇਕੱਲਾ ਹੀ ਤੁਰ ਜਾਂਦਾ ਹੈ। ਕੋਈ ਚਿੰਤਾ ਨਾ ਕਰਨੀ, ਅਸਾਂ ਦੇ ਪਿਛੋਂ ਗੁਰੂ ਗੋਬਿੰਦ ਰਾਇ ਜੀ ਹੋਣਗੇ । ਇਨ੍ਹਾਂ ਦਾ ਸੇਵਾ ਕਰਨੀ ਤੇ ਇਨ੍ਹਾਂ ਦੇ ਬਚਨ ਮੰਨਣੇ। ਜੋ ਸਿਖ ਆਪਣੇ ਗੁਰੂ ਦੀ ਸੇਵਾ ਕਰਦਾ ਹੈ ਸੋ ਮੁਕਤ ਪਦਾਰਥ ਪ੍ਰਾਪਤ ਕਰਦਾ ਹੈ। ਸੇਵਾ ਤੇ ਸਾਧ ਸੰਗਤ ਵਿਚ ਬੈਠਕੇਵਾਹਿ-ਗੁਰੂ ਦਾ ਨਾਮ ਸਿਮਰਨ ਕਰਨਾ। ਇਹ ਵਾਹਿਗੁਰੂ ਦੀ ਕ੍ਰਿਪਾ ਹੋਵੇ ਤਾਂ ਹੀ ਪ੍ਰਾਪਤ ਹੁੰਦੇ ਹਨ। ਜਾਕੈ ਮਸਤਕ ਭਾਗ ਸਿ ਸੇਵਾ ਲਾਇਆ॥ ਤਾਕੀ ਪੂਰਨ ਆਸ ਜਿਨ ਸਾਧ ਸੰਗੁ ਪਾਇਆ॥ ਮਨੁੱਖ ਜਨਮ ਵਿਚ ਉਹ ਲੋਕ ਧੰਨ ਹਨ ਜਿਨ੍ਹਾਂ ਨੂੰ ਸੇਵਾ ਤੇ ਸਤਿਸੰਗ ਪ੍ਰਾਪਤ ਹੋਈ ਹੈਕਦੀ ਇਹਨਾਂ ਦੋਹਾਂ ਤੋਂ ਵਾਂਝਿਆਂ ਨਹੀਂ ਰਹਿਣਾਚਾਹੀਦਾ'

ਕੋਈ ਦੋ ਘੰਟੇ ਦੇ ਲਗ-ਪਗ ਸਤਿਗੁਰੂ ਜੀ ਇਸਤਰਾਂ ਉਪਦੇਸ਼ ਰਾਹੀਂ ਸੰਗਤ ਨੂੰ ਨਿਹਾਲ ਕਰਦੇ ਰਹੇ। ਉਤਨੇ ਚਿਰ ਨੂੰ ਗੁਰਿਆਈ ਤਿਲਕ ਨੂੰ ਪੂਰਿਆਂ ਕਰਨ ਵਾਲੀ ਸਾਰੀ ਸਮੱਗਰੀ ਆ ਪੁਜੀ। ਉਸ ਵੇਲੇ ਬਾਬਾ ਬੁਢਾ ਜੀ ਦੇ ਵੰਸ਼ ਦੇ ਪੁਰਖ ਨੂੰ ਕਿਹਾ—"ਹੇ ਪੁਰਖਾ ਜਿਵੇਂ ਗੁਰੂ ਘਰ ਦੀ ਮਰਯਾਦਾ ਚਲੀ ਆਉਂਦੀ ਹੈ ਤਿਵੇਂ ਗੁਰਿਆਈ ਦਾ ਤਿਲਕ ਗੋਬਿੰਦ ਰਾਏ ਜੀ ਦੇ ਮਸਤਕ ਲਾਇਆ ਜਾਵੇ।" ਉਸੇ ਵੇਲੇ ਬਾਬਾਕੌਰ ਸਿੰਘ ਜੀ ਉਠੇ ਤੇ ਉਨ੍ਹਾਂਨੇ ਸਾਹਿਬਜ਼ਾਦੇ ਜੀ ਦੇ ਮਸਤਕ ਵਿਚ ਤਿਲਕ ਲਾ ਦਿਤਾ। ਜਦੋਂ ਤਿਲਕ ਲਗ ਗਿਆ ਤਾਂ ਚਲੀ ਆਉਂਦੀ ਮਰਯਾਦਾ ਅਨੁਸਾਰ ਸਤਿਗੁਰੂ ਜੀ ਨੇ ਪਹਿਲਾਂ ਆਪ ਮੱਥਾ ਟੇਕਿਆ ਤੇ ਫਿਰ ਸਾਰੀ ਸੰਗਤ ਨੇ ਸਾਹਿਬਜ਼ਾਦੇ ਦੇ ਚਰਨਾਂ ਉਪਰ ਨਮਸ਼ਕਾਰ ਕੀਤੀ । ਉਸ ਵੇਲੇ ਕੋਈ ਬਹੁਤੀ ਖੁਸ਼ੀ ਨਾ ਕੀਤੀ ਗਈ ਕਿਉਂਕਿ ਸਤਿਗੁਰੂ ਜੀ ਦਾ ਆਪ ਦਿੱਲੀ ਨੂੰ ਜਾਣਾ ਸੰਗਤ ਵਾਸਤੇ ਅਸਹਿ ਸੀ। ਸਾਰੀ ਸੰਗਤ ਵੈਰਾਗਵਾਨ ਸੀ, ਸੰਗਤ ਦੀ ਪੇਸ਼ ਕੋਈ ਨਹੀਂ ਸੀ ਜਾਂਦੀ ਕਿ ਸੰਗਤ ਨੇਕ ਕੰਮ ਤੋਂ ਸਤਿਗੁਰਾਂ ਨੂੰ ਰੋਕ ਸਕਦੀ ਪਰ ਵਿਛੜਨ ਨੂੰ ਚਿਤ ਨਹੀਂ ਸੀ ਕਰਦਾ। ਫਿਰ ਵਿਛੋੜਾ ਵੀ ਐਸਾ ਸੀ ਜੋ ਸਦੀਵੀ ਕਾਲ ਦਾ ਸੀ। ਔਰੰਗਜ਼ੇਬ ਦੇ ਪਾਸੋਂ ਕੋਈ ਜੀਉਂਦਾ ਨਹੀਂ ਸੀ ਆ ਸਕਦਾ ਉਹ ਪਾਪੀ ਤਾਂ ਹਿੰਦੂ ਧਰਮ ਤੇ ਦੇਵੀ-ਦੇਵਲ ਪੂਜਾ ਦਾ ਅੰਤ ਕਰਨ ਤੇ ਤੁਲਿਆ ਹੋਇਆ ਸੀ।

'ਸੁਣੋ ! ਸਿਖ, ਭਾਈ ਤੇ ਵਾਹਿਗੁਰੂ ਦੇ ਪਿਆਰੇ ਭਗਤ ਜਨੋ ! ਅੱਜ ਤੋਂ

(ਸਾਹਿਬਜਾਦੇ)ਗੋਬਿੰਦ ਰਾਏ (ਜੀ)ਗੁਰੂ ਹੋਏ। ਗੁਰੂ ਘਰ ਦੇ ਸਿਖ, ਪ੍ਰੇਮੀ ਤੇ ਸੇਵਾ ਦਾਰ ਨੂੰ ਅਸਾਂ ਦੀ ਆਗਿਆ ਹੈ ਕਿ ਇਨ੍ਹਾਂ ਰਾਹੀਂ ਸਭ ਕੁਝ ਪ੍ਰਾਪਤ ਕਰਨ ਸਤਿ-ਗੁਰੂ ਨਾਨਕ ਦੇਵ ਜੀ ਦੀ ਮਹਾਂ ਸ਼ਕਤੀ ਤੇ ਰਿਧੀਆਂ ਸਿਧੀਆਂ ਵਾਲੀ ਜੋਤ ਹੁਣ ਇਨ੍ਹਾਂ ਕੋਲ ਬਰਾਜਮਾਨ ਹੈ। ਅਸੀਂ ਸਵੇਰ ਦਿਲੀ ਨੂੰ ਜਾਵਾਂਗੇ।' ਇਹ ਬਚਨ ਕਰਕੇ ਸਤਿਗੁਰੂ ਜੀ ਦੀਵਾਨ ਵਿਚੋਂ ਉਠਕੇ ਮਹਿਲਾਂ ਵਲ ਚਲੇ ਗਏ।

੫. ਸਤਿਗੁਰੂ ਜੀ ਦਾ ਅਨੰਦਪੁਰੋਂ ਤੁਰਨਾ

ਮੁਖੀ ਸਿਖਾਂ ਤੇ ਮਸੰਦਾਂ ਘਰ-ਬਾਹਰ ਦੀ ਸੌਂਪਣਾ ਕਰਕੇ ਸਤਿਗੁਰੂ ਜੀ ਔਰੰਗਜ਼ੇਬ ਦ ਹੁਕਮ ਅਨੁਸਾਰ ਤੇ ਕਰਤਾਰ ਦੇ ਭਾਣੇ ਨੂੰ ਮੰਨਦੇ ਹੋਏ ਦਸਾਂ ਸੁਵਾਰਾਂ ਸਮੇਤ ਅਹਿਦੀਏ ਦੇ ਨਾਲ ਤੁਰ ਪਏ। ਜਿਸ ਸਮੇਂ ਸਤਿਗੁਰੂ ਜੀ ਅਨੰਦਪੁਰਨੂੰਛੱਡਣ ਲਗੇ ਤਾਂ ਸਿਖ ਸੰਗਤਾ, ਅਨੰਦ ਪੁਰ ਦੇ ਵਸਨੀਕਾਂ ਪਸ਼ੂ, ਪੰਛੀਆਂ ਦਾ ਵੈਰਾਗ ਅਠੱਲ ਹੋ ਗਿਆ ਉਹ ਸਾਰੇ ਮਹਾਂ ਵਿਆਕੁਲ ਹੋਏ। ਬਹੁਤੇ ਤਾਂ ਬੱਚਿਆਂ ਵਾਂਗ ਰੋਂਦੇ ਰੋਏ ਨੱਠ ਨੱਠ ਕੇ ਅਗੇ ਹੁੰਦੇ ਸਨ। ਸਤਿਗੁਰੂ ਜੀ ਬਹੁਤ ਧੀਰਜ ਦੇਂਦੇ, ਪਰ ਸਚਾ ਪ੍ਰੇਮ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜੀਉਂਦੇ ਸਨ। ਉਹ ਤਾਂ ਚਾਤਰਕ ਚਕੋਰ, ਮੀਨ ਤੇ ਜਲ, ਨਾਦ ਤੇ ਹਰਨ ਵਰਗੀ ਸਚੀ ਪ੍ਰੀਤੀ ਰਖਦੇ ਸਨ। ਸਤਿਗੁਰੂ ਜੀ ਦੇ ਚਰਨਾਂ ਦੇ ਭੌਰੇ ਸਨ। ਉਹਨਾਂ ਨੂੰ ਭਲਾ ਕਿਵੇਂ ਸੰਤੋਖ ਆਵੇ, ਅੱਖਾਂ ਦੇਖ ਰਹੀਆਂ ਸਨ ਕਿ ਉਹਨਾਂ ਦਾ ਪਿਆਰਾ ਜਾ ਰਿਹਾ ਹੈ। ਆਤਮਾਂ ਅਨਭਵ ਕਰ ਰਹੀ ਸੀ ਕਿ ਮੁੜ ਕੇ ਨਹੀਂ ਆਵੇਗਾ। ਫਿਰ ਉਹਨਾਂ ਨੂੰ ਚੈਨ ਕਿਵੇਂ ? ਉਹ ਤਾਂ ਮੱਛੀ ਵਾਂਗ ਤੜਪਨ ਲਗ ਪਏ। ਉਹਨਾਂ ਨੇ ਕਿਹਾ—'ਬਹੁੜੀ ਸਤਿਗੁਰੋ ; ਜੀਵਨ ਦਾਤਿਓ ! ਨਾ ਜਾਓ ਅਸੀਂ ਕਿਵੇਂ ਦਿਨ ਕਟਾਂਗੇ ? ਆਪ ਦੇ ਬਿਨਾ ਜਗਤ ਤੇ ਹਨੇਰਾ ਛਾ ਜਾਵੇਗਾ।'

'ਧੀਰਜ ਕਰੋ,ਕਰਤਾਰ ਦਾ ਭਾਣਾ ਮੰਨਣਾ ਹੀ ਪੈਂਦਾ ਹੈ। ਆਪਣੇ ਘਰਾਂ ਨੂੰ ਮੁੜ ਜਾਵੋ ਤੇ ਕਰਤਾਰ ਦਾ ਭਜਨ ਕਰਨਾ, ਜੋ ਕਰਤਾਰ ਦਾ ਭਜਨ ਕਰੇਗਾ ਸੋ ਅਸਾਂ ਦੇ ਦਰਸ਼ਨ ਜ਼ਰੂਰ ਕਰੇਗਾ।' ਸਤਿਗੁਰੂ ਜੀ ਦੇ ਅੰਤਮ ਬਚਨ ਸਨ।

ਸਾਰੀ ਸੰਗਤ ਅਟਕ ਗਈ, ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੇ ਸਭ ਨੂੰ

ਧੀਰਜ ਦਿਤੀ ਤੇ ਬਚਨ ਕੀਤਾ—"ਆਓ ! ਧਰਮਸਾਲਾ ਵਿਚ ਬੈਠਕੇ ਕਰਤਾਰ ਦਾ ਸਿਮਰਨ ਕਰੀਏ। ਸਿਮਰਨ ਕਰਨ ਨਾਲ ਸਾਰੇ ਦੁਖ ਤੇ ਗਮ ਦੂਰ ਹੁੰਦੇ ਹਨ। ਸਤਿਗੁਰੂ ਜੀ ਤਾਂ ਅਗੇ ਨੂੰ ਤੁਰ ਗਏ ਤੇ ਪਿਛੇ ਮੁੜ ਮੁੜ ਕੇ ਦੇਖਦੀ ਹੋਈ ਸਿੱਖ ਸੰਗਤ, ਨੈਨਾ ਵਿਚ ਜਲ ਭਰੀ ਦੁਖੀ ਹਿਰਦੇ ਨਾਲ ਸ੍ਰੀ ਅਨੰਦਪੁਰ ਨੂੰ ਮੁੜ ਆਈ।

ਸਤਿਗੁਰੂ ਜੀ ਕੀਰਤਪੁਰ ਜਾ ਪੁਜੇ, ਅਗੇ ਉਥੋਂ ਦੇ ਸੋਢੀ ਸੂਰਜ ਮਲੀਏ ਤੇ ਧੀਰ ਮਲੀਏ ਖਲੋਤੇ ਸਨ। ਉਨ੍ਹ ਨੇ ਉਪਰਲੇ ਮਨੋਂ ਸ਼ੋਕ ਪ੍ਰਗਟ ਕੀਤਾ—'ਅਸਾਂ ਨੂੰ ਬਹੁਤ ਦੁਖ ਹੈ ਕਿ ਆਪ ਨੂੰ ਔਰੰਗਜ਼ੇਬ ਬਾਦਸ਼ਾਹ ਨੇ ਸੱਦਿਆ ਹੈ ਓਹ ਬਹੁਤ ਬੁਰਾ ਬੰਦਾ ਹੈ ਉਹ ਜ਼ਰੂਰ ਕਤਲ ਕਰਵਾ ਦੇਵੇਗਾ ।' ਉਹਨਾਂ ਨੇ ਸਤਿਗੁਰੂ ਜੀ ਨੂੰ ਆਖਿਆ, ਇਕ ਨੇ ਇਹ ਵੀ ਕਿਹਾ—'ਚੰਗਾ ਹੁੰਦਾ ਜੇ ਬਾਦਸ਼ਾਹ ਨਾਲ ਕਿਸੇ ਨਾ ਕਿਸੇ ਤਰਾਂ ਸਮਝੌਤਾ ਹੋ ਜਾਂਦਾ।' ਐਸੇ ਬਚਨ ਸੁਣਕੇ ਸਤਿਗੁਰੂ ਜੀ ਸ਼ਾਂਤ ਰਹੇ। ਅੰਤਰਯਾਮੀ ਸਭ ਕੁਝ ਅਨਭਵ ਕਰ ਗਏ ਕਿ ਜੋ ਕੁਝ ਹੋ ਰਿਹਾ ਹੈ ਇਹ ਸਭ ਕੁਝ ਉਪਰਲੇ ਮਨੋਂ ਹੈ, ਅੰਦਰ ਕੁਟਲਨੀਤੀ ਹੈ। ਦਿਲੋਂ ਖੁਸ਼ ਹਨ ਪਰ ਪ੍ਰਗਟ ਹਮਦ-ਰਦੀ ਕਰ ਰਹੇ ਹਨ, ਅਗਿਆਨੀ ਮਾਯਾ ਨਾਲ ਪਿਆਰ ਕਰਦੇ ਹਨ, ਮਾਯਾ ਤੋਂ ਬਿਨਾਂ ਰਿਸ਼ਤੇਦਾਰਾਂ, ਵੀਰਾਂ ਤੇ ਚਾਚੇ-ਤਾਇਆਂ ਦਾ ਭਲਾ ਨਹੀਂ ਜਾਣਦੇ, ਗੁਰੂ ਘਰ ਨਾਲ ਸਬੰਧ ਰਖਦੇ ਹੋਏ ਵੀ ਗੁਰੂ ਘਰ ਦੇ ਵਿਰੋਧੀ ਹਨ । ਕਰਤਾਰ ਕਦੀ ਐਸੇ ਪੁਰਖਾਂ ਨੂੰ ਭਲੇਮਾਣਸ ਤੇ ਇਨਸਾਨ ਨਹੀਂ ਸਮਝਦਾ। 'ਮਾਯਾ' ਨਾਗਨੀ ਹੈ, ਜਗਤ ਉਸ ਨਾਲ ਪਿਆਰ ਕਰਦਾ ਹੈ, ਪਿਆਰ ਦਾ ਫਲ ਇਹ ਹੈ ਕਿ ਨਾਗਨੀ ਡੰਗ ਮਾਰ ਕੇ ਆਪਣੇ ਪਿਆਰਿਆਂ ਨੂੰ ਆਪ ਹੀ ਖਾਈ ਜਾਂਦੀ ਹੈ। ਸਾਰੇ ਸੋਢੀਆਂ ਨੂੰ ਸਤਿਗੁਰੂ ਜੀ ਨੇ ਸਿਰਫ ਏਹੋ ਕਿਹਾ—'ਭਾਣਾ ਕਰਤਾਰ ਦਾ, ਅਸੀਂ ਕਰਤਾਰ ਦੇ ਹੁਕਮ ਦੇ ਬਧੇ ਜਾ ਰਹੇ ਹਾਂ। ਜੋ ਕਰਤਾਰ ਨੂੰ ਭਾਵੇ ਸੋ ਠੀਕ ਹੈ।'

ਕੀਰਤਰਪੁਰ ਤੋਂ ਚਲਕੇ ਸਤਿਗੁਰੂ ਜੀ ਰੋਪੜ ਆ ਪੁਜੇ। ਰੋਪੜ ਦੇ ਲੋਕਾਂ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਦਿਲੀ ਜਾ ਰਹੇ ਹਨ ਤਾਂ ਉਹ ਹੁਮ ਹੁਮਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆ ਪੁਜੇ। ਸਭ ਨੇ ਜੀ ਭਰ ਕੇ ਦਰਸ਼ਨ ਕੀਤੇ। ਦਰਸ਼ਨ ਕਰਕੇ ਤਨ ਤੇ ਮਨ ਦੇ ਰੋਗਾਂ ਨੂੰ ਦੂਰ ਕੀਤਾ । ਇਕ ਰਾਤ ਰੋਪੜ ਕਟੀ ਫਿਰ ਅਗੇ ਤੁਰ ਪਏ। ਚਲਦੇ ਚਲਦੇ ਸਤਿਗੁਰੂ ਜੀ ਰਾਜ ਪੁਰੇ ਨੂੰ ਪਾਸੇ ਛੱਡ ਕੇ

ਉਸ ਅਸਥਾਨ ਤੇ ਜਾ ਪੁਜੇ ਜਿਥੇ ਅਜ ਪਟਿਆਲਾ ਸ਼ਹਿਰ ਲਾਗੇ ਬਹਾਦਰ ਗੜ੍ਹ ਕਿਲਾ ਹੈ। ਇਹ ਕਿਲਾ ਰਾਜਪੁਰਾ, ਪਟਿਆਲਾ ਸੜਕ ਉਤੇ ਹੈ। ਇਸ ਦੇ ਅੰਦਰ ਤੇ ਬਾਹਰ ਦੋ ਇਤਿਹਾਸਕ ਗੁਰਦੁਵਾਰੇ ਹਨ।

ਇਹ ਬਹਾਦਰ ਗੜ੍ਹ ਦਾ ਪਹਿਲਾ ਨਾਮ ਸੈਫਾਬਾਦ ਸੀ ਤੇ ਇਹ ਇਕ ਛੋਟਾ ਜੇਹਾ ਕਸਬਾ ਜੀ। ਏਥੇ ਰੱਬ ਦੇ ਭੈ ਵਾਲਾ ਸੱਯਦ ਸੈਫ ਅਲੀ।ਸੀ ਉਹ ਗੁਰੂ ਘਰ ਨਾਲ ਬਹੁਤ ਹਿਤ ਰਖਦਾ ਸੀ। ਉਸ ਨੂੰ ਜਦੋਂ ਪਤਾ ਲੱਗਾ ਕਿ ਦੀਨ ਦੁਨੀ ਦੇ ਮਾਲਕ ਓਹਦੇ ਪਿੰਡ ਲਾਗਿਓਂ ਦੀ ਲੰਘ ਰਹੇ ਹਨ। ਉਹ ਦਰਸ਼ਨ ਕਰਕੇ ਨਿਹਾਲ ਹੋਵੇ ਅਤੇ ਜਨਮ ਮਰਨ ਦੇ ਬੰਧਨ ਕਟੇ, ਉਹ ਘਰੋਂ ਤੁਰਕੇ ਉਸ ਅਸਥਾਨ ਤੇ ਪੁਜਾ ਜਿਥੇ ਸਤਿਗੁਰੂ ਜੀ ਬਰਾਜੇ ਸਨ।

ਉਸਨੇ ਨਮਸ਼ਕਾਰ ਕਰਕੇ ਬੇਨਤੀ ਕੀਤੀ–'ਮੇਰੇ ਮਾਹੀ! ਦੀਨ ਤੇ ਦੁਨੀਆਂ ਦੇ ਮਾਲਕੇ ਮੇਹਰ ਕਰੋ! ਮੇਰੇ ਘਰ ਚਲੋ! ਮੇਰਾ ਘਰ ਪਵਿਤ੍ਰ ਹੋਵੇ। ਮੈਂ ਤਾ ਚਿਰਾਂ ਤੋਂ ਪਾਪੀਹੇ ਵਤ ਕੁਰਲਾ ਰਿਹਾ ਹਾਂ, ਖੁਦਾ ਨੇ ਮੇਹਰ ਕੀਤੀ ਹੈ ਜੋ ਆਪਦੇ ਦਰਸ਼ਨ ਹੋ ਗਏ ਹਨ। ਮੈਂ ਚਰਨ ਧੂੜ ਲੈਕੇ ਮੱਥੇ ਲਾਉਂਦਾ ਹਾਂ। ਮੇਰੇ ਨੈਣੀਂ ਠੰਢ ਪੈ ਗਈ ਹਿਰਦਾ ਸ਼ਾਂਤ ਹੋ ਗਿਆ। ਮੈਂ ਤਰ ਜਾਵਾਂ! ਮੈਨੂੰ ਭਵਸਾਗਰ ਡਰਾਉਂਦਾ ਹੈ। ਅੰਮ੍ਰਿਤ ਰੂਪੀ ਉਪਦੇਸ਼ਾਂ ਦੀ ਬੂੰਦ ਲੋੜਦਾ ਹਾਂ।'

'ਸਯਦ ਜੀ!' ਸਤਿਗੁਰੂ ਜੀ ਨੇ ਬਚਨ ਕੀਤਾ–'ਅਸਾਂ ਨੂੰ ਤੁਸਾਂ ਦਾ ਪ੍ਰੇਮ ਹੀ ਏਧਰ ਖਿਚ ਲਿਆਇਆ ਹੈ। ਪ੍ਰੇਮ ਦਾ ਬੱਧਾ ਤਾਂ ਅਸਮਾਨ ਖਲੋਤਾ ਹੈ। ਤੇਰੇ ਪ੍ਰੇਮ ਤ ਤੇਰੀ ਭਗਤੀ ਤੋਂ ਅਸੀਂ ਬਲਿਹਾਰੇ ਜਾਂਦੇ ਹਾਂ–'ਭਗਤੀ ਨਾਮਿ ਸਵਾਰਿ।' ਦੀ ਜਾਪੈ ਗੁਰ ਵੀਚਾਰਿ।' ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ।'

(ਆਸਾ ਮ: ੩)

ਇਹ ਸੁਣ ਸਯਦ ਜੀ ਝਟ ਬੋਲ ਪਏ–'ਹੇ ਮਾਲਕ! ਇਹੋ ਤਾ ਮੈਂ ਆਖਦਾ ਹਾਂ ਕਿ ਖਦਾ ਦੀ ਭਗਤੀ ਦੀ ਜੁਗਤੀ ਦਸੋ। ਉਹ ਵਿਚਾਰ ਦਸੋ ਜੋ ਮੈਂ ਨਹੀਂ ਸੁਣੇ ਜੇਹੜੇ ਸਤਿਗੁਰੂ ਜੀ ਪਾਸੋਂ ਮਿਲਦੇ ਹਨ ਤੇ ਮੈਂ ਆਪ ਨੂੰ ਵੱਡਾ ਸਤਿਗੁਰੂ ਸਮਝਦਾ ਹਾਂ। ਮੇਹਰ ਕਰੋ, ਦਇਆ ਕਰੋ ਦਾਤਾਰ ਸਾਂਈ! ਮੈਂ ਤਾਂ ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰ। ਅਨਦਿਨੁ ਸਦਾ ਜਲ-

ਦੀਆ ਫਿਰਹਿ ਸੇਜੈ ਰਵੈ ਨਾ ਭਤਾਰੁ।' ਜਿਵੇਂ ਪਤੀ ਤੋਂ ਬਿਨਾਂ ਛੁਟੜ ਇਸਤ੍ਰੀਆਂ ਦੁਖੀ ਹੁੰਦੀਆਂ ਤੇ ਰਾਤ ਨੂੰ ਸੁੰਦਰ ਸੇਜ ਦੇ ਹੁੰਦਿਆਂ ਸੁੰਦਿਆਂ ਵੀ ਸੌਂਦੀਆਂ ਨਹੀਂ, ਤਿਵੇਂ ਮੈਂ ਹਾਂ ਮੇਰਾ ਅੰਗ ਅੰਗ ਦੁਖੀ ਹੈ। ਮੈਂ ਖੁਦਾ ਦੇ ਦਰਸ਼ਨ ਚਾਹੁੰਦਾ ਹਾਂ। ਮੇਰੇ ਤੇ ਮੇਹਰ ਕਰੋ ਦਇਆ ਕਰੋ।'

ਸਤਿਗੁਰੂ ਜੀ ਮੁਸਕਰਾਏ ਤੇ ਕਹਿਣ ਲਗੇ-'ਸਯਦ ਜੀ ! ਇਸਤ੍ਰੀ ਤਾਂ ਹੀ ਪਤੀ ਦਾ ਪ੍ਰੇਮ ਤੇ ਖੇਲ ਪ੍ਰਾਪਤ ਕਰਦੀ ਹੈ ਜੇ ਹੰਕਾਰ ਨੂੰ ਮਾਰੇ। 'ਸੋਹਾਗਣੀ ਮਹਲੁ ਪਾਇਆ ਵਿਚਹੁ ਆਪ ਗਵਾਇ ॥ ਗੁਰਸਬਦੀ ਸੀਗਾਰੀਆ ਅਪਣੇ ਸਹਿ ਲਈਆਂ ਮਿਲਾਇ ॥'

ਕਿਸੇ ਦੀ ਨਿੰਦਾ ਨਾ ਕੀਤੀ ਜਾਵੇ,ਹੰਕਾਰ ਮਰ ਜਾਵੇ ਤਾਂ ਜੀਵ ਦਾ ਆਤਮਾ ਨਿਰਮਲ ਹੋ ਜਾਂਦਾ ਹੈ। ਪਰ ਹੰਕਾਰ ਮਰਦਾ ਤਾਂ ਹੈ ਕਿ ਸਤਿਗੁਰੂ ਪਾਸੋਂ ਉਪਦੇਸ਼ ਸੁਣਕੇ ਉਸ ਤੇ ਅਮਲ ਕੀਤਾ ਜਾਵੇ।'

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਸ ਨੂੰ ਗਿਆਨ ਬਖਸ਼ ਕੇ ਉਸ ਦੇ ਮਨ ਦੇ ਹਨੇਰੇ ਨੂੰ ਦੂਰ ਕੀਤਾ। ਉਹ ਸਤਿਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਸਿੱਖਾਂ, ਦਰਸ਼ਕਾਂ ਤੇ ਸਰਕਾਰੀ ਅਹਿਦੀਏ ਦੇ ਆਦਮੀਆਂ ਨੂੰ ਉਸ ਨੇ ਪ੍ਰਸ਼ਾਦ ਛਕਾਇਆਂ, ਦੋ ਦਿਨ ਸਤਿਗੁਰੂ ਜੀ ਨੂੰ ਪਾਸ ਰਖਿਆ। ਜਦੋਂ ਸਤਿਗੁਰੂ ਜੀ ਤੁਰਨ ਲਗੇ ਤਾਂ ਉਹਦਾ ਮਨ ਬੈਰਾਗੀ ਹੋ ਗਿਆ. ਪਰ ਸਤਿਗੁਰੂ ਜੀ ਰੁਕੇ ਨਹੀਂ ਕਿਉ ਕਿ ਉਨ੍ਹਾਂ ਨੇ ਦਿੱਲੀ ਪਹੁੰਚਣਾ ਸੀ।

ਬਹਾਦਰ ਗੜ ਤੋਂ ਚਲਕੇ ਸਤਿਗੁਰੂ ਜੀ ਪਟਿਆਲੇ ਦੇ ਪੱਛਮੀ ਪਾਸੇ ਜਾ ਬਰਾਜੇ ਜਿਥੇ ਅੱਜ ਕਲ ਗੁਰਦੁਵਾਰਾ ਦੁਖ ਨਿਵਾਰਨ ਹੈ। ਇਸਅਸਥਾਨ ਤੇ ਬੈਠਕੇ ਸੰਗਤ ਨੂੰ ਉਪਦੇਸ਼ ਕੀਤਾ। ਇਕ ਦਿਨ ਏਥੇ ਠਹਿਰੇ। ਅਗਲੇ ਦਿਨ ਅਗੇਤੂਰ ਗਏ।

੬. ਸਤਿਗੁਰੂ ਜੀ ਦਾ ਦਿੱਲੀ ਪੁਜਣਾ

ਸਤਿਗੁਰੂ ਜੀ ਦੇ ਨਾਲ ਇਹ ਸਿਦਕੀਸਿਖ ਸਨ,ਦੀਵਾਨ ਮਤੀ ਰਾਮ ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਊਦਾ ਰਠੌੜ ਅਤੇ ਭਾਈ ਜੀਊਣਾ। ਕੁਝ ਹੋਰ ਵੀ ਸਿਦਕੀ ਸਿਖ ਸਨ ਪਰ ਮਸ਼ਹੂਰ ਇਹ ਹੋਏ ਹਨ।

ਪਟਿਆਲੇ ਤੋਂ ਸਤਿਗੁਰੂ ਜੀ ਕੈਂਥਲ ਤੇ ਜ਼ਿਲਾ ਕਰਨਾਲਦੇ ਨਗਰਾਂ ਵਿਚੋਂ

ਦੀ ਦਿੱਲੀ ਨੂੰ ਜਾ ਰਹੇ ਸਨ। ਕਈਆਂ ਸਿਦਕੀ ਸਿੱਛਾਂ ਤੇ ਤਕੜੇ ਜ਼ਿਮੀਂਦਾਰਾਂ ਨੇ ਸਤਿਗੁਰੂ ਜੀ ਅਗ ਬੇਨਤੀ ਕੀਤੀ ਕਿ ਸਤਿਗੁਰੂ ਜੀ ਦਿੱਲੀ ਨਾ ਜਾਣ। ਏਧਰ ਉਧਰ ਲੁਕ ਜਾਣ ਤੇ ਅਹਿਦੀਏਨੂੰ ਮਾਰ ਕੁਟਕੇ ਨਸਾ ਦਿਤਾ ਜਾਂਦਾ ਪਰ ਸਤਿਗੁਰੂਜੀ ਨੇ ਸਭਨੂੰ ਏਹੋ ਉੱਤਰ ਦਿਤਾ 'ਅਸਾਂ ਲੁਕਣਾ ਨਹੀਂ, ਅਸੀਂ ਚੋਰ ਨਹੀਂ, ਕਾਤਲਨਹੀਂ ਬਾਦਸ਼ਾਹ ਨਾਲ ਬਚਨ ਬਿਲਾਸ ਕਰਨ ਜਾ ਰਹੇ ਹਾਂ ਕਿ ਉਹ ਖੁਦਾਕੋਲੋਂ ਡਰੇ ਅਤੇ ਮਾਸੂਮਾ ਦਾ ਖੂਨ ਨਾ ਕਰੇ। ਜੇਕਰ ਧਰਮ ਬਦਲੇ ਸਿਰ ਦੇਣਾ ਵੀ ਪਿਆ ਤਦ ਵੀ ਕੋਈ ਚਿੰਤਾ ਨਹੀਂ, ਜੀਵਨ ਬਦਲੇ ਲੁਕਦੇ ਫਿਰਨਾ ਚੰਗਾ ਨਹੀਂ, ਇਹ ਜੀਵਨਤਾਂ ਚਾਰ ਦਿਹਾੜੇ ਹੈ, ਹੋ ਸਕਦਾ ਹੈ ਕਿਸੇ ਹੋਰ ਕਾਰਨ ਦੇਹ ਕਲ ਹੀ ਛੱਡਣੀ ਪਵੇ, ਕੋਈ ਚਿੰਤਾ ਨਾ ਕਰੋ, ਅਸਾਂ ਪਿਛੋਂ ਗੋਬਿੰਦ ਰਾਏ ਜੀ ਸਤਿਗੁਰੂ ਹੋਣਗੇ ਓਹ ਜ਼ੁਲਮ ਦਾ ਨਾਸ਼ ਕਰਨਗੇ ਅਤੇ ਐਸਾ ਪੰਥ ਚਲੌਣਗੇ ਜੋ ਸੈਨਾ ਦੇ ਰੂਪ ਵਿਚ ਜ਼ਾਲਮਾਂ ਨਾਲ ਲੋਹਾ ਲੈਕੇ ਉਹਨਾਂ ਦਾ ਅੰਤ ਕਰਨਗੇ।'

ਬਾਦਸ਼ਾਹ ਦਾ ਹੁਕਮ ਇਹ ਸੀ ਕਿ ਹਿੰਦੂਆਂ ਦੇ ਪੀਰ ਨੂੰ ਸਿੱਧਾ ਦਿੱਲੀ ਨਾ ਸੱਦਿਆ ਜਾਵੇ। ਸਗੋਂ ਦਿੱਲੀ ਦੀ ਥਾਂ ਆਗਰੇ ਦੇ ਕਿਲੇ ਵਿਚ ਬੰਦ ਰਖਿਆ ਜਾਵੇ ਤੇ ਆਗਰੇ ਤੋਂ ਬਾਦਸ਼ਾਹ ਹੁਕਮ ਨਾਲ ਦਿੱਲੀ ਲਿਆਂਦਾ ਜਾਵੇਂ ਕਿਉਂਕਿ ਦਿੱਲੀ ਦੇ ਚੌਗਿਰਦੇ ਉਸ ਸਮੇਂ ਰਾਜਪੂਤਾਂ ਤੇ ਜੱਟਾਂ ਨੇ ਬਗਾਵਤ ਕੀਤੀ ਹੋਈ ਸੀ। ਬਾਦਸ਼ਾਹ ਡਰਦਾ ਵੀ ਸੀ ਕਿ ਬਗਾਵਤ ਬਹੁਤਾ ਜ਼ੋਰ ਨਾ ਫੜ ਜਾਵੇ। ਇਸ ਵਾਸਤੇ ਪਹਿਲਾਂ ਸਤਿਗੁਰੂ ਜੀ ਆਗਰੇ ਪੁਜੇ। ਆਗਰੇ ਕਿਲ੍ਹੇ ਵਿਚ ਸਤਿਗੁਰੂ ਜੀ ਨੂੰ ਸਿੱਖਾਂ ਸਮੇਤ ਨਜ਼ਰਬੰਦ ਕਰ ਦਿੱਤਾ ਗਿਆ। ਹੁਕਮ ਇਹ ਦਿਤਾ ਕਿ ਕੋਈ ਹਿੰਦੂ ਕਿਲੇ ਦੇ ਨੇੜ ਨਾ ਆਵੇ। ਨਾ ਰਾਜਪੂਤਾਂ ਨੂੰ ਪਤਾ ਲਗੇ ਕਿ ਉਸ ਸਤਿਗੁਰੂ ਜੀ ਦਾ ਸਪਤ੍ਰ ਆਗਰੇ ਆਇਆ ਹੈ ਜਿਸ ਨੇ ਗੁਵਾਲੀਅਰ ਦੇ ਕਿਲੇ ਵਿਚੋਂ ਬਵੰਜਾ ਰਾਜਪੂਤ ਰਾਜਿਆਂ ਨੂੰ ਆਜ਼ਾਦ ਕਰਾਇਆ ਸੀ ਪਰ ਸਤਿਗੁਰੂ ਜੀ ਦੇ ਕਿਲੇ ਵਿਚ ਪੁਜਣ ਦੀ ਖਬਰ ਗੁਰੂ ਪ੍ਰੇਮੀਆਂ ਨੂੰ ਮਿਲ ਗਈ। ਸ਼ਹਿਰ ਵਿੱਚ ਬਹੁਤ ਰੌਲਾ ਪੈ ਗਿਆ, ਘਰ ਘਰ ਸੋਗ ਦੀ ਸਫਾ ਵਿਛ ਗਈ, ਬਹੁਤ ਸਾਰੇ ਪ੍ਰੇਮੀ ਕਿਲੇ ਦੀਆਂ ਕੰਧਾਂ ਤਕ ਪਹੁੰਚਕੇ ਪੁਕਾਰਕਰਨ ਲਗੇ, ਉਸ ਰੌਲੇਨੂੰ ਦੇਖਕੇ ਕਿਲੇਦਾਰ ਡਰ ਗਿਆ ਉਸਨੇ ਦਿੱਲੀ ਖਬਰਾਂ ਭੇਜ ਦਿੱਤੀਆਂ। ਦਿੱਲੀ ਤੋਂ ਹੁਕਮ ਆਇਆ ਕਿ ਛੇਤੀ ਤੋਂ ਛੇਤੀ ਹਿੰਦੂਆਂ ਦੇ ਪੀਰ ਨੂੰ ਦਿੱਲੀ ਲੈ ਆਓ।

ਆਗਰੇ ਦੇ ਕਿਲੇ ਵਿਚ ਪਹੁੰਚ ਕੇ ਸਤਿਗੁਰੂ ਜੀ ਸਚ ਮੁਚ ਮੁਗਲ ਰਾਜ ਦੇ ਕੈਦੀ ਬਣ ਗਏ। ਉਹਨਾਂ ਦੇ ਨਾਲ ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਆਦਿਕ ਸਿੱਖ ਵੀ ਸਨ। ਫੌਜ ਦੀ ਨਗਰਾਨੀ ਹੇਠ ਕਰੜਾ ਪਹਿਰਾ ਰਖਕੇ ਸਾਹਿਬਾਂ ਨੂੰ ਦਿਲੀ ਪਹੁੰਚਾਇਆ ਗਿਆ। ਦਿਲੀ ਕਿਲੇ ਵਿਚ ਨਹੀਂ ਰਖਿਆ, ਸਗੋਂ ਉਸ ਹਵੇਲੀ ਵਿਚ ਬੰਦ ਕਰ ਦਿਤਾ ਜਿਥੇ ਅੱਜ ਕਲ ਗੁਰਦਵਾਰਾ ਸੀਸ ਗੰਜ ਦੇ ਨੇੜੇ ਕੋਤਵਾਲੀ(ਥਾਨਾ ਪੁਲੀਸ)ਹੈ। ਇਹ ਥਾਂ ਸ਼ਾਇਦ ਕੋਤਵਾਲੀ ਦੇ ਪਿਛੇ ਸੀ। ਹਵੇਲੀ ਬਹੁਤ ਵੱਡੀ ਤੇ ਸੁੰਞੀ ਸੀ, ਉਸ ਹਵੇਲੀ ਦੇ ਅੰਦਰ ਜਾਣ ਵਾਲੇ ਨੂੰ ਦਿਨੇ ਹੀ ਡਰ ਆਉਂਦਾ ਸੀ। ਕਈਆਂ ਦਾ ਇਹ ਵੀ ਵਿਚਾਰ ਸੀ ਕਿ ਹਵੇਲੀ ਸੁੰਞੀਂ ਹੀ ਨਿਰੀ ਨਹੀਂ ਸੀ ਸਗੋਂ ਉਸ ਵਿਚ ਜਿੰਨ-ਭੂਤਾਂ ਪ੍ਰੇਤਾਂ ਦਾ ਵਾਸਾ ਸੀ। ਉਸ ਹਵੇਲੀ ਦੇ ਵਸਨੀਕ ਡਰਦੇ ਹੀ ਨੱਸ ਗਏ ਸਨ, ਪਰ ਸਤਿਗੁਰੂ ਜੀ ਨੂੰ ਭੈ ਕਿਉਂ ? ਉਹਨਾਂ ਦਾ ਰਾਖਾ ਤਾਂ ਆਪ ਵਾਹਿਗੁਰੂ ਸੀ। ਭੂਤ ਪ੍ਰੇਤ ਤੇ ਦਿਓ ਉਹਨਾਂ ਦੀ ਸੇਵਾ ਕਰਦੇ ਸਨ। ਅਗਿਆਨੀ ਪੁਰਖ ਨਹੀਂ ਸਮਝਦੇ ਸੀ ਕਿ ਕੀ ਖੇਡ ਹੋ ਰਹੀ ਸੀ ਉਹ ਤਾਂ ਵਾਹਿਗੁਰੂ ਕੋਲੋਂ ਹੁਕਮ ਲੈਕੇ ਦਿਲੀ ਪੁਜੇ ਸਨ। ਨਿਰਵੈਰ ਤੇ ਨਿਰਭਉ ਆਤਮਾ ਨਹੀਂ ਸੀ ਚਾਹੁੰਦੀ ਕਿ ਉਹ ਕਿਸੇ ਨਾਲ ਵੈਰ ਰਖਣ ਵੈਰ ਤਾਂ ਜ਼ੁਲਮ ਨਾਲ ਸੀ। ਉਹ ਨਹੀਂ ਸਨ ਚਾਹੁੰਦੇ ਕਿ ਖ਼ੁਦਾ ਦੀ ਖਲਕਤ ਤੰਗ ਹੋਵੇ।

ਪਾਪੀਆਂ ਨੇ ਨਿਰਵੈਰ ਆਤਮਾ ਨੂੰ ਹਵੇਲੀ ਵਿਚ ਬੰਦ ਕਰ ਦਿੱਤਾ। ਨਾ ਦੀਵਾ ਨਾ ਬੱਤੀ, ਭਿਆਨਕ ਹਵੇਲੀ, ਥਾਂ ਥਾਂ ਤੋਂ ਕੰਧਾਂ ਤੇ ਛੱਤਾਂ ਟੁਟੀਆਂ ਹੋਈਆਂ ਸਨ। ਉਲੂ, ਚੰਮਗਿੱਦੜ, ਕੋਹੜ ਕਿਰਲੀਆਂ, ਚੂਹੇ ਤੇ ਸੱਪ ਚੱਪੇ ਚੱਪੇ ਉਤੇ ਸਨ। ਕਿਤੇ ਰਤਾ ਹਵਾ ਸੀ ਤਾਂ ਦੂਸਰੀ ਥਾਂ ਦਮ ਘੁਟਦਾ ਸੀ। ਉਹ ਹਵੇਲੀ ਹਨੇਰੀ ਕਬਰ ਸੀ ਪਰ ਮੈਂ ਬਲਿਹਾਰ ਜਾਵਾਂ ਸਤਿਗੁਰੂ ਜੀ ਦੇ ਜਿਨ੍ਹਾਂ ਨੇ ਉਸ ਨੂੰ ਖਿੜੇ ਮੱਥੇ ਘਰ ਮੰਨਿਆਂ, ਕਿਸੇ ਸੰਤਰੀ ਜਾਂ ਅਫਸਰ ਅਗੇ ਗਿਲਾ ਨਹੀਂ ਕੀਤਾ। ਸਗੋਂ ਕਰਤਾਰ ਦਾ ਧੰਨਵਾਦ ਕੀਤਾ।

ਜਿਸ ਥਾਂ ਵੀ ਮੇਰਾ ਚੋਜੀ ਪ੍ਰੀਤਮ (ਸਤਿਗੁਰੂ ਨਾਨਕ ਦੇਵਜੀ ਦਸਾਂ ਹੀ ਰੂਪਾਂ ਵਿਚ) ਬੈਠਾ ਉਹੋ ਹੀ ਥਾਂ ਪੂਜਨੀਕ ਤੇ ਸੁੰਦਰ ਸੁਹਾਵਣੀ ਬਣਗਈ, ਓਥੇ ਹੀ ਕੁਦਰਤ ਵਲੋਂ ਰੌਣਕਾਂ ਹੋ ਗਈਆਂ।ਵਾਹਿਗੁਰੂ ਦਾ ਐਸਾ ਭਾਣਾ ਹੋਇਆ ਕਿ ਸਾਰੀ

ਹਵੇਲੀ ਵਿਚ ਦਿਨ ਵਰਗੀ ਚਿੱਟੀ ਰੋਸ਼ਨੀ ਹੋ ਗਈ। ਉਸ ਰੋਸ਼ਨੀ ਦੇ ਕਾਰਨ ਸਾਰੀਆਂ ਉਹ ਮਾੜੀਆਂ ਚੀਜ਼ਾਂ (ਸੱਪ, ਉਲੂ ਤੇ ਕੋਹੜ ਕਿਰਲੀਆਂ ਆਦਿਕ) ਜੋ ਮਨੁਖ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸਨ, ਨੱਸ ਗਈਆਂ। ਚੰਦ੍ਰੀਆਂ ਰੂਹਾਂ ਦਾ ਦਮ ਘੁਟਿਆ ਗਿਆ। ਉਹ ਤਾਂ ਪਾਰੇ ਵਾਂਗ ਕੰਬਦੀਆਂ ਹੋਈਆਂ ਦਇਆ ਦੇ ਸਾਗਰ ਪਾਸ ਆਪ ਚਲ ਕੇ ਆਈਆਂ। ਉਹਨਾਂ ਨੇ ਕੁਰਲਾਕੇ ਬੇਨਤੀ ਕੀਤੀ- 'ਅਸੀਂ ਪਾਪੀ ਜੀਵ ਜਿਨ੍ਹਾਂ ਮਾਯਾ ਤੇ ਹੰਕਾਰ ਨਾਲ ਪਿਆਰ ਕੀਤਾ, ਮਰ ਕੇ ਪ੍ਰੇਤ ਜੂਨ ਵਿਚ ਆਏ। ਕੁਝ ਦਇਆ ਕਰੋ, ਮੇਹਰ ਕਰੋ। ਇਸ ਜੂਨ ਤੋਂ ਅਸਾਂ ਦਾ ਛੁਟ-ਕਾਰਾ ਹੋਵੇ। ਆਪ ਸਭ ਕੁਝ ਕਰਨ ਦੇ ਸਮਰਥ ਹੋ, ਹੇ ਦਾਤਾਰ! ਆਪ ਜਦੋਂ ਬਾਣੀ ਉਚਾਰਦੇ ਤੇ ਪਾਠ ਕਰਦੇ ਹੋ ਤਦੋਂ ਅਸਾਂ ਦੇ ਪਾਪੀ ਤਪਦੇ ਹਿਰਦਿਆਂ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਅਸਾਂ ਨੂੰ ਹੁਕਮ ਕਰੋ, ਅਸੀਂ ਕੀ ਕਰੀਏ? ਕਿਵੇਂ ਆਪ ਦੀ ਸੇਵਾ ਕਰੀਏ? ਕੀ ਮੁਗਲਾ ਨੂੰ ਮਾਰ ਸੁਟੀਏ? ਕੀ ਕਿਲੇ ਹਵੇਲੀਆਂ ਤੋੜ ਫੋੜ ਕੇ ਨਸ਼ਟ ਕਰ ਦੇਵੀਏ ਤੇ ਬਾਦਸ਼ਾਹ ਨੂੰ ਓਹਦੇ ਹਰਮਾਂ ਵਿਚੋਂ ਖਿੱਚ ਲਿਆਈਏ? ਉਸ ਨੂੰ ਮਾਰ ਦੇਵੀਏ? ਕੁਝ ਖਾਣ ਵਾਲੀਆਂ ਚੀਜ਼ਾਂ ਮੰਗੋ, ਅਸ਼ੀਂ ਹਾਜ਼ਰ ਹਾਂ ਜੋ ਇੱਛਾ ਹੈ, ਸੋ ਬਾਜ਼ਾਰੋਂ ਚੁਕ ਲਿਆਉਂਦੇ ਹਾਂ।'

ਭੂਤਾਂ ਨੂੰ ਕੋਈ ਉੱਤਰ ਦੇਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਮੂਲ ਮੰਤ੍ਰ ਦਾ ਪਾਠ ਕੀਤਾ। ਸੱਤ ਵਾਰ 'ਵਾਹਿਗੁਰੂ-ਸਤਿਨਾਮ' ਆਖਿਆ। ਇਸ ਦ ਪਿਛੋਂ ਸਿਰਫ ਏਹੋ ਕਿਹਾ—'ਕਿਸੇ ਵਸਤੂ ਦੀ ਲੋੜ ਨਹੀਂ। ਤੁਸੀਂ ਜਾਓ ਤੁਸਾਂ ਨੂੰ ਖੁਲ੍ਹਾਂ।' ਇਸ ਬਚਨ ਨੂੰ ਸਰਵਨ ਕਰਨ ਦੇ ਨਾਲ ਹੀ ਪਰੇਤਾਂ ਦਾ ਪਾਰ ਉਤਾਰਾ ਹੋ ਗਿਆ। ਉਹ ਮਕਾਨ ਛੱਡ ਕੇ ਦੇਵ ਲਕ ਨੂੰ ਚਲੇ ਗਏ। ਉਹਨਾਂ ਦੇ ਜਾਣ ਪਿਛੋਂ ਸਾਰੀਆਂ ਚੰਦ੍ਰੀ-ਆਂ ਰੂਹਾਂ, ਮਨੁਖਾਂ ਨੂੰ ਨੁਕਸ਼ਾਨ ਪਹੁੰਚਾਉਣ ਵਾਲੇ ਜੀਵ, ਸਭ ਮੈਦਾਨ ਛੱਡਕੇ ਨੱਸ ਗਏ। ਓਹੋ ਹਵੇਲੀ ਭੈ ਰਹਿਤ ਹੋ ਗਈ ਸੀ।

ਸਵੇਰ ਹੋਈ ਤਾਂ ਕੋਤਵਾਲ ਆਇਆ, ਉਸ ਨੇ ਸਮਝਿਆ ਭੂਤ ਪ੍ਰੇਤਾਂ ਅਤੇ ਸੁੰਞੀ ਹਵੇਲੀ ਦੀ ਗਦੀ ਹਵਾ ਨੇ ਜ਼ਰੂਰ ਨਜ਼ਰ ਬੰਦਾਂ (ਸਤਿਗੁਰੂ ਜੀ ਤੇ ਸਾਥੀ ਸਿੱਖਾਂ) ਨੂੰ ਮਾਰ ਦਿੱਤਾ ਹੋਵਗਾ। ਜਾਂ ਉਹ ਐਨੇ ਕਮਜ਼ੋਰ ਤੇ ਭੈ ਭੀਤ ਹੋ ਗਏ ਹੋਣਗੇ ਕਿ ਉਹ ਬਾਦਸ਼ਾਹ ਦੀ ਹਰ ਸ਼ਰਤ ਨੂੰ ਮੰਨਣ ਵਾਸਤੇ ਤਿਆਰ ਹੋ ਜਾਣਗੇ ਪਰ ਜਦੋਂ ਉਸ

ਨੇ ਬਾਹਰਲਾ ਬੂਹਾ ਖੋਹਲਿਆ ਤੇ ਅੰਦਰ ਜਾਕੇ ਦੇਖਿਆ ਤਾਂ ਬਹੁਤ ਹੈਰਾਨ ਹੋਇਆ । ਸਤਿਗੁਰੂ ਜੀ ਪ੍ਰਸੰਨ ਚਿਤ ਸਮਾਧੀ ਲਾਕੇ ਬੈਠੇ ਹੋਏ ਵਾਹਿਗੁਰੂ ਦਾ ਭਜਨ ਕਰ ਰਹੇ ਸਨ। ਉਹਨਾਂ ਦੇ ਚੇਹਰੇ ਦਾ ਪ੍ਰਕਾਸ਼ ਝਲਿਆ ਨਹੀਂ ਸੀ ਜਾਂਦਾ। ਕੋਤਵਾਲ ਨੂੰ ਇਸ ਤਰਾਂ ਦਿਸਿਆ ਜਿਵੇਂ ਸਚਮੁਚ ਖੁਦਾ ਖੁਦ ਧਰਤੀ ਤੇ ਆ ਬੈਠਾ ਹੈ। ਉਹ ਦਸ ਕਦਮ ਪਿਛੇ ਹੋ ਗਿਆ। ਉਸਨੂੰ ਅੱਗੇ ਹੋਕੇ ਗੱਲਕਰਨ ਦਾ ਹੌਂਸਲਾ ਨਹੀਂ ਪਿਆ। ਠੀਕ ਓਸੇ ਤਰਾਂ ਜਿਵੇਂ ਮੂਸੇ ਨੂੰ ਕੋਹ-ਤੂਰ ਪਰਬਤ ਉਤੇ ਖੁਦਾ ਦੇ ਦਰਸ਼ਨ ਹੋਏ ਸਨ ਤੇ ਉਹ ਬੇਸੁਰਤ ਹੋ ਗਿਆ ਸੀ ਤੇ ਦਰਸ਼ਨ ਨਹੀਂ ਸੀ ਕਰ ਸਕਿਆ। ਤਿਵੇਂ ਕੋਤਵਾਲ ਦੇ ਭਾਗ ਮਾੜੇ ਸਨ। ਓਹ ਪਾਰਬ੍ਰਹਮ ਦੇ ਪ੍ਰਤੀ-ਨਿਧ ਨੂੰ ਨਾ ਜਾਣ ਸਕਿਆ। ਉਸ ਦੀਆਂ ਅੱਖਾਂ ਅਗੇ ਮਜ਼ਬੀ ਤੁਅੱਸਬ ਦੀ ਪੱਟੀ ਬੱਝੀ ਹੋਈ ਸੀ। ਉਹ ਸਤਿਗੁਰੂ ਜੀ ਨੂੰ ਹਿੰਦੂ ਪੀਰ ਸਮਝਦਾ ਸੀ ਹਿੰਦੂਪੀਰ ਨੂੰਕਤਲ ਕਰਨਾ ਨਿਰਾਦਰ ਕਰਨਾ ਤੇ ਭੁਖਾ ਰਖਣਾ ਓਹਦੀ ਨਿਗਾਹ ਵਿਚ ਕੋਈ ਜ਼ੁਲਮ ਜਾਂ ਪਾਪ ਨਹੀਂ ਸੀ। ਅਗਿਆਨੀ ਪੁਰਖ ਭੇਤ ਨੂੰ ਨਾ ਪਾ ਸਕਿਆ। ਭੇਤ ਨਾ ਪਾਉਣ ਦਾ ਇਹ ਫਲ ਹੋਇਆ ਕਿ ਉਸਨੂੰ ਨਰਕਾਂ ਵਿਚ ਜਾਣਾ ਪਿਆ, ਉਸਨੇ ਨਿਰਵੈਰ ਆਤਮਾ ਨੂੰ ਆਪਣੀ ਵਲੋਂ ਤੰਗ ਕੀਤਾ ਸੀ ਉਹ ਬੜੇ ਰੋਅਬ ਨਾਲ ਬੋਲਿਆ "ਦੇਖੋ ਜੀ ! ਇਕ ਰਾਤ ਤੁਸਾਂ ਏਥੇ ਕਟੀ ਹੈ । ਇਹ ਭੂਤਾਂ ਵਾਲੀ ਹਵੇਲੀ ਸੀ। ਇਉਂ ਪ੍ਰਤੀਤ ਹੁੰਦਾ ਹੈ ਕਿ ਤੁਸੀਂ ਰਾਤ ਸੁਤੇ ਨਹੀਂ, ਹੁਣ ਦਸੋ ਤੇ ਛੇਤੀ ਦਸੋ, ਏਥੇ ਰਖਿਆ ਜਾਵੇ ਕਿ ਕਿਤੇ ਹੋਰਸ ਹਵੇਲੀ ਵਿਚ ਲੈ ਜਾਵੀਏ ? ਪਰ ਹੋਰ ਥਾਂ ਖੜਨ ਵਾਸਤੇ ਇਕ ਸ਼ਰਤ ਜ਼ਰੂਰ ਹੈ। ਉਹ ਸ਼ਰਤ ਇਹ ਹੈ ਕਿ ਪਹਿਲਾਂ ਹਾਂ ਕਰੋ ਕਿ ਦੀਨ ਇਸਲਾਮ ਨੂੰ ਕਬੂਲਣ ਵਾਸਤੇ ਤਿਆਰ ਹੋ ?'

ਉਸ ਦੀ ਬਕਵਾਸ ਸੁਣਕੇ ਸਤਿਗੁਰੂ ਜੀ ਮੁਸਕਰਾ ਪਏ–"ਕੋਤਵਾਲ ਜੀ ਬੈਠੋ ! ਹੌਂਸਲੇ ਤੋਂ ਕੰਮ ਲਵੋ। ਇਹ ਹਵੇਲੀ ਤਾਂ ਬਹਿਸ਼ਤ ਦੀ ਛੋਟੀ ਭੈਣ ਹੈ।ਰਤਾ ਅੰਦਰ ਜਾਕੇ ਤਾਂ ਦੇਖੋ ! ਇਸ ਨਾਲੋਂ ਚੰਗੀ ਥਾਂ ਹੋਰ ਅਸਾਂ ਨੂੰ ਕਿਥੇ ਮਿਲਣੀ ਹੈ। ਇਹ ਤਾਂ ਤੁਸਾਂ ਚੰਗਾ ਕੀਤਾ ਜੋ ਚੰਗੇ ਸੁਖਾਂ ਵਾਲੀ ਥਾਂ ਅਸਾਂ ਦਾ ਡੇਰਾ ਕਰਵਾ-ਇਆ। ਰਾਤ ਨੂੰ ਕਈ ਪਰਕਾਰ ਦੇ ਭੋਜਨ ਛਕਣ ਵਾਸਤੇ ਆਏ, ਇਹ ਭੂਤਾਂ ਦੀ ਹਵੇਲੀ ਨਹੀਂ, ਦੇਵਤਿਆਂ ਦੀ ਹਵੇਲੀ ਹੈ ਰਤਾ ਫਿਰਕੇ ਤਾਂ ਦੇਖੋ। ਬਾਕੀ ਰਹੀ

ਅਸਾਂ ਦੀ ਗਲ, ਅਸੀਂ ਕਿਸੇ ਹੋਰ ਥਾਂ ਜਾਣ ਨੂੰ ਤਿਆਰ ਨਹੀਂ, ਏਥੇ ਅਸਾਂ ਨੂੰ ਬਹੁਤ ਸੁਖ ਚੈਨ ਹੈ। ਕਰਤਾਰ ਦੀ ਦਇਆ ਹੈ। ਮੇਰਾ ਮਾਲਕ(ਕਰਤਾਰ)ਨਿਰਾਲੇ ਹੀ ਚੋਜ ਕਰ ਰਿਹਾ ਹੈ। ਮਾਯਾ ਉਹਦੀ ਦਾਸੀ ਹੈ ਤੇ ਉਹਦੇ ਹੁਕਮ ਅਨੁਸਾਰ ਜੀਵਾਂ ਨੂੰ ਨਾਚ ਨਚਾ ਰਹੀ ਹੈ।"

ਇਹ ਬਚਨ ਸੁਣਕੇ ਕੋਤਵਾਲ ਦੇ ਦੰਦ ਜੁੜ ਗਏ। ਉਹ ਬਹੁਤ ਹੈਰਾਨ ਹੋਇਆ ਕਿ ਇਹ ਕੈਸੇ ਪੀਰ ਹਨ ਜੋ ਦੁਖਾਂ ਨੂੰ ਸੁਖ ਸਮਝ ਰਹੇ ਹਨ, ਭੂਤਾਂ ਵਾਲੀ ਸੁੰਞੀ ਤੇ ਹਨੇਰੀ ਹਵੇਲੀ ਨੂੰ ਬਹਿਸ਼ਤ ਦੀ ਛੋਟੀ ਭੈਣ ਆਖ ਰਹੇ ਹਨ ਜਦੋਂ ਸਾਰਾ ਜ਼ਮਾਨਾ ਦੋਜ਼ਕ (ਨਰਕ) ਦੀ ਭੈਣ ਸਮਝ ਰਿਹਾ ਹੈ ਉਹ ਹਵੇਲੀ ਨੂੰ ਫਿਰਕੇ ਦੇਖਣ ਲੱਗਾ। ਸਤਿਗੁਰੂ ਜੀ ਨੇ ਆਪਣੀ ਬ੍ਰਹਮ ਸ਼ਕਤੀ ਨਾਲ ਐਸਾ ਖੇਲ ਰਚਾਇਆ ਕਿ ਕੋਤਵਾਲ ਨੂੰ ਇਉਂ ਦਿਸਣ ਲੱਗਾ ਜਿਵੇਂ ਸਚ ਮੁਚ ਹਵੇਲੀ ਦਾ ਹਰ ਇਕ ਹਿੱਸਾ ਸਾਫ ਸੁਥਰਾ, ਲਿਸ਼ਕ ਵਾਲਾ ਅਤੇ ਕੀਮਤੀ ਤੇ ਸੁੰਦਰ ਸਮਾਨ ਨਾਲ ਸਜਾਇਆ ਫਬਾਇਆ ਹੈ। ਜਿਥੇ ਖਾਲੀ ਥਾਵਾਂ ਸਨ ਉਥੇ ਫੁਲਵਾੜੀਆਂ ਹਨ। ਛੱਤਾਂ ਨਾਲ ਫਨੂਸ ਟੰਗੇ ਹੋਏ ਹਨ ਭੇ ਛਤਾਂ ਵੀ ਸ਼ੀਸ਼ਿਆਂ ਤੇ ਮੋਤੀਆ ਨਾਲ ਜੜੀਆਂਹੋਈਆਂਹਨ। ਫਰਸ਼ ਉਤੇ ਗਲੀਚੇ ਵਿਛੇ ਹੋਏ ਹਨ। ਸਤਿਗੁਰੂ ਜੀ ਦੇ ਸੇਵਾਦਾਰ ਸਿੱਖ ਭਾਵੇਂ ਧਰਤੀ ਉਤੇ ਬਿਸਤਰੇ ਕਰੀ ਬੈਠੇ ਸਨ, ਉਨ੍ਹਾਂ ਪਾਸ ਪੂਰੇ ਬਸਤ੍ਰ ਵੀਨਹੀਂ ਸਨ ਫਿਰ ਵੀ ਕੋਤਵਾਲ ਨੂੰ ਇਉਂ ਪ੍ਰਤੀਤ ਹੋਇਆ ਕਿ ਉਹ ਗਦੇਲੇ ਦਾਰ ਬਿਸਤ੍ਰਿਆਂ ਉਤੇ ਚੌਕੜ ਮਾਰਕੇ ਬੈਠੇ ਹੋਏ ਸਨ। ਇਹ ਕੁਝ ਦੇਖਕੇ ਉਸਨੇ ਨੂੰ ਮਝਿਆ ਕਿ ਉਹ ਸੁਪਨਾ ਤਾ ਨਹੀਂ ਦੇਖ ਰਿਹਾ ਫਿਰ ਉਸਨੇ ਚੀਜ਼ਾਂ ਨੂੰ ਹਥਾਂ ਨਾਲ ਟੋਹਟੋਹ ਕੇ ਦੇਖਿਆ, ਚੀਜ਼ਾਂ ਠੀਕ ਸਨ ਮਾਯਾ ਸੀ, ਪਰ ਉਸਨੂੰ ਮਾਯਾ ਅਸਲੀਅਤ ਵਿਚ ਅਨਭਨ ਹੋ ਰਹੀ ਸੀ ਉਹ ਘਬਰਾ ਗਿਆ, ਘਬਰਾ ਕੇ ਛੇਤੀ ਹਵੇਲੀ ਤੋਂ ਬਾਹਰ ਹੋ ਗਿਆ ਤੇ ਉਸਨੇ ਹਵੇਲੀ ਦੇ ਪਹਿਰੇਦਾਰ ਤੇ ਮੰਤ੍ਰੀਆਂ ਨੂੰ ਕਿਹਾ-'ਕੌਣ ਆਇਆ ਸੀ ? ਹਵੇਲੀ ਵਿਚ ਲੋੜੀਦਾ ਸਮਾਨ ਕੌਣ ਰੱਖ ਗਿਆ ? ਕੀ ਕੋਈ ਹਿੰਦੂ ਸ਼ਾਹੂ-ਕਾਰ ਆਇਆ ਸੀ ? ਦਸੋ ਛੇਤੀ ਦਸੋ ! ਰਾਤ ਰਾਤ ਕੀ ਹੋ ਗਿਆ। ਸੁੰਞੀ, ਅਨਝਾੜੀ, ਹਨੇਰੀ, ਚੂਹਿਆਂ, ਸੱਪਾਂ ਵਾਲੀ ਹਵੇਲੀ ਸੱਚ ਮੁਚ ਸੁਲੇਮਾਨ ਦੇ ਐਸ਼ ਵਰਜ ਦਾ ਇਕ ਹਿਸਾ ਕਿਵੇਂ ਬਣ ਗਈ ? ਕੀ ਮੈਂ ਪਾਗਲ ਤਾਂ ਨਹੀਂ ਹੋ ਗਿਆ?'

"ਸਰਕਾਰ !" ਸੰਤਰੀ ਨੇ ਕਿਹਾ—"ਸਾਰੀ ਰਾਤ ਏਥੇ ਤਾਂ ਚਿੜੀ ਨਹੀਂ ਫੜਕੀ,ਭੂਤ-ਪਰੇਤ ਵੀ ਨਹੀਂ ਆਇਆ, ਆਦਮੀ ਕਿਵੇਂ ਆ ਸਕਦਾ ਹੈ ? ਫਿਰ ਬਾਦਸ਼ਾਹ ਸਲਾਮਤ ਦੇ ਹੁਕਮ ਤੋਂ ਬਿਨਾਂ, ਹਿੰਦੂ ਕਿਸੇ ਨੇ ਏਧਰ ਝਾਕਕੇ ਮੌਤ ਨੂੰ ਹਾਕ ਮਾਰਨੀ ਸੀ ? ਐਵੇਂ ਤੁਸਾਂ ਨੂੰ ਭੁਲੇਖਾ ਲੱਗਾ,ਜਾਂ ਹੋ ਸਕਦਾ ਹੈ ਕਿ ਹਿੰਦੂ ਪੀਰ ਨੇ ਕੋਈ ਕਰਾਮਾਤ ਦਿਖਾਕੇ ਤੁਸਾਂ ਨੂੰ ਹੈਰਾਨ ਕੀਤਾ ਹੋਵੇ। ਅਸੀਂ ਦੇਖਦੇ ਰਹੇ ਹਾਂ,ਸਾਰੀ ਹਵੇਲੀ ਵਿਚ ਘੁਪ ਹਨੇਰਾ ਹੈ। ਕੈਦੀਆਂ ਨੂੰ ਤਾਂ ਪਾਣੀ ਦਾ ਘੁਟ ਵੀ ਨਹੀਂ ਦਿੱਤਾ ਗਿਆ ਜਿਵੇਂ ਆਪਦਾ ਹੁਕਮ ਸੀ। ਖੁਦਾ ਹਾਫਜ਼ ! ਅਸੀਂ ਤਾਂ ਤੁਸਾਂ ਕੋਲੋਂ ਗਲਾਂ ਸੁਣਕੇ ਹੀ ਹੈਰਾਨ ਹੋ ਗਏ ਹਾਂ। ਮੈਂ ਤਿੰਨ ਵਾਰਅੰਦਰ ਫਿਰਕੇਆਇਆ ਮੈਨੂੰ ਤਾਂ ਕੋਈ ਨਵੀਂ ਚੀਜ਼ ਦਿਖਾਈ ਨਹੀਂ ਦਿੱਤੀ।"

"ਖੁਦਾ ਹਾਫਜ਼ ! ਹਛਾ ! ਪਹਿਰਾ ਕਰੜਾ ਰਖੋ। ਇਹ ਖਿਆਲ ਰਖਣਾ ਕਿ ਪੀਰ ਕਿਧਰੇ ਨੱਸ ਨਾ ਜਾਵੇ। ਮੈਂ ਹੁਣ ਜਾਕੇ ਬਾਦਸ਼ਾਹ ਸਲਾਮਤ ਨੂੰ ਖ਼ਬਰ ਦੇਂਦਾ ਹਾਂ। ਮੈਂ ਜੋ ਕੁਝ ਦੇਖਿਆ ਹੈ ਉਹ ਕੁਝ ਝੂਠ ਨਹੀਂ ਹੋ ਸਕਦਾ। ਇਸ ਹਵੇਲੀ ਨੂੰ ਮੈਂਚੰਗੀ ਤਰ੍ਹਾ ਜਾਣਦਾ ਹਾਂ। ਮੈਂ ਹੋਰ ਆਦਮੀ ਭੇਜਦਾ ਹਾਂ। ਛੱਤਾਂ, ਪਾਸਿਆਂ ਤੇ ਦਰਵਾਜ਼ਿਆਂ ਵਲ ਧਿਆਨ ਰਖਣਾ। ਹਿੰਦੂ ਪੀਰ ਕਰਾਮਾਤੀ ਹੈ। ਕਿਤੇ ਨੱਸ ਨਾ ਜਾਵੇ। ਜੇ ਨੱਸ ਗਿਆ ਤਾਂ ਮੈਂ ਮਾਰਿਆ ਜਾਵਾਂਗਾ। ਮੇਰਾ ਘਾਣ-ਬੱਚਾ ਪੀੜ ਦਿਤਾ ਜਾਵੇਗਾ। ਤੋਬਾ ! ਖੁਦਾ ਹਾਫਜ਼ !' ਇਹ ਆਖਦਾ ਹੋਇਆ, ਕੋਤਵਾਲ ਬਾਦਸ਼ਾਹ ਔਰੰਗਜ਼ੇਬ ਵਲ ਚਲਿਆ ਗਿਆ।

੭. ਸਤਿਗੁਰੂ ਜੀ ਦੀ ਔਰੰਗਜ਼ੇਬ ਨਾਲ ਮੁਲਾਕਾਤ

ਕੋਤਵਾਲ ਔਰੰਗਜ਼ੇਬ ਦੇ ਕੋਲ ਪੁਜਾ,ਉਸ ਨੇ ਜੋ ਜੋ ਗੈਰ-ਕੁਦਰਤੀ ਨਜ਼ਾਰੇ ਦੇਖੇ ਸਨ, ਉਹ ਸਾਰੇ ਬਿਆਨ ਕਰ ਦਿਤੇ। ਪਹਿਲਾਂ ਔਰੰਗਜ਼ੇਬ ਨੇ ਰਾਮਰਾਇ ਪਾਸੋਂ ਕਈ ਕਰਾਮਾਤਾਂ ਦੇਖੀਆਂ ਹੋਈਆਂ ਸਨ। ਉਸਨੇ ਆਖਿਆ'ਇਹ ਵੀ ਕਰਾਮਾਤੀ ਹੈ। ਪਰ ਮੈਂ ਇਸ ਨੂੰ ਮੁਸਲਮਾਨ ਬਣਾਏ ਬਿਨਾ ਨਹੀਂ ਛਡਾਂਗਾ।"

ਇਹ ਆਖਕੇ ਔਰੰਗਜ਼ੇਬ ਉਸ ਹਵੇਲੀ ਵਲ ਤੁਰ ਪਿਆ ਜਿਥੇ ਸਤਿਗੁਰੂ ਜੀ ਨਜ਼ਰਬੰਦ ਸਨ। ਔਰੰਗਜ਼ੇਬ ਹਾਥੀ ਉਤੇ ਸੁਵਾਰ ਹੋਕੇ ਕਿਲੇ ਵਿਚੋਂ ਨਿਕਲਿਆ ਫੌਜ ਨੇ ਬਾਜ਼ਾਰ ਖਾਲੀ ਕਰਾ ਦਿੱਤਾ। ਜੋ ਸਰਕਾਰੀ ਢੱਠੇ ਵੱਟੇ ਸਨ, ਉਹਨਾਂ ਨੇ

ਅਗੇ ਹੋਕੇ ਉਸਦਾ ਸੁਵਾਗਤ ਕੀਤਾ ।

ਕੋਤਵਾਲ ਵਾਲੀ ਹਵੇਲੀ ਆ ਗਈ। ਹਾਥੀ ਰੁਕ ਗਿਆ ਹਾਥੀ ਤੋਂ ਉਤਰ ਕੇ ਸ਼ਾਹੀ ਰੋਅਬ ਨਾਲ ਬਾਦਸ਼ਾਹ ਹਵੇਲੀ ਵਿਚ ਗਿਆ। ਬਾਦਸ਼ਾਹ ਨੇ ਉਸ ਸੁੰਵੀ ਤੇ ਹਨੇਰੀ ਹਵੇਲੀ ਵਿਚ ਨਹੀਂ ਜਾਣਾ ਜੇ ਕੋਤਵਾਲ ਉਸ ਨੂੰ ਇਹ ਨਾ ਦਸਦਾ ਕਿ ਹਵੇਲੀ ਦਾ ਹੁਲੀਆ ਹੀ ਬਦਲ ਗਿਆ ਹੈ। ਜਿਵੇਂ ਅਲਾਦੀਨ ਦਾ ਚਰਾਗ ਘੜੀ ਵਿਚ ਦੀ ਰਾਜ-ਭਵਨ ਤਿਆਰ ਕਰ ਦੇਂਦਾ ਸੀ ਤਿਵੇਂ ਹਵੇਲੀ ਦਾ ਅੰਦਰਲਾ ਹਿਸਾ ਸ਼ੰਗਾਰਿਆ ਤੇ ਸਵਾਰਿਆ ਗਿਆ ਸੀ। ਬਾਦਸ਼ਾਹ ਤਾਂ ਕਰਾਮਾਤ ਦਾ ਨਜ਼ਾਰਾ ਦੇਖਣ ਆਇਆ ਸੀ।

ਜਦੋਂ ਔਰੰਗਜ਼ੇਬ ਹਵੇਲੀ ਦੇ ਬੂਹੇ ਵਿਚ ਗਿਆ ਤਾਂ ਉਸਨੇ ਦੇਖਿਆ ਕੋਈ ਤਬਦੀਲੀ ਨਹੀਂ ਸੀ। ਨਾ ਫਰਸ਼ ਸਾਫ ਸਨ ਤੇ ਨਾ ਗਲੀਚੇ ਵਿਛੇ ਸਨ, ਸਗੋਂ ਹਨੇਰਾ, ਕੂੜਾ, ਕਲਰ, ਕੋਹੜ ਕਿਰਲੀਆਂ, ਮੱਖੀਆਂ ਤੇ ਚੂਹੇ ਆਦਿਕ ਸਨ। ਉਸਦੇ ਵਿਚੋਂ ਗੰਦੀ ਹਵਾ ਆ ਰਹੀ ਸੀ ਹਵੇਲੀ ਦੀ ਇਹ ਦਸ਼ਾ ਦੇਖਕੇ ਬਾਦਸ਼ਾਹ ਨੇ ਕੋਤਵਾਲ ਨੂੰ ਘੂਰਿਆ ਤੇ ਆਖਿਆ—'ਤੂੰ ਝੂਠ ਹੀ ਆਖਿਆ, ਏਥੇ ਤਾਂ ਸਭ ਕੁਝ ਉਹੋ ਹੀ ਹੈ ਜੋ ਕੁਝ ਪਹਿਲਾਂ ਸੀ। ਕਿੱਥ ਹੈਨ ਹਿੰਦੂਆਂ ਦੇ ਪੀਰ?'

'ਜਹਾਂ ਪਨਾਹ ! ਉਹ ਵਿਚਾਲੇ ਦੀ ਛੱਤ ਤੇ ਬੰਦ ਕੀਤੇ ਹਨ, ਉਨ੍ਹਾਂ ਦੇ ਨੱਸ ਜਾਣਾ ਦਾ ਖਤਰਾ ਪੈਦਾ ਹੋ ਗਿਆ ਸੀ, ਪਰ ਮੈਂ ਬਹੁਤਹੈਰਾਨ ਹਾਂ ਕਿ ਜੋ ਕੁਝ ਮੈਂ ਸਵਰ ਦੇਖਿਆ ਸੀ, ਉਹ ਕਝ ਹੁਣ ਨਜ਼ਰ ਨਹੀਂ ਆ ਰਿਹਾ, ਜਰੂਰ ਕਰਾਮਾਤੀ ਹਨ।' ਇਹ ਆਖਦਾ ਹੋਇਆ ਕੋਤਵਾਲ ਅਗੇ ਅਗੇ ਤੁਰਿਆ ਗਿਆ ਤੇ ਬਾਦ ਸ਼ਾਹ ਨੂੰ ਰਾਹ ਦਸੀ ਗਿਆ। ਗੱਲਾਂ ਕਰਦੇ ਹੋਏ ਉਹ ਉਸ ਕਮਰੇ ਵਿਚ ਜਾ ਪੁਜੇ, ਜਿਥੇ ਮੇਰਾ ਦਾਤਾਰ ਸਤਿਗੁਰੂ ਸੀ। ਖੁਸ਼ੀ ਤੇ ਗਮੀ, ਤਤ ਤੇ ਠੰਡ, ਸੁਖ ਤੇ ਦੁਖ ਨੂੰ ਜੋ ਇਕੋ ਜੇਸੇ ਸਮਝਦਾ ਹੋਇਆ ਕਰਤਾਰ ਦਾ ਭਾਣਾ ਮੰਨਦਾ ਸੀ।

ਸਤਿਗੁਰੂ ਜੀ ਸਮਾਧੀ ਲਾਕੇ ਬੈਠੇ ਹੋਏ ਪਾਰਬ੍ਰਹਮ ਮਾਲਕ ਨਾਲ ਸੁਰਤ ਜੋੜੀ ਬੈਠੇ ਸਨ। ਉਨ੍ਹਾਂ ਨੂੰ ਜਗਤ ਦਾ ਗਿਆਨ ਨਹੀਂ ਸੀ, ਐਨੇ ਵਿਸਮਾਦ ਵਿਚ ਚਲੇ ਗਏ ਸਨ ਕਿ ਇਹ ਵੀ ਗਿਆਨ ਨਹੀਂ ਸੀ ਰਿਹਾ ਕਿ ਉਹ ਇਕ ਬੰਦੀਖਾਨੇ ਵਿਚ ਬਿਰਾਜੇ ਹੋਏ ਹਨ। ਕੋਤਵਾਲ ਨੇ ਕੋਠੜੀ ਦਾ ਬੂਹਾ ਖੋਹਲਕੇ ਸਤਿਗੁਰੂ ਜੀ ਨੂੰ

ਕਿਹਾ—"ਪੀਰ ਜੀ ! ਬਾਦਸ਼ਾਹ ਸਲਾਮਤ ਆਏ ਹਨ । ਉਠਕੇ ਸਤਿਕਾਰ ਕਰੋ ।"

ਸਤਿਗੁਰੂ ਜੀ ਨੇ ਨੇਤ੍ਰ ਖੋਹਲੇ । ਬਾਦਸ਼ਾਹ ਵਲ ਤਕਿਆ ਤੇ ਬਚਨ ਕੀਤਾ —"ਬਾਦਸ਼ਾਹ ਆਇਆ ਹੈ, ਬਹੁਤ ਚੰਗਾ ਹੋਇਆ ਅਸਾਂ ਦਾ ਵੀ ਵਿਚਾਰ ਸੀ ਕਿ ਬਾਦਸ਼ਾਹ ਦੇ ਦਰਸ਼ਨ ਕਰੀਏ । ਬਾਦਸ਼ਾਹ ਦੇਖਣ ਨੂੰ ਤਾਂ ਚੰਗੇ ਪ੍ਰਤੀਤ ਹੁੰਦੇ ਹਨ ਪਰ ਕਰਮ ਤੇ ਸ਼ੱਕ ਹੈ।ਸਾਰੇ ਦੇਸ਼ਵਿਚ ਜੋ ਰੌਲਾ ਪਿਆ ਹੈਕੀ ਉਹ ਸੱਚਾਹੈ ਜਾਂਝੂਠਾ?'

"ਕੀ ਰੌਲਾ ਸੁਣਿਆਂ ਹੈ ?" ਬਾਦਸ਼ਾਹ ਚੁਪ ਨਾ ਰਹਿ ਸਕਿਆ । "ਖੁਦਾ ਦੀ ਖਲਕਤ ਦੁਖੀ ਹੈ। ਬਾਦਸ਼ਾਹ ਦਾ ਧਰਮ ਹੈ ਪਰਜਾ ਨੂੰ ਸੁਖੀ ਰੱਖਣਾ । ਪਰਜਾ ਦੇ ਧਰਮ ਅਤੇ ਨੇਕ ਕਰਮ ਵਿਚ ਦਖਲ ਨਾ ਦੇਣਾ । ਖੁਦਾ ਦਾ ਭੈ ਰਖਣਾ, ਪਰ ਤੁਸਾਂ ਦੇ ਰਾਜ ਵਿਚ ਦਿਨੇ ਹੀ ਹਨੇਰ ਛਾ ਗਿਆ ਹੈ । ਤੁਸਾਂ ਦੇ ਕਰੰਦੇ ਹਿੰਦੂਆਂ ਨੂੰ ਲੁਟੀ,ਕਤਲ ਕਰੀ ਤੇ ਤੰਗ ਕਰੀ ਜਾ ਰਹੇ ਹਨ । ਕੀ ਹਿੰਦੂ ਮਨੁਖ ਨਹੀਂ ? ਕੀ ਉਹਨਾਂ ਨੂੰ ਖੁਦਾ ਨੇ ਪੈਦਾ ਨਹੀਂ ਕੀਤਾ ? ਮਾਸੂਮਾਂ ਦੇ ਖੂਨ ਦਾ ਫਲ ਕੀ ਬਾਦਸ਼ਾਹ ਨੂੰ ਨਹੀਂ ਮਿਲੇਗਾ ?" ਸਤਿਗੁਰੂ ਜੀ ਨੇ ਇਹ ਬਚਨ ਬੜੀ ਨਿਰਭੈਤਾ ਨਾਲ ਕੀਤੇ।

'ਮੇਰਾ ਨਾਮ ਜਾਣਦੇ ਹੋ ? ਬਾਦਸ਼ਾਹ ਕ੍ਰੋਧਵਾਨ ਹੋ ਗਿਆ ।

'ਜਾਣਦੇ ਹਾਂ ਕਿ ਤੁਸੀਂ ਔਰੰਗਜੇਬ ਹੋ, ਜਿਨ੍ਹਾਂ ਨੇ ਸਕੇ ਭਰਾਵਾਂ ਦਾ ਖੂਨ ਕੀਤਾ, ਬਾਪ ਨੂੰ ਤੇ ਭੈਣਾਂ ਨੂੰ ਕੈਦ ਕੀਤਾ, ਮੰਦਰਾਂ ਵਿਚੋਂ ਦੇਵਤਿਆਂ ਦੇ ਬੁਤਾਂ ਨੂੰ ਤੁੜਵਾਇਆ, ਮਾਸੂਮ ਬੱਚਿਆਂ ਦੇ ਲਹੂ ਨਾਲ ਹਥ ਰੰਙਣ ਵਾਲਾ ਹੰਕਾਰੀ ਰਾਵਣ ਸਮਾਨ ਔਰੰਗਜੇਬ । ਜਿਸਨੇ ਕਾਲ ਨੂੰ ਭੁਲਾਛੱਡਿਆ ਹੈ ਜੋ ਕਬਰਾਂਦੀਆਂ ਅਵਾਜਾਂ ਨਹੀਂ ਸੁਣਦਾ, ਜੋ ਸੰਤਾਂ ਫਕੀਰਾਂ ਤੇ ਰਬ ਦੇ ।ਪਆਰਿਆਂ ਨੂੰ ਦੁਖੀ ਕਰਦਾ ਹੈ । ਅਸਾਂ ਝੂਠ ਆਖਿਆ ਕਿ ਸੱਚ ?'

'ਕੋਈ ਕਾਫਰ ਇਸ ਪਵਿਤ੍ਰ ਧਰਤੀ ਤੇ ਨਹੀਂ ਰਹਿ ਸਕਦਾ । ਕੀ ਮੁਸਲ-ਮਾਨ ਹੋਣ ਨੂੰ ਤਿਆਰ ਹੋ ?' ਬਾਦਸ਼ਾਹ ਨੇ ਸਤਿਗੁਰਾਂ ਨੂੰ ਪੁਛਿਆ:—

'ਕੀ ਮੁਸਲਮਾਨ ਬਣਕੇ ਕੋਈ ਮਰਦਾ ਨਹੀਂ ? ਕੀ ਤੁਸੀਂ ਸਦਾ ਰਾਜ ਕਰਦੇ ਰਹੋਗੇ ? ਕਦੀ ਨਹੀਂ ਮਰੋਗੇ ? ਜੇ ਮਰੋਗੇ ਤਾਂ ਇਹ ਰਾਜ, ਧਨ ਦੌਲਤ, ਇਸਲਾਮ ਦੇ ਨਾਮ ਉਤੇ ਕੀਤਾ ਹੋਇਆ ਜੁਲਮ ਤੁਸਾਂ ਦੇ ਸਾਥ ਜਾਵੇਗਾ ?'

'ਜੇ ਮੁਸਲਮਾਨ ਬਣ ਜਾਵੋਗੇ ਤਾਂ ਬਹਿਸ਼ਤ ਵਿਚ ਵਾਸਾ ਹੋਵੇਗਾ । ਸਾਰੇ

ਹਿੰਦ ਦੇ ਵੱਡੇ ਪੀਰ ਬਣਾਏ ਜਾਵਗੇ, ਮੁਗਲ ਸਾਮਰਾਜ ਤੁਸਾਂਦੇ ਚਰਨਾਂ ਦਾ ਸੇਵਕ ਬਣਕੇ ਰਹੇਗਾ। ਜੇ ਨਾ ਮੁਸਲਮਾਨ ਬਣੋਗੇ ਤਾਂ ਕਤਲ ਕੀਤੇ ਜਾਵਗੇ।'

'ਬਾਦਸ਼ਾਹ ਸਲਾਮਤ ਨੂੰ ਜੋ ਕੁਛ ਪੁਛਿਆ ਜਾ ਰਿਹਾ ਹੈ ਉਸਦਾ ਉਤਰ ਤਾਂ ਕੋਈ ਦਿੱਤਾ ਨਹੀਂ ਜਾ ਰਿਹਾ, ਪਰ ਰਾਜ ਦੇ ਬਲ ਦਾ ਰੋਅਬ ਹੀ ਦਿਤਾ ਜਾ ਰਿਹਾ ਹੈ। ਰੋਅਬ ਕਦੀ ਕਿਸੇ ਦੀ ਆਤਮਾਂ ਨੂੰ ਨਹੀਂ ਫਤਹ ਕਰ ਸਕਦਾ, ਕਤਲ ਕਰਨ ਨਾਲ ਜੀਵ ਆਤਮਾ ਨਹੀਂ ਮਰਦੀ। ਉਹ ਅਮਰ ਹੈ ਤੁਸਾਂ ਨੂੰ ਜ਼ੁਲਮ ਕਰਨਤੋਂ ਡਰਨਾ ਚਾਹੀਦਾ ਹੈ, ਆਖਰ ਖੁਦਾ ਨੂੰ ਹਿਸਾਬ ਦੇਣਾ ਹੈ।'

'ਮੈਨੂੰ ਉਪਦੇਸ਼ ਦੀ ਲੋੜ ਨਹੀਂ ! ਇਕੋ ਗਲ ਦਸੋ ਮੁਸਲਮਾਨ ਹੋਣਾ ਜੇ ਕਿ ਨਹੀਂ ?'

'ਨਹੀਂ ! ਅਸੀਂ ਕਦੀ ਮੁਸਲਮਾਨ ਨਹੀਂ ਹੋਣਾ, ਤੁਸਾਂ ਦੀ ਇੱਛਾ ਹੈ ਕਰੋ'

'ਤੁਸੀਂ ਕਤਲ ਕਰ ਦਿਤੇ ਜਾਵਗੇ।'

'ਕੋਈ ਹਰਜ ਨਹੀਂ, ਅਸੀਂ ਕਤਲ ਹੋਣ ਵਾਸਤੇ ਹੀ ਆਏ ਹਾਂ।'

ਸਤਿਗੁਰੂ ਜੀ ਦਾ ਐਸਾ ਦਲੇਰੀ ਤੇ ਨਿਰਭੈਤਾ ਭਰਿਆਉੱਤਰਸੁਣਕੇ ਔਰੰਗਜ਼ੇਬ ਕਪੜਿਆਂ ਤੋਂ ਬਾਹਰ ਹੋ ਗਿਆ। ਉਸਨੇ ਉਸੇ ਵੇਲੇ ਕੋਤਵਾਲ ਨੂੰ ਹੁਕਮ ਦਿਤਾ ਕਿ ਇਹਨਾਂ (ਸਤਿਗੁਰੂ ਜੀ) ਨੂੰ ਪਿੰਜਰੇ ਵਿਚ ਬੰਦ ਕਰ ਦੇਵ। ਕੁਝ ਖਾਣ ਵਾਸਤੇ ਨਾ ਦੇਵ। ਮੈਂ ਦੇਖਣਾ ਚਾਹੁੰਦਾ ਹਾਂ ਕਿ ਇਹਨਾਂ ਦਾ ਭਗਵਾਨ ਕਿਵੇਂ ਸਹਾਇਤਾ ਕਰਦਾ ਹੈ।' ਇਹ ਹੁਕਮ ਦੇਕੇ ਜਾਲਮ ਔਰੰਗਜ਼ੇਬ ਹਵੇਲੀ ਵਿਚੋਂ ਬਾਹਰ ਚਲਿਆ ਗਿਆ ਉਹ ਬਹੁਤ ਕ੍ਰੋਧਵਾਨ ਹੋਇਆ ਪਰ ਉਸਦੀ ਕ੍ਰੋਪੀ ਉਸੇ ਤਰ੍ਹਾਂ ਉਹਦੀ ਆਤਮਾ ਨੂੰ ਦੁਖੀ ਕਰ ਰਹੀ ਸੀ, ਜਿਵੇਂ ਤੌੜੀ ਉਬਾਲਕੇ ਆਪਣੇ ਕਿਨਾਰੇ ਲੂਹ ਲੈਂਦੀ ਹੈ ਤਿਵੇਂ ਸਤਿਗੁਰੂ ਜੀ ਤਾ ਕੌਲ ਫੁਲ ਦੀ ਤਰ੍ਹਾਂ ਮਾਯਾ ਤੋਂ ਨਿਰਲੇਪ ਸਨ।

ਕੋਤਵਾਲ ਨੇ ਸਤਿਗੁਰੂ ਜੀ ਨੂੰ ਪਿੰਜਰੇ ਵਿਚ ਬੰਦ ਕਰ ਦਿਤਾ। ਸਾਹਿਬਾਂ ਨੇ ਪਿੰਜਰੇ ਵਿਚ ਹੀ ਖਲੋਕੇ ਰਾਤ ਦਿਨ ਕਟਣਾ ਸ਼ੁਰੂ ਕੀਤਾ। ਪਿੰਜਰੇ ਐਸੇ ਹੁੰਦੇ ਸਨ ਕਿ ਉਹਨਾਂ ਵਿਚ ਮੁਸ਼ਕਲ ਨਾਲ ਹੀ ਆਦਮੀ ਬੈਠ ਸਕਦਾ ਸੀ। ਨਜ਼ਰਬੰਦ ਨੂੰ ਖਲੋਤਿਆਂ ਹੀ ਰਹਿਣਾ ਪੈਂਦਾ ਸੀ। ਧੰਨ ਮੇਰੇ ਸਚੇ ਸਤਿਗੁਰੂ ਜੀ ਜੋ ਧਰਮ ਦੀ

ਖਾਤਰ ਅਨੇਕਾਂ ਤਰਾਂ ਦੇ ਕਸ਼ਟ ਸਹਿ ਰਹੇ ਸਨ। ਦਾਤੇ ਦੇ ਚੋਜਾਂ ਨੂੰ ਕੌਣ ਜਾਣੇ ? ਉਹ ਆਪ ਹੀ ਖੇਡ ਖੇਡ ਰਹੇ ਸਨ।

੯. ਭਾਈ ਮਤੀ ਦਾਸ ਦੀ ਸ਼ਹੀਦੀ

ਔਰੰਗਜ਼ੇਬ ਦੀ ਮਤ ਮਾਰੀ ਗਈ ਸੀ, ਉਹ ਭਗਵਾਨ ਤੇ ਖੁਦਾ ਦੇ ਭੇਤ ਨੂੰ ਭੁਲ ਗਿਆ ਸੀ ਉਹ ਸਮਝਦਾ ਸੀ ਮੁਸਲਮਾਨ ਹੋਣ ਤੋਂ ਬਿਨਾ ਜੋ ਮਨੁਖ ਹੈ, ਉਹ ਜੀਉਂਦਾ ਨਹੀਂ ਰਹਿਣਾ ਚਾਹੀਦਾ। ਉਸਨੇ ਸਤਿਗੁਰੂ ਜੀ ਨੂੰ ਤਿੰਨ ਵਾਰ ਆਪਣੇ ਦਰਬਾਰ ਵਿਚ ਸਦਿਆ। ਤਿੰਨੇ ਵਾਰ ਹੀ ਸਤਿਗੁਰੂ ਜੀ ਨੇ ਆਤਮਿਕ ਗਿਆਨ ਰਾਹੀਂ ਉਸ ਨੂੰ ਸਮਝਾਉਣ ਦਾ ਬੜਾ ਯਤਨ ਕੀਤਾ, ਪਰ ਉਹ ਨਾ ਸਮਝਿਆ। ਉਹ ਇਕੋ ਰਟ ਲਾਈ ਗਿਆ–'ਮੁਸਲਮਾਨ ਹੋਵੋ ! ਕਰਾਮਾਤ ਦਿਖਾਵੋ, ਜਾਂ ਮਾਰ ਦਿਤੇ ਜਾਵੋਗੇ। ਮੁਸਲਮਾਨ ਹੋਣ ਨਾਲ ਤੁਸਾਂ ਦਾ ਆਦਰ ਵਧੇਗਾ।' ਪਰ ਸਤਿਗੁਰੂ ਜੀ ਇਕੋ ਉੱਤਰ ਦੇਂਦੇ ਸਨ।' ਅਸਾਂ ਧਰਮ ਦਾ ਤਿਆਗ ਨਹੀਂ ਕਰਨਾ, ਧਰਮ ਦਾ ਤਿਆਗ ਕਰਕੇ ਅਸਾਂ ਨੂੰ ਨਾ ਜੀਵਣ ਦੀ ਲੋੜ ਹੈ ਨਾ ਹਿੰਦ ਦੀ ਪੀਰੀ (ਮੁਸ-ਲਮਾਨ ਫਕੀਰੀ) ਦੀ ਲੋੜ ਨਹੀਂ, ਵਾਹਿਗੁਰੂ ਦੇ ਭਾਣੇ ਅੰਦਰ ਹਰ ਇਕ ਦੁਖ ਨੂੰ ਤਨ ਤੇ ਸਹਿਣ ਨੂੰ ਤਿਆਰ ਹਾਂ ਪਰ ਕਦੀ ਸਤਿਗੁਰੂ ਨਾਨਕ ਜੀ ਦਾ ਧਰਮ ਕਿਸੇ ਕੀਮਤ ਉਤੇ ਵੀ ਛੱਡਿਆ ਨਹੀਂ ਜਾ ਸਕਦਾ, ਦੂਸਰੇ ਕਰਾਮਾਤ ਦਿਖਾਕੇ ਜੀਵਨ ਦਾਨ ਨਹੀਂ ਮੰਗਣਾ, ਕਰਾਮਾਤ ਦਿਖਾਉਣੀ ਕਹਿਰ ਹੈ। ਕਰਾਮਾਤ ਦਿਖਾਉਣ ਵਾਲਾ ਵਾਹਿਗੁਰੂ ਦਾ ਸ਼ਰੀਕ ਬਣਨ ਦਾ ਯਤਨ ਕਰਦਾ ਹੈ। ਆਪ ਵਾਹਿਗੁਰੂ ਦੀ ਜੋ ਇਛਾ ਹੈ ਉਹ ਬੇਸ਼ਕ ਕਰੇ।'

ਐਸੇ ਵਿਚਾਰਾਂ ਨਾਲ ਔਰੰਗਜ਼ੇਬ ਦੀ ਤਸੱਲੀ ਨਹੀਂ ਸੀ ਹੁੰਦੀ। ਉਹ ਤਾਂ ਇਕੋ ਗਲ ਆਖੀ ਜਾਂਦਾ ਸੀ ਕਿ ਮੁਸਲਮਾਨ ਕਰਨਾ ਹੈ। ਆਖਰ ਉਸਨੇ ਅੰਤਮ ਵਾਰ ਸੱਦਿਆ ਤੇ ਕ੍ਰੋਧ ਨਾਲ ਆਖਿਆ–,ਮੈਂ ਉਪਦੇਸ਼ ਸੁਣਨ ਵਾਸਤੇ ਨਹੀਂ ਸੱਦਿਆ ਸਗੋਂ ਦਸੋ ਮੁਸਲਮਾਨ ਹੋਣ ਨੂੰ ਤਿਆਰ ਹੋ ਜਾਂ ਮਰਨ ਵਾਸਤੇ ?'

'ਅਸੀਂ ਮੁਸਲਮਾਨ ਨਹੀਂ ਹੋਣਾ। ਇਹ ਅਸਾਂ ਦਾ ਵੀ ਅੰਤਮ ਫੈਸਲਾਹੈ' ਸਤਿਗੁਰੂ ਜੀ ਨੇ ਉੱਤਰ ਦਿਤਾ।

'ਮਤੀ ਦਾਸ ਕਿਸਦਾ ਨਾਮ ਹੈ ?' ਔਰੰਗਜ਼ੇਬ ਨੇ ਪੁਛਿਆ।

'ਮੇਰਾ ਨਾਮ !' ਭਾਈ ਮਤੀ ਦਾਸ ਨੇ ਅਗੇ ਹੋਕੇ ਉੱਤਰ ਦਿੱਤਾ।

'ਕੀ ਤੂੰ ਕਿਹਾ ਸੀ ਕਿ ਜੇ ਮੈਨੂੰ ਸਤਿਗੁਰੂ ਜੀ ਆਗਿਆ ਦੇਣ ਤਾਂ ਮੈਂ ਦਿਲੀ ਤੇ ਲਾਹੌਰ ਨੂੰ ਭੜਾ ਦਿਆਂ। ਔਰੰਗਜ਼ੇਬ ਬਾਦਸ਼ਾਹ ਦੇ ਪਰਵਾਰ ਨੂੰ ਖਤਮ ਕਰ ਦੇਵਾਂ ਕਿਲੇ ਦੀ ਇੱਟ ਨਾਲ ਇੱਟ ਖੜਕਾ ਦੇਵਾਂ, ਕੀ ਇਹ ਸਾਰੀਆਂ ਗਲਾਂ ਤੂੰ ਆਖੀਆਂ ਸੀ ? ਜੇ ਸੱਚ ਹਨ ਤਾਂ ਇਸ ਕਿਲੇ ਦੀ ਪੂਰਬੀ ਕੰਧ ਨੂੰ ਹਿਲਾਕੇ ਦਿਖਾਲ, ਨਹੀਂ ਤੇ ਤੈਨੂੰ ਆਰੇ ਨਾਲ ਚੀਰਕੇ ਦੋਫਾੜ ਕੀਤਾ ਜਾਵੇਗਾ।'

ਔਰੰਗਜ਼ੇਬ ਨੇ ਬੜੇ ਗੁਸੇ ਨਾਲ ਆਖਿਆ, ਜਦੋਂ ਉਹ ਬੋਲਦਾ ਸੀ ਤਦੋਂ ਉਹਦੇ ਮਥੇ ਉਤੇ ਕਈ ਵਟ ਪੈਂਦੇ ਸਨ। ਉਸਦੇ ਹੁਕਮ ਨੂੰ ਸੁਣਕੇ ਭਾਈ ਮਤੀ ਦਾਸ ਨੇ ਹਸਕੇ ਕਿਹਾ–'ਸਚ ਮੇਰੇ ਸਤਿਗੁਰੂ ਜੀ ਦੀ ਮੈਨੂੰ ਆਗਿਆ ਨਹੀਂ। ਮੈਂ ਝੂਠ ਨਹੀਂ ਬੋਲਦਾ ਆਖਿਆ ਵੀ ਠੀਕ ਸੀ ਕਿਉਂਕਿ ਮੈਂ ਸਤਿਗੁਰੂ ਜੀ ਦਾ ਸੀਤ ਪ੍ਰਸਾਦ ਛਕਿਆ ਸੀ ਉਸ ਵੇਲੇ ਮੇਰੇ ਅੰਦਰ ਬਅੰਤ ਬਲ ਆ ਗਿਆ ਸੀ। ਸਤਿਗੁਰੂ ਜੀ ਦੀ ਆਗਿਆ ਤੋਂ ਬਿਨਾਂ ਬ੍ਰਿਛ ਦਾ ਪਤਾ ਵੀ ਨਹੀਂ ਹਿਲ ਸਕਦਾ। ਹੇ ਜ਼ਾਲਮ ! ਔਰੰਗੇ ! ਤੇਰਾ ਅੰਤ ਬੁਰਾ ਹੋਵੇਗਾ। ਨਰਕ ਤੈਨੂੰ ਉਡੀਕ ਰਿਹਾ ਹੈ। ਜੇਹੜੇ ਮਾਸੂਮਾਂ ਤੇ ਨਿਰਦੋਸ਼ਾਂ ਦੇ ਲਹੂ ਨਾਲ ਹੱਥ ਰੰਗ ਰਿਹਾ ਹੈਂ, ਇਹ ਤੇਰਾ ਭਰਿਆ ਬੜਾ ਸ਼ੋਹ ਸਾਗਰ ਵਿਚ ਡੋਬ ਸੁਟਣਗੇ। ਅਸੀਂ ਕਦੀ ਮੁਹੰਮਦੀ ਮਤ ਕਬੂਲਣ ਵਾਸਤੇ ਤਿਆਰ ਨਹੀਂ। ਭਾਵੇਂ ਆਰੇ ਨਾਲ ਚਰਾ ਜਾਂ ਅੰਗ ਅੰਗ ਕਟ ਸੁਟ, ਇਹ ਤਨ ਸਤਿਗੁਰੂ ਜੀ ਦਾ ਜਸ ਕਰਦਾ ਹੋਇਆ-'ਵਾਹਿਗੁਰੂ ਸਤਿਨਾਮ' ਦਾ ਰਟਨ ਕਰਦਾ ਰਹੇਗਾ। ਤਲਵਾਰ ਦੇ ਬਲ ਨਾਲ ਚਲਾਏ ਹੋਏ ਧਰਮ ਕਦੀ ਅਮਰ ਨਹੀਂ ਰਹਿੰਦੇ। ਉਹ ਛੇਤੀ ਖਤਮ ਹੋ ਜਾਂਦੇ ਹਨ। ਹਜ਼ਾਰਾਂ ਜ਼ਾਲਮ ਬਾਦਸ਼ਾਹ ਹੋਏ ਪਰ ਅੱਜ ਧਰਤੀ ਉਤੇ ਉਨ੍ਹਾਂ ਦੀਆਂ ਕਬਰਾਂ ਦੇ ਨਿਸ਼ਾਨ ਵੀ ਨਹੀਂ ਮਿਲਦੇ, ਕਾਰੂ ਤੇ ਨਮ੍ਰੂਦ ਨਹੀਂ ਮਿਲਦੇ, ਮੰਦਰਾਂ ਨੂੰ ਢਾਹ ਢੇਰੀ ਕਰਨ ਵਾਲਾ ਮਹਿਮੂਦ ਗਜ਼ਨਵੀ, ਤਹਿਮੂਰ ਕਿਥੇ ਹੈ ? ਚੰਗੇਜ ਖਾਂ ਕਿਥੇ ਹੈ ? ਹਾਂ ਉਹਨਾਂ ਦੇ ਪਾਪ ਕਰਮ ਚੇਤੇ ਕਰਕੇ ਲੋਕ ਲਾਹਨਤਾਂ ਜ਼ਰੂਰ ਪਾਉਂਦੇ ਹਨ। ਇਕ ਦਿਨ ਆਵੇਗਾ ਜਦੋਂ ਸਾਰੀ ਦੁਨੀਆਂ ਔਰੰਗਜ਼ੇਬ ਨੂੰ ਬੁਰਾ ਆਖੇਗੀ। ਨਰਕ ਵੀ ਨਹੀਂ ਕਬੂਲੇਗਾ, ਤੇਰੇ ਜਿਹੇ ਜ਼ਾਲਮ

ਬਾਦਸ਼ਾਹ ਦੇ ਸਿਰਾਂ ਦੀਆਂ ਖੋਪਰੀਆਂ ਨਾਲ ਨਰਕ ਦੀ ਅੱਗ ਬਾਲੀ ਜਾਂਦੀ ਹੈ।'

'ਮੈਂ ਹੁਕਮ ਦੇਂਦਾ ਹਾਂ। ਹੁਣੇ ਹੀ ਖੜਕੇ ਕੋਤਵਾਲੀ ਦੇ ਸਾਹਮਣੇ!ਸਾਰਿਆਂ ਦੇ ਦੇਖਦਿਆਂ ਇਸ ਕਾਫਰ ਨੂੰ ਆਰੇ ਨਾਲ ਚੀਰ ਸੁਟੋ। ਮੈਂ ਇਹਦਾ ਧਰਮ,ਇਹਦਾ ਗੁਰੂ ਤੇ ਇਹਦਾ ਹੱਠ ਦੇਖਣਾ ਚਾਹੁੰਦਾ ਹਾਂ।' ਔਰੰਗਜ਼ੇਬ ਨੇ ਹੁਕਮ ਦੇ ਦਿੱਤਾ,ਏਸੇ ਹੁਕਮ ਦੀ ਆਸ ਸੀ, ਸੋ ਹੋ ਗਿਆ। ਇਸ ਹੁਕਮ ਨੂੰ ਸੁਣਕੇ ਭਾਈਮਤੀ ਦਾਸ ਨਹੀਂ ਘਬਰਾਇਆ ਸਗੋਂ ਉਸਨੂੰ ਖੁਸ਼ੀ ਦੀਆਂ ਲਾਲੀਆਂ ਚੜ੍ਹ ਗਈਆਂ।ਉਹ ਤਾਂ ਫੈਸਲਾ ਕਰਕੇ ਆਏ ਸਨ ਕਿ ਜ਼ਾਲਮ ਦਿੱਲੀ ਬਾਦਸ਼ਾਹ ਦੇ ਸਿਰ ਸਰੀਰ ਰੂਪੀ ਠੀਕਰ ਫੋੜ ਸੁਟਣਾ ਹੈ। ਪੰਜ ਤੱਤ ਦਾ ਪੁਤਲਾ ਆਖਰ ਮਾਤ ਲੋਕ ਵਿਚ ਹੀ ਰਹਿਜਾਣਾਹੈ। ਫਿਰ ਚਿੰਤਾ ਕਿਉਂ ਕੀਤੀ ਜਾਵੇ ?

ਸਤਿਗੁਰੂ ਜੀ,ਭਾਈਮਤੀਦਾਸ ਤੇ ਭਾਈ ਦਿਆਲੇ ਜੀ ਨੂੰ ਸੰਤਰੀ ਲੈ ਤੁਰੇ ਤਾਂ ਔਰੰਗਜ਼ੇਬ ਨੇ ਫਿਰ ਅਵਾਜ਼ ਦਿੱਤੀ। "ਠਹਿਰੋ ! ਏਥੇ ਹੀ ਸਾਰੀ ਕਚਹਿਰੀ ਦੇ ਦੇਖਦਿਆਂ ਹੋਇਆਂ ਸਜ਼ਾ ਦੇਵੋ। ਲਿਆਓ ਫਟੇ ਤੇ ਕਸਕੇ ਬੰਨ੍ਹੋ। ਬਾਕੀ ਦੇ ਦੋਂਹ ਨੂੰ ਏਥੇ ਬਿਠਾ ਲਵੋ ਤਾਂ ਕਿ ਉਹ ਦੇਖ ਸਕਣ, ਮੁਸਲਮਾਨ ਨਾ ਬਣਨ ਵਾਲੇ ਨੂੰ ਕੈਸੀ ਸਜ਼ਾ ਦਿੱਤੀ ਜਾਂਦੀ ਹੈ।"

ਬਾਦਸ਼ਾਹ ਦਾ ਹੁਕਮ ਅੰਤਮ ਹੁਕਮ ਹੁੰਦਾ ਸੀ।ਉਸਦੀ ਕਿਤੇ ਕੋਈ ਅਪੀਲ ਨਹੀਂ ਸੀ ਹੁੰਦੀ, ਉਸੇ ਵੇਲੇ ਫੱਟੇ ਮੰਗਵਾਏ ਗਏ। ਉਹਨਾਂ ਨੂੰ ਤਰਤੀਬ ਨਾਲ ਧਰਤੀ ਵਿਚ ਗੱਡਕੇ ਖੜਿਆਂ ਕਰ ਦਿੱਤਾ। ਉਸਦੇ ਵਿਚਾਲੇ ਭਾਈ ਮਤੀ ਦਾਸ ਜੀ ਨੂੰ ਬੰਨ੍ਹ ਦਿੱਤਾ ਗਿਆ। ਜਿਸ ਵੇਲੇ ਸਭ ਕੁਝ ਠੀਕ ਹੋ ਗਿਆ ਤਾਂ ਔਰੰਗਜ਼ੇਬ ਭਾਈ ਮਤੀ ਦਾਸ ਦੇ ਕੋਲ ਪੁਜਾ ਤੇ ਉਸਨੂੰ ਕਹਿਣ ਲਗਾ—"ਪੜ੍ਹ ਕਲਮਾ ਲਾਇਲਾ ਇਲਿੱਲਾ ਮੁਹੰਮਦ ਰਸੂਲਿੱਲਾ !"

ਭਾਈ ਮਤੀਦਾਸ ਜੀ ਨੇ ਅਗੋਂ ਪੜ੍ਹਿਆ ਵਾਹਿਗੁਰੂ ! ਸਤਿਨਾਮ ! ਸਤਿਨਾਮ ! ਵਾਹਿਗੁਰੂ ! ੧ਓ ਸਤਿਨਾਮੁ.....! ਇਸ ਸਚੇ ਕਲਮੇ ਤੋਂ ਬਿਨਾਂ ਮਤੀ ਦਾਸ ਦੀ ਜ਼ਬਾਨੋਂ ਹੋਰ ਕੋਈ ਕਲਮਾ ਨਿਕਲ ਹੀ ਨਹੀਂ ਸਕਦਾ।ਜੀਭ ਏਹੋ ਕਲਮਾਂ ਅੰਤਲੇ ਦਮਾਂ ਤਕ ਪੜ੍ਹਦੀ ਰਹੇਗੀ !'

ਉਸ ਵੇਲੇ ਔਰੰਗਜ਼ੇਬ ਨੇ ਸ਼ਾਹੀ ਕਾਜੀ ਨੂੰ ਬੁਲਾਇਆ। ਉਸਨੂੰ ਕਿਹਾ—

'ਸ਼ਰਾਹ ਦਾ ਫਤਵਾ ਲਾਵੇ। ਕਾਜ਼ੀ ਨੇ ਉਸੇ ਵੇਲੇ ਕੁਰਾਨ ਦੀਆ ਆਇਤਾਂ ਪੜ੍ਹਕੇ ਫਤਵਾ ਦੇ ਦਿੱਤਾ—'ਇਹ ਕਾਫਰ ਇਸਲਾਮ ਦਾ ਕਲਮਾ ਨਹੀਂ ਪੜ੍ਹਦਾ ਇਸ ਵਾਸਤੇ ਇਸਨੂੰ ਆਰੇ ਨਾਲ ਲਕੜ ਸੀ ਤਰਾਂ ਚਰਵਾ ਦਿੱਤਾ ਜਾਵੇ। ਬਿਸ ਸ਼ਰਾਹ ਇਹੋ ਹੁਕਮ ਦੇਦੀ ਹੈ।

ਉਸੇ ਵੇਲੇ ਆਰਾ ਚਲਣ ਲੱਗਾ। ਭਾਈ ਮਤੀ ਦਾਸ ਨੇ '੧ ਓ ਸਤਿਨਾਮੁ ਤੋਂ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਆਰਾ ਚਲਦਾ ਗਿਆ, ਲਹੂ ਵਗਦਾ ਗਿਆ, ਅਤੇ ਸਿੱਖ ਸਤਿਗੁਰੂ ਜੀ ਦੀ ਬਾਣੀ ਦਾ ਪਾਠ ਕਰਦਾ ਗਿਆ। ਸਿੱਖ ਡੋਲਿਆ ਨਹੀਂ, ਔਰੰਗਜ਼ੇਬ ਦਾ ਪੱਥਰ ਦਿਲ ਨਹੀਂ ਪਿਘਲਿਆ, ਪਰ ਹੋਰ ਸਾਰੀ ਕਚਹਿਰੀ ਦੇ ਲੋਕ ਹੈਰਾਨ ਹੋ ਗਏ। ਉਹਨਾਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਸਿੱਖ ਦੀ ਨਿਰਭੈਤਾ ਤੇ ਗੁਰ-ਸਿੱਖੀ ਸਿਦਕ ਨੇ ਧਰਤੀ ਹਲਾ ਦਿੱਤੀ।

ਜਿੰਨਾਂ ਚਿਰ ਭਾਈ ਮਤੀ ਦਾਸ ਜੀ ਦੇ ਤਨ ਦੇ ਦੋ ਫਾੜ ਨਹੀਂ ਹੋ ਗਏ ਉੱਤਨਾ ਚਿਰ ਸਤਿਗੁਰੂ ਜੀ ਸਿੱਖ ਦੇ ਮਨ ਅਡੋਲ ਰਖਣ ਵਾਸਤੇ ਬਾਣੀ ਪੜ੍ਹਦੇ ਰਹੇ। ਆਖਰ ਭਾਈ ਮਤੀ ਦਾਸ ਜੀ ਦੇ ਦੋ ਫੱਟ ਹੋ ਗਏ। ਸਤਿਗੁਰੂ ਜੀ ਦਾ ਪਿਆਰਾ ਸੇਵਕ ਸ਼ਹੀਦ ਹੋ ਗਿਆ, ਉਸਦੀ ਸ਼ਹੀਦੀ ਦੇਖਕੇ ਮੁਸਲਮਾਨ ਆਲਮਾਂ ਨੇ ਕਿਹਾ—ਇਸ ਧਰਮ ਦਾ ਅੰਤ ਨਹੀਂ ਹੋ ਸਕਦਾ, ਇਹ ਧਰਮ ਵਧੇਗਾ।'

੯ ਭਾਈ ਦਿਆਲੇ ਜੀ ਦੀ ਸਹੀਦੀ

ਰਿਆਸਤ ਪਟਿਆਲੇ ਵਿਚ ਮਸ਼ਹੂਰ ਪਿੰਡ ਲੋਂਗੋਵਾਲ ਹੈ। ਇਸ ਪਿੰਡ ਦੇ ਵਾਸੀ ਗੁਰੂ ਘਰ ਉਤੇ ਬਹੁਤ ਸ਼ਰਦਾ ਰੱਖਦੇ ਆਏ ਹਨ। ਭਾਈ ਮਨੀ ਸਿੰਘ ਜੀ ਸ਼ਹੀਦ ਏਸੇ ਨਗਰ ਦੇ ਸਨ। ਭਾਈ ਮਨੀ ਸਿੰਘ ਜੀ ਦਾ ਸੱਕਾ ਚਾਚਾ ਭਾਈ ਦਿਆਲਾ ਸੀ। ਇਹ ਗੁਰੂ ਘਰ ਦਾ ਸ਼ਰਧਾਲੂ, ਸਿਦਕੀ ਤੇ ਭਗਤੀ ਭਾਵ ਵਾਲਾ ਪੂਰਨ ਸਿੱਖ ਸੀ, ਘਰ ਛੱਡਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਹੀ ਜਾ ਰਿਹਾ ਸੀ ਜਦੋਂ ਸਤਿਗੁਰੂ ਜੀ ਦਿੱਲੀ ਨੂੰ ਜਾਣ ਲੱਗੇ ਤਾਂ ਆਪ ਨਾਲ ਤਿਆਰ ਹੋਏ। ਸਤਿਗੁਰੂ ਜੀ ਨੇ ਪੰਜ ਸਿੱਖ ਨਾਲ ਲਏ ਸਨ। ਉਹਨਾਂ ਪੰਜਾਂ ਵਿਚ ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਪ੍ਰਸਿਧ ਸਨ।

ਭਾਈ ਦਿਆਲਾ ਜੀ ਬੜੇ ਜੁਵਾਨ ਤੇ ਦਲੇਰ ਸਨ।ਉਹ ਸੁੰਦਰ ਸੰਤਸਿਪਾਹੀ ਸਨ। ਉਹਨਾਂ ਦਾ ਲੰਮਾ ਕਦ, ਮੋਟੀਆਂ ਅੱਖਾਂ ਭਾਰਾ ਚੇਹਰਾ ਤੇ ਸਰੀਰ ਦੇ ਸਡੌਲ ਅੰਗ ਮਲੋ ਮਲੀ ਅਗਲੇ ਨੂੰ ਮੋਹ ਲੈਂਦੇ ਸਨ। ਔਰੰਗਜੇਬ ਨੇ ਜਦੋਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚਰਵਾ ਦਿੱਤਾ, ਤਦੋਂ ਭਾਈ ਦਿਆਲਾ ਜੀ ਉੱਚੀ ਉੱਚੀ ਗੁਰਬਾਣੀ ਦਾ ਪਾਠ ਤੇ 'ਵਾਹਿਗੁਰੂ' ਸ਼ਬਦ ਦਾ ਜਾਪ ਕਰਦੇ ਰਹੇ ਸਨ। ਔਰੰਗਜੇਬ ਇਹਨਾਂ ਨੂੰ ਪਾਠ ਕਰਦਿਆਂ ਦੇਖ ਸੁਣਕੇ ਸੜ ਬਲ ਕੇ ਕੋਲੇ ਹੋ ਗਿਆ ਸੀ, ਉਸਨੇ ਭਾਈ ਜੀ ਨੂੰ ਵੀ ਸੱਦਕੇ ਕਿਹਾ—'ਬੋਲ ਕਲਮਾਂ ਪੜ੍ਹਨ ਨੂੰ ਤਿਆਰ ਹੈਂ ?'

ਸਤਿਗੁਰੂ ਦੇ ਹੁਕਮ ਅਨੁਸਾਰ ਸੱਚ ਦਾ ਕਲਮਾਂ ਤਾਂ ਰੋਜ਼ ਪੜ੍ਹਦਾ ਹਾਂ। ਵਾਹਿਗੁਰੂ ਨੂੰ ਯਾਦ ਰਖਦਾ ਹਾਂ, ਹੋਰ ਕੇਹੜਾ ਕਲਮਾ ਪੜ੍ਹਨਾ ਹੈ ? ਤੇਰਾ ਕਲਮਾ ਕੇਹੜਾ ਹੈ ?' ਭਾਈ ਦਿਆਲਾ ਜੀ ਨੇ ਉਤਰ ਦਿੱਤਾ ਸੀ।

'ਉਹੋ ਕਲਮਾ ਜੇਹੜਾ ਹਰ ਮੁਸਲਮਾਨ ਪੜ੍ਹਦਾ ਹੈ। ਪਾਕ ਨਬੀ ਹਜ਼ਰਤ ਮੁਹੰਮਦ ਸਾਹਿਬ ਦਾ ਜੋ ਅਗਲੀ ਦੁਨੀਆਂ ਵਿਚ ਖੁਦਾ ਦੇ ਕੋਲ ਗਵਾਹੀ ਦੇਂਦਾਹੈ।' ਔਰੰਗਜ਼ੇਬ ਦਾ ਬੋਲ ਸੀ।

'ਹੇ ਬਾਦਸ਼ਾਹ ! ਅਸਾਂ ਦਾ ਵਲੀ ਬਾਬਾ ਨਾਨਕ ਜੀ ਹੋਏ ਹਨ, ਜਿਨ੍ਹਾਂ ਨੇ ਮਕੇ ਨੂੰ ਫੇਰ ਦਿੱਤਾ। ਅਰਬ, ਬਗਦਾਦ ਫਿਰੇਤੁਸਾਂ ਦੇ ਵੱਡੇ ਬਾਬਰ ਦੀ ਕੈਦ ਵਿਚ ਰਹਿਕੇ ਉਹਨਾਂ ਨੇ ਬਾਬਰ ਨੂੰ ਨੇਕ ਰਹਿਣ ਵਾਸਤੇ ਸਿਖਿਆ ਦਿੱਤੀ। ਅਸਾਂ ਦੇ ਸਤਿਗੁਰੂ ਅਰਜਨ ਦੇਵ ਜੀ ਤੱਤੀਆਂ ਲੋਹਾਂ ਉਤੇ ਬੈਠੇ ਤੇ ਦੇਗਾਂ ਵਿਚ ਉਬਲੇ। ਐਸੇ ਸਚੇ ਸਤਿਗੁਰੂ ਜੀਤੇ ਉਨ੍ਹਾਂ ਦੀ ਬਾਣੀ ਨੂੰ ਛੱਡਕੇ ਕਿਸੇ ਹੋਰ ਦੀ ਕਲਾਮਪੜ੍ਹਨਾਂ ਨਹੀਂ ਚਾਹੁੰਦੇ। 'ਸਤਿਨਾਮ ਵਾਹਿਗੁਰੂ' ਵੱਡਾ ਕਲਮਾ ਹੈ। ਹੋਰ ਕਲਮਾ ਕੋਈ ਪੜ੍ਹਨ ਨੂੰ ਤਿਆਰ ਨਹੀਂ ਸਗੋਂ ਸਲਾਹ ਦੇਂਦੇ ਹਾਂ ਕਿ ਤੂੰ ਵੀ ਹੰਕਾਰ ਤੇ ਤੁਅੱਸਬ ਨੂੰ ਛੱਡਕੇ ਨੇਕੀ ਫੜ ਤੇ ਸਤਿਗੁਰੂ ਜੀ ਦੀ ਸ਼ਰਨ ਆ।'

ਭਾਈ ਦਿਆਲਾ ਜੀ ਨੇ ਇਹ ਬਚਨ ਆਖੇ, ਇਹ ਕਹਿੰਦਿਆਂ ਹੋਇਆਂ ਉਨਾਂ ਦੇ ਚੇਹਰੇ ਦਾ ਰੰਗ ਲਾਲ ਸੁਰਖ ਹੋ ਗਿਆ। ਸਤਿਗੁਰੂ ਜੀ ਦੀ ਪ੍ਰੀਤੀ ਨੇ ਨਸ਼ਈ ਕਰ ਦਿੱਤਾ। ਉਹ ਨਿਰਭੈਤਾ ਨਾਲ ਉਲਟਾ ਬਾਦਸ਼ਾਹ ਨੂੰ ਪ੍ਰੇਰੀ ਗਏ ਕਿ ਉਹ ਭਲਾ ਕਰਮ ਕਰੇ ਤੇ ਸਤਿਗੁਰੂ ਜੀ ਪਾਸੋਂ ਖਿਮਾਂ ਮੰਗੇ ਪਰ ਉਹਨਾਂ ਦਾ ਇਕ

ਇਕ ਸ਼ਬਦ ਬਾਦਸ਼ਾਹ ਦੇ ਸੀਨੇ ਤੀਰ ਵਾਂਗ ਵਜਾ ਉਹ ਤੜਪ ਉਠਿਆ। ਕ੍ਰੋਧ ਨਾਲ ਲਾਲ ਪੀਲੇ ਹੋਕੇ ਉਸਨੇ ਹੁਕਮ ਦਿੱਤਾ, 'ਇਸ ਆਦਮੀ ਨੂੰ ਕਾਠ ਮਾਰੋਂ। ਸ਼ਕੰਜੇ ਵਿਚ ਜਕੜਕੇ ਤੰਗ ਕਰੋ ਤੇ ਅੰਤ ਵੇਲੇ ਦੇਗ ਵਿਚ ਉਬਾਲ ਦੇਵੋ। ਇਹ ਕਾਫਰ ਤੰਗ ਕਰਕੇ ਮਾਰਨ ਦੇ ਲਾਇਕ ਹੈ।'

ਬਾਦਸ਼ਾਹ ਦੇ ਹੁਕਮ ਨਾਲ ਚੰਦਰੇ ਮੁਗਲ ਸਿਪਾਹੀਆਂ ਨੇ ਭਾਈ ਦਿਆਲਾ ਜੀ ਨੂੰ ਫੜ ਲਿਆ। ਪਹਿਲਾਂ ਸ਼ਕੰਜੇ ਵਿਚ ਕਸਿਆ। ਹਥ ਪਿਛੇ ਨੂੰ ਖਿਚੇ ਗਏ ਤੇ ਲੱਤਾਂ ਅਗੇ ਨੂੰ, ਨਾੜ ਨਾੜ ਕਸੀ ਗਈ ਪਰ ਸਤਿਗੁਰੂ ਜੀ ਦਾਸਿੱਖਨਹੀਂ ਡੋਲਿਆ। ਉਹ ਸਵਾਸ ਸਵਾਸ ਦੇ ਨਾਲ ਵਾਹਿਗੁਰੂ! ਵਾਹਿਗੁਰੂ ਜਾਪ ਜਪਦਾ ਰਿਹਾ। ਉਹਦਾ ਧਿਆਨ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਿਆ ਹੋਇਆ ਸੀ। ਵਾਹਿਗੁਰੂ ਨੇ ਸਿੱਖ ਨੂੰ ਬਲ ਬਖਸ਼ਿਆ ਕਿ ਉਹ ਜ਼ੁਲਮ ਤੇ ਸ਼ੈਤਾਨੀ ਸ਼ਕਤੀਆਂ ਨਾਲ ਟਕਰ ਲੈ ਲਵੇ। ਐਨ ਜਦੋਂ ਨਾੜਾਂ ਟੁਟਣ ਤੇ ਆਈਆਂ ਤਾਂ ਸ਼ਾਹੀ ਕਾਜੀ ਨੇ ਆਕੇ ਭਾਈ ਦਿਆਲਾ ਜੀ ਨੂੰ ਪੁਛਿਆ—'ਕਿਉਂ ਹੁਣ ਕਲਮਾ ਪੜ੍ਹਨ ਨੂੰ ਤਿਆਰ ਹੈਂ ?'

ਨਹੀਂ ! ਸਤਿਗੁਰੂ ਦੇ ਚਰਨਾਂ ਨਾਲੋਂ ਸੁਰਤ ਦੂਰ ਕਰਨ ਨੂੰ ਕਦੀ ਤਿਆਰ ਨਹੀਂ, ਕਬਾਲੀਓ ! ਜ਼ਾਲਮੋਂ ਜਿੰਨੇ ਜੀ ਕਰਦਾ ਜੇ ਕਸ਼ਟ ਦੇ ਲਵੋ। ਇਹ ਪੰਜ ਭੂਤਕ ਸਰੀਰ ਨੇ ਆਖਰ ਮਿਟੀ ਹੋ ਜਾਣਾ ਹੈ। ਮੇਰੀ ਰੂਹ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਜੁੜ ਚੁਕੀ ਹੈ। ਇਹ ਨਹੀਂ ਵੱਖ ਹੋ ਸਕਦੀ, ਨਹੀਂ ਵਖ ਹੋ ਸਕਦੀ। ਸਤਿਗੁਰੂ ! ਧੰਨ ਧੰਨ ਮੇਰਾ ਸਤਿਗੁਰੂ !'

ਇਹ ਸੁਣਕੇ ਸ਼ਾਹੀ ਕਾਜੀ ਨੇ ਹਥਿਆਰ ਸੁਟ ਦਿੱਤੇ ਉਸਨੇ ਝਟ ਫਤਵਾ ਦੇ ਦਿੱਤਾ—'ਇਸ ਕਾਫਰ ਨੂੰ ਦੇਗ ਵਿਚ ਉਬਾਲਕੇ ਮਾਰ ਸੁਟੋ।' ਇਹ ਫਤਵਾ ਦੇਕੇ ਉਹ ਔਰੰਗਜ਼ੇਬ ਵਲ ਚਲਿਆ ਗਿਆ।

ਵੱਡੀ ਤਾਂਬੇ ਦੀ ਦੇਗ ਲਿਆਦੀ ਗਈ। ਉਹ ਦੇਗ ਜਿਸ ਵਿਚ ਪੰਜ ਮਣ ਚਾਵਲ ਰਿਝ ਸਕਣ। ਉਸ ਵਿਚ ਪਾਣੀ ਪਾਇਆ ਗਿਆ। ਹੇਠਾਂ ਅੱਗ ਬਾਲ ਦਿਤੀ ਗਈ। ਬਹੁਤ ਤੇਜ ਅੱਗ ਬਲੀ ਤੇ ਪਾਣੀ ਨੂੰ ਐਨਾ ਗਰਮ ਕੀਤਾ ਕਿ ਉਹ ਉਬਾਲੇ ਖਾਣ ਲੱਗ ਪਿਆ। ਜਦੋਂ ਪਾਣੀ ਉਬਲਨ ਲੱਗਾ ਤਾਂ ਚੰਦ੍ਰੇ ਸੰਤਰੀ ਭਾਈ ਦਿਆਲਾ ਜੀ ਨੂੰ ਉਸਦੇ ਲਾਗੇ ਲੈ ਆਏ। ਮਲੋ ਮਲੀ ਚੁਕ ਕੇ ਦੇਗ ਵਿਚ ਸੁਟਣ

ਲਗੇ ਤਾਂ ਭਾਈ ਦਿਆਲਾ ਜੀ ਨੇ ਕਿਹਾ—'ਕਿਉਂ ਫੜਕੇ ਸੁਟਦੇ ਹੋ, ਮੈਂ ਆਪ ਹੀ ਦੇਗ ਵਿਚ ਬੈਠ ਜਾਂਦਾ ਹਾਂ। ਇਹ ਗਰਮ ਪਾਣੀ ਮੇਰੀ ਆਤਮਾ ਨੂੰ ਕੁਝ ਨਹੀਂ ਕਹਿ ਸਕਦਾ।'

'ਸਤਿਨਾਮ ਵਾਹਿਗੁਰੂ' ਆਖਦੇ ਹੋਏ ਭਾਈ ਦਿਆਲਾ ਜੀ ਉਬਲਦੀ ਦੇਗ ਵਿਚ ਜਾ ਬੈਠੇ ! ਪਾਣੀ ਉਬਲ ਰਿਹਾ ਸੀ, ਸੁਕੀਆਂ ਲਕੜਾਂ ਦੇ ਮੋਛੇ ਹੇਠਾਂ ਬਲ ਰਹੇ ਸਨ। ਐਸੀ ਅੱਗ ਸੀ ਜੈਸੀ ਨਰਕਾਂ ਵਿਚ ਬਲਦੀ ਰਹਿੰਦੀ ਹੈ ਪਰ ਗੁਰੂ ਜੀ ਸਿੱਖ ਨੂੰ ਰਤਾ ਸੇਕ ਨਹੀਂ ਲੱਗਾ। ਆਤਮਾ ਤਨ ਨੂੰ ਛੱਡਕੇ ਵਾਹਿਗੁਰੂ ਦੀ ਸ਼ਰਨ ਵਿਚ ਚਲੀ ਗਈ ਤੇ ਪੰਜ ਭੌਤਿਕ ਸਰੀਰ ਦੇਗ ਵਿਚ ਗੇੜੇ ਖਾਂਦਾ ਰਿਹਾ। ਧਰਮ ਕੇਸਾਂ ਸੁਵਾਸਾਂ ਨਾਲ ਭਾਈ ਦਿਆਲਾ ਜੀ ਨਿਭਾ ਗਏ। ਧੰਨ ਮੇਰੇ ਸਤਿਗੁਰੂ ਜੀ ਤੇ ਧੰਨ ਸਤਿਗੁਰੂ ਜੀ ਦੇ ਸਿੱਖ।

੧੦. ਸਤਿਗੁਰੂ ਜੀ ਦੀ ਸ਼ਹੀਦੀ

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤ ॥ ੪੯ ॥
ਰਾਮ ਗਇਓ ਰਾਵਨੁ ਗਇਓ ਜਾਕਉ ਬਹੁ ਪਰਵਾਰ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ ॥੫੦॥(ਸਲੋਕ ਮ: ੯)

ਸਤਿਗੁਰੂ ਤੇਗ ਬਹਾਦਰ ਜੀ, ਹਿੰਦ ਦੇ ਪੀਰ ਤੇ ਹਿੰਦ ਦੀ ਚਾਦਰ ਨੂੰ ਔਰੰਗ-ਜ਼ੇਬ ਨੇ ਅੰਤਲੀ ਵਾਰ ਆਪਣੇ ਦਰਬਾਰ (ਦੀਵਾਨੇ ਆਮ) ਵਿਚ ਸੱਦਿਆ। ਜਿੰਨੀਆਂ ਸਖਤੀਆਂ ਕੀਤੀਆਂ ਗਈਆਂ ਸਨ ਉਨਾਂ ਹੀ ਸਤਿਗੁਰੂ ਜੀ ਦੇ ਚੇਹਰੇ ਉਤੇ ਬਹੁਤਾ ਨੂਰ ਤੇ ਪ੍ਰਤਾਪ ਸੀ। ਉਹ ਸਮਝਦੇ ਸਨ ਭੁਖੇ ਰਖਣ ਨਾਲ ਭੀ ਆਦਮੀ ਤੰਗ ਹੁੰਦਾ ਹੈ, ਸਾਹਿਬਾਂ ਨੂੰ ਭੁਖੇ ਰਖਕੇ ਵੀ ਦੇਖ ਲਿਆ ਪਰ ਉਹ ਰਤਾ ਨਹੀਂ ਘਬਰਾਏ। ਉਨ੍ਹਾਂ ਤਾਂ ਪਹਿਲਾਂ ਹੀ ਕਈ ਕਈ ਮਹੀਨੇ ਅੰਨ ਤਿਆਗਕੇ ਤਪਸਿਆ ਕੀਤੀ ਹੋਈ ਸੀ, ਜੀਵਨ ਦਾ ਬਲੀਦਾਨ ਕਰਨ ਵਾਸਤੇ ਸਾਹਿਬ ਤਾਂ ਪਹਿਲਾਂ ਹੀ ਪੂਰੀ ਤਿਆਰੀ ਕਰ ਰਹੇ ਸਨ। ਉਨ੍ਹਾਂ ਨੇ ਸੱਤ ਸਾਲ ਦੀ ਆਯੂ ਤੋਂ ਚਾਲੀ ਸਾਲ ਦੀ ਆਯੂ ਤਕ ਘੋਰ ਤਪਸਿਆ ਕੀਤੀ ਸੀ ਉਹਨਾਂ ਵਾਸਤੇ ਔਰੰਗੇ ਦੀ ਕੈਦ ਕੀ ਸੀ ? ਉਹ ਤਾਂ ਦੁਖ, ਦਰਦ, ਲਾਲਚ, ਹੰਕਾਰ, ਮਾਯਾ ਬਿਰਤੀ ਤੋਂ ਸੈਂਕੜੇ ਮੀਲ ਦੂਰ ਸਨ ਉਹ ਤਾਂ

ਪ੍ਰਸੰਨਤਾ ਦੇ ਨਾਲ ਬੰਦੀਖਾਨੇ ਵਿਚ ਗਾਉਂਦੇ ਰਹੇ ਸਨ–

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨ ॥
ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥ ੪੧ ॥
ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥

ਤਿਸਦਾ ਪ੍ਰਮਾਰਥ–ਹੇ ਮਾਤ ਲੋਕ ਵਿਚ ਵਸਣ ਵਾਲੇ ਜੀਵ(ਬਾਦਸ਼ਾਹ ਜਾਂ ਕੰਗਾਲ) ਝੂਠਾ ਹੰਕਾਰ ਕਿਉਂ ਕਰਦਾ ਹੈਂ ? ਇਹਦੁਨੀਆਂ ਤਾਂ ਸੁਪਨੇ ਦੀ ਨਿਆਈਂ ਹੈ । ਇਸ ਦਿਸਦੇ ਜਗਤ ਵਿਚ ਇਕ ਵੀ ਵਸਤੂ ਤੇਰੀ ਨਹੀਂ । ਗੁਰੂ ਜੀ ਸੱਚਆਖਦੇ ਹਨ । ਪ੍ਰਤਾਕੇ ਵੇਖ ਲੈ, ਜਿਸ ਚੀਜ਼ ਨੂੰ ਹਥ ਲਾਵੇਂ, ਜਾਂ ਫੜਨ ਦਾ ਯਤਨ ਕਰੇਂ, ਉਹੋ ਹੀ ਨਾਸ਼ ਹੋ ਜਾਣ ਵਾਲੀ ਦਿਸੇਗੀ। ਜਿਸ ਸਮੇਂ ਪ੍ਰਲੋਕ ਗਮਨ ਕਰੇਂਗਾ, ਉਸ ਵੇਲੇ ਉਸ ਤਰਾਂ ਖਾਲੀ ਹਥੀਂ ਜਾਵੇਂਗਾ ਜਿਵੇਂ ਮਾਤ ਗਰਭ ਵਿਚੋਂ ਜਨਮ ਲੈਕੇਮਾਤ ਲੋਕ ਤੋਂ ਖਾਲੀ ਹਥ ਆਇਆ ਸੀ । ਫਿਰ ਇਸ ਸਰੀਰ ਦਾ ਹੰਕਾਰ ਕਰਦਾ ਹੈਂ ? ਇਹ ਸੋਚਦਾ ਹੈਂ, ਇਹ ਸੁੰਦਰ ਹੈ, ਬਲਵਾਨ ਹੈ, ਕਈਆਂ ਮਾੜਿਆਂਨੂੰਮਾਰ ਸਕਦਾ ਹੈ ਪਰ ਯਾਦ ਰਖ ਇਹ ਜਦੋਂ ਨਾਸ਼ ਹੋਵੇਗਾ ਤਦੋਂ ਦੇਰ ਨਹੀਂ ਲਾਵੇਗਾ । ਝਟ ਪਟ ਨਾਸ਼ ਹੋ ਜਾਵੇਗਾ । ਬਸ ਜਗਤ ਵਿਚ ਆਇਆਂ ਉਸ ਜੀਵ-ਨਰ ਨਾਰੀ ਨੂੰ ਲਾਭ ਹੈ, ਜੋ ਰਾਤ ਦਿਨੇ ਵਾਹਿਗੁਰੂ ਦਾ ਜਸ ਕਰੇ। ਉਹਦੀ ਭਗਤੀ ਵਿਚ ਰਹੇ। ਉਹ ਫਿਰ ਇਸ ਜਗਤ ਨੂੰ ਤੇ ਜਗਤ ਦੇ ਹੰਕਾਰੀ ਬੰਦਿਆਂ ਨੂੰ ਜਿੱਤ ਜਾਦਾ ਹੈਂ । ਜੋ ਫੋਕੇ ਹੰਕਾਰ ਵਿਚ ਮਤੇ ਰਹਿੰਦੇ ਹਨ ਉਸ ਬਾਂਸ ਦੀ ਪੋਰੀ ਵਾਂਗ ਖਾਲੀ ਜਾਂਦੇ ਹਨ ਜੀਵਨ ਭਰ ਉਹਨਾਂ ਨੂੰ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ ।

ਲਾਲ ਕਿਲੇ ਦੇ ਦੀਵਾਨਿ ਆਮ (ਭਰੇ ਦਰਬਾਰ) ਵਿਚ ਸਤਿਗੁਰੂ ਜੀ ਪੁਜੇ ਤਾਂ ਓਥੇ ਸੈਂਕੜੇ ਆਦਮੀ ਬੈਠੇ ਸਨ ਉਹਨਾਂ ਵਿਚੋਂ ਇਕ ਵੀ ਨੇਕ ਤੇ ਦਰਦੇ ਦਿਲ ਨਹੀਂ ਸੀ। ਉਹ ਸਾਰੇ ਜ਼ਾਲਮ ਬਾਦਸ਼ਾਹ ਦੇ ਪੱਖੀ ਸਨ । ਧਰਮ, ਨੇਕੀ ਪੁੰਨ ਹਮਦਰਦੀ ਸਭ ਉਨ੍ਹਾਂ ਪਾਸੋਂ ਦੂਰ ਸੀ। ਉਹ ਤਾਂ ਬਾਦਸ਼ਾਹ ਦੀ ਹਾਂ ਨਾਲ ਹਾਂ ਰਲਾਉਣ ਵਾਲ ਸਨ । ਉਨ੍ਹਾਂ ਝੂਠਿਆਂ ਤੇ ਮਜ਼ਬੀ ਤੁਅੱਸਬੀਆ ਨੇ ਹੀ ਬਾਦਸ਼ਾਹ ਕੁਰਾਹੇ ਪਾਇਆ ਸੀ।

ਜਿਸ ਵੇਲੇ ਸਤਿਗੁਰੂ ਜੀ ਨੇ ਦੀਵਾਨ ਖਾਨੇ ਵਿਚ ਪੈਰ ਪਾਇਆ ਤਾਂ ਸਾਰੇ ਦਰਬਾਰ ਵਿਚ ਮੌਤ ਵਰਗਾ ਸਨਾਟਾ ਛਾ ਗਿਆ। ਸਤਿਗੁਰੂ ਜੀ ਨਿਰਭੈਤਾ ਤੇ ਨਿਰ-ਵੈਰਤਾ ਦੇ ਲਹਿਜੇ ਵਿਚ ਅਕਾਲ ਪੁਰਖ ਨੂੰ ਯਾਦ ਕਰਦੇ ਹੋਏ ਅਡੋਲ ਤੁਰੇ ਗਏ ਸਨ। ਉਸ ਥਾਂ ਜਾ ਅਟਕੇ ਜਿੱਥੇ ਕੈਦੀ ਖੜੇ ਕੀਤੇ ਜਾਂਦੇ ਸਨ। ਸਾਹਿਬਾਂ ਨੂੰ ਦੇਖਕੇ ਔਰੰਗਜ਼ੇਬ ਨੇ ਗਰਜਕੇ ਕਿਹਾ—'ਹਿੰਦੂਆਂ ਦੇ ਪੀਰ! ਅਜ ਮੈਨੂੰ ਆਪਣੇ ਮਨ ਦਾ ਅੰਤਮ ਫੈਸਲਾ ਦੱਸ! ਤੇਰੇ ਸਾਥੀਆਂ ਨੂੰ ਜਿਸਤਰਾਂ ਮਾਰਿਆ ਗਿਆ ਉਹ ਵੀ ਤੂੰ ਦੇਖ ਲਿਆ। ਦਸ ਇਸਲਾਮ ਮਤ ਵਿਚ ਸ਼ਾਮਲ ਹੋਣ ਨੂੰ ਤਿਆਰ ਹੈਂ ਕਿ ਨਹੀਂ? ਮੈਂ ਹੁਣ ਹੋਰ ਕੋਈ ਦਲੀਲ ਸੁਣਨ ਨੂੰ ਤਿਆਰ ਨਹੀਂ। ਮੇਰੇ ਵਜ਼ੀਰਾਂ, ਸ਼ਾਹੀ ਮੌਲ-ਵੀਆਂ, ਕਾਜੀਆਂ ਆਦਿਕ ਦਾ ਵੀ ਏਹੋ ਫੈਸਲਾ ਹੈ।'

ਸਤਿਗੁਰੂ ਜੀ ਨੇ ਨੇਤ੍ਰ ਖੋਹਲਕੇ ਬਾਦਸ਼ਾਹ ਤੇ ਕਚਹਿਰੀ ਵਿਚ ਬੈਠਿਆਂ ਹੋਇਆਂ ਵਲ ਦ੍ਰਿਸ਼ਟ ਕੀਤੀ। ਦ੍ਰਿਸ਼ਟੀ ਕਰਕੇ ਸਾਹਿਬਾਂ ਨੇ ਫੁਰਮਾਇਆ:—

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥ ੨੩ ॥

... ...

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ ॥ ੨੫ ॥
ਪ੍ਰਾਨੀ ਕਛੂ ਨ ਚੇਤਈ ਮਦ ਮਾਇਆ ਕੈ ਅੰਧ ॥
ਕਹੁ ਨਾਨਕ ਬਿਨ ਹਰਿ ਭਜਨ ਪਰਤ ਤਾਹਿ ਜਮ ਫੰਧ ॥ ੨੬ ॥
ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥
ਕਹੁ ਨਾਨਕ ਸੁਨ ਰੇ ਮਨਾ ਦੁਰਲਭ ਮਾਨੁਖ ਦੇਹ ॥ ੨੭ ॥

... ...

ਮਨੁ ਮਾਇਆ ਕੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥ ੨੯ ॥

... ...

ਕਹਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥ ੩੬ ॥

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥ ੪੮॥
(ਸਲੋਕ ਮਃ ੯)

ਸਤਿਗੁਰੂ ਜੀ ਨੇ ਬੰਦੀਖਾਨੇ ਵਿਚ ਰਹਿੰਦਿਆਂ ਹੋਇਆਂ ਵੈਰਾਗ ਤੇ ਭਗਤੀ ਭਾਵ ਵਾਲੇ ਸਲੋਕ ਉਚਾਰੇ ਸਨ, ਜੋਹੜ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੋਗ ਦੇ ਸਲੋਕ ਹਨ। ਉਹਨਾਂ ਸਲੋਕਾਂ ਵਿਚੋਂ ਸਾਹਿਬਾਂ ਨੇ ਬਾਦਸ਼ਾਹ ਦੀ ਕਚਹਿਰੀ ਵਿਚ ਬੈਠੇ ਹੋਏ ਸਾਰੇ ਦਰਬਾਰੀਆਂ ਨੂੰ ਮਿਠੀ ਰਸ ਭਰੀ ਲੈ ਵਿਚ ਗਾਕੇ ਸੁਣਾਏ। ਸਾਰੇ ਦਰਬਾਰੀਆਂ ਦੇ ਸਿਰ ਨੀਵਾਂ ਹੋ ਗਏ। ਇਹ ਗਲ ਬਾਦਸ਼ਾਹ ਨੂੰ ਬਹੁਤ ਬਰੀ ਲੱਗੀ, ਉਸ ਨੇ ਗੁਸੇ ਨਾਲ ਕਪੜਿਆਂ ਤੋਂ ਬਾਹਰ ਹੋਕੇ ਆਖਿਆ—'ਬੱਸ! ਮੈਂ ਕੋਈ ਰਾਗ ਨਹੀਂ ਸੁਣਨਾ ਚਾਹੁੰਦਾ। ਸਿਰਫ ਪਛਦਾ ਹਾਂ ਮੁਸਲਮਾਨ ਬਣਨਾ ਹੈ ਜਾਂ ਨਹੀਂ?'

'ਅਕਾਲ ਪੁਰਖ ਦੀ ਅਸੀਂ ਪੂਜਾ ਕਰਦੇ ਹਾਂ।' ਸਤਿਗੁਰੂ ਜੀ ਨੇ ਉੱਤਰ ਦਿੱਤਾ—'ਸਤਿਗੁਰੂ ਨਾਨਕ ਦੇਵ ਜੀ ਅਸਾ ਦੇ ਸਤਿਗੁਰੂ ਹਨ। ਉਨ੍ਹਾਂ ਦੀ ਅੰਮ੍ਰਿਤ ਰੂਪ ਬਾਣੀ ਪੜ੍ਹਦੇ ਹੋਏ ਜੀਵਨ ਸਫਲ ਕਰਦੇ ਹਾਂ। ਅਸੀਂ ਹੋਰ ਕਿਸੇ ਨੂੰ ਮੰਨਣ ਵਾਸਤੇ ਤਿਆਰ ਨਹੀਂ। ਧਰਮ ਧਾਰਨ ਕਰਨਾ ਮਨੁਖ ਦੀ ਆਤਮਾ ਦੀ ਇੱਛਾ ਹੈ। ਆਤਮਾ ਦੀ ਇੱਛਾ ਤਲਵਾਰ ਦੇ ਡਰ ਨਾਲ ਨਹੀਂ ਬਦਲੀ ਜਾ ਸਕਦੀ, ਅਸਾਂ ਮੁਸਲਮਾਨ ਨਹੀਂ ਬਣਨਾ, ਨਾ ਕੋਈ ਕਰਾਮਾਤ ਦਿਖਾਉਣੀ ਹੈ।'

'ਫਿਰ ਮਰਨ ਵਾਸਤੇ ਤਿਆਰ ਹੈਂ?'

'ਤੁਸਾਂ ਦੀ ਨਿਗਾਹ ਵਿਚ ਜੋ ਮੌਤ ਹੈ, ਅਸਾਂ ਦੀ ਨਿਗਾਹ ਵਿਚ ਜੀਵਨ ਹੈ, 'ਮੌਤ' ਨੂੰ ਤਾਂ ਅਸੀਂ ਹਾਕਰਾਂ ਮਾਰਦੇ ਫਿਰਦੇ ਹਾਂ। ਮੌਤ ਹੀ ਤਾਂ ਪ੍ਰਭੂ (ਮਾਲਕ) ਦੇ ਚਰਨਾਂ ਵਲ ਖੜਦੀ ਹੈ।'

ਬਾਦਸ਼ਾਹ ਲਾ ਜੁਵਾਬ ਹੋ ਗਿਆ। ਓਹਦੇ ਦਰਬਾਰ ਵਿਚ ਅਕਲ ਪਿਆਰ ਤੇ ਗਿਆਨ ਨੂੰ ਥਾਂ ਨਹੀਂ ਸੀ। ਉਹ ਤਾਂ ਮਜ਼ਬੀ ਤੁਅੱਸਬ ਦੇ ਨਸ਼ੇ ਨਾਲ ਅੰਨਾ ਹੋਇਆ ਹੋਇਆ ਸੀ। ਉਸ ਨੇ ਭਰੇ ਦਰਬਾਰ ਵਿਚ ਹੁਕਮ ਦਿੱਤਾ 'ਲੋਕਾਂ ਦੇ ਦਖ-ਦਿਆਂ ਹੋਇਆ ਕਤਲ ਕਰ ਦਿਤਾ ਜਾਵੇ।' ਇਹ ਆਖਕੇ ਉਹ ਦਰਬਾਰ ਵਿਚੋਂ ਉਠ ਕੇ ਚਲਿਆ ਗਿਆ। ਆਪਣੇ ਕਤਲ ਦਾ ਹੁਕਮ ਸੁਣਕੇ ਸਤਿਗੁਰੂ ਜੀ ਮੂਲ ਨਹੀਂ

ਕਚਹਿਰੀ ਵਿਚ ਬੜਬਲੀ ਮਚ ਗਈ। ਕਾਜ਼ੀ ਮੌਲਵੀ ਤੇ ਵਜ਼ੀਰ ਖੁਸ਼ ਸਨ । ਹਿੰਦੂ ਸ਼ਾਹੀ ਕਰਿੰਦੇ ਹੈਰਾਨ ਸਨ। ਸੰਤਰੀ ਗੁਰੂ ਜੀ ਨੂੰ ਦਰਬਾਰ ਵਿਚੋਂ ਲੈ ਕੇ ਕੋਤਵਾਲੀ ਵਲ ਤੁਰ ਪਏ ਕਿਲੇ ਦੇ ਬਾਹਰ ਲੋਕਾਂ ਦੀ ਬਹੁਤ ਭੀੜ ਸੀ । ਮੁਸਲਮਾਨ ਤਮਾਸ਼ ਬੀਨਾਂ ਤੋਂ ਬਿਨਾਂ ਹਿੰਦੂ ਤੇ ਗੁਰੂ ਘਰ ਦੇ ਸ਼ਰਧਾਲੂ ਵੀ ਆਏ ਖਲੋਤੇ ਸਨ। ਗੁਰੂ ਘਰ ਦੇ ਸ਼ਰਧਾਲੂਆਂ ਦੀਆਂ ਅੱਖਾਂ ਵਿਚ ਹੰਝੂ ਸਨ । ਉਨ੍ਹਾਂ ਦੇ ਦਿਲ ਰੋ ਰਹੇ ਸਨ ਉਹ ਬੇਬਸ ਸਨ। ਕਿਸੇ ਕੀਮਤ ਤੇ ਵੀ ਸਤਿਗੁਰੂ ਜੀ ਨੂੰ ਬਚਾ ਨਹੀਂ ਸਨ ਸਕਦੇ। ਕਈ ਬਜੁਰਗ ਰਾਜਪੂਤਾਂ ਹਿੰਦੂਆਂ ਦੀ ਕੌਮੀ ਕਮਜ਼ੋਰੀ ਨੂੰ ਅਨੁਭਵ ਕਰਦੇ ਹੋਏ ਰੋ ਰਹੇ ਸਨ ਕਿ ਕ੍ਰੋੜਾਂ ਦੀ ਗਿਣਤੀ ਹੋਣ ਤੇ ਵੀ ਦੇਵੀ ਦੇਵਤਿਆਂ ਦੇ ਮੰਦਰਾਂ, ਸੰਤਾਂ ਸਾਧੂਆਂ ਨੂੰ ਰਾਜ ਡੰਨ ਤੋਂ ਨਹੀਂ ਬਚਾ ਸਕਦੇ। ਅਨਿਆਈਂ ਤੇ ਜ਼ਾਲਮ ਰਾਜ ਖਤਮ ਨਹੀਂ ਕਰ ਸਕਦੇ। ਮਥਰਾ ਤੇ ਕਾਂਸ਼ੀ ਜਿਹੜੇ ਹਿੰਦੂ ਧਰਮ ਦੇ ਕੇਂਦ੍ਰ ਸਨ ਉਹ ਵੀ ਜ਼ੁਲਮ ਦਾ ਸ਼ਿਕਾਰ ਹੋ ਚੁਕੇ ਸਨ ।

ਸੰਤਰੀ ਸਤਿਗੁਰੂ ਜੀ ਨੂੰ ਪੈਦਲ ਹੀ ਲਈ ਗਏ। ਲੋਕ ਹਜ਼ਾਰਾਂ ਦੀ ਗਿਣਤੀ ਵਿਚ ਸੜਕ ਦੇ ਦੋਹੀਂ ਪਾਸੀਂ ਖਲੋਤੇ ਦੇਖਦੇ ਸਨ। ਹੌਲੀ ੨ ਸਾਹਿਬਾਂ ਨੂੰ ਚਾਂਦਨੀ ਚੌਂਕ ਦੀ ਕੋਤਵਾਲੀ ਵਿਚ ਲੈ ਆਂਦਾ।

ਜਿਸ ਅਸਥਾਨ ਤੇ ਅਜ ਗੁ: ਸੀਸ ਗੰਜ ਹੈ, ਗੁਰਦੁਆਰੇ ਦੇ ਅੰਦਰ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਇਸ ਅਸਥਾਨ ਤੇ ਇਕ ਬੋਹੜ ਹੁੰਦਾ ਸੀ ਉਸ ਬੋਹੜ ਦੇ ਹੇਠਾਂ ਆਉਂਦੇ ਜਾਂਦੇ ਰਾਹੀ ਬੈਠਦੇ ਜਾਂ ਫੌਜੀਆਂ ਤੇ ਪੁਲਸ ਵਾਲਿਆਂ ਦਾ ਡੇਰਾ ਹੁੰਦਾ ਸੀ ਉਥੇ ਹੀ ਖੂਹ ਸੀ ਜੋ ਅਜੇ ਤਕ ਕਾਇਮ ਹੈ ਤੇ ਉਸ ਦਾ ਜਲ ਬਹੁਤ ਠੰਢਾ ਹੈ। ਉਨ੍ਹੀਂ ਦਿਨੀਂ ਇਸ ਥਾਂ ਨੂੰ ਚਾਂਦਨੀ ਚੌਂਕ ਦਾ ਖੂਹ ਆਖਿਆ ਜਾਂਦਾ ਸੀ।ਅਗਲੇ ਦਿਨ ਤ੍ਰਕਾਲਾਂ ਨੂੰ ਸਾਰੇ ਸ਼ਹਿਰ ਵਿਚ ਡੌਂਡੀ ਪਿਟਵਾ ਦਿਤੀ ਕਿ ਸਵੇਰੇ ਸਵਾ ਪਹਿਰ ਦਿਨ ਚੜ੍ਹੇ ਹਿੰਦੂਆਂ ਦੇ ਪੀਰ (ਸਤਿਗੁਰੂ)ਤੇਗਬਹਾਦਰ ਜੀ ਨੂੰ ਚਾਂਦਨੀ ਚੌਂਕ ਵਾਲੇ ਖੂਹ ਤੇ ਕਤਲ ਕਰ ਦਿਤਾ ਜਾਵੇਗਾ । ਬਾਦਸ਼ਾਹ ਵਲੋਂ ਹੁਕਮ ਹੈ ਕਿ ਜਿਸ ਨੇ ਦੇਖਣਾ ਹੋਵੇ ਉਹ ਦੇਖ ਸਕਦਾ ਹੈ ।' ਇਸ ਐਲਾਨ ਨੂੰ ਸੁਣ ਕੇ ਹਿੰਦੂਆਂ ਮਹਲਿਆਂ ਵਿਚ ਹਾਹਾਕਾਰ ਮਚ ਗਈ । ਕਿਸੇ ਘਰ ਨੇ ਨਾ ਚੁਲੇ ਅੱਗ ਬਾਲੀ ਤੇ ਨਾ ਦੀਵਾ ਜਗਾਇ... । ਉਹ ਸਾਰੇ ਵਾਹਿਗੁਰੂ ਤੇ ਭਗ-

ਵਾਲੇ ਅਰਦਾਸਾਂ ਕਰਦੇ ਰਹੇ ਕਿ ਐਸੇ ਜ਼ਾਲਮਾਂ ਦਾ ਬੇੜਾ ਗਰਕ ਹੋਵੇ ਜੋ ਸਾਧ ਮਹਾਤਮਾਂ ਨੂੰ ਕਤਲ ਕਰਵਾਉਂਦੇ ਹਨ। ਉਹ ਰਾਤ ਬੇਚੈਨੀ ਦੀ ਬਤੀਤ ਹੋਈ। ਕਾਲੀ ਰਾਤ ਸੀ, ਸਾਰਿਆਂ ਨੇ ਜਾਗਦਿਆਂ ਤੇ ਤਾਰੇ ਗਿਣਦਿਆਂ ਹੋਇਆਂ ਹੀ ਰਾਤ ਕਟੀ।

ਮਹਾਂ ਪਰਲੋ ਵਾਲਾ ਦਿਹਾੜਾ ਆ ਗਿਆ। ਉਸ ਦਿਨ ੧੩ ਮਘਰ ਪੰਚਮੀ ਦਾ ਦਿਨ ਸੀ ਤ ੧੭੩੨ ਬਿ: (੧੬੭੫ ਈ:) ਦਾ ਸਾਲ। ਹਿੰਦੂ ਘਰਾਣੇ ਤੇ ਸ਼ਰਧਾਲੂ ਸਿੱਖ, ਗੁਰੂ ਘਰ ਦੇ ਸੇਵਾਦਾਰ ਸਾਰੀ ਰਾਤ ਤੜਪਦੇ ਰਹੇ। ਉਹਨਾਂ ਦੇ ਪ੍ਰੀਤਮ ਨੇ ਵਿਛੜ ਜਾਣਾ ਸੀ। ਉਹ ਸਵੇਰੇ ਹੀ ਚਾਂਦਨੀ ਚੌਂਕ ਵਿਚ ਆ ਖਲੋਤੇ, ਉਹਨਾਂ ਦੀਆਂ ਅੱਖਾਂ ਕੋਤਵਾਲੀ ਦੇ ਦਰਵਾਜ਼ੇ ਵਲ ਗੱਡੀਆਂ ਗਈਆਂ ਸਨ। ਸੂਰਜ ਚੜ੍ਹਨ ਦੇ ਨਾਲ ਹੀ ਭੀੜ ਹੋ ਗਈ। ਭੀੜ ਵੀ ਐਨੀ ਸੀ ਕਿ ਤਿਲ ਮਾਰਿਆ ਭੁੰ ਉਤੇ ਨਹੀਂ ਸੀ ਡਿਗਦਾ। ਮੁਸਲਮਾਨਾਂ ਦੇ ਮੁੰਡਿਆਂ ਦਾ ਮੰਡੀਰ ਰੌਲਾ ਪਾਉਂਦਾ ਤੇ ਖੁਸ਼ੀ ਮਨਾਉਂਦਾ ਸੀ ਮੁਸਲਮਾਨ ਸੂਫੀ ਫਕੀਰ, ਹਿੰਦੂ ਸਾਧੂ ਅਤੇ ਭਲੇ ਮਾਣਸ ਲੋਕ ਅਖਾਂ ਵਿਚ ਅੱਥਰੂ ਭਰੀ ਖਲੋਤੇ ਸਨ।

ਉਸ ਦਿਨ ਸੂਰਜ ਚੜ੍ਹਦਾ ਹੀ ਗਹਿਰਾ ਹੋ ਗਿਆ ਇਉਂ ਮਲੂਮ ਹੋਣ ਲੱਗ ਪਿਆ ਸੀ ਕਿ ਜ਼ਰੂਰ ਖੂਨਣ ਹਨੇਰੀ ਆਵੇਗੀ। ਉਹ ਹਨੇਰੀ ਜੋ ਸਾਰੇ ਦਿੱਲੀ ਸ਼ਹਿਰ ਨੂੰ ਹੀ ਉਡਾਕੇ ਲੈ ਜਾਵੇਗੀ। ਵਾਹਵਾ ਦਿਨ ਚੜ੍ਹ ਗਿਆ ਅੱਧਾ ਦਿੱਲੀ ਸ਼ਹਿਰ ਚਾਂਦਨੀ ਚੌਂਕ ਵਿਚ ਇਕੱਠਾ ਹੋ ਗਿਆ। ਬੋਹੜ ਦੇ ਹੇਠਾਂ ਖੂਹ ਦੇ ਲਾਗੇ ਖੁਲ੍ਹਾ ਪਿੜ ਬਣਾਕੇ ਰੱਖਿਆ। ਉਸ ਪਿੜ ਦੇ ਵਿਚਾਲੇ ਖੂਹ ਦੇ ਉਤਰੀ ਪਾਸੇ ਸਤਿਗੁਰੂ ਜੀ ਦੇ ਬੈਠਣ ਦਾ ਪ੍ਰਬੰਧ ਕੀਤਾ ਗਿਆ, ਕੋਤਵਾਲ ਆਗਿਆ। ਉਸਨੇ ਸੰਤਰੀਆਂ ਤੇ ਸ਼ਾਹੀ ਕਾਜ਼ੀਆਂ ਨੂੰ ਪੁਛਿਆ-'ਸਾਰਾ ਬੰਦੋਬਸਤ ਠੀਕ ਹੋ ਗਿਆ?' ਉਸਨੂੰ ਅਗੋਂ ਉੱਤਰ ਮਿਲਿਆ 'ਸਭ ਕੁਝ ਠੀਕ ਹੈ।'

ਕੋਤਵਾਲੀ ਦਾ ਬੂਹਾ ਖੁਲ੍ਹਿਆ ਨੰਗੀਆਂ ਤਲਵਾਰਾਂ ਦੀ ਛਾਂ ਹੇਠਾਂ ਸਤਿ-ਗੁਰੂ ਜੀ ਨੂੰ ਬੰਦੀਖਾਨੇ ਵਿਚੋਂ ਬਾਹਰ ਲਿਆਂਦਾ ਗਿਆ। ਸਰਕਾਰੀ ਰੋਅਬ ਦੇ ਕਾਰਨ ਲੋਕ ਉੱਚੀ ਉਭਾਸਰ ਨਾ ਸਕੇ। ਬਹੁਤਿਆਂ ਦੇ ਦਿਲ ਰੋਏ ਬਹੁਤਿਆਂ ਦੀਆਂ ਧਾਹੀਂ ਨਿਕਲ ਗਈਆਂ। ਸਰਕਾਰੀ ਹੁਕਮ ਸੀ ਕਿ ਜੇ ਕੋਈ ਰੋਵੇਗਾ, ਰੌਲਾ ਪਾਵੇਗਾ ਜਾਂ ਉਚੀ ਧਾਹ ਮਾਰੇਗਾ ਅਤੇ ਜਾਂ ਬਗਾਵਤ ਕਰਨ ਦਾ ਯਤਨ ਕਰੇਗਾ ਤਾਂ ਉਸਨੂੰ ਕਤਲ

ਕਰ ਦਿਤਾ ਜਾਵੇਗਾ। ਸਭ ਚੁਪ ਚਾਪ ਖਲੋਤੇ ਹੋਏ ਦੇਖਦੇ ਰਹਿਣ।

ਖੂਹ ਦੇ ਉਤਰੀ ਕਿਨਾਰੇ ਵਲ ਸਤਿਗੁਰੂ ਜੀ ਚੌਕੜਾ ਮਾਰਕੇ ਬਿਰਾਜਮਾਨ ਹੋ ਗਏ। ਚਿਹਰੇ ਦੇ ਰੰਗ ਵਿਚ ਕੋਈ ਫਰਕ ਨਹੀਂ ਪਿਆ। ਹਥ ਵਿਚ ਸਿਮਰਨਾ ਸੀ। ਸਾਹਿਬਾਂ ਦੇ ਨੈਣ ਮੁੰਦੇ ਗਏ। ਉਹਨਾਂ ਦੀ ਸੁਰਤ ਪਾਰਬ੍ਰਹਮ ਨਾਲ ਜੁੜ ਗਈ। ਉਹਨਾਂ ਨੂੰ ਪਹਿਲਾਂ ਹੀ ਪਤਾ ਲਗ ਚੁਕਾ ਸੀ ਕਿ ਭਾਣਾ ਵਰਤਣ ਵਾਲਾ ਹੈ। ਪੰਜ ਭੂਤਕ ਸਰੀਰ ਖੂਹ ਕਿਨਾਰੇ ਸੀ ਜਿਸ ਨੂੰ ਦੇਖ ਰਹੇ ਸਨ। ਜਿਸ ਪੰਜ ਭੂਤਕ ਸਰੀਰ ਵਲ ਵੇਖ ਕੇ ਖੁਸ਼ ਹੋ ਰਹੇ ਸਨ ਅਰ ਸਮਝ ਰਹੇ ਸਨ ਕਿ ਹੁਣ ਉਹ ਹਿੰਦੂਆਂ ਦੇ ਪੀਰ ਦਾ ਅੰਤ ਕਰਕੇ ਦੁਨੀਆਂ ਨੂੰ ਡਰਾਉਣਗੇ। ਪੀਰ (ਸਤਿਗੁਰੂ ਜੀ) ਦੁਖ ਅਨੁਭਵ ਕਰਕੇ ਸ਼ਾਇਦ ਇਹ ਗਲ ਮੰਨ ਜਾਣਗੇ ਕਿ ਓਹ ਮੁਸਲਮਾਨ ਹੋਣ ਨੂੰ ਤਿਆਰ ਹਨ।

ਕਾਜ਼ੀ ਆਇਆ ਉਸ ਨੇ ਸਤਿਗੁਰੂ ਜੀ ਨੂੰ ਅੰਤਮ ਵਾਰ ਪੁਛਿਆ—'ਕਿਉਂ ਜੀ! ਮੁਸਲਮਾਨ ਹੋਣ ਨੂੰ ਤਿਆਰ ਜੇ ਕਿ ਨਹੀਂ ?'

'ਨਹੀਂ!' ਨੇਤ੍ਰਾਂ ਨੂੰ ਖੋਹਲਣ ਤੋਂ ਬਿਨਾਂ ਹੀ ਸਤਿਗੁਰੂ ਜੀ ਨੇ ਸਹਿਜ ਸੁਭਾ ਉਤਰ ਦੇ ਦਿਤਾ।

ਉਸ ਸਮੇਂ ਪੱਛਮ ਵਲੋਂ ਕਾਲੀ ਬੋਲੀ ਹਨੇਰੀ ਚੜ੍ਹੀ ਉਹ ਹਨੇਰੀ ਬੜੇ ਵੇਗ ਵਿਚ ਦਿਲੀ ਵਲ ਆਈ। ਇਕ ਸੂਰਜ ਹਨੇਰੀ ਤੋਂ ਦੂਰ ਸੀ ਦੂਸਰਾ ਸਾਰੇ ਸ਼ਹਿਰੀਆਂ ਦੀਆਂ ਅੱਖਾਂ ਗੁਰੂ ਜੀ ਵਲ ਲਗੀਆਂ ਹੋਈਆਂ ਸਨ ਇਸ ਕਰਕੇ ਕਿਸੇ ਨੇ ਖਿਆਲ ਨਹੀਂ ਕੀਤਾ ਕਿ ਹਨੇਰੀ ਆ ਰਹੀ ਹੈ। ਵਾਹਿਗੁਰੂ ਦੇ ਹੁਕਮ ਨਾਲ ਹਨੇਰੀ ਚੜ੍ਹਦੀ ਆਈ। ਕੋਤਵਾਲ ਦੇ ਹੁਕਮ ਨਾਲ ਜਲਾਦ ਅਗੇ ਵਧਿਆ ਉਸਨੇ ਬਹੁਤ ਭਾਰੀ ਤਲਵਾਰ ਜੋ ਇਕ ਬਹੁਤ ਚੌੜੇ ਕੁਹਾੜੇ ਵਾਂਗ ਸੀ, ਹਥ ਫੜੀ ਹੋਈ ਸੀ ਉਸਨੂੰ ਬਾਂਹੀਂ ਦੇ ਬਲ ਘੁਮਾਉਂਦਾ ਹੋਇਆ ਅਗੇ ਵਧਿਆ। ਜਦੋਂ ਉਸਨੇ ਗੁਰੂ ਜੀ ਪਰ ਵਾਰ ਕੀਤਾ ਭਿਆਨਕ ਹਨੇਰੀ ਨੇ ਉਸ ਸਾਰੇ ਇਲਾਕੇ ਨੂੰ ਆਪਣੀ ਵਲ੍ਹੇਟ ਵਿਚ ਲੈ ਲਿਆ, ਇਕ ਤਰਾਂ ਰਾਤ ਪਾ ਦਿਤੀ। ਜਿਧਰ ਕਿਸੇ ਦਾ ਮੂੰਹ ਹੋਇਆ ਉਧਰ ਹੀ ਉਹ ਹਨੇਰੀ ਦੇ ਧਕੇ ਖਾਂਦਾ ਹੋਇਆ ਤੁਰ ਗਿਆ। ਫੌਜੀ ਤੇ ਪੁਲਸ ਦੇ ਬੰਦੇ ਜੋ ਰਾਖੀ ਕਰ ਰਹੇ ਸਨ, ਉਹ ਵੀ ਅੱਖਾਂ ਮਲਦੇ ਰਹਿ ਗਏ। ਜਲਾਦ ਹਵਾ ਦਾ

ਧਕਿਆ ਹੋਇਆ ਦੂਰ ਚਲਿਆ ਗਿਆ। ਕੋਤਵਾਲ ਰਿੜ੍ਹਦਾ ਰਿੜ੍ਹਦਾ ਅੱਧ ਮੀਲ ਦੂਰ ਇਕ ਝਾੜੀ ਵਿਚ ਜਾ ਵੜਿਆ ਲੋਕਾਂ ਦੀ ਬਹੁਤ ਬੁਰੀ ਦਸ਼ਾ ਹੋਈ। ਕੁਦਰਤ ਦੀ ਕ੍ਰੋਪੀਦੇਖਕੇ ਕਈਆਖਦੇ ਸਨ ਬਸ ਹੁਣ ਦਿਲੀ ਤਬਾਹਹੋਜਾਵੇਗੀ। ਰੁਖ ਤੇ ਮਕਾਨ ਕੋਈ ਨਹੀਂ ਬਚੇਗਾ।ਇਹ ਸਭ ਕੁਝ ਮਹਾਂ ਪੁਰਖ (ਸਤਿਗੁਰੂ ਜੀ) ਦੀ ਸ਼ਹਾਦਤ ਦੇ ਕਾਰਨਹੈ।ਨੇਕਆਦਮੀਉਸ ਵੇਲੇ ਖ਼ੁਦਾ(ਭਗਵਾਨ)ਅਗੇ ਅਰ-ਦਾਸ ਕਰਨਲਗੇ ਕਿ ਖ਼ੁਦਾ ਭਲਾਕਰੇ ਜਿਨ੍ਹਾ ਨੇ ਪਾਪ ਕਰਮ ਕੀਤਾ ਉਹਉਨ੍ਹਾਂਨੂੰ ਪਾਪ ਦਾ ਡੰਨ ਮਿਲੇ ਬਾਕੀ ਮਾਸੂਮਾਂ ਤੇ ਨਿਰਦੋਸ਼ੀਆਂ ਦਾ ਵਾਲ ਵਿੰਗਾ ਨਾ ਹੋਵੇ।

ਉਸ ਮਹਾਂ ਪਰਲੋ ਦੇ ਸਮੇਂ ਸਿਪਾਹੀਕੋਤਵਾਲੀ ਦੀ ਇਮਾਰਤ ਵਿਚ ਜਾ ਲੁਕੇ,ਪਰ ਸਤਿਗੁਰੂ ਜੀ ਦੇ ਸਿਖ ਸਤਿਗੁਰੂ ਜੀ ਦੇ ਨੇੜੇ ਹੋਗਏ।ਭਾਈ ਜੀਉਨੇਜੀ ਨੇ ਉਸੇ ਵੇਲੇ ਅਗੇ ਵਧਕੇ ਸਤਿਗੁਰੂ ਜੀ ਦਾ ਸੀਸ ਚੁਕ ਲਿਆ ਤੇ ਉਸਨੂੰ ਬੁਕਲ ਵਿਚ ਲੁਕੋਕੇ ਉਥੋਂ ਨੱਠ ਉਠਿਆ। ਉਸਨੇ ਕਿਸੇ ਸਾਥੀ ਨੂੰ ਨਹੀਂ ਉਡੀਕਿਆ। ਮੁਗ਼ਲਾਂ ਕੋਲੋਂ ਅੱਖ ਬਚਾਂਉਂਦਾ ਹੋਇਆ,ਉਹ ਲਾਲ ਕਿਲੇ ਦੇ ਪੱਛਮ ਵਲੋਂ ਦੀ ਥਾਨੇਸਰ ਵਾਲੇ ਰਸਤੇ ਹਰਨ ਹੋ ਗਿਆ। ਇਸ ਸਿੱਖ ਦੀ ਇਹ ਸੇਵਾ-ਗੁਰ-ਇਤਿਹਾਸ ਵਿਚ ਵੱਡੀ ਸੇਵਾ ਹੈ। ਦੂਸਰੇ ਦਿਨ ਅਨੰਦਪੁਰ ਪਹੁੰਚ ਗਿਆ ਤੇ ਸਤਿਗੁਰੂ ਜੀ ਦਾ ਸੀਸ ਸਤਿਗੁਰੂ ਗੋਬਿੰਦ ਰਾਏ ਜੀ ਦੇ ਅਗੇ ਜਾ ਰਖਿਆ।

ਮੈਂ ਵਾਰਨੇ ਜਾਵਾਂ ਸਤਿਗੁਰੂ ਜੀ ਦੇ ਸਿੱਖਾਂ ਦੇ, ਜਿਨ੍ਹਾਂ ਸਤਿਗੁਰੂ ਜੀ ਦੀ ਸੇਵਾ ਕਰਕੇਜਨਮ ਸਫਲਕੀਤੇ।ਜਿੱਥੇ ਅੱਜਨਵੀਂ ਦਿਲੀ 'ਚ ਸਰਕਾਰੀ ਦਫਤਰ ਕੌਂਸਲ ਘਰ ਅਤੇ ਪ੍ਰਧਾਨ ਦੀ ਕੋਠੀਹੈ,ਏਥੇ ਪਿੰਡ ਹੁੰਦਾ ਸੀ'ਰਾਇ ਸੀਨਾ'। ਇਸ ਨਗਰ ਵਿਚ ਲਖੀ ਨਾਮ ਦਾ ਲੁਬਾਣਾ ਰਹਿੰਦਾ ਸੀ। ਉਹ ਬੈਲ-ਗਡੀ ਵਾਹ ਕੇ ਗੁਜ਼ਾਰਾ ਕਰਿਆ ਕਰਦਾ ਸੀ,ਬੜਾ ਨੇਕ ਤੇ ਧਰਮੀਪੁਰਖਸੀ।ਗੁਰੂ ਘਰ ਦਾ ਪ੍ਰੇਮੀ ਸੀ. ਸਬੱਬ ਨਾਲ ਉਹ ਮਾਲਛੱਡਣ ਵਾਸਤੇ ਚਾਂਦਨੀਚੌਂਕਆਇਆਹੋਇਆਸੀ। ਉਹ ਬਾਣੀਏ ਦੀ ਹੱਟੀ ਬੋਰੀਆਂਸੁਟਕੇ ਵਾਪਸ ਆਉਣਲੱਗਾ ਤਾਂ ਹਨੇਰੀਨੇ ਉਸ ਨੂੰ ਘੇਰ ਲਿਆ।ਉਹਦਾ ਗੱਡਾ ਉਸ ਅਸਥਾਨ ਲਾਗੇ ਆ ਗਿਆ ਜਿਥੇ ਸਤਿਗੁਰੂ ਜੀ ਦਾ ਧੜ ਪਿਆਸੀ।ਸਤਿਗੁਰੂ ਜੀਦੀ ਸ਼ਹੀਦੀ ਬਾਰੇ ਉਹ ਸਭ ਕੁਝਸੁਣ ਚੁਕਾ ਸੀ,ਉਹ ਅਸਥਾਨਆਯਾ ਤਾਂ ਉਸਨੇ ਦੇਖਿਆਹਨੇਰੀ ਦੇ ਕਾਰਨਸਾਰੇਲੋਕ ਤਿੱਤ੍

ਜੀ ਦੀ ਦੇਹ ਨੂੰ ਬਿਨਾਂ ਸੀਸ ਤੋਂ ਦੇਖ਼ਕੇ ਤ੍ਰਬਕ ਗਿਆ ਬੈਲਾਂ ਨੂੰ ਰੋਕ ਦਿਤਾ। ਕਿਸੇ ਅਗੰਮੀ ਸ਼ਕਤੀ ਨੇ ਬੈਲਾਂ ਨੂੰ ਫੜ ਲਿਆ ਉਹ ਹਿਲੇ ਨਹੀਂ ਭਾਈ ਲਖੀ ਅਗੇ ਹੋਇਆ ਤੇ ਉਸਨੇ ਸਤਿਗੁਰੂ ਜੀ ਦੀ ਦੇਹ ਨੂੰ ਚੁਕ ਕੇ ਗਡੇ ਉਤੇ ਰਖ ਲਿਆ ਉਪਰ ਚਾਦਰ ਪਾ ਦਿਤੀ ਜੋ ਹੋਰ ਬਾਰਦਾਨਾ ਕੋਲ ਸੀ ਓਸਨੂੰ ਵੀ ਉਪਰ ਪਾਸਿਆਂ ਤੇ ਰਖ ਦਿਤਾ ਤਾਂਕਿ ਕਿਸੈ ਨੂੰ ਮਾਲੂਅ ਨਾ ਹੋਵੇ ਕਿ ਕੀ ਲਈ ਜਾਂਦਾ ਹੈਂ। ਸਤਿਗੁਰੂ ਜੀ ਦੀ ਦੇਹ ਨੂੰ ਖੜਨਾ ਮਹਾਨ ਖਤਰੇ ਦਾ ਸਾਹਮਣਾ ਕਰਨਾ ਸੀ, ਭਾਈ ਲਖੀ ਸਾਰੇ ਖਤਰਿਆਂ ਨੂੰ ਭੁਲ ਗਿਆ ਉਹ ਚਾਹੁੰਦਾ ਸੀ ਜਾਨ ਵਾਰ ਕੇ ਵੀ ਸਤਿਗੁਰੂ ਜੀ ਦੀ ਸੇਵਾ ਕਰ ਲਵੇ। ਦੁਸ਼ਮਣਾਂ ਤੁਰਕਾਂ ਦੇ ਹਥ ਸਤਿਗੁਰੂ ਜੀ ਦਾ ਪਵਿਤਰ ਤੇ ਪੂਜਯ ਪੰਜ ਭੂਤਕ ਸਰੀਰ ਨਾ ਆਵੇ।

ਗਡੇ ਦੇ ਜੂਲੇ ਉਤੇ ਬੈਠਕੇ ਭਾਈ ਲਖੀ ਨੇ ਬੈਲਾਂ ਨੂੰ ਦੋ ਦੋ ਪਰਾਣੀਆਂ ਮਾਰ ਕੇ ਨਸਾ ਲਿਆ। ਆਖਿਆ—ਪੁਤਰੋ! ਅਜ ਜ਼ੋਰ ਨਾਲ ਨਸੋ। ਜਨਮ ਸਫਲ ਕਰ ਲਵੋ। ਸਤਿਗੁਰੂ ਜੀ ਦੀ ਸੇਵਾ ਕਰੋ।' ਵਾਹਿਗੁਰੂ ਨਾਲ ਪਰੇਰਨਾ ਬੈਲ ਪੂਰੇ ਬਲ ਨਾਲ ਨਸੇ ਤੇ ਚਾਂਦਨੀ ਚੌਂਕ ਤੋਂ ਬਹੁਤ ਦੂਰ ਗਡੇ ਨੂੰ ਖਿਚ ਕੇ ਲੈ ਗਏ ਆਖਰ ਭਾਈ ਲਖੀ ਦਾ ਘਰ ਆ ਗਿਆ।

ਭਾਈ ਲਖੀ ਨੇ ਘਰ ਪੁਜਕੇ ਸੋਚਿਆ—'ਘਰ ਹੋਰ ਬਣ ਸਕਦਾ ਹੈ ਪਰ ਸੇਵਾ ਦਾ ਸਮਾਂ ਹਥ ਮੁੜਕੇ ਨਹੀਂ ਆਉਣਾ। ਗੁਰੂ ਜੀ ਦੀ ਦੇਹ ਦਾ ਜੇ ਕਿਤੇ ਬਾਹਰ ਸਸਕਾਰ ਕੀਤਾ ਤਾਂ ਮੁਗਲਾਂ ਨਹੀਂ ਹੋਣ ਦੇਣਾ ਕਿਉਂ ਨਾ ਅੰਦਰ ਦੇਹ ਨੂੰ ਮੰਜੇ ਤੇ ਰਖ ਕੇ ਤੇ ਲੱਕੜਾਂ ਦੀ ਚਿਖਾ ਅੰਦਰ ਹੀ ਚਿਣਕੇ ਅਗ ਲਾ ਦੇਵਾਂ? ਹਵਾ ਤੇ ਤੇਜ ਵਗ ਰਹੀ ਹੈ ਘਰ ਨੂੰ ਲਗੀ ਹੋਈ ਅਗ ਛੇਤੀ ਮਠੀ ਨਹੀਂ ਹੋਵੇਗੀ।'

ਏਸੇ ਸਲਾਹ ਉਤੇ ਉਸਨੇ ਅਮਲ ਕੀਤਾ ਅਤੇ ਆਪਣੇ ਘਰ ਦੇ ਕੋਠੇ ਵਿਚ ਮੰਜਾ ਰਖਕੇ ਉਸ ਉਪਰ ਗੁਰੂ ਜੀ ਦੀ ਦੇਹ ਰਖ ਦਿਤੀ ਉਸਦੇ ਉਪਰ ਕੋਰਾ ਖੱਦਰ ਪਾਇਆ। ਖੱਦਰ ਪਾਕੇ ਸੁਕੀਆਂ ਲਕੜਾਂ ਮੰਜੇ ਦੇ ਅਗੇਪਿਛੇ ਤੇ ਹੇਠਾਂ ਰਖ ਦਿਤੀਆਂ ਜਦੋਂ ਉਸ ਨੂੰ ਭਰੋਸਾ ਹੋ ਗਿਆ ਕਿ ਹੁਣ ਦੇਹ ਦਾ ਸਸਕਾਰ ਹੋ ਜਾਵੇਗਾ ਤਾਂ ਉਸਨੇ ਅਗ ਲਾ ਦਿਤੀ। ਅਗ ਲਾਕੇ ਬਾਹਰ ਆ ਗਿਆ ਤੇ ਬਾਹਰੋਂ ਕੋਠੇ ਨੂੰ ਜਿੰਦਰਾ ਮਾਰ ਦਿਤਾ ਅਗ ਬਲ ਉਠੀ। ਧੂੰਆਂ ਬਾਹਰ ਨਿਕਲਿਆ। ਧੂੰਏਂ ਨੂੰ

ਦੇਖਕੇ ਆਂਢੀ ਗਵਾਂਢੀ ਨਸੇ ਆਏ ਪਰ ਭਾਈ ਲਖੀ ਨੇ ਕਿਸੇ ਨੂੰ ਨੇੜੇ ਨਾ ਆਉਣ ਦਿਤਾ। ਲੋਕਾਂ ਦੇ ਦੇਖਦਿਆਂ ਸਾਰਾ ਘਰ ਸੜਕੇ ਸੁਵਾਹ ਹੋ ਗਿਆ।

ਤੀਸਰੇ ਦਿਨ ਅੱਗ ਠੰਢੀ ਹੋਈ, ਅੱਗ ਦੇ ਠੰਡੀ ਹੋਣ ਤੇ ਭਾਈ ਲੱਖੀ ਨੇ ਅੰਗੀਠੇ ਨੂੰ ਫਰੋਲਿਆ। ਸਾਰੇ ਫੁਲਾਂ (ਅਸਥੀਆਂ) ਨੂੰ ਇਕ ਥਾਂ ਕਰਕੇ ਉਥੇ ਹੀ ਰੱਖ ਦਿਤਾ ਤੇ ਉਸ ਅਸਥਾਨ ਦੀ ਪੂਜਾ ਕਰਨ ਲੱਗ ਪਿਆ। ਉਸ ਅਸਥਾਨ ਨੂੰ ਅੱਜ 'ਗੁਰਦੁਵਾਰਾ ਰਕਾਬ ਗੰਜ' ਆਖਿਆ ਜਾਂਦਾ ਹੈ।ਜਿਸ ਥਾਂ ਸਤਿਗੁਰੂ ਜੀਨੂੰ ਸ਼ਹੀਦ ਕੀਤਾ ਗਿਆ ਸੀ ਉਸ ਅਸਥਾਨ ਤੇ 'ਗਰਦੁਵਾਰਾ ਸੀਸਗੰਜ'ਹੈ।ਜਿਸਦੀ ਤਿੰਨ ਛੱਤੀ ਪੱਥਰ ਦੀ ਪੱਕੀ ਇਮਾਰਤ ਸ਼ਾਨਦਾਰ ਅਮਰ ਯਾਦਗਾਰ ਹੈ।

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਮ ਨਾਲ ਸਤਿਗੁਰੂ ਜੀ ਦੀ ਸ਼ਹੀਦੀ ਬਾਰੇ ਇਉਂ ਬਚਿੱਤ੍ਰ ਨਾਟਕ ਵਿਚ ਲਿਖਿਆ ਹੈ:-

ਸਾਧਨ ਹੇਤ ਇਤੀ ਜਿਨ ਕਰੀ ॥
ਸੀਸ ਦੀਆ ਪਰ ਸੀ ਨ ਉਚਾਰੀ ॥
ਧਰਮ ਹੇਤ ਸਾਕਾ ਜਿਨ ਕੀਆ ॥
ਸੀਸ ਦੀਆ ਪਰ ਸਿਰਰ ਨ ਦੀਆ ॥੧੧॥

॥ ਦੋਹਰਾ ॥

ਠੀਕਰਿ ਫੋਰ ਦਿਲੀਸ ਸਿਰ ਪ੍ਰਭੁ ਪੁਰ ਕੀਆ ਪਯਾਨ ॥
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂੰ ਆਨ ॥੧੩॥
ਤੇਗ਼ ਬਹਾਦਰ ਕੇ ਚਲਤ ਭਯੋ ਜਗਤ ਮੈ ਸੋਕ ॥
ਹੈ!ਹੈ !! ਹੈ !!! ਸਭ ਜਗ ਭਯੋ, ਜੈ! ਜੈ!! ਜੈ!!! ਸੁਰ ਲੋਕ'॥

(ਬਚਿਤ੍ਰ ਨਾਟਕ)